ਚਾਤ੍ਰਿਕ ਰਚਨਾਵਲੀ

ਸੰਪਾਦਕ
ਸ. ਸ. ਅਮੋਲ

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

CHATRIK RACHNAVALI *(Punjabi)*

edited by

S.S. AMOL

ISBN: 978-81-302-0086-6

2005
ਕੀਮਤ : 520.00
ਕਾਪੀਆਂ : 1100

ਲੇਜ਼ਰ ਟਾਈਪ ਸੈਟਿੰਗ : ਰਾਹੁਲ ਕੰਪਿਊਟਰਜ਼, ਪਟਿਆਲਾ।

ਡਾ. ਪਰਮ ਬਖਸ਼ੀਸ਼ ਸਿੰਘ, ਰਜਿਸਟ੍ਰਾਰ, ਪੰਜਾਬੀ ਯੂਨੀਵਰਸਿਟੀ, ਪਟਿਆਲਾ ਵਲੋਂ ਪ੍ਰਕਾਸ਼ਿਤ ਅਤੇ
ਮੈਸ: ਆਨੰਦ ਸੰਨਜ਼ (ਇੰਡੀਆ) ਦਿੱਲੀ ਵਿਖੇ ਛਪੀ।

ਤਤਕਰਾ

+18

+18

+18 +18 +18

8

ਇਤਿਹਾਸ

+18

+18

+18

+18

+18

+18

+19

+18

+18 +18 +18

ਦੇਸ਼ ਪਿਆਰ

+18

+18

ਭੂਮਿਕਾ

ਲਾਲਾ ਧਨੀ ਰਾਮ 'ਚਾਤ੍ਰਿਕ' ਜੀ 20ਵੀਂ ਸ਼ਤਾਬਦੀ ਦੇ ਇਕ ਹਰਮਨ ਪਿਆਰੇ ਅਤੇ ਸਭ ਤੋਂ ਵਧ ਪੜ੍ਹੇ ਜਾਣ ਵਾਲੇ ਪੰਜਾਬੀ ਕਵੀ ਹਨ ਅਤੇ ਸਮੇਂ ਦੇ ਬੀਤਣ ਨਾਲ ਉਨ੍ਹਾਂ ਦੀ ਲੋਕ-ਪ੍ਰੀਅਤਾ ਵਿਚ ਅਤੇ ਪਾਠਕ ਸੰਖਿਆ ਵਿਚ ਦਿਨੋ ਦਿਨ ਵਾਧਾ ਹੁੰਦਾ ਜਾ ਰਿਹਾ ਹੈ। ਉਨ੍ਹਾਂ ਦੀ ਰਚਨਾ ਦਾ ਅਰੰਭ ਕਾਲ 1903 ਈਸਵੀ ਹੈ ਅਤੇ ਇਸ ਲਈ ਅੱਜ ਤਕ ਉਨ੍ਹਾਂ ਦੀਆਂ ਕਈ ਪੁਸਤਕਾਂ ਦੁਰਲੱਭ ਹੋ ਚੁਕੀਆ ਹਨ। ਏਥੋਂ ਤਕ ਕਿ ਅਨੇਕ ਸਾਧਨ ਤੇ ਕਈ ਵਸੀਲੇ ਹੁੰਦਿਆਂ, ਲੰਮੇ ਸਮੇਂ ਦੇ ਅਣਥੱਕ ਯਤਨਾਂ, ਪੰਜਾਬੀ ਯੂਨੀਵਰਸਿਟੀ ਤੇ ਇਸ ਮਹਾਨ ਸੰਸਥਾ ਦੇ ਅਤਿ-ਉਤਸ਼ਾਹੀ ਕੁਲਪਤੀ ਸ੍ਰੀ ਕ੍ਰਿਪਾਲ ਸਿੰਘ ਨਾਰੰਗ ਜੀ ਦੇ ਪੂਰੇ ਸਹਿਯੋਗ ਦੇ ਬਾਵਜੂਦ ਸੰਪਾਦਕ ਨੂੰ ਕਈ ਰਚਨਾਵਾਂ ਪ੍ਰਾਪਤ ਨਹੀਂ ਹੋ ਸਕੀਆਂ। ਕਾਰਨ ਸਪਸ਼ਟ ਹੈ ਕਿ ਪਿਛਲੇ ਸਮੇਂ ਵਿਚ ਅਸਾਂ ਆਪਣੇ ਸਾਹਿਤ ਦੇ ਰਾਸ਼ਟਰੀ ਵਿਰਸੇ ਤੇ ਸੰਪਤੀ ਨੂੰ ਸਾਂਭਣ ਵਲ ਧਿਆਨ ਨਹੀਂ ਦਿੱਤਾ। ਜਿਸ ਦੇ ਫਲ ਸਰੂਪ ਸਾਡੇ ਕਈ ਅਮੋਲਕ ਰਤਨ ਸਮੇਂ ਦੀ ਖਾਣ ਵਿਚ ਇੰਨੇ ਹੇਠਾਂ ਚਲੇ ਗਏ ਹਨ ਕਿ ਉਨ੍ਹਾਂ ਦਾ ਮੁੜ ਕਢਿਆ ਜਾਣਾ ਅਸੰਭਵ ਨਹੀਂ ਤਾਂ ਅਤਿ ਕਠਿਨ ਅਵੱਸ਼ ਹੈ।

ਇਸ ਲਈ ਮੈਂ ਸਮਝਦਾ ਹਾਂ ਕਿ ਪੰਜਾਬੀ ਯੂਨੀਵਰਸਿਟੀ ਦੀ ਇਹ ਯੋਜਨਾ, ਪ੍ਰਸਿੱਧ ਤੇ ਲੋਕ-ਪ੍ਰੀਅ ਸਾਹਿਤਕਾਰਾਂ ਦੀਆਂ ਰਚਨਾਵਾਂ ਨੂੰ ਪ੍ਰਾਪਤ ਕਰ ਕੇ ਇਕੋ ਥਾਂ ਸੁੰਦਰ ਰੂਪ ਵਿਚ ਪ੍ਰਕਾਸ਼ਤ ਕਰਨ ਦੀ, ਕਈ ਦ੍ਰਿਸ਼ਟੀਕੋਨਾਂ ਤੋਂ ਅਮੋਲਕ ਤੇ ਪ੍ਰਸੰਸਨੀਯ ਹੈ। ਇਕ ਤਾਂ ਜੋ ਕੁਝ ਪ੍ਰਾਪਤ ਹੋ ਸਕਦਾ ਹੈ, ਉਹ ਸਾਂਭਿਆ ਜਾਏਗਾ, ਦੂਜੇ ਰਚਨਹਾਰ ਦੀਆਂ ਕਈ ਭੁਲੀਆਂ ਵਿਸਰੀਆਂ ਰਚਨਾਵਾਂ ਸੁਰਜੀਤ ਹੋਣ ਨਾਲ ਸਾਡੀ ਸਾਹਿੱਤਕ ਸੰਪਤੀ ਵਧੇਗੀ, ਤੀਜਾ ਨਵੇਂ ਪਾਠਕ, ਨਵੀਨ ਉਤਸ਼ਾਹ ਤੇ ਧਿਆਨ ਖਿਚਿਆ ਜਾ ਸਕੇਗਾ ਅਤੇ ਚੌਥਾ ਉਨ੍ਹਾਂ ਨੂੰ ਵਧੇਰੇ ਸੁੰਦਰ, ਰੱਖਣ ਯੋਗ ਤੇ ਸਜਦੇ, ਫਬਦੇ ਤੇ ਢੁਕਦੇ ਰੂਪ ਵਿਚ ਪੇਸ਼ ਕੀਤੇ ਜਾਣ ਨਾਲ ਭੀ ਉਨ੍ਹਾਂ ਦੀ ਉਮਰ, ਸਤਿਕਾਰ ਤੇ ਪਿਆਰ ਵਿਚ ਵਾਧਾ ਹੋਵੇਗਾ, ਪੰਜਵੇਂ ਅਗੋਂ ਵਧੇਰੇ ਖੋਜ ਤੇ ਅਧਿਐਨ ਕਰਨ ਵਾਲਿਆਂ ਲਈ ਬਹੁਤ ਸੁਖੈਨਤਾ ਹੋਵੇਗੀ। ਇਸੇ ਲਈ ਅਸੀਂ ਦੇਖਦੇ ਹਾਂ ਕਿ ਉੱਨਤ ਭਾਸ਼ਾਵਾਂ ਦੇ ਪੁਰਾਤਨ ਸਾਹਿੱਤ ਤੇ ਕਲਾ ਦੇ ਹੋਰ ਭੰਡਾਰਾਂ ਨੂੰ ਲੱਭ ਲੱਭ ਕੇ ਭਿੰਨ ਭਿੰਨ ਰੂਪਾਂ, ਰੰਗਾਂ ਦੀਆਂ ਐਡੀਸ਼ਨਾਂ ਵਿਚ ਪ੍ਰਕਾਸ਼ਤ ਕਰਕੇ ਜਨਤਾ ਤਕ ਪੁਚਾਇਆ ਤੇ ਸਾਂਭਿਆ ਜਾਂਦਾ ਹੈ। ਸ਼ੈਕਸਪੀਅਰ, ਟੈਨੀਸਨ, ਮਿਲਟਨ, ਡਾਂਟੇ, ਗਿਥੇ (ਗੋਇਟੇ), ਇਬਸਨ, ਵਾਲਟ ਵਿਟਮੈਨ ਤੇ ਬਰਨਾਰਡ ਸ਼ਾਅ ਆਦਿ ਨਾਟਕਕਾਰਾਂ, ਕਵੀਆਂ ਤੇ ਲੇਖਕਾਂ ਦੀਆਂ ਰਚਨਾਵਾਂ ਦੀਆਂ ਸਸਤੀਆਂ ਤੋਂ ਸਸਤੀਆਂ ਅਤੇ ਦੂਜੇ ਪਾਸੇ ਬੜੀਆਂ ਕੀਮਤੀ ਡੀਲੱਕਸ ਐਡੀਸ਼ਨਾਂ ਮਿਲ ਜਾਂਦੀਆਂ ਹਨ। ਇਹੋ ਗੱਲ ਅਨੇਕਾਂ ਉਪਨਿਆਸਕਾਰਾਂ ਤੇ ਧਾਰਮਿਕ ਪੁਸਤਕਾਂ ਬਾਬਤ ਕਹੀ ਜਾ ਸਕਦੀ ਹੈ। ਕਿਉਂਕਿ ਪਸੰਦ ਆਪਣੀ ਆਪਣੀ, ਰੀਝ ਆਪਣੀ ਆਪਣੀ ਤੇ ਪਹੁੰਚ ਭੀ ਆਪੋ ਆਪਣੀ ਹੈ।

ਚਾਤ੍ਰਿਕ ਜੀ ਦੀ ਸਾਰੀ ਖਿੰਡੀ ਪੁੰਡੀ, ਵੰਨ ਸੁਵੰਨੀ ਅਤੇ ਵੀਹਵੀਂ ਸਦੀ ਦੇ ਆਰੰਭ ਤੋਂ ਪੰਜਾਹ ਵਰ੍ਹਿਆਂ ਦੇ ਲਗਪਗ ਲੰਮੇ ਸਮੇਂ ਭਿੰਨ ਭਿੰਨ ਪ੍ਰਕਾਸ਼ਕਾਂ ਤੇ ਛਾਪੇ ਖਾਨਿਆਂ ਰਾਹੀਂ ਅਗੇ

ਪ੍ਰਕਾਸ਼ਤ ਹੋ ਚੁਕੀ ਜਾਂ ਕੁਝ ਅਣਪ੍ਰਕਾਸ਼ਤ ਰਚਨਾ ਨੂੰ ਭੀ, ਇਕੋ ਥਾਂ ਉਤੇ ਇਉਂ ਇਕ ਨਵੇਂ ਰੂਪ ਵਿਚ ਛਾਪਣ ਦਾ ਕਾਰਜ ਉਪਰੋਕਤ ਯੋਜਨਾ ਦੀ ਲੜੀ ਵਿਚ ਇਕ ਕੜੀ ਹੈ।

ਉੱਤਮ ਰਚਨਾ, ਚਿੱਤ੍ਰਾਂ ਵਿਚ ਹੋਵੇ ਜਾਂ ਸੁਰਾਂ ਵਿਚ ਅਤੇ ਭਾਵੇਂ ਸ਼ਬਦਾਂ ਵਿਚ, ਸਦਾ ਹੀ ਰਚਨਹਾਰ ਦੀ ਪ੍ਰਤਿਭਾ, ਵਿਅਕਤਿਤਵ, ਉਸ ਦੇ ਨਿਜੀ ਅਨੁਭਵ ਅਤੇ ਉਸ ਦੀਆਂ ਭਾਵਨਾਵਾਂ ਦਾ ਪ੍ਰਤੀਕਰਮ ਤੇ ਪ੍ਰਤੀ-ਫਲ ਹੁੰਦੀ ਹੈ, ਇਸੇ ਲਈ ਇਹ ਇਕ ਅਟੱਲ ਅਮਰ ਸੱਚ ਹੈ, ਕਿ ਕਰਤੇ ਤੇ ਉਸ ਦੀ ਕ੍ਰਿਤ ਦਾ ਸਬੰਧ ਪਿਉ-ਧੀ ਦਾ ਸਬੰਧ ਹੈ ਅਤੇ ਮਾਂ ਬਾਪ ਦੇ ਸੰਤਾਨ ਦੇ ਰੂਪ ਵਿਚ ਵਿਅਕਤ ਹੋਣ ਵਾਂਗ ਲੇਖਕ ਤੇ ਕਵੀ ਆਪ ਹੀ ਆਪਣੀ ਲਿਖਤ ਜਾਂ ਕਵਿਤਾ ਵਿਚ ਰੂਪਮਾਨ ਹੁੰਦਾ ਹੈ। ਇਸ ਲਈ ਤੇ ਕੁਝ ਇਸ ਕਾਰਨ ਵਸ ਕਿ ਵਿਦਵਾਨ ਤੇ ਸੂਝਵਾਨ ਪਾਠਕ ਨਿਰਾ ਚਿੱਤ੍ਰ ਨਹੀਂ, ਚਿੱਤ੍ਰ ਵਿਚ ਚਿੱਤ੍ਰਕਾਰ ਨੂੰ ਵੇਖਣਾ ਲੋਚਦਾ ਹੈ ਜਿਵੇਂ ਉਚੇਰੀ ਸੂਝ ਵਾਲੇ ਕੁਦਰਤ ਵਿਚੋਂ ਕਾਦਰ ਨੂੰ ਵੇਖ ਵੇਖ ਕੇ ਬਲਿਹਾਰੀ ਹੁੰਦੇ ਹਨ, ਇੰਜ ਹੀ ਗੰਭੀਰ ਵਿਦਵਾਨ ਤੇ ਦੂਰਦਰਸ਼ੀ ਪਾਠਕ ਕਵਿਤਾ ਵਿਚੋਂ ਕਵੀ ਦੇ ਦਰਸ਼ਨ ਕਰਦਾ ਹੈ। ਉਂਞ ਭੀ ਕਵਿਤਾ ਵਿਚ ਕਵੀ ਦਾ ਦਰਸ਼ਨ (ਫਲਸਫਾ) ਹੀ ਤਾਂ ਸੰਗੀਤਮਈ ਸ਼ਬਦਾਂ ਦੇ ਸੁੰਦਰ ਕਪੜਿਆਂ ਵਿਚ ਸਾਡੇ ਸਾਹਮਣੇ ਆਉਂਦਾ ਹੈ। ਸੋ ਚਾਤ੍ਰਿਕ ਦੀ ਕਵਿਤਾ ਦਾ ਪੂਰਾ ਰਸ ਲੈਣ ਤੇ ਉਸ ਦੀ ਤਹਿ ਤੇ ਸੋਮੇ ਤਕ ਪੁਜਣ ਅਤੇ ਪੂਰਾ ਲਾਭ ਪ੍ਰਾਪਤ ਕਰਨ ਲਈ ਪਹਿਲਾਂ ਉਸ ਦੀ ਜੀਵਨੀ ਤੇ ਸਮੇਂ ਤੋਂ ਜਾਣੂ ਹੋਣਾ ਬਹੁਤ ਸਹਾਇਕ ਹੋਵੇਗਾ।

1. ਪੁਰਾਣਾ ਪੰਜਾਬ : ਚਾਤ੍ਰਿਕ ਜੀ ਦੇ ਜੀਵਨ ਕਾਲ ਵਿਚ ਪੰਜਾਬ ਦੀ ਇਤਿਹਾਸਕ ਅਵਸਥਾ ਕੀ ਸੀ ? ਉਸ ਦਾ ਗਿਆਨ ਸਾਨੂੰ ਦੱਸ ਸਕਦਾ ਹੈ ਕਿ ਇਸ ਅਵਸਥਾ ਨੇ ਚਾਤ੍ਰਿਕ ਜੀ ਦੇ ਮਨ ਉਤੇ ਕੀ ਪ੍ਰਭਾਵ ਪਾਏ।

"ਉਹ ਪੰਜਾਬ ਕਿਸ ਤਰ੍ਹਾਂ ਦਾ ਸੀ ਜਿਸ ਦੀ ਤੁਫੈਲ ਪੰਜਾਬੀ ਹੋਣ ਦਾ ਮਾਣ ਹੈ ਅਤੇ ਜਿਸ ਦੇ ਸੁਪਨੇ ਘੜਦਾ ਮੈਂ ਬੁਢਾ ਹੋ ਗਿਆ ਹਾਂ, ਕਿਸੇ ਸਮੇਂ ਕਿਹੋ ਜੇਹਾ ਸੋਹਣਾ ਸੀ, ਕਿਹੋ ਜਿਹਾ ਸਾਦਾ, ਭੋਲਾ ਭਾਲਾ, ਹਸਮੁਖਾ ਤੇ ਅੰਦਰੋਂ ਬਾਹਰੋਂ ਨਿਰਮਲ ਸੀ। ਉਸ ਦੀ ਤਸਵੀਰ ਬਣਾ ਸਕਣਾ ਮੇਰੇ ਵਾਸਤੇ ਔਖਾ ਜਿਹਾ ਕੰਮ ਹੈ ਪਰ ਉਸ ਦੇ ਝਲਕਾਰੇ ਹੁਣ ਭੀ (ਸੰਨ 1940) ਮੇਰੀ ਯਾਦ ਸਿਲਾ ਉਤੇ ਉਕਰੇ ਪਏ ਹਨ।" (ਭੂਮਿਕਾ, ਕੇਸਰ ਕਿਆਰੀ।)

ਅਤੇ ਕਿਹੋ ਜੇਹੇ ਘੁਗ ਵਸਦੇ ਪੰਜਾਬ ਵਿਚ ਚਾਤ੍ਰਿਕ ਜੀ ਨੇ ਅੱਖਾਂ ਖੋਲ੍ਹੀਆਂ, ਉਸ ਦਾ ਚਿੱਤ੍ਰ ਉਨ੍ਹਾਂ ਦੇ ਆਪਣੇ ਸ਼ਬਦਾਂ ਵਿਚ ਚਿਤ੍ਰਿਆ ਹੀ ਵੇਖਣਾ ਚਾਹੀਦਾ ਹੈ :

"ਪੰਜਾਬ ਦੀ ਕਲਚਰ, ਰਹਿਣੀ ਬਹਿਣੀ, ਮਿਲਵਰਤਣ ਤੇ ਸੁਭਾਉ ਦੀ ਰੁਚੀ ਨੂੰ ਉਸ ਦੀ ਪੇਂਡੂ ਜੀਵਨ-ਪੁਸਤਕ ਵਿਚੋਂ ਹੀ ਵਾਚਿਆ ਜਾ ਸਕਦਾ ਹੈ, ਵਧੇਰੇ ਸਮਝਦਾਰ ਤੇ ਵਿਹਾਰੀ ਤਬਕਾ ਤਾਂ ਸ਼ਹਿਰਾਂ ਵਿਚ ਜਾ ਜੁੜਦਾ ਹੈ ਪਰ ਪੰਜਾਬ ਦਾ ਅਸਲੀ ਸਮਾਜਕ ਜੀਵਨ ਪਿੰਡਾਂ ਵਿਚ ਹੀ ਤੁਰਦਾ ਫਿਰਦਾ ਝਲਕਦਾ ਹੈ। ਮੈਂ ਆਪ ਤਾਂ ਭਾਵੇਂ ਥੋੜਾ ਚਿਰ ਹੀ ਇਸ ਪੇਂਡੂ ਜੀਵਨ ਨੂੰ ਮਾਣਿਆ ਹੈ, ਪਰ ਆਪਣੇ ਵਡੇ ਵਡੇਰਿਆਂ ਪਾਸੋਂ ਸੁਣੇ ਹਾਲਾਤ ਅਜੇ ਭੀ ਭੁਲੇ ਨਹੀਂ। ਹੁਣ ਭੀ ਸੌ ਸੌ ਵਰ੍ਹੇ ਦੇ ਬਿਰਧਾਂ ਦੀਆਂ ਛਾਤੀਆਂ ਵਿਚ ਆਪਣੀਆਂ ਤੇ ਉਨ੍ਹਾਂ ਦੇ ਬਜ਼ੁਰਗਾਂ ਦੀਆਂ ਰਵਾਇਤਾਂ ਮੌਜੂਦ ਹਨ। ਉਸ ਵੇਲੇ ਪੰਜਾਬ ਕਿਸ ਤਰ੍ਹਾਂ ਦੇ ਸੁਹਜਾਂ ਦਾ ਘਰ ਸੀ, ਇਹ ਪੁਰਾਤਨ ਸਾਹਿਤ ਤੇ ਪੁਰਾਤਨ ਰਿਵਾਜਾਂ ਤੋਂ ਭੀ ਕਾਫੀ ਲਭਿਆ ਜਾ ਸਕਦਾ ਹੈ। ਉਸ ਸਮੇਂ ਦਾ ਸੁਭਾਉ ਬੜਾ ਮਿੱਠਾ, ਜੀਵਨ ਬੜਾ ਸਾਦਾ, ਲੋਕ ਬੜੇ ਮਿਲਾਪੜੇ, ਹਮਦਰਦ, ਸਾਫ-ਦਿਲ ਤੇ ਆਦਰ ਭਰੇ ਸਨ। ਗਰੀਬੀ ਅਮੀਰੀ ਤੇ ਹਿੰਦਵਾਣੀ ਤੁਰਕਾਣੀ ਦਾ ਕੋਈ ਨਖੇੜਾ ਨਹੀਂ ਸੀ। ਦੁਖਾਂ

ਸੁਖਾਂ ਦੀ ਸਾਂਝ ਵੰਡਾਣ ਲਈ ਸਾਰੇ ਇਕੋ ਭੂਰਾ ਵਿਛਾ ਕੇ ਬਹਿ ਜਾਂਦੇ ਸਨ, ਇਕ ਦੇ ਘਰ ਕਿਸੇ ਚੀਜ਼ ਦੀ ਥੁੜ ਹੋਣੀ, ਤਾਂ ਨਾਲ ਦੇ ਗੁਆਂਢੀ ਨੇ ਆਪਣੇ ਆਪ ਸੁਟ ਜਾਣਾ। ਇਕ ਦੀ ਧੀ ਭੈਣ ਸਾਰੇ ਨਗਰ ਦੀ ਭੈਣ, ਨੱਕ ਨਮੂਜ ਸਾਂਝਾ ਤੇ ਵਰਤੋਂ ਵਿਹਾਰ ਇਤਬਾਰ ਭਰਿਆ, ਅੰਦਰ ਵੜ ਕੇ ਲੈ ਜਾਣਾ ਤੇ ਅੰਦਰ ਵੜ ਕੇ ਦੇ ਜਾਣਾ। ਜੇ ਦੋ ਭਾਂਡੇ ਠਹਿਕ ਪੈਣ, ਤਾਂ ਪੰਚਾਇਤ ਨੇ ਵਿਚ ਪੈ ਕੇ ਚੁਪ ਕਰਾ ਦੇਣਾ। ਸਰਕਾਰੇ ਦਰਬਾਰੇ ਭੀ ਸਾਰੇ ਨਗਰ ਦੀ ਸਾਂਝੀ ਜ਼ਿੰਮੇਵਾਰੀ ਸੀ। ਪਿੰਡ ਦਾ ਚੌਧਰੀ ਭੀ ਨਿਆਂ ਵਾਲਾ ਤੇ ਸਾਰਿਆਂ ਦੀ ਪੱਤ ਅਬਰੋ ਦਾ ਭਾਈਵਾਲ, ਉਸ ਦਾ ਫੈਸਲਾ ਆਖਰੀ ਫੈਸਲਾ ਹੁੰਦਾ ਸੀ। ਜੱਟ ਜ਼ਿਮੀਂਦਾਰ ਸਭ ਰੱਜੇ ਪੁੱਜੇ ਤੇ ਖੁਲਕ ਵਾਲੇ ਬੇਰੁਜ਼ਗਾਰੀ ਦਾ ਨਾਂ ਨਿਸ਼ਾਨ ਭੀ ਨਹੀਂ ਸੀ। ਝੀਉਰ, ਨਾਈ, ਮੋਚੀ, ਤੇਲੀ, ਛੀਂਬਾ, ਜੁਲਾਹਾ, ਘੁਮਿਆਰ, ਲੁਹਾਰ, ਤ੍ਰਖਾਣ, ਧੋਬੀ, ਲਲਾਰੀ, ਚੂਹੜਾ, ਬਰਵਾਲਾ, ਸਭ ਆਪੋ ਆਪਣੇ ਨਸੀਬ ਤੇ ਸ਼ਾਕਰ ਸਨ।

ਪਾਂਧੀ ਪਰਾਹੁਣਾ ਕਿਸੇ ਦੇ ਘਰ ਜਾ ਵੜੇ ਤਾਂ ਆਦਰ ਨਾਲ ਬਹਾਇਆ ਜਾਂਦਾ ਸੀ। ਸਾਧੂ ਸੰਤ, ਸਾਈਂ ਫਕੀਰ ਉਤੇ ਸਭ ਦੀ ਸ਼ਰਧਾ ਸੀ। ਮੰਗਤਾ ਮੁਥਾਜ, ਸਾਂਹਸੀ, ਮਰਾਸੀ, ਭੋਜਕੀ ਭਰਾਈ ਸਭ ਨੂੰ ਰੱਜਵਾਂ ਖੈਰ ਪੈ ਜਾਂਦਾ ਸੀ, ਬੂਹੇ ਤੇ ਆਏ ਨੂੰ ਖਾਲੀ ਮੋੜਨਾ ਬੁਰਾ ਸਮਝਿਆ ਜਾਂਦਾ ਸੀ। ਲਾਗੀ ਲੋਕ ਭਾਵੇਂ ਖਿਦਮਤਗਾਰੀ ਦਾ ਹੀ ਕੰਮ ਕਰਦੇ ਸਨ, ਪਰ ਸਤਿਕਾਰ ਉਨ੍ਹਾਂ ਦਾ ਭੀ ਘਰ ਦੇ ਬੰਦਿਆਂ ਵਾਂਗ ਹੁੰਦਾ ਸੀ, ਇਨ੍ਹਾਂ ਦੇ ਘਰ ਕਾਜ ਹੋਵੇ ਤਾਂ ਸਾਊ ਬਰਾਬਰ ਦਾ ਮੋਢਾ ਦੇਂਦੇ ਸਨ। ਨਜ਼ਾਮ ਕੁਝ ਇਹੋ ਜਿਹਾ ਸੀ ਕਿ ਇਨ੍ਹਾਂ ਲੋਕਾਂ ਦੀ ਗੁਜ਼ਰਾਨ ਤੋਰਨ ਦੇ ਜ਼ਾਮਨ ਨਗਰ ਨਿਵਾਸੀ ਸਨ। ਜਿੰਨਾ ਕੰਮ ਕਿਸੇ ਪਾਸੋਂ ਲਿਆ ਜਾਂਦਾ ਸੀ, ਸੁਆਣੀਆਂ ਉਸ ਦਾ ਮੋੜ ਸਮੇਂ ਦੇ ਦਾਣੇ ਫੱਕੇ ਦੀ ਸ਼ਕਲ ਵਿਚ ਆਪਣੇ ਆਪ ਘਰ ਸੱਦ ਕੇ ਦੇ ਦੇਂਦੀਆਂ ਸਨ ਤੇ ਇਹ ਲੋਕ ਸਾਰਾ ਵਰਹਾ ਅਸੀਸਾਂ ਹੀ ਦੇਂਦੇ ਰਹਿੰਦੇ ਸਨ। ਵਿਆਹ ਸ਼ਾਦੀਆਂ ਉਤੇ ਲਾਗੀਆਂ ਦੇ ਬੰਧਾਨ ਬੱਝੇ ਹੋਏ ਸਨ, ਉਥੇ ਮੰਦਰ, ਧਰਮਸਾਲਾ, ਮਸੀਤ, ਖਾਨਗਾਹ ਸਮਾਧ, ਦਾਇਰੇ ਆਦਿਕ ਦੇ ਲਾਗ ਭੀ ਬਰਾਬਰ ਕੱਢੇ ਜਾਂਦੇ ਸਨ। ਵੈਦ, ਹਕੀਮ, ਸ਼ਾਹੂਕਾਰ ਹਾਕਮ ਜਾਂ ਪਟਵਾਰੀ ਤੇ ਪੰਡਤ ਜਾਂ ਗੁਰੂ ਗੁਸਾਈਂ ਨਗਰ ਦੇ ਚਾਰ ਥੰਮ੍ਹ ਸਮਝੇ ਜਾਂਦੇ ਸਨ। ਨਫ਼ਰਤ, ਤਅੱਸਬ ਤੇ ਮਕਰ ਫਰੇਬ ਦਾ ਨਾਂ ਨਹੀਂ ਸੀ, ਲੁਚਾ ਲੰਡਾ ਅੱਖ ਉੱਚੀ ਨਹੀਂ ਸੀ ਕਰ ਸਕਦਾ, ਜੇ ਕੋਈ ਗੰਦਾ ਕੀੜਾ ਪੈਦਾ ਹੋ ਭੀ ਜਾਏ ਤਾਂ ਪਿੰਡ ਵਿਚ ਉਸ ਦਾ ਰਹਿਣਾ ਔਖਾ ਹੋ ਜਾਂਦਾ ਸੀ।

ਇਸ ਸਾਰੀ ਖੁਲ੍ਹ ਡੁਲ੍ਹ ਤੇ ਅਮਨ ਚੈਨ ਦੀ ਜੀਵਨੀ ਤਾਰ ਸਾਦਗੀ ਤੇ ਬੇਲੋੜਾਪਨ ਸੀ। ਸਾਧਾਰਣ ਜਿਹੀ ਖੁਰਾਕ, ਮੋਟਾ-ਠੁਲ੍ਹਾ, ਪਹਿਰਾਵਾ, ਲੋਹੇ ਅਤੇ ਲੂਣ ਤੋਂ ਸਿਵਾ ਹਰੇਕ ਚੀਜ਼ ਆਪਣੇ ਘਰਾਂ ਵਿਚੋਂ ਹੀ ਪੈਦਾ ਹੋ ਜਾਂਦੀ ਸੀ। ਦਿਨ ਰਾਤ ਚਰਖੇ ਚੱਲਦੇ, ਖੱਦਰ, ਪੈਂਸੀ, ਸੂਸੀ, ਖੇਸ, ਚੁਤੱਹੀਆਂ, ਲਾਚੇ, ਪੇਚੇ, ਪਿੰਡ ਵਿਚ ਹੀ ਉਣੇ ਜਾਂਦੇ ਸਨ। ਸਰੀਰ ਨਰੋਏ ਹੱਡਾਂ ਪੈਰਾਂ ਵਿਚ ਹਿੰਮਤ, ਕਮਾਈਆਂ ਵਿਚ ਬਰਕਤ ਤੇ ਦਿਲਾਂ ਵਿਚ ਸਬਰ ਸੰਤੋਖ ਦਾ ਵਾਸਾ ਹੁੰਦਾ ਸੀ। ਵੰਗਾਂ ਸੁਆਰਥਾਂ ਦੇ ਖਰਚ ਮਾਮੂਲੀ, ਲਵੇਰਾ, ਆਮ ਖੁਲ੍ਹੀਆਂ ਚਰਾਂਦਾਂ, ਵਿਹਲੀਆਂ ਜੂਹਾਂ ਤੇ ਦੁਧ ਘਿਉ ਦੀ ਲਹਿਰ ਬਹਿਰ; ਬਰਸਾਤ ਹੋਣੀ ਤੇ ਰੱਜ ਕੇ ਹੋਣੀ, ਘਾ-ਪੱਠਾ ਅਮਿੱਤਾ ਹੋ ਜਾਣਾ, ਇਕ ਕਮਾਊ ਦੇ ਸਿਰ ਤੇ ਦਸ ਵਿਹਲੇ ਪਲ ਰਹੇ ਸਨ। ਵਿਹਲ ਤੇ ਬੇਫਿਕਰੀ ਕਾਫੀ ਤੋਂ ਵਧ ਸਨ। ਹਾੜੀ ਸੌਣੀ ਦੀ ਫਸਲ ਅੰਦਰੀਂ ਆ ਜਾਣ ਦੇ ਬਾਦ ਬਾਕੀ ਸਾਰਾ ਸਮਾਂ ਵਿਹਲ ਹੀ ਵਿਹਲ ਹੁੰਦੀ ਸੀ। ਬਰਸਾਤ ਦਾ ਛੱਟਾ ਪੈਂਦਿਆਂ ਹੀ ਬੋਹੜਾਂ ਪਿੱਪਲਾਂ ਦੇ ਥੱਲੇ ਜ਼ਿਮੀਂਦਾਰਾਂ ਨੇ ਦੁਪਹਿਰ ਕੱਟਣ ਲਈ ਘਰੋਂ ਮੰਜੇ ਲਿਆ ਡਾਹੁਣੇ, ਕਿਰਤੀ ਲੋਕਾਂ ਭੀ ਆਪਣੇ ਹੱਥ ਦੇ ਕੰਮ ਨਾਲ ਲੈ

ਆਉਣੇ। ਵੰਝਲੀ, ਅਲਗੋਜ਼ਾ, ਤੂੰਬਾ, ਢੱਡ ਸਾਰੰਗੀ, ਹੀਰ ਰਾਂਝਾ, ਸੋਹਣੀ ਮਹੀਂਵਾਲ, ਸੱਸੀ ਪੁੰਨੂੰ, ਮਿਰਜ਼ਾ ਸਾਹਿਬਾਂ, ਪੂਰਨ, ਗੋਪੀ ਚੰਦ, ਸ਼ਾਹ ਬਹਿਰਾਮ, ਵਾਰਾਂ, ਸ਼ਾਹ ਮੁਹੰਮਦ ਦੇ ਬੈਂਤ ਤੇ ਹੋਰ ਅਨੇਕਾਂ ਦਿਲ ਪਰਚਾਵੇ ਦੇ ਸਾਮਾਨ ਜਾਗ ਉਠਦੇ ਸਨ। ਦਿਨ ਢਲਿਆ, ਖੁਲ੍ਹੀ ਰੌੜ ਵਿਚ ਕੌਡ ਕਬੱਡੀ, ਸੌਂਚੀ, ਮੁਗਦਰ, ਛਾਲਾਂ, ਘੋਲ ਆਦਿਕ ਸਖਤ ਕਸਰਤਾਂ ਹੋ ਜਾਣੀਆਂ। ਤਿਕਾਲੀਂ ਸੌਂ ਜਾਣਾ। ਮਰਦਾਂ ਨਾਲੋਂ ਤ੍ਰੀਮਤਾਂ ਭੀ ਕਿਸੇ ਪਾਸਿਓਂ ਨਾ ਘਟ ਤੇ ਨਾ ਕਮਜ਼ੋਰ ਸਨ। ਤੜਕੇ ਉਠ ਕੇ ਟੱਬਰ ਜੋਗਾ ਆਟਾ ਪੀਹ ਲੈਣਾ, ਫਿਰ ਰਿੜਕਣਾ ਪਾ ਦੇਣਾ, ਉਸ ਦੇ ਬਾਦ ਛਾਹ ਵੇਲਾ ਤਿਆਰ ਕਰਨਾ, ਦੁਪਹਿਰੇ ਰੋਟੀ, ਲੋੜ ਪਵੇ ਤਾਂ ਖੂਹਾਂ ਤੇ ਪੁਚਾਣ ਜਾਣਾ। ਘਰ ਆ ਕੇ ਚਰਖਾ ਜਾਂ ਕਸੀਦਾ ਛੋਹ ਦੇਣਾ। ਅਸਲ ਗੱਲ ਤਾਂ ਇਹ ਹੈ ਕਿ ਜ਼ਿਮੀਂਦਾਰਾ ਕਲਾਸ ਵਿਚ ਘਰ ਦਾ ਸਭ ਤੋਂ ਬਹੁਤਾ ਮਿਹਨਤੀ ਮੈਂਬਰ ਤ੍ਰੀਮਤ ਹੀ ਰਹੀ ਹੈ, ਜਿਸ ਘਰ ਨੂੰ ਤ੍ਰੀਮਤ ਨੇ ਸੁਘੜਤਾ ਨਾਲ ਸੰਭਾਲਿਆ ਹੋਵੇ, ਉਸ ਨੂੰ ਮਰਦ ਕਹੀ ਨਾਲ ਭੀ ਢਾ ਨਹੀਂ ਸਕਦਾ। ਇਸੇ ਉਤੇ ਪੰਜਾਬੀ ਦਾ ਅਖਾਣ ਹੈ—"ਰੰਨ ਜੱਟੀ, ਹੋਰ ਸਭ ਖਾਣ ਦੀ ਚੱਟੀ।"

ਤ੍ਰੀਮਤਾਂ ਦੇ ਦਿਲ-ਪ੍ਰਚਾਵੇ ਦੇ ਸਾਮਾਨ ਭੀ ਕਾਫੀ ਸਨ। ਪਿੱਪਲਾਂ ਹੇਠ ਪੀਂਘਾਂ, ਰਾਤ ਨੂੰ ਚੰਦ ਦੀ ਚਾਨਣੀ ਵਿਚ ਗਿੱਧਾ। ਇਨ੍ਹਾਂ ਸੁਖ ਭਰੇ ਆਹਰ ਪਾਹਰਾਂ ਵਿਚ ਦਿਨ ਲੰਘਦਾ ਮਾਲੂਮ ਭੀ ਨਾ ਹੋਣਾ। ਲੌਢੇ ਪਹਿਰ ਭੱਠੀਆਂ ਤਪ ਜਾਣੀਆਂ, ਦਾਣੇ ਚੱਬਣ ਦਾ ਰਿਵਾਜ ਆਮ ਸੀ। ਸਿਆਲ ਨਿਕਲਦਿਆਂ ਮੇਲੇ ਮਸਾਹਬੇ, ਰਾਸਾਂ, ਹੋਲੀਆਂ, ਨਾਚ, ਮਜਰੇ, ਹੁੰਦੇ ਰਹਿਣੇ। ਕੱਚੇ ਰਾਹਾਂ ਤੇ ਘੋੜੇ ਟੱਟੂ ਜਾਂ ਬਹਿਲਾਂ ਦੀ ਸਵਾਰੀ ਤਾਂ ਲੱਭ ਜਾਂਦੀ ਸੀ। ਪਰ ਗੱਭਰੂਆਂ ਦੇ ਸੰਗਾਂ ਦੇ ਸੰਗ ਜੁੜ ਕੇ ਝਿੜੀ, ਵੈਸ਼ਨੋ ਦੇਵੀ, ਜਵਾਲਾ ਜੀ, ਨਗਾਹੇ, ਦਿਵਾਲੀ, ਵਿਸਾਖੀ ਆਦਿਕ ਮੇਲਿਆਂ ਉਤੇ ਪੈਦਲ ਹੀ ਜਾ ਅਪੜਦੇ ਸਨ। ਦੇਵੀ ਦਿਉਤਿਆਂ ਅਤੇ ਪੀਰਾਂ ਫਕੀਰਾਂ ਉਤੇ ਇਕੋ ਜੇਹੀ ਸ਼ਰਧਾ ਸੀ। ਘਰ ਦੀ ਪ੍ਰਬੰਧਕ ਜਾਂ ਡਿਕਟੇਟਰ ਤ੍ਰੀਮਤ ਹੀ ਤ੍ਰੀਮਤ ਸੀ, ਮਰਦ ਸਿਰਫ ਫਸੂਲਾਂ ਤਿਆਰ ਕਰਨ ਵਾਲੇ ਸਨ। ਸਾਕ ਨਾਤਿਆਂ ਦਾ ਕੰਮ ਵਤੀਸਰਾਂ-ਨਾਈ, ਬ੍ਰਾਹਮਣ, ਮਰਾਸੀ-ਦੇ ਹਵਾਲੇ ਹੁੰਦਾ ਸੀ ਤੇ ਓਹ ਭੀ ਪੂਰੇ ਵਿਸ਼ਵਾਸ ਪਾਤ੍ਰ ਹੁੰਦੇ ਸਨ। ਗੱਲ ਕੀ, ਪੰਜਾਬ ਉਸੇ ਜ਼ਮਾਨੇ ਵਿਚ ਅਸਲ ਪੰਜਾਬ ਸੀ, ਉਸ ਦਾ ਹਰ ਦਿਨ ਈਦ ਤੇ ਹਰ ਰਾਤ ਸ਼ਬਰਾਤ[1] ਵਾਂਗ ਬੀਤਦੇ ਸਨ। ਉਨ੍ਹਾਂ ਦਿਨਾਂ ਵਰਗਾ ਫਾਰਿਗੁਲ-ਬਾਲ[2] ਪੰਜਾਬ ਸ਼ਾਇਦ ਹੀ ਕਦੇ ਹੋ ਸਕੇ।

ਇਸ ਵਿਚ ਕੋਈ ਸ਼ੱਕ ਨਹੀਂ ਕਿ ਜ਼ਮਾਨਾ ਬਦਲ ਗਿਆ ਤੇ ਦੁਨੀਆਂ ਹੋਰ ਦੀ ਹੋਰ ਹੋ ਗਈ ਹੈ, ਪੁਰਾਣਾ ਪੰਜਾਬ ਬਹੁਤ ਪਿਛੇ ਰਹਿ ਗਿਆ, ਬੇਸ਼ੁਮਾਰ ਨਵੀਆਂ ਚੀਜ਼ਾਂ ਪੈਦਾ ਹੋ ਗਈਆਂ, ਦੂਰ ਦੁਰਾਡੇ ਸਫਰ ਆਸਾਨ ਹੋ ਗਏ, ਰੇਲਾਂ, ਮੋਟਰਾਂ, ਲਾਰੀਆਂ, ਹਵਾਈ ਜਹਾਜ਼, ਹਸਪਤਾਲ, ਤਾਰ ਘਰ, ਡਾਕਖਾਨੇ, ਨਹਿਰਾਂ, ਸਕੂਲ ਕਾਲਜ, ਛਾਪੇਖਾਨੇ, ਅਖਬਾਰਾਂ ਤੇ ਰੇਡੀਓ ਪੈਦਾ ਹੋ ਗਏ, ਕਾਲ, ਮਰੀ[3], ਮਲੇਰੀਆ, ਹੈਜ਼ਾ, ਮਾਤਾ ਆਦਿਕ ਵਬਾਵਾਂ[4] ਦੀ ਰੋਕ ਥਾਮ ਕਾਫੀ ਹੋ ਗਈ ਹੈ। ਦੇਸ਼ ਦੀ ਅਬਾਦੀ ਭੀ ਕਈ ਗੁਣਾਂ ਵਧ ਚੁਕੀ ਹੈ, ਪੈਦਾਵਾਰ ਤੇ ਮਾਲੀਏ ਵਿਚ ਭੀ ਚੋਖੀ ਤਰੱਕੀ ਹੋ ਗਈ ਹੈ, ਪਰ ਐਨੀ ਅਦਲਾ ਬਦਲੀ ਦੇ ਬਾਵਜੂਦ ਮੈਨੂੰ ਪੰਜਾਬ ਦੇ ਬੁਨਿਆਦੀ ਸੁਭਾਉ ਵਿਚ ਕੋਈ ਉਚੇਰਾ ਵਟ ਸਟ ਨਜ਼ਰ ਨਹੀਂ ਆਇਆ। ਪੰਜਾਬੀ ਦੀਆਂ ਕਈ ਪੀਹੜੀਆਂ

---

1. ਮੁਸਲਮਾਨੀ ਮਹੀਨੇ ਸ਼ਅਬਾਨ (ਅੱਠਵਾਂ ਮਹੀਨਾ) ਦੀ ਪੰਦ੍ਰਵੀਂ ਰਾਤ ਜੋ ਮਸ਼ਹੂਰ ਮੁਸਲਮਾਨੀ ਤਿਓਹਾਰ ਹੈ।
2. ਬੇਫਿਕਰ, ਨਿਚਿੰਤ। 3. ਪਲੇਗ ਜਾਂ ਤਾਊਨ (ਇਕ ਖਤਰਨਾਕ ਬੀਮਾਰੀ) 4. ਰੋਗਾਂ।

ਲੰਘ ਜਾਣ ਤੇ ਭੀ ਉਸ ਦੀਆਂ ਕੁਦਰਤੀ ਸਿਫਤਾਂ—ਹਮਦਰਦੀ, ਮਿਲਾਪੜਾਪਨ, ਉਦਾਰਤਾ, ਮਿਠਾ ਬੋਲ ਤੇ ਸਭ ਤੋਂ ਵਧ ਕੇ ਸਾਫ ਸਾਫ ਕਹਿ ਦੇਣ ਦੀ ਦਲੇਰੀ—ਉਸੇ ਤਰ੍ਹਾਂ ਜੀਉਂਦੀਆਂ ਜਾਗਦੀਆਂ ਹਨ, ਪਿੰਡਾਂ ਵਿਚ ਸ਼ਰਾਰਤ ਤੇ ਸ਼ੈਤਾਨੀ ਨੂੰ ਅਜੇ ਭੀ ਥਾਂ ਨਹੀਂ ਮਿਲੀ। ਇਹ ਠੀਕ ਹੈ ਕਿ ਖਰਚਾਂ ਦੇ ਫੈਲ ਜਾਣ ਨਾਲ ਉੱਨਾਂ ਹਥ ਖੁੱਲ੍ਹਾ ਤੇ ਸਮੇਂ ਦਾ ਵਿਹਲ ਨਹੀਂ ਰਿਹਾ। ਪਰ ਇਸ ਦੀ ਤਹਿ ਥਲੇ ਆਰਥਿਕ ਸਵਾਲ ਹੈ ਅਤੇ ਆਸ ਹੈ, ਇਸ ਦਾ ਹੱਲ ਨਿਕਲ ਆਇਆਂ ਪੰਜਾਬੀ ਆਪਣੀਆਂ ਹਨੇਰੇ ਵਿਚ ਗੁਆਚੀਆਂ ਜ਼ੀਨਤਾਂ[1] ਨੂੰ ਲੱਭ ਲਏਗਾ।" (ਕੇਸਰ ਕਿਆਰੀ)

ਇਸ ਉਤਪਾਦਿਕਾ ਦੇ ਸਫ਼ਾ ਦੋ ਉਤੇ ਸਿਕੰਦਰ ਦਾ ਜ਼ਿਕਰ ਕਰਦਿਆਂ ਲਿਖਦੇ ਹਨ :

"ਮੇਰਾ ਹੁਣ ਭੀ ਇਹੋ ਵਿਸ਼ਵਾਸ ਹੈ ਕਿ ਜਿਸ ਵੇਲੇ ਭੀ ਪੰਜਾਬ ਦੀ ਹਿਕ ਉਤੋਂ ਪ੍ਰਾਧੀਨਤਾ ਦਾ ਪੱਥਰ ਚੁਕਿਆ ਗਿਆ, ਇਸ ਦੀਆਂ ਨਾੜਾਂ ਵਿਚ ਦੁਨੀਆਂ ਦੀ ਕਾਇਆ ਪਲਟਾਣ ਦਾ ਲਹੂ ਖੌਲ ਪਏਗਾ ਅਤੇ ਇਹ ਕੋਈ ਬੜੀ ਗੱਲ ਨਹੀਂ ਕਿ ਮੈਂ ਆਪਣੇ ਇਨ੍ਹਾਂ ਸੁਪਨਿਆਂ ਨੂੰ ਸਾਮਰਤਖ ਹੁੰਦਾ ਵੇਖ ਕੇ ਹੀ ਅੱਖਾਂ ਮੀਟਾਂ।"

ਪੰਜਾਬੀ ਭਾਸ਼ਾ ਤੇ ਸਾਹਿਤ ਵਲ, ਜਿਸ ਦੀ ਸਹੀ ਵਰਤੋਂ ਇਨ੍ਹਾਂ ਪਿੰਡਾਂ ਵਿਚ ਹੀ ਰਹਿ ਗਈ ਸੀ ਤੇ ਭਾਵਾਂ ਦੇ ਪ੍ਰਗਟਾਅ ਦਾ ਜੋ ਇਕੋ ਇਕ ਸਾਂਝਾ ਸਥਾਨ ਦਿਹਾਤੀ ਜਨਤਾ ਕੋਲ ਸੀ, ਜਿਸ ਵਿਚ ਕਈ ਘਰਾਂ ਪਿਛੇ ਕਿਤੇ ਕਿਤੇ ਕੋਈ ਇਕ ਅਧ ਪੰਜ ਜਮਾਤਾਂ ਪੜ੍ਹਿਆ ਲਭਦਾ ਸੀ, ਸਰਕਾਰ ਤੇ ਜਨਤਾ ਦਾ ਕੀ ਵਤੀਰਾ ਸੀ, ਉਹ ਭੀ ਚਾਤ੍ਰਿਕ ਜੀ ਦੇ ਸ਼ਬਦਾਂ ਵਿਚ ਵੇਖਣਾ ਚਾਹੀਦਾ ਹੈ :

"ਮੈਨੂੰ ਯਕੀਨ ਹੈ ਕਿ ਇਸੇ ਬੋਲੀ ਨੇ, ਕਦੇ ਨਾ ਕਦੇ ਸਾਰੇ ਵਰਤਮਾਨ ਵਖੇਵਿਆਂ ਨੂੰ ਦੂਰ ਕਰ ਕੇ ਸਭਨਾਂ ਪੰਜਾਬੀਆਂ ਨੂੰ ਇਕ ਸ਼ਾਮਿਆਨੇ ਥਲੇ ਲਿਆ ਬਹਾਉਣਾ ਹੈ। ਉਹ ਦਿਨ ਕੋਈ ਐਡਾ ਦੁਰੇਡਾ ਨਹੀਂ, ਜਦੋਂ ਮੇਰੇ ਪੰਜਾਬੀ ਨੌਜਵਾਨਾਂ ਤੇ ਦਾਨਸ਼ਮੰਦਾਂ ਨੇ ਸਾਰੇ ਹਿੰਦੁਸਤਾਨ ਸਗੋਂ ਦੁਨੀਆਂ ਭਰ ਲਈ ਸੜਕ ਸਾਫ ਕਰਨੀ ਹੈ। ਉਨ੍ਹਾਂ ਦਾ ਇਖਲਾਕ ਅਸਮਾਨ ਜਿਡਾ ਉੱਚਾ ਹੋ ਜਾਏਗਾ, ਉਨ੍ਹਾਂ ਦੀਆਂ ਖੋਜਾਂ, ਉਦਾਰ ਦਿਲੀਆਂ ਤੇ ਉੱਚ ਖਿਆਲੀਆਂ ਨੇ ਪੰਜਾਬ ਦਾ ਬੇੜਾ ਪਾਰ ਕਰ ਦੇਣਾ ਹੈ ਅਤੇ ਉਨ੍ਹਾਂ ਦੀ ਤੰਦਰੁਸਤੀ, ਉਨ੍ਹਾਂ ਦਾ ਹੁਸਨ, ਪਿਆਰ, ਨੇਕਨੀਯਤੀ ਤੇ ਹਮਦਰਦੀ ਦੁਨੀਆਂ ਲਈ ਨਮੂਨਾ ਬਣਨਗੇ।ਮੇਰੇ ਸਾਰੇ ਯਤਨ ਭੀ, ਮੇਰੇ ਉਸੇ ਸੁਪਨੇ ਨੂੰ ਸਚਿਆਂ ਹੁੰਦਾ ਵੇਖਣ ਦਾ ਇਕ ਹੰਭਲਾ ਜਿਹਾ ਹਨ।

ਪੰਜਾਬੀ ਬੋਲੀ ਨਾਲ ਭਾਵੇਂ ਮੈਨੂੰ ਜ਼ਾਤੀ ਤੌਰ ਤੇ ਕਿੰਨਾ ਵੀ ਗੂੜ੍ਹਾ ਪਿਆਰ ਹੈ, ਪਰ ਆਪਣੇ ਆਪ ਵਿਚ ਇਸ ਦਾ ਕੇਸ ਡਾਢਾ ਫਿਕਰਮੰਦ ਕਰਨ ਵਾਲਾ ਹੈ। ਪੰਜਾਬ ਵਿਚ ਜਿੰਨਾਂ ਚਿਰ ਦਫਤਰੀ ਜ਼ਬਾਨ ਫਾਰਸੀ ਰਹੀ, ਤਦੋਂ ਤਕ ਕੋਈ ਭੀ ਇਸ ਦਾ ਵਿਰੋਧੀ ਨਹੀਂ ਸੀ, ਹਿੰਦੂ, ਮੁਸਲਮਾਨ, ਸਿਖ ਇਸ ਦੀ ਸਾਂਝੀ ਸੇਵਾ ਕਰ ਰਹੇ ਸਨ। ਜਦ ਉਰਦੂ ਨੂੰ ਅਦਾਲਤੀ ਬੋਲੀ ਬਣਾਇਆ ਗਿਆ, ਤਦ ਪੰਜਾਬੀ ਨਾਲ ਇਕ ਫਿਰਕੇ ਦਾ ਪਿਆਰ ਵੰਡਿਆ ਗਿਆ ਅਤੇ ਵੀਹਵੀਂ ਸਦੀ ਦੇ ਚੜ੍ਹਦਿਆਂ ਤਾਂ ਇਹ ਪਿਆਰ ਉਕਾ ਹੀ ਖੁਸ ਗਿਆ। ਸਿਖ ਪੰਥ ਨੇ ਇਸ ਨੂੰ ਅਪਣਾ ਤਾਂ ਲਿਆ ਪਰ ਉਨ੍ਹਾਂ ਦੀ ਪੰਜਾਬੀ ਧਰਮ ਪ੍ਰਚਾਰ ਦਾ ਹਥਠੋਕਾ ਬਣ ਗਈ, ਪੰਜਾਬੀ ਦਾ

1. ਸਜਾਵਟਾਂ, ਖੂਬੀਆਂ।

ਲਬੋ—ਲਹਿਜ਼ਾ[1] ਹੋਰ ਦਾ ਹੋਰ ਹੋ ਗਿਆ, ਲਿਬਾਸ ਐਸਾ ਵਟਿਆ ਕਿ ਉਸ ਦੀ ਸ਼ਕਲ ਸੂਰਤ ਭੀ ਪਛਾਨਣੀ ਔਖੀ ਹੋ ਗਈ।

ਤਾਲੀਮੀ ਲੋੜਾਂ ਵਾਸਤੇ ਪੰਜਾਬੀ ਬੋਲੀ ਉਤੋਂ ਨਵਾਂ ਰੰਗ ਉਤਰ ਤਾਂ ਗਿਆ, ਪਰ ਉਹ ਤਜਾਰਤੀ ਗਰਜ਼ਾਂ ਦਾ ਅੱਡਾ ਬਣ ਗਈ, ਨਿਰੋਲ ਪੰਜਾਬੀ ਦੇ ਪਿਆਰ ਦੀ ਖਾਤਰ ਕਿਸੇ ਨੇ ਉਸ ਦੀ ਸੇਵਾ ਨਹੀਂ ਕੀਤੀ।"

2. ਸ਼ਹਿਰਾਂ ਵਿਚ ਜਾਗ੍ਰਤੀ (1875—1900) : ਸ਼ਹਿਰਾਂ ਵਿਚ ਜਾਗ੍ਰਤੀ ਕਈ ਪੱਖਾਂ ਦੀ ਸੀ। ਪਹਿਲਾਂ ਤਾਂ ਸਮਾਜਕ ਤੇ ਸੰਸਕ੍ਰਿਤਕ ਜਾਗ੍ਰਤੀ ਹੋਈ ਤੇ ਫੇਰ ਰਾਜਸੀ ਧਾਰਮਿਕ। ਪੰਜਾਬੀ ਵਿਚ ਅੰਗਰੇਜ਼ੀ ਢੰਗ ਦੀ ਵਿਦਿਆ ਦਾ ਪ੍ਰਾਰੰਭ 1856 ਤੋਂ ਹੀ ਹੋਇਆ ਸੀ ਪਰ ਭਾਰਤ ਦੇ ਹੋਰ ਪ੍ਰਾਂਤਾਂ, ਵਿਸ਼ੇਸ਼ ਕਰ ਕੇ ਬੰਗਾਲ ਵਿਚ, ਅੰਗਰੇਜ਼ੀ ਰਾਜ ਦੇ ਪ੍ਰਭਾਵ ਇਸ ਤੋਂ ਬਹੁਤ ਪਹਿਲਾਂ ਤੋਂ ਬੀਜੇ ਜਾ ਚੁਕੇ ਸਨ ਤੇ ਉਥੋਂ ਹੀ ਇਸੇ ਲਈ ਕਈ ਲਹਿਰਾਂ ਉਠੀਆਂ ਤੇ ਪੰਜਾਬ ਨਾਲੋਂ ਕਾਫੀ ਸਮਾਂ ਪਹਿਲਾਂ ਉਨ੍ਹਾਂ ਪ੍ਰਾਂਤਾਂ ਵਿਚ ਕਈ ਲਹਿਰਾਂ ਦਾ ਮੁਢ ਬੱਝਾ। ਪੰਜਾਬ ਵਿਚ 19ਵੀਂ ਸਦੀ ਦੀ ਅੰਤਲੀ ਚੌਥਾਈ 1876 ਤੋਂ 1900 ਵਿਚ ਉਪਜੀਆਂ ਲਹਿਰਾਂ ਸਮਾਜਕ-ਸੰਸਕ੍ਰਿਤਕ ਤੇ ਧਾਰਮਿਕ-ਰਾਜਸੀ ਦੋ ਮੁਖ ਭਾਗਾਂ ਵਿਚ ਵੰਡੀਆਂ ਜਾ ਸਕਦੀਆਂ ਹਨ ਜੋ ਵੀਹਵੀਂ ਸ਼ਤਾਬਦੀ ਵਿਚ ਨਿਖੜ ਤੇ ਨਿਖਰ ਕੇ ਇਨ੍ਹਾਂ ਹੀ ਚਾਰ ਵੱਖ ਵੱਖ ਰੂਪਾਂ ਵਿਚ ਵਿਦਮਾਨ ਹੁੰਦੀਆਂ ਹਨ। ਜਿਵੇਂ :

(1) ਸ੍ਰੀ ਰਾਮ ਮੋਹਨ ਰਾਏ ਦੀ ਬ੍ਰਹਮੂ ਸਮਾਜ ਦੀ ਲਹਿਰ : ਇਸ ਨਾਲ ਮਹਾਤਮਾ ਰਾਵਿੰਦਰ ਨਾਥ ਠਾਕੁਰ ਦੇ ਪਿਤਾ ਭੀ ਸੰਬੰਧਤ ਰਹੇ। ਅਨਾਰਕਲੀ ਬਜ਼ਾਰ, ਲਾਹੌਰ ਵਿਚ ਬ੍ਰਹਮੂ ਸਮਾਜ ਦਾ ਮੰਦਰ ਸੰਨ 1876 ਵਿਚ ਬਣਿਆ ਸੀ। ਇਸ ਸਮਾਜ ਨੇ ਵਿਦਿਆ ਪਰਚਾਰ ਤੇ ਵਿਚਾਰਾਂ ਦੀ ਸੁਤੰਤਰਤਾ ਦੇ ਖੇਤਰ ਵਿਚ ਜਨਤਕ ਸੇਵਾ ਅਰੰਭੀ।

(2) ਆਰੀਆ ਸਮਾਜ : ਇਸ ਲਹਿਰ ਜਾਂ ਸੰਸਥਾ ਦੇ ਬਾਨੀ ਮਹਾਨ ਵਿਦਵਾਨ ਸਵਾਮੀ ਦਯਾ ਨੰਦ ਜੀ ਨੇ 1875 ਤੋਂ ਬੰਬੇ (ਮੁੰਬਈ) ਤੋਂ ਆਪਣਾ ਪਰਚਾਰ ਅਰੰਭਿਆ ਸੀ, ਆਰੀਆ ਸਮਾਜ ਵੇਦਾਂ ਦੀ ਮਹਾਨਤਾ, ਅਵਤਾਰ ਸਿਧਾਂਤ, ਛੋਟੀ ਉਮਰ ਦੀ ਸ਼ਾਦੀ ਦੇ ਖੰਡਨ, ਸ਼ੁਧੀ, ਵਿਦਿਆ, ਇਸਤਰੀ ਵਿਦਿਆ ਦੇ ਮੰਡਲ ਲਈ ਪ੍ਰਸਿਧ ਹੈ। ਆਰੀਆ ਸਮਾਜ ਦੇ ਉੱਦਮ ਨਾਲ ਯਤੀਮਖਾਨੇ, ਗੁਰੂ ਕੁਲ ਤੇ ਸਕੂਲ ਅਤੇ ਕਾਲਜ ਆਦਿ ਸਥਾਪਤ ਹੋਏ। 1897 ਦੇ ਕਾਲ (ਦੁਰਭਿਖ) ਦੇ ਸਮੇਂ ਆਰੀਆ ਸਮਾਜ ਨੇ ਦੁਖੀ ਲੋਕਾਂ ਦੀ ਬਹੁਤ ਸਹਾਇਤਾ ਤੇ ਸੇਵਾ ਕੀਤੀ ਸੀ। ਇਸ ਵਿਦਿਅਕ ਤੇ ਸਮਾਜਕ ਲਹਿਰ ਦੇ ਸਮਰਥਕਾਂ ਤੇ ਸਹਾਇਕਾਂ ਨੇ ਫੇਰ ਪੰਜਾਬ ਦੇ ਰਾਜਸੀ ਖੇਤਰ ਦੀ ਸੇਵਾ ਵਿਚ ਬਹੁਤ ਹਿੱਸਾ ਪਾਇਆ ਹੈ। ਲਾਲਾ ਲਾਜਪਤ ਰਾਏ ਦਾ ਇਕੱਲਾ ਨਾਂ ਹੀ ਇਸ ਦੇ ਪ੍ਰਮਾਣ ਲਈ ਕਾਫ਼ੀ ਹੋਵੇਗਾ।

(3) ਦੇਵ ਧਰਮ : ਲਾਹੌਰ ਦੇ ਇਕ ਅਧਿਆਪਕ ਪੰਡਿਤ ਸਤਿਆ ਨੰਦ ਅਗਨੀਹੋਤਰੀ ਨੇ ਇਸ ਲਹਿਰ ਦੀ ਨੀਂਹ 1887 ਵਿਚ ਰੱਖੀ। 1879 ਵਿਚ ਇਹ ਆਪ ਬ੍ਰਹਮੂ ਸਮਾਜ ਦੇ ਪ੍ਰਚਾਰਕ ਹੁੰਦੇ ਸਨ। ਇਹ ਜ਼ਾਤ-ਪਾਤ ਨੂੰ ਮੰਨਣ ਦਾ ਵਿਰੋਧ ਅਤੇ ਸਭ ਲਹਿਰਾਂ ਦਾ ਸਮਰਥਨ ਕਰਦੇ ਸਨ। ਵੀਹਵੀਂ ਸਦੀ ਤਕ ਇਨ੍ਹਾਂ ਦੇ 12 ਪ੍ਰਚਾਰਕ ਅਤੇ 190 ਮੈਂਬਰ ਸਨ।

---

1. ਰੰਗ ਢੰਗ।

(4) ਸਨਾਤਨ ਧਰਮ ਸਭਾ : ਨਵੀਨ ਲਹਿਰਾਂ ਦੇ ਪ੍ਰਭਾਵ ਤੋਂ ਪੁਰਾਤਨ ਹਿੰਦੂ ਮੱਤ ਦੀ ਰਖਿਆ ਲਈ ਸਨਾਤਨੀ ਵਿਚਾਰਾਂ ਦੇ ਸਮਰਥਕ ਹਿੰਦੂਆਂ ਵਲੋਂ 1889 ਵਿਚ ਇਹ ਸਭਾ ਭੀ ਲਾਹੌਰ ਵਿਚੋਂ ਹੀ, ਜੋ ਉਸ ਵੇਲੇ ਪੰਜਾਬ ਦੀ ਰਾਜਧਾਨੀ ਸੀ, ਬਣੀ। ਇਨ੍ਹਾਂ ਦਾ ਉਦੇਸ਼ ਸੀ, ਪੁਰਾਤਨ ਹਿੰਦੂ ਮਤ ਨੂੰ ਵੇਦਾਂ, ਸ਼ਾਸਤਰਾਂ ਤੇ ਪੁਰਾਣਾਂ ਦੇ ਆਧਾਰ ਉਤੇ ਸੁਰਖਿਅਤ ਕਰਨਾ, 20ਵੀਂ ਸਦੀ ਦੇ ਆਰੰਭ ਵਿਚ ਡੀ.ਏ.ਵੀ. (ਆਰੀਆ ਸਮਾਜੀ) ਸਕੂਲਾਂ ਤੇ ਹੋਰ ਵਿਦਿਅਕ ਆਸ਼ਰਮਾਂ ਵਾਂਗ ਸਨਾਤਨ ਧਰਮ ਸਭਾ ਵਲੋਂ ਵੀ ਹਾਈ ਸਕੂਲ ਤੇ ਸੰਸਕ੍ਰਿਤ ਪਾਠਸ਼ਾਲਾਂ ਆਰੰਭ ਹੋ ਚੁਕੀਆਂ ਸਨ। ਹੁਣ ਇਨ੍ਹਾਂ ਦੇ ਭੀ ਕਈ ਕਾਲਜ ਹਨ।

3. ਸਿੱਖ ਮੱਤ ਵਿਚ ਜਾਗ੍ਰਤੀ (1875—1900) : ਜਿਵੇਂ ਉਪ੍ਰੋਕਤ ਚਾਰੇ ਸੰਸਥਾਵਾਂ ਹਿੰਦੂਆਂ ਵਿਚ ਪੁਨਰ ਜਾਗਰਤੀ ਦਾ ਕੰਮ ਕਰ ਰਹੀਆਂ ਸਨ ਤਿਵੇਂ ਹੀ ਸਿੱਖਾਂ ਵਿਚ ਭੀ ਕੁਝ ਵਿਅਕਤੀ ਨਵੇਂ ਸਿਰੇ ਸੁਧਾਰਕ ਤੇ ਧਾਰਮਿਕ ਕੰਮਾਂ ਤੇ ਜਾਗਰਤੀ ਲਈ ਯਤਨਸ਼ੀਲ ਸਨ। ਸਿੱਖਾਂ ਹਥੋਂ ਰਾਜ ਭਾਗ ਗਵਾਚੇ ਨੂੰ ਅਜੇ ਥੋੜਾ ਸਮਾਂ ਹੋਇਆ ਸੀ। ਇਸ ਲਈ ਇਨ੍ਹਾਂ ਵਿਚ ਇਕ ਪਾਸੇ ਨਿਰਾਸਤਾ ਸੀ ਅਤੇ ਦੂਜੇ ਪਾਸੇ ਉਸ ਗਵਾਚੀ ਸ਼ਾਮ੍ਹ ਨੂੰ ਮੁੜ ਲਿਆਉਣ ਲਈ ਬੇਹਬਲਤਾ ਭੀ ਹੈ ਸੀ। ਇਸ ਮਾਨਸਿਕ ਅਵਸਥਾ ਦਾ ਫਲਸਰੂਪ ਚਾਰ ਵਿਸ਼ੇਸ਼ ਲਹਿਰਾਂ ਕਹੀਆਂ ਜਾ ਸਕਦੀਆਂ ਹਨ। ਇਨ੍ਹਾਂ ਵਿਚੋਂ ਹੀ ਕਈ ਇਕ ਨੀਂਹ ਵਿਚ ਧਾਰਮਿਕ ਸਨ, ਕੰਧਾਂ ਵਿਚ ਸਮਾਜ-ਸੁਧਾਰਕ ਅਤੇ ਛੱਤ ਉਤੇ ਜਾ ਕੇ ਰਾਜਸੀ ਸਿੱਧ ਹੋਈਆਂ ਜਿਵੇਂ :

(1) ਗੁਲਾਬ ਦਾਸੀਏ : ਇਸ ਸੰਪਰਦਾ ਦੇ ਮੋਢੀ ਸੰਤ ਗੁਲਾਬ ਦਾਸ ਜੀ ਮਹਾਰਾਜਾ ਸ਼ੇਰ ਸਿੰਘ ਦੇ ਰਸਾਲੇ ਵਿਚ ਨੌਕਰ ਸਨ। ਉਨ੍ਹਾਂ ਨੇ ਪੁਸਤਕ 'ਉਪਦੇਸ਼, ਜਾਂ ਬਿਲਾਸ' ਲਿਖੀ ਹੈ। ਇਹ ਚਾਰਵਾਕ ਵਾਂਗ ਭਾਵੇਂ ਉਸ ਹਦ ਤਕ ਨਹੀਂ, ਖੁਸ਼ੀ ਮੌਜ ਤੇ ਵਾਸ਼ਨਾਂ ਦੀ ਤ੍ਰਿਪਤੀ ਦੇ ਹਾਮੀ ਸਨ, ਖਰੀ ਖਰੀ ਕਹਿ ਦੇਣ ਦੇ ਪ੍ਰਚਾਰਕ ਸਨ। ਇਨ੍ਹਾਂ ਦੇ ਪ੍ਰਚਾਰ ਦੇ ਕੇਂਦਰ ਲਾਹੌਰ ਤੇ ਜਲੰਧਰ ਸ਼ਹਿਰ ਰਹੇ ਹਨ। ਪੰਜਾਬੀ ਦਾ ਪ੍ਰਸਿਧ ਕਵੀ ਕਿਸ਼ਨ ਸਿੰਘ ਆਰਿਫ ਤੇ ਹੋਰ ਕਈ ਕਵੀ ਸੰਤ ਗੁਲਾਬਦਾਸ ਨੂੰ ਮੰਨਣ ਵਾਲੇ ਹੋਏ ਹਨ।

(2) ਨਿਰੰਕਾਰੀ ਲਹਿਰ : ਇਸ ਦੇ ਮੋਢੀ ਬਾਬਾ ਦਰਬਾਰਾ ਸਿੰਘ ਜੀ ਸਨ ਜਿਨ੍ਹਾਂ ਦੇ ਸੰਨ 1870 ਵਿਚ ਦੇਹਾਂਤ ਹੋਣ ਪਿਛੋਂ ਬਾਬਾ ਰਤਨ ਸਿੰਘ ਜੀ 1909 ਤਕ ਤੇ ਬਾਬਾ ਗੁਰਦਿਤਾ ਸਿੰਘ ਜੀ 1947 ਤਕ ਗੱਦੀ ਉਤੇ ਰਹੇ। ਇਨ੍ਹਾਂ ਤੋਂ ਪਿਛੋਂ ਬਾਬਾ ਹਰਾ ਸਿੰਘ ਜੀ ਸੰਨ 1971 ਤਕ ਇਸ ਗੱਦੀ ਉਤੇ ਬੈਠੇ। ਇਨ੍ਹਾਂ ਦਾ ਪ੍ਰਚਾਰ ਲਗਪਗ ਆਰੀਆ ਸਮਾਜ ਦੇ ਪ੍ਰਚਾਰ ਦੀਆਂ ਲੀਹਾਂ ਉਤੇ ਹੀ ਸੀ। ਇਨ੍ਹਾਂ ਨੇ ਸਿੱਖਾਂ ਵਿਚ ਕਈ ਕਾਰਨਾਂ ਕਰਕੇ ਆ ਗਈ ਬੁੱਤਪੂਜਾ ਤੇ ਸਰਾਧ ਰੁਚੀ ਨੂੰ ਹਟਾਉਣ ਅਤੇ ਬ੍ਰਾਹਮਣਾਂ ਨੂੰ ਦੇਵਤਾਪਣ ਦੀ ਗੱਦੀ ਤੋਂ ਉਤਾਰਨ ਦਾ ਪ੍ਰਚਾਰ ਕੀਤਾ। ਰੀਤਾਂ ਰਸਮਾਂ ਵਿਚ ਸਾਦਗੀ, ਵਿਧਵਾ ਵਿਆਹ ਅਤੇ ਕੇਵਲ 'ਆਦਿ ਗ੍ਰੰਥ' ਦੀ ਪੂਜਾ ਵਲ ਇਨ੍ਹਾਂ ਨੇ ਆਪਣੇ ਸ਼ਰਧਾਲੂਆਂ ਨੂੰ ਪਰੇਰਿਆ। ਇਸ ਸਮੇਂ ਤਕ ਲਗਪਗ ਇਕ ਲੱਖ ਸਿੱਖ ਆਪਣੇ ਆਪ ਨੂੰ ਨਿਰੰਕਾਰੀ ਅਖਵਾਉਣ ਵਿਚ ਮਾਣ ਸਮਝਦੇ ਹਨ।

(3) ਨਾਮਧਾਰੀ ਜਾਂ ਕੂਕਾ ਲਹਿਰ : ਇਸ ਲਹਿਰ ਦੇ ਮੋਢੀ ਬਾਬਾ ਰਾਮ ਸਿੰਘ ਜੀ, ਭੈਣੀ ਸਾਹਿਬ, ਜ਼ਿਲਾ ਲੁਧਿਆਣਾ (1815-1861) ਨੂੰ ਅੰਗਰੇਜ਼ਾਂ ਨੇ ਫੜ ਕੇ ਜਲਾਵਤਨ ਕਰਕੇ ਰੰਗੂਨ ਭੇਜ ਦਿਤਾ ਸੀ ਜਿਥੇ ਉਨ੍ਹਾਂ ਦਾ ਦੇਹਾਂਤ ਹੋਇਆ। ਉਨ੍ਹਾਂ ਤੋਂ ਪਿਛੋਂ ਬਾਬਾ ਬਾਲਕ ਸਿੰਘ ਜੀ ਤੇ ਬਾਬਾ ਪ੍ਰਤਾਪ ਸਿੰਘ ਜੀ ਗੁਰੂ ਮੰਨੇ ਜਾਂਦੇ ਰਹੇ ਅਤੇ ਫੇਰ ਮਹਾਰਾਜ ਜਗਜੀਤ ਸਿੰਘ ਜੀ

ਇਸ ਗੱਦੀ ਤੇ ਬੈਠੇ। ਇਨ੍ਹਾਂ ਵਿਚ ਕਿਰਤ ਦਾ ਮਹੱਤਵ ਅਤੇ ਅੰਗਰੇਜ਼ੀ ਸਰਕਾਰ ਵਿਰੁਧ ਨਾ ਮਿਲਵਰਤਨ ਦਾ ਵਿਚਾਰ ਬਹੁਤ ਮਹਾਨ ਰਿਹਾ ਹੈ। ਏਥੋਂ ਤਕ ਕਿ ਨਾਮਧਾਰੀ ਸਜਣਾਂ ਨੇ ਕਾਂਗਰਸ ਦੀ ਨਾ ਮਿਲਵਰਤਨ ਤੇ ਖਦਰ ਦੀ ਲਹਿਰ ਤੋਂ ਬਹੁਤ ਪਹਿਲਾਂ ਤੋਂ ਹੀ ਸੁਦੇਸ਼ੀ ਚੀਜ਼ਾਂ ਵਰਤਣ, ਸਰਕਾਰੀ ਤੇ ਅੰਗਰੇਜ਼ੀ ਸਕੂਲਾਂ ਤੇ ਕਚਹਿਰੀਆਂ ਦਾ ਵੀ ਬਾਈਕਾਟ ਕੀਤੀ ਰਖਣ ਅਤੇ ਸ਼ਾਂਤ ਮਈ ਢੰਗ ਨਾਲ ਅੰਗਰੇਜ਼ੀ ਸਰਕਾਰ ਦੇ ਉਪਦਰਵ ਸਹਿਣ ਦੀ ਨੀਤੀ ਅਪਣਾਈ ਹੋਈ ਸੀ। ਗਿਆਨੀ ਰਤਨ ਸਿੰਘ ਭੰਗੂ ਅਨੁਸਾਰ ਸੰਨ 1871 ਵਿਚ ਨਾਮਧਾਰੀ ਲੋਕਾਂ ਦੀ ਗਿਣਤੀ ਲਗਪਗ 10 ਲੱਖ ਸੀ ਜਿਨ੍ਹਾਂ ਵਿਚੋਂ 30, 32 ਹਜ਼ਾਰ ਕੇਸਾਧਾਰੀ ਸਨ। 1871 ਅਤੇ 1872 ਵਿਚ ਬੁਚੜਖਾਨੇ ਢਾਹੁਣ ਆਦਿ ਦੇ ਦੋਸ਼ ਥਲੇ ਕਈ ਨਾਮਧਾਰੀ ਫੜੇ, ਤੋਪ ਨਾਲ ਉਡਾਏ ਤੇ ਫਾਂਸੀ ਲਾ ਦਿਤੇ ਗਏ।

ਨਾਮਧਾਰੀ ਲਹਿਰ ਨੇ ਭੀ ਬਹੁਤ ਸਾਰੇ ਸਮਾਜਕ ਤੇ ਰੀਤੀ ਸੁਧਾਰ ਕੀਤੇ, ਰੀਤਾਂ ਰਸਮਾਂ ਵਿਚ ਸਾਦਗੀ ਤੇ ਸੰਜਮ ਲਿਆਂਦਾ। ਆਪਣੇ ਪ੍ਰਚਾਰ ਤੇ ਸ਼ਾਸਨ ਲਈ ਨਾਮਧਾਰੀਆਂ ਨੇ 22 ਮੁਖ ਪ੍ਰਚਾਰਕ ਤੇ ਪ੍ਰਬੰਧਕ ਨੀਯਤ ਕੀਤੇ ਜਿਨ੍ਹਾਂ ਨੂੰ ਸੂਬੇ (ਸੂਬੇਦਾਰ) ਕਹਿੰਦੇ ਹਨ।

(4) ਸਿੰਘ ਸਭਾ ਲਹਿਰ : ਸੰਨ 1873 ਵਿਚ ਸੰਧਾਵਾਲੀਏ ਸਰਦਾਰ ਠਾਕੁਰ ਸਿੰਘ ਦੀ ਅਗਵਾਈ ਹੇਠ ਅੰਮ੍ਰਿਤਸਰ ਤੋਂ ਇਸ ਲਹਿਰ ਨੂੰ ਜਥੇਬੰਦ ਕੀਤਾ ਗਿਆ। ਇਨ੍ਹਾਂ ਦਾ ਉਦੇਸ਼ ਸੀ ਰਾਜਸੀ ਖੇਤਰ ਤੋਂ ਲਾਂਭੇ ਰਹਿ ਕੇ ਸਿੱਖਾਂ ਦੀ ਧਾਰਮਿਕ ਤੇ ਵਿਦਿਅਕ ਉਸਾਰੀ ਕਰਨੀ। ਭਾਈ ਗੁਰਮੁਖ ਸਿੰਘ ਜੀ ਤੇ ਗਿਆਨੀ ਗਿਆਨ ਸਿੰਘ ਆਦਿ ਸਜਣ ਇਸ ਦੇ ਖਾਸ ਸੇਵਕ ਸਨ। ਇਨ੍ਹਾਂ ਦੇ ਯਤਨਾਂ ਦਾ ਫਲ ਸਰੂਪ ਲਾਹੌਰ ਵਿਚ ਬਣੇ ਓਰੀਐਂਟਲ ਕਾਲਜ ਵਿਚ 1877 ਵਿਚ ਪੰਜਾਬੀ ਦੀਆਂ ਗਿਆਨੀ ਆਦਿ ਜਮਾਤਾਂ ਦੀ ਪੜ੍ਹਾਈ ਦਾ ਪ੍ਰਬੰਧ ਹੋਇਆ। 1879 ਵਿਚ ਇਕ ਵਖਰੀ ਸਭਾ ਲਾਹੌਰ ਵਿਚ ਕਾਇਮ ਹੋਈ ਤੇ 1883 ਵਿਚ ਖਾਲਸਾ ਦੀਵਾਨ ਲਾਹੌਰ ਹੋਂਦ ਵਿਚ ਆਇਆ, ਜਿਸ ਦੇ ਦੋ ਧੜੇ ਹੋਣ ਕਾਰਨ ਇਕ ਵਖਰਾ ਚੀਫ ਖਾਲਸਾ ਦੀਵਾਨ ਅੰਮ੍ਰਿਤਸਰ 1902 ਵਿਚ ਬਣਿਆ। ਇਸ ਲਹਿਰ ਦੀਆਂ ਪ੍ਰਾਪਤੀਆਂ ਵਿਚ ਪੰਜਾਬੀ ਅਖਬਾਰ, ਪੰਜਾਬੀ ਪੁਸਤਕਾਂ, ਖਾਲਸਾ ਟਰੈਕਟ ਸੁਸਾਇਟੀ 1896, ਖਾਲਸਾ ਕਾਲਜ ਅੰਮ੍ਰਿਤਸਰ 1892, ਸਿੱਖ ਐਜੂਕੇਸ਼ਨ ਕਮੇਟੀ 1908 ਅਤੇ ਇਸ ਕਮੇਟੀ ਦੀਆਂ ਕਾਨਫ਼ਰੰਸਾਂ ਦੇ ਪ੍ਰਭਾਵ ਨਾਲ ਬਣੇ ਅਨੇਕਾਂ ਹੀ ਹਾਈ ਸਕੂਲ ਤੇ ਕਾਲਜ ਹਨ। ਸਿੱਖਾਂ ਵਿਚ ਆਈ ਅਨੇਕ ਪ੍ਰਕਾਰ ਦੀ ਆਧੁਨਿਕ ਜਾਗਰਤੀ ਦਾ ਬਹੁਤ ਸਾਰਾ ਸਿਹਰਾ ਸਿੰਘ ਸਭਾ ਲਹਿਰ ਦੇ ਹੀ ਸਿਰ ਹੈ।

ਪ੍ਰਸਿਧ ਲੇਖਕ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਭੀ ਇਸੇ ਲਹਿਰ ਦੇ ਵਿਚਾਰਾਂ ਦਾ ਪ੍ਰਚਾਰ ਪੁਸਤਕਾਂ ਤੇ ਆਪਣੇ ਸਪਤਾਹਿਕ 'ਖਾਲਸਾ ਸਮਾਚਾਰ' ਰਾਹੀਂ ਕੀਤਾ।

4. ਮੁਸਲਮਾਨ ਮੱਤ ਵਿਚ ਜਾਗ੍ਰਤੀ (1875—1900) : ਮੁਸਲਮਾਨਾਂ ਵਿਚ 1869 ਵਿਚ ਇਕ ਅੰਜੁਮਨ ਇਸਲਾਮੀਆਂ ਲਾਹੌਰ ਬਣੀ ਜਿਨ੍ਹਾਂ ਨੇ 1881 ਤੋਂ ਆਪਣਾ ਅਖ਼ਬਾਰ ਤੋਰਿਆ। ਦੂਜੀ ਸੰਸਥਾ ਹਿਮਾਇਤੇ ਇਸਲਾਮ ਸੀ ਜਿਨ੍ਹਾਂ ਨੇ 1901 ਤੋਂ ਸਕੂਲ ਤੇ ਯਤੀਮਖਾਨੇ ਤੋਰਨੇ ਅਰੰਭੇ।

ਇਨ੍ਹਾਂ ਦੀਆਂ ਨਿਰੋਲ ਵਿਦਿਅਕ ਸੰਸਥਾਵਾਂ ਵਿਚ ਇੰਡੀਅਨ ਐਸੋਸੀਏਸ਼ਨ ਲਾਹੌਰ ਦੀ ਪੰਜਾਬ ਦੀ ਸ਼ਾਖਾ (1886) ਅਤੇ ਪੰਜਾਬ ਸਾਇੰਸ ਇੰਸਟੀਚਿਊਟ ਗਿਣੀਆਂ ਜਾ ਸਕਦੀਆਂ ਹਨ।

5. ਰਾਜਸੀ ਜਾਗ੍ਰਤੀ (1900—1925) : ਪਿਛਲੇ 25 ਵਰ੍ਹੇ ਇਉਂ ਸਮਾਜਕ-ਸੰਸਕ੍ਰਿਤਕ ਤੇ ਧਾਰਮਿਕ ਜਾਗਰਤੀ ਦੇ ਸਨ। ਇਉਂ ਹੀ 20 ਵੀਂ ਸਦੀ ਦੇ ਪਹਿਲੇ 25 ਵਰ੍ਹੇ ਪੰਜਾਬ ਦੇ ਰਾਜਸੀ

ਖੇਤਰ ਵਿਚ ਗੜਬੜ ਦੇ ਕਹਿਣੇ ਚਾਹੀਦੇ ਹਨ। 1907 ਤੋਂ ਹੀ ਆਰੀਆ ਸਮਾਜੀਆਂ ਵਲੋਂ ਭਾਵੇਂ ਸਭਾ ਦੇ ਤੌਰ ਤੇ ਨਹੀਂ, ਅੰਗਰੇਜ਼ੀ ਸਰਕਾਰ ਵਿਰੁਧ ਭਾਵਨਾ ਵਿਅਕਤ ਕੀਤੀ ਤੇ ਪ੍ਰਚਾਰੀ ਜਾਣ ਲਗ ਪਈ ਸੀ। ਸੰਨ 1909 ਵਿਚ ਸ੍ਰ. ਅਜੀਤ ਸਿੰਘ ਈਰਾਨ, ਪੈਰਿਸ ਤੇ ਜੈਨੇਵਾ ਵਿਚ ਗਿਆ ਅਤੇ ਉਥੇ ਵਸਦੇ ਇਨਕਲਾਬੀਆਂ ਅਤੇ 1914 ਤੋਂ ਪਿਛੋਂ ਗਦਰ ਪਾਰਟੀ ਦੇ ਮੋਢੀਆਂ ਨਾਲ ਤਾਲ-ਮੇਲ ਪੈਦਾ ਕੀਤਾ। ਏਵੇਂ ਹੀ ਪਰੋਫੈਸਰ ਹਰਦਿਆਲ 1914 ਵਿਚ ਫੜਿਆ ਗਿਆ ਪਰ ਉਹ ਵੀ ਕਿਸੇ ਤਰ੍ਹਾਂ ਬਾਹਰਲੇ ਦੇਸ਼ਾਂ ਵਲ ਨਿਕਲ ਗਿਆ। ਰਾਜਾ ਮਹਿੰਦਰ ਪ੍ਰਤਾਪ ਭੀ ਜਰਮਨੀ ਵਿਚ ਇਨ੍ਹਾਂ ਨੂੰ ਜਾ ਮਿਲਿਆ। ਸਿੱਖਾਂ ਦੀ ਗਦਰ ਪਾਰਟੀ ਤੇ ਪੈਨ-ਇਸਲਾਮੀ ਮੂਵਮੈਂਟ ਦੇ ਪਰਚਾਰ ਦਾ ਫ਼ਲ ਸਰੂਪ 1915 ਵਿਚ ਮੁਜ਼ੱਫਰਗੜ੍ਹ, ਝੰਗ, ਮੁਲਤਾਨ (ਹੁਣ ਪਾਕਿਸਤਾਨ) ਵਿਚ ਕਿਸਾਨਾਂ ਦੀ ਗੜਬੜ ਹੋਈ ਜਿਸ ਵਿਚ ਹਿੰਦੂਆਂ ਦੀਆਂ ਦੁਕਾਨਾਂ ਲੁਟੀਆਂ ਗਈਆਂ। ਕੋਈ 50 ਦੇ ਕਰੀਬ ਡਾਕੇ ਪਏ ਅਤੇ ਅਨੇਕਾਂ ਲੋਕ ਮਾਰੇ ਗਏ। ਇਸ ਗੜਬੜ ਨੂੰ ਰੋਕਣ ਲਈ 4000 ਦੇ ਲਗਪਗ ਲੋਕ ਫੜੇ ਗਏ।

ਆਵਾਜਾਈ ਦੇ ਸਾਧਨਾਂ ਦੀ ਸਹੂਲਤ ਪੈਦਾ ਹੋ ਜਾਣ ਕਰਕੇ ਪਰ ਵਧੇਰੇ ਕਿਸਾਨਾਂ ਕੋਲ ਜ਼ਮੀਨ ਥੋੜੀ ਅਤੇ ਆਰਥਿਕ ਦੁਰਦਸ਼ਾ ਦੇ ਕਾਰਨ 1905 ਤੋਂ 1910 ਈਂ ਤਕ ਔੜ ਤੇ ਕਾਲ ਪੈਣ ਕਰਕੇ ਅਤੇ 1902 ਤੋਂ 32 ਤਕ ਪਲੇਗ, ਹੈਜ਼ਾ ਆਦਿ ਰੋਗਾਂ ਦੇ ਹਮਲਿਆਂ ਕਾਰਨ ਪੰਜਾਬੀ ਤੇ ਕਈ ਭਾਰਤੀ ਭੀ ਬਰਮਾ, ਹਾਂਗਕਾਂਗ, ਚੀਨ, ਮਲਾਇਆ ਆਦਿ ਦੇ ਟਾਪੂਆਂ ਤੇ ਕੈਨੇਡਾ ਆਦਿ ਦੇਸ਼ਾਂ ਵਲ ਨਿਕਲਣੇ ਅਰੰਭ ਹੋਏ। ਇਸ ਦਾ ਫਲ ਸਰੂਪ ਇਹ ਹੋਇਆ ਕਿ 1904-5 ਵਿਚ ਜਿਥੇ ਕੇਵਲ 45 ਭਾਰਤੀ ਬਾਹਰ ਸਨ, ਉਥੇ 1914 ਵਿਚ 20 ਲਖ ਭਾਰਤੀ ਪਰਦੇਸਾਂ ਵਿਚ ਛਾ ਗਏ ਸਨ। ਕੈਨੇਡਾ ਨੇ ਕਾਨੂੰਨ ਬਣਾ ਕੇ ਕੁਝ ਬੰਦਸ਼ਾਂ ਲਾਈਆਂ। ਉਸਦਾ ਪ੍ਰਤੀਕਰਮ ਕਹੋ ਜਾਂ ਪੰਜਾਬੀਆਂ ਦੀ ਹਿੰਮਤ, 1907 ਵਿਚ ਇਨ੍ਹਾਂ ਨੇ ਵੈਨਕੋਵਰ ਵਿਚ 1500 ਪੌਂਡ ਦੀ ਲਾਗਤ ਨਾਲ ਗੁਰਦੁਆਰਾ ਉਸਾਰਿਆ ਅਤੇ ਸੰਤ ਤੇਜਾ ਸਿੰਘ ਐਮ.ਏ. ਦੀ ਪਰੇਰਨਾ ਨਾਲ ਢਾਈ ਲਖ ਰੁਪਏ ਦੀ ਇਕ ਮਾਈਨਿੰਗ ਕੰਪਨੀ ਰਜਿਸਟਰਡ ਕਰਾਈ। ਇਸ ਤੋਂ ਝਟ ਹੀ ਪਿਛੋਂ ਗੁਰੂ ਨਾਨਕ ਕਾਲੋਨੀ ਲਈ 25000 ਪੌਂਡ ਖਰਚ ਕੇ ਜ਼ਮੀਨ ਖਰੀਦੀ ਗਈ। ਪੰਜਾਬੀਆਂ ਤੇ ਭਾਰਤੀਆਂ ਨਾਲ ਜੋ ਬੁਰੀ ਵਰਤੋਂ ਹੋਰਨਾ ਦੇਸ਼ਾਂ ਵਿਚ ਬੈਠੇ ਅੰਗਰੇਜ਼ਾਂ ਵਲੋਂ ਹੋ ਰਹੀ ਸੀ, ਉਸ ਵਿਚ ਵਾਧਾ ਹੀ ਹੁੰਦਾ ਗਿਆ। ਇਹ ਦੁਰ-ਵਿਹਾਰ ਨੈਤਿਕ ਜੀਵਨ, ਕਾਨੂੰਨ, ਵਪਾਰ ਸਭ ਪਖਾਂ ਵਿਚ ਸੀ।

ਸੰਨ 1913 ਵਿਚ ਕਰਤਾਰ ਸਿੰਘ ਸਰਾਭਾ, ਕਰਮ ਸਿੰਘ ਚੀਮਾਂ, ਸੋਹਨ ਸਿੰਘ ਭਕਨਾ, ਆਦਿ ਨੇ ਇਕ ਹਿੰਦੀ ਐਸੋਸੀਏਸ਼ਨ ਬਣਾਈ ਅਤੇ 'ਗਦਰ' ਨਾਂ ਦਾ ਸਮਾਚਾਰ ਪੱਤਰ ਸਾਨਫ੍ਰਾਂਸਿਸਕੋ ਤੋਂ ਹਿੰਦੀ, ਪੰਜਾਬੀ, ਉਰਦੂ ਤੇ ਮਰਾਠੀ, ਚਾਰ ਭਾਸ਼ਾਵਾਂ ਵਿਚ ਚਲਾਇਆ। ਇਸ ਦੇ ਸੰਪਾਦਕ ਪਰੋਫੈਸਰ ਹਰਦਿਆਲ ਸਨ।

ਸੰਨ 1914 ਵਿਚ ਮਲਾਇਆ (ਹੁਣ ਮਲਾਏਸ਼ੀਆ) ਵਿਚ ਰਹਿੰਦੇ ਹੋਏ ਮਾਝੇ ਦੇ ਵਸਨੀਕ ਬਾਬਾ ਗੁਰਦਿਤ ਸਿੰਘ ਨੇ ਕੌਮਾਗਾਟਾ ਮਾਰੂ ਨਾਂ ਦਾ ਜਹਾਜ਼ ਇਕ ਜਪਾਨੀ ਕੰਪਨੀ ਤੋਂ ਲੈ ਕੇ ਉਸ ਨੂੰ ਗੁਰੂ ਨਾਨਕ ਜਹਾਜ਼ ਦੇ ਨਾਂ ਉਤੇ ਵੈਨਕੋਵਰ ਲੈ ਜਾਣ ਦਾ ਉਦਮ ਕੀਤਾ ਪਰ ਇਨਗਰੈਸ ਆਰਡੀਨੈਂਸ ਅਨੁਸਾਰ ਉਸ ਦੇ 400 ਤੋਂ ਵਧ ਮੁਸਾਫਰਾਂ ਨੂੰ ਜੋ ਵਧੇਰੇ ਸਿੱਖ ਹੀ ਸਨ, ਉਥੇ ਨਾ ਉਤਰਨ ਦਿਤਾ ਗਿਆ ਅਤੇ ਜਦ ਉਹ ਵਾਪਸ ਕਲਕਤੇ ਪੁਜੇ ਤਾਂ ਬਜ ਬਜ ਦੇ ਘਾਟ ਉੱਤੇ ਉਨ੍ਹਾਂ ਉਤੇ ਗੋਲੀ ਚਲਾਈ ਗਈ। ਬਾਬਾ ਗੁਰਦਿਤ ਸਿੰਘ ਤੇ ਉਸ ਦੇ ਕਈ ਹੋਰ ਸਾਥੀ ਗੋਲੀਆਂ ਵਿਚੋਂ

ਬਚ ਨਿਕਲੇ। ਮੁੜ ਗੁਰਦੁਆਰਾ ਸੁਧਾਰ ਤੇ ਅਕਾਲੀ ਮੋਰਚੇ ਵਿਚ ਉਸ ਨੇ ਸੱਤ ਵਰ੍ਹੇ ਕੈਦ ਕੱਟੀ।

1914 ਤੋਂ 1916 ਦੇ ਦੋ ਵਰ੍ਹਿਆਂ ਵਿਚ ਅਮਰੀਕਾ ਤੇ ਹੋਰ ਦੇਸ਼ਾਂ ਵਿਚੋਂ ਬਾਰੂਦ ਹਥਿਆਰ ਤੇ ਬਹੁਤ ਸਾਰੇ ਇਨਕਲਾਬੀ ਜਿਨ੍ਹਾਂ ਵਿਚ 8000 ਦੇ ਲਗਪਗ ਸਿੱਖ ਹੀ ਸਨ, ਭਾਰਤ ਵਿਚ ਪਹੁੰਚੇ। 1914 ਤੋਂ ਸੰਸਾਰ ਯੁਧ ਭੀ ਅਰੰਭ ਹੋ ਚੁਕਾ ਸੀ। ਅਮਰੀਕਾਂ ਤੋਂ ਹਵਾਈ ਜਹਾਜ਼ ਰਾਹੀਂ ਤੇ ਇਕ ਜਹਾਜ਼ ਐਸ. ਐਸ. ਮਾਰੂ ਰਾਹੀਂ ਭੀ ਬਾਰੂਦ ਤੇ ਹਥਿਆਰ ਪੰਜਾਬ ਵਿਚ ਪੁੱਜ ਚੁਕੇ ਸਨ। ਯੋਜਨਾ ਇਹ ਸੀ ਕਿ ਅੰਮ੍ਰਿਤਸਰ ਵਿਚ 21 ਫਰਵਰੀ, 1915 ਨੂੰ ਅੰਗਰੇਜ਼ਾਂ ਉਤੇ ਹਮਲਾ ਬੋਲਿਆ ਜਾਏ ਪਰ ਗੌਰਮਿੰਟ ਨੂੰ ਪਤਾ ਲਗ ਗਿਆ। ਇਨਕਲਾਬੀਆਂ ਨੇ ਅਗੋਂ ਹੀ ਲਾਹੌਰੋਂ ਆਪਣਾ ਕਾਰਜ ਕਰਨਾ ਚਾਹਿਆ ਪਰ 13 ਆਗੂ ਬੰਬਾਂ ਆਦਿ ਸਮੇਤ ਫੜੇ ਗਏ। ਇਨ੍ਹਾਂ ਵਿਚੋਂ ਪਿੰਗਲ ਨੂੰ ਫਾਂਸੀ ਦੀ ਸਜ਼ਾ ਹੋਈ ਤੇ ਪਰਮਾਨੰਦ ਨੂੰ ਦੇਸ਼ ਨਿਕਾਲਾ ਮਿਲਿਆ। ਇਉਂ ਲਾਹੌਰ ਕਾਨਸਪੀਰੇਸੀ ਕੇਸ, ਬਜ ਬਜ ਘਾਟ ਤੇ ਫਿਰੋਜ਼ਪੁਰ ਕਾਨਸਪੀਰੇਸੀ ਕੇਸ ਵਿਚ 175 ਬੰਦਿਆਂ ਉਤੇ ਮੁਕਦਮੇ ਚਲੇ, 58 ਨੂੰ ਦੇਸ਼ ਨਿਕਾਲਾ ਦਿਤਾ ਗਿਆ, 115 ਦੀ ਜਾਇਦਾਦ ਜ਼ਬਤ ਹੋਈ।

ਹੁਣ ਕਮਿਊਨਿਸਟ ਵਿਚਾਰ ਦੇ ਮਨੁਖ ਭੀ ਭਾਰਤ ਤੇ ਪੰਜਾਬ ਵਿਚ ਪੁਜਣ ਲਗ ਪਏ ਸਨ। ਇਉਂ ਅੰਗਰੇਜ਼ੀ ਸਰਕਾਰ ਦੇ ਵਿਰੁਧ ਵਲਵਲੇ ਤੇ ਪ੍ਰਚਾਰ ਦਾ ਸੋਮਾ ਅਮਰੀਕਾ ਹੀ ਨਹੀਂ ਰੂਸ ਭੀ ਬਣ ਗਿਆ।

ਕਮਿਊਨਿਸਟ ਵਿਚਾਰਾਂ ਦੇ ਪ੍ਰਚਾਰਕਾਂ ਵਿਚੋਂ ਇਕ ਭਾਈ ਸੰਤੋਖ ਸਿੰਘ ਸੀ ਜਿਸ ਨੇ ਅੰਮ੍ਰਿਤਸਰ ਤੋਂ 'ਕਿਰਤੀ' ਅਖਬਾਰ ਪੰਜਾਬੀ ਵਿਚ ਤੋਰ ਕੇ ਮਾਰਕਸਵਾਦੀ ਵਿਚਾਰ ਜਨ ਸਾਧਾਰਨ ਤਕ ਵਰ੍ਹਿਆਂ ਬੱਧੀ ਪੁਚਾਏ।

ਫਿਰ ਭੀ ਪਹਿਲੇ ਸੰਸਾਰ ਯੁਧ ਵਿਚ ਪੰਜਾਬ ਨੇ ਬਰਤਾਨਵੀ ਹਕੂਮਤ ਵਲ ਆਪਣੀ ਵਫਾ ਦਾ ਪੂਰਾ ਪ੍ਰਮਾਣ ਦਿਤਾ ਅਤੇ ਲਗਪਗ 4 ਲਖ 60 ਹਜ਼ਾਰ ਲੋਕ ਪਰਦੇਸਾਂ ਵਿਚ ਜਾ ਕੇ ਜੰਗ ਵਿਚ ਜਾਨਾਂ ਦੇਣ ਲਈ ਭਰਤੀ ਹੋਏ। ਇਹ ਸੰਖਿਆ ਸਾਰੇ ਭਾਰਤ ਦੀ ਭਰਤੀ ਦਾ 60 ਪ੍ਰਤੀਸ਼ਤ ਹੈ। ਪਰ ਜੰਗ ਦੇ ਰੋਲਟ ਐਕਟ[1] ਪਾਸ ਕੀਤੇ ਜਾਣ ਉਤੇ ਪਿਛਲੇ 18 ਸਾਲਾਂ ਦਾ ਦਬਿਆ ਗੁੱਸਾ, ਜੰਗ ਵਿਚ ਦਿਤੀ ਸਹਾਇਤਾ ਦਾ ਬਦਲਾ ਇਹ ਕਾਨੂੰਨ ਮਿਲਦਾ ਦਿਸਦਾ ਵੇਖ, ਗਾਂਧੀ ਜੀ ਤੇ ਹੋਰ ਆਗੂਆਂ ਦੇ ਪ੍ਰਚਾਰ ਆਦਿ ਦਾ ਫਲ ਸਰੂਪ, ਲੋਕ ਭੜਕ ਪਏ। ਉਨ੍ਹਾਂ ਨੇ ਅੱਗਾਂ ਲਾਈਆਂ, ਬੈਂਕ ਲੁਟੇ ਗਏ, ਮਾਰ ਧਾੜ ਹੋਈ, ਅਤੇ ਦੂਜੇ ਪਾਸੇ ਪ੍ਰਬੰਧ ਤੇ ਸ਼ਾਸਨ ਦੇ ਨਾਂ ਉਤੇ ਜਲ੍ਹਿਆਂ ਵਾਲਾ ਬਾਗ ਅੰਮ੍ਰਿਤਸਰ ਵਿਚ 13 ਅਪਰੈਲ 1919 ਨੂੰ ਗੋਲੀ ਚਲੀ, ਮਾਰਸ਼ਲ ਲਾਅ ਲੱਗਾ ਅਤੇ ਲੋਕਾਂ ਉਤੇ ਕਈ ਤਰ੍ਹਾਂ ਦੀਆਂ ਅਯੋਗ ਸਖਤੀਆਂ ਹੋਈਆਂ। ਫੇਰ ਕਈ ਮੋਰਚੇ ਲੱਗੇ, ਡਾਂਗਾਂ ਚਲੀਆਂ, ਪਰ ਸੁਤੰਤਰਤਾ ਦੀ ਲਹਿਰ ਵਧਦੀ ਹੀ ਗਈ।

ਸੰਨ 1920 ਵਿਚ ਸਿੱਖਾਂ ਵਿਚ ਗੁਰਦੁਆਰਾ ਪ੍ਰਬੰਧ ਸੁਧਾਰ ਦੀ ਲਹਿਰ ਚਲੀ ਜਿਸ ਨੂੰ ਅਕਾਲੀ ਲਹਿਰ ਭੀ ਆਖਿਆ ਜਾਂਦਾ ਹੈ। ਇਹ ਅਸਲ ਵਿਚ ਤਾਂ ਪੁਰਾਣੇ ਵਿਗੜ ਚੁਕੇ ਪੁਜਾਰੀਆਂ ਤੇ ਮਹੰਤਾਂ ਦੇ ਗੁਰਦੁਆਰਿਆਂ ਦਾ ਪ੍ਰਬੰਧ ਲੈਣ ਲਈ ਸੀ ਪਰ ਕਿਉਂਕਿ ਅੰਗਰੇਜ਼ ਸਰਕਾਰ ਪੁਜਾਰੀਆਂ ਤੇ ਮਹੰਤਾਂ ਦੀ ਸਹਾਇਕ ਸੀ, ਇਸ ਲਈ ਅਕਾਲੀ ਲਹਿਰ ਭੀ ਉਸ ਵੇਲੇ

---

1. ਇਨ੍ਹਾਂ ਲਹਿਰਾਂ ਦੇ ਵਿਸਥਾਰ ਪੂਰਬਕ ਹਾਲ ਜਾਨਣ ਲਈ ਪੰਜਾਬੀ ਵਿਚ 'ਪੰਜਾਬ ਦੀਆਂ ਲਹਿਰਾਂ' ਸ਼ਮਸ਼ੇਰ ਸਿੰਘ ਅਸ਼ੋਕ ਰਚਿਤ ਵੇਖੀ ਜਾ ਸਕਦੀ ਹੈ।

ਦੀ ਗੌਰਮਿੰਟ ਤੇ ਅਕਾਲੀਆਂ ਦੀ ਟੱਕਰ ਬਣ ਗਈ। ਸ਼ਾਂਤਮਈ ਰਹਿੰਦਿਆਂ ਅਕਾਲੀਆਂ ਨੇ ਗੋਲੀਆਂ ਖਾਧੀਆਂ, ਘੋੜਿਆਂ ਦੇ ਖੁਰਾਂ ਥਲੇ ਲਿਤਾੜੇ ਗਏ, ਜੀਉਂਦੇ ਸਾੜੇ ਗਏ। ਅੰਤ ਗੁਰਦੁਆਰਾ ਪ੍ਰਬੰਧ ਲਈ ਸਰਕਾਰੀ ਕਾਨੂੰਨ ਹੇਠ 1925 ਵਿਚ ਗੁਰਦੁਆਰਾ ਬੋਰਡ (ਸ਼ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ) ਬਣਿਆ ਤੇ ਹਰ ਸਿੱਖ ਨੂੰ ਗੁਰਦੁਆਰਾ ਕਮੇਟੀਆਂ ਦੀ ਚੋਣ ਲਈ ਵੋਟ ਦਾ ਅਧਿਕਾਰ ਮਿਲਿਆ।

ਇਨ੍ਹਾਂ ਦੇ ਸ਼ਾਂਤਮਈ ਮੋਰਚੇ ਦੇ ਪ੍ਰਤੀਕੂਲ ਇਕ ਬੱਬਰ ਅਕਾਲੀ ਲਹਿਰ ਭੀ ਚੱਲੀ। ਬੱਬਰ ਅਕਾਲੀ ਮਾਰ ਧਾੜ, ਫੂਕ ਸਾੜ ਦੇ ਹਾਮੀ ਸਨ। ਇੰਡੀਅਨ ਨੈਸ਼ਨਲ ਕਾਂਗਰਸ ਦੇ ਜੋ ਸਮਾਗਮ ਜਲ੍ਹਿਆਂ ਵਾਲਾ ਬਾਗ ਦੇ ਗੋਲੀ ਕਾਂਡ ਤੋਂ ਪਿਛੋਂ ਲਾਹੌਰ ਤੇ ਅੰਮ੍ਰਿਤਸਰ ਵਿਚ ਹੋਏ ਉਨ੍ਹਾਂ ਦਾ ਫਲ ਸਰੂਪ ਪੰਜਾਬੀ, ਕਾਂਗਰਸ ਦੇ ਚਲਾਏ ਮੋਰਚਿਆਂ ਵਿਚ ਵਧ ਚੜ੍ਹ ਕੇ ਭਾਗ ਲੈਂਦੇ ਰਹੇ ਕਿਉਂਕਿ ਅਕਾਲੀ ਲਹਿਰ ਤੇ ਜਲ੍ਹਿਆਂ ਵਾਲਾ ਬਾਗ ਵਿਚ ਹੋਏ ਅਤਿਆਚਾਰ ਨੇ ਪੰਜਾਬੀਆਂ ਦੇ ਮਨ ਵਿਚ ਸੁਤੰਤਰਤਾ ਸੰਗਰਾਮ ਲਈ ਇਕ ਜੋਸ਼ ਭਰ ਦਿਤਾ ਸੀ। ਹੋਰ ਤਾਂ ਹੋਰ ਚਾਤ੍ਰਿਕ ਜੇਹੇ ਸ਼ਾਂਤ, ਚੁਪ ਤੇ ਰਾਜਨੀਤੀ ਤੋਂ ਬਿਲਕੁਲ ਲਾਂਭੇ ਰਹਿਣ ਵਾਲੇ ਭੀ ਸੋਚਣ ਲਗ ਪਏ ਸਨ ਕਿ ਛੇਤੀ ਹੀ ਪੰਜਾਬ ਦੀ ਹਿਕ ਉਤੋਂ ਪਰਾਧੀਨਤਾ ਦਾ ਪਥਰ ਚੁਕਿਆ ਜਾਵੇਗਾ।

ਦੂਜੇ ਸੰਸਾਰ ਯੁਧ ਦੇ ਸਮੇਂ ਵਿਚ ਭੀ (1939-45) ਸੁਤੰਤਰਤਾ ਦੀ ਲਹਿਰ ਜ਼ੋਰਾਂ ਤੇ ਰਹੀ, ਅਤੇ ਸੰਨ 1947 ਵਿਚ ਦੇਸ਼ ਸੁਤੰਤਰ ਹੋ ਗਿਆ।

ਇਨ੍ਹਾਂ 25 ਕੁ ਵਰ੍ਹਿਆਂ ਵਿਚ (1926-50) ਪੰਜਾਬੀਆਂ ਵਿਚ ਜਿਥੇ ਵਿਦਿਆ ਦਾ ਪਸਾਰ ਹੋਇਆ, ਜਿਥੇ ਆਵਾਜਾਈ ਦੇ ਸਾਧਨ ਵਧਣ ਨਾਲ ਅਗੇ ਹੀ ਸੈਲਾਨੀ ਰੁਚੀ ਦੇ ਸਵਾਮੀ ਹੋਰ ਵਧੇਰੇ ਬਾਹਰਲੇ ਦੇਸ਼ਾਂ ਵਿਚ ਗਏ ਅਤੇ ਫੌਜਾਂ ਵਿਚ ਦੂਰ ਦੂਰ ਦੀ ਸੈਰ ਕਰਕੇ ਘਰੀਂ ਮੁੜੇ, ਸੈਨਿਕਾਂ ਨੇ ਬਾਹਰਲੇ ਮੁਲਕਾਂ ਦੀ ਹਾਲਤ ਆ ਕੇ ਦੱਸੀ, ਉਥੇ ਪੰਜਾਬੀ ਭਾਸ਼ਾ ਤੇ ਸਾਹਿਤ ਦੀ ਸੁਰੱਖਿਆ ਤੇ ਉੱਨਤੀ ਲਈ ਭੀ ਪਰੇਰਨਾ ਤੇ ਜਾਗ੍ਰਤੀ ਮਿਲੀ।

ਅਕਾਲੀ, ਅਕਾਲੀ ਪਤ੍ਰਿਕਾ, ਕੌਮੀ ਦਰਦ, ਆਦਿ ਦੈਨਿਕ ਪੱਤ੍ਰ ਭਾਵੇਂ ਅਕਾਲੀ ਲਹਿਰ ਦੀ ਉਪਜ ਸਨ, ਪਰ ਇਨ੍ਹਾਂ ਨਾਲ ਪੰਜਾਬੀ ਵਿਚ ਦੈਨਿਕ ਪੱਤਰਕਾਰੀ ਦਾ ਮੁਢ ਬੱਝਾ ਅਤੇ ਜਨਤਾ ਦੀ ਰੁਚੀ ਪੰਜਾਬੀ ਪੱਤਰ ਪੜ੍ਹਨ ਵਲ ਲਗੀ। ਸੋ ਝਬਦੇ ਹੀ ਮੌਜੀ ਫੁਲਵਾੜੀ, ਪ੍ਰੀਤ ਲੜੀ, ਕਵੀ, ਲਿਖਾਰੀ, ਆਦਿ ਪੱਤਰਾਂ ਦਾ ਜਨਮ ਹੋਇਆ।

ਸ੍ਰ. ਚਰਨ ਸਿੰਘ ਸ਼ਹੀਦ ਤੇ ਚਾਤ੍ਰਿਕ ਜੀ ਜੇਹੇ ਉਤਸ਼ਾਹੀਆਂ ਨੇ ਪੰਜਾਬੀ ਸਭਾ ਦੀ ਲਹਿਰ ਤੋਰੀ, ਤੇ ਪੰਜਾਬੀ ਲਈ ਹੋਰ ਸਹੂਲਤਾਂ ਤੇ ਅਧਿਕਾਰਾਂ ਦੀ ਮੰਗ ਹੋਈ, ਥਾਂ ਥਾਂ ਕਵੀ ਦਰਬਾਰ ਤੇ ਕਾਨਫ੍ਰੰਸਾਂ ਹੋਣ ਲਗੀਆਂ। ਪੰਜਾਬੀ ਲਈ ਪਿਆਰ ਤੇ ਉਤਸ਼ਾਹ ਜਤਾਉਣਾ ਸਿਆਣਪ, ਸੋਝੀ ਤੇ ਵਿਦਿਆ ਦਾ ਪ੍ਰਮਾਣ ਸਮਝਿਆ ਜਾਣ ਲਗਾ।

ਇਉਂ ਵੀਹਵੀਂ ਸਦੀ ਦੇ ਕੁਝ ਪ੍ਰਸਿਧ ਲੇਖਕ ਤੇ ਕਵੀ ਮੈਦਾਨ ਵਿਚ ਆਏ, ਜਿਨ੍ਹਾਂ ਵਿਚੋਂ ਅਨੇਕਾਂ ਨਾਟਕਕਾਰ, ਕਹਾਣੀਕਾਰ, ਖੋਜੀ, ਇਤਿਹਾਸਕਾਰ, ਨਿਬੰਧਕਾਰ ਤੇ ਪੱਤਰਕਾਰ ਪ੍ਰਸਿਧ ਹੋਏ।

ਭਾਰਤ ਦੇ 1947 ਵਿਚ ਸੁਤੰਤਰ ਹੋਣ ਪਿਛੋਂ ਪੰਜਾਬੀ ਦੇ ਭਾਗ ਖੁਲ੍ਹੇ। 1951 ਤੋਂ ਪੰਜਾਬੀ ਦੀ ਐਮ.ਏ. ਚਲਣ, ਉਂਜ ਵੀ ਬੀ.ਏ. ਤਕ ਪੰਜਾਬੀ ਇਕ ਮਜ਼ਮੂਨ ਬਣਨ ਅਤੇ ਭਾਸ਼ਾ ਵਿਭਾਗ ਦੇ ਉਤਪੰਨ ਹੋਣ ਤੇ ਅਨੇਕਾਂ ਸਭਾਵਾਂ ਦੇ ਪੰਜਾਬੀ ਲਈ ਯਤਨਾਂ ਤਕ ਦਾ ਆਪਣਾ ਸੁਪਨਾ, ਲਾਲਾ

ਧਨੀ ਰਾਮ ਚਾਤ੍ਰਿਕ ਸਾਕਾਰ ਹੁੰਦਾ ਦੇਖ ਗਏ ਹਨ।

ਲਾਲਾ ਧਨੀ ਰਾਮ ਚਾਤ੍ਰਿਕ ਦੀ ਜੀਵਨੀ : ਚਾਤ੍ਰਿਕ ਜੀ ਨੂੰ ਭੇਟ ਕੀਤੇ ਗਏ ਅਭਿਨੰਦਨ ਗ੍ਰੰਥ ਵਿਚ ਚਾਤ੍ਰਿਕ ਜੀ ਨੇ ਸਵੈ-ਜੀਵਨੀ ਸੰਖੇਪ ਵਿਚ ਲਿਖੀ ਹੈ। ਉਸ ਨੂੰ ਸਭ ਤੋਂ ਵਧ ਪ੍ਰਮਾਣਿਕ ਮੰਨਿਆ ਅਤੇ ਨਾਲ ਹੀ ਚਾਤ੍ਰਿਕ ਜੀ ਦੀ ਸਰਲ ਸੰਖੇਪ ਵਾਰਤਕ ਦਾ ਕਾਫੀ ਰਸ ਮਾਣਿਆ ਜਾ ਸਕਦਾ ਹੈ। ਇਸ ਲਈ ਅਸੀਂ ਇਥੇ ਉਸੇ ਨੂੰ ਹੀ ਮੁੜ ਪ੍ਰਕਾਸ਼ਤ ਕਰਨ ਦੀ ਖੁੱਲ੍ਹ ਲੈਂਦੇ ਹਾਂ।

(ੳ) ਮੇਰੀ ਜੀਵਨੀ

ਜਨਮ : ਜਿਹਾ ਕਿ 'ਕੇਸਰ ਕਿਆਰੀ' ਦੇ ਮੁਖ-ਬੰਧ ਵਿਚ ਪਹਿਲੇ ਜ਼ਿਕਰ ਹੋ ਚੁਕਾ ਹੈ, ਇਸ ਲਹੂ ਮਾਸ ਦੇ ਲੋਥੜੇ ਦਾ ਜਨਮ 18 ਅਸੂ ਸੰਮਤ 1933 ਬਿਕਰਮੀ (ਅਕਤੂਬਰ, ਸੰਨ 1876 ਈਸਵੀ) ਪਿੰਡ ਪਸੀਆਂ ਵਾਲੇ ਵਿਚ ਹੋਇਆ ਸੀ। ਪੰਜਾਬੀ ਦੇ ਮਸ਼ਹੂਰ ਕਿੱਸਾ ਨਿਗਾਰ ਮੀਆਂ ਇਮਾਮ ਬਖਸ਼ ਦੇ ਨਾਮ ਨਾਲ ਪਸੀਆਂ ਵਾਲਾ ਉਘਾ ਹੋ ਚੁੱਕਾ ਸੀ। ਰਾਵੀ ਦਰਯਾ ਦੇ ਪਰਲੇ ਪਾਸੇ ਪਸੀਆਂ ਵਾਲਾ ਅਤੇ ਉਰਾਰਲੇ ਪਾਸੇ ਔਲਖਾਂ ਦੀਆਂ ਭਿੰਡੀਆਂ ਨਾਂ ਦਾ ਨਗਰ ਹੈ। ਮਾਤਾ ਜੀ ਦਸਦੇ ਹੁੰਦੇ ਸਨ ਕਿ ਬੜੇ ਜ਼ੋਰ ਦੀ ਮਾਤਾ ਨਿਕਲਣ ਕਰਕੇ ਹੱਥਾਂ ਨੂੰ ਰੂੰ ਲਪੇਟ ਕੇ ਬੱਧਾ ਹੋਇਆ ਸੀ, ਤਾਂ ਕਿ ਚੀਚਕੇ ਛਿਲੇ ਨਾ ਜਾ ਸਕਣ। ਇਹ ਗੱਲ ਵੀ ਦੱਸੀ ਗਈ ਕਿ ਜਨਮ ਦੇ ਵੇਲੇ ਮਾਤਾ ਜੀ ਦੀ ਸਰੀਰਕ ਅਵਸਥਾ ਕਮਜ਼ੋਰ ਸੀ ਅਤੇ ਕੁਝ ਮਹੀਨੇ ਮਾਸੀ ਜੀ ਦਾ ਦੁਧ ਪਿਲਾ ਕੇ ਪਾਲਿਆ ਗਿਆ ਸੀ। ਡੇਢ ਬਰਸ ਦੀ ਹੀ ਉਮਰ ਵਿਚ ਸਾਂ ਕਿ ਮਾਤਾ ਪਿਤਾ ਲੋਪੋਕੇ ਲੈ ਆਏ। ਇਨ੍ਹਾਂ ਦੇ ਪਿੰਡਾਂ ਦੀ ਵਿਥ ਦਸ ਮੀਲ ਦੇ ਕਰੀਬ ਹੈ। ਮਾਤਾ ਜੀ ਨੇ ਪੁਤ੍ਰਾਂ ਅਤੇ ਤਿੰਨ ਲੜਕੀਆਂ ਨੂੰ ਜਨਮ ਦਿਤਾ ਜਿਨ੍ਹਾਂ ਵਿਚੋਂ ਇਸ ਵੇਲੇ ਇਕ ਇਹ ਸਰੀਰ ਤੇ ਇਕ ਭੈਣ ਜੀਉਂਦੇ ਹਨ ਬਾਕੀ ਪਰਲੋਕ ਵਾਸ ਕਰ ਚੁਕੇ ਹਨ।

ਕੁਮਾਰ ਅਵਸਥਾ ਤੇ ਪੜ੍ਹਾਈ : ਚਾਰ ਬਰਸ ਦੀ ਉਮਰ ਤਕ ਖੇਡਣ ਮੱਲਣ ਦਾ ਸਮਾਂ ਮਿਲਦਾ ਰਿਹਾ। ਜਮਤੀਲ, ਮਾਤਾ ਦਾ ਮਾਲ ਤੇ ਬਣ-ਟੁੱਟ ਹੋਣ ਕਰਕੇ ਕਿਸੇ ਵੇਲੇ ਭੀ ਮੋਟਾ ਤਾਜ਼ਾ ਹੋਣ ਦਾ ਅਵਸਰ ਨਾ ਮਿਲਿਆ, ਕਿਸੇ ਗੈਬੀ ਤਾਕਤ ਨੇ ਜੀਉਂਦੇ ਰਹਿਣ ਵਾਸਤੇ ਦਿਮਾਗ ਨੂੰ ਸੁਤੇ ਰਖਿਆ। ਚਾਚਾ ਜੀ ਕੰਧਾੜੇ ਉੱਤੇ ਚੁਕ ਕੇ ਜਗ੍ਹਾ ਜਗ੍ਹਾ ਰਾਸਾਂ, ਤਮਾਸ਼ਿਆਂ, ਮੇਲਿਆਂ ਅਤੇ ਛਿੰਝਾਂ ਆਦਿਕ ਉਤੇ ਲੈ ਜਾਇਆ ਕਰਦੇ ਸਨ। ਜੋ ਗਾਣੇ, ਭਜਨ ਆਦਿਕ ਕੰਨਾਂ ਵਿਚ ਪੈਂਦੇ ਰਹੇ, ਓਹ ਯਾਦ ਸਿਲਾ ਉਤੇ ਉਕਰੀਂਦੇ ਰਹੇ। ਚਾਚਾ ਜੀ ਖੁਦ ਵੀ ਇਕ ਗਾਇਨ ਪਾਰਟੀ ਦੇ ਮੈਂਬਰ ਸਨ। ਪਿੰਡ ਵਿਚ ਦੇਵੀ ਦੁਆਰਾ ਸੀ ਜਿਥੇ ਹਰ ਅਠਵਾਰੇ ਦੇਵੀ ਭੇਟਾਂ ਪੜ੍ਹੀਆਂ ਜਾਂਦੀਆਂ ਤੇ ਛੈਣਿਆਂ ਦੀ ਖੂਬ ਕੁੜਕੁਟ ਪੈਂਦੀ। ਗੱਲ ਕੀ ਕਵਿਤਾਵਾਂ ਦੇ ਮੀਟਰ ਅਤੇ ਰਾਗਾਂ ਦੇ ਤਾਲ ਦੋਨੋਂ ਨਾਲੋਂ ਨਾਲ ਦਿਮਾਗੀ ਬਾਰੇ ਵਿਚੋਂ ਲੰਘਦੇ। ਇਕ ਗਾਣਾ ਰਾਸਧਾਰੀਆਂ ਦਾ ਅਜੇ ਤਕ ਨਹੀਂ ਭੁਲਾ, ਉਹ ਇਹ ਸੀ :

ਊਧੋ ਵੇ ਤੂੰ ਕਿਤ ਬਿਧ ਆਇਓਂ ? ਆਣ ਜਗਾਈਓਂ ਨੀਂ ਸਈਆਂ।
ਗੋਕੁਲ ਤਜ ਮਥਰਾ ਜਾ ਮੱਲੀ, ਸਾਨੂੰ ਸਭੇ ਖਬਰਾਂ ਪਈਆਂ।
ਕੁਬਜਾਂ ਮਾਲਣ ਨੂੰ ਵੱਸ ਕੀਤਾ। ਅਸਾਂ ਇਹ ਵੀ ਪੀੜਾਂ ਸਹੀਆਂ।
ਤੂੰ ਜਾ ਉਧੋ ਘਰ ਆਪਣੇ, ਅਸੀਂ ਆਤ ਕ੍ਰਿਸ਼ਨ ਹੋ ਰਹੀਆਂ।

ਅਤੇ ਇਸੇ ਯਾਦ ਸਿਲਾ ਦੇ ਆਧਾਰ ਉਤੇ 1925 ਵਿਚ 'ਰਾਧਾ ਸੰਦੇਸ਼' ਨਾਮੀ

ਪੜ੍ਹਾਈ : ਪਿਤਾ ਜੀ ਗੁਰਮੁਖੀ ਪੜ੍ਹੇ ਹੋਏ ਸਨ। ਗੁਰਮੁਖੀ ਤੇ ਉਨ੍ਹਾਂ ਪਾਸੋਂ ਘਰ ਹੀ ਸਿਖ ਲਈ। ਲੰਡੇ ਘਰ ਦੀ ਦੌਲਤ ਸੀ। ਪਿਤਾ ਜੀ ਵਹੀਆਂ ਵਿਚ ਨਾਵੇਂ ਚੜ੍ਹਾਂਦੇ ਸਨ ਨਾਲੋ ਨਾਲ ਸਮਝੀ ਜਾਂਦਾ ਰਿਹਾ। ਉਨ੍ਹਾਂ ਦੇ ਅੱਖਰ ਬੜੇ ਸੁਹਣੇ ਕੌਡਾਂ ਵਰਗੇ ਹੁੰਦੇ ਸਨ। ਓਸ ਦਾ ਲਾਭ ਇਹ ਹੋਇਆ ਕਿ ਹੌਲੀ ਹੌਲੀ ਉਂਗਲਾਂ ਦੀ ਲਚਕ ਨੇ ਖੁਸ਼-ਨਵੀਸ ਬਣਾ ਦਿਤਾ।

ਹੌਲੀ ਹੌਲੀ ਹਿੰਦੀ ਅੱਖਰਾਂ ਦੀ ਪਛਾਣ ਭੀ ਆ ਗਈ। ਛੇਵੇਂ ਸਾਲ ਦੇ ਸ਼ੁਰੂ ਵਿਚ ਆਪਣੇ ਪਿੰਡ ਦੇ ਮਦਰਸੇ ਵਿਚ ਉਰਦੂ ਦੀ ਪੜ੍ਹਾਈ ਸ਼ੁਰੂ ਕਰ ਦਿਤੀ। ਦੋ ਜਮਾਤਾਂ ਇਥੇ ਪਾਸ ਕੀਤੀਆਂ, ਤੀਸਰੀ ਬੱਦੋ ਮੱਲੀ ਜਾ ਕੀਤੀ। ਚੌਥੀ ਤੇ ਪੰਜਵੀਂ ਵੀ ਉਥੇ ਹੀ ਪਾਸ ਹੋ ਗਈ।

ਸ਼ਾਦੀ : ਇਨ੍ਹਾਂ ਦਿਨਾਂ ਵਿਚ ਹੀ ਬੱਦੋ ਮੱਲੀ ਵਿਚ ਸ਼ਾਦੀ ਭੀ ਹੋ ਚੁਕੀ ਹੋਈ ਸੀ। ਇਹ ਪੁਰਾਣੀ ਬਿਮਾਰੀ ਬਚਪਨ ਦੀ ਸ਼ਾਦੀ ਉਨ੍ਹਾਂ ਦਿਨਾਂ ਵਿਚ ਆਮ ਸੀ। ਸੱਤਾਂ ਅੱਠਾਂ ਵਰ੍ਹਿਆਂ ਦੀ ਕੁੜੀ ਤੇ ਅੱਠਾਂ ਨਵਾਂ ਵਰ੍ਹਿਆਂ ਦੇ ਮੁੰਡੇ ਨੂੰ ਬੇਹੋਸ਼ੀ ਵਿਚ ਹੀ ਜਕੜ ਦਿਤਾ ਜਾਂਦਾ ਸੀ, ਅਤੇ ਬਜ਼ੁਰਗਾਂ ਦੀ ਇਸ ਬੇ-ਸਮਝੀ ਦਾ ਅਗੇ ਚਲ ਕੇ ਨੁਕਸਾਨ ਵੀ ਉਠਾਉਣਾ ਪਿਆ। ਇਕ ਗੱਲ ਜ਼ਰੂਰ ਸੀ ਕਿ ਸ਼ਾਦੀ ਤੋਂ ਪਿਛੋਂ ਮੁਕਲਾਵੇ ਵਾਸਤੇ ਤਿੰਨ ਸਾਲ ਖੁਲ੍ਹੇ ਹੁੰਦੇ ਸਨ ਤਾਂ ਕਿ ਲੜਕੀ ਲੜਕੇ ਨੂੰ ਕੁਝ ਹੋਸ਼ ਆ ਲਵੇ।[1]

ਅੰਗਰੇਜ਼ੀ ਪੜ੍ਹਾਈ : ਬੱਦੋ ਮੱਲੀ ਤੋਂ ਨਿਕਲ ਕੇ ਅੰਮ੍ਰਿਤਸਰ ਆਇਆ, ਇਥੇ ਆ ਕੇ ਇਸਲਾਮੀਆ ਸਕੂਲ, ਚੌਕ ਫਰੀਦ ਵਿਚ ਜੂਨੀਅਰ ਸਪੈਸ਼ਲ ਕਲਾਸ ਵਿਚ ਦਾਖਲ ਹੋ ਗਿਆ। ਥੋੜਾ ਚਿਰ ਪੜ੍ਹ ਕੇ ਵਾਪਸ ਲੋਪੋਕੇ ਜਾਣਾ ਪਿਆ।

ਅੰਗਰੇਜ਼ੀ ਦੀ ਬਾਕੀ ਪੜ੍ਹਾਈ ਅੰਮ੍ਰਿਤਸਰ ਆ ਕੇ ਪੂਰੀ ਕੀਤੀ। ਵੈਸੇ ਉਰਦੂ, ਪਰਸ਼ੀਅਨ, ਹਿੰਦੀ, ਗੁਰਮੁਖੀ ਦੀ ਵਾਕਫੀਅਤ ਅੰਮ੍ਰਿਤਸਰ ਆਉਣ ਤੋਂ ਬਹੁਤ ਪਹਿਲੇ ਹੋ ਚੁਕੀ ਸੀ। ਪੰਦਰਾਂ ਬਰਸ (1891) ਦੀ ਉਮਰ ਵਿਚ ਵਸੀਕਾ ਨਵੀਸ ਦਾ ਕੰਮ ਭੀ ਸ਼ੁਰੂ ਕਰ ਦਿਤਾ ਹੋਇਆ ਸੀ। ਆਪਣੇ ਪਿਤਾ ਜੀ ਦੀ ਦੁਕਾਨ ਉਤੇ ਵੀ ਕੰਮ ਕਰਨਾ ਪੈਂਦਾ ਸੀ। ਉਹ ਕਿਸਮਤ ਦੇ ਬੜੇ ਬਲੀ ਸਨ। ਮਾਇਕ ਮੁਸ਼ਕਲਾਂ ਨੂੰ ਹੱਲ ਕਰਨ ਲਈ ਉਨ੍ਹਾਂ ਨੇ ਬਹੁਤ ਕੁਝ ਕੀਤਾ ਪਰ ਕਾਮਯਾਬੀ ਨਾ ਹੋਈ। ਅਖੀਰ ਦਾਸ ਨੇ ਅੰਮ੍ਰਿਤਸਰ ਆ ਕੇ ਨੌਕਰੀ ਕਰ ਲਈ।

ਦੁਬਾਰਾ ਅੰਮ੍ਰਿਤਸਰ ਆਉਣਾ : ਅਕਤੂਬਰ, ਸੰਨ 1893 ਵਿਚ ਕੋਈ ਨੌਕਰੀ ਕਰਨ ਦੀ ਖਾਤਰ ਅੰਮ੍ਰਿਤਸਰ ਆਇਆ, ਪਹਿਲੇ ਪਹਿਲੇ ਆਪਣੇ ਮਾਮੇ ਪਾਸ ਠਹਿਰਿਆ, ਜੋ ਬੱਕਰਵਾਨਾਂ ਬਾਜ਼ਾਰ ਦੇ ਪਾਸ ਰਹਿੰਦੇ ਹੁੰਦੇ ਸਨ। ਪਤਾ ਲਗਾ ਕਿ 'ਵਜ਼ੀਰ ਹਿੰਦ ਪਰੈਸ' ਵਿਚ ਕੋਈ ਗੁੰਜਾਇਸ਼ ਹੈ। ਇਥੇ ਆ ਕੇ 'ਭਾਈ ਸਾਹਿਬ ਭਾਈ ਵੀਰ ਸਿੰਘ' ਅਤੇ ਭਾਈ ਵਜ਼ੀਰ ਸਿੰਘ ਦੋਹਾਂ

---

1. ਇਸ ਸਬੰਧੀ ਗਿ: ਹਰਿੰਦ੍ਰ ਸਿੰਘ ਰੂਪ ਦੇ ਸ਼ਬਦ ਵਿਸ਼ੇਸ਼ ਧਿਆਨ ਯੋਗ ਹਨ :

ਹੁਣ ਬਾਰਾਂ ਕੁ ਸਾਲ ਦੀ ਉਮਰ ਦੇ ਵਿਆਹ ਦਾ ਗੁਲ ਖਿਲਿਆ। ਵਿਚਾਰੀ ਅਨਜਾਣ ਨੇ ਫਰਜ਼ ਨਾ ਨਿਭਾਇਆ ਤੇ ਸਮਝ ਆਇਆਂ, ਗੱਭਰੂ ਨੇ ਸਦਾ ਲਈ ਪਿੱਛਾ ਛੁਡਾਇਆ। ਇਸਤ੍ਰੀ ਤੋਂ ਮੂੰਹ ਮੋੜਿਆ, ਕਵਿਤਾ ਨੂੰ ਮੂੰਹ ਲਾ ਲਿਆ। ਓਧਰ ਗੋਸਾਈਂ ਤੁਲਸੀ ਦਾਸ ਨੂੰ ਘਰਵਾਲੀ ਦੀ ਸਿਆਣਪ ਨੇ ਮਹਾਂ ਕਵੀ ਬਣਾਇਆ ਸੀ। ਏਧਰ ਤੀਵੀਂ ਦੀ ਮੂਰਖਤਾ ਨੇ ਵੱਡਾ ਸਾਇਰ ਬਣਨ ਦਾ ਸਮਾਂ ਦਿਤਾ। ਕਵਿਤਾ ਦਾ ਪਰਤੱਖ ਦਰਸ਼ਨ ਹੋਇਆ। ਸੂਝ ਆਈ 'ਪਈ ਧਨੀ ਰਾਮ ਅੰਬੜੀ ਕਿਉਂ ਜਾਂ ਪਿਓਂ ? ਓਇ ਵੇਲੇ ਸਿਰ ਉਸ ਦਾ ਲੜ ਕਿਉਂ ਛੱਡਿਆ ਈ ? ਲੈ ਏਸੇ ਦੀ ਸ਼ਰਣ ਤੇ ਕਰ ਲੈ ਚਿੱਤ ਸ਼ਾਂਤ।' ਹੁਣ ਦਿਲ ਡੁਲ੍ਹ ਪਿਆ, ਹੰਝੂ ਕਲਮ ਨੇ ਸੰਭਾਲੇ ਤੇ ਕਾਪੀ ਨੇ ਹਿੱਕੇ ਲਾ ਲਏ। ਏਸ ਬਰਖਾ ਨੇ ਕਾਗਜ਼ ਗਾਲੇ ਨਾ, ਦਿਲ ਦੇ ਭਾਂਬੜ ਨੇ ਪਤਰ ਫੂਕੇ ਨਾ। ਕਾਗਜ਼ ਅਮਰ ਹੋ ਗਏ ਤੇ ਓਹਨਾਂ ਦਾ ਨਾਂ ਰਖਿਆ ਗਿਆ 'ਭਰਥਰੀ ਹਰੀ।'

ਗੁੰਜ਼ਾਇਸ਼ ਹੈ। ਇਥੇ ਆ ਕੇ 'ਭਾਈ ਸਾਹਿਬ ਭਾਈ ਵੀਰ ਸਿੰਘ' ਅਤੇ ਭਾਈ ਵਜ਼ੀਰ ਸਿੰਘ ਦੋਹਾਂ ਪਾਸੋਂ ਪੁਛ ਕੀਤੀ। ਉਨ੍ਹਾਂ ਸਲਾਹ ਦਿਤੀ, ਕਿ ਅੰਮ੍ਰਿਤਸਰ ਵਿਚ ਲਿਖਾਰੀ (ਕਾਤਬ) ਦੀ ਕਾਫੀ ਮੰਗ ਹੈ ਜੇ ਤੂੰ ਮਿਹਨਤ ਕਰਕੇ ਇਹ ਹੁਨਰ ਸਿਖ ਲਵੇਂ ਤਾਂ ਨੌਕਰੀ ਮਿਲ ਸਕਦੀ ਹੈ। ਅਰਜ਼ ਕੀਤੀ ਕਿ ਗੁਰਮੁਖੀ ਅਗੇ ਵੀ ਲਿਖਦਾ ਰਿਹਾ ਹਾਂ। ਉਨ੍ਹਾਂ ਨੇ ਹਥ-ਅੱਖਰ ਦੇਖ ਦੇ ਕਿਹਾ ਕਿ ਠੀਕ ਹੈ ਤੇ ਤੂੰ ਲਿਖਣਾ ਸ਼ੁਰੂ ਕਰ ਦੇ। ਭਾਈ ਸਾਹਿਬ ਭਾਈ ਵੀਰ ਸਿੰਘ ਨੇ ਗੁਰਮੁਖੀ ਅੱਖਰਾਂ ਵਿਚ ਪੂਰਨੇ ਪਾ ਦਿਤੇ। ਵੈਸੇ ਇਹ ਦੋਨੋਂ ਸਾਹਿਬਾਨ ਆਪ ਭੀ ਲਿਖਾਰੀ ਸਨ। ਕਰੀਬ ਪੰਜ ਛੇ ਮਹੀਨਿਆਂ ਵਿਚ ਆਪਣੇ ਦਸਖਤ ਲੋੜ ਅਨੁਸਾਰ ਪਕਾ ਲਏ।

ਅੰਮ੍ਰਿਤਸਰ ਵਿਚ ਸ੍ਰੀ ਦਰਬਾਰ ਸਾਹਿਬ ਦੇ ਕਰੀਬਨ ਹਰ ਬੁੰਗੇ ਵਿਚ ਲਿਖਾਰੀ ਲੋਕ ਰਹਿੰਦੇ ਸਨ ਅਤੇ ਲਿਖਤੀ ਗ੍ਰੰਥ, ਪੋਥੀਆਂ, ਗੁਟਕੇ ਬਣਾ ਬਣਾ ਕੇ ਵੇਚਿਆ ਕਰਦੇ ਸਨ, ਜਿਨ੍ਹਾਂ ਵਿਚੋਂ ਬੁੰਗਾ ਸਿੰਘ ਪੁਰੀਆਂ ਵਿਚ ਭਾਈ ਹਰੀ ਸਿੰਘ ਤੇ ਬੁੰਗਾ ਭੜਾਣੀਆਂ ਵਿਚ ਭਾਈ ਲਾਹੌਰਾ ਸਿੰਘ ਉਘੇ ਲਿਖਾਰੀ ਰਹਿੰਦੇ ਸਨ।

ਅਪਰੈਲ 1894 ਵਿਚ ਇਕ ਕਿਤਾਬ ਲਿਖਣ ਲਈ ਦਿਤੀ ਗਈ। ਉਸ ਦੇ ਪਿਛੋਂ ਦੂਸਰੀ, ਫਿਰ ਤੀਸਰੀ ਮਿਲ ਗਈ। ਏਹ ਕਿਤਾਬਾਂ ਪੱਥਰ ਦੇ ਛਾਪੇ[1] ਤੇ ਹੁੰਦੀਆਂ ਸਨ। ਲਾਹੌਰ ਵਿਚ ਟਾਈਪ ਦਾ ਛਾਪਾ ਚਲਦਾ ਸੀ। ਅੰਮ੍ਰਿਤਸਰ ਵਿਚ ਪੱਥਰ ਦਾ ਛਾਪਾ ਥੋੜ੍ਹਾ ਚਿਰ ਹੀ ਰਿਹਾ। ਫੇਰ ਇਕ ਟਾਈਪ ਦਾ ਛਾਪਾ ਖਾਨਾ ਅੰਮ੍ਰਿਤਸਰ ਵਿਚ ਭੀ ਆ ਗਿਆ।

ਕਿਤਾਬਾਂ ਦੀ ਦੂਕਾਨ : ਸੰਨ 1896 ਵਿਚ ਵਜ਼ੀਰ ਹਿੰਦ ਪਰੈਸ ਨੇ ਆਪਣੀ ਕਿਤਾਬਾਂ ਦੀ ਦੁਕਾਨ, ਬਜ਼ਾਰ ਮਾਈ ਸੇਵਾਂ ਵਿਚ ਜਾਰੀ ਕਰ ਦਿਤੀ ਅਤੇ ਓਥੇ ਬੈਠਣ ਦੀ ਸੇਵਾ ਇਸ ਸਰੀਰ ਨੂੰ ਸੌਂਪੀ ਗਈ ਉਥੇ ਦੂਕਾਨ ਉਤੇ ਬੈਠ ਕੇ ਕਾਪੀ ਨਵੀਸੀ (ਕਿਤਾਬਤ) ਭੀ ਕਰਨੀ ਪੈ ਜਾਂਦੀ ਸੀ। ਦੂਕਾਨ ਉਤੇ ਬੈਠਿਆਂ ਹੀ ਪੱਥਰ ਦੇ ਛਾਪੇ ਦੇ ਹੋਰ ਛੋਟੇ ਮੋਟੇ ਕੰਮ ਭੀ ਆ ਜਾਂਦੇ ਸਨ। ਦੂਕਾਨ ਕਾਫੀ ਦੇਰ ਤਕ ਚਲਦੀ ਰਹੀ, ਏਨੇ ਵਿਚ ਵਜ਼ੀਰ ਹਿੰਦ ਪਰੈਸ ਨੇ ਟਾਈਪ ਦੀ ਛਪਾਈ ਸ਼ੁਰੂ ਕਰ ਦਿਤੀ। ਪਰੈਸ ਸਿਕੰਦਰ ਖਾਂ ਦੇ ਤਬੇਲੇ ਦੀ ਜਗ੍ਹਾ ਤੋਂ ਸਬਜ਼ੀ ਮੰਡੀ, ਹਾਲ

---

1. ਪੱਥਰ ਦੇ ਛਾਪੇ ਤੋਂ ਮੁਰਾਦ ਲਿਥੋ ਦੀ ਛਪਾਈ ਹੈ ਜਿਸ ਲਈ ਪਹਿਲਾਂ ਜਰਮਨੀ ਤੋ ਇਕ ਖਾਸ ਕਿਸਮ ਦਾ ਪੱਥਰ ਆਉਂਦਾ ਸੀ। ਕਾਗਜ਼ ਉਤੇ ਮਾਵਾ ਲਾ ਕੇ ਸੁਕਾਇਆ ਜਾਂਦਾ ਸੀ ਜੋ ਛਾਪਣਾ ਹੁੰਦਾ ਉਹ ਉਸ ਕਾਗਜ਼ ਉਤੇ ਖਾਸ ਪ੍ਰਕਾਰ ਦੀ ਸਿਆਹੀ ਜਿਸ ਨੂੰ ਕਾਨਪੁਰੀ ਸਿਆਹੀ ਕਹਿੰਦੇ ਸਨ, ਨਾਲ ਲਿਖ ਕੇ ਉਸ ਕਾਗਜ਼ ਦਾ ਲਿਖਿਆ ਪਾਸਾ ਉਸ ਮੁਲਾਇਮ ਪੱਥਰ ਉਤੇ ਲਾਇਆ ਜਾਂਦਾ ਸੀ, ਕਾਗਜ਼ ਨੂੰ ਉਤੋਂ ਥੋੜਾ ਥੋੜਾ ਗਿੱਲਾ ਕੀਤਾ ਜਾਂਦਾ ਸੀ। ਅੰਤ ਕਾਗਜ਼ ਗਲ ਕੇ ਉਤੋਂ ਲਥ ਜਾਂਦਾ ਤੇ ਸਿਆਹੀ ਉਤੇ ਲਗ ਜਾਂਦੀ। ਇਉਂ ਪੱਥਰ ਉਤੇ, ਛਾਪਣ ਵਾਲੇ ਮੈਟਰ ਦੀ ਪੁਠੀ ਸ਼ਕਲ ਆ ਜਾਂਦੀ।

ਉਹ ਪੱਥਰ ਹੀ ਛਾਪੇਖਾਨੇ ਦੀ ਮਸ਼ੀਨ ਵਿਚ ਦਿਤਾ ਜਾਂਦਾ। ਜਦ ਉਸ ਉਤੇ ਸਿਆਹੀ ਦੇ ਰੋਲਰ (ਰੂਲੇ) ਫਿਰਦੇ ਤਾਂ ਸਿਆਹੀ ਕੇਵਲ ਉਥੇ ਹੀ ਲਗਦੀ ਜਿਥੇ ਹਥੀਂ ਲਿਖੇ ਵਾਲੀ ਕਾਨ੍ਹਪੁਰੀ ਸਿਆਹੀ ਲੱਗੀ ਹੁੰਦੀ। ਖਾਲੀ ਰਹੇ ਹਿਸਿਆ ਉਤੇ ਛਾਪੇ ਖਾਨੇ ਦੀ ਸਿਆਹੀ ਨਹੀਂ ਲਗਦੀ ਸੀ ਤੇ ਇਉਂ ਜਦ ਕਾਗਜ਼ ਉਸ ਪੱਥਰ ਉਤੇ ਲਗਦਾ ਤਾਂ ਪੱਥਰ ਵਾਲੀ ਛਾਪ ਦੀ ਨਕਲ ਪੁਠੀ ਤੋਂ ਪੁਠੀ (ਅਰਥਾਤ ਸਿਧੀ) ਹੋ ਕੇ ਉਸ ਕਾਗਜ਼ ਉਤੇ ਆ ਜਾਂਦੀ।

ਹੁਣ ਭਾਰੇ ਤੇ ਮੋਟੇ ਪੱਥਰ ਦੀ ਥਾਂ ਪਲੇਟਾਂ ਆ ਗਈਆਂ ਹਨ ਜਿਨ੍ਹਾਂ ਉਤੇ ਕੋਈ ਅਜੇਹਾ ਮਸਾਲਾ ਹੁੰਦਾ ਹੈ। ਬਾਕੀ ਸਾਰਾ ਕਾਰਜ ਇਹੀ ਹੈ। ਉਰਦੂ ਦੇ ਬਹੁਤੇ ਅਖਬਾਰ ਤੇ ਇਸ਼ਤਿਹਾਰ ਕਈ ਨਕਸ਼ੇ, ਕਾਰਟੂਨ ਤੇ ਕਈ ਵਾਰ ਹੋਰ ਬੋਲੀਆਂ ਦੇ ਇਸ਼ਤਿਹਾਰ ਭੀ ਇਸੇ ਢੰਗ ਨਾਲ ਛਾਪੇ ਜਾਂਦੇ ਹਨ। ਇਹ ਪਲੇਟਾਂ ਸਾਂਭ ਕੇ ਰਖੀਆਂ ਜਾ ਸਕਦੀਆਂ ਹਨ ਤਾਂ ਕਿ ਜੇ ਉਹੀ ਕੁਝ ਮੁੜ ਮੁੜ ਛਾਪਣ ਦੀ ਲੋੜ ਪਵੇ ਤਾਂ ਮੁੜ ਕੇ ਲਿਖਣਾ ਨਾ ਪਵੇ।

ਜੋ ਹਥੀਂ ਮਾਵੇ ਵਾਲੇ ਕਾਗਜ਼ ਉਤੇ ਲਿਖਦੇ ਹਨ ਉਨ੍ਹਾਂ ਨੂੰ ਕਾਤਿਬ ਕਹਿੰਦੇ ਹਨ।

ਗੁਰਮੁਖੀ ਦੇ ਟਾਈਪ ਬਣਨ ਤੋਂ ਪਹਿਲਾ ਪੰਜਾਬੀ ਭੀ ਇਸੇ ਪੱਥਰ ਦੇ ਛਾਪੇ ਤੇ ਛਪਦੀ ਸੀ। ਸ਼ੁਰੂ ਵਿਚ ਅੰਜੀਲੇ ਤੇ ਕਈ ਅਖਬਾਰ ਅਤੇ ਕਈ ਪੁਸਤਕਾਂ ਪੱਥਰ ਦੇ ਛਾਪੇ ਦੀਆਂ ਛਪੀਆਂ ਅਜੇ ਤਕ ਲਭ ਜਾਂਦੀਆਂ ਹਨ। ਉਰਦੂ ਵਿਚ ਤਾਂ ਹੁਣ ਤਕ ਛਪਦੀਆਂ ਹੀ ਹਨ।

ਬਜ਼ਾਰ ਵਿਚ ਆ ਗਿਆ। ਕੰਮ ਬਹੁਤ ਵਧ ਗਿਆ ਅਤੇ ਮਾਈ ਸੇਵਾ ਦੇ ਬਜ਼ਾਰੋਂ ਏਸ ਪਰੈਸ ਵਿਚ ਲਿਆਂਦਾ ਗਿਆ। ਇਹ ਦਿਨ ਸ਼ਾਇਦ 1898 ਦੇ ਸਨ। ਇਸ ਵੇਲੇ ਯਾਦ ਹੈ 'ਨਾਭਾ ਜੀ ਦੀ ਭਗਤ ਮਾਲਾ' ਕ੍ਰਿਤ ਭਾਈ ਸੂਰਤ ਸਿੰਘ ਛਪ ਰਹੀ ਸੀ। ਭਾਈ ਸਾਹਿਬ ਭਾਈ ਵੀਰ ਸਿੰਘ ਜੀ ਉਸ ਦੇ ਪਰੂਫ ਦੇਖਦੇ ਸਨ ਅਤੇ ਕਾਪੀ ਹੋਲਡਰ ਸੇਵਕ ਸੀ। ਇਸ ਦੇ ਪਿਛੋਂ ਸੁੰਦ੍ਰੀ, ਬਿਜੈ ਸਿੰਘ, ਸਤਵੰਤ ਕੌਰ ਅਤੇ ਬਾਹਰ ਦੀਆਂ ਕਿਤਾਬਾਂ ਭੀ ਛਪਦੀਆਂ ਸਨ। ਖਾਲਸਾ ਟਰੈਕਟ ਸੁਸਾਇਟੀ ਦੇ ਟਰੈਕਟ ਹਰ ਮਹੀਨੇ ਨਿਕਲਦੇ ਸਨ। 1899 ਵਿਚ 'ਖਾਲਸਾ ਸਮਾਚਾਰ' ਸਪਤਾਹਿਕ ਪੱਤਰ ਨਿਕਲਣਾ ਸ਼ੁਰੂ ਹੋ ਗਿਆ ਅਤੇ ਹੁਣ ਤਕ ਇਕਵੰਜਾ ਬਰਸ ਤੋਂ ਬਰਾਬਰ ਛਪ ਰਿਹਾ ਹੈ।

ਕਵਿਤਾਵਾਂ ਲਿਖਣ ਦਾ ਜ਼ਮਾਨਾ : ਕਵਿਤਾਵਾਂ ਦਾ ਅੰਗੂਰ ਤਾਂ ਪਿੰਡ ਵਿਚ ਹੀ ਦਿਮਾਗ ਵਿਚ ਪੁੰਗਰ ਚੁਕਾ ਸੀ, ਉਸ ਨੇ ਅਮਲੀ ਸ਼ਕਲ ਵਿਚ ਭੀ ਪੰਜ ਗ੍ਰੰਥੀ, ਦਸ ਗ੍ਰੰਥੀ, ਹੀਰ ਵਾਰਸ ਸ਼ਾਹ, ਪੂਰਨ ਕਿਸ਼ਨ ਸਿੰਘ ਆਰਫ, ਹਕੀਕਤ ਰਾਇ ਕਾਲੀ ਦਾਸ ਆਦਿਕ ਪੁਸਤਕਾਂ ਵਿਚ ਛੰਦਾਂ ਦੇ ਨਾਮ ਪੜ੍ਹੇ ਹੋਏ ਸਨ ਪਰ ਪਿੰਗਲ ਗ੍ਰੰਥ ਅੰਮ੍ਰਿਤਸਰ ਆ ਕੇ ਪੜ੍ਹ ਲਿਆ। ਯੋਗੀ ਸ਼ਿਵਨਾਥ ਦਾ ਪਿੰਗਲ 'ਛੰਦ ਰਤਨਾਵਲੀ' ਮਿਲ ਗਿਆ, ਏਸ ਤੋਂ ਬਾਅਦ ਹੋਰ ਕਈ ਪਿੰਗਲ ਗ੍ਰੰਥ ਦੇਖਣੇ ਮਿਲ ਗਏ। 'ਖਾਲਸਾ ਸਮਾਚਾਰ' ਸ਼ੁਰੂ ਹੋਣ ਤੋਂ ਪਹਿਲਾਂ ਭੀ ਕਾਫੀ ਕਵਿਤਾਵਾਂ ਛਪ ਗਈਆਂ। ਭਾਈ ਰਲਾ ਸਿੰਘ ਨੇ ਇਕ ਪੰਜਾਬੀ ਦਾ ਪੁਲੀਟੀਕਲ ਪਰਚਾ ਕੱਢਿਆ, ਉਸ ਵਿਚ ਵੀ ਇਕ ਕਵਿਤਾ ਛਪ ਗਈ ਸੀ। ਹੌਲੀ ਹੌਲੀ ਅਭਿਆਸ ਵਧਦਾ ਗਿਆ। ਜਿਥੋਂ ਤਾਈਂ ਯਾਦ ਹੈ 'ਖਾਲਸਾ ਸਮਾਚਾਰ' ਦੇ ਜ਼ਮਾਨੇ ਵਿਚ ਭਾਈ ਸਾਹਿਬ ਦੇ ਸਿਵਾ ਤਿੰਨ ਹੋਰ ਕਵੀਆਂ ਦੇ ਨਾਂ ਗਿਣੇ ਜਾਂਦੇ ਸਨ। ਇਕ ਭਾਈ ਸੰਤੋਖ ਸਿੰਘ ਵਿਦਿਆਰਥੀ, ਦੂਜਾ ਗੁਰਬਖਸ਼ ਸਿੰਘ ਰੋਪੜ ਅਤੇ ਤੀਜਾ 'ਹਰੀ ਧਨੀ'। ਖਾਲਸਾ ਸਮਾਚਾਰ ਵਿਚ ਨੀਤੀ ਵਾਰਤਾ ਛਪਿਆ ਕਰਦੀ ਸੀ। ਨੀਤੀ ਵਾਰਤਾ ਬਣਾ ਕੇ ਉਸ ਦਾ ਸਿਧਾਂਤ ਛੰਦਾਬੰਦੀ ਵਿਚ ਲਿਖਣਾ ਪੈਂਦਾ ਸੀ।

ਸਮੇਂ ਸਮੇਂ ਸਿਰ ਗੁਰਪੁਰਬਾਂ ਲਈ ਕਵਿਤਾਵਾਂ ਭੀ ਲਿਖੀਆਂ ਜਾਂਦੀਆਂ ਸਨ ਅਤੇ ਉਹ ਕਵਿਤਾਵਾਂ ਪਾਠਕਾਂ ਵਲੋਂ ਸਲਾਹੀਆਂ ਜਾਂਦੀਆਂ ਸਨ। ਆਮ ਕਵਿਤਾਵਾਂ ਲਿਖਣ ਵਿਚ ਭਰਾਉ ਇਖਲਾਕੀ ਤੇ ਭਾਈਚਾਰਕ ਸੁਧਾਰ ਹੁੰਦਾ ਸੀ। ਵਾਰਤਕ ਵੀ ਅੱਛੀ ਤਰ੍ਹਾਂ ਲਿਖ ਹੋ ਜਾਂਦਾ ਸੀ ਅਤੇ ਛੰਦਾਬੰਦੀ ਵੀ। ਮੌਲਾਨਾ ਹਾਲੀ ਅਤੇ ਸੂਰਜ ਨਾਰਾਇਣ ਮਿਹਰ ਦੀਆਂ ਕਵਿਤਾਵਾਂ ਨੂੰ ਅਕਸਰ ਪੰਜਾਬੀ ਵਿਚ ਉਲਥਾਇਆ ਜਾਂਦਾ ਸੀ। ਬਹੁਤ ਸਾਰਾ ਪੰਜਾਬੀ ਲਿਟਰੇਚਰ ਵਾਰਤਾ ਤੇ ਛੰਦਾਬੰਦੀ ਬਣਾ ਬਣਾ ਕੇ ਭਾਈ ਅਮਰ ਸਿੰਘ ਖਾਲਸਾ ਏਜੰਸੀ, ਸੂਰਤ ਮੰਡੀ ਲਾਹੌਰ ਨੂੰ ਦਿਆ ਕਰਦਾ ਸਾਂ। ਇਕ ਨਾਵਲ 'ਰਮੱਈਆ ਸੇਠ' ਦਾ ਲਿਖ ਕੇ ਭਾਈ ਹਰਦਿਤ ਸਿੰਘ ਨੂੰ ਭੀ ਦਿੱਤਾ ਸੀ। ਸੰਨ 1905 ਵਿਚ 'ਭਰਥਰੀ ਹਰੀ' ਦਾ ਪਰਸੰਗ ਅਤੇ ਸੰਨ 1906 ਵਿਚ 'ਨਲ ਦਮਯੰਤੀ' ਦਾ ਪਰਸੰਗ ਛਪਵਾਏ ਗਏ। ਖਾਲਸਾ ਸਮਾਚਾਰ ਵਿਚ ਜਿਥੇ ਕਿਤੇ ਵੀ ਕੋਈ ਕਵਿਤਾ ਛਪੇ ਉਸ ਦੇ ਹੇਠ ਮੋਹਰ ਛਾਪ 'ਹਰਿ ਧਨੀ' (ਹ: ਧ:) ਹੁੰਦਾ ਸੀ। ਪਰ ਏਨ੍ਹਾਂ ਓਹਾਂ ਪੁਸਤਕਾਂ ਵਿਚ ਆਪਣਾ ਨਾਮ 'ਚਾਤ੍ਰਿਕ' ਰਖ ਲਿਆ। ਇਸ ਦੇ ਪਿਛੋਂ ਭਾਈ ਅਮਰ ਸਿੰਘ ਨੂੰ ਹੋਰ ਭੀ ਕਈ ਕਿਤਾਬਾਂ ਲਿਖ ਕੇ ਦਿਤੀਆਂ ਜਿਨ੍ਹਾਂ ਵਿਚੋਂ 'ਫੁਲਾਂ ਦੀ ਟੋਕਰੀ', 'ਧਰਮ ਬੀਰ' (ਸ਼ਹੀਦਾਂ ਦੇ ਸਾਕੇ) ਲਿਖ ਕੇ ਦਿਤੇ। 1912 ਵਿਚ ਉਨ੍ਹਾਂ ਨੂੰ ਈਸਪਨੀਤੀ (ਲੁਕਮਾਨ ਹਕੀਮ ਦੀਆਂ ਕਹਾਣੀਆਂ) ਭੀ ਦਿਤੀ। ਇਸ ਦਾ ਪਹਿਲਾ ਹਿਸਾ ਕਹਾਣੀ ਹੁੰਦਾ ਹੈ ਤੇ ਉਸ ਦੀ ਸਿਖਿਆ

ਕਵਿਤਾ ਵਿਚ ਲਿਖੀ ਜਾਂਦੀ ਸੀ। ਇਸ ਦੇ ਦੋ ਭਾਗ ਸਨ। 1905 ਦੇ ਕਰੀਬ ਖਾਲਸਾ ਕੁਮਾਰ ਪੱਤ੍ਰ (ਖਾਲਸਾ ਯੰਗ ਮੈਨ ਮੈਗਜ਼ੀਨ) ਸ਼ੁਰੂ ਹੋਇਆ ਤਾਂ ਉਨ੍ਹਾਂ ਵਾਸਤੇ ਬਹੁਤ ਸਾਰੀਆਂ ਕਵਿਤਾਵਾਂ ਲਿਖ ਦਿੰਦਾ ਰਿਹਾ। ਖਾਲਸਾ ਸਮਾਚਾਰ ਵਾਸਤੇ ਭੀ ਕਾਫੀ ਇਖਲਾਕੀ ਕਵਿਤਾਵਾਂ ਲਿਖਦਾ ਰਿਹਾ। ਗੁਰਪੁਰਬ ਪਰਚਿਆਂ ਵਾਸਤੇ ਭੀ ਬਹੁਤ ਕੁਝ ਲਿਖਦਾ ਰਿਹਾ।

ਪਿਤਾ ਜੀ ਦਾ ਦੇਹਾਂਤ : 18 ਅਪ੍ਰੈਲ ਸੰਨ 1905 ਮੁਤਾਬਿਕ 7 ਵਿਸਾਖ ਸੰਮਤ 1962 ਮੰਗਲਵਾਰ ਨੂੰ ਪਿਤਾ ਜੀ ਸੁਰਗਵਾਸ ਕਰ ਗਏ।

ਦੂਸਰੀ ਸ਼ਾਦੀ : 4 ਮੱਘਰ ਸੰਮਤ 1963 ਨੂੰ ਦੂਸਰੀ ਸ਼ਾਦੀ ਹੋ ਗਈ ਅਤੇ 8 ਮਈ ਸੰਨ 1907 ਵਿਚ ਅੰਮ੍ਰਿਤਸਰ ਘਰ ਲੈ ਆਂਦਾ। ਬੜੇ ਅਫਸੋਸ ਦੀ ਗੱਲ ਹੈ ਕਿ ਜੁਲਾਈ ਜਾਂ ਅਗਸਤ 1908 (ਤਰੀਕ ਯਾਦ ਨਹੀਂ) ਵਿਚ ਮੇਰੇ ਮਾਲਕ ਭਾਈ ਵਜ਼ੀਰ ਸਿੰਘ ਸਾਹਿਬ ਦਾ ਹੈਜ਼ੇ ਨਾਲ ਦੇਹਾਂਤ ਹੋ ਗਿਆ। ਜਨਵਰੀ, ਸੰਨ 1909 ਵਿਚ ਮੇਰੀ ਪਲੇਠੀ ਲੜਕੀ ਬੀਬੀ ਵਿਦਿਆ ਵੰਤੀ ਦਾ ਜਨਮ ਹੋਇਆ। ਉਸ ਦਿਨ ਬਸੰਤ ਪੰਚਮੀ[1] ਦਾ ਮੇਲਾ ਸੀ।

ਅੰਮ੍ਰਿਤਸਰੋਂ ਬੰਬਈ : ਸ੍ਰੀ ਭਾਈ ਸਾਹਿਬ ਵਰਗੇ ਗੁਰਮੁਖ, ਦੀਦਾਰੀ ਤੇ ਖਿੜੇ ਮਸਤਕ ਵਾਲੇ ਸਦਪੁਰਸ਼ ਦੀਆਂ ਨੇਕ ਨਿਗਾਹਾਂ ਹੇਠ ਪੂਰੇ ਅਠਾਰਾਂ ਸਾਲ ਰਹਿ ਕੇ ਅਨੇਕਾਂ ਲਾਭ ਇਸ ਨਾਚੀਜ਼ ਹਸਤੀ ਨੂੰ ਪ੍ਰਾਪਤ ਹੋਏ। ਆਪ ਦੇ ਬਜ਼ੁਰਗਾਂ ਪਾਸੋਂ ਮਾਨੁਖਤਾ ਤੇ ਸਚਾਈ ਦੇ ਸਬਕ ਸਿਖੇ। ਭਾਈ ਸਾਹਿਬ ਦੇ ਚਰਨਾਂ ਵਿਚ ਰਹਿ ਕੇ ਗੁਰਮਤ ਦੀ ਛੁਹ ਤੇ ਗੁਰਬਾਣੀ ਦੀ ਸੂਝ ਮਿਲੀ। ਆਪ ਜੀ ਦੇ ਸੂਰਜ ਪ੍ਰਕਾਸ਼ ਵਿਚੋਂ ਕਵਿਤਾ ਦਾ ਦੀਵਾ ਜਗਿਆ। ਆਪ ਤੋਂ ਵਿਛੜ ਜਾਣਾ ਕਿਸੇ ਹਾਲਤ ਵਿਚ ਭੀ ਮਨ ਨਹੀਂ ਮੰਨਦਾ ਸੀ, ਪਰ ਭਾਵੀ ਨੂੰ ਕੁਝ ਹੋਰ ਕੌਤਕ ਕਰਾਉਣ ਦੀ ਲੋੜ ਸੀ। ਹਾਲਾਤ ਦੇ ਹੇਰ ਫੇਰ ਤੇ ਅੰਨ ਜਲ ਦੀ ਜ਼ੋਰਾਵਰੀ ਨੇ ਬੰਬਈ ਵਿਚ ਜਾ ਸੁਟਿਆ। ਛੁਟੀ ਡੇਢ ਸਾਲ ਦੀ ਲਈ ਸੀ।

ਅਕਤੂਬਰ ਸੰਨ 1911 ਵਿਚ ਅੰਮ੍ਰਿਤਸਰੋਂ ਬੰਬਈ ਵਾਸਤੇ ਰਵਾਨਾ ਹੋ ਗਿਆ। ਇਤਫਾਕ ਦੀ ਗੱਲ ਹੈ ਕਿ ਸੰਨ 1893 ਦੇ ਇਸੇ ਮਹੀਨੇ ਮੈਂ ਭਾਈ ਸਾਹਿਬ ਦੇ ਅਗੇ ਗੁਰਮੁਖੀ ਖੁਸ਼ਨਵੀਸੀ ਸਿਖਣ ਵਾਸਤੇ ਗੋਡਾ ਟੇਕਿਆ ਸੀ। ਉਸ ਖੁਸ਼ਨਵੀਸੀ ਦੇ ਸੁਆਦ ਨੇ ਅਗੇ ਚਲ ਕੇ ਮੈਨੂੰ ਟਾਈਪ ਫਾਊਂਡਰ ਬਣਾ ਦਿਤਾ। ਗੁਰਮੁਖੀ ਟਾਈਪ ਦਾ ਇਤਿਹਾਸ ਭੀ ਸੁਣਨ ਯੋਗ ਹੈ। ਵਲਾਇਤ ਤੋਂ ਈਸਾਈ ਪਾਦਰੀ ਲੋਕ ਹਿੰਦੁਸਤਾਨ ਆਏ। ਉਨ੍ਹਾਂ ਨੇ ਹਰ ਜ਼ਬਾਨ ਦੇ ਟਾਈਪ ਪਰਚਾਰ ਦੇ ਵਾਸਤੇ

---

1. ਅਖੀਰ ਇਰਾਦੇ ਤੇ ਸ਼ੱਕ ਦੇ ਘੁਸਮੁਸੇ ਵਿਚ ਫੈਸਲੇ ਦਾ ਪਹੁ ਫੁਟਾਲਾ ਹੋਇਆ, ਸਾਫ ਰਾਹ ਦਿਸ ਪਿਆ, ਪਈ ਵਿਆਹੋਂ ਪਹਿਲਾਂ ਅਜਿਹੀ ਚੀਜ਼ ਲਿਖੀ ਜਾਏ ਜਿਸ ਵਿਚ ਸਤਿ ਤੇ ਪ੍ਰੀਤ ਨਿਭਾਉਣ ਦੀ ਮਹਿਮਾ ਹੋਵੇ। ਇਹ ਵੀ ਚੇਤਾ ਰਖਿਆ ਪਈ ਜਿਸ ਨੂੰ ਪੜ੍ਹਾਉਣਾ ਹੈ ਉਹਦੀ ਮੱਤ ਮੁਤਾਬਿਕ ਹੋਵੇ ਤਾਂ ਜੋ ਘਾਲ ਥਾਂ ਸਿਰ ਪਵੇ। ਅਨੁਭਵ ਤੇ ਤਜਰਬੇ ਨੇ ਰੰਗ ਲਾਇਆ, ਦਿਮਾਗ਼ ਨੇ ਪ੍ਰੀਤੀ ਨਿਭਾਉਣੀ, ਔਰਤ ਦਾ ਨਮੂਨਾ ਘੜਿਆ। ਉਸ ਨਮੂਨੇ ਦਾ ਨਾਂ ਸੀ ਦਮਿਅੰਤੀ। ਹੁਣ ਕਿੱਸੇ ਦਾ ਗੁਣਾ ਦਮਿਅੰਤੀ ਉਤੇ ਪਿਆ। ਭਰਥਰੀ ਦਾ ਕਿੱਸਾ ਵਫਾ ਦੀ ਉਲਟੀ ਤਸਵੀਰ ਸੀ, ਦਮਿਅੰਤੀ ਵਿਚ ਪ੍ਰੀਤੀ ਤੇ ਸਤਿ ਦੀ ਰੂਹ ਸੀ। ਵਫਾ ਦੀ ਐਨ ਸਿਧੀ ਤਸਵੀਰ ਸੀ। ਇਹ ਕਹਾਣੀ ਮਹਾਂ ਭਾਰਤ ਵਿਚੋਂ ਲਈ। ਸੰਸਕ੍ਰਿਤ ਵਿਚ ਸ੍ਰੀ ਹਰਸ਼ ਨੇ ਵੀ ਇਹ ਕਿੱਸਾ ਦਿਮਾਗੀ ਜ਼ੋਰ ਤੇ ਇਲਮੀ ਘੁਣਤਰਾਂ ਨਾਲ ਸੁਣਾਇਆ। ਪੰਜਾਬੀ ਕਵੀ ਨੇ ਸਾਦੇ ਦਿਲ ਨੂੰ ਸਾਦੇ ਦਿਲ ਦੇ ਸਾਹਵੇਂ ਰਖਣ ਲਈ ਕਿੱਸਾ ਰਚਿਆ। ਇਹ ਵੇਲੇ ਦੀ ਨਿਮਾਜ਼ ਸੀ। ਨਲ ਦਮਿਅੰਤੀ ਦਾ ਪ੍ਰਸੰਗ ਪੜ੍ਹਨ ਵਾਲੀ ਵੀ ਆਈ। ਗਰੀਬ ਸੁਘੜ ਘਰਾਣੇ ਦੀ ਬੀਬੀ ਨੂੰ ਕਿਸੇ ਦੀਆਂ ਸਿਧੀਆਂ ਤੇ ਸਾਦੀਆਂ ਗਲਾਂ ਨੇ ਪਤੀ ਨਾਲ ਨਿਭਾਉਣ ਦਾ ਪੂਰੀ ਤਰ੍ਹਾਂ ਰਾਹ ਦਿਖਾਇਆ। ਕਵੀ ਦਾ ਟੇਵਾ ਟਿੱਚ ਲਗਾ। ਵਹੁਟੀ (ਹੁਣ ਮਾਤਾ ਜੀ) ਦਮਿਅੰਤੀ ਹੀ ਬਣੀ ਏਸ ਦਮਿਅੰਤੀ ਦਾ ਪੈਰ ਪਿਆ ਹੀ ਹਰਿ ਧਨੀ ਜੀ **ਨਲ ਬਣ ਗਏ**।

—'ਰੂਪ'

ਬਣਵਾਏ ਜਿਨ੍ਹਾਂ ਵਿਚੋਂ ਗੁਰਮੁਖੀ ਅੱਖਰ ਕਰੀਬਨ ਸੰਨ 1875 ਵਿਚ ਟਾਈਪ ਬਣਕੇ ਲੁਧਿਆਣੇ ਮਿਸ਼ਨ ਪ੍ਰੈਸ ਵਿਚ ਆ ਗਏ ਪਰ ਉਹ ਟਾਈਪ ਕੁਝ ਬਹੁਤ ਸੁੰਦਰ ਨਹੀਂ ਸਨ। ਫਿਰ ਉਨ੍ਹਾਂ ਨੇ ਪੱਥਰ ਦੇ ਛਾਪੇ ਵਿਚ ਬਹੁਤ ਸਾਰੀਆਂ ਅੰਜੀਲਾਂ ਛਪਵਾਈਆਂ। ਉਸ ਦੇ ਪਿਛੋਂ ਲਾਲਾ ਹੀਰਾ ਨੰਦ ਨੇ ਲਾਹੌਰ ਵਿਚ ਬੜੇ ਯਤਨ ਨਾਲ ਅੰਮ੍ਰਿਤਸਰ ਦੇ ਲਿਖਾਰੀਆਂ ਦੀ ਮਦਦ ਲੈ ਕੇ ਬਹੁਤ ਸੁੰਦਰ ਟਾਈਪ ਗੁਰਮੁਖੀ ਅੱਖਰਾਂ ਦਾ ਤਿਆਰ ਕਰਵਾਇਆ। ਸ਼ਾਇਦ 1880 ਦੇ ਕਰੀਬ (ਇਹ) ਪ੍ਰਚਲਤ ਹੋ ਗਿਆ। ਇਸ ਤੋਂ ਪਿਛੋਂ ਰਾਇ ਸਾਹਿਬ ਮੁਨਸ਼ੀ ਗੁਲਾਬ ਸਿੰਘ ਐਂਡ ਸੰਨਜ਼, ਲਾਹੌਰ ਨੇ ਆਪਣੇ ਛਾਪੇ ਖਾਨੇ ਵਾਸਤੇ ਸਾਰੇ ਗੁਰਮੁਖੀ ਟਾਈਪ ਤਿਆਰ ਕਰਵਾ ਲਏ। ਮਿਸਤ੍ਰੀ ਨੂਰ ਦੀਨ ਦਾ ਇਨ੍ਹਾਂ ਦੋਹਾਂ ਕੰਮਾਂ ਵਿਚ ਹਥ ਸੀ। ਉਥੋਂ ਵਿਹਲਾ ਹੋ ਕੇ ਉਹ ਵਜ਼ੀਰ ਹਿੰਦ ਪ੍ਰੈਸ ਵਿਚ ਆਣ ਨੌਕਰ ਹੋਇਆਂ। ਕੋਈ ਚਾਰ ਪੰਜ ਟਾਈਪ ਉਸ ਨੇ ਬਣਾਏ ਸਨ ਕਿ ਉਹ ਬੀਮਾਰ ਪੈ ਕੇ ਮਰ ਗਿਆ।

ਬੰਬਈ ਵਿਚ ਜਾ ਕੇ ਮੈਂ ਸਭ ਤੋਂ ਪਹਿਲਾਂ ਗੁਰਮੁਖੀ ਦੇ ਟਾਈਪ ਬਣਵਾਉਣੇ ਸ਼ੁਰੂ ਕੀਤੇ, ਕਿਉਂਕਿ ਪੰਜਾਬ ਵਿਚ ਕੋਈ ਸਿਆਣਾ ਕਾਰੀਗਰ ਮੌਜੂਦ ਨਹੀਂ ਸੀ। ਤਿੰਨ ਸਾਲ ਲਗਾਤਾਰ ਦੀ ਮਿਹਨਤ ਦੇ ਪਿਛੋਂ ਮੈਂ 6, 7 ਟਾਈਪ ਬਣਵਾ ਕੇ ਕਾਰੀਗਰਾਂ ਸਮੇਤ ਅੰਮ੍ਰਿਤਸਰ ਲੈ ਆਂਦੇ ਅਤੇ ਜੁਲਾਈ, ਅਗਸਤ 1914 ਨੂੰ ਬਾਕਾਇਦਾ 'ਸਟੈਂਡਰਡ ਟਾਈਪ ਫਾਊਂਡਰੀ' ਦਾ ਕਾਰੋਬਾਰ ਸ਼ੁਰੂ ਹੋ ਗਿਆ। ਕਾਰੀਗਰ ਬੰਬਈ ਵਾਪਸ ਚਲੇ ਗਏ। ਮੈਂ ਆਪਣੇ ਹਥੀਂ ਕੁਝ ਟਾਈਪ ਤਿਆਰ ਕਰ ਲਏ। ਗੰਡਾ ਮੱਲ ਮੇਰੇ ਨਾਲ ਕੰਮ ਕਰਦਾ ਹੁੰਦਾ ਸੀ। ਉਸ ਨੇ ਭੀ ਇਥੇ ਦੋ ਟਾਈਪ ਬਣਾਏ।

1931-32 ਵਿਚ ਬੰਬਈ ਤੋਂ ਮੁੜ ਕੇ ਕਾਰੀਗਰ ਮੰਗਾ ਕੇ ਹੋਰ ਬਹੁਤ ਸਾਰੇ ਟਾਈਪ ਤਿਆਰ ਕਰਾਏ ਗਏ। ਇਸ ਵੇਲੇ ਹੋਰ ਟਾਈਪ ਲਈ ਹੱਥਲ ਹਾਂ।

ਸੰਤਾਨ : ਅੰਮ੍ਰਿਤਸਰ ਵਿਚ ਆ ਕੇ ਮੇਰੇ ਘਰ ਬੀਬੀ ਵਿਦਿਆ ਵੰਤੀ ਤੋਂ ਪਿਛੋਂ ਚਾਰ ਲੜਕੇ ਹੋਏ ਜਿਨ੍ਹਾਂ ਦੇ ਜਨਮ ਸੰਨ ਇਹ ਹਨ :

ਬਲਵੰਤ ਰਾਇ 1920, ਜਸਵੰਤ ਰਾਇ 1923, ਬ੍ਰਿਜ ਮੋਹਨ 1928, ਪ੍ਰੇਮ ਕੁਮਾਰ 1933।

ਪੰਜਾਬੀ ਸਭਾ : ਪੰਜਾਬੀ ਬੋਲੀ ਦੇ ਵਾਧੇ ਲਈ ਸਿੱਖ, ਹਿੰਦੂ, ਮੁਸਲਮਾਨ ਤੇ ਈਸਾਈਆਂ ਦਾ ਸਾਂਝਾ ਪਿੜ ਬਣਾ ਕੇ ਪਰਚਾਰ ਕਰਨ ਦੀ ਲਹਿਰ ਸੰਨ 1926 ਤੋਂ ਇਉਂ ਸ਼ੁਰੂ ਹੋਈ ਕਿ ਪੰਜਾਬੀ ਦੀ ਤਰੱਕੀ ਦੇ ਕੁਝ ਚਾਹਵਾਨਾਂ ਨੇ ਇਕੱਠੇ ਹੋ ਕੇ 'ਪੰਜਾਬੀ ਸਭਾ ਅੰਮ੍ਰਿਤਸਰ' ਦੀ ਸਥਾਪਨਾ ਕੀਤੀ ਤੇ ਪ੍ਰਧਾਨਗੀ ਦੀ ਸੇਵਾ ਦਾਸ ਨੂੰ ਬਖਸ਼ੀ ਗਈ। ਉਸ ਵੇਲੇ ਦੇ ਮੈਂਬਰਾਂ ਦੀ ਲਿਸਟ ਇਹ ਸੀ :

1. ਗਿਆਨੀ ਹੀਰਾ ਸਿੰਘ ਜੀ 'ਦਰਦ' (ਸਕੱਤਰ)
2. ਸ. ਐਸ. ਐਸ. ਚਰਨ ਸਿੰਘ, 'ਸ਼ਹੀਦ'
3. ਪ੍ਰੋਫੈਸਰ ਤੇਜਾ ਸਿੰਘ ਜੀ, ਐਮ. ਏ.
4. ਡਾਕਟਰ ਦੇਵੀ ਦਾਸ ਜੀ 'ਹਿੰਦੀ'
5. ਲਾਲਾ ਗੁਰਾਂ ਦਿਤਾ ਜੀ 'ਖੰਨਾ'
6. ਲਾਲ ਲਖਮੀ ਚੰਦ ਜੀ 'ਸੌਦਾਗਰ'
7. ਮੁਨਸ਼ੀ ਮੌਲਾ ਬਖਸ਼ ਜੀ 'ਕੁਸ਼ਤਾ'
8. ਉਸਤਾਦ ਮੁਸ਼ਤਾਕ ਸਾਹਿਬ,
9. ਮੁਨਸ਼ੀ ਮੁਹੰਮਦ ਹੁਸੈਨ ਜੀ 'ਖੁਸ਼ਨੂਦ'

ਇਸ ਦੇ ਪਿਛੋਂ ਮੈਂਬਰਾਂ ਦੀ ਤਾਦਾਦ ਵਧਦੀ ਚਲੀ ਗਈ। ਇਸ ਸਭਾ ਵਲੋਂ ਬਹੁਤ ਸਾਰੇ ਕਵੀ ਦਰਬਾਰ ਹੁੰਦੇ ਰਹੇ। ਸਭ ਤੋਂ ਵੱਡਾ ਕਵੀ ਦਰਬਾਰ ਹਿੰਦੂ ਸਭਾ ਕਾਲਜ ਹਾਲ ਵਿਚ ਭਾਈ ਸਾਹਿਬ ਭਾਈ ਕਾਨ੍ਹ ਸਿੰਘ ਜੀ ਦੀ ਪ੍ਰਧਾਨਗੀ ਹੇਠ ਹੋਇਆ। ਇਹੋ ਦਿਨ ਸਪਤਾਹਕ ਅਖਬਾਰ 'ਮੌਜੀ' (ਸ਼ਹੀਦ ਜੀ ਦੀ ਐਡੀਟਰੀ ਹੇਠ) ਦੇ ਜਾਰੀ ਹੋਣ ਦਾ ਸੀ। ਪੰਜਾਬੀ ਸਭਾ ਦੇ

ਅੰਦੋਲਨ ਨੇ ਅੰਮ੍ਰਿਤਸਰ ਦੀ ਜਨਤਾ ਵਿਚ ਆਪਣੇ ਲਈ ਦਿਲੀ ਪਿਆਰ ਜਿਤ ਲਿਆ ਜਿਸ ਦਾ ਨਤੀਜਾ ਇਹ ਹੋਇਆ ਕਿ ਅੰਮ੍ਰਿਤਸਰ ਵਿਚ ਪਹਿਲੀ ਪੰਜਾਬੀ ਕਾਨਫ੍ਰੰਸ ਅਕਤੂਬਰ ਸੰਨ 1927 ਵਿਚ ਹੋ ਗਈ। ਇਸ ਕਾਨਫ੍ਰੰਸ ਦੇ ਪ੍ਰਧਾਨ ਪੰਜਾਬੀ ਦੇ ਚੰਗੇ ਲੇਖਕ ਤੇ ਅਤਿ ਪਿਆਰੇ ਔਨਰੇਬਲ ਚੌਧਰੀ ਸਰ ਸ਼ਹਾਬੁਦ ਦੀਨ ਸਾਹਿਬ ਚੁਣੇ ਗਏ। ਆਪ ਨੇ ਆਪਣੇ ਸਦਾਰਤੀ ਭਾਸ਼ਣ ਵਿਚ ਪੰਜਾਬੀ, ਉਰਦੂ, ਹਿੰਦੀ ਝਗੜੇ ਦਾ ਨਿਆਂ ਕਰਦਿਆਂ ਫ਼ੁਰਮਾਇਆ ਸੀ :

ਹੈ ਪੰਜਾਬੀ ਦੇਸ ਦੀ ਬੋਲੀ, ਝੂਠ ਨਹੀਂ ਵਿਚ ਇਸ ਦੇ,
ਦੂਜੇ ਦਾਵੇਦਾਰ ਦੋਵੇਂ ਨੇ, ਝੂਠੇ ਮੈਨੂੰ ਦਿਸਦੇ।

ਲਾਲਾ ਕੁੰਦਨ ਲਾਲ ਜੀ 'ਭਾਟੀਆ', ਪ੍ਰਿੰਸੀਪਲ ਹਿੰਦੂ ਸਭਾ ਕਾਲਜ, ਰੀਸੈਪਸ਼ਨ ਕਮੇਟੀ ਦੇ ਪਰਧਾਨ ਅਤੇ ਜਨਰਲ ਸੈਕਟਰੀ ਦਾਸ ਸੀ। ਗਿਆਨੀ ਹੀਰਾ ਸਿੰਘ ਜੀ 'ਦਰਦ' ਸਕੱਤਰ ਅਤੇ ਹੋਰ ਸਭ ਸਜਣਾਂ ਨੇ ਬੜੀ ਸਰਗਰਮੀ ਨਾਲ ਕੰਮ ਕੀਤਾ। ਕਾਨਫ੍ਰੰਸ ਬੇ-ਹੱਦ ਕਾਮਯਾਬ ਹੋਈ। ਉਸ ਮੌਕਿਆਂ ਉੱਤੇ ਉਪਰੋਂ ਥੱਲੀ ਦੋ ਰਾਤਾਂ ਪ੍ਰੋਫੈਸਰ ਆਈ.ਸੀ. 'ਨੰਦਾ' ਨੇ 'ਸੁਭੱਦਰਾ' ਨਾਟਕ ਦਾ ਖੇਲ ਦਿਖਾਇਆ ਜਿਸ ਦੀ ਤਾਰੀਫ ਸਾਰੇ ਵਿਦਵਾਨ ਹਲਕਿਆਂ ਵਿਚ ਫੈਲ ਗਈ। ਇਹ ਸਭ ਤੋਂ ਪਹਿਲਾ ਪੰਜਾਬੀ ਬੋਲੀ ਦਾ ਡਰਾਮਾ ਸੀ, ਜਿਸ ਨੇ ਉਰਦੂ ਨਾਟਕਾਂ ਦੀ ਕੀਮਤ ਘਟਾ ਦਿਤੀ। ਕਈ ਕਲੱਬਾਂ ਨੇ ਉਰਦੂ ਛਡ ਕੇ ਪੰਜਾਬੀ ਡਰਾਮੇ ਕਰਨੇ ਸ਼ੁਰੂ ਕਰ ਦਿਤੇ। ਇਸ ਕਾਨਫ੍ਰੰਸ ਦੀ ਕਾਮਯਾਬੀ ਨੇ ਸਾਡਾ ਐਨਾ ਦਿਲ ਵਧਾਇਆ ਕਿ 23 ਸਤੰਬਰ, 1928 ਨੂੰ ਸ੍ਰ. ਐਸ.ਐਸ. ਚਰਨ ਸਿੰਘ ਜੀ ਨੇ ਸ਼ਿਮਲੇ ਵਿਚ ਪੰਜਾਬੀ ਦਰਬਾਰ ਰਚਾ ਦਿਤਾ। ਮੈਨੂੰ ਕਸ਼ਮੀਰ ਤੋਂ ਸ਼ਿਮਲੇ ਬੁਲਾਇਆ ਗਿਆ।

ਸਾਡੀ ਪਿਠ ਤੇ ਹਥ ਰਖਣ ਵਾਲੇ ਰਾਜਾ ਸਰ ਦਲਜੀਤ ਸਿੰਘ ਕਪੂਰਥਲੇ ਵਾਲੇ, ਸਰ ਜੋਗਿੰਦਰ ਸਿੰਘ ਵਜ਼ੀਰ ਪੰਜਾਬ, ਕਰਨੈਲ ਭੋਲਾ ਨਾਥ ਆਦਿਕ ਹੋਰ ਭੀ ਕਈ ਲੋਕ ਸਨ। ਏਧਰੋਂ ਬਹੁਤ ਸਾਰੇ ਕਵੀ ਵੀ ਸ਼ਿਮਲੇ ਪਹੁੰਚ ਗਏ। ਕਵੀ ਦਰਬਾਰ ਬਹੁਤ ਕਾਮਯਾਬ ਹੋਇਆ। ਅੱਠ ਘੰਟੇ ਜਲਸਾ ਹੁੰਦਾ ਰਿਹਾ।[1] ਇਹ ਪੰਜਾਬੀ ਦੇ ਇਤਿਹਾਸ ਵਿਚ ਇਕ ਬਿਲਕੁਲ ਨਵੀਂ ਚੀਜ਼ ਸੀ। ਪੰਜਾਬੀ ਕਵੀਆਂ ਦਾ ਮਾਣ ਉਸੇ ਤਰ੍ਹਾਂ ਵਧਾਇਆ ਗਿਆ, ਜਿਸ ਤਰ੍ਹਾਂ ਯੂਰਪੀਨ ਲੋਕ ਆਪਣੇ ਕਵੀਆਂ ਦਾ ਮਾਣ ਵਧਾਉਂਦੇ ਹਨ, ਜਾਂ ਕਿਸੇ ਜ਼ਮਾਨੇ ਵਿਚ ਹਿੰਦੁਸਤਾਨ ਦੇ ਕੋਈ ਇਲਮਦੋਸਤ[2] ਬਾਦਸ਼ਾਹ ਕਵੀਆਂ ਦੀ ਕਦਰ ਕੀਤਾ ਕਰਦੇ ਸਨ।

ਇਸ ਕਵੀ ਦਰਬਾਰ ਨੇ ਬੜੇ ਬੜੇ ਪ੍ਰਸਿਧ ਲੋਕਾਂ ਨੂੰ ਪੰਜਾਬੀ ਦੇ ਹਾਮੀ ਬਣਾਇਆ।

1929 ਅਤੇ 1931 ਦੇ ਕਵੀ ਦਰਬਾਰ : ਸ਼ਿਮਲੇ ਤੋਂ ਪਿਛੋਂ ਪੰਜਾਬੀ ਦਾ ਏਨਾ ਪ੍ਰਚਾਰ ਹੋਇਆ ਕਿ ਉਰਦੂ ਦੇ ਹਾਮੀ ਭੀ ਪੰਜਾਬੀ ਦੇ ਜਲਸਿਆਂ ਦੀ ਪ੍ਰਧਾਨਗੀ ਖਿੜੇ ਮੱਥੇ ਕਰਨ ਲਗ ਪਏ ਜਿਸ ਤਰ੍ਹਾਂ ਕਿ ਇਕ ਕਵੀ ਦਰਬਾਰ ਦੀ ਪ੍ਰਧਾਨਗੀ ਦੀਵਾਨ ਬਹਾਦੁਰ ਰਾਜਾ ਨਰਿੰਦਰ ਨਾਥ ਸਾਹਿਬ ਐਮ. ਏ. ਰੀਟਾਇਰਡ ਕਮਿਸ਼ਨਰ ਪੰਜਾਬ ਨੇ ਕੀਤੀ। ਆਪ ਸਾਰੀ ਉਮਰ ਉਰਦੂ ਹੀ ਲਿਖਦੇ ਬੋਲਦੇ ਰਹੇ ਸਨ, ਪਰ ਇਸ ਵੇਰ ਪੰਜਾਬੀ ਦੇ ਸਰਪਰੱਸਤ ਬਣਨਾ ਮਨਜ਼ੂਰ ਕਰ ਲਿਆ ਅਤੇ ਆਪਣੀ ਤਕਰੀਰ ਭੀ ਪੰਜਾਬੀ ਬੋਲੀ ਵਿਚ ਹੀ ਕੀਤੀ।

---

1. ਦੇਖੋ ਪੰਜਾਬੀ ਸਭਾ ਦੀ ਰਿਪੋਰਟ 'ਚਲਦਾ ਦੌਰ।' 2. ਵਿਦਿਆ ਦੇ ਪ੍ਰੇਮੀ।

ਦੂਜਾ ਕਵੀ ਦਰਬਾਰ ਆਨਰੇਬਲ ਸਰ ਸ੍ਰ. ਜੋਗਿੰਦਰ ਸਿੰਘ ਸਾਹਿਬ ਵਜ਼ੀਰ ਪੰਜਾਬ ਦੀ ਪ੍ਰਧਾਨਗੀ ਹੇਠ ਹੋਇਆ। ਬੜੇ ਬੜੇ ਪਤਵੰਤਿਆਂ ਨੇ ਇਸ ਵਿਚ ਹਿਸਾ ਲਿਆ।

1932 ਵਿਚ 1928 ਵਰਗਾ ਹੀ ਸ਼ਾਨਦਾਰ ਪੰਜਾਬੀ ਦਰਬਾਰ ਡੈਵੀਕੋ ਹਾਲ, ਬਾਲ ਰੂਮ, ਸ਼ਿਮਲਾ ਵਿਚ ਕੀਤਾ ਗਿਆ।

ਔਨਰੇਬਲ ਡਾਕਟਰ ਗੋਕਲ ਚੰਦ ਸਾਹਿਬ 'ਨਾਰੰਗ' ਐਮ. ਏ. ਪੀ. ਐਚ. ਡੀ. ਬੈਰਿਸਟਰ ਐਟਲਾ, ਵਜ਼ੀਰ ਲੋਕਲ ਸੈਲਫ ਗਵਰਨਟਮੈਂਟ ਪੰਜਾਬ ਅਤੇ ਚਾਰ ਪੰਜ ਹੋਰ ਪਤਵੰਤੇ ਸਰਕਾਰੀ ਦਰਬਾਰੀ ਸੱਜਣਾਂ ਨੇ ਪ੍ਰਧਾਨਗੀ ਕੀਤੀ।

ਸ਼ਹੀਦ ਜੀ ਦਾ ਚਲਾਣਾ : 1934 ਵਿਚ ਭੀ ਉਸੇ ਤਰ੍ਹਾਂ ਦੇ ਪੰਜਾਬੀ ਦਰਬਾਰ ਦੀਆਂ ਤਿਆਰੀਆਂ ਮੁਕੰਮਲ ਹੋ ਚੁਕੀਆਂ ਸਨ। ਪਰ ਅਫਸੋਸ ਹੈ ਕਿ ਸ੍ਰ. ਐਸ. ਐਸ. ਚਰਨ ਸਿੰਘ ਜੀ 'ਸ਼ਹੀਦ' ਅਚਾਨਕ ਬੀਮਾਰ ਪੈ ਗਏ ਅਤੇ 28 ਅਗਸਤ ਨੂੰ ਉਨ੍ਹਾਂ ਦਾ ਦੇਹਾਂਤ ਹੋ ਗਿਆ। ਉਨ੍ਹਾਂ ਦੇ ਵਿਛੜਨ ਦੇ ਪਿਛੋਂ ਪੰਜਾਬੀ ਸਭਾ ਉਸੇ ਤਰ੍ਹਾਂ ਨਾ ਚਲ ਸਕੀ।

ਮੈਂ ਉਸ ਵਿਚ ਬਹੁਤ ਘਟ ਦਿਲਚਸਪੀ ਲੈਂਦਾ ਰਿਹਾ। ਇਕ ਸਾਲ ਦੇ ਪਿਛੋਂ ਉਨ੍ਹਾਂ ਦੀ ਬਰਸੀ ਉੱਤੇ ਇਕ ਸ਼ਾਨਦਾਰ ਕਵੀ-ਦਰਬਾਰ ਟਾਊਨ ਹਾਲ ਅੰਮ੍ਰਿਤਸਰ ਕੀਤਾ ਗਿਆ। ਉਸ ਦੇ ਪਿਛੋਂ ਵੀ ਬਹੁਤੇਰੇ ਛੋਟੇ ਛੋਟੇ ਕਵੀ ਦਰਬਾਰ ਅਤੇ ਪੰਜਾਬੀ ਦੇ ਜਲਸੇ ਹੁੰਦੇ ਰਹੇ। ਪਰ ਜੋ ਸ਼ਾਨ ਮੈਂ ਪਿਛਲੇ ਸਾਲਾਂ ਵਿਚ ਵੇਖ ਚੁਕਾ ਸਾਂ, ਉਹ ਸ਼ਾਨ ਮੁੜਕੇ ਪੈਦਾ ਨਾ ਹੋ ਸਕੀ।

ਮਹਾਨ ਕੋਸ਼ : ਮੇਰੇ ਜੀਵਨ ਇਤਿਹਾਸ ਦਾ ਇਕ ਮੋਟਾ ਪਤਰਾ ਇਹ ਹੈ ਕਿ ਸ੍ਰ. ਬਹਾਦਰ ਭਾਈ ਕਾਹਨ ਸਿੰਘ ਸਾਹਿਬ ਨਾਭਾ ਰਚਿਤ ਮਹਾਨ ਕੋਸ਼ (Encyclopedia of Sikh Literature) ਦੇ ਛਾਪਣ ਦੀ ਸੇਵਾ ਮੇਰੇ ਸਪੁਰਦ ਕੀਤੀ ਗਈ। ਇਸ ਦੀ ਛਪਾਈ, ਜਿਲਦ-ਬੰਦੀ ਆਦਿਕ ਪੂਰੇ ਦੋਂਹ ਵਰ੍ਹਿਆਂ ਵਿਚ ਸਮਾਪਤ ਹੋਈ। ਭਾਈ ਸਾਹਿਬ ਦੀ ਪੰਦਰਾਂ ਵਰ੍ਹਿਆਂ ਦੀ ਲਗਾਤਾਰ ਘਾਲਣਾ ਨਾਲ ਬੇ-ਸ਼ੁਮਾਰ ਫੋਟੋ, ਬਲਾਕ, ਨਕਸ਼ੇ ਅਤੇ ਹੋਰ ਬਹੁਤ ਸਾਰਾ ਮਸਾਲਾ ਇਕੱਠਾ ਹੋਇਆ ਸੀ ਅਤੇ ਪਟਿਆਲਾ ਦਰਬਾਰ ਵਲੋਂ ਪੰਜਾਹ ਹਜ਼ਾਰ ਰੁਪਿਆ ਲਾਗਤ ਲਾਈ ਗਈ ਸੀ।[1] ਉਸ ਵਿਚ ਕਰਤਾ ਜੀ ਵਲੋਂ ਜੋ ਪ੍ਰਸੰਸਾ ਇਸ ਦਾਸ ਦੀ ਸੇਵਾ ਬਾਬਤ ਕੀਤੀ ਗਈ ਸੀ ਉਹ ਮਹਾਨ ਕੋਸ਼ ਦੀ ਭੂਮਿਕਾ ਵਿਚ ਦਰਜ ਹੈ।

ਚੰਦਨ ਵਾੜੀ : ਸੰਨ 1931 ਦੇ ਅਖੀਰ ਵਿਚ ਮੈਂ ਆਪਣੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਛਪਵਾਇਆ ਅਤੇ ਉਸ ਦਾ ਨਾਮ ਸ੍ਰੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀ ਸਲਾਹ ਨਾਲ 'ਚੰਦਨਵਾੜੀ' ਰਖਿਆ। ਇਸ ਦਾ ਮੁਖ-ਬੰਦ ਭੀ ਆਪ ਨੇ ਲਿਖ ਕੇ ਦਿਤਾ ਅਤੇ ਸ੍ਰ. ਬਹਾਦਰ ਭਾਈ ਕਾਨ੍ਹ ਸਿੰਘ ਸਾਹਿਬ ਨੇ ਭੀ ਦੋਂਹ ਸਫਿਆਂ ਵਿਚ ਇਸ ਦੀ ਪ੍ਰਸੰਸਾ ਲਿਖੀ।

ਇਨ੍ਹਾਂ ਦੋਹਾਂ ਬਜ਼ੁਰਗਾਂ ਦੀ ਅਸ਼ੀਰਵਾਦ ਦਾ ਇਹ ਫਲ ਹੋਇਆ ਕਿ ਪੰਜਾਬੀ ਸੰਸਾਰ ਵਿਚ 'ਚੰਦਨਵਾੜੀ' ਦਾ ਬੜਾ ਸ਼ਾਨਦਾਰ ਸਵਾਗਤ ਕੀਤਾ ਗਿਆ।

'ਚੰਦਨਵਾੜੀ' ਦੇ ਪਿਛੋਂ 1932 ਤੋਂ 1940 ਤਕ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ 'ਕੇਸਰ ਕਿਆਰੀ' 1940 ਵਿਚ ਛਪੀ ਸੀ। ਉਸ ਦੇ ਪਿਛੋਂ 'ਨਵਾਂ ਜਹਾਨ' 1942 ਵਿਚ ਤੇ 'ਨੂਰ ਜਹਾਂ ਬਾਦਸ਼ਾਹ ਬੇਗਮ' 1944 ਵਿਚ ਛਪੀ।

---

1. ਹੁਣ ਭਾਸ਼ਾ-ਵਿਭਾਗ ਪਟਿਆਲਾ ਨੇ ਇਹ ਗ੍ਰੰਥ ਦੁਬਾਰਾ, ਫੋਟੋ ਸਟੈਟ ਕਰਾ ਕੇ ਛਾਪਿਆ ਹੈ।

ਇਸ ਦੇ ਪਿਛੋਂ ਬੜਾ ਭਿਆਨਕ ਭਾਣਾ ਵਰਤਿਆ। ਹਿੰਦੂ, ਮੁਸਲਮਾਨ, ਸਿੱਖ ਖੇਰੂੰ ਖੇਰੂੰ ਹੋ ਗਏ। ਕਰੀਬ ਇਕ ਕਰੋੜ ਰੱਬ ਦੇ ਬੰਦੇ ਅਜੇ ਤਕ ਰੁਲਦੇ ਫਿਰਦੇ ਹਨ, ਕੋਈ ਪੱਕਾ ਟਿਕਾਣਾ ਨਹੀਂ ਮਿਲਿਆ। ਰੋਟੀ ਕਮਾਉਣ ਦਾ ਆਸਰਾ ਭੀ ਪੱਕਾ ਨਹੀਂ ਲੱਭਾ। ਬੇ-ਸ਼ੁਮਾਰ ਨੌਜਵਾਨ ਲੜਕੀਆਂ ਪਰਾਏ ਹੱਥਾਂ ਵਿਚ ਦੁਖ ਪਾ ਰਹੀਆਂ ਹਨ।

ਇਸੇ ਮਹੀਨੇ ਵਿਚ ਮੇਰੀ ਇਕ ਹੋਰ ਰਚਨਾ 'ਸੂਫੀ-ਖਾਨਾ' ਛਪ ਚੁਕੀ ਹੈ ਜਿਸ ਵਿਚ ਬੀਤ ਚੁਕੇ ਤਿੰਨਾਂ ਸਾਲਾਂ ਵਿਚ ਵਰਤੀਆਂ ਘਟਨਾਵਾਂ ਤੋਂ ਭੈ-ਭੀਤ ਹੋ ਕੇ ਕੁਝ ਕਵਿਤਾਵਾਂ ਜਜ਼ਬਾਤੀ ਦਿਤੀਆਂ ਹਨ। ਇਕ ਹਿਸੇ ਵਿਚ ਤਕਦੀਰਾਂ ਦੇ ਸਾਈਂ ਅਗੇ ਬਖਸ਼ਸ਼ਾਂ ਦੀ ਮੰਗ ਸੂਫੀਆਨਾ ਰੰਗ ਵਿਚ ਕੀਤੀ ਹੈ। ਬਾਕੀ ਕਵਿਤਾਵਾਂ ਕੁਝ ਦੇਸ਼ ਕੌਮ ਦੀਆਂ, ਕੁਝ ਸਾਹਿਤਕ ਤੇ ਇਤਿਹਾਸਕ ਹਨ। ਇਹ 95 ਕਵਿਤਾਵਾਂ ਦਾ ਸੰਗ੍ਰਹਿ ਹੈ।

(ਅ) ਕੋਲੋਂ ਤਕਿਆ ਚਾਤ੍ਰਿਕ (ਸੁਭਾਅ, ਵਰਤੋਂ, ਵਿਹਾਰ)

ਨਿਜੀ ਅਨੁਭਵ (ਇਕ ਚਰਿਤ੍ਰ)

ਇਹ ਗੱਲ ਸੰਨ 1926 ਦੇ ਲਗਭਗ ਦੀ ਹੈ। ਟੈਂਮਪ੍ਰੈਂਸ ਹਾਲ ਅੰਮ੍ਰਿਤਸਰ ਵਿਚ ਹਿੰਦੂਆਂ, ਮੁਸਲਮਾਨਾਂ, ਸਿੱਖਾਂ ਦੀ ਇਕ ਸਾਂਝੀ ਜੇਹੀ ਇਕੱਤ੍ਰਤਾ ਹੋ ਰਹੀ ਸੀ। ਸਟੇਜ ਉਤੇ ਮੌਲਾ ਬਖਸ਼ ਕੁਸ਼ਤਾ, ਸ. ਸ. ਚਰਨ ਸਿੰਘ, ਪ੍ਰੋਫੈਸਰ ਤੇਜਾ ਸਿੰਘ ਅਤੇ ਡਾਕਟਰ ਦੇਵੀ ਦਾਸ ਹਿੰਦੀ ਆਦਿ ਦੇ ਨਾਲ ਇਕ ਅਣਪਛਾਣਿਆ ਜੇਹਾ ਵਿਅਕਤੀ ਗੋਲ ਮੁੰਨੀ ਦਾੜੀ, ਚੇਹਰੇ ਉਤੇ ਮਾਤਾ ਦੇ ਦਾਗ, ਸਿਰ ਉਤੇ ਚਿਟੀ ਪੱਗ, ਗਲ ਪੈਂਟ ਨਾਲ ਪਾਉਣ ਵਾਲੇ ਖੁਲ੍ਹੇ ਕਾਲਰ ਦਾ ਠੰਡਾ ਕੋਟ ਅਤੇ ਤੇੜ ਲਠੇ ਦਾ ਅਧ ਖੁਲ੍ਹਾ ਜਿਹਾ ਪਜਾਮਾ ਪਾਈਂ ਪ੍ਰਧਾਨ ਦੀ ਕੁਰਸੀ ਦੇ ਲਾਗੇ ਹੀ ਬੈਠਾ ਸੋਭ ਰਿਹਾ ਸੀ। ਕਾਰਨ ਤਾਂ ਨਿਸਚਿਤ ਨਹੀਂ ਪਰ ਇਹ ਸਚ ਹੈ ਕਿ ਬਹੁਤੇ ਦਰਸ਼ਕ ਜਾਂ ਸਰੋਤੇ ਇਕ ਦੂਜੇ ਨੂੰ ਪੁਛ ਰਹੇ ਸਨ, 'ਇਹ ਚਿਟੀ ਪੱਗ ਵਾਲੇ 'ਲਾਲਾ ਜੀ' ਕੌਣ ਹਨ ?'

ਕੋਈ ਕਹਿੰਦਾ, 'ਇਨ੍ਹਾਂ ਅਜ ਦੇ ਕਵੀ-ਦਰਬਾਰ ਲਈ ਚੰਦਾ ਵਧੇਰੇ ਦਿਤਾ ਹੋਣਾ ਹੈ।' ਇਕ ਨੇ ਆਖਿਆ, 'ਮੈਂ ਸ. ਸ. ਚਰਨ ਸਿੰਘ ਨਾਲ ਕਈ ਵਾਰ ਇਸ ਨੂੰ ਦੇਖਿਆ ਹੈ, ਉਸਦਾ ਕੋਈ ਮਿਤ੍ਰ ਹੋਵੇਗਾ।' ਕੋਲ ਬੈਠੇ ਇਕ ਮੁਸਲਮਾਨ ਨੇ ਕਿਹਾ, 'ਮੈਂ ਕੁਸ਼ਤੇ ਦੀ ਹਾਲ ਬਜ਼ਾਰ ਵਾਲੀ ਕਿਤਾਬਾਂ ਦੀ ਹੱਟੀ ਉਤੇ ਇਨ੍ਹਾਂ ਨੂੰ ਆਮ ਤੱਕਿਆ ਹੈ। ਮੌਲਾ ਬਖਸ਼ ਜੀ ਤਾਂ ਇਨ੍ਹਾਂ ਨੂੰ ਮੁਨਸ਼ੀ ਜੀ ਕਹਿੰਦੇ ਨੇ।'

'ਤੇ ਕਿਧਰੇ ਇਹ ਮੁਨਸ਼ੀ ਗੁਲਾਬ ਸਿੰਘ ਤੇ ਨਹੀਂ ਲਾਹੌਰ ਵਾਲੇ, ਕਿਤਾਬਾਂ ਵਾਲੇ ?'

'ਨਹੀਂ, ਉਹ ਏਥੇ ਕਿਥੇ ?'

ਇਹ ਅਨੁਮਾਨ ਪਤਾ ਨਹੀਂ ਕਿੰਨਾ ਚਿਰ ਚਲਦੇ ਰਹੇ ਜਾਂ ਰਹਿੰਦੇ, ਉਸ ਵੇਲੇ ਸਟੇਜ ਤੋਂ ਸ. ਸ. ਚਰਨ ਸਿੰਘ ਜੀ ਨੇ ਇਹ ਘੋਸ਼ਨਾ ਕਰਨੀ ਅਰੰਭ ਦਿਤੀ :

'ਸਜਣੋਂ ਪ੍ਰਧਾਨ ਜੀ ਦੀ ਆਗਿਆ ਨਾਲ ਅਜ ਦੀ ਕਾਰਵਾਈ ਅਰੰਭ ਹੁੰਦੀ ਹੈ, ਸਭ ਤੋਂ ਪਹਿਲਾਂ 'ਕਾਕਾ ਜਾਨ' ਪ੍ਰਸਿਧ ਕਵੀ ਚਾਤ੍ਰਿਕ ਦਾ ਇਕ ਗੀਤ ਆਪਣੀ ਸੁਰੀਲੀ ਅਵਾਜ਼ ਵਿਚ ਗਾ ਕੇ ਸੁਣਾਉਣਗੇ।'

ਉਸ ਵੇਲੇ ਇਹ ਗੱਲ ਬੜੀ ਵਡੀ ਸੀ। ਰੇਡੀਓ ਸਟੇਸ਼ਨ ਨੇੜੇ ਤੇੜੇ ਕਿਤੇ ਨਹੀਂ ਸੀ। ਸੋ ਕੋਈ ਰੇਡੀਓ ਆਰਟਿਸਟ ਲਭਣਾ ਕਠਿਨ ਨਹੀਂ ਅਸੰਭਵ ਸੀ। ਹੋਰ ਗਾਇਕਾਂ ਦਾ ਕਿਸੇ ਭਲਮਾਣਸੀ ਜਾਂ ਸ਼ਰਾਫਤ ਵਾਲੀ ਸਟੇਜ ਤੇ ਲਿਆਉਣਾ ਨਿਰਾ ਅਤਿ ਮਹਿੰਗਾ ਹੀ ਨਹੀਂ ਸੀ, ਬਦਨਾਮੀ ਦਾ ਕਾਰਨ ਭੀ ਸੀ, ਲਾਉਡ ਸਪੀਕਰ ਲਾਉਣ ਦੀ ਗੱਲ ਭੀ ਅਸਾਂ ਨਹੀਂ ਸੀ ਅਜੇ ਸੁਣੀ।

ਕਾਕਾ ਜਾਨ, 13-14 ਵਰ੍ਹੇ ਦਾ ਗੋਰਾ ਨਿਛੋਹ ਸਾਫ ਸੁਥਰਾ ਲੜਕਾ ਸਟੇਜ ਤੇ ਆਇਆ, ਸਾਜ਼ਿੰਦਿਆਂ ਨੇ ਸਾਜ਼ ਸੰਭਾਲੇ ਤੇ ਕਾਕਾ ਜਾਨ ਨੇ ਕੋਇਲ ਨਾਲੋਂ ਬਹੁਤ ਵਧੇਰੇ ਮਿੱਠੀ ਸੁਰ ਵਿਚ ਪਹਿਲੀ ਤੁਕ ਪੜ੍ਹੀ :

'ਜਾਗੋ ਵੇਂ ਮੇਰਿਓ ਸ਼ੇਰੋ ਵੇ, ਕਿਉਂ ਦੇਰ ਲਗਾਈ ਵੇ,
ਮੈਂ ਲੁਟ ਲਈ ਦਿਨ ਦੀਵੀਂ ਵੇ, ਕੋਈ ਸੁਣੇ ਦੁਹਾਈ ਵੇ।
ਬੋਲੀ ਹੈ ਪੰਜਾਬੀ ਸਾਡੀ, ਅਸਾਂ ਨਹੀਂ ਭੁਲਾਵਣੀ।
ਮੇਰਾ ਦੋ ਕਰੋੜ ਕਬੀਲਾ, ਕੋਈ ਝਬਦੇ ਕਰਿਓ ਹੀਲਾ,
ਮੈਂ ਘਰ ਦੀ ਮਾਲਕਿਆਣੀ, ਹੁੰਦੀ ਜਾਂ ਪਰਾਈ ਵੇ,
ਜਾਗੋ ਵੇ, ਮੇਰਿਓ ਸ਼ੇਰੋ ਵੇ...

ਅਤੇ ਸਾਰੇ ਹਾਲ ਵਿਚ ਸਨਾਟਾ ਛਾ ਗਿਆ, ਨੱਢੇ ਤੇ ਬੁੱਢੇ ਸਭ ਤਬਲੇ ਦੀ ਗੱਤ ਨਾਲ ਝੂਮ ਰਹੇ ਸਨ। ਸਭ ਦੀ ਨਜ਼ਰ ਅਤਿ ਪਿਆਰੇ ਲਗ ਰਹੇ 'ਕਾਕਾ ਜਾਨ' ਦੇ ਮਾਸੂਮ ਚੇਹਰੇ ਉਤੇ ਟਿਕੀ ਹੋਈ ਸੀ। ਜੇ ਉਨ੍ਹਾਂ ਦੇ ਦਿਲਾਂ ਦੇ ਭਾਵਾਂ ਨੂੰ ਕੋਈ ਪੜ੍ਹ ਸਕਦਾ ਤਾਂ ਵੀਹ ਵਿਸਵੇ ਉਹ ਇਹੀ ਸਨ; 'ਪੰਜਾਬੀ ਭਾਸ਼ਾ ਦੀ ਉਨਤੀ ਲਈ ਪੰਜਾਬੀ ਵੀਰਾਂ ਨੂੰ ਛੇਤੀ ਤੋਂ ਛੇਤੀ ਜਾਗਣਾ ਚਾਹੀਦਾ ਹੈ।'

ਗੀਤ ਗਾਇਆ ਗਿਆ। ਨਾ ਕੇਵਲ 'ਕਾਕਾ ਜਾਨ' ਸਗੋਂ ਕਵੀ ਚਾਤ੍ਰਿਕ ਲਈ ਭੀ ਪ੍ਰਸੰਸਾ ਦੇ ਮੂਕ ਭਾਵ ਤਾੜੀਆਂ ਵਿਚ ਪ੍ਰਗਟ ਹੋਏ ਤੇ ਲੋਕਾਂ ਦੇ ਦਿਲਾਂ ਵਿਚ ਗੀਤ ਦੀਆਂ ਤੁਕਾਂ ਗੂੰਜ ਰਹੀਆਂ ਸਨ, ਜੋ ਘਰਾਂ ਤਕ, ਬਜ਼ਾਰਾਂ ਵਿਚ ਉਸੇ ਤਰਜ਼ਾਂ ਉਤੇ ਕਈ ਦਿਨ ਦੁਹਰਾਈਆਂ ਜਾਂਦੀਆਂ ਰਹੀਆਂ।

ਅਤੇ 'ਮੌਜੀ' ਦੇ ਮੌਜੀ ਐਡੀਟਰ ਸ. ਸ. ਚਰਨ ਸਿੰਘ ਨੂੰ ਇਕ ਮਖੌਲ ਸੁਝਾ, ਮੌਲਵੀਆਂ ਵਾਲੇ ਆਪਣੇ ਲੰਮੇ ਕੋਟ ਵਿਚ ਸਜਿਆ, ਉਹ ਬੋਲਿਆ, 'ਭਰਾਵੋ, ਮੈਂ ਇਕ ਕਰਾਮਾਤ ਕਰਨ ਲਗਾ ਜੇ।' ਸਰੋਤੇ ਚੇਤੰਨ ਹੋ ਗਏ। ਉਸ ਨੇ ਆਪਣਾ ਭਾਸ਼ਣ ਜਾਰੀ ਰਖਿਆ:

'ਭਰਥਰੀ ਹਰੀ' ਤੇ 'ਨਲ ਦਮਿਅੰਤੀ' ਨਾਂ ਦੇ ਬਹੁਤ ਪ੍ਰਸਿਧ ਕਿੱਸੇ ਤੁਸਾਂ ਦੇਖੇ ਤੇ ਪੜ੍ਹੇ ਹੋਣਗੇ। ਅਜ ਉਨ੍ਹਾਂ ਦੇ ਲੇਖਕ ਕਵੀ ਨਾਲ ਤੁਹਾਡੀ ਮੁਲਾਕਾਤ ਕਰਾਵਾਂਗਾ।' ਹਾਲ ਵਿਚੋਂ ਇਕ ਦੋ ਅਵਾਜ਼ਾਂ ਆਈਆਂ, 'ਪਰ ਉਹ ਤਾਂ ਪਤਾ ਨਹੀਂ ਕਦੋਂ ਦਾ ਮਰ ਚੁਕਾ ਹੈ।'

ਸ. ਸ. ਚਰਨ ਸਿੰਘ ਨੇ ਕਿਹਾ, 'ਇਹੀ ਕਰਾਮਾਤ ਹੈ, ਅਜ ਉਸ ਦੇ ਪ੍ਰਤੱਖ ਦਰਸ਼ਨ ਤੁਸੀਂ ਸਟੇਜ ਉਤੇ ਕਰ ਰਹੇ ਹੋ। ਇਹ ਵੇਖੋ ਉਹ ਬੈਠੇ ਹਨ' ਅਤੇ ਉਹੀ ਚਿੱਟੀ ਪੱਗ ਵਾਲੇ ਲਾਲਾ ਜੀ ਨੇ ਉਠ ਕੇ ਮੁਸਕਰਾਉਂਦਿਆਂ ਹਥ ਜੋੜ ਦਿਤੇ। ਲੋਕ ਹੈਰਾਨ ਸਨ। ਸ. ਸ. ਚਰਨ ਸਿੰਘ ਨੇ ਉਸ ਹੈਰਾਨੀ ਨੂੰ ਪਛਾਣਦਿਆਂ ਤੇ ਸਮਝਦਿਆਂ ਕਿਹਾ :

'ਹਾਂ, ਮੈਨੂੰ ਭੀ ਕਲ੍ਹ ਕਿਸੇ ਨੇ ਦਸਿਆ ਸੀ ਤੇ ਕਈਆਂ ਦਾ ਖਿਆਲ ਹੈ ਕਿ ਕਿੱਸਾ ਲੇਖਕ ਚਾਤ੍ਰਿਕ ਜੋ ਕੁਝ ਚਿਰ 'ਮਾਤ੍ਰਿਕ' ਭੀ ਅਖਵਾਉਂਦਾ ਰਿਹਾ ਹੈ, ਮਰ ਚੁੱਕਾ ਹੈ। ਠੀਕ ਇਨ੍ਹਾਂ ਨੇ ਕਿੱਸੇ ਲਿਖਣੇ 1910 ਤੋਂ ਭੀ ਪਹਿਲਾਂ ਦੇ ਛਡੇ ਹੋਏ ਹਨ। ਠੀਕ, ਇਹ ਬੰਬਈ ਚਲੇ ਗਏ ਸਨ ਪਰ 'ਛੋਟੀਆਂ ਕਵਿਤਾਵਾਂ ਦੇ ਵਡੇ ਕਵੀ' ਦੇ ਰੂਪ ਵਿਚ ਉਨ੍ਹਾਂ ਦਾ ਅਮਰ ਗੀਤ ਤੁਸਾਂ ਹੁਣੇ ਸੁਣਿਆ। ਇਹ ਉਹੀ ਹਨ, ਜਿਨ੍ਹਾਂ ਦੀਆਂ ਕਵਿਤਾਵਾਂ 'ਹਰਿ ਧਨੀ' ਦੇ ਨਾਂ 'ਖਾਲਸਾ ਸਮਾਚਾਰ' ਵਿਚ ਛਪਦੀਆਂ ਰਹੀਆਂ ਹਨ ਤੇ ਉਸ ਦੇ ਮੁਖ ਸੰਪਾਦਕ ਭਾਈ ਵੀਰ ਸਿੰਘ ਜੀ ਨੂੰ ਭੀ ਕਾਫੀ ਦੇਰ ਪਤਾ ਨਹੀਂ ਲਗਾ ਕਿ ਉਨ੍ਹਾਂ ਦੇ ਪ੍ਰੈਸ ਵਿਚ ਕਿਤਾਬਤ, ਮੁਨਸ਼ੀਪੁਣਾ, ਪਰੂਫ ਰੀਡਿੰਗ ਆਦਿ

ਕਰਨ ਵਾਲਾ, ਉਨ੍ਹਾਂ ਦਾ ਆਪਣਾ ਸਿਖਾਇਆ, ਏਧਰ ਲਾਇਆ ਧਨੀ ਰਾਮ ਹੀ 'ਚਾਤ੍ਰਿਕ', 'ਮਾਤ੍ਰਿਕ' ਤੇ 'ਹਰਿ ਧਨੀ' ਦੇ ਵਖ ਵਖ ਨਾਵਾਂ ਤੇ ਭੇਸਾਂ ਥਲੇ ਛੁਪਦਾ ਤੇ ਪ੍ਰਗਟ ਹੁੰਦਾ ਰਹਿੰਦਾ ਹੈ।'

ਸਰੋਤੇ ਹੁਣ ਸਰੋਤੇ ਘਟ ਸਨ ਤੇ ਦਰਸ਼ਕ ਵਧੇਰੇ ਕਿਉਂਕਿ ਉਹ ਚਾਤ੍ਰਿਕ ਜੀ ਦੇ ਦਰਸ਼ਨ ਅੱਖਾਂ ਖੋਲ੍ਹ ਖੋਲ੍ਹ ਕਰ ਰਹੇ ਸਨ। ਹੁਣ ਉਨ੍ਹਾਂ ਨੂੰ ਪਤਾ ਲਗਾ ਕਿ ਅੰਮ੍ਰਿਤਸਰ ਵਿਚ ਬਣੀ ਪੰਜਾਬੀ ਸਭਾ ਦਾ ਕਰਤਾ ਧਰਤਾ, ਉਹੀ ਪੁਰਾਣਾ ਚਾਤ੍ਰਿਕ ਹੈ, ਜਿਸ ਨੂੰ ਉਹ ਕੇਵਲ ਕਿੱਸਾਕਾਰ ਦੇ ਰੂਪ ਵਿਚ ਜਾਣਦੇ ਸਨ।

ਉਸ ਦਿਨ ਮੈਂ ਟੈਮਪ੍ਰੈਸ ਹਾਲ ਵਿਚ ਸਾਂ ਅਤੇ ਮੇਰੇ ਲਈ ਧਨੀ ਰਾਮ ਚਾਤ੍ਰਿਕ ਦੇ ਪਰਤੱਖ ਦਰਸ਼ਨ ਇੰਨਾ ਅਚੰਭਾ ਨਹੀਂ ਸਨ ਕਿਉਂਕਿ ਮੈਨੂੰ ਉਨ੍ਹਾਂ ਦੇ ਪਿਛਲੇ ਕਵੀ ਜੀਵਨ ਦਾ ਪਤਾ ਨਹੀਂ ਸੀ। ਮੈਂ ਤਾਂ ਉਸ ਗੀਤ ਦੇ ਰਸ ਵਿਚ ਹੀ ਮਸਤ ਸਾਂ ਤੇ ਸੋਚ ਰਿਹਾ ਸਾਂ, ਨਵੇਂ ਕਵੀਆਂ ਵਿਚ ਭੀ ਕੋਈ ਏਨਾ ਿ ਹਾ ਗੀਤ ਲਿਖ ਸਕਦਾ ਹੈ ? ਬਹੁਤ ਕਰਕੇ ਸਮਕਾਲੀ ਸਾਹਿਤ ਦਾ ਮੁੱਲ ਅਸੀਂ ਪੂਰੀ ਤਰ੍ਹਾਂ ਨਹੀਂ ਪਾ ਸਕਦੇ ਅਤੇ ਭੂਤ ਕਾਲ ਦੇ ਹੀ ਗੁਣ ਗਾਉਂਦੇ ਰਹਿੰਦੇ ਹਾਂ।

ਅਤੇ ਚਾਤ੍ਰਿਕ ਦਾ ਦੂਜਾ ਗੀਤ ਜੋ 'ਕਾਕਾ ਜਾਨ' ਨੇ ਗਾਇਆ, ਦੇ ਸ਼ਬਦ—

'ਐ ਦਿਲਾ ਹੋਸ਼ ਕਰੀ, ਨਿਹੁੰ ਨਾ ਲਗਾਈਂ ਵੇਖੀਂ।'

ਅਗਲੇ ਦਿਨ ਤੋਂ ਅੰਮ੍ਰਿਤਸਰ ਦੀਆਂ ਗਲੀਆਂ ਵਿਚ ਮੰਗਣ ਵਾਲੇ, ਉਨ੍ਹਾਂ ਨੂੰ ਖੈਰ ਪਾਉਣ ਵਾਲੇ ਇਉਂ ਹੀ ਗਾਉਂਦੇ ਫਿਰਦੇ ਸਨ, ਜਿਵੇਂ ਅਜ ਕਲ ਕਿਸੇ ਨਵੀਂ ਫਿਲਮ ਦੇ ਗੀਤਾਂ ਵਿਚੋਂ ਕੋਈ ਕੋਈ ਪ੍ਰਚਲਤ ਹੁੰਦਾ ਹੈ।

ਫਿਰ ਮੈਂ ਕਵੀ ਦਰਬਾਰਾਂ ਵਿਚ ਕਵਿਤਾ ਪੜ੍ਹਦਾ ਚਾਤ੍ਰਿਕ ਭੀ ਵੇਖਿਆ ਪਰ ਉਹ ਚਾਤ੍ਰਿਕ ਏਨਾ ਪ੍ਰਭਾਵਸ਼ਾਲੀ ਨਹੀਂ ਸੀ। ਚਾਤ੍ਰਿਕ ਦੀ ਹੀ ਕਵਿਤਾ ਜਦੋਂ ਕੋਈ ਹੋਰ ਪੜ੍ਹਦਾ ਤਾਂ ਉਹ ਬਹੁਤ ਹੀ 'ਵਰ੍ਹਦੀ' ਤੇ ਇੰਨੀ ਫਬਦੀ ਕਿ ਚਾਤ੍ਰਿਕ ਜੀ ਆਪ ਭੀ ਸੁਣ ਸੁਣ ਝੂਮਦੇ ਜਿਵੇਂ ਆਪਣੇ ਬਣਾਏ ਚਿਤ੍ਰ ਨੂੰ ਵੇਖ ਕੇ ਕੋਈ ਚਿਤਰਕਾਰ ਮਸਤ ਮੁਗਧ ਹੋ ਜਾਵੇ।

ਤਿੰਨ ਵਰੇ ਪਿਛੋਂ ਡਾ. ਦੇਵੀ ਦਾਸ 'ਹਿੰਦੀ' ਮੇਰੇ ਗਵਾਂਢੀ ਸਨ। ਉਨ੍ਹਾਂ ਦਾ ਚਾਤ੍ਰਿਕ ਜੀ ਨਾਲ ਚੰਗਾ ਮੇਲ ਜੋਲ ਸੀ, ਇਉਂ ਹੀ ਸ. ਸ. ਚਰਨ ਸਿੰਘ ਦੇ ਅਖਬਾਰ 'ਮੌਜੀ' ਤੇ 'ਹੰਸ' ਲਈ ਲਿਖਦਾ ਰਹਿਣ ਕਰਕੇ ਮੇਰੀ 'ਸ਼ਹੀਦ' ਜੀ ਨਾਲ ਜਾਣਕਾਰੀ ਸੀ। ਹਰਿੰਦ੍ਰ ਸਿੰਘ ਰੂਪ ਤੇ ਵਿਧਾਤਾ ਸਿੰਘ 'ਤੀਰ' ਜੀ ਦਾ ਭੀ ਚਾਤ੍ਰਿਕ ਜੀ ਕੋਲ ਚੰਗਾ ਆਉਣ ਜਾਣ ਸੀ ਤੇ ਇਉਂ ਮੈਂ ਭੀ ਚਾਤ੍ਰਿਕ ਜੀ ਦੇ ਜਾਣੂੰਆਂ ਵਿਚ ਸ਼ਾਮਲ ਹੋ ਗਿਆ। ਏਥੋਂ ਤਕ ਕਿ ਹਿੰਦੀ ਜੀ ਦੀ ਪ੍ਰੇਰਨਾ ਨਾਲ ਜਦ ਮੈਂ ਆਪਣੇ ਚਲਾਏ ਗੁਰੂ ਰਾਮਦਾਸ ਕਾਲਜ ਵਿਚ ਸੰਨ 30, 31 ਵਿਚ ਕੇਵਲ 15, 20 ਕਵੀਆਂ ਦਾ ਹੀ ਮਾਸਕ ਸੰਮੇਲਨ ਕਰਨ ਲਗਾ ਤਾਂ ਚਾਤ੍ਰਿਕ ਜੀ ਵੀ ਉਥੇ ਆਮ ਦਰਸ਼ਨ ਦੇਣ ਲਗੇ ਤੇ ਕਵਿਤਾ, ਹਾਸਰਸੀ ਗਲ ਬਾਤ ਤੇ ਪ੍ਰਧਾਨਤਾ ਨਾਲ ਨਿਵਾਜਣ ਲਗੇ। ਮੈਂ ਉਨ੍ਹਾਂ ਨੂੰ ਮਿਤ੍ਰ ਨਹੀਂ ਆਖਿਆ, ਕਿਉਂਕਿ ਉਹ ਮੈਥੋਂ 33 ਸਾਲ ਵਡੇ ਸਨ। ਇਸ ਲਈ ਮੈਨੂੰ ਉਨ੍ਹਾਂ ਵਿਚ ਮਿਤ੍ਰਤਾ ਨਾਲੋਂ ਬਜ਼ੁਰਗੀ ਵਧੇਰੇ ਦਿਸਦੀ ਸੀ। ਪਰ ਉਨ੍ਹਾਂ ਦੀ ਸੁਹਿਰਦਤਾ ਤੇ ਮੈਤ੍ਰੀ ਭਾਵ ਤੋਂ ਉਦੋਂ ਮੈਂ ਅਚੰਭਿਤ ਹੋਇਆ ਜਦੋਂ ਕੁਝ ਕੁ ਵਰੇ ਪਿਛੋਂ ਹੀ ਉਨ੍ਹਾਂ ਆਪਣੇ ਅਭਿਨੰਦਨ ਗ੍ਰੰਥ ਵਿਚ ਆਪਣੇ ਮਿਤ੍ਰਾਂ ਵਿਚ ਮੇਰਾ ਨਾਂ ਲਿਖਿਆ। ਫੇਰ ਮੈਨੂੰ ਸਮਝ ਆਈ ਕਿ ਉਹ ਸਚਮੁਚ ਹੀ ਮਿਤ੍ਰਾਂ ਵਾਂਗ ਸਦਾ ਮੈਨੂੰ ਮਿਲਦੇ ਰਹੇ, ਜੀ, ਕਹਿੰਦੇ ਰਹੇ ਅਤੇ ਘਰ ਜਾਂ 'ਸਦਰਸ਼ਨ ਪ੍ਰੈਸ' ਅਥਵਾ ਸਟੈਂਡਰਡ ਟਾਈਪ

ਫਾਊਂਡਰੀ ਵਿਚ ਮਿਲਣ ਗਿਆਂ ਨੂੰ ਉਹ ਸਦਾ ਪੂਰਾ ਮਾਣ, ਸਤਿਕਾਰ ਦਿੰਦੇ ਸਨ, ਜਿਵੇਂ ਬਰਾਬਰ ਦੇ, ਹਾਣ ਦੇ ਮਿਤ੍ਰਾਂ ਨੂੰ ਦੇਈਦਾ ਹੈ।

ਮੈਂ ਜਿੰਨੀ ਵਾਰ ਭੀ ਉਨ੍ਹਾਂ ਕੋਲ ਗਿਆ (ਭਾਵੇਂ ਇਹ ਵਾਰੀਆਂ ਆਮ ਕਰਕੇ ਹੋਰ ਉਨ੍ਹਾਂ ਦੇ ਮਿਤ੍ਰਾਂ ਨਾਲੋਂ ਬਹੁਤ ਹੀ ਘਟ ਸਨ) ਉਨ੍ਹਾਂ ਕੋਲ ਘਰ, ਚੌਂਕ ਬਾਬਾ ਸਾਹਿਬ, ਖਾਲਸਾ ਕਾਲਜ, ਅੰਮ੍ਰਿਤਸਰ ਵਾਲੀ ਕੋਠੀ ਜਿਥੇ ਉਹ 1935, 36 ਵਿਚ ਆ ਗਏ ਹੋਏ ਸਨ ਜਾਂ ਪ੍ਰੈਸ ਜਿਥੇ ਅਤਿ ਸੋਹਜ ਤੇ ਸੁੰਦਰਤਾ ਵਾਲੀ ਥੋੜੀ ਪਰ ਮਹਿੰਗੀ ਛਪਾਈ ਹੁੰਦੀ ਸੀ ਤੇ ਜਿਥੇ ਭਾਈ ਕਾਹਨ ਸਿੰਘ ਜੀ ਦੇ ਕੋਸ਼ ਦੀਆਂ ਚਾਰੇ ਜਿਲਦਾਂ ਸਣੇ ਤਸਵੀਰਾਂ ਦੇ ਛਪੀਆਂ ਸਨ, ਸਟੈਂਡਰਡ ਟਾਈਪ ਫਾਊਂਡਰੀ, ਜਿਥੋਂ ਦੇ ਨਵੇਂ ਤੇ ਸੁੰਦਰ ਢੰਗ ਦੇ ਪੰਜਾਬੀ ਦੇ 12 ਪੁਆਇੰਟ ਤੋਂ 72 ਪੁਆਇੰਟ ਤਕ ਦੇ ਬਹੁਤ ਸੁੰਦਰ ਤੇ ਨਵੀਨ ਟਾਈਪ (ਸਿੱਕੇ ਦੇ ਅੱਖਰ) ਤਿਆਰ ਹੁੰਦੇ ਸਨ ਅਤੇ ਜਦ ਵੀ ਗਿਆ, ਕੋਈ ਨਾ ਕੋਈ ਪੰਜਾਬੀ ਕਵੀ ਜਾਂ ਲੇਖਕ ਹੀ ਉਨ੍ਹਾਂ ਪਾਸ ਬੈਠਾ ਹੁੰਦਾ ਸੀ। ਹੈਰਾਨ ਹੁੰਦਾ ਸਾਂ ਕਿ ਲੱਖਾਂ ਦੇ ਵਪਾਰ ਵਿਚ ਖੁਭਾ ਇਹ ਸਿਧਾ ਜੇਹਾ ਮਨੁਖ ਕਿਵੇਂ ਘੰਟਿਆਂ ਬਧੀ ਉਨ੍ਹਾਂ ਨਾਲ ਗੱਲਾਂ ਕਰਨ, ਵਿਚਾਰਾਂ ਸੁਣਨ, ਹਸਣ ਤੇ ਕਵਿਤਾ ਸੁਣਨ ਤੇ ਸੁਣਾਉਣ ਲਈ ਵਕਤ ਕਢ ਲੈਂਦਾ ਹੈ। ਗਾਹਕਾਂ ਤੇ ਕਾਰੀਗਰਾਂ ਨਾਲ ਉਨ੍ਹਾਂ ਦੇ ਹੋਰ ਕਰਮਚਾਰੀ ਨਜਿਠਦੇ ਰਹਿੰਦੇ ਤੇ ਕਵੀਆਂ ਲੇਖਕਾਂ ਵਲ ਚਾਤ੍ਰਿਕ ਜੀ ਆਪ ਧਿਆਨ ਦਿੰਦੇ ਭਾਵੇਂ ਉਹ ਕਿਸੇ ਵੇਲੇ ਭੀ ਪਹੁੰਚਣ। ਇਕ ਮੌਕਾ ਜ਼ਰੂਰ ਅਜੇਹਾ ਸੀ ਜਿਸ ਵੇਲੇ ਦਿਨੇ ਭੀ ਮਿਲਣ ਗਏ ਵਡੇ ਤੋਂ ਵਡੇ ਗਾਹਕ ਜਾਂ ਕਵੀ ਨੂੰ ਭੀ ਉਡੀਕਣਾ ਪੈਂਦਾ ਸੀ। ਉਹ ਸੀ ਦੁਪਹਿਰ ਪਿਛੋਂ ਡੇਢ ਤੋਂ ਤਿੰਨ ਜਾਂ ਕਈ ਵਾਰ ਚਾਰ ਵਜੇ ਤਕ। ਉਸ ਵੇਲੇ ਚਾਤ੍ਰਿਕ ਜੀ ਸੁਤੇ ਹੁੰਦੇ ਸਨ ਤੇ ਸ਼ਾਇਦ ਸਾਰੇ ਦਿਨ ਵਿਚ ਤੇ ਸਾਰੀ ਉਮਰ ਵਿਚ ਇਹੋ ਇਕ ਪ੍ਰੋਗਰਾਮ ਸੀ ਜੋ ਉਹ ਨੇਮ ਨਾਲ ਅਖੰਡ ਤੇ ਇਕ ਰਸ ਨਿਭਾਉਂਦੇ ਰਹੇ ਅਤੇ ਅਰੋਗਤਾ ਸਮੇਂ ਜਾਂ ਬੀਮਾਰੀ ਵੇਲੇ ਵੀ ਇਹ ਨਿਯਮ ਕਾਨੂੰਨ ਨਾਲੋਂ ਵੀ ਵਧੇਰੇ ਪੱਕੀ ਤਰ੍ਹਾਂ ਨਿਭਦਾ ਰਿਹਾ।

ਕਵੀਆਂ ਵਿਚ ਬੈਠੇ ਉਹ ਬਹੁਤ ਹੀ ਹਸਮੁਖ ਤੇ ਮਖੌਲੀ ਹੁੰਦੇ ਸਨ। ਸ. ਚੰਨਣ ਸਿੰਘ ਜੈਤੂਵਾਲੀਆ, ਡਾਕਟਰ ਦੇਵੀ ਦਾਸ 'ਹਿੰਦੀ', ਕਵੀ ਫੀਰੋਜ਼ਦੀਨ ਸ਼ਰਫ ਅਤੇ ਡਾਕਟਰ ਮੋਹਨ ਸਿੰਘ ਦੀਵਾਨਾ ਆਦਿ ਵਿਚੋਂ ਜਦੋਂ ਕੋਈ ਇਕ ਭੀ ਉਨ੍ਹਾਂ ਕੋਲ ਬੈਠਾ ਹੋਵੇ ਤਾਂ ਹਾਸੇ ਨਾਲ ਕੋਠੀ ਜਾਂ ਦਫਤਰ ਦੀਆਂ ਕੰਧਾਂ ਗੂੰਜ ਉਠਦੀਆਂ ਸਨ। ਵਿਸ਼ੇਸ਼ ਕਥਨ ਯੋਗ ਗੱਲ ਹੈ ਕਿ ਇਸ ਹਾਸੇ ਵਿਚ ਇਕ ਵੱਡਾ ਗੁਣ ਇਹ ਹੁੰਦਾ ਸੀ ਕਿ ਇਹ ਹਾਸਾ ਸਦਾ ਹੀ ਉਚ ਦਰਜੇ ਦਾ ਸਵੱਛ ਹੁੰਦਾ ਸੀ ਅਰਥਾਤ ਇਸ ਵਿਚ ਨਾ ਕਾਮ-ਭੜਕਾਊ ਗੱਲਾਂ ਹੁੰਦੀਆਂ ਸਨ, ਨਾ ਕਿਸੇ ਕੋਲ ਬੈਠੇ ਦੀ ਹੇਠੀ, ਨਾ ਕਿਸੇ ਦੀ ਚੁਗਲੀ ਸਗੋਂ ਇਸ ਹਾਸੇ ਦਾ ਸੋਮਾਂ ਵਧੇਰੇ ਕਰਕੇ ਹਾਜ਼ਰ ਜਵਾਬੀ, ਸ਼ਬਦਾਂ ਦੇ ਅਰਥ ਜਾਂ ਕਵੀਆਂ ਦੇ ਸ਼ੇਅਰਾਂ ਦੇ ਗੂੜ੍ਹੇ ਅਰਥ ਹੁੰਦੇ ਸਨ।

ਅਜੇਹੀਆਂ ਮਿਲਣੀਆਂ ਵਿਚ ਹਰ ਇਕ ਆਪਣੀ ਨਵੀਂ ਰਚਨਾਂ ਜ਼ਰੂਰ ਸੁਣਾਉਂਦਾ, ਸਲਾਹਾਂ ਨੂੰ ਨੇਕ ਨੀਅਤੀ ਨਾਲ ਵਿਚਾਰ ਕੇ ਪ੍ਰਵਾਨ ਕਰਦਾ ਜਾਂ ਸਲਾਹ ਦੇਣ ਵਾਲੇ ਨੂੰ ਮਨਾਉਣ ਦਾ ਯਤਨ ਕਰਦਾ ਕਿ ਮੈਂ ਠੀਕ ਹਾਂ। ਇਸ ਵਿਚੋਂ ਕਦੇ ਕੁੜੱਤਣ ਜਾਂ ਫਿਕ ਨਾ ਫੁਟਦਾ। ਇਉਂ ਇਹ ਮਿਲਣੀਆਂ ਉਨ੍ਹਾਂ ਦੀਆਂ 'ਸੰਜੋਗੀ ਘੜੀਆਂ' ਹੁੰਦੀਆਂ ਅਤੇ 'ਗਾਉਂਦਿਆਂ ਫਿਰਨ ਇਕੇਲੇ' ਜਾਂ 'ਦੁਨੀਆਂ ਨਵੀਂ ਵਸਾ ਲਈਏ' ਵਾਂਗ ਸਨ ਜਿਥੇ ਸੰਸਾਰ ਦਾ ਵਿਹਾਰ ਭੁੱਲੇ ਹੀ ਰਹਿੰਦੇ ਸਨ। ਪੁਰਾਣੇ ਤੇ ਹਾਣੀ ਮਿਤਰਾਂ ਦੇ ਉਹ 'ਮੁਨਸ਼ੀ ਜੀ' ਸਨ ਅਤੇ ਨਵਿਆਂ ਤੇ ਜਵਾਨਾਂ ਮੇਲੀਆਂ ਦੇ 'ਲਾਲਾ ਜੀ'। ਰੂਪ ਵਰਗੇ ਉਨ੍ਹਾਂ ਨੂੰ ਚਾਤ੍ਰਿਕ ਜੀ ਦੇ ਰੂਪ ਵਿਚ ਜਾਣਦੇ ਸਨ, ਬੇਕਲ ਦੇ ਉਹ ਮਾਮਾ ਜੀ ਸਨ। ਅਜੇਹੇ ਮਿਲਾਪੜੇ ਰੱਜੇ ਪੁੱਜੇ ਅਤੇ ਖੁਲ੍ਹੀ ਆਮਦਨ ਵਾਲੇ

ਚਾਤ੍ਰਿਕ ਦੇ ਘਰ ਤੇ ਦਫਤਰ ਵਿਚ ਲਗਭਗ ਹਫਤੇ ਦੇ ਸੱਤੇ ਦਿਨ ਹੀ ਇਹ ਰੌਣਕਾਂ ਲਗੀਆਂ ਰਹਿੰਦੀਆਂ ਅਤੇ ਇਉਂ ਚਾਤ੍ਰਿਕ ਜੀ ਤੋਂ ਵਕਤ ਦੇ ਨਾਲ ਨਾਲ ਪ੍ਰਾਹੁਣਚਾਰੀ ਤੇ ਖਰਚ ਦੀ ਮੰਗ ਵੀ ਕਰਦੀਆਂ ਜਿਸ ਨੂੰ ਚਾਤ੍ਰਿਕ ਜੀ ਸਦਾ ਖਿੜੇ ਮਥੇ ਸਹਿੰਦੇ ਰਹੇ ਅਤੇ ਇਸੇ ਮੁੱਲ ਤੋਂ ਚਾਤ੍ਰਿਕ ਦੀ ਮਿਤ੍ਰਤਾ ਦੇ ਘੇਰੇ ਵਿਚ ਵਾਧਾ ਹੁੰਦਾ ਰਿਹਾ ਅਤੇ ਵਧੇ ਹੋਏ ਮੁੱਲ ਤੋਂ ਭੀ ਇਹ ਮਾਲ ਉਹ ਖਰੀਦਦੇ ਅਤੇ ਭੰਡਾਰ ਕਰਦੇ ਰਹੇ। ਬਾਹਰੋਂ ਆਏ ਸਾਹਿਤਕ ਪ੍ਰੇਮੀ ਜਿਵੇਂ ਡਾ. ਦੀਵਾਨ ਸਿੰਘ ਕਾਲੇਪਾਣੀ, ਡਾ. ਮੋਹਣ ਸਿੰਘ 'ਦੀਵਾਨਾ', ਸ੍ਰੀ ਦਵਿੰਦਰ ਸਤਿਆਰਥੀ, ਸ੍ਰ. ਮੁਨਸ਼ਾ ਸਿੰਘ 'ਦੁਖੀ' (ਉਦੋਂ ਕਲਕਤੇ) ਸਿਧੇ ਹੀ ਉਨ੍ਹਾਂ ਦੇ ਘਰ ਪੁਜਦੇ ਤੇ ਕਈਆਂ ਨੂੰ ਮਹੀਨਿਆਂ ਬੱਧੀ ਉਨ੍ਹਾਂ ਦੇ ਪ੍ਰਾਹੁਣੇ ਬਣਨ ਦਾ ਅਵਸਰ ਮਿਲਿਆ।

ਮਿਤ੍ਰਾਂ ਤੋਂ ਬਿਨਾਂ ਉਨ੍ਹਾਂ ਦੀ ਕਵਿਤਾ ਅਤੇ ਸੁਭਾਵ ਦੇ ਪ੍ਰਸੰਸਕ ਜਾਣੂੰ ਭੀ ਸਨ। ਕਈ ਝਕਦੇ ਝਿਜਕਦੇ ਤੇ ਡਰਦੇ ਉਨ੍ਹਾਂ ਕੋਲ ਆਉਂਦੇ ਸਨ ਪਰ ਅਗੋਂ ਵੇਖਦੇ ਸਨ ਕਿ ਉਹ ਤਾਂ ਡਾ. ਭਾਈ ਵੀਰ ਸਿੰਘ ਜੀ ਦੀਆਂ ਤੁਕਾਂ ਦਾ ਸਾਖਿਆਤ ਰੂਪ ਹਨ :

ਝਕਦੇ ਝਕਦੇ, ਕੰਬਦੇ ਕੰਬਦੇ ਅਸੀ ਦਰ ਤੇਰੇ ਤੇ ਆਏ,
ਪਰ ਅਗੋਂ
ਛੁਹ ਬਖਸ਼ਣ ਦਾ ਸ਼ੌਕ ਤੁਸਾਂ ਵਿਚ, ਸਾਨੂੰ ਡੁਲ੍ਹਦਾ ਨਜ਼ਰੀ ਆਏ।

ਚਾਤ੍ਰਿਕ ਜੀ ਦੇ ਜਾਣੂੰ, ਰਿਸ਼ਤੇਦਾਰਾਂ ਤੇ ਮਿਤਰਾਂ ਨੂੰ ਚਾਤ੍ਰਿਕ ਜੀ ਤੋਂ ਹਮਦਰਦੀ, ਮਿਤ੍ਰਤਾ ਤੇ ਸਹਾਇਤਾ ਦਾ ਸਦਾ ਪੱਕਾ ਭਰੋਸਾ ਰਹਿੰਦਾ ਸੀ। ਉਨ੍ਹਾਂ ਦਾ ਵਿਸ਼ਵਾਸ ਸੀ ਕਿ ਚਾਤ੍ਰਿਕ ਜੀ ਨੇ ਕਵੀ ਦੇ ਜੋ ਲਛਣ ਲਿਖੇ ਹਨ ਉਹ ਆਪ ਉਨ੍ਹਾਂ ਦਾ ਸਾਖਿਆਤ ਚਿਤ੍ਰ ਹਨ :

ਦੁਖ ਪਰਾਏ ਸਹੇੜਨ ਵਾਲੀ, ਤੀਖਣੇ ਚੇਤਨਤਾਈ।
ਏਹ ਸਭ ਰਾਸ ਕਵੀ ਦੇ, ਹਿੱਸੇ ਚਾਤ੍ਰਿਕ ਆਈ।

ਇਸ ਵਿਸ਼ਵਾਸ ਦੇ ਅਨੇਕਾਂ ਪ੍ਰਮਾਣ ਮਿਲਦੇ ਹਨ। ਉਨ੍ਹਾਂ ਆਪ ਗਰੀਬੀ ਵੇਖੀ ਸੀ, ਤੰਗੀ ਤੱਕੀ ਸੀ, ਤੇ ਔਖੇ ਵਕਤ ਝਾਗੇ ਸਨ। ਲੋੜਵੰਦਾਂ, ਗਰੀਬ ਰਿਸ਼ਤੇਦਾਰਾਂ ਤੇ ਨੌਕਰਾਂ ਦੀ ਉਨ੍ਹਾਂ ਨੇ ਅਵਸਰ ਆਉਣ ਉਤੇ ਸਲਾਹ, ਧਨ, ਹਮਦਰਦੀ ਅਤੇ ਹੋਰ ਕਈ ਤਰ੍ਹਾਂ ਸਹਾਇਤਾ ਕੀਤੀ, ਅਨੇਕਾਂ ਕਵੀਆਂ ਨੂੰ ਉਤਸ਼ਾਹਤ ਕੀਤਾ ਤੇ ਧਨ ਦੀ ਸਹਾਇਤਾ ਕੀਤੀ।

ਜੋਸ਼ੂਆ ਫਜ਼ਲਦੀਨ ਐਡਵੋਕੇਟ ਨੇ 'ਪੰਜਾਬੀ ਦਰਬਾਰ' ਨਾਂ ਦਾ ਇਕ ਮਾਸਕ ਪਤ੍ਰ ਉਰਦੂ ਅਖਰਾਂ ਵਿਚ ਤੋਰਿਆ। ਉਸ ਵਿਚ ਚੋਖਾ ਘਾਟਾ ਪਿਆ ਤਾਂ ਮੈਨੂੰ ਲਾਲਾ ਧਨੀ ਰਾਮ ਚਾਤ੍ਰਿਕ ਵਲੋਂ ਅਚਨਚੇਤ ਇਕ ਖਤ ਆਇਆ। ਖਤ ਦਾ ਮਜ਼ਮੂਨ ਸੀ 'ਪੰਜਾਬੀ ਦਰਬਾਰ ਦੀ ਸ਼ਰਾਕਤ ਅਤੇ ਲਾਲਾ ਜੀ ਨੇ ਹਿਸੇਦਾਰੀ ਸ਼ਰਤ ਇਹ ਲਿਖੀ ਸੀ ਕਿ ਜੇਕਰ ਪੰਜਾਬੀ ਦਰਬਾਰ ਨੂੰ ਕੋਈ ਘਾਟਾ ਹੋਵੇ ਤਾਂ ਮੈਂ ਉਹਦਾ ਭਿਆਲ। ਪਰ ਜੇਹੜਾ ਕੋਈ ਮੁਨਾਫਾ ਹੋਵੇ ਉਹ ਸਾਰਾ ਤੁਹਾਡਾ ਆਪਣਾ।' ਇਹ ਇਕ ਅਸਚਰਜ ਖਤ ਸੀ।

ਭਾਈ ਨਾਨਕ ਸਿੰਘ ਨਾਵਲਿਸਟ ਨੇ ਉਨ੍ਹਾਂ ਦੀ ਹਮਦਰਦੀ ਦੇ ਤਿੰਨ ਸੁੰਦਰ ਦ੍ਰਿਸ਼ਟਾਂਤ ਦਿਤੇ ਹਨ :

'ਇਕ ਵਾਰੀ ਦਾ ਜ਼ਿਕਰ ਹੈ, ਬਦ-ਕਿਸਮਤੀ ਨੇ ਮੈਨੂੰ ਇਕ ਵਪਾਰ ਦੀ ਫਾਹੀ ਵਿਚ ਫਸਾ ਦਿਤਾ। ਕਿਸੇ ਦੋਸਤ ਨਾਲ ਰਲ ਕੇ ਪ੍ਰੈਸ ਖੋਲ੍ਹਿਆ। ਅਜ ਤੋਂ ਕੋਈ ਪੰਝੀ ਕੁ ਸਾਲ ਪਹਿਲਾਂ ਦਾ ਜ਼ਿਕਰ ਹੈ। ਕੁਝ ਨਾ-ਤਜਰਬਾਕਾਰੀ ਨੇ ਤੇ ਕੁਝ ਸੁਭਾਵਿਕ ਲਾ-ਪਰਵਾਹੀ ਨੇ ਇਕ ਸਾਲ ਦੇ ਅੰਦਰ ਅੰਦਰ ਮੈਨੂੰ ਘਾਟੇ ਥੱਲੇ ਨੱਪ ਦਿਤਾ। ਪ੍ਰੈਸ ਤਾਂ ਛੇਕੜ ਵੇਚ ਵੱਟ ਕੇ ਮੈਂ ਵੇਹਲਾ

ਹੋ ਗਿਆ, ਪਰ ਕਰਜ਼ੇ ਵਾਲਿਆਂ ਬੋਟੀਆਂ ਤੋੜਨੀਆਂ ਸ਼ੁਰੂ ਕਰ ਦਿਤੀਆਂ। ਚੁਪਾਸੀਂ ਨਜ਼ਰਾਂ ਦੁੜਾ ਕੇ ਤੱਕਿਆ ਮਤੇ ਕੋਈ ਇਸ ਹਨੇਰੀ ਦੁਨੀਆਂ ਵਿਚ ਕਿਰਨ ਦਾ ਟੋਟਾ ਬਾਕੀ ਹੋਵੇ, ਪਰ ਕਿਤੋਂ ਕੁਝ ਨਾ ਦਿਸਿਆ, ਛੇਕੜੇ ਇਹਨਾਂ ਹੀ 'ਚਾਤ੍ਰਿਕ' ਹੋਰਾਂ ਆ ਮੇਰੀ ਬਾਂਹ ਫੜੀ ਤੇ ਇਤਨਾ ਹੀ ਦਸਣਾ ਕਾਫੀ ਹੈ ਕਿ ਜੇ ਇਹ ਨਾ ਫੜਦੇ ਤਾਂ ਮੈਂ ਖੁਦਕੁਸ਼ੀ ਕਰ ਲੈਂਦਾ ਜਾਂ ਕਿਤੇ ਦੇਸ ਪਰਦੇਸ ਨਿਕਲ ਜਾਂਦਾ।'

ਇਸ ਘਟਨਾ ਤੋਂ ਕੋਈ ਦਸ ਬਾਰਾਂ ਸਾਲ ਪਿਛੋਂ ਇਕ ਵੇਰ ਫੇਰ ਮੈਂ ਇਹੋ ਜਿਹੀ ਬਿਪਤਾ ਵਿਚ ਘਿਰ ਗਿਆ। ਕਿਸੇ ਪੁਸਤਕ ਫਰੋਸ਼ ਨੂੰ ਆਪਣੇ ਕਿਤਾਬੀ ਕੰਮ ਦਾ ਠੇਕਾ ਦੇ ਬੈਠਾ ਸੀ। ਉਸ ਨੇ ਐਸਾ ਕੁੜਿੱਕੀ ਵਿਚ ਫਾਹਿਆ ਕਿ ਮੈਂ ਚਾਰੇ ਸ਼ਾਨੇ ਚਿੱਤ ਢਹਿ ਪਿਆ। ਕੁਲ ਇਕ ਹਜ਼ਾਰ ਰੁਪਏ ਬਦਲੇ ਮੇਰਾ ਸਾਰਾ ਵਰਤਮਾਨ ਤੇ ਭਵਿਸ਼ ਖਤਰੇ ਵਿਚ ਸੀ, ਪਰ ਪੱਲੇ ਸੰਖੀਆ ਖਾਣ ਨੂੰ ਟਕਾ ਨਹੀਂ ਸੀ। ਓਦੋਂ ਫੇਰ ਮੈਨੂੰ 'ਚਾਤ੍ਰਿਕ' ਜੀ ਦੀ ਠਾਹਰ ਸੁੱਝੀ। ਮੈਂ ਘਰ ਦਾ ਜੇਹੜਾ ਰਤੀ ਮਾਸਾ ਛਿਲ ਮਤਾਣ ਸੀ—ਕੋਈ ਪੰਜ ਛੀ ਤੋਲੇ ਸੋਨਾ ਲੈ ਕੇ ਉਨ੍ਹਾਂ ਪਾਸ ਪੁਜਾ ਤੇ ਡਰਦਿਆਂ ਡਰਦਿਆਂ ਕਿਹਾ-ਐਹ ਰਖ ਲਓ ਤੇ ਮੈਨੂੰ ਇਕ ਹਜ਼ਾਰ ਰੁਪਏ ਦੀ ਲੋੜ ਹੈ।

ਚੀਜ਼ ਸਾਰੀ ਮਸੇ ਤਿੰਨ ਸਾਢੇ ਤਿੰਨ ਸੌ ਦੀ ਹੋਵੇਗੀ। ਮੈਂ ਡਰ ਰਿਹਾ ਸਾਂ ਕਿ ਮੈਂ ਕੀ ਕਰ ਰਿਹਾ ਹਾਂ। ਹਜ਼ਾਰ ਰੁਪਏ ਲੈਣ ਲਈ ਡੇਢ ਕੁ ਹਜ਼ਾਰ ਦੀ ਚੀਜ਼ ਤਾਂ ਹੋਣੀ ਚਾਹੀਦੀ ਸੀ। ਪਰ ਕੀ ਦੱਸਾਂ, ਉਨ੍ਹਾਂ ਦੀ ਉਦਾਰਤਾ ਨੇ ਨਾ-ਕੇਵਲ ਮੇਰੀ ਮੁਸੀਬਤ ਟਾਲ ਦਿਤੀ, ਮੇਰੀ ਸ਼ਰਧਾ ਦਾ ਰੰਗ ਹੋਰ ਵੀ ਗੂੜ੍ਹਾ ਕਰ ਦਿਤਾ। ਪੋਟਲੀ ਮੇਰੇ ਹੱਥ ਫੜਾ ਕੇ ਕਹਿਣ ਲੱਗੇ—'ਇਹ ਕੀ ਹਿਮਾਕਤ ਹੈ। ਵਿਚਾਰੀ ਦੇ ਹਥੋਂ ਕੰਨੋਂ ਖੋਹ ਲਿਆਂਦਾ ਈ। ਇਹ ਜਾ ਕੇ ਦੇ ਦੇਹ ਉਸ ਨੂੰ। ਤੇ ਉਨ੍ਹਾਂ ਹਜ਼ਾਰ ਦਾ ਚੈਕ ਕੱਟ ਕੇ ਮੇਰੇ ਹਵਾਲੇ ਕਰ ਦਿਤਾ। ਇਹ ਰਕਮ ਮੈਂ ਕਈਆਂ ਮਹੀਨਿਆਂ ਪਿਛੋਂ ਮੋੜ ਸਕਿਆ।

ਵਕਤ ਬੀਤ ਗਿਆ। ਮੁਸੀਬਤ ਦੀਆਂ ਘੜੀਆਂ ਲੰਘ ਗਈਆਂ ਤੇ ਅਜ ਮੇਰੇ ਉਤੇ ਹਰ ਤਰ੍ਹਾਂ ਨਾਲ ਦਾਤੇ ਦੀ ਮੇਹਰ ਹੈ, ਪਰ ਕੀ ਮਰਦੇ ਦਮ ਤਕ ਵੀ ਮੈਨੂੰ 'ਚਾਤ੍ਰਿਕ' ਜੀ ਦਾ ਵਰਤਾਉ ਭੁਲ ਸਕੇਗਾ ?

ਇਸੇ ਤਰ੍ਹਾਂ ਦਾ ਇਕ ਹੋਰ ਨਿਕਾ ਜਿਹਾ ਵਾਕਿਆ ਯਾਦ ਹੈ। ਮੇਰਾ ਇਕ ਮਿਤਰ ਮਾਸਟਰ ਆਤਮਾ ਸਿੰਘ, ਸਿਖ ਮਿਸ਼ਨਰੀ ਕਾਲਜ ਵਿਚ ਰਾਗ-ਵਿਦਿਆ ਸਿਖਾਂਦਾ ਸੀ। ਵਿਚਾਰਾ ਬੜਾ ਬਦ-ਨਸੀਬ ਸੀ। ਘਰ ਵਿਚ ਦੀ ਅਠ-ਪਹਿਰੀ ਕਲ੍ਹਾ ਨੇ ਛੇਕੜ ਉਸ ਨੂੰ ਤਪਦਿਕ ਦਾ ਮਰੀਜ਼ ਬਣਾ ਦਿੱਤਾ ਤੇ ਸਾਲ ਕੁ ਬੀਮਾਰ ਰਹਿਣ ਪਿਛੋਂ ਉਸ ਦੀ ਮੌਤ ਹੋ ਗਈ। ਜਿੰਨੇ ਕੁ ਜੋਗਾ ਮੈਂ ਹੈ ਸਾਂ, ਵਿੱਤ ਅਨੁਸਾਰ ਉਸ ਦੇ ਜੀਉਂਦਿਆਂ ਕੁਝ ਨਾ ਕੁਝ ਕਰਦਾ ਰਿਹਾ, ਪਰ ਉਸ ਦੀ ਮੌਤ ਪਿਛੋਂ ਪਤਾ ਲਗਾ ਕਿ ਉਹ ਵਿਚਾਰਾ ਬੱਚਿਆਂ ਦੇ ਸਿਰ ਤੇ ਕੁਝ ਕਰਜ਼ ਛਡ ਗਿਆ ਸੀ ਤੇ ਕਰਜ਼ ਵੀ ਡਾਢੇ ਜ਼ਾਲਮ ਦਾ, ਜੇਹੜਾ ਕਿਰਿਆ ਕਰਮ ਤੋਂ ਵੀ ਪਹਿਲਾਂ ਉਨ੍ਹਾਂ ਦੀ ਸੰਘੀਂ ਨਹੁੰ ਦੇਣ ਨੂੰ ਤਿਆਰ ਹੋ ਪਿਆ ਸੀ।

ਮੇਰੀ ਆਪਣੀ ਇਤਨੀ ਸਮਰੱਥਾ ਨਹੀਂ ਸੀ। ਸੋ ਦੋਸਤਾਂ ਮਿਤਰਾਂ ਨੂੰ ਟੁੰਬਣਾ ਪਿਆ। ਸ. ਸ. ਅਮੋਲ, ਪ੍ਰੋ. ਤੇਜਾ ਸਿੰਘ, ਪ੍ਰੋ. ਗੰਗਾ ਸਿੰਘ ਤੇ ਹੋਰ ਜਿਨ੍ਹਾਂ ਕੋਲ ਮੈਂ ਪੁੱਜਾ, ਉਨ੍ਹਾਂ ਪਾਸੋਂ ਕੁਝ ਨਾ ਕੁਝ ਲੈ ਕੇ ਹੀ ਆਇਆ ਤੇ ਉਸ ਤੋਂ ਪਿਛੋਂ ਮੈਂ 'ਚਾਤ੍ਰਿਕ' ਹੁਰਾਂ ਦੀ ਕੋਠੀ ਅਪੜਿਆ। ਪੁੱਛਣ ਲੱਗੇ—'ਕਿੰਨੇ ਕੁ ਰੁਪਈਏ ਕੱਠੇ ਕੀਤੇ ਜੇ ?'

'ਅਜੇ ਤੇ ਸੌ ਵੀ ਪੂਰਾ ਨਹੀਂ ਹੋਇਆ।'

'ਤੇ ਲੋੜੀਂਦੇ ਕਿੰਨੇ ਜੇ ?'

'ਉਨ੍ਹਾਂ ਉਤੇ ਸਾਢੇ ਤਿੰਨ ਸੌ ਕਰਜ਼ ਹੈ ਤੇ ਕੁਝ ਹੋਰ ਵੀ ਚਾਲੂ ਲੋੜਾਂ ਲਈ ਲੋੜੀਂਦਾ ਹੋਵੇਗਾ ਵਿਚਾਰਿਆਂ ਨੂੰ।'

'ਤਾਂ ਮਤਲਬ ਕੀ ਕਿ ਪੰਜ ਕੁ ਸੌ ਕੱਠਾ ਕਰਨ ਦਾ ਤੁਹਾਡਾ ਇਰਾਦਾ ਹੈ।'

'ਜੀ ਹਾਂ, ਪਰ ਜੇ ਇੰਨਾ ਕਰ ਸਕਿਆ।'

ਤੇ ਚਾਤ੍ਰਿਕ ਹੋਰਾਂ ਸਰ੍ਹਾਣੇ ਹੇਠੋਂ ਚੈਕ ਬੁਕ ਕਢ ਕੇ ਬਿਨਾਂ ਹੋਰ ਕੁਝ ਕਿਹਾਂ ਚਾਰ ਸੌ ਦਾ ਚੈਕ ਕੱਟ ਕੇ ਮੇਰੇ ਹਵਾਲੇ ਕਰ ਦਿਤਾ।...........'

ਅਨੇਕਾਂ ਹੀ ਧਾਰਮਿਕ ਤੇ ਸਾਹਿਤਕ ਜਾਂ ਵਿਦਿਅਕ ਸੰਸਥਾਵਾਂ ਜਾਂ ਇਕੱਤ੍ਰਤਾਵਾਂ ਉਨ੍ਹਾਂ ਤੋਂ ਚੰਦੇ ਆਦਿਕ ਦਾ ਭਰੋਸਾ ਰਖਦੀਆਂ ਸਨ ਤੇ ਉਨ੍ਹਾਂ ਨੂੰ ਕਦੇ ਨਿਰਾਸਤਾ ਨਹੀਂ ਸੀ ਹੁੰਦੀ।

ਸਾਹਿਤਕ ਕੰਮ ਕਰਨ ਵਾਲਿਆਂ ਦੀ ਤਾਂ ਉਹ ਤਨ, ਮਨ, ਧਨ ਜਾਂ ਮਨ, ਬਚਨ, ਕ੍ਰਮ ਰਾਹੀਂ ਸੇਵਾ ਲਈ ਸਦਾ ਹੀ ਤਤਪਰ ਰਹਿੰਦੇ ਸਨ। ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਨੂੰ ਕਈ ਪ੍ਰਕਾਰ ਦੀ ਸਹਾਇਤਾ ਚਾਤ੍ਰਿਕ ਜੀ ਤੋਂ ਮਿਲੀ, ਸ੍ਰੀ ਦੇਵਿੰਦਰ ਸਤਿਆਰਥੀ, ਜਦੋਂ ਗੀਤ ਇਕੱਤ੍ਰ ਕਰ ਰਹੇ ਸਨ, ਵਰ੍ਹਿਆਂ ਨਹੀਂ ਤਾਂ ਮਹੀਨਿਆਂ ਬਧੀ ਉਨ੍ਹਾਂ ਦੇ ਮਹਿਮਾਨ ਰਹੇ ਤੇ ਇਉਂ ਹੀ ਡਾਕਟਰ ਮੋਹਨ ਸਿੰਘ 'ਦੀਵਾਨਾ'। ਉਨ੍ਹਾਂ ਦੀ ਕੋਠੀ ਵਿਚ ਚਾਹ ਦੇ ਪਿਆਲੇ ਪੀਂਦਿਆਂ ਕਈ ਕਵੀਆਂ ਤੇ ਲੇਖਕਾਂ ਵਿਦਵਾਨਾਂ ਤੇ ਅਨਪੜ੍ਹਾਂ ਦੇ ਆਪਸੀ ਝਗੜੇ ਉਨ੍ਹਾਂ ਦੇ ਯਤਨਾਂ ਨਾਲ ਨਿਬੜਦੇ ਰਹੇ। 'ਪਰਮ-ਮਨੁਖ' ਨਾਂ ਦੇ ਲੇਖ ਤੋਂ ਵਧੀ ਹੋਈ ਚਰਚਾ ਦਾ ਅੰਤ ਅਖੀਰ 'ਚਾਤ੍ਰਿਕ' ਜੀ ਦੇ ਘਰ ਹੋਈ ਇਕ ਇਕਤ੍ਰਤਾ ਵਿਚ ਹੀ ਹੋਇਆ ਜਿਥੇ ਸ. ਗੁਰਬਖਸ਼ ਸਿੰਘ ਦੇ ਨਾਲ ਬਹਿ ਕੇ ਉਨ੍ਹਾਂ ਦੇ ਵਿਰੁਧ ਕਰੜੇ ਤੋਂ ਕਰੜਾ ਤੇ ਕੌੜੇ ਤੋਂ ਕੌੜਾ ਲਿਖਣ ਵਾਲਿਆਂ ਨੇ ਭੀ, ਪ੍ਰੇਮ ਤੇ ਮੈਤ੍ਰੀ-ਭਾਵ ਨਾਲ ਵਿਚਾਰਾਂ ਕੀਤੀਆਂ। ਇਨ੍ਹਾਂ ਇਕਤ੍ਰਤਾਵਾਂ ਦੇ ਮੇਲ ਵਿਚੋਂ ਹੀ ਕਈ ਨਵੀਆਂ ਸਭਾਵਾਂ ਪੈਦਾ ਹੋਈਆਂ ਤੇ ਕਈ ਵਿਛੋੜੇ ਤੇ ਰੋਸੇ ਮਿਲਾਪ ਵਿਚ ਪਲਟੇ ਜਿਨ੍ਹਾਂ ਵਿਚ ਘਰੋਗੀ ਝਗੜਿਆਂ ਦਾ ਨਿਪਟਣਾ ਭੀ ਸੀ। ਨਿਕੀ ਤੋਂ ਨਿਕੀ ਪੋਜ਼ੀਸ਼ਨ ਦਾ ਮਨੁਖ ਭੀ ਉਨ੍ਹਾਂ ਕੋਲ ਜਾ ਕੇ ਆਪਣੇ ਆਪ ਨੂੰ ਵਡਾ ਸਮਝਣ ਲਗ ਜਾਂਦਾ ਸੀ।

ਇਉਂ ਚਾਤ੍ਰਿਕ ਜੀ ਦੇ ਦੁਆਲੇ ਇਕ ਵਿਸ਼ੇਸ਼ ਘੇਰਾ ਬਣੀ ਜਾਂਦਾ ਸੀ ਜਿਸ ਵਿਚ ਨੁਕਤਾਚੀਨ, ਕਵੀ, ਲੇਖਕ, ਵਿਦਵਾਨ, ਪ੍ਰਬੰਧਕ, ਸਿਖਾਂਦਰੂ ਕਵੀ, ਪ੍ਰਸੰਸਕ, ਮਿਤ੍ਰ, ਮੁਸਲਮਾਨ, ਸਿੱਖ ਤੇ ਹਿੰਦੂ ਤੇ ਉਨ੍ਹਾਂ ਦੇ ਰਿਸ਼ਤੇਦਾਰ ਆਦਿ ਕਈ ਵੰਨਗੀਆਂ ਸਨ ਅਤੇ ਇਨ੍ਹਾਂ ਵਿਚੋਂ ਕਿਸੇ ਇਕ ਵਿਚ ਬੈਠੇ ਚਾਤ੍ਰਿਕ ਜੀ ਬਸ ਉਨ੍ਹਾਂ ਦੇ ਆਪਣੇ ਹੀ ਜਾਪਦੇ ਸਨ। ਮੁਸਲਮਾਨ ਕਵੀਆਂ ਵਿਚੋਂ ਹੀ ਕੁਸ਼ਤਾ, ਸ਼ਰਫ, ਹਮਦਮ, ਗਾਮ, ਈਸਾ, ਖੁਸ਼ਨੂਦ, ਚੌਧਰੀ ਸ਼ਹਾਬਦੁਦੀਨ (ਪ੍ਰਧਾਨ ਪੰਜਾਬ ਅਸੈਂਬਲੀ), ਕਾਜ਼ੀ ਫਜ਼ਲ ਹਕ ਅਤੇ ਪ੍ਰੋ. ਸਿਰਾਜ ਦੀਨ ਆਦਿ ਸਨ। ਸਿੱਖਾਂ ਵਿਚੋਂ ਪ੍ਰੋ. (ਫੇਰ ਪ੍ਰਿੰਸੀਪਲ) ਤੇਜਾ ਸਿੰਘ, ਪ੍ਰੋ. ਮੋਹਨ ਸਿੰਘ, ਡਾਕਟਰ ਮੋਹਨ ਸਿੰਘ 'ਦੀਵਾਨਾ', ਡਾ. ਗੰਡਾ ਸਿੰਘ, ਸ. ਗੁਰਬਖਸ਼ ਸਿੰਘ ਪ੍ਰੀਤ ਲੜੀ, ਸ. ਚੰਨਣ ਸਿੰਘ 'ਜੇਠੂਵਾਲੀਆ', ਸ. ਹਰਿੰਦ੍ਰ ਸਿੰਘ 'ਰੂਪ', ਸ. ਨਾਨਕ ਸਿੰਘ ਨਾਵਲਿਸਟ, ਤੀਰ, ਚਕ੍ਰਵਰਤੀ, ਅਜ਼ਾਦ ਜੀ ਆਦਿ ਸਨ। ਪ੍ਰੋ. (ਪ੍ਰਿੰ.) ਤੇਜਾ ਸਿੰਘ ਨੇ ਤਾਂ ਇਕ ਵਾਰੀ ਏਥੋਂ ਤਕ ਕਿਹਾ ਸੀ ਕਿ 'ਚਾਤ੍ਰਿਕ' ਜੀ 7/10 ਸਿੱਖ ਹਨ ਅਤੇ ਪ੍ਰਮਾਣ ਵਜੋਂ ਉਨ੍ਹਾਂ ਨੇ ਚਾਤ੍ਰਿਕ ਜੀ ਦੀਆਂ ਗੁਰੂ ਸਾਹਿਬਾਂ, ਹਰਿਮੰਦਰ, ਅੰਮ੍ਰਿਤਸਰ ਤੇ ਮਹਾਰਾਜਾ ਰਣਜੀਤ ਸਿੰਘ ਆਦਿ ਸਬੰਧੀ ਛਪੀਆਂ ਕੁਝ ਕਵਿਤਾਵਾਂ ਦਾ ਦ੍ਰਿਸ਼ਟਾਂਤ ਦਿਤਾ ਸੀ।

ਅਜ ਸੰਨ 1969 ਵਿਚ, ਮੈਨੂੰ ਇਹ ਸਤਰਾਂ ਲਿਖਦਿਆਂ ਉਨ੍ਹਾਂ ਦੀ ਮ੍ਰਿਤੂ ਤੋਂ 15 ਵਰ੍ਹੇ ਪਿਛੋਂ ਉਨ੍ਹਾਂ ਦੇ ਕਈ ਵਰ੍ਹੇ ਬੀਮਾਰ ਰਹਿਣ ਦੇ ਦ੍ਰਿਸ਼ ਦੇ ਨਾਲ ਦੋ ਤਿੰਨ ਵਿਸ਼ੇਸ਼ ਯਾਦਾਂ ਆ ਗਈਆਂ ਹਨ, ਇਨ੍ਹਾਂ ਵਿਚੋਂ ਇਕ ਦਾ ਇਸੇ ਵਿਚਾਰ ਨਾਲ ਜੋੜ ਹੈ।

ਇਕ ਦਿਨ ਮੈਂ ਇੱਕਲਾ ਹੀ, ਉਨ੍ਹਾਂ ਦਾ ਹਾਲ ਪੁਛਣ ਚਲਾ ਗਿਆ। ਰੋਗ ਨਾਲ ਦੁੱਖੀ ਹੁੰਦਿਆਂ ਭੀ ਉਹ ਪੁਰਾਣੇ, ਮਿਠੇ ਤੇ ਸ਼ਾਂਤ ਸੁਭਾਵ ਵਿਚ ਮਿਲੇ। ਮੈਨੂੰ ਸਾਰੀ ਉਮਰ ਉਨ੍ਹਾਂ ਨੂੰ ਗੁੱਸੇ ਜਾਂ ਕਾਹਲ ਵਿਚ ਵੇਖਣ ਦਾ ਮੌਕਾ ਨਹੀਂ ਮਿਲਿਆ, ਸਗੋਂ ਮੈਂ ਉਨ੍ਹਾਂ ਨੂੰ ਸਦਾ ਹੀ ਧੀਰਜ ਵਿਚ, ਹਸਦਾ, ਮਖੌਲ ਠੱਠਾ ਕਰਦਾ ਜਾਂ ਹਮਦਰਦੀ ਦੇ ਰੰਗ ਵਿਚ ਵੇਖਦਾ ਰਿਹਾ ਹਾਂ। ਖੈਰ, ਬਹੁਤ ਸਾਰੀਆਂ ਗੱਲਾਂ ਦੇ ਪਿਛੋਂ ਉਹ ਕਹਿਣ ਲਗੇ, 'ਅਮੋਲ ਜੀ, (ਉਹ ਮੈਨੂੰ ਸਦਾ ਇੰਜ ਹੀ ਸੰਬੋਧਨ ਕਰਦੇ ਸਨ) 'ਅਹਿ ਮੇਰੀਆਂ ਗੁਰੂ ਜੱਸ ਦੀਆਂ ਕੁਝ ਅਣ-ਛਪੀਆਂ ਕਵਿਤਾਵਾਂ ਹਨ।' ਇਹ ਕਹਿੰਦਿਆਂ ਹੀ ਉਨ੍ਹਾਂ ਸਰ੍ਹਾਣੇ ਹੇਠੋਂ ਇਕ ਕਾਪੀ ਕਢੀ ਜੋ ਸਾਰੀ ਹੀ ਭਰੀ ਹੋਈ ਸੀ। 'ਇਨ੍ਹਾਂ ਨੂੰ ਛਪਣਾ ਦੇਣ ਤੋਂ ਪਹਿਲਾਂ ਮੈਂ ਚਾਹੁੰਦਾ ਹਾਂ, ਤੁਸੀਂ ਇਨ੍ਹਾਂ ਨੂੰ ਦੇਖੋ ਤੇ ਸਲਾਹ ਦਿਓ, ਤਾਂ ਜੋ ਅਸੀਂ ਇਨ੍ਹਾਂ ਨੂੰ ਹੋਰ ਠੀਕ ਠਾਕ ਕਰ ਲਈਏ', ਮੈਂ ਸੁਪਨੇ ਵਿਚ ਵੀ ਇਸ ਮਾਣ ਦਾ ਆਪਣੇ ਆਪ ਨੂੰ ਅਧਿਕਾਰੀ ਨਹੀਂ ਸਮਝ ਸਕਦਾ। ਮੈਂ ਹੈਰਾਨੀ ਨਾਲ ਉਨ੍ਹਾਂ ਵੱਲ ਤਕ ਰਿਹਾ ਸਾਂ।

ਮੈਂ ਅਚੰਭਿਤ ਸਾਂ ਪਰ ਮੈਤ੍ਰੀ ਭਾਵ ਵਿਚ ਮੇਰੇ ਮੂੰਹੋਂ ਇੰਨਾ ਹੀ ਨਿਕਲਿਆ, 'ਮੈਂ ?'

ਉੱਤਰ ਵਿਚ ਉਨ੍ਹਾਂ ਕਿਹਾ, 'ਹਾਂ ਤੁਸੀਂ।'.....ਤੇ ਫੇਰ ਉਨ੍ਹਾਂ ਕਈ ਕੁਝ ਕਹਿ ਦਿਤਾ, ਮੈਨੂੰ ਪਤਾ ਲੱਗਾ ਕਿ ਕਈ ਵਰ੍ਹਿਆਂ ਤੋਂ ਉਹ ਮੈਨੂੰ ਆਲੋਚਕ ਤੇ ਪਾਠਕ ਅਤੇ ਮਿਤ੍ਰ ਵਾਂਗ ਹੀ ਨਹੀਂ ਇਕ ਸਮਕਾਲੀ ਕਵੀ ਤੇ ਲੇਖਕ ਦਾ ਪੁਤਰ ਹੋਣ ਕਰਕੇ ਭੀ ਪਿਆਰ ਤੇ ਮਾਣ ਦਿੰਦੇ ਆ ਰਹੇ ਹਨ। ਮੈਂ ਉਨ੍ਹਾਂ ਦੇ ਧੀਰਜ, ਹਸਮੁਖ-ਸੁਭਾ, ਕਵਿਤਾ, ਸਹਿਨਸ਼ੀਲਤਾ, ਹਮਦਰਦੀ ਤੇ ਸੰਸਕ੍ਰਿਤੀ ਦੀਆਂ ਪ੍ਰੇਰਕ ਰੁਚੀਆਂ ਦਾ ਕਦਰਦਾਨ ਤਾਂ ਹੈ ਹੀ ਸਾਂ, ਪਰ ਮੈਨੂੰ ਅਜ ਪਤਾ ਲਗਾ ਉਹ ਜ਼ੱਰਾ-ਨਿਵਾਜ਼ ਤੇ ਵਿਸ਼ਾਲ-ਚਿਤ ਗੁਣ-ਗਾਹਕ ਭੀ ਹਨ ਜਿਨ੍ਹਾਂ ਵਿਚ ਨਾ ਕੀਨਾ ਹੈ ਨਾ ਤੰਗ ਦਿਲੀ, ਸਗੋਂ ਨਿਰਾ ਪ੍ਰੇਮ ਹੀ ਪ੍ਰੇਮ ਹੈ।

ਜਦ ਮੈਨੂੰ ਹੋਰ ਕਿਸੇ ਤਰਾਂ ਭੀ ਇਹ ਗੁਸਤਾਖੀ ਕਰਨ ਦਾ ਹੌਂਸਲਾ ਕਰਨ ਲਈ ਉਹ ਨਾ ਮਨਾ ਸਕੇ ਤਾਂ ਉਨ੍ਹਾਂ ਫੁਰਮਾਇਆ, 'ਤੁਸੀਂ ਰੂਪ ਦੇ ਮਿਤ੍ਰ ਹੋ, ਉਹ ਸਭ ਦੀ ਆਲੋਚਨਾ ਕਰ ਲੈਂਦਾ ਹੈ, ਭਾਵੇਂ ਉਹ ਮੈਨੂੰ ਉਸਤਾਦ ਮੰਨਦਾ ਹੈ ਪਰ ਮੈਂ ਆਪਣੀਆਂ ਕਵਿਤਾਵਾਂ ਉਸ ਨੂੰ ਭੀ ਸੁਣਾਉਂਦਾ ਹਾਂ ਤੇ ਸਲਾਹਾਂ ਲੈਂਦਾ ਹਾਂ। ਬੇਕਲ ਆਪਣਾ ਅਜ਼ੀਜ਼ ਹੈ, ਭਣੇਵਾਂ ਹੈ, ਸ਼ਗਿਰਦ ਹੈ ਉਸ ਨੂੰ ਸੁਣਾ ਲੈਂਦਾ ਹੈ।'

ਮੈਂ ਕਿਹਾ, 'ਜੀ ਉਹ ਤਾਂ ਫੇਰ ਵੀ ਕਵੀ ਹਨ, ਤੁਹਾਡੇ ਸ਼ਗਿਰਦ ਹਨ, ਸਿਆਣੇ ਹਨ, ਕਵਿਤਾ ਨੂੰ ਸਮਝਦੇ ਹਨ।'

ਚਾਤ੍ਰਿਕ ਜੀ ਮਿੰਟ ਕੁ ਸੋਚੀਂ ਪਏ ਰਹੇ ਤੇ ਮੰਜੇ ਕੋਲ ਪਏ ਹੁੱਕੇ ਦਾ ਇਕ ਕੱਸ਼ ਲਾ ਕੇ ਬੋਲੇ, 'ਹੱਛਾ, ਹੋਰ ਨਾ ਸਹੀ ਧਾਰਮਿਕ ਤੇ ਇਤਿਹਾਸਕ ਤੇ ਸਿੱਖ ਨਜ਼ਰੀਏ ਤੋਂ ਹੀ ਵੇਖ ਦਿਓ। ਪ੍ਰੋਫੈਸਰ ਤੇਜਾ ਸਿੰਘ ਜੀ ਨੇ ਭੀ ਏਹੋ ਮਸ਼ਵਰਾ ਦਿਤਾ ਸੀ ਕਿ ਤੁਹਾਨੂੰ ਵਿਖਾਏ ਬਿਨਾਂ ਇਹ ਕਵਿਤਾਵਾਂ ਕਿਤਾਬੀ ਰੂਪ ਵਿਚ ਨਾ ਛਾਪਾਂ, ਅਗੇ ਭਾਵੇਂ ਰਸਾਲਿਆਂ, ਅਖਬਾਰਾਂ ਵਿਚ ਕਈ ਪਿਛਲੇ ਵਰ੍ਹਿਆਂ ਵਿਚ ਛਪ ਚੁਕੀਆਂ ਹਨ।'

ਮੈਂ ਸਮਝ ਗਿਆ ਕਿ 'ਮਸ਼ਵਰੇ' ਦਾ ਅਰਥ ਏਥੇ 'ਹੁਕਮ' ਹੈ ਉਹ ਭੀ ਪ੍ਰੋਫੈਸਰ (ਪ੍ਰਿੰਸੀਪਲ) ਤੇਜਾ ਸਿੰਘ ਦਾ, ਜਿਨ੍ਹਾਂ ਦਾ ਕੋਈ ਇਸ਼ਾਰਾ ਮੈਂ ਕਦੇ ਨਹੀਂ ਸੀ ਮੋੜਿਆ, ਜਿਨ੍ਹਾਂ

ਨਾਲ ਇਕ ਲੰਮੀ ਨਰਾਜ਼ਗੀ ਪਿਛੋਂ ਮੇਰੀ ਸੁਲਾਹ ਚਾਤ੍ਰਿਕ ਜੀ ਨੇ ਹੀ ਮੁੜ ਕਰਾਈ ਸੀ। ਮੈਂ ਮੰਨ ਗਿਆ ਪਰ ਆਗਿਆ ਮੰਗੀ, 'ਮੈਂ ਛੇਤੀ ਹੀ ਪਰਦੇਸ ਜਾ ਰਿਹਾ ਹਾਂ। ਆ ਕੇ ਜ਼ਰੂਰ ਸੇਵਾ ਕਰਾਂਗਾ, ਸਾਰੀਆਂ ਕਵਿਤਾਵਾਂ ਧਿਆਨ ਨਾਲ ਪੜ੍ਹਾਂਗਾ।'

ਮੈਂ ਮਲਾਇਆ ਹੁਣ (ਮਲਾਏਸ਼ੀਆ) ਤੋਂ ਹੋ ਕੇ ਆ ਗਿਆ ਪਰ ਵਕਤ ਦੀ ਮੇਰੇ ਪਾਸ ਤੰਗੀ ਹੀ ਰਹੀ। ਉਨ੍ਹਾਂ ਦੋ ਕੁ ਵਾਰ ਹੋਰ ਯਾਦ ਕਰਾਇਆ ਤੇ ਮੈਂ ਅੰਗੇ ਤੋਂ ਅਗੇ ਹੀ ਪਾਉਂਦਾ ਰਿਹਾ ਤੇ ਇਉਂ ਉਹ ਧਾਰਮਿਕ ਕਾਵਿ-ਸੰਗ੍ਰਹਿ ਅਜ ਤਕ ਨਾ ਛਪਣ ਦੀ ਜ਼ੁੰਮੇਵਾਰੀ ਜਾਂ ਮੇਰੇ ਸਿਰ ਹੈ ਜਾਂ ਉਨ੍ਹਾਂ ਦੇ ਇਸ ਨਿਮਰ-ਭਾਵ ਦੇ ਸਿਰ ਜਾਂ ਜ਼ੁੰਮੇਵਾਰੀ ਦੇ ਅਹਿਸਾਸ ਦੇ ਸਿਰ।

ਉਪ੍ਰੋਕਤ ਗੱਲਬਾਤ ਦੇ ਵਿਚ ਹੀ ਉਨ੍ਹਾਂ ਦਸਿਆ ਸੀ, ਕੋਈ ਕਵਿਤਾ ਛਪਣੀ ਦੇਣ ਤੋਂ ਪਹਿਲਾਂ ਮੈਂ 6, 7 ਮਹੀਨੇ ਉਸ ਨੂੰ ਕੋਲ ਰਖਦਾ ਹਾਂ ਤੇ 7, 8 ਵਾਰ ਤੋਂ ਵਧ ਆਪ ਪੜ੍ਹਦਾ ਹਾਂ, ਜੇ ਕੋਈ ਸ਼ਬਦ ਰੜਕੇ ਤਾਂ ਕਢਦਾ ਹਾਂ, ਨਵਾਂ ਸੁਝ ਜਾਏ ਤਾਂ ਉਸ ਨੂੰ ਵਰਤ ਲੈਂਦਾ ਹਾਂ। ਕਵਿਤਾ ਦਾ ਤੋਲ, ਨਾਦ, ਅਲੰਕਾਰ, ਮੁਹਾਵਰੇ ਸਭ ਦੀ ਜਾਂਚ ਕਰਦਾ ਤੇ ਕਰਾਉਂਦਾ ਰਹਿੰਦਾ ਹਾਂ। ਕਵਿਤਾ ਆਪ ਪੜ੍ਹਨ ਦੀ ਥਾਂ ਸੁਣਾ ਕੇ ਹੀ ਤੋਲ ਤੇ ਲੈਅ ਤੇ ਸੰਗੀਤ ਦਾ ਠੀਕ ਗਿਆਨ ਹੁੰਦਾ ਹੈ। ਇਹ ਸੁਣ ਕੇ ਮੈਨੂੰ ਯਾਦ ਆਇਆ, 'ਚਾਤ੍ਰਿਕ ਜੀ ਨੇ 1934 ਵਿਚ ਮੇਰੇ ਕਹਿਣ ਉਤੇ 'ਲਿਖਾਰੀ' ਲਈ ਇਕ ਲੇਖ ਲਿਖਿਆ ਸੀ ਜਿਸ ਵਿਚ ਨਵੇਂ ਕਵੀਆਂ ਨੂੰ ਉਨ੍ਹਾਂ ਸਲਾਹ ਦਿਤੀ ਸੀ, 'ਛਾਪੇਖਾਨੇ ਜਾਣ ਦੀ ਕਦੇ ਕਾਹਲੀ ਨਾ ਕਰੋ।'

ਮੈਂ ਵੇਖ ਰਿਹਾ ਸਾਂ ਕਿਵੇਂ ਚਾਤ੍ਰਿਕ ਜੀ ਜੋ ਕੁਝ ਪ੍ਰਚਾਰਦੇ ਰਹੇ ਹਨ, ਹਿੰਦੂ ਮੁਸਲਮ ਏਕਤਾ, ਮੇਹਨਤ, ਹਮਦਰਦੀ, ਮਾਨਵਤਾ, ਧੀਰਜ, ਉਸ ਦਾ ਅਭਿਆਸ ਆਪ ਭੀ ਕਰਦੇ ਹਨ।

ਬੀਮਾਰ ਚਾਤ੍ਰਿਕ ਭੀ ਹਸਮੁਖ ਤੇ ਸ਼ਾਂਤ ਸੀ। ਉਸ ਵਿਚ ਹਮਦਰਦੀ ਤੇ ਪਰਾਏ ਦੁਖ ਸਹੇੜਨ ਦੀ ਤੀਖਣ ਚੇਤਨਤਾਈ ਅਜੇ ਤਕ ਕੰਮ ਕਰ ਰਹੀ ਸੀ। ਰੋਗੀ ਚਾਤ੍ਰਿਕ ਨੇ ਮੇਰੇ ਘਰ ਦੇ ਜੀਆਂ ਦਾ, ਮੇਰਾ ਹਾਲ, ਓਵੇਂ ਹੀ ਪੁਛਿਆ।

ਉਪਰਲੀ ਘਟਨਾ ਤੋਂ ਕੁਝ ਸਮਾਂ ਪਹਿਲਾਂ (ਸੰਨ 1948) ਉਨ੍ਹਾਂ ਦੇ 1911 ਤੋਂ ਚਲਦੇ ਟਾਈਪ ਬਣਾਉਣ ਦੇ ਕਾਰਖਾਨੇ ਨੂੰ ਅੱਗ ਲਗ ਗਈ। ਮੈਂ ਤੇ ਰੂਪ, ਬੀਮਾਰ ਚਾਤ੍ਰਿਕ ਜੀ ਦੇ ਘਰ ਅਫਸੋਸ, ਤੇ ਹਮਦਰਦੀ ਕਰਨ ਲਈ ਗਏ। ਚਾਤ੍ਰਿਕ ਜੀ ਓਵੇਂ ਹੀ ਸ਼ਾਂਤ, ਗੰਭੀਰ ਤੇ ਹਸਮੁਖ ਸਨ। ਗੱਲਾਂ ਗੱਲਾਂ ਵਿਚ ਪਤਾ ਲਗਾ ਕੋਈ ਇਕ ਲਖ ਰੁਪਏ ਦਾ ਨੁਕਸਾਨ ਹੋ ਗਿਆ ਹੈ। ਅਸਾਂ ਕਿਹਾ, 'ਬੜੀ ਸੱਟ ਤੇ ਬੜਾ ਅਫਸੋਸ ਹੈ।'

ਚਾਤ੍ਰਿਕ ਜੀ ਦਾ ਉੱਤਰ ਸੀ, 'ਜੋ ਹੋਇਆ ਸੋ ਹੋਇਆ, ਪਰ ਅਫਸੋਸ ਕਾਹਦਾ, ਏਥੋਂ ਹੀ ਕਮਾਇਆ ਤੇ ਏਥੇ ਲਾਇਆ ਤੇ ਇਥੇ ਹੀ ਸੜ ਗਿਆ, ਮੈਂ ਕੇਹੜਾ ਘਰੋਂ ਲਿਆ ਕੇ ਲਾਇਆ ਸੀ, ਤੇ ਇਹ ਕਹਿ ਕੇ ਉਹ ਮੁਸਕਰਾ ਪਏ।[1]

---

1. ਬੀਮਾਰੀ ਤੇ ਬੁਢੇਪੇ ਨੇ ਖਿਝਾਹਟ ਪੈਦਾ ਕੀਤੀ ਹੀ ਨਹੀਂ, ਨਾ ਹੀ ਸੂਝ ਬੂਝ ਨੂੰ ਖੇਚਵਾਂ ਮਾਰਿਆ ਹੈ। ਪਹਿਲਾਂ ਵਾਂਗ ਹਸੂੰ ਹਸੂੰ ਕਰਦੇ ਮਿਲਦੇ ਹਨ। ਮਜ਼ੇਦਾਰ ਛੇੜ ਛੇੜ ਦੇਂਦੇ ਹਨ। ਡਾਕਟਰ ਮੋਹਨ ਸਿੰਘ ਸਾਹਿਬ 'ਦੀਵਾਨਾ' ਤੇ ਪੰਡਿਤ ਕਿਰਪਾ ਰਾਮ ਸ਼ਰਮਾ ਐਡਵੋਕੇਟ ਨਾਲ ਤਾਂ ਖੂਬ ਚੋਲ੍ਹ ਕਲੋਲ ਕਰਦੇ ਹਨ। ਤਿੰਨ ਬੁਢੇਪੇ, ਜਵਾਨੀ ਤੋਂ ਬਿਨਾਂ ਵੀ ਵਾਹਵਾ ਗੁਟਕਦੇ ਹਨ। ਪੁਰਾਣੇ ਰੰਗ ਦੀ ਲਾਲਾਈ ਪੱਗ, ਖਸਖਸੀ ਚਿੱਟੀ ਗੋਲ ਦਾੜ੍ਹੀ, ਲਿਸ਼ਕਦੀਆਂ ਅੱਖੀਆਂ, ਧਿੰਮੇ ਬੋਲ ਤੇ ਮੁਸਕਰਾਏ ਬੁਲ੍ਹ, ਅਜੀਬ ਬਹਾਰ ਲਾਂਦੇ ਹਨ। ਕਮਰੇ ਵਿਚ ਵਡਾ ਸਾਰਾ ਪਲੰਘ ਪਿਆ ਹੈ। ਓਹਦੇ ਉਤੇ ਚੁਪਾਸੇ ਕਿਤਾਬਾਂ, ਕਾਪੀਆਂ, ਪੈਡ ਤੇ ਕਾਗਜ਼ ਪੱਤਰ ਪਏ ਹਨ, ਜਿਸ ਤਰ੍ਹਾਂ ਧੂਣੀ ਤਪਾਣ ਵਾਲਾ ਸਾਧੂ ਆਪਣੇ ਆਲੇ ਦੁਆਲੇ ਪਾਥੀਆਂ ਭਖਾ ਕੇ ਰਖਦਾ ਹੈ। —'ਰੂਪ'

ਹਰਿੰਦ੍ਰ ਸਿੰਘ ਰੂਪ ਨੇ ਭੀ ਤੇ ਸੁਰਜੀਤ ਸਿੰਘ 'ਸੇਠੀ' ਨੇ ਭੀ ਇਸ ਮਿਲਣੀ ਦਾ ਵਰਣਨ ਕੀਤਾ ਹੈ :—'ਜੂਨ ਸੰਨ 1948 ਵਿਚ ਪ੍ਰੈਸ ਦਾ ਕਾਫੀ ਹਿੱਸਾ ਸੜ ਗਿਆ। ਦੂਜੇ ਦਿਨ ਮੈਂ ਤੇ ਅਮੋਲ ਜੀ ਗਏ। ਆਪ ਖਿੜੇ ਮੱਥੇ ਗੱਲਾਂ ਕਰਦੇ ਰਹੇ। ਅਸੀਂ ਦੋਵੇਂ ਹੈਰਾਨ ਸਾਂ। ਅਖੀਰ ਫੁਰਮਾਇਆ 'ਜੋ ਹੋਇਆ ਸੋ ਹੋਇਆ ਕੋਈ ਫ਼ਿਕਰ ਨਹੀਂ। ਨੁਕਸਾਨ ਦਾ ਧਿਆਨ ਕਰਕੇ ਅਗਾਂਹ ਨਹੀਂ ਵਧਿਆ ਜਾਂਦਾ' ਅਜਿਹਾ ਸਬਰ ਤੇ ਕਿਤੇ ਕਿਤੇ ਹੀ ਦਿਸਦਾ ਹੈ।

ਇਸ ਲੰਮੀ ਬੀਮਾਰੀ ਵਿਚੋਂ ਕੁਝ ਚਿਰ ਉਹ ਫੇਰ ਥੋੜਾ ਬਹੁਤ ਤੁਰਨ ਫਿਰਨ ਲਗ ਪਏ ਸਨ, ਕਾਰ ਵਿਹਾਰ ਬੱਚੇ ਨਿਭਾ ਰਹੇ ਸਨ। ਉਹ ਇਕ ਸੱਚੇ ਬਾਨ-ਪ੍ਰਸਤ ਵਾਂਗ ਘਰ ਵਿਚ ਹੀ ਵਿਚਰਦੇ ਸਨ। ਆਰਾਮ ਪੂਰਾ ਸੀ। ਘਰ ਦੇ ਟਾਂਗੇ ਦੀ ਥਾਂ ਹੁਣ ਕਾਰ ਸੀ, ਸ਼ਹਿਰ ਦੇ ਪੁਰਾਣੇ ਮਕਾਨ ਦੀ ਥਾਂ ਸ਼ਹਾਨਾ ਕੋਠੀ ਸੀ ਪਰ ਮਿਤ੍ਰ ਪੁਰਾਣੇ ਹੀ ਸਨ, ਲਿਬਾਸ ਓਹੋ ਸੀ। ਸੁਭਾਅ ਦੀ ਸਾਦਗੀ, ਸਰਲਤਾ, ਹਮਦਰਦੀ ਓਵੇਂ ਹੀ ਸੀ ਭਾਵੇਂ ਸਤਿਕਾਰ ਤੇ ਪ੍ਰਸਿਧੀ ਬਹੁਤ ਵਧ ਚੁਕੀ ਸੀ। ਅਜੇ ਭੀ ਕਿਸੇ ਮਿਲਣ ਗਏ ਨੂੰ ਉਡੀਕਣ ਦੀ ਲੋੜ ਨਹੀਂ ਸੀ ਪੈਂਦੀ। ਕਈ ਵਾਰ ਚਾਤ੍ਰਿਕ ਜੀ ਤੇੜ ਦੀ, ਪਿੰਨੀਆਂ ਤਕ ਪੁਜਦੀ ਧੋਤੀ ਤੇ ਬੁਨੈਣ ਵਿਚ ਜਾਂ ਮਾਲਸ਼ ਕਰਾਉਂਦੇ ਹੀ ਕਵੀਆਂ ਤੇ ਲੇਖਕਾਂ ਨੂੰ ਮਿਲਦੇ ਮੈਂ ਤੱਕੇ ਹਨ।

ਸੰਨ 1937 ਵਿਚ ਚੰਦਨਵਾੜੀ ਨੂੰ ਟੈਕਸਟ ਬੁਕ ਕਮੇਟੀ (ਪਿਛੋਂ ਐਡਵਾਈਜ਼ਰੀ ਬੋਰਡ ਫਾਰ ਬੁਕਸ) ਲਾਹੌਰ ਦਾ ਇਨਾਮ ਮਿਲ ਚੁੱਕਾ ਸੀ। ਉਨ੍ਹਾਂ ਦੇ ਕੀਤੇ ਮੌਲਾਨਾ ਹਾਲੀ ਦੀਆਂ ਕਵਿਤਾਵਾ ਦੇ ਅਨੁਵਾਦ ਤੇ ਸੂਰਜ ਨਰਾਇਣ ਮੇਹਰ ਦੀ ਕਵਿਤਾ ਦੇ ਅਨੁਵਾਦ ਇਕ ਪੁਰਾਣੀ ਕਹਾਣੀ ਹੋ ਗਏ ਸਨ। ਉਨ੍ਹਾਂ ਦੇ ਕਿੱਸੇ ਭਰਥਰੀ ਹਰੀ (1905) ਨਲ ਦਮਿਯੰਤੀ (1906) ਵੀ ਭੁਲ ਚੁੱਕੇ ਸਨ। ਉਨ੍ਹਾਂ ਦੇ ਲਿਖੇ ਨਾਵਲ 'ਰਮੱਈਆ ਸੇਠ' ਦੀ ਕਾਪੀ ਕਿਸੇ ਲਾਇਬ੍ਰੇਰੀ ਵਿਚ ਭੀ ਲਭਣੀ ਮੁਸ਼ਕਿਲ ਸੀ। ਇਹ ਕਿਸੇ ਨੂੰ ਚੇਤਾ ਹੀ ਨਹੀਂ ਸੀ ਕਿ ਇਹ ਉਹੀ ਗਰੀਬ ਲੜਕਾ ਹੈ, ਜਿਸ ਮੁਨਸ਼ੀ ਬਣ ਕੇ ਜੀਵਨ ਸ਼ੁਰੂ ਕੀਤਾ ਸੀ।

ਉਹ ਕਿਵੇਂ ਹੌਲੀ ਹੌਲੀ ਸ਼ਹਿਰ ਦੇ ਸ਼ਹਿਰੀ ਜੀਵਨ ਦਾ ਇਕ ਅੰਗ ਬਣ ਗਿਆ ਸੀ ਤੇ ਅੰਮ੍ਰਿਤਸਰ ਦੇ ਸਾਹਿਤਕ, ਸਭਿਆਚਾਰਕ, ਕਲਚਰਲ ਜੀਵਨ ਦਾ ਇਕ ਕੇਂਦਰ ਬਣਿਆ ਆ ਰਿਹਾ ਸੀ।

ਹੁਣ ਉਹ ਕਵੀ ਦਰਬਾਰਾਂ ਦਾ ਸ਼ਿੰਗਾਰ ਸੀ, ਕਵੀ ਹੋਣ ਕਰਕੇ ਜਾਂ ਸੈਂਟ੍ਰਲ ਪੰਜਾਬੀ ਸਭਾ ਦਾ ਜਨਰਲ ਸਕੱਤਰ ਤੇ ਹੋਰ ਅਜਿਹੀਆਂ ਸਭਾਵਾਂ ਦਾ ਸਰਪ੍ਰਸਤ ਪ੍ਰਧਾਨ ਜਾਂ ਅੰਤਰੰਗ ਮੈਂਬਰ ਅਥਵਾ ਸਹਾਇਕ ਹੋਣ ਕਰਕੇ।

ਹੁਣ ਤਕ ਉਨ੍ਹਾਂ ਦੀਆਂ ਪੁਰਾਣੀਆਂ ਧਾਰਮਿਕ ਤੇ ਇਤਿਹਾਸਕ ਪੁਸਤਕਾਂ 'ਧਰਮਬੀਰ' ਤੇ 'ਸਿੱਖ ਸੂਰਬੀਰਾਂ ਦੇ ਸਾਕੇ' ਭੀ ਨਵੀਨ ਪਾਠਕਾਂ ਨੂੰ ਭੁਲ ਚੁੱਕੇ ਸਨ, ਜੋ ਉਨ੍ਹਾਂ ਦੇ ਆਪਣੇ ਕਥਨ ਅਨੁਸਾਰ ਗਿਆਨੀ ਜੋਧ ਸਿੰਘ ਕਰਤਾ ਨਿਰੰਕਾਰੀ ਹੁਲਾਸ ਦੇ ਪੁਸਤਕਾਂ ਤੋਂ ਪ੍ਰਭਾਵਿਤ ਹੋ ਕੇ ਉਨ੍ਹਾਂ ਨੇ ਲਿਖੇ ਸਨ ਅਤੇ ਉਨ੍ਹਾਂ ਦੀ ਥਾਂ ਚਾਤ੍ਰਿਕ ਦੀਆਂ ਨਵੀਆਂ ਰਚਨਾਵਾਂ ਲੈ ਚੁਕੀਆਂ ਸਨ।

ਆਪਣੀ ਪੁਰਾਣੀ ਗਰੀਬੀ, ਆਪਣੇ ਪਿਤਾ ਪੋਹੂ ਮਲ ਤੇ ਆਪਣੀ ਪਹਿਲੀ ਪਤਨੀ ਦੀ ਮੌਤ ਵੇਖਕੇ ਉਹ ਸਹਿਣਸ਼ੀਲ ਹੋ ਚੁੱਕੇ ਸਨ ਤੇ ਪੰਜਾਬ ਵਿਚ ਹੀ ਕਈ ਉਥਲ, ਪੁਥਲ, ਕਈ ਹਿੰਦੂ ਮੁਸਲਮ ਫਸਾਦ, ਜਲ੍ਹਿਆਂ ਵਾਲੇ ਬਾਗ ਦੀ ਗੋਲੀ, ਪੰਜਾਬ ਵਿਚ ਕਾਂਗਰਸ ਦੀ ਵਧਦੀ ਲਹਿਰ ਤੇ ਅੰਗਰੇਜ਼ਾਂ ਵਿਰੁਧ ਵਧਦੀ ਨਫਰਤ, ਅਕਾਲੀ ਲਹਿਰ ਦਾ ਜੋਸ਼ ਤੇ ਸ਼ਾਂਤਮਈ ਜੰਗ, ਦੋਵੇਂ

ਮਹਾਨ ਯੁਧ ਤੇ ਅੰਤ 1947 ਵਿਚ ਦੇਸ਼ ਦੀ ਵੰਡ ਅਤੇ ਤਬਾਹੀ ਅਤੇ ਪੰਜਾਬੀ ਭਾਸ਼ਾ ਤੇ ਸਾਹਿਤ ਦੇ ਵਾਧੇ ਦੇ ਅਭਿਲਾਸ਼ੀਆਂ ਦੇ ਯਤਨ, ਪ੍ਰੀਸ਼ਰਮ ਤੇ ਸੰਗਠਨ ਆਦਿ ਦੇ ਹਾੜ ਸਿਆਲ ਉਨ੍ਹਾਂ ਸਹਿ ਲਏ ਸਨ। ਹੁਣ ਉਹ ਇਕ ਲੜਕੀ ਤੇ 4 ਲੜਕਿਆਂ ਦੇ ਪਿਤਾ ਸਨ, ਘਰ ਵਿਚ ਨੂੰਹਾਂ ਤੇ ਪੋਤਰੇ ਸਨ। ਉਨ੍ਹਾਂ ਦੇ ਵਿਚਾਰਾਂ ਵਿਚ ਇਕ ਖਾਸ ਖੁਲ੍ਹ ਸੀ। ਇਕ ਪੁਤਰ ਕਮਿਊਨਿਸਟ ਲਹਿਰ ਵਿਚ ਭਾਗ ਲੈਂਦਾ ਸੀ, ਜੇਲ੍ਹ ਜਾਂਦਾ ਸੀ, ਪਰ ਚਾਤ੍ਰਿਕ ਜੀ ਨੂੰ ਕੋਈ ਸ਼ਕਾਇਤ ਨਹੀਂ ਸੀ।

ਉਰਦੂ, ਹਿੰਦੀ, ਕੁਝ ਕੁ ਅੰਗਰੇਜ਼ੀ ਭੀ ਉਹ ਪੜ੍ਹ ਤੇ ਸਮਝ ਲੈਂਦੇ ਸਨ, ਪਰ ਪੰਜਾਬੀ ਤੇ ਉਹ ਵੀ ਗੁਰਮੁਖੀ ਅਖਰਾਂ ਵਿਚ ਲਿਖਣ ਦੇ ਹਾਮੀ ਸਨ, ਸਰੀਰਕ ਰੋਗ ਤੋਂ ਬਿਨਾਂ ਹੋਰ ਤਰ੍ਹਾਂ ਸੁਖੀ ਹੁੰਦਿਆਂ ਭੀ ਉਹ ਮਾਨਸਿਕ ਭਾਂਤ ਸੰਤੁਸ਼ਟ ਨਹੀਂ ਸਨ। ਕਿਉਂ ?

(1) ਉਨ੍ਹਾਂ ਸਾਰੀ ਉਮਰ ਹਿੰਦੂ ਮੁਸਲਮ ਏਕਤਾ ਦਾ ਪ੍ਰਚਾਰ ਕੀਤਾ ਸੀ ਪਰ ਉਨ੍ਹਾਂ ਨੂੰ ਵੇਖਦਿਆਂ ਹੀ ਪਾਕਿਸਤਾਨ ਬਣ ਗਿਆ। ਉਨ੍ਹਾਂ ਦੀ ਇਹ ਅਸੰਤੁਸ਼ਟਤਾ ਜਾਂ ਨਿਰਾਸਤਾ ਉਨ੍ਹਾਂ ਦੀ ਕਵਿਤਾ ਵਿਚੋਂ ਪ੍ਰਤੱਖ ਹੈ।

(2) ਉਹ ਸਾਰੀ ਉਮਰ ਪੰਜਾਬੀ ਨੂੰ 'ਪਟਰਾਣੀ' ਬਣਾਉਣ ਦੇ ਸੁਪਨੇ ਲੈਂਦੇ ਰਹੇ। ਉਨ੍ਹਾਂ ਨੇ ਅਨੇਕਾਂ ਹੀ ਪੰਜਾਬੀ ਵਿਰੋਧੀਆਂ ਤੇ 'ਗੁਰਮੁਖੀ' ਵਿਰੋਧੀਆਂ ਦੇ ਹੁੰਦਿਆਂ ਬੜੀ ਦਲੇਰੀ ਨਾਲ ਪੰਜਾਬੀ ਭਾਸ਼ਾ ਤੇ ਪੰਜਾਬੀ ਲਿੱਪੀ ਦੇ ਹੱਕ ਵਿਚ ਪ੍ਰੀਸ਼ਰਮ, ਘੋਸ਼ਨਾ, ਪ੍ਰੇਰਨਾ ਤੇ ਸੇਵਾ ਤਨ, ਮਨ, ਧਨ, ਸਮੇਂ ਤੇ ਨਿਜੀ ਪ੍ਰਭਾਵ ਰਾਹੀਂ ਕੀਤੀ, ਪਰ ਉਹ ਜੀਉਂਦੇ ਜੀਅ ਪੰਜਾਬੀ ਨੂੰ 'ਪਟਰਾਣੀ' ਬਣੀ ਨਾ ਵੇਖ ਸਕੇ, ਭਾਵੇਂ ਉਨ੍ਹਾਂ ਅਜ਼ਾਦੀ ਦੀ ਹਵਾ ਸਤ ਕੁ ਸਾਲ ਮਾਣੀ। ਪੰਜਾਬੀ ਲਈ ਕੰਮ ਕਰਨ ਦਾ ਜੋਸ਼ ਤੇ ਪ੍ਰੇਮ ਉਸੇ ਤਰ੍ਹਾਂ ਰਿਹਾ। 'ਪੰਜਾਬੀ ਬੋਲਦੇ ਲੋਕਾਂ ਦੀ ਸਭਾ' 1948 ਵਿਚ ਬਣੀ ਤਾਂ ਸੈਂਟ੍ਰਲ ਪੰਜਾਬੀ ਸਭਾ ਦਾ 400 ਰੁਪੱਈਆ ਉਨ੍ਹਾਂ ਆਪੇ ਇਸ ਸਭਾ ਨੂੰ ਦੇ ਦਿਤਾ, ਹਾਲਾਂ ਕਿ ਸਾਡੇ ਵਿਚੋਂ ਕਿਸੇ ਨੂੰ ਪਤਾ ਤਕ ਨਹੀਂ ਸੀ ਕਿ ਕੋਈ ਅਜੇਹੀ ਰਕਮ ਪਈ ਹੈ। ਬੀਮਾਰੀ ਤੇ ਕਮਜ਼ੋਰੀ ਦੇ ਬਾਵਜੂਦ ਜਦ ਮੈਂ ਲਾਇਲਪੁਰ ਖਾਲਸਾ ਕਾਲਜ ਜਲੰਧਰ ਵਿਚ ਹੋਣ ਵਾਲੀ ਲੇਖਕ-ਇਕੱਤਰਤਾ ਬਾਬਤ ਦਸਿਆ ਤਾਂ ਆਉਣਾ ਮੰਨ ਗਏ ਤੇ ਕਹਿਣ ਲਗੇ 'ਪੰਜਾਬੀ ਦੇ ਪ੍ਰੇਮੀਆਂ ਤੇ ਸੇਵਕਾਂ ਦੇ ਦਰਸ਼ਨ ਇਕੋ ਥਾਂ ਹੋ ਜਾਣਗੇ।' ਸ਼ਾਇਦ ਇਹ ਉਨ੍ਹਾਂ ਦਾ ਅਖੀਰਲਾ ਜਨਤਕ-ਦਰਸ਼ਨ ਸੀ।

(3) ਦੇਸ਼ ਦੀ ਸੁਤੰਤਰਤਾ, ਆਰਥਕ ਖੁਸ਼ਹਾਲੀ, ਆਤਮ ਨਿਰਭਰਤਾ, ਭਰਾਤਰੀ ਭਾਵ, ਆਰਥਿਕ ਲੀਡਰਾਂ ਦੀਆਂ ਕਮਜ਼ੋਰੀਆਂ ਤੋਂ ਮੁਕਤੀ ਅਤੇ ਲੁਟ ਖਸੁਟ ਤੋਂ ਛੁਟਕਾਰੇ ਲਈ ਕਲਮ ਰਾਹੀਂ ਉਨ੍ਹਾਂ ਨੇ ਅਨੇਕਾਂ ਵਾਰ ਮਨ ਦੀ ਬਾਤ ਕਹੀ, ਪਰ ਦੇਸ਼ ਨੂੰ ਸੁਤੰਤਰਤਾ ਮਿਲਣ ਦੇ ਬਾਵਜੂਦ ਉਨ੍ਹਾਂ ਦੇ ਦੇਸ਼ ਪ੍ਰਤੀ ਸੁਪਨੇ ਉਨ੍ਹਾਂ ਦੇ ਜੀਉਂਦੇ ਜੀਅ ਸਾਕਾਰ ਨਾ ਹੋਏ।

ਪ੍ਰਿੰਸੀਪਲ ਤੇਜਾ ਸਿੰਘ ਦੇ ਸ਼ਬਦ ਹਨ : 'ਮਾਲੂਮ ਹੁੰਦਾ ਹੈ ਕਿ ਲਿਖਾਰੀ ਜ਼ਮਾਨੇ ਦੇ ਬਦਲਣ ਨਾਲ ਆਪ ਭੀ ਆਪਣੇ ਅੰਦਰ ਲੋੜਵੰਦੀਆਂ ਤਬਦੀਲੀਆਂ ਲਿਆਂਦਾ ਜਾਂਦਾ ਹੈ ਤੇ ਹਮੇਸ਼ਾ ਅਪਟੂਡੇਟ ਰਹਿੰਦਾ ਹੈ। ਸਚ ਹੈ, ਜ਼ਿੰਦਗੀ ਨਾਂ ਹੀ ਤਬਦੀਲੀ ਦਾ ਹੈ। ਜਿਹੜਾ ਸਮੇਂ ਨਾਲ ਬਦਲਦਾ ਨਹੀਂ ਉਹ ਮੁਰਦਾ ਹੈ।'

ਅਤੇ ਆਜ਼ਾਦ ਜੀ ਨੇ ਲਿਖਿਆ ਹੈ : 'ਮੈਨੂੰ ਪਤਾ ਹੈ ਕਿ ਪੰਜਾਬੀ ਸਾਹਿੱਤਕਾਰ ਹਲਕੇ ਵਿਚ ਬਹੁਤ ਥੋੜ੍ਹੀਆਂ ਉਹ ਮਹਾਨ ਹਸਤੀਆਂ ਹਨ, ਜੋ ਕਿਸੇ ਹੋਣਹਾਰ ਕਵੀ ਜਾਂ ਲੇਖਕ ਨੂੰ ਵੇਖ ਕੇ ਤਲਮਲਾ ਨਹੀਂ ਉਠਦੀਆਂ। 'ਚਾਤ੍ਰਿਕ ਜੀ' ਸ਼ੁਰੂ ਤੋਂ ਹੀ ਇਸ ਤਰ੍ਹਾਂ ਦੀ ਤੰਗ-ਦਿਲੀ ਤੋਂ ਉਚੇ ਰਹੇ ਹਨ ਤੇ ਮੈਂ ਵੇਖਿਆ ਹੈ ਕਿ ਜੋ ਸੁਹਿਰਦਤਾ ਤੇ ਹਮਦਰਦੀ ਉਹਨਾਂ ਨੇ ਆਪਣੀ ਕਵਿਤਾ ਰਾਹੀਂ ਆਪਣੇ ਉਦਾਲੇ ਵਸਦੀ ਦੁਨੀਆਂ ਨਾਲ ਪ੍ਰਗਟ ਕੀਤੀ ਹੈ, ਉਹੀ ਸੁਹਿਰਦਤਾ ਤੇ ਹਮਦਰਦੀ ਉਹਨਾਂ

ਨੇ ਸਮਕਾਲੀ ਕਵੀਆਂ ਨਾਲ ਦਿਖਾਈ ਹੈ। ਵਪਾਰਕ ਤੌਰ ਤੇ ਉਹ ਆਪਣੀ ਲਾਈਨ ਵਿਚ ਸਫਲ ਹੋਏ, ਇਹ ਇਕ ਬਹੁਤ ਵਧੇਰੇ ਚੰਗੀ ਗੱਲ ਹੋਈ ਤੇ ਕਵੀ ਨੂੰ ਆਪਣਾ ਉਦਾਲਾ ਵੇਖਣੇ ਦੀ ਰੱਜਵੀਂ ਵਿਹਲ ਮਿਲ ਗਈ। ਕਵੀ 'ਚਾਤ੍ਰਿਕ' ਇਸੇ ਲਈ ਵਧੇਰੇ ਵਿਸ਼ਾਲ-ਖੁਲ੍ਹ ਨੂੰ ਮਾਨਣ ਲਗ ਪਿਆ ਹੈ ਤੇ ਭਾਵੇਂ ਉਹ ਆਪਣੇ ਜੀਵਨ ਦੇ 75ਵੇਂ ਸਾਲ ਵਿਚ ਪਰਵੇਸ਼ ਕਰ ਚੁੱਕਾ ਹੈ, ਪਰ ਉਸ ਦੀਆਂ ਅੱਖੀਆਂ ਦੀ ਉਹ ਚਮਕ ਹਾਲਾਂ ਵੀ ਨਹੀਂ ਘਟੀ, ਜਿਸ ਵਿਚੋਂ ਕਿਸੇ ਲਈ ਕੁਝ ਕਰਨ ਦੀ ਤਾਂਘ ਹਰ ਵੇਲੇ ਲਿਸ਼ਕਦੀ ਰਹਿੰਦੀ ਹੈ।'

'ਚਾਤ੍ਰਿਕ' ਜੀ ਆਪਣੀ ਕੋਠੀ ਦੇ ਵੱਡੇ ਕਮਰੇ ਵਿਚ ਉਰਦੂ ਦੇ ਮਹਾਂ ਕਵੀ 'ਗਾਲਿਬ' ਵਾਂਗ ਬ੍ਰਾਜਮਾਨ ਰਹਿੰਦੇ ਹਨ। ਕਵੀ ਦੇਂ ਤੁਰਨ ਫਿਰਨ ਵਾਲੇ ਅੰਗ ਥਕ ਚੁਕੇ ਹਨ, ਪਰ ਉਹ ਆਪਣੇ ਸੀਨੇ ਵਿਚ ਹਾਲਾਂ ਵੀ ਏਨਾ ਕੁਝ ਲੁਕਾਈ ਬੈਠਾ ਹੈ, ਜੋ ਅਮੁਕ ਪਰਵਾਹ ਵਾਂਗ ਵਗਦਾ ਰਹਿਣ ਤੇ ਵੀ ਨਹੀਂ ਮੁਕੇਗਾ। ਕਵੀ ਨੇ ਆਪਣੇ ਅੰਦਰੋਂ ਪ੍ਰਸੰਨਤਾ ਪ੍ਰਗਟ ਕੀਤੀ ਹੈ, ਉਸ ਪ੍ਰਸੰਨਤਾ ਨੇ ਉਸ ਦੀ ਸ਼ਖ਼ਸੀਅਤ ਨੂੰ ਨਿਖਾਰਿਆ ਸੁਆਰਿਆ ਹੈ ਤੇ ਪਿੰਡਾਂ ਦੀ ਵਿਸ਼ਾਲ-ਖੁਲ੍ਹ ਵਿਚ ਪਰਵਾਨ ਚੜ੍ਹੇ, ਇਸ ਮਹਾਂ ਕਵੀ ਨੇ ਆਪਣੀ ਕਵਿਤਾ ਵਿਚ ਪੰਜਾਬ ਦੀ ਪੇਂਡੂ ਜਨਤਾ ਨਾਲ ਜੋ ਪਿਆਰ ਕੀਤਾ ਹੈ, ਤਾਂ ਉਸ ਦਾ ਕਾਰਨ ਵੀ ਇਹ ਹੈ ਕਿ ਕਵੀ ਜਨਤਾ ਨੂੰ ਆਪਣੀ ਪੱਧਰ ਉਤੇ ਲਿਆਉਣ ਲਈ ਅਜ ਵੀ ਬੇ-ਕਰਾਰ ਹੈ।

ਇਨ੍ਹਾਂ ਤੇ ਕੁਝ ਕੁ ਹੋਰ ਕਾਰਨਾਂ ਕਰਕੇ ਅੰਤਲੀ ਉਮਰ ਵਿਚ ਬੁਢੇਪੇ ਤੇ ਬੀਮਾਰੀ ਕਾਰਨ ਤੇ ਉਸ ਉਮਰ ਦੀਆਂ ਕ[illegible]ਵਾਂ ਵਿਚ, ਉਨ੍ਹਾਂ ਦੀ ਗੱਲ ਬਾਤ ਵਿਚ ਇਕ ਸੂਖਮ ਜਿਹੀ ਨਿਰਾਸਤਾ ਆ ਗਈ ਸੀ। ਇਹ ਨਿਰਾਸਤਾ ਮੱਧਮ ਇਸ ਲਈ ਸੀ ਕਿ ਨਾਲ ਹੀ ਉਨ੍ਹਾਂ ਨੂੰ ਭਰੋਸਾ ਸੀ, 'ਮੈਂ ਆਪਣੀ ਕਰਤੱਵ-ਪਾਲਣਾ ਪੂਰੀ ਈਮਾਨਦਾਰੀ ਨਾਲ ਕੀਤੀ ਹੈ, ਮੇਰੇ ਜੀਉਂਦੇ ਜੀਅ ਹਾਲਾਤ ਤੇ ਖਿਆਲਾਤ ਤਬਦੀਲ ਹੋਏ ਹਨ। ਰਹਿੰਦੀ ਕਸਰ ਆਉਣ ਵਾਲੀਆਂ ਨਸਲਾਂ ਆਪੇ ਪੂਰੀ ਕਰਨਗੀਆਂ।' ਉਹ ਕਹਿੰਦੇ ਹੁੰਦੇ ਸਨ, 'ਗੱਡੀ ਉਸ ਪਾਸੇ ਚੱਲ ਪਈ ਹੈ ਕਦੇ ਨਾ ਕਦੇ ਪੁਜ ਜਾਏਗੀ।'

ਉੱਤਰ ਵਿਚ ਮੈਂ ਆਖਦਾ ਸਾਂ, 'ਜਿਉਂ ਜਿਉਂ ਮਨੁਖ ਕਿਸੇ ਪਾਸੇ ਉਨਤੀ ਕਰਦਾ ਹੈ, ਉਸ ਦਾ ਸਟੈਂਡਰਡ ਜਾਂ ਸੋਚਣ ਦੀ ਪੱਧਰ ਭੀ ਉੱਚੀ ਹੁੰਦੀ ਜਾਂਦੀ ਹੈ ਤੇ ਜਿਨ੍ਹਾਂ ਪੱਧਰਾਂ ਨੂੰ ਉਹ ਪਹਿਲਾਂ ਆਦਰਸ਼ ਮੰਨਦਾ ਹੈ, ਫੇਰ ਉਹ ਨੀਹਾਂ ਬਣ ਜਾਂਦੀਆਂ ਹਨ ਜਿਨ੍ਹਾਂ ਉਤੇ ਮਨੁਖ ਉਚੀਆਂ ਉਸਾਰੀਆਂ ਕਰਨੀਆਂ ਲੋੜਦਾ ਹੈ।'

'ਹਾਂ, ਹਾਂ, ਦੁਮੇਲ (horizon) ਦੀ ਦੂਰੀ ਵਾਂਗ, ਜਿੰਨਾਂ ਮਰਜ਼ੀ ਚੱਲੋ, ਉਹ ਉੱਨਾ ਹੀ ਦੂਰ ਰਹਿੰਦਾ ਹੈ ਤੇ ਅਧਿਆਤਮਕ ਪੱਖ ਵੱਲ ਇਹ ਗੱਲ ਵਧੇਰੇ ਹੀ ਠੀਕ ਹੈ।' ਉਨ੍ਹਾਂ ਦਾ ਉੱਤਰ ਹੁੰਦਾ।

ਦੋ ਤਿੰਨ ਵੇਰ ਇਹ ਉੱਤਰ ਸੁਣ ਕੇ ਮੈਨੂੰ ਪੱਕਾ ਵਿਸ਼ਵਾਸ ਹੋ ਗਿਆ, ਇਹ ਬਾਹਰੋਂ ਹਸਣਾ, ਖੇਡਣਾ, ਰੋਮਾਂਟਿਕ ਕਵਿਤਾਵਾਂ, ਗੀਤ ਤੇ ਗਜ਼ਲਾਂ ਲਿਖਦਾ, ਮਿਲਾਪੜਾ ਚਾਤ੍ਰਿਕ ਕੁਝ ਅਧਿਆਤਮਕ ਰੁਚੀ ਭੀ ਰਖਦਾ ਹੈ। ਪਹਿਲਾਂ ਮੇਰਾ ਵਿਚਾਰ, ਹੋਰ ਕਈਆਂ ਵਾਂਗ, ਇਹੀ ਸੀ ਤੇ 'ਨਵਾਂ ਜਹਾਨ', ਦੀਆਂ ਕਵਿਤਾਵਾਂ ਤੋਂ ਇਸ ਦਾ ਪ੍ਰਮਾਣ ਭੀ ਮਿਲਦਾ ਸੀ, ਕਿ ਚਾਤ੍ਰਿਕ ਦੀਆਂ ਧਾਰਮਿਕ ਰੁਚੀਆਂ ਮਰੀਆਂ ਨਹੀਂ ਤਾਂ ਸੌਂ ਜ਼ਰੂਰ ਚੁਕੀਆਂ ਹਨ ਅਤੇ ਕਈ ਮਿਤ੍ਰ ਇਸ ਦਾ ਕਾਰਨ 'ਪ੍ਰੀਤ ਲੜੀ' ਤੇ ਉਸ ਦੇ ਐਡੀਟਰ ਸ. ਗੁਰਬਖਸ਼ ਸਿੰਘ ਨਾਲ ਪਿਆਰ ਤੇ ਸਾਂਝ ਦਸਦੇ ਸਨ।

ਚਾਤ੍ਰਿਕ ਜੀ ਨਾਲ ਬੜੀ ਸੁਹਿਰਦ ਤੇ ਨੇੜਤਾ ਵਾਲੀ ਗੱਲਬਾਤ, 'ਸੂਫੀ ਖਾਨਾ' ਦੀਆਂ ਕਵਿਤਾਵਾਂ ਤੇ ਸ. ਗੁਰਬਖਸ਼ ਸਿੰਘ ਜੀ ਦੀ ਰਚਨਾ ਦੇ ਅਧਿਐਨ ਨੇ ਮੇਰੇ ਇਸ ਵਿਸ਼ਵਾਸ ਨੂੰ ਝੰਜੋੜ ਦਿਤਾ ਸੀ। ਉਹ ਧਾਰਮਿਕ ਬ੍ਰਿਤੀਆਂ ਵਾਲੇ ਮਹਾਨ ਭਾਵੀ ਪੁਰਸ਼ ਸਨ। ਡਾ. ਭਾਈ ਵੀਰ ਸਿੰਘ ਜੀ ਦੇ ਪ੍ਰਭਾਵ ਨੇ ਉਨ੍ਹਾਂ ਰੁਚੀਆਂ ਨੂੰ ਪ੍ਰਜਵਲਤ ਕੀਤਾ ਸੀ ਜਿਹਾ ਕਿ 'ਚੰਦਨ ਵਾੜੀ' ਦੀਆਂ ਮੁਢਲੀਆਂ ਕਵਿਤਾਵਾਂ ਤੋਂ ਹੀ ਪ੍ਰਗਟ ਹੈ। ਉਮਰ ਦੇ ਤਜਰਬੇ ਨੇ ਅੰਤਲੇ ਦਿਨਾਂ ਤਕ ਉਨ੍ਹਾਂ ਨੂੰ ਹੋਰ ਭੀ ਪੱਕੇ (ਕਟੜ ਨਹੀਂ) ਅਧਿਆਤਮਵਾਦੀ ਬਣਾ ਦਿਤਾ ਸੀ। ਉਹ ਭੀ ਕੁਦਰਤ ਵਿਚੋਂ ਕਾਦਰ ਨੂੰ ਵੇਖਦੇ ਸਨ। ਅਧਿਐਨ ਤੇ ਤਜਰਬੇ ਨਾਲ ਫਰਕ ਇਹ ਪਿਆ ਸੀ ਕਿ ਉਨ੍ਹਾਂ ਦਾ ਅਧਿਆਤਮਵਾਦ, ਮਾਨਵਵਾਦ ਦੇ ਰੂਪ ਵਿਚ ਸਾਕਾਰ ਹੁੰਦਾ ਸੀ। ਇਸ ਕਰਕੇ ਹੀ ਉਨ੍ਹਾਂ ਨੂੰ ਮੌਤ ਇਕ ਪਕੀ ਤੇ ਸੁਖਦਾਈ ਨੀਂਦਰ ਜਾਪਦੀ ਸੀ ਤੇ ਉਹ ਆਖਦੇ ਸਨ:

ਜਿਸ ਘੜੀ ਬੁਲਾਵਾ ਆਵੇਗਾ, ਹਥ ਜੋੜ ਹੁਕਮ ਭੁਗਤਾਵਾਂਗੇ।
ਆਉਂਦੀ ਵਾਰ ਕੁਝ ਰੋਏ ਸਾਂ, ਪਰ ਹਸਦੇ ਹਸਦੇ ਜਾਵਾਂਗੇ।

ਇਨ੍ਹਾਂ ਦੀਆਂ ਇਹ ਸਤਰਾਂ ਪੜ੍ਹ ਕੇ ਮੈਨੂੰ ਭਗਤ ਕਬੀਰ ਜੀ ਦੀਆਂ ਤੁਕਾਂ ਯਾਦ ਆਈਆਂ ਸਨ :

ਜਿਸ ਮਰਨੈ ਤੇ ਜਗ ਡਰੈ, ਮੇਰੇ ਮਨ ਆਨੰਦ॥
ਮਰਨੇ ਹੀ ਤੇ ਪਾਈਐ, ਪੂਰਨ ਪਰਮਾਨੰਦ॥

ਤੇ ਉਹ, ਕਈ ਵਾਰ ਕਵਿਤਾ ਵਿਚ ਪੁਛਦੇ ਹਨ ਕਿ ਇਹ ਜੀਵਨ ਦੀ ਚੱਕੀ ਮੈਨੂੰ ਕਿੰਨਾ ਕੁ ਚਿਰ ਹੋਰ ਪੀਹਣੀ ਪਵੇਗੀ। ਇਸ ਲਈ ਉਹ ਸੂਫੀਆਂ ਵਾਂਗ ਮੌਤ ਦੇ ਦਰਵਾਜ਼ੇ ਤੋਂ ਲੰਘ ਕੇ 'ਪੀਆ ਕੇ ਦੇਸ' ਜਾਂ ਪਿਆਰੇ ਕੋਲ ਜਾਣ ਦੀ ਉਡੀਕ ਵਿਚ ਸਨ ਅਤੇ ਉਸ ਲਈ ਉਨ੍ਹਾਂ ਨੇ ਸੇਵਾ ਦਾ ਦਾਜ, ਕਵਿਤਾ ਦਾ ਢੋਆ, ਇਖਲਾਕ ਤੇ ਪਿਆਰ ਦਾ ਸੁਭਾਅ ਬਣਾ ਕੇ ਪੂਰੀ ਤਿਆਰੀ ਕਰ ਲਈ ਹੋਈ ਸੀ ਤੇ ਉਸ ਦੀ ਉਡੀਕ ਵਿਚ ਹੀ ਉਹ ਕਈ ਵਰ੍ਹੇ 'ਪੇਕੇ' ਬੈਠੇ ਕਵਿਤਾ ਤੇ ਸਦਗੁਣਾਂ ਦਾ ਚਰਖਾ ਕੱਤੀ ਗਏ ਤੇ ਕਹੀ ਗਏ :

ਖੰਭ ਖੁਲ੍ਹੇ, ਅੱਖੀਆਂ ਵਿਚ ਲਾਲੀ, ਵੰਡਦਾ ਚੱਲ ਖੁਸ਼ਹਾਲੀ।
ਸੁਣ ਸੁਣ ਤੇਰੇ ਗੀਤ ਰਸੀਲੇ, ਛਿੜ ਪਏ ਪ੍ਰੇਮ ਉਸਾਰੀ।
ਪੰਛੀ ਜ਼ਰਾ ਭਰ ਕੇ ਮਾਰ ਉਡਾਰੀ।

ਇਨ੍ਹਾਂ ਸ਼ਬਦਾਂ ਤੋਂ ਪ੍ਰਗਟ ਹੋ ਜਾਵੇਗਾ ਕਿ ਜਦੋਂ ਉਹ ਹੇਠਲੀਆਂ ਸਤਰਾਂ ਲਿਖਦੇ ਹਨ ਤਾਂ ਉਨ੍ਹਾਂ ਨੂੰ ਕਿਸ ਦੀ ਉਡੀਕ ਹੈ :

ਵੇਂਹਦੇ ਭੀ ਹੋ ਤੇ ਫੇਰ ਕਿਉਂ ਪਸੀਜਦੇ ਨਹੀਂ,
ਹੈ ਸਿਸਕ ਰਿਹਾ ਮੇਰਾ ਇੰਤਜ਼ਾਰ ਕਦੋਂ ਦਾ।
ਅਤੇ—
ਭਾਵੇਂ ਤੁਸਾਂ ਭੁਲਾ ਛਡਿਆ ਹੈ, ਮੈਂ ਤੇ ਨਹੀਂ ਭੁਲਾ ਸਕਦਾ।
ਮਰਨ ਕਿਨਾਰੇ ਆ ਪਹੁੰਚਾ ਹਾਂ, ਦਰਵਾਜ਼ੇ ਵਲ ਤਕਦਾ।
ਜ਼ਰਾ ਕੁ ਹਥ ਉਲਾਰੋਗੇ ਤਾਂ ਲਗ ਜਾਵਾਂਗਾ ਬੰਨੇ।

ਅਤੇ ਅੰਤ 18 ਦਸੰਬਰ, 1954 ਨੂੰ ਉਹ ਆਪਣੀ ਉਮਰ ਭਰ ਦੀ ਕਾਰ ਕਰਕੇ ਥਕ ਕੇ ਸਦਾ ਲਈ ਸੁਖ ਦੀ ਨੀਂਦ ਹਸਦੇ ਹਸਦੇ ਸੌਂ ਗਏ।

ਅਜ ਉਨ੍ਹਾਂ ਦੀ ਰਚਨਾ, ਕੰਮ, ਸੁਭਾਅ ਤੇ ਸੇਵਾ ਨੂੰ ਵੇਖ ਵੇਖ ਸਮਝ ਆਉਂਦੀ ਹੈ, ਉਹ ਕਿੰਨੇ ਮਹਾਨ ਪੁਰਸ਼ ਸਨ ਤੇ ਉਹ ਆਪਣੇ ਇਕੋ ਜੀਵਨ ਵਿਚ ਜੀਵਨ ਕਿੰਨਾ ਵਧੇਰੇ ਸੋਹਣਾ ਬਣਾ ਗਏ ਤੇ ਅਗੋਂ ਮਨ, ਵਿਚਾਰਾਂ ਤੇ ਜੀਵਨ ਨੂੰ ਸੋਹਣਾ ਬਣਾਈ ਜਾਣ ਲਈ ਕਿੰਨੀ ਵੱਡੀ ਸ਼ਿੰਗਾਰ-ਪਟਾਰੀ ਆਪਣੀ ਕਵਿਤਾ; ਗੀਤਾਂ, ਲੇਖਾਂ ਤੇ ਯਾਦਾਂ ਦੀ ਸਾਨੂੰ ਦਾਨ ਕਰ ਗਏ ਹਨ।

ਕਿੱਸਾਕਾਰ ਚਾਤ੍ਰਿਕ

(ੳ) ਕਿੱਸਾ ਕਾਵਿ ਦੀ ਪਰੰਪਰਾ : ਚਾਤ੍ਰਿਕ ਜੀ ਦੇ ਕਿੱਸਿਆਂ ਦਾ ਸਹੀ ਮੁਲਅੰਕਣ, 20ਵੀਂ ਸਦੀ ਦੇ ਅਰੰਭ ਕਾਲ ਦੀ ਪਰੰਪਰਾਵਾਦੀ ਕਵਿਤਾ ਦਾ ਇਕ ਸੰਖੇਪ ਜੇਹਾ ਬਿਉਰਾ ਸਾਹਮਣੇ ਰਖ ਕੇ ਹੀ ਕੀਤਾ ਜਾ ਸਕਦਾ ਹੈ।

ਕਿਸੇ ਪਾਸੇ ਪਰੰਪਰਾ ਤੇ ਰਵਾਇਤਾਂ ਅਤੇ ਦੂਜੇ ਪਾਸੇ ਨਵੀਨਤਾ ਦੇ ਵਿਚਕਾਰ ਕੋਈ ਪੱਕੀ ਕੰਧ ਨਹੀਂ ਕੀਤੀ ਜਾ ਸਕਦੀ। ਕਲ੍ਹ ਦੀ ਨਵੀਨਤਾ ਅਜ ਦੀ ਪਰੰਪਰਾ ਹੈ ਅਤੇ ਕਲ੍ਹ ਦਾ ਤਜਰਬਾ ਜਾਂ ਪ੍ਰਯੋਗ ਅਜ ਦੀ ਰਵਾਇਤ। ਅਜ ਦੀ ਨਵੀਨਤਾ ਭਲਕ ਦੀ ਪਰੰਪਰਾ ਬਣ ਜਾਏਗੀ।

ਪਰੰਪਰਾ ਤੇ ਰਵਾਇਤ ਬਿਨਾਂ ਸਾਹਿਤ, ਪਹੀਏ ਬਿਨਾਂ ਗੱਡੀ ਅਤੇ ਰਾਹ ਬਿਨਾਂ ਪਹਾੜ ਹੈ। ਇਸ ਲਈ ਅਸੀਂ ਪਰੰਪਰਾ ਤੇ ਰਵਾਇਤ ਨੂੰ ਕੋਈ ਘਟ ਮਹਾਨਤਾ ਨਹੀਂ ਦੇਂਦੇ। ਪਰੰਪਰਾ ਤੇ ਰਵਾਇਤ ਦੇ ਰਾਹਾਂ ਉਤੇ ਚਲ ਕੇ ਹੀ ਮੰਜ਼ਲ ਉਤੇ ਪੁੱਜਿਆ ਜਾਂਦਾ ਹੈ ਅਤੇ ਉਨ੍ਹਾਂ ਦੇ ਨਾਲ ਨਾਲ ਨਵੇਂ ਰਾਹ ਲਭੇ ਜਾ ਸਕਦੇ ਹਨ। ਇੰਜ ਹੀ ਅਜ ਦੇ ਪਰੰਪਰਾਵਾਦੀ ਕਾਵਿ ਦੀਆਂ ਜੜ੍ਹਾਂ ਕਿੱਸਾ ਗੋਈ, ਸੂਫੀ ਅਤੇ ਭਗਤੀ-ਕਾਵਿ ਵਿਚ ਹਨ।

19ਵੀਂ ਸਦੀ ਦੇ ਅੰਤ ਵਿਚ ਲਾਹੌਰ ਸ਼ਹਿਰ ਵਿਚ ਵਿਦਿਅਕ ਵਿਭਾਗ ਦੇ ਡਾਇਰੈਕਟਰ ਦੇ ਉੱਦਮ ਨਾਲ ਉਰਦੂ ਦੇ ਮੁਸ਼ਾਇਰੇ ਆਰੰਭ ਹੋਏ। ਇਨ੍ਹਾਂ ਨੂੰ ਬਹੁਤ ਕਰਕੇ 'ਅਖਾੜੇ' ਦਾ ਨਾਂ ਦਿਤਾ ਜਾਂਦਾ ਸੀ। ਪੰਜਾਬੀ ਕਵਿਤਾ ਤਕ ਆਉਂਦਿਆਂ ਇਹ ਅਖਾੜੇ ਕਿਸੇ ਹਦ ਤਕ ਕਵਿਤਾ ਦੀ ਥਾਂ ਜਾਤੀ ਤੇ ਨਿਜੀ ਟਾਕਰਿਆਂ ਦੇ ਅਖਾੜੇ ਬਣ ਗਏ ਸਨ। ਅੰਮ੍ਰਿਤਸਰ ਵਿਚ ਵੀਹਵੀਂ ਸਦੀ ਦੇ ਆਰੰਭ ਵਿਚ (ਸੰਨ 1910 ਤੋਂ ਪਹਿਲਾਂ ਹੀ) ਇਹ ਅਖਾੜੇ ਚੌਂਕਾਂ ਜਾਂ ਕਿਸੇ ਬਾਗ ਦੀ ਨੁੱਕਰ ਵਿਚ ਲਗਦੇ ਸਨ। ਇਨ੍ਹਾਂ ਵਿਚ ਇਕੱਤ੍ਰ ਹੋਣ ਵਾਲੇ ਸ਼ਾਇਰ ਵਧੇਰੇ ਬੈਂਤਬਾਜ਼ੀ ਉਤੇ ਵਿਸ਼ਵਾਸ ਰਖਦੇ ਸਨ ਅਤੇ ਇਹ ਬੈਂਤ 'ਵਾਰਸ-ਸ਼ਾਹੀ' ਢੰਗ ਦੇ ਹੀ ਹੁੰਦੇ ਸਨ। ਬੈਂਤ ਬੋਲਣ ਵਾਲਿਆਂ ਨੇ ਬਹੁਤ ਕਰਕੇ ਹੀਰ ਲਿਖੀ ਹੁੰਦੀ ਸੀ, ਨਹੀਂ ਤਾਂ ਘਟੋ ਘਟ ਪੜ੍ਹੀ ਜ਼ਰੂਰ ਹੁੰਦੀ ਸੀ। ਉਨ੍ਹਾਂ ਦੀ ਬੋਲੀ ਵਿਚ ਉਰਦੂ, ਫਾਰਸੀ ਦਾ ਅਸਰ ਵਧੇਰੇ ਹੁੰਦਾ ਸੀ ਅਤੇ ਇਨ੍ਹਾਂ ਵਿਚ ਵਧੇਰੇ ਗਿਣਤੀ ਵੀ ਮੁਸਲਮਾਨਾਂ ਦੀ ਸੀ। ਧਨੀ ਰਾਮ ਚਾਤ੍ਰਿਕ ਦਸਦੇ ਹੁੰਦੇ ਸਨ, 'ਜਵਾਨ ਉਮਰ ਵਿਚ ਮੈਂ ਵੀ ਇਕ ਵਾਰੀ ਇਕ ਅਖਾੜੇ ਵਿਚ ਕਵਿਤਾ ਬੋਲਣ ਲਈ ਗਇਆ ਤਾਂ ਹੋਰ ਕਵੀਆਂ ਨੇ ਪੁਛਿਆ, 'ਮੁੰਡਿਆ, ਤੂੰ ਹੀਰ ਲਿਖੀ ਹੈ ?' ਜਦ ਮੈਂ ਕਿਹਾ 'ਨਹੀਂ' ਤਾਂ ਉਹ ਕਹਿਣ ਲਗੇ, 'ਤੂੰ ਸ਼ਾਇਰ ਕਿਸ ਤਰ੍ਹਾਂ ਬਣ ਗਿਆ ?'

ਇਨ੍ਹਾਂ ਕਵੀਆਂ ਵਿਚ ਬਹੁਤੇ ਅਨਪੜ੍ਹ ਜਾਂ ਥੋੜ੍ਹਾ ਬਹੁਤ ਪੜ੍ਹੇ ਹੋਏ ਲੋਕ ਹੁੰਦੇ ਸਨ। ਉਨ੍ਹਾਂ ਦੀ ਵਿਦਿਆ, ਮਾਮੂਲੀ ਫਾਰਸੀ, ਉਰਦੂ ਤੋਂ ਅਗਾਂਹ ਨਹੀਂ ਸੀ ਲੰਘੀ ਹੁੰਦੀ। ਉਨ੍ਹਾਂ ਦਾ ਕਾਵਿ-ਅਧਿਅਨ ਕੁਝ ਕਿੱਸਿਆਂ ਉਤੇ ਸੀਮਤ ਹੁੰਦਾ ਸੀ। ਉਂਜ ਇਨ੍ਹਾਂ ਅਖਾੜਿਆਂ ਵਿਚ ਮੌਲਾ ਬਖਸ਼ ਕੁਸ਼ਤਾ, ਡਾਕਟਰ ਦੇਵੀ ਦਾਸ 'ਹਿੰਦੀ', ਚਕ੍ਰਧਾਰੀ, ਬੇਜ਼ਰ ਆਦਿ ਭੀ ਜਾਂਦੇ ਰਹੇ ਹਨ। ਕੁਸ਼ਤਾ ਦੀ ਹੀਰ ਤੇ ਦੀਵਾਨ, ਫਾਰਸੀ ਅਖਰਾਂ ਵਿਚ ਛਪੇ ਹਨ।

ਇਨ੍ਹਾਂ ਅਖਾੜਿਆਂ ਤੋਂ ਬਾਹਰ ਕੁਝ ਕਵੀ (ਚਾਤ੍ਰਿਕ, ਕਾਲੀਦਾਸ, ਮਾਨ ਸਿੰਘ, ਜੋਧ ਸਿੰਘ, ਭਗਵਾਨ ਸਿੰਘ, ਆਦਿ) ਅਜਿਹੇ ਵੀ ਸਨ, ਜੋ ਆਪਣੇ ਕਮਰਿਆਂ ਵਿਚ ਬਹਿ ਕੇ ਹੀ ਕਿੱਸੇ ਜਾਂ ਕਿਤਾਬਾਂ ਲਿਖਦੇ ਸਨ ਅਤੇ ਅਖਾੜਿਆਂ ਵਿਚ ਜਾ ਕੇ ਮਥੇ ਨਹੀਂ ਸਨ ਲਾਉਂਦੇ।

ਮੁਸਲਮਾਨ ਕਵੀ ਰੋਮਾਂਟਿਕ ਕਿੱਸਿਆਂ ਦੇ ਨਾਲ ਨਾਲ ਮੁਸਲਮਾਨੀ ਇਤਿਹਾਸ ਦੇ ਭੀ ਕਿੱਸੇ ਲਿਖਣ ਲਗ ਪਏ ਸਨ, ਜਿਨ੍ਹਾਂ ਵਿਚੋਂ ਉਨ੍ਹੀਵੀਂ ਸਦੀ ਦੇ ਅੰਤ ਤਕ ਗੁਲਾਮ ਰਸੂਲ ਦਾ 'ਯੂਸਫ ਜ਼ੁਲੈਖਾਂ' ਬਹੁਤ ਪ੍ਰਸਿਧ ਹੋ ਗਿਆ ਸੀ। ਉਹ ਕਲਾ ਦੇ ਵਿਚਾਰ ਨਾਲ ਇਤਿਹਾਸਕ ਕਿੱਸਿਆਂ ਵਿਚ ਇਸ ਸਮੇਂ ਵਿਚ ਓਨਾ ਹੀ ਸਫਲ ਸੀ ਜਿੰਨਾ ਪੁਰਾਣਾ ਵਾਰਸਸ਼ਾਹ ਦਾ ਕਿੱਸਾ ਰੋਮਾਂਟਿਕ ਕਿੱਸਿਆਂ ਵਿਚ। ਗੁਲਾਮ ਰਸੂਲ ਦੀ ਸਫਲਤਾ ਨੇ ਹੋਰ ਕਈ ਮੁਸਲਮਾਨ ਕਵੀਆਂ ਨੂੰ ਜੰਗ-ਨਾਮੇ ਆਦਿ ਲਿਖਣ ਲਈ ਪ੍ਰੇਰਿਆ, ਭਾਵੇਂ ਇਹ ਪ੍ਰਥਾ ਪੰਜਾਬੀ ਵਿਚ ਮੁਕਬਲ ਦੇ ਜੰਗ ਨਾਮੇ ਤੋਂ ਅਤੇ ਹਾਫਜ਼ ਬਰਖੁਰਦਾਰ ਦੇ ਯੂਸਫ ਜ਼ੁਲੈਖਾਂ ਤੋਂ ਚਲ ਚੁਕੀ ਸੀ। ਇਸੇ ਲੀਹ ਉਤੇ 20ਵੀਂ ਸਦੀ ਦੇ ਆਰੰਭ ਵਿਚ ਕਾਲੀਦਾਸ ਦੇ ਪੂਰਨ ਭਗਤ, ਰਾਮਾਇਣ, ਕ੍ਰਿਸ਼ਨ-ਲੀਲ੍ਹਾ, ਕਿਸ਼ਨ ਸਿੰਘ ਆਰਫ਼ ਤੇ ਦੌਲਤ ਰਾਮ ਦੇ ਹੀਰ, ਰਸਾਲੂ, ਪੂਰਨ, ਸ਼ੀਰੀਂ ਰੂਪ ਬਸੰਤ ਤੇ ਭਗਵਾਨ ਸਿੰਘ ਦੀ ਹੀਰ ਤੇ ਮਿਰਜ਼ਾ ਜਨ-ਸਧਾਰਨ ਵਿਚ ਬਹੁਤ ਵਧੇਰੀ ਸੰਖਿਆ ਵਿਚ ਪੜ੍ਹੇ ਜਾਣ ਲਗ ਪਏ ਸਨ। 1920 ਤੋਂ ਪਹਿਲਾਂ ਧਨੀ ਰਾਮ ਚਾਤ੍ਰਿਕ ਦੇ ਭਰਥਰੀ ਹਰੀ ਤੇ ਨਲ ਦਮਯੰਤੀ, ਲੋਕ-ਪ੍ਰੀਯਤਾ ਦੀ ਸਿਖਰ ਉਤੇ ਸਨ। 1924 ਈ. ਤਕ ਉਨ੍ਹਾਂ ਦੀਆਂ ਸਤ ਸਤ ਐਡੀਸ਼ਨਾਂ ਪ੍ਰਕਾਸ਼ਤ ਹੋ ਚੁੱਕੀਆਂ ਸਨ।

ਇਨ੍ਹਾਂ ਤੋਂ ਪਿਛੋਂ ਕਿੱਸਾ ਕਾਵਿ ਪਰੰਪਰਾ ਨੂੰ ਤੋਰੀ ਰਖਣ ਦਾ ਮਾਣ ਪੰਡਿਤ ਕਿਸ਼ੋਰ ਚੰਦ (1890) ਨੂੰ ਹੈ। ਉਸ ਨੇ 64 ਤੋਂ ਉਪਰ ਕਿੱਸੇ ਲੋਕ ਧਾਰਨਾ ਅਤੇ ਕਿੱਸਿਆਂ ਦੀ ਪਰੰਪਰਾ ਵਿਚ ਲਿਖੇ ਹਨ। ਉਸ ਦੀ ਰਚਨਾ ਵਿਚ ਸਿੱਖਾਂ, ਹਿੰਦੂਆਂ, ਰਾਜਪੂਤਾਂ ਤੇ ਸੰਤਾਂ, ਭਗਤਾਂ ਦੇ ਇਤਿਹਾਸ ਦੇ ਕਿੱਸੇ ਵੀ ਹਨ ਅਤੇ ਜੀਜਾ, ਸਾਲੀ, ਸ਼ਤਾਨੀ ਚੋਰ, ਜਾਨੀ ਚੋਰ, ਹੀਰ, ਸੋਹਣੀ ਆਦਿ ਰੋਮਾਂਸਿਕ ਕਹਾਣੀਆਂ ਭੀ ਹਨ। ਪੰਡਿਤ ਕਿਸ਼ੋਰ ਚੰਦ ਨੇ ਹਾਮਾਇਣ ਤੇ ਗਰੜ ਪੁਰਾਣ ਦੇ ਉਲਥੇ ਭੀ ਪੰਜਾਬੀ ਕਵਿਤਾ ਵਿਚ ਕੀਤੇ ਹਨ। ਹੁਣੇ ਹੁਣੇ ਹੀ ਸੂਬਾ ਸਿੰਘ ਨੇ ਹਾਸਰਸ ਤੇ ਵਿਅੰਗ ਭਰਪੂਰ ਹੀਰ ਛਾਪੀ ਹੈ। ਉਸ ਨੂੰ ਮੌਡਰਨ ਹੀਰ ਕਹਿ ਸਕਦੇ ਹਾਂ।

ਸਿੱਖ ਇਤਿਹਾਸ ਵਲ ਇਸ ਪੱਖ ਤੋਂ ਪਹਿਲ ਗਿਆਨੀ ਜੋਧ ਸਿੰਘ ਲਾਹੌਰੀ (1867-1907) ਨੇ ਕੀਤੀ ਜਾਪਦੀ ਹੈ। ਉਨ੍ਹਾਂ ਨੇ 1907 ਤੋਂ ਪਹਿਲਾਂ ਹੀ ਕਲਗੀਧਰ ਹੁਲਾਸ, ਨਿਰੰਕਾਰੀ ਹੁਲਾਸ, ਸ਼ਹੀਦ ਹੁਲਾਸ, ਖੜਗਧਾਰੀ ਹੁਲਾਸ ਅਤੇ ਕਈ ਹੋਰ ਪ੍ਰਸੰਗ ਸਰਵ ਸਾਧਾਰਨ ਪੰਜਾਬੀ ਕਵਿਤਾ ਵਿਚ ਲਿਖ ਕੇ ਇਕ ਪਰੰਪਰਾ ਤੋਰੀ। ਸੰਨ 1911 ਵਿਚ ਕਲਗੀਧਰ ਹੁਲਾਸ, ਦੀ 9ਵੀਂ ਐਡੀਸ਼ਨ ਛਪੀ ਸੀ। ਇਸ ਤੋਂ ਪਿਛੋਂ ਕਰਤਾਰ ਸਿੰਘ ਕਲਾਸਵਾਲੀਆ (1882—1952 ਈ.) ਕਰਤਾ ਅਜੀਤ ਖਾਲਸਾ, ਨਿਰੰਕਾਰੀ ਜੋਤ, ਦਾਤਾਰੀ ਜੋਤ, ਦਸ਼ਮੇਸ਼ ਪ੍ਰਕਾਸ਼ ਆਦਿ ਬਹੁਤ ਸਾਰਾ ਸਿੱਖ ਇਤਿਹਾਸ ਲਿਖਣਾ ਜਾਰੀ ਰਖਿਆ। ਉਸ ਵਿਚ ਨਵੀਨਤਾ ਨਹੀਂ, ਪਰ ਜੰਗਾਂ ਦਾ ਵਰਨਣ, ਕੁਝ ਕੁ ਸਿਖਿਆ ਅਤੇ ਵਿਅੰਗ ਨਵੀਨ ਹਨ। ਖੋਜ ਦੀ ਘਾਟ ਹੈ। ਛਪੇ ਇਤਿਹਾਸਾਂ ਨੂੰ ਹੀ ਕਵਿਤਾ ਦਾ ਰੂਪ ਦਿਤਾ ਹੈ। ਛੰਦਾਂ ਦੀ ਵੰਨਗੀ ਹੈ ਅਤੇ ਬੋਲੀ ਸਾਧਾਰਨ ਹੈ। ਕਲਾਸਵਾਲੀਆ ਭੀ ਪਹਿਲਾਂ ਰੋਮਾਂਟਿਕ ਤੇ ਪੌਰਾਣਿਕ ਕਿੱਸਿਆਂ, ਰੂਪ ਬਸੰਤ, ਪ੍ਰਹਿਲਾਦ ਭਗਤ ਆਦਿ, ਵਲ ਹੀ ਲੱਗਾ ਸੀ। ਗਿਆਨੀ ਜੋਧ ਸਿੰਘ ਲਾਹੌਰੀ ਨੇ ਇਸ ਨੂੰ ਗਿਆਨੀ ਬਿਸ਼ਨ ਸਿੰਘ ਤੇ ਗਿਆਨੀ ਨਰਾਇਣ ਸਿੰਘ ਨੂੰ ਸਿੱਖ ਇਤਿਹਾਸ ਦੀ ਲਗਨ ਲਾਈ।

ਇਤਿਹਾਸਕ ਕਿੱਸਿਆਂ ਦੀ ਪਰੰਪਰਾ ਵਿਚ ਵੀਹਵੀਂ ਸਦੀ ਦੇ ਅਰੰਭ ਵਿਚ ਹੇਠ ਲਿਖੇ ਹੋਰ ਗ੍ਰੰਥਾਂ ਦੇ ਪ੍ਰਕਾਸ਼ਤ ਹੋਣ ਦਾ ਪਤਾ ਲਗਦਾ ਹੈ।

ਮੁਨਸ਼ੀ ਕਿਸ਼ਨ ਦਿਆਲ ਨੇ ਰਾਮਾਇਣ, ਹਨੂੰਮਾਨ, ਸਦਾ ਸ਼ਿਵਜੀ, ਸ੍ਰੀ ਗੰਗਾ ਜਮਨਾ ਆਦਿ 1906 ਵਿਚ ਛਪਵਾਈਆਂ। ਕਿਸ਼ਨ ਚੰਦ ਕਕੜ ਦੀ ਲਿਖੀ ਰਾਮਾਇਣ 1913 ਵਿਚ ਛਪੀ। ਇੰਦਰ ਸਿੰਘ ਦੇ ਲਿਖੇ ਨਲ ਦਮਿਅੰਤੀ, ਹਰੀਸ਼ ਚੰਦ ਤੇ ਪ੍ਰਹਿਲਾਦ ਭਗਤ ਮਿਲਦੇ ਹਨ। ਗਿਆਨ ਚੰਦ ਧਵਨ ਨੇ ਜੈਮਲ-ਫੱਤਾ ਲਿਖਿਆ ਤੇ ਕਾਲਾ ਸਿੰਘ ਨਾਮਧਾਰੀਆ ਨੇ ਜਨਮ ਸਾਖੀ ਸ੍ਰੀ ਨਾਮਦੇਵ ਜੀ ਰਚੀ।

ਸਿੱਖ ਇਤਿਹਾਸ ਦੇ ਕਿੱਸਾਕਾਰਾਂ ਵਿਚੋਂ ਸੰਤ ਬੰਸੀਧਰ ਨੇ ਕਲਗੀਧਰ ਉਪਕਾਰ, 1906 ਈ. ਵਿਚ, ਗਿਆਨੀ ਬਿਸ਼ਨ ਸਿੰਘ ਨੇ ਸੂਰਬੀਰ ਖਾਲਸਾ (1917) ਸ਼ੇਰ ਖਾਲਸਾ, ਸ਼ਹੀਦ ਖਾਲਸਾ, ਮਹਾਰਾਜ ਖਾਲਸਾ ਤੇ ਦਸਮ ਗੁਰੂ ਖਾਲਸਾ ਪ੍ਰਕਾਸ਼ (1920) ਆਦਿ ਰਚੇ ਹਨ।

ਭਗਵਾਨ ਸਿੰਘ ਕਲਰਕ ਨੇ 1908 ਈ. ਵਿਚ ਖਾਲਸਾ ਮਤ ਹੁਲਾਸ, ਜੋਧ ਸਿੰਘ ਅਰਜ਼ੀ ਨਵੀਸ ਨੇ 1910 ਵਿਚ ਗੁਰੂ ਅਰਜਨ ਬਿਲਾਸ, ਸ਼ਾਹ ਸਿੰਘ ਨੇ 1907 ਈ. ਵਿਚ ਸ਼ਹੀਦ ਬਿਲਾਸ, ਕਵੀ ਬਚਨ ਸਿੰਘ ਨੇ 1920 ਈ. ਵਿਚ ਸਤ ਸੀਸ ਰਚੇ। ਕਵੀ ਬਰਕਤ ਸਿੰਘ ਅਨੰਦ ਦਾ ਕੰਮ ਇਸ ਪੱਖ ਵਿਚ, ਕਾਲੀਦਾਸ ਤੇ ਭਾਈ ਜੋਧ ਸਿੰਘ ਨਾਲ ਟਾਕਰਾ ਖਾਂਦਾ ਹੈ। ਉਸ ਨੇ ਮਹਾਰਾਜ ਰਣਜੀਤ ਸਿੰਘ, ਦਸ ਗੁਰ ਦਰਸ਼ਨ, ਦਸ ਗੁਰ ਪ੍ਰਕਾਸ਼, ਹਰੀ ਸਿੰਘ ਨਲੂਆ, ਬੰਦਾ ਬਹਾਦਰ ਤੇ ਢਾਡੀਆਂ ਦਾ ਤੋਹਫਾ, ਗੁਰਸਿਖ ਦਰਸ਼ਨ, ਬਾਬਾ ਦੀਪ ਸਿੰਘ ਨਾਂ ਦੇ ਕਾਵਿ ਸਿੱਖ ਇਤਿਹਾਸ ਸਬੰਧੀ ਰਚੇ।

ਸੋਹਣ ਸਿੰਘ ਘੁੱਕੇ ਵਾਲੀ ਨੇ ਵੀ ਬਰਕਤ ਸਿੰਘ ਅਨੰਦ ਵਾਲੀ ਲੀਹ ਉਤੇ ਹੀ ਕੰਮ ਕੀਤਾ ਅਤੇ ਵਧੇਰੇ ਯੋਗਤਾ ਨਾਲ ਨਿਬਾਹਿਆ। ਉਸ ਦੀਆਂ ਰਚਨਾਵਾਂ ਜੰਗਨਾਮਾ ਚਮਕੌਰ, ਜਨਮ ਲੀਲਾ ਗੁਰੂ ਨਾਨਕ ਦੇਵ ਜੀ ਆਦਿ ਹਨ।

ਇਸ ਪੱਖੋਂ ਸੋਹਣ ਸਿੰਘ 'ਸੀਤਲ' ਦਾ ਕੰਮ ਸਭ ਤੋਂ ਵਧ ਹੈ। ਉਹ ਢਾਡੀ ਹੈ ਅਤੇ ਨਵੀਨ ਸਮੇਂ ਨਾਲ ਸਬੰਧਤ ਹੈ। ਉਸ ਦੇ ਲਿਖੇ ਪੁਸਤਕਾਂ ਵਿਚ 'ਪ੍ਰਸੰਗ' ਸਿੱਖ ਇਤਿਹਾਸ ਵਿਚੋਂ ਹਨ ਅਤੇ ਢਾਡੀਆਂ ਦੀ ਲੋੜ ਅਨੁਸਾਰ ਇਹ ਪ੍ਰਸੰਗ ਨਿਰੇ ਕਵਿਤਾ ਵਿਚ ਨਹੀਂ ਸਗੋਂ ਨਾਲ ਨਾਲ 'ਵਿਆਖਿਆ' ਜਾਂ ਵਾਰਤਕ ਵਿਚ ਉਸ ਪ੍ਰਸੰਗ ਦਾ ਵਿਸਥਾਰ ਹੈ। ਕੁਝ ਵਰਨਣ ਸਾਖੀ ਜਾਂ ਕਹਾਣੀ ਦਾ ਵਾਰਤਕ ਵਿਚ ਹੁੰਦਾ ਹੈ। ਫੇਰ ਕਵਿਤਾ ਤੇ ਫੇਰ ਵਾਰਤਕ। ਇਉਂ ਮਿਸ੍ਰਿਤ ਜੇਹਾ ਰੰਗ ਚੜ੍ਹਦਾ ਹੈ। ਉਸ ਦੀਆਂ ਰਚਨਾਵਾਂ—ਸੀਤਲ ਹੰਝੂ, ਸੀਤਲ ਸੁਨੇਹੇ, ਸੀਤਲ ਪ੍ਰਸੰਗ, ਸੀਤਲ ਮੁਨਾਰੇ, ਸੀਤਲ ਹੁਲਾਰੇ, ਸੀਤਲ ਤਰੰਗਾਂ, ਸੀਤਲ ਚਮਕਾਂ, ਸੀਤਲ ਤਾਂਘਾਂ, ਸੀਤਲ ਚੰਗਿਆੜੇ ਆਦਿ ਵੀਹ ਤੋਂ ਉਪਰ ਹਨ। ਇਨ੍ਹਾਂ ਵਿਚ ਸਿੱਖੀ ਭਾਵਾਂ ਨੂੰ ਟੁੰਬਣ ਦੀ ਵਸਤੂ ਹੈ। ਕਵੀ ਦਾ ਉਦੇਸ਼ ਭੀ ਏਹੋ ਹੈ। ਇਹ ਕਵਿਤਾਵਾਂ ਉਪਦੇਸ਼ਾਤਮਕ ਤੇ ਇਤਿਹਾਸਕ ਪ੍ਰਸੰਗਾਂ ਦਾ ਭਾਵੁਕ ਵਰਨਣ ਹਨ ਜਿਨ੍ਹਾਂ ਵਿਚ ਅਤਿਕਥਨੀ ਤੇ ਪੁਨਰੁਕਤੀ ਦਾ ਤਤ ਭੀ ਆਮ ਲਭ ਜਾਂਦਾ ਹੈ।

ਭਾਈ ਮੂਲ ਸਿੰਘ ਗਰਮੂਲਾ, ਗਿਆਨੀ ਬਿਸ਼ਨ ਸਿੰਘ, ਗਿਆਨੀ ਨਰਾਇਣ ਸਿੰਘ ਆਦਿ ਨੇ 1925-30 ਤਕ ਇਸ ਪਰੰਪਰਾ ਨੂੰ ਚਲਾਈ ਰਖਿਆ। ਇਸੇ ਪਰੰਪਰਾ ਨੂੰ ਸ. ਵਿਧਾਤਾ ਸਿੰਘ 'ਤੀਰ' ਨੇ ਦਸ਼ਮੇਸ਼ ਦਰਸ਼ਨ, ਧਰੂ ਭਗਤ ਅਤੇ ਰੂਪ ਰਾਣੀ ਸਕੁੰਤਲਾ ਆਦਿ ਲਿਖ ਕੇ ਸੁਰਜੀਤ ਕੀਤਾ ਪਰ ਅਗੋਂ ਇਹ ਪਰੰਪਰਾ ਰਾਣਾ ਸੂਰਤ ਸਿੰਘ (ਡਾ. ਭਾ. ਵੀਰ ਸਿੰਘ) ਵਾਂਗ, ਮਹਾਂ ਕਾਵਿ ਦੇ ਨਾਂ ਹੇਠ ਚਲਾਈ ਰਖਣ ਦਾ ਉੱਦਮ ਅਵਤਾਰ ਸਿੰਘ 'ਆਜ਼ਾਦ' ਨੇ ਅਰੰਭਿਆ

ਅਤੇ ਮਰਦ ਅਗੰਮੜਾ, ਵਿਸ਼ਵਨੂਰ, ਮਹਾਂ ਬਲੀ ਆਦਿ ਮਹਾਂ ਕਾਵਿ, ਸਿੱਖ ਇਤਿਹਾਸ ਨਾਲ ਸਬੰਧਿਤ ਲਿਖੇ ਹਨ। ਸੰਤ ਇੰਦਰ ਸਿੰਘ ਚਕਰਵਰਤੀ ਨੇ ਮਾਲਵੇਂਦਰ ਨਾਂ ਦੇ ਮਹਾਂ ਕਾਵਿ ਸ੍ਰੀ ਸਤਿਗੁਰੂ ਰਾਮ ਸਿੰਘ ਦਾ ਜੀਵਨ ਚਰਿਤ੍ਰ ਅੰਕਿਤ ਕੀਤਾ ਹੈ।

ਸੰਨ 1966 ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤਿੰਨ ਸੌਵੀਂ ਤੇ 1969 ਈ. ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਪੰਜ ਸੌਵੀਂ ਵਰ੍ਹੇ ਗੰਢ ਸਮੇਂ ਭੀਂ ਕੁਝ ਮਹਾਂ ਕਾਵਿ ਛਪੇ ਹਨ।

ਜਨ-ਸਧਾਰਨ ਦੇ ਲਈ ਲਿਖਣ ਵਾਲਿਆਂ ਕਵੀਆਂ ਦੀ ਇਸ ਧਾਰਾ ਦੀ ਵਡੀ ਪ੍ਰਾਪਤੀ ਇਹ ਹੈ ਕਿ ਇਨ੍ਹਾਂ ਨੇ ਇਤਿਹਾਸ ਰਾਹੀਂ ਆਪਣੇ ਪਾਠਕਾਂ ਨੂੰ ਕਈ ਪ੍ਰਕਾਰ ਦੀਆਂ ਆਧੁਨਿਕ ਲੋੜਾਂ ਅਨੁਸਾਰ ਪ੍ਰੇਰਨਾ ਦੇਣ ਦਾ ਯਤਨ ਕੀਤਾ ਹੈ ਅਤੇ ਆਪਣੇ ਪਾਠਕਾਂ ਦਾ ਧਿਆਨ ਆਪਣੀ ਪੁਰਾਤਨ ਸੰਸਕ੍ਰਿਤੀ, ਪੁਰਾਤਨ ਇਤਿਹਾਸ, ਆਪਣੇ ਮਹਾਂ ਪੁਰਸ਼ਾਂ ਦੇ ਕਾਰਨਾਮਿਆਂ ਅਤੇ ਆਪਣੇ ਪੁਰਾਣੇ ਵਿਰਸੇ ਉਤੇ ਯੋਗ ਮਾਣ ਕਰਨ ਆਦਿ ਵਲ ਮੋੜਿਆ ਹੈ। ਭਾਈ ਵੀਰ ਸਿੰਘ ਦੀ ਵਾਰਤਕ ਰਚਨਾ ਅਤੇ ਹੋਰ ਅਨੇਕਾਂ ਲਹਿਰਾਂ ਦੇ ਯਤਨਾਂ ਵਾਂਗ ਇਸ ਇਤਿਹਾਸਕ ਕਵਿਤਾ ਦਾ ਇਕ ਵਡਾ ਉਦੇਸ਼ ਇਹ ਵੀ ਰਹਿਆ ਹੈ ਕਿ ਪਛਮੀ ਸਭਿਅਤਾ ਦੀ ਜੋ ਹਨੇਰੀ ਭਾਰਤ ਉਤੇ ਝੁਲ ਰਹੀ ਸੀ, ਉਸ ਦੇ ਪ੍ਰਭਾਵ ਨੂੰ ਨਿਰਜਿੰਦ ਕਰਨ ਲਈ ਭਾਰਤੀਆਂ ਦਾ ਧਿਆਨ ਆਪਣੀ ਪੁਰਾਤਨ ਸਭਿਅਤਾ, ਸੰਸਕ੍ਰਿਤੀ, ਸਦਾਚਾਰ ਅਤੇ ਇਤਿਹਾਸ ਵਲ ਮੋੜਿਆ ਜਾਵੇ।

1920 ਈ. ਤਕ ਪੰਜਾਬੀ ਦੇ ਕਵੀ ਨਿਰੇ ਪੰਜਾਬ ਵਿਚ ਹੀ ਨਹੀਂ ਰਹੇ ਸਗੋਂ ਬਾਹਰਲੇ ਦੇਸ਼ਾਂ ਵਿਚ ਵੀ ਕੁਝ ਸੱਜਣ ਅਜਿਹੇ ਪਹੁੰਚ ਗਏ ਸਨ ਜੋ ਕਵਿਤਾ ਲਿਖਣ ਦੇ ਸਮਰਥ ਸਨ। ਅਫਰੀਕਾ ਵਿਚ ਅਤੇ ਮਲਾਇਆ ਵਿਚ ਪੰਜਾਬੀ ਦੇ ਅਖਬਾਰ 1920 ਈ. ਤੋਂ ਕਾਫੀ ਸਮਾਂ ਪਹਿਲਾਂ ਚਲ ਚੁਕੇ ਸਨ। ਉਨ੍ਹਾਂ ਵਿਚ ਵੀ ਅਜੇਹੀਆਂ ਇਤਿਹਾਸਕ ਪ੍ਰਸੰਗਾਂ ਦੀਆਂ ਕਵਿਤਾਵਾਂ ਛਪਦੀਆਂ ਰਹਿੰਦੀਆਂ ਸਨ। ਗਦਰ ਦੀ ਲਹਿਰ ਵੇਲੇ ਅਮਰੀਕਾ ਵਿਚ 'ਗਦਰ ਗੂੰਜਾਂ' ਨਾਂ ਦਾ ਟਰੈਕਟ ਗਿਆਨੀ ਭਗਵਾਨ ਸਿੰਘ (ਪਿਛੋਂ ਡਾਕਟਰ) ਨੇ ਲਿਖਿਆ ਅਤੇ 'ਗਦਰ' ਅਖਬਾਰ ਵਿਚ ਛਪੀਆਂ ਕਵਿਤਾਵਾਂ ਦੇਸ਼-ਦੇਸ਼ਾਂਤਰਾਂ ਵਿਚ ਅੰਗਰੇਜ਼ਾਂ ਦੇ ਭਾਰਤ ਵਿਚ ਰਾਜ ਦੇ ਵਿਰੁਧ ਇਕ ਜਵਾਲਾ ਪ੍ਰਚੰਡ ਕਰਨ ਵਿਚ ਸਹਾਈ ਹੋਈਆਂ।

ਜਿਵੇਂ ਕਿ ਉਪਰ ਸੰਕੇਤ ਕੀਤਾ ਗਿਆ ਹੈ ਕਵੀ ਚਾਤ੍ਰਿਕ ਨੇ ਕਿੱਸਾ ਕਾਵਿ ਦੀ ਪਰੰਪਰਾ ਵਿਚ ਦੋ ਵਡੇ ਕਿੱਸੇ ਲਿਖੇ ਹਨ, 'ਨਲ ਦਮਯੰਤੀ' ਅਤੇ 'ਭਰਥਰੀ ਹਰੀ'। ਇਹ ਦੋਵੇਂ ਹੀ ਕਥਾਵਾਂ ਹਿੰਦੂ ਮਿਥਿਹਾਸ ਨਾਲ ਸਬੰਧਤ ਹਨ ਤੇ ਲਗਭਗ ਇਤਿਹਾਸ ਦੀ ਪਦਵੀ ਪ੍ਰਾਪਤ ਕਰ ਚੁੱਕੀਆਂ ਅਤੇ ਜਨਤਾ ਵਿਚ ਲੋਕਪ੍ਰੀਅ ਹੋਣ ਦੇ ਨਾਲ ਨਾਲ ਪ੍ਰਮਾਣਿਕ ਹੋਣ ਦੀ ਮਾਨਤਾ ਤੇ ਪ੍ਰਸਿਧੀ ਦੀਆਂ ਸਵਾਮੀ ਹਨ, ਉਨ੍ਹਾਂ ਦੇ ਦ੍ਰਿਸ਼ਟਾਂਤ ਦਿਤੇ ਜਾਂਦੇ ਹਨ, ਉਨ੍ਹਾਂ ਵਿਚੋਂ ਟੋਟਕੇ ਵਰਤੇ ਜਾਂਦੇ ਹਨ ਅਤੇ ਭਰਥਰੀ ਹਰੀ ਦੀਆਂ ਰਚਿਤ ਕਾਵਿ ਪੁਸਤਕਾਂ 'ਨੀਤੀ ਸ਼ਤਕ', 'ਵੈਰਾਗ ਸ਼ਤਕ' ਆਦਿ ਸਾਹਿਤ ਵਿਚ ਮਾਣਨੀਯ ਅਤੇ ਅਧਿਆਤਮ ਗਿਆਨ ਲਈ ਅਦੁੱਤੀ ਹਨ, ਉਨ੍ਹਾਂ ਦੇ ਅਨੁਵਾਦ ਹੋਰ ਭਾਸ਼ਾਵਾਂ ਵਿਚ ਹੋ ਚੁਕੇ ਹਨ ਅਤੇ 'ਨੀਤੀ ਸ਼ਤਕ' ਦਾ ਇਕ ਅਨੁਵਾਦ ਤਾਂ ਪੰਜਾਬੀ ਵਿਚ ਭੀ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦਾ ਕੀਤਾ ਹੋਇਆ ਹੈ।

ਨਲ ਦਮਯੰਤੀ ਦੀ ਪ੍ਰੇਮ ਕਥਾ ਦਾ ਸਾਰ ਅੰਸ ਇਉ ਹੈ, 'ਨਲ ਨਿਖਧ ਦੇਸ ਦੇ ਚੰਦ੍ਰਵੰਸੀ ਰਾਜਾ ਬੀਰ ਸੈਨ ਦਾ ਪੁਤ੍ਰ (ਸੀ) ਜਿਸ ਦਾ ਵਿਆਹ ਵਿਦਰਭ-ਪਤੀ ਭੀਮ ਦੀ ਪੁਤ੍ਰੀ ਦਮਯੰਤੀ ਨਾਲ ਹੋਇਆ, ਨਲ ਨੂੰ ਉਸ ਦੇ ਛੋਟੇ ਭਾਈ ਪੁਸਕਰ ਨੇ ਜੂਏ ਵਿਚ ਹਰਾ ਕੇ ਘਰੋਂ ਕਢ

ਦਿਤਾ ਸੀ। ਇਸ ਬਿਪਤਾ ਵਿਚ ਨਲ ਦਮਯੰਤੀ ਦਾ ਪ੍ਰੇਮ ਸੀਤਾ ਰਾਮ ਦੀ ਤਰ੍ਹਾਂ ਇਕ ਉਦਾਹਰਣ ਰੂਪ ਹੈ। ਅੰਤ ਨੂੰ ਨਲ ਨੇ ਫੇਰ ਜੂਏ ਵਿਚ ਜਿਤ ਪਾ ਕੇ ਪੁਸਕਰ ਤੋਂ ਆਪਣੀ ਸਾਰੀ ਸੰਪਦਾ ਵਾਪਸ ਲਈ।[1]

ਇਹ ਕਥਾ ਮਹਾਂ ਭਾਰਤ ਦੇ ਵਨ-ਪਰਵ ਵਿਚ ਵਿਸਥਾਰ ਨਾਲ ਲਿਖੀ ਹੈ, ਦਸਮ ਗ੍ਰੰਥ ਦੇ 157 ਵੇਂ ਚਰਿਤ੍ਰ ਵਿਚ ਭੀ ਸੰਖੇਪ ਕਥਾ ਹੈ।

ਭਰਥਰੀ ਦੀ ਕਥਾ ਇਹ ਹੈ ਭਰਥਰੀ ਉਜੈਨ ਦੇ ਰਾਜੇ ਵਿਕ੍ਰਮਾਦਿਤ ਦਾ ਭਰਾ ਸੀ ਤੇ ਸੰਸਕ੍ਰਿਤ ਦਾ ਮਹਾਨ ਪੰਡਿਤ ਸੀ। (ਰਾਜਾਵਲੀ ਵਿਚ ਲਿਖਿਆ ਹੈ ਕਿ ਇਹ ਦਾਸੀ ਦੇ ਪੇਟੋਂ ਗੰਧਰਵ ਸੇਨ ਦਾ ਪੁਤ੍ਰ ਸੀ) ਪਹਿਲਾਂ ਇਸਤ੍ਰੀ ਪ੍ਰੇਮ ਵਿਚ ਹੀ ਦਿਨ ਰਾਤ ਮਸਤ ਰਹਿੰਦਾ ਸੀ ਤੇ ਰਾਜ ਵਿਕ੍ਰਮਾਦਿਤ ਕਰਦਾ ਸੀ। ਇਸ ਨੇ ਆਪਣੀ ਇਸਤ੍ਰੀ ਨੂੰ ਇਕ ਸਵਰਗੀ ਫਲ ਦਿਤਾ ਜੋ ਕਿਸੇ ਨੇ ਭਰਥਰੀ ਦੀ ਭੇਟ ਕੀਤਾ ਸੀ। ਰਾਣੀ ਨੇ ਆਪਣੇ ਪ੍ਰੇਮੀ ਹਾਥੀਵਾਨ ਨੂੰ ਉਹ ਫਲ ਦੇ ਦਿਤਾ ਤਾਂ ਜੋ ਉਹ ਸਦਾ ਜਵਾਨ ਰਹੇ। ਇਹ ਭੇਤ ਪਤਾ ਲਗਣ ਉਤੇ ਭਰਥਰੀ ਇਸਤ੍ਰੀ ਤੋਂ ਨਿਰਾਸ਼ ਹੋ ਗਿਆ ਤੇ ਰਾਜ ਤਿਆਗ ਕੇ ਯੋਗੀ ਬਣ ਗਿਆ। 209 ਵੇਂ ਚਰਿਤ੍ਰ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ :

'ਧਾਰਾ ਨਗਰੀ ਕੋ ਰਹੈ ਭਰਥਰ ਰਾਵ ਸੁਜਾਨ॥'

ਇਹ ਸੰਸਕ੍ਰਿਤ ਦਾ ਵਿਦਵਾਨ ਸੀ ਇਸ ਨੇ 100—100 ਬੰਦਾਂ ਦੇ (ਸ਼ਤਕ) ਗ੍ਰੰਥ ਲਿਖੇ ਜਿਨ੍ਹਾਂ ਦੇ ਨਾਂ ਹਨ ਸ਼ਿੰਗਾਰ ਸ਼ਤਕ, ਨੀਤੀ ਸ਼ਤਕ, ਵੈਰਾਗ ਸ਼ਤਕ।[2]

(ਅ) ਕਿੱਸਾਕਾਰ ਚਾਤ੍ਰਿਕ : ਜਿਹਾ ਕਿ ਉਪਰ ਸੰਕੇਤ ਕੀਤਾ ਗਿਆ ਹੈ ਪੰਜਾਬੀ ਵਿਚ ਕਿੱਸਾਕਾਰੀ ਦੀ ਪਰੰਪਰਾ ਆਪਣੇ ਆਪ ਵਿਚ ਇਕ ਵਿਲੱਖਣ ਰੂਪ ਧਾਰ ਚੁੱਕੀ ਸੀ। ਉਸ ਪਰੰਪਰਾ ਨੂੰ ਚਾਤ੍ਰਿਕ ਜੀ ਨੇ ਨਿਭਾਉਂਦਿਆਂ ਆਪਣਾ ਰੰਗ ਚਾੜ੍ਹਿਆ ਹੈ। ਇਉਂ ਚਾਤ੍ਰਿਕ ਇਕ ਕਿੱਸਾਗੋ ਦੇ ਰੂਪ ਵਿਚ ਵੀ ਇਕ ਪਾਸੇ ਪਰੰਪਰਾਵਾਦੀ ਹੈ ਅਰ ਦੂਜੇ ਪਾਸੇ ਉਹ ਨਵੇਂ ਤਜਰਬੇ ਕਰਦਾ ਹੈ। ਪਰੰਪਰਾ ਦੇ ਵਿਸ਼ੇਸ਼ ਰੰਗ ਇਹ ਹਨ :

ਸ਼ੁਰੂ ਵਿਚ ਮੰਗਲਾਚਰਨ ਦੇਣਾ ਮੁਸਲਮਾਨੀ ਕਿੱਸਿਆਂ ਦੀ 'ਹਮਦੋ ਸਨਾ' ਦਾ ਹਿੰਦੂ ਰੂਪ ਹੈ, ਪਰ ਦਮੋਦਰ ਵਾਂਗ ਚਾਤ੍ਰਿਕ ਜੀ ਨੇ ਪਰਮਾਤਮਾ ਦਾ ਗੁਣ ਹੀ ਗਾਇਆ ਹੈ, ਕਿਸੇ ਵਿਸ਼ੇਸ਼ ਦੇਵੀ, ਦੇਵਤੇ ਦਾ ਨਹੀਂ। ਹਾਂ, ਰਾਮ ਅਤੇ ਸ਼ਾਮ ਦੋਹਾਂ ਦਾ ਹੀ ਵਰਨਣ ਇਕ ਬੰਦ ਵਿਚ ਆਉਂਦਾ ਹੈ। ਹੈਰਾਨੀ ਇਹ ਹੈ ਕਿ ਚਾਤ੍ਰਿਕ ਜੀ ਨੇ ਸਤਿਗੁਰੂ ਦੇ ਗੁਣ ਗਾਉਣ ਵਿਚ ਵਧੇਰੇ ਵਿਸਥਾਰ ਤੋਂ ਕੰਮ ਲਿਆ ਹੈ। ਜਿਥੇ ਰਾਮ ਅਤੇ ਸ਼ਾਮ ਦੋਹਾਂ ਦਾ ਹੀ ਵਰਨਣ ਇਕ ਤੁਕ ਵਿਚ ਮੁਕ ਗਿਆ ਹੈ, ਉਥੇ ਸਤਿਗੁਰੂ ਦੀ ਮਹਿਮਾ ਵੀਹ ਤੁਕਾਂ ਵਿਚ ਚਲੀ ਗਈ ਹੈ। ਇਹ ਆਰੰਭ ਇਕ ਦੋਹਿਰੇ ਨਾਲ ਹੁੰਦੀ ਹੈ ਅਤੇ ਸ਼ੁਰੂ ਵਿਚ ਦੋ ਦੋਹਿਰੇ ਦੇ ਕੇ ਅਗੋਂ ਕੋਈ ਚੌਦਾਂ ਤੁਕਾਂ ਬੈਂਤ ਦੀਆਂ ਹਨ।

ਦੂਜੇ ਦੋਹਰੇ ਦੀ ਪਹਿਲੀ ਤੁਕ ਹੈ :

ਸ੍ਰੀ ਗੁਰੂ ਨਾਨਕ ਦੇਵ ਕੀ ਮਹਿਮਾ ਅਪਰ ਅਪਾਰ॥

---

1. ਸ. ਬਾ. ਭਾ. ਕਾਹਨ ਸਿੰਘ ਰਚਿਤ ਗੁਰਸ਼ਬਦ ਰਤਨਾਕਰ ਮਹਾਨ ਕੋਸ਼।
2. ਮਹਾਨ ਕੋਸ਼ (ਸ. ਬਾ. ਭਾ. ਕਾਹਨ ਸਿੰਘ) ਉਤੇ ਅਧਾਰਿਤ।

ਅਤੇ ਬੈਂਤ ਦੀ ਪਹਿਲੀ ਤੁਕ ਹੈ :

ਨਾਨਕ ਦੇਵ ਗੁਰਦੇਵ ਦੇ ਚਰਨ ਪਕੜਾਂ,
ਜੋ ਹੈ ਜਗਤ ਗੁਰੂ ਨਾਨਕ ਅਵਤਾਰ ਸਤਿਗੁਰ।

ਪਰੰਪਰਾ ਦਾ ਦੂਜਾ ਰੰਗ ਬੈਂਤ ਦੀ ਵਰਤੋਂ ਹੈ। ਮੁਕਬਲ, ਵਾਰਸ, ਫਜ਼ਲਸ਼ਾਹ ਨੇ ਆਪਣੇ ਕਿੱਸਿਆਂ ਲਈ ਬੈਂਤ ਵਰਤ ਕੇ ਇਕ ਤਰ੍ਹਾਂ ਨਾਲ ਪੰਜਾਬੀ ਕਿੱਸਾਕਾਰੀ ਲਈ ਬੈਂਤ ਦਾ ਫੈਸ਼ਨ ਹੀ ਬਣਾ ਦਿਤਾ ਸੀ। ਚਾਤ੍ਰਿਕ ਜੀ ਦੇ ਸਮੇਂ ਤਕ ਹੋਰ ਕੋਈ ਛੰਦ ਪੰਜਾਬੀ ਵਿਚ ਵਧੇਰੇ ਪ੍ਰਚਲਤ ਨਹੀਂ ਸੀ। ਹਾਂ, ਧਾਰਮਿਕ ਕਵਿਤਾ ਵਲ ਛੰਦਾਂ ਦੀ ਵਧੇਰੇ ਵੰਨਗੀ ਕਵੀ ਵਰਤਦੇ ਸਨ। ਪਰ ਕਿੱਸਿਆਂ ਲਈ ਹਾਸ਼ਮ ਆਦਿ ਨੇ ਦਵੱਈਆ ਅਤੇ ਬਹੁਤਿਆਂ ਨੇ ਬੈਂਤ ਹੀ ਵਰਤਿਆ ਹੈ। ਚਾਤ੍ਰਿਕ ਜੀ ਨੇ ਇਥੇ ਮੌਲਿਕਤਾ ਇਹ ਰੱਖੀ ਹੈ ਕਿ ਉਨ੍ਹਾਂ ਨੇ ਹੋਰ ਛੰਦ ਵੀ ਕਿੱਸਿਆਂ ਵਿਚ ਵਰਤੇ ਹਨ ਤਾਂ ਜੋ ਇਕਸੁਰਾਪਣ ਅਤੇ ਰੁਖੇਵਾਂ ਨਾ ਪੈਦਾ ਹੋਵੇ, ਸਗੋਂ ਵੰਨ-ਸੁਵੰਨੀਆਂ ਧਾਰਨਾਂ ਤੇ ਤੋਲ ਵਰਤ ਕੇ ਕੁਝ ਵੰਨ ਸੁਵੰਨਤਾ ਪੈਦਾ ਕੀਤੀ ਹੈ ਜਿਵੇਂ ਕਬਿਤ, ਦੋਹਿਰੇ, ਝੂਲਣੇ ਦਵੱਯੇ ਆਦਿ ਵਰਤੇ ਹਨ। 'ਭਰਥਰੀ ਹਰੀ' ਨਾਂ ਦੇ ਕਿੱਸੇ ਵਿਚ ਡਿਓਢ, ਕਾਫੀ ਅਤੇ ਕੁੰਡਲੀਏ ਵੀ ਹਨ। ਹੋਰ ਤਾਂ ਹੋਰ ਵੰਨ ਵੰਨ ਦੇ ਕਾਵਿ-ਭੇਦ ਵੀ ਵਰਤੇ ਗਏ ਹਨ, ਜਿਵੇਂ ਬਾਰਾਂਮਾਹ, ਅਤੇ ਕਈ ਇਕ ਗੀਤ ਆਦਿ।

ਕਿੱਸਿਆਂ ਦੇ ਲੇਖਕਾਂ ਨੇ ਪ੍ਰਾਸਰੀਰਕ ਅੰਸ਼ ਅਤੇ ਦੇਵੀ ਦੇਵਤਿਆਂ, ਅਨਹੋਣੀਆਂ ਕਰਾਮਾਤਾਂ ਆਦਿ ਦਾ ਵਰਨਣ ਆਮ ਕੀਤਾ ਹੈ ਅਤੇ ਇਹ ਪਰੰਪਰਾ ਹੀਰ ਰਾਂਝਾ, ਸੱਸੀ ਪੁੰਨੂੰ ਆਦਿ ਜਨ-ਸਾਧਾਰਨ ਵਿਚੋਂ ਲਏ ਨਾਇਕਾਂ ਦੇ ਕਿੱਸਿਆਂ ਵਿਚ ਵੀ ਆ ਗਈ ਹੈ। ਚਾਤ੍ਰਿਕ ਜੀ ਨੇ ਜੋ ਦੋਵੇਂ ਕਿੱਸੇ ਲਏ ਹਨ, ਦੋਵੇਂ ਹੀ ਲਗਪਗ ਮਿਥਿਹਾਸ ਬਣ ਚੁਕੀਆਂ ਕਹਾਣੀਆਂ ਹਨ ਅਤੇ ਇਨ੍ਹਾਂ ਨਾਲ ਦੇਵੀ ਦੇਵਤਿਆਂ ਤੇ ਕਈ ਅਨਹੋਣੀਆਂ ਗੱਲਾਂ ਦਾ ਵਰਨਣ ਕੀਤਾ ਹੈ। ਨਲ ਦਮਯੰਤੀ ਵਾਲੇ ਕਿੱਸੇ ਵਿਚ ਦਮਯੰਤੀ ਨੂੰ ਵਰਨ ਲਈ ਸਵੰਬਰ ਵਿਚ ਸ਼ਾਮਲ ਹੋਣ ਲਈ ਦੇਵਤੇ ਵੀ ਆਉਂਦੇ ਹਨ ਅਤੇ ਏਥੋਂ ਤਕ ਕਿ ਉਹ ਨਲ ਦਾ ਰੂਪ ਧਾਰ ਕੇ ਹੀ ਸਵੰਬਰ ਵਿਚ ਬੈਠ ਜਾਂਦੇ ਹਨ। ਇਸੇ ਤਰ੍ਹਾਂ ਹੰਸ ਨਾਲ ਦਮਯੰਤੀ ਦੀਆਂ ਗੱਲਾਂ ਜਾਂ ਬਿਨਾਂ ਵੇਖੇ ਕੇਵਲ ਨੌਕਰਾਂ, ਨੌਕਰਾਣੀਆਂ ਜਾਂ ਪੰਛੀਆਂ ਕੋਲੋਂ ਗੱਲਾਂ ਸੁਣ ਕੇ ਇਕ ਦੂਜੇ ਦੇ ਪ੍ਰੇਮ ਜਾਲ ਵਿਚ ਫਸਣਾ ਨਿਰੋਲ ਪ੍ਰੰਪਰਾਵਾਦੀ ਪ੍ਰਪਾਟੀ ਹੈ।

ਇਉਂ ਭਾਸਦਾ ਹੈ ਕਿ ਫਜ਼ਲਸ਼ਾਹ ਦਾ ਜੋ ਚਾਤ੍ਰਿਕ ਜੀ ਦੇ ਸਮੇਂ ਤੋਂ ਥੋੜਾ ਚਿਰ ਹੀ ਪਹਿਲਾਂ ਹੋਇਆ ਹੈ, ਚਾਤ੍ਰਿਕ ਜੀ ਦੀ ਕਿੱਸਾਕਾਰੀ ਉਤੇ ਵਿਸ਼ੇਸ਼ ਪ੍ਰਭਾਵ ਹੈ। ਭਰਥਰੀ ਦੇ ਬਚਪਨ ਦਾ ਵਰ੍ਹਾ ਬਿਆਨ ਕਰਨਾ ਬਿਲਕੁਲ ਉਸੇ ਢੰਗ ਵਿਚ ਹੈ ਜਿਸ ਢੰਗ ਵਿਚ ਫਜ਼ਲ ਸ਼ਾਹ ਨੇ ਸੋਹਣੀ ਦੇ ਬਾਲਪਨ ਦਾ ਦ੍ਰਿਸ਼ ਚਿਤਰਿਆ ਹੈ।

ਇਸਤ੍ਰੀ ਨਿੰਦਾ, ਪਰ ਫੇਰ ਬਹਿਸ ਬਣਾ ਕੇ ਦੋਹਾਂ ਪਾਸਿਆਂ ਦੇ ਵਿਰੁਧ ਤੇ ਦੋਹਾਂ ਦੇ ਮੰਡਨ ਵਿਚ ਦਲੀਲਾਂ ਵੱਖ ਵੱਖ ਪਾਤਰਾਂ ਦੇ ਮੂੰਹੋਂ ਦਵਾਉਣੀਆਂ ਲਗਪਗ ਵਾਰਸਸ਼ਾਹੀ ਰੰਗ ਹੈ ਜਿਵੇਂ ਉਸ ਨੇ ਹੀਰ, ਤੇ ਸਹਿਤੀ ਦੇ ਝਗੜੇ ਵਿਚ ਇਸਤ੍ਰੀਆਂ ਤੇ ਮਰਦਾਂ ਦੇ ਸਬੰਧ ਵਿਚ ਬਹਿਸ ਕੀਤੀ ਹੈ।

ਕਿੱਸੇ ਵਿਚ ਥਾਂ ਥਾਂ ਸਿਖਿਆ ਅਤੇ ਤੱਤ ਕਢਣੇ ਮੁਕਬਲ ਨੇ ਆਰੰਭ ਕੀਤੇ ਸਨ। ਵਾਰਸਸ਼ਾਹ ਦੇ ਅਨੇਕਾਂ ਅਜੇਹੇ ਵਾਕ ਅਜੇ ਤਕ ਲੋਕਾਂ ਦੇ ਮੂੰਹ ਚੜ੍ਹੇ ਹੋਏ ਹਨ। ਅਜਿਹੇ ਅਨੇਕਾਂ ਵਾਕ ਚਾਤ੍ਰਿਕ ਵਿਚ ਵੀ ਮਿਲ ਜਾਂਦੇ ਹਨ। ਅਤੇ ਉਨ੍ਹਾਂ ਵਾਂਗ ਹੀ ਉਹ ਨੀਯਤ ਸਦਾਚਾਰ, ਮੰਨਿਆ ਜਾ ਚੁੱਕਾ ਸੱਚ ਹੀ ਦੁਹਰਾਇਆ ਹੁੰਦਾ ਹੈ, ਨਵੇਂ ਨਤੀਜੇ ਨਹੀਂ ਕਢੇ ਹੁੰਦੇ।

ਵਿਸਥਾਰ ਅਤੇ ਨਿੱਕੀ ਨਿੱਕੀ ਗੱਲ ਨੂੰ ਬਹੁਤ ਸਾਰੇ ਸ਼ਬਦਾਂ ਵਿਚ ਕਹਿਣਾ ਨਿੱਕੇ ਨਿੱਕੇ ਹਰ ਇਕ ਦ੍ਰਿਸ਼ ਨੂੰ ਕਈ ਇਕ ਸਤਰਾਂ ਵਿਚ ਬਿਆਨ ਕਰਨਾ ਅਤਿ ਕਥਨੀ ਅਤੇ ਆਪਣੇ ਸਮੇਂ ਦੇ ਪਰਜਾ ਦੇ ਹਾਲ ਦਸਣੇ ਜਾਂ ਉਸ ਵੇਲੇ ਦੀਆਂ ਰੀਤਾਂ ਰਸਮਾਂ ਦਾ ਵਰਨਣ ਕਰਨਾ ਕਿੱਸਿਆ ਦੀ ਇਕ ਵਿਸ਼ੇਸ਼ ਦੇਣ ਸਾਹਿਤ ਨੂੰ ਹੈ। ਇਸ ਵਿਚ ਚਾਤ੍ਰਿਕ ਵੀ ਪਿਛੇ ਨਹੀਂ। ਸਵੰਬਰ, ਬ੍ਰਾਹਮਣਾਂ ਹਥੀਂ ਸੁਨੇਹੇ ਭੇਜਣੇ, ਧਰਮ ਦਾ ਪ੍ਰਭਾਵ, ਵਿਆਹ ਆਦਿ ਦੀਆਂ ਰਸਮਾਂ, ਪਤੀ ਬ੍ਰਤਾ ਧਰਮ ਅਤੇ ਪੂਜਾ ਦੀ ਅਵਸਥਾ ਬੜੇ ਸੋਹਣੇ ਢੰਗ ਨਾਲ ਚਾਤ੍ਰਿਕ ਜੀ ਨੇ ਸਾਡੇ ਸਾਹਮਣੇ ਚਿਤਰੀ ਹੈ।

ਜੇਹੜੇ ਰਾਜ ਦੇ ਸੁਸਤ ਹੋ ਜਾਣ ਰਾਜੇ,
ਸਾਰੇ ਜਾਣਦੇ ਨੇ ਜੇਹੜਾ ਹਾਲ ਹੁੰਦਾ।
... ...
ਐਪਰ ਬਿਕਰਮਾ ਜੀਤ ਸੁਰਜੀਤ ਹੁੰਦੇ,
ਕੀ ਮਜਾਲ ਜੇ ਕਿਤੇ ਅਪਜੱਸ ਹੁੰਦਾ।

ਭਰਥਰੀ ਹਰੀ ਵਿਚ ਇਕ ਉਚੇਚਾ ਸਿਰਲੇਖ ਹੈ 'ਉਸ ਸਮੇਂ ਦੀ ਪਰਜਾ ਦਾ ਹਾਲ' ਅਤੇ ਇਸ ਸਿਰਲੇਖ ਦੀਆਂ ਛਤੀ ਸਤਰਾਂ ਵਿਚ ਕਈ ਥਾਈਂ ਆਪਣੇ ਸਮੇਂ ਦੀ ਪਰਜਾ ਦੀ ਹਾਲਤ ਨਾਲ ਟਾਕਰਾ ਕੀਤਾ ਗਿਆ ਹੈ :

ਅਜ ਕਲ ਦੇ ਵਾਂਗ ਨਾ ਦਿਸਦੇ ਸਨ,
ਝੁੰਡ ਛੋਹਦਿਆਂ ਅਤੇ ਸਵਾਲੀਆਂ ਦੇ।
ਨਾ ਸੀ ਕਾਲ ਦੁਰਭਿਖ ਦਾ ਨਾਉਂ ਕਿਧਰੇ,
ਫਲਾਂ ਨਾਲ ਸਨ ਹੇਠ ਸਿਰ ਡਾਲੀਆਂ ਦੇ।
... ...
ਰੰਗ ਸੇਉ ਵਰਗੇ-ਕੱਦ ਦੇਉ ਵਰਗੇ, ਤਾਕਤ ਹੌਸਲੇ ਸ਼ੇਰ ਸਮਾਨ ਵਾਲੇ।
ਤੰਦਰੁਸਤ ਸੁਡੌਲ ਸਰੀਰ ਸੋਹਣੇ, ਵਾਹਵਾ ਸੋਹਣੀ ਬਲੀ ਸੰਤਾਨ ਵਾਲੇ।

ਅਤੇ

ਉਤੋਂ ਸ਼ੇਰ-ਪਰ ਅੰਦਰੋਂ ਦੇਵਤੇ ਸਨ, ਸਤ ਬਚਨੀਏ ਪ੍ਰੀਤ ਨਿਭਾਨ ਵਾਲੇ।
ਰਈਯਤ ਰਬ ਦੇ ਭਉ ਤੇ ਭਾਉ ਵਾਲੀ, ਇਕ ਦੂਸਰੇ ਦੇਂਦੇ ਜਾਨ ਵਾਲੇ।

ਇਹ ਟਾਕਰੇ ਦਾ ਹੁਨਰ ਪੁਰਾਣੇ ਕਿੱਸਿਆਂ ਵਿਚ, ਘਟ ਵਰਤਿਆ ਗਿਆ ਹੈ ਪਰ ਹੈ ਸਹੀ। ਚਾਤ੍ਰਿਕ ਜੀ ਨੇ ਇਸ ਨੂੰ ਥਾਂ ਥਾਂ ਉਤੇ ਲਿਆਂਦਾ ਹੈ, ਜਿਵੇਂ ਨਲ ਦਮਯੰਤੀ ਵਿਚ ਪੁਰਾਣੇ ਤੇ ਨਵੇਂ ਭਰਾਵਾਂ ਦਾ ਟਾਕਰਾ ਅਤੇ ਇਸੇ ਤਰ੍ਹਾਂ ਹੋਰ ਕਈ ਥਾਈਂ ਅਜਿਹੇ ਟਾਕਰੇ ਦੇ ਕੇ ਕਈ ਵਿਚਾਰਾਂ ਨੂੰ ਚਮਕਾਇਆ ਗਿਆ ਹੈ।

ਪੁਰਾਣੇ ਕਿੱਸਿਆਂ ਵਿਚ ਮੁਸਲਮਾਨੀ ਰਾਜ ਅਤੇ ਫਾਰਸੀ ਦੇ ਸਰਕਾਰੀ ਬੋਲੀ ਹੋਣ ਕਰਕੇ ਅਤੇ ਕਿੱਸਾਗੋ ਵਧੇਰੇ ਮੁਸਲਮਾਨ ਹੀ ਹੋਣ ਕਰਕੇ ਫਾਰਸੀ ਅਤੇ ਅਰਬੀ ਦੇ ਸ਼ਬਦਾਂ ਦੀ ਭਰਮਾਰ ਰਹੀ ਹੈ। ਅਤੇ ਕਈ ਥਾਈਂ ਕੁਰਾਨ-ਮਜੀਦ ਦੀਆਂ ਆਇਤਾਂ ਵੀ ਲੈ ਲਈਆਂ ਗਈਆਂ ਹਨ। ਇਸ ਰੰਗ ਦੀਆਂ ਬੜੀਆਂ ਪਰਤੱਖ ਮਿਸਾਲਾਂ ਵਾਰਸਸ਼ਾਹ ਰਚਿਤ ਹੀਰ ਅਤੇ ਗੁਲਾਮ ਰਸੂਲ ਰਚਿਤ ਯੂਸਫ ਜੁਲੈਖਾਂ ਹਨ। ਮੁਹੰਮਦ ਬਖਸ਼ ਲਿਖਤ ਸੈਫੁਲ ਮਲੂਕ ਤਾਂ ਜਾਪਦਾ ਹੀ ਇਉਂ

ਹੈ ਜਿਵੇਂ ਫਾਰਸੀ ਵਿਚ ਪੰਜਾਬੀ ਰਲੀ ਹੋਵੇ। ਚਾਤ੍ਰਿਕ ਜੀ ਨੇ ਫਾਰਸੀ ਤੋਂ ਛੁਟੀ ਤਾਂ ਨਹੀਂ ਲਈ, ਪਰ ਇਨ੍ਹਾਂ ਦੀਆਂ ਕਹਾਣੀਆਂ ਹਿੰਦੂ ਮੱਤ ਨਾਲ ਸਬੰਧਤ ਹੋਣ ਕਰਕੇ ਅਤੇ ਕਵੀ ਦੇ ਆਪ ਹਿੰਦੂ ਹੋਣ ਕਾਰਨ ਇਸ ਵਿਚ ਹਿੰਦੀ ਅਤੇ ਸੰਤ ਭਾਸ਼ਾ ਦਾ ਇਕ ਸੁਚੱਜਾ ਮਿਸਰਨ ਹੋ ਗਿਆ ਹੈ। ਦੋਹਰਿਆਂ ਵਿਚ ਤਾਂ, ਵਿਸ਼ੇਸ਼ ਕਰਕੇ ਮੰਗਲਾ ਚਰਨ ਵਿਚ ਹਿੰਦੀ ਰੰਗ ਵਧੇਰੇ ਉਘੜਦਾ ਹੈ। ਚਾਤ੍ਰਿਕ ਜੀ ਨੂੰ ਅਸੀਂ ਭਾਸ਼ਾ ਦਾ ਸਵਾਮੀ ਹੀ ਮੰਨਦੇ ਹਾਂ। ਉਹ ਸ਼ਬਦ ਸੰਸਕ੍ਰਿਤ ਵਰਤਣ ਜਾਂ ਫਾਰਸੀ ਦਾ, ਇਕ ਤਾਂ ਉਹ ਬਹੁਤ ਪ੍ਰਚਲਤ ਹੁੰਦਾ ਹੈ, ਦੂਜਾ ਏਨਾ ਢੁਕਦਾ ਕਿ ਉਸ ਦੀ ਥਾਂ ਕੋਈ ਹੋਰ ਸ਼ਬਦ ਘਟ ਹੀ ਫਬਦਾ ਹੈ।

ਰਾਜਾ ਨਲ ਵਿਚ ਹੀ ਵੇਖੋ, ਇਕੋ ਬੰਦ ਵਿਚ, ਇਕ ਪਾਸੇ,

'ਤੁਰਿਆ, ਵਕਤ ਮੁਕਰਰਾ ਵੇਖ ਕੇ ਤੇ, ਆਣ, ਬਾਣ ਤੇ ਸ਼ਾਨ ਸਜਾਈਏ ਜੀ।'

ਅਤੇ ਨਾਲ ਹੀ

'ਬਣੀ ਵਿਚੋਂ ਅਕਾਸ਼ ਦੇ ਪਰੀ 'ਸੋਹਣੀ',
ਰੰਗ ਰੂਪ ਜਿਸ ਦਾ 'ਲਾ-ਜਵਾਲ'[1] ਆਹਾ',

ਅਤੇ ਫੇਰ

'ਤੀਨ ਲੋਕ ਅੰਦਰ ਹੈ ਬੁਲੰਦ[2] ਪਾਇਆ।'

ਕਵਿਤਾ ਵਿਚ ਬੋਲੀ ਦੇ ਮਾਲਕ ਹੋਣ ਦਾ ਪ੍ਰਮਾਣ ਹੀ ਭਾਂਤ ਭਾਂਤ ਦੀਆਂ ਬੰਦਸ਼ਾਂ ਹਨ, ਜਿਨ੍ਹਾਂ ਨੂੰ ਚਾਤ੍ਰਿਕ ਬੜੀ ਖੂਬਸੂਰਤੀ ਨਾਲ ਨਿਭਾਉਂਦਾ ਹੈ ਜਿਵੇਂ :

'ਰਾਜੇ ਭੀਮ ਦੀ ਇਕਲੰਤੀ, ਦਮਯੰਤੀ, ਬੁਧ ਰੂਪ ਗੁਣਵੰਤੀ, ਹੋਈ ਉਮਰ ਜਵਾਨ ਹੈ।' ਅਜੇਹੇ ਸ਼ਬਦ ਅਲੰਕਾਰ ਥਾਂ ਥਾਂ ਉਤੇ ਲੱਭ ਜਾਂਦੇ ਹਨ।

ਸਮੁਚੀ ਭਾਂਤ ਇਨ੍ਹਾਂ ਕਿੱਸਿਆਂ ਵਿਚ ਨਾਟਕੀ ਅੰਸ਼ ਵਧੇਰੇ ਹੈ। ਕਿੱਸੇ ਦਾ ਬਹੁਤ ਸਾਰਾ ਭਾਗ ਵਾਰਤਾਲਾਪ ਵਿਚ ਚਲਦਾ ਹੈ। ਕਿਤੇ ਕਿਤੇ 'ਮਾਕੂਲਾ ਸ਼ਾਇਰ' ਅਰਥਾਤ ਕਵਿਓ ਵਾਚ ਵੀ ਹੈ। ਕਹਾਣੀ ਪੁਰਾਣੀ ਹੀ ਹੁੰਦੀ ਹੈ ਪਰ ਨਾਟਕੀ ਸਥਿਤੀਆਂ ਜਾਂ ਦ੍ਰਿਸ਼ ਨਵੀਨ ਕਲਪ ਲਏ ਜਾਂਦੇ ਹਨ ਅਤੇ ਉਥੇ ਹੀ ਕਵੀ ਦੀ ਕਲਪਨਾ ਸ਼ਕਤੀ ਨਿਖਰਦੀ ਹੈ। ਦ੍ਰਿਸ਼ਟਾਂਤ ਵੀ ਪੁਰਾਤਨ ਇਤਿਹਾਸ ਤੇ ਮਿਥਿਹਾਸ ਦੇ ਵਰਤੇ ਜਾਂਦੇ ਹਨ ਅਤੇ ਜੋ ਵਾਰਤਾਲਾਪ ਪਾਤਰਾਂ ਦਾ ਦਿਤਾ ਜਾਂਦਾ ਹੈ, ਉਸ ਵਿਚ ਹੀ ਉਨ੍ਹਾਂ ਦੀ ਮਾਨਸਿਕ ਅਵੱਸਥਾ ਸਾਹਮਣੇ ਆਉਂਦੀ ਹੈ। ਕਈ ਵਾਰ ਉਸੇ ਵਿਚ ਹੀ ਕੁਝ ਤੱਤ ਜਾਂ ਨਤੀਜੇ ਦਿਤੇ ਜਾਂਦੇ ਹਨ। ਜਿਵੇਂ, ਰਾਜਾ ਨਲ ਰਾਣੀ ਦਮਯੰਤੀ ਨੂੰ ਸਮਝਾਉਂਦਿਆਂ ਕਹਿੰਦਾ ਹੈ :

'ਭਾਗਾਂ ਹਥ ਹੈ ਵਾਂਗ ਪਰਾਣੀਆਂ ਦੀ,
ਜਿਧਰ ਚਾਹੁੰਦੀ ਸਕਦੀ ਟੋਰ ਪਿਆਰੀ।
ਬੰਦਾ ਲੱਖ ਉਪਾ ਕਮਾ ਥੱਕੇ,
ਜਾਇ ਪੇਸ਼ ਨਾ ਜ਼ੋਰ ਤੇ ਸ਼ੋਰ ਪਿਆਰੀ।
... ...

---

1. ਕਸਰ ਜਾਂ ਕਿਸੇ ਘਾਟੇ ਤੋਂ ਬਿਨਾਂ। 2. ਉੱਚਾ ਦਰਜਾ।

ਬੀਤ ਗਈ ਦੀ ਫ਼ੇਰ ਘਸੀਟ ਕਰਨੀ,
ਮੁੜ ਮੁੜ ਯਾਦ ਕਰਨਾ ਜ਼ੋਰ ਜ਼ੋਰ ਪਿਆਰੀ।
ਏਹਦੇ ਵਿਚ ਪ੍ਰਾਪਤੀ ਕੁਝ ਨਾਹੀਂ,
ਚਿੰਤਾ ਸੁਟਦੀ ਜ਼ਿੰਦਿਆਂ ਗੋਰ ਪਿਆਰੀ।

ਭਾਈ ਗੁਰਦਾਸ ਅਤੇ ਵਾਰਸ ਵਾਂਗ ਧਨੀ ਰਾਮ ਚਾਤ੍ਰਿਕ ਨੇ ਅਲੰਕਾਰਾਂ ਦੀ ਬਹੁਲਤਾ ਨਹੀਂ ਕੀਤੀ। ਭਾਈ ਗੁਰਦਾਸ ਨੇ ਤਾਂ ਕੋਈ ਸਿਖਿਆ ਦ੍ਰਿੜ ਕਰਾਉਣ ਲਈ ਅਨੇਕਾਂ ਹੀ ਉਪਮਾਨ ਇਕ ਇਕ ਵਿਚਾਰ ਲਈ ਵਰਤੇ ਹਨ। ਵਾਰਸਸ਼ਾਹ ਕੇਵਲ ਆਪਣੀ ਹਿੰਮਤ ਅਤੇ ਦ੍ਰਿਸ਼ ਦੀ ਚਮਕ ਉਤਪੰਨ ਕਰਨ ਲਈ ਅਲੰਕਾਰਾਂ ਦਾ ਪ੍ਰਯੋਗ ਕਰਦਾ ਹੈ। ਚਾਤ੍ਰਿਕ ਦਾ ਰੰਗ ਨਿਆਰਾ ਹੈ। ਉਹ ਅਲੰਕਾਰ ਨੂੰ ਸੰਭਲ ਸੰਭਲ ਵਰਤਦਾ ਹੈ ਭਾਵ ਕੰਜੂਸੀ ਨਹੀਂ ਕਰਦਾ। ਪਰ ਜਿਥੇ ਭੀ ਵਰਤਦਾ ਹੈ, ਉਥੇ ਗੱਲ ਨਿਖਰਦੀ ਹੈ, ਲੋੜ ਜਾਪਦੀ ਹੈ। ਫਿਰ ਚਾਤ੍ਰਿਕ ਨਵੇਂ ਉਪਮਾਨ ਵੀ ਲਭਦਾ ਹੈ ਅਤੇ ਨਵੇਂ ਦ੍ਰਿਸ਼ਟਾਂਤ ਵੀ। ਇੰਜ ਉਸ ਦਾ ਯਤਨ ਹੁੰਦਾ ਹੈ ਕਿ ਥੋੜੇ ਤੋਂ ਥੋੜੇ ਸ਼ਬਦਾਂ ਵਿਚ ਬਹੁਤੇ ਤੋਂ ਬਹੁਤ ਪ੍ਰਭਾਵ ਅਤੇ ਸੁਝਾਅ ਦਿਤਾ ਜਾਏ। ਨਾਲ ਹੀ ਉਸ ਦੀ ਕੋਸ਼ਿਸ਼ ਹੁੰਦੀ ਹੈ ਕਿ ਜੋ ਆਮ ਲੋਕਾਂ ਦਾ ਮੁਹਾਵਰਾ ਹੈ ਅਤੇ ਵਰਤੋਂ ਦੀ ਵਾਕ ਅੰਸ਼ ਹੈ, ਉਸ ਦੇ ਵਿਚ ਹੀ ਗੁਜ਼ਾਰਾ ਕੀਤਾ ਜਾਏ।

ਚਾਤ੍ਰਿਕ ਦੇ ਕਿੱਸਿਆਂ ਵਿਚ ਇਹ ਯਤਨ ਭੀ ਹੈ ਕਿ ਸਾਰੀ ਕਹਾਣੀ ਦਾ ਇਕ ਵਿਸ਼ੇਸ਼ ਨਤੀਜਾ ਕਢਿਆ ਜਾਏ। ਜਿਵੇਂ ਵਾਰਸਸ਼ਾਹ ਨੇ ਹੀਰ ਰਾਂਝੇ ਦੀ ਕਥਾ ਨੂੰ ਆਤਮਾ ਤੇ ਸਰੀਰ ਦੀ ਕਥਾ ਬਣਾ ਦਿਤਾ ਹੈ, ਇੰਜ ਹੀ ਭਰਥਰੀ ਹਰੀ ਦੀ ਸਾਰੀ ਕਥਾ ਤੋਂ ਕੁਝ ਨਤੀਜਾ ਅਖੀਰਲੇ ਦੋ ਕੁ ਸਫਿਆਂ ਵਿਚ ਦਿਤਾ ਹੈ ਅਤੇ ਲਿਖਿਆ ਹੈ :

ਨੇਕੀ ਯਾਦ ਰਹਿੰਦੀ ਅਗੇ ਮਿਲੇ ਢੋਈ,
ਨੇਕੀ ਅਸੀਂ ਵੀ ਕੁਝ ਕਮਾਇ ਲਈਏ।
... ...
ਚਾਤ੍ਰਿਕ ਨੇਕੀਆਂ ਜਿਨ੍ਹਾਂ ਨੇ ਕੀਤੀਆਂ ਨੇ,
ਲੋਕੀ ਪੂਜਦੇ ਉਨ੍ਹਾਂ ਦੇ ਥੜੇ ਰਹਿੰਦੇ।

ਨਲ ਦਮਯੰਤੀ ਵਿਚ ਮਹਾਂ-ਕਾਵਿ ਵਾਂਗ ਖੰਡ ਵੰਡੇ ਗਏ ਹਨ, ਭਾਵੇਂ ਭਰਥਰੀ ਹਰੀ ਵਿਚ ਅਜੇਹਾ ਯਤਨ ਨਹੀਂ। ਭਰਥਰੀ ਹਰੀ ਦੇ ਕਿੱਸੇ ਵਿਚ ਬਾਲ ਬੋਧਨੀ ਪੈਂਤੀ ਅੱਖਰੀ ਵੀ ਲਿਖੀ ਹੈ ਅਤੇ ਇਸੇ ਤਰ੍ਹਾਂ ਥੀਏਟਰੀਕਲ ਤਰਜ਼ਾਂ ਉਤੇ ਲਿਖੇ ਗੀਤ ਵੀ ਮਿਲਦੇ ਹਨ ਜੋ ਇਹ ਕਿੱਸੇ ਦੀ ਪੁਰਾਤਨਤਾ ਦੇ ਵਾਤਾਵਰਨ ਨੂੰ ਕਾਇਮ ਨਹੀਂ ਰਹਿਣ ਦਿੰਦੇ।

ਚਾਤ੍ਰਿਕ ਨੇ ਬਾਰਾਂ ਮਾਂਹ ਦੀ ਵਰਤੋਂ ਵੀ ਵਧੇਰੇ ਹੀ ਕੀਤੀ ਹੈ ਅਤੇ ਇਕ ਬਾਰਾਂ ਮਾਂਹ ਤ੍ਰਾਂ ਕਾਫੀਆਂ ਵਿਚ ਹੀ ਲਿਖਿਆ ਹੈ।

ਜੋਗੀ ਜਤਿੰਦਰ ਨਾਥ ਦਾ ਰਾਜੇ ਭਰਥਰੀ ਨੂੰ ਉਪਦੇਸ਼ ਵੀ ਬਾਰਾਂਮਾਹਿਆਂ ਵਿਚ ਹੈ ਅਤੇ ਉਸ ਉਪਦੇਸ਼ ਨੂੰ ਵੀ ਆਤਮਾ ਦਾ ਦੇਹ ਨੂੰ ਇਸ਼ਾਰਾ ਬਣਾ ਦਿਤਾ ਹੈ। ਇਹ ਉਪਦੇਸ਼ ਪੜ੍ਹਦਿਆਂ ਵਾਰਸਸ਼ਾਹ ਵਾਲਾ ਜੋਗੀ ਤੇ ਰਾਂਝੇ ਦਾ ਸੰਬਾਦ ਹੀ ਪਾਠਕ ਦੇ ਸਾਹਮਣੇ ਆ ਜਾਂਦਾ ਹੈ।

ਚਾਤ੍ਰਿਕ ਜੀ ਰਚਿਤ 'ਭਰਥਰੀ ਹਰੀ' ਵਿਚ ਵਾਰਸਸ਼ਾਹ ਦੇ ਲਿਖੇ ਹੀਰ ਰਾਂਝੇ ਦੇ ਕਿੱਸੇ ਦੇ ਕਈ ਪ੍ਰਭਾਵ ਪਰਤਖ ਹਨ, ਜਿਵੇਂ :

(1) ਜੋਗੀ ਬਣੇ ਰਾਜੇ ਭਰਥਰੀ ਨੂੰ ਵੇਖ ਕੇ ਇਸਤ੍ਰੀਆਂ ਉਵੇਂ ਹੀ ਹਮਦਰਦੀ ਤੇ ਉਸ ਦੇ

ਰੂਪ ਦੀ ਸ਼ਲਾਘਾ ਕਰਦੀਆਂ ਦੱਸੀਆਂ ਹਨ ਜਿਵੇਂ ਵਾਰਸਸ਼ਾਹ ਦੇ ਕਿੱਸੇ ਵਿਚ ਰਾਂਝੇ ਨੂੰ ਜੋਗੀ ਬਣਿਆ ਵੇਖ ਕੇ ਰੰਗਪੁਰ ਖੇੜਿਆਂ ਦੀਆਂ ਔਰਤਾਂ ਗੱਲਾਂ ਕਰਦੀਆਂ ਹਨ।

(2) ਵਾਰਸਸ਼ਾਹ ਦੇ ਕਿੱਸੇ ਵਿਚ ਜਿਵੇਂ ਰਾਂਝਾ ਤੇ ਸਹਿਤੀ ਇਸ ਵਿਸ਼ੇ ਉਤੇ ਬਹਿਸ ਕਰਦੇ ਹਨ ਇਵੇਂ ਹੀ ਇਥੇ ਜੋਗੀ (ਭਰਥਰੀ) ਤੇ ਰਾਣੀ ਦੀ ਇਕ ਲੰਮੀ ਤੇ ਓਪਰੀ ਬਹਿਸ ਹੈ।

(3) ਹੀਰ ਦੇ ਵਿਛੋੜੇ ਵਿਚ ਵਾਰਸਸ਼ਾਹ ਨੇ ਬਾਰਾਂ ਮਾਂਹ ਲਿਖਿਆ ਹੈ ਤੇ ਇਵੇਂ ਹੀ ਚਾਤ੍ਰਿਕ ਜੀ ਨੇ, ਪਰ ਇਸ ਵਿਚ ਛੰਦਾ ਬੰਦੀ ਦੀ ਕਲਾ ਦੇ ਕਮਾਲ ਤਕ ਕਵੀ ਪੁੱਜਾ ਹੈ।

ਬ੍ਰਿਜ ਭਾਸ਼ਾ ਤੇ ਸੰਤ ਭਾਸ਼ਾ ਅਤੇ ਕਿੱਸਿਆਂ ਦੀ ਭਾਸ਼ਾ ਵਿਚ ਇਕ ਸਾਂਝ ਸ਼ਬਦਾਂ ਦੇ ਸ਼ੁਧ ਰੂਪ ਨੂੰ ਵਿਗਾੜਨ ਦੀ ਹੈ। ਇਸ ਪਰੰਪਰਾ ਨੂੰ ਚਾਤ੍ਰਿਕ ਨੇ ਭੀ ਕਈ ਥਾਈਂ ਵਰਤਿਆ ਹੈ। ਸ਼ਬਦ ਜੋੜਾਂ ਦਾ ਪੁਰਾਤਨ ਰੂਪ ਹੋਣਾ ਤਾਂ ਸੁਭਾਵਕ ਹੀ ਹੈ। ਕਈ ਗੰਦੇ ਸ਼ਬਦ (ਅਸ਼ਲੀਲ ਨਹੀਂ) ਜਿਵੇਂ ਟੱਟੀ, ਪਿਸ਼ਾਬ ਤੇ ਅਜੇਹੇ ਮੁਹਾਵਰੇ ਭੀ ਜਿਵੇਂ 'ਧਾਰ ਨਹੀਂ ਮਾਰਦਾ', ਵਰਤਣ ਤੋਂ ਭੀ ਸੰਕੋਚ ਨਹੀਂ ਕੀਤਾ।

ਚਾਤ੍ਰਿਕ ਜੀ ਦੇ ਇਨ੍ਹਾਂ ਕਿੱਸਿਆਂ ਦੇ ਕੁਝ ਹੋਰ ਭੀ ਵਿਸ਼ੇਸ਼ ਰੰਗ ਹਨ ਜਿਨ੍ਹਾਂ ਦਾ ਸੰਖੇਪ ਬਿਓਰਾ ਇਹ ਹੈ :

(ੳ) ਜੋ ਸਿਰਲੇਖ (ਸੁਰਖੀਆਂ) ਦਿਤੀਆਂ ਹਨ, ਉਨ੍ਹਾਂ ਵਿਚ ਪੁਰਾਤਨ ਕਿੱਸਿਆਂ ਵਾਂਗ ਜਾਂ ਕਵਿਤਾ ਦੇ ਰੰਗ ਤੇ ਫਾਰਸੀ ਦੇ ਢੰਗ ਉਤੇ ਪੰਜਾਬੀ ਵਿਆਕਰਣ ਦੇ ਨਿਯਮਾਂ ਦੇ ਵਿਰੁਧ ਸ਼ਬਦ ਜਾਂ ਵਾਕੰਸ਼ਾਂ ਅਗੇ ਪਿਛੇ ਹਨ ਜਿਵੇਂ :

'ਸਦਾ ਕਰਨਾ, ਰਾਜਾ ਭਰਥਰੀ ਦਾ, ਰਾਣੀ ਪਿੰਗਲਾਂ ਦੇ ਦਰਵਾਜ਼ੇ ਪਰ'

ਜਾਂ—ਜਵਾਬ ਰਾਜਾ, ਜਵਾਬ ਜੋਗੀ,

ਜਾਂ—ਅਖੀਰ ਵਕਤ, ਸਵਾਲ ਜਵਾਬ, ਮੌਤ ਤੇ ਰਾਣੀ ਪਿੰਗਲਾਂ ਦਾ।

(ਅ) ਚਾਤ੍ਰਿਕ ਜੀ ਭੀ ਵਾਰਸਸ਼ਾਹ ਵਾਂਗ ਕਿੱਸੇ ਦਾ ਬਹੁਤ ਭਾਗ ਸੰਬਾਦ ਜਾਂ ਵਾਰਤਾਲਾਪ ਵਿਚ ਚਲਾਉਂਦੇ ਹਨ ਅਤੇ ਕਈ ਥਾਈਂ ਵਾਰਤਾਲਾਪ ਬੜਾ ਸੁਭਾਵਕ ਹੁੰਦਿਆਂ ਭੀ ਬਹੁਤ ਸ਼ਕਤੀਸ਼ਾਲੀ ਹੋਣ ਦੇ ਨਾਲ ਨਾਲ ਪਾਤਰਾਂ ਦੇ ਮਨਾਂ ਦੀਆਂ ਡੂੰਘਾਈਆਂ ਤੋਂ ਪੁੰਗਰਿਆ ਜਾਪਦਾ ਹੈ। ਪਰ ਕਈ ਥਾਈਂ ਅਤਿ ਕਥਨੀ ਤੇ ਬਹੁ ਵਿਸਤਾਰ ਤੋਂ ਭੀ ਕੰਮ ਲਿਆ ਗਿਆ ਹੈ। ਮੌਤ ਤੇ ਰਾਣੀ ਦੀ ਗਲਬਾਤ ਓਪਰੀ ਦਿਸਦੀ ਹੈ ਪਰ ਭਰਥਰੀ ਤੇ ਗੁਰੂ ਜਿਤੇਂਦਰਨਾਥ ਦਾ ਸੰਬਾਦ ਬੜਾ ਸੁਭਾਵਕ ਤੇ ਬਲਵਾਨ ਹੈ।

ਪਰ ਇਹ ਵਾਰਤਾਲਾਪ ਵਿਚ ਭਰਥਰੀ ਦੇ ਮੂੰਹੋਂ 'ਮੋਟਰ' ਜਾਂ ਉਸ ਦੇ ਵਾਕਾਂ ਵਿਚ ਫਾਰਸੀ ਸ਼ਬਦ ਆਉਣੇ ਬਣੇ ਹੋਏ ਸਾਰੇ ਵਾਤਾਵਰਣ ਨੂੰ ਖਰਾਬ ਕਰ ਦੇਂਦੇ ਹਨ।

(ੲ) ਕਿੱਸਿਆਂ ਦਾ ਇਕ ਮਹੱਤਵ-ਪੂਰਨ ਸਥਾਨ ਸਾਹਿਤ ਵਿਚ ਇਸ ਲਈ ਭੀ ਹੈ ਕਿ ਇਨ੍ਹਾਂ ਵਿਚੋਂ ਪੁਰਾਤਨ ਪੰਜਾਬੀ ਜੀਵਨ, ਰੀਤਾਂ, ਰਸਮਾਂ, ਰਵਾਜਾਂ, ਜੀਵਨ ਢੰਗਾਂ ਪਹਰਾਵੇ, ਖਾਧ ਖੁਰਾਕ, ਉਪਜੀਵਕਾ ਦੇ ਸਾਧਨਾਂ ਆਦਿ ਦਾ ਪਤਾ ਲਗਦਾ ਹੈ। ਚਾਤ੍ਰਿਕ ਜੀ ਦੇ ਇਹ ਕਿੱਸੇ ਭੀ ਉਸ ਸਮੇਂ ਦੇ ਭਾਰਤੀ ਜੀਵਨ, ਸਵੰਬਰ ਦੇ ਹੁੰਦਿਆਂ ਭੀ ਪ੍ਰੇਮ-ਮਾਰਗ ਦੀਆਂ ਰੁਕਾਵਟਾਂ, ਰਿਸ਼ੀਆਂ, ਦੇਵਤਿਆਂ, ਰਾਜਿਆਂ ਤੇ ਜਨ ਸਾਧਾਰਨ ਦੇ ਜੀਵਨ ਦੇ ਚਿਤ੍ਰ ਤੇ ਝਾਕੀਆਂ ਸਾਡੇ ਸਾਹਮਣੇ ਰਖਦੇ ਹਨ।

(ਸ) ਇਨ੍ਹਾਂ ਕਿੱਸਿਆਂ ਵਿਚ ਭੀ ਪਾਤਰਾਂ ਦੇ ਆਚਰਨ, ਗੁਣ ਸੁਭਾਵ ਆਦਿ ਨੂੰ ਚਿਤ੍ਰਨ ਵਲ ਵਿਸ਼ੇਸ਼ ਧਿਆਨ ਦਿਤਾ ਹੈ ਅਤੇ ਉਸੇ ਦਾ ਫਲ ਸਰੂਪ ਪਾਠਕਾਂ ਦੇ ਮਨ ਵਿਚ ਰਾਜੇ, ਰਾਣੀ ਦਮਯੰਤੀ, ਰਾਜੇ ਭਰਥਰੀ ਆਦਿ ਲਈ ਸਤਿਕਾਰ, ਪਿਆਰ ਤੇ ਹਮਦਰਦੀ ਉਤਪੰਨ ਹੁੰਦੀ ਹੈ।

(ਹ) ਵਾਰਸਸ਼ਾਹ ਤੇ ਫਜ਼ਲ ਸ਼ਾਹ ਦੇ ਕਿੱਸਿਆਂ ਵਿਚਲੇ, 'ਕਲਾਮ ਸ਼ਾਇਰ' ਵਾਂਗ ਇਥੇ ਕਵੀਓ ਵਾਚ ਥਾਂ ਥਾਂ ਆਇਆ ਹੈ। ਬਹੁਤ ਕਰਕੇ 'ਕਵੀਓ ਵਾਚ' ਵਿਚ ਹੀ ਕਵੀ ਆਪਣੇ ਵਿਚਾਰ ਤੇ ਦਰਸ਼ਨ ਦੇਂਦਾ ਹੈ।

(ਕ) ਕਿੱਸਿਆਂ ਵਿਚ ਸੁਖੈਨਤਾ ਤੇ ਸੁਭਾਵਕਤਾ ਕਰਕੇ ਵਹਾਅ ਤੇ ਰਵਾਨੀ ਬਹੁਤ ਹੈ ਅਤੇ ਨਾਲ ਹੀ ਦ੍ਰਿਸ਼ ਵਰਨਣ ਤੇ ਦੂਹਰਾ ਭੀ, ਪ੍ਰੰਤੂ ਦ੍ਰਿਸ਼ ਵਰਨਣ ਵਿਚ ਯਥਾਰਥ ਜਾਂ ਅਸਲਵਾਦ ਨੂੰ ਹੂ-ਬ-ਹੂ ਚਿਤਰਦਿਆਂ ਕਈ ਵਾਰ ਕਵੀ ਸੁਹਜ-ਸੁਆਦ ਨੂੰ ਅਖੋਂ ਓਹਲੇ ਕਰ ਜਾਂਦਾ ਹੈ ਜਿਵੇਂ ਕਿ ਇਸਤ੍ਰੀਆਂ ਦੀਆਂ ਗੰਦੀਆਂ ਆਦਤਾਂ ਦਾ ਵਰਨਣ ਜੋ ਭਰਥਰੀ ਦੇ ਮੂੰਹੋਂ ਹੈ, ਰਾਜੇ ਦੇ ਮੂੰਹੋਂ ਉਂਵ ਹੀ ਸੋਂਭਦਾ ਨਹੀਂ।

(ਖ) ਭਰਥਰੀ ਹਰੀ ਵਿਚ ਨਾਇਕ ਦੇ ਸ਼ਹਿਰ ਉਜੈਨ ਦਾ ਵਰਨਣ ਕਰਨ ਤੋਂ ਭੀ ਪਹਿਲਾਂ ਭਾਰਤ ਵਰਸ਼ ਦੀ ਉਸਤਤੀ ਸ਼ਾਇਦ ਪਹਿਲੀ ਮਿਸਾਲ ਹੈ ਜਦ ਕਿਸੇ ਕਿਸਾਗੋ ਨੇ ਭਾਰਤ ਦੇਸ਼ ਦੇ ਪਿਆਰ ਦਾ ਇੰਨਾ ਨਿਖਰਵਾਂ ਪ੍ਰਮਾਣ ਦਿਤਾ ਹੋਵੇ।

ਹੈਰਾਨੀ ਇਹ ਹੈ ਕਿ ਦੋਵੇਂ ਕਿੱਸੇ ਰੁਮਾਂਟਿਕ ਹਨ, ਫਿਰ ਵੀ ਚਾਤ੍ਰਿਕ ਨੇ ਇਨ੍ਹਾਂ ਵਿਚ ਵਿਛੋੜੇ ਤੇ ਪਿਆਰ ਦਾ ਵਧ ਤੋਂ ਵਧ ਵਰਨਣ ਕਰਦਿਆਂ ਅਤੇ ਪਤੀ ਤੇ ਇਸਤ੍ਰੀ ਦੀਆਂ ਇਕੱਲ ਵਿਚ ਗੱਲਾਂ, ਲਿਖਦਿਆਂ ਵੀ ਭੜਕਾਊ ਲਿੰਗ ਵਾਸ਼ਨਾਂ ਅਤੇ ਕਾਮ-ਉਪਜਾਊ ਵਰਨਣ ਦਾ ਕੋਈ ਚਿੰਨ੍ਹ-ਮਾਤਰ ਵੀ ਅੰਸ਼ ਨਹੀਂ ਆਉਣ ਦਿਤਾ। ਨੰਗਨਤਾ, ਅਸ਼ਲੀਲਤਾ ਅਤੇ ਭੜਕਾਹਟ ਦੀ ਥਾਂ ਮਨ ਉਤੇ ਜੋ ਪ੍ਰਭਾਵ ਰਹਿੰਦਾ ਹੈ ਉਹ ਕੇਵਲ ਪਿਆਰ, ਵਿਛੋੜੇ, ਸਹਿਯੋਗਤਾ, ਅਤੇ ਮਨੁਖੀ ਸਾਹਸ ਦਾ ਹੀ ਰਹਿੰਦਾ ਹੈ। ਇਸੇ ਲਈ ਇਨ੍ਹਾਂ ਕਿੱਸਿਆਂ ਨੂੰ ਬਹੁਤ ਹਦ ਤਕ ਧਾਰਮਿਕ ਕਿੱਸੇ ਹੀ ਸਮਝ ਕੇ ਪੜ੍ਹਿਆ ਜਾਂਦਾ ਹੈ ਅਤੇ ਇਨ੍ਹਾਂ ਦੀ ਏਨੀ ਪ੍ਰਸਿਧਤਾ ਦਾ ਭੇਤ ਇਸ ਗੱਲ ਵਿਚ ਹੈ, ਨਹੀਂ ਤਾਂ ਜਿਸ ਸਮੇਂ ਵਿਚ ਇਹ ਕਿੱਸੇ ਛਪੇ ਸਨ, ਉਸ ਸਮੇਂ ਵਿਚ ਘਰਾਂ ਵਿਚ ਕਿੱਸਾ ਲਿਆਉਣਾ ਪਾਪ ਸਮਝਿਆ ਜਾਂਦਾ ਸੀ ਅਤੇ ਏਥੋਂ ਤਕ ਕਿਹਾ ਜਾਂਦਾ ਸੀ ਕਿ ਜਿਸ ਘਰ ਵਿਚ ਕੋਈ ਕਿੱਸਾ ਹੋਵੇ, ਉਥੇ ਜ਼ਰੂਰ ਬਿਪਤਾ ਆਉਂਦੀ ਹੈ ਅਤੇ ਲੜਾਈ ਪੈਂਦੀ ਹੈ।

ਚਾਤ੍ਰਿਕ ਜੀ ਨੇ ਭਰਥਰੀ ਅਤੇ ਨਲ ਦਮਯੰਤੀ ਦੇ ਕਿੱਸੇ ਸੰਮਤ 1963 ਬਿਕ੍ਰਮੀ ਵਿਚ ਲਿਖੇ ਸਨ। ਨਲ ਦਮਯੰਤੀ ਤੇ ਅੰਤ ਉਤੇ ਤਰੀਕ ਅੰਕਪਲੀ ਦੇ ਤਰੀਕੇ ਨਾਲ ਦਿਤੀ ਹੈ। ਇਹ ਢੰਗ ਵੀ ਹੁਣ ਅਲੋਪ ਹੋ ਚੁਕਾ ਹੈ। ਮੁਸਲਮਾਨ ਲੋਕ ਅਬਜਦ ਦੇ ਢੰਗ ਨਾਲ ਇਹ ਤਰੀਕ ਲਿਖਦੇ ਸਨ। ਚਾਤ੍ਰਿਕ ਜੀ ਨੇ ਨਲ ਦਮਯੰਤੀ ਦੇ ਅੰਤ ਉਤੇ ਇਉਂ ਲਿਖਿਆ ਹੈ :

ਸ਼ਿਵ ਨੇਤਰ ਦਵਿਜ ਕਰਮ ਖੰਡ ਅਰ ਬ੍ਰਹਮ ਪਛਾਨੋ।

ਸ਼ਿਵਜੀ ਦੇ ਨੇਤਰ ਤਿੰਨ ਹੁੰਦੇ ਹਨ, ਪੰਡਿਤਾਂ ਦੇ ਕਰਮ ਛੇ, ਖੰਡ ਨੌ ਅਤੇ ਬ੍ਰਹਮ ਇਕ ਹੈ।

ਇਉਂ ਪੁਠਾ ਕਰਕੇ ਇਹ 1963 ਬ੍ਰਿਕਮੀ ਬਣਦਾ ਹੈ। ਉਂਵ ਇਸੇ ਛੰਦ ਵਿਚ ਲਿਖਿਆ ਹੈ :

'ਠਾਰਾਂ ਦਿਨ ਅਪ੍ਰੈਲ 1906 ਪਰਬੀਨੋ।'

ਸਾਡਾ ਕਹਿਣ ਤੋਂ ਭਾਵ ਇਹ ਹੈ ਕਿ 1906 ਦੇ ਛਪੇ ਹੋਏ ਇਨ੍ਹਾਂ ਕਿੱਸਿਆਂ ਦੀਆਂ ਹੁਣ ਤਕ ਅਨੇਕਾਂ ਐਡੀਸ਼ਨਾਂ ਵਿਕ ਚੁਕੀਆਂ ਹਨ ਅਤੇ 1919 ਤੋਂ ਅਮਰ ਸਿੰਘ ਮਾਡਲ ਪ੍ਰੈਸ ਵਾਲਿਆਂ ਨੇ ਇਨ੍ਹਾਂ ਨੂੰ ਛਾਪਣਾ ਆਰੰਭ ਕੀਤਾ ਸੀ। ਇਨ੍ਹਾਂ ਦੀ ਇਹ ਪ੍ਰਸਿਧਤਾ ਤੇ ਲੋਕਪ੍ਰੀਯਤਾ ਕੇਵਲ ਇਸ ਕਰਕੇ ਹੈ ਕਿ ਇਹ ਕਿੱਸੇ ਸਦਾਚਾਰਕ ਹਨ। ਅੰਤ ਉੱਤੇ ਇਹ ਵੀ ਲਿਖਿਆ ਹੈ :

ਧੰਨਵਾਦ ਹੈ, ਜਿਸ ਹਿਤ ਮੇਰਾ, ਲੂੰ ਲੂੰ ਕਰਦਾ ਸੌ ਸੌ ਵਾਰ,
ਉਰਦੂ ਅਤੇ ਗੁਰਮੁਖੀ ਵਿਚ ਕਈ ਐਡੀਸ਼ਨ ਕਈ ਹਜ਼ਾਰ।
ਛਪੇ ਵਿਕੇ ਫਿਰ ਛਪ ਛਪ ਵਿਕੇ, ਹੁੰਦਾ ਰਿਹਾ ਇਸੇ ਪ੍ਰਕਾਰ,

ਇਸੇ ਐਡੀਸ਼ਨ ਦੇ ਅੰਤਲੇ ਸਫੇ ਉਤੇ ਦਿਤੇ ਇਸ਼ਤਿਹਾਰ ਤੋਂ ਪਤਾ ਲਗਦਾ ਹੈ ਕਿ ਪੰਜਾਬ ਯੂਨੀਵਰਸਿਟੀ ਨੇ ਇਸ ਨੂੰ ਐਫ. ਏ. ਦਾ ਕੋਰਸ ਭੀ ਨੀਯਤ ਕੀਤੀ ਰਖਿਆ ਹੈ।

ਇਹ ਐਡੀਸ਼ਨ 24 ਪਾਇੰਟ ਟਾਇਪ ਵਿਚ 22 x 29/4 ਅਕਾਰ ਵਿਚ ਛਪੀ ਹੋਈ ਤੇ ਪੰਜਾਬੀ ਯੂਨੀਵਰਸਿਟੀ ਦੀ ਲਾਇਬਰੇਰੀ ਵਿਚ ਹੇਠ ਲਿਖੇ ਨੰਬਰ ਉਤੇ ਦਰਜ ਹੈ :

(ਸੀ) 0155, 11 ਐਮ 76
12, ਈ 7
65805

ਭਾ. ਗੁਰਦਿਆਲ ਸਿੰਘ, ਪੁਸਤਕਾਂ ਵਾਲੇ ਅੰਬਾਲਾ ਵਲੋਂ 'ਚਾਤ੍ਰਿਕ' ਜੀ ਦੀ ਸੇਵਾ ਵਿਚ ਇਹ ਕਾਪੀ ਸੋਧਣ ਲਈ ਭੇਜੀ ਗਈ ਹੈ। ਨਲ ਦਮਿਯੰਤੀ ਦੀ 1950 ਦੀ ਐਡੀਸ਼ਨ ਪੰਜਾਬੀ ਯੂਨੀਵਰਸਿਟੀ ਦੀ ਲਾਇਬਰੇਰੀ ਵਿਚ ਹੈ, ਉਸ ਉਤੇ ਨੰਬਰ ਇਉਂ ਦਰਜ ਹੈ :

ਨੰ. ਸੀ 0153, 11 ਐਮ 76, ਐਫ 9
14974

ਪ੍ਰਸੰਗ ਲੇਖਕ ਚਾਤ੍ਰਿਕ

ਪੰਜਾਬ ਵਿਚ ਅਜੇ ਤਕ ਵੀ ਢਡ ਸਾਰੰਗੀ ਨਾਲ ਜਿਥੇ ਵਾਰਾਂ ਸੁਣਨ ਦਾ ਸ਼ੌਕ ਹੈ ਉਥੇ ਨਾਲ ਹੀ ਧਾਰਮਿਕ ਦੀਵਾਨਾਂ ਵਿਚ ਗੁਰੂ ਸਾਹਿਬਾਂ ਤੇ ਸ਼ਹੀਦਾਂ ਦੇ ਪ੍ਰਸੰਗ ਵੀ ਸੁਣਾਏ ਜਾਂਦੇ ਹਨ। ਇਹ ਪ੍ਰਸੰਗ ਸੁਣਨ ਵਾਲੇ ਪ੍ਰੇਮੀ ਬਹੁਤ ਕਰਕੇ ਧਾਰਮਿਕ-ਇਤਿਹਾਸ ਬੀਰਤਾ ਤੇ ਕੁਰਬਾਨੀ ਦੀਆਂ ਮਿਸਾਲਾਂ ਦੀ ਹੀ ਮੰਗ ਕਰਦੇ ਹਨ। ਇਉਂ ਜਾਪਦਾ ਹੈ ਜਿਵੇਂ ਸਿੰਘ ਸਭਾ ਲਹਿਰ ਦੇ ਨਾਲ ਨਾਲ ਧਾਰਮਿਕ ਸਾਹਿਤ ਦੀ ਮੰਗ ਵੀ ਵਧੀ ਕਿਉਂਕਿ ਥਾਂ ਥਾਂ ਦੀਵਾਨ ਜਾਂ ਧਾਰਮਿਕ ਇਕੱਤਰਤਾਵਾਂ ਹੋਣ ਲਗੀਆਂ।

ਇਸ ਵਿਚ ਸੰਦੇਹ ਨਹੀਂ ਕਿ ਇਨ੍ਹਾਂ ਦੀਵਾਨਾਂ ਵਿਚ ਮੁਖ ਪ੍ਰੋਗਰਾਮ ਗੁਰਬਾਣੀ ਦਾ ਕੀਰਤਨ ਹੀ ਹੁੰਦਾ ਹੈ। ਉਸ ਤੋਂ ਪਿਛੋਂ ਗੁਰਬਾਣੀ ਵਿਚੋਂ ਕਿਸੇ ਸ਼ਬਦ ਦੀ ਕਥਾ ਜਾਂ ਵਿਆਖਿਆ ਕੀਤੀ ਜਾਂਦੀ ਹੈ। ਹੋਰ ਕਿਸੇ ਤਰ੍ਹਾਂ ਦੇ ਪ੍ਰੋਗਰਾਮ ਨੂੰ ਇਸ ਤੋਂ ਪਿਛੋਂ ਵਕਤ ਮਿਲਦਾ ਹੈ। ਜਿਵੇਂ ਭਾਸ਼ਨ, ਕਵਿਤਾ ਆਦਿ।

ਢੱਡ ਸਾਰੰਗੀ ਵਾਲਿਆਂ ਦਾ ਬਹੁਤ ਕਰਕੇ ਖੁਲ੍ਹਾ ਵਕਤ ਹੁੰਦਾ ਸੀ, ਅਰਥਾਤ ਦੀਵਾਨ ਦਾ ਅੰਤਲਾ ਭਾਗ ਢਡ ਸਾਰੰਗੀ ਵਾਲਿਆਂ ਦੇ ਹਿੱਸੇ ਆਉਂਦਾ ਤਾਂ ਜੋ ਉਹ ਜਿੰਨਾ ਚਿਰ ਸਰੋਤਿਆਂ ਨੂੰ ਬੰਨ੍ਹ ਸਕਦੇ ਹੋਣ ਬੰਨ੍ਹੀ ਰਖਣ। ਹੁਣ ਭੀ ਕਈ ਥਾਈਂ ਸ਼ਾਮ ਨੂੰ ਸੱਤ ਵਜੇ ਤੋਂ ਲੈ ਕੇ ਰਾਤ ਦੇ 11—12 ਵਜੇ ਤਕ ਨਿਰੋਲ ਢੱਡ ਸਾਰੰਗੀ ਦਾ ਹੀ ਪ੍ਰੋਗਰਾਮ ਚਲਦਾ ਹੈ। ਉਹ ਨਿਰੀਆਂ ਵਾਰਾਂ ਨਹੀਂ ਗਾਉਂਦੇ ਨਾ ਹੀ ਨਿਰੀ ਕੋਈ ਹੋਰ ਕਥਾ ਕਵਿਤਾ ਵਿਚ ਗਾਉਂਦੇ ਹਨ, ਸਗੋਂ ਉਸ ਕਥਾ ਨੂੰ ਪਹਿਲਾਂ ਆਪਣੇ ਸ਼ਬਦਾਂ ਵਿਚ ਭਾਸ਼ਨ ਵਾਂਗ ਬੜੇ ਫਬਵੇਂ ਢੰਗ ਨਾਲ ਸੁਣਾਉਂਦੇ ਹਨ ਅਤੇ ਫੇਰ ਉਸ ਨੂੰ ਗਾ ਕੇ ਕਵਿਤਾ ਵਿਚ ਆਪਣੀਆਂ ਵਿਸ਼ੇਸ਼ ਧਾਰਨਾਵਾਂ ਵਿਚ ਸੁਣਾਉਂਦੇ ਹਨ। ਸਾਰਾ ਭਾਸ਼ਨ ਉਹ ਇਕੱਠ ਨਹੀਂ ਦਿੰਦੇ, ਸਗੋਂ ਸਾਰੀ ਵਾਰ ਜਾਂ ਪ੍ਰਸੰਗ ਨੂੰ ਕੁਝ ਹਿਸਿਆਂ ਵਿਚ ਵੰਡ ਲੈਂਦੇ ਹਨ। ਇਕ ਭਾਗ ਦਾ ਵਰਨਣ ਜ਼ਬਾਨੀ ਕਰਕੇ ਉਹ ਉਤਨਾ ਹਿਜਾ ਗਾ ਲੈਂਦੇ ਹਨ। ਫਿਰ ਦੂਜਾ ਭਾਗ,

ਉਸ ਜਥੇ ਦਾ ਜੋ ਆਮ ਕਰਕੇ ਤਿੰਨਾਂ ਦੀ ਟੋਲੀ ਹੁੰਦੀ ਹੈ, ਇਕ ਸਾਰੰਗੀ ਵਾਲਾ ਦੋ ਢੱਡਾਂ ਵਾਲੇ, ਜਥੇਦਾਰ ਸੁਣਾਉਂਦਾ ਹੈ ਅਤੇ ਫਿਰ ਤਿੰਨੇ ਵਾਰ ਦਾ ਉਹ ਭਾਗ ਗਾਉਂਦੇ ਹਨ।

ਪਰਤਖ ਹੈ ਕਿ ਆਰੰਭ ਵਿਚ ਅਜੇਹੀਆਂ ਵਾਰਾਂ ਤੇ ਹੋਰ ਪ੍ਰਸੰਗਾਂ (ਧਾਰਮਿਕ ਕਥਾਵਾਂ) ਜੋ ਕਵਿਤਾ ਵਿਚ ਹਨ, ਦੀ ਬਹੁਤ ਮੰਗ ਸੀ। ਪੁਰਾਣੇ ਸਾਹਿਤ ਵਿਚ ਅਜੇਹਾ ਮਸਾਲਾ ਘਟ ਸੀ। ਇਸ ਮੰਗ ਦਾ ਹੀ ਫਲ ਸਰੂਪ ਸ਼ਾਇਦ ਧਨੀ ਰਾਮ ਚਾਤ੍ਰਿਕ ਦੀਆਂ ਕਵਿਤਾਵਾਂ ਦਾ ਸੰਗ੍ਰਹਿ 'ਧਰਮਬੀਰ' ਹੈ। ਇਹ ਸੰਗ੍ਰਹਿ 1912 ਵਿਚ ਛਪਿਆ ਸੀ। ਜਿਥੋਂ ਤਕ ਸੰਪਾਦਕ ਦਾ ਗਿਆਨ ਹੈ, ਇਸ ਤੋਂ ਪਹਿਲਾਂ ਅਜੇਹੇ ਕਿਸੇ ਕਾਵਿ-ਸੰਗ੍ਰਹਿ ਦਾ ਪ੍ਰਕਾਸ਼ਤ ਹੋਣਾ ਪਤਾ ਨਹੀਂ ਲਗਦਾ। ਇਸ ਤੋਂ ਪਿਛੋਂ ਸੋਹਣ ਸਿੰਘ ਘੁਕੇ ਵਾਲੀ ਅਤੇ ਸੋਹਣ ਸਿੰਘ ਸੀਤਲ ਦੇ ਲਿਖੇ ਪ੍ਰਸੰਗ ਬਹੁਤ ਪ੍ਰਚੱਲਤ ਹੋਏ।

ਸੋਹਣ ਸਿੰਘ ਸੀਤਲ ਨੇ ਤਾਂ ਕਾਫੀ ਤੋਂ ਵਧੀਕ ਇਤਿਹਾਸਕ ਸੂਝ ਦਾ ਪ੍ਰਮਾਣ ਦਿਤਾ ਹੈ ਅਤੇ ਬਹੁਤ ਸਾਰੀ ਸੁਹਿਰਦਤਾ ਦਾ ਵੀ, ਉਸ ਦੇ ਆਪ ਢਾਡੀ ਹੋਣ ਦੇ ਨਾਤੇ ਉਸ ਦੀਆਂ ਲਿਖੀਆਂ ਵਾਰਾਂ ਤੇ ਪ੍ਰਸੰਗ ਸੁਭਾਵਕ ਸੀ ਕਿ ਬਹੁਤ ਪ੍ਰਚਲਤ ਹੁੰਦੇ, ਪਰ ਉਸ ਦੇ ਆਪ ਢਾਡੀ ਹੋਣ ਕਰਕੇ ਸ਼ਾਇਦ ਬਾਕੀ ਢਾਡੀ ਜਥਿਆਂ ਨੇ ਇਨ੍ਹਾਂ ਪ੍ਰਸੰਗਾਂ ਨੂੰ ਲੈਣਾ ਯੋਗ ਨਹੀਂ ਸਮਝਿਆ।

ਗਿਆਨੀ ਕਰਤਾਰ ਸਿੰਘ ਕਲਾਸਵਾਲੀਆ ਅਤੇ ਉਸ ਤੋਂ ਪਹਿਲਾਂ ਗਿਆਨੀ ਜੋਧ ਸਿੰਘ ਤੇ ਉਨ੍ਹਾਂ ਪਿਛੋਂ ਭਾਈ ਮੂਲ ਸਿੰਘ ਗਰਮੂਲਾ, ਗਿਆਨੀ ਬਿਸ਼ਨ ਸਿੰਘ ਤੇ ਗਿਆਨੀ ਨਰਾਇਣ ਸਿੰਘ ਦੇ ਲਿਖੇ ਕਾਵਿ-ਇਤਿਹਾਸਾਂ ਵਿਚੋਂ ਢਾਡੀ ਲੋਕ ਬਹੁਤ ਸਾਰੀ ਚੋਣ ਕਰਦੇ ਰਹੇ ਹਨ। ਵਿਧਾਤਾ ਸਿੰਘ ਤੀਰ ਦੇ ਲਿਖੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਇਤਿਹਾਸ ਵਿਚੋਂ ਵੀ ਅਜਿਹੀ ਚੋਣ ਹੁੰਦੀ ਰਹੀ ਹੈ। ਬਹੁਤੇ ਢਾਡੀਆਂ ਦਾ ਯਤਨ ਇਹ ਵੀ ਰਿਹਾ ਹੈ ਕਿ ਅਣਛਪੀਆਂ ਕਵਿਤਾਵਾਂ ਲਈਆਂ ਜਾਣ ਜਾਂ ਕਿਸੇ ਸਥਾਨਕ ਕਵੀ ਕੋਲੋਂ ਕੋਈ ਪ੍ਰਸੰਗ ਬਣਵਾ ਲਿਆ ਜਾਵੇ।

ਇਨ੍ਹਾਂ ਪ੍ਰਸੰਗਾਂ ਵਿਚ ਵਾਰ ਦਾ ਤੋਲ ਹੋਣਾ ਜ਼ਰੂਰੀ ਨਹੀਂ ਸੀ ਹੁੰਦਾ।

ਇੰਨ੍ਹੀ ਕੁ ਸੰਖੇਪ ਭੂਮਿਕਾ ਪਿਛੋਂ ਅਸੀਂ ਧਨੀ ਰਾਮ ਚਾਤ੍ਰਿਕ ਦੀ ਲਿਖੀ ਪੁਸਤਕ 'ਧਰਮਬੀਰ' ਵਲ ਆਉਂਦੇ ਹਾਂ।

ਇਸ ਪੁਸਤਕ ਨੂੰ ਅਸੀਂ ਛੋਟੇ ਰੂਪ ਵਿਚ ਲਿਖੇ ਕਿੱਸਿਆਂ ਜਾਂ ਪ੍ਰਸੰਗਾਂ ਦਾ ਸੰਗ੍ਰਹਿ ਕਹਿ ਸਕਦੇ ਹਾਂ ਜਿਨ੍ਹਾਂ ਉਤੇ ਚਾਤ੍ਰਿਕ ਦੇ ਕਿੱਸਾ-ਕਾਰੀ ਦੇ ਹੁਨਰ ਦਾ ਪ੍ਰਭਾਵ ਪ੍ਰਤੱਖ ਹੈ। ਓਹੀ ਵਾਰਤਾਲਾਪ ਦਾ ਢੰਗ, ਓਹੀ ਨਵੇਂ ਦ੍ਰਿਸ਼-ਚਿਤ੍ਰ, ਓਹੀ ਨਿੱਕੇ ਨਿੱਕੇ ਦ੍ਰਿਸ਼ ਨੂੰ ਬੜੇ ਵਿਸਥਾਰ ਨਾਲ ਵਰਨਣ ਕਰਨਾ, ਓਹੀ ਛੰਦਾਬੰਦੀ ਦੀ ਵੰਨਗੀ ਪਰ ਸਭ ਕੁਝ ਸੰਖੇਪ ਰੂਪ ਵਿਚ। ਕਿੱਸਿਆਂ ਵਿਚ ਤਾਂ ਇਕੋ ਕਹਾਣੀ ਦੋ ਢਾਈ ਸੌ ਵਡਿਆਂ ਸਫਿਆਂ ਤਕ ਚਾਤ੍ਰਿਕ ਨੇ ਲੈ ਜਾਣੀ ਸੀ। ਇਥੇ ਪ੍ਰਸੰਗ ਬਾਰਾਂ ਤੋਂ ਵੀਹ ਸਫਿਆਂ ਤਕ ਮੁਕੇ ਹੋਏ ਹਨ।

ਹੈਰਾਨੀ ਹੈ ਕਿ ਇਹ ਸਾਰੇ ਦੇ ਸਾਰੇ ਪ੍ਰਸੰਗ ਨਿਰੋਲ ਸਿੱਖ ਇਤਿਹਾਸ ਵਿਚੋਂ ਹਨ। ਸਭ ਤੋਂ ਪਹਿਲਾਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਪ੍ਰਸੰਗ ਹੈ। ਫੇਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਹੈ, ਅਤੇ ਏਸੇ ਤਰ੍ਹਾਂ ਕ੍ਰਮਵਾਰ ਭਾਈ ਮਤੀ ਦਾਸ, ਜਿਸ ਆਖਿਆ ਸੀ,

'ਆਰਾ ਪਿਆਰਾ ਲਗਦਾ ਹੈ,
ਕਾਰਾ ਕਰੋ ਬਨਾਇ।'

ਅਤੇ ਜੋ ਇਹ ਕਹਿ ਕੇ ਬਾਣੀ ਪੜ੍ਹਦਾ ਆਰੇ ਨਾਲ ਚੀਰਿਆ ਗਿਆ ਸੀ, ਭਾਈ ਦਿਆਲਾ, ਜਿਸ ਨੂੰ ਦੇਗ ਵਿਚ ਉਬਾਲਿਆ ਗਿਆ ਸੀ ਆਦਿ ਸਿੱਖਾਂ ਦੇ ਪ੍ਰਸੰਗ ਹਨ। ਇਸ ਤੋਂ

ਪਿਛੋਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਚਾਰ ਸਾਹਿਬਜ਼ਾਦਿਆਂ ਸਬੰਧੀ ਦੋ ਵਖ ਵਖ ਪ੍ਰਸੰਗ ਹਨ, ਇਕ ਨੀਹਾਂ ਵਿਚ ਚਿਣੇ ਜਾਣ ਵਾਲੇ ਦੋ ਸਾਹਿਬਜ਼ਾਦਿਆਂ ਦਾ ਇਤਿਹਾਸ ਹੈ ਅਤੇ ਦੂਜਾ ਚਮਕੌਰ ਦੇ ਜੰਗ ਵਿਚ ਸ਼ਹੀਦ ਹੋਣ ਵਾਲੇ ਵੱਡੇ ਸਾਹਿਬਜ਼ਾਦਿਆਂ ਦਾ।

ਫੇਰ ਮੁਕਤਸਰ ਦਾ ਜੰਗ ਆਉਂਦਾ ਹੈ ਜਿਸ ਤੋਂ ਪਿਛੋਂ ਭਾਈ ਮਹਾਂ ਸਿੰਘ ਦੇ ਕਹਿਣ ਉਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਬੇਦਾਵਾ ਪਾੜਿਆ ਸੀ।

ਅਠਵਾਂ ਪ੍ਰਸੰਗ ਭਾਈ ਮਨੀ ਸਿੰਘ ਜੀ ਸਬੰਧੀ ਹੈ ਜਿਨ੍ਹਾਂ ਨੇ ਬੰਦ ਬੰਦ ਕਟਵਾਏ ਸਨ, ਪਰ ਧਰਮ ਨਹੀਂ ਸੀ ਛਡਿਆ। ਨੌਵੇਂ ਨੰਬਰ ਉਤੇ ਭਾਈ ਤਾਰੂ ਸਿੰਘ ਜੀ ਦੀ ਸ਼ਹੀਦੀ ਦਾ ਵਰਨਣ ਹੈ ਜਿਸ ਦੀ ਖੋਪਰੀ ਉਤਾਰੀ ਗਈ ਸੀ। ਇਸ ਤੋਂ ਪਿਛੋਂ ਭਾਈ ਮਹਿਤਾਬ ਸਿੰਘ ਅਤੇ ਸੁਖਾ ਸਿੰਘ ਦੀ ਕਥਾ ਹੈ, ਜਿਨ੍ਹਾਂ ਨੇ ਮੱਸੇ ਰੰਘੜ ਦਾ, ਜੋ ਸ੍ਰੀ ਹਰਿਮੰਦਰ ਦੀ ਬੇਅਦਬੀ ਕਰਦਾ ਸੀ, ਆ ਕੇ ਸਿਰ ਵਢਿਆ ਸੀ।

ਅੰਤਲੇ ਚਾਰ ਪ੍ਰਸੰਗਾਂ ਵਿਚੋਂ ਪਹਿਲਾ ਭਾਈ ਸੁਬੇਗ ਸਿੰਘ ਤੇ ਸ਼ਾਹਬਾਜ਼ ਸਿੰਘ ਦੇ ਪਿਓ ਪੁੱਤਰਾਂ ਦੀ ਇਕੱਠੀ ਸ਼ਹੀਦੀ ਹੈ, ਜਿਸ ਵਿਚ ਪਿਓ ਨੇ ਪੁਤਰ ਨੂੰ ਸਾਹਮਣੇ ਆਪ ਸ਼ਹੀਦੀ ਲਈ ਪਰੇਰਿਆ ਤੇ ਹੌਸਲਾ ਦਿਤਾ। ਭਾਈ ਤਾਰਾ ਸਿੰਘ ਦੀ ਸ਼ਹੀਦੀ ਦਾ ਵਰਨਣ ਕਰਦਿਆਂ ਸਿੱਖਾਂ ਵਿਚ ਜੋ ਲੰਗਰ ਦੀ ਪਰੰਪਰਾ ਹੈ, ਉਸ ਦੀ ਮਹਾਨਤਾ ਨੂੰ ਦਰਸਾਇਆ ਗਿਆ ਹੈ। ਅਖੀਰਲੇ ਪ੍ਰਸੰਗਾਂ ਵਿਚੋਂ ਇਕ ਉਨ੍ਹਾਂ ਸਿੰਘਣੀਆਂ ਦੇ ਸਿਦਕ ਦਾ ਹੈ ਜਿਨ੍ਹਾਂ ਸਬੰਧੀ ਸਿੱਖ ਅਰਦਾਸ ਵਿਚ ਜ਼ਿਕਰ ਕਰਦੇ ਹਨ ਕਿ ਉਨ੍ਹਾਂ ਸਵਾ ਸਵਾ ਮਣ ਪੀਸਣ ਪੀਸਿਆ, ਬੱਚੇ ਕੁਹਾ ਕੇ ਝੋਲੀਆਂ ਵਿਚ ਪੁਆਏ, ਪਰ ਧਰਮ ਨਾ ਛਡਿਆ। ਅਖੀਰਲਾ ਪ੍ਰਸੰਗ ਬਾਬਾ ਦੀਪ ਸਿੰਘ ਜੀ ਤੇ ਬਾਬਾ ਗੁਰਬਖਸ਼ ਸਿੰਘ ਜੀ ਦੀ ਸ਼ਹੀਦੀ ਸਬੰਧੀ ਹੈ ਜਿਨ੍ਹਾਂ ਨੇ ਧਰਮ ਯੁਧ ਵਿਚ ਲੜਦਿਆਂ ਜਾਨ ਦਿਤੀ। ਬਾਬਾ ਗੁਰਬਖਸ਼ ਸਿੰਘ ਦਾ ਸ਼ਹੀਦ ਗੰਜ ਅੰਮ੍ਰਿਤਸਰ—ਤਰਨ ਤਾਰਨ ਸੜਕ ਉਤੇ ਬਣਿਆ ਹੋਇਆ ਹੈ, ਅਤੇ ਉਥੋਂ ਲੰਘਣ ਵਾਲੀ ਹਰ ਕਾਰ, ਬੱਸ ਟਾਂਗਾ ਆਦਿ ਉਥੇ ਖਲੋ ਕੇ ਸ਼ਹੀਦ ਨੂੰ ਆਪਣਾ ਸਤਿਕਾਰ ਭੇਟਾ ਕਰਦਾ ਹੈ।

ਇਸ ਸੰਖੇਪ ਵਿਚਾਰ ਵਿਚ ਇਕੱਲੇ ਇਕੱਲੇ ਪ੍ਰਸੰਗ ਉਤੇ ਤਾਂ ਚਰਚਾ ਕਰਨੀ ਕਠਿਨ ਹੈ ਪ੍ਰੰਤੂ ਕੁਝ ਸਮੁਚੇ ਜਿਹੇ ਪ੍ਰਭਾਵ ਦਰਸਾਉਣੇ ਆਵੱਸ਼ਕ ਹਨ।

ਇਨ੍ਹਾਂ ਪ੍ਰਸੰਗਾਂ ਨੂੰ ਪੜ੍ਹਦਿਆਂ ਇਕ ਚੀਜ਼ ਉਘੜ ਕੇ ਸਾਹਮਣੇ ਆਉਂਦੀ ਹੈ ਕਿ ਚਾਤ੍ਰਿਕ ਜੀ ਨੇ ਹਰ ਪ੍ਰਸੰਗ ਨੂੰ ਲਿਖਣ ਤੋਂ ਪਹਿਲਾਂ ਉਸ ਸਬੰਧੀ ਪੂਰੀ ਇਤਿਹਾਸਕ ਜਾਣਕਾਰੀ ਪ੍ਰਾਪਤ ਕੀਤੀ ਹੈ। ਇਕ ਦੋ ਥਾਵਾਂ ਅਜੇਹੀਆਂ ਹਨ ਜਿਥੇ ਉਸ ਸਮੇਂ ਤੋਂ ਪਿਛੋਂ ਹੋਈ ਖੋਜ ਅਨੁਸਾਰ ਕੁਝ ਇਤਿਹਾਸਕ ਵਿਚਾਰ ਬਦਲੇ ਗਏ ਹਨ ਜਿਵੇਂ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦਾ ਕਾਰਨ ਅਗੇ ਨਰੋਲ ਚੰਦੂ ਸਵਾਈ ਨੂੰ ਮੰਨਿਆ ਜਾਂਦਾ ਸੀ ਪਰ ਹੁਣ ਉਸ ਦੀ ਸਾਰੀ ਜ਼ਿਮੇਵਾਰੀ ਬਾਦਸ਼ਾਹ ਜਹਾਂਗੀਰ ਉਤੇ ਰਖੀ ਜਾਂਦੀ ਹੈ। ਚਾਤ੍ਰਿਕ ਜੀ ਨੇ ਜੋ ਉਸ ਵੇਲੇ ਪ੍ਰਚਲਤ ਜਾਂ ਪ੍ਰਮਾਣੀਕ ਇਤਿਹਾਸ ਸੀ ਉਸ ਨੂੰ ਹੀ ਵਰਤਣਾ ਸੀ।

ਇਕ ਨਵੀਂ ਗੱਲ ਇਨ੍ਹਾਂ ਪ੍ਰਸੰਗਾਂ ਨੂੰ ਛਾਪਣ ਵਿਚ ਇਹ ਕੀਤੀ ਗਈ ਹੈ ਕਿ ਹਰ ਪ੍ਰਸੰਗ ਤੋਂ ਪਹਿਲਾਂ ਅੰਗਰੇਜ਼ੀ ਵਿਚੋਂ ਕੋਈ ਪ੍ਰਸਿਧ ਟੂਕ ਦਿਤੀ ਗਈ ਹੈ ਜੋ ਅਗੇ ਆਉਣ ਵਾਲੀ ਕਥਾ ਦੇ ਅੰਤ੍ਰੀਵ ਅਤੇ ਕੇਂਦਰੀ ਭਾਵ ਨੂੰ ਸਾਮਰਤਖ ਕਰਦੀ ਹੈ।

ਕਈ ਥਾਈਂ ਅਜਿਹੀਆਂ ਟੂਕਾਂ ਇਕ ਤੋਂ ਵਧੀਕ ਵੀ ਹਨ, ਉਥੇ ਦੋ ਟੂਕਾਂ ਦੇ ਵਿਚਕਾਰ ਇਕ ਅੱਧ ਦੋਹਿਰਾ ਕਵੀ ਨੇ ਆਪਣੇ ਵਲੋਂ ਦੇ ਦਿਤਾ ਹੈ। ਕੁਝ ਟੂਕਾਂ ਦੇ ਥੱਲੇ ਲੇਖਕਾਂ ਦੇ ਨਾਂ ਅਲੋਪ

ਹਨ, ਪਰ ਬਹੁਤੀ ਥਾਈਂ ਦਿਤੇ ਹਨ। ਇਨ੍ਹਾਂ ਵਿਚੋਂ ਹੈਮਲਿਟ ਤੇ ਸ਼ੈਲੇ, ਵਿਸ਼ੇਸ਼ ਹਨ। ਜਿਨ੍ਹਾਂ ਸ਼ਹੀਦਾਂ ਦਾ ਵਰਨਣ ਕੀਤਾ ਗਿਆ ਹੈ ਉਨ੍ਹਾਂ ਦੇ ਜੀਵਨ ਦੀ ਇਕੋ ਘਟਨਾ, ਵਾਰ ਵਾਂਗ, ਨਹੀਂ ਲਈ ਗਈ ਸਗੋਂ ਪ੍ਰਸੰਗ ਦੀ ਤਕਨੀਕ ਅਨੁਸਾਰ ਇਨ੍ਹਾਂ ਦਾ ਸਮੁਚਾ ਜੀਵਨ ਭੀ ਦਿਤਾ ਗਿਆ ਹੈ। ਵਿਸ਼ੇਸ਼ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ, ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਸਾਹਿਬਜ਼ਾਦਿਆਂ ਦਾ।

ਸਿਰਲੇਖ ਬਹੁਤ ਲੰਮੇ ਹਨ। ਲਗਭਗ ਦੋ ਦੋ ਸਤਰਾਂ ਵਿਚ ਇਕ ਇਕ ਪ੍ਰਸੰਗ ਦਾ ਸਿਰਲੇਖ ਦਿਤਾ ਹੈ. ਹਰ ਪ੍ਰਸੰਗ ਦੇ ਅੰਤ ਉਤੇ ਸਿਖਿਆ ਦਾ ਵਖਰਾ ਸਿਰਲੇਖ ਦੇ ਕੇ ਲਿਖੀ ਗਈ ਹੈ। ਇਹ ਕਹਿਣਾ ਇਥੇ ਅਯੋਗ ਨਹੀਂ ਹੋਵੇਗਾ ਕਿ ਸੰਨ 1930–35 ਤਕ ਸਿਖਿਆ ਤੋਂ ਉਹ ਘਿਰਨਾ, ਜੋ ਹੁਣ ਹੈ, ਲੋਕਾਂ ਵਿਚ ਪੈਦਾ ਨਹੀਂ ਸੀ ਹੋਈ, ਸਗੋਂ ਉਹ ਸਿਖਿਆ ਨੂੰ ਜੀਓ ਆਇਆਂ ਆਖਦੇ ਸਨ। ਉਹ ਮੰਨਦੇ ਸਨ ਜਾਂ ਨਹੀਂ, ਇਹ ਕਹਿਣਾ ਔਖਾ ਹੈ, ਪਰ ਸੁਣਦੇ ਜ਼ਰੂਰ ਸੁਆਦ ਨਾਲ ਸਨ।

ਇਸ ਸਿਖਿਆ ਵਿਚ ਸਿਦਕ, ਧਰਮ ਅਤੇ ਜੋਸ਼ ਦੇ ਨਾਲ ਨਾਲ ਇਖਲਾਕੀ ਕੀਮਤਾਂ ਜਾਂ ਸਦਾਚਾਰਕ ਸਿਖਿਆ ਵਲ ਵੀ ਧਿਆਨ ਦਿਤਾ ਗਿਆ ਹੈ। ਕਿੱਸੇ ਦੇ ਸਰੀਰ ਵਿਚ ਅਤੇ ਇਸ ਸਿਖਿਆ ਵਿਚ ਦੇਸ਼ ਪਿਆਰ ਦਾ ਭਾਵ ਕੰਮ ਕਰਦਾ ਪ੍ਰਤਖ ਦਿਸਦਾ ਹੈ। ਦੋ ਚਾਰ ਦ੍ਰਿਸ਼ਟਾਂਤ ਕੁਥਾਂ ਨਹੀਂ ਹੋਣਗੇ।

1. ਫੜ ਬਾਂਹ ਦੇਸ਼ ਦੀ, ਪਿਛੇ ਕਿਧਰ ਭੱਜ ਸਕਦੇ ਹਾਂ।
2. ਆਪਣੇ ਪੁਰ ਕਸ਼ਟ ਸਹਾਰ, ਦੇਸ਼ ਨੂੰ ਰਖ ਦਿਖਾਇਆ।
3. ਦੇਸ਼ ਦੇ ਕਲੇਸ਼ ਦਸਮੇਸ਼ ਸਹਾਰ ਕੇ,
ਕੀਕੂੰ ਮੰਝਧਾਰ ਵਿਚੋਂ ਬੇੜਾ ਕੀਤਾ ਪਾਰ ਸੀ।
... ...
4. ਦੇਸ਼ ਨੂੰ ਬਚਾਇਆ ਪਾਪ ਰਾਜ ਨੂੰ ਹਟਾਇਆ,
ਅਤੇ ਰੁੜ੍ਹੀ ਜਾਂਦੀ ਹਿੰਦ ਤਾਈਂ ਧੀਰਜ ਬਨ੍ਹਾਇਆ ਕਿਨ੍ਹ।
(ਸਾਹਿਬਜ਼ਾਦਿਆਂ ਦਾ ਪ੍ਰਸੰਗ)
5. ਤੁਸਾਂ ਪੈਜ ਰਖੀ ਹੈ ਏਸ ਦੇਸ਼ ਦੀ,
ਤੁਸਾਂ ਬਾਂਹ ਬੱਧੀ ਹੈ ਦਸਮੇਸ਼ ਦੀ।
(ਮੁਕਤਸਰ ਦਾ ਜੰਗ)

ਜਿਥੋਂ ਤਕ ਪਿੰਗਲ ਅਤੇ ਛੰਦਾ-ਬੰਦੀ ਦਾ ਸਬੰਧ ਹੈ ਕਵੀ ਨੇ ਇਨ੍ਹਾਂ ਪ੍ਰਸੰਗਾਂ ਵਿਚ ਭੀ ਕਿੱਸਿਆਂ ਵਾਂਗ ਛੰਦਾਂ ਦੀ ਵੰਨਗੀ ਦੀ ਵਰਤੋਂ ਕੀਤੀ ਹੈ। ਕੁਝ ਪ੍ਰਸੰਗਾਂ ਵਿਚ ਤਾਂ ਸਮੁਚੀ ਭਾਂਤ ਇਕੋ ਛੰਦ ਵਰਤਿਆ ਹੈ, ਪਰ ਕਈ ਇਕ ਪ੍ਰਸੰਗਾਂ ਵਿਚ ਇਕ ਤੋਂ ਵਧੀਕ ਛੰਦਾਂ ਦੇ ਦ੍ਰਿਸ਼ਟਾਂਤ ਮਿਲ ਜਾਣਗੇ। ਬਹੁਤੀ ਥਾਈਂ ਛੰਦਾਂ ਦੇ ਪਿੰਗਲ ਅਨੁਸਾਰ ਨਾਂ ਵੀ ਦਿਤੇ ਗਏ ਹਨ।

ਦ੍ਰਿਸ਼ਟਾਂਤ ਵਜੋਂ ਪਹਿਲੇ ਦੋ ਪ੍ਰਸੰਗ ਦੋਹਰਿਆਂ ਵਿਚ ਹਨ, ਪਰ ਦੂਜੇ ਪ੍ਰਸੰਗ ਦੇ ਦੋਹਿਰੇ ਦੇ ਅੰਤ ਵਿਚ ਗੁਰੂ ਰਖ ਲਿਆ ਹੈ। ਇਸ ਨਾਲ ਛੰਦ ਵਖਰਾ ਜਿਹਾ ਜਾਪਦਾ ਹੈ। ਭਾਈ ਮਤੀ ਦਾਸ ਦੇ ਪ੍ਰਸੰਗ ਵਿਚ 30–31 ਮਾਤਰਾ ਦਾ ਛੰਦ ਵਰਤਿਆ ਹੈ ਅਤੇ ਭਾਈ ਦਿਆਲੇ ਵਾਲੀ ਸਾਖੀ ਵਿਚ ਦਵਈਆ ਛੰਦ ਨੂੰ ਮਹਾਨਤਾ ਹੈ। ਬਾਬਾ ਜ਼ੋਰਾਵਰ ਸਿੰਘ ਤੇ ਫਤਹਿ ਸਿੰਘ ਵਾਲੇ ਸਾਹਿਬਜ਼ਾਦਿਆਂ ਦੇ ਪ੍ਰਸੰਗ ਵਿਚ 26 ਮਾਤਰਾਂ ਦਾ ਛੰਦ ਹੈ, ਪਰ ਇਸ ਵਿਚ ਦੋਹਿਰੇ ਤੇ ਕੁੰਡਲੀਏ

ਬੜੀ ਸੁਚੱਜਤਾ ਨਾਲ ਵਰਤੇ ਹਨ। ਕੁੰਡਲੀਏ ਦੀ ਵਰਤੋਂ ਵਿਚ ਇਸ ਗੱਲ ਦਾ ਵਿਸ਼ੇਸ਼ ਧਿਆਨ ਰਖਿਆ ਹੈ ਕਿ ਕੁੰਡਲੀਆਂ ਜਿਸ ਸ਼ਬਦ ਨਾਲ ਸ਼ੁਰੂ ਹੋਇਆ ਹੈ, ਉਸੇ ਸ਼ਬਦ ਨਾਲ ਉਸ ਦਾ ਅੰਤ ਹੋਵੇ ਤਾਂ ਜੋ ਕੁੰਡਲ ਪੂਰਾ ਹੋ ਜਾਏ।

ਭਾਈ ਸੁਬੇਗ ਸਿੰਘ ਸ਼ਾਹਬਾਜ਼ ਸਿੰਘ ਵਾਲੇ ਪ੍ਰਸੰਗ ਵਿਚ ਛੰਦਾਂ ਦੀ ਵੰਨਗੀ ਵਧੀਕ ਹੈ। ਜਿਵੇਂ ਦਰੁਮਲ ਛੰਦ ਜੋ 36 ਮਾਤਰਾਂ ਦਾ ਹੈ, ਅੜਿਲ 19 ਤੋਂ 23 ਮਾਤਰਾਂ ਦਾ ਅਤੇ ਇਸੇ ਤਰ੍ਹਾਂ 16 ਮਾਤਰਾਂ ਦੀ ਚੌਪਈ ਅਤੇ 24 ਮਾਤਰਾਂ ਦੇ ਸੋਰਠੇ ਭੀ ਹਨ। ਵਾਰਾਂ ਵਿਚ ਆਉਣ ਵਾਲਾ ਨਿਸ਼ਾਨੀ (ਪਉੜੀ) ਛੰਦ ਵੀ ਵਰਤਿਆ ਹੈ। ਇਨ੍ਹਾਂ ਤੋਂ ਬਿਨਾਂ ਇਸੇ ਪ੍ਰਸੰਗ ਵਿਚ ਪਾਦੜੀ ਛੰਦ, ਛਪਯ ਛੰਦ, ਸ਼ੰਕਰ ਛੰਦ ਅਤੇ ਤਾਟੰਕ ਵੀ ਵਰਤੇ ਹਨ। ਇਹ ਸਭੇ ਨਾਮ ਸੁਰਖੀਆਂ ਵਾਂਗ ਪ੍ਰਸੰਗਾਂ ਵਿਚ ਦਿਤੇ ਗਏ ਹਨ। ਇਸ ਤੋਂ ਪਤਾ ਲਗਦਾ ਹੈ ਕਿ ਕਵੀ ਨੇ ਹਿੰਦੀ ਅਤੇ ਪੰਜਾਬੀ ਪਿੰਗਲ ਨੂੰ ਚੰਗੇ ਧਿਆਨ ਨਾਲ ਵਾਚਿਆ ਹੋਇਆ ਹੈ ਅਤੇ ਇਨ੍ਹਾਂ ਛੰਦਾਂ ਨੂੰ ਨਿਭਾਉਣ ਲਈ ਕਾਫ਼ੀ ਤੋਂ ਵਧ ਮਿਹਨਤ ਕੀਤੀ ਹੈ।

ਚਾਤ੍ਰਿਕ ਦਾ ਵਿਸ਼ੇਸ਼ ਗੁਣ ਹੈ ਕਿ ਉਸ ਦੀ ਮਿਹਨਤ ਨਾਲ ਉਸ ਦੀ ਕਵਿਤਾ ਵਧੇਰੇ ਸਰਲ ਹੁੰਦੀ ਹੈ ਨਾ ਕਿ ਵਧੇਰੇ ਔਖੀ। ਉਸ ਦੀ ਮਿਹਨਤ ਤਾਂ ਕਾਰੀਗਰ ਦੇ ਰੇਗਮਾਰ ਤੇ ਵਾਰਨਿਸ਼ ਵਾਂਗ ਹੈ ਜਿਸ ਨਾਲ ਲਕੜ ਦੀ ਪੱਧਰ ਵਧੇਰੇ ਕੋਮਲ ਕਰ ਦਿੱਤੀ ਜਾਂਦੀ ਹੈ। ਇਸ ਲਈ ਚਾਤ੍ਰਿਕ ਦੇ ਲਿਖੇ ਪ੍ਰਸੰਗਾਂ ਵਿਚ ਸਮੁਚੀ ਭਾਂਤ ਲੈਅ ਅਤੇ ਤਾਲ ਸੋਹਣਾ ਨਿਭਦਾ ਹੈ, ਭਾਵੇਂ ਇਸ ਲਈ ਉਸ ਨੂੰ ਕਈ ਵਾਰ ਬ੍ਰਿਜ ਭਾਸ਼ਾ ਅਤੇ ਸੰਤ ਭਾਸ਼ਾ ਦੇ ਸ਼ਬਦ ਵੀ ਵਰਤਣੇ ਪੈਂਦੇ ਹਨ ਅਤੇ ਇਨ੍ਹਾਂ ਭਾਸ਼ਾਵਾਂ ਦੇ ਢੰਗ ਅਨੁਸਾਰ ਕਈ ਸ਼ਬਦਾਂ ਦਾ ਰੂਪ ਵੀ ਥੋੜਾ ਬਹੁਤ ਵਿਗਾੜਨਾ ਪੈਂਦਾ ਹੈ।

ਚਾਤ੍ਰਿਕ ਦੀ ਸਰਲਤਾ ਕਈ ਵਾਰ ਤਾਂ ਏਸ ਹਦ ਤਕ ਪਹੁੰਚ ਜਾਂਦੀ ਹੈ ਕਿ ਕਵਿਤਾ ਅਤੇ ਵਾਰਤਕ ਦਾ ਫਰਕ ਪਤਾ ਨਹੀਂ ਲਗਦਾ। ਭਾਵੇਂ ਉਸ ਵਿਚ ਨਾਦ ਅਤੇ ਸੰਗੀਤ ਕਵਿਤਾ ਵਾਲਾ ਹੀ ਹੁੰਦਾ ਹੈ ਜਿਵੇਂ :

ਹੁਕਮ ਦਿਤਾ ਜਾ ਰਿਹਾ ਹੈ :
ਜਿਸ ਪਿੰਡ ਆਵੇ ਸਿਖ ਕੋਈ, ਤੁਰਤ ਰੌਲਾ ਪਾ ਦਿਓ।
ਅਰ ਸਦ ਪੈਂਚ ਫੜਾ ਦਿਓ, ਸਰਕਾਰ ਪਾਸ ਪੁਚਾ ਦਿਓ।
... ...
ਜੋ ਖਬਰ ਦੇਵੇ ਸਿਖ ਦੀ, ਉਹ ਦਸ ਰੁਪਏ ਪਾ ਲਵੇ।
ਜੋ ਫੜ ਲਵੇ ਉਹ ਵੀਹ ਰੁਪਏ, ਐਸ ਹਥ ਗਿਣਾ ਲਵੇ।
ਚਾਲੀ ਮਿਲਣਗੇ ਪਕੜ ਜੋ, ਕੋਤਵਾਲ ਪਾਸ ਪੁਚਾਏਗਾ।
ਸਿਰ ਕੱਟ ਜੋ ਹਾਜ਼ਰ ਕਰੇ, ਅੱਸੀ ਰੁਪਏ ਪਾਏਗਾ।
... ...
ਆਪਣੇ ਬਿਗਾਨੇ ਹੋ ਗਏ, ਕੁਝ ਡਰ ਗਏ ਕੁਝ ਲਾਲਚੀ।

ਇਹ ਰਵਾਨੀ ਅਤੇ ਇਹ ਸੁਭਾਵਿਕਤਾ ਹੀ ਚਾਤ੍ਰਿਕ ਦਾ ਵਿਸ਼ੇਸ਼ ਲੱਛਣ ਹੈ। ਜਿਸ ਕਰਕੇ ਉਸ ਦੀਆਂ ਕਵਿਤਾਵਾਂ 'ਚੋਂ ਤੁਕਾਂ ਦੀਆਂ ਤੁਕਾਂ ਸਹਿਜ ਸੁਭਾਏ ਲੋਕਾਂ ਦੇ ਮੂੰਹ ਚੜ੍ਹ ਜਾਂਦੀਆਂ ਹਨ। ਇਨ੍ਹਾਂ ਸਤਰਾਂ ਦੇ ਲੇਖਕ ਨੇ ਘਟ ਵਧ ਹੀ ਕੋਈ ਗੁਰਪੁਰਬ ਦਾ ਸਮਾਗਮ ਅਜਿਹਾ ਵੇਖਿਆ ਹੈ ਜਿਥੇ ਕਿਸੇ ਨਾ ਕਿਸੇ ਤਰ੍ਹਾਂ ਚਾਤ੍ਰਿਕ ਦਾ ਹੇਠ ਲਿਖਿਆ ਕਥਿਤ ਨਹੀਂ ਪੜ੍ਹਿਆ ਸੁਣਾਇਆ ਜਾਂ ਗਾਇਆ ਗਿਆ :

ਦੇਸ਼ ਨੂੰ ਬਚਾਯਾ, ਪਾਪ ਰਾਜ ਨੂੰ ਹਟਾਯਾ,
ਰੁੜੀ ਜਾਂਦੀ ਹਿੰਦ ਤਾਂਈ ਧੀਰਜ ਬਨਾਯਾ ਕਿਨ ?
ਮੋਇਆਂ ਨੂੰ ਜਿਵਾਯਾ—ਸ਼ੇਰ ਗਿਦੜੋਂ ਬਨਾਯਾ,
ਨਾਲ ਜ਼ਾਲਮਾਂ ਲੜਾ ਕੇ ਤੇ ਝੰਡਾ ਧਰਮ ਦਾ ਝੁਲਾਯਾਂ ਕਿਨ ?
ਖਾਲਸਾ ਸਜਾਇਆ, ਦੀਨ ਦੁਖੀ ਨੂੰ ਛੁਡਾਯਾ,
ਰਾਜ ਯੋਗ ਸਿਖਲਾਯਾ ਤੇ ਆਨੰਦ ਏ ਦਿਖਾਯਾ ਕਿਨ ?
ਸ੍ਰੀ ਦਸਮੇਸ਼ ਬਿਨ, ਦੇਸ਼ ਹਿਤ ਦਸੋ ਕੋਈ,
ਅਖੀਆਂ ਦੇ ਸਾਹਵੇਂ ਸੱਕੇ ਪੁਤ੍ਰਾਂ ਨੂੰ ਕੁਹਾਯਾ ਕਿਨ ?

ਇਨ੍ਹਾਂ ਪ੍ਰਸੰਗਾਂ ਵਿਚ ਕੁਝ ਪ੍ਰਭਾਵ ਖਾਲਸਾ ਟਰੈਕਟ ਸੋਸਾਇਟੀ ਦੀ ਛਪੀ ਪੁਸਤਕ 'ਗੁਰਸਿਖ ਵਾੜੀ' ਦਾ ਵੀ ਦਿਸਦਾ ਹੈ। ਇਉਂ ਜਾਪਦਾ ਹੈ ਕਿ ਉਸ ਵੇਲੇ ਸਿੱਖ ਇਤਿਹਾਸ ਵੱਲ ਰੁਚੀ ਵਧੀਕ ਹੋਣ ਕਰਕੇ ਅਤੇ ਚਾਤ੍ਰਿਕ ਜੀ ਦੇ ਵਜ਼ੀਰ ਹਿੰਦ ਪ੍ਰੈਸ ਵਿਚ ਕੰਮ ਕਰਦੇ ਹੋਣ ਕਰਕੇ ਇਹ ਪ੍ਰਭਾਵ ਉਘੜਿਆ ਹੈ।

ਕਈ ਇਕ ਥਾਈਂ ਆਪਣੇ ਕਿੱਸਿਆਂ ਵਾਂਗ ਹੀ ਚਾਤ੍ਰਿਕ ਜੀ ਨੇ ਆਪਣੇ ਪਾਤਰਾਂ ਦੀ ਮਾਨਸਿਕ ਅਵੱਸਥਾ ਚਿਤ੍ਰਣ ਵਿਚ ਮਨੋਵਿਗਿਆਨਕ ਸੂਝ ਦਾ ਸੋਹਣਾ ਪ੍ਰਮਾਣ ਦਿਤਾ ਹੈ। ਵਿਸ਼ੇਸ਼ ਕਰਕੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਵੇਲੇ, ਉਨਾਂ ਦੀ ਦਾਦੀ ਦੀ ਮਾਨਸਿਕ ਅਵੱਸਥਾ ਲਿਖਦਿਆਂ ਕਵੀ ਨੇ ਇਕ ਅਦੁਤੀ ਸਾਹਿਤਕ ਟੋਟਕਾ ਉਪਜਾਇਆ ਹੈ। ਇੰਜ ਹੀ ਗੁਰੂ ਸਾਹਿਬਾਂ ਤੇ ਸ਼ਹੀਦਾਂ ਦੇ ਚਰਿਤ੍ਰ ਦੀ ਉਸਾਰੀ ਬਹੁਤ ਥੋੜੇ ਸ਼ਬਦਾਂ ਵਿਚ ਹੀ ਅਤੇ ਕੋਮਲ ਜਿਹੀਆਂ ਛੋਹਾਂ ਨਾਲ ਲੇਖਕ ਨੇ ਕਰ ਦਿਤੀ ਹੈ, ਜਿਸ ਵਿਚ ਉਨ੍ਹਾਂ ਦੀ ਬਹਾਦਰੀ, ਨਿਝੱਕਤਾ, ਧਰਮ ਲਈ ਲਗਨ ਅਤੇ ਕੁਰਬਾਨੀ ਲਈ ਉਤਸ਼ਾਹ, ਸੇਵਾ ਲਈ ਉਮਾਹ ਅਤੇ ਦੇਸ਼ ਲਈ ਪ੍ਰੀਤ ਸੁਭਾਵਕ ਹੀ ਪਾਠਕ ਦੇ ਮਨ ਉਤੇ ਆਪਣਾ ਪ੍ਰਭਾਵ ਛੱਡ ਜਾਂਦੀਆਂ ਹਨ।

ਕਿਉਂਕਿ ਪ੍ਰਸੰਗ ਸਿੱਖ ਇਤਿਹਾਸ ਨਾਲ ਸਬੰਧਤ ਹਨ, ਇਸ ਲਈ ਕਵੀ ਨੇ ਢੁਕਦੀ ਸ਼ਬਦਾਵਲੀ ਨਾਲ ਤੇ ਵਰਨਣ ਵਿਚ ਸਿੱਖ ਪੰਥ ਦਾ ਧਾਰਮਿਕ ਵਾਤਾਵਰਨ ਉਪਜਾਉਣ ਵਲ ਵਿਸ਼ੇਸ਼ ਧਿਆਨ ਦਿਤਾ ਹੈ। ਪਾਠਕ ਨੂੰ ਹੈਰਾਨੀ ਹੁੰਦੀ ਹੈ, ਖ਼ਾਸ ਕਰਕੇ ਸਿੱਖ ਪਾਠਕ ਨੂੰ ਕਿ ਇਕ ਹਿੰਦੂ ਸਜਣ ਕਿਵੇਂ ਸਿੱਖਾਂ ਵਾਲੀ ਭਾਸ਼ਾ ਅਤੇ ਵਿਸ਼ੇਸ਼ ਸੰਕੇਤ ਸੁਭਾਵਕ ਹੀ ਵਰਤੀ ਜਾ ਰਿਹਾ ਹੈ। ਇਸ ਤੋਂ ਪ੍ਰਿੰ. ਤੇਜਾ ਸਿੰਘ ਦੀ ਗੱਲ ਸਿੱਧ ਹੁੰਦੀ ਜਾਪਦੀ ਹੈ ਕਿ ਧਨੀ ਰਾਮ ਚਾਤ੍ਰਿਕ ਤਾਂ ਸਿੱਖ ਹੀ ਹੈ। ਕੁਝ ਅੰਮ੍ਰਿਤਸਰ ਦੀ ਸੰਸਕ੍ਰਿਤੀ ਤੇ ਸਿੱਖਾਂ ਦੀ ਸੰਗਤ ਦਾ ਪ੍ਰਭਾਵ ਵੀ ਇਸ ਦਾ ਕਾਰਨ ਹੋ ਸਕਦਾ ਹੈ।

ਇਨ੍ਹਾਂ ਕਾਰਨਾਂ ਦਾ ਹੀ ਫਲ ਸਰੂਪ ਸਿੱਖਾਂ ਦੀ ਰਹਿਣੀ ਬਹਿਣੀ ਸਿੱਖ, ਵਿਚਾਰਧਾਰਾ ਅਤੇ ਵਿਸ਼ੇਸ਼ ਪਰੰਪਰਾਵਾਂ ਦਾ—ਜਿਵੇਂ ਲੰਗਰ, ਬਾਣੀ ਦਾ ਪਾਠ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ, ਧਰਮ ਲਈ ਪਿਆਰ, ਸਿਦਕ ਅਤੇ ਯੁਧ ਲਈ ਚਾਅ ਆਦਿ ਨੂੰ ਕਵੀ ਜਿਸ ਸੁੰਦਰਤਾ ਨਾਲ ਚਿਤਰ ਸਕਿਆ ਹੈ, ਉਸ ਨਾਲ ਕਿਸੇ ਸਿੱਖ ਕਵੀ ਨੇ ਵੀ ਘਟ ਹੀ ਚਿਤਰਿਆ ਹੈ। ਇਹੀ ਕਾਰਨ ਹਨ ਕਿ ਇਹ ਪ੍ਰਸੰਗ ਬਹੁਤ ਸਮਾਂ ਢੱਡ ਸਾਰੰਗੀ ਵਾਲਿਆਂ ਦੇ ਹਰਮਨ ਪਿਆਰੇ ਪ੍ਰਸੰਗ ਰਹੇ ਹਨ।

ਦੁਖ ਦੀ ਗੱਲ ਹੈ ਕਿ ਇਹ ਪੁਸਤਕ ਚਿਰ ਤੋਂ ਦੁਰਲੱਭ ਹੈ ਅਤੇ ਇਸੇ ਵਾਸਤੇ ਹੁਣ ਸ਼ਾਇਦ ਇਸ ਦੇ ਪ੍ਰਸੰਗ ਘਟ ਹੀ ਕਿਧਰੇ ਗਾਏ ਜਾਂਦੇ ਹਨ।

ਅਸੀਂ ਕਵੀ ਨਾਲ ਅਨਿਆਂ ਕਰ ਰਹੇ ਹੋਵਾਂਗੇ ਜੇ ਇਹ ਨਾ ਲਿਖੀਏ ਕਿ ਉਸ ਨੇ ਜਿਥੇ ਹਿੰਦੀ ਤੇ ਪੰਜਾਬੀ ਦੀ ਪਿੰਗਲ ਦੇ ਛੰਦ ਵਰਤੇ ਹਨ, ਉਥੇ ਕੁਝ ਕੁ ਉਰਦੂ ਫਾਰਸੀ ਦੇ ਤੋਲ ਜਾਂ ਵਜ਼ਨ ਵੀ ਆਪਣੀ ਕਵਿਤਾ ਵਿਚ ਲਿਆਂਦੇ ਹਨ ਅਤੇ ਇਸੇ ਤਰ੍ਹਾਂ ਜਿਥੇ ਉਹ ਦੋਹਰਿਆਂ ਵਿਚ ਹਿੰਦੀ, ਜਾਂ ਸੰਤਭਾਸ਼ਾ ਵਰਤਣ ਤੋਂ ਸੰਕੋਚ ਨਹੀਂ ਕਰਦਾ, ਉਥੇ ਫਾਰਸੀ ਦੀ ਸ਼ਬਦਾਵਲੀ ਵੀ ਜੋ ਉਸ ਵੇਲੇ ਪ੍ਰਚਲਤ ਸੀ, ਅਤੇ ਪੰਜਾਬੀ ਵਿਚ ਵਧੇਰੇ ਪ੍ਰਚਲਤ ਸੀ, ਕਵੀ ਨੇ ਨਿਰਸੰਦੇਹ ਵਰਤੀ ਹੈ। ਉਹ ਰੜਕਦੀ ਨਹੀਂ, ਸਗੋਂ ਫਬਦੀ ਹੈ।

ਇਉਂ ਇਹ ਧਰਮਬੀਰ ਪੁਸਤਕ ਸਿੱਖ ਇਤਿਹਾਸ ਦਾ ਕਵਿਤਾ ਵਿਚ ਲਗਪਗ ਸਮੁਚਾ ਰੂਪ ਹੈ। ਭਾਵੇਂ ਇਸ ਵਿਚ ਪਹਿਲੇ ਚਾਰ ਗੁਰੂਆਂ ਸਬੰਧੀ ਕੋਈ ਵਿਸ਼ੇਸ਼ ਪ੍ਰਸੰਗ ਨਹੀਂ ਅਤੇ ਨਾ ਹੀ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਦਾ ਕੋਈ ਹਾਲ ਹੈ, ਫਿਰ ਵੀ ਉਨ੍ਹਾਂ ਦੇ ਪ੍ਰਭਾਵ ਅਤੇ ਉਸ ਸਮੇਂ ਦੇ ਆਲੇ ਦੁਆਲੇ ਦਾ ਵਰਨਣ ਕਰਦਿਆਂ ਕਵੀ ਨੇ ਸਮੁਚੇ ਸਿੱਖ ਇਤਿਹਾਸ ਨੂੰ ਇਨ੍ਹਾਂ ਪ੍ਰਸੰਗਾਂ ਦੇ ਰੂਪ ਵਿਚ ਰੂਪਮਾਨ ਕਰ ਦਿਤਾ ਹੈ।

ਇਸ ਪੁਸਤਕ ਦੇ ਅੰਤ ਉਤੇ ਇਕ ਕਵਿਤਾ ਅਤੇ ਉਸ ਤੋਂ ਪਹਿਲਾਂ ਕੁਝ ਵਾਰਤਕ ਇਸ ਦੇ ਪ੍ਰਕਾਸ਼ਕ ਸ. ਅਮਰ ਸਿੰਘ ਮਾਡਲ ਪ੍ਰੈਸ ਵਲੋਂ ਦਿਤੀ ਹੋਈ ਮਿਲਦੀ ਹੈ। ਇਸ ਵਿਚ ਮਲਕਾ ਵਿਕਟੋਰੀਆ ਦੇ ਰਾਜ ਦੇ ਗੁਣ ਗਾਏ ਹਨ। ਇਹ ਕਵਿਤਾ ਦਸ ਹਜ਼ਾਰ ਕਾਪੀ ਛਾਪ ਕੇ ਅੰਗਰੇਜ਼ ਬਾਦਸ਼ਾਹ ਜਾਰਜ ਪੰਚਮ ਦੇ ਹਿੰਦ ਵਿਚ ਆ ਕੇ ਰਾਜ ਮੁਕਟ ਧਾਰਨ ਕਰਨ ਸਮੇਂ ਦੀ ਖੁਸ਼ੀ ਵਿਚ ਮੁਫਤ ਵੰਡੀ ਗਈ ਸੀ। ਇਸ ਦੇ ਅੰਤ ਉਤੇ ਸ. ਅਮਰ ਸਿੰਘ ਦਾ ਨਾਂ ਹੈ। ਜਿਵੇਂ :

ਮਹਿਮਾ ਤੇਰੀ 'ਅਮਰ' ਹੋ,
ਇਹ ਸਿੰਘ ਦੀ ਦੁਆ ਹੈ।

ਇਸ ਤੋਂ ਇਨਕਾਰ ਨਹੀਂ ਕਿ ਪ੍ਰਸੰਗਾਂ ਵਿਚ ਵੀ ਕਿਤੇ ਕਿਤੇ ਅੰਗਰੇਜ਼ੀ ਰਾਜ ਦੀਆਂ ਬਰਕਤਾਂ ਵਲ ਅਤੇ ਅਮਨ ਵਲ ਇਸ਼ਾਰੇ ਹਨ। ਇਹ ਉਸ ਵੇਲੇ ਦਾ ਰਿਵਾਜ ਤੇ ਤਰੀਕਾ ਹੈ।

ਅਸੀਂ ਅੰਤ ਵਿਚ ਕਹਿ ਸਕਦੇ ਹਾਂ ਕਿ ਕਿੱਸਾਕਾਰ ਚਾਤ੍ਰਿਕ 1912 ਤਕ ਪ੍ਰਸੰਗਕਾਰ ਚਾਤ੍ਰਿਕ ਬਣ ਗਿਆ। ਇਕੋ ਲੰਮੀ ਕਹਾਣੀ ਵਿਸਥਾਰ ਨਾਲ ਲਿਖਣ ਦੀ ਥਾਂ ਉਹ ਛੋਟੀਆਂ ਕਹਾਣੀਆਂ ਜਾਂ ਪ੍ਰਸੰਗ ਲਿਖਣ ਲਗ ਪਿਆ। ਇਹ ਉਸ ਦਾ ਛੋਟੀਆਂ ਕਵਿਤਾਵਾਂ ਵਲ ਹੋਏ ਝੁਕਾ ਦਾ ਚਿੰਨ ਹੈ ਅਤੇ ਅਜਿਹੀਆਂ ਛੋਟੀਆਂ ਕਵਿਤਾਵਾਂ ਦਾ ਹੀ ਵਖਰਾ ਸੰਗ੍ਰਹਿ ਨੀਤੀ ਬਚਨ ਹੈ, ਜਿਸ ਸਬੰਧੀ ਅਸੀਂ ਅਗਲੇ ਸਫਿਆਂ ਵਿਚ ਵਿਚਾਰ ਕਰਾਂਗੇ।

ਨੀਤੀ ਬਚਨ

ਚਾਤ੍ਰਿਕ ਜੀ ਨੇ ਲਿਖਿਆ ਹੈ ਕਿ 'ਖਾਲਸਾ ਸਮਾਚਾਰ' ਵਿਚ ਨੀਤੀਵਾਰਤਾ ਛਪਿਆ ਕਰਦੀ ਸੀ। ਨੀਤੀਵਾਰਤਾ ਬਣਾ ਕੇ ਉਸ ਦਾ ਸਿਧਾਂਤ ਛੰਦਾਬੰਦੀ ਵਿਚ ਲਿਖਣਾ ਪੈਂਦਾ ਸੀ। ਇਸ ਤੋਂ ਅਗੇ ਚਲ ਕੇ ਲਿਖਦੇ ਹਨ, 1912 ਵਿਚ ਉਨ੍ਹਾਂ ਨੂੰ (ਅਮਰ ਸਿੰਘ ਮਾਡਲ ਪ੍ਰੈਸ) ਈਸਪ ਨੀਤੀ (ਲੁਕਮਾਨ ਹਕੀਮ ਦੀਆਂ ਕਹਾਣੀਆਂ) ਵੀ ਦਿਤੇ। ਇਸ ਦਾ ਪਹਿਲਾ ਹਿੱਸਾ ਕਹਾਣੀ ਹੁੰਦਾ ਹੈ ਤੇ ਉਸ ਦੀ ਸਿਖਿਆ ਕਵਿਤਾ ਵਿਚ ਲਿਖੀ ਜਾਂਦੀ ਸੀ। ਇਸ ਦੇ ਦੋ ਭਾਗ ਸਨ। ਅਜਿਹੀਆਂ ਕਵਿਤਾਵਾਂ ਦਾ ਇਕੱਠ 'ਨੀਤੀ ਬਚਨ' ਦੇ ਨਾਂ ਥਲੇ ਪ੍ਰਚੱਲਤ ਹੈ। ਇਨ੍ਹਾਂ ਵਿਚੋਂ ਕਈ ਇਕ ਉਨ੍ਹਾਂ ਨੇ ਚੰਦਨਵਾੜੀ ਵਿਚ ਵੀ ਦਿਤੀਆਂ। ਸ. ਸੁਰਜੀਤ ਸਿੰਘ ਸੇਠੀ ਨੇ ਲਿਖਿਆ ਹੈ ਕਿ ਇਹ 'ਨੀਤੀ ਬਚਨ' 'ਫੁਲਾਂ ਦੀ ਟੋਕਰੀ' ਨਾਂ ਦੀ ਪੁਸਤਕ ਦਾ ਅੰਤਲਾ ਭਾਗ ਹੈ।

ਨੀਤੀ ਬਚਨ ਦੀਆਂ ਕਵਿਤਾਵਾਂ ਜੋ ਉਪਰ ਦਸੇ ਵਾਂਗ ਕਹਾਣੀਆਂ ਦੇ ਅੰਤ ਉਤੇ ਹਨ, ਇਖਲਾਕੀ ਸਿਖਿਆ ਅਤੇ ਸਮਾਜਿਕ ਅਵਸਥਾ ਦਾ ਹੀ ਪ੍ਰਗਟਾ ਹਨ। ਇਨ੍ਹਾਂ ਵਿਚੋਂ ਕੁਝ ਚੰਦਨਵਾੜੀ ਵਿਚ ਆ ਗਈਆਂ ਹਨ ਜਿਵੇਂ ਇਕ ਧੀ ਦੀ ਮਾਂ ਵਲ ਚਿੱਠੀ, ਜੋ ਚੰਦਨਵਾੜੀ ਦੀ 8ਵੀਂ ਐਡੀਸ਼ਨ ਵਿਚ ਸਫ਼ਾ 71 ਤੋਂ 76 ਤਕ ਹੈ। ਮਾਂ ਦਾ ਧੀ ਨੂੰ ਕੰਠ ਹਾਰ ਉਸੇ ਉਪ੍ਰੋਕਤ ਐਡੀਸ਼ਨ ਵਿਚ 69-70 ਸਫ਼ੇ ਤੇ ਹੈ ਅਤੇ ਸਚਾ ਭਲਮਣਸਊ ਤੇ ਕੁਝ ਸਵਾਲ ਚੰਦਨਵਾੜੀ ਵਿਚ ਸਫ਼ਾ 100 ਤੋਂ 103 ਤਕ ਸੱਤ ਸਵਾਲ ਦੇ ਨਾਂ ਹੇਠ ਦਿਤੀ ਗਈ ਹੈ। ਇਥੇ ਇਹ ਵੀ ਲਿਖਿਆ ਹੈ ਕਿ ਇਹ ਕਵਿਤਾ ਅਨੁਵਾਦ ਹੈ ਅਤੇ ਇਸ ਦਾ ਅਸਲ ਰੂਪ ਬਾਬੂ ਸੂਰਜ ਨਰਾਇਣ ਮੇਹਰ ਦੀ ਉਰਦੂ ਕਵਿਤਾ ਹੈ। ਇਹ ਕੇਵਲ ਅਧਾਰਤ ਹੈ। ਨੀਤੀ ਬਚਨ ਵਿਚ ਆਈ ਕਵਿਤਾ ਅਤੇ ਚੰਦਨਵਾੜੀ ਵਿਚ ਆਏ ਸਤ ਸਵਾਲ ਦਾ ਰੂਪ ਵੀ ਕਾਫੀ ਬਦਲਿਆ ਹੈ। ਇਉਂ ਕਿਹਾ ਜਾ ਸਕਦਾ ਹੈ ਕਿ ਨੀਤੀ ਬਚਨ ਵਿਚ 1912 ਦੇ ਲਗਪਗ ਕੀਤਾ ਅਨੁਵਾਦ ਹੈ ਅਤੇ ਚੰਦਨਵਾੜੀ ਵਿਚ 1930 ਤਕ ਵਿਕਾਸ ਹੋ ਚੁਕੀ ਉਨ੍ਹਾਂ ਦੀ ਕਲਾ ਦਾ ਪ੍ਰਮਾਣ ਹੈ। ਨੀਤੀ ਬਚਨ ਦੀ ਪਹਿਲੀ ਕਵਿਤਾ ਜਿਸ ਦਾ ਨਾਂ ਹੀ ਨੀਤੀ ਬਚਨ ਹੈ, ਇਸੇ ਸਿਰਲੇਖ ਹੇਠ ਚੰਦਨਵਾੜੀ ਵਿਚ ਸਫਾ 225 ਤੇ ਦਿਤੀ ਗਈ ਹੈ। ਉਪ੍ਰੋਕਤ ਕਵਿਤਾਵਾਂ ਵਿਚੋਂ ਮਾਂ ਦਾ ਧੀ ਨੂੰ ਕੰਠਹਾਰ ਬਹੁਤ ਕਰਕੇ ਵਿਆਹ ਸ਼ਾਦੀਆਂ ਉਤੇ ਲੜਕੀਆਂ ਨੂੰ ਸਿਖਿਆ ਦੇਣ ਦੇ ਢੰਗ ਅਨੁਸਾਰ ਬੜੇ ਸੁੰਦਰ ਕਾਗਜ਼ ਅਤੇ ਰੂਪ ਵਿਚ ਛਾਪਿਆ ਜਾਂਦਾ ਰਿਹਾ। ਇਸ ਤੋਂ ਹੀ ਪਤਾ ਲਗ ਸਕਦਾ ਹੈ ਕਿ ਕਵੀ ਦੀ 1912 ਦੀ ਕਲਾ ਭੀ ਇੰਨੀ ਲੋਕ ਪ੍ਰੀਯ ਹੋਈ ਹੈ ਕਿ ਅਜ ਤਕ ਉਹ ਪੁਰਾਣੀ ਨਹੀਂ ਹੋ ਸਕੀ।

'ਮਹਿੰਦੀ ਦੀ ਪੁਕਾਰ' ਨਾਂ ਦੀ ਕਵਿਤਾ ਵੀ 1908 ਵਿਚ ਲਿਖੀ ਹੋਈ ਹੈ ਅਤੇ ਇਹ ਵੀ ਚੰਦਨਵਾੜੀ ਵਿਚ ਸਫਾ 107 ਤੋਂ 110 ਤਕ ਦਿਤੀ ਹੋਈ ਹੈ। ਇਥੇ ਨਾਲ ਹੀ ਪਤਾ ਦਿਤਾ ਗਿਆ ਹੈ ਕਿ ਇਹ ਇਕ ਉਰਦੂ ਨਜ਼ਮ ਦੇ ਸਹਾਰੇ ਲਿਖੀ ਗਈ ਸੀ, ਹੁਣ ਬਹੁਤ ਸਾਰੀ ਕਾਂਟ ਛਾਂਟ ਕਰਕੇ ਛਾਪੀ ਜਾਂਦੀ ਹੈ।

ਇਸ ਸਾਰੇ ਸੰਗ੍ਰਹਿ ਵਿਚੋਂ ਦੇਸ਼ ਵਾਸੀਆਂ, ਯੋਗ ਤੇ ਬਦਲ ਦਿਓ ਅਤੇ ਘਰ ਦਾ ਤੀਰਥ, ਇਹੀ ਤਿੰਨ ਕਵਿਤਾਵਾਂ ਹਨ ਜੋ ਚੰਦਨਵਾੜੀ ਵਿਚ ਨਹੀਂ ਆਈਆਂ। ਉਂਜ ਇਨ੍ਹਾਂ ਦਾ ਪ੍ਰਤਿਬਿੰਬ ਚੰਦਨਵਾੜੀ ਦੀਆਂ ਹੋਰ ਕਈ ਕਵਿਤਾਵਾਂ ਵਿਚ ਲਭਦਾ ਹੈ। ਦੇਸ਼ ਵਾਸੀਆਂ ਯੋਗ ਕਵਿਤਾ, ਦੇਸ਼ ਪਿਆਰ ਦੇ ਵਿਸ਼ੇ ਨੂੰ ਪ੍ਰਚਾਰਦੀ ਹੈ ਅਤੇ ਦੂਜੀਆਂ ਦੋਹਾਂ ਦਾ ਵਿਸ਼ਾ ਵਸਤੂ ਉਨ੍ਹਾਂ ਦੇ ਨਾਵਾਂ ਤੋਂ ਸਪਸ਼ਟ ਹੈ। ਇਨ੍ਹਾਂ ਸਾਰੀਆਂ ਕਵਿਤਾਵਾਂ ਨੂੰ ਪੜ੍ਹ ਕੇ ਦੋ ਵਿਚਾਰ ਸਾਹਮਣੇ ਆਉਂਦੇ ਹਨ :

1. ਚਾਤ੍ਰਿਕ ਜੀ ਨੀਤੀ ਬਚਨ ਲਿਖਦਿਆਂ ਵੀ ਆਪਣੇ ਵਿਚਾਰਾਂ ਨੂੰ ਇੰਨਾ ਸਮੂਹੀ ਰੰਗ ਦਿੰਦੇ ਸਨ ਕਿ ਉਹ ਵਿਚਾਰ ਪੁਰਾਤਨ ਨਹੀਂ ਹੁੰਦੇ ਅਤੇ ਬਹੁਤ ਸਾਰੀਆਂ ਹਾਲਤਾਂ ਵਿਚ ਸਾਂਝੇ ਤੇ ਸਰਬ-ਪ੍ਰੀਅ ਰਹਿੰਦੇ ਹਨ।

2. ਜਿਹਾ ਕਿ ਸਭੇ ਪ੍ਰਚਾਰਵਾਦੀ ਕਵਿਤਾਵਾਂ ਵਿਚ ਹੁੰਦਾ ਹੈ, ਇਥੇ ਵੀ ਚਾਤ੍ਰਿਕ ਜੀ ਨੇ ਆਪਣੀਆਂ ਕਵਿਤਾਵਾਂ ਨੂੰ ਉਹ ਪਾਲਿਸ਼ ਨਹੀਂ ਦਿੱਤੀ ਜਾਂ ਉਨ੍ਹਾਂ ਨੂੰ ਮਾਂਜਣ ਸਵਾਰਨ ਵਿਚ ਉਹ ਮਿਹਨਤ ਨਹੀਂ ਕੀਤੀ ਜਿਸ ਮਿਹਨਤ ਦਾ ਪ੍ਰਮਾਣ ਉਨ੍ਹਾਂ ਨੇ 1930 ਤੋਂ ਪਿਛੋਂ ਛਪੀਆਂ ਕਵਿਤਾਵਾਂ ਵਿਚ ਦਿਤਾ ਹੈ।

ਚਾਤ੍ਰਿਕ ਅਭਿਨੰਦਨ ਗ੍ਰੰਥ ਵਿਚ ਚਾਤ੍ਰਿਕ ਜੀ ਨੇ ਆਪਣੀਆਂ ਰਚਨਾਵਾਂ ਵਿਚ 'ਫੁਲਾਂ ਦੀ ਟੋਕਰੀ' ਦਾ ਵਰਣਨ ਭੀ ਕੀਤਾ ਹੈ। ਇਸ ਦੀ ਤੀਜੀ ਐਡੀਸ਼ਨ 452 ਨਾਨਕ ਸ਼ਾਹੀ ਮਾਘ ਮਹੀਨੇ ਦੀ ਛਪੀ ਵੇਖਣ ਦਾ ਮੌਕਾ ਮੈਨੂੰ ਮਿਲਿਆ ਹੈ। ਪਹਿਲੀ ਤੇ ਦੂਜੀ ਐਡੀਸ਼ਨ ਦੀਆਂ

ਭੂਮਿਕਾ ਜੋ ਇਸ ਵਿਚ ਦਿਤੀਆਂ ਹਨ ਤੋਂ ਪਤਾ ਲਗਦਾ ਹੈ ਕਿ ਇਹ ਸੰਮਤ 434 ਤੇ 444 ਨਾਨਕ ਸ਼ਾਹੀ ਵਿਚ ਕ੍ਰਮਵਾਰ ਛਪੀਆਂ ਸਨ ਅਰਥਾਤ ਸੰਨ 1904 ਵਿਚ। ਇਸ ਪੁਸਤਕ ਉੱਤੇ ਚਾਤ੍ਰਿਕ ਜੀ ਜਾਂ ਹੋਰ ਕਿਸੇ ਲੇਖਕ ਦਾ ਨਾਂ ਨਹੀਂ। ਸੰਕਲਿਤ ਕਰਤਾ ਅਮਰ ਸਿੰਘ ਮੌਡਲ ਪ੍ਰੈਸ ਲਾਹੌਰ ਲਿਖਿਆ ਹੈ। ਇਸੇ ਪੁਸਤਕ ਦੇ ਬਾਹਰਲੇ ਪਾਸੇ, 'ਘਰ ਦਾ ਨਿਰਬਾਹ', ਤੇ 'ਉਤਮ ਜੀਵਨ' ਦੋਵੇਂ ਵਾਰਤਕ ਪੁਸਤਕਾਂ ਦਾ ਇਸ਼ਤਿਹਾਰ ਭੀ ਹੈ ਤੇ ਨੀਤੀ ਰਤਨ ਦਾ ਕਰਤਾ ਅਮਰ ਸਿੰਘ ਨੇ ਆਪਣੇ ਆਪ ਨੂੰ ਲਿਖਿਆ ਹੈ। 'ਫੂਲਾਂ ਦੀ ਟੋਕਰੀ' ਨੂੰ 'ਹੀਰੇ ਦੀਆਂ ਕਣੀਆਂ' ਦਾ ਛੇਵਾਂ ਹਿੱਸਾ ਦਸਿਆ ਹੈ।

ਇਨ੍ਹਾਂ ਕਹਾਣੀਆਂ ਆਦਿ ਦੇ ਹਰ ਇਕ ਦੇ ਅੰਤ ਵਿਚ ਜੋ ਕਵਿਤਾ ਹੈ ਉਸ ਵਿਚ ਚਾਤ੍ਰਿਕ ਦਾ ਨਾਂ ਹੈ। ਇਨ੍ਹਾਂ ਵਿਚੋਂ ਕਈ ਕਵਿਤਾਵਾਂ ਚੰਦਨਵਾੜੀ ਵਿਚ ਆ ਗਈਆਂ ਹਨ। ਕੁਝ ਕਵਿਤਾਵਾਂ ਵਿਚ ਚਾਤ੍ਰਿਕ ਦਾ ਨਾਂ ਨਹੀਂ ਜਿਵੇਂ ਸਫ਼ਾ 25 ਉੱਤੇ 'ਦੇਵ ਸ਼ਕਤਿ ਵੀ ਝੁਕ ਜਾਵੇ' ਵਾਲੀ ਕਵਿਤਾ ਹੈ ਪਰ ਨਾਲ ਹੀ ਹਵਾਲਾ ਦਿੱਤਾ ਹੈ ਕਿ ਇਹ ਕਵਿਤਾ ਸਵਰਗ ਰਤਨ ਵਿਚੋਂ ਹੈ।

ਇਕ ਕਿਤਾਬ ਦੇ 224 ਸਫੇ 18 ਪਾਇੰਟ ਦੀ ਛਪਾਈ ਵਿਚ ਹਨ ਤੇ ਕੁਲ 110 ਸਿਰਲੇਖ ਹਨ। ਇਸ ਵਿਚ ਵਾਰਤਕ ਵਧੀਕ ਤੇ ਕਵਿਤਾ ਘਟ ਹੈ।

ਚੰਦਨਵਾੜੀ

ਪ੍ਰੋ. ਦੀਵਾਨ ਸਿੰਘ ਜੀ ਨੇ ਚਾਤ੍ਰਿਕ ਨੂੰ ਛੋਟੀਆਂ ਕਵਿਤਾਵਾਂ ਦਾ ਵੱਡਾ ਕਵੀ ਕਿਹਾ ਹੈ ਅਤੇ ਇਹੋ ਹੀ ਸਰਟੀਫਿਕੇਟ ਪ੍ਰਿੰ. ਤੇਜਾ ਸਿੰਘ ਨੇ ਸੰਨ 1934 ਵਿਚ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਦੀਆਂ ਕਵਿਤਾਵਾਂ ਨੂੰ ਦਿੱਤਾ ਸੀ :

'ਜਦੋਂ ਉਹ ਛੋਟੀਆਂ ਚੀਜ਼ਾਂ ਦਾ ਹਾਲ ਦਸਦੇ ਹਨ ਜਾਂ ਕੁਦਰਤੀ ਨਜ਼ਾਰੇ ਵਰਨਣ ਕਰਦੇ ਹਨ ਤਾਂ ਉਨ੍ਹਾਂ ਦੀ ਕਵਿਤਾ ਬਹੁਤ ਚਮਕਦੀ ਹੈ। ਛੋਟੀਆਂ ਕਵਿਤਾਵਾਂ ਵਿਚ ਉਹ ਬਹੁਤ ਵੱਡੇ ਕਵੀ ਹਨ।'

(ਲਿਖਾਰੀ 1934 ਅਪ੍ਰੈਲ, ਸਫ਼ਾ 34)

ਅਗੇ ਚਲ ਕੇ ਪ੍ਰਿੰ. ਤੇਜਾ ਸਿੰਘ ਜੀ ਲਿਖਦੇ ਹਨ 'ਚਾਤ੍ਰਿਕ ਜੀ ਤੇ ਭਾਈ ਵੀਰ ਸਿੰਘ ਜੀ ਦੀ ਕਵਿਤਾ ਦਾ ਫਰਕ ਸਾਫ ਹੈ। ਭਾਈ ਵੀਰ ਸਿੰਘ ਜੀ ਤਾਂ ਆਪਣੇ ਅਦੁਤੀ ਰੰਗ ਵਿਚ ਵਸਦੇ ਹਨ ਤੇ ਕਦੇ ਕਦਾਈਂ ਮੇਹਰ ਵਿਚ ਆ ਕੇ ਸਾਡੀ ਬੋਲੀ ਵਿਚ ਆਪਣੇ ਉਚੇ ਖਿਆਲ ਦਸਦੇ ਹਨ। ਪਰ ਬੋਲੀ ਉਨ੍ਹਾਂ ਖਿਆਲਾਂ ਦਾ ਜ਼ੋਰ ਸਹਿ ਨਹੀਂ ਸਕਦੀ। ਲਾਲਾ ਧਨੀ ਰਾਮ ਜੀ ਇਕ ਵਪਾਰੀ ਹਨ। ਉਹ ਨਿਤ ਦੀਆਂ ਹੱਡ ਬੀਤੀਆਂ ਵਿਚੋਂ ਹੌਲੀ ਹੌਲੀ ਉਚੇ ਚੜ੍ਹਦੇ ਹਨ ਤੇ ਅੰਤ ਕਿਧਰੇ ਜਾ ਕੇ ਕਵਿਤਾ ਦੇ ਹੁਲਾਰੇ ਨਾਲ ਵਲਵਲੇ ਦੀ ਚੋਟੀ ਉੱਤੇ ਜਾ ਚੜ੍ਹਦੇ ਹਨ। ਪਰ ਆਮ ਤੌਰ ਤੇ ਉਹ ਤਜਰਬੇ ਅਤੇ ਵਰਤੋਂ ਦੇ ਦਾਇਰੇ ਅੰਦਰ ਹੀ ਰਹਿੰਦੇ ਹਨ, ਪਰ ਇਸ ਲਈ ਉਨ੍ਹਾਂ ਨੂੰ ਲਫਜ਼ਾਂ ਦੀ ਚੋਣ ਕਰਨ ਵਿਚ ਕੋਈ ਰੋਕ ਨਹੀਂ ਪੈਂਦੀ। ਉਹ ਰਬ ਨਾਲ ਵੀ ਹਾਸਾ ਕਰ ਲੈਂਦੇ ਹਨ, ਪਰ ਅਦਬ ਤੇ ਗੰਭੀਰਤਾ ਨੂੰ ਹਥੋਂ ਨਹੀਂ ਛਡਦੇ। ਜਿਵੇਂ ਰਬ ਨੂੰ ਆਖਦੇ ਹਨ :

ਹੇ ਮੇਰੇ ਉਹ ਕਿ ਜਿਸ ਦਾ,
ਅੰਤ ਨਹੀਂ ਅਰ ਆਦਿ ਨਹੀਂ।
ਹੇ ਮੇਰੇ ਉਹ ਕਿ ਜਿਸ ਦਾ,
ਨਾਂ ਅਜੇ ਤਕ ਯਾਦ ਨਹੀਂ।

ਇਸੇ ਤਰ੍ਹਾਂ ਕ੍ਰਿਸ਼ਨ ਸੰਦੇਸ਼ ਵਾਲੀ ਕਵਿਤਾ ਹੈ।

ਇਹ ਮਨਮੋਹਣੇ ਗੀਤ ਵੀ ਲਿਖ ਲੈਂਦੇ ਹਨ, ਇਸ ਦਾ ਕਾਰਨ ਸ਼ਾਇਦ ਇਹੀ ਹੈ ਕਿ ਉਨ੍ਹਾਂ ਵਿਚ ਵਿਦਿਆ ਤੇ ਪੰਡਤਾਈ ਦਾ ਏਡਾ ਜ਼ੋਰ ਨਹੀਂ।

(ਲਿਖਾਰੀ ਅਪ੍ਰੈਲ 1934)

ਅਜਿਹੀ ਕਵਿਤਾ ਦਾ ਸੰਗ੍ਰਹਿ 'ਚੰਦਨਵਾੜੀ' ਵਿਚ 1931 ਵਿਚ ਛਪਿਆ ਸੀ। ਇਸ ਦੇ ਪ੍ਰਕਾਸ਼ਤ ਹੋਣ ਨਾਲ ਸਰੋਦੀ ਕਵਿਤਾਵਾਂ ਅਤੇ ਛੋਟੀਆਂ ਕਵਿਤਾਵਾਂ ਲਿਖਣ ਵਾਲਿਆਂ ਵਿਚ ਆਧੁਨਿਕ ਕਾਲ ਦਾ ਇਹ ਤੀਸਰਾ ਨਾਂ ਸੀ। ਪਹਿਲੇ ਡਾ. ਭਾਈ ਵੀਰ ਸਿੰਘ ਜੀ ਸਨ, ਪਰ ਉਨ੍ਹਾਂ ਦੀ ਕਵਿਤਾ ਵਧੇਰੇ ਦਾਰਸ਼ਨਿਕ ਸੀ ਅਤੇ ਦਰਸ਼ਨ ਵੀ ਧਰਮ ਨਾਲ ਸਬੰਧਤ। ਦੂਜਾ ਪ੍ਰੋ. ਪੂਰਨ ਸਿੰਘ ਸੀ। ਉਸ ਦੀ ਕਵਿਤਾ ਦੇ ਸੰਗ੍ਰਹਿ ਖੁਲ੍ਹੇ ਮੈਦਾਨ ਤੇ ਖੁਲ੍ਹੇ ਘੁੰਡ ਦੋਵੇਂ ਵਿਦਵਾਨਾਂ ਵਿਚ ਤਾਂ ਬੜੇ ਸਲਾਹੇ ਜਾਂਦੇ ਸਨ, ਪਰ ਖੁਲ੍ਹੇ ਘੁੰਡ ਦੀ ਸਮਝ ਬਹੁਤ ਘਟ ਪਾਠਕਾਂ ਨੂੰ ਆਉਂਦੀ ਸੀ। ਖੁਲ੍ਹੇ ਮੈਦਾਨ ਵਧੇਰੇ ਪੰਜਾਬ ਦੀ ਧਰਤੀ ਨਾਲ ਸਬੰਧਤ ਸਨ ਪਰ ਉਹ ਖੁਲ੍ਹੀ ਕਵਿਤਾ ਹੋਣ ਕਰਕੇ ਪੰਜਾਬੀ ਪਾਠਕਾਂ ਲਈ ਇਕ ਅਜੂਬਾ ਸੀ ਅਤੇ ਉਹ ਹੈਰਾਨ ਹੁੰਦੇ ਸਨ ਕਿ ਉਹ ਇਸ ਨੂੰ ਕਵਿਤਾ ਆਖਣ ਕਿ ਵਾਰਤਕ। ਇਸ ਲਈ ਤੇਜਾ ਸਿੰਘ ਦੀ ਉਪ੍ਰੋਕਤ ਟੂਕ ਬਿਲਕੁਲ ਸਚ ਸਿਧ ਹੋ ਚੁਕੀ ਸੀ।

ਧਨੀ ਰਾਮ ਦਾ ਇਹ ਸੰਗ੍ਰਹਿ ਛਪਣ ਉੱਤੇ ਡਾ. ਭਾਈ ਵੀਰ ਸਿੰਘ ਜੀ, ਸ. ਬਹਾਦਰ ਭਾਈ ਕਾਹਨ ਸਿੰਘ ਜੀ ਅਤੇ ਪੰਜਾਬੀ ਦੇ ਲਗਪਗ ਹਰ ਵਿਦਵਾਨ ਨੇ ਇਸ ਦੀ ਸਲਾਹੁਤਾ ਕੀਤੀ। ਚਾਤ੍ਰਿਕ ਜੀ ਨੇ ਇਸ ਨੂੰ ਪਹਿਲੀ ਵਾਰ ਛਾਪਣ ਵਿਚ ਵੀ ਸਾਰੀ ਰੀਝ ਲਾ ਦਿੱਤੀ ਅਤੇ ਕਵਿਤਾਵਾਂ ਦੇ ਵੱਖ ਵੱਖ ਵਿਸ਼ਿਆਂ ਨੂੰ ਸਾਹਮਣੇ ਰਖ ਕੇ ਉਨ੍ਹਾਂ ਨੇ ਸਾਰੀ ਪੁਸਤਕ ਨੂੰ ਕੁਝ ਭਾਗਾਂ ਵਿਚ ਵੰਡਿਆ ਜਿਵੇਂ ਕਿ:—ਪ੍ਰਾਰਥਨਾ ਤੇ ਧਾਰਮਿਕ ਭਾਵ। ਤੀਜਾ ਭਾਗ ਸੀ ਪ੍ਰੇਮ ਦੇ ਬਾਣ। ਚੌਥਾ ਤੇ ਪੰਜਵਾਂ ਸਮਾਜਕ ਭਾਰੇ ਅਤੇ ਸਦਾਚਾਰਕ ਗੁਲਜ਼ਾਰ ਬਣਾਏ ਗਏ। ਛੇਵੇਂ ਹਿੱਸੇ ਵਿਚ ਦੇਸ਼ ਕੌਮ ਦੇ ਤਰਾਨੇ ਅਤੇ ਸਤਵੇਂ ਵਿਚ ਕੁਦਰਤ ਦੇ ਮੇਲੇ ਦਾ ਸੰਗੀਤ ਆਇਆ। ਅਠਵੇਂ ਭਾਗ ਦਾ ਨਾਂ ਸਾਹਿਤਕ ਬਗੀਚਾ ਰਖਿਆ ਗਿਆ। ਨੌਵਾਂ ਭਾਗ ਫੁਟਕਲ ਟੋਟਕੇ ਸਨ, ਜਿਨ੍ਹਾਂ ਵਿਚ 'ਨੀਤੀ ਬਚਨ' ਤੇ ਕੁਝ ਰੁਬਾਈਆਂ ਦਿੱਤੀਆਂ ਗਈਆਂ ਅਤੇ ਦਸਵੇਂ ਭਾਗ ਵਿਚ ਗੀਤ ਸਨ।

ਡਾ. ਭਾਈ ਵੀਰ ਸਿੰਘ ਜੀ ਦਾ ਵਿਚਾਰ ਹੈ, 'ਪਾਠਕਾਂ ਦਾ ਸੁਤੇ ਧਿਆਨ ਸਾਰੀ ਪੋਥੀ ਵਿਚੋਂ ਲੰਘ ਜਾਏਗਾ ਤੇ ਹਰੇਕ ਨੂੰ ਆਪੋ ਆਪਣੇ ਰਸ ਮੂਜਬ ਕਵਿਤਾ ਪਸਿੰਦ ਪੈਣਗੀਆਂ।'

... ...

ਅਠਵੇਂ ਭਾਗ ਵਿਚ ਏਹ ਕਵਿਤਾਵਾਂ ਵਿਸ਼ੇਸ਼ ਧਿਆਨ ਦੇ ਕੇ ਪੜ੍ਹੀਆਂ ਜਾਣ ਵਾਲੀਆਂ ਹਨ। ਇਸੇ ਭਾਗ ਤੇ ਕਵੀ ਨੇ ਆਪਣਾ ਵਿਸ਼ੇਸ਼ ਜ਼ੋਰ ਲਾਇਆ ਹੈ ਤੇ ਆਪਣੇ ਮੁਸ਼ਾਇਦੇ ਤਜਰਬੇ ਤੇ ਪੜ੍ਹਨ ਤੋਂ ਅਖਜ਼ ਕੀਤੇ (ਚੁਣੇ) ਖਿਆਲ ਬੈਠੇ ਹਨ। ਜਿਨ੍ਹਾਂ ਵਿਚ ਹਡਬੀਤੀਆਂ ਦੇ ਝਲਕਾਰੇ ਭੀ ਹਨ ਤੇ ਹਸਰਤਾਂ ਦੇ ਬੁਰਸ਼ਾਂ ਦੀ ਭੀ ਕਿਸੇ ਕਿਸੇ ਟਿਕਾਣੇ ਛੁਹ ਹੈ। ਜੀਵਨ ਦੀ ਨਿਰਾਸਤਾ ਦਾ ਨਕਸ਼ਾ ਭੀ ਛੇਕੜਲੀ ਮੰਜ਼ਲ ਵਿਚ ਦਿਲ ਖੁਸਣ ਵਾਲਾ ਅਸਰ ਪੈਦਾ ਕਰਨੇ ਵਾਲਾ ਦਿਖਾਇਆ ਹੈ। ਓਹ ਕਵਿਤਾਵਾਂ ਏਹ ਹਨ:—'ਸਤਜੁਗ, ਅਖੀਆਂ, ਬਾਲਵਰੇਸ, ਕਬਰਸਤਾਨ, ਸੁਰਗੀ ਜੀਉੜੇ, ਦੁਨੀਆਂ ਦੇ ਪੁਆੜੇ, ਜੋਗਨ ਦਾ ਗੀਤ, ਜੀਉਣ ਪੰਧ ਦੀ ਛੇਕੜਲੀ ਮੰਜ਼ਲ।'

ਚੰਦਨਵਾੜੀ ਦੀ ਸਲਾਹੁਤਾ ਕਈ ਇਕ ਪੱਖਾਂ ਤੋਂ ਕੀਤੀ ਗਈ ਹੈ। ਅਗੇ ਚਲਣ ਤੋਂ ਪਹਿਲਾਂ ਅਸੀਂ ਸੰਨ 1934 ਵਿਚ ਹੀ ਚੰਦਨਵਾੜੀ ਸਬੰਧੀ ਲਿਖੀ, ਡਾ. ਦੀਵਾਨ ਸਿੰਘ ਕਾਲੇਪਾਣੀ ਦੀ ਰਾਏ ਇਥੇ ਅੰਕਤ ਕਰਨਾ ਚਾਹੁੰਦੇ ਹਾਂ।

'ਚਾਤ੍ਰਿਕ ਇਕ ਵਲਵਲਿਆਂ ਦਾ ਕਵੀ ਹੈ। ਅੰਦਰਲੇ ਪਿਆਰ-ਭਾਵ, ਯਾਦ ਪੀੜਾ, ਨਾਜ਼-ਰੁਸੇਵੇਂ ਤੇ ਵਸਲ-ਸਧਰ ਨੂੰ ਲਫਜ਼ਾਂ ਵਿਚ ਬੋਲਦੀ ਕਰ ਦੇਣਾ ਇਸ ਦਾ ਇਕ ਕਮਾਲ ਹੈ, ਤੇ ਐਸੇ ਕਮਾਲ ਚੰਦਨਵਾੜੀ ਵਿਚ ਕਾਫੀ ਹਨ :

... ...

ਇਥੇ ਇਹ ਭੀ ਯਾਦ ਰਖਣ ਵਾਲੀ ਗੱਲ ਹੈ ਕਿ ਚਾਤ੍ਰਿਕ ਨਿਰਾ ਸ਼ਿੰਗਾਰ ਰਸ ਦਾ ਕਵੀ ਨਹੀਂ, ਇਸ਼ਕ ਮਜ਼ਾਜੀ ਦੇ ਟਿਕਾਣੇ ਨੂੰ ਮੰਨਦਾ ਹੈ ਪਰ ਟੇਕ ਇਕ ਆਦਰਸ਼ਕ ਸਦਾਚਾਰ ਦੀ ਹੈ।'

(ਲਿਖਾਰੀ 1935 ਅਪ੍ਰੈਲ-ਮਈ ਸਫ਼ਾ 144-45)

ਚੰਦਨਵਾੜੀ ਦੀ ਕਵਿਤਾ ਵਿਚ ਵਿਸ਼ੇ ਤੋਂ ਬਿਨਾਂ ਹੁਨਰ ਦੇ ਵਿਚਾਰ ਨਾਲ ਵੇਖਿਆਂ ਬੋਲੀ, ਅਲੰਕਾਰ ਅਤੇ ਹਾਸ ਰਸ ਦੇ ਨਾਲ ਨਾਲ ਇਕ ਵਿਸ਼ੇਸ਼ ਰਾਗ ਹੈ ਅਤੇ ਉਹ ਸੰਗੀਤ ਇੰਨਾ ਪ੍ਰਬਲ ਹੈ ਕਿ ਚਾਤ੍ਰਿਕ ਕਿਸੇ ਵੀ ਵਿਸ਼ੇ ਉਤੇ ਲਿਖ ਰਿਹਾ ਹੋਵੇ, ਉਹ ਸੰਗੀਤਮਈ ਜਾਪਦਾ ਹੈ। ਇਹੋ ਕਾਰਨ ਹੈ ਕਿ ਉਸਦੇ ਲਿਖੇ ਸੁਧਾਰਕ ਵਿਚਾਰ ਅਤੇ ਸਿਖਿਆਦਾਇਕ ਟੋਟਕੇ ਵੀ ਪਾਠਕਾਂ ਨੂੰ ਰੁਖੇ ਨਹੀਂ ਜਾਪਦੇ। ਚਾਤ੍ਰਿਕ ਦਾ ਆਪਣਾ ਵਿਚਾਰ ਹੈ ਕਿ ਕਵੀ ਉਹ ਹੈ ਜੋ 'ਕੁਦਰਤ ਦਿਆਂ ਉਨ੍ਹਾਂ ਗੁਪਤ ਭੇਦਾਂ ਤੇ ਦਿਲਾਂ ਦੀਆਂ ਗੁਝੀਆਂ ਗੱਲਾਂ ਨੂੰ ਸਮਝ ਤੇ ਸੁਣ ਕੇ' ਬੋਲੇ। ਚਾਤ੍ਰਿਕ ਦਾ ਵਿਚਾਰ ਹੈ, 'ਜਮਾਂਦਰੂ ਕਵੀ ਅਨੁਭਵ ਤਾਂ ਕਰ ਸਕਦਾ ਹੈ ਪਰ ਦਸ ਤਦ ਸਕਦਾ ਹੈ ਜਦ ਜ਼ਬਾਨ ਹੋਵੇ।'

ਕਵੀ ਕਿਹੋ ਜਿਹਾ ਹੋਣਾ ਚਾਹੀਦਾ ਹੈ ? ਇਸ ਸਬੰਧੀ ਵੀ ਇਸ ਸਮੇਂ ਤਕ ਚਾਤ੍ਰਿਕ ਦੇ ਵਿਸ਼ੇਸ਼ ਵਿਚਾਰ ਬਣ ਚੁਕੇ ਹਨ। ਉਨ੍ਹਾਂ ਨੂੰ ਚਾਤ੍ਰਿਕ ਦੇ ਆਪਣੇ ਸ਼ਬਦਾਂ ਵਿਚ ਹੀ ਵੇਖਣਾ ਯੋਗ ਹੋਵੇਗਾ।

'ਇਸ ਧਰਤੀ ਵਰਗੇ ਧੀਰੇ, ਇੰਦਰ ਵਰਗੇ ਉਦਾਰ, ਫੁਲ ਵਰਗੇ ਨਾਜ਼ਕ, ਚੰਦ ਵਰਗੇ ਸੀਤਲ, ਬਿਜਲੀ ਵਰਗੇ ਚਾਨਣੇ, ਮੱਖਣ ਵਰਗੇ ਕੂਲੇ, ਮਾਂ ਵਰਗੇ ਦਰਦੀ ਤੇ ਸਮੁੰਦਰ ਵਰਗੇ ਗੰਭੀਰ ਕਵੀ ਦਾ ਸੀਨਾ ਕਿੰਨਾ ਸਾਫ, ਵਾਕਫ਼ੀਅਤ ਕਿੰਨੀ ਵਿਸ਼ਾਲ ਤੇ ਚਲਨ ਕਿੰਨਾ ਉਚਾ ਹੋਣਾ ਚਾਹੀਦਾ ਹੈ, ਇਸ ਦਾ ਹਿਸਾਬ ਉਸ ਦੇ ਕੰਮ ਦੀ ਮਹਾਨਤਾ ਤੋਂ ਲਗ ਸਕਦਾ ਹੈ। ਪੈਗ਼ੰਬਰ ਜੇਕਰ ਮਜ਼ਬੀ ਪੇਸ਼ਵਾ ਹੁੰਦਾ ਹੈ ਤਾਂ ਕਵੀ ਕੁਦਰਤ ਦਾ ਟੀਕਾਕਾਰ ਹੁੰਦਾ ਹੈ। ਪੈਗ਼ੰਬਰ ਵਟੀਰੀਆਂ ਪਾਉਂਦਾ ਹੈ, ਪਰ ਕਵੀ ਸਾਂਝੇ ਸੁਰਗ ਦੀਆਂ ਸੋਆਂ ਸੁਣਾਉਂਦਾ ਹੈ। ਧਾਰਮਿਕ ਆਗੂ ਦੂਜਿਆਂ ਤੋਂ ਨਫਰਤ ਕਰਨਾ ਸਿਖਾਉਂਦਾ ਹੈ ਪਰ ਕਵੀ ਸਭ ਨਾਲ ਪ੍ਰੇਮ ਕਰਨ ਦੇ ਹੋਕੇ ਦੇਂਦਾ ਹੈ। ਯੋਗੀ ਆਪਣੇ ਸੁਆਦ ਨੂੰ ਗੁੰਗੇ ਦੇ ਗੁੜ ਵਾਂਗ ਅਨੁਭਵ ਕਰਕੇ ਰਹਿ ਜਾਂਦਾ ਹੈ, ਪਰ ਕਵੀ ਇਸ ਅਨੰਦ ਨੂੰ ਸਭ ਨਾਲ ਵੰਡ ਲੈਂਦਾ ਹੈ।'

(ਲਿਖਾਰੀ, ਜਨਵਰੀ 1934, ਸਫ਼ਾ 28-29)

ਚੰਦਨਵਾੜੀ ਵਿਚ, ਇਉਂ ਜਾਪਦਾ ਹੈ ਜਿਵੇਂ ਕਵੀ ਨੇ ਉਪ੍ਰੋਕਤ ਸਾਰੇ ਲਛਣਾਂ ਨੂੰ ਆਪਣੀ ਕਵਿਤਾ ਦਾ ਰੂਪ ਦੇ ਕੇ ਇਨ੍ਹਾਂ ਦੀ ਵਰਤੋਂ ਦਾ ਪ੍ਰਮਾਣ ਦਿਤਾ ਹੈ।

ਉਸ ਵੇਲੇ ਤਕ ਕਵੀ ਦਰਬਾਰਾਂ ਦੀ ਲਹਿਰ ਵੀ ਕਾਫੀ ਪ੍ਰਚੱਲਤ ਹੋ ਚੁਕੀ ਸੀ। ਇਸ ਵਿਚ ਸੰਦੇਹ ਨਹੀਂ ਕਿ ਚਾਤ੍ਰਿਕ ਜੀ ਦੀ ਪ੍ਰਧਾਨਗੀ ਜਾਂ ਸਕੱਤਰੀ ਵਿਚ ਵੀ ਕਈ ਕਵੀ-ਦਰਬਾਰਾਂ ਦਾ ਸ਼ਿੰਗਾਰ ਸਨ ਜਾਂ ਕਵੀ-ਦਰਬਾਰਾਂ ਕਰਕੇ ਚਾਤ੍ਰਿਕ ਦਾ ਨਾਂ ਚਮਕਿਆ। ਸਚ ਇਹ ਹੈ ਕਿ ਹਿਮਾਲਾ, ਪੰਜਾਬ ਅਤੇ ਹੋਰ ਕਈ ਕਵਿਤਾਵਾਂ ਕਿਸੇ ਕਿਸੇ ਕਵੀ ਦਰਬਾਰ ਵਿਚ ਕੋਈ ਹੋਰ ਸਜਣ ਪੜ੍ਹਦਾ ਰਿਹਾ। ਪਰ ਜਿਵੇਂ ਅਸੀਂ ਪਹਿਲਾਂ ਵੀ ਕਹਿ ਚੁਕੇ ਹਾਂ, ਕਵੀ-ਦਰਬਾਰਾਂ ਤੇ

ਅਖਾੜਿਆਂ ਵਿਚ ਚਾਤ੍ਰਿਕ ਦਾ ਨਾਂ ਕੋਈ ਵਿਸ਼ੇਸ਼ ਮੁਲ ਨਹੀਂ ਸੀ ਰਖਦਾ, ਪਰ ਉਸ ਦੇ ਪਾਠਕ ਤੇ ਉਸ ਦੇ ਗੀਤਾਂ ਦੇ ਸਰੋਤੇ ਬਹੁਤ ਸਨ। ਕੁਝ ਪਾਠਕ ਉਸ ਦੇ ਕਿੱਸਿਆਂ ਤੋਂ ਬਣੇ ਸਨ ਅਤੇ ਕੁਝ ਧਰਮਬੀਰ ਵਿਚ ਆਏ ਪ੍ਰਸੰਗਾਂ ਤੋਂ ਪਰੇਰਿਤ ਹੋਏ ਭੀ ਸਨ।

ਚਾਤ੍ਰਿਕ ਦੀ ਕਵਿਤਾ ਜੋ ਚੰਦਨਵਾੜੀ ਵਿਚ ਆਈ, ਉਹ ਸਾਰੀ ਸੰਨ 1931 ਦੀ ਲਿਖੀ ਹੋਈ ਨਹੀਂ ਸੀ, ਸਗੋਂ ਪਿਛਲੇ ਵੀਹਾਂ ਕੁ ਸਾਲਾਂ ਦੀਆਂ ਕਵਿਤਾਵਾਂ ਵਿਚੋਂ ਚੋਣਵਾਂ ਸੰਗ੍ਰਹਿ ਸੀ, ਜਿਸ ਨੂੰ ਉਸ ਨੇ ਮੁੜ ਪਾਲਿਸ਼ ਕੀਤਾ ਅਤੇ ਕਈ ਇਕ ਕਵਿਤਾਵਾਂ ਜੋ ਸਮੇਂ ਦੀ ਲੋੜ ਨਾਲ ਬਣੀਆਂ ਇਸ ਸੰਗ੍ਰਹਿ ਵਿਚ ਸ਼ਾਮਲ ਕੀਤੀਆਂ ਗਈਆਂ।

ਚੰਦਨਵਾੜੀ ਦੇ ਸਾਰੇ ਆਕਾਰ ਨੂੰ ਵੇਖ ਕੇ ਅਸੀਂ ਇਹ ਕਹਿ ਸਕਦੇ ਹਾਂ ਕਿ ਇਸ ਵਿਚ ਆਈਆਂ ਕਵਿਤਾਵਾਂ ਵਿਚੋਂ ਬਹੁਤੀਆਂ ਅਮਰ ਰਹਿਣਗੀਆਂ, ਕਿਉਂਕਿ ਕਵੀ ਚਾਤ੍ਰਿਕ ਨੂੰ ਆਪਣੀ ਗੱਲ ਸਦੀਆਂ ਦੇ ਭਵਿਸ਼ ਵਿਚ ਕਹਿਣ ਦੀ ਜਾਂਚ ਹੈ, ਅਤੇ ਬਲਦ ਦੀ ਕਹਾਣੀ ਵਰਗੇ ਸਾਦੇ ਵਿਸ਼ੇ ਨੂੰ ਜਾਂ ਗ੍ਰਿਹਸਤਣ ਦੇ ਧਰਮ ਵਰਗੇ ਪੁਰਾਤਨ ਵਿਚਾਰ ਨੂੰ ਦਸਦਿਆਂ ਭੀ ਉਹ ਉਸ ਵਿਚ ਨਵੀਨਤਾ ਲਿਆਉਣੀ ਜਾਣਦਾ ਹੈ ਅਤੇ ਫਿਰ ਮੁਹਾਵਰਿਆਂ ਦੀ ਜੜਤ, ਸ਼ਬਦਾਂ ਦੀ ਚੋਣ ਅਤੇ ਦ੍ਰਿਸ਼ਾਂ ਦਾ ਵਰਨਣ ਅਜੇਹਾ ਕਰਦਾ ਹੈ ਕਿ ਪਾਠਕ ਦ੍ਰਿਸ਼ ਨੂੰ ਹੂ-ਬਹੂ ਆਪਣੀਆਂ ਅੱਖਾਂ ਸਾਹਵੇਂ ਚਿਤਰ ਸਕਦਾ ਹੈ।

ਚਾਤ੍ਰਿਕ ਕਿਸੇ ਤਰ੍ਹਾਂ ਦੀ ਵੀ ਤੰਗਦਿਲੀ ਤੋਂ ਉਪਰ ਹੈ। ਉਸ ਦੀ ਭਾਸ਼ਾ ਵਿਚ ਜਿਵੇਂ ਹਿੰਦੀ ਤੇ ਫਾਰਸੀ ਦਾ ਸੁਮੇਲ ਹੈ ਤਿਵੇਂ ਹੀ ਉਸ ਦੇ ਵਿਚਾਰਾਂ ਵਿਚ ਵੀ ਇਕ ਸਰਬ-ਸਾਂਝ ਹੈ। ਉਸ ਨੇ ਆਪਣੀ ਕਵਿਤਾ ਵਿਚ ਇਤਿਹਾਸ, ਮਿਥਿਹਾਸ, ਪੰਜਾਬ ਅਤੇ ਭਾਰਤ ਅਤੇ ਫਿਰ ਇਨ੍ਹਾਂ ਦੀ ਸਭਿਅਤਾ ਨਾਲ ਪ੍ਰੇਮ ਦਿਖਾਉਂਦਿਆਂ ਦਿਖਾਉਂਦਿਆਂ, ਇਖਲਾਕ ਤੇ ਸਦਾਚਾਰ, ਗ੍ਰਿਹਸਤ ਤੇ ਇਸ਼ਕ ਆਦਿ ਵਿਸ਼ਿਆਂ ਨੂੰ ਬੜੇ ਕਲਾਤਮਕ ਢੰਗ ਨਾਲ ਨਜਿਠਿਆ ਹੈ। ਛੰਦ ਵੀ ਨਵੇਂ ਤੋਂ ਨਵੇਂ ਲਏ ਹਨ ਅਤੇ ਅਲੰਕਾਰ ਵੀ ਨਵੀਨ ਤੇ ਢੁਕਦੇ। ਚੰਦਨਵਾੜੀ ਵਿਚ ਜੋ ਅਨੁਵਾਦਤ ਕਵਿਤਾਵਾਂ ਦਿਤੀਆਂ ਗਈਆਂ ਹਨ, ਉਨ੍ਹਾਂ ਵਿਚੋਂ ਕਈਆਂ ਵਿਚ ਤੋਲ ਉਰਦੂ ਦਾ ਹੀ ਵਰਤਿਆ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੇ ਮੌਲਿਕ ਸਵਾਦ ਨੂੰ ਕਾਇਮ ਰਖਿਆ ਗਿਆ ਹੈ। ਜੋ ਗੀਤ ਆਏ ਹਨ, ਉਨ੍ਹਾਂ ਵਿਚੋਂ ਕਈ ਅਜਿਹੇ ਹਨ ਜੋ ਉਸ ਵੇਲੇ ਅੰਮ੍ਰਿਤਸਰ ਦੀਆਂ ਸਟੇਜਾਂ ਉਤੇ ਗਾਏ ਜਾਂਦੇ ਰਹੇ ਹਨ। ਵਿਸ਼ੇਸ਼ ਕਰਕੇ :

'ਐ ਦਿਲਾ ਹੋਸ਼ ਕਰੀਂ', ਅਤੇ 'ਮਾਏ ਨੀ ਮੈਂ ਨਹੀਂਓ ਖੇਡਣੇ ਸਾਵੇਂ।'

ਉਸ ਸਮੇਂ ਘਟ ਹੀ ਕਿਸੇ ਨਵੀਨ ਕਵੀ ਦੇ ਗੀਤ ਇੰਨੇ ਪ੍ਰਚੱਲਤ ਹੋਏ ਹੋਣਗੇ, ਜਿੰਨੇ ਚਾਤ੍ਰਿਕ ਜੀ ਦੇ ਗੀਤ ਹੋਏ। ਉਹ ਗਲੀ ਗਲੀ ਵਿਚ ਗੀਤ ਗਾਏ ਗਏ। ਕਿਹਾ ਜਾ ਸਕਦਾ ਹੈ ਕਿ ਚਾਤ੍ਰਿਕ ਜੀ ਨੂੰ ਰੁਮਾਂਸ ਦਾ ਵੀ ਨਿਘਾ ਤੇ ਡੂੰਘਾ ਤਜਰਬਾ ਹੈ ਅਤੇ ਇਹ ਉਨ੍ਹਾਂ ਦੀ ਵਡਿਆਈ ਹੈ ਕਿ 55 ਸਾਲ ਦੀ ਉਮਰ ਵਿਚ ਵੀ ਉਹ ਇਹੋ ਜੇਹੇ ਸੁੰਦਰ ਗੀਤ ਲਿਖ ਸਕਦੇ ਰਹੇ।

ਚਾਤ੍ਰਿਕ ਜੀ ਦੀ ਇਕ ਖੂਬੀ ਹੋਰ ਹੈ, ਇਸ ਵਲ ਵੀ ਅਸੀਂ ਪਿਛੇ ਸੰਕੇਤ ਕਰ ਆਏ ਹਾਂ। ਉਹ ਇਸ਼ਕ ਜਾਂ ਰੁਮਾਂਸ ਦੇ ਵਿਚਾਰ ਲਿਖਦੇ ਵੀ ਅਤੇ ਇੰਨੇ ਦਿਲ ਵਿੰਨ੍ਹਣ ਵਾਲੇ ਗੀਤ ਲਿਖਦੇ ਵੀ ਨਗਨਵਾਦ ਤੋਂ ਬਚ ਨਿਕਲਦੇ ਹਨ ਹਾਲਾਂ ਕਿ ਉਹ ਵਿਯੋਗ ਦੀ ਪੀੜਾ ਨੂੰ ਬੜੇ ਤੀਖਣ ਪ੍ਰਭਾਵ ਵਾਲੇ ਸ਼ਬਦਾਂ ਵਿਚ ਪ੍ਰਗਟਾਉਂਦੇ ਹਨ।

ਚਾਤ੍ਰਿਕ ਜੀ ਦੀਆਂ ਗਜ਼ਲਾਂ ਸੰਬੰਧੀ ਵੀ ਵਿਦਵਾਨਾਂ ਦੀ ਸਰਬ ਸੰਮਤੀ ਹੈ ਕਿ ਉਹ ਉਰਦੂ ਗਜ਼ਲ ਦੇ ਤੋਲ ਬਹੁਤ ਹੀ ਵਧੇਰੇ ਸਫਲਤਾ ਨਾਲ ਨਿਭਾਉਂਦੇ ਹਨ, ਅਤੇ ਜਿਵੇਂ ਗਜ਼ਲ ਦਾ

ਢੰਗ ਹੈ, ਇਨ੍ਹਾਂ ਦੇ ਇਕ ਇਕ ਸ਼ੇਅਰ ਵਿਚ ਵਖ ਵਖ ਖਿਆਲ ਸੁੰਦਰ ਢੰਗ ਨਾਲ ਅੰਕਿਤ ਹੁੰਦੇ ਹਨ।

ਚਾਤ੍ਰਿਕ ਜੀ ਦੀ ਚੰਦਨਵਾੜੀ ਦਾ ਇਕ ਹੋਰ ਵਡਾ ਗੁਣ ਉਸ ਦੀ ਚਿਤਰਕਾਰੀ ਹੈ, ਇਸ ਲਈ ਉਨ੍ਹਾਂ ਨੂੰ ਦ੍ਰਿਸ਼ ਵਰਨਣ ਅਤੇ ਸ਼ਬਦ ਚਿਤਰ ਰਚਣ ਦਾ ਹੁਨਰ ਵਰਤਣਾ ਪੈਂਦਾ ਹੈ। ਇਸ ਦੀਆਂ ਬੜੀਆਂ ਹੀ ਸੁੰਦਰ ਮਿਸਾਲਾਂ ਹਿਮਾਲੀਆ, ਪੰਜਾਬ ਅਤੇ ਅੰਮ੍ਰਿਤਸਰ ਆਦਿ ਕਵਿਤਾਵਾਂ ਵਿਚ ਵੇਖੀਆਂ ਜਾ ਸਕਦੀਆਂ ਹਨ। ਚਾਤ੍ਰਿਕ ਜੀ ਦਾ ਰੰਗ ਇਹ ਹੈ ਕਿ ਉਹ ਦ੍ਰਿਸ਼ ਵਰਨਣ ਕਰ ਰਹੇ ਹੋਣ ਜਾਂ ਇਤਿਹਾਸ ਲਿਖ ਰਹੇ ਹੋਣ, ਕੋਈ ਕਹਾਣੀ ਸੁਣਾ ਰਹੇ ਹੋਣ, ਜਾਂ ਗੀਤ ਗਾ ਰਹੇ ਹੋਣ, ਉਹ ਆਪਣੇ ਆਪ ਨੂੰ ਉਸ ਦ੍ਰਿਸ਼ ਜਾਂ ਭਾਵ ਨਾਲ ਇਕ ਮਿਕ ਕਰ ਲੈਂਦੇ ਹਨ, ਅਤੇ ਜਿਵੇਂ ਆਮੋ ਸਾਹਮਣੇ ਬੈਠ ਕੇ ਗੱਲਾਂ ਕਰੀਦੀਆਂ ਹਨ, ਤਿਵੇਂ ਹੀ ਦ੍ਰਿਸ਼ ਜਾਂ ਦਿਲ ਨਾਲ, ਅੰਮ੍ਰਿਤਸਰ ਜਾਂ ਪੰਜਾਬ ਨਾਲ ਫੁਹਾਰੇ ਜਾਂ ਫੁਲ ਨਾਲ ਗੱਲਾਂ ਕਰਦੇ ਹਨ। ਕੁਝ ਕੁ ਤੁਕਾਂ ਇਥੇ ਦੇਣੀਆਂ ਕੁਥਾਂ ਨਹੀਂ ਹੋਣਗੀਆਂ। ਪੰਜਾਬ ਨੂੰ ਆਖਦੇ ਹਨ :

ਵਸੇ ਰਸੇ ਘਰ ਬਾਰ ਤੇਰਾ, ਜੀਵੇ ਜਾਗੇ ਪਰਵਾਰ ਤੇਰਾ।
ਮਸਜਿਦ, ਮੰਦਿਰ, ਦਰਬਾਰ ਤੇਰਾ, ਮੀਆਂ, ਲਾਲਾ, ਸਰਦਾਰ ਤੇਰਾ।
ਦੁਨੀਆਂ ਸਾਰੀ ਭੀ ਸੋਹਣੀ ਹੈ, ਪਰ ਤੇਰਾ ਰੰਗ ਨਿਆਰਾ ਹੈ।
ਤੇਰੀ ਮਿਟੀ ਦਾ ਕੁੱਲਾ ਭੀ ਸ਼ਾਹੀ ਮਹਿਲਾਂ ਤੋਂ ਪਿਆਰਾ ਹੈ।
... ...
ਦਰਗਾਹੀ ਸਦੇ ਆ ਗਏ ਨੇ, ਸਾਮਾਨ ਤਿਆਰ ਸਫਰ ਦਾ ਹੈ,
ਪਰ ਤੇਰੇ ਬੂਹਿਓਂ ਹਿਲਣ ਨੂੰ ਚਾਤ੍ਰਿਕ ਦਾ ਜੀ ਨਹੀਂ ਕਰਦਾ ਹੈ।

ਅੰਤਲੀਆਂ ਦੋ ਤੁਕਾਂ ਬਹੁਤ ਹੀ ਡੂੰਘੀਆਂ ਹਨ। ਕਿਵੇਂ ਥੋੜੇ ਜਹੇ ਸ਼ਬਦਾਂ ਵਿਚ ਮੌਤ ਦੀ ਯਾਦ ਅਤੇ ਉਸ ਦੇ ਮੁਕਾਬਲੇ ਉਤੇ ਜੀਵਨ ਦੀ ਲਾਲਸਾ ਨੂੰ ਪੰਜਾਬ ਦਾ ਪਿਆਰ ਬਣਾ ਦਿਤਾ ਹੈ। ਭਾਰਤ ਜਾਂ ਬਾਕੀ ਦੁਨੀਆਂ ਨੂੰ ਨਫਰਤ ਨਹੀਂ ਕੀਤੀ ਪਰ ਪੰਜਾਬ ਨਾਲ ਕਿੰਨੀ ਡੂੰਘੀ ਅਪਣੱਤ ਪਾ ਦਿਖਾਈ ਹੈ।

ਅੰਮ੍ਰਿਤਸਰ ਨੂੰ ਵੀ ਅਖੀਰ ਉਤੇ ਅਸੀਸ ਦੇਂਦੇ ਹਨ :

ਖੂਬ ਵਧ ਫੁਲ ਸ਼ਾਦ ਰਹੁ ਆਬਾਦ ਰਹੁ,
ਯਾਦ ਰਖ ਚਾਤ੍ਰਿਕ ਨੂੰ ਹਰਦਮ ਯਾਦ ਰਹੁ।

ਇਵੇਂ ਹੀ ਹਿਮਾਲੀਆ ਨੂੰ ਕਿਹਾ ਹੈ :

ਸਦਾ ਜਵਾਨ ਰਹੇਂ ਤੂੰ ਸ਼ਾਲਾ, ਵਸੇ ਤੇਰੀ ਉਚ ਅਟਾਰੀ,
ਸਾਈਂ ਤੇਰੇ ਲੰਗਰ ਚਾਤ੍ਰਿਕ ਪਰਲੋ ਤੀਕਰ ਰਖੇ ਜਾਰੀ।

ਸੰਭਵ ਹੈ ਕਿ ਭਾਈ ਵੀਰ ਸਿੰਘ ਜੀ ਦੀ ਪੁਸਤਕ 'ਮਟਕ ਹੁਲਾਰੇ' ਤੋਂ ਪ੍ਰੇਰਿਤ ਹੋ ਕੇ ਹੀ ਚਾਤ੍ਰਿਕ ਜੀ ਨੇ ਆਪ ਕਸ਼ਮੀਰ ਜਾ ਕੇ ਕਸ਼ਮੀਰ ਬਾਬਤ ਕੁਝ ਕਵਿਤਾਵਾਂ ਆਪ ਲਿਖੀਆਂ। ਇਨ੍ਹਾਂ ਵਿਚ ਚਨਾਰ ਦਾ ਰੁਖ, ਨਿਸ਼ਾਤ ਬਾਗ, ਗੁਲਮਰਗ, ਸੁਫੈਦੇ ਦਾ ਰੁਖ ਆਦਿ ਕਵਿਤਾਵਾਂ ਸ਼ਾਮਲ ਹਨ। ਫਰਕ ਇਹ ਹੈ ਕਿ ਜਿਥੇ ਭਾਈ ਸਾਹਿਬ ਭਾਈ ਵੀਰ ਸਿੰਘ ਜੀ ਨੇ ਕਸ਼ਮੀਰ ਦਿਆਂ ਦ੍ਰਿਸ਼ਾਂ ਵਿਚੋਂ ਅਧਿਆਤਮਕ ਤੇ ਮਾਨਸਿਕ ਸਿਖਿਆ ਜਾਂ ਪਰੇਰਨਾ ਲਈ ਹੈ, ਉਥੇ ਚਾਤ੍ਰਿਕ ਜੀ ਨੇ ਦ੍ਰਿਸ਼ ਨੂੰ ਬਹੁਤ ਵਧੇਰੇ ਪ੍ਰਤੱਖ ਰੂਪ ਵਿਚ ਦਰਸਾਇਆ ਹੈ। ਭਾਈ ਸਾਹਿਬ ਤਾਂ ਦ੍ਰਿਸ਼ ਦਾ ਕੇਵਲ ਨਾਂ ਹੀ ਲੈਂਦੇ ਹਨ, ਉਸ ਤੋਂ ਪਿਛੋਂ ਆਪਣੇ ਵਿਚਾਰਾਂ ਦਾ ਹੀ ਪ੍ਰਗਟਾ ਕਰਦੇ ਹਨ।

ਚਾਤ੍ਰਿਕ ਨੇ ਇਨ੍ਹਾਂ ਦ੍ਰਿਸ਼ਾਂ ਨੂੰ ਵਰਨਣ ਕਰਦਿਆਂ ਇਨ੍ਹਾਂ ਅੰਦਰ ਲੁਕੇ ਕੋਈ ਡੂੰਘੇ ਭਾਵ ਪ੍ਰਗਟਾਉਣ ਵਲ ਰੁੱਚੀ ਨਹੀਂ ਵਿਖਾਈ ਅਤੇ ਨਾ ਹੀ ਕੋਈ ਦਾਰਸ਼ਨਿਕ ਬਣਨ ਦਾ ਯਤਨ ਕੀਤਾ ਹੈ। ਚਨਾਰ ਦਾ ਰੁਖ ਪੰਜਾਬ ਵਿਚ ਆਉਣ ਤੋਂ ਕੇਵਲ ਇਸ ਲਈ ਇਨਕਾਰੀ ਹੈ ਕਿ ਪੰਜਾਬ ਵਿਚ ਉਸ ਦੀ ਇਹ ਕਦਰ ਨਹੀਂ ਰਹਿ ਜਾਣੀ ਜੋ ਕਸ਼ਮੀਰ ਵਿਚ ਹੈ ਅਤੇ ਸੁਫੈਦੇ ਦਾ ਰੁਖ ਕੇਵਲ ਇਹ ਉਲਾਂਭਾ ਦਿੰਦਾ ਹੈ ਕਿ ਕਵੀਆਂ ਨੇ ਮੇਰੀ ਬਾਬਤ ਕੁਝ ਨਹੀਂ ਲਿਖਿਆ ਅਤੇ ਇਸ ਕਰਕੇ ਕਿ :

'ਗੋਰਿਆਂ ਤੋਂ ਉਘਰਾਉਣ ਸ਼ਾਇਦ ਕਾਲੇ ਹਿੰਦੁਸਤਾਨੀ।'

ਚਾਤ੍ਰਿਕ ਦੀ ਖੂਬੀ ਇਸੇ ਵਿਚ ਹੈ। ਉਹ ਇਕ ਥਾਂ ਲਿਖਦਾ ਹੈ :

ਫੁਲਾਂ ਤੋਂ ਫੁਲ ਵਿਛੋੜ ਲਏ,
ਹਾਜੀਆਂ ਪਾਪੀਆਂ ਪਾ ਪਾ ਪੁਕਾਰਾਂ।

ਇਸ ਤਰ੍ਹਾਂ ਕਹਿੰਦਾ ਇਹ ਹੈ ਕਿ ਕਸ਼ਮੀਰ ਦੇ ਇਕ ਬਾਗ ਵਿਚੋਂ ਫੁੱਲਾਂ ਵਰਗੇ ਸੋਹਣੇ ਦਰਸ਼ਕਾਂ ਨੂੰ ਮਲਾਹਾਂ ਨੇ ਵਾਜਾਂ ਮਾਰ ਮਾਰ ਕੇ ਫੁੱਲਾਂ ਨਾਲੋਂ ਨਿਖੇੜ ਲਿਆ ਹੈ।

ਇਸੇ ਤੋਂ ਚਾਤ੍ਰਿਕ ਦੇ ਦੇਸ਼ ਪਿਆਰ ਦਾ ਅਨੁਮਾਨ ਲਾਇਆ ਜਾ ਸਕਦਾ ਹੈ। ਉਸ ਨੂੰ ਘਰ ਪਿਆਰਾ ਹੈ, ਇਸ ਲਈ ਉਹ ਘਰ ਨੂੰ ਸੋਹਣਾ ਬਣਾਉਣਾ ਚਾਹੁੰਦਾ ਹੈ ਜਿਸ ਵਿਚ ਗ੍ਰਿਹਸਤਣ ਆਪਣਾ ਧਰਮ ਪਛਾਣਦੀ ਹੋਵੇ। ਪਿਤਾ ਵਲੋਂ ਉਹ ਪੁਤਰ ਨੂੰ ਸੂਚਨਾ ਦਿੰਦਾ ਹੈ ਤਾਂ ਜੋ ਘਰ ਚੰਗਾ ਬਣੇ, ਬਾਲ ਵਿਧਵਾ, ਅਨਾਥ ਅਤੇ ਧੀ ਦੀ ਮਾਂ ਵਲ ਚਿੱਠੀ ਆਦਿ ਅਨੇਕਾਂ ਕਵਿਤਾਵਾਂ ਵਿਚ ਉਸ ਨੇ ਸਾਡੇ ਘਰਾਂ ਦੀ ਹਾਲਤ ਨੂੰ ਚੰਗਾ ਬਣਾਉਣ ਦਾ ਯਤਨ ਕੀਤਾ ਹੈ। ਘਰਾਂ ਤੋਂ ਪਿਛੋਂ ਉਹ ਪੰਜਾਬ ਅਤੇ ਭਾਰਤ ਦੇ ਸੋਹਣੇ ਦ੍ਰਿਸ਼ਾਂ ਨੂੰ ਚਿਤ੍ਰਦਾ ਹੈ, ਇਥੋਂ ਦੇ ਦੁਖੀ ਵਸਨੀਕਾਂ ਨਾਲ ਹਮਦਰਦੀ ਦਾ ਪ੍ਰਗਟਾ ਕਰਦਾ ਹੈ, ਤੇ ਸਾਦਗੀ ਅਤੇ ਗਰੀਬੀ ਦੇ ਜੀਵਨ ਨੂੰ ਸਵਰਗੀ ਜੀਵਨ ਬਣਾਉਂਦਾ ਹੈ। ਉਹ ਇਥੋਂ ਦੀ ਬੋਲੀ ਨੂੰ ਅਪਣਾਉਂਦਾ ਹੈ ਅਤੇ ਇਉਂ ਦੇਸ਼ ਪ੍ਰੇਮ ਦਾ ਸਬੂਤ ਦੇਂਦਾ ਹੈ। ਉਸ ਦਾ ਦੇਸ਼ ਪ੍ਰੇਮ ਕਿਸੇ ਨੂੰ ਮੰਦਾ ਆਖਣ ਵਿਚ ਨਹੀਂ ਸਗੋਂ ਆਪਣੇ ਦੇਸ਼ ਦੀ ਰਹਿਣੀ ਬਹਿਣੀ, ਰਿਵਾਜ, ਦ੍ਰਿਸ਼, ਬੋਲੀ ਅਤੇ ਵਸਨੀਕਾਂ ਨੂੰ ਚੰਗਾ ਕਹਿਣ ਵਿਚ ਹੈ। ਇਨ੍ਹਾਂ ਵਿਚ ਸੁੰਦਰਤਾ ਲਭਣ ਤੇ ਦਰਸਾਉਣ ਵਿਚ ਹੀ ਇਹ ਦੇਸ਼ ਦੀ ਇਜ਼ਤ, ਦੇਸ਼ ਦੇ ਵਸਨੀਕਾਂ ਵਿਚ ਵਿਦਿਆ, ਦੇਸ਼ ਦੇ ਵਸਨੀਕਾਂ ਵਿਚ ਹਿੰਮਤ ਆਦਿ ਗੁਣ ਤੇ ਸਦਾਚਾਰ ਪ੍ਰਚਾਰਨ ਵਿਚ ਹੀ ਉਹ ਦੇਸ਼ ਦਾ ਭਲਾ ਸਮਝਦਾ ਹੈ।

ਹਿੰਦੂ ਮੁਸਲਿਮ ਇਤਫਾਕ ਜਾਂ ਆਪਣੇ ਦੇਸ਼ ਦੀ ਬੋਲੀ ਆਦਿ ਦੇ ਵਿਚਾਰਾਂ ਥਲੇ ਵੀ ਉਸ ਦਾ ਇਹੋ ਵਲਵਲਾ ਕੰਮ ਕਰ ਰਿਹਾ ਹੈ।

ਅੰਤ ਵਿਚ ਇੰਨਾ ਹੀ ਕਹਿਣਾ ਕਾਫੀ ਹੋਵੇਗਾ ਕਿ ਚੰਦਨਵਾੜੀ ਨੇ ਪੰਜਾਬ ਦੀ ਨਵੀਨ ਕਵਿਤਾ ਵਿਚ ਇਕ ਵਿਸ਼ੇਸ਼ ਮੀਲ ਪੱਥਰ ਦਾ ਕੰਮ ਕੀਤਾ ਹੈ। ਇਸ ਤੋਂ ਪ੍ਰਭਾਵਤ ਹੋ ਕੇ ਬਹੁਤ ਸਾਰੇ ਲੋਕਾਂ ਨੇ ਕਵਿਤਾ ਲਿਖੀ ਹੈ ਅਤੇ ਨਵੀਨ ਕਵੀਆਂ ਵਿਚੋਂ ਜਿੰਨਾ, ਸ਼ੌਂਕ ਤੇ ਪਿਆਰ ਨਾਲ ਚੰਦਨਵਾੜੀ ਨੂੰ ਪੜ੍ਹਿਆ ਗਿਆ ਹੈ, ਓਨਾ ਸ਼ਾਇਦ ਕਿਸੇ ਵੀ ਹੋਰ ਕਾਵਿ ਸੰਗ੍ਰਹਿ ਨੂੰ ਨਾ ਪੜ੍ਹਿਆ ਗਿਆ ਹੋਵੇ। ਪ੍ਰੋ. ਦੀਵਾਨ ਸਿੰਘ ਤੇ ਡਾ. ਰੋਸ਼ਨ ਲਾਲ ਆਹੂਜਾ ਨੇ ਲਿਖਿਆ ਹੈ, 'ਸੰਨ 1925 ਤੋਂ (ਜਦ ਪੰਜਾਬੀ ਸਭਾ ਹੋਂਦ ਵਿਚ ਆਈ) ਉਸ ਦੀ ਸ਼ੋਭਾ ਫੈਲਣੀ ਸ਼ੁਰੂ ਹੋਈ ਅਤੇ ਕਿੱਸਿਆਂ ਦਾ ਮਾਹਰ ਕਵੀ ਇਕ ਦਮ ਨਵੇਂ ਪੰਜਾਬ ਦਾ ਨਵਾਂ ਕਵੀ ਬਣ ਗਿਆ। ਪੰਜਾਬੀਆਂ ਨੇ ਪੰਜਾਬ ਦਾ ਪ੍ਰਤੀਨਿਧ, ਪੰਜਾਬ ਦਾ ਆਗੂ ਕਵੀ ਪਛਾਣ ਲਿਆ। ਪੁਰਾਣੇ ਜ਼ਮਾਨੇ ਅਤੇ ਨਵੇਂ ਕਾਲ ਦੀ ਕਵਿਤਾ ਦੇ ਐਨ ਦਰਮਿਆਨ ਚਾਤ੍ਰਿਕ ਇਕ ਕੜੀ ਬਣ ਗਿਆ।

'ਭਾਈ ਵੀਰ ਸਿੰਘ ਮਾਨਨੀਯ ਕਵੀ ਸੀ, ਸਤਿਕਾਰਿਆ ਜਾਂਦਾ ਸੀ, ਪੂਜਨੀਯ ਸੀ, ਇਕ ਉਚਾ ਅਧਿਆਤਮਕ ਵਿਅਕਤੀ ਮੰਨਿਆ ਜਾਂਦਾ ਸੀ, ਜਿਸ ਨੂੰ ਸਮਝਣ ਵਾਲੇ ਥੋੜੇ ਅਤੇ ਗਿਣਵੇਂ ਸਨ। ਪਰ ਚਾਤ੍ਰਿਕ ਜਨ ਸਾਧਾਰਨ ਦਾ ਪਿਆਰਾ ਤੇ ਜਨਤਾ ਦੀਆਂ ਅੱਖਾਂ ਦਾ ਤਾਰਾ ਬਣ ਗਿਆ, ਜਿਸ ਨੂੰ ਹਰ ਕੋਈ ਸਮਝਦਾ, ਬੁਝਦਾ, ਮਾਣਦਾ, ਤਾਂਘਦਾ ਸੀ। ਉਸ ਸਮੇਂ ਤੋਂ ਲੈ ਕੇ ਹੁਣ ਤਕ ਚਾਤ੍ਰਿਕ ਦੀ ਸੁਹਰਤ ਵਧਦੀ ਹੀ ਰਹੀ।'

(ਚਾਤ੍ਰਿਕ ਦੀ ਚੋਣਵੀਂ ਕਵਿਤਾ, ਸਫ਼ਾ 22, 23)

ਡਾ. ਮੋਹਨ ਸਿੰਘ ਦੀਵਾਨਾ ਨੇ ਠੀਕ ਹੀ ਲਿਖਿਆ ਹੈ :

'ਚਾਤ੍ਰਿਕ ਕੰਮ. ਵਿਚ ਨਿਪੁੰਨਤਾ ਦਾ ਕਲਾਕਾਰ ਹੈ, ਨਿਹਕਾਮਤਾ ਦਾ ਉਸਤਾਦ ਹੈ, ਅਨੰਦ ਦਾ ਗਵੱਯਾ ਹੈ, ਪਰਉਪਕਾਰ ਦਾ ਪੁਤਲਾ ਤੇ ਬੰਧਨ ਵਿਚ ਛੁਟਕਾਰੇ ਦੇ ਝਲਕਾਰੇ ਵੇਖਣ ਵਿਖਾਉਣ ਵਾਲਾ ਕਵੀ ਹੈ। ਜੀ ਹਾਂ, ਚਾਤ੍ਰਿਕ ਸੁੰਦਰਤਾ, ਪ੍ਰੇਮ, ਅਨੰਦ, ਅਨੰਦ-ਕੀਰਤਨ ਦਾ ਸਰਬ ਉਤਮ ਰਸੀਆ ਤੇ ਸੁਨੇਹਾ-ਪੁਚਾਊ ਗੁਰਮੁਖ ਹੈ......।'

(ਚਾਤ੍ਰਿਕ ਅਭਿਨੰਦਨ ਗ੍ਰੰਥ, ਸਫ਼ਾ 66)

ਕੇਸਰ ਕਿਆਰੀ

ਇਸ ਪੁਸਤਕ ਦੇ ਟਾਈਟਲ ਉਤੇ ਹੀ ਲਿਖਿਆ ਹੈ, ਸੰਨ 1932 ਤੋਂ 1940 ਤਕ ਦੀਆਂ ਕਵਿਤਾਵਾਂ ਦਾ ਸੰਗ੍ਰਹਿ। ਕਿਤਾਬ ਨੂੰ ਵੇਖਿਆਂ ਪ੍ਰਗਟ ਹੋ ਜਾਂਦਾ ਹੈ ਕਿ ਚੰਦਨਵਾੜੀ ਨਾਲੋਂ 'ਕੇਸਰ ਕਿਆਰੀ' ਸਮਾਜਕ ਦੀ ਥਾਂ ਵਧੇਰੇ ਸਰੋਦੀ ਹੋ ਗਈ ਹੈ। ਉਂਜ ਵੀ ਇਸ ਵਿਚ ਵਧੇਰੇ ਗੀਤ, ਗਜ਼ਲਾਂ, ਕਾਫੀਆਂ, ਕਵਾਲੀਆਂ ਅਤੇ ਦੋਹਰੇ ਹਨ।

ਕਵੀ ਦੇ ਤਜਰਬੇ, ਅਨੁਭਵ ਅਤੇ ਪ੍ਰਗਟਾ-ਢੰਗ ਤਿੰਨਾਂ ਵਿਚ ਹੀ ਇਕ ਵਿਸ਼ੇਸ਼ ਪਰਿਵਰਤਨ ਆਇਆ ਹੈ। ਸਮਾਜ ਵਿਚ ਵੀ ਇਨ੍ਹਾਂ ਵਰ੍ਹਿਆਂ ਵਿਚ ਪੰਜਾਬ ਦੇ ਜੀਵਨ ਵਿਚ ਕਾਫੀ ਅੰਤਰ ਆ ਗਿਆ ਹੈ। ਪ੍ਰਗਤੀਵਾਦੀ ਲਹਿਰ ਜ਼ੋਰ ਪਕੜ ਜਾਂਦੀ ਹੈ। ਅਕਾਲੀ, ਕਾਂਗਰਸ ਆਦਿ ਲਹਿਰਾਂ ਆਪਣੀ ਸਿਖਰ ਨੂੰ ਛੋਹ ਕੇ ਵਾਪਸ ਮੁੜ ਪੈਂਦੀਆਂ ਹਨ, ਪਰ ਅੰਗਰੇਜ਼ਾਂ ਵਿਰੁਧ ਜਜ਼ਬਾ ਅਤੇ ਨਾਲ ਹੀ ਹਿੰਦੂ ਮੁਸਲਿਮ ਫਸਾਦ ਕਾਇਮ ਰਹਿੰਦੇ ਹਨ। ਕਵੀ ਦਾ ਬੁਢੇਪਾ ਉਸ ਨੂੰ ਦ੍ਰਿਸ਼ ਵਰਨਣ ਦੀ ਥਾਂ ਜਾਂ ਕਥਾਵਾਂ ਦੀ ਥਾਂ ਕੁਝ ਸੋਚਣ ਅਤੇ ਨਤੀਜੇ ਕਢਣ ਲਈ ਪਰੇਰਦਾ ਹੈ। ਉਸ ਦੇ ਅੰਦਰ ਮਾਨਵਤਾ ਲਈ ਹਮਦਰਦੀ ਹੋਰ ਵੀ ਵਧਦੀ ਹੈ ਅਤੇ ਇਸ ਲਈ ਉਹ ਆਪਣੇ ਭਾਵਾਂ ਨੂੰ ਹੋਰ ਵੀ ਸੰਖੇਪ ਸ਼ਬਦਾਂ ਵਿਚ ਪ੍ਰਗਟਾ ਸਕਦਾ ਹੈ।

ਇਸ ਪੁਸਤਕ ਦੀ ਭੂਮਿਕਾ, ਜੋ ਚਾਤ੍ਰਿਕ ਜੀ ਨੇ ਆਪ ਹੀ ਲਿਖੀ ਹੈ, ਤੋਂ ਪ੍ਰਤੱਖ ਹੈ ਕਿ ਕਵੀ ਦੇ ਮਨ ਵਿਚ ਪੰਜਾਬ ਦਾ ਪਿਆਰ ਹੋਰ ਵੀ ਡੂੰਘਾ ਧਸ ਗਿਆ ਹੈ। ਉਹ ਪੰਜਾਬ ਤੋਂ ਆਸਾਂ ਰਖਦਾ ਹੈ ਕਿ ਕਿਸੇ ਦਿਨ ਇਹ ਪੰਜਾਬ ਕਵੀ ਦੇ ਸੁਪਨਿਆਂ ਨੂੰ ਸਾਮਰਤੱਖ ਕਰ ਦੇਵੇਗਾ ਅਤੇ ਉਹ ਵੀ ਕਵੀ ਦੇ ਅੱਖਾਂ ਮੀਟਣ ਤੋਂ ਪਹਿਲੋਂ। ਇੰਜ ਹੀ ਉਸ ਨੂੰ ਪੰਜਾਬੀ ਬੋਲੀ ਦੇ ਭਵਿਸ਼ ਦੀ ਵੀ ਆਸ ਹੈ। ਕਵੀ ਨੇ ਆਪ ਲਿਖਿਆ ਹੈ, 'ਦੂਜੇ ਹੁਣ ਤਾਂ ਇਹ ਜਮਾਨੇ ਦੀ ਚਾਲ ਮੁਤਾਬਕ, ਕਿਸੇ ਕੰਮ ਆ ਸਕਦੀ, ਪਰ ਬਹੀ ਤਬਹੀ ਹੋ ਜਾਣ ਨਾਲ ਬੇਕਾਰ ਹੋ ਜਾਣ ਦਾ ਡਰ ਸੀ। ਇਸ ਦਾ ਇਹ ਮਤਲਬ ਕਦੇ ਨਹੀਂ, ਕਿ ਇਹ 'ਕੇਸਰ ਕਿਆਰੀ' ਮੇਰੀ ਆਖਰੀ ਰਚਨਾ ਹੈ, ਸਗੋਂ ਜੋ ਪਿਆਰ ਮੇਰਾ ਪੰਜਾਬੀ ਕਵਿਤਾ ਨਾਲ ਸ਼ੁਰੂ ਤੋਂ ਚਲਾ ਆਇਆ ਹੈ, ਉਹ ਮੇਰੇ ਅਖੀਰੀ ਦਮਾਂ ਤਕ ਨਿਭੇਗਾ ਅਤੇ ਸ਼ਾਇਦ ਇਸ ਤੋਂ ਅਗਲੀ ਪੁਸਤਕ ਜਲਦੀ ਹੀ ਪ੍ਰਕਾਸ਼ਤ ਹੋਵੇ।'

(ਸਫ਼ਾ ਜ-ਝ)

'ਪ੍ਰੀਤ ਲੜੀ' ਦੇ ਲੇਖਾਂ ਅਤੇ ਅੰਗਰੇਜ਼ੀ ਵਿਦਿਆ ਦੇ ਵਧੇਰੇ ਪ੍ਰਚੱਲਤ ਹੋਣ ਕਾਰਨ ਸੰਨ 1940 ਤਕ ਆਪਣੇ ਵਿਚਾਰਾਂ ਨੂੰ ਨਿਸ਼ੰਗ ਹੋ ਕੇ ਕਹਿ ਦੇਣ ਦਾ ਰਿਵਾਜ ਆਮ ਚੱਲ ਪਿਆ ਸੀ। ਇਸ ਲਈ ਇਨ੍ਹਾਂ (ਕੇਸਰ ਕਿਆਰੀ) ਵਿਚ ਸਾਨੂੰ ਕਈ ਰੰਗਾਂ ਦਾ ਕੇਸਰ ਮਿਲਦਾ ਹੈ, ਪਰ ਵਧੇਰੇ ਨਿਜੀ ਰੰਗ ਹੀ ਪਰੰਧਾਨ ਹੈ, ਜਿਸ ਦਾ ਬੀਜ ਚੰਦਨਵਾੜੀ ਵਿਚ ਵੀ ਲਭਦਾ ਹੈ, ਜਿਹਾ ਕਿ ਅਸੀਂ ਪੰਜਾਬ ਤੇ ਹਿਮਾਲਾ ਦੀਆਂ ਕਵਿਤਾਵਾਂ ਅਤੇ ਗੀਤਾਂ ਦਾ ਵਰਨਣ ਕਰਦਿਆਂ ਕਹਿ ਚੁਕੇ ਹਾਂ।

ਕੇਸਰ ਕਿਆਰੀ ਦੀਆਂ ਲਗਪਗ ਸਾਰੀਆਂ ਹੀ ਕਵਿਤਾਵਾਂ ਛੋਟੀਆਂ ਛੋਟੀਆਂ ਹਨ, ਅਸਲੀ ਅਰਥਾਂ ਵਿਚ ਸਰੋਦੀ ਕਵਿਤਾਵਾਂ, ਜਿਨ੍ਹਾਂ ਵਿਚ ਬਹੁਤ ਨਿਜੀ ਭਾਵ ਨੂੰ ਨਿਜੀ ਢੰਗ ਨਾਲ ਬੜੇ ਸੰਗੀਤਕ ਸ਼ਬਦਾਂ ਵਿਚ ਕਿਹਾ ਹੁੰਦਾ ਹੈ। ਇਸ ਲਈ ਅਸੀਂ ਕਹਿ ਸਕਦੇ ਹਾਂ ਕਿ ਕੇਸਰ ਕਿਆਰੀ ਵਿਚ ਚਾਤ੍ਰਿਕ ਨਿਰੋਲ ਸਰੋਦੀ ਕਵੀ ਹੈ। ਇਥੇ ਨਾ ਉਹ ਸੁਧਾਰਕ ਹੈ ਨਾ ਪ੍ਰਚਾਰਕ। ਜੋ ਕਿਧਰੇ ਪਰਚਾਰ ਕਰਦਾ ਵੀ ਹੈ ਤਾਂ ਉਹ ਏਨਾ ਸਾਂਝਾ ਤੇ ਲੁਕਵਾਂ ਜਿਹਾ ਹੈ ਕਿ ਪਰਚਾਰ ਜਾਪਦਾ ਨਹੀਂ। ਉਹ ਸਾਰੀ ਦੁਨੀਆਂ ਉਤੇ ਇਕ ਝਾਤ ਮਾਰਦਾ ਹੈ, ਭਵਿਸ਼ ਲਈ ਆਸ਼ਾਵਾਦੀ ਹੈ, ਪਰ ਉਹ ਸਿਧੀਆਂ ਪਰਾਪੇਗੰਡੇ ਵਾਲੀਆਂ ਕਵਿਤਾਵਾਂ ਏਥੇ ਨਹੀਂ ਲਿਖਦਾ। ਸੁਭਾਵਕ ਪੜ੍ਹਦਿਆਂ ਤਾਂ ਇਹੋ ਜਾਪਦਾ ਹੈ ਕਿ ਉਹ ਕਿਸੇ ਰੁਮਾਂਚਕ ਕਵੀ ਵਾਂਗ ਕੇਵਲ ਆਪਣੇ ਦਿਲ ਦੀਆਂ ਗੱਲਾਂ ਹੀ ਕਰ ਰਿਹਾ ਹੈ ਅਤੇ ਕੇਵਲ ਪਿਆਰ ਦੇ ਭਾਵ ਹੀ ਪ੍ਰਗਟਾ ਰਿਹਾ ਹੈ। ਪਰ ਉਹ ਇਹੋ ਜਿਹੀਆਂ ਗੱਲਾਂ ਕਰਦਾ, ਬੜੀ ਦੂਰ ਦੀ ਸੁਝਾ ਜਾਂਦਾ ਹੈ।

ਉਹ ਸ਼ੁਰੂ ਤਾਂ ਕਰਦਾ ਹੈ,

'ਪੀਆ ਪੀਆ, ਨਿਤ ਬੋਲ ਵੇ ਪਪੀਹਾ',

ਪਰ ਅੰਤਲੀਆਂ ਤੁਕਾਂ ਵਿਚ ਕਹਿ ਜਾਂਦਾ ਹੈ,

'ਆਸਾਂ ਦੀਆਂ ਡੋਰੀਆਂ ਖਿਲਾਰੀ ਰੱਖ ਲੰਮੀਆਂ,
ਬੱਝਾ ਰਹੇ ਹੌਸਲਾ ਅਡੋਲ ਵੇ ਪਪੀਹਾ।'

ਦੂਸਰਾ ਪ੍ਰਭਾਵ ਇਨ੍ਹਾਂ ਕਵਿਤਾਵਾਂ ਤੋਂ ਇਹ ਵੀ ਪੈਂਦਾ ਹੈ ਕਿ ਕਵੀ ਇਥੇ ਵਧੇਰੇ ਰਹਸਵਾਦੀ ਅਤੇ ਸੂਫੀ ਬਣ ਗਿਆ ਹੈ ਜਿਹਾ ਕਿ ਉਸ ਦੀਆਂ ਕਈ ਇਕ ਕਾਫੀਆਂ ਤੋਂ ਪ੍ਰਗਟ ਹੋ ਜਾਂਦਾ ਹੈ। ਪਰ ਉਹ ਇਹ ਸੂਫੀਪੁਣਾ ਵੀ ਬੁਲ੍ਹੇ ਵਾਲਾ ਹੀ ਨਿਭਾਉਂਦਾ ਹੈ ਜਿਵੇਂ ਉਹ ਆਪਣੇ ਆਲੇ ਦੁਆਲੇ ਤੋਂ ਬੇਪ੍ਰਵਾਹ ਨਹੀਂ ਹੁੰਦਾ, ਭਾਵੇਂ ਕਹਿੰਦਾ ਇਹੋ ਹੈ :

'ਦਿਲ ਅਟਕਿਆ ਬੇਪ੍ਰਵਾਹ ਦੇ ਨਾਲ।'

ਇੰਜ ਹੀ ਚਾਤ੍ਰਿਕ 'ਕੀ ਡਿਠਾ' ਵਾਲੀ ਕਵਿਤਾ ਵਿਚ ਸੰਬੋਧਨ ਤਾਂ ਦੁਨੀਆਂ ਸਾਜਣ ਵਾਲੇ ਸਾਈਂ, ਜੀਆਂ ਦੇ ਰਖਵਾਲੇ ਸਾਈਂ ਨੂੰ ਕਰਦਾ ਹੈ, ਪਰ ਕਹਿੰਦਾ ਇਹ ਹੈ :

ਚਿਹਰੇ ਭੋਲੇ ਭਾਲੇ ਦੇਖੇ, ਸੀਨੇ ਕਾਲੇ ਕਾਲੇ ਦੇਖੇ।
ਮਤਲਬ ਦੀ ਅਸ਼ਨਾਈ ਦੇਖੀ, ਬਾਹਰੋਂ ਖੂਬ ਸਫਾਈ ਦੇਖੀ।
ਅਖਾਂ ਯਾਰ ਬਦਲਦੇ ਦੇਖੇ, ਖੋਟੇ ਸਿਕੇ ਚਲਦੇ ਦੇਖੇ।
ਸੰਤਾਂ ਦੀ ਅਜਾਰੀ ਦੇਖੀ, ਪੂਰੀ ਜ਼ਾਹਰਦਾਰੀ ਦੇਖੀ।
ਲੀਡਰ ਹੌਕੇ ਭਰਦੇ ਦੇਖੇ, ਖੀਸੇ ਖਾਲੀ ਕਰਦੇ ਦੇਖੇ।
ਮੰਦਰ ਦੇਖੇ, ਡੇਰੇ ਦੇਖੇ, ਗੱਦੀਦਾਰ ਲੁਟੇਰੇ ਵੇਖੇ।

ਬੀਬੇ ਬੀਬੇ ਦਾਹੜੇ ਦੇਖੇ, ਅੰਦਰ ਵਜਦੇ ਧਾੜੇ ਦੇਖੇ।
ਰੌਣਕ ਦੇਖੀ, ਮੇਲੇ ਦੇਖੇ, ਸੋਹਣੇ ਤੇ ਅਲਬੇਲੇ ਦੇਖੇ।
ਨਾ ਡਿਠੀ ਪਰ ਦਿਲੀ ਸਫਾਈ, ਅੰਦਰ ਬਾਹਰ ਦੀ ਇਕਤਾਈ।
ਜੇਕਰ ਏਹੋ ਹਾਲ ਰਹੇਗਾ, ਤੇਰੇ ਪਿਛੇ ਕੌਣ ਤੁਰੇਗਾ ?
ਭਟਕਦਿਆਂ ਨੂੰ ਰਾਹੇ ਪਾ ਦੇ, ਅੰਦਰੋਂ ਬਾਹਰੋਂ ਇਕ ਬਣਾ ਦੇ।

ਕਿਸੇ ਇਕ ਦ੍ਰਿਸ਼ਟਾਂਤ ਤੋਂ ਪ੍ਰਗਟ ਹੈ ਕਿ ਕਵੀ ਦਾ ਸੁਧਾਰਵਾਦ ਤਾਂ ਉਸ ਦਾ ਖਹਿੜਾ ਨਹੀਂ ਛਡਦਾ, ਪਰ ਇਹ ਸੁਧਾਰ ਕਰਨ ਲਈ ਹੁਣ ਉਹ ਕਵੀ ਵਧੇਰੇ ਹੈ ਤੇ ਪਰਚਾਰਕ ਘਟ। ਹਰ ਕਵੀ ਜਾਂ ਲੇਖਕ ਪਰਚਾਰਕ ਹੁੰਦਾ ਹੈ, ਸਵਾਲ ਕੇਵਲ ਇਹ ਰਹਿ ਜਾਂਦਾ ਹੈ ਕਿ ਉਹ ਆਪਣੀ ਕਲਾ ਵਿਚ ਕਲਾਤਮਕ ਵਧੇਰੇ ਹੈ ਕਿ ਪ੍ਰਚਾਰਕ। ਹੌਸਲੇ ਨਾਲ ਕਿਹਾ ਜਾ ਸਕਦਾ ਹੈ ਕਿ ਕੇਸਰ ਕਿਆਰੀ ਵਿਚ ਕਲਾ ਦੀ ਖੁਸ਼ਬੋ ਵਧੇਰੇ ਹੈ ਅਤੇ ਪਰਚਾਰ ਜਾਂ ਸੁਧਾਰ ਦਾ ਮੈਦਾਨ ਘਟ।

ਉਂਜ ਇਨ੍ਹਾਂ ਕਵਿਤਾਵਾਂ ਵਿਚ ਕਵੀ ਚਾਤ੍ਰਿਕ ਇਕ ਗੱਲ ਵਿਚ ਭਾਈ ਵੀਰ ਸਿੰਘ ਜੀ ਦੇ ਵਧੇਰੇ ਨੇੜੇ ਹੋ ਗਿਆ ਹੈ। ਇਹ ਨੇੜਤਾ ਵਿਸ਼ੇ ਵਸਤੂ ਦੀ ਨਹੀਂ ਸਗੋਂ ਢੰਗ ਦੀ ਹੈ। ਜਿਵੇਂ ਭਾਈ ਵੀਰ ਸਿੰਘ ਜੀ 'ਬਿਜਲੀਆਂ ਦੇ ਹਾਰ' ਅਤੇ 'ਮਟਕ ਹੁਲਾਰੇ' ਵਿਚ ਕੇਵਲ ਆਪਣੇ ਮਨ ਦੇ ਪ੍ਰਭਾਵ ਦਿੰਦੇ ਹਨ, ਇੰਜ ਹੀ ਚਾਤ੍ਰਿਕ ਇਥੇ ਆਪਣਾ ਮਤ ਜਾਂ ਆਪਣੇ ਅਨੁਭਵ ਦਾ ਨਿਚੋੜ ਹੀ ਸਾਡੇ ਸਾਹਮਣੇ ਰਖਦਾ ਹੈ। ਇਸ ਵਿਚ ਸੰਦੇਹ ਨਹੀਂ ਕਿ ਉਹ ਭਾਈ ਸਾਹਿਬ ਨਾਲੋਂ ਵਧੇਰੇ ਸਪਸ਼ਟ ਰਹਿੰਦਾ ਹੈ।

ਇਸ ਦਾ ਕਾਰਨ ਇਹ ਹੈ ਕਿ ਚਾਤ੍ਰਿਕ ਦਾ ਕੇਂਦਰੀ ਵਸਤੂ ਸਮਾਜਕ ਹੈ। ਚੰਦਨਵਾੜੀ ਵਿਚ ਉਹ ਸਮਾਜਕ ਰੀਤਾਂ ਰਸਮਾਂ ਦਾ ਸੁਧਾਰ ਕਰਦਾ ਸੀ। ਕੇਸਰ ਕਿਆਰੀ ਵਿਚ ਉਹ ਸਮਾਜ ਦੀ ਰਾਜਸੀ ਅਤੇ ਸਦਾਚਾਰਕ, ਵਿਦਿਅਕ ਅਤੇ ਆਰਥਿਕ ਦਸ਼ਾ ਨੂੰ ਹੀ ਲੈਂਦਾ ਹੈ। ਇਹ ਅਜਿਹੇ ਵਿਸ਼ੇ ਹਨ ਜਿਨ੍ਹਾਂ ਦਾ ਕੁਝ ਅਨੁਭਵ ਹਰ ਜੀਉਂਦੇ ਮਨੁਖ ਨੂੰ ਹੁੰਦਾ ਹੈ ਅਤੇ ਜਿਨ੍ਹਾਂ ਬਾਬਤ ਵਧੇਰੇ ਸੋਚਣ ਦੀ ਲੋੜ ਨਹੀਂ ਰਹਿੰਦੀ। ਦੂਜਾ ਕਾਰਨ ਇਹ ਵੀ ਪ੍ਰਤੱਖ ਹੈ ਕਿ ਚਾਤ੍ਰਿਕ ਦੀ ਸ਼ੈਲੀ ਜਾਂ ਲਿਖਣ-ਢੰਗ ਵਧੇਰੇ ਸਪਸ਼ਟ ਹੁੰਦਾ ਹੈ ਜਿਸ ਵਿਚ ਉਹ ਰੁਮਾਂਸਿਕ ਰੰਗ ਭਰ ਕੇ ਉਸ ਨੂੰ ਹੋਰ ਵੀ ਚਮਕਾ ਦਿੰਦਾ ਹੈ।

ਇਹ ਤਾਂ ਮੰਨਣਾ ਪੈਂਦਾ ਹੈ ਕਿ ਸਾਡੇ ਦੇਸ਼ ਦੀ ਅਵੱਸਥਾ ਸੰਨ 1940 ਵਿਚ ਬਹੁਤੀ ਸੰਤੋਖ-ਜਨਕ ਨਹੀਂ ਸੀ। ਸ਼ਕਾਇਤ ਜ਼ਿਆਦਾ ਸੀ, ਸੰਤੁਸ਼ਟਤਾ ਘਟ, ਸਗੋਂ ਬਹੁਤ ਹੀ ਘਟ। ਚਾਤ੍ਰਿਕ ਦੀ ਕਵਿਤਾ ਵਿਚ ਹੀ ਦੇਖਿਆ ਜਾ ਸਕਦਾ ਹੈ ਕਿ ਧਰਮਬੀਰ ਦੀ ਕਵਿਤਾ ਵਿਚ ਜੋ ਕਵੀ ਪਰਜਾ ਦੇ ਸੁਖ ਆਰਾਮ ਦਾ ਵਰਨਣ ਕਰਦਿਆਂ ਅੰਗਰੇਜ਼ਾਂ ਦੇ ਗਲ ਸੇਹਰਾ ਪਾ ਰਿਹਾ ਹੈ, ਉਹ ਕਵੀ ਸੰਨ 1931 ਵਿਚ ਛਪਣ ਵਾਲੀ ਚੰਦਨਵਾੜੀ ਵਿਚ ਦੇਸ਼ ਦੀ ਹਾਲਤ ਉੱਤੇ ਅਥਰੂ ਕੇਰਦਾ ਹੈ ਅਤੇ ਵਿਗੜੀ ਨੂੰ ਸਵਾਰਨ ਲਈ ਪਰੇਰਦਾ ਹੈ।

ਕਿਹਾ ਜਾ ਸਕਦਾ ਹੈ ਕਿ ਚੰਦਨਵਾੜੀ ਵਿਚ ਕਵੀ ਦੇ ਮਨ ਉੱਤੇ ਇਕ ਨਿਰਾਸ਼ਾਵਾਦ ਕੰਮ ਕਰ ਰਿਹਾ ਹੈ ਜਿਸ ਵਿਚੋਂ ਉਹ ਆਸ਼ਾ ਦੀ ਕਿਰਨ ਸੁਧਾਰ ਦੇ ਆਤਸ਼ੀ ਦੇ ਸ਼ੀਸ਼ੇ ਰਾਹੀਂ ਚਮਕਾਉਣ ਦਾ ਯਤਨ ਕਰ ਰਿਹਾ ਹੈ।

ਕੇਸਰ ਕਿਆਰੀ ਵਿਚ ਕਵੀ ਆਸ਼ਾਵਾਦੀ ਵਧੇਰੇ ਹੈ। ਉਹ ਕਹਿੰਦਾ ਹੈ :

ਜਦ ਨੀਂਦ ਅਸਾਡੀ ਉਘੜੇਗੀ,
ਪਲਟੇਗਾ, ਦੌਰ ਜ਼ਮਾਨੇ ਦਾ।

ਵਰਕਾ ਉਲਟਾਇਆ ਜਾਵੇਗਾ।
ਖ਼ੁਦਗਰਜ਼ੀ ਦੇ ਅਫ਼ਸਾਨੇ ਦਾ।

ਇਹ ਆਸ਼ਾ ਦਾ ਸੂਰਜ ਬਹੁਤ ਛੇਤੀ ਚਮਕਣ ਵਾਲਾ ਮੰਨੀ ਬੈਠਾ ਹੈ ਅਤੇ ਉਸ ਦਾ ਕਾਰਨ ਹੈ ਜਿਸ ਨੂੰ ਅਸੀਂ ਚਾਤ੍ਰਿਕ ਦੀ ਦੀਰਘ ਦ੍ਰਿਸ਼ਟੀ ਅਤੇ ਭਵਿਸ਼ ਨੂੰ ਤਕ ਲੈਣ ਦੀ ਸ਼ਕਤੀ ਆਖ ਸਕਦੇ ਹਾਂ। ਯਾਦ ਰਹੇ ਕਿ ਕਵੀ ਇਹ ਸਭ ਕੁਝ ਭਾਰਤ ਦੀ ਸੁਤੰਤਰਤਾ ਤੋਂ 6, 7 ਸਾਲ ਪਹਿਲਾਂ ਹੀ ਲਿਖ ਰਿਹਾ ਹੈ :

ਘਬਰਾਉਣ ਦੀ ਨਹੀਂ ਲੋੜ ਭਗਤ
ਉਹ ਦਿਨ ਆਏ ਹੀ ਚਾਹੁੰਦੇ ਨੇ।
ਸਭ ਸੁਪਨੇ ਸਚੇ ਹੋਣ ਲਈ,
ਰਾਹ ਰਸਤੇ ਖੁਲ੍ਹਦੇ ਜਾਂਦੇ ਨੇ।
ਨਵ-ਯੁਵਕ ਉਮੰਗਾਂ ਨਾਲ ਭਰੇ,
ਜਗਵੇਦੀ ਪਏ ਰਚਾਂਦੇ ਨੇ।
ਇਸ ਸਾਹਸਤ ਹੀਣੇ ਭਾਰਤ ਦੀ,
ਮੁਕਤੀ ਦੇ ਦਿਨ ਭੀ ਆਉਣਗੇ।
ਦਿਨ ਆਉਣਗੇ, ਦਿਨ ਆਉਣਗੇ,
ਉਹ ਦਿਨ ਨਿਰਸੰਸੇ ਆਉਣਗੇ।

ਇਹ ਆਸ਼ਾਵਾਦੀ ਝਲਕ ਕਵੀ ਨੂੰ ਜਾਂ ਉਸ ਦੇ ਪਾਠਕਾਂ ਨੂੰ ਨਿਰੀ ਉਡੀਕ ਵਿਚ ਨਹੀਂ ਬਹਾਉਂਦੀ, ਸਗੋਂ 'ਤਿਆਰ ਹੋ' ਅਤੇ 'ਭਾਰਤ ਵਾਲੇ' ਆਦਿ ਨਾਂ ਦੀਆਂ ਨਜ਼ਮਾਂ ਵਿਚ ਉਦਮ ਕਰਨ ਅਤੇ ਆਪਣੇ ਆਪ ਨੂੰ ਹੋਰ ਚੰਗਾ ਬਣਾਉਣ ਲਈ ਪਰੇਰਦੀ ਹੈ।

ਇਉਂ ਕਹਿਣਾ ਚਾਹੀਦਾ ਹੈ ਕਿ ਕਵੀ ਨੇ ਕੇਸਰ ਕਿਆਰੀ ਵਿਚ ਰੁਮਾਂਸ ਦੇ ਕੇਸਰੀ ਫੁੱਲਾਂ ਦੇ ਹੇਠ ਕੌਮੀ ਵਲਵਲਿਆਂ ਨੂੰ ਥਾਂ ਦਿਤੀ ਹੈ ਅਤੇ ਇਸੇ ਬਦਲੇ ਕਿਧਰੇ ਕਿਧਰੇ ਉਸ ਨੇ ਦੇਸ਼ ਦੀਆਂ ਕਮਜ਼ੋਰੀਆਂ ਵਲ ਵੀ ਧਿਆਨ ਦਵਾਇਆ ਹੈ ਜਿਵੇਂ :

ਨਾ ਖੁਲ੍ਹ ਹੈ ਖਿਆਲ ਦੀ,
ਨਾ ਜੀਭ ਹੀ ਆਜ਼ਾਦ ਹੈ।
ਨਾ ਜੀਉਣ ਦਾ ਸਵਾਦ ਹੈ,
ਨਾ ਮਰਨ ਦਾ ਸਵਾਦ ਹੈ।

ਕਵਿਤਾ ਤੇ ਗੀਤਕਾਰੀ ਦੇ ਵਿਚਾਰ ਨਾਲ ਇੰਜ ਹੀ ਆਸ਼ਾਵਾਦ ਅਤੇ ਕੌਮ-ਭਾਵਨਾ ਦੇ ਕਲਾਤਮਕ ਪ੍ਰਗਟਾ ਦੇ ਦ੍ਰਿਸ਼ਟੀਕੋਨ ਤੋਂ ਕੇਸਰ ਕਿਆਰੀ, ਚੰਦਨਵਾੜੀ ਨਾਲੋਂ ਹਰ ਤਰ੍ਹਾਂ ਵਧੇਰੇ ਸਫਲ ਕਵਿਤਾ ਹੈ। ਇਸ ਵਿਚ ਆਏ ਗੀਤ ਤੇ ਦੋਹਰੇ ਰੁਮਾਂਟਿਕ ਰੰਗ ਦਿੰਦਿਆਂ ਵੀ ਵਧੇਰੇ ਡੂੰਘਾਈ ਦੇ ਮਾਲਕ ਹਨ ਅਤੇ ਉਹ ਹਰ ਪ੍ਰਕਾਰ ਦੇ ਸਰੋਤਿਆਂ ਨੂੰ ਤੇ ਪਾਠਕਾਂ ਨੂੰ ਬੰਨ੍ਹ ਸਕਦੇ ਹਨ।

ਦੁਖ ਦੀ ਗੱਲ ਹੈ ਕਿ ਪੰਜਾਬੀ ਵਿਚ ਇੰਨੇ ਸੋਹਣੇ ਗੀਤਾਂ ਦੇ ਸੰਗ੍ਰਹਿਆਂ ਦੀ ਘਾਟ ਹੋਣ ਦੇ ਬਾਵਜੂਦ ਵੀ ਰੇਡੀਓ ਵਾਲੇ, ਨਾਟਕ ਖੇਡਣ ਵਾਲੇ ਅਤੇ ਹੋਰ ਇਕੱਤਰਤਾਵਾਂ ਵਿਚ ਗੀਤ ਗਾਉਣ ਵਾਲੇ, ਕੇਸਰ ਕਿਆਰੀ ਦੀ ਭਿੰਨੀ ਭਿੰਨੀ ਖੁਸ਼ਬੂ ਤੋਂ ਆਪਣੇ ਸਰੋਤਿਆਂ ਤੇ ਦਰਸ਼ਕਾਂ ਨੂੰ ਵਾਂਝਿਆਂ ਰਖਦੇ ਹਨ।

ਸਾਡਾ ਵਿਚਾਰ ਹੈ ਕਿ ਪੰਜਾਬੀ ਵਿਚ ਸਫਲ ਸੰਗੀਤਕ ਕਵਿਤਾ ਦੀ ਨਵੀਨ ਸਮੇਂ ਵਿਚ ਇੰਨੀ ਸਫਲ ਪੁਸਤਕ ਹੋਰ ਕੋਈ ਨਹੀਂ।

ਨਵਾਂ ਜਹਾਨ

ਕੇਸਰ ਕਿਆਰੀ ਵਿਚ ਜੋ ਭਵਿਸ਼ ਬਾਣੀ ਚਾਤ੍ਰਿਕ ਜੀ ਨੇ ਕੀਤੀ ਸੀ ਕਿ ਛੇਤੀ ਹੀ ਮੈਂ ਇਕ ਹੋਰ ਕਾਵਿ-ਸੰਗ੍ਰਹਿ ਪ੍ਰਕਾਸ਼ਤ ਕਰ ਸਕਾਂਗਾ, ਉਸ ਨੂੰ ਉਨ੍ਹਾਂ ਨੇ ਸਚ ਕਰ ਦਿਖਾਇਆ। ਸੰਨ 1942 ਵਿਚ ਉਨ੍ਹਾਂ ਨੇ ਨਵਾਂ ਸੰਗ੍ਰਹਿ 'ਨਵਾਂ ਜਹਾਨ' ਛਪਾਇਆ।

ਇਹ ਨਵਾਂ ਨਾਂ ਹੀ ਨਵੀਨਤਾ ਦਾ ਸੰਕੇਤ ਸੀ। ਚਾਤ੍ਰਿਕ ਜੀ ਦੀਆਂ ਪਹਿਲੀਆਂ ਦੋਹਾਂ ਪੁਸਤਕਾਂ ਦੇ ਨਾਂ ਚੰਦਨਵਾੜੀ ਤੇ ਕੇਸਰ ਕਿਆਰੀ, ਕਸ਼ਮੀਰ ਦੇ ਦੋ ਵੱਖ ਵੱਖ ਥਾਂਵਾਂ ਨਾਲ ਸੰਬੰਧਤ ਸਨ। ਚੰਦਨਵਾੜੀ ਉਥੇ ਇਕ ਬਰਫ ਦੇ ਪੁਲ ਵਾਲੇ ਥਾਂ ਦਾ ਨਾਂ ਹੈ ਜੋ ਪਹਿਲਗਾਮ ਤੋਂ ਸ਼ੇਸ਼ਨਾਗ ਅਤੇ ਉਸ ਤੋਂ ਅਗੇ ਅਮਰਨਾਥ ਦੇ ਮੰਦਰ ਦੇ ਰਾਹ ਵਿਚ ਆਉਂਦਾ ਹੈ। ਇਹ ਪੁਲ ਲਿਧੜ ਨਾਂ ਦੀ ਨਦੀ ਉੱਤੇ ਹੈ ਅਤੇ ਪਹਿਲਗਾਮ ਤੋਂ 6, 7 ਮੀਲ ਦੇ ਫਾਸਲੇ ਤੇ ਹੈ।

ਇਹ ਬਰਫ ਦਾ ਪੁਲ ਕਿਸੇ ਕਮੇਟੀ ਜਾਂ ਇੰਜੀਨੀਅਰ ਨੇ ਨਹੀਂ ਬਣਾਇਆ ਸਗੋਂ ਕੁਦਰਤ ਦੇ ਇੰਜੀਨੀਅਰ ਦੀ ਹੀ ਕਾਰੀਗਰੀ ਹੈ ਅਤੇ ਵਧੇਰੇ ਗਰਮੀ ਵਿਚ ਕਦੇ ਕਦੇ ਬਰਫ ਪਿਘਲ ਕੇ ਇਹ ਟੁਟ ਵੀ ਜਾਂਦਾ ਹੈ। ਪੁਲ ਐਵੇਂ ਇਸ ਦਾ ਨਾਂ ਹੀ ਹੈ ਅਸਲ ਵਿਚ ਨਦੀ ਦੇ ਉਪਰ ਬਰਫ ਦਾ ਇਕ ਵਡਾ ਢੇਲਾ ਜੰਮਿਆ ਹੋਇਆ ਹੈ ਜਿਸ ਉੱਤੋਂ ਘੋੜੇ, ਖੋਤੇ, ਬੰਦੇ ਸਭ ਲੰਘਦੇ ਹਨ ਅਤੇ ਯਾਤਰੀ ਵੀ ਬਥੇਰੀ ਬਰਫ ਤੋੜ ਤੋੜ ਕੇ ਖੇਡ ਆਉਂਦੇ ਹਨ। ਹੋ ਸਕਦਾ ਹੈ ਕਿਸੇ ਭਲੇ ਸਮੇਂ ਵਿਚ ਇਥੇ ਆਲੇ ਦੁਆਲੇ ਚੰਦਨ ਦੇ ਬੂਟੇ ਹੋਣ, ਪਰ ਹੁਣ ਤਾਂ ਕੇਵਲ ਪਹਾੜੀਆਂ ਹੀ ਹਨ।

ਕੇਸਰ ਕਿਆਰੀ ਸ੍ਰੀ ਨਗਰ ਤੋਂ ਕੁਝ ਮੀਲ ਜੰਮੂ ਦੇ ਰਾਹ ਵਿਚ ਕੁਝ ਏਕੜਾਂ ਦਾ ਇਕ ਖਿਤਾ ਹੈ। ਕੇਵਲ ਉੱਨੀ ਕੁ ਧਰਤੀ ਵਿਚ ਹੀ ਕੇਸਰ ਬੀਜਿਆ ਜਾਂਦਾ ਹੈ ਅਤੇ ਇਕੱਠਾ ਕੀਤਾ ਜਾਂਦਾ ਹੈ। ਬੜੇ ਯਤਨ ਹੋਏ ਹਨ ਕਿ ਆਲੇ ਦੁਆਲੇ ਜਾਂ ਹੋਰ ਕਿਤੇ ਵੀ ਅਜਿਹਾ ਤਜਰਬਾ ਕੀਤਾ ਜਾਏ, ਪਰ ਇਹ ਅਜੇ ਸਫਲ ਨਹੀਂ ਹੋਇਆ।

ਰਵਾਜ ਅਨੁਸਾਰ ਚਾਹੀਦਾ ਤਾਂ ਇਹ ਸੀ ਕਿ ਚਾਤ੍ਰਿਕ ਜੀ ਨੇ ਜਿਵੇਂ ਪਹਿਲੇ ਦੋ ਨਾਂ ਕਸ਼ਮੀਰ ਵਿਚੋਂ ਲਏ ਸਨ, ਤਿਵੇਂ ਹੀ ਇਹ ਤੀਸਰੀ ਪੁਸਤਕ ਦਾ ਨਾਂ ਕਸ਼ਮੀਰ ਦੇ ਹੀ ਕਿਸੇ ਦ੍ਰਿਸ਼ ਨਾਲ ਸਬੰਧਤ ਕਰਦੇ, ਪਰ ਉਨ੍ਹਾਂ ਦੇ ਆਪਣੇ ਵਿਚਾਰ ਅਨੁਸਾਰ ਇਥੇ ਉਹ ਇਕ ਨਵਾਂ ਰਾਹ ਫੜਦੇ ਹਨ ਅਤੇ ਪਿਛਲੀਆਂ ਕਵਿਤਾਵਾਂ ਤੋਂ ਵਖਰੇ ਨਵੇਂ ਵਸਤੂ ਤੇ ਨਵੇਂ ਵਿਸ਼ੇ ਨਵੇਂ ਢੰਗ ਨਾਲ ਦਸਦੇ ਹਨ।

ਆਲੋਚਕਾਂ ਦੇ ਵਿਚਾਰ ਅਨੁਸਾਰ ਚਾਤ੍ਰਿਕ ਜੀ ਸੰਨ 1933 ਵਿਚ ਅਰੰਭ ਹੋਏ ਪ੍ਰੀਤ-ਲੜੀ ਦੇ ਵਿਚਾਰਾਂ ਅਤੇ ਸ. ਗੁਰਬਖਸ਼ ਸਿੰਘ ਐਡੀਟਰ ਪ੍ਰੀਤ ਲੜੀ ਦੀ ਮਿਤਰਤਾ ਤੋਂ ਪ੍ਰਭਾਵਤ ਹੋ ਕੇ ਇਸ ਨਵੇਂ ਪਾਸੇ ਵਲ ਪਰੇਰੇ ਗਏ।

ਭੂਮਿਕਾ ਵਿਚ ਉਨ੍ਹਾਂ ਨੇ ਸਾਫ ਹੀ ਕਿਹਾ ਹੈ, ਮੇਰੀ ਇਹ ਪੁਸਤਕ ਅਗਾਂਹ ਵਧੂ ਨੌਜਵਾਨਾਂ ਲਈ ਹੈ। ਉਨ੍ਹਾਂ ਦੇ ਸ਼ਬਦ ਹਨ 'ਮੇਰੀ ਇਹ ਰਚਨਾ ਸਿਰਫ ਨਰੋਏ ਤੇ ਅਗੇ ਵਧੂ ਖਿਆਲਾਂ ਵਾਲੇ ਪੜ੍ਹੇ-ਲਿਖੇ ਨੌਜਵਾਨਾਂ ਦੇ ਵਾਸਤੇ ਹੈ, ਜਿਨ੍ਹਾਂ ਦੀ ਦਲੇਰੀ ਤੇ ਨਿਡਰਤਾ ਦੇ ਭਰੋਸੇ ਉੱਤੇ ਮੈਂ ਹਿੰਦੁਸਤਾਨ ਦੇ ਸ਼ਾਨਦਾਰ ਭਵਿਸ਼ ਦਾ ਸੁਪਨਾ ਲੈ ਰਿਹਾ ਹਾਂ।

ਪੰਜਾਬੀ ਦੇ ਕੁਝ ਸਾਹਿਤਕ ਆਲੋਚਕਾਂ ਦਾ ਵਿਚਾਰ ਹੈ ਕਿ ਮੇਰੀਆਂ ਕਵਿਤਾਵਾਂ ਵਿਚ ਰੁਮਾਂਸ ਦਾ ਅਭਾਵ ਹੈ। ਹੋਵੇਗਾ ਭਾਵੇਂ ਏਸੇ ਤਰ੍ਹਾਂ ਹੀ, ਪਰ ਮੇਰੇ ਆਪਣੇ ਆਪ ਨੂੰ ਤਾਂ ਸਾਰੇ ਆਲੇ

ਦੁਆਲੇ ਅੱਗ ਲਗੀ ਹੋਈ ਦਿਸ ਰਹੀ ਹੈ। ਜੇ ਮੇਰੀ ਕਵਿਤਾ ਨੇ ਦੇਸ਼ ਦਾ ਕੁਝ ਸਵਾਰਨਾ ਹੀ ਨਹੀਂ ਤਾਂ ਇਸ ਦਾ ਹੋਣਾ ਵੀ ਕਿਸ ਕੰਮ, ਇਸ਼ ਨੂੰ ਫੂਕ ਦੇਣਾ ਹੀ ਬੇਹਤਰ ਹੈ।'[1]

68 ਵਰ੍ਹੇ ਦੀ ਉਮਰ ਵਿਚ ਚਾਤ੍ਰਿਕ ਜਵਾਨਾਂ ਵਾਲੇ ਜੋਸ਼ ਨਾਲ ਇਹ ਸ਼ਬਦ ਕਹਿ ਰਿਹਾ ਹੈ ਅਤੇ ਇਨ੍ਹਾਂ ਨੂੰ ਪੜ੍ਹ ਕੇ ਸੁਭਾਵਕ ਹੀ ਪਾਠਕ ਪ੍ਰਤੀਤ ਕਰਨ ਲਗ ਪੈਂਦਾ ਹੈ ਕਿ ਚਾਤ੍ਰਿਕ ਸਚ ਮੁਚ ਹੀ ਕਿਸੇ ਨਵੇਂ ਜਹਾਨ ਵਿਚ ਆ ਗਿਆ ਹੈ।

ਪਰ ਜਿਨ੍ਹਾਂ ਨੇ ਪਿਛਲੀਆਂ ਕਿਤਾਬਾਂ ਧਿਆਨ ਨਾਲ ਵੇਖੀਆਂ ਹਨ, ਉਹ ਇਸ ਨਵੇਂ ਜਹਾਨ ਦੇ ਫੁਲ ਦਾ ਬੀਜ ਕੇਸਰ ਕਿਆਰੀ ਵਿਚ ਬੀਜਿਆ ਵੇਖ ਸਕਦੇ ਹਨ। ਇਹ ਠੀਕ ਹੈ ਕਿ ਇਹ ਕੇਸਰ ਫੁਲਿਆ ਨਵੇਂ ਜਹਾਨ ਵਿਚ ਆ ਕੇ ਹੀ ਹੈ, ਅਤੇ ਇਸ ਤੋਂ ਅਗੇ ਪਿਛੇ ਇਹ ਕਿਆਰੀ ਨਹੀਂ ਬੀਜੀ ਜਾ ਸਕੀ।

ਪ੍ਰਿੰ. ਤੇਜਾ ਸਿੰਘ ਜੀ ਨੇ ਕਿਹਾ ਹੈ, 'ਹੋਰ ਕਵੀ ਤਾਂ ਜਿਥੋਂ ਜੀਵਨ ਸ਼ੁਰੂ ਕਰਦੇ ਹਨ, ਬੁਢੇ ਹੋਣ ਤਕ ਉਥੇ ਹੀ ਰਹਿੰਦੇ ਹਨ। ਜੇ ਰੋਮਾਂਟਿਕ ਸਜ ਧਜ ਨਾਲ ਕਦਮ ਚੁਕਿਆ ਤਾਂ ਤੋੜ ਤਕ ਰੋਮਾਂਸ ਵਿਚ ਹੀ ਗੇੜੇ ਲਾਂਦੇ ਰਹਿੰਦੇ ਹਨ ਜੇ ਸੁਧਾਰਕ ਜਾਂ ਸਿਖਿਆ-ਪੂਰਤ ਵਿਚਾਰਾਂ ਨਾਲ ਸ਼ੁਰੂ ਕਰਦੇ ਹਨ ਤਾਂ ਇਸੇ ਰਸਮੀਆ ਵਹਿਣ ਵਿਚ ਸਾਰਾ ਸਮਾਂ ਲੰਘਾ ਦਿੰਦੇ ਹਨ।

ਚਾਤ੍ਰਿਕ ਹੋਰਾਂ ਵਿਚ ਖਾਸ ਵਾਧਾ ਇਹ ਹੈ ਕਿ ਸਮੇਂ ਦੇ ਹਰ ਗੇੜ ਨਾਲ ਆਪਣੀ ਜੀਵਨ-ਕਲਾ ਭੀ ਭਵਾਈ ਜਾਂਦੇ ਹਨ। ਇਨ੍ਹਾਂ ਦੀ ਹਰ ਇਕ ਆਉਣ ਵਾਲੀ ਕਿਤਾਬ ਪਿਛੇ ਲਿਖੀਆਂ ਜਾ ਚੁਕੀਆਂ ਕਿਤਾਬਾਂ ਨਾਲੋਂ ਕੋਈ ਆਪਣਾ ਖਾਸ ਵਾਧਾ ਲੈ ਕੇ ਆਉਂਦੀ ਹੈ। 'ਚੰਦਨਵਾੜੀ' ਦੀਆਂ ਚਨਣਾਠੀਆਂ ਆਪਣੀ ਖੁਸ਼ਬੂ ਨੂੰ ਦੂਰ ਦੂਰ ਤਕ ਖਿਲਾਰਦੀਆਂ ਸਨ। ਕੇਸਰ ਕਿਆਰੀ ਦੀ ਖੁਸ਼ਬੂ ਧੀਮੀ ਧੀਮੀ ਤੇ ਸਥਾਨਕ ਰੰਗ ਵਾਲੀ ਸੀ। ਇਹ ਤੀਜੀ ਪੁਸਤਕ ਜੋ ਮੈਂ ਦੇਖੀ ਹੈ, ਅਜ ਕਲ ਦੀਆਂ ਜੀਵਨ-ਗੁੰਝਲਾਂ ਤੇ ਆਜ਼ਾਦੀ ਦੇ ਜ਼ਮਾਨੇ ਦੀਆਂ ਉਮੰਗਾਂ ਨਾਲ ਭਰਪੂਰ ਹੈ। ਮਾਲੂਮ ਹੁੰਦਾ ਹੈ ਕਿ ਲਿਖਾਰੀ ਜ਼ਮਾਨੇ ਦੇ ਬਦਲਣ ਨਾਲ ਆਪ ਭੀ ਆਪਣੇ ਅੰਦਰ ਲੋੜਵੰਦੀਆਂ ਤਬਦੀਲੀਆਂ ਲਿਆਂਦਾ ਜਾਂਦਾ ਹੈ ਤੇ ਹਮੇਸ਼ਾਂ ਅਪਟੂਡੇਟ ਰਹਿੰਦਾ ਹੈ। ਸਚ ਹੈ ਜ਼ਿੰਦਗੀ ਨਾਂ ਹੀ ਤਬਦੀਲੀ ਦਾ ਹੈ। ਜਿਹੜਾ ਸਮੇਂ ਨਾਲ ਬਦਲਦਾ ਨਹੀਂ, ਉਹ ਮੁਰਦਾ ਹੈ।'

(ਚਾਤ੍ਰਿਕ ਅਭਿਨੰਦਨ ਗ੍ਰੰਥ, ਸਫ਼ਾ 154)

ਇਨ੍ਹਾਂ ਸ਼ਬਦਾਂ ਦਾ ਪ੍ਰਮਾਣ ਚਾਤ੍ਰਿਕ ਜੀ ਦੀ ਇਸ ਪੁਸਤਕ ਦੇ ਆਰੰਭ ਵਿਚ ਦਿਤੀ ਆਪਣੀ ਲਿਖੀ ਭੂਮਿਕਾ ਵਿਚੋਂ ਹੀ ਮਿਲ ਜਾਂਦਾ ਹੈ। ਇਸ ਭੂਮਿਕਾ ਵਿਚ ਚਾਤ੍ਰਿਕ ਜੀ ਨੇ ਬੜੇ ਹੌਸਲੇ ਨਾਲ, (ਜਿਸ ਦਾ ਬੀਜ ਪ੍ਰੀਤ ਲੜੀ ਦੀ ਖੇਤੀ ਵਿਚ ਹੀ ਉਗਿਆ ਜਾਪਦਾ ਹੈ) ਭਾਰਤ ਦੀ ਪੁਰਾਤਨ ਵਿਚਾਰ ਪ੍ਰਣਾਲੀ ਉੱਤੇ ਬੜੇ ਕਰੜੇ ਸ਼ਬਦਾਂ ਵਿਚ ਆਲੋਚਨਾ ਕੀਤੀ ਹੈ, ਇਸ ਵਿਚ ਵਧੇਰੇ ਸ਼ਿਕਵਾ ਭਾਰਤ ਦੀ ਦਿਮਾਗੀ, ਧਾਰਮਿਕ ਤੇ ਰਾਜਸੀ ਗੁਲਾਮੀ ਉੱਤੇ ਹੈ। ਧਾਰਮਿਕ ਗੁਲਾਮੀ ਵਿਚ ਉਨ੍ਹਾਂ ਨੇ ਬ੍ਰਾਹਮਣਾਂ ਦੇ ਸਵਰਗ ਨਰਕ ਦੇ ਸਟੰਟ, ਮੁਕਤੀ ਦੇ ਸਵਾਲ, ਗੱਦੀਦਾਰ ਜਿਸ ਵਿਚ ਗੁਰੂਡੰਮ ਸ਼ਾਮਿਲ ਹੈ ਆਦਿ ਦੀ ਸ਼ਕਾਇਤ ਕੀਤੀ ਹੈ।

ਦੂਜੀ ਸ਼ਕਾਇਤ ਉਨ੍ਹਾਂ ਨੇ ਦਾਨ ਪ੍ਰਣਾਲੀ ਦੀ ਅਯੋਗ ਵਰਤੋਂ ਤੇ ਕੀਤੀ ਹੈ। ਉਨ੍ਹਾਂ ਦੇ ਸਪਸ਼ਟ ਵਿਚਾਰ ਹਨ, 'ਹਰਿਦੁਆਰ, ਮਥਰਾ, ਬਿੰਦਰਾਬਨ ਆਦਿਕ ਤੀਰਥਾਂ ਉੱਤੇ ਲੱਖਾਂ ਭਿਖ

1. ਭੂਮਿਕਾ ਕੇਸਰ ਕਿਆਰੀ, ਸਫ਼ਾ ਝ

ਮੰਗੇ ਲੋਕ ਯਾਤਰੀਆਂ ਦੀ ਹੌਸਲਾ ਅਫਜ਼ਾਈ ਨਾਲ ਵਧਦੇ ਜਾ ਰਹੇ ਹਨ। ਅਗੇ ਜਾ ਕੇ ਸੁਝਾ ਵੀ ਦਿੱਤਾ ਹੈ ਕਿ ਇਸ ਰੁਪਏ ਨਾਲ ਕਈ ਦਸਤਕਾਰੀਆਂ ਤੇ ਸਕੂਲ ਖੋਲ੍ਹੇ ਜਾ ਸਕਦੇ ਹਨ।

ਤੀਜਾ ਗਿਲਾ ਉਨ੍ਹਾਂ ਦਾ ਇਸਤਰੀਆਂ ਦੀ ਅਵਸਥਾ ਉੱਤੇ ਹੈ ਅਤੇ ਇਸ ਸੰਬੰਧੀ ਉਨ੍ਹਾਂ ਨੇ ਵਿਦਿਆ ਤੇ ਵਾਕਫੀਅਤ ਦੀ ਥੁੜ ਨੂੰ ਕਾਰਨ ਮੰਨਿਆ ਹੈ।

'ਮਜ਼ਹਬ ਖਤਰੇ ਵਿਚ' ਦਾ ਰੌਲਾ ਪਾਉਣ ਵਾਲਿਆਂ ਅਤੇ ਵਖ ਵਖ ਵਹਿਮਾਂ, ਭਰਮਾਂ ਨੂੰ ਮੰਨਣ ਵਾਲਿਆਂ ਦੇ ਕੰਨ ਖਿਚ ਕੇ ਚਾਤ੍ਰਿਕ ਜੀ ਨੇ ਪਰਮਾਤਮਾ ਦੀ ਹੋਂਦ ਸਬੰਧੀ ਵੀ ਆਪਣਾ ਸਪਸ਼ਟ ਨਿਰਣਾ ਦਿੱਤਾ ਹੈ। ਸੰਖੇਪ ਵਿਚ ਅਸੀਂ ਕਹਿ ਸਕਦੇ ਹਾਂ ਕਿ ਇਹ ਫੈਸਲਾ ਦਿੰਦਿਆਂ ਚਾਤ੍ਰਿਕ ਜੀ ਬਹੁਤ ਹੱਦ ਤਕ ਗੁਰਬਖਸ਼ ਸਿੰਘ ਪ੍ਰੀਤ-ਲੜੀ ਨਾਲੋਂ ਵਖਰਾ ਰਾਹ ਲੈਂਦੇ ਹਨ। ਉਹ ਰਬ ਦੀ ਹੋਂਦ ਤੋਂ ਮੁਕਰਦੇ ਨਹੀਂ, ਭਾਵੇਂ ਜਾਦੂ, ਟੂਣਾ, ਮੰਤਰ, ਝਾੜਾ ਅਤੇ ਵੱਖ ਵੱਖ ਮਜ਼ਹਬਾਂ ਦੇ ਵੱਖ ਵੱਖ ਰਬ ਉਹ ਨਹੀਂ ਮੰਨਦੇ। ਉਨ੍ਹਾਂ ਦੀ ਸ਼ਕਾਇਤ ਇਹ ਹੈ ਕਿ 'ਹਿੰਦੂਆਂ ਵਿਚੋਂ ਕੋਈ ਅਜਿਹਾ ਦਲੇਰ ਪੈਦਾ ਨਹੀਂ ਹੋਇਆ ਜੋ ਖੋਜ ਕਰਕੇ ਦਸ ਸਕੇ ਕਿ ਕਿਸ ਤਰ੍ਹਾਂ ਨਰਾਇਣ ਦੇ ਨਾਭ ਕਮਲ ਵਿਚੋਂ ਬ੍ਰਹਮਾਂ ਦੀ ਪੈਦਾਇਸ਼ ਹੋਈ, ਸਮੁੰਦਰ ਕਿਸ ਤਰ੍ਹਾਂ ਰਿੜਕਿਆ ਗਿਆ ਤੇ ਗੰਗਾ ਨੂੰ ਕਿਸ ਤਰ੍ਹਾਂ ਅਕਾਸ਼ ਤੋਂ ਪ੍ਰਿਥਵੀ ਤੇ ਉਤਾਰਿਆ ਗਿਆ।

(ਭੂਮਿਕਾ, ਕੇਸਰ ਕਿਆਰੀ, ਕ, ਖ, ਗ)

ਇਥੇ ਹੀ ਉਨ੍ਹਾਂ ਨੇ ਕੁਝ ਭਵਿਸ਼ ਬਾਣੀ ਵੀ ਕੀਤੀ ਹੈ ਅਤੇ ਬੜੇ ਹੌਸਲੇ ਨਾਲ ਆਖਿਆ ਹੈ ਕਿ ਇਹ ਪੇਸ਼ੀਨਗੋਈਆਂ ਵੀਹ ਸਾਲਾਂ ਦੇ ਅੰਦਰ ਆਉਣ ਵਾਲੀ ਨਸਲ ਦੀ ਹਥੀਂ ਪੂਰੀਆਂ ਹੋ ਜਾਣਗੀਆਂ। ਇਨ੍ਹਾਂ ਪੇਸ਼ੀਨਗੋਈਆਂ ਦੀ ਗਿਣਤੀ ਬਾਰਾਂ ਹੈ ਅਤੇ ਇਨ੍ਹਾਂ ਵਿਚੋਂ ਅਜੇ ਇਨ੍ਹਾਂ 10 ਸਾਲਾਂ ਵਿਚ ਕੇਵਲ ਇਕ ਹੀ ਪੂਰੀ ਹੋਈ ਹੈ, ਉਹ ਭੀ ਕੇਵਲ ਤੀਜਾ ਹਿਸਾ। ਉਸ ਦਾ ਨੰਬਰ 10 ਹੈ ਜਿਸ ਦੇ ਸ਼ਬਦ ਇਹ ਹਨ :

'ਰਾਜ ਹਿੰਦੁਸਤਾਨੀਆਂ ਦਾ ਹੋਵੇਗਾ, ਮਜਾਰਟੀ, ਮਜ਼ਦੂਰਾਂ ਕਿਸਾਨਾਂ ਦੇ ਹਥ ਹੋਵੇਗੀ, ਸਵਾਰਥੀ ਨੂੰ ਨਫਰਤ ਨਾਲ ਦੇਖਿਆ ਜਾਵੇਗਾ।'

(ਭੂਮਿਕਾ ਸਫ਼ਾ ਛ)

ਭੂਮਿਕਾ ਨੂੰ ਇੰਨੇ ਵਿਸਥਾਰ ਨਾਲ ਆਪਣੇ ਪਾਠਕਾਂ ਦੇ ਸਾਹਮਣੇ ਲਿਆਉਣ ਤੋਂ ਭਾਵ ਚਾਤ੍ਰਿਕ ਜੀ ਦੇ ਖਿਆਲਾਂ ਵਿਚ ਆਈ ਦਲੇਰੀ (ਨਾ ਕਿ ਪਰਿਵਰਤਨ ਜੈਸਾ ਕਿ ਬਹੁਤ ਸਾਰੇ ਆਲੋਚਕਾਂ ਨੇ ਕਿਹਾ ਹੈ) ਦਿਖਾਉਣ ਤੋਂ ਹੈ।

ਮੇਰਾ ਵਿਚਾਰ ਇਹ ਹੈ ਕਿ ਮਨੁੱਖ ਦੀ ਚਾਲ ਤੇ ਆਵਾਜ਼ ਵਾਂਗ ਕਵੀ ਦੇ ਵਿਚਾਰਾਂ ਵਿਚ ਵਿਕਾਸ ਤਾਂ ਆਉਂਦਾ ਹੈ, ਪਰਿਵਰਤਨ ਘਟ ਹੀ ਆਉਂਦਾ ਹੈ। ਮੈਂ ਪਰਿਵਰਤਨ ਦੇ ਅਰਥ ਵੀ ਇਹ ਲੈ ਰਿਹਾ ਹਾਂ ਕਿ ਉਸ ਦੇ ਖਿਆਲ ਬਿਲਕੁਲ ਹੀ ਬਦਲ ਜਾਣ ਜਾਂ ਉਸ ਦੀ ਵਿਚਾਰਧਾਰਾ ਹੀ ਬਦਲ ਜਾਵੇ।

ਚੰਦਨਵਾੜੀ, ਕੇਸਰ ਕਿਆਰੀ ਏਥੋਂ ਤਕ ਕਿ ਧਰਮਬੀਰ ਅਤੇ ਪਹਿਲੇ ਕਿੱਸੇ ਪੜ੍ਹਦਿਆਂ ਭੀ ਨਵੇਂ ਜਹਾਨ ਵਿਚ ਆਏ ਅਨੇਕਾਂ ਵਿਚਾਰ ਮਿਲ ਜਾਂਦੇ ਹਨ। ਦ੍ਰਿਸ਼ਟਾਂਤ ਵਜੋਂ ਵਹਿਮਾਂ-ਭਰਮਾਂ ਦਾ ਵਿਰੋਧ, ਪੰਜਾਬ ਦੇ ਦ੍ਰਿਸ਼ਾਂ ਨਾਲ ਪ੍ਰੀਤ, ਰਬ ਦੇ ਆਪੇ ਬਣੇ ਠੇਕੇਦਾਰਾਂ ਦੇ ਪਾਏ ਭੁਲੇਖੇ (ਚੰਦਨਵਾੜੀ ਵਿਚ ਕੋਰਾ ਕਾਦਰ) ਹਿੰਦੂ ਮੁਸਲਮ ਏਕਤਾ, ਜੋ ਇਥੇ ਚਾਰੇ ਯਾਰ ਪੁਰਾਣੇ, ਦੇ ਨਾਂ

ਥਲੇ ਆਈ ਹੈ, ਲੜਾਈ ਦਾ ਵਿਰੋਧ, ਦੇਸ਼ ਪਿਆਰ, ਅਜ਼ਾਦੀ ਦੀ ਤੜਪ, ਇਸਤ੍ਰੀ ਦੀ ਦੁਰਦਸ਼ਾ ਲਈ ਤਰਸ ਅਤੇ ਅਜਿਹੇ ਹੋਰ ਅਨੇਕਾਂ ਵਿਚਾਰ ਪਿਛੇ ਇਨ੍ਹਾਂ ਪੁਸਤਕਾਂ ਵਿਚ ਆ ਚੁਕੇ ਹਨ।

ਸਭ ਤੋਂ ਵੱਡਾ ਭੁਲੇਖਾ ਜੋ ਕਈ ਆਲੋਚਕਾਂ ਨੂੰ ਲਗਾ ਹੈ, ਉਹ ਇਹ ਹੈ ਕਿ ਨਵਾਂ ਜਹਾਨ ਤਕ ਪੁਜ ਕੇ ਚਾਤ੍ਰਿਕ ਨਾਸਤਕ ਹੋ ਗਿਆ ਹੈ। ਜਿਨ੍ਹਾਂ ਨੇ ਧਿਆਨ ਨਾਲ ਪੁਸਤਕ ਨੂੰ ਪੜ੍ਹਿਆ ਹੈ, ਉਹ ਜਾਣਦੇ ਹਨ ਕਿ ਰਬ ਬਾਬਤ ਜੋ ਦ੍ਰਿਸ਼ਟੀਕੋਨ ਚਾਤ੍ਰਿਕ ਦਾ 1908 ਵਿਚ ਸੀ, ਉਹੀ 1942 ਵਿਚ ਹੈ। ਡਾ. ਮੋਹਨ ਸਿੰਘ ਨੇ ਇਸ ਭੁਲੇਖੇ ਨੂੰ ਬੜੇ ਹੌਂਸਲੇ ਨਾਲ ਤੇ ਬੜੇ ਸਪਸ਼ਟ ਸ਼ਬਦਾਂ ਵਿਚ ਕਢਣ ਦਾ ਯਤਨ ਕੀਤਾ ਹੈ :

'ਬੇ-ਸਮਝ ਆਖਦੇ ਹਨ, ਚਾਤ੍ਰਿਕ ਰਬ ਵਿਚ ਵਿਸਾਹ ਨਹੀਂ ਰਖਦਾ, ਰਬ ਨੂੰ ਕੋਰਾ ਕਾਦਰ ਆਖਦਾ ਹੈ, ਅਗੇ-ਵਧੂ ਹੈ, ਆਧੁਨਿਕ ਹੈ, ਇਹ ਦੂਖਣਾ ? ਇਹ ਆਰੋਪ ? ਇਹ ਅਲਿਆਂ, ਨੰਗਾ ਸਚ ਤਾਂ ਇਹ ਹੈ ਕਿ ਚਾਤ੍ਰਿਕ ਤੋਂ ਵਧ ਕਿਸੇ ਵੀ ਉਰਦੂ, ਹਿੰਦੀ, ਪੰਜਾਬੀ, ਅੰਗਰੇਜ਼ੀ ਦੇ ਕਵੀ ਨੇ ਇਸ ਪੰਜਾ-ਮਿਸਾਲੇ ਵਾਲੀ ਬਾਣੀ ਨਾਲ ਨਹੀਂ ਬੁਲਾਇਆ, ਵਡਿਆਇਆ ਸੰਬੋਧਿਆ।'

(ਅਭਿਨੰਦਨ ਗ੍ਰੰਥ, ਸਫ਼ਾ 66)

ਹੇਠ ਲਿਖੀਆਂ ਤੁਕਾਂ ਨਵੇਂ ਜਹਾਨ ਵਿਚੋਂ ਹੀ ਲਈਆਂ ਗਈਆਂ ਹਨ ਅਤੇ ਵਿਚਾਰ ਹੈ ਕਿ ਇਹ ਚਾਤ੍ਰਿਕ ਦੀ ਪ੍ਰਮਾਤਮਾ ਸਬੰਧੀ ਪੁਜ਼ੀਸ਼ਨ ਸਪਸ਼ਟ ਕਰ ਦਿੰਦੀਆਂ ਹਨ :

ਸਾਰਾ ਤੇਰਾ ਕਾਰਾ ਤੇ ਹੈ, ਤੂੰ ਨਹੀਂ ਦਿਸਦਾ।
ਐਨਾ ਖਿਲਰ ਖਿਲਾਰਾ ਤੇ ਹੈ, ਤੂੰ ਨਹੀਂ ਦਿਸਦਾ।
ਸੂਰਜ, ਚੰਦ, ਸਤਾਰੇ, ਧਰਤੀ, ਸਭ ਨੂੰ ਕੋਈ ਸਹਾਰਾ ਤੇ ਹੈ, ਤੂੰ ਨਹੀਂ ਦਿਸਦਾ।
ਪਰਬਤ, ਨਦੀਆਂ, ਸਬਜ਼ਾਂ, ਮਹਿਕਾਂ, ਸੂਰਜਾਂ ਦਾ ਭੰਡਾਰਾ ਤੇ ਹੈ, ਤੂੰ ਨਹੀਂ ਦਿਸਦਾ।
ਮਹਿਫਲ, ਸਾਕੀ, ਮੈਂ ਤੇ ਮਸਤੀ, ਰੌਣਕ ਬੋਲ ਬੁਲਾਰਾ ਤੇ ਹੈ, ਤੂੰ ਨਹੀਂ ਦਿਸਦਾ।
ਪੰਧ, ਮੁਸਾਫਿਰ, ਨਦੀ, ਕਿਨਾਰਾ, ਪਾਰ ਲਗਣ ਦਾ ਚਾਰਾ ਤੇ ਹੈ, ਤੂੰ ਨਹੀਂ ਦਿਸਦਾ।
ਪਿਆਰ, ਉਡੀਕ, ਕਸ਼ਸ਼ ਤੇ ਲਾਰਾ, ਲੁਕਵਾਂ ਜਿਹਾ ਇਸ਼ਾਰਾ ਤੇ ਹੈ, ਤੂੰ ਨਹੀਂ ਦਿਸਦਾ।

ਇਉਂ ਕਿਹਾ ਜਾ ਸਕਦਾ ਹੈ ਕਿ ਚਾਤ੍ਰਿਕ ਮੁਢ ਤੋਂ ਹੀ ਰਬ ਦੇ ਨਹੀਂ, ਸਗੋਂ ਰਬ ਦੇ ਨਾਂ ਦੀ ਗਲਤ ਵਰਤੋਂ ਕਰਨ ਵਾਲਿਆਂ ਦੇ ਵਿਰੁਧ ਹੈ, ਉਹ ਧਰਮ ਦੇ ਨਹੀਂ, ਸਗੋਂ ਧਰਮ ਦੇ ਨਾਂ ਉਤੇ ਲੁਟ ਪਾਉਣ ਵਾਲਿਆਂ ਦੇ ਬਰਖਿਲਾਫ ਹੈ। ਇਸੇ ਤਰ੍ਹਾਂ ਉਹ ਧਨ ਕਮਾਉਣ ਨਹੀਂ, ਸਗੋਂ ਕਮਾਏ ਧਨ ਦੀ ਦੁਰ-ਵਰਤੋਂ ਕਰਨ ਵਾਲਿਆਂ ਨੂੰ ਸੋਧਣਾ ਚਾਹੁੰਦਾ ਹੈ। ਇੰਜ ਹੀ ਉਸ ਦਾ ਵਿਚਾਰ ਇਸਤ੍ਰੀ ਅਤੇ ਵਿਦਿਆ ਅਤੇ ਹੋਰ ਸੁਧਾਰਕ ਰੰਗ ਵਾਲਾ ਹੈ, ਨਾ ਉਹ ਭੰਨ ਤੋੜ ਕੇ ਸਭ ਕੁਝ ਨਵਾਂ ਬਣਾਉਣ ਦਾ ਹਾਮੀ ਹੈ ਅਤੇ ਨਾ ਹੀ ਉਹ ਨਿਰੋਲ ਪੁਰਾਤਨਤਾ ਵਿਚ ਅਤੇ ਵਹਿਮ ਭਰਮ ਵਿਚ ਫਸਾਈ ਰਖਣ ਦਾ ਸ਼ੈਦਾਈ ਹੈ। ਉਹ ਅੰਧ ਵਿਸ਼ਵਾਸ ਦਾ ਵਿਰੋਧੀ ਹੈ (ਦੇਖੋ ਨਵਾਂ ਜਹਾਨ ਸਫ਼ਾ 39) ਪਰ ਕਈ ਵਿਸ਼ਵਾਸ ਉਸ ਦੇ ਆਪਣੇ ਅੰਦਰੋਂ ਵੀ ਨਹੀਂ ਨਿਕਲਦੇ। ਉਹ ਉਨ੍ਹਾਂ ਦਾ ਵਿਰੋਧ ਕਰਦਾ ਕਰਦਾ ਉਨ੍ਹਾਂ ਨੂੰ ਪੱਕਿਆਂ ਕਰ ਜਾਂਦਾ ਹੈ :

ਦੇਵਤਿਆ ਰਿਸ਼ੀਆਂ ਦੇ ਵੇਲੇ,
ਪਰ ਸਰਾਪ ਸਨ ਚਲਦੇ।

ਚੁਲੀ ਭਰ ਕੇ ਮੰਤਰ ਪੜ੍ਹਿਆਂ,
ਨਕਸ਼ੇ ਰਹੇ ਬਦਲਦੇ।

ਪਾਠਕ ਸ਼ਬਦਾਂ ਦੀ ਵਰਤੋਂ ਤੇ ਅਨੁਮਾਨ ਲਗਾ ਸਕਦਾ ਹੈ ਕਿ ਧਨੀ ਰਾਮ ਦਾ ਵਿਸ਼ਵਾਸ ਕੀ ਹੈ। ਉਹ ਬਦਲਦੇ ਰਹੇ 'ਹੋਣਗੇ' ਨਹੀਂ ਕਹਿੰਦਾ, ਸਗੋਂ ਮੰਨਦਾ ਹੈ ਕਿ ਬਦਲਦੇ ਰਹੇ 'ਹਨ'.

ਇਥੇ ਵੀ ਉਹ ਮਿਲਾਪ ਦੇ ਪਲਾਂ ਲਈ ਤਰਸਦਾ ਹੈ ਅਤੇ ਸਾਫ ਕਹਿੰਦਾ ਹੈ ਕਿ 'ਹੀਰਿਆ ਤੈਨੂੰ ਪਾੜ ਰਹੇ ਉਸਤਾਦ' ਅਤੇ ਇਥੇ ਵੀ ਪੰਜਾਬ ਉਸ ਦੇ ਸ਼ਬਦਾਂ ਵਿਚੋਂ ਉਸੇ ਤਰ੍ਹਾਂ ਉਘੜਦਾ ਹੈ ਜਿਵੇਂ ਚੰਦਨਵਾੜੀ ਵਿਚ ਉਸ ਦੇ ਸਪਸ਼ਟ ਸ਼ਬਦ ਹਨ ਕਿ :

'ਪਾੜਨ ਵਾਲੇ ਫਿਰਨ ਦੁਆਲੇ,
ਤੂੰ ਓਨਾ ਦੇ ਮੂੰਹ ਕਰ ਕਾਲੇ।
ਸੌਂ ਨਹੀਂ ਗਿਆ ਪੰਜਾਬ।
ਹੀਰਿਆਂ ਤੈਨੂੰ ਪਾੜ ਰਹੇ ਉਸਤਾਦ।'

ਕੁਝ ਇਉਂ ਵੀ ਜਾਪਦਾ ਹੈ ਕਿ ਰੁਮਾਂਸ ਦਾ ਅਭਾਵ ਨਹੀਂ। ਚਾਤ੍ਰਿਕ ਦੀ ਤਾਂ ਖੂਬੀ ਹੀ ਇਹ ਹੈ ਕਿ ਉਹ ਡੂੰਘੇ ਤੋਂ ਡੂੰਘੇ ਵਿਚਾਰ ਨੂੰ ਅਤੇ ਦਰਸ਼ਨ ਨੂੰ ਰੁਮਾਂਸ ਦੇ ਰੰਗ ਵਿਚ ਪੇਸ਼ ਕਰ ਸਕਦਾ ਹੈ। ਉਸ ਨੇ ਰਬ ਨੂੰ ਮਾਹੀ ਬਣਾ ਕੇ ਵੀ ਉਸ ਦੀਆਂ ਉਡੀਕਾਂ ਕੀਤੀਆਂ ਹਨ (ਸਫ਼ਾ 55) ਉਹ ਸੂਫੀਆਂ ਵਾਂਗ ਅਲਫੀ ਪਾ ਕੇ ਪੁਜਾਰਨ ਬਣ ਕੇ ਵੀ ਇਹੋ ਮੰਗ ਕਰਦਾ ਹੈ ਕਿ :

ਬਾਹਰੋਂ ਉਜਲੀ ਅੰਦਰੋਂ ਕਾਲੀ,
ਚੱਜ ਵਿਹੂਣੀ ਪਲਿਓਂ ਖਾਲੀ।
ਹੰਜੂ ਪਾ ਪਾ, ਸਾਬਣ ਲਾ ਲਾ,
ਚਿਕੜ ਭਰੀਆਂ ਕੰਨੀਆਂ ਧੋਵਾਂ।

(ਸਫ਼ਾ 54)

ਅਤੇ ਰਿੰਦਾਂ ਵਾਂਗ ਸਾਕੀ ਨੂੰ ਸੰਬੋਧਨ ਕਰਦਾ ਹੋਇਆ ਕਹਿ ਜਾਂਦਾ ਹੈ :

ਸਾਕੀ, ਅਜ ਤੇਰੀ ਮਹਿਫਲ ਵਿਚ, ਕੋਈ ਰਾਗ ਨਹੀਂ, ਕੋਈ ਰੰਗ ਨਹੀਂ।
ਜ਼ਿਕਰ ਨਹੀਂ ਜਾਮ ਸੁਰਾਹੀ ਦਾ, ਕੋਈ ਨਚਦਾ ਮਸਤ ਮਲੰਗ ਨਹੀਂ।
ਮਤਲਬ ਦੇ ਬੰਦੇ ਬੈਠੇ ਨੇਂ, ਬੁਕਲਾਂ ਵਿਚ ਚੋਰ ਹੈ ਗਰਜ਼ਾਂ ਦਾ,
ਟੁਕੜੇ ਬਿਨ ਕੋਈ ਉਮੰਗ ਨਹੀਂ, ਬਿਨ ਪੈਸੇ ਕੋਈ ਮੰਗ ਨਹੀਂ।
ਕੋਈ ਅਗਨ ਨਹੀਂ ਚੰਗਿਆਈ ਦੀ, ਕੋਈ ਲਗਨ ਨਹੀਂ ਕੁਰਬਾਨੀ ਦੀ।
ਇਨਸਾਫ, ਅਸੂਲ, ਸਚਾਈ ਦਾ, ਕੋਈ ਰੰਗ ਨਹੀਂ, ਕੋਈ ਢੰਗ ਨਹੀਂ।
ਉਪਰੋਂ ਹੈ ਸ਼ਾਨ ਮੁਲੰਮੇ ਦੀ, ਅੰਦਰੋਂ ਕੋਈ ਖੋਟਾ ਸਿੱਕਾ ਹੈ,
ਅਖੀਆਂ ਵਿਚ ਘੱਟਾ ਪੈਂਦਾ ਹੈ, ਕੋਈ ਅਣਖ ਨਹੀਂ ਕੋਈ ਸੰਗ ਨਹੀਂ।

ਅਸੀਂ ਇਹ ਕਹਿ ਸਕਦੇ ਹਾਂ ਕਿ ਚਾਤ੍ਰਿਕ ਨੇ ਸ਼ਬਦਾਵਲੀ ਅਤੇ ਸ਼ਬਦ ਚੋਣ ਨਵੀਂ ਵਰਤੀ ਹੈ, ਵਿਸ਼ੇ ਵਧੇਰੇ ਕਰਕੇ ਪੁਰਾਣੇ ਹੀ ਹਨ। ਉਹ ਅਗੇ ਨਾਲੋਂ ਵਧੇਰੇ ਕਰੜੇ ਸ਼ਬਦਾਂ ਵਿਚ ਅਤੇ ਵਧੇਰੇ ਹੌਸਲੇ ਵਾਲੇ ਢੰਗ ਨਾਲ ਗੱਲ ਕਹਿੰਦਾ ਹੈ ਜਿਸ ਵਿਚੋਂ ਕਿਸੇ ਹਦ ਤਕ ਪ੍ਰਚੱਲਤ ਵਿਚਾਰਾਂ ਦੇ ਪ੍ਰਾਪੇਗੰਡੇ ਦੀ ਵੀ ਗੰਧ ਆਉਂਦੀ ਹੈ। ਇਕ ਕਵਿਤਾ ਦੀਆਂ ਕੁਝ ਸਤਰਾਂ ਇਥੇ ਦੇ ਕੇ ਅਸੀਂ ਸਮਝਾਂਗੇ ਕਿ ਅਸੀਂ ਆਪਣਾ ਭਾਵ ਸਪਸ਼ਟ ਕਰ ਲਿਆ ਹੈ :

ਮੇਰੇ ਅੰਦਰ ਬਲਦੀ ਹੈ ਅੱਗ ਲੋਕੋ।

... ...

ਕੁਕੜਾ ਵਾਂਗਰ ਲੀਡਰ ਲੜਦੇ,
ਬੇ-ਬੁਨਿਆਁਦ ਬਹਾਨੇ ਘੜਦੇ,
ਖਤਰੇ ਵਿਚ ਹੈ ਪੱਗ ਲੋਕੋ।
ਹਿੰਦੂ, ਮੁਸਲਮ, ਸਿਖ, ਈਸਾਈ,
ਪਾਟੇ ਫਿਰਦੇ ਭਾਈ ਭਾਈ।
ਚੂੜੀਆਂ ਦੇ ਆਖੇ ਲੱਗ ਲੋਕੋ।

(ਸਫ਼ਾ 33)

ਇਸ ਲਈ ਅਸੀਂ ਇਸ ਨਤੀਜੇ ਉਤੇ ਪਹੁੰਚਦੇ ਹਾਂ ਕਿ ਭਾਵੇਂ ਕੁਝ ਨਵੇਂ ਵਿਚਾਰ, ਨਵੇਂ ਜੋਸ਼ ਨਾਲ ਇਸ ਨਵੇਂ ਜਹਾਨ ਵਿਚ ਦਸੇ ਹਨ, ਪਰ ਇਹ ਜਹਾਨ ਵਸਿਆ ਪੁਰਾਣੇ ਹਿੰਦੁਸਤਾਨ ਵਿਚ ਹੀ ਹੈ। ਏਥੋਂ ਤਕ ਕਿ ਜੋ ਕੋਈ ਨਵੇਂ ਸਿਰਲੇਖ ਵੀ ਦਿਸਦੇ ਹਨ, ਉਨ੍ਹਾਂ ਦੇ ਥੱਲੇ ਵੀ ਭਾਰਤ ਦੀਆਂ ਪੁਰਾਣੀਆਂ ਬੀਮਾਰੀਆਂ ਹੀ ਕੰਮ ਕਰ ਰਹੀਆਂ ਹਨ। ਪੇਟ ਪੂਜਾ ਤੇ ਮਜ਼ਹਬ ਦੋਵੇਂ ਨਵੇਂ ਸਿਰਲੇਖ ਹਨ ਪਰ ਸਪਸ਼ਟ ਨਿਰਨਾ ਕਵੀ ਦਾ ਇਹੀ ਹੈ :

'ਮਜ਼ਹਬ ਦੇ ਪਾਣੀ ਨੂੰ ਗੰਦਾ ਕੀਤਾ ਜਦੋਂ ਜ਼ਮੀਰ ਫਰੋਸ਼ਾਂ'।

ਅਤੇ—ਨਾ ਕੋਈ ਠਾਕਰ ਨਾ ਕੋਈ ਪੂਜਕ, ਸਭ ਰੋਟੀ ਦੇ ਉਪਰਾਲੇ।
'ਚਿਟੀਆਂ ਪੱਗਾਂ ਦੂਹਰੇ ਟਿਕੇ, ਅੰਦਰੋਂ ਹਿਰਦੇ ਕਾਲੇ।'

(ਸਫ਼ਾ 29)

ਇਹ ਠੀਕ ਹੈ ਕਿ ਪਹਿਲੀਆਂ ਕਵਿਤਾਵਾਂ ਨਾਲੋਂ ਇਥੇ ਪੁਰਾਤਨਤਾ ਦੀ ਨੁਕਤਾਚੀਨੀ ਵਧੇਰੇ ਹੈ ਅਤੇ ਉਹ ਵਾਰਤਕ ਵਾਂਗ ਸਾਫ ਸ਼ਬਦਾਂ ਵਿਚ ਵਧੀਕ ਹੈ।

ਜੇਕਰ ਭਾਰਤ ਦੇ ਜਮੀਰ ਨੂੰ
ਪਾਪੀ ਪੇਟ ਨਾ ਕਰਦਾ ਕਾਲਾ।
ਮੁਦਤ ਦਾ ਬਣ ਚੁਕਿਆ ਹੁੰਦਾ,
ਸਰ ਇਕਬਾਲ ਨਯਾ ਸ਼ਿਵਾਲਾ।

ਮੌਤ ਦੀ ਯਾਦ, ਹੁਸਨ ਦਾ ਗੁਮਾਨ, ਰਬ ਦੀ ਦੁਹਾਈ ਅਤੇ ਹੋਰ ਕੋਈ ਵੀ ਕਵਿਤਾ ਸਾਨੂੰ ਸਾਫ ਸਾਫ ਦਸ ਸਕਦੀ ਹੈ ਕਿ ਇਹ ਸਭੇ ਵਿਚਾਰ ਪਿਛਲੀਆਂ ਦੋਹਾਂ ਪੁਸਤਕਾਂ ਵਿਚ ਆ ਚੁਕੇ ਹਨ। ਏਥੋਂ ਤਕ ਕਿ ਭਾਰਤ ਦੀ ਆਜ਼ਾਦੀ ਦਾ ਸੁਪਨਾ ਵੀ। ਕੇਵਲ ਇੰਨਾ ਹੀ ਫਰਕ ਪਿਆ ਹੈ ਕਿ ਇਥੇ ਕਵਿਤਾ ਘਟ ਗਈ ਹੈ ਅਤੇ ਨਵੀਨਤਾ, ਇਨਕਲਾਬ, ਮਜ਼ਦੂਰ ਦੇ ਹਕ ਆਦਿ ਦਾ ਪਰਚਾਰ ਵਧ ਗਿਆ ਹੈ।

ਇਹ ਮੰਨਣ ਤੋਂ ਇਨਕਾਰ ਨਹੀਂ ਕਿ ਕਵੀ ਇਥੇ ਵੀ ਬਹੁਤ ਸੰਗੀਤਕ ਹੈ, ਮੁਹਾਵਰਿਆਂ ਦੀ ਜੜਤ ਬੜੀ ਸੋਹਣੀ ਤਰ੍ਹਾਂ ਕਰਦਾ ਹੈ, ਨਿਕੇ ਅਤੇ ਨਵੇਂ ਤੋਲ ਵਰਤਦਾ ਹੈ ਅਤੇ ਆਪਣੇ ਭਾਵ ਨੂੰ ਬਹੁਤ ਸਪਸ਼ਟ ਸ਼ਬਦਾਂ ਵਿਚ ਕਹਿੰਦਾ ਹੈ। ਇਹੋ ਕਾਰਨ ਹੈ ਕਿ ਅਜ ਤਕ ਵੀ ਲੋਕ ਪ੍ਰੀਯਤਾ ਦੇ ਵਿਚਾਰ ਨਾਲ ਜੋ ਪਦਵੀ ਚੰਦਨਵਾੜੀ ਦੀ ਬਣੀ ਹੋਈ ਹੈ, ਉਸ ਵਿਚ ਕੋਈ ਘਾਟਾ ਨਵਾਂ ਜਹਾਨ ਨਹੀਂ ਲਿਆ ਸਕਿਆ। ਸਗੋਂ ਇਹ ਕਿਹਾ ਜਾ ਸਕਦਾ ਹੈ ਕਿ ਮੋਹਨ ਸਿੰਘ ਪ੍ਰੋਫੈਸਰ ਦੀ ਪਹਿਲੀ ਕਾਵਿ-ਰਚਨਾ ਜੋ ਸਾਵੇ ਪੱਤਰ ਵਿਚ ਸੀ, ਵਾਂਗ ਚਾਤ੍ਰਿਕ ਦੀ ਵੀ ਪਹਿਲੀ ਰਚਨਾ

ਚੰਦਨਵਾੜੀ ਦੀ ਕਵਿਤਾ ਰਹੀ ਅਤੇ ਜਿਵੇਂ ਮੋਹਨ ਸਿੰਘ ਦੀਆਂ ਪਿਛੋਂ ਛਪੀਆਂ ਕਵਿਤਾਵਾਂ ਵਿਚੋਂ ਕਈ ਆਲੋਚਕਾਂ ਅਨੁਸਾਰ ਕਵਿਤਾ ਘਟ ਗਈ, ਭਾਵੇਂ ਉਹ ਹੋਰ ਕਿਸੇ ਵਿਚਾਰ ਨਾਲ ਅਗਾਂਹ-ਵਧੂ ਸਾਬਤ ਹੋਇਆ ਹੈ ਇੰਜ ਹੀ ਅਸੀਂ ਇਹ ਤਾਂ ਨਹੀਂ ਕਹਿ ਸਕਦੇ ਕਿ ਚਾਤ੍ਰਿਕ ਵਿਚੋਂ ਕਵਿਤਾ ਘਟ ਗਈ ਹੈ, ਇਸ ਵਿਚ ਕਵਿਤਾ ਦਾ ਰਸ, ਸੰਗੀਤ ਅਤੇ ਲੈਅ ਉਸੇ ਤਰ੍ਹਾਂ ਕਾਇਮ ਹੈ, ਇਸ ਦੀ ਵਿਲੱਖਣਤਾ ਇਹ ਹੈ ਕਿ ਇਸ ਉਪ੍ਰੋਕਤ ਕਾਵਿ-ਗੁਣਾਂ ਨੂੰ ਨਿਭਾਉਂਦਿਆਂ ਹੋਇਆ ਨਵੀਨਤਾ ਨੂੰ ਅਪਣਾਇਆ ਅਤੇ ਨਵੀਨ ਵਿਚਾਰਾਂ ਨੂੰ ਪ੍ਰਚਾਰਿਆ ਅਤੇ ਦੇਸ਼ ਦੀ ਉਸਾਰੀ ਲਈ ਯਤਨ ਕੀਤੇ ਹਨ।

ਨੂਰ ਜਹਾਨ ਬਾਦਸ਼ਾਹ ਬੇਗਮ

ਇਹ ਤਿੰਨ ਕੁ ਸੌ ਸਤਰਾਂ ਦੀ ਇਕ ਵਾਰ ਹੈ ਜਾਂ ਇਸ ਨੂੰ ਕਵਿਤਾ ਵਿਚ ਲਿਖੀ ਜੀਵਨੀ ਕਹਿ ਸਕਦੇ ਹਾਂ। ਕਿਉਂਕਿ ਵਾਰ ਵਿਚ ਤਾਂ ਕੇਵਲ ਇਕੋ ਘਟਨਾ ਹੁੰਦੀ ਹੈ ਪਰ ਇਥੇ ਚਾਤ੍ਰਿਕ ਜੀ ਨੇ ਨੂਰਜਹਾਨ ਦਾ ਸਾਰਾ ਹੀ ਜੀਵਨ ਸੰਖੇਪ ਰੂਪ ਵਿਚ ਦਿਤਾ ਹੈ। ਇਹ ਬੜੀ ਹੀ ਘਰੇਲੂ ਰੰਗ ਦੀ ਅਤੇ ਬਹੁਤ ਸੁਖੈਨ ਕਵਿਤਾ ਹੈ ਜਿਸ ਨੂੰ, ਮੇਰਾ ਵਿਚਾਰ ਹੈ ਕਿ ਅਠਵੀਂ, ਨੌਵੀਂ ਜਮਾਤ ਦਾ ਬੱਚਾ ਵੀ ਬੜੇ ਸੁਆਦ ਨਾਲ ਪੜ੍ਹ ਕੇ ਸਮਝ ਸਕਦਾ ਹੈ। ਇਸ ਦਾ ਅਰੰਭ ਹੀ ਇਨ੍ਹਾਂ ਲਫਜ਼ਾਂ ਤੋਂ ਹੁੰਦਾ ਹੈ :

ਉਠ ਨੀ ਨੂਰਾਂ ਬੀਬੀਏ, ਪਾਸਾ ਤੇ ਪਰਤਾ।

ਇਉਂ ਲਾਹੌਰ (ਪਾਕਿਸਤਾਨ) ਵਿਚ ਬਣੀ ਕਬਰ ਵਿਚ ਪਈ ਨੂਰਜਹਾਨ ਨੂੰ, ਜਿਸ ਦੇ ਮਕਬਰੇ ਦੀ ਹਾਲਤ ਬਹੁਤ ਖਸਤਾ ਹੈ, ਸੰਬੋਧਨ ਕੀਤਾ ਗਿਆ ਹੈ ਅਤੇ ਉਸ ਦੇ ਰਾਹੀਂ ਪੰਜਾਬ ਦੀ ਸ਼ਾਨ ਅਤੇ ਪੰਜਾਬ ਦੇ ਗੁਆਚੇ ਗੁਣਾਂ ਨੂੰ ਯਾਦ ਕੀਤਾ ਹੈ। ਇਹ ਪੰਜਾਬੀਅਤ ਦੀ ਸਾਂਝ ਪਾ ਕੇ ਹੀ ਨੂਰਜਹਾਨ ਨਾਲ ਦਿਲ ਦੀਆਂ ਗੱਲਾਂ ਕੀਤੀਆਂ ਹਨ। ਇਸ ਦੇ ਅੰਤਲੇ ਭਾਗ ਦੇ ਕੁਝ ਬੰਦ ਇਉਂ ਹਨ :

ਧੀ ਸੈਂ ਤੂੰ ਈਰਾਨ ਦੀ, ਹਿੰਦੁਸਤਾਨੀ ਨਾਰ,
ਭੈਣ ਬਣੀ ਪੰਜਾਬ ਦੀ, ਠਾਰਾਂ ਸਾਲ ਗੁਜ਼ਾਰ।
ਮਿੱਟੀ ਮੇਰੇ ਵਤਨ ਦੀ, ਆਈ ਤੈਨੂੰ ਰਾਸ,
ਪਹਿਲਾਂ ਕਬਰ ਬਣਾ ਲਈ, ਪਿਛੋਂ ਕੀਤਾ ਵਾਸ।
ਪੰਜਾਬਣ ਬਣ ਹਿਸਟਰੀ, ਹੋਈ ਤੇਰੀ ਮਦਾਮ,
ਇਹ ਕੰਮ ਕਰੇਂ ਤਾਂ ਰਹੇਗਾ, ਕਾਇਮ ਤੇਰਾ ਨਾਮ।
ਤੇਰੇ ਸਮੇਂ ਪੰਜਾਬ ਵਿਚ ਜੋ ਸੀ ਮੇਲ ਮਿਲਾਪ,
ਓਹੋ ਵਕਤ ਵਿਖਾਲ ਦੇ ਵਿਚ ਖਲੋ ਕੇ ਆਪ।
... ...
ਹਿੰਦੂ ਮੁਸਲਿਮ ਪਿਆਰ ਦਾ ਭਰਿਆ ਛੰਭ ਅਡੋਲ।

ਇਸ ਤਰ੍ਹਾਂ 1944 ਵਿਚ ਲਿਖੀ (ਉਰਦੂ ਅਖਰਾਂ ਵਿਚ) ਇਹ ਪੁਸਤਕ 1953 ਵਿਚ ਪੰਜਾਬੀ ਵਿਚ ਛਾਪੀ ਗਈ ਅਤੇ ਇਸ ਦੇ ਨਾਲ ਆਰੰਭ ਵਿਚ ਇਕ ਬਹੁਤ ਲੰਮੀ ਭੂਮਿਕਾ ਵਿਚ ਬਹੁਤ ਸਾਰਾ ਇਤਿਹਾਸ ਅਤੇ ਨੂਰਜਹਾਨ ਦਾ ਆਚਰਨ ਤੇ ਚਰਿਤਰ ਦਸਿਆ ਗਿਆ ਹੈ। ਵੀਹ ਸਫ਼ਿਆਂ ਦੀ ਵਾਰ ਨਾਲ ਕੋਈ 58 ਸਫ਼ੇ ਦੀ ਇਹ ਭੂਮਿਕਾ ਇਸ ਦੀ ਸਾਰੀ ਇਤਿਹਾਸਕ ਪਿਛੋਕੜ ਨੂੰ ਸਮਝਣ ਵਿਚ ਬਹੁਤ ਸਹਾਈ ਸਿਧ ਹੁੰਦੀ ਹੈ ਅਤੇ ਇਸੇ ਤਰ੍ਹਾਂ ਅੰਤ ਉਤੇ ਦਿਤੇ ਹੋਏ ਕੋਈ 28 ਸਫ਼ਿਆਂ ਦੇ ਨੋਟ, ਵਾਰ

ਵਿਚ ਆਏ ਖਾਸ ਨਾਵਾਂ ਬਾਬਤ ਜਾਣਕਾਰੀ ਦਿੰਦੇ ਹਨ। ਇਹ ਭੂਮਿਕਾ ਤੇ ਨੋਟ ਕੇਸਰ ਕਿਆਰੀ ਦੀ ਭੂਮਿਕਾ ਵਾਂਗ ਚਾਤ੍ਰਿਕ ਜੀ ਦੇ ਵਾਰਤਕ ਦਾ ਇਕ ਸੁੰਦਰ ਨਮੂਨਾ ਹਨ।

ਇਸ ਵਾਰ ਵਿਚ ਕਿਤੇ ਕਿਤੇ ਕੁਝ ਵੀਹਵੀਂ ਸਦੀ ਵਲ ਭੀ ਇਸ਼ਾਰੇ ਆ ਜਾਂਦੇ ਹਨ ਅਤੇ ਇਉਂ ਚਾਤ੍ਰਿਕ ਜੀ ਦਾ ਸੁਧਾਰਵਾਦ ਉਨ੍ਹਾਂ ਦਾ ਸਾਥ ਨਿਭਾਉਂਦਾ ਹੈ।

ਨੂਰਜਹਾਨ ਦੇ ਮਕਬਰੇ ਦੀ ਹਾਲਤ ਨੂੰ ਵੇਖ ਕੇ ਬਹੁਤ ਸਾਰੇ ਕਵੀਆਂ ਨੇ ਅਥਰੂ ਵਹਾਏ ਹਨ। ਪ੍ਰੋ. ਮੋਹਨ ਸਿੰਘ ਮਾਹਿਰ ਨੇ ਵੀ ਉਸ ਨੂੰ ਵੇਖ ਕੇ ਇਥੋਂ ਤਕ ਆਖਿਆ ਸੀ :

ਇਹੋ ਜਹੀ ਸੋਹਣੀ ਸ਼ਕਲਵੰਦ ਸੂਰਤ,
ਰਬਾ ਮੇਰਿਆ ਜਾਂ ਤੇ ਬਣਾਇਆ ਨਾ ਕਰ।
ਜੇ ਤੂੰ ਬਿਨਾ ਬਣਾਏ ਰਹਿ ਸਕਦਾ ਨਹੀਂ,
ਤਾਂ ਫਿਰ ਖਾਕ ਵਿਚ ਏਦਾਂ ਰੁਲਾਇਆ ਨਾ ਕਰ।

ਅਤੇ ਚਾਤ੍ਰਿਕ ਜੀ ਨੇ ਕਿਹਾ ਹੈ :

ਕੁਦਰਤ ਖੂੰਜੇ ਪਾ ਛਡੀ, ਸੋਹਣਿਆਂ ਦੀ ਸਰਕਾਰ,
ਨਾ ਸ਼ਾਨਾਂ ਨਾ ਮਕਬਰਾ, ਨਾ ਉਤੇ ਮੀਨਾਰ।

ਅਤੇ ਇਥੋਂ ਤਕ ਕਿ :

ਜੰਮੀਉਂ ਵਾਂਗ ਸ਼ਕੁੰਤਲਾ, ਮਿਲਿਆ ਵਾਸ ਉਜਾੜ।
ਨਾ ਮਾਂ ਹਿਕੇ ਲਾਇਆ, ਨਾ ਮੂੰਹ ਪਾਈ ਧਾਰ।
ਉਤੇ ਪਾਟਾ ਪੋਤੜਾ, ਥੱਲੇ ਸੁਕਾ ਘਾਹ।
ਨਾ ਸੁਟਣ ਦਾ ਹੌਸਲਾ ਤੇ ਨਾ ਪਾਲਣ ਦੀ ਵਾਹ।

ਇਸ ਜੀਵਨੀ ਵਿਚ ਚਾਤ੍ਰਿਕ ਜੀ ਨੇ ਭੀ ਮੋਹਨ ਸਿੰਘ ਮਾਹਿਰ ਵਾਂਗ ਹੀ ਨੂਰਜਹਾਨ ਦੇ ਆਪਣੇ ਇਕ ਸ਼ੇਅਰ ਦਾ ਉਲਥਾ ਦਿਤਾ ਹੈ ਅਤੇ ਖੂਬੀ ਇਹ ਰਖੀ ਹੈ ਕਿ ਸਾਰਾ ਵਿਚਾਰ ਆ ਗਿਆ ਹੈ ਅਤੇ ਸ਼ਬਦ ਅਸਲ ਸ਼ੇਅਰ ਜਿੰਨੇ ਹੀ ਮਸਾਂ ਬਣਦੇ ਹਨ।

ਨੂਰਜਹਾਨ ਦਾ ਸ਼ੇਅਰ ਹੈ :

ਬਰ ਮਜ਼ਾਰੇ ਮਾ ਗਰੀਬਾਂ ਨੇ, ਚਰਾਗੇ ਨੇ ਗੁਲੇ।
ਨੇ ਪਰੀ ਪਰਵਾਨਾ ਸੋਜ਼ਦ, ਨੇ ਸਦਾਏ ਬੁਲ ਬੁਲੇ।

ਅਤੇ ਚਾਤ੍ਰਿਕ ਜੀ ਦਾ ਅਨੁਵਾਦ ਹੈ :

ਮੈਂ ਆਜਜ਼ ਦੀ ਕਬਰ ਤੇ ਨਾ ਦੀਵਾ ਨਾ ਫੁਲ।
ਨਾ ਭੰਬਟ ਦਾ ਪਰ ਸੜੇ, ਨਾ ਬੋਲੇ ਬੁਲਬੁਲ।

ਇਸ ਵਾਰ ਵਿਚ ਚਾਤ੍ਰਿਕ ਜੀ ਨੇ ਨੂਰਜਹਾਂ ਦਾ ਚਰਿਤਰ ਬੜੇ ਕਲਾਤਮਕ ਢੰਗ ਨਾਲ ਉਘਾੜਿਆ ਹੈ। ਕਿਤੇ ਕਿਤੇ ਕੋਈ ਕੋਈ ਸਤਰ ਇਸ ਸਬੰਧੀ ਆਈ ਹੈ ਪਰ ਉਸ ਇਕ ਸਤਰ ਵਿਚ ਨੂਰਜਹਾਨ ਦੇ ਕਈ ਕਈ ਗੁਣ ਅੰਕਤ ਕਰ ਦਿਤੇ ਹਨ ਜਿਵੇਂ :

ਇਲਮ ਸਲੀਕਾ ਸ਼ਾਇਰੀ, ਦਾਨਸ਼ ਮਿਠਾ ਬੋਲ।
ਅਤੇ : ਤੂੰ ਸੈਂ ਪੁਤਲੀ ਪਿਆਰ ਦੀ ਆਦਲ ਤੇ ਦਾਨਾ।
ਨਾਲ ਅਮੀਰ ਗਰੀਬ ਦੇ ਹਸਮੁਖੜਾ ਵਰਤਾ।
ਮਰਦਾਨੀ ਮੈਦਾਨ ਦੀ ਤੀਰ ਅੰਦਾਜ਼ ਸਵਾਰ।
ਜੰਗਲ ਦੇ ਵਿਚ ਸ਼ੇਰ ਦਾ ਕਰਦੀ ਰਹੀ ਸ਼ਿਕਾਰ।

ਸ਼ਿੰਗਾਰਾਂ 'ਤੇ ਫੈਸ਼ਨਾਂ ਦੀ ਰਹੀਓਂ ਉਸਤਾਦ।
ਤੇਰੀ ਹੈ ਅਹਿਸਾਨਮੰਦ ਅਖਰਾਂ ਦੀ ਈਜਾਦ।

ਥਾਂ ਥਾਂ ਉਤੇ ਕਵੀ ਨੇ ਨੂਰਜਹਾਨ ਦੇ ਪੰਜਾਬਣ ਹੋਣ ਨਾਲ ਆਪਣੇ ਆਪ ਨੂੰ ਜੋੜਿਆ ਹੈ ਅਤੇ ਉਹ ਸਾਫ ਕਹਿੰਦਾ ਹੈ :

ਐਥੇ ਹੀ ਪੰਜਾਬ ਨੂੰ ਲਿਆ ਬਹਿਸ਼ਤ ਬਣਾ।
ਜੰਮ ਜੰਮ ਏਥੇ ਵਸ ਤੂੰ ਰੋਜ਼ ਕਿਆਮਤ ਤੀਕ।
ਵਿਗੜੇ ਹੋਏ ਪੰਜਾਬ ਦਾ ਦਿਲ ਕਰਦੀ ਰਹੁ ਠੀਕ।

ਇਕ ਹੋਰ ਕਾਰਨ ਜਿਸ ਕਰਕੇ ਨੂਰਜਹਾਨ ਦੀ ਵਾਰ ਲਿਖਣ ਲਈ ਕਵੀ ਪਰੇਰਿਆ ਗਿਆ ਹੈ, ਸ਼ਾਇਦ ਇਹ ਹੈ ਕਿ ਨੂਰਜਹਾਨ ਇਕ ਕਵਿਤਰੀ ਸੀ ਅਤੇ ਕਵੀਆਂ ਦੀ ਕਦਰ ਕਰਦੀ ਸੀ।

ਚਾਤ੍ਰਿਕ ਦੇ ਸ਼ਬਦ ਹਨ :

ਖਿਦਮਤ[1] ਕੀਤੀ ਅਦਬ ਦੀ ਰੀਝਾਂ ਚਾਵਾਂ ਨਾਲ।
ਸੁਖਨਵਰਾਂ[2] ਦੀ ਹੁਨਰ ਦੀ, ਪਾਈ ਕਦਰ ਕਮਾਲ।

ਕਈਆਂ ਦ੍ਰਿਸ਼ਾਂ ਅਤੇ ਗੁਣਾਂ ਨੂੰ ਉਘਾੜਨ ਲਈ ਕਵੀ ਨੇ ਟਾਕਰੇ ਦੇ ਹੁਨਰ ਨੂੰ ਵਰਤਿਆ ਹੈ ਜਿਵੇਂ :

ਕੁਖੋਂ ਪਈ ਈਰਾਨ ਦੇ ਅੱਖ ਖੁਲੀ ਕੰਧਾਰ।
ਦਾਣਾ ਪਾਣੀ ਆਗਰੇ, ਵਿਚ ਲਾਹੌਰ ਮਿਜ਼ਾਰ।

ਹੈਰਾਨੀ ਇਹ ਹੈ ਕਿ ਚੰਦਨਵਾੜੀ, ਕੇਸਰ ਕਿਆਰੀ ਤੇ ਨਵੇਂ ਜਹਾਨ ਵਾਲਾ ਚਾਤ੍ਰਿਕ ਹੀ ਇਸ ਨੂਰਜਹਾਨ ਵਾਲੀ ਵਾਰ ਵਿਚ ਹੀ ਬੋਲ ਰਿਹਾ ਹੈ। ਉਹੀ ਪੰਜਾਬ ਦਾ ਪਿਆਰ, ਓਹੀ ਦ੍ਰਿਸ਼-ਵਰਨਣ, ਓਹੋ ਹਿੰਦੂ-ਮੁਸਲਮ ਮਿਲਾਪ ਲਈ ਤਰਲਾ, ਓਹੀ ਸਰਲ ਭਾਸ਼ਾ, ਓਹੀ ਸ਼ਬਦ-ਚਿਤਰ ਤੇ ਓਹੀ ਇਤਿਹਾਸਕ ਹਵਾਲੇ। ਇਸ ਵਿਚ ਸੰਦੇਹ ਨਹੀਂ ਕਿ ਇਹ ਕਹਾਣੀ ਲਿਖਦਿਆਂ ਫਾਰਸੀ-ਅਰਬੀ ਸ਼ਬਦਾਂ ਦੀ ਵਰਤੋਂ ਚਾਤ੍ਰਿਕ ਜੀ ਨੇ ਕੁਝ ਵਧੇਰੇ ਕੀਤੀ ਹੈ। ਕੁਝ ਕਹਾਣੀ ਦਾ ਢੰਗ ਹੀ ਅਜਿਹਾ ਹੈ ਅਤੇ ਕੁਝ ਵਾਤਾਵਰਨ ਉਸ ਵੇਲੇ ਦਾ ਬਣਾਉਣ ਲਈ ਅਜਿਹੀ ਸ਼ਬਦਾਵਲੀ ਸਹਾਇਕ ਹੋ ਸਕਦੀ ਹੈ। ਕਈ ਥਾਈਂ ਇਸ ਸ਼ਬਦਾਵਲੀ ਨਾਲ ਹੀ ਅਨੁਪ੍ਰਾਸ ਅਲੰਕਾਰ ਵਰਤਿਆ ਹੈ ਜਿਵੇਂ :

ਤਾਜ ਤਸੱਲਤ[3] ਤਾਲਿਆ[4], ਤਖਤੋਂ ਡਿਗ ਪਏ।

ਕੁਝ ਹੋਰ ਅਜਿਹੇ ਸ਼ਬਦ ਹਨ—ਇਕ ਹੋਰ ਸਤਰ ਦੇਖੋ :

ਸੂਰਤ ਦਾਨਿਸ਼[5] ਸ਼ਾਇਰੀ ਚੌਥਾ ਪਤੀ ਪਿਆਰ।

ਇਸ ਵਿਚ ਪਤੀ ਪਿਆਰ ਤੋਂ ਬਿਨਾਂ ਪਹਿਲੇ ਤਿੰਨੇ ਗੁਣ ਫਾਰਸੀ ਸ਼ਬਦਾਂ ਵਿਚ ਹੀ ਦਸੇ ਹਨ। ਹੋਰ ਵੀ ਬਹੁਤ ਸਾਰੇ ਸ਼ਬਦ ਥਾਂ ਥਾਂ ਅਜਿਹੇ ਲਭਦੇ ਹਨ ਜਿਵੇਂ ਸ਼ੁਹਰਤ, ਤਕਦੀਰ,

---

1. ਸੇਵਾ। 2. ਕਵੀਆਂ ਤੋਂ ਭਾਵ ਹੈ। 3. ਬਾਦਸ਼ਾਹੀ, ਰੋਹਬ,
4. ਭਾਗਸ਼ੀਲਤਾ 5. ਅਕਲ।

ਦਿਲਗੀਰ, ਇਖਲਾਕ, ਸ਼ਮਸ਼ੀਰ, ਖਿਦਮਤ, ਸੁਖਨਵਰ, ਮਦਾਨ, ਮੁਫਲਿਸ਼, ਮਗਫਰਤ, ਈਜਾਦ, ਮਜਤ।

ਚਾਤ੍ਰਿਕ ਜੀ ਦੀ ਸਾਰੀ ਕਵਿਤਾ ਵਿਚ ਭਾਵੇਂ ਇਤਿਹਾਸਕ ਵਿਅਕਤੀਆਂ ਉਤੇ ਛੋਟੀਆਂ ਕਵਿਤਾਵਾਂ ਹਨ, ਪਰ ਕਿਸੇ ਮੁਸਲਿਮ ਇਸਤ੍ਰੀ ਉਤੇ ਏਨੀ ਲੰਮੀ ਵਾਰ ਹੋਰ ਚਾਤ੍ਰਿਕ ਜੀ ਦੀ ਕਵਿਤਾ ਵਿਚ ਨਹੀਂ ਮਿਲਦੀ ਅਤੇ ਕਿਸੇ ਹੋਰ ਵੀ ਹਿੰਦੂ ਜਾਂ ਸਿਖ ਕਵੀ ਨੇ ਅਜਿਹਾ ਉਦਮ ਨਹੀਂ ਕੀਤਾ ਜਾਪਦਾ।

ਸੂਫ਼ੀਖਾਨਾ

ਸੂਫੀਖਾਨਾ ਨਾਂ ਤੋਂ ਹੀ ਪਰਤੱਖ ਹੈ ਕਿ ਇਸ ਸੰਗ੍ਰਹਿ ਵਿਚ ਰਹੱਸਵਾਦ, ਅਧਿਆਤਮਕ ਰੰਗ ਅਤੇ ਸੂਫੀ ਰੰਗ ਦੀਆਂ ਕਵਿਤਾਵਾਂ ਦੀ ਬਹੁਲਤਾ ਹੈ। ਹੇਠ ਲਿਖੇ ਦ੍ਰਿਸ਼ਟਾਂਤ ਨਵਾਂ ਜਹਾਨ ਦੇ ਸਬੰਧ ਵਿਚ ਕਹੇ ਗਏ ਸਾਡੇ ਸ਼ਬਦਾਂ ਦੀ ਪ੍ਰੋੜ੍ਹਤਾ ਕਰਦੇ ਹਨ ਕਿ ਚਾਤ੍ਰਿਕ ਕਦੇ ਵੀ ਰਬ ਤੋਂ ਮੁਨਕਰ ਨਹੀਂ ਹੁੰਦਾ। ਇਸ ਪੁਸਤਕ ਵਿਚੋਂ ਹੀ ਵੱਖ ਵੱਖ ਕਵਿਤਾਵਾਂ ਵਿਚੋਂ ਕੁਝ ਤੁਕਾਂ ਪਾਠਕਾਂ ਦੇ ਸਾਹਮਣੇ ਲਿਆਉਣੀਆਂ ਜ਼ਰੂਰੀ ਹਨ :

(ੳ) ਭਾਰਤੀ ਜਵਾਨ ਨੂੰ ਸੰਬੋਧਨ ਕਰਦਿਆਂ ਚਾਤ੍ਰਿਕ ਜੀ ਕਹਿੰਦੇ ਹਨ :

ਰਬ ਮਜ਼ੋਰਾਂ ਪਾਸੋਂ ਖੋਹ ਲੈ,
ਉਸ ਦੇ ਦਿਲ ਦੀ ਮਰਜ਼ੀ ਟੋਹ ਲੈ,
ਫਿਰ ਸਚਿਆਈ ਦਾ ਦਰਵਾਜ਼ਾ,
ਉਸੇ ਤੋਂ ਖੁਲ੍ਵਾ।

(ਅ) ਰਾਹੀ ਨੂੰ ਸਮਝਾਉਂਦੇ ਹਨ :

ਕਤਰੇ ਵਾਂਗ ਖੁਦੀ ਦਾ ਜਾਮਾ,
ਪਾ ਥਾਂ ਥਾਂ ਨਾ ਭੌਂਦਾ ਫਿਰਦੋਂ।

ਜੀਵਨ ਨਈਆ ਦਾ ਗੀਤ ਗਾਉਂਦਿਆਂ ਕਹਿੰਦੇ ਹਨ :

ਪੁਤੀ ਨੱਚੇ ਤਕਵਾ[1] ਰਖੀ, ਤਾਰ ਹਿਲਾਉਣ ਹਾਰੇ ਤੇ।

ਅਤੇ : ਕਤਰਾ ਸਾਗਰ ਵਿਚ ਮਿਲ ਜਾਣਾ, ਝਟਕੇ ਨਾਲ, ਇਸ਼ਾਰੇ ਤੇ।

ਅਜਿਹੀਆਂ ਬਹੁਤ ਸਾਰੀਆਂ ਮਿਸਾਲਾਂ ਇਸ ਪੁਸਤਕ ਵਿਚ ਮਿਲ ਜਾਂਦੀਆਂ ਹਨ।

ਪੁਸਤਕ ਦੇ ਅਖੀਰਲੇ ਭਾਗ ਵਿਚ ਵੀ ਲਿਖਿਆ ਹੈ :

ਥਰਕਦੀ ਹੈ ਬੇੜੀ ਮੇਰੀ ਨਿਸਚਿਆਂ ਦੀ,
ਹਨੇਰੇ 'ਚ ਢੂੰਡੇ ਸਿਤਾਰਾ ਕਿਸੇ ਦਾ।
ਰਹੇ ਮੇਰੇ ਤਕਵੇ ਦੀ ਡੋਰੀ ਸਲਾਮਤ,
ਮੈਂ ਮੱਲਿਆ ਹੈ ਇਕੋ ਦਵਾਰਾ ਕਿਸੇ ਦਾ।

ਇਹ ਅਧਿਆਤਮਕ ਰੰਗ ਕਵੀ ਨੂੰ ਮਨੁਖਤਾ ਬਾਬਤ ਸੋਚਣ ਲਈ ਮਜਬੂਰ ਕਰਦਾ ਹੈ ਅਤੇ ਉਸ ਨੂੰ ਮਨੁਖਤਾ ਨੂੰ ਦੂਰ ਦਾ ਰਾਹੀ ਅਤੇ ਸਾਰਾ ਜੀਵਨ ਸੇਵਾ ਲਈ ਮਿਲਿਆ ਦਸਿਆ ਹੈ

1. ਆਸਰਾ।

ਅਤੇ ਕਈ ਥਾਈਂ ਤਾਂ ਭਾਈ ਵੀਰ ਸਿੰਘ ਵਾਂਗ ਉਸ ਅਣਡਿਠੇ ਸਾਜਨ ਨਾਲ ਮਿਲਣਾ ਹੀ ਮਨੁਖਤਾ ਦਾ ਨਿਸ਼ਾਨਾ ਸਮਝਾਇਆ ਹੈ ਅਤੇ ਸਾਰੀ ਸਰਿਸ਼ਟੀ ਉਸੇ ਦੇ ਦਰਬਾਰ ਅਗੇ ਮੰਗਤਿਆਂ ਵਾਂਗ ਖਲੋਤੀ ਦੱਸੀ ਹੈ। ਇਸ ਪੁਸਤਕ ਦਾ ਆਰੰਭ ਹੀ ਆਰਤੀ ਨਾਲ ਹੁੰਦਾ ਹੈ ਜਿਸ ਵਿਚ ਅੰਤਲੀਆਂ ਤੁਕਾਂ ਹਨ :

ਸਾਰੀ ਸ੍ਰਿਸਟ ਜੀਹਦੇ ਦਰਬਾਰੋਂ, ਬਰਕਤ ਮੰਗੇ ਬਾਂਹ ਪਸਾਰ।
ਚਾਤ੍ਰਿਕ ਮੰਗੇ ਦਾਨ ਮੇਹਰ ਦਾ, ਭਵਸਾਗਰ ਤੋਂ ਕਰਦੇ ਪਾਰ।

ਅਧਿਆਤਮਵਾਦ ਮਨੁਖ ਨੂੰ ਮੌਤ ਬਾਬਤ ਸੋਚਣ ਲਾਉਂਦਾ ਹੈ, ਕਿਉਂਕਿ ਅਧਿਆਤਮਵਾਦ ਮੌਤ ਨੂੰ ਸਚ ਤੇ ਜੀਵਨ ਨੂੰ ਝੂਠ ਗਿਣਦਾ ਹੈ। ਉਂਜ ਵੀ ਇਹ ਪੁਸਤਕ 1950 ਤਕ ਦੀਆਂ ਚੋਣਵੀਆਂ ਕਵਿਤਾਵਾਂ ਦਾ ਸੰਗ੍ਰਹਿ ਹੈ। ਉਸ ਵੇਲੇ ਤਕ ਲੰਮੀ ਬੀਮਾਰੀ ਤੇ ਬੁਢੇਪੇ ਕਰਕੇ ਚਾਤ੍ਰਿਕ ਜੀ ਨੂੰ ਮੌਤ ਸਬੰਧੀ ਬਹੁਤ ਕੁਝ ਸੋਚਣਾ ਤੇ ਸਮਝਣਾ ਆ ਹੀ ਚੁਕਾ ਹੈ ਅਤੇ ਇਸ ਸੰਗ੍ਰਹਿ ਵਿਚ ਉਨ੍ਹਾਂ ਨੇ ਘਟੋ ਘਟ ਅੱਠ ਕਵਿਤਾਵਾਂ ਵਿਚ ਮੌਤ ਵਲ ਇਸ਼ਾਰੇ ਕੀਤੇ ਹਨ ਅਤੇ ਉਸ ਸਬੰਧੀ ਆਪਣਾ ਰਵੱਈਆ ਜਾਂ ਵਤੀਰਾ ਵੀ ਪ੍ਰਗਟਾਇਆ ਹੈ। ਉਹ ਵਤੀਰਾ ਕੀ ਹੈ ?

ਜਿਸ ਘੜੀ ਬੁਲਾਵਾ ਆਵੇਗਾ, ਹਥ ਜੋੜ ਹੁਕਮ ਭੁਗਤਾਵਾਂਗੇ।
ਆਉਂਦੀ ਵਾਰੀ ਕੁਝ ਰੋਏ ਸਾਂ, ਪਰ ਹਸਦੇ ਹਸਦੇ ਜਾਵਾਂਗੇ।

ਆਪਣੇ ਪਰਾਣਾਂ ਨੂੰ ਦੇਹ ਵੱਲੋਂ ਕਿਹਾ ਹੈ :

ਅੰਤ ਸਮੇਂ ਹੁਣ ਨਿਖੜਨ ਲਗਿਆਂ, ਇਹ ਗਲ ਨਹੀਂ ਸੁਹਾਂਦੀ।
ਮੈਂ ਰਹਿ ਜਾਂ ਅਣ-ਖਫਣਾਇਆ, ਤੇ ਤੂੰ ਹੋ ਜਾਏਂ ਕਿਨਾਰੇ।

ਕੁਝ ਇਉਂ ਪਰਤੀਤ ਹੁੰਦਾ ਹੈ ਜਿਵੇਂ ਚਾਤ੍ਰਿਕ ਥਕ ਚੁਕਾ ਹੈ ਅਤੇ ਇਸ ਲਈ ਚਾਈਂ ਚਾਈਂ ਆਪਣੇ ਰੋਜ਼ ਦੇ ਦਿਨੇ ਹੀ ਸੌਣ ਵਾਂਗ ਇਹ ਪੱਕੀ ਤੇ ਮਿਠੀ ਨੀਂਦ ਲੈਣ ਲਈ ਆਪ ਹੀ ਤਿਆਰ ਹੋਇਆ ਬੈਠਾ ਹੈ। ਉਹ ਸਾਫ ਕਹਿੰਦਾ ਹੈ :

ਬੰਦਾ ਹਾਂ ਆਖਰ ਫਰਿਸ਼ਤਾ ਤੇ ਨਹੀਂ,
ਥੱਕ ਗਿਆ ਬੇਅੰਤ ਮੰਜ਼ਲਾਂ ਮਾਰ ਕੇ।
ਆ ਕੇ ਲੈ ਜਾਓ ਤਾਂ ਮੇਰਾ ਮਾਣ ਹੈ,
ਚਾਤ੍ਰਿਕ ਬੈਠਾ ਹੈ ਖੰਭ ਸੁਆਰ ਕੇ।

ਹੈਰਾਨੀ ਇਹ ਹੈ ਕਿ ਇਥੇ ਵੀ ਅਰਥਾਤ ਮੌਤ ਦੇ ਕਿਨਾਰੇ ਤਕ ਪਹੁੰਚ ਕੇ ਵੀ ਅਤੇ ਅਜ਼ਾਦ ਹੋਏ ਦੇਸ਼ ਵਿਚ ਵੀ ਬਲੈਕ ਮਾਰਕੀਟ, ਵੱਢੀ ਖੋਰੀ, ਲੁਟ ਮਾਰ ਆਦਿ ਦੀ ਸ਼ਕਾਇਤ ਕਰਦਿਆਂ ਕਵੀ ਅੰਤਲੇ ਸਵਾਸਾਂ ਤਕ ਆਸ਼ਾਵਾਦੀ ਹੈ। ਉਹ ਪੂਰੀ ਆਸ ਰਖਦਾ ਹੈ, ਭਾਵੇਂ ਇਹ ਆਸ ਵਧੇਰੇ ਉਸ ਦੀ ਜਵਾਨ ਭਾਰਤੀਆਂ ਤੋਂ ਹੈ ਕਿ ਉਹ ਦੇਸ਼ ਨੂੰ ਉਸ ਦੇ ਸੁਪਨਿਆਂ ਦਾ ਦੇਸ਼ ਬਣਾ ਰਹੇ ਹਨ। ਇਹ ਆਸ਼ਾਵਾਦ ਵੀ ਕਵੀ ਚਾਤ੍ਰਿਕ ਦਾ ਅਰੰਭ ਤੋਂ ਹੀ ਇਕ ਲਛਣ ਹੈ। ਉਹ ਗੁਣਾਂ ਦਾ ਗਾਹਕ ਹੈ ਜਿਹਾ ਕਿ ਹਰ ਆਸ਼ਾਵਾਦੀ ਹੁੰਦਾ ਹੈ। ਇਸੇ ਲਈ ਉਹ ਇਤਿਹਾਸਿਕ ਵਿਅਕਤੀਆਂ ਦੇ ਗੁਣ ਵੀ ਲੋਕਾਂ ਸਾਹਮਣੇ ਲਿਆਉਂਦਾ ਹੈ। ਉਹ ਪੰਜਾਬ ਤੇ ਭਾਰਤ ਅਤੇ ਏਥੋਂ ਦੀਆਂ ਰੁਤਾਂ ਤੇ ਹੋਰ ਦ੍ਰਿਸ਼ਾਂ ਦੇ ਸੁਹੱਪਣ ਦੇ ਗੀਤ ਗਾਉਂਦਾ ਹੈ ਅਤੇ ਉਹ ਉਡੀਕਦਾ ਹੈ ਕਦ ਚੰਗੇ ਦਿਨ ਆਉਣਗੇ। ਦੂਜੇ ਪਾਸੇ ਉਹ ਜਾਣਦਾ ਹੈ ਕਿ, 'ਪਤਾ ਨਹੀਂ ਇਸ ਰਾਹ ਵਿਚ ਤੁਰਿਆ ਜਾਣਾ ਹੈ ਕਦ ਤਾਈਂ', ਫਿਰ ਵੀ ਉਸ ਦਾ ਆਸ਼ਾਵਾਦ ਉਸ ਦਾ ਸਾਥ ਨਹੀਂ ਛਡਦਾ ਅਤੇ ਇਹ ਆਸ਼ਾਵਾਦ ਹੀ ਮਨੁਖੀ ਉਨਤੀ ਦਾ ਇਕੋ ਇਕ ਸਾਧਨ ਹੈ। ਚਾਤ੍ਰਿਕ ਨੇ ਸਪਸ਼ਟ ਸ਼ਬਦਾਂ ਵਿਚ ਐਲਾਨ ਕੀਤਾ ਹੈ,

ਸਾਂਝੀ ਦੁਨੀਆਂ ਦੀ ਆਬਾਦੀ, ਰਲ ਕੇ ਵੰਡ ਗਮੀ ਤੇ ਸ਼ਾਦੀ,
ਤੂੰ ਚਾਤ੍ਰਿਕ ਹੈਂ ਆਸ਼ਾਵਾਦੀ, ਬਹਿ ਰਹਿਣਾ ਬੇਕਾਰ ਕਦੋਂ ਤਕ।

ਅਤੇ ਉਹ ਸਾਨੂੰ ਵੀ ਸਮਝਾਉਂਦਾ ਹੈ :

ਮੂਰਖ ਨੂੰ ਵੀ ਮਿਲ ਜਾਂਦੀ, ਜੰਗਲ ਦੇ ਵਿਚ ਰੋਟੀ,
ਕੰਨਾਂ ਨੂੰ ਲਾ ਹੱਥ, ਕਦੇ ਨਾ ਬਣੀ ਨਿਰਾਸ਼ਾਵਾਦੀ।

ਕਿਉਂਕਿ :

'ਆਸ਼ਾ ਦੇ ਅਧਾਰ ਖਡੋਤੀ, ਹੈ ਮਖਲੂਕ ਖੁਦਾ ਦੀ।'

ਅਜਿਹਾ ਆਸ਼ਾਵਾਦੀ ਕਵੀ ਆਪਣੇ ਦੇਸ਼ ਪਿਆਰ ਦੇ ਤਰਾਨੇ ਗਾਉਂਦਾ ਹੈ, ਸਿਪਾਹੀਆਂ ਤੇ ਜਵਾਨਾਂ ਨੂੰ ਆਪਣੀ ਕਵਿਤਾ ਰਾਹੀਂ ਪੰਜਾਬ ਅਤੇ ਭਾਰਤ ਨੂੰ ਉੱਚਾ ਬਣਾਉਣ, ਅਜ਼ਾਦੀ ਦਾ ਪੂਰਾ ਲਾਭ ਉਠਾਉਣ, ਫਸਾਦੀਆਂ ਤੇ ਬਲੈਕੀਆਂ ਨੂੰ ਸੁਧਾਰਨ ਲਈ ਆਪਣੀ ਕਵਿਤਾ ਰਾਹੀਂ ਪਰੇਰਨਾ ਦਿੰਦਾ ਹੈ ਅਤੇ ਹਿਮਾਲੀਆ ਤੇ ਪੰਜਾਬ ਦੇ ਗੁਣ ਗਾਉਣ ਵਾਲਾ ਕਵੀ ਇਥੇ ਗਾਂਧੀ, ਮਹਾਰਾਜਾ ਰਣਜੀਤ ਸਿੰਘ ਅਤੇ ਪੰਜਾਬ ਅੰਤੇ ਪੰਜਾਬ ਦੀ ਬਸੰਤ ਆਦਿ ਬਾਬਤ ਕਵਿਤਾਵਾਂ ਲਿਖ ਕੇ ਦੇਸ਼ ਦੇ ਦ੍ਰਿਸ਼ਾਂ ਅਤੇ ਉਸ ਦੀ ਕੁਦਰਤ ਨਾਲ ਸਾਨੂੰ ਪਿਆਰ ਪਾਉਣਾ ਸਿਖਾਉਂਦਾ ਹੈ।

ਧਨੀ ਰਾਮ ਚਾਤ੍ਰਿਕ ਦੀ ਕਵਿਤਾ ਵਿਚ ਕੁਦਰਤ ਤੋਂ ਦੋ ਕੰਮ ਲਏ ਹਨ। ਇਕ ਤਾਂ ਇਹ ਕਿ ਕੁਦਰਤ ਕਿਉਂਕਿ ਆਪਣੇ ਆਪ ਵਿਚ ਸੁੰਦਰ ਹੈ, ਇਸ ਲਈ ਉਸ ਵਿਚੋਂ ਹੀ ਮਿਸਾਲਾਂ ਲਈਆਂ ਗਈਆਂ ਹਨ ਅਤੇ ਅਲੰਕਾਰਾਂ ਲਈ ਉਪਮਾਨ ਲੱਭੇ ਗਏ ਹਨ। ਇਥੇ ਵੀ ਚਾਤ੍ਰਿਕ ਦੀ ਖੂਬੀ ਹੈ ਕਿ ਉਹ ਨਵੀਆਂ ਤੋਂ ਨਵੀਆਂ ਮਿਸਾਲਾਂ ਕੁਦਰਤ ਵਿਚੋਂ ਲਭ ਲੈਂਦਾ ਹੈ। ਪੰਜਾਬੀ ਕਵਿਤਾ ਵਿਚ ਸ਼ੁਰੂ ਤੋਂ ਹੀ ਇਹ ਢੰਗ ਹੈ ਕਿ ਹਰ ਕਵੀ ਨਵੇਂ ਦ੍ਰਿਸ਼ਟਾਂਤ ਲਭਦਾ ਹੈ ਨਾ ਕਿ ਹਿੰਦੀ ਵਾਂਗ ਸਭ ਕੁਝ ਕੰਵਲ ਫੁਲ ਵਾਂਗ ਅਤੇ ਫਾਰਸੀ ਵਾਂਗ ਨਕ ਨੂੰ ਸਦਾ ਹੀ ਤਲਵਾਰ ਵਾਂਗ ਤਿੱਖਾ ਦਸਣਾ। ਇਸ ਦੇ ਨਾਲ ਹੀ ਕੁਦਰਤ ਦੀ ਸੁੰਦਰਤਾ ਲਈ ਇਕ ਰੀਝ ਸਾਡੇ ਮਨ ਵਿਚ ਜਗਾਉਣ ਬਦਲੇ ਕਵੀ ਕੁਦਰਤੀ ਦ੍ਰਿਸ਼ਾਂ ਨੂੰ ਰੀਝਾਂ ਲਾ ਲਾ ਵਰਨਣ ਕਰਦਾ ਹੈ ਜਿਵੇਂ, ਬਸੰਤ, ਬਰਸਾਤ, ਚੰਨ ਚਾਨਣੀ, ਜੇਹਲਮ ਆਦਿ।

ਭਾਈ ਵੀਰ ਸਿੰਘ ਜੀ ਦਾ ਇਕ ਪ੍ਰਭਾਵ ਕੁਦਰਤ ਦੀ ਵਰਤੋਂ ਦੇ ਸਬੰਧ ਵਿਚ ਚਾਤ੍ਰਿਕ ਉਤੇ ਪ੍ਰਤੱਖ ਦਿਸਦਾ ਹੈ ਅਤੇ ਉਹ ਹੈ ਕੁਦਰਤ ਨੂੰ ਸਿਖਿਆ ਦਾਤੇ ਅਧਿਆਪਕ ਦੇ ਰੂਪ ਵਿਚ ਵਰਤਣਾ। ਇਥੇ ਵੀ ਚੰਨ ਚਾਨਣੀ ਅਤੇ ਸਾਵਣ ਦੀਆਂ ਕਵਿਤਾਵਾਂ ਵਿਚ ਇਹ ਪ੍ਰਭਾਵ ਭਾਵੇਂ ਨਹੀਂ ਪਰਗਟ ਹੁੰਦਾ ਪਰ ਆਵਾਗਵਨ ਵਿਚ ਇਹ ਬਿਲਕੁਲ ਪਰਤੱਖ ਹੈ, ਜਿਥੇ ਭਾਈ ਵੀਰ ਸਿੰਘ ਵਾਂਗ ਹੀ ਚਾਤ੍ਰਿਕ ਨੇ ਕਿਹਾ ਹੈ :

ਤਰੇਲ ਕਣੀ ਨੇ ਅਰਸ਼ੋਂ ਲਹਿ ਸਬਜ਼ੇ ਤੇ ਬਹਿ ਜਾਣਾ।

ਅਤੇ ਬਸੰਤ ਵਿਚ ਸਿਖਿਆ ਦਿਤੀ ਹੈ ਕਿ ਭਵਿਖ ਨੂੰ ਚੇਤੇ ਰਖੋ।

ਨਿਕਲ ਖਿਜ਼ਾਂ ਦੇ ਸੂਤਕੋਂ ਫੁਲੀਉਂ ਕਿਉਂ,
ਔਧਰ ਦੇਖ ਗਰਮੀ ਸਿਰ ਤੇ ਖੜੀ ਹੋਈ ਏ।

'ਅਣਡਿਠਾ ਸਾਜਨ' ਨਾਂ ਦੀ ਕਵਿਤਾ ਵਿਚ ਵੀ ਭਾਈ ਵੀਰ ਸਿੰਘ ਜੀ ਹੀ ਬੋਲ ਰਹੇ ਹਨ। ਪਰ ਚਾਤ੍ਰਿਕ ਦਾ ਫਿਰ ਵੀ ਆਪਣਾ ਰੰਗ ਹੈ। ਭੰਬਟ ਦੇ ਸੜਨ ਤੋਂ ਚਾਤ੍ਰਿਕ ਨੇ ਇਕ ਨਵੀ ਰੀਗਲ ਕੱਢ ਲਈ ਹੈ :

ਪ੍ਰੇਮ ਪੰਥ ਦੀ ਰੀਤਿ ਹੈ, ਗੁਪਤ ਰਹਿਣ ਜਜ਼ਬਾਤ।
ਹੌਕਾ ਤੇ ਹੌਲਾ ਕਰੇ, ਨੰਗੀ ਹੋ ਗਈ ਬਾਤ।

ਕਿੰਨਾ ਚੰਗਾ ਹੋਵੇ ਜੇ ਅੱਜ ਕਲ ਦੇ ਨਵੇਂ ਪ੍ਰੇਮੀ ਵੀ ਇਸ ਗੀਤ ਨੂੰ ਸਮਝ ਜਾਣ।

ਇੰਜ ਪਰਤੀਤ ਹੁੰਦਾ ਹੈ ਜਿਵੇਂ ਕਵੀ ਨੇ ਇਸ ਪੁਸਤਕ ਵਿਚ ਆਪਣੇ ਜੀਵਨ ਦੇ ਸਾਰੇ ਹੀ ਦਰਸ਼ਨ ਦਾ ਨਿਚੋੜ ਦੇ ਦਿਤਾ ਹੈ ਅਤੇ ਉਹ ਵੀ ਬੜੇ ਸੰਖੇਪ ਸ਼ਬਦਾਂ ਵਿਚ ਤੇ ਛੋਟੀਆਂ ਕਵਿਤਾਵਾਂ ਵਿਚ ਹੀ ਨਵੀਨਤਾ ਤੇ ਪੁਰਾਤਨਤਾ ਦਾ ਟਾਕਰਾ ਕਰ ਦਿਤਾ ਹੈ ਅਤੇ ਇੰਜ ਹੀ ਦੋਹਿਰੇ ਤੇ ਬੋਲੀਆਂ ਦੇ ਕੇ ਇਕ ਇਕ ਸਤਰ ਵਿਚ ਵਡੇ ਵਡੇ ਖਿਆਲਾਂ ਨੂੰ ਬੰਨ੍ਹ ਦਿਤਾ ਹੈ। ਦੋਹਿਰਿਆਂ ਵਿਚੋਂ ਅੰਤਲਾ ਦੋਹਿਰਾ ਹੈ :

ਬਹੇ ਪੁਰਾਣੇ ਤਜਰਬੇ ਐਵੇਂ ਸੁੱਟ ਨਾ ਪਾ।
ਮਾਲੀ ਵਾਂਗ ਪਨੀਰੀਆਂ ਨਵੀਆਂ ਲਾਈ ਜਾ।

ਕੇਸਰ ਕਿਆਰੀ ਤੇ ਚੰਦਨਵਾੜੀ ਵਾਂਗ ਇਥੇ ਵੀ ਬੁਲ੍ਹੇ ਸ਼ਾਹ ਤੇ ਸ਼ਾਹ ਹੁਸੈਨ ਦੇ ਰੰਗ ਦੀਆਂ ਕਾਫੀਆਂ ਅਤੇ ਸੂਫੀ ਰੰਗ ਦੀਆਂ ਨਜ਼ਮਾਂ ਮਿਲਦੀਆਂ ਹਨ ਭਾਵੇਂ ਇਸ ਦੇ ਨਾਲ ਹੀ ਕਮਿਉਨਿਜ਼ਮ ਦੇ ਪ੍ਰਭਾਵਾਂ ਦਾ ਵਿਚਾਰ ਵੀ ਥੋੜਾ ਜਿਹਾ ਉਘੜਦਾ ਹੈ ਜਦੋਂ ਕਵੀ ਕਹਿੰਦਾ ਹੈ ਤੇ ਰਬ ਨੂੰ ਸੰਬੋਧਨ ਕਰਦਾ ਹੈ :

ਰੋਟੀ ਰਿਜ਼ਕ ਪਚਾਨਵਿਆਂ ਦਾ, ਪੰਜਾਂ ਦੇ ਵੱਸ ਪਾਇਆ।

ਕਿਉਂਕਿ ਵਡੇ ਵਡੇ ਖਿਆਲ ਥੋੜੇ ਸ਼ਬਦਾਂ ਵਿਚ ਬੰਨ੍ਹੇ ਹੋਏ ਹਨ, ਇਸ ਲਈ ਇਸ ਪੁਸਤਕ ਦੀਆਂ ਕਵਿਤਾਵਾਂ ਦੀਆਂ ਬਹੁਤੀਆਂ ਤੁਕਾਂ ਅਜਿਹੀਆਂ ਹਨ ਜੋ ਸੁਭਾਵਕ ਹੀ ਯਾਦ ਹੋ ਜਾਂਦੀਆਂ ਹਨ ਅਤੇ ਕਈ ਇਕ ਤੁਕਾਂ ਵਿਚ ਹੋਰ ਕਵੀਆਂ ਦੀ ਯਾਦ ਆਉਂਦੀ ਹੈ। ਗੀਤ ਇਥੇ ਵੀ ਦਿਤੇ ਹਨ, ਪਰ ਸਾਡਾ ਤਾਂ ਇਹ ਵਿਚਾਰ ਹੈ ਕਿ ਕੇਸਰ ਕਿਆਰੀ, ਨਵਾਂ ਜਹਾਨ ਅਤੇ ਸੂਫੀਖਾਨਾ ਤਿੰਨੇ ਹੀ ਪੁਸਤਕਾਂ ਸਮੁਚੀ ਭਾਂਤ ਸੰਗੀਤਕ ਕਵਿਤਾ ਦੀਆਂ ਹਨ। ਇਨ੍ਹਾਂ ਦੀ ਕੋਈ ਵੀ ਕਵਿਤਾ ਬੜਾ ਸੋਹਣਾ ਗੀਤ ਬਣ ਸਕਦੀ ਹੈ।

ਅਣਛਪੀਆਂ ਕਵਿਤਾਵਾਂ

ਚੰਦਨਵਾੜੀ, ਕੇਸਰ ਕਿਆਰੀ, ਤੇ ਨਵਾਂ ਜਹਾਨ, ਜਿਵੇਂ ਪਿਛੇ ਦਸਿਆ ਗਿਆ ਹੈ ਚਾਤ੍ਰਿਕ ਜੀ ਦੀਆਂ ਚੋਣਵੀਆਂ ਕਵਿਤਾਵਾਂ ਦੇ ਸੰਗ੍ਰਹਿ ਹਨ, ਅਰਥਾਤ ਹੋਰ ਅਨੇਕਾਂ ਹੀ ਕਵਿਤਾਵਾਂ ਜੋ ਇਨ੍ਹਾਂ ਪੁਸਤਕਾਂ ਲਈ ਹੋਈ ਚੋਣ ਵਿਚ ਸਫਲ ਨਹੀਂ ਹੋ ਸਕੀਆਂ ਚਾਤ੍ਰਿਕ ਜੀ ਦੀ ਹੱਥੀਂ ਲਿਖੀਆਂ, ਕਈ ਨਕਲ ਕਰਵਾਈਆਂ ਉਨ੍ਹਾਂ ਦੇ ਸਪੁਤਰਾਂ ਪਾਸੋਂ ਮਿਲੀਆਂ ਹਨ।[1] ਇਨ੍ਹਾਂ ਵਿਚੋਂ ਕਈ ਬਹੁਤ ਪੁਰਾਤਨ ਹਨ ਜਿਵੇਂ 1926 ਤੋਂ 1941 ਦੀਆਂ ਤ੍ਰੀਕਾਂ ਵਾਲੀਆਂ ਕਵਿਤਾਵਾਂ ਭੀ ਹਨ। 1926 ਦੀ ਕਵਿਤਾ 'ਪੰਜਾਬੀ ਭਾਸ਼ਾ' ਸਬੰਧੀ ਹੈ ਤੇ ਫੁਲਵਾੜੀ ਦਸੰਬਰ ਵਿਚ ਛਪੀ ਹੈ, ਤੇ ਇਲਾਹੀ ਜੱਗ 23. 10. 1927. ਨੂੰ ਹੋਈ ਪਹਿਲੀ ਪੰਜਾਬੀ ਕਾਨਫ੍ਰੰਸ ਦੇ ਸਦੇ ਪੱਤਰ ਲਈ ਲਿਖਿਆ ਕਬਿਤ ਹੈ। ਇਸੇ ਤਰ੍ਹਾਂ ਸੰਨ 1929 ਦੇ ਅਕਤੂਬਰ ਵਿਚ ਸ: ਮੁਨਸ਼ਾ ਸਿੰਘ ਦੁਖੀ ਦੇ ਸਵਾਗਤ ਵਿਚ ਲਿਖਿਆ ਇਕ ਮਾਣ ਪੱਤਰ ਹੈ।

ਕਈ ਪਤਰੇ ਖਸਤਾ ਹੋ ਚੁਕੇ ਹਨ ਜਾਂ ਕਈ ਫਟੇ ਭੀ ਹੋਏ ਹਨ। ਜਿਲਦ ਵਾਲੀਆਂ ਦੋ ਕਾਪੀਆਂ ਵਿਚ ਭੀ ਕੁਝ ਨਜ਼ਮਾਂ ਹਨ। ਇਨਾਂ ਸਾਰੇ ਚਾਰ ਕੁ ਸੌ ਸਫਿਆਂ ਵਿਚੋਂ ਕੋਈ 175

1. ਇਸ ਲਭਤ ਲਈ ਸੰਪਾਦਕ ਸ. ਕ੍ਰਿਪਾਲ ਸਿੰਘ ਜੀ ਨਾਰੰਗ ਤੇ ਡਾ. ਜਸਬੀਰ ਸਿੰਘ ਜੀ ਆਹਲੂਵਾਲੀਆ, ਸ. ਸੂਬਾ ਸਿੰਘ ਜੀ, ਪ੍ਰੋ. ਦੀਵਾਨ ਸਿੰਘ ਤੇ ਚਾਤ੍ਰਿਕ ਜੀ ਦੇ ਸਪੁਤ੍ਰ ਪ੍ਰੇਮ ਕੁਮਾਰ ਜੀ ਦਾ ਵਿਸ਼ੇਸ਼ ਰਿਣੀ ਹੈ ਜਿਨ੍ਹਾਂ ਦੇ ਉਚੇਚੇ ਯਤਨਾਂ ਕਰਕੇ ਹੀ ਸਾਨੂੰ ਇਹ ਕਵਿਤਾਵਾਂ ਮਿਲੀਆਂ ਹਨ।

ਕਵਿਤਾਵਾਂ ਅਸੀਂ ਅਜੇਹੀਆਂ ਲਭ ਸਕੇ ਹਾਂ ਜਿਨ੍ਹਾਂ ਨੂੰ ਚਾਤ੍ਰਿਕ ਜੀ ਦੇ ਹੁਣ ਤਕ ਛਪੇ ਸੰਗ੍ਰਹਿਆਂ ਵਿਚ ਥਾਂ ਨਹੀਂ ਮਿਲੀ। ਇਨ੍ਹਾਂ ਵਿਚ ਘਟੋ ਘਟ 50 ਕਵਿਤਾਵਾਂ ਉਹ ਹਨ ਜੋ ਲਿਖੀਆਂ ਹੀ 'ਸੂਫੀ ਖਾਨਾ' ਛਪਣ ਤੋਂ ਪਿਛੋਂ ਗਈਆਂ ਹਨ ਜਿਹਾ ਕਿ ਉਨ੍ਹਾਂ ਥਲੇ ਦਿਤੀਆਂ ਤਰੀਕਾਂ ਤੋਂ ਸਪਸ਼ਟ ਹੈ। ਇਨ੍ਹਾਂ ਵਿਚ ਸੰਨ 1950 ਤੋਂ 1956 ਤਕ ਦੇ ਸਮੇਂ ਵਿਚ ਰਚੀਆਂ ਕਵਿਤਾਵਾਂ ਗਿਣਨੀਆਂ ਚਾਹੀਦੀਆਂ ਹਨ। ਉਂਞ ਇਨ੍ਹਾਂ ਵਿਚ ਸੰਨ 48, 89 ਦੀਆਂ ਕੁਝ ਰਚਨਾਵਾਂ ਵੀ ਹਨ ਤੇ ਇਕ ਦੋ ਹੇਠ 1929 ਦੀ ਤਰੀਕ ਵੀ ਮਿਲੀ ਹੈ। 28. 2. 49 ਤਰੀਕ ਦੀ ਇਕ ਕਵਿਤਾ ਹੈ।

'ਸਾਂਹਿਬਾ ਤੇਰੇ ਹੀ ਨੇ ਸਾਰੇ
ਤੂੰਹੇ ਰਬ ਤੂੰਹੇਂ ਪਰਮੇਸ਼ਵਰ, ਕੋਈ ਸ਼ੈ ਨਹੀਂ, ਤੈਥੋਂ ਬਾਹਰੇ'

ਅਤੇ 23. 11. 49 ਦੀ ਇਕ ਕਵਿਤਾ ਹੈ, 'ਖਿਆਲੀ ਅਜ਼ਾਦੀ' ਜਿਸ ਦੀ ਟੇਕ ਹੈ 'ਮਨ ਕਿਵੇਂ ਮੰਨੇ ਕਿ ਭਾਰਤ ਹੋ ਚੁੱਕਾ ਅਜ਼ਾਦ ਹੈ।' 'ਬਿਸਮਿਲ-ਮੋਰ' ਅਜੇਹਾ ਵਿਸ਼ਾ ਹੈ ਜਿਸ ਉਤੇ ਡਾ. ਭਾਈ ਵੀਰ ਸਿੰਘ ਜੀ ਦੀ ਇਕ ਲੰਮੀ ਕਵਿਤਾ ਉਨ੍ਹਾਂ ਦੇ ਪਹਿਲੇ ਸੰਗ੍ਰਹਿ ਵਿਚ ਆਈ ਹੈ। ਚਾਤ੍ਰਿਕ ਜੀ ਨੇ ਇਹ ਕਵਿਤਾ 26. 7. 50 ਨੂੰ ਲਿਖੀ ਹੈ ਤੇ ਸਾਰੀ 17 ਸਤਰਾਂ ਦੀ ਹੈ।

16. 8. 50 ਨੂੰ ਲਿਖੀਆਂ ਦੋ ਰੁਬਾਈਆਂ ਤੋਂ ਪਹਿਲਾਂ 'ਮਜ਼ਹਬ' ਉਤੇ ਇਕ ਰੁਬਾਈ ਬੜੀ ਸੁਝਾਊ ਤੇ ਗੰਭੀਰ ਹੈ ਭਾਵੇਂ ਇਸ ਦੇ ਹੇਠਾਂ ਕੋਈ ਤਰੀਕ ਨਹੀਂ ਪਰ ਇਸ ਦੀ ਥਾਂ ਦਸਦੀ ਹੈ ਕਿ ਇਹ ਜਾਂ ਤੇ 16. 8. 50 ਨੂੰ ਜਾਂ 6. 7. 40 ਤੇ 16. 8. 40 ਦੇ ਦਰਮਿਆਨ ਕਿਸੇ ਦਿਨ ਲਿਖੀ ਗਈ ਹੈ :

ਮਨ ਸਾਗਰ ਦੇ ਸ਼ੁਧ ਇਰਾਦੇ,
ਮਾਰਨ ਲਹਿਰਾਂ ਵਾਂਗ ਉਛਾਲਾ।
ਉਹ ਮਜ਼ਹਬ ਦਾ ਰੂਪ ਧਾਰ ਕੇ,
ਸ਼ੁਧ ਧਰਮ ਦਾ ਦੇਣ ਉਜਾਲਾ।
ਮਨ ਦੇ ਸਿਰ ਤੇ ਮਜ਼ਹਬ ਖੜਾ ਹੈ,
ਮਜ਼ਹਬ ਹੈ ਮਨ ਦਾ ਪਰਛਾਵਾ।
ਮਨ ਉਜਲਾ ਤਾਂ ਮਜ਼ਹਬ ਉਜਲਾ,
ਮਨ ਕਾਲਾ ਮਜ਼ਹਬ ਭੀ ਕਾਲਾ।

25. 1. 51 ਨੂੰ ਉਨ੍ਹਾਂ ਲਿਖਿਆ :

ਓ ਦੇਸ਼ ਦੇ ਪੁਜਾਰੀਆ, ਤੂੰ ਦੇਸ਼ ਤੋਂ ਨਿਸਾਰ ਹੋ।

ਪਰ ਇਸ ਤੋਂ ਪਹਿਲੀ ਕਵਿਤਾ ਉਤੇ ਤਰੀਕ ਨਹੀਂ ਦਿਤੀ, ਅੰਤਲੀਆਂ ਤੁਕਾਂ ਹਨ :

ਰਾਜ ਆਪਣਾ, ਹਾਕਮੀ ਕਾਂਗਰਸ ਦੀ,
ਫਿਰ ਵੀ ਸਮਝ ਵਿਚ ਗੱਲ ਨਾ ਆਏ ਕੋਈ।
ਮੈਂ ਤੇ ਚਾਤ੍ਰਿਕ ਆਪ ਸ਼ਰਮਾ ਰਿਹਾ ਹਾਂ,
ਕਿਨੂੰ ਕਹੇ ਤੇ ਕਿਨੂੰ ਸਮਝਾਏ ਕੋਈ।

ਸੰਨ 1952 ਵਿਚ ਉਹ ਸਵਰਾਜ ਤੋਂ ਜਾਂ ਨਵੇਂ ਰਾਜ ਪ੍ਰਬੰਧ ਤੋਂ ਕਿੰਨੇ ਨਿਰਾਸ ਹੋ ਗਏ ਹਨ, ਉਸ ਦਾ ਸਪਸ਼ਟ ਸੰਕੇਤ ਇਨ੍ਹਾਂ ਤੁਕਾਂ ਵਿਚ ਹੈ।

ਜਲਸਾ ਹੋਇਆ, ਭਰੀ ਕਚਹਿਰੀ, ਅਸੀਂ ਭੀ ਗਏ ਬੁਲਾਏ।
ਲਾਰਿਆਂ ਨਾਲ ਨਿਹਾਲ ਹੋ ਗਏ, ਜੀ ਦੀਆਂ ਜੀਅ ਵਿਚ ਰਹੀਆਂ।

ਇਸ਼ਕ ਦੀਆਂ ਧੁੰਮਾਂ ਜਗ ਵਿਚ ਪਈਆਂ,
ਸਕੇ ਸੋਧਰੇ ਕਠੇ ਕਰਕੇ ਠੇਕੇ ਗਏ ਦਿਵਾਏ।

... ...

ਢਕੀ ਰਿਝਣ ਦੇ ਹੁਣ ਕਵੀਆ, ਦੜ ਵਟ ਕੇ ਦਿਨ ਕਟੀਂ,
ਹੋਰ ਪੁਆੜਾ ਪੈ ਨਾ ਜਾਏ, ਜੇ ਤੂੰ ਸਚੀਆਂ ਕਹੀਆਂ।

ਇਹੋ ਹੀ ਪੁਕਾਰ ਸੰਨ 1950 ਦੀ ਲਿਖੀ ਕਵਿਤਾ 'ਵਾਹਵਾ ਬਹਾਰ ਅਜ਼ਾਦੀ ਦੀ' ਵਿਚ ਹੈ :

'ਰਾਮ ਰਾਜ' ਦਾ ਖਾਕਾ ਬਣਿਆ, ਵੋਟਰ ਲਈ ਜਾਲ ਗਿਆ ਤਣਿਆ।
ਲੇਬਰ ਦੌਲਤ ਮੰਦ ਹਵਾਲੇ, ਸਭ ਕੁਝ ਹੋਰ ਕਾਂਗਰਸ ਵਾਲੇ।
ਸਿਰ ਤੇ ਬਹਿ ਕੇ ਨਹਿਰੂ ਢਾਲੇ ਕਿਸਮਤ ਸਭ ਅਬਾਦੀ ਦੀ।

ਅਤੇ 1954 ਵਿਚ ਕਹਿੰਦੇ ਹਨ :

ਸਾਨੂੰ ਲੋੜ ਅਜ ਐਸੇ ਮਿਆਰਾਂ ਦੀ ਏ।
ਰੇਲਾਂ, ਤਾਰਾਂ, ਮੋਟਰ ਕਾਰਾਂ ਕਰਨ ਪੈਦਾ,
ਡਾਢੀ ਲੋੜ ਐਸੇ ਦਸਤਕਾਰਾਂ ਦੀ ਏ।

ਜਿਨ੍ਹਾਂ ਕਵਿਤਾਵਾਂ ਥਲੇ ਤਰੀਕਾਂ ਲਿਖੀਆਂ ਹਨ, ਉਨ੍ਹਾਂ ਦੇ ਹਿਸਾਬ ਇਹ ਉਨ੍ਹਾਂ ਦੀ ਅਖੀਰੀ ਕਵਿਤਾ ਹੈ, ਕਿਉਂਕਿ ਇਸ ਤੋਂ ਪਿਛੋਂ ਦੀ ਤਰੀਕ ਕਿਸੇ ਕਵਿਤਾ ਉਤੇ ਨਹੀਂ। ਦੂਜੇ ਪਾਸੇ ਉਹ ਕਵਿਤਾਵਾਂ ਵੀ ਹਨ ਜਿਨ੍ਹਾਂ ਵਿਚ 'ਹਰਿ ਧਨ' ਉਪ ਨਾਮ ਹੈ ਅਤੇ ਉਤੇ ਭੀ ਲਿਖਿਆ ਹੈ, ਵਲੋਂ ਸ੍ਰੀ ਮਾਨ ਭਾਈ ਹਰਿ ਧਨ ਜੀ। ਸੋ ਸੁਖੈਨ ਹੀ ਇਹ ਸਿਟਾ ਕਢਿਆ ਜਾ ਸਕਦਾ ਹੈ ਕਿ ਇਹ ਕਵਿਤਾਵਾਂ 'ਖਾਲਸਾ ਸਮਾਚਾਰ' ਵਿਚ ਉਨ੍ਹਾਂ ਦੇ ਬੰਬਈ ਜਾਣ ਤੋਂ ਪਹਿਲਾਂ ਦੇ ਸਮੇਂ ਵਿਚ ਛਪੀਆਂ ਹਨ ਜਿਵੇਂ—'ਪ੍ਰੇਮ-ਕੂਕ', 'ਅਵਾਹਨ' ਤੇ ਸਿਕ (ਰੁਬਾਈਆਂ) ਤੇ ਲੰਮੀ ਕਵਿਤਾ, ਜਗਤ ਜਲੰਦਾ ਰਖ ਲੈ, ਏਦਾਂ ਹੀ ਇਕ ਕਵਿਤਾ, ਸਰ ਸ਼ਾਦੀ ਲਾਲ ਜਸਟਿਸ ਦੇ ਸਨਮਾਨ ਵਿਚ ਹੈ, ਉਹ ਵੀ ਸੰਨ 1920 ਦੇ ਲਗਪਗ ਦੀ ਪ੍ਰਤੀਤ ਹੁੰਦੀ ਹੈ। ਇਕ ਲੰਮੀ ਗਜ਼ਲ ਥਲੇ ਦੋ ਤਰੀਕਾਂ ਹਨ। 20 . 8 . 41 ਅਤੇ 14. 3. 50, ਜਾਪਦਾ ਹੈ ਕਿ ਆਪਣੇ ਸੁਭਾ ਅਨੁਸਾਰ ਚਾਤ੍ਰਿਕ ਜੀ ਨੇ 10 ਵਰ੍ਹਿਆਂ ਪਿਛੋਂ ਫੇਰ ਇਨ੍ਹਾਂ ਸਤਰਾਂ ਨੂੰ ਸੋਧਿਆ ਤੇ ਵਿਚਾਰਿਆ ਹੈ ਤੇ ਅੰਤਮ ਰੂਪ ਦਿਤਾ ਹੈ, ਫੇਰ ਵੀ ਚੋਣ ਵਿਚ ਨਹੀਂ ਲਿਆਂਦਾ। ਅਨੇਕਾਂ ਕਵਿਤਾਵਾਂ, ਘਟੋ ਘਟ ਅਧੀਆਂ, ਅਜੇਹੀਆਂ ਹਨ ਜਿਨ੍ਹਾਂ ਉਤੇ ਕੋਈ ਸਿਰਲੇਖ ਜਾਂ ਸੁਰਖੀ ਨਹੀਂ।

ਕਈ ਕਵਿਤਾਵਾਂ ਵਿਚ ਕਵੀ ਆਪਣੀ, ਸੁਧਾਰਵਾਦੀ ਰੁਚੀ ਹੇਠ, ਵਿਅੰਗ ਦੀ ਵਰਤੋਂ ਬੜੇ ਤਿਖੇ ਸ਼ਬਦਾਂ ਵਿਚ ਕਰਦਾ ਹੈ ਜਿਵੇਂ :

ਸਦਕੇ ਜਾਂ ਮੈਂ ਸੋਹਣਿਆਂ ਲੀਡਰਾਂ ਦੇ,
ਖਰਲ ਹੈਟ, ਚਿਟੀ ਅਚਕਨ ਵਾਲਿਆਂ ਦੇ।

... ...

ਨੇਕ ਹਾਕਮਾਂ ਪੁਲਸ ਦੇ ਅਫਸਰਾਂ ਦੇ,
ਠੇਕੇਦਾਰ ਰਾਣੀ ਖਾਂ ਦੇ ਸਾਲਿਆਂ ਦੇ।

... ...

ਸਭ ਕੁਝ ਹੁੰਦਿਆਂ ਸੁੰਦਿਆਂ ਦੇਸ਼ ਅੰਦਰ,
ਇਹ ਦੂਰ ਭਿਖ ਮੁਕਣ ਅੰਦਰ ਆਉਂਦਾ ਨਹੀਂ।

ਉਪ੍ਰੋਕਤ ਉਦਾਹਰਨਾਂ ਤੋਂ ਇਹ ਸਪਸ਼ਟ ਹੈ ਕਿ ਇਨ੍ਹਾਂ ਕਵਿਤਾਵਾਂ ਦੇ ਵਿਸ਼ੇ ਦਾ ਢੰਗ ਉਹੀ ਹੈ ਜੋ ਸੰਗ੍ਰਹਿਆਂ ਵਿਚ ਪ੍ਰਕਾਸ਼ਤ ਹੋ ਚੁਕੀਆਂ ਕਵਿਤਾਵਾਂ ਦਾ ਹੈ ਤੇ ਕਲਾਤਮਕ-ਮੁੱਲ ਭੀ ਲਗਪਗ ਉਹੀ। ਇਨ੍ਹਾਂ ਨੂੰ ਛਡਣ ਦੇ ਕਾਰਨਾਂ ਵਿਚ ਵਡਾ ਕਾਰਨ 'ਸਮਾਂ' ਹੈ।

ਚਾਤ੍ਰਿਕ ਜੀ ਨੇ ਸਮੇਂ ਦੀ ਹਕੂਮਤ ਦੇ ਬਹੁਤੀਆਂ ਵਿਰੁਧ ਜਾਂਦੀਆਂ ਕਵਿਤਾਵਾਂ ਨੂੰ ਛਡਿਆ ਹੈ, ਭਾਵੇ ਲਿਖ ਰਖੀਆਂ ਹਨ। ਇੰਜ ਹੀ ਉਸ ਸਮੇਂ ਧਾਰਮਿਕ, ਸਮਾਜ ਸੁਧਾਰਕ ਤੇ ਉਪਦੇਸ਼ਾਤਮਕ ਕਵਿਤਾ ਤੋਂ ਭੀ ਪੰਜਾਬੀ ਪਾਠਕ ਉੱਨੇ ਹੀ ਉਕਤਾਏ ਹੋਏ ਸਨ, ਜਿੰਨੇ ਰੋਮਾਂਟਿਕ ਤੇ ਇਸ਼ਕੀਆ ਕਿੱਸਿਆ ਤੋਂ। ਦੂਜਾ ਕਾਰਨ ਸ਼ਾਇਦ ਵੰਨਗੀ ਹੈ। ਜਿਨ੍ਹਾਂ ਵਿਚਾਰਾਂ ਜਾਂ ਵਿਸ਼ਿਆਂ ਦੀਆਂ ਕਵਿਤਾਵਾਂ ਵਧੇਰੇ ਸਨ ਉਹੀ ਵਧੇਰੇ ਛਡਣੀਆਂ ਪਈਆਂ ਹਨ। ਇਉਂ ਭਾਸਦਾ ਹੈ ਕਿ ਚਾਤ੍ਰਿਕ ਜੀ ਦਾ ਯਤਨ ਇਨ੍ਹਾਂ ਕਵਿਤਾਵਾਂ ਵਿਚ ਭੀ ਲੋਕ-ਅਵਾਜ਼, ਲੋਕ-ਭਾਸ਼ਾ ਵਿਚ ਸੁਣਾਉਂਣ ਦਾ ਸੀ, ਪਰ ਆਪਣੇ ਰੰਗ ਤੇ ਢੰਗ ਨਾਲ ਤੇ ਆਪਣੇ ਨਤੀਜੇ ਕਢ ਕੇ। ਇਉਂ ਪਾਠਕ ਵੇਖ ਸਕਣਗੇ ਕਿ ਇਨ੍ਹਾਂ ਕਵਿਤਾਵਾਂ ਵਿਚ ਭੀ ਕਵੀ ਸਦਾਚਾਰਕ, ਧਾਰਮਿਕ, ਇਤਿਹਾਸਕ, ਰਹਸਯਵਾਦੀ ਤੇ ਸੂਫੀ ਵਿਚਾਰ ਦਿੰਦਾ ਹੈ। ਇਨ੍ਹਾਂ ਵਿਚ ਭੀ ਉਹ ਸਿਖ ਗੁਰੂਆਂ ਤੇ ਹੋਰ ਇਤਿਹਾਸਕ ਵਿਅਕਤੀਆਂ ਉੱਤੇ ਕਵਿਤਾ ਲਿਖਦਾ ਹੈ। ਇਸ ਲੁਕੇ ਭੰਡਾਰ ਵਿਚ ਭੀ ਹਿੰਦੂ, ਮੁਸਲਮ, ਸਿਖ ਇਤਫਾਕ ਪੰਜਾਬੀ-ਭਾਸ਼ਾ ਅਤੇ ਰਾਮ ਰਾਜ ਦੀਆਂ ਮੋਹਰਾਂ ਹਨ ਅਤੇ ਏਥੇ ਭੀ ਦੇਸ਼ ਦੇ ਨੌਜਵਾਨਾਂ, ਮੁਟਿਆਰਾਂ, ਗ੍ਰਿਹਸਤੀਆਂ, ਕਿਸਾਨਾਂ, ਹਾਕਮਾਂ ਤੇ ਸੇਵਕਾਂ ਨੂੰ ਪ੍ਰੇਰਨਾ, ਸੇਧ ਦੇਣ ਤੇ ਉਨ੍ਹਾਂ ਦੀ ਸੋਧ ਦਾ ਯਤਨ ਹੈ। ਕਿਤੇ ਕਿਤੇ ਰੋਮਾਂਟਿਕ ਲਹਿਰ ਭੀ ਹੈ, ਗੀਤ ਭੀ ਗੂੰਜਦੇ ਹਨ ਤੇ ਗਜ਼ਲਾਂ ਦਾ ਰੰਗ ਭੀ ਨਿਖਰਦਾ ਹੈ। ਪੁਰਾਣੇ ਬਾਰਾਂਮਾਹ ਤੇ ਬੋਲੀਆਂ ਤੇ ਟਪਿਆਂ ਦੇ ਨਮੂਨੇ ਭੀ ਹਨ।

ਇਕ ਗੱਲ ਇਥੇ ਨਵੀਂ ਦਿਸੀ ਹੈ, ਉਹ ਹੈ ਬੱਚਿਆਂ ਲਈ ਸਾਦੀਆਂ ਕਵਿਤਾਵਾਂ ਜੋ ਸ਼ਾਇਦ ਬੱਚਿਆਂ ਲਈ ਉਚੇਚੀਆਂ ਤਿਆਰ ਹੋਈਆਂ ਪੁਸਤਕਾਂ ਆਦਿ ਲਈ ਮੰਗ ਆਉਣ ਉੱਤੇ ਲਿਖੀਆਂ ਹੋਣ। ਉਨ੍ਹਾਂ ਵਿਚ ਸਰਲਤਾ ਤੇ ਸੁਖੈਨ ਸ਼ਬਦਾਂ ਵਿਚ ਸਿਖਿਆ, ਇਕ ਅਦੁਤੀ ਮਿਸਾਲ ਹੈ। ਸੰਪਾਦਕ ਦਾ ਵਿਚਾਰ ਹੈ ਕਿ ਬੱਚਿਆਂ ਲਈ ਉਚੇਚਾ ਬਹੁਤ ਹੀ ਘਟ ਪੰਜਾਬੀ ਵਿਚ ਲਿਖਿਆ ਜਾਂਦਾ ਹੈ ਤੇ ਜੋ ਰਚਨਾ ਹੁੰਦੀ ਹੈ ਉਸ ਵਿਚ ਬੱਚਿਆਂ ਦੀ ਸਮਝ ਦੀ ਪੱਧਰ ਨੂੰ ਸਾਂਹਵੇ ਨਹੀਂ ਰਖਿਆ ਜਾਂਦਾ। ਇਸ ਲਈ ਪਾਠ-ਪੁਸਤਕਾਂ ਲਈ ਯੋਗ ਢੁਕਦੀਆਂ ਕਵਿਤਾਵਾਂ ਪੰਜਾਬੀ ਵਿਚ ਅਲਭ ਹੀ ਹਨ ਜਾਂ ਐਵੇਂ ਅਘੱੜ ਤੇ ਅਢੁਕਵੀਆਂ ਜਿਹੀਆਂ ਹੀ ਹੁੰਦੀਆਂ ਹਨ। ਚਾਤ੍ਰਿਕ ਜੀ ਨੇ ਇਸ ਪਾਸੇ ਵੀ ਅਗਵਾਈ ਕੀਤੀ ਹੈ। ਦ੍ਰਿਸ਼ਟਾਂਤ ਲਈ ਦੇਖੋ :

ਤਨਦਰੁਸਤ ਜੇ ਰਹਿਣਾ ਚਾਹੋ ਤਾਂ ਚੀਜ਼ ਬਜ਼ਾਰੀ ਖਾਓ ਨਾ।
ਥਿੰਦੇ ਪਾਪੜ, ਖਟੇ ਛੋਲੇ, ਖਾ ਕੇ ਖੰਘ ਲਗਾਓ ਨਾ।
... ...
ਮੱਖੀ ਹੈਜਾ ਤੁਰਤ ਲਿਆਵੇ, ਮੱਛਰ ਤੇਈਆ ਤਾਪ ਚੜ੍ਹਾਵੇ।

ਦੂਜੀ ਨਵੀਂ ਚੀਜ਼ ਹੈ, ਨਵੀਂ ਆਈ ਅਜ਼ਾਦੀ ਉੱਤੇ ਰਖੀਆਂ ਆਸਾਂ ਉੱਤੇ ਫਿਰਿਆ ਪਾਣੀ ਜਿਸ ਬਾਬਤ ਕੁਝ ਕਹਿਣ ਲਗਿਆਂ, 'ਚਾਤ੍ਰਿਕ ਆਪ ਸ਼ਰਮਿੰਦਾ' ਹੈ ਅਤੇ ਮੰਨਦਾ ਹੈ ਕਿ :

'ਸਚ ਆਖਣ ਹੈ ਬਹੁਤ ਮੁਹਾਲ,
ਤੇ—ਢਕੀ ਰਿਝਣ ਦੇ ਹੁਣ ਕਵੀਆਂ ਦੜ ਵਟ ਕੇ ਦਿਨ ਕਟੀਂ।'
ਹੋਰ ਪੁਆੜਾ ਪੈ ਨਾ ਜਾਏ, ਜੇ ਤੂੰ ਸਚੀਆਂ ਕਹੀਆਂ।

ਇਨ੍ਹਾਂ ਕਵਿਤਾਵਾਂ ਵਿਚ ਹੀ, ਸੰਪਾਦਕ ਦਾ ਅਨੁਮਾਨ ਹੈ ਕਿ ਉਹ ਸਭੇ ਧਾਰਮਿਕ ਕਵਿਤਾਵਾਂ ਭੀ ਆ ਜਾਂਦੀਆਂ ਹਨ ਜਿਨ੍ਹਾਂ ਦਾ ਵਖਰਾ ਸੰਗ੍ਰਹਿ ਚਾਤ੍ਰਿਕ ਜੀ 1952 ਵਿਚ ਛਾਪਣ ਲਈ ਵਿਚਾਰ ਕਰ ਰਹੇ ਸਨ ਤੇ ਜਿਨ੍ਹਾਂ ਵਲ ਇਸ ਭੂਮਿਕਾ ਦੇ ਆਰੰਭ ਵਿਚ ਸੰਕੇਤ ਕੀਤਾ ਗਿਆ ਹੈ, ਕਿਉਂਕਿ ਅਣਛਪੇ ਇਸ ਖਜ਼ਾਨੇ ਵਿਚ ਬਹੁਤੀਆਂ ਕਵਿਤਾਵਾਂ ਗੁਰੂ ਸਾਹਿਬਾਨ ਸਬੰਧੀ ਹਨ, ਜਿਵੇਂ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਅਰਜਨ ਦੇਵ ਜੀ, ਬੰਦੀ ਛੋੜ ਸ੍ਰੀ ਗੁਰੂ ਹਰਗੋਬਿੰਦ ਜੀ ਤੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ।

ਇਸ ਹਥਲੀ ਪੁਸਤਕ ਵਿਚ ਪਾਠਕ ਇਹ ਸਭ ਅਣਛਪੀਆਂ ਕਵਿਤਾਵਾਂ ਵਖ ਵਖ ਵਿਸ਼ਿਆਂ ਦੀਆਂ ਕਵਿਤਾਵਾਂ ਦੇ ਭਾਗਾਂ ਵਿਚ ਅੰਤ ਉਤੇ ਵੇਖਣਗੇ।

ਇਸ ਵਿਚਾਰ ਨੂੰ ਅਸੀਂ ਰੂਪ ਜੀ ਦੇ ਹੇਠ ਲਿਖੇ ਸ਼ਬਦਾਂ ਨਾਲ ਸਮਾਪਤ ਕਰਦੇ ਹਾਂ :

'ਏਸ ਸੂਫੀਖਾਨੇ ਜਾਂ ਮੈ-ਖਾਨੇ ਵਿਚ ਮਾਰੂ ਸੋਹਿਲਿਆਂ ਜਿਹੀ ਰਵਾਨੀ ਦੇ ਭਰੇ ਪਿਆਲੇ, ਬੁਲ੍ਹੇ ਸ਼ਾਹ ਦੀਆਂ ਕਾਫ਼ੀਆਂ ਵਰਗੀਆਂ ਤਾਅਨੇ ਤੇ ਪਿਆਰ ਦੀਆਂ ਰੰਗੀਨ ਸੁਰਾਹੀਆਂ ਹਨ। ਰੂਹ ਮਸਤਾਉਣਾ, ਰਾਫ਼ਜ਼ੀ ਸਾਕੀ, ਹਰ ਪਾਸੇ ਨਜ਼ਰ ਆ ਰਿਹਾ ਹੈ। ਪਰ ਵੀਹਵੀਂ ਸਦੀ ਦਾ ਇਹ ਸੂਫੀ ਮਜ਼ਹਬੀ ਝੇੜਿਆਂ ਨੂੰ ਦੂਰ ਕਰਨ ਤੇ ਹੀ ਨਹੀਂ ਰਿਹਾ, ਹਮੇਸ਼ਾਂ ਸਮਾਜ ਦੀ ਕਸੁੰਦਰਤਾ ਨੂੰ ਉਡਾਉਣ ਲਈ ਸੋਚਦਾ ਰਿਹਾ।'

(ਹਰਿੰਦਰ ਸਿੰਘ ਰੂਪ, ਭੂਮਿਕਾ)

ਇਉਂ ਕਿਹਾ ਜਾ ਸਕਦਾ ਹੈ ਕਿ ਨਵਾਂ ਜਹਾਨ ਵਿਚ ਕਵਿਤਾ ਦੇ ਹੁਨਰ ਦੀ ਟੀਸੀ ਤੋਂ ਕਵੀ ਥੋੜਾ ਜਿਹਾ ਹੇਠਾਂ ਉਤਰ ਆਇਆ ਸੀ, ਪਰ ਸੂਫੀਖਾਨੇ ਵਿਚ ਉਸ ਨੇ ਫਿਰ ਉਚੀ ਸਿਖਰ ਨੂੰ ਛੋਹਿਆ ਹੈ ਅਤੇ ਕਾਵਿ-ਕਲਾ ਦਾ ਇਕ ਬਹੁਤ ਉਚਾ ਸੰਗ੍ਰਹਿ ਸੂਫੀਖਾਨਾ, ਜੋ ਉਨ੍ਹਾਂ ਦਾ ਅੰਤਲਾ ਸੰਗ੍ਰਹਿ ਵੀ ਹੈ, ਪੰਜਾਬੀ ਨੂੰ ਦੇ ਕੇ ਚਾਤ੍ਰਿਕ ਨੇ ਆਪਣਾ ਨਾਮ ਸਦਾ ਲਈ ਅਮਰ ਕਰ ਦਿਤਾ ਹੈ।

ਇਸ ਜਿਲਦ ਵਿਚ ਅਸੀਂ ਚਾਤ੍ਰਿਕ ਦੀ ਵਾਰਤਕ ਨੂੰ ਨਹੀਂ ਪ੍ਰਕਾਸਤ ਕਰ ਰਹੇ। ਉਂਜ ਚਾਤ੍ਰਿਕ ਜੀ ਦੀ ਵਾਰਤਕ ਨੂੰ ਵੀ ਇਕ ਵਡਮੁਲੀ ਦੇਣ ਹੈ। ਕੇਸਰ ਕਿਆਰੀ ਦੀ ਭੂਮਿਕਾ ਅਤੇ ਚਾਤ੍ਰਿਕ ਜੀ ਦੀ ਜੀਵਨੀ, ਜੋ ਪਾਠਕ ਇਸੇ ਪੁਸਤਕ ਵਿਚ ਪੜ੍ਹ ਚੁਕੇ ਹਨ, ਉਨ੍ਹਾਂ ਦੀ ਵਾਰਤਕ ਦਾ ਇਕ ਨਮੂਨਾ ਹੈ। ਇਸ ਤੋਂ ਬਿਨਾਂ ਉਨ੍ਹਾਂ ਦੇ ਕਈ ਇਕ ਲੇਖ ਅਖਬਾਰਾਂ ਵਿਚ ਪ੍ਰਕਾਸ਼ਤ ਹੁੰਦੇ ਰਹੇ ਹਨ, ਵਿਸ਼ੇਸ਼ ਕਰਕੇ ਕਵੀ ਤੇ ਕਵਿਤਾ ਸਬੰਧੀ ਉਨ੍ਹਾਂ ਦਾ ਲੇਖ 'ਲਿਖਾਰੀ' ਨਾਂ ਦੇ ਪੱਤ੍ਰ ਵਿਚ, ਜਿਸ ਵਿਚੋਂ ਕੁਝ ਤੁਕਾਂ ਅਸੀਂ ਇਸੇ ਭੂਮਿਕਾ ਵਿਚ ਦਿਤੀਆਂ ਹਨ।

ਫੁਲਾਂ ਦੀ ਟੋਕਰੀ, ਭਾਈ ਪ੍ਰਬੁਧ ਸਿੰਘ ਦਾ ਜੀਵਨ, ਇਸਤ੍ਰੀ ਦੁਖ-ਦਸ਼ੀ, ਚੁਪ ਦੀ ਦਾਦ, ਆਦਿਕ ਕੁਝ ਪੁਸਤਕਾਂ ਹੋਰ ਵੀ ਵਾਰਤਕ ਵਿਚ ਲਿਖੀਆਂ ਹੋਈਆਂ ਪ੍ਰਕਾਸ਼ਤ ਹੋ ਚੁਕੀਆਂ ਹਨ। ਇਨ੍ਹਾਂ ਵਿਚੋਂ ਕੁਝ ਤਾਂ ਖਾਲਸਾ ਟਰੈਕਟ ਸੁਸਾਇਟੀ ਦੇ ਟਰੈਕਟਾਂ ਦੇ ਰੂਪ ਵਿਚ ਛਪੀਆਂ ਸਨ।

ਇਹ ਜਿਲਦ ਚਾਤ੍ਰਿਕ ਨੂੰ ਕੇਵਲ ਕਵੀ ਦੇ ਰੂਪ ਵਿਚ ਪੇਸ਼ ਕਰਨ ਦਾ ਯਤਨ ਹੈ ਅਤੇ ਅਸੀਂ ਸਮਝਦੇ ਹਾਂ ਕਿ ਕਵੀ ਚਾਤ੍ਰਿਕ ਇਕ ਲੋਕ-ਪ੍ਰੀਯ ਕਵੀ ਹੁੰਦਿਆਂ ਵੀ ਆਪਣੇ ਪਾਠਕਾਂ ਨੂੰ ਨਿਰੋਈ ਅਤੇ ਲਾਭਦਾਇਕ ਸੇਧ ਦਿੰਦਾ ਹੈ। ਇਸ ਲਈ ਉਸ ਦੀ ਕਾਵਿ ਰਚਨਾ ਅਮਰ ਤੇ ਸਤਿਕਾਰ ਯੋਗ ਹੈ।

ੴ ਸਤਿਗੁਰ ਪ੍ਰਸਾਦਿ॥

ਯੋਗੀ ਰਾਜ ਸ੍ਰੀ ਭਰਥਰੀ ਹਰੀ ਜੀ ਦਾ ਬ੍ਰਿਤਾਂਤ ਤੇ ਰਾਜ ਰਾਜੇਸ਼ਵਰ ਬਿਕ੍ਰਮਾਜੀਤ ਜੀ ਦੇ ਹਾਲਾਤ ਰਚਿਤ ਕਵੀ 'ਚਾਤ੍ਰਿਕ'

ਮੰਗਲਾਚਰਣ

*ਦੋਹਰਾ – ਏਕੰਕਾਰ ਅਕਾਲ ਪ੍ਰਭ, ਸਗਲ ਜਗਤ ਆਧਾਰ।
ਪਾਲਕ[1] ਘਾਲਕ[2] ਪ੍ਰਾਣ ਦਾ ਤਿਸਕੋ ਸਦਾ ਜੁਹਾਰ[3]।

**ਛਪੈ ਛੰਦ– ਬਾਰੰਬਾਰ ਜੁਹਾਰ ਭਗਤ ਵਤਸਲ[4] ਕੋ ਮੇਰੀ।
ਕਰਮ ਹੀਨ, ਕੁਲ ਹੀਨ, ਦੀਨ ਸਰਨਾਗਤ ਤੇਰੀ।
ਕਰ ਅਨੁੱਗ੍ਰਹ[5] ਨਾਥ, ਹਾਥ ਦੇ ਤਾਰੋ ਬੇੜੀ।
ਭਵਸਾਗਰ ਤਰ ਜਾਇ, ਨਾਮਿ ਜੋ ਲੇ ਇਕ ਵੇਰੀ।
ਸ੍ਰੀ ਰਾਮ ਨਾਮ ਕੋ ਸਿਮਰ ਕੇ ਅਜਾਮੱਲ ਪਾਪੀ ਤਰੇ।
ਤਿਉ ਕਰੋ ਕ੍ਰਿਪਾ ਇਸ ਦਾਸ ਪਰ, ਨਮੋ ਨਮੋ ਹਰ ਹਰ ਹਰੇ।

ਛਪੈ ਛੰਦ– ਮੈਂ ਪਾਪੀ ਖਲ ਮੂੜ੍ਹ, ਪਿਤਾ ਤੁਮ ਕਰੁਣਾ-ਸਾਗਰ[6]।
ਖਿਨ ਖਿਨ ਭੁਲਨਹਾਰ ਨੀਚ ਮੈਂ ਜਗਤ ਉਜਾਗਰ[7]।
ਤੁਮ ਬਖਸ਼ਿੰਦ ਮਹਾਨ, ਲਾਇ ਗਲ ਦੀਜੇ ਆਦਰ।
ਸਰਨ ਪੜੇ ਕੀ ਲਾਜ, ਰਾਖ ਹੇ ਗੁਣਨਿਧ ਨਾਗਰ[8]।
ਹੈ ਬੜੀ ਬੜਾਈ ਆਪ ਮੇਂ, ਭੂਲ ਜਾਤ ਅਵਗੁਣ ਸਭੇ।
ਜਬ ਸ਼ਰਨ ਆਇ ਰਖ ਲੇਤ ਹੋ, ਬਿਰਦ ਦੇ ਪ੍ਰਭੋ।

---

*ਦੋ ਤੁਕਾਂ ਦਾ ਛੰਦ ਜਿਸ ਵਿਚ 13+11, 24 ਮਾਤਰਾਂ ਹਰ ਤੁਕ ਵਿਚ ਹੁੰਦੀਆਂ ਹਨ।

**ਛੇ ਤੁਕਾਂ ਦਾ ਛੰਦ ਜਿਸ ਵਿਚ ਪਹਿਲੀਆਂ 4 ਤੁਕਾਂ ਛੋਟੇਰੀਆਂ ਤੇ ਅੰਤਲੀਆਂ ਦੋ ਲੰਬੇਰੀਆਂ ਹੁੰਦੀਆਂ ਹਨ, ਆਮ ਕਰਕੇ ਪਹਿਲੀਆਂ ਵਿਚ 11+13 ਤੇ ਅੰਤਲੀਆਂ ਵਿਚ 16+13, ਜਾਂ 16+14 ਮਾਤ੍ਰਾਂ ਰੱਖੀਆਂ ਜਾਂਦੀਆਂ ਹਨ।

1. ਪਾਲਣ ਵਾਲਾ। 2. ਨਾਸ ਕਰਨ ਵਾਲਾ। 3. ਨਮਸਕਾਰ। 4. ਪਿਆਰਾ। 5. ਕਿਰਪਾ।
6. ਕਿਰਪਾ ਦੇ ਸਮੁੰਦਰ। 7. ਮਸ਼ਹੂਰ ਪ੍ਰਸਿਧ। 8. ਚਤੁਰ, ਉਤਮ।

ਬੈਂਤ

ਕਰਾਂ ਬੰਦਨਾ ਓਸ ਪਰਮਾਤਮਾ ਨੂੰ, ਜੇਹੜਾ ਆਸਰਾ ਕੁੱਲ ਸੰਸਾਰ ਦਾ ਹੈ।
ਸਦਾ ਸ਼ਾਂਤੀ ਸਰੂਪ ਅਡੋਲ ਮੂਰਤਿ, ਆਦਿ ਅੰਤ ਨਾ ਓਸ ਨਿਰਧਾਰ[1] ਦਾ ਹੈ।
ਜਨਮ ਮਰਨ, ਵਾਧੇ, ਘਾਟੇ ਵਿਚ ਨਾਹੀਂ, ਰੂਪ ਰੰਗ ਨੂੰ ਕਦੀ ਨਾ ਧਾਰਦਾ ਹੈ।
ਦਸ਼ਾ ਕਲਾ ਦੇ ਭੈ ਤੋਂ ਬਾਹਰ ਦਿੱਸੇ, ਸਰਬ ਘਟਾਂ[2] ਅੰਦਰ ਚਮਕ ਮਾਰਦਾ ਹੈ।
ਸੂਰਜ ਚੰਦ ਤਾਰੇ ਤੇ ਅਕਾਸ਼ ਧਰਤੀ, ਕਲਾਧਾਰ ਬਿਨ ਥੰਮ ਖਲ੍ਹਾਰਦਾ ਹੈ।
ਜੜ੍ਹਾਂ ਚੇਤਨਾਂ, ਜਲਚਰਾਂ, ਬਨਚਰਾਂ ਦੀ, ਕਰੇ ਪਾਲਣਾ ਦੁੱਖ ਨਿਵਾਰਦਾ ਹੈ।
ਦੇਵੀ, ਦੇਵ, ਹੱਥੀ ਬੱਧੀ ਹੁਕਮ ਅੰਦਰ, ਧੰਨਵਾਦ ਕਰਦੇ ਸਿਰਜਣਹਾਰ ਦਾ ਹੈ।
ਬ੍ਰਹਮਾ ਵੇਦ ਰਚ ਕੇ ਉਸ ਦਾ ਰਟਨ ਕਰਦਾ, ਸਦਾ ਨੇਤ ਹੀ ਨੇਤ[3] ਪੁਕਾਰਦਾ ਹੈ।
ਮਹਾਂਦੇਵ ਨੇ ਧਾਰਿਆ ਰਾਮ ਮੰਤ੍ਰ, ਜੇਹੜਾ ਜਪੇ ਮੂੰਹੋਂ ਉਸ ਨੂੰ ਤਾਰਦਾ ਹੈ।
ਕਰੇ ਪਾਲਣਾ, ਨਿੱਕਿਆਂ ਮੋਟਿਆਂ ਦੀ, ਰੋਜ਼ੀ ਰੋਜ਼ ਪਹੁੰਚਾ ਨਾ ਹਾਰਦਾ ਹੈ।
ਕਰੇ ਉਤਪਤੀ ਆਪ ਤੇ ਆਪ ਪਾਲੇ, ਰੁਦ੍ਰ[4] ਰੂਪ ਧਰ ਆਪ ਸੰਘਾਰਦਾ[5] ਹੈ।
ਐਸੇ ਦਿਓ, ਆਦਿਓ, ਬ੍ਰਹਮੇਓ ਤਾਈਂ, ਚਾਤ੍ਰਿਕ ਹੱਥ ਬੱਧੇ ਨਮਸਕਾਰਦਾ ਹੈ।

ਨਮਸਕਾਰ ਦੂਜੀ ਗੁਰਾਂ ਸਚਿਆ ਨੂੰ, ਚਰਨ ਪਕੜਿਆਂ ਜਿਨ੍ਹਾਂ ਸੰਸਾਰ ਤਰੀਏ।
ਪੌੜੀ ਚਾੜ੍ਹਦੇ ਗਯਾਨ ਦੀ ਸਿੱਖ ਦੇ ਕੇ, ਜੀਹਨੂੰ ਪਾਇ ਕੇ ਤਾਪ ਸੰਤਾਪ ਹਰੀਏ।
ਓ ਬਸੀਠ[6] ਦਰਗਾਹ ਦੇ ਬਣਨ ਆਪੇ, ਕ੍ਰਿਪਾ ਕਰਨ ਤਾਂ ਭਜਨ ਕਰਤਾਰ ਕਰੀਏ।
ਦੀਵਾ ਬਾਲ ਕੇ ਹਥ ਫੜਾਇ ਦੇਂਦੇ, ਚਾਨਣ ਪਾਏ ਨਾ ਠੋਕਰਾਂ ਖਾਇ ਮਰੀਏ।
ਉਹ ਸਮਰੱਥ ਪਰਤੱਖ ਨੇ ਮੁਕਤ ਦਾਤੇ, ਕ੍ਰਿਪਾ ਉਨ੍ਹਾਂ ਦੀ ਸ਼ਾਨਤੀ ਪਾਇ ਠਰੀਏ।
ਕਰਕੇ ਨਜ਼ਰ ਨਿਹਾਲ ਕਰ ਦੇਨ ਪਲ ਵਿਚ, ਫੇਰ ਕਾਲ ਜੰਜਾਲ ਤੋਂ ਨਹੀਂ ਡਰੀਏ।
ਹੁੰਦੇ ਆਨ ਸਹਾਇ ਹਰ ਬਿਪਤ ਅੰਦਰ, ਜਦੋਂ ਨਾਲ ਪ੍ਰੇਮ ਦੇ ਧਯਾਨ ਧਰੀਏ।
ਚਾਤ੍ਰਿਕ ਨੀਚ ਪਾਪੀ ਆਯਾ, ਸ਼ਰਨ ਸਤਿਗੁਰ, ਦੇ ਕੇ ਨਾਮ ਏ ਸੁੰਵੜੇ ਨਾਮ ਭਰੀਏ।

*ਸਵੈਯਾ : ਪਾਪ ਤ੍ਰਿਤਾਪ[7], ਸੰਤਾਪ ਵਿਖੇ ਮਨ ਧਾਰ ਸਰੂਪ ਕਰੂਪ ਭਿਆਨਕ।
ਭੂਤ ਚੜੇ ਅਵਧੂਤ ਪੰਚ[8] ਤਨ ਮਾਰ ਲੀਆ ਏ ਜੀਵ ਅਚਾਨਕ।
ਰੋਕ ਰਹੇ ਪਰਮਾਰਥ ਤੋਂ ਨਿਤ ਆਪ ਬਨੋ ਗੁਰੂ ਆ ਸੁਖ ਦਾਨਕ।
ਕਾਲ ਕਲੀ ਬਿਕਰਾਲ ਕੇ ਕਾਲ ਮੈਂ[9] ਹਾਜ਼ਰ ਨਾਜ਼ਰ[10] ਸ੍ਰੀ ਗੁਰੂ ਨਾਨਕ।

---

* ਚਾਰ ਤੁਕਾਂ ਦਾ ਰਣਿਕ ਛੰਦ ਜਿਸ ਵਿਚ ਹਰ ਤੁਕ ਵਿਚ 23 ਜਾਂ 24 ਅੱਖਰ (ਸੱਤ ਵਾਰ ਇਕ ਗੁਰੂ ਤੇ ਦੋ ਲਘੂ ਤੇ ਅੰਤ ਉਤੇ ਦੋ ਗੁਰੂ) ਹੁੰਦੇ ਹਨ। ਪਰ ਇਸ ਕਵੀ ਨੇ ਕੁਝ ਛੋਟਾ ਲਈਆਂ ਹਨ ਜਿਵੇਂ ਅੰਤ ਉਤੇ ਦੋ ਗੁਰੂ ਦੀ ਥਾਂ ਇਕ ਗੁਰੂ ਦੋ ਲਘੂ ਹੀ ਰਖੇ ਹਨ।

1. ਜੋ ਕਿਸੇ ਦੇ ਆਸਰੇ ਨਹੀਂ। 2. ਸਰੀਰਾਂ। 3. ਬੇਅੰਤ। 4. ਭਿਆਨਕ, ਰੌਦਰ।
5. ਨਾਸ ਕਰਦਾ। 6. ਵਿਚੋਲਾ, ਵਕੀਲ।
7. ਤਿੰਨ ਤਰ੍ਹਾਂ ਦੇ ਦੁਖ (1. ਦੇਹ ਤੇ ਮਨ ਦੇ, 2. ਜੀਵਾਂ ਤੋਂ ਜਿਵੇਂ ਮੱਛਰ ਤੇ ਸੱਪ, 3. ਕੁਦਰਤ ਜਾਂ ਦੇਵਤਿਆਂ ਤੋਂ ਜਿਵੇਂ ਧੁਪ, ਪਾਲਾ)।
8. ਕਾਮ, ਕ੍ਰੋਧ, ਲੋਭ, ਮੋਹ, ਅਹੰਕਾਰ। 9. ਕਲਜੁਗ ਤੇ ਮੌਤ ਦੇ ਡਰਾਉਣੇ ਸਮੇਂ ਵਿਚ।
10. ਜੋ ਸਭ ਕੁਝ ਵੇਖਦਾ ਹੈ।

ਉਸਤਤ ਭਾਰਤ ਵਰਸ਼ ਹਿੰਦੁਸਤਾਨ ਕੀ

ਭਾਰਤ ਦੇਸ਼ ਸੁੰਦਰ, ਭੂਮੀ ਦਿਓਤਿਆਂ ਦੀ, ਸਰਬ ਗੁਣਾਂ ਦੀ ਖਾਣ ਪਰਵਾਨ ਸਾਰੇ।
ਅੰਨ, ਧਨ, ਸੋਨਾਂ, ਚਾਂਦੀ, ਅਕਲ, ਹਿਕਮਤ, ਖਤਮ ਏਸ ਤੇ ਕਵੀ ਸੁਨਾਨ ਸਾਰੇ।
ਧਰਮ, ਕਰਮ ਦੇ ਦਯਾ ਦਰਯਾ ਦਿਲ ਦਾ, ਸਦਾ ਰਹਿਣ ਹੁੰਦੇ ਪੁੰਨ ਦਾਨ ਸਾਰੇ।
ਜੋਗੀ ਜਤੀ ਕਰਤਾਰ ਦੇ ਭਗਤ ਸੱਚੇ, ਜਾਇ ਏਸ ਦੇ ਹੈਨ ਪ੍ਰਮਾਨ ਸਾਰੇ।
ਰਾਮ ਕ੍ਰਿਸ਼ਨ ਜੈਸੇ ਭੀ ਅੁਤਾਰ ਹੋਏ, ਲੋਕ ਜਿਨ੍ਹਾਂ ਦਾ ਨਾਮ ਧਿਆਨ ਸਾਰੇ।
ਨਾਨਕ ਦੇਵ ਜੈਸੇ ਗੁਰੂ ਹੋਏ ਪਰਗਟ, ਕਲੂ ਕਾਲ ਅੰਧੇਰ ਮਿਟਾਨ ਸਾਰੇ।
ਚਾਤ੍ਰਿਕ ਦੇਸ਼ ਨਾ ਦੂਸਰਾ ਏਸ ਵਰਗਾ, ਭਾਵੇਂ ਢੂੰਡ ਕੇ ਵੇਖ ਜਹਾਨ ਸਾਰੇ।

ਸ਼ੋਭਾ ਉਜੈਨ ਨਗਰੀ ਦੀ

ਹਿੰਦੁਸਤਾਨ ਇਸ ਜ਼ਨਤ[1] ਨਸ਼ਾਨ ਅੰਦਰ, ਇਕ ਨਗਰ ਉਜੈਨ ਪ੍ਰਧਾਨ ਭਾਈ।
ਗੁਵਾਲੀਯਾਰ ਮਸ਼ਹੂਰ ਜੋ ਰਾਜਧਾਨੀ, ਦੇਸ਼ ਮਾਲਵ ਦੇ ਅੰਦਰ ਜਾਨ ਭਾਈ।
ਰਾਜੇ ਬਿਕ੍ਰਮਾਜੀਤ ਦੇ ਨਾਮ ਕਰਕੇ, ਸਾਰੇ ਦੇਸ਼ ਦੇ ਵਿਰਦ ਜ਼ਬਾਨ ਭਾਈ।
ਸ਼ੋਭਾ ਕਹੀ ਨਾ ਜਾਏ ਉਜੈਨ ਸੰਦੀ, ਇੰਦ੍ਰ ਦੇਖ ਹੋ ਜਾਏ ਹੈਰਾਨ ਭਾਈ।
ਸੱਚੇ ਵਿਚ ਢਲਿਆ ਹੋਯਾ ਸਾਫ ਸੁੰਦਰ, ਸੋਹਣੇ ਹਟ ਬਜ਼ਾਰ ਦੁਕਾਨ ਭਾਈ।
ਪੱਕੇ ਫਰਸ਼ ਬਜ਼ਾਰ ਘਰ ਬਾਰ ਸੋਹਣੇ, ਫੁੱਲਾਂ ਬੂਟਿਆਂ ਨਾਲ ਸੁਹਾਨ ਭਾਈ।
ਸੋਹਣੇ ਮੰਦਰ ਮਹਿਲ ਅਟਾਰੀਆਂ ਨੇ, ਕੀਤਾ ਮਾਤ ਹੈਸੀ ਪਰਸਤਾਨ ਭਾਈ।
ਹਥੀਂ ਵਿਸ਼ਕਰਮਾ[2] ਆ ਕੇ ਘਾੜ ਘੜਿਆ, ਤਿੰਨ ਲੋਕ ਦਾ ਖਰਚ ਸਮਾਨ ਭਾਈ।
ਸਦਾ ਭਜਨ ਭਗਵਾਨ ਦਾ ਹੋਵੇ ਜਿੱਥੇ, ਦਯਾ ਧਰਮ ਹੁੰਦੇ, ਪੁੰਨ ਦਾਨ ਭਾਈ।
ਲੱਗੇ ਬਾਗ ਬਗੀਚਿਆਂ ਥਾਉਂ ਥਾਈਂ, ਰੰਗਾ ਰੰਗ ਦੇ ਬਿਰਛ ਸੁਹਾਨ ਭਾਈ।
ਉਚੇ ਮੰਦਰਾਂ ਦੇ ਕਲਸ ਚਮਕ ਮਾਰਨ, ਕਈ ਕੋਹਾਂ ਤੋਂ ਅੱਖ ਲੜਾਨ ਭਾਈ।
ਤਾਲ ਹੌਜ਼ ਪਹਾੜੀਆਂ ਮੌਜ ਲਾਈ, ਪੰਛੀ ਗੀਤ ਭਗਵੰਤ ਦੇ ਗਾਨ ਭਾਈ।
ਕੂਕਨ ਕੋਇਲਾਂ, ਕੁਮਰੀਆਂ ਲੈਨ ਝੂਟੇ, ਮੋਰ ਖੁਸ਼ੀ ਹੋ ਪਾਇਲਾਂ ਪਾਨ ਭਾਈ।
ਸਵਰਗਾਂ ਪੁਰੀ ਜ਼ਮੀਨ ਤੇ ਬਣੀ ਚਾਤ੍ਰਿਕ, ਮਹਿਮਾ ਕਰਦਿਆਂ ਥੱਕੇ ਜ਼ਬਾਨ ਭਾਈ।

ਰਾਜ ਮਹਿਲ ਤੇ ਰਾਜ ਦਰਬਾਰ ਅੰਦਰ, ਕਾਰੀਗਰਾਂ ਨੇ ਪੁੱਜ ਕਮਾਲ ਕੀਤੀ।
ਮੀਨਾ ਕਾਰੀ ਅਟਾਰੀਆਂ ਸਾਰੀਆਂ ਦੀ, ਜੜਤ ਹੀਰਿਆਂ ਪੰਨਿਆਂ ਨਾਲ ਕੀਤੀ।
ਛੱਤਾਂ ਚਮਕ ਅਕਾਸ਼ ਦੇ ਵਾਂਗ ਮਾਰਨ, ਚਾਂਦੀ ਸਵਰਨ ਰੰਗਤ ਲਾਲੋ ਲਾਲ ਕੀਤੀ।
ਸੰਗ ਮਰਮਰਾਂ ਚੂਨੀਆਂ ਸੰਗ ਯਸਬ, ਚਾਤ੍ਰਿਕ ਜ਼ਿਮੀ ਫਰਸ਼ੀ ਭਾਲ ਭਾਲ ਕੀਤੀ।

1. ਸਵਰਗ 2. ਇਕ ਦੇਵਤਾ ਜੋ ਦੇਵਤਿਆਂ ਦਾ ਵੱਡਾ ਇੰਜਨੀਅਰ ਹੈ ਤੇ ਉਨ੍ਹਾਂ ਦੇ ਮਕਾਨ ਤੇ ਸ਼ਸਤਰ ਆਦਿ ਬਣਾਉਂਦਾ ਹੈ। ਸਥਾਪਤਯ ਉਪਵੇਦ ਜੋ ਦਸਤਕਾਰੀ ਦੇ ਹੁਨਰ ਸਿਖਾਉਂਦਾ ਹੈ ਇਸੇ ਦਾ ਬਣਾਇਆ ਹੈ। ਤਰਖਾਣ ਲੋਕ ਇਸ ਨੂੰ ਗੁਰੂ ਮੰਨਦੇ ਹਨ ਤੇ ਭਾਦਰੋਂ ਦੀ ਸੰਗ੍ਰਾਂਦ ਨੂੰ ਇਸ ਦਾ ਦਿਨ ਮਨਾਉਂਦੇ ਹਨ।

ਕੋਟ[1] ਵੇਖ ਕਾਰੀਗਰਾਂ ਦੀ ਚੋਟ ਲੱਗੇ, ਲੋਟ ਪੋਟ ਹੋ ਜਾਨ ਧਿਆਨ ਕਰਕੇ।
ਐਸੀ ਸੋਹਣੀ ਡੋਲ ਦੀ ਘਾੜ ਘੜਿਆ, ਸੱਕੇ ਕਲਮ ਨਾ ਦਸ ਬਯਾਨ ਕਰਕੇ।
ਭਰੇ ਤੋਪ, ਬੰਦੂਕ, ਤਲਵਾਰ, ਤਰਕਸ਼, ਦਾਰੂ ਸਿੱਕੇ ਦਾ ਕੁੱਲ ਸਮਾਨ ਕਰਕੇ।
ਪਰਬਤ ਸ਼ਰਮ ਖ਼ਾਵਨ ਉਸ ਦੀ ਵੇਖ ਸ਼ਕਤੀ, ਚਾਤ੍ਰਿਕ ਜਾਂਵਦੇ ਅਕਲ ਹੈਰਾਨ ਕਰਕੇ।

ਦਯਾ-ਨਹਿਰ[2] ਉਜੈਨ ਦੇ ਸ਼ਹਿਰ ਸੰਦਾ, ਰਾਜਾ ਗੰਧਰਬ ਸੈਨ ਭੁਪਾਲ ਆਹਾ।
ਅਗਨੀ ਕੁਲ ਵਿਚੋਂ ਰਾਜਪੂਤ ਰਾਜਾ, ਧਾਰਾ ਨਾਥ ਦਾ ਪੋਤਰਾ ਲਾਲ ਆਹਾ।
ਧਾਰਾ ਗਤੋ ਮਸ਼ਹੂਰ ਜਹਾਨ ਅੰਦਰ, ਉਸੇ ਵਿਚ ਏ ਪ੍ਰਿਥਵੀ ਪਾਲ[3] ਆਹਾ।
ਧਰਮ, ਅਦਲ, ਇਨਸਾਫ ਤੇ ਰਹਿਮ ਅੰਦਰ, ਏ ਧਰਮਰਾਜਾ ਬੇਮਿਸਾਲ ਆਹਾ।
ਰੱਯਤ ਪਾਲਦਾ ਮਾਪਿਆਂ ਵਾਂਗ ਸਾਰੀ, ਕਰਕੇ ਪੁੱਤਰਾਂ ਵਾਂਗ ਖਿਆਲ ਆਹਾ।
ਉਸ ਦੇ ਰਾਜ ਵਿਚ ਨਾ ਦੁੱਖ ਦਿੱਸੇ, ਆਵੇ ਨਜ਼ਰ ਨਾ ਕੋਈ ਕੰਗਾਲ ਆਹਾ।
ਸਾਰੇ ਲੋਕ ਖੁਸ਼ਹਾਲ ਹਰ ਹਾਲ ਦਿੱਸਨ, ਸ਼ਹਿਰ ਨਾਲ ਦੌਲਤ ਮਾਲਾ ਮਾਲ ਆਹਾ।
ਖਿੜੇ ਮੁਖ ਗੁਲਾਬ ਦੇ ਵਾਂਗ ਸਾਰੇ, ਮੱਥੇ ਸ਼ਿਕਨ[4] ਨਾ ਰੰਜੋ ਮਲਾਲ[5] ਆਹਾ।
ਅੰਨ, ਧੰਨ ਪੁੱਤਰ ਦੁਧ ਲਛਮੀ ਦਾ ਕਿਤੇ ਜ਼ਰਾ ਨਾ ਦਿਸਦਾ ਕਾਲ ਆਹਾ।
ਹੋਵੇ ਲੋੜ ਦੇ ਵਕਤ ਬਰਸਾਤ ਭਾਰੀ, ਬਾਰਾ ਮਾਹਾਂ ਦਾ ਰਹੇ ਸੁਕਾਲ ਆਹਾ।
ਪੁਤ੍ਰ ਮਰਨ ਨਾ ਜੀਉਂਦਿਆਂ ਮਾਪਿਆਂ ਦੇ ਰਹਿੰਦਾ ਕਾਲ ਭਗਵਾਨ ਦਯਾਲ ਆਹਾ।
ਤੁਲ ਅਦਲ[6] ਦੀ ਤਕੜੀ ਤੋਲ ਪੂਰੇ ਸਿਤਮ ਜ਼ੁਲਮ ਨਾ ਹੋਵੇ ਰਵਾਲ ਆਹਾ।
ਚੋਰ ਧਾੜਵੀ ਦਾ ਕਿਤੇ ਨਾਮ ਨਾ ਸੀ, ਖੁਲ੍ਹਾ ਪਿਆ ਜਹਾਨ ਦਾ ਮਾਲ ਆਹਾ।
ਚਾਤ੍ਰਿਕ ਚਾਰ ਵਲਾਇਤੀਂ ਜੱਸ ਹੋਵੇ, ਐਸੀ ਖਲਕ ਦੀ ਕਰੇ ਸੰਭਾਲ ਆਹਾ।

ਸੂਰਬੀਰ ਪ੍ਰਕਰਮੀ[7] ਇੰਦ੍ਰ ਵਾਂਗੂ, ਰਾਜੇ ਦੇਸ ਦੇ ਮੰਨਦੇ ਆਨ ਪਯਾਰੇ।
ਹਰੀ ਚੰਦ ਰਾਜੇ ਜੈਸਾ ਸੱਤਵਾਦੀ, ਰਾਜੇ ਕਰਨ ਵਾਂਗੂ ਦਯਾਵਾਨ ਪਯਾਰੇ।
ਦਾਨੀ ਬਲੀ ਜੇਹਾ, ਜੋਧਾ ਭੀਮ ਵਰਗਾ, ਅਰਜਨ ਵਾਂਗ ਚਲਾਂਵਦਾ ਬਾਨ ਪਯਾਰੇ।
ਰਾਜਨੀਤੀ ਦੀ ਨੀਤ ਤੇ ਸਦਾ ਚੱਲੇ, ਰਾਜੇ ਭੋਜ ਵਰਗਾ ਵਿਦਵਾਨ ਪਯਾਰੇ।
ਧਰਮ ਕਰਮ ਅੰਦਰ ਜਨਕ ਰਾਜ ਜੈਸਾ, ਕਰਦਾ ਗਊ ਗਰੀਬ ਦਾ ਮਨ ਪਯਾਰੇ।
ਸੀਤਲ ਚੰਦ ਦੇ ਵਾਂਗ ਸੁਭਾਉ ਠੰਢਾ, ਖਿੜਿਆ ਰਹੇ ਮੱਥੇ ਫੁਲਾਂ ਮਾਨ[8] ਪਯਾਰੇ।
ਕਰੇ ਭਜਨ ਭਗਵਾਨ ਦਾ ਖੌਫ ਖਾਵੇ, ਲੋੜਵੰਦ ਦਾ ਰਖਦਾ ਧਯਾਨ ਪਯਾਰੇ।
ਰਯਤ ਵਸਦੀ ਰਬ ਦੇ ਖੌਫ ਵਾਲੀ, ਹੋਵੇ ਸਵਰਨ ਚਾਂਦੀ ਪੁੰਨ ਦਾਨ ਪਯਾਰੇ।
ਸਦਾਵਰਤ, ਛਬੀਲ, ਸਰਾਂ ਕੋਈ, ਰਾਹੀ ਦੁਖੀ ਨਾ ਹੋਵਦਾ ਆਨ ਪਯਾਰੇ।
ਡਿੱਠੇ ਸੁਣੇ ਦਾ ਫਰਕ ਹਜ਼ਾਰ ਚਾਤ੍ਰਿਕ, ਕਰਾਂ ਹੋਰ ਕੀ ਸਿਫਤ ਬਿਆਨ ਪਯਾਰੇ।

---

1. ਕਿਲੇ। 2. ਦਯਾ ਦੀ ਨਹਿਰ। 3. ਰਾਜਾ। 4. ਵੱਟ, ਤਿਊੜੀ। 5. ਉਦਾਸੀ।
6. ਇਨਸਾਫ਼, ਨਿਆਂ। 7. ਉਦਮੀ। 8. ਵਾਂਗ।

ਮਹਾਰਾਜ ਦੀ ਦਯਾ ਗੰਧਰਬ ਉਤੇ, ਕੋਈ ਕਮੀ ਨਾ ਰਹੀ ਭੰਡਾਰ ਅੰਦਰ।
ਮੰਨਣ ਹੁਕਮ ਵਜ਼ੀਰ ਤਦਬੀਰ ਵਲੋਂ, ਸਭੇ ਨਿਮਕ ਹਲਾਲ ਦਰਬਾਰ ਅੰਦਰ।
ਸੀਲਵੰਤ ਪਤਿਬ੍ਰਤਾ ਰਾਣੀਆਂ ਦੇ ਸਦਾ ਆਗਿਆਕਾਰ ਸਰਕਾਰ ਅੰਦਰ।
ਆਪੋ ਵਿਚ ਪਿਆਰ ਤੇਂ ਪ੍ਰੇਮ ਐਸਾਂ, ਚਾਤ੍ਰਿਕ ਭੈਣਾਂ ਦਾ ਨਹੀਂ ਸੰਸਾਰ ਅੰਦਰ।

ਰਾਂਣੀ ਵਡੀ ਵਿਚੋਂ ਇਕ ਕੰਨਿਆਂ ਸੀ, ਮੈਨਾਵੰਤੜੀ ਨਾਮ ਰਖਾਉਂਦਾ ਏ।
ਐਪਰ ਪੁੱਤਰਾਂ ਬਾਂਝ ਅੰਧੇਰ ਜਾਪੇ, ਅੰਨ ਧੰਨ ਦਾ ਅੰਤ ਨਾ ਆਉਂਦਾ ਏ।

ਪੁਤ੍ਰਾਂ ਬਾਝ ਨਾ ਜੱਗ ਤੇ ਨਾਮ ਰਹਿੰਦਾ, ਪੁੱਤਰ ਹੁੰਦੜਾ ਬੂਟੜਾ ਛਾਉਂਦਾ ਏ।
ਐਮ੍ਰਿਤ ਫ਼ਲ ਸੰਤਾਨ ਭਗਵਾਨ ਰਹਿਆ, ਅੰਸਾ[1] ਬਾਝ ਬੰਦਾ ਕੇੜ੍ਹੇ ਥਾਉਂਦਾ ਏ।
ਲਖਤ-ਜਿਗਰ[2] ਨੂੰ ਵੇਖ ਕੇ ਸੁੱਖ ਅੱਖੀਂ, ਠੰਡ ਵਿਚ ਕਲੇਜੜੇ ਪਾਵਦਾ ਏ।
ਪੁਤਰ, ਇਸਤ੍ਰੀ, ਧਨ, ਸੰਤੋਖ, ਚਾਰੇ, ਰਾਜਨੀਤ ਏ ਸਵਰਗ ਸੁਨਾਂਵਦਾ ਏ।
ਪੁੱਤਰ ਰਹਿਣ ਨਿਸ਼ਾਨੀਆਂ ਮੋਯਾਂ ਪਿਛੇ, ਬੂਟਾ ਜਿਹਦਾ ਪ੍ਰਮਾਤਮਾ ਲਾਂਵਦਾ ਏ।
ਪਾਣੀ ਸਿੰਜਿਆ ਪੁਤ੍ਰ ਦੇ ਮੁਕਤ ਹੋਵੇ, ਪਿਤ੍ਰ ਲੋਕ ਵਿਚ ਸੁਖ ਦਿਵਾਂਵਦਾ ਏ।

ਰਾਜਾ ਸਾਧ ਤੇ ਸੰਤ ਦੀ ਕਰ ਸੇਵਾ, ਡਾਬੂ ਪੁੱਤਰਾਂ ਵਾਸਤੇ ਖਾਂਵਦਾ ਏ।
ਚਾਤ੍ਰਿਕ ਬਾਲ ਨੂੰ ਵੇਖ ਨਿਹਾਲ ਹੋਵਾਂ, ਦਿਨੇ ਰਾਤ ਭਗਵਾਨ ਨੂੰ ਧਯਾਂਵਦਾ ਏ।

ਸ਼ਿਕਾਰ ਚੜ੍ਹਨਾਂ ਰਾਜੇ ਗੰਧਰਵ ਸੈਣ ਦਾ

ਇਕ ਰੋਜ਼ ਸ਼ਿਕਾਰ ਦੀ ਧਾਰ ਆਸਾ, ਪਾਹੜੇ ਜੰਗਲਾਂ ਦੇ ਵਿਚ ਮਾਰਨੇ ਨੂੰ।
ਜਿਹੜੇ ਦੇਸ਼ ਦਾ ਬਹੁਤ ਨੁਕਸਾਨ ਕਰਦੇ, ਸ਼ੇਰ ਚਿੱਤਰੇ ਬਾਘ ਪ੍ਰਹਾਰਨੇ[3] ਨੂੰ।
ਰਾਜਾ ਚੱਲਿਆ ਬੰਨ੍ਹ ਹਥਯਾਰ ਪੰਜੇ, ਕਾਰਨ ਦੇਸ਼ ਕਲੇਸ਼ ਨਿਵਾਰਨੇ ਨੂੰ।
ਨਾਲ ਮੰਤ੍ਰੀ, ਸੰਤ੍ਰੀ, ਨਫਰ[4] ਲੀਤੇ, ਸੇਵਾਦਾਰ ਚਾਤ੍ਰਿਕ ਸੇਵਾ ਕਾਰਨੇ ਨੂੰ।

ਜੰਗਲ ਬੇਲਿਆਂ ਵਿਚ ਸ਼ਿਕਾਰ ਖੇਲੇ, ਸ਼ੇਰ, ਬਾਘ, ਬਘੇਲਿਆਂ ਮਾਰਦਾ ਏ।
ਨਿਰਾ ਗਊ ਗਰੀਬ ਦੇ ਭਲੇ ਖਾਤਰ, ਹੋਰ ਸ਼ੌਕ ਨਾ ਚਿਤ ਸ਼ਿਕਾਰ ਦਾ ਏ।
ਫੇਰ ਦੂਰ ਨਿਕਲ ਗਏ ਭੌਰ ਤਾਜ਼ੀ[5], ਇਕ ਵਜ਼ੀਰ ਤੇ ਇਕ ਸਰਕਾਰ ਦਾ ਏ।
ਚਾਤ੍ਰਿਕ ਜੰਗਲਾਂ ਦੇ ਵਿਚ ਬਣੇ ਮੰਗਲ, ਵੱਸੇ ਸੰਤ ਇਕ ਸਰੂਪ ਕਰਤਾਰ ਦਾ ਏ।
ਸਭੇ ਦੂੱਖ ਤੇ ਭੁੱਖ ਹਵਾ ਹੋਵੇ, ਸਾਂਈ ਲੋਕ ਦਾ ਜਦੋਂ ਦੀਦਾਰ ਕੀਤਾ।
ਵਾਗਾਂ ਠੱਲ ਕੇ ਉਤਰੇ ਹੇਠ ਦੋਵੇਂ, ਹੱਥ ਜੋੜ ਕੇ ਤੇ ਨਮਸਕਾਰ ਕੀਤਾ।

1. ਉਲਾਦ। 2. ਪੁੱਤਰ। 3. ਨਾਸ। 4. ਨੌਕਰ। 5. ਘੋੜੇ।

ਚਰਨ ਪਰਸਿਆਂ ਚਿੱਤ ਨੂੰ ਸ਼ਾਂਤ ਆਈ, ਰਾਮ ਨਾਮ ਦਾ ਮੁਖੋਂ ਉਚਾਰ ਕੀਤਾ।
ਸੰਤਾਂ ਦੇਇ ਅਸੀਸ ਬਿਠਾਇ ਚਾਤ੍ਰਿਕ, ਰਾਜੇ ਆਏ ਦਾ ਮਾਨ ਸਤਿਕਾਰ ਕੀਤਾ।

ਬੇਨਤੀ ਵਜ਼ੀਰ

ਕੋਈ ਘੜੀ ਬੀਤੀ ਸਤਿਸੰਗ ਅੰਦਰ, ਚਰਚਾ ਨਾਮ ਗਯਾਨ ਧਯਾਨ ਹੁੰਦੇ।
ਇਲਤਿਮਾਸ[1] ਪ੍ਰਧਾਨ ਸੁਜਾਨ ਕੀਤੀ, ਸੰਤ ਸੱਚ ਸਰੂਪ ਭਗਵਾਨ ਹੁੰਦੇ।
ਦਰਸ਼ਨ ਕੀਤਿਆਂ ਦੂਰ ਕਲੇਸ਼ ਹੋਵਨ, ਚਰਨ ਪਰਸਿਆਂ ਪਾਪ ਸਭ ਹਾਨ ਹੁੰਦੇ।
ਸੁੱਕੇ ਬ੍ਰਿਛ ਫਲਦਾਰ ਹੋ ਜਾਨ ਓਵੇਂ, ਡੇਰੇ ਸੰਤ ਦੇ ਹੇਠ ਜਦ ਆਨ ਹੁੰਦੇ।
ਆਵਣ ਸੱਖਣੇ ਤੋਰਦੇ ਭਰੀ ਝੋਲੀ, ਲੋੜਵੰਦ ਉਤੇ ਦਯਾਵਾਨ ਹੁੰਦੇ।
ਰੋਂਦੇ ਆਂਵਦੇ ਹੱਸਦੇ ਜਾਂਵਦੇ ਨੇ, ਸੰਤ ਖਲਕ ਉਤੇ ਮੇਹਰਬਾਨ ਹੁੰਦੇ।
ਮਹਾਰਾਜ ਗੰਧਰਬ ਦੀ ਤਪੇ ਛਾਤੀ, ਰਹਿਨ ਸੋਖਤਾ[2] ਨੈਨ ਪਰਾਨ ਹੁੰਦੇ।
ਰਾਜ ਕਾਜ ਸਭ ਆਪ ਦੀ ਬਖਸ਼ ਹੈਗੀ, ਐਪਰ ਸੁਖ ਨਾ ਬਿਨਾ ਸੰਤਾਨ ਹੁੰਦੇ।
ਪੁੱਤਰ ਅੱਖੀਆਂ ਦਾ ਨੂਰ ਜੱਗ ਆਖੇ, ਪੁਤਰ ਬਾਝ ਨਾ ਮੁਕਤ ਪਰਾਨ ਹੁੰਦੇ।
ਕਰੋ ਮੇਹਰ ਚਾਤ੍ਰਿਕ ਉਤੇ ਦਾਨ ਬਖਸ਼ੋ, ਇਸ ਦਾਨ ਦੇ ਜੇਡ ਨਾ ਦਾਨ ਹੁੰਦੇ।

ਪ੍ਰਧਾਨ ਹੋਣਾ ਸਾਈਂ ਲੋਕ ਦਾ ਤੇ ਫਲ ਦੇਣਾ ਰਾਜੇ ਨੂੰ

ਹੋਇਆ ਸਾਧ ਕ੍ਰਿਪਾਲ ਭੂਪਾਲ[3] ਉਤੇ, ਕਹਿੰਦਾ ਰਾਜਿਆ ਝਬ ਅਨੰਦ ਹੋਸੀ।
ਅੰਮ੍ਰਿਤ ਫਲ ਏ ਦੋ ਜਾ ਘਰੀਂ ਦੇਵੀ, ਇਕ ਇਕ ਫਰਜ਼ੰਦ[4] ਦਿਲ ਬੰਦ ਹੋਸੀ।
ਬੂਟਾ ਲਗਸੀ ਰਾਜਿਆ ਜਗ ਅੰਦਰ, ਐਸਾ ਛਤ੍ਰਧਾਰੀ ਅਕਲਮੰਦ ਹੋਸੀ।
ਜੋੜੀ ਰਾਮ ਲਛਮਣ ਜੈਸੀ ਰੱਬ ਦੇਸੀ, ਇਕ ਵਾਂਗ ਸੂਰਜ ਦੂਜਾ ਚੰਦ ਹੋਸੀ।
ਹੋਸਨ ਭਗਤ ਭਗਵਾਨ ਦੇ ਸੰਤ ਸੇਵੀ, ਨਾਮ ਜਗਤ ਤੇ ਬੜਾ ਬੁਲੰਦ[5] ਹੋਸੀ।
ਧੰਨ ਧੰਨ ਕਰਸਨ ਲੋਕ ਨਾਮ ਲੈ ਕੇ, ਦਰਸ਼ਨ ਪਾਏ ਜਹਾਨ ਖੁਰਸੰਦ[6] ਹੋਸੀ।
ਐਪਰ ਇਕ ਬੇਟਾ ਭੇਟਾ ਸਾਧੂਆਂ ਦੀ, ਰਾਜ ਕਾਲ ਵਲੋਂ ਖੱਟਾ ਦੰਦ ਹੋਸੀ।
ਚਾਤ੍ਰਿਕ ਸੰਤ ਪੂਰਾ ਭਾਡਾਂ ਬਣੇਗਾ ਉਹ, ਬੰਧਨ ਜਗਤ ਦੇ ਤੋੜ ਨਿਬੰਧ ਹੋਸੀ।

ਵਾਪਸ ਆਉਣਾ ਰਾਜੇ ਗੰਧਰਬ ਦਾ ਆਪਣੇ ਨਗਰ ਨੂੰ ਤੇ ਫਲ ਦੇਣਾ ਰਾਣੀਆਂ ਨੂੰ

ਰਾਜਾ ਖੁਸ਼ੀ ਤੇ ਗਮੀ ਦੇ ਘੋਲ ਵੇਂਹਦਾ, ਮੱਥਾ ਟੇਕ ਕੇ ਸ਼ਹਿਰ ਨੂੰ ਪਰਤ ਆਯਾ।
ਉਤਰ ਘੋੜਿਓਂ ਰੰਗ ਮਹਲ ਵੜਿਆ, ਵੱਲ ਰਾਣੀਆਂ ਭੱਜ ਕੇ ਤੁਰਤ ਆਯਾ।

1. ਬੇਨਤੀ। 2. ਸੁਕੇ। 3. ਰਾਜਾ। 4. ਪੁੱਤਰ। 5. ਉੱਚਾ। 6. ਖੁਸ਼।

ਫਲ ਦੇ ਕੇ ਦਸਿਆ ਹਾਲ ਸਾਰਾ, ਜੇਹੜਾ ਜੰਗਲਾਂ ਦੇ ਵਿਚ ਵਰਤ ਆਯਾ।
ਚਾਤ੍ਰਿਕ ਮੇਹਰ ਕਰਕੇ ਆਸਾਂ ਪੂਰੀਆਂ ਸੂ, ਇਕ ਸਾਧ ਪੂਰਾ ਸਾਡੀ ਧਰਤ ਆਯਾ।

ਯੁਵਰਾਜ ਭਰਥਰੀ ਦਾ ਭਾਗਸ਼ੀਲ ਜਨਮ

*ਦਵੈਯਾ ਛੰਦ—ਮੁੱਦਤ[1] ਸਿਰ, ਪਟਰਾਣੀ ਉਤੇ, ਮੇਹਰ ਕਰੀ ਕਰਤਾਰੇ।
ਸੋਹਣੀ ਘੜੀ ਨਛੱਤ੍ਰ ਚੰਗੇ, ਲਗਨ ਮਹੂਰਤ ਸਾਰੇ।
ਚੰਦੋਂ ਸੋਹਣਾ ਬਾਲਕ ਹੋਯਾ, ਸਾਰਾ ਦੁਖ ਮਿਟਾਯਾ।
ਦੇਣ ਵਧਾਈਆਂ ਦਾਈਆਂ ਸਭੇ, ਜੁਗੀਂ ਜੀਵੇ ਜਾਯਾ।
ਦੁੱਧ ਚੁੰਘਾਯਾ ਸ਼ਗਨ ਮਨਾ ਕੇ, ਖੁਸ਼ੀਆਂ ਦੂਣ ਸਵਾਈਆਂ।
ਚੰਦ ਚੜਯਾ ਆ ਰਾਜੇ ਦੇ ਘਰ ਹਸ ਹਸ ਕੈਹਨ ਲੁਕਾਈਆਂ।
ਗੋਲੀ ਨੇ ਆ ਖਬਰ ਸੁਣਾਈ, ਵਿਚ ਕਚਹਿਰੀ ਰਾਜੇ।
ਸੁਣ ਕੇ ਖਬਰ ਲਾਲੀਆਂ ਭਖੀਆਂ ਵਜਨ ਲੱਗੇ ਵਾਜੇ।
ਨਜ਼ਰਾਂ ਭੇਟਾਂ ਲੈ ਲੈ ਆਏ ਨੌਕਰ, ਚਾਕਰ ਸਾਰੇ।
ਜਾਮੇ ਵਿਚ ਨਾ ਮੇਵਨ ਫੁੱਲੇ, ਗਾਵਣ ਮੰਗਲਚਾਰੇ।
ਸ਼ਕਲਾਂ ਤੇ ਸ਼ਦਿਆਨੇ ਹੋਏ ਧਨ ਦੀ ਨਹਿਰ ਵਗਾਈ।
ਖਿੱਲਤ ਦਿਤੇ ਮੁਨਸਬ ਦਾਰਾਂ, ਲੰਗਰ ਦੇਗ ਲਗਾਈ।
ਕੈਦੀ ਛੱਡੇ ਜੇਹਲ ਖ਼ਾਨਿਓਂ ਦੇਂਦੇ ਜਾਨ ਅਸੀਸਾਂ।
ਬਾਲ ਅਮੁੱਲਾ ਲਾਲ ਰਾਜਿਆਂ, ਜੀਵੇ ਲੱਖ ਬਰੀਸਾਂ।
ਦਿਤੇ ਦਾਨ ਬ੍ਰਹਮਨ ਤਾਈਂ, ਦੰਮਾਂ ਮੀਹ ਵਸਾਯਾ।
ਹੋਇ ਨਿਹਾਲ ਕੰਗਾਲ ਦਾਨ ਲੈ, ਮੂੰਹ ਮੰਗਯਾ ਸੋ ਪਾਯਾ।
ਨਾਈ, ਝੀਵਰ, ਡੂਮ, ਪਰੋਹਤ, ਲਾਗੀ ਜੋਗੀ ਸਾਰੇ।
ਲੈ ਲੈ ਬਖਸ਼ਾਂ ਦੇਇ ਅਸੀਸਾਂ, ਆਪਣੇ ਘਰੀਂ ਸਿਧਾਰੇ।

ਰਾਜ ਕੁਮਾਰ ਬਿਕ੍ਰਮਾਜੀਤ ਦਾ ਸ਼ੁਭ ਜਨਮ

ਦਵੈਯਾ ਛੰਦ—ਦੂਜੀ ਰਾਣੀ ਦੇ ਘਰ ਬਾਲਕ ਹੋਯਾ ਕੁਝ ਦਿਨ ਬੀਤੇ।
ਚਾਉ ਮਲਾਰ ਖੁਸ਼ੀ ਸ਼ਦਿਆਨੇ ਪਹਿਲੇ ਵਾਂਗੂ ਕੀਤੇ।
ਖੁਸ਼ੀਆਂ ਦੂਣ ਸਵਾਈਆਂ ਹੋਈਆ, ਰਾਮ ਰਲਾਈ ਜੋੜੀ।
ਬੂਟਾ ਲਾਯਾ ਸਤਿਗੁਰ ਸਚੇ, ਜਾਂਦੀ ਕਿਸਮਤ ਮੋੜੀ।
ਪੁੱਤਰਾਂ ਜੇਡੀ ਖੁਸ਼ੀ ਨਾ ਕੋਈ, ਪੁਤਰ ਕੁਲਾਂ ਸਵਾਰੇ।
ਚਾਨਣ ਕਰਦੇ ਵਿਚ ਅੰਧੇਰੇ, ਏਹ ਅੱਖੀਆਂ ਦੇ ਤਾਰੇ।

---

* 16+12=28 ਮਾਤ੍ਰਾ ਦਾ ਛੰਦ, ਆਮ ਦੋ ਤੁਕਾਂ ਪਰ ਚਾਰ ਦਾ ਵੀ ਲਿਖਦੇ ਹਨ।

1. ਵਕਤ ।

ਲਾ ਦਰਬਾਰ ਸਦਾਏ ਪੰਡਿਤ, ਜੋਤਸ਼ ਲਾਵਨ ਕਾਰਨ।
ਬੜੇ ਬੜੇ ਵਿਦਵਾਨ ਜੋਤਸ਼ੀ, ਬਹਿ ਕੇ ਲਗਨ ਵਿਚਾਰਨ।
ਰਾਸਾਂ ਮੇਲ ਸਤਾਰੇ ਗਿਣ ਕੇ, ਘੜੀ ਮਹੂਰਤ ਸਾਰੇ।
ਲਗਨ ਕੁੰਡਲੀ ਜਨਮ ਕੁੰਡਲੀ, ਰਚਦੇ ਗ੍ਰੈਹ ਅਨੁਸਾਰੇ।

ਯੁਵਰਾਜ ਭਰਥਰੀ ਦੀ ਲਗਨ ਕੁੰਡਲੀ

ਦਵੈਯਾ ਛੰਦ— ਕਹਿੰਦੇ ਰਾਜਾ ਪੁਤਰ ਤੇਰਾ ਭਗਤ ਰਾਮ ਦਾ ਪੂਰਾ।
ਭਾਗਵਾਨ ਪਰਤਾਪੀ ਹੋਸੀ ਬਚਨ ਨਾ ਜਾਣੀ ਕੂੜਾ।
ਦੂਜੇ ਸੂਰਜ ਸੁਖ ਦਾ ਦਾਤਾ ਬ੍ਰਹਸਪਤ ਜਾਣ।
ਮੰਗਲ-ਬੁਧ ਤਰੀਜੇ ਖਾਨੇ, ਸਿੰਘ ਲਗਨ ਦਾ ਸਾਯਾ।
ਸ਼ੁਕਰ ਮੱਲ ਲਿਆ ਘਰ ਸਤਵਾਂ, ਨੌਵਾਂ ਰੋਸ਼ਨ ਸਾਰੇ।
ਦਸਵੇਂ ਸ਼ਨੀ ਦਾ ਦੁੱਖ ਪੁਚਾਵੇ, ਦੂਜਾ ਚੰਦ ਕਨਾਰੇ।
ਐਪਰ ਰਾਹੂ ਚੌਥੇ ਖਾਨੇ ਠਾਣਾ ਪਾਯਾ ਆ ਕੇ।
ਏ ਪਾਪੀ ਕੁਝ ਦੁੱਖ ਦੇਵੇਗਾ, ਛਡਸੀ ਰਾਜ ਛੁਡਾ ਕੇ।
ਅਚਣਚੇਤ ਜਵਾਨੀ ਦੇ ਵਿਚ, ਠੇਸ ਨਾਰ ਤੋਂ ਲੱਗੇ।
ਰਾਜ ਸਮਾਜ ਅਕਾਜ ਸਮਝ ਕੇ, ਜੰਗਲ ਨੂੰ ਉਠ ਵੱਗੇ।
ਜੋਗੀ ਹੋਸੀ ਪਹੁੰਚਵਾਨ ਏ, ਜੀਵਨ ਮੁਕਤੀ ਪਾਸੀ।
ਪੂਰਾ ਭਾਂਡਾ ਐਸਾ ਹੋਸੀ, ਧਨ ਧਨ ਖਲਕ ਅਲਾਸੀ।
ਸਮਝਾਣ ਦਾ ਅਸਰ ਨਾ ਹੋਸੀ ਬਦੋਬਦੀ ਉਠ ਜਾਵੇ।
ਅਗੇ ਉਹਦੀਆਂ ਉਹ ਜਾਣੇ, ਜੋਤਸ਼ ਏਹ ਬਤਾਵੇ।
ਭਰਥਰੀ ਹਰੀ ਨਾਮ ਰਖ ਇਸ ਦਾ ਵਿਦਯਾ ਸਰਬ ਪੜ੍ਹਾਓ।
ਜੋ ਕਰਤਾਰ ਕਰੇ ਸੋ ਹੋਸੀ ਭਰਮ ਨਾ ਮਨ ਵਿਚ ਪਾਓ।
ਸ਼ਾਸਤ੍ਰ ਵੇਦ ਲਿਖਾ ਬਤਲਾਊਂ ਭੇਦ ਨਾ ਜਾਨਣ ਹਰ ਦਾ।
ਉਹ ਚਾਹੇ ਤਾਂ ਲਿਖੀਆਂ ਮੋੜੇ, ਘੁਗਿਓਂ ਮਾਣਿਕ ਕਰਦਾ।

ਲਗਨ ਕੁੰਡਲੀ ਰਾਜਾ ਬਿਕ੍ਰਮਾਜੀਤ

ਦਵੈਯਾ ਛੰਦ— ਪੌ ਬਾਰਾਂ ਗ੍ਰਹਿ* ਚਾਲ ਖਿਲਾਰੀ ਮਿਤਰ ਸਭ ਸਤਾਰੇ।
ਸੂਰਜ ਚੰਦ ਪਾਏ ਨੇ ਨਾਵੇਂ ਛੀਵੇਂ ਸ਼ਨੀ ਸੁਧਾਰੇ।

---

* ਭਾਰਤ ਵਿਚ ਚਿਰਕਾਲ ਤੋਂ ਪ੍ਰਚਲਤ ਜ਼ੋਤਿਸ਼ ਤੇ ਤਾਰਾ-ਵਿਗਿਆਨ (ਖਗੋਲ) ਅਨੁਸਾਰ ਮੰਨੇ ਗਏ ਨੌਂ ਗ੍ਰਹਿ, 1. ਸੂਰਜ, 2. ਚੰਨ, 3. ਮੰਗਲ (Mars), 4. ਬੁਧ (Mercury), 5. ਬ੍ਰਹਸਪਤਿ (ਵੀਰ) (Jupiter), 6. ਸ਼ੁਕਰ (Venus), 7. ਸ਼ਨੀ (Saturn), 8. ਰਾਹੂ (Seizer), 9. ਕੇਤੂ (Dragon Tail)।

ਪੱਛਮੀ ਵਿਦਵਾਨ ਰਾਹੂ ਕੇਤੂ ਨੂੰ ਗ੍ਰਹਿ ਨਹੀਂ ਮੰਨਦੇ, ਭਾਰਤ ਦੀ ਜੋਤਿਸ਼ (ਭਵਿਸ਼ ਵਿਦਿਆ) Astrology, ਅਨੁਸਾਰ ਕਿਸੇ ਬਾਲਕ ਦੇ ਜਨਮ ਸਮੇਂ ਗ੍ਰਹਿਆਂ ਦੀ ਚਾਲ ਵਿਚ ਜੋ ਸਥਿਤੀ ਹੁੰਦੀ ਹੈ ਉਸ ਤੋਂ ਨਵ ਜਨਮੇ ਬਾਲਕ ਦੇ ਭਵਿਸ਼ ਦਾ ਪਤਾ ਲਾਇਆ ਜਾਂਦਾ । ਉਹ ਸਥਿਤੀ ਦਸਣ ਦਾ ਕਵੀ ਨੇ ਯਤਨ ਕੀਤਾ ਹੈ।

ਜਨ, ਬ੍ਰਹਸਪਤਿ, ਬੁਧ ਯਾਰਵੇਂ, ਚੱਕਰ ਵਰਤੀ ਹੋਸੀ।
ਸਾਯਾ ਮੇਖ ਲਗਨ ਦਾ ਆਯਾ ਸਾਰੇ ਧੋਣੇ ਧੋਸੀ।
ਰਾਹੂ, ਕੇਤੂ, ਮੰਗਲ ਆਦਿਕ ਸਭ ਕਰੂਰ ਸਤਾਰੇ।
ਐਸੀ ਥਾਂ ਆ ਗਏ ਘਿਰੇ ਹੁਨ ਸੁਖ ਦੇਵਨਗੇ ਸਾਰੇ।
ਸ਼ੁਕਰ ਆਯਾ ਨਾਲ ਬੁੱਧ ਦੇ ਏਹ ਕਰੇ ਭਲਿਆਈ।
ਦੁਨੀਆਂ ਦਾ ਸਰਦਾਰ ਹੋਇਗਾ ਇਸ ਵਿਚ ਸ਼ੱਕ ਨਾ ਰਾਈ।
ਧਰਮ ਧੁਰੰਧਰ ਬੀਰ ਬਿਕ੍ਰਮੀ ਧਰਮ ਰਾਜ ਦਾ ਸਾਨੀ।
ਨਾਵਾਂ ਰੋਸ਼ਨ ਕੁਲ, ਦਾ ਕਰਸੀ, ਤੁਰਸੀ ਜਗਤ ਕਹਾਨੀ।
ਸ਼ੋਭਾ ਹੋਸੀ ਮੌਜਾਂ ਪਿਛੋਂ, ਸੰਮਤ ਜਗ ਵਿਚ ਚੱਲੇ।
ਬੀਜ ਧਰਮ ਦਾ ਬੀਜ ਜਾਇਗਾ, ਪਿਛੋਂ ਇਸ ਦੇ ਫਲੇ।
ਖਾਨਦਾਨ ਦਾ ਦੀਵਾ ਹੋਸੀ ਚੌਦਾਂ ਕੁਲਾਂ ਉਧਾਰੂ।
ਜੋ ਲੜ ਲਗਸੀ ਸੋਈ ਤਰਸੀ ਸਭ ਦੇ ਕਾਜ ਸਵਾਰੂ।
ਕਿਸਮਤ ਇਸ ਦੀ ਡਾਢੀ ਉਚੀ ਤੋਟ ਨਾ ਹੋਸੀ ਕਾਈ।
ਦਾਨੀ ਮਾਨੀ[1], ਧਰਮੀ, ਗਯਾਨੀ, ਮਿਲਸੀ ਸਭ ਵਡਿਆਈ।
ਵਿਦਵਾਨ ਲਾਸਾਨੀ[2] ਹੋਸੀ ਪੰਡਿਤ ਕਰਨ ਸਲਾਮਾਂ।
ਆਦਲ[3], ਆਕਲ[4], ਸਾਹਿਬ ਹਸ਼ਮਤ[5], ਹਾਕਮ ਮੁਲਕ ਤਮਾਮਾਂ[6]।
ਕੁਛ ਗਮੀਆਂ ਕੁਝ ਖੁਸ਼ੀਆਂ, ਸੁਣਕੇ ਰਾਜੇ ਦੇ ਦਿਲ ਆਈਆਂ।
ਐਪਰ ਗਲ ਨਾ ਰੱਖੀਂ ਦਿਲ ਤੇ ਗਮੀਆਂ ਤੁਰਤ ਭੁਲਾਈਆਂ।
ਦੇ ਦੇ ਦਰਬ[7] ਨਿਹਾਲ ਕਰਾਏ ਪੰਡਿਤ ਵਿਦਿਆ ਕੀਤੇ।
ਬਦਰੇ[8] ਵਾਰ ਬਾਲਕਾਂ ਉਤੋਂ ਖੁਸ਼ੀ ਪਿਆਲੇ ਪੀਤੇ।

ਬਾਲ ਲੀਲ੍ਹਾ-ਡਿਉਢ*

ਦੋਨੋਂ ਸੁੰਦਰ ਬਾਲਕ ਲੈ ਕੇ, ਦਾਈਆਂ ਲਾਡ ਲਡਾਵਨ-ਸ਼ੀਰ[9] ਪਿਲਾਵਨ।
ਰੇਸ਼ਮ ਡੋਰੇ ਪਾ ਪੰਘੂੜੇ, ਝੂਟੇ ਪ੍ਰੇਮ ਲਗਾਵਨ-ਲੋਰੀ ਗਾਵਨ।
ਰਾਮ ਰਾਮ ਕਹੁ, ਕ੍ਰਿਸ਼ਨ ਕਹੁ, ਮਿੱਠੀ ਸੁਰੇ ਅਲਾਵਨ-ਕੰਨੀ ਪਾਵਨ।
ਲਾਡ ਲਡਿਕੜੇ ਮਾਵਾਂ ਤਾਂਈ, ਹਸ ਹਸ ਮੁਖ ਦਿਖਾਵਨ-ਜੀ ਪਰਚਾਵਨ।
ਦੂਜੇ ਬਰਸ ਸਰਸ[10] ਹੋ ਮਾਵਾਂ, ਸਦਕੇ ਵਾਰੀ ਜਾਵਨ-ਚਿਤ ਹਰਖਾਵਨ[11]।
ਮੁਖੋਂ ਤੋਤਲੀ ਬਾਣੀ ਬੋਲਣ, ਮਧੁਰ ਮਧੁਰ[12] ਮੁਸਕਾਵਨ-ਚਿਤ ਚੁਰਾਵਨ।

* ਡਿਉਢ ਛੰਦ ਇਕ ਤਰ੍ਹਾਂ ਦਵੱਈਏ (16+12=28) ਮਾਤਰਾ, ਦੀ ਡਿਉਢ ਹੈ ਜਿਸ ਵਿਚ 16, 12 ਤੇ 8 ਉਤੇ ਬਿਸਰਾਮ ਹੁੰਦਾ ਹੈ ਤੇ ਦੂਜੇ ਤੇ ਤੀਜੇ ਬਿਸਰਾਮ ਦਾ ਅੰਤ ਰਲਦਾ ਹੈ।

1. ਮਾਨਨੀਯ (ਇਜ਼ਤ ਵਾਲਾ)। 2. ਜਿਸ ਜਿਹਾ ਹੋਰ ਨਹੀਂ। 3. ਨਿਆਂਕਾਰ। 4. ਅਕਲ ਵਾਲਾ 5. ਨੌਕਰਾਂ ਚਾਕਰਾਂ ਵਾਲਾ। 6. ਸਾਰੇ। 7. ਧਨ। 8. ਕੈਲੀਆਂ। 9. ਦੁਧ। 10. ਰਸ ਭਰਕੇ। 11. ਖੁਸ਼ ਹੋਣਾ। 12. ਮਿੱਠਾ ਮਿੱਠਾ।

ਉਤਰ ਪੰਘੂੜਿਓਂ ਰਿੜਦੇ ਖਿੜਦੇ, ਗੋਦ ਮਾਤ ਦੀ ਆਵਨ-ਚੰਬੜਜਾਵਨ।
ਪੈਰੀ ਪੌਂਟੇ ਤੇੜ ਤੜਾਗੀ, ਛਨਨੇ ਛਨਨ ਛਨਕਾਵਨ-ਹਰਖ ਵਧਾਵਨ।
ਬਰਸ ਤੀਸਰੇ ਤੁਰਨੇ ਸਿੱਖੇ, ਨੌਕਰ ਉਂਗਲੀ ਲਾਂਦੇ-ਨਾਲ ਲਿਜਾਂਦੇ।
ਜਾ ਕਚਹਿਰੀ ਗੋਦ ਪਿਤਾ ਦੀ, ਛਾਤੀ ਠੰਢਕ ਪਾਂਦੇ-ਦੁਖ ਗਵਾਂਦੇ।
ਬੋਲ ਅਮੋਲ ਕੋਲਾ[1] ਜਿਉਂ ਬੋਲਣ, ਦਿਲ ਮੁਰਝਾਏ ਜਾਂਦੇ-ਸੁਣ ਖਿੜ ਜਾਂਦੇ।
ਛੋਟ ਉਮਰੇ ਕੋਟ ਅਕਲ ਦੇ, ਦਾਨੇ ਦੇਖ ਲਜਾਂਦੇ-ਹੋਵਨ ਬਾਂਦੇ[2]।

ਭਰਥਰੀ ਹਰੀ ਜੀ ਦੀ ਮਾਤਾ ਦਾ ਸੁਰਗਵਾਸ ਹੋਣਾ

ਖੇਲ ਇਲਾਹੀ ਅੰਤ ਨਾ ਪੈਂਦਾ, ਇਸ ਦੀ ਸਮਝ ਨਾ ਆਵੇ-ਕਿਵੇਂ ਰਚਾਵੇ ?
ਨਦੀਆਂ ਦੇ ਥਲ ਪਲ ਵਿਚ ਕਰਦਾ, ਥਲ ਜਲ ਥਲ ਕਰਵਾਵੇ-ਪਲ ਨਾ ਲਾਵੇ।
ਕਾਲ ਕਸਾਈ ਛੁਰਾ ਪਕੜ ਹਥ, ਰਾਜ ਮਹੱਲ ਵਲ ਆਵੇ-ਫੇਰਾ ਪਾਵੇ।
ਚਾਤ੍ਰਿਕ ਮਾਂ ਮਾਸੂਮ ਭਰਤ ਦੀ, ਜਾਨੋਂ ਮਾਰ ਮੁਕਾਵੇ-ਤਰਸ ਨਾ ਖਾਵੇ।
ਚਲ ਕੂੜੇ ਪਰਦੇਸਨ ਜਿੰਦੜੀ, ਕਾਹਨੂੰ ਐਡ ਪਸਾਰੇ-ਤੁਧ ਪਸਾਰੇ।
ਜਗਤ ਸਰਾਂ ਮੁਸਾਫਰ ਖਾਨਾਂ, ਤੁਰ ਜਾਣਾ ਜਗ ਸਾਰੇ-ਵਾਰੋ ਵਾਰੇ।
ਕੱਚੀ ਪੱਕੀ, ਦਾ ਉਹ ਮਾਲਕ, ਵਢੇ ਜਾਂ ਖਲਿਹਾਰੇ-ਰੱਖੇ ਮਾਰੇ।
ਚਾਤ੍ਰਿਕ ਸੋਈ ਸੁਘੜ ਸਿਆਣਾ, ਭਾਣਾ ਪ੍ਰਭੂ ਵਿਚਾਰੇ-ਰਸ ਨੇ ਧਾਰੇ।
ਤੁਰ ਗਈ ਮਾਂ ਮਸੂਮ ਬਾਲ ਦੀ, ਰੱਜ ਨਾ ਦੁਧ ਪਿਆਯਾ-ਨਾ ਸੁਖ ਪਾਯਾ।
ਡਿਠੀ ਖੁਸ਼ੀ ਨਾ ਲਾਲ ਬਾਲ ਦੀ, ਪਾਲ ਨਾ ਦਰਸ਼ਨ ਪਾਯਾ-ਨਾ ਪਰਨਾਯਾ।
ਤਿਨਕਾ ਤੋੜ ਵਿਛੋੜਾ ਪਾ ਗਈ, ਮਾਉਂ ਮਹਿਟਰ ਜਾਯਾ-ਕਰ ਗਈ ਮਾਯਾ।
ਪੋਤੜਿਆਂ ਵਿਚ ਲਾਲ ਛੁਡਾ ਕੇ, ਡੰਕਾ ਕਾਲ ਲਗਾਯਾਂ-ਕੂਚ ਕਰਾਯਾ।
ਰਾਜੇ ਦੇ ਦਿਲ ਸ਼ੌਕ ਵਧੇਰਾ, ਜਿਸਦੀ ਸੁੰਦਰ ਰਾਣੀ-ਅੱਜ ਸਿਧਾਣੀ।
ਖੁਸ਼ੀਆਂ ਦੇ ਵਿਚ ਆਈਆਂ ਗਮੀਆਂ, ਛੁਟਾਂ ਦਾਣਾ ਪਾਣੀ-ਬਾਝੋਂ ਰਾਣੀ।
ਦਿੱਤੀ ਧੀਰ ਅਮੀਰ ਵਜ਼ੀਰਾਂ, ਇਹ ਕਰਤੇ ਦੀ ਭਾਣੀ-ਕਿਨੇ ਮਿਟਾਣੀ ?
ਓੜਕ ਦੁਨੀਆਂ ਵਾਰੋ ਵਾਰੀ, ਸਾਰੀ ਤੁਰ ਤੁਰ ਜਾਣੀ-ਨਾ ਅਟਕਾਣੀ।
ਜਗਤ ਚਾਲ ਜੋ ਬਣੀ ਆਂਵਦੀ, ਉਸਦੀ ਰਯਤ ਸਾਰੀ-ਨਕਲ ਉਤਾਰੀ।
ਦਸ ਦਿਨ ਅੱਖਾਂ ਪੂੰਝ ਪੂੰਝਾਂ ਕੇ, ਸਭ ਨੇ ਮਨੋਂ ਵਿਸਾਰੀ-ਰਾਣੀ ਪਯਾਰੀ।
ਦੁਨੀਆਂ ਭੁਲ ਜਾਇ ਲਖ ਵਾਰੀ, ਜਿਸਦੀ ਮਾਤ ਪਯਾਰੀ-ਨਹੀਂ ਵਿਸਾਰੀ।
ਮਾਵਾਂ ਬਾਝ ਨਾ ਪਰਚਣ ਬਾਲਕ, ਦਿਸੇ ਅੰਧ ਗੁਬਾਰੀ-ਦੁਨੀਆਂ ਸਾਰੀ।
ਮਾਂ ਮਤੇਈ ਸਕੀਓਂ ਪਿਆਰੀ, ਛਾਤੀ ਨਾਲ ਲਗਾਵੇ-ਤੇ ਪਰਚਾਵੇ।
ਨਾ ਕਰ ਚਿੰਤਾ ਜੀਵਨ ਜੋਗਿਆ, ਮਾਉਂ ਸਦੱਕੜੇ ਜਾਵੇ-ਨਾ ਲੈ ਹਾਵੇ।
ਮੈਂ ਬੈਠੀ ਹਾ ਟਹਿਲ ਕਰਾਂਗੀ, ਮੰਗੀਂ ਜੋ ਦਿਲ ਆਵੇ-ਕਰਕੇ ਦਾਵੇ।

1. ਕੋਇਲ। 2. ਨੌਕਰ।

ਚਾਤ੍ਰਿਕ ਅਚਰਜ ਮਾਯਾ ਉਸਦੀ, ਐਸੀ ਮਾਯਾ ਪਾਵੇ-ਮਾਉਂ ਭੁਲਾਵੇ।
ਚੌਥੇ ਬਰਸ ਪੈਰ ਜਦ ਪਾਯਾ, ਚੇਹਰੇ ਦਮਕ ਨਿਰਾਲੀ-ਹੋਸ਼ ਸੰਭਾਲੀ।
ਸਜ ਧਜ ਨਾਲ ਨਿਕਲਦੇ ਬਾਹਰ, ਹੰਸ ਮੋਰ ਦੀ ਚਾਲੀ-ਚਾਲ ਨਿਰਾਲੀ।
ਕਾਮ ਦੇਉ[1] ਮੋਹਤ ਹੋ ਜਾਵੇ, ਵੇਖ ਸ਼ਕਲ ਮਤਵਾਲੀ-ਭੋਲੀ ਭਾਲੀ।
ਦਿਲ ਦਰਯਾਇ ਮੁਖੋਂ ਮਿਠ ਬੋਲੇ, ਜੋ ਕੋਈ ਆਇ ਸਵਾਲੀ[2] ਭਰਨ ਹਥਾਲੀ।

ਭਰਥਰੀ ਹਰੀ ਤੇ ਬਿਕ੍ਰਮਾਜੀਤ ਨੂੰ ਪੜ੍ਹਨੇ ਪਾਉਣਾ

ਵਰ੍ਹੇ ਪੰਜਵੇਂ ਭੂਪ ਨੇ ਸੋਚ ਕੀਤੀ, ਕਿਸੇ ਕਾਰ ਹੁਣ ਇਨ੍ਹਾਂ ਨੂੰ ਲਾ ਦੇਈਏ।
ਵੇਹਲੇ ਰਹਿਣ ਵਿਚ ਬਹੁਤ ਖਰਾਬੀਆਂ ਨੇ, ਛੋਟੀ ਉਮਰ ਤੋਂ ਭੋਮਨਾ[3] ਪਾ ਦੇਈਏ।
ਇਲਮ ਸਿਖਯਾ ਇਨ੍ਹਾਂ ਦੇ ਕੰਮ ਆਸੀ, ਅਗੇ ਸੁਘੜ ਉਸਤਾਦ ਬੈਠਾ ਦੇਈਏ।
ਮਨ ਚਪਲ[4] ਚੰਚਲਤਾਈ ਸਦਾ ਕਰਦਾ, ਰੱਸਾ ਪਾਕੇ ਥਾਂ ਬਨਾ ਦੇਈਏ।
ਰਹੇ ਟੱਪਦਾ ਵਾਂਗ ਵਡੇਰਿਆਂ ਦੇ, ਕੋਈ ਸਮਤ ਲਗਾਮ ਚੜ੍ਹਾ ਦੇਈਏ।
ਚਾਬਕ ਸਵਾਰ ਉਪਦੇਸ਼ ਦਾ ਰੱਖ ਕੋਈ, ਸਿੱਧੇ ਤੁਰਨ ਦੀ ਚਾਲ ਸਿਖਾ ਦੇਈਏ।
ਬਿਨਾ ਵਿਦਯਾ ਆਦਮੀ ਢੋਰ ਜੈਸਾ, ਏਹਨਾ ਆਦਮੀ ਜੂਨ ਬਣਾ ਦੇਈਏ।
ਸੋਹਬਤ[5] ਬਲੀ ਹੈ ਤੁਖਮ ਤਾਸੀਰ[6] ਕੋਲੋਂ, ਬੈਠਕ ਭਲੇ ਦੀ ਚਾਤ੍ਰਿਕ ਲਗਾ ਦੇਈਏ।
ਨਾਨਾ ਬਿਕ੍ਰਮਾਜੀਤ ਦਾ ਸੱਕਾ ਲੱਗੇ, ਮੁਲਕ ਧਾਰ ਦਾ ਸਰਦਾਰ ਆਹਾ।
ਕਰੇ ਹਾਕਮੀ ਬੜੀ ਜਾਗੀਰ ਉਤੇ, ਬਾਪ ਦਾਦਿਆਂ ਤੋਂ ਇਜ਼ਤਦਾਰ ਆਹਾ।
ਰਾਜਪੂਤ ਸੁਰਮੱਤ[7] ਤੇ ਪੱਤ ਵਾਲਾ ਬੜਾ ਸੂਰਮਾ ਹੌਸਲੇਦਾਰ ਆਹਾ।
ਤੱਦੀ ਅੱਤ ਬਗੈਰ ਨਾ ਹੱਥ ਚੁਕੇ, ਕਰਦਾ ਸੱਤ ਦਾ ਸਦਾ ਵਿਹਾਰ ਆਹਾ।
ਅੰਸ ਹੋਰ ਨਹੀਂ ਸੀ ਇਕ ਧੀ ਬਾਝੋਂ, ਬੜਾ ਏਸਦੇ ਨਾਲ਼ ਪਿਆਰ ਆਹਾ।
ਰੱਤ ਜਿਗਰ ਦੀ ਜਾਣਦਾ ਦੋਹਤਰੇ ਨੂੰ, ਏਹੋ ਆਸਰਾ ਅਤੇ ਅਧਾਰ ਆਹਾ।
ਜਾਣੇ ਘਟ ਨਾ ਭਰਥਰੀ, ਬਿਕ੍ਰਮੀ ਤੋਂ, ਦੋਹਾਂ ਨਾਲ ਪਿਆਰ ਇਕਸਾਰ ਆਹਾ।
ਚੰਦਨ ਰੁੱਖ ਦੇ ਵਾਂਗ ਸੁਭਾ ਚਾਤ੍ਰਿਕ, ਕਰੇ ਨਾਲ ਦੇ ਬਾਸਨਾ ਦਾਰ ਆਹਾ।
ਰਾਜੇ ਸੱਦਕੇ ਧਾਰ ਸਰਦਾਰ ਤਾਂਈ, ਨਾਲ ਅਦਬ ਦੇ ਪਾਸ ਬਿਠਾਯਾ ਏ।
ਬਾਬਾ ਬਾਲਕੇ ਪਾਲਣੇ ਤੁਸਾਂ ਨੇ ਹੀ, ਹੱਥ ਜੋੜ ਕੇ ਆਖ ਸੁਨਾਯਾ ਏ।
ਪੁਤਰ ਆਪ ਦੇ ਨੇ ਤੁਸਾਂ ਮੱਤ ਦੇਣੀ, ਪੈਂਦਾ ਬੜਾ ਬਜ਼ੁਰਗ ਦਾ ਸਾਯਾ ਏ।
ਅੰਨ ਧੰਨ ਉਸਤਾਦ ਸਭ ਹੈਨ ਹਾਜ਼ਰ, ਜੋ ਕੁਛ ਚਾਹੀਏ ਆਪਦੀ ਮਾਯਾ ਏ।
ਚੰਗੇ ਰੱਖ ਉਸਤਾਦ ਦਾਨਾ ਵਡੇ, ਚਾਹੀਏ ਏਹਨਾਂ ਨੂੰ ਇਲਮ ਪੜ੍ਹਾਯਾ ਏ।
ਸਿਰ ਤੇ ਰੱਖ ਕੇ ਹੱਥ ਤੇ ਮੱਤ ਦੱਸੋ, ਵਾਜਬ[8] ਵਡਿਆਂ ਤੇ ਏਵੇਂ ਆਯਾ ਏ।
ਅਗੋਂ ਧਾਰ ਸਰਦਾਰ ਨੇ ਪਯਾਰ ਕਰਕੇ, ਨਾਲ ਹਿੱਕ ਦੇ ਦੋਹਤਿਆਂ ਲਾਯਾ ਏ।

---

1. ਪਿਆਰ ਦਾ ਦੇਵਤਾ। 2. ਮੰਗਤਾ। 3. ਆਹਰ, ਕੰਮ। 4. ਚੰਚਲ।
5. ਸੰਗਤ। 6. ਮਾਂ ਬਾਪ ਦਾ ਅਸਰ। 7. ਬਹਾਦਰੀ। 8. ਯੋਗ।

ਮੈਨੂੰ ਏਹਨਾਂ ਥੋਂ ਚੰਗੜੀ ਚੀਜ਼ ਕੇਹੜੀ, ਕਿਹਾ ਓਸ ਨੇ ਨਹੀਂ ਪਰਤਾਯਾ ਏ।
ਅਤਾਲੀਕ[1] ਉਸਤਾਦ ਦਾਨਾ ਰੱਖੇ, ਨਾਮ ਜਿਨ੍ਹਾਂ ਜਹਾਨ ਤੇ ਪਾਯਾ ਏ।
ਚਾਤ੍ਰਿਕ ਘੜੀ ਸੁਲੱਖਣੀ ਵੇਖ ਕੇ ਤੇ, ਸ਼ਗਨ ਰੱਖਕੇ ਪੜ੍ਹਨ ਬਿਠਾਯਾ ਏ।
ਦੋਹਰਾ—ਸ਼ੁਭ ਦਿਨ ਵਾਰ ਵਿਚਾਰ ਕੇ, ਸੁੰਦਰ ਸ਼ਗਨ ਗਿਨਾਇ।
ਸ਼ਗਨ ਸ਼ਰੀਨੀ ਰੱਖ ਕੇ, ਪੜ੍ਹਨੇ ਦੀਏ ਬਿਠਾਂਇ।
ਛੇਵੇਂ ਸਾਲ ਵਿਸਾਲ ਧਰ ਲਗਨ ਪਾਂਧਾ, ਪੈਂਤੀ ਪਾਇਕੇ ਇਲਮ ਸਿਖਾਨ ਲੱਗਾ।
ਪੱਟੀ ਪ੍ਰੇਮ ਦੀ ਪੋਚ ਕੇ ਧਰੀ ਅਗੇ, ਕਾਨੀ ਗਯਾਨ ਦੀ ਹੱਥ ਫੜਾਨ ਲੱਗਾ।
ਬੁਧਕਾ[2] ਬੁਧ, ਵਿਚਾਰ ਦਾ ਭਰੇ ਡੋਬੂ, ਰਾਮ ਨਾਮ ਦੇ ਹਰਫ ਲਿਖਾਨ ਲੱਗਾ।
ਚਾਤ੍ਰਿਕ ਕੰਠ ਕਰਾਨ ਨੂੰ ਗਯਾਨ ਪੈਂਤੀ, ਮੂੰਹੋਂ ਬੋਲ ਕੇ ਆਪ ਸੁਨਾਨ ਲੱਗਾ।

ਬਾਲ ਬੋਧਨੀ ਪੈਂਤੀ ਅੱਖਰੀ

ੳ— ਉੜਾ ਇਕ ਓਅੰਕਾਰ ਪ੍ਰਭੂ ਦਾ ਦਿਨ ਤੇ ਰਾਤ ਉਚਾਰ ਕਰੀਂ।
ਤੂੰਹੀ ਤੂੰਹੀ ਦਾ ਵਾਕ ਅਲਾਵੀਂ ਮੈਂ ਮੇਰੀ ਨੂੰ ਪਾਰ ਕਰੀਂ।
ਬਿਰਥਾ ਔਧ[3] ਬੀਤਦੀ ਜਾਂਦੀ ਮਨ ਵਿਚ ਜ਼ਰਾ ਵਿਚਾਰ ਕਰੀਂ।
ਰਾਮ ਨਾਮ ਦਾ ਤੁਲਹਾ[4] ਬਨਾ ਕੇ ਭਵਸਾਗਰ[5] ਸੰਸਾਰ ਤਰੀਂ।
ਅ— ਐੜਾ ਇਕ ਅਕਾਲ ਪੁਰਖ ਬਿਨ ਝੂਠਾ ਜਗਤ ਪਸਾਰਾ ਹੈ।
ਸਚੇ ਬਾਝ ਕੱਚ ਸਭ ਦੁਨੀਆਂ ਮਾਯਾ ਦਾ ਚਮਕਾਰਾ ਹੈ।
ਜਲ ਤੋਂ ਉਪਜ ਬੁਦਬੁਦਾ[6] ਹੋਵੇ ਜਲ ਤੋਂ ਨਹੀਂ ਨਿਆਰਾ ਹੈ।
ਨਾਨਾ[7] ਰੂਪ ਜਗਤ ਦਿਸ ਆਵੇ ਓੜਕ ਇਕ[8] ਓਅੰਕਾਰਾ ਹੈ।
ੲ— ਈੜੀ ਈਸ਼ਵਰ ਨਾਮ ਅਰਾਧੀਂ ਛਡ ਦੇ ਹੋਰ ਬਖੇੜੇ ਤੂੰ।
ਰਾਮ ਨਾਮ ਬਿਨ ਮੁਕਤ ਨਾ ਹੋਣੀ ਝੂਠੇ ਝੇੜੇ ਛੇੜੇਂ ਤੂੰ।
ਆਪਾ ਤਿਆਗ ਸ਼ਰਨ ਫੜ ਹਰਿ ਦੀ ਡੋਬ ਹੰਗਤਾ ਬੇੜੇ ਤੂੰ।
ਭਜਨ ਕਰੇਂ ਤਦ ਫੇਰ ਨਾ ਪੈਸੇਂ ਜਨਮ ਮਰਨ ਦੇ ਗੇੜੇ ਤੂੰ।
ਸ— ਸੱਸਾ ਸਰਬ ਘਟਾਂ[9] ਵਿਚ ਵਸਦਾ ਮੂਰਖ ਜਾਣਿਆ ਦੂਰੀ ਰੇ।
ਵੇਖੇ ਸੁਣੇ ਸਭਸ ਦੀ ਬਿਰਥਾ[10] ਜਲੀਂ ਥਲੀਂ ਭਰਪੂਰੀ ਰੇ।
ਮਨੋਂ ਕਾਮਨਾ ਸਭ ਦੀ ਕਰਦਾ ਬਿਨ ਮੰਗੇ ਤੋਂ ਪੂਰੀ ਰੇ।
ਅੰਦਰ ਰਿੜਕ ਵਰੋਲੀਂ ਮੱਖਣ ਹਾਜਰ ਸਦਾ ਹਜੂਰੀ ਰੇ।
ਹ— ਹਾਹਾ ਹੱਕ ਪਰਾਏ ਤਾਂਈ ਬਿਖ ਦੇ ਵਾਂਗਰ ਜਾਨ ਮਨਾਂ।
ਪਰ ਤਨ[11], ਪਰ ਧਨ, ਵੇਖ ਭਟਕਣਾ ਬੁਰੀ ਚੰਦਰੀ ਬਾਨ ਮਨਾਂ।

---
1. ਪੜ੍ਹਾਉਣ ਵਾਲੇ। 2. ਦਵਾਤ। 3. ਉਮਰ।
4. ਬੇੜੀ ਦਾ ਕੰਮ ਸਾਰਨ ਲਈ ਫੱਟੇ ਜਾਂ ਸ਼ਤੀਰੀਆਂ ਨੂੰ ਬਨ੍ਹ ਕੇ ਬਣਾਇਆ ਜਾਂਦਾ ਹੈ ਭਾਵ ਬੇੜੀ ਤੋਂ ਹੀ ਹੈ।
5. ਡਰ ਦਾ ਸਮੁੰਦਰ, ਸੰਸਾਰ। 6. ਬੁਲਬੁਲਾ। 7. ਬਹੁਤ। 8. ਕਈ ਤਰ੍ਹਾਂ ਦੀ (ਘਟ=ਘੜਾ)।
9. ਸਭ ਸਰੀਰਾਂ। 10. ਹਾਲਤ। 11. ਪਰਾਈ ਇਸਤ੍ਰੀ।

ਲੋਭ ਮੂਲ ਪਾਪਾਂ ਦਾ ਹੁੰਦਾ, ਨਰਕ ਮੂਲ ਅਭਿਮਾਨ ਮਨਾਂ।
ਜੋ ਕੁਝ ਲਿਖਿਆ ਭਾਗ ਮੱਥੇ ਤੇ ਆਪੇ ਮਿਲਸੀ ਆਨ ਮਨਾਂ।
ਕ— ਕੱਕਾ ਕਰ ਲੈ ਨੇਕ ਕਮਾਈ ਏਹੀ ਤੇਰੇ ਕੰਮ ਆਵੇਗੀ।
ਹੋਰ ਜਗਤ ਦੀ ਦੌਲਤ ਹੁਰਮਤ[1]. ਏਥੇ ਹੀ ਰਹਿ ਜਾਵੇਗੀ।
ਜਿੰਦ ਨਿਮਾਣੀ ਜਮਾਂ ਸਤਾਣੀ ਬੱਧੀ ਚੋਟਾਂ ਖਾਵੇਗੀ।
ਬਲਦੇ ਭਾਂਬੜ ਪਾਪਾਂ ਉਪਰ ਨੇਕੀ ਠੰਢਕ ਪਾਵੇਗੀ।
ਖ— ਖੱਖਾ ਖਰੀ ਵਿਹਾਝ ਵਿਹਾਝੀਂ ਖੋਟੀ ਤੇ ਭੁਲ ਜਾਵੀਂ ਨਾ।
ਮਾਣਕ, ਹੀਰੇ, ਲਾਲ, ਤਿਆਗ ਕੇ ਖੇਪ ਕੱਚ[2] ਦੀ ਪਾਵੀਂ ਨਾ।
ਮੋਹ ਮਾਯਾ ਦੇ ਲਾਲਚ ਪੈ ਕੇ ਹਰ ਕਾ ਨਾਮ ਭੁਲਾਵੀਂ ਨਾ।
ਨਫਾ ਕਮਾਵਨ ਨੂੰ ਚਲ ਆਯੋਂ ਮੂਲੋਂ ਮੂਲ ਗਵਾਵੀਂ ਨਾ।
ਗ— ਗੱਗਾ ਗਰਬ, ਗਰੂਰ,[3] ਨਾ ਕਰੀਏ ਜੋਬਨ ਹੁਸਨ ਜਵਾਨੀ ਦਾ।
ਇਕ ਪਲ ਨਹੀਂ ਵਿਸਾਹ ਏਸਦਾ ਜਿਵੇਂ ਬੁਲਬੁਲਾ ਪਾਨੀ ਦਾ।
ਕਿਸ ਵੇਲੇ ਆ ਜਮਾਂ ਘੇਰਨਾ ਉਹ ਵੇਲਾ ਨਹੀਂ ਜਾਨੀ ਦਾ।
ਜਾਨ ਬੁਝ ਕੇ ਸਮਝੇ ਨਾਹੀਂ ਮੂਰਖ ਮਨ ਅਭਿਮਾਨੀ ਦਾ।
ਘ— ਘੱਘਾ ਘਲਸੀ ਕੋਈ ਨਾ ਪਿਛੋਂ ਖਾਲੀ ਹਥੀਂ ਜਾਣਾ ਹੈ।
ਹਥੀਂ ਦਿੱਤਾ ਕੰਮ ਆਵਣਾ ਫੇਰ ਨਾ ਕਿਸੇ ਪੁਚਾਣਾ ਹੈ।
ਜੋੜ ਜੋੜ ਮਰ ਗਏ ਦੌਲਤਾਂ ਪਿਛੋਂ ਲੋਕਾਂ ਖਾਣਾ ਹੈ।
ਕਰ ਲੈ ਕੁਝ ਭਲਿਆਈ ਬੰਦੇ ਜਿਸ ਨੇ ਪਾਰ ਲੰਘਾਣਾ ਹੈ।
ਙ— ਙਙਾ ਙਲ[4] ਵਿਚ ਫਾਹੀ ਪਾ ਜਦ ਜਮ ਲੈ ਜਾਣ ਪ੍ਰਾਣੀ ਨੂੰ।
ਪਛੋਤਾਵੇਂ ਮਲ ਮਲ ਤਲੀਆਂ ਤਰਸ ਰਿਹਾ ਘੁਟ ਪਾਣੀ ਨੂੰ।
ਮਾਰ ਮਾਰ ਕੇ ਦੇਣ ਤਸੀਹੇ ਜਿੰਦੜੀ ਏਸ ਨਿਮਾਣੀ ਨੂੰ।
ਵੇਲਾ ਈ ਕੁਝ ਕਰ ਲੈ ਹੁਣ ਵੀ ਰੋਸੇਂ ਅਉਧ ਵਿਹਾਣੀ ਨੂੰ।
ਚ— ਚੱਚਾ ਚਾਰ ਦਿਨਾਂ ਦਾ ਵਾਸਾ ਦੁਨੀਆਂ ਖੇਡ ਮਦਾਰੀ ਦੀ।
ਕਾਹਨੂੰ ਲੱਭ ਸੂੰਢ ਦੀ ਗੰਢੀ ਕੱਢੀ ਹੱਟ ਪਸਾਰੀ ਦੀ।
ਤੁਰਦਾ ਫਿਰਦਾ ਖਾਂਦਾ ਸੌਂਦਾ ਭੁਲ ਨਾ ਭਗਤ ਮੁਰਾਰੀ ਦੀ।
ਰਾਮ ਨਾਮ ਬਿਨ ਖੇਡ ਉਲਟ ਕੇ, ਜਿੱਤੀ ਬਾਜੀ ਹਾਰੀ ਦੀ।
ਛ— ਛੱਛਾ ਛਲ ਵਲ ਛੋਡ ਸਭੇ ਏਹ ਕਰਤਬ ਕਰੀਂ ਦਨਾਵਾਂ ਦਾ।
ਦਗੇ ਫਰੇਬੀਂ ਲੁਟੇਂ ਦੁਨੀਆਂ, ਘੁਟੇਂ ਗਲ ਭਰਾਵਾਂ ਦਾ।
ਪੁਟੇ ਜੜ੍ਹਾਂ ਆਪਣੀ ਹਥੀਂ ਬੂਟਾ ਵਢੇਂ ਛਾਵਾਂ ਦਾ।
ਪਾਪੀ ਜੁੜਿਆ ਕੰਮ ਨਾ ਆਸੀ 'ਖਾਜਾ ਕੁਤਿਆ ਕਾਵਾਂ ਦਾ।'
ਜ— ਜੱਜਾ ਜੂਏ ਜਨਮ ਨਾ ਹਾਰੀਂ ਮਿਲਣਾ ਬਾਰੰਬਾਰ ਨਹੀਂ।
ਨਦੀ ਨਾਮ ਸੰਜੋਗੀ ਮੇਲੇ ਮੁੜ ਮੁੜ ਦਾ ਇਕਰਾਰ ਨਹੀਂ।

1. ਤਨਖਾਹ (ਧਨ)। 2.ਰਾਸ ਪੂੰਜੀ। 3. ਹੰਕਾਰ। 4. ਙਙੇ ਨਾਲ ਰਲਾਉਣ ਲਈ ਗਲ ਨੂੰ ਙਲ ਲਿਖਿਆ ਹੈ।

ਸਤ ਸੰਗਤ ਤੇ ਭਜਨ ਹਰੀ ਦਾ ਤੀਜੀ ਗਲ ਦਰਕਾਰ ਨਹੀਂ।
ਹਰ ਨੂੰ ਮਨੋਂ ਵਿਸਾਰ ਨਹੀਂ ਕੁਝ ਸ੍ਵਾਸਾਂ ਦਾ ਇਤਬਾਰ ਨਹੀਂ।
ਝ— ਝੱਝਾ ਝਲਕੇ ਝਲਕ ਮਾਯਾ ਦੀ ਝੱਲੇ ਝਲਕ ਝੱਲਾ ਨਾ ਹੈ।
ਅਕਲ ਸੂਰਤ ਨੂੰ ਤੁਰਤ ਗਵਾ ਕੇ ਚਾਲਾ ਫੜੇਂ ਅਵੱਲਾ ਹੈ।
ਬੱਦਲ ਛਾਯਾ ਮਾਯਾ ਖਾਤਰ ਦਰ ਦਰ ਖਾਂਦਾ ਖੱਲਾ[1] ਹੈ।
ਮਾਣਕ ਸੁਚੇ ਨਾਮ ਹਰੀ ਦਾ ਭਰਦਾ ਕਦੇ ਨਾ ਪੱਲਾ ਹੈ।
ਞ— ਞੰਞਾ ਞਲਤ[2] ਅਗਨ ਮੇਂ ਰਾਖੇ ਜੋ ਜਗ ਜੀਵਨ ਦਾਤਾ ਰੇ।
ਛੋੜ ਤਿਸੇ ਕਿਉਂ ਔਝੜ ਜਾਵੇਂ ਮਦ ਮਸਤੀ ਵਿਚ ਮਾਤਾ ਰੇ।
ਹਰ ਦਮ ਹਰਿ ਹਰਿ ਨਾਮ ਰਟਨ ਕਰ ਚਾਰ ਕੁੰਟ ਬਖਯਾਤਾ ਰੇ।
ਹੋਸੀ ਅੰਤ ਸਹਾਈ ਓਹੀ ਬਣ ਕੇ ਮਾਤਾ ਤਾਤਾ[3] ਰੇ।
ਟ— ਟੈਂਕਾ ਟਲੇ ਨਾ ਕਰਮ ਰੇਖ ਜੋ ਬਿਧਨਾ[4] ਨੇ ਲਿਖ ਰਾਖੀ ਹੈ।
ਬ੍ਰਿਥਾ ਭਟਕਣ ਛਡ ਦੇ ਮੂਰਖ, ਗੱਲ ਦਨਾਵਾਂ[5] ਆਖੀ ਹੈ।
ਜੋ ਦਿਨ ਪਿਆ ਗਵਾਵੇਂ ਬ੍ਰਿਥਾ, ਮਾਯਾ ਦਾ ਅਭਿਲਾਖੀ[6] ਹੈ।
ਸੋਈ ਖਰਚ ਕਰ ਹਰੀ ਭਜਨ ਵਿਚ ਜੋਈ ਸਰਬ ਦਾ ਸਾਖੀ[7] ਹੈ।
ਠ— ਠੱਠਾ ਠੌਰ ਨਾ ਠੈਹਰਨ ਦੀ ਜਗ, ਰੈਨ ਬਸੇਰਾ ਪਾਂਧੀ ਦਾ।
ਕੋਈ ਅਗੇਰੇ ਕੋਈ ਪਿਛੇਰੇ ਸਾਥ ਨਾ ਵਾਰੀ ਜਾਂਦੀ ਦਾ।
ਚੰਚਲ ਮਿਰਗ ਅੰਗੂਰੀ ਚਰਦੇ, ਬਾਣ ਲਗੇ ਆ ਫਾਂਧੀ ਦਾ।
ਕੇਹੜੀ ਗਲ ਤੇ ਭਰੀਆਂ ਬੰਨ੍ਹੇ ? ਪਤਾ ਨਾ ਖੇਡ ਦਿਨਾਂ ਦੀ ਦਾ।
ਡ— ਡੱਡਾ ਡਾਵਾਂ ਡੋਲ ਨਾ ਹੋ ਮਨ ਪਕੜ ਪ੍ਰਭੂ ਦੀ ਡੋਰੀ ਤੂੰ।
ਦੀਪਕ ਗਯਾਨ ਜਗਾ ਕੇ ਫੜ ਲੈ ਹਰਿ ਹਰਿ ਨਾਮ ਡੰਗੋਰੀ ਤੂੰ।
ਮਨ ਬਾਲਕ ਜਿਉਂ ਚੰਚਲ ਨੂੰ ਦੇ ਰਾਮ ਨਾਮ ਦੀ ਲੋਰੀ ਤੂੰ।
ਅੜੀਆ ਕਰਦੇ ਮੂਰਖ ਤਾਂਈਂ ਬਦੀਆਂ ਵਲੋਂ ਮੋੜੀਂ ਤੂੰ।
ਢ— ਢੱਢਾ ਢਲੀ ਜਵਾਨੀ, ਆਯਾ, ਵੇਲਾ ਬੁਢੇ ਵਾਰੇ ਦਾ।
ਅੰਗ ਭੰਗ ਤੇ ਜੁਸਾ ਲਿਸਾ, ਮੋਇਆ ਮੱਚ ਕਰਾਰੇ ਦਾ।
ਕਾਲ ਬਲੀ ਨੇ ਸੱਦ ਸੁਣਾਇਆ ਆਯਾ ਵਾਜ ਨਕਾਰੇ ਦਾ।
ਜਿਨ੍ਹਾਂ ਬਦਲੇ ਪਾਪ ਕਮਾਏ ਕੋਈ ਨਾ ਬਣੇ ਵਿਚਾਰੇ ਦਾ।
ਣ— ਣਾਣਾ ਨਾ ਕੁਛ ਭਲਾ ਕਮਾਯਾ, ਆਪਣਾ ਆਪ ਬਨਾਯਾ ਕੀ ?
ਔਖੀ ਵਾਟ ਜਮਾਂ ਦੀ ਖਾਤਰ, ਤੋਸਾ[8] ਪੀਹ ਪਕਾਯਾ ਕੀ ?
ਜੋੜ ਜੋੜ ਕੇ ਢੇਰ ਲਗਾਏ ਹਰਿ ਦੇ ਪਾਸੇ ਲਾਯਾ ਕੀ ?
ਧਰੀ ਧਰਾਈ ਰਹਿ ਗਈ ਏਥੋਂ, ਮੂਰਖ ਦੇ ਹਥ ਆਯਾ ਕੀ ?
ਤ— ਤੱਤਾ ਤਜ ਹੰਕਾਰ ਮਨਾਂ, ਹੋ ਵਾਂਗ ਮਸੀਤੀ ਕੱਖਾਂ ਦੇ।
ਪੈਰਾਂ ਵਿਚ ਲਤੜ ਕੇ ਪਾਵੀਂ, ਚਰਣ ਧੂੜ ਵਿਚ ਅੱਖਾਂ ਦੇ।

---

1. ਜੁੱਤੀ। 2. ਜਲਤ (ਸੜਦਿਆਂ)। 3. ਪਿਤਾ। 4. ਕਰਤਾਰ। 5. ਸਿਆਣਿਆਂ। 6. ਚਾਹਵਾਨ।
7. ਸਾਥੀ, ਮਿਤ੍ਰ, ਗਵਾਹ। 8. ਤੋਸਾ, ਰਾਹ ਲਈ ਖਰਚ, ਖੁਰਾਕ।

ਉਚੀ ਸੁਣ ਕੇ ਹੋ ਜਾ ਨੀਵਾਂ ਵਾਂਗਰ ਫਲਿਆਂ ਰੁੱਖਾਂ ਦੇ।
ਨਿਵਿਆ ਮਿਲੇ ਉਚਾਈ ਉਸ ਦਰ ਕੱਖ ਵਿਕੇ ਦਰ ਲੱਖਾਂ ਦੇ

ਥ— ਥੱਥਾ ਖਿੜਕ ਜਾਏਂ ਜੇ ਪੈਰੋਂ ਚੀਣਾ ਚੀਣਾ ਹੋਵੇਂਗਾ।
ਮਾਣਸ ਜਨਮ ਉਚੇਰਾ ਡੰਡਾ, ਪਿਆ ਗਵਾ ਕੇ ਰੋਵੇਂਗਾ।
ਮੁੜ ਕੇ ਚੜ੍ਹਨਾ ਮੁਸ਼ਕਲ ਹੋਸੀ, ਫਿਰ ਫਿਰ ਧੋਣੇਂ ਧੋਵੇਂਗਾ।
ਵੇਲਾ ਈ ਕੁਛ ਕਰ ਲੈ ਨਹੀਂ ਤਾਂ, ਫੇਰ ਚੌਰਾਸੀ ਛੋਵੇਂਗਾ।
ਦ— ਦੱਦਾ ਦੁਖ ਸੁਖ ਇਕੋ ਸਮਝੀਂ, ਉਸਤਤ ਨਿੰਦਾ ਜਾਣੀ ਨਾ।
ਖੁਸ਼ੀਆਂ ਗਮੀਆਂ ਭੰਗ ਜਿਸਮ ਦਾ ਛਾਂ ਤੇ ਧੁਪ ਪਛਾਣੀ ਨਾ।
ਹੋ ਜਾ ਪਰੇ ਝਿੜਕ ਵਡਿਆਈਓਂ ਫੋਕਾ ਪਾਣੀ ਛਾਣੀ ਨਾ।
ਝਲ ਗਏ ਜੋ ਝਾਲ ਦੁਖਾਂ ਦੀ ਪਏ ਜਮਾਂ ਦੀ ਘਾਣੀ ਨਾ।
ਧ— ਧੱਧਾ ਧੱਕਾ ਮਿਲੇ ਨਾ ਉਸ ਨੂੰ ਜੋ ਦਰਵਾਜੇ ਢੱਠਾ ਹੈ।
ਜੋ ਚਲ ਆਵੇ ਸੋ ਫਲ ਪਾਵੇ, ਤਖਤ ਬਖਸ਼ ਦਾ ਡੱਠਾ ਹੈ।
ਸੁਟ ਦੇ ਸਿਰੋਂ ਪਾਪ ਦਾ ਗੱਠਾ, ਕਰ ਲੈ ਨਾਮ ਅਕੱਠਾ ਹੈ।
ਰਾਮ ਨਾਮ ਦਾ ਸ਼ੀਤਲ ਅੰਮ੍ਰਿਤ ਤਾਪ ਕਰੇਂਦਾ ਮੱਠਾ ਹੈ।
ਨ— ਨੰਨਾ ਨਾ ਕੋਈ ਅੰਤ ਸਮੇਂ ਦਾ ਹੁੰਦਾ ਆਨ ਸਹਾਈ ਹੈ।
ਫੂਕ ਨਿਕਲ ਜਦ ਗਈ ਜਿਸਮ ਤੋਂ ਸਾਰੀ ਪ੍ਰੀਤ ਭੁਲਾਈ ਹੈ।
ਕਾਢੋ ਕਾਢੋ ਸਾਰੇ ਕਹਿੰਦੇ, ਕੇਹੀ ਗੰਦਗੀ ਪਾਈ ਹੈ ?
ਪੁਤਰਾਂ, ਨਾਰਾਂ, ਸਾਕ ਕਬੀਲੇ, ਡਰਦੇ ਸਮਝ ਰਲਾਈ ਹੈ।
ਪ— ਪੱਪਾ ਪੱਜੇ ਕੱਢ ਸਰੀਰੋਂ ਮਾਰ ਗਿਆਨ ਦੇ ਪੰਜੇ ਨੂੰ।
ਪੰਜਾਂ ਦੀ ਲਾਹ ਗਲੋਂ ਪੰਜਾਲੀ ਹੋ ਜਾ ਇਕਲਵੰਜੇ ਨੂੰ।
ਪੰਜਾਂ ਘੇਰਿਆ ਪੰਜ[1] ਤੱਤ ਦੇ ਏਸ ਸਰੀਰ ਸ਼ਿਕੰਜੇ ਨੂੰ।
ਪੰਜੇ ਨਾਲ ਦਬਾ ਲੈ ਪੰਜੇ, ਭਜ ਕੇ ਹਰਿ ਦੁਖ ਭੰਜੇ[2] ਨੂੰ।
ਫ— ਫੱਫਾ ਫਿਰ ਫਿਰ ਗੇੜੇ ਪੈਂਦੇ ਫਿਰਦਾ ਗੇੜ ਚੌਰਾਸੀ[3] ਦਾ।
ਪੈਂਡਾ ਮੁਕਣ ਵਿਚ ਨਾ ਆਵੇ, ਫੇਰਾ ਜਿਵੇਂ ਖਰਾਸੀ[4] ਦਾ।
ਮਾਣਸ ਜਨਮ ਅਮੋਲਕ ਵੇਲਾ, ਕੱਟਨ ਜਮ ਦੀ ਫਾਸੀ ਦਾ।
ਮੁੜਕੇ ਆਸੀ ਹੱਥ ਉਖੇਰਾ, ਕਰ ਲੈ ਜਤਨ ਖਲਾਸੀ ਦਾ।
ਬ— ਬੱਬਾ ਬਾਲਕ, ਬ੍ਰਿਧ, ਜਵਾਨੀ, ਜਾਣੀ ਨਾ ਥਿਰ ਰਹਣੀ ਹੈ।
ਕੋਟ ਵਰ੍ਹੇ ਭੀ ਜੀ ਕੇ ਆਖਰ, ਚੋਟ ਕਾਲ ਦੀ ਸਹਣੀ ਹੈ।
ਮੈਹਲ, ਚੁਬਾਰੇ, ਉਚ ਉਸਾਰੇ, ਓੜਕ ਢੇਰੀ ਢਹਣੀ ਹੈ।
ਕਾਇਮ ਰਹੇ ਭਲਾਈ ਕੀਤੀ, ਏ ਸੰਤਾਂ ਦੀ ਕਹਣੀ ਹੈ।

1. ਪੰਜ ਦੋਸ਼—ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। 2. ਭੰਨਣ ਵਾਲਾ, ਨਾਸ ਕਰਨ ਵਾਲਾ।
3. ਭਾਵ ਹੈ ਚੁਰਾਸੀ ਲੱਖ ਜੂਨ ਤੋਂ ਜਿਨ੍ਹਾਂ ਵਿਚ ਮਨੁੱਖੀ ਆਤਮਾ ਮਨੁੱਖ ਦੇ ਮਰਨ ਤੋਂ ਪਿਛੋਂ ਭਰਮਦੀ, ਮੰਨੀ ਜਾਂਦੀ ਹੈ।
4. ਖਰਾਸ ਉੱਤੇ ਜੋਏ ਗਏ ਪਸੂਆਂ ਵਾਂਗ, ਜਿਨ੍ਹਾਂ ਨੂੰ ਮੁੜ ਮੁੜ ਉਸੇ ਥਾਂ (ਖੂਹ ਤੇ ਕੋਹਲੂ ਵਾਂਗ), ਭੌਣਾ ਪੈਂਦਾ ਹੈ।
ਖਰਾਸ= ਦਾਣੇ ਪੀਹਣ ਲਈ ਪਸ਼ੂਆਂ ਨਾਲ ਚਲਾਈ ਜਾਂਦੀ ਵਡੀ ਚੱਕੀ।

ਭ— ਭੱਭਾ ਭੋਲੇ ਭੋਲਾ[1] ਖਾਧਾ, ਭੁਲਾ ਕੇ ਅਸਲ ਟਿਕਾਣੇ ਨੂੰ।
ਵਸਤ ਬਗਾਨੀ ਜਾਨ ਆਪਣੀ, ਬੱਧਾ ਆਕੀ ਠਾਣੇ ਨੂੰ।
ਖੱਟਣ ਆਇਆ ਲੱਗਾ ਹੈ, ਹੁਣ ਅਗਲੀ ਗਿਲ ਸੁਕਾਣੇ ਨੂੰ।
ਕਰਨੀ ਕੁਝ ਭਲਿਆਈ ਸੀ, ਪਰ ਲੱਗਾ ਪਾਪ ਕਮਾਣੇ ਨੂੰ।
ਮ— ਮੱਮਾ ਮਨ ਨੂੰ ਵੱਸ ਕਰੀਂ, ਇਹ ਚੰਚਲ ਵਾਂਗਰ ਪਾਰੇ ਦੇ।
ਟਿਕਦਾ ਨਹੀਂ ਟਿਕਾਯਾ ਹੋਯਾ, ਉਡਦਾ ਵਾਂਗ ਸਲਾਰੇ[2] ਦੇ।
ਮਾਨ ਸਰੋਵਰ ਨਾਮ ਛੋਡ ਵਿਚ, ਡੁਬਦਾ ਸਾਗਰ ਖਾਰੇ ਦੇ।
ਸਮਝਾਯਾਂ ਨਾ ਸਮਝ ਕਰੇ ਇਹ, ਕਾਰੇ ਜੀਵ ਨਿਕਾਰੇ ਦੇ।
ਯ— ਯੱਯਾ ਯਾਦ ਕਰੇ ਹਰ ਹਰ ਦਮ, ਇਕ ਇਕ ਸਾਸ ਅਮੋਲਾ ਹੈ।
ਨਾ ਜਾਨੇਂ ਇਹ ਸਵਾਸ ਅੰਤ ਦਾ, ਕੱਢੇ ਪੌਣ ਝਕੋਲਾ ਹੈ।
ਬਿਨਾ ਸਵਾਸ ਦੇ ਵਸਦੀ ਨਗਰੀ, ਦੇਹੀ ਸੁੰਞਾ ਖੋਲਾ ਹੈ।
ਟੁਟੀ ਤਾਰ ਰਬਾਬ ਨਾ ਵਜੇ ਪਿਆ ਤੰਬੂਰਾ ਪੋਲਾ ਹੈ।
ਰ— ਰਾਰਾ ਰਾਹੇ ਜਾਂਦਿਆ ਰਾਹੀਆ, ਰਾਹ ਕਰੀਂ ਕੁਝ ਰਾਹੀਆਂ ਦੇ।
ਰਾਹੇ ਰਾਹੇ ਤੁਰਿਆ ਜਾਂਦਾ ਕਿਉਂ ਫਸਨੈਂ ਵਿਚ ਫਾਹੀਆਂ ਦੇ।
ਫਾਹੀ ਪਾਵੇਂ ਪਿਆ ਮੁਫਤ ਦੀ ਗਲੋਂ ਬਲਾਈਆਂ ਲਾਹੀਆਂ ਦੇ।
ਤਿਲਕਨ ਬਾਜ਼ੀਓ ਤਿਲਕ ਅਗੇਰੇ ਫਸੀਂ ਨਾ ਵਾਂਗ ਸੁਦਾਈਆਂ ਦੇ।
ਲ— ਲੱਲਾ ਲਾਨਤ ਓਸ ਜੀਵ ਤੇ ਜਾਣ ਬੁਝ ਜੋ ਫਸਦਾ ਹੈ।
ਜਾਣੇ ਜਗਤ ਮੁਸਾਫਰ ਖਾਨਾ, ਫੇਰ ਪਿਆ ਵਿਚ ਧਸਦਾ ਹੈ।
ਮਿੱਠੀ ਛੁਰੀ ਗਲਾ ਕਟਵਾਏ ਲੋਕਾਂ ਕੂੜੀ ਦਸਦਾ ਹੈ।
ਦਾਨਾ ਸੋਈ ਸਿਆਣਾ ਕਹੀਏ ਜੋ ਪਾਪਾਂ ਤੋਂ ਨਸਦਾ ਹੈ।
ਵ— ਵਵਾ ਵਾਕਫ ਵਕਤ ਪਏ ਤੇ ਸਾਕ ਸੈਣ ਨਾ ਬਣਦੇ ਨੀ।
ਮਤਲਬ ਕਾਰਨ ਸਾਂਗ ਉਤਾਰਨ ਮਾਰੇ ਲਾਲਚ ਧਨ ਦੇ ਨੀ।
ਮਤਲਬ ਸਾਧ ਅਗੇਰੇ ਹੁੰਦੇ, ਛੋਹਦੇ ਨਾਲ ਨਾ ਤਨ ਦੇ ਨੀ।
ਲਾਗੂ ਸਾਰੇ ਹੁੰਦੀ ਦੇ ਇਹ ਸਾਕ ਕਬੀਲੇ ਜਣਦੇ ਨੀ।
ੜ— ੜਾੜਾ ੜੜਕ ਰੋੜ ਵਾਂਗ ਇਹ ਰੜਕ ਕਲੇਜੇ ਭਾਰੀ ਹੈ।
ਖੜਕੇ ਸਰ ਤੇ ਮੌਤ ਨਕਾਰਾ ਧੜਕੇ ਜਾਨ ਵਿਚਾਰੀ ਹੈ।
ਵੜ ਕੇ ਅੰਦਰ ਫੜ ਕੇ ਗਰਦਨ, ਮਾਰਨ ਤੇਜ਼ ਕਟਾਰੀ ਹੈ।
ਮੌਤੋਂ ਮੂਲ ਨਾ ਡਰਦੇ ਚਾਤ੍ਰਿਕ, ਭਜਿਆ ਜਿਨ੍ਹਾਂ ਮੁਰਾਰੀ ਹੈ।

ਸਾਲ ਸਤਵਾਂ

ਵਰ੍ਹੇ ਸਤਵੇਂ ਸਤਿ ਉਪਦੇਸ਼ ਪਾ ਕੇ, ਆਨ ਪੁੰਗਰੇ ਧਰਮ ਅੰਗੂਰ ਬਾਲਕ।
ਕਰਨ ਦਾਨ ਇਸ਼ਨਾਨ ਤੇ ਨਾਮ ਜਪਦੇ, ਰਹਿੰਦੇ ਪਾਪ ਅਪ੍ਰਾਧ ਤੋਂ ਦੂਰ ਬਾਲਕ।

1. ਭੁਲੇਖਾ। 2. ਇਕ ਨਿਕੇ ਪੰਛੀ ਦਾ ਨਾਂ।

ਜਾਂਦੇ ਭੋਰ[1] ਵੇਲੇ, ਮੰਦਰ ਕਰਨ ਪੂਜਾ, ਠਾਕੁਰ ਪੂਜ ਕਰਦੇ ਸੰਖ ਪੂਰ ਬਾਲਕ।
ਸਾਧ ਸੰਤ ਅਤੀਤ ਦੀ ਕਰਨ ਸੇਵਾ, ਚਾਤ੍ਰਿਕ ਤਯਾਗ ਕੇ ਦਿਲੋਂ ਗਰੂਰ ਬਾਲਕ।
ਲਗੇ ਪੜ੍ਹਨ ਹਿਸਾਬ ਕਿਤਾਬ ਲੇਖਾ, ਗਣਤ ਵਿਦਯਾ ਲਗੇ ਉਸਤਾਦ ਦੱਸਨ।
ਦੇ ਕੇ ਗਣਤ ਪੋਥੀ ਲ਼ਿਖਦੇ ਇਕ ਏਕਾ, ਲਗੇ ਇਕ ਦਾ ਆਦਿ ਜੁਗਾਦਿ ਦੱਸਨ।
ਇਕੋ ਇਕ ਦੀ ਏਕਤਾ ਇਕ ਸੱਚੀ, ਝੂਠੇ ਜਗ ਦੇ ਪਿਛੋਂ ਬਿਬਾਦ[2] ਦੱਸਨ।
ਸਦਾ[3] ਨੰਦ, ਨਿਰਲੇਪ, ਵਿਖੇਪ ਬਾਝੋਂ[4], ਜਿਸਦਾ ਕਦੇ ਨਾ ਅੰਤ ਤੇ ਆਦਿ ਦੱਸਨ।
ਰਖੀਂ ਇਕ ਦੀ ਆਸ ਹਰਨਾਮ ਭਜਕੇ, ਥੰਮੋਂ ਲਭਿਆ ਖਾਸ ਪ੍ਰਹਿਲਾਦ ਦੱਸਨ।
ਚਾਤ੍ਰਿਕ ਬੁਲਬੁਲਾ ਉਠਿਆ ਵਿਚ ਪਾਣੀ, ਲਗੇ ਜੀਵ ਦੀ ਤੁਛ ਮਯਾਦ[5] ਦੱਸਨ।

ਸਾਲ ਅੱਠਵਾਂ

ਵਰ੍ਹੇ ਅੱਠਵੇ ਸੂਤਕੋਂ ਗਏ ਨਿਕਲ, ਧਰਮ ਵਿਦਿਆ ਸਿਖ ਕੇ ਤਾਕ ਹੋਏ।
ਚਾਰ ਵੇਦ[6], ਛੇ ਸ਼ਾਸਤ੍ਰ[7], ਘੋਖ ਲੀਤੇ, ਤੇ ਪੁਰਾਣ ਠਾਰਾਂ[8] ਦੇ ਮੁਸ਼ਤਾਕ ਹੋਏ।
ਵਡੇ ਵਡੇ ਚਾਤੁਰ ਪੰਡਿਤ ਹਾਰ ਜਾਂਦੇ, ਐਸੇ ਧਰਮ ਚਰਚਾ ਦੇ ਚਾਲਾਕ ਹੋਏ।
ਅਰਥ ਲਾਂਵਦੇ ਸੁਰਤੀਆਂ[9] ਸੰਹਿਤਾਂ[10] ਦੇ, ਚਾਤ੍ਰਿਕ ਵਿਦਯਾ ਵਿਚ ਤੇਰਾਕ ਹੋਏ।

ਸਾਲ ਨਾਵਾਂ

ਨਾਵੇਂ ਬਰਸ ਅੰਦਰ ਰਾਜਨੀਤ ਸਿਖੀ, ਭਲੇ ਬੁਰੇ ਦੀ ਕਰਨ ਪਛਾਨ ਲੱਗੇ।
ਰਾਜ ਕਾਜ ਦੇ ਕਾਰ ਵਿਹਾਰ ਜੇਹੜੇ, ਰਾਜ ਨੀਤ ਦੇ ਨਾਲ ਚਲਾਨ ਲੱਗੇ।
ਦੁਨੀਆਂ ਦਾਰੀਆਂ ਦੇ ਢੰਗ ਸਿਖ ਚੰਗੇ, ਵਾਂਗ ਰਾਜਿਆਂ ਜੁਗਤ ਨਿਭਾਨ ਲੱਗੇ।
ਚਾਤ੍ਰਿਕ ਅਕਲ ਦੇ ਕੋਟ ਧਰ ਓਟ ਹਰ ਦੀ, ਚੋਟ ਮਾਰ ਕੇ ਵੜਨ ਮੈਦਾਨ ਲੱਗੇ।

ਸਾਲ ਦਸਵਾਂ

ਦਸਵੇਂ ਸਾਲ ਕਮਾਲ ਉਸਤਾਦ ਪੂਰੇ ਹੱਥ ਢਾਲ ਤਲਵਾਰ ਫੜਾਨ ਲੱਗੇ।
ਕਰ ਸਵਾਰ ਤੁਰੰਗ ਸੁਰੰਗ ਉਤੇ, ਤੀਰ-ਅੰਦਾਜ਼ੀਆਂ ਵਲ ਸਿਖਾਨ ਲੱਗੇ।
ਰਾਮ ਨਾਮ ਦਾ ਖੜਕ ਫੜਾ ਹਥੀਂ, ਬ੍ਰਹਮ ਗਯਾਨ ਸੰਜੋਇ ਪਹਿਰਾਨ ਲੱਗੇ।
ਕਰਮ ਧਰਮ ਦੇ ਬੰਨ੍ਹ ਹਥਿਆਰ ਪੰਜੇ, ਪੰਜੇ ਸ਼ਤਰੂ ਨਾਸ ਕਰਾਨ ਲੱਗੇ।

---

1. ਸਵੇਰ। 2. ਵਾਦ ਵਿਵਾਦ (ਝਗੜੇ ਝੇੜੇ)। 3. ਸਦਾ ਅਨੰਦ ਰਹਿਣ ਵਾਲਾ। 4. ਘਬਰਾਹਟ।
5. ਉਮਰ। 6. ਰਿਗ, ਯੁਜਰ, ਸਾਂਮ, ਅਥਰਵਣ।
7. (1) ਵੈਸੇਸਕ, (2) ਨਯਾਯ, (3) ਸਾਂਖ, (4) ਯੰਗ (5) ਮੀਮਾਂਸਾ, (6) ਵੇਦਾਂਤ।
8. ਵਿਆਸ ਤੇ ਹੋਰ ਰਿਸ਼ੀਆਂ ਦੇ ਲਿਖੇ ਧਾਰਮਿਕ ਇਤਿਹਾਸ ਤੇ ਮਿਥਿਹਾਸ ਦੇ 18 ਗ੍ਰੰਥ ਜਿਵੇਂ--ਵਿਸ਼ਨੂੰ ਪੁਰਾਣ, ਪਦਮ, ਬ੍ਰਹਮ, ਸ਼ਿਵ, ਭਾਗਵਤ, ਨਾਰਦ, ਮਾਰਕੰਡੇ, ਅਗਨ। 9. ਵੇਦ (ਕਿਉਂਕਿ ਸੁਣਕੇ ਹੀ ਯਾਦ ਰਖੇ ਜਾਂਦੇ ਸਨ)।
10. ਮਨੂੰ ਆਦਿ ਦੇ ਲਿਖੇ ਧਰਮ ਗ੍ਰੰਥ।

ਆਤਮ ਗਯਾਨ ਦੇ ਬਾਨ ਮਰਵਾਨ ਲੱਗੇ, ਹਿਰਦਾ ਛਾਨਣੀ ਵਾਂਗ ਵਿੰਨਾਨ ਲੱਗੇ।
ਮਨੋਰਾਜ[1] ਦੀਆਂ ਖਿੰਡੀਆਂ ਬ੍ਰਿਤੀਆਂ ਨੂੰ ਤਰਕਸ਼[2] ਵਿਚ ਸਮੇਟ ਭਰਵਾਨ ਲੱਗੇ।
ਕਾਲ ਬਲੀ ਦਾ ਖੌਫ ਜਿਉਂ ਸ਼ੇਰ ਗੱਜੇ, ਤੇਗ ਭਜਨ ਦੀ ਨਾਲ ਕਟਵਾਨ ਲੱਗੇ।
ਜੰਗ ਜੁਧ ਦੇ ਵਿਚ ਖਲਾਰ ਕੇ ਤੇ, ਵੈਰੀ ਚਿਤ ਤੇ ਜਿਤ ਕਰਾਨ ਲੱਗੇ।
ਕਿਲ੍ਹੇ ਮਾਨ ਹੰਕਾਰ ਦੇ ਉਸਰੇ ਨੂੰ, ਡਾਹ ਵੈਰਾਗ ਦੀ ਤੋਪ ਢਹਾਨ ਲੱਗੇ।
ਕਾਮ ਅਗਨ ਜੋ ਸਾੜਦਾ ਦੇਹ ਤਾਂਈ, ਛਟਾ ਨਾਲ ਜਲ ਬਾਨ[3] ਦਿਵਾਨ ਲੱਗੇ।
ਵੈਰੀ ਕ੍ਰੋਧ ਹੈ ਮੁਢ ਤੋਂ ਨੇਕੀਆਂ ਦਾ, ਅਗਨ ਬਾਨ ਦੇ ਨਾਲ ਸੜਾਨ ਲੱਗੇ।
ਚਾਤ੍ਰਿਕ ਸਭ ਸੰਸਾਰ ਤੇ ਫਤਹਿ ਪਾਵਣ, ਰਾਮ ਨਾਮ ਦੇ ਜਿਨ੍ਹਾਂ ਨੂੰ ਬਾਨ ਲੱਗੇ।

ਸਾਲ ਯਾਰਵਾਂ

ਸਰਬ ਗੁਣ ਸਪੰਨ ਹੋਣਾ ਰਾਜਕੁਮਾਰ ਭਰਥਰੀ ਤੇ ਬਿਕ੍ਰਮਾਜੀਤ ਦਾ

ਵਰ੍ਹੇ ਯਾਰਵੇਂ ਇਲਮ ਤੇ ਅਕਲ ਅੰਦਰ, ਸਾਵਧਾਨ ਦੋਵੇਂ ਨੌਜਵਾਨ ਹੋ ਗਏ।
ਧਨੁਸ਼ ਵਿਦਯਾ ਤੇ ਰਾਜਨੀਤ ਸਿਖੀ, ਪਾ ਕੇ ਵਿਦਯਾ ਵਿਦਯਾਵਾਨ ਹੋ ਗਏ।
ਇਲਮ ਹੁਨਰ ਜੋ ਚਾਰ ਵਲੈਤ ਅੰਦਰ, ਸਾਰੇ ਉਨ੍ਹਾਂ ਦੇ ਲੋਕ ਜ਼ਬਾਨ ਹੋ ਗਏ।
ਇਲਮ ਹਿੰਦਸਾ[4] ਹੈ ਅਤ ਰਿਆਜ਼ੀਆਂ[5] ਦੀ, ਗਣਤ ਵਿਦਯਾ ਵਿਚ ਪ੍ਰਧਾਨ ਹੋ ਗਏ।
ਪੰਡਿਤ ਜੋਤਸ਼ੀ, ਜਫਰ[6], ਰਮਾਲ[7] ਸਾਰੇ, ਚਾਨਣ ਅਕਲ ਦਾ ਵੇਖ ਹੈਰਾਨ ਹੋ ਗਏ।
ਸਿਖੀ ਵੇਦਗੀ ਤੇ ਰਾਗ ਵਿਦਯਾ ਭੀ, ਚਿਤ੍ਰਕਾਰੀਆਂ ਵਿਚ ਗੁਣਵਾਨ ਹੋ ਗਏ।
ਚੌਦਾ ਵਿਦਯਾ[8] ਵਿਚ ਉਸਤਾਦ ਪੂਰੇ ਸਾਬਤ ਸੂਰਮੇ ਵਿਚ ਮੈਦਾਨ ਹੋ ਗਏ।
ਚਾਤ੍ਰਿਕ ਰਾਜ ਮਹਾਰਾਜ ਦਰਬਾਰ ਅੰਦਰ, ਹਾਜ਼ਰ ਹੋਣ ਦੇ ਸਾਜ ਸਮਾਨ ਹੋ ਗਏ।

ਨਾਨੇ ਦੇ ਨਾਲ ਦੋਹਾਂ ਰਾਜ ਕੁਮਾਰਾਂ ਦਾ ਦਰਬਾਰ ਵਿਚ ਹਾਜ਼ਰ ਹੋਣਾ

ਨਾਨੇ ਧਾਰ ਸਰਕਾਰ ਹੁਸ਼ਿਆਰ ਕਰਕੇ, ਸ਼ੁਕਰ ਉਸ ਕਰਤਾਰ ਹਜ਼ਾਰ ਕੀਤਾ।
ਕਰ ਤਿਆਗ ਦੋਹਾਂ ਤਾਂਈ ਨਾਲ ਲੈਕੇ, ਹਾਜ਼ਰ ਆਨ ਕੇ ਵਿਚ ਦਰਬਾਰ ਕੀਤਾ।
ਨਾਲ ਅਦਬ ਦੇ ਬਾਲਕਾਂ ਬਾਪ ਤਾਂਈ, ਚਰਨੀ ਸੀਸ ਧਰਕੇ ਨਮਸਕਾਰ ਕੀਤਾ।
ਅਗੋਂ ਭੂਪ ਨੇ ਬੜੇ ਪ੍ਰਸੰਨ ਹੋਕੇ, ਲਾਕੇ ਹਿਕ ਦੇ ਨਾਲ ਪਿਆਰ ਕੀਤਾ।
ਚੁੰਮੇ ਮੁਖ ਪੁਛੇ ਸੁਖਸਾਂਦ ਸਾਰੀ, ਦੁਖ ਭੁਖ ਭੁਲੇ ਜਾਂ ਦੀਦਾਰ ਕੀਤਾ।
ਕੀਤੇ ਵਾਰਨੇ ਮੋਹਰਾਂ ਦੇ ਭਰੇ ਬਦਰੇ, ਚਾਤ੍ਰਿਕ ਅੰਨ ਦਾ ਬੜਾ ਭੰਡਾਰ ਕੀਤਾ।

---

1. ਮਨ। 2. ਭੱਥਾ (ਤੀਰ ਰਖਣ ਲਈ)।
3. ਅਗਨ ਬਾਨ, ਕਾਮਬਾਨ, ਵਾਂਗ ਜਲ-ਬਾਨ ਦੀ ਕਲਪਨਾ ਕੀਤੀ ਹੈ। 4. ਮੈਥੇਮੇਟਿਕਸ ਤੇ ਇੰਜੀਨੀਅਰਿੰਗ।
5. ਹਿਸਾਬ। 6. ਬਕਰੇ ਦੀਆਂ ਆਂਦਰਾਂ ਉਤੇ ਕੁਝ ਰਖਕੇ ਨਜੂਮ ਲਾਉਣ ਦਾ ਢੰਗ।
7. ਰਮਲ, ਰੇਤ ਉਤੇ ਲੀਕਾਂ, ਖਿਚ ਕੇ ਜੋਤਸ਼ ਲਾਉਣਾ।
8. 4 ਵੇਦ, 6 ਸ਼ਾਸਤ੍ਰ, ਆਦਿ ਜਾਂ ਗਿਆਨ ਜਾਂ (1) ਅੱਖਰਾਂ ਦੀ ਵਿਦਿਆ (2) ਤਰਨਾ (3) ਇਲਾਜ (4) ਰਸਾਇਣਕ (5) ਜੋਤਸ਼, (6) ਰਾਗ, (7) ਕਾਮ ਸ਼ਾਸਤ੍ਰ, (8) ਵਯਾ ਕਰਨ (9) ਤੀਰ ਕਮਾਨ (10) ਨਾਚ (11) ਬਹਿਸ (12) ਸਿਆਣਪ (13) ਕਾਵਿ ਸ਼ਾਸਤ੍ਰ, (14) ਵਿਗਿਆਨ, ਹੋਰ ਭੀ ਕਈ ਢੰਗ ਨਾਲ ਵਖ ਵਖ ਸੰਖਿਆ ਹਨ।

ਲੋਕ ਦੇਖਕੇ ਲਾਲ ਨਿਹਾਲ ਹੁੰਦੇ, ਕਾਮਦੇਵ, ਪ੍ਰਤੱਖ ਅਵਤਾਰ ਹੋਇਆ।
ਮੁਖ ਕੌਲ ਦੇ ਫੁੱਲ ਦੀ ਦੇਣ ਆਭਾ, ਭੌਰਾ ਰੂਪ ਹੋ ਜੱਗ ਨਿਸਾਰ[1] ਹੋਇਆ।
ਮੱਥਾ ਚਮਕਦਾ ਚੰਦ ਥੀਂ ਚਾਰ ਚੰਦਾਂ[2], ਦਰਸ਼ਨ ਪਾਏ ਜੇੜਾ ਠੰਢਾ ਠਾਰ ਹੋਇਆ।
ਅੱਖਾਂ ਨੀਵੀਆਂ ਲੱਜ ਹਯਾ ਭਰੀਆਂ, ਉਚਾ ਬੋਲ ਨਾ ਕਦੇ ਉਚਾਰ ਹੋਇਆ।
ਕੱਦ ਸਰੂ, ਮਸਾਲ, ਵਿਸ਼ਾਲ ਬਾਹਾਂ, ਇੰਦਰ ਚੜਤ ਨੂੰ ਵੇਖ ਬਲਿਹਾਰ ਹੋਇਆ।
ਚਾਤ੍ਰਿਕ ਦੇਵਤੇ ਵਿਚ ਜਹਾਨ ਆਏ, ਦੂਰ ਕਰਨ ਜੋ ਪਾਪ ਦਾ ਭਾਰ ਹੋਇਆ।

ਸਵਾਲ ਰਾਜਾ ਗੰਧਰਬ ਸੈਨ

ਰਾਜੇ ਬਾਲਕਾਂ ਨੂੰ ਕਹਿਆ ਜਾਨ ਸਦਕੇ, ਮੇਰੇ ਠੰਢ ਕਲੇਜੜੇ ਪਾਓ ਬੇਟਾ।
ਜੋ ਜੋ ਸਿਖਿਆ ਇਲਮ ਤੇ ਹੁਨਰ ਤੁਸਾਂ, ਜ਼ਰਾ ਬੈਠ ਕੇ ਪਾਸ ਸੁਨਾਓ ਬੇਟਾ।
ਗਿਆਨ ਬਾਣ ਚਲਾਣ ਜੋ ਸਿਖਿਆ ਜੇ, ਮੇਰੇ ਸਾਹਮਣੇ ਤਾਣ ਚਲਾਓ ਬੇਟਾ।
ਕਾਮ, ਕ੍ਰੋਧ, ਮੋਹ, ਲੋਭ, ਹੰਕਾਰ-ਵੈਰੀ, ਮਾਰ ਗਿਆਨ ਦੇ ਬਾਣ ਨਸਾਓ ਬੇਟਾ।
ਜੂਨ ਮਰਦ ਦੀ ਸੂਨ ਹੈ ਅਕਲ ਬਾਝੋਂ, ਬਣ ਕੇ ਅਕਲ ਦੇ ਕੋਟ ਦਿਖਾਓ ਬੇਟਾ।
ਚਾਤ੍ਰਿਕ ਜਗ ਤੇ ਔਣ ਦਾ ਭਜਨ ਲਾਹਾ, ਗੀਤ ਓਸ ਗੋਬਿੰਦ ਦੇ ਗਾਓ ਬੇਟਾ।

ਸਤਵਾਰਾ-ਵਿਦਿਆ ਸੁਨਾਣੀ ਰਾਜਕੁਮਾਰ ਭਰਥਰੀ ਹਰੀ ਵਾ ਬਿਕ੍ਰਮਾਜੀਤ ਨੇ

ਦੋਹਰਾ—ਵਾਰ ਸਵਾਰ ਚਿਤਾਰ ਪ੍ਰਭੂ, ਮਨ ਦੇ ਛੋੜ ਵਿਕਾਰ।
ਮਾਨ ਲੋਚੇ ਬੁਰਿਆਈਆਂ, ਚਾਬਕ ਮਾਰ ਸਵਾਰ।
ਚੜ੍ਹੇ ਵਾਰ ਸਵਾਰ ਚਿਤਾਰ ਸਾਂਈ, ਹੋਰ ਬਾਝ ਕਰਤਾਰ ਦਰਕਾਰ[3] ਕੀ ਹੈ ?
ਖਾਲੀ ਆਇਆ ਤੇ ਖਾਲੀ ਚਲੇ ਜਾਣਾ, ਕਰਨਾ ਲਾਇਕੇ ਫੇਰ ਅੰਬਾਰ[4] ਕੀ ਹੈ ?
ਕਰਨੀ ਬੰਦਿਆ ਬੰਦਗੀ ਫਰਜ਼ ਭਾਰਾ, ਕਾਫਰ ਹੋਵਣਾ ਫਰਜ਼ ਵਿਸਾਰ ਕੀ ਹੈ ?
ਚਾਤ੍ਰਿਕ ਵੇਖ ਲੈ ਨਾਲ ਦੇ ਤੁਰੇ ਜਾਂਦੇ, ਇਸ ਜ਼ਿੰਦਗੀ ਦਾ ਇਤਬਾਰ ਕੀ ਹੈ ?

ਦੋਹਰਾ—ਮੰਗਲ ਮਨ ਨੂੰ ਸੁਧ ਕਰ, ਸ਼ੀਸ਼ੇ ਵਾਂਗ ਸਫਾ।
ਬਦੀਆਂ ਵਲੋਂ ਮੋੜ ਕੇ, ਹਰਿ ਚਰਨਾਂ ਵਲ ਲਾ।
ਮੰਗਲ ਮੰਗ ਭਗਵਾਨ ਤੋਂ ਮੇਹਰ ਉਸਦੀ ਵਾਜਬ ਬੰਦਯਾਂ ਨੂੰ ਇਹੋ ਕਾਰ ਸੋਹਣੀ।
ਧੂਈ ਛੋੜਕੇ ਮੋੜ ਅਨਮੋੜ ਮਨ ਨੂੰ, ਰੱਖੀਂ ਕਾਰ[5] ਗੁਫਤਾਰ[6] ਰਫਤਾਰ[7] ਸੋਹਣੀ।
ਨਦੀ ਬਦੀ ਦੀ ਕਦੀ ਨਾ ਵਗਨ ਦੇਵੀਂ, ਵਗੇ ਧਰਮ ਵਾਲੀ ਗੰਗਧਾਰ ਸੋਹਣੀ।
ਚਾਤ੍ਰਿਕ ਨਫਸਾਂ ਨੂੰ ਮਾਰ ਅਨੁਮਾਰ ਕਰ ਲੈ, ਇਹ ਤਲਵਾਰ ਦੀ ਧਾਰ ਹੈ ਨਾਰ ਸੋਹਣੀ।

---

1. ਕੁਰਬਾਨ। 2. ਚਾਰ ਗੁਣਾ। 3. ਲੋੜ। 4. ਢੇਰ। 5. ਕੰਮ। 6. ਬੋਲ। 7. ਚਾਲ। 8. ਮਨ।

ਦੋਹਰਾ— ਬੁਧਵਾਰ ਬੁਧਵਾਨ ਬਨ, ਸੁਧ ਕਰੀਂ ਨਰ ਮੂੜ।
ਧਰਮ ਸਹਾਈ ਅੰਤ ਦਾ, ਧਰਮ ਬਿਨਾਂ ਧਨ ਕੂੜ ।

ਬੁਧ ਸੁਧ ਕਰ ਹੋਸ਼ ਬੇ-ਹੋਸ਼ ਨਾ ਹੋ, ਵੇਖ ਸ਼ਹਿਰ ਖਮੋਸ਼[1] ਮਕਾਨ ਜਿਥੇ।
ਹੋਣਾ ਆਖਰੀ ਜਾਇ ਆਰਾਮ ਜਿਥੇ, ਬਾਕੀ ਰਹੇ ਨਾ ਕਿਸੇ ਦਾ ਨਾਮ ਜਿਥੇ।
ਓਥੇ ਨੇਕੀਆਂ ਦੇਣ ਦਿਲਬਰੀ[2] ਤੈਨੂੰ, ਨੱਸ ਜਾਣਗੇ ਹੋਰ ਤਮਾਮ ਜਿਥੇ।
ਚਾਤ੍ਰਿਕ ਸਾਹਿਬਾਂ[3] ਨੂੰ ਸਖਤੀ ਪਏ ਕਰਨੀ, ਹੋਵਣ ਨਿਮਕ ਹਰਾਮ ਗੁਲਾਮ ਜਿਥੇ।

ਦੋਹਰਾ— ਵੀਰ, ਕਰੀਂ ਤਦਬੀਰ[4] ਕੁਛ, ਆਪਣਾ ਆਪ ਪਛਾਨ।
ਕਿਸ ਭਰਵਾਸੇ ਬਹਿ ਰਿਹੋਂ ? ਚਲਣਹਾਰ ਜਹਾਨ।

ਵੀਰ ਕਰੀਂ ਤਬਦੀਰ ਨਜਾਤ[5] ਵਾਲੀ, ਇਹ ਹਯਾਤ[6] ਤੇਰੀ ਬਾਤ ਦਿਨਾਂ ਦੀ ਏ।
ਘਾਤ ਲਾਇਕੇ ਮੀਰ ਸ਼ਿਕਾਰ ਬੈਠਾ, ਬਾਜ਼ੀ ਮਾਤ ਹੋਣੀ ਜਿਨਾਂ ਕਿਨਾਂ ਦੀ ਏ।
ਸੁਤੇ ਰਾਤ ਪਰਭਾਤ ਨਾ ਵਿਰਦ[7] ਕੀਤਾ, ਪਈ ਝਾਤ ਨਾ ਬੁਕਲੇ ਜਿਨ੍ਹਾਂ ਦੀ ਏ।
ਚਾਤ੍ਰਿਕ ਘਾਤ ਕੀਤਾ ਉਨ੍ਹਾਂ ਆਪ ਅਪਣਾ, ਪੁਛੇ ਬਾਤ ਕੇੜ੍ਹਾ ਅਗੇ ਉਨ੍ਹਾਂ ਦੀ ਏ।

ਦੋਹਰਾ— ਸ਼ੁਕਰ ਸ਼ੁਕਰ ਅਕਾਲ ਕਰ, ਜਿਸਦੀ ਖਾਏਂ ਦਾਤ।
ਦੇਂਦਾ ਮੂਲ ਨਾ ਥਕਦਾ, ਮੂਰਖ ਕਰੇ ਨਾ ਸ਼ਾਂਤ।

ਸ਼ੁਕਰ ਸ਼ੁਕਰ ਕਰ ਰਾਤ ਦਿਨ ਰੱਬ ਸੰਦਾ, ਮਖਲੂਕਾਤ[8] ਅੰਦਰ ਸਰਫਰਾਜ਼[9] ਕੀਤਾ।
ਜਾਮਾ ਬਖਸ਼ ਇਨਸਾਨ ਦਾ ਸ਼ਰਫ[10] ਦਿਤਾ, ਕਰਮ[11] ਤੁਧ ਉਤੇ ਬੇਨਿਆਜ਼[12] ਕੀਤਾ।
ਕੀਹ ਜਵਾਬ ਹਿਸਾਬ ਦੇ ਵਕਤ ਦੇਸੇਂ ? ਜਦੋਂ ਜਮਾਂ ਨੇ ਹਥ ਦਰਾਜ਼[13] ਕੀਤਾ।
ਚਾਤ੍ਰਿਕ ਮਾਰ ਦੁਰਕਾਰ ਫਿਟਕਾਰ ਪੈਂਦੀ, ਅਸਲਾ ਜਿਨ੍ਹਾਂ ਨੇ ਨਾ ਪਾਕ ਬਾਜ਼[14] ਕੀਤਾ।

ਦੋਹਰਾ— ਸ਼ਨੀਵਾਰ ਕਰਤਾਰ ਭਜ, ਭੰਜਨ ਘੜਨ ਸਮਰਥ।
ਸੁਖ ਦੁਖ ਮਰਨਾ ਜੀਵਨਾ, ਸਭ ਕਰਤੇ ਦੇ ਹਥ।

ਸ਼ਨੀ ਸ਼ਰਮ ਕਰ ਧਰਮ ਕਰ ਯਾਦ ਅਪਣਾ, ਨਰਮ ਗਰਮ ਹੋਣਾ ਦੇ ਤਯਾਗ ਮੂਰਖ।
ਮਰਮ[15] ਜਾਣਦਾ ਸਭਸ ਦਾ ਆਪ ਮਾਲਕ, ਬੈਠੇ ਸੁਤਿਆਂ ਭੇਜਦਾ ਭਾਗ ਮੂਰਖ।
ਤੇਰਾ ਧਰਮ ਰਜ਼ਾਇ ਤੇ ਰਹੇਂ ਰਾਜ਼ੀ, ਉਹਨੂੰ ਸੌਂਪਣੀ, ਭਾਗ ਦੀ ਵਾਗ ਮੂਰਖ।
ਚਾਤ੍ਰਿਕ ਟੇਕ ਧਰ ਏਕ ਦੀ ਬੈਠ ਗੋਸ਼ੇ,[16] ਕਾਹਨੂੰ ਫਿਰੇਂ ਲੌਂਦਾ[17] ਵਾਂਗ ਕਾਗ ਮੂਰਖ।

ਦੋਹਰਾ— ਆਇਤ ਆਵੇ ਅੰਤ ਦਿਨ, ਹੇ ਮਨ ਕਰੀਂ ਵਿਚਾਰ।
ਗਯਾਨ ਅਸਪ[18] ਅਸਵਾਰ ਹੋ ਤਰ ਸਾਗਰ ਸੰਸਾਰ।

---

1. ਚੁਪ-ਸ਼ਹਰ : —ਭਾਵ ਕਬਰਸਤਾਨ, ਚਾਤ੍ਰਿਕ ਜੀ ਦੀਆਂ ਸਤਰਾਂ ਹਨ, 'ਵਾਸੀ ਇਸ ਚੁਪ ਦੀ ਨਗਰੀ ਦੇ ਸਦੀਆਂ ਤੇ ਕਠੇ ਰਹਿੰਦੇ ਨੇ (ਪਰ) ਸਾਂਝੀ ਹੋਈ ਜਬਾਨ ਨਹੀਂ ਨਾ ਦਿਲ ਦੀ ਵੇਦਨ ਕਹਿੰਦੇ ਨੇ।' 2. ਤਸੱਲੀ। 3. ਮਾਲਕਾਂ। 4. ਤਰੀਕਾਂ, ਢੰਗ। 5. ਮੁਕਤੀ। 6. ਜੀਵਨ। 7. ਜਾਪ। 8. ਜੀਵ ਜੰਤੂ। 9. ਉੱਚਾ। 10. ਮਾਣ। 11. ਬਖਸ਼ਸ਼। 12. ਲੋੜ ਤੋਂ ਬਿਨ੍ਹਾਂ। 13. ਲੰਮਾ। 14. ਨੇਕੀ ਵਾਲਾ। 15. ਭੇਤ। 16. ਨੁਕਰੇ, ਇਕਲਵੰਜੇ। 17. ਬੋਲਦਾ। 18. ਘੋੜਾ।

ਅੰਤ ਅੰਤ ਆਵੇ ਏਸੇ ਤਰ੍ਹਾਂ ਕਰਦੇ, ਤੇਰੇ ਖਾਕ ਦੀ ਪਈ ਨ ਝੋਲੜੀ ਓਏ।
ਨਾ ਵਸਾਲ[1] ਪਾਯਾ ਨਾ ਖੁਦਾ ਲੱਭਾ, ਪਾਟੀ ਆਣਕੇ ਜਿਸਮ ਦੀ ਚੋਲੜੀ ਓਏ।
ਤੇਰੇ ਪਾਸ ਹੀ ਲਾਲ ਅਨਮੋਲ ਧਰਿਆ, ਕਦੇ ਬੈਠ ਨਾ ਝੋਲੜੀ ਫੋਲੜੀ ਓਏ।
ਚਾਤ੍ਰਿਕ ਹੈਫ਼[2] ਹਰ ਕੈਫ਼ ਇਸ ਜ਼ਿੰਦਗੀ ਤੇ, ਜੋੜੀ ਹਿਰਸ[3] ਅੰਦਰ ਘਟੇ ਰੋਲੜੀ ਓਏ।

ਖੁਸ਼ੀ ਹੋਣਾ ਰਾਜੇ ਦਾ ਪ੍ਰੀਖਿਆ ਲੈ ਕੇ

ਸੁਣਕੇ ਵਾਰ ਬਲਿਹਾਰ ਬਲਿਹਾਰ ਹੋਯਾ, ਧੰਨਵਾਦ ਕਰਤਾਰ ਦਾ ਗਾਇਆ ਏ।
ਨਾਲ ਪਯਾਰ ਪੁਚਕਾਰ ਕੇ ਦੇ ਥਾਪੀ, ਮੁਖੋਂ ਭੂਪ[4] ਨੇ ਬਚਨ ਫੁਰਮਾਇਆ ਏ।
ਸਦਾ ਸੁਖੀ ਜੀਉ, ਚੰਗੀ ਅਕਲ ਸਿਖੀ, ਲੂੰ ਲੂੰ ਮੁਝ ਦਾ ਖੁਸ਼ੀ ਕਰਾਇਆ ਏ।
ਧੰਨਵਾਦ ਕੀਤਾ ਚਾਤ੍ਰਿਕ ਧਾਰ ਸੰਦਾ, ਸਿਖੇ ਬਾਲ ਜਿਸਦੀ ਛਤ੍ਰ ਛਾਇਆ ਏ।

ਦੋਹਾਂ ਸ਼ਾਹਜ਼ਾਦਿਆਂ ਦਾ ਵਿਆਹ ਹੋਣਾ

ਥੋੜੇ ਦਿਨਾਂ ਦੇ ਵਿਚ ਸਲਾਹ ਕਰਕੇ, ਪੁਤ੍ਰ ਰਾਉ ਨੇ ਮੰਗ ਵਿਆਹ ਲਏ।
ਨਾਲ ਚਾਉ ਮਲਾਰ ਦੇ ਢੁਕਿਆ ਏ, ਦੰਮਾਂ ਬੋਰੀਆਂ ਹਥ ਪਵਾ ਲਏ।
ਇਜ਼ਤਦਾਰ ਸਰਕਾਰ ਬਲਕਾਰ ਵਾਲੇ, ਸੋਹਣੇ ਹਾਣ ਦੇ ਕੁੜਮ ਬਨਾ ਲਏ।
ਲਾਲੀ ਦੋਹੀਂ ਪਾਸੀਂ ਰਹੀ ਸਬੰਧੀਆਂ ਦੀ, ਧੀਆਂ ਵਾਲੜੇ ਸਦਾ ਨਵਾ ਲਏ।
ਨੂੰਹਾਂ ਘਰਾਂ ਦਾ ਆਣ ਸ਼ਿੰਗਾਰ ਬਣੀਆਂ ਦੋਹੀਂ ਘਰੀਂ ਚਰਾਗ[5] ਜਗਾ ਲਏ।
ਚਾਤ੍ਰਿਕ ਭਾਗ ਲਗੇ ਕਰਮ ਜਾਗ ਉਠੇ, ਬੂਟੇ ਬਾਗ ਪਰਵਾਰ ਦੇ ਲਾ ਲਏ।

ਉਸਤਤ ਰਾਣੀ ਪਿੰਗਲਾ

ਟਿਕੇ ਭਰਤ ਦੀ ਇਸਤ੍ਰੀ ਪਿੰਗਲਾਂ ਦੀ, ਸਿਫਤ ਕਰਦਿਆਂ ਜੀਉ ਕੁਝ ਸੰਗਦਾ ਏ।
ਅੰਗ ਅੰਗ ਸੰਚੇ ਢਾਲਿਆ ਉਸਦਾ ਸੀ ਤੇ ਅਨੂਪ ਦਰਸ਼ਨ ਰੂਪ ਰੰਗ ਦਾ ਏ।
ਚੰਦ ਮੁਖ ਨੂੰ ਵੇਖ ਕੇ ਦੰਗ ਹੋਵੇ, ਕਦੇ ਸਾਹਮਣੇ ਹੋਇ ਨਾ ਲੰਘਦਾ ਏ।
ਸ਼ਮਾ ਹੁਸਨ ਦੀ ਚਾਨਣਾ ਜਗ ਕੀਤਾ, ਸਬਰ ਕਰੇ ਨਾ ਜੀਉ ਪਤੰਗ ਦਾ ਏ।
ਜ਼ੁਲਫਾਂ ਕਾਲੀਆਂ ਪ੍ਰੇਮ ਮਤਵਾਲੀਆਂ ਨੇ, ਧਾਰ ਰਖਿਆ ਰੂਪ ਭੁਜੰਗ[6] ਦਾ ਏ।
ਰਾਖੀ ਹੁਸਨ ਦੇ ਮਾਲ ਦੀ ਕਰੀ ਬੈਠਾ, ਤੁਰੇ ਜਾਂਦਿਆਂ ਰਾਹੀਆਂ ਡੰਗਦਾ ਏ।
ਨੈਨ ਭਵਾਂ ਕਮਾਨ ਦੇ ਵਿਚ ਜੋੜੇ, ਤੀਰ ਵਿੰਨ੍ਹ ਕਲੇਜੜਾ ਲੰਘਦਾ ਏ।
ਕੋਮਲ ਕੋਇਲ ਦੇ ਵਾਂਗ ਅਵਾਜ਼ ਮਿੱਠੀ, ਮਸਤ ਨੈਨ ਚੜਿਆ ਨਸ਼ਾ ਭੰਗਦਾ ਏ।

---

1. ਮੇਲ, ਇਸ ਅਧੀ ਤੁਕ ਵਿਚ ਉਰਦੂ ਦੇ ਇਕ ਪ੍ਰਸਿਧ ਸ਼ੇਅਰ ਦੇ ਅਧ ਦਾ ਅਨੁਵਾਦ ਹੈ।
2. ਲਾਹਨਤ। 3. ਲਾਲਚ। 4. ਰਾਜਾ 5. ਦੀਵੇ (ਘਰ ਵਸਣ ਦੇ ਅਰਥਾਂ ਵਿਚ ਮੁਹਾਵਰਾ ਹੈ।)
6. ਸੱਪ ਪ੍ਰੇਮ ਦਾ ਦੇਵਤਾ।

ਕੱਦ ਸਰੂ ਬੂਟਾ ਜਿਵੇਂ ਪ੍ਰੇਮ ਝੂਟਾ, ਬੰਧਨ ਪਾ ਅਨੰਗ[1] ਨੂੰ ਡੰਗਦਾ ਏ।
ਚਾਤ੍ਰਿਕ ਪਰੀ ਭੀ ਦੇਖ ਬੇ ਪਰੀ ਹੋਵੇ, ਜੀਉ ਫੜਕਦਾ ਕਾਮ ਕੁਰੰਗ[2] ਦਾ ਏ।

ਵਿਆਹ ਰਾਜਕੁਮਾਰੀ ਮੈਨਾਵੰਤੀ ਦਾ

ਗਏ ਪੁਤਰ ਪੜ੍ਹਾਏ ਵਿਆਹੇ ਦੋਵੇਂ, ਮਾਪੇ ਦੇਖ ਕੇ ਖੁਸ਼ੀ ਮਨਾਂਵਦੇ ਨੀ।
ਭਾਗਵਾਨ ਬੇਟੀ ਹੈ ਸੀ ਮੈਨਾਵੰਤੀ, ਉਸਦੇ ਕਾਜ ਦਾ ਸਾਜ ਸਜਾਂਵਦੇ ਨੀ।
ਪਦਮ ਸੈਨ ਜੋਧਾ ਧਰਮਵਾਨ ਰਾਜਾ, ਲਾਗੀ ਓਸ ਦੀ ਦਸ ਪਵਾਂਵਦੇ ਨੀ।
ਧਾਰਾ ਪੁਰੀ ਬੰਗਾਲ ਦਾ ਵਾਲੀ ਜੇਹੜਾ, ਜੋੜਾ ਓਸ ਦੇ ਨਾਲ ਜੁੜਾਂਵਦੇ ਨੀ।
ਦੇਖ ਘੜੀ, ਨਛੱਤਰਾਂ, ਚੰਗਿਆਂ ਨੂੰ, ਪਾਂਧੇ ਕੰਨਿਆ ਦਾਨ ਕਰਾਂਵਦੇ ਨੀ।
ਗਊਆਂ, ਧੀਆਂ ਦਾ ਕੁਝ ਨਾ ਜ਼ੋਰ ਚੱਲੇ, ਰੱਸਾ ਹੋਰ ਦੇ ਹਥ ਫੜਾਂਵਦੇ ਨੀ।
ਦਾਜ ਦੌਣ ਦਿਤਾ ਰੱਜ ਪੁਜ ਕੇ ਤੇ, ਗੋਲੀ ਬਾਂਦੀਆਂ ਅੰਤ ਨਾ ਆਂਵਦੇ ਨੀ।
ਰਥ, ਹਾਥੀਆਂ, ਘੋੜਿਆਂ ਲਾਮ ਡੋਰੀ, ਭਾਂਡੇ ਕਪੜੇ ਢੇਰ ਲਗਾਂਵਦੇ ਨੀ।
ਗਹਿਣਾਂ ਸਵਰਨ[3] ਦਾ ਮੋਤੀਆਂ ਜੜਤ ਜੜਿਆ, ਹੀਰੇ ਪੰਨਿਆਂ ਥਾਲ ਭਰਾਂਵਦੇ ਨੀ।
ਡੋਲਾ ਚੁਕ ਵੀਰਾਂ ਮੋਢੇ ਰੱਖ ਲੀਤਾ, ਰੋਇ ਧੋਇ ਕੇ ਵਿਦਾ ਕਰਾਂਵਦੇ ਨੀ।
ਮਾਈ ਬਾਪ ਰੋਂਦੇ ਜਾਈ[4] ਵਿਦਾ ਕਰਦੇ, ਮੋਹ ਆਂਦਰਾਂ ਦੁਖ ਦੁਖਾਂਵਦੇ ਨੀ।
ਜਗਤ ਚਾਲ ਕਦੀਮ[5] ਤੋਂ ਚਲੀ ਆਈ, ਕੀਤੇ ਬਾਝ ਛੁਟਕਾਰ ਨਾ ਪਾਂਵਦੇ ਨੀ।
ਟੁਕੜਾ ਜਿਗਰ ਦਾ ਪਾਲ ਅਲੱਗ ਕਰਨਾ, ਦਸੋ ਕਿਸ ਤਰ੍ਹਾਂ ਨਹੀਂ ਰੁਆਂਵਦੇ ਨੀ।
ਚਾਤ੍ਰਿਕ ਪੇਸ਼ ਨ ਜਾਂਵਦੀ ਹੋਰ ਕੋਈ, ਰੋਇ ਧੋਇ ਕੇ ਘਰੀਂ ਪਰ ਆਂਵਦੇ ਨੀ।

ਸਰਦਾਰ ਧਾਰ ਨਾਨਾ ਬਿਕ੍ਰਮਾਜੀਤ ਦਾ ਰਾਜ ਪਾਟ ਭਰਥਰੀ ਨੂੰ ਦੇ ਕੇ ਬਾਨ ਪ੍ਰਸਤ ਚਲੇ ਜਾਣਾ

ਰਾਜਾ ਧਾਰ ਸੀ ਬ੍ਰਿਧ ਤੇ ਪੁਤ ਬਾਝੋਂ, ਮਾਲਕ ਦੋਹਤਿਆਂ ਤਾਂਈ ਬਨਾ ਗਿਆ।
ਆਪਾ ਜਾਏ ਹਿਮੰਚਲੀ ਤਪ ਕੀਤਾ, ਵਾਗ ਉਨ੍ਹਾਂ ਦੇ ਹਥ ਫੜਾ ਗਿਆ।
ਭਾਵੇਂ ਸਕਾ ਸੀ ਦੋਹਤਰਾ ਬਿਕ੍ਰਮੀ ਹੀ, ਐਪਰ ਭਰਥਰੀ ਰਾਜ ਬਿਠਾ ਗਿਆ।
ਵਡਾ ਭਾਈ ਸੀ ਰਾਜ ਦਾ ਉਹ ਮਾਲਕ, ਝੋਲੀ ਓਸ ਦੀ ਰਾਜ ਨੂੰ ਪਾ ਗਿਆ।
ਨਾਲ ਸੁਖ ਅਰਾਮ ਦੇ ਵਕਤ ਲੰਘੇ, ਕਈ ਬਰਸ ਦਾ ਸਮਾਂ ਵਿਹਾ ਗਿਆ।
ਚਾਤ੍ਰਿਕ ਬੀਤਦੇ ਵਕਤ ਨਾ ਦੇਰ ਲੱਗੀ, ਚੌਥਾ ਪਹਿਰ[6] ਗੰਧਰਬ ਦਾ ਆ ਗਿਆ।

1. ਕਾਮਦੇਵ। 2. ਹੱਰਨ। 3. ਸੋਨਾ। 4. ਧੀ। 5. ਪੁਰਾਤਨ ਸਮੇਂ ਤੋਂ।
6. ਬੁਢੇਪਾ, ਜ਼ਿੰਦਗੀ ਦੀ ਅੰਤਲੀ ਚੁਥਾਈ।

ਸੋਚ ਕਰਨਾ ਰਾਜਾ ਗੰਧਰਬ ਸੈਨ ਦਾ

ਬ੍ਰਿਧ ਰਾਜ ਗੰਧਰਬ ਨੇ ਸੋਚ ਕੀਤੀ, ਆਖਰ ਵਕਤ ਮੇਰਾ ਹੁਣ ਆਇਆ ਏ।
ਭੋਗ ਜੱਗ ਦੇ ਰੱਜ ਕੇ ਭੋਗ ਲੀਤੇ, ਸੁਖ ਰਬ ਨੇ ਬੜਾ ਵਿਖਾਇਆ ਏ।
ਦੋਵੇਂ ਲਾਲ ਭਗਵਾਨ ਨੇ ਪਾਲ ਦਿਤੇ, ਨਾਲ ਸ਼ੌਕ ਦੇ ਉਨ੍ਹਾਂ ਪੜ੍ਹਾਇਆ ਏ।
ਸਮਝਦਾਰ ਹੁਸ਼ਿਆਰ ਹੋ ਗਏ ਦੋਵੇਂ, ਮੇਰਾ ਫਰਜ਼ ਸੀ ਤੋੜ ਨਿਭਾਇਆ ਏ।
ਆਪੋ ਆਪਣੀ ਘਰੀਂ ਅਨੰਦ ਵਸਣ, ਚੰਗੇ ਘਰੀਂ ਮੈਂ ਚੁਕ ਵਿਆਹਿਆ ਏ।
ਹਥ ਕੰਨਿਆ ਦੇ ਕੀਤੇ ਗਏ ਪੀਲੇ, ਭਾਰ ਇਹ ਭੀ ਰਬ ਨੇ ਲਾਹਿਆ ਏ।
ਹੋਏ ਕੇਸ ਚਿੱਟੇ, ਝੜੇ ਦੰਦ ਮੂੰਹੋਂ, ਸਿਰ ਤੇ ਕਾਲ ਨੇ ਢੋਲ ਵਜਾਇਆ ਏ।
ਅੰਤ ਸਮਾਂ ਸਵਾਰੀਏ ਬੈਠ ਗੋਸ਼ੇ, ਛੱਡ ਝੂਠੜੀ ਜਗਤ ਦੀ ਮਾਇਆ ਏ।
ਛਡ ਗ੍ਰਿਹਸਤ ਨੂੰ ਬਾਨ ਪ੍ਰਸਤ[1] ਰਹੀਏ, ਜਿਵੇਂ ਸ਼ਾਸਤ੍ਰਾਂ ਵੇਦਾਂ ਅਲਾਇਆ ਏ।
ਭਾਵੇਂ ਲੱਖ ਵਰ੍ਹਿਆਂ ਭੋਗ ਭੋਗ ਥੱਕੇ, ਮਨ ਕਦੇ ਸੰਤੋਖ ਨਾ ਆਇਆ ਏ।
ਅਗੋਂ ਹੋਰ ਹੀ ਹੋਰ ਨੂੰ ਲੋਚਦਾ ਏ, ਐਸੀ ਪੈ ਗਈ ਲੋਭ ਦੀ ਮਾਇਆ ਏ।
ਅੰਤ ਮਤਾ ਸੋ ਗਤਾ[2] ਪ੍ਰਤੱਖ ਹੋਣੀ, ਕਾਹਨੂੰ ਜੀਉੜਾ ਮੋਹ ਫਸਾਇਆ ਏ।
ਚਲਾਂ ਬਨਾਂ ਅੰਦਰ ਬਣ ਅਲਖ ਧਾਰੀ, ਸੋਚ ਸੋਚ ਕੇ ਮਤਾ ਪਕਾਇਆ ਏ।
ਚਾਤ੍ਰਿਕ ਰਾਜ ਬਿਠਾਇਕੇ ਭਰਥਰੀ ਨੂੰ ਰਾਣੀ ਸਣੇ ਜੰਗਲ ਡੇਰਾ ਲਾਇਆ ਏ।
ਲਗਾ ਬੈਠ ਕੇ ਭਰਥਰੀ ਰਾਜ ਕਰਨ, ਗਏ ਦੂਰ ਹੋ ਦੁਖ ਤੇ ਭੁਖ ਸਾਰੇ।
ਵਾਲੀ ਮੁਲਕ ਦਾ ਮਾਲੀਆਂ ਵਾਂਗ ਪਾਲੇ, ਰਯਤ ਜਾਨਕੇ ਬਾਗ ਰੁਖ ਸਾਰੇ।
ਹੋਵੇ ਅਦਲ ਇਨਸਾਫ ਨੌਸ਼ੇਰਵਾਂ[3] ਦਾ, ਅਮਨ ਚੈਨ ਆਲਮਗੀਰ[4] ਦੇ ਸੁਖ ਸਾਰੇ।
ਅਕਲਮੰਦ, ਰਹੀਮ,[5] ਕਰੀਮ,[6] ਧਰਮੀ, ਤਨ ਮਨ ਵਾਰ ਹਟਾਂਵਦਾ ਦੁਖ ਸਾਰੇ।
ਵਾੜ ਹੋਂਵਦੇ ਬਾਦਸ਼ਾਹ ਪੈਲੀਆਂ ਦੀ, ਅਤੇ ਖੇਤ ਦੇ ਵਾਂਗ ਮਨੁਖ ਸਾਰੇ।
ਚਾਤ੍ਰਿਕ ਨੇਕ ਬੰਦੇ ਵਿਰਲੇ ਹੋਣ ਪੈਦਾ, ਜੰਮਣ ਲਾਲ ਨਾ ਮਾਉਂ ਦੀ ਕੁਖ ਸਾਰੇ।
ਨੇਕ ਬੰਦਯਾਂ ਦੀ ਨੇਕੀ ਰਹੇ ਕਾਇਮ, ਦਾਇਮ ਨਾਮ ਰੈਹ ਜਾਇ ਸੰਸਾਰ ਬਾਕੀ।
ਰੈਹਣ ਯਾਦ ਸਖਾਵਤਾਂ[7] ਸਖੀ[8] ਸਦਾ ਅਤੇ ਰਹੇ ਉਪਕਾਰ ਦੀ ਕਾਰ ਬਾਕੀ।
ਬਦੀ ਕਰੇ ਤੇ ਨਾਮ ਬਦਕਾਰ ਹੁੰਦਾ ਮਿਲਦੀ ਰਹੇ ਹਜ਼ਾਰ ਫਿਟਕਾਰ ਬਾਕੀ।
ਚਾਤ੍ਰਿਕ ਅਮਲ[9] ਕੀਤੇ ਹੋਏ ਰਹਿਣ ਪਿਛੇ, ਵਰਨਾ ਜਿਸਮ ਦੀ ਰਹੇ ਨਾ ਛਾਰ[10] ਬਾਕੀ।

---

1. ਜੀਵਨ ਦੇ 4 ਆਸ਼੍ਰਮ ਮੰਨੇ ਜਾਂਦੇ ਸਨ, (1) ਬ੍ਰਹਮਚਰਯ (ਇਕ ਤੋਂ ਪੰਝੀ ਵਰ੍ਹੇ ਤਕ) (2) ਗ੍ਰਿਹਸਥ (ਪੰਝੀ ਤੋਂ ਪੰਜਾਹ ਵਰ੍ਹੇ ਤਕ) (3) ਬਾਨ ਪ੍ਰਸਤ (ਪੰਜਾਹ ਤੋਂ ਪੰਝੱਤ੍ਰ ਵਰ੍ਹੇ ਤਕ) ਤੇ (4) ਸੰਨਿਆਸ (ਪੰਝੱਤ੍ਰ ਤੋਂ ਸੌ ਵਰ੍ਹੇ ਤਕ)
2. ਅੰਤ ਸਮੇਂ ਜੋ ਝੁਕਾ ਹੋਵੇ ਉਧਰ ਹੀ ਚਲਦਾ ਹੈ, ਜਾਂ ਜੇ ਅੰਤ ਸਮੇਂ ਚੰਗੀ ਮੱਤ ਆ ਜਾਏ ਤਾਂ ਗਤੀ ਹੋ ਜਾਂਦੀ ਹੈ।
3. ਇਕ ਪ੍ਰਸਿਧ ਨਿਆਂਕਾਰੀ ਬਾਦਸ਼ਾਹ ਜੋ ਫਾਰਸ ਈਰਾਨ ਵਿਚ ਹੋਇਆ ਹੈ। 4. ਦੁਨੀਆਂ ਭਰ ਦੇ।
5. ਤਰਸ ਵਾਲਾ। 6. ਬਖਸ਼ਿਸ਼ ਕਰਨ ਵਾਲਾ। 7. ਦਾਨ। 8. ਦਾਨੀ।
9. ਕੰਮ। 10. ਸਵਾਹ।

ਬਿਕ੍ਰਮਾਜੀਤ ਦਾ ਹਾਲ

ਬਿਕ੍ਰਮਾਜੀਤ ਬੇ-ਮਿਸਾਲ[1] ਸੀ ਵਿਚ ਨੇਕੀ ਕਾਇਮ ਨਾਮ ਜਿਸਦਾ ਵਿਚ ਸੰਸਾਰ ਰਹੇਗਾ।
ਜਦੋਂ ਤੀਕ ਸੂਰਜ ਚੰਦ ਚੜਨ ਲੱਥਨ, ਉਸਦਾ ਨਾਮ ਰੋਸ਼ਨ ਬਰਕਰਾਰ ਰਹੇਗਾ।
ਇਸਦੀ ਸਿਫਤ ਮੈਂ ਨੀਚ ਕੀ ਲਿਖ ਸੱਕਾਂ, ਡਿਠੇ ਸੁਣੇ ਦਾ ਫਰਕ ਹਜ਼ਾਰ ਰਹੇਗਾ।
ਚਾਤ੍ਰਿਕ ਬੰਦਿਆਂ ਦੀ ਜੇਹੜੇ ਕਰਨ ਰਾਖੀ, ਰਾਖਾ ਉਨ੍ਹਾਂ ਦਾ ਆਪ ਕਰਤਾਰ ਰਹੇਗਾ।
ਭਾਈ ਰਾਮ ਜਾਣੇ ਬਣਕੇ ਆਪ ਲਛਮਣ,[2] ਸੇਵਾਦਾਰ ਉਸਦਾ ਦਿਨੇ ਰਾਤ ਰਹਿੰਦਾ।
ਨਾ ਆਰਾਮ ਦਾ ਲੋਭ ਨਾ ਰਾਜ ਲਾਲਚ, ਮਸਤ ਭਜਨ ਵਿਚ ਸਾਂਝ ਪ੍ਰਭਾਤ ਰਹਿੰਦਾ।
ਐਸਾ ਮਰਦ ਆਕਲ ਸਮਝਦਾਰ ਭਾਰਾ, ਜਿਸ ਨੂੰ ਦੇਖ ਲੁਕਮਾਨ[3] ਭੀ ਮਾਤ ਰਹਿੰਦਾ।
ਕਰੇ ਨਾਇਬੀ[4] ਸਾਹਿਬ ਭਰਥਰੀ ਦੀ, ਸਦਾ ਭਲੇ ਦੀ ਸੋਚਦਾ ਬਾਤ ਰਹਿੰਦਾ।
ਰਈਯਤ ਭਾਈਆਂ ਵਾਂਗ ਖਯਾਲ ਕਰਕੇ, ਸਦਾ ਸਭ ਦੀ ਪੁਛਦਾ ਵਾਤ ਰਹਿੰਦਾ।
ਭਾਈ ਕਰੇ ਅਰਾਮ ਏਹ ਰਾਤ ਜਾਗੇ, ਫਿਰਕੇ ਸ਼ਹਿਰ ਵਿਚ ਮਾਰਦਾ ਝਾਤ ਰਹਿੰਦਾ।
ਆਪਣੇ ਸੁਖ ਕੁਰਬਾਨ ਕਰ ਭਾਈ ਉਤੋਂ, ਵੇਂਹਦਾ ਖਲਕ ਦੇ ਸਦਾ ਹਾਲਾਤ ਰਹਿੰਦਾ।
ਆਪਣੀ ਭੁਖ, ਪਯਾਸ, ਥਕਾਨ, ਨੀਂਦਰ, ਜਰ ਕੇ ਭਲੇ ਦੀ ਲਗਯਾ ਘਾਤ ਰਹਿੰਦਾ।
ਦਰਦ ਵੰਡਦਾ ਦੁਖੀਆਂ ਲੋੜਵੰਦਾਂ, ਦੇਂਦਾ ਅੰਨ ਤੇ ਧਨ ਦੀ ਦਾਤ ਰਹਿੰਦਾ।
ਧੰਨ ਧੰਨ ਬਿਕ੍ਰਮ ਆਖਦੇ ਜਾਣ ਪੰਛੀ, ਐਸਾ ਰੁਝਿਆ ਵਿਚ ਖੈਰਾਤ[5] ਰਹਿੰਦਾ।
ਕਾਮ, ਕ੍ਰੋਧ, ਹੰਕਾਰ, ਪਰ ਨਾਰ ਕੋਲੋਂ, ਬਚਿਆ ਸਦਾ ਹੀ ਸਮਝ ਅਫਾਤ[6] ਰਹਿੰਦਾ।
ਚਾਤ੍ਰਿਕ ਉਜਲੇ ਮੁਖ ਦਰਗਾਹ ਜਾਵਣ, ਖੌਫ[7] ਜਿਨ੍ਹਾਂ ਅੰਦਰ ਪਾਕਜ਼ਾਤ[8] ਰਹਿੰਦਾ।

ਰਾਜਾ ਭਰਥਰੀ ਦਾ ਮਾਇਕੀ ਸੁਖਾਂ ਵਿਚ ਫਸ ਜਾਣਾ

ਕਾਮਦੇਵ ਭੀ ਅਜਬ ਇਕ ਭੂਤਨਾ ਹੈ, ਅਕਲ ਮੁਛਦਾ ਜਿਸ ਸਿਰ ਸਵਾਰ ਹੁੰਦਾ।
ਦੀਨ ਦੁਨੀ ਦੀ ਹੋਸ਼ ਭੁਲਾਂਵਦਾ ਏ, ਜੇਹੜਾ ਕਾਮ ਦੇ ਤੀਰ ਸ਼ਿਕਾਰ ਹੁੰਦਾ।
ਅਕਲ ਇਲਮ ਪੜਿਆ ਗੁੜਿਆ ਭੁਲ ਜਾਵੇ, ਗੁਜ਼ਰ[9] ਜਿਸਦਾ ਕਾਮ ਦੇ ਦਵਾਰ ਹੁੰਦਾ।
ਕੁੰਦਨ[10] ਦੇਹ ਨੂੰ ਖੇਹ ਦੇ ਵਿਚ ਰੋਲੇ, ਵਾਂਗ ਬੌਰਿਆਂ ਫਿਰੇ ਖੁਆਰ ਹੁੰਦਾ।
ਧਰਮ ਕਰਮ ਦੀ ਸੁਧ ਨਾ ਬੁਧ ਹੁੰਦੀ, ਇਕੋ ਵਿਸ਼ੇ ਦੇ ਵਿਚ ਪਿਆਰ ਹੁੰਦਾ।
ਗਰਦਨ ਅਕਲ ਦੀ ਧੜੋਂ ਅਲੱਗ ਹੋਵੇ, ਜਦੋਂ ਕਾਮ ਤਲਵਾਰ ਦਾ ਵਾਰ ਹੁੰਦਾ।
ਭੁਲੇ ਰਬ ਤੇ ਰੰਨ ਨੂੰ ਗੁਰੂ ਜਾਣੇ ਬੰਦਾ ਵਿਸ਼ੇ ਬੱਧਾ ਗੁਨਾਹਗਾਰ ਹੁੰਦਾ।
ਲੋਕ ਲਾਜ ਤੋਂ ਅਖੀਆਂ ਬੰਦ ਹੋਵਣ, ਹਾਥੀ ਵਾਂਗ ਜਦ ਬਾਝ ਮੁਹਾਰ[11] ਹੁੰਦਾ।
ਜ਼ਾਤ, ਪਾਤ, ਕੁਲ ਧਰਮ ਦੀ ਸੁਰਤ ਭੁਲੇ ਜਦੋਂ ਵਿਸ਼ੇ ਦਾ ਭੂਤ ਸਵਾਰ ਹੁੰਦਾ।
ਚਾਤ੍ਰਿਕ ਹਿਰਸ ਦੇ ਪੈਣ ਜ਼ੰਜੀਰ ਪੈਰੀਂ, ਤੇ ਬਦਨਾਮ ਓਹ ਵਿਚ ਸੰਸਾਰ ਹੁੰਦਾ।

---

1. ਜਿਸ ਦੇਹੀ ਹੋਰ ਮਿਸਾਲ ਨਾ ਲਭੇ। 2. ਸ੍ਰੀ ਰਾਮ ਚੰਦਰ ਜੀ ਦੇ ਛੋਟੇ ਭਰਾ ਦਾ ਨਾਂ ਬਾਕੀ। 3. ਸੁਕਰਾਤ ਹਕੀਮ ਦਾ ਨਾਂ ਹੀ ਹੈ। 4. ਅਧੀਨਤਾ ਜਾਂ ਨੌਕਰੀ। 5. ਦਾਨ। 6. ਬਿਪਤਾ। 7. ਡਰ। 8. ਪਵਿਤ੍ਰ ਜਾਤ=ਰਬ। 9. ਲੰਘਣਾ। 10. ਸੋਨਾ। 11. ਬੇਲਗਾਮ, ਬੇਕਾਬੂ।

ਰਾਜਾ ਭਰਥਰੀ ਕਾਮ ਦੇ ਛਹੇ ਚੜ੍ਹਿਆ, ਚਰਖੀ ਵਿਸ਼ੇ ਦੀ ਚਾੜ ਉਡਾਯਾ ਸੂ।
ਦਿਨੇ ਰਾਤ ਵਿਚ ਐਸ਼ ਦੇ ਮਸਤ ਰਹਿੰਦਾ, ਰਾਜ ਸਾਜ ਦਾ ਕਾਜ ਭੁਲਾਯਾ ਸੂ।
ਰਹੇ ਰੰਗ ਮਹੱਲ ਵਿਚ ਰੰਗ ਰੱਤਾ, ਕਦੇ ਆਨ ਦਰਬਾਰ ਨਾ ਲਾਯਾ ਸੂ।
ਦੀਵਾ ਹੁਸਨ ਦਾ ਬਾਲ ਕੇ ਹੋਸ਼ ਮਾਰੀ, ਰਾਜਾ ਵਾਂਗ ਪਤੰਗ ਜਲਾਯਾ ਸੂ।
ਟੋਆ ਕੱਢ ਕੇ ਅਕਲ ਤੇ ਪਾ ਪੜਦਾ, ਮਸਤ ਹਾਥੀਆਂ ਵਾਂਗ ਫਸਾਯਾ ਸੂ।
ਜਿਵੇਂ ਨਾਦ ਤੇ ਆਨ ਕੁਰੰਗ[1] ਫਸਦਾ, ਭੌਰਾ ਵਾਸ਼ਨਾ ਵਿਚ ਬਨਾਯਾ ਸੂ।
ਐਸ਼ ਇਸ਼ਰਤਾਂ ਬਾਝ ਨਾ ਹੋਰ ਸੁਝੇ, ਐਸਾ, ਜਾਦੂੜਾ ਘੋਲ ਪਿਲਾਯਾ ਸੂ।
ਮਦ[2] ਇਸ਼ਕ ਪਿਲਾ ਮਦਹੋਸ਼[3] ਕੀਤਾ, ਮੋਹ ਨਿੰਦਰਾ ਵਿਚ ਸੁਵਾਯਾ ਸੂ।
ਸੁਭਾ ਸ਼ਾਮ ਨਾ ਕਾਮ ਬਿਨ ਕਾਮ ਕੋਈ, ਤ੍ਰੈ ਸੌ ਸੱਠ ਵਿਆਹ ਕਰਾਯਾ ਸੂ।
ਚਾਤ੍ਰਿਕ ਵੱਸ ਪਾਯਾ ਰੰਨਾ ਡਾਢੀਆਂ ਦੇ, ਐਸਾ ਇਸ਼ਕ ਦਾ ਸਬਕ ਪੜਾਯਾ ਸੂ।
ਅਗਲਾ ਮੂੰਹ ਜਵਾਨ ਹੈਵਾਨ[4] ਉਮਰਾ, ਕਾਮ ਜਾਲ ਵਿਚ ਭਰਥਰੀ ਫਸ ਗਿਆ।
ਜ਼ੈਹਰ ਗੰਦਲਾਂ ਖੰਡ ਲਬੇੜੀਆਂ ਦਾ, ਜ਼ੈਹਰ ਵਿਚ ਸਰੀਰ ਦੇ ਧਸ ਗਿਆ।
ਇਲਮ ਅਕਲ ਦਾ ਚਾਨਣਾ ਕਿਸੇ ਪਾਸੇ, ਲਾਕੇ ਖੰਭ ਇਕਬਾਰਗੀ ਨੱਸ ਗਿਆ।
ਕਾਮ ਧੂੜ ਦਿਤੇ ਸਿਰ ਦੇ ਵਿਚ ਜਾਦੂ, ਰਾਜਾ ਵਿਸ਼ੇ ਦੇ ਵਿਚ ਗ੍ਰਸ[5] ਗਿਆ।
ਜੰਮੇ ਧ੍ਰਿਗ ਜੇ ਭੋਗ ਨਾ ਰੱਜ ਭੋਗੇ, ਫੂਕ ਮਾਰਕੇ ਕੰਨ ਵਿਚ ਦਸ ਗਿਆ।
ਵਡਾ ਸਿਰੇ ਤੇ ਨਹੀਂ ਬਜੁਰਗ ਕੋਈ, ਸਾਰੀ ਸ਼ਰਮ ਹਯਾ ਨੂੰ ਖੱਸ ਗਿਆ।
ਐਸਾ ਕੰਡਿਆਂ ਦਾ ਰੁਖ ਬੀਜਿਆ ਸੂ, ਜੇਹੜਾ ਅੰਤ ਨੂੰ ਨਾਗ ਹੋ ਡੱਸ ਗਿਆ।
ਮੰਜਾ ਡਾਹ ਕੇ ਐਸ਼ ਆਰਾਮ ਵਾਲਾ, ਤਲੀਆਂ ਲੰਮੀਆਂ ਪਾ ਕੇ ਝਸ ਗਿਆ।
ਸੁਤਾ ਨੀਂਦ ਵਿਚ ਅੱਖ ਨਾ ਪਟਦਾ ਏ, ਐਸੀ ਨਸ਼ੇ ਦੀ ਚਾੜ੍ਹ ਕੇ ਕੱਸ ਗਿਆ।
ਚਾਤ੍ਰਿਕ ਪਕਿਆ ਖੇਤ ਉਜਾੜ ਕੀਤਾ, ਕਾਮ ਗੜਾ ਅਜ਼ਗੈਬ[6] ਦਾ ਵਸ ਗਿਆ।
ਹੋਣੀ ਸਿਰੇ ਤੇ ਆਖਦੀ ਰਾਜਿਆ ਵੇ, ਕਾਹਨੂੰ ਮੌਤ ਦਾ ਬੱਕਰਾ ਪਲਨਾ ਏ।
ਚਾਰ ਦਿਨ ਦੀ ਮੌਜ ਬਹਾਰ ਕਰ ਲੈ, ਮੈਂ ਤਾਂ ਜੰਗਲਾਂ ਦੇ ਵਿਚ ਘਲਨਾ ਏ।
ਜਿਹਾ ਸੁਖਾਂ ਦੇ ਵਿਚ ਹਦਮਸਤ[7] ਹੋਯੋਂ, ਰੱਖੀਂ ਯਾਦ ਏਹੋ ਜਿਹਾ ਸਲਨਾ ਏ।
ਹੁਕਮ ਹਾਸਲਾਂ ਸਾਰੀਆਂ ਖੋਹ ਤੈਥੋਂ, ਤੈਨੂੰ ਵਿਚ ਸੁਵਾਹ ਪੱਥਲਨਾ ਏ।
ਮੇਰੇ ਵੱਸ ਹੈ ਸਭ ਔਕਾਤ[8] ਤੇਰੀ, ਮੇਰੀ ਆਗਿਆ ਦੇ ਵਿਚ ਚੱਲਨਾ ਏ।
ਘਰਘਰ ਸੁੰਞ ਉਜ਼ਾੜ ਵਿਚ ਦਿਆਂ ਵਾਸਾ, ਰਹਿਣ ਦਿਆਂਗੀ ਰੰਗ ਮਹੱਲ ਨਾ ਏ।
ਕੰਨੀ ਮੁੰਦਰਾਂ ਤੇ ਬਗਲੀ ਹਥ ਹੋਸੀ, ਥੋੜੇ ਦਿਨਾਂ ਨੂੰ ਤੂੰ ਸਾਧੀਂ ਰੱਲਨਾ ਏਂ।
ਚਾਤ੍ਰਿਕ ਗਾਫਲਾ ਮਰਨ ਤੋਂ ਮਰੀਂ ਪੈਹਲੇ,[9] ਗੋਸ਼ਾ ਅੰਤ ਉਜਾੜ ਜੇ ਮੱਲਨਾ ਏ।
ਜੇਹੜੇ ਰਾਜ ਦੇ ਸੁਸਤ ਹੋ ਜਾਨ ਰਾਜੇ, ਸਾਰੇ ਜਾਣਦੇ ਨੇ ਜੇਹੜਾ ਹਾਲ ਹੁੰਦਾ।
ਲਾਗੂ ਲੱਗਦੇ ਲਾਗਿਓਂ ਆਨ ਸਾਰੇ, ਰਾਜ ਕਾਜ ਦਾ ਸ਼ੁਰੂ ਜ਼ਵਾਲ[10] ਹੁੰਦਾ।

---

1. ਹਰਨ ਜੋ ਢੱਡੇ ਉਤੇ ਥਾਲੀ ਰਖ ਕੇ ਉਪਜਾਈ ਅਵਾਜ਼ ਉਤੇ ਮਸਤ ਹੋ ਕੇ ਸੁਣਨ ਲਈ ਖਲੋ ਜਾਂਦਾ ਹੈ।
2. ਸ਼ਰਾਬ। 3. ਬੇਸੁਰਤ। 4. ਪਸ਼ੂ। 5. ਫਸ। 6. ਲੁਕਿਆ, ਗੈਬੀ।
7. ਪੂਰੀ ਤਰ੍ਹਾਂ ਮਸਤ। 8. ਹਸਤੀ, ਹੈਸੀਅਤ।
9. ਮੂ ਤੂ ਕਿਬਲੰਤਮੂ ਤੂ ਦਾ ਪੰਜਾਬੀ ਰੂਪ, ਭਾਵ ਜੀਉਂਦੇ ਜੀਅ ਵਿਸ਼ੇ-ਵਾਸ਼ਨਾ ਨੂੰ ਮਾਰਨਾ। 10. ਢਹਿੰਦੀ ਕਲਾ।

ਖੇਤ ਵਾੜ ਦੇ ਬਿਨਾਂ ਨਾ ਰਹੇ ਕਾਇਮ, ਸਾਰਾ ਡੰਗਰਾਂ ਨਾਲ ਪਾਮਾਲ[1] ਹੁੰਦਾ।
ਤਵਾਰੀਖ ਦੇ ਵਾਕ ਗਵਾਹ ਸਾਰੇ, ਜੇਹੜੇ ਮੁਲਕ ਦਾ ਮਸਤ ਭੁਪਾਲ ਹੁੰਦਾ।
ਤਾਰਾ ਅਸਤਦਾ[2] ਮਲਕ[3] ਦਾ ਫਲਕ[4] ਉਤੋਂ, ਥੋੜੇ ਦਿਨੀਂ ਉਹ ਗੁੰਮ ਇਕਬਾਲ ਹੁੰਦਾ।
ਐਹਮਦ ਸ਼ਾਹ[5] ਪੰਜਾਬ ਉਜਾੜ ਦਿਤੀ, ਲੁਟ ਨਾਦਰੀ[6] ਨਾਲ ਕੰਗਾਲ ਹੁੰਦਾ।
ਜਦੋਂ ਕਰੇ ਕਤਲਾਮ ਬੇ-ਦਰਦ ਹੋ ਕੇ, ਦਿਲੀ ਜਿਹੇ ਸ਼ਹਿਰਾਂ ਵਿਚ ਹੜਤਾਲ ਹੁੰਦਾ।
ਚਾਤ੍ਰਿਕ ਮੰਦੜੇ ਕੰਮ ਦਾ ਫਲ ਮੰਦਾ, ਅਲੋਕਾਰ ਨਾ ਭਰਥਰੀ ਨਾਲ ਹੁੰਦਾ।
ਇਸ ਵਕਤ ਨਾ ਬਿਕ੍ਰਮੀ ਹੋਂਵਦਾ ਜੇ, ਰਾਜ ਨਗਰ ਉਜੈਨ ਦਾ ਬਸ ਹੁੰਦਾ।
ਹੁੰਦਾ ਭਰਥਰੀ ਕੈਦ ਪਰਾਇਆਂ ਦੇ, ਅਤੇ ਦੁਸ਼ਮਨਾਂ ਦੇ ਮੁਲਕ ਵਸ ਹੁੰਦਾ।
ਆਉਂਦਾ ਜਾਇਕਾ[7] ਐਸ਼ ਪ੍ਰਸਤੀਆਂ[8] ਦਾ, ਜਦੋਂ ਰਸ ਦੇ ਵਿਚ ਕੁਰੱਸ ਹੁੰਦਾ।
ਐਪਰ ਬਿਕ੍ਰਮਾਜੀਤ ਸੁਰਜੀਤ ਹੁੰਦੇ, ਕੀ ਮਜਾਲ ਜੇ ਕਿਤੇ ਅਪਜੱਸ ਹੁੰਦਾ ?
ਇਸ ਗਲ ਤੇ ਲੋਕ ਤਾਰੀਫ ਕਰਦੇ, ਅੱਜ ਤੀਕ ਜਹਾਨ ਤੇ ਜੱਸ[9] ਹੁੰਦਾ।
ਚਾਤ੍ਰਿਕ ਭੁਲਿਓਂ ਗਾਫਲਾ ਐਸ਼ ਤੇ ਕੀ ? ਏਹ ਅਰਾਮ ਤਾਂ ਡੈਣ ਦਾ ਝੱਸ ਹੁੰਦਾ।
ਬੀਰ ਬਿਕ੍ਰਮਾਜੀਤ ਪ੍ਰੀਤ ਲਾ ਕੇ, ਰਾਜ ਕਾਜ ਨੂੰ ਆਪ ਸੰਭਾਲਦਾ ਏ।
ਪੰਡ ਸਿਰੇ ਤੇ ਪੈ ਗਈ ਬਹੁਤ ਭਾਰੀ, ਡਾਢੀ ਅਕਲ ਦੇ ਨਾਲ ਉਠਾਲਦਾ ਏ।
ਆਪ ਤਖਤ ਤੇ ਬੈਠ ਇਨਸਾਫ ਕਰਦਾ, ਸ਼ੇਰ ਬਕਰੀ ਘਾਟ ਪਿਆਲਦਾ ਏ।
ਸਾਰੇ ਵੀਰ ਦੇ ਕੰਮ ਨੂੰ ਥੰਮ ਸਿਰ ਤੇ, ਰਾਤਾਂ ਜਾਗਦਾ ਤੇ ਜਫਰ[10] ਜਾਲਦਾ[11] ਏ।
ਖਾਹਸ਼ ਰਖਦਾ ਦੇਸ਼ ਦੇ ਸੁਖਾਂ ਸੰਦੀ, ਹੋਰ ਐਸ਼ ਅਰਾਮ ਨਾ ਭਾਲਦਾ ਏ।
ਚਾਤ੍ਰਿਕ ਭਰਤ ਨੂੰ ਐਸ਼ ਦੇ ਵਿਚ ਫਸਿਆ, ਅਰਸਾ ਗੁਜ਼ਰ ਗਿਆ ਚਾਰ ਸਾਲ ਦਾ ਏ।

ਸਮਝਾਣਾ ਬਿਕ੍ਰਮਾਜੀਤ ਦਾ ਮਹਾਰਾਜ ਭਰਥਰੀ ਹਰੀ ਜੀ ਨੂੰ

ਕਹਿੰਦਾ ਬਿਕ੍ਰਮੀ ਵੀਰ ਜੀ ਗਲ ਆਖਾਂ ਕਰਨ ਮੁਆਫ ਬੇਅਦਬੀ ਦਾ ਭਾਰ ਚਾਹੀਏ।
ਮੇਰਾ ਮੂੰਹ ਛੋਟਾ ਗਲ ਬੜੀ ਵਡੀ, ਕਰਨੀ ਆਪਣੇ ਆਪ ਵਿਚ ਵਿਚਾਰ ਚਾਹੀਏ।
ਧਰਮ ਖਤ੍ਰੀ ਦਾ ਰਈਯਤ ਪਾਲਨੀਏ, ਰਾਜ ਪੁਤ੍ਰਾਂ ਨਾ ਐਸੀ ਕਾਰ ਚਾਹੀਏ।
ਮੈਂ ਨਾ ਮਨਾ ਕਰਦਾ ਸੁਖ ਜਗ ਦੇ ਤੋਂ, ਐਪਰ ਸੁਖਾਂ ਦੀ ਕੁਝ ਮਿਕਦਾਰ[12] ਚਾਹੀਏ।
ਤੁਸਾਂ ਰਬ ਨੇ ਖਲਕ ਦਾ ਰਾਜ ਦਿਤਾ, ਜ਼ਰਾ ਸੋਚਣੇ ਰਾਜ ਅਧਕਾਰ ਚਾਹੀਏ।
ਰਾਜੇ ਹੋਣ ਮਾਪੇ ਰਈਯਤ ਪੁਤ ਧੀਆਂ ਮਾਪੇ ਬਚਿਆਂ ਤੇ ਖਬਰਦਾਰ ਚਾਹੀਏ।
ਤਪੋਂ ਰਾਜ, ਰਾਜੋਂ ਲੋਕ ਨਰਕ ਆਖਣ, ਕੁਛ ਖੌਫ ਕਰਤਾਰ ਚਾਹੀਏ।
ਵਾਂਗ ਫੜੀ ਹੈ ਆਪਣੇ ਪਿਤਾ ਵਾਲੀ, ਹੋਣਾ ਪਿਤਾ ਦੀ ਤਰ੍ਹਾਂ ਅਸਵਾਰ ਚਾਹੀਏ।

---

1. ਨਾਸ। 2. ਡੁਬਦਾ। 3. ਰਾਜੇ ਦਾ। 4. ਸੰਸਾਰ।
5. ਅਹਮਦ ਸ਼ਾਹ ਦੁਰਾਨੀ (ਅਬਦਾਲੀ ਤੋਂ ਭਾਵ ਹੈ ਜਿਸਨੇ ਸੰਨ 1764 ਤਕ-ਹਮਲੇ ਪੰਜਾਬ ਉਤੇ ਕੀਤੇ ਸਨ। ਵਾਰਸਸ਼ਾਹ ਨੇ ਇਸੇ ਬਾਬਤ ਲਿਖਿਆ ਹੈ : ਵਾਸਸ਼ਾਹ ਅਜ਼ਗੈਬ ਥੀਂ ਗੜਾ ਪੌਸੀ ਰਬ ਰਖ ਜੰਡਿਆਲੇ ਨੂੰ ਜਾਸੀਆਂ ਨੀ।
6. ਨਾਦਰ ਸ਼ਾਹ ਜਿਸ ਨੇ 1738 ਵਿਚ ਦਿਲੀ ਦੀ ਕਤਲੇਆਮ ਕੀਤੀ ਸੀ। 7. ਸਵਾਦ।
8. ਅਯਾਸ਼ੀ (ਵਿਸ਼ੇ ਤੇ ਮੌਜ ਮੇਲੇ) ਦੀ ਪੂਜਾ। 9. ਬਦਨਾਮੀ। 10. ਦੁਖ। 11. ਝੱਲਦਾ।
12. ਮਿਣਤੀ, ਹੱਦ।

ਦੁਨੀਆਂ ਝੂਠ ਤੇ ਵਿਸ਼ੇ ਨੇ ਜੂਨ ਵਡੀ, ਪਰੇ ਸੁਟਣਾ ਇਹਨਾ ਦੁਰਕਾਰ ਚਾਹੀਏ।
ਜੇਹੜਾ ਮਨ ਨਾ ਮੰਨਦਾ ਆਖਿਆ ਏ, ਦੇਣੀ ਓਸ ਹਜ਼ਾਰ ਫਿਟਕਾਰ ਚਾਹੀਏ।
ਤੁਸੀਂ ਬੜੇ ਦਾਨੇ ਅਕਲਮੰਦ ਭਾਵੇਂ ਨਾਰਾਂ ਨਾਲ ਮਰਯਾਦਾ[1] ਦਾ ਪਿਆਰ ਚਾਹੀਏ।
ਚਾਤ੍ਰਿਕ ਲਾਵਣਾਂ ਰੋਜ਼ ਦਰਬਾਰ ਚਾਹੀਏ, ਦੁਖੀ ਪ੍ਰਜਾ ਦੀ ਸੁਣਨੀ ਪੁਕਾਰ ਚਾਹੀਏ।

ਕਵੀਓ ਵਾਚ

ਜਦੋਂ ਅਖੀਆਂ ਵਿਚ ਪਰਨੇਹ[2] ਪੈਂਦੇ, ਸਾਰਾ ਜਗ ਪੀਲਾ ਨਜ਼ਰ ਆਂਵਦਾ ਏ।
ਤਾਪ ਚੜ੍ਹੇ ਤੇ ਬਕਬਕਾ ਮੂੰਹ ਹੋਵੇ, ਸਰਬਤ ਘੋਲਿਆ ਭੀ ਨਹੀਂ ਭਾਂਵਦਾ ਏ।
ਬਾਲ ਉਮਰ ਵਿਚ ਖੇਡ ਦਾ ਪਯਾਰ ਹੁੰਦਾ, ਇਲਮ ਹੁਨਰ ਤੋਂ ਚਿਤ ਚੁਰਾਂਵਦਾ ਏ।
ਚੋਰ, ਯਾਰ, ਅਯਾਰ,[3] ਬਦਕਾਰ ਤਾਂਈ, ਜੇਹੜਾ ਮਤ ਦੇਵੇ ਉਸ ਨੂੰ ਖਾਂਵਦਾ ਏ।
ਸਾਰੇ ਜਾਣਦੇ ਬੁਰੀ ਸ਼ਰਾਬ ਹੁੰਦੀ, ਐਪਰ ਪੀਣ ਵਾਲਾ ਨਾ ਸ਼ਰਮਾਂਵ੍ਹਦਾ ਏ।
ਚਾਤ੍ਰਿਕ ਜੂਏ ਦੇ ਝਸ ਦੀ ਹਾਰ ਮਿੱਠੀ, ਕੌੜਾ ਲਗਦਾ ਜਗ ਸਮਝਾਂਵਦਾ ਏ।

ਗੁਸੇ ਹੋਣਾ ਮ੍ਹਹਾਰਾਜਾ ਭਰਥਰੀ ਹਰੀ ਜੀ ਦਾ

ਆਖੇ ਭਰਥਰੀ ਵਡਿਆ ਅਕਲਮੰਦਾ, ਚਪੜ ਚਪੜ ਨਾ ਸਾਹਮਣੇ ਬੋਲ ਮੇਰੇ।
ਗਲ ਕਰਨ ਦਾ ਵਲ ਤਾਂ ਸਿਖ ਲੈਂਦੇ, ਖਾ ਕੇ ਸਲ ਆਦਿ ਚਲ ਕੋਲ ਮੇਰੇ।
ਚਾਰ ਰੋਜ਼ ਕਰਨਾ ਪਿਆ ਕੰਮ ਤੈਨੂੰ, ਕੰਨਾ ਵਿਚ ਖੜਕਾਯੋ ਈ ਢੋਲ ਮੇਰੇ।
ਹਡ ਰਖ ਹੋਇਆ ਪੱਜ ਹੋਰ ਪਾਯਾ, ਬੈਠੋਂ ਸਾਹਮਣੇ ਫੋਲਣੇ ਫੋਲ ਮੇਰੇ।
ਜੇਕਰ ਕੰਮ ਚਲਾ ਨਾ ਸਕਦਾ ਏਂ ? ਸਾਫ ਸਾਹਮਣੇ ਗਲ ਫਰੋਲ ਮੇਰੇ।
ਚਾਤ੍ਰਿਕ ਛੋਟਿਆਂ ਅਦਬ ਲਿਹਾਜ਼ ਚਾਹੀਏ, ਪਾਂਧੇ ਵਾਂਗ ਨਾ ਕੱਢ ਤੂੰ ਭੋਲ[4] ਮੇਰੇ।

ਬੇਨਤੀ ਬਿਕ੍ਰਮਾਜੀਤ ਜੀ ਦੀ

ਮਹਾਰਾਜ ਮੈਂ ਅਦਬ ਦੇ ਨਾਲ ਆਖਾਂ, ਸੁਣਨੀ ਆਪ ਨੂੰ ਏਹ ਇਲਤਮਾਸ[5] ਚਾਹੀਏ।
ਭਲੇ ਦੇਸ਼ ਦੇ ਵਾਸਤੇ ਅਰਜ ਕਰਨਾ, ਮੇਰਾ ਭਲਾ ਨਾ ਸਮਝਣਾ ਖਾਸ ਚਾਹੀਏ।
ਮੈਂ ਗੁਲਾਮ ਬੇਦਾਮ[6] ਤੇ ਕੇਹੀ ਖਫਗੀ[7] ? ਨਹੀਂ ਝਿੜਕ ਬਿਨਾਵਨਾ ਦਾਸ ਚਾਹੀਏ।
ਰਈਯਤ ਪਾਲਣੀ ਰਾਉ ਦਾ ਧਰਮ ਹੁੰਦਾ, ਕਰਨਾ ਝਲ ਨੂੰ ਭੁਖ ਪਯਾਸ ਚਾਹੀਏ।
ਕਰ ਆਰਾਮ ਹਰਾਮ ਤਮਾਮ ਰਾਜੇ, ਰਹਿਣਾ ਰਈਯਤਾਂ ਦੇ ਆਸ ਪਾਸ ਚਾਹੀਏ।
ਆਪ ਸੁਖਾਂ ਦੇ ਵਿਚ ਗਲਤਾਨ ਹੋ ਕੇ, ਕਰਨਾ ਮੁਲਕ ਨਾ ਸਤਯਾਨਾਸ ਚਾਹੀਏ।

1. ਢੰਗ, ਤਰੀਕਾ, ਹਦ। 2. ਯਰਕਾਨ ਦਾ ਰੋਗ। 3. ਭੈੜਾ। 4. ਭੁਲਾਂ ਤੋਂ ਭਾਵ ਜਾਪਦਾ ਹੈ। 5. ਬੇਨਤੀ।
6. ਬਿਨਾਂ ਪੈਸੇ। 7. ਨਰਾਜ਼ਗੀ, ਗੁੱਸਾ।

ਜੇਹੜੀ ਚੁਕ ਲੀਤੀ ਪੰਡ ਸਿਰੇ ਉਤੇ, ਓਹ ਨਾ ਸੁਟਣੀ ਹੋਇ ਨਿਰਾਸ ਚਾਹੀਏ।
ਤੁਸੀਂ ਦਾਨੇ ਹੋ ਜਾਣਦੇ ਸਭ ਗਲਾਂ, ਹਦੋਂ ਵਧ ਨਾ ਭੋਗ ਬਿਲਾਸ ਚਾਹੀਏ।
ਕਾਮ ਭੂਤਨਾ ਝਾੜੀਏ ਨਾਮ ਮੰਤ੍ਰ, ਦੇਣਾ ਹੋਣ ਨਾ ਰਿਦੇ ਵਿਚ ਵਾਸ ਚਾਹੀਏ।
ਨਾਰ ਵਾਂਗ ਅੰਗਿਆਰ ਦੇ ਸਾੜ ਸੁਟੇ, ਡਰਨਾ ਏਸ ਦੀ ਦੇਖ ਭੜਾਸ ਚਾਹੀਏ।
ਬੇਸ਼ਕ ਭਗ[1] ਹੈ ਇਸਤ੍ਰੀ ਆਦਮੀ ਦਾ, ਐਪਰ ਸੁੰਘਣੀ ਫੁਲ ਦੀ ਬਾਸ ਚਾਹੀਏ।
ਇਹਨੂੰ ਸਮਝਣੀ ਜਮਾਂ ਦੀ ਫਾਸ ਚਾਹੀਏ, ਜਾਨ ਗੰਦਗੀ ਮਿਝ ਤੇ ਮਾਸ ਚਾਹੀਏ।
ਇਥੇ ਡੰਗਰਾਂ ਦਾ ਖਾਜ ਘਾਸ ਸਮਝੋ, ਸਦਾ ਲਭਣੀ ਨਾਮ ਮਿਠਾਸ ਚਾਹੀਏ।

ਜਵਾਬ ਮਹਾਰਾਜਾ ਭਰਥਰੀ ਜੀ ਦਾ

ਹੋ ਗੁਸਤਾਖ ਬੇਬਾਕ[2] ਕਿਉਂ ਕਰੇਂ ਗਲਾਂ ? ਮੂਰਖ ਪੈ ਗਿਆ ਕਿਧਰੋਂ ਵਾਹ ਮੇਰੇ।
ਮੈਂ ਫਿਰਔਨ[3] ਨਾਹੀਂ ਲਗੋਂ ਬਣਨ ਮੂਸਾ[4], ਦਸਣ ਫੋਲ ਕੇ ਲਗੋਂ ਗੁਨਾਹ ਮੇਰੇ।
ਕੰਮ ਆਪਣੇ ਨਾਲ ਤੁਧ ਕੰਮ ਚਾਹੀਏ, ਖਾਹਮਖਾਹ ਨਾ ਰਾਹ ਤੂੰ ਜਾਹ ਮੇਰੇ।
ਮੈਂ ਹਾਂ ਸਮਝਦਾ ਸੁਖ ਯਾ ਦੁਖ ਹੁੰਦੇ, ਜਾ ਕੇ ਬੈਠ ਤੂੰ ਕੰਨ ਨਾ ਖਾਹ ਮੇਰੇ।
ਦੇਖਾਂ ਕਿਧਰੋਂ ਇਹ ਸਾੜ ਸੁਟਦੀ ਏ ? ਭਾ ਪਈ ਹੈ ਜੇਹੜੀ ਭਾਹ ਮੇਰੇ।
ਸੁਖ ਗ੍ਰਿਹਸਤ ਵਰਗਾ ਕਿਤੇ ਦੇਖਿਆ ਨਾ, ਸੁਖੀ ਲੰਘਦੇ ਪਏ ਨੇ ਸਾਹ ਮੇਰੇ।
ਗਲਾਂ ਜੇੜੀਆਂ ਆਨ ਸੁਨਾਣ ਲਗੋਂ, ਬਣੇ ਐਸ਼ ਦੇ ਮੈਹਲ ਨਾ ਢਾਹ ਮੇਰੇ।
ਐਵੇਂ ਲੋਕ ਭਰਮਾਂਵਦੇ ਤੁਧ ਨੂੰ ਨੇ, ਚਾਹੇਂ ਸੁਖਾਂ ਨੂੰ ਕਰਨ ਤਬਾਹ ਮੇਰੇ।
ਗਏ ਕਿਧਰੋਂ ਨਿਕਲ ਪ੍ਰਾਣ ਮੇਰੇ ? ਹੋਏ ਤਿੰਨ ਸੌ ਸੱਠ ਵਿਆਹ ਮੇਰੇ।
ਚਾਤ੍ਰਿਕ ਪਿਆ ਆਰਾਮ ਦਾ ਝੱਸ ਸ਼ਾਇਦ, ਪਿਓਂ ਮਗਰ ਲੰਗੋਟੜੀ ਲਾਹ ਮੇਰੇ।
ਸੀਲਵੰਤ[5] ਬਿਕ੍ਰਮ ਬੋਲ ਸੁਣਕੇ, ਨੀਵਾਂ ਹੋਇ ਕੇ ਵਕਤ ਲੰਘਾਇ ਗਿਆ।
ਮਰਜ਼[6] ਜ਼ੋਰ ਕੀਤਾ ਲਾ ਦਵਾ ਹੋਇਆ, ਰੋਗ ਅੰਦਰੇ ਸਮਝਿਆ ਖਾਇ ਗਿਆ।
ਹੋਰ ਸਾਹਮਣੇ ਬੋਲਣਾ ਠੀਕ ਨਾਹੀਂ, ਵੇਲਾ ਅਕਲ ਦੇ ਨਾਲ ਟਲਾਇ ਗਿਆ।
ਸੋਚੀ ਫੇਰ ਮੌਕਾ ਪਾ ਕੇ ਆਖਸਾਂ ਮੈਂ, ਗੁਸਾ ਏਸ ਵੇਲੇ ਇਹਨੂੰ ਆਇ ਗਿਆ।
ਫੇਰ ਫੇਰ ਕਈ ਫੇਰ ਕੇ ਫੇਰ ਥੱਕਾ, ਐਪਰ ਬੋਲ ਵਧਾਨਾ ਵਧਾਇ ਗਿਆ।
ਮਤ ਦੇਂਦਿਆਂ ਭਰਥਰੀ ਕੂੜ ਮੰਨੇ, ਐਸਾ ਜ਼ਹਿਰ ਉਸ ਵਿਸ਼ੇ ਦਾ ਪਾਇ ਗਿਆ।
ਕਲ[7] ਪਜਾਰਦੀ ਦਿਨੋਂ ਦਿਨ ਘਟਨ ਲਗੀ, ਗੋਡਾ ਅਕਲ ਦਾ ਚੰਦ ਨਿਵਾਇ[8] ਗਿਆ।
ਚਾਤ੍ਰਿਕ ਬਿਕ੍ਰਮ ਵੀਰ ਤੋਂ ਕਰੇ ਨਫਰਤ, ਪਰਦਾ ਭਰਤ ਦੀ ਅਕਲ ਤੇ ਛਾਇ ਗਿਆ।

---

1. ਵਰਤੋਂ। 2. ਨਿਝਕ, ਨਿਡਰ। 3-4. (ਫਰਊਨ ਤੇ ਮੂਸਾ) ਮਿਸਰ ਦੇ ਅਨੇਕ ਬਾਦਸ਼ਾਹਾਂ ਦੇ ਨਾਂ ਪਰ ਇਥੇ ਮੂਸਾ ਪੈਗੰਬਰ ਦੇ ਵੇਲੇ ਹੋਏ ਸਭ ਤੋਂ ਪ੍ਰਸਿਧ ਬਾਦਸ਼ਾਹ ਵਲ ਇਸ਼ਾਰਾ ਹੈ ਜਿਸ ਨੇ ਇਸਰਾਈਲੀਆਂ ਉਤੇ ਜਿਨ੍ਹਾਂ ਵਿਚੋਂ ਮੂਸਾ ਭੀ ਸੀ ਬਹੁਤ ਜ਼ੁਲਮ ਕੀਤੇ, ਪਲੇਗ ਤੋਂ ਲੋਕਾਂ ਨੂੰ ਬਚਾਉਣ ਲਈ ਜਦ ਮੂਸਾ ਮਿਸਰੀ ਲੋਕਾਂ ਨੂੰ ਨਾਲ ਲੈ ਕੇ ਮਿਸਰ ਤੋਂ ਨਿਕਲ ਤੁਰਿਆ ਤਾਂ ਇਸ ਨੇ ਪਿਛੇ ਫੌਜ ਚੜ੍ਹਾਈ ਪਰ ਮੂਸਾ ਲਾਲ ਸਾਗਰ ਤੋਂ ਪਾਰ ਹੋ ਗਿਆ ਤੇ ਫਰਊਨ ਡੁਬ ਗਿਆ। ਇਸ ਦਾ ਅਸਲ ਨਾਂ ਵਲੀਦ ਮੁਸਅਬ ਸੀ। 5. ਸੁਸ਼ੀਲ ਸੁਭਾਅ ਦਾ। 6. ਰੋਗ।
7. ਸ਼ਕਤੀ (ਚੰਦ ਦੀਆਂ 16 ਕਲਾਂ ਮੰਨੀਆਂ ਜਾਂਦੀਆਂ ਹਨ ਤੇ ਪੁੰਨਿਆਂ ਨੂੰ ਉਹ ਸੋਲ੍ਹਾਂ ਕਲਾ ਸੰਪੂਰਨ ਹੁੰਦਾ ਹੈ)।
8. ਗੋਡਾ ਨਿਵਾ ਗਿਆ = ਨੀਵਾਂ ਹੋ ਗਿਆ, ਡੁਬ ਗਿਆ।

ਬਦਗੁਮਾਨ ਹੋਣਾ ਮਹਾਰਾਜ ਭਰਥਰੀ ਜੀ ਦਾ ਬਿਕ੍ਰਮਾਜੀਤ ਵਲੋਂ

ਜਿਥੇ ਘਾਸ ਦੇ ਢੇਰ ਤਿਆਰ ਹੋਵਣ, ਉਥੇ ਚਿਨਗ ਦੀ ਹੁੰਦੀ ਏ ਲੋੜ ਬਾਕੀ।
ਜਿਨ੍ਹਾਂ ਦਿਲਾਂ ਨੂੰ ਪਾੜਿਆ ਕਿਸਮਤਾਂ ਨੇ, ਓਥੇ ਕਾਟ ਨ ਕਟਦੇ ਜੋੜ ਬਾਕੀ।
ਚਿਤ ਭਰਤ ਦਾ ਭੜਕਿਆ ਨਾਲ ਗੁਸੇ, ਭਰਮ ਮੁਫਤ ਦੇ ਪੈ ਗਏ ਹੋਰ ਬਾਕੀ।
ਜਹਾਂ ਗੰਢ ਤਹਾਂ ਰਸਾ ਨਾ ਰਹੇ ਚਾਤ੍ਰਿਕ, ਪੋਰੀ ਦੇਂਵਦੀ ਰਸਾ ਨਚੋੜ ਬਾਕੀ।

ਦੋਹਾਂ ਭਰਾਵਾਂ ਵਿਚ ਨੀਚਾਂ ਦੀ ਚਾਲ ਨਾਲ ਵਿਰੋਧਤਾ

ਵਿਚ ਐਸ਼ ਦੇ ਮਸਤ ਅਲਮਸਤ ਰਾਜਾ, ਉਤੋਂ ਦੂਤੀਆਂ ਮਤਾ ਪਕਾਇਆ ਏ।
ਜੀਉ ਭਰਤ ਦਾ ਵੀਰ ਤੋਂ ਖਫਾ ਅਗੇ, ਮੌਕਿਆ ਪਾ ਫਸਾਦ ਉਠਾਇਆ ਏ।
ਜੇਕਰ ਬਿਕ੍ਰਮੀ ਦਾ ਕੰਡਾ ਨਿਕਲ ਜਾਵੇ, ਕੰਮ ਅਸਾਂ ਦਾ ਬਨਾ ਬਣਾਇਆ ਏ।
ਕਿਸੇ ਸ਼ਕ ਦਾ ਦਿਲੇ ਵਿਚ ਝਕ ਪਾਈਏ, ਰਾਜਾ ਅਗੇ ਹੀ ਓਸ ਖਿਝਾਇਆ ਏ।
ਪਾਕੇ ਵੈਰ ਨਿਖੇੜੀਏ ਵੀਰ ਦੋਵੇਂ, ਪਾਈਏ ਭਰਤ ਦੇ ਜੀਉ ਤੇ ਮਾਇਆ ਏ।
ਦਿਲਾਂ ਪਾਟਿਆਂ ਕੰਮ ਸਭ ਰਾਸ ਹੋਸਨ, ਚਿਨਗ ਸੁਟ ਪਯਾਰ ਸੜਾਇਆ ਏ।
ਏਹੋ ਬੰਨ੍ਹ ਮਨਸੂਬੜਾ ਦਿਲ ਅੰਦਰ, ਰਾਣੀ ਪਿੰਗਲਾਂ ਤਾਈ ਸਿਖਾਇਆ ਏ।
ਮਤ ਨਾਰ ਦੀ ਹੋਂਵਦੀ ਖੁਰੀ ਪਿਛੇ, ਪਿਛੇ ਆਪਣੇ ਓਸ ਨੂੰ ਲਾਇਆ ਏ।
ਆਖੇ ਬਿਕ੍ਰਮੀ ਪਿਆ ਹੈ ਵੈਰ ਤੇਰੇ, ਜੇਹੜਾ ਤੁਧ ਨੇ ਝਿੜਕ ਸਮਝਾਇਆ ਏ।
ਓਹ ਹੈ ਲੋਚਦਾ ਸਾਂਭ ਲਾ ਆਪ ਗੱਦੀ, ਚਾਹੇ ਭਰਤ ਦੀ ਜਾਨ ਮੁਕਾਇਆ ਏ।
ਸਮਝ ਜਾਹ ਰਾਜਾ ਅਜੇ ਵੇਲੜਾ ਈ, ਵੈਰੀ ਮਾਤ੍ਰੀ ਮਾਉਂ ਦਾ ਜਾਇਆ ਏ।
ਚਾਤ੍ਰਿਕ ਪਾਟਿਆਂ ਦਿਲਾਂ ਨੂੰ ਸੀਉਣ ਵਿਰਲੇ, ਇਨ੍ਹਾਂ ਹੋਰ ਲੰਗਾਰ ਲੁਹਾਇਆ ਏ।

ਚੁਗਲੀ ਖਾਣੀ ਰਾਣੀ ਪਿੰਗਲਾਂ ਨੇ

ਕਹਿੰਦੀ ਪਿੰਗਲਾਂ ਰਾਜਿਆ ਸੁਰਤ ਕਰ ਲੈ, ਲਾਗੂ ਹੋਏ ਨੀ ਘਰਾਂ ਦੇ ਚੋਰ ਤੇਰੇ।
ਜੇਹੜੇ ਪਲੇ ਨੇ ਝੂਠਿਆਂ ਟੁਕਰਾਂ ਦੇ, ਅਜ ਹੋ ਗਏ ਹੋਰ ਦੇ ਹੋਰ ਤੇਰੇ।
ਤੇਰੀ ਮੇਹਰ ਪਚਾਇ ਨਾ ਸੱਕਿਆ ਏ, ਪਿਆ ਵੈਰ ਏਹ ਦੇਖ ਕੇ ਲੋਰ ਤੇਰੇ।
ਲੋਕੀਂ ਵੇਖ ਕੇ ਜੀਵਦੇ ਵਡਿਆਂ ਨੂੰ, ਏਥੇ ਮਾਰਣੇ ਦੇ ਹੋਣ ਸ਼ੋਰ ਤੇਰੇ।
ਰੱਤਾਂ ਹੋਈਆਂ ਸੁਫੈਦ[1] ਜ਼ਹਾਨ ਅੰਦਰ, ਭਾਈ ਗਏ ਮੁਹੱਬਤਾਂ ਤੋੜ ਤੇਰੇ।
ਬਾਹਵਾਂ ਸੱਜੀਆਂ ਹੋਂਵਦੇ ਵੀਰ ਸਕੇ, ਨਾਲ ਮਾਤ੍ਰਾਂ[2] ਦੇ ਕਾਹਦੇ ਜ਼ੋਰ ਤੇਰੇ।
ਓੜਕ ਸਚ ਸ਼ਰੀਕ ਸ਼ਰੀਕ ਹੁੰਦੇ, ਲਹੂ ਲੈਣਗੇ ਅੰਤ ਨਚੋੜ ਤੇਰੇ।
ਚਾਤ੍ਰਿਕ ਹੌਸਲਾ ਹੋ ਗਿਆ ਮਾਰਨੇ ਦਾ, ਇਹਨੂੰ ਵੇਖ ਕੇ ਹਡ ਕਮਜ਼ੋਰ ਤੇਰੇ।

---

1. ਰੱਤਾਂ=ਲਹੂ, ਸੁਫੈਦ=ਚਿੱਟਾਂ, ਲਹੂ ਚਿੱਟਾ ਹੋਣਾ ਤੋਂ ਭਾਂਵ ਹੈ ਨਿਘ, ਪ੍ਰੇਮ ਤਰਸ ਨਾ ਰਹਿਣਾ। 2. ਮਤਰੇਆਂ।

ਲੋਕੀ ਆਖਦੇ ਆਪਣੇ ਹੋਣ ਸਕੇ, ਟਲੇ ਆਪਣਾ ਅੰਗ ਨਿਭਾਉਨੋਂ ਨਾ।
ਮਾੜ੍ਹ ਲੱਖ ਮੁਹੱਬਤਾਂ ਕਰੇ ਉਤੋਂ, ਟਲਦਾ ਕਦੇ ਓਹ ਧ੍ਰੋਹ ਕਮਾਉਨੋਂ ਨਾ।
ਸੱਪਾਂ ਦੁਧ ਪਿਆਲ ਕੇ ਪਾਲ ਲਈਏ, ਟਲਦਾ ਕਦੇ ਓਹ ਧ੍ਰੋਹ ਕਮਾਉਨੋਂ ਨਾ।
ਕਾਉਂ ਵਿਚ ਹੰਸਾਂ ਮੋਤੀ ਚੁਗ ਆਵੇ, ਹਟੇ ਕਦੇ ਓਹ ਗੰਦ ਫੁਲਾਉਨੋਂ ਨਾ।
ਖਚਰੇ ਮਰਦ ਦੀ ਗੱਲ ਤੇ ਭੁਲੀਏ ਨਾ, ਵੇਲਾ ਪਾ ਓਹ ਟਲੇ ਦੁਖਾਉਨੋਂ ਨਾ।
ਅਜੇ ਸਮਝ ਵੇਲਾ ਕਰ ਲੈ ਕੁਝ ਕਾਰੀ, ਮਤਾਂ ਫੇਰ ਪਿਛੋਂ ਪਛੋਤਾਉਨੋਂ ਨਾ।
ਏਸ ਰੰਗ ਨੇ ਰੰਗ ਲੈ ਹੋਰ ਆਂਦਾ, ਉਕੂ ਏਸ ਨੂੰ ਖੁੰਬ[1] ਚੜ੍ਹਾਉਨੋਂ ਨਾ।
ਪਲੇ ਘਰਾਂ ਵਿਚ ਕਲਾ ਦਾ ਮੂਲ ਚਾਤ੍ਰਿਕ, ਕਰਨੀ ਦੇਰ ਇਸ ਗਿਲਾ ਹਟਾਉਨੋਂ ਨਾ।

ਕਵੀਓ ਵਾਚ

ਰੰਨਾ ਸਖਤ ਜ਼ਾਲਮ ਜਬਰਦਸਤ ਮੰਡ੍ਹ, ਇਹਨਾਂ ਪਾਸ ਹੈ ਸੀਤਿਆਂ ਪਾੜਨੇ ਦਾ।
ਇਹਨਾਂ ਸਿਖਿਆ ਸਬਕ ਸ਼ੈਤਾਨ ਪਾਸੋਂ, ਘਰ ਵਸਦਿਆਂ ਤਾਈਂ ਉਜਾੜਨੇ ਦਾ।
ਗੱਲਾਂ ਲਾਨ ਐਸੀ ਸੋਖਤੀ[2] ਨਾਲ ਭਰਕੇ, ਮੰਡ੍ਹ ਫੂਰੇ ਫੌਰਨ ਗੁਸਾ ਚਾੜ੍ਹਨੇ ਦਾ।
ਬੇਈਮਾਨ ਕਰ ਦੇਂਦੀਆਂ ਮਾਪਿਆਂ ਤੋਂ, ਸਦਾ ਸਬਕ ਸਿਖਾਂਦੀਆਂ ਝਾੜਨੇ ਦਾ।
ਪਾਵਣ ਵੈਰ ਸਿਰ ਵਢਵੇਂ ਵਿਚ ਭਾਈਆਂ, ਕਰਤਬ ਸਿਖਿਆ ਏ ਭਰਮਾਵਨੇ ਦਾ।
ਪਏ ਵਸ ਜੇਹੜਾ ਹੈਂਸਿਆਰੀਆਂ ਦੇ, ਝਸ ਪਾਂਦੀਆਂ ਬਦੀ ਚਿਤਾਰਨੇ ਦਾ।
ਤਾਰੇ ਤੋੜ ਅਸਮਾਨ ਤੋਂ ਹੇਠ ਸੁਟਣ, ਲਗੇ ਪਤਾ ਨਾ ਇਨ੍ਹਾਂ ਦੇ ਕਾਰਨੇ ਦਾ।
ਖਟੇ ਮਿਠਿਆਂ ਲਾਂਦੀਆਂ ਫਿਰਨ ਸਾਰੇ, ਕਿਤੇ ਚਾੜਨੇ ਕਿਤੇ ਉਤਾਰਨੇ ਦਾ।
ਖਸਮਾਂ ਤਾਈਂ ਨਚਾਂਦੀਆਂ ਉਂਗਲਾਂ ਤੇ, ਜਾਦੂ ਪਾਣ ਤੜਫਾਇਕੇ ਮਾਰਨੇ ਦਾ।
ਜਿਵੇਂ ਕਹਿੰਦੀਆਂ ਤਿਵੇਂ ਕਰਾਂਦੀਆਂ ਨੇ, ਮੌਕਿਆ ਦੇਣ ਨਾ ਸੋਚ ਵਿਚਾਰਨੇ ਦਾ।
ਲੋਕੀ ਵਲ ਜਾਨਣ ਡੰਗਰ ਚਾਰਨੇ ਦਾ, ਇਨਾ ਵਲ ਹੈ ਆਦਮੀ ਚਾਰਨੇ ਦਾ।
ਮਾਯਾ ਪਾਇਕੇ ਮੋਹਿਆ ਜੱਗ ਏਨਾ, ਵੇਲਾ ਦੇਣ ਨਾ ਨਾਮ ਉਚਾਰਨੇ ਦਾ।
ਵੇਦ ਪੰਜਵਾਂ ਇਨ੍ਹਾਂ ਦਾ ਵਖਰਾ ਏ, ਮਕਰ ਚਾਰ ਸੌ[3] ਚਾਰ ਖਿਲਾਰਨੇ ਦਾ।
ਧੰਨ ਇਲਮ ਤੇ ਧੰਨ ਹੈ ਗੁਰੂ ਏਨ੍ਹਾ, ਚਾਤ੍ਰਿਕ ਇਨ੍ਹਾਂ ਤੋਂ ਵਾਰਨੇ ਵਾਰਨੇ ਦਾ।

ਗੁਸੇ ਹੋਣਾ ਰਾਜਾ ਭਰਥਰੀ ਦਾ ਅਰ ਬਨਬਾਸ ਦੇ ਦੇਣਾ ਬਿਕ੍ਰਮਾਜੀਤ ਨੂੰ

ਰੱਸੀ ਅਗੇ ਹੀ ਭਰਮ ਦੀ ਲਟਕਦੀ ਸੀ, ਜ਼ਰਾ ਪੈਣ ਦੀ ਦੇਰ ਸੀ ਸਾਯਾ ਏ।
ਸੱਪ ਨਜ਼ਰ ਆਇਆ ਮਨੋਂ ਉਠ ਐਵੇਂ, ਝੂਠੀ ਗੱਲ ਨੂੰ ਸਚ ਮਨਾਯਾ ਏ।

1. ਭਠੀ ਚਾੜਨੀ, ਧੋਬੀ ਵਾਂਗ। 2. ਸਾੜੇ। 3. ਪ੍ਰਚਲਤ ਵਿਚਾਰ ਹੈ ਕਿ ਇਸਤ੍ਰੀਆਂ ਵਿਚ 404 ਚਲਿਤ (ਚਲਾਕੀਆਂ) ਹੁੰਦੀਆਂ ਹਨ, ਗੁਰੂ ਗੋਬਿੰਦ ਸਿੰਘ ਜੀ ਨੇ 404 ਚਰਿਤ੍ਰ (ਸੁਭਾਅ) ਲਿਖੇ ਹਨ, ਸ਼ਾਇਦ ਉਨ੍ਹਾਂ ਤੋਂ ਆਮ ਭਾਸ਼ਾ ਵਿਚ 404 ਚਲਿਤ੍ਰ ਪਚਲਤ ਹੋ ਗਏ ਹਨ।

ਨਾਰਾਂ ਆਪਣੀ ਐਸ਼ ਅਰਾਮ ਖਾਤਰ, ਕੰਡਾ ਬਿਕ੍ਰਮੀ ਦਾ ਹੁਣ ਹਟਾਯਾ ਏ।
ਦੂਤੀ ਲੋਚਦੇ ਮਿਲੇ ਫਸਾਦ ਕਰਨਾ, ਨਿਰਾ ਬਿਕ੍ਰਮੀ ਦਾ ਖੌਫ ਛਾਯਾ ਏ।
ਸੂਰਜ ਉਲੂਆਂ ਤਾਂਈਂ ਨਾ ਲਗੇ ਚੰਗਾ, ਚੋਰਾਂ ਚੰਦ ਨਾ ਰਾਤ ਨੂੰ ਭਾਯਾ ਏ।
ਚਾਤ੍ਰਿਕ ਭਰਤ ਦੀ ਅੱਕਲ ਤੇ ਪਿਆ ਪੜਦਾ, ਸਕਾ ਵੀਰ ਪਰਦੇਸ ਕਢਾਯਾ ਏ।

ਗੁਸੇ ਹੋਣਾ ਰਾਜਾ ਭਰਥਰੀ ਨੇ ਬਿਕ੍ਰਮਾਜੀਤ ਨੂੰ

ਕ੍ਰੋਧ ਅਗ ਨੇ ਸਾੜਯਾ ਮਾਰ ਸ਼ਅਲਾ[1], ਸੁਣਕੇ ਗੱਲ ਰਾਜਾ ਲਾਲੋ ਲਾਲ ਹੋਯਾ।
ਮੂੰਹੋਂ ਝੱਗ ਛੂਟੀ ਲਰਜ਼ਾ[2] ਜਿਸਮ ਖਾਧਾ, ਜੋਸ਼ ਖੂਨ ਅੰਦਰ ਗੁਸੇ ਨਾਲ ਹੋਯਾ।
ਸਦ ਬਿਕ੍ਰਮਾਜੀਤ ਨੂੰ ਕਹਿਣ ਲਗਾ, ਤੈਥੋਂ ਭਾਈਆ ਭਲਾ ਕਮਾਲ ਹੋਯਾ।
ਅਸਲੇ ਨੇਕ ਦਾ ਏਹੋ ਅਸੂਲ ਹੁੰਦਾ, ਜਿਹੜਾ ਅਜ ਤੇਰੇ ਨਾਲ ਹਾਲ ਹੋਯਾ।
ਮੇਰੀ ਜਾਨ ਤੇ ਕਰਨ ਹੁਣ ਵਾਰ ਲਗੋਂ, ਮੇਰਾ ਜੀਵਣਾ ਤੁਧ ਵਬਾਲ[3] ਹੋਯਾ।
ਮੇਰੇ ਦੇਸ ਅੰਦਰ ਤੇਰੀ ਜਾਹ ਨਾਹੀਂ, ਤੈਨੂੰ ਰਾਜ ਤੇ ਬੈਹਣ ਦਾ ਖਯਾਲ ਹੋਯਾ।
ਕੋਈ ਹੋਰ ਵਲਾਇਤਾਂ ਭਾਲ ਭਾਈ, ਜੇਕਰ ਚਾਹੁੰਦਾ ਏਂ ਸਾਂਝੀ ਵਾਲ ਹੋਯਾ।
ਚਾਤ੍ਰਿਕ ਸਿੰਗ ਸਮਾ ਜਾ ਹੋਰਥੇ ਤੂੰ, ਮੇਰਾ ਦੁਖੀ ਤੈਥੋਂ ਵਾਲ ਵਾਲ ਹੋਯਾ।

ਜਵਾਬ ਬਿਕ੍ਰਮਾਜੀਤ ਜੀ

ਏਹ ਕੀ ਭਰਮ ਭਰਾ ਜੀ ਧਾਰਿਓ ਜੇ ? ਕੁਝ ਸੋਚ ਕੇ ਗੱਲ ਉਚਾਰਿਓ ਜੇ।
ਕੇਹਾ ਬੁਰਾ ਹਾਲ ਏਹ ਹੋਯਾ ਪੈਦਾ ਕਿਹੜੀ ਗੱਲ ਤੋਂ ਵੈਹਮ ਚਿਤਾਰਿਓ ਜੇ।
ਬੇ-ਕਸੂਰ ਭਰਾ ਨੂੰ ਲੀਕ ਲਾਂਓ ਜ਼ਰਾ ਨਹੀਂ ਇਨਸਾਫ ਉਚਾਰਿਓ ਜੇ।
ਤੁਸਾਂ ਬੈਠ ਕੇ ਤਖਤ ਇਨਸਾਫ ਉਤੇ, ਜ਼ਰਾ ਝੂਠ ਤੇ ਸਚ ਨਿਤਾਰਿਓ ਜੇ।
ਜੇ ਕਰ ਕੁਝ ਗੁਨਾਹ ਤਕਸੀਰ[4] ਦੇਖੋ, ਪੁਠਾ ਟੰਗ ਕੇ ਖਲ ਉਤਾਰਿਓ ਜੇ।
ਭਾਵੇਂ ਦਾਰ[5] ਤੇ ਦਾਸ ਨੂੰ ਚਾੜ੍ਹਿਓ ਜੇ, ਭਾਵੇਂ ਜ਼ੈਹਰ ਖਵਾ ਕੇ ਮਾਰਿਓ ਜੇ।
ਐਪਰ ਵੀਰ ਜੀ ਬਿਨਾਂ ਤਕਸੀਰ ਤਾਂਈ, ਧੱਕਾ ਦੇ ਨਾ ਦਰੋਂ ਦੁਰਕਾਰਿਓ ਜੇ।
ਜੇਕਰ ਉਂਞ ਆਖੋ ਜਾਵਾਂ ਲਖ ਵਾਰੀ, ਲਾ ਕੇ ਲੀਕ ਨਾ ਬਾਹਰ ਖਿਲਾਰਿਓ ਜੇ।
ਮੇਰੇ ਬਾਪ ਬਜਾਇ[6] ਹੋ ਵੀਰ ਵਡੇ, ਪੁਤਰ ਜਾਨ ਨਾ ਦਿਲੋਂ ਵਿਸਾਰਿਓ ਜੇ।
ਮਾਊਂ ਬਾਪ ਨੇ ਆਪਦੇ ਜ਼ੇਰ[7] ਕੀਤਾ, ਵਡੇ ਵੀਰ ਦਾ ਧਰਮ ਨਾ ਹਾਰਿਓ ਜੇ।
ਮੈਂ ਹਾਂ ਜਾਣਦਾ ਕਿਸੇ ਨੇ ਖਾ ਚੁਗਲੀ, ਬੁਰੇ ਮੁਝ ਦੇ ਕਾਨ[8] ਵੰਗਾਰਿਓ ਜੇ।
ਦੂਤੀ[9] ਕਰਨ ਅਨਹੋਈਆਂ ਨਿਤ ਗਲਾਂ, ਜ਼ਰਾ ਸੋਚ ਕੇ ਦਿਲੇ ਵਿਚ ਧਾਰਿਓ ਜੇ।
ਐਵੇਂ ਪਾਪ ਦਾ ਭਾਰ ਨਾ ਚੁਕਿਓ ਜੇ, ਨਾ ਬੇਦੋਸੜਾ ਖੂਨ ਗੁਜ਼ਾਰਿਓ ਜੇ।

1. ਲਾਟ। 2. ਕਾਂਬਾ। 3. ਦੁਖ। 4. ਗਲਤੀ, ਭੁਲ। 5. ਫਾਂਸੀ 6. ਬਦਲੇ, ਭਾਵ ਪਿਤਾ ਦੀ ਥਾਂ ਤੇ।
7. ਅਧੀਨ, ਤਾਬਿਆ, ਹੇਠ। 8. ਕਾਰਨ, ਵਾਸਤੇ। 9. ਭਾਵ ਚੁਗਲ ਤੋਂ ਹੈ।

ਮੈਂ ਤਾਂ ਜਾਨ ਭੀ ਕਹੋ ਤਾਂ ਕਰਾਂ ਹਾਜ਼ਰ, ਐਪਰ ਸੋਚ ਕੇ ਹਥ ਉਲਾਰਿਓ ਜੇ।
ਗਿਆ ਵਕਤ ਨਾ ਆਂਵਦਾ ਹਥ ਪਿਛੋਂ, ਆਖੇ ਲਗ ਨਾ ਕਿਸੇ ਨਿਕਾਰਿਓ ਜੇ।
ਚਾਤ੍ਰਿਕ ਆਬ[1] ਮੋਤੀ ਦੀ ਨਾ ਮਾਰਿਓ ਜੇ, ਨਾ ਏਹ ਝੂਠ ਪਹਾੜ ਉਸਾਰਿਓ ਜੇ।

ਜਵਾਬ ਮਹਾਰਾਜਾ ਭਰਥਰੀ ਦਾ

ਹੋ ਜਾ ਦੂਰ ਹਰਾਮੀਆਂ ਅੱਖੀਆਂ ਤੋਂ, ਮੇਰੇ ਸਾਹਮਣੇ ਕਰੇਂ ਬਕਵਾਸ ਮੂਰਖ।
ਤੇਰੀ ਹੋਈ ਮਾਲੂਮ ਕਰਤੂਤ ਸਾਰੀ, ਮੁਆਫ ਹੋਣ ਦੀ ਰੱਖ ਨਾ ਆਸ ਮੂਰਖ।
ਓਹਲੇ ਹੋਇ ਕੇ ਕਰੇਂ ਬਗਾਵਤਾਂ ਤੂੰ, ਮੇਰੇ ਸਾਹਮਣੇ ਬਣੇਂ ਆ ਦਾਸ ਮੂਰਖ।
ਅਦਰ ਜ਼ਹਿਰ ਦੀ ਗੰਦਲਾਂ ਵਾਂਗ ਤੇਰਾ, ਉਤੋਂ ਆਂਵਦੀ ਨਜ਼ਰ ਮਿਠਾਸ ਮੂਰਖ।
ਤੈਨੂੰ ਸ਼ਰਮ ਹਯਾ ਨਾ ਜ਼ਰਾ ਆਇਆ, ਨਾਹੀਂ ਕੀਤੀ ਓਈ ਕੁਛ ਕਿਆਸ[2] ਮੂਰਖ।
ਸਚ ਆਖਦੇ ਇਕ ਵਲਾਇਤ[3] ਅੰਦਰ, ਚੰਗਾ ਨਹੀਂ ਦੋ ਵਾਰਸਾਂ ਵਾਸ ਮੂਰਖ।
ਤੂੰ ਹੁਣ ਹੋਰ ਨਾ ਬੋਲ ਬੁਲਾ ਬਹੁਤਾ, ਐਥੇ ਠਹਿਰ ਨਾ ਮੁਝ ਦੇ ਪਾਸ ਮੂਰਖ।
ਗਾਂਢੇ ਜੋੜ ਕੇ ਲਖ ਤੂੰ ਪਾ ਪੜਦਾ, ਟੁਟੇ ਕਦੇ ਨਾ ਆਂਵਦੇ ਰਾਸ ਮੂਰਖ।
ਤੇਰਾ ਜੁਰਮ[4] ਨਾ ਬਖਸ਼ਨੇ ਜੋਗ ਹੈਸੀ, ਐਪਰ ਫੇਰ ਭਰਾ ਦਾ ਪਾਸ ਮੂਰਖ।
ਜਾਨ ਬਖਸ਼ ਦਿਤੀ ਤੇਰੀ ਜਾਹ ਚਾਤ੍ਰਿਕ, ਸਾਰੀ ਉਮਰ ਦਾ ਕੱਟ ਬਨਬਾਸ ਮੂਰਖ।

ਸਮਝਾਨਾ ਮੰਤ੍ਰੀ ਜੀ ਨੇ ਮਹਾਰਾਜਾ ਭਰਥਰੀ ਜੀ ਨੂੰ

ਕੋਲੋਂ ਮੰਤ੍ਰੀ ਉਠ ਕੇ ਅਰਜ਼ ਕੀਤੀ, ਐਸਾ ਭਰਮ ਮਹਾਰਾਜ ਜੀ ਪਾਵੀਓ ਨਾ।
ਬੀਰ ਬਿਕ੍ਰਮਾਜੀਤ ਧਰਮੱਗ[5] ਪੂਰਾ, ਝੂਠੀ ਊਜ ਇਹ ਓਸ ਤੇ ਲਾਵੀਓ ਨਾ।
ਦਿਨੇ ਰਾਤ ਮੇਰਾ ਵਾਹ ਨਾਲ ਉਸਦੇ, ਤੁਸੀਂ ਜ਼ਰਾ ਖਿਆਲ ਲਿਆਵੀਓ ਨਾ।
ਐਸਾ ਧਰਮ ਵਾਲਾ ਸੇਵਾਦਾਰ ਭਾਈ, ਧੱਕਾ ਦੇ ਕੇ ਘਰੋਂ ਕਢਾਵੀਓ ਨਾ।
ਆਖੇ ਕਿਸੇ ਬਦਖਵਾਹ[6] ਦੇ ਲਗ ਕੇ ਤੇ, ਇਹ ਅਮੁਲੜਾ ਲਾਲ ਗਵਾਵੀਓ ਨਾ।
ਅਖੀਂ ਦੇਖ ਕੇ ਕੁਝ ਕਲੰਕ ਲਾਈਓ, ਨਿਰੇ ਸੁਣਨ ਦੇ ਨਾਲ ਪਤਿਆਵੀਓ ਨਾ।
ਬਾਹਵਾਂ ਵੀਰ ਨਾ ਆਂਵਦੇ ਹਥ ਮੁੜ ਕੇ, ਹਥੋਂ ਵੀਰ ਧਰਮੱਗ ਵੰਜਾਵੀਓ ਨਾ।
ਬਾਰ ਬਾਰ ਮੈਂ ਬੇਨਤੀ ਕਰਾਂ ਰਾਜਨ, ਏਸ ਜ਼ੁਲਮ ਦੇ ਰਾਹ ਤੇ ਆਵੀਓ ਨਾ।
ਨਹੀਂ ਤਾਂ ਯਾਦ ਰਖੋ ਪਿਛੋਂ ਯਾਦ ਕਰਸੋ, ਮੇਰਾ ਆਖਿਆ ਦਿਲੋਂ ਭੁਲਾਵੀਓ ਨਾ।
ਸਾਰਾ ਕੰਮ ਸੰਭਾਲ ਕੇ ਏਹੋ ਬੈਠਾ, ਵਸਦਾ ਦੇਸ ਉਜਾੜ ਕਰਾਵੀਓ ਨਾ।
ਇਸਦੇ ਬਾਝ ਨਾ ਰਾਜ ਦਾ ਕਾਜ ਹੋਣਾ, ਏਸ ਟੈਹਲ ਤੋਂ ਵੀਰ ਹਟਾਵੀਓ ਨਾ।
ਇਹਨੂੰ ਹਿੱਕ ਦੇ ਨਾਲ ਲਗਾਵੀਓ ਜੇ, ਵੀਰ ਜੰਗਲੀਂ ਬਨੀਂ ਰੁਲਾਵੀਓ ਨਾ।

---

1. ਚਮਕ, ਸ਼ਾਨ। 2. ਖਿਆਲ, ਸੋਚ। 3. ਦੇਸ 4. ਦੋਸ਼, ਕਸੂਰ।
5. ਧਰਮਗਯ ਅਰਥਾਤ ਧਰਮ ਨੂੰ ਸਮਝਦਾ। 6.ਬੁਰੀ ਨੀਤ ਵਾਲੇ ਦੇ।

ਜਾਨ ਜਿੰਦ ਭਰਾਇ ਦੀ ਜਿੰਦ ਇਕੋ, ਜੀਉ ਏਸਦਾ ਝਿੜਕ ਕੇ ਢਾਵੀਓ ਨਾ।
ਬੇਗੁਨਾਹ ਨੂੰ ਤੋਹਮਤਾਂ[1] ਲਾਇ ਕੇ ਤੇ, ਇਹ ਗੁਨਾਹ ਦਾ ਭਾਰ ਚੜ੍ਹਾਵੀਓ ਨਾ।
ਦਾਸਾਂ ਦੂਤੀਆਂ ਦੇ ਵਿਚ ਫਸ ਕੇ ਤੇ, ਅੰਬ ਵਢ ਕੇ ਅੱਕ ਲਗਾਵੀਓ ਨਾ।
ਚਾਤ੍ਰਿਕ ਏਸ ਬਾਝੋਂ ਬੁਰਾ ਹਾਲ ਹੋਸੀ, ਜ਼ੈਹਰ ਆਪ ਖਰੀਦ ਕੇ ਖਾਵੀਓ ਨਾ।

ਜਵਾਬ ਮਹਾਰਾਜਾ ਭਰਥਰੀ ਜੀ

ਤੂੰ ਦਾਨਾ ਬੇਸ਼ਕ ਪਰਧਾਨ ਮੇਰੇ, ਐਪਰ ਇਹ ਨਾ ਅਕਲ ਦੀ ਗੱਲ ਤੇਰੀ।
ਮੇਰੇ ਰੋਅਬ ਨੂੰ ਭੁਲਕੇ ਕਰੇਂ ਗੱਲਾਂ, ਸੁਰਤ ਗਈ ਅਸਮਾਨ ਦੇ ਵਲ ਤੇਰੀ।
ਤੈਨੂੰ ਬੋਲਣਾ ਏਸ ਵਿਚ ਨਹੀਂ ਵਾਜਬ, ਏਸੇ ਗੱਲ ਅੰਦਰ ਚੰਗੀ ਭਲ ਤੇਰੀ।
ਵਰਨਾ ਏਸ ਦੇ ਨਾਲ ਹੀ ਰਲੇਗਾ ਤੂੰ, ਯਾ ਉਤਾਰਸਾਂ ਟੰਗ ਕੇ ਖਲ ਤੇਰੀ।
ਸ਼ਾਇਦ ਦੋਹਾਂ ਦੀ ਇਕ ਸਲਾਹ ਹੋਈ, ਚੁਕੀ ਹੋਈ ਹੈ ਸਾਰੜੀ ਕਲ ਤੇਰੀ।
ਬਸ, ਹੋਰ ਨਾ ਬੋਲ ਨਾ ਬੈਠ ਏਥੇ, ਮੈਂ ਹੁਣ ਗੱਲ ਨਾ ਸਕਦਾ ਝਲ ਤੇਰੀ।
ਮੈਂ ਨਾ ਰਹਿਣ ਦੇਣਾ ਇਹਨੂੰ ਦੇਸ਼ ਅੰਦਰ, ਏਥੇ ਪੇਸ਼ ਨਾ ਸਕਦੀ ਚਲ ਤੇਰੀ।
ਚਾਤ੍ਰਿਕ ਚੋਰ ਦੀ ਕਰੇਂ ਹਮਾਇਤ ਆ ਕੇ, ਨੀਯਤ ਗਈ ਹੈ ਸ਼ਾਇਦ ਬਦਲ ਤੇਰੀ।

ਕਵੀਓ ਵਾਚ

ਹਠ ਇਸਤ੍ਰੀ ਬਾਲ ਤੇ ਰਾਜਿਆਂ ਦਾ, ਮਸ਼ਹੂਰ ਹੈ ਕੁਲ ਜਹਾਨ ਅੰਦਰ।
ਜਦੋਂ ਜ਼ਿਦੇ ਚੜ੍ਹ ਜਾਣ ਨਿਭਾਨ ਤਿੰਨੇ, ਗੱਲ ਰਹੇ ਨਾ ਫੇਰ ਸਮਝਾਨ ਅੰਦਰ।
ਚੁਪ ਰਹਿਣ ਤਾਂ ਗਡੀਆਂ ਲੰਘ ਜਾਵਨ, ਪੈਣ ਦੇਣ ਨਾ ਗੱਲ ਧਿਆਨ ਅੰਦਰ।
ਐਪਰ ਚੜ੍ਹਨ ਹਵਾ ਦੇ ਜਦੋਂ ਘੋੜੇ, ਫੁਲਾਂ ਸਟ ਨਾ ਆਵੇ ਸੁਖਾਨ ਅੰਦਰ।
ਰਾਜੇ ਭਰਤ ਦਾ ਜੀਉ ਬਦਜ਼ਨ[2] ਹੋਯਾ, ਜਿਨ ਹੋਇਕੇ ਵੜ ਗਿਆ ਜਾਨ ਅੰਦਰ।
ਕਿਹੜਾ ਮਾਂਦ੍ਰੀ ਕਰੇ ਇਲਾਜ ਆਕੇ ? ਲਾਇ ਲਾਜ ਦੀ ਮਰਜ਼ ਖਫਕਾਨ[3] ਅੰਦਰ।
ਥਰ ਥਰ ਕੰਬਦਾ ਮੰਤ੍ਰੀ ਖੜਾ ਅਗੇ, ਲਗਾ ਜੰਦਰਾ ਸਖਤ ਜਬਾਨ ਅੰਦਰ।
ਰਾਜੇ ਆਖਿਆ ਮੰਤ੍ਰੀ ਮਹਲ ਦੇ ਨੂੰ, ਦੋਵੇਂ ਰਹਿਣ ਨਾ ਦਿਓ ਮਕਾਨ ਅੰਦਰ।
ਅਜ ਓਹ ਬੇਇਜ਼ਤੀ ਭੂਪ ਕੀਤੀ, ਜੇਹੜੀ ਨਹੀਂ ਸੀ ਵੈਹਮ ਗੁਮਾਨ[4] ਅੰਦਰ।
ਗਏ ਘਰੀਂ ਪਰ ਪਵੇ ਆਰਾਮ ਕਿਥੋਂ ? ਰਾਤ ਲੰਘ ਗਈ ਆਹੋ ਫਗਾਨ[5] ਅੰਦਰ।
ਭਾਵੇਂ ਜਾਨ ਫਿਦਾ[6] ਸੀ ਬਿਕ੍ਰਮੀ ਤੋਂ, ਐਪਰ ਬੋਲਣਾ ਨਹੀਂ ਇਮਕਾਨ[7] ਅੰਦਰ।
ਕੀਤਾ ਚੁਪ ਨਸੀਬ ਤੇ ਸੁਟ ਕੇ ਤੇ, ਆਇਆ ਭਰਤ ਦਾ ਰਾਜ਼ ਖਿਜ਼ਾਨ[8] ਅੰਦਰ।

1. ਊਜ ਦੋਸ਼। 2. ਭੈੜਾ, ਘ੍ਰਿਣਾ ਨਾਲ ਭਰਿਆ। 3. ਦਿਲ ਦੀ ਧੜਕਨ ਦੇ ਰੋਗ। 4. ਭਰਮ,ਖਿਆਲ।
5. ਰੋਣ ਚੀਕਣ। 6. ਕੁਰਬਾਨ। 7. ਗੁੰਜਾਇਸ਼। 8. ਪੱਤਝੜ ਅਰਥਾਤ ਦੁਖ ਘਾਟੇ ਦਾ ਸਮਾਂ।

ਬਿਕ੍ਰਮਾਜੀਤ ਨੂੰ ਲਗੇ ਨਾ ਵਾ ਤੱਤੀ ਮੇਹਰ ਪਏਗੀ ਜੀਉ ਭਗਵਾਨ ਅੰਦਰ।
ਐਪਰ ਰਾਜ ਤਬਾਹ ਹੋ ਜਾਵਸੀ ਏਹ, ਆਯਾ ਭਰਥਰੀ ਅਜ ਅਭਮਾਨ ਅੰਦਰ।

ਪ੍ਰਾਰਥਨਾ ਕਰਨੀ ਬਿਕ੍ਰਮਾਜੀਤ ਦੀ ਪਰਮਾਤਮਾ ਅਗੇ

ਬਿਕ੍ਰਮ ਤੁਰਦਿਆਂ ਇਹ ਦੂਆ ਕੀਤੀ, ਕਰਤਾਰ ਮੇਰੇ ਨਮਸਕਾਰ ਹੋਵੇ।
ਅੰਗ ਸੰਗ ਹਰ ਹਾਲ ਦੇ ਵਿਚ ਰਹਿਣਾ, ਮੇਰੇ ਹਾਲ ਤੇ ਮੇਹਰ ਦਾਤਾਰ ਹੋਵੇ।
ਹੋਵੇ ਮੇਹਰ ਉਜੈਨ ਦੇ ਸ਼ਹਿਰ ਉਤੇ, ਮਸ਼ਹੂਰ ਇਹ ਦੂਰ ਦਿਆਰ ਹੋਵੇ।
ਮੇਰੇ ਭਾਈ ਦੇ ਹੋਣਾ ਸਹਾਈ ਹਰਦਮ, ਰਾਜਧਾਨੀ ਇਸਦੀ ਵਸਨਹਾਰ ਹੋਵੇ।
ਮੇਰੇ ਨਾਲ ਜੋ ਸਖਤੀਆਂ ਕੀਤੀਆਂ ਸੂ, ਏਸ ਪਾਪ ਦਾ ਨਾ ਸਜਾਵਾਰ ਹੋਵੇ।
ਮੇਰੇ ਵਾਸਤੇ ਕੋਈ ਨਾ ਦੂਖ ਹੋਵੇ, ਕਾਇਮ ਸਦਾ ਸਰਕਾਰ ਦਰਬਾਰ ਹੋਵੇ।
ਰੈਹਸੂ ਚੈਨ ਆਰਾਮ ਤਮਾਮ ਉਮਰਾਂ, ਕਿਸੇ ਗੱਲ ਤੋਂ ਨਾ ਅਵਾਜ਼ਾਰ[1] ਹੋਵੇ।
ਰਹੇ ਮੁਲਕ ਉਜ਼ੈਨ ਸੁਖ ਚੈਨ ਅੰਦਰ, ਅਠੇ ਪਹਿਰ ਹੀ ਮੰਗਲਾਚਾਰ ਹੋਵੇ।
ਤੇਰੀ ਮੇਹਰ ਦਾ ਸਦਾ ਬਲਕਾਰ ਹੋਵੇ, ਨੇੜੇ ਕਦੇ ਨਾ ਦੂਖ ਆਜ਼ਾਰ[2] ਹੋਵੇ।
ਚਾਤ੍ਰਿਕ ਦਾਸ ਦੀ ਖਾਤਰੇ ਦੂਖ ਪਾ ਕੇ, ਕੋਈ ਦੁਖੀ ਨਹੀਂ ਸਿਰਜਨਹਾਰ ਹੋਵੇ।

ਵਿਦਾ ਹੋਣਾ ਬਿਕ੍ਰਮਾਜੀਤ ਦਾ ਉਜੈਨ ਨਗਰੀ ਤੋਂ

ਤੜਕ ਸਾਰ ਦੇ ਮੂੰਹ ਹਨੇਰੜੇ ਹੀ, ਬਿਕ੍ਰਮ ਸ਼ਹਿਰ ਤੋਂ ਨਿਕਲ ਰਵਾਨ ਹੋਯਾ[3]।
ਘਰੋਂ ਨਿਕਲਦੇ ਜ਼ਰਾ ਨਾ ਰੰਜ ਕੀਤਾ, ਓਹਦਾ ਰਾਮ ਦੇ ਵਲ ਧਯਾਨ ਹੋਯਾ।
ਉਸਨੇ ਬਾਪ ਦੇ ਹੁਕਮ ਨੂੰ ਪਾਲਿਆ ਸੀ, ਇਸ ਨੂੰ ਵੀਰ ਦਾ ਹੁਕਮ ਪ੍ਰਵਾਨ ਹੋਯਾ।
ਰਾਮਚੰਦ ਜੀ ਗਏ ਸਨ ਵਲ ਦੱਖਣ, ਪੰਚ ਬਟੀ[4] ਦਾ ਵਾਸ ਸੀ ਆਨ ਹੋਯਾ।
ਤੁਰਿਆ ਬਿਕ੍ਰਮੀ ਇਸ ਤਰ੍ਹਾਂ ਵਲ ਪਛਮ, ਗੰਗਾ ਤੀਰ[5] ਤੇ ਜਾਇ ਇਸ਼ਨਾਨ ਹੋਯਾ।
ਰਿਹਾ ਯਾਦ ਉਜੈਨ ਨਾ ਵੇਖ ਕੇ ਤੇ, ਸਾਰੇ ਸਫਰ ਦਾ ਦੂਰ ਥਕਾਨ ਹੋਯਾ।
ਉਚੇ ਮੈਹਲ ਅਟਾਰੀਆਂ ਭੁਲ ਗਈਆਂ, ਗੰਗਾਧਾਰ ਦੀ ਸਿਲਾ ਅਸਥਾਨ ਹੋਯਾ।
ਲਖ ਫਿਕਰ ਸਨ ਘਰਾਂ ਦੇ ਵਿਚ ਹੁੰਦੇ, ਏਥੇ ਫਿਕਰ ਨਾ ਬਾਝ ਭਗਵਾਨ ਹੋਯਾ।
ਪਈਆਂ ਬੇੜੀਆਂ ਖੁਲ੍ਹੀਆਂ ਖੁਸ਼ੀ ਹੋਈ, ਮੁਲਕ ਫਿਰਨ ਦਾ ਫੇਰ ਸਾਮਾਨ ਹੋਯਾ।
ਫਿਰਕੇ ਦੇਸ ਅੰਦਰ ਸਾਰੇ ਝਾਤ ਮਾਰੀ, ਭਲੇ ਬੁਰੇ ਦਾ ਖੂਬ ਗਿਆਨ ਹੋਯਾ।
ਗੁਣੀ ਗਯਾਨੀਆਂ ਚਾਤ੍ਰਾਂ ਸਯਾਣਿਆ ਦੀ, ਸੋਹਬਤ ਕਰਦਿਆਂ ਬੜਾ ਬੁਧਵਾਨ ਹੋਯਾ।
ਗਯਾਨ, ਧਯਾਨ, ਸਤਿਸੰਗ ਨੂੰ ਕਰਨ ਲੱਗਾ, ਹਰੀ ਭਜਨ ਦੇ ਵਿਚ ਗਲਤਾਨ ਹੋਯਾ।

---

1. ਦੁਖੀ। 2. ਦੁਖ। 3. ਰਵਾਂ ਹੋਇਆ=ਤੁਰ ਪਿਆ।
4. ਗੋਦਾਵਰੀ ਦੇ ਕੰਢੇ ਨਾਸਿਕ ਦੇ ਕੋਲ ਦੰਡਕ ਬਨ ਵਿਚ ਇਕ ਥਾਂ ਜਿਥੇ ਸ੍ਰੀ ਰਾਮ ਚੰਦਰ ਜੀ ਬਨਬਾਸ ਦੇ ਦਿਨਾਂ ਵਿਚ ਸ੍ਰੀ ਲਛਮਣ ਤੇ ਸੀਤਾ ਜੀ ਸਮੇਤ ਰਹੇ ਸਨ। 5. ਗੰਗਾ ਨਦੀ ਦੇ ਕਿਨਾਰੇ।

ਓਹ ਅਰਾਮ ਹੁਣ ਏਸ ਨੂੰ ਖਾਮ[1] ਦਿਸਨ, ਇਸ ਤਕਲੀਫ ਵਿਚ ਸੁਖਾਂ ਦਾ ਭਾਨ[2] ਹੋਯਾ।
ਬਹੁਤ ਕਾਲ ਇਸ ਹਾਲ ਫਿਰ ਦੇਸ ਅੰਦਰ, ਵਲ ਦੇਸ ਆਸਾਮ ਦੇ ਜਾਨ ਹੋਯਾ।
ਗੁਝੀ ਰਹੇ ਨਾ ਚਮਕ ਹਕੂਮਤਾਂ ਦੀ, ਰਾਜਾ ਵੇਖ ਕੇ ਸ਼ਕਲ ਹੈਰਾਨ ਹੋਯਾ।
ਚਾਤ੍ਰਿਕ ਰਾਜ ਦਾ ਕਾਜ ਸਪੁਰਦ ਕੀਤਾ, ਬਿਕ੍ਰਮ ਓਸ ਦਾ ਖਾਸ ਪ੍ਰਧਾਨ ਹੋਯਾ।

ਸ਼ੋਕ ਕਰਨਾ ਸ਼ਹਿਰ ਉਜੈਨ ਨੇ ਬਿਕ੍ਰਮਾਜੀਤ ਦੇ ਬਨਬਾਸ ਨਿਕਲ ਜਾਣ ਤੇ

ਹੋਯਾ ਸ਼ਹਿਰ ਖਾਮੋਸ਼ ਉਜੈਨ ਓਧਰ, ਚੜ੍ਹਿਆ ਦਿਨ ਅਫਜ਼ਾਇਦ[3] ਜਦ ਹਾਲ ਹੋਯਾ।
ਹਾਹਾਕਾਰ ਆਵਾਜ਼ ਚੌਤਰਫ ਆਵੇ, ਰੋਂਦੇ ਲੋਕ ਬਾਜ਼ਾਰ ਹੜਤਾਲ ਹੋਯਾ।
ਜਿਸ ਰੋਜ਼ ਤੋਂ ਬਿਕ੍ਰਮੀ ਗਿਆ ਬਾਹਰ, ਉਸੇ ਰੋਜ਼ ਤੋਂ ਸ਼ੁਰੂ ਜਵਾਲ[4] ਹੋਯਾ।
ਧਾੜੇ ਚੋ਼ਰੀਆਂ ਹੁੰਦੀਆਂ ਰੋਜ਼ ਰੋਸ਼ਨ,[5] ਵਕਤ ਕੱਟਣਾ ਬੜਾ ਮੁਹਾਲ ਹੋਯਾ।
ਜਿਨ੍ਹਾਂ ਫਿਤਨਿਆਂ[6] ਕਲਾ ਨੂੰ ਚੁਕਿਆ ਸੀ, ਉਨ੍ਹਾਂ ਵਾਸਤੇ ਰਬ ਕ੍ਰਿਪਾਲ ਹੋਯਾ।
ਰਾਜਾ ਆਪ ਨਾ ਅੰਦਰੋਂ ਬਾਹਰ ਆਵੇ, ਐਹਲਕਾਰ ਅਮਲਾ[7] ਮਾਲਾ ਮਾਲ ਹੋਯਾ।
ਤੰਗ ਕਰਨ ਖਲਕ ਹਥ ਰੰਗਣੇ ਨੂੰ, ਐਸਾ ਜ਼ੁਲਮ ਦਾ ਕਾਲ ਕਰਾਲ[8] ਹੋਯਾ।
ਕੰਬੀ ਖਲਕ ਉਪਦਰਾਂ ਨਾਲ ਐਸੀ, ਜਿਵੇਂ ਹਿਲਿਆ ਧੌਲ[9] ਭੁੰਚਾਲ ਹੋਯਾ।
ਬੀਰ ਬਿਕ੍ਰਮਾਦਤ ਰੁਣ ਗਿਆ ਓਥੋਂ, ਰਾਜ ਭਰਥਰੀ ਤੋਂ ਨਾ ਸੰਭਾਲ ਹੋਯਾ।
ਭੈੜੇ ਖਲਕ ਦੇ ਸਮਝੀਏ ਭਾਗ ਚਾਤ੍ਰਿਕ ਗੁੰਮ ਜਿਹਦਾ ਬਿਕ੍ਰਮ ਜੈਸਾ ਲਾਲ ਹੋਯਾ।

ਕਵੀਓ ਵਾਚ

ਬਿਕ੍ਰਮ ਵਾਸਤੇ ਤਾਂ ਕੋਈ ਗਲ ਨਾ ਸੀ, ਤਿਨਕਾ ਤੋੜਦੇ ਦੁਖ ਨਾ ਮੰਨਿਆ ਏ।
ਐਪਰ ਵਿਚ ਉਜੈਨ ਦੇ ਓਸ ਪਿਛੇ, ਦੂਜਾ ਬਿਕ੍ਰਮੀ ਹੋਰ ਨਾ ਜੰਮਿਆ ਏ।
ਜਿਹੜਾ ਆਣਕੇ ਰਾਜ ਸੰਭਾਲ ਲੈਂਦਾ, ਜੀਕਰ ਬਿਕ੍ਰਮੀ ਨੇ ਥੰਮ ਥੰਮਿਆ ਏ।
ਮੰਦੇ ਹਾਲ ਖਲਕਤ ਹਾਲ ਹਾਲ ਕੂਕੇ, ਹੋਏ ਬਿਕ੍ਰਮੀ ਬਾਝ ਨਿਕੰਮਿਆ ਏ।
ਐਸੇ ਹਾਲ ਅੰਦਰ ਇਕ ਹੋਰ ਹੋਣੀ, ਵਰਤ[10] ਭਰਤ ਦੇ ਮਾਣ ਨੂੰ ਭੰਨਿਆ ਏ।
ਚਾਤ੍ਰਿਕ ਕੜਾਂ ਪਾਟੇ ਦਰਯਾ ਤਾਂਈ, ਕੌਤਕ ਨਾਰ ਦਿਖਾਇ ਕੇ ਬੰਨਿਆ ਏ।

ਸੋਮ ਬ੍ਰਾਹਮਣ ਦਾ ਹਾਲ

ਸੋਮ ਨਾਮ ਪੰਡਿਤ ਵਿਦਵਾਨ ਭਾਰਾ, ਕਰਦਾ ਸ਼ਿਵਾ ਦੀ ਨਿਤ ਉਪਾਸ਼ਨਾ ਸੀ।
ਹੈਸੀ ਬਾਲ-ਬੱਚੜ-ਦਾਰ, ਤੰਗ ਹਥੋਂ, ਰਹਿੰਦੀ ਧਨ ਦੀ ਓਸ ਨੂੰ ਵਾਸ਼ਨਾ ਸੀ।

1. ਝੂਠੇ। 2. ਪ੍ਰਗਟਾਅ। 3. ਖਿਲਾਰਾ ਅਰਥਾਤ ਜਦ ਗਲ ਖਿਲਰ ਗਈ। 4. ਘਾਟਾ, ਅਵ੍ਰਨਤੀ।
5. ਦਿਨ ਦੀਵੀਂ। 6. ਚਲਾਕ ਲੋਕਾਂ। 7. ਕਰਮਚਾਰੀ। 8. ਭਿਆਨਕ।
9. ਬਲਦ ਭਾਵ ਉਹ ਬਲਦ ਜਿਸ ਧਰਤੀ ਚੁੱਕੀ ਮੰਨੀ ਜਾਂਦੀ ਹੈ। 10. ਬੀਤ ਕੇ।

ਇਕ ਦਿਨ ਗੌਰਜਾਂ[1] ਖੁਸ਼ੀ ਹੋ ਫਲ ਦਿਤਾ, ਕੀਤਾ ਓਸ ਨੂੰ ਦਰੋਂ ਨਿਰਾਸ ਨਾ ਸੀ।
ਜੇਹੜਾ ਖਾਏਗਾ ਬ੍ਰਿਧ ਨਾ ਹੋਏ ਚਾਤ੍ਰਿਕ, ਚੁਕ ਜਾਵਸੀ ਮੌਤ ਦੀ ਸ਼ਾਸਨਾ[2] ਸੀ।

ਬ੍ਰਾਹਮਣ ਦਾ ਆਪਣੇ ਦਿਲ ਵਿਚ ਸੋਚਣਾ

ਸੋਣ ਸੋਚਿਆ ਜ਼ਿੰਦਗੀ ਤਲਖ[3] ਅਗੇ, ਇਸ ਨੂੰ ਖਾਇਕੇ ਹੋਰ ਭੀ ਮਰਾਂਗਾ ਮੈਂ।
ਅਗੇ ਅੰਨ ਦੀ ਤੋਟ ਨੇ ਬੋਟ ਕੀਤਾ, ਕਿਥੋਂ ਪੇਟ ਬੇਸ਼ਰਮ ਨੂੰ ਭਰਾਂਗਾ ਮੈਂ।
ਆਵੇ ਮੌਤ ਤਾਂ ਜਾਨ ਆਰਾਮ ਪਾਵੇ, ਬਹੁਤਾ ਜੀਉ ਕੇ ਹੋਰ ਕੀ ਕਰਾਂਗਾ ਮੈਂ।
ਚਾਤ੍ਰਿਕ ਅੰਨ ਤੇ ਧਨ ਭੰਡਾਰ ਮਿਲਸੀ, ਜਾਕੇ ਭਰਥਰੀ ਦੇ ਅਗੇ ਧਰਾਂਗਾ ਮੈਂ।

ਸੋਮ ਬ੍ਰਾਹਮਣ ਦਾ ਅੰਮ੍ਰਿਤ ਫਲ ਰਾਜਾ ਭਰਥਰੀ ਨੂੰ ਦੇਣਾ

ਇਕ ਦਿਨ ਕਿਸਮਤਾਂ ਨਾਲ ਦਰਬਾਰ ਲਗਾ, ਬ੍ਰਾਹਮਣ ਪਾਸ ਰਾਜੇ ਲੈ ਕੇ ਫਲ ਆਯਾ।
ਫਲ, ਫਲ ਦੇ ਸਭ ਸੁਣਾ ਦਿਤੇ, ਜਿਹੜਾ ਸ਼ਿਵਾ ਦੇ ਲੋਕ ਤੋਂ ਚਲ ਆਯਾ।
ਜਿਹੜਾ ਖਾਵਸੀ ਕਦੇ ਨਾ ਬ੍ਰਿਧ ਹੋਸੀ, ਜੀਉਣਾ ਓਸ ਦਾ ਸਦਾ ਅਟੱਲ ਆਯਾ।
ਤੁਸੀਂ ਲੋਕ ਰਾਜੇ ਜੁਗਾਂ ਤੀਕ ਜੀਵੋ, ਸ਼ਿਵਾਂ ਘਲਿਆ ਤੁਸਾਂ ਦੇ ਵੱਲ ਆਯਾ।
ਤੁਸੀਂ ਜੀਉਕੇ ਲਖ ਉਪਕਾਰ ਕਰਸੋ, ਸਾਡਾ ਜੀਵਣਾ ਕਿਸੇ ਨਾ ਗਲ ਆਯਾ।
ਚਾਤ੍ਰਿਕ ਦਛਣਾ ਲਛਮੀ ਦਿਓ ਮੈਨੂੰ ਟਬਰ ਭੁਖ ਦੇ ਨਾਲ ਥਰਥੱਲ ਆਯਾ।

ਖੁਸ਼ੀ ਹੋਣਾ ਮਹਾਰਾਜ ਭਰਥਰੀ ਜੀ ਦਾ ਫਲ ਲੈ ਕਰਕੇ

ਅੰਮ੍ਰਿਤ ਫਲ ਪ੍ਰਸੰਨ ਹੋ ਲਿਆ ਰਾਜੇ, ਪੰਡਿਤ ਸੋਮ ਤਾਂਈ ਬਹੁਤ ਦਾਨ ਦਿਤਾ।
ਸੋਚੀ ਸੋਚ ਏਹ ਫਲ ਮੈਂ ਆਪ ਖਾਵਾਂ, ਇਕੇ ਚਾਹੀਏ ਕਿਸੇ ਦਿਲ-ਜਾਨ[4] ਦਿਤਾ।
ਰਾਣੀ ਪਿੰਗਲਾਂ ਨਾਰ ਪਤਿਬ੍ਰਤਾ ਨੇ, ਵਾਰ ਮੁਝ ਤੋਂ ਨੈਨ ਪ੍ਰਾਨ ਦਿਤਾ।
ਉਹ ਰਹੇ ਜਵਾਨ ਤਾਂ ਲੋੜ ਕਾਹਦੀ ? ਹੁਸਨ ਓਸ ਨੂੰ ਰਬ ਰੈਹਮਾਨ[5] ਦਿਤਾ।
ਭੋਗ ਭੋਗਸਾਂ ਓਸ ਦੇ ਨਾਲ ਹਰਦਮ, ਮੇਰੇ ਸੁਖਾਂ ਨੂੰ ਫਲ ਭਗਵਾਨ ਦਿਤਾ।
ਚਾਤ੍ਰਿਕ ਇਸ਼ਕ ਕੁਠੇ ਰਾਜਾ ਭਰਥਰੀ ਨੇ, ਫਲ ਪਿੰਗਲਾਂ ਦੇ ਹਥ ਆਨ ਦਿਤਾ।

ਹੁਕਮ ਰਾਜਾ ਭਰਥਰੀ ਜੀ

ਕਹਿੰਦਾ ਜਾਨ ਮੇਰੀ ਲੈ ਏਹ ਫਲ ਖਾ ਲੈ, ਕਾਯਾਂ ਤੁਧ ਦੀ ਸਦਾ ਜਵਾਨ ਰਹੇਗੀ।
ਤੇਰੇ ਸੁਖਾਂ ਦੇ ਨਾਲ ਮੈਂ ਸੁਖੀ ਬੈਠਾ, ਤੈਨੂੰ ਦੇਖ ਰਾਜ਼ੀ ਮੇਰੀ ਜਾਨ ਰਹੇਗੀ।

---

1. ਪਾਰਬਤੀ। 2. ਪ੍ਰਬੰਧ ਸੂਤ। 3. ਕੌੜੀ। 4. ਪਿਆਰੀ। 5. ਮੇਹਰਬਾਨ।

ਮੇਰੇ ਦੇਖ ਕੇ ਪਏਗੀ ਠੰਢ ਸੀਨੇ, ਖੁਲ੍ਹੀ ਹੁਸਨ ਦੀ ਸਦਾ ਦੁਕਾਨ ਰਹੇਗੀ।
ਮੇਰੇ ਭਾਗ ਚੰਗੇ ਸ਼ਿਵਾਂ ਭੇਜ ਦਿਤਾ, ਮੇਰੀ ਜਾਨ ਏਹ ਅਮਨ ਅਮਾਨ ਰਹੇਗੀ।
ਤੂੰ ਅਪੱਛਰਾਂ ਲਾਇਕ ਇਹ ਫਲ ਤੇਰੇ, ਜੁਗਾਂ ਤੀਕ ਸੂਰਤ ਏਸੇ ਹਾਨ ਰਹੇਗੀ।
ਚਾਤ੍ਰਿਕ ਦੂਖ ਬੁਢਾਪੇ ਦੇ ਵੇਖਸੇਂ ਨਾ, ਸੂਰਤ ਚਮਕਦੀ ਮਾਹ-ਕਿਨਆਨ[1] ਰਹੇਗੀ।

ਜਵਾਬ ਰਾਣੀ ਪਿੰਗਲਾਂ

ਸਾਹਿਬ ਆਪ ਖਾਓ ਤੁਸੀਂ ਬਾਦਸ਼ਾਹ ਹੋ, ਮੈਨੂੰ ਆਪ ਨੂੰ ਵੇਖ ਅਰਾਮ ਹੋਸੀ।
ਆਪ ਜਾਨ ਜਹਾਨ ਤੇ ਜਾਨ ਮੇਰੀ, ਖੁਸ਼ੀ ਏਸ ਤੋਂ ਖਲਕ ਤਮਾਮ ਹੋਸੀ।
ਹੋਵੇ ਉਮਰ ਦਰਾਜ਼[2] ਹਜ਼ੂਰ ਸੰਦੀ, ਬੰਦੀ ਵੇਖ ਗੁਲਾਮ ਬੇ-ਦਾਮ ਹੋਸੀ।
ਰਈਯਤ ਰਾਓ ਨੂੰ ਵੇਖ ਖੁਰਸੰਦ[3] ਰੈਹਸੀ, ਅਮਨ ਚੈਨ ਅੰਦਰ ਸੁਬਹ ਸ਼ਾਮ ਹੋਸੀ।
ਮੈਂ ਹਾਂ ਨਾਰ ਪਾਪਣ ਨਹੀਂ ਲਾਇਕ ਇਸਦੇ, ਮੇਰੇ ਲਈ ਏਹ ਫਲ ਹ਼ਰਾਮ ਹੋਸੀ।
ਜੇਕਰ ਆਪ ਨਾ ਹੋਏ ਮੈਂ ਕੰਮ ਕੇਹੜੇ ? ਨਾਰ ਪਤੀ ਦੇ ਬਾਝ ਬਦਨਾਮ ਹੋਸੀ।
ਜੁਗਾਂ ਤੀਕ ਜੀਵੋ ਕਰੋ ਅਦਲ ਬੈਹਕੇ, ਖੁਸ਼ੀ ਏਸ ਗਲੇ ਖਾਸੋ ਆਮ[4] ਹੋਸੀ।
ਮੈਂ ਹਾਂ ਸ਼ੁਕਰ ਗੁਜ਼ਾਰ ਇਸ ਮੇਹਰ ਸੰਦੀ, ਐਪਰ ਮੁਝ ਤੋਂ ਨਹੀਂ ਏਹ ਕਾਮ ਹੋਸੀ।
ਖਾਓ ਆਪ ਮੈਂ ਜੀਵਸਾਂ ਦੀਦ[5] ਕਰਕੇ, ਏਹੋ ਮੁਝ ਨੂੰ ਵਸਲ ਦਾ ਜਾਮ[6] ਹੋਸੀ।
ਚਾਤ੍ਰਿਕ ਦੁਖ ਨਾ ਆਣਗੇ ਮੂਲ ਨੇੜੇ, ਜਦੋਂ ਉਮਰ ਦਰਾਜ਼[7] ਗੁਲਫਾਮ ਹੋਸੀ।

ਜਵਾਬ ਰਾਜਾ ਭਰਥਰੀ ਜੀ

ਮੈ ਕੁਰਬਾਨ ਜਾਵਾਂ ਦਿਲੋਂ ਜਾਨ[8] ਉਤੋਂ, ਤੂੰ ਕਿਉਂ ਖਾਣ ਤੋਂ ਕਰੇਂ ਇਨਕਾਰ ਪਿਆਰੀ ?
ਏਹ ਅਮਾਨ ਤੇਰੀ, ਮਾਰਫਤ[9] ਮੇਰੀ, ਆਈ ਸ਼ਿਵਾ ਵਲੋਂ ਨਾਲ ਪਿਆਰੀ।
ਮੈਂ ਸਰਦਾਰ ਬੇਸ਼ਕ ਹਾਂ ਬੰਦਿਆਂ ਦਾ, ਤੂੰ ਪਰ ਸ਼ਾਹ ਖੂਬਾਂ[10] ਕੀ ਸਰਦਾਰ ਪਿਆਰੀ।
ਮੈਂ ਬੇਸ਼ਕ ਹਾਂ ਬਾਦਸ਼ਾਹ ਖਲਕਤਾਂ ਦਾ, ਐਪਰ ਤੁਧਦਾ ਹਾਂ ਖਿਦਮਤਗਾਰ[11] ਪਿਆਰੀ।
ਤੇਰੀ ਨਾਜ਼ੋ ਅਦਾ[12] ਤੇ ਨੇਕ ਖਸਲਤ[13], ਉਤੋਂ ਹੋ ਗਈ ਜਾਨ ਨਸਾਰ ਪਿਆਰੀ।
ਤੇਰੇ ਖਾਣ ਦੇ ਨਾਲ ਆਰਾਮ ਮੈਨੂੰ, ਜਾਨ ਹੋਵਸੀ ਵੇਖ ਸਰਸ਼ਾਰ[14] ਪਿਆਰੀ।
ਬੇ-ਵਿਸ਼ਵਾਸ ਹੋ[15] ਖਾਹ ਏਹ ਪਰੀ ਪੈਕ੍[16] ਨਾ ਕਰ ਏਸਦੇ ਵਿਚ ਤਕਰਾਰ[17] ਪਿਆਰੀ।
ਮੇਰੇ ਸੁਖ ਕਲੇਜੜੇ ਠੰਢ ਅਖੀਂ, ਪੈਸੀ ਵੇਖ ਕੇ ਖਾਂਦਿਆਂ ਸਾਰ ਪਿਆਰੀ।
ਤੇਰਾ ਜੋਬਨਾ ਰਹੇਗਾ ਸਦਾ ਕਾਇਮ, ਇਹੋ ਸ਼ਕਲ ਰੈਹਸੀ ਬਰਕਰਾਰ[18] ਪਿਆਰੀ।
ਮੇਰੇ ਵਾਸਤੇ ਇਸ ਤੋਂ ਵਧ ਕੇ ਤੇ, ਹੋਸੀ ਸੁਖ ਨਾ ਵਿਚ ਸੰਸਾਰ ਪਿਆਰੀ।

---

1. ਯੂਸਫ ਵਾਂਗ। 2. ਲੰਮੀ। 3. ਖੁਸ਼। 4. ਆਮ ਖਾਸ=ਹਰ ਕੋਈ। 5. ਦਰਸ਼ਨ।
6. ਮਿਲਾਪ (ਵਸਲ) ਦਾ ਪਿਆਲਾ ਭਾਵ ਮੇਲ ਦੀ ਮਸਤੀ। 7. ਲੰਮੀ ਉਮਰ। 8. ਦਿਲ ਤੇ ਜਾਨ ਵਰਗੀ ਪਿਆਰੀ।
9. ਰਾਹੀਂ। 10. ਸੋਹਣੀਆਂ ਦੀ ਰਾਣੀ। 11. ਸੇਵਾਦਾਰ, ਨੌਕਰ। 12. ਨਖਰੇ। 13. ਨੇਕ ਸੁਭਾਅ।
14. ਮਸਤ। 15. ਨਿਚਿੰਤ। 16. ਪਰੀਆਂ ਵਰਗੀ। 17. ਝਗੜਾ। 18. ਕਾਇਮ, ਪੱਕੀ, ਸਦਾ।

ਇਹ ਤਾਂ ਫਲ ਹੈ ਗਲ ਨਾ ਕੁਝ ਇਸਦੀ, ਹਾਜ਼ਰ ਕਰਨ ਨੂੰ ਜਾਨ ਤਿਆਰ ਪਿਆਰੀ।
ਚਾਤ੍ਰਿਕ ਖੁਸ਼ੀ ਹੋ ਖਾਹ ਐ ਜਾਨ ਮੇਰੀ, ਹੋਸੀ ਭਰਤ ਬਲਿਹਾਰ ਬਲਿਹਾਰ ਪਿਆਰੀ।

ਫ਼ਲ ਲੈ ਲੈਣਾ ਰਾਣੀ ਪਿੰਗਲਾਂ ਨੇ

ਬੋਲੀ ਫੇਰ ਰਾਣੀ ਮੇਰੇ ਜਾਨ ਜਾਨੀ, ਬੜੀ ਮੇਹਰਬਾਨੀ ਐ ਸਰਦਾਰ ਸਵਾਮੀ।
ਮੈਨੂੰ ਨਹੀਂ ਲਾਜ਼ਮ[1] ਖੋਹਕੇ ਆਪ ਪਾਸੋਂ, ਅੰਮ੍ਰਿਤ ਫਲ ਦਾ ਕਰਾਂ ਆਧਾਰ[2] ਸਵਾਮੀ।
ਹਾਂ ਮੈਂ ਕਦੇ ਭੀ ਨਾ ਇਨਕਾਰ ਕਰਦੀ, ਜੇਕਰ ਫਲ ਹੁੰਦੇ ਦੋ ਜਾਂ ਚਾਰ ਸਵਾਮੀ।
ਐਪਰ ਕਰਾਂ ਕੀ ਪੇਸ਼ ਨਾ ਕੁਝ ਜਾਏ ਤੁਸੀਂ ਕਰ ਰਹੇ ਬਹੁਤ ਇਸਰਾਰ[3] ਸਵਾਮੀ।
ਖਫਾ[4] ਹੋਵਸੋ ਆਪ ਇਸ ਨਾਰ ਉਤੇ, ਜੇ ਇਨਕਾਰ ਕਰਸਾਂ ਬਾਰੰਬਾਰ ਸਵਾਮੀ।
ਭਾਵੇਂ ਚਾਹੁੰਦੀ ਨਹੀਂ ਮੈਂ ਫਲ ਖਾਣਾ, ਐਪਰ ਆਪਦੀ ਖੁਸ਼ੀ ਦਰਕਾਰ ਸਵਾਮੀ।
ਖੁਸ਼ੀ ਆਪਦੇ ਵਿਚ ਹੈ ਭਲਾ ਮੇਰਾ, ਖੁਸ਼ੀ ਏਸਦੇ ਵਿਚ ਕਰਤਾਰ ਸਵਾਮੀ।
ਲੈਕੇ ਫਲ ਨੂੰ ਪਿੰਗਲਾਂ ਫੇਰ ਕਹਿਆ, ਮੈਂ ਹਾਂ ਆਪਦੀ ਸ਼ੁਕਰ ਗੁਜ਼ਾਰ ਸਵਾਮੀ।
ਬੰਦੀ ਨੀਚ ਨੂੰ ਮਰਤਬਾ[5] ਬਖਸ਼ ਕੇ ਤੇ, ਕਰਦੇ ਆਪ ਹੋ ਸਚਾ ਪਿਆਰ ਸਵਾਮੀ।
ਵਰਨਾ ਨਰ ਪਾਪਣ ਕੇਹੜੇ ਕੰਮ ਦੀ ਏ, ਚਾਤ੍ਰਿਕ ਵਾਂਗ ਭਾਰੀ ਗੁਨਾਹਗਾਰ ਸਵਾਮੀ।

ਰਾਣੀ ਪਿੰਗਲਾਂ ਨੇ ਚੋਰੀ ਆਪਣੇ ਯਾਰ ਮਹਾਵਤ ਦਰੋਗੇ ਨੂੰ ਫਲ ਦੇਣਾ

ਰਾਣੀ ਸੋਚਿਆ ਮਹਾਵਤ[6] ਯਾਰ ਮੇਰਾ, ਓਹੋ ਦੀਨ ਈਮਾਨ ਤੇ ਜਾਨ ਮੇਰੀ।
ਸਦਕੇ ਓਸ ਤੋਂ ਕਰਾਂ ਇਹ ਸੁਖ ਸਾਰੇ, ਉਸ ਦੇ ਹੁਸਨ ਤੇ ਜਾਨ ਕੁਰਬਾਨ ਮੇਰੀ।
ਹਾਥੀਵਾਨ ਤੋਂ ਹੋਰ ਨ ਕੋਈ ਚੰਗਾ, ਜੋੜੀ ਪ੍ਰੀਤ ਉਸ ਨਾਲ ਭਗਵਾਨ ਮੇਰੀ।
ਰਾਜਾ ਲਖ ਨਾਰਾਂ ਉਤੇ ਫਿਰੇ ਡਿਗਦਾ, ਕੋਈ ਕਦਰ ਨਾ ਕਰੇ ਨਾਦਾਨ ਮੇਰੀ।
ਇਹ ਅਮਾਨ ਹੈ ਓਸਦੀ ਦਿਆਂ ਓਹਨੂੰ, ਹੋਸੀ ਇਸ਼ਰਤਾਂ ਵਿਚ ਗੁਜ਼ਰਾਨ ਮੇਰੀ।
ਚਾਤ੍ਰਿਕ ਸਦ ਮਹਾਵਤ ਨੂੰ ਪਯਾਰ ਕਰਕੇ, ਕਹਿੰਦੀ ਖਾਹ ਅੰਮ੍ਰਿਤ ਫਲ ਤੂੰ ਜਾਨ ਮੇਰੀ।

ਮਹਾਵਤ ਦਰੋਗੇ ਨੇ ਫਲ ਲੈ ਕੇ ਵੇਸ਼ਵਾ ਨੂੰ ਦੇ ਦੇਣਾ

ਹਾਥੀਵਾਨ ਦੀ ਯਾਰ ਇਕ ਵੇਸ਼ਵਾ ਸੀ, ਡਾਢਾ ਪਯਾਰ ਸੀ ਓਸਦੇ ਨਾਲ ਇਸਦਾ।
ਸੂਰਤ ਬਦਰੇਮੁਨੀਰ[7] ਦੇ ਵਾਂਗ ਇਸਦੀ, ਚੜ੍ਹਦੀ ਉਮਰ ਦਾ ਸੀ ਸਨੋ ਸਾਲ[8] ਇਸਦਾ।
ਸ਼ਮਾਂ ਹੁਸਨ ਦੀ ਜਲੇ ਪਤੰਗ ਸਾੜੇ, ਤੇਗਾਂ ਸਾਣ ਚੜੀਆਂ ਖਤੋ ਖਾਲ ਇਸਦਾ।
ਦਿਲ ਵੇਚ ਦਿਤਾ ਉਸਦੇ ਹੁਸਨ ਉਤੇ, ਰਾਣੀ ਸਮਝਦਾ ਖਾਕ ਪਾਮਾਲ ਇਸਦਾ।

---

1. ਯੋਗ। 2. ਅਹਾਰ=ਖੁਰਾਕ ਅਹਾਰ ਦੇ ਅਰਥ ਆਸਰਾ ਹਨ। 3. ਜਿਦ। 4. ਗੁਸੇ, ਨਰਾਜ਼। 5. ਪਦਵੀ। 6. ਹਾਥੀਵਾਨ। 7. ਚਮਕਦਾ ਚੰਦ। 8. ਵੇਲਾ।

ਪਾ ਕੇ ਚੀਜ਼ ਅਜੀਬ ਏਹ ਪਿੰਗਲਾਂ ਤੋਂ, ਆਯਾ ਜੀਉ ਦੇ ਵਿਚ ਖਯਾਲ ਇਸਦਾ।
ਲੈ ਕੇ ਫਲ ਆਸਾਂ ਵਲ ਵੇਸ਼ਵਾ ਦੇ, ਜਾ ਕੇ ਦਸਿਆ ਕੁਲ ਹਵਾਲ ਇਸਦਾ।
ਕਹਿੰਦਾ ਤੁਧ ਤੋਂ ਕੌਣ ਪਿਆਰੜਾ ਏ ? ਖਾਣਾ ਤੁਧ ਦੇ ਲਈ ਹਲਾਲ[1] ਇਸਦਾ।
ਚਾਤ੍ਰਿਕ ਜਾਨ ਜੇ ਸਦਾ ਜਵਾਨ ਰਹੇਗੀ, ਚਿਤ ਹੋਵਸੀ ਵੇਖ ਨਿਹਾਲ ਇਸਦਾ।

ਵੇਸ਼ਵਾ ਦਾ ਓਹੋ ਫਲ ਰਾਜਾ ਭਰਥਰੀ ਪਾਸ ਲੈ ਜਾਣਾ

ਰਬ ਜਦੋਂ[1] ਸਬਬ ਬਣਾਨ ਲਗੇ, ਇਕ ਗਲ ਤੋਂ ਵਲ ਹਜ਼ਾਰ ਨਿਕਲਨ।
ਖਬਰ ਨਹੀਂ ਰਾਣੀਂ ਕਦ ਤੋਂ ਪਾਪ ਕਰਦੀ, ਰਬ ਚਾਹਿਆ ਫੁਟਕੇ ਖਾਰ[2] ਨਿਕਲਨ।
ਜੋ ਹੋਇਆ ਭਰਤ ਦਾ ਜਨਮ ਸੌਰੇ, ਇਸਦੇ ਵਿਸ਼ੇ ਦੇ ਕੁਲ ਆਜ਼ਾਰ[3] ਨਿਕਲਨ।
ਚਾਤ੍ਰਿਕ ਐਬ[4] ਸੁਆਬ[5] ਹਿਸਾਬ ਹੋਣਾ, ਲੁਕੇ ਭੇਤ ਹੁਣ ਸਰੇ ਦਰਬਾਰ ਨਿਕਲਨ।
ਡੂੰਘੀ ਸੋਚ ਕੀਤੀ ਨਾਰ ਵੇਸ਼ਵਾ ਨੇ, ਮੇਰੀ ਉਮਰ ਬੀਤੀ ਵਿਚ ਗੰਦਗੀ ਦੇ।
ਜੇਕਰ ਫਲ ਖਾਧਾ ਉਮਰ ਹੋਰ ਹੋਸੀ, ਲੱਖਾਂ ਐਬ ਕਰਸਾਂ ਨਾਲ ਛੰਦਗੀ[6] ਦੇ।
ਪਾਪਾਂ ਪੰਡ ਅਗੇ ਭਾਰੀ ਬਹੁਤ ਹੋਈ, ਹੋਰ ਕਰਾਂ ਸਾਮਾਨ ਕਿਉਂ ਜ਼ਿੰਦਗੀ ਦੇ।
ਆਵੇ ਮੌਤ ਛੇਤੀ ਛੁਟਾਂ ਪਾਪ ਕਰਨੋਂ, ਖਤਮ ਹੋਣ ਮੇਰੇ ਕੰਮ ਮੰਦਗੀ ਦੇ।
ਰਾਜਾ ਭਰਥਰੀ ਹੈ ਮੇਹਰਬਾਨ ਮੇਰਾ, ਦੇਵਾਂ ਫਲ ਉਸ ਨੂੰ ਰਬ ਜ਼ਿੰਦਗੀ ਦੇ।
ਚਾਤ੍ਰਿਕ ਪਾਪ ਤੋਂ ਕੰਨ ਨੂੰ ਹਥ ਲਾਵਾਂ, ਬਾਕੀ ਉਮਰ ਲੰਘੇ ਵਿਚ ਬੰਦਗੀ ਦੇ।
ਅਗਲੇ ਰੋਜ਼ ਲਾ ਹਾਰ ਸ਼ਿੰਗਾਰ ਸਾਰਾ, ਲੈ ਕੇ ਫਲ ਨੂੰ ਵੇਸ਼ਵਾ ਨਾਰ ਆਈ।
ਢੱਕੀ ਰਿਝਦੀ ਸੀ ਕਿਨ੍ਹਾਂ ਮੁਦਤਾਂ ਦੀ, ਪਾਜ ਖੋਹਲਨੇ ਸਾਰੇ ਦਰਬਾਰ ਆਈ।
ਵਿਚ ਐਸ਼ ਦੀ ਨੀਂਦ ਦੇ ਭਰਤ ਸੁਤਾ, ਠੋਕਰ ਮਾਰ ਕੇ ਕਰਨ ਬੇਦਾਰ[7] ਆਈ।
ਕਹਿੰਦੀ ਰਾਜਿਆ ਵੇ ਜੁਗਾਂ ਤੀਕ ਜੀਵੇਂ, ਲੈਕੇ ਇਕ ਢੋਆ[8] ਤੇਰੇ ਦੁਆਰ ਆਈ।
ਅੰਮ੍ਰਿਤ ਫਲ ਖਾ ਸਦਾ ਜਵਾਨ ਰਹੇਂਗਾ ਕਮੀ ਕਦੇ ਨਾ ਵਿਚ ਬਲਕਾਰ[9] ਆਈ।
ਰਾਜਾ ਦੇਖ ਕੇ ਫਲ ਹੈਰਾਨ ਹੋਯਾ, ਗਲ ਕਲ ਵਾਲੀ ਵਾਲੀ ਸਾਰ ਆਈ[10]।
ਨੀਚ ਜਾਤ ਏਹ ਵੇਸ਼ਵਾ ਹਥ ਇਸਦੇ, ਐਸੀ ਵਸਤ ਕਿਥੋਂ ਕਿਸ ਪ੍ਰਕਾਰ ਆਈ।
ਰਬ ਝੂਠ ਨਾ ਕਰੇ ਮੈਂ ਜਾਗਦਾ ਹਾਂ, ਏਹ ਤਾਂ ਚੀਜ ਓਹੋ ਫੇਰ ਫਾਰ ਆਈ।
ਐਪਰ ਗਲ ਏਹ ਬੜੇ ਅਸਚਰਜ ਦੀ ਏ, ਮੇਰੇ ਮਹਲ ਤੋਂ ਕਿਸ ਤਰ੍ਹਾਂ ਬਾਹਰ ਆਈ ?
ਚਾਤ੍ਰਿਕ ਨਾਰ ਦੇ ਪਿਆਰ ਵਿਚ ਫਸੇ ਤਾਈਂ, ਮਹਲੀਂ ਚੋਰ ਲਗੇ ਨਾ ਵਿਚਾਰ ਆਈ।

ਰਾਜਾ ਭਰਥਰੀ ਜੀ ਦਾ ਵੇਸ਼ਵਾ ਤੋਂ ਪੁਛਣਾ

ਪੁਛੇ ਵੇਸ਼ਵਾ ਨੂੰ ਕਿਥੋਂ ਫਲ ਆਂਦਾ ? ਸਚ ਦਸ ਸਾਰ ਰਾਜ਼[11] ਫੋਲ ਕੇ ਤੂੰ।
ਐਸਾ ਲਾਲ ਅਮੁਲੜਾ ਹਥ ਲਗਾ, ਕਿਉਂ ਗਵਾਯੋਈ ਖਾਕ ਵਿਚ ਰੋਲ ਕੇ ਤੂੰ।

1. ਚੰਗਾ, ਠੀਕ। 2. ਕੰਡੇ। 3. ਦੁਖ। 4. ਬੁਰੇ ਕੰਮ, ਪਾਪ। 5. ਪੁੰਨ, ਨੇਕੀ ਦੇ ਕੰਮ। 6. ਮੁਖਾਜੀ।
7. ਜਗਾਉਣ। 8. ਭੇਟਾ। 9. ਸ਼ਕਤੀ, ਬਲ। 10. ਕਲ੍ਹ ਦੀ ਗੱਲ ਦੀ ਕੋਈ ਖਬਰ ਯਾਦ ਆਈ। 11. ਭੇਤ।

ਏਹ ਤਾਂ ਸ਼ਿਵਾ ਦੇ ਲੋਕ ਦਾ ਫਲ ਜਾਪੇ, ਕਿਸ ਤੋਂ ਖੋਹ ਆਂਦਾ ਜਾਦੂ ਘੋਲ ਕੇ ਤੂੰ।
ਕੋਈ ਜਪ ਕਿ ਤਪ ਕਿ ਛਿਲਾ ਕੀਤਾ, ਆਂਦਾ ਸ਼ਿਵਾਂ ਦੇ ਲੋਕ ਤੋਂ ਟੋਲ ਕੇ ਤੂੰ।
ਇਕੋ ਲਭਿਆ ਕਿਤੋਂ ਅਨਭੋਲ ਤੈਨੂੰ, ਦਸੀਂ ਝੂਠ ਨਾ ਦਿਲੋਂ ਤੋਂ ਡੋਲਕੇ ਤੂੰ।
ਚਾਤ੍ਰਿਕ ਧੜੋਂ ਸਿਰ ਜੁਦਾ ਕਰ ਦਿਆਂ ਫੋਰਨ, ਜੇ ਲੁਕਾ ਕੀਤਾ ਝੂਠ ਬੋਲਕੇ ਤੂੰ।

ਜਵਾਬ ਵੇਸ਼ਵਾ

ਕਹਿੰਦੀ ਰਾਜਿਆਂ ਝੂਠ ਨਾ ਰਤੀ ਆਖਾਂ, ਤੇਰੇ ਹੁਕਮ ਤੋਂ ਨਹੀਂ ਇਨਕਾਰ ਮੈਨੂੰ।
ਨਾ ਲੁਕਾ ਕਰਸਾਂ ਮੈਂ ਹਜ਼ੂਰ ਤੇਰੇ, ਯਾਦ ਏਸਦਾ ਨਹੀਂ ਇਸਰਾਰ[1] ਮੈਨੂੰ।
ਹਾਥੀਵਾਨ ਤੇਰਾ ਮੈਨੂੰ ਪਿਆਰ ਕਰਦਾ, ਫਲ ਦੇ ਗਿਆ ਓਹ ਮੇਰਾ ਯਾਰ ਮੈਨੂੰ।
ਰਾਤੀ ਆਯਾ-ਦਿਨੇ ਪਹੁੰਚਾ ਦਿਤਾ, ਇਹਦਾ ਰਖਣਾ ਨਹੀਂ ਦਰਕਾਰ ਮੈਨੂੰ।
ਕੀਕਰ ਆਯਾ ਲਾਲ ਇਹ ਹਥ ਉਸਦੇ ? ਏਸ ਗਲ ਦੀ ਖਬਰ ਨਾ ਸਾਰ ਮੈਨੂੰ।
ਚਾਤ੍ਰਿਕ ਸਚ ਦੀ ਗਲ ਮੈਂ ਦਸ ਦਿਤੀ, ਜਾਨ ਬਖਸ਼ ਭਾਵੇਂ ਚਾਹੇ ਮਾਰ ਮੈਨੂੰ।

ਰਾਜਾ ਭਰਥਰੀ ਦਾ ਮਹਾਵਤ ਦਰੋਗੇ ਨੂੰ ਸਦ ਕੇ ਪੁਛਣਾ

ਰਾਜੇ ਭਰਤ ਨੂੰ ਹੋਰ ਕ੍ਰੋਧ ਚੜ੍ਹਿਆਂ, ਪਿਆ ਰਸ ਦੇ ਵਿਚ ਕੁਰਸ ਛੇਤੀ।
ਹਾਥੀਵਾਨ ਨੂੰ ਤੁਰਤ ਸਦਾਇਆ ਸੂ, ਕਹਿੰਦਾ ਨਿਮਕ ਹਰਾਮੀਆਂ ਦਸ ਛੇਤੀ।
ਦਿਤਾ ਯਾਰ ਨੂੰ ਤੂੰ ਫਲ ਲਿਆ ਜੇਹੜਾ, ਆਯਾ ਤੁਧਦੇ ਕਿਸ ਤਰ੍ਹਾਂ ਵਸ ਛੇਤੀ।
ਏਹ ਤਾਂ ਫਲ ਬੇਕੀਮਤਾ ਦੁਨੀ ਅੰਦਰ, ਕੇਹੜਾ ਦਾਮ ਤੇਰੇ ਪਿਆ ਫਸ ਛੇਤੀ।
ਰਾਈ ਝੂਠ ਦੀ ਪਾਈ ਜੇ ਗਲ ਅੰਦਰ, ਜਾਨ ਹੁਣੇ ਕਰਸਾਂ ਤੇਰੀ ਬਸ ਛੇਤੀ।
ਚਾਤ੍ਰਿਕ ਤੇਗ ਦਾ ਵਾਰ ਤਿਆਰ ਸਿਰ ਤੇ, ਮੈਥੋਂ ਜਾਏਂਗਾ ਤੂੰ ਕਿਥੇ ਨੱਸ ਛੇਤੀ।

ਜਵਾਬ ਮਹਾਵਤ ਦਰੋਗਾ

ਮਹਾਰਾਜ ਦਾ ਹੋਏ ਇਕਬਾਲ ਦੂਣਾ, ਮੈਂ ਨਾ ਸਮਝਿਆ ਗਲ ਹਜ਼ੂਰ ਦੀ ਏ।
ਕੇਹੜੇ ਫਲ ਦੀ ਗਲ ਹਜੂਰ ਕਰਦੇ, ਖਫਗੀ[2] ਹੋਈ ਹੈ ਕਿਸ ਕਸੂਰ ਦੀ ਏ।
ਮੈਂ ਕੰਗਾਲ ਕੀ ਜਾਣਦਾ ਫਲ ਤਾਂਈ ? ਮੈਨੂੰ ਜਾਪਦੀ ਬਾਤ ਫਤੂਰ[3] ਦੀ ਏ।
ਖਬਰੇ ਕਿਸ ਬਦਮਾਸ਼ ਨੂੰ ਫਲ ਮਿਲਿਆ, ਕੀਤਾ ਨਜ਼ਰ ਕਿਸ ਵੇਸ਼ਵਾ ਹੂਰ ਦੀ ਏ।
ਕਿਸੇ ਹੋਰ ਭੁਲੇਖੜੇ ਦਾਸ ਤਾਂਈ, ਪਈ ਕੰਜਰੀ ਸਾਹਮਣੇ ਘੂਰਦੀ ਏ।
ਸ਼ਾਇਦ ਅਕਲ ਗਵਾਇਕੇ ਹੋਈ ਝੱਲੀ, ਕਰੇ ਗਲ ਨਾ ਅਕਲ ਸ਼ਊਰ[4] ਦੀ ਏ।

1. ਭੇਤ। 2. ਨਰਾਜ਼ਗੀ। 3. ਭੜਥੂ। 4. ਹੋਸ਼, ਅਕਲ।

ਖਬਰੇ ਕਿਸ ਗੁਨਾਹ ਨੂੰ ਪਕੜਿਆ ਸੂ ? ਵੈਰਨ ਮੁਝ ਦੀ ਹੀ ਸ਼ਾਇਦ ਦੂਰ ਦੀ ਏ।
ਸਚੋ ਸਚ ਦਸਾਂ ਮੈਨੂੰ ਖਬਰ ਨਾਹੀਂ, ਤੋਹਮਤ ਝੂਠੜੀ ਨਾਰ ਮਗਰੂਰ[1] ਦੀ ਏ।
ਚਾਤ੍ਰਿਕ ਦਾਸ ਨੂੰ ਲਾਓ ਨਾ ਮੁਫਤ ਊਜਾਂ, ਮੇਹਰ ਰਹੇ ਹਜ਼ੂਰ ਪੁਰ ਨੂਰ[2] ਦੀ ਏ।

ਹੁਕਮ ਰਾਜਾ ਭਰਥਰੀ

ਉਰੇ ਆਓ ਰੇ ਜਲਦ ਜਲਾਦ ਲੋਕੋ, ਪਕੜੋ ਇਸ ਗੁਸਤਾਖ ਬੇਬਾਕ[3] ਤਾਂਈ।
ਪਕੜ ਵਾਲ ਗੋਤੇ ਦਿਓ ਵਿਚ ਪਾਣੀ, ਮਾਰੋ ਗਰਦਨੋਂ ਪਕੜ ਚਾਲਾਕ ਤਾਂਈ।
ਵਿਚ ਦਰਬਾਰ ਦੇ ਮਕਰ ਖਲਾਰ ਰਿਹਾ, ਆਵੇ ਸ਼ਰਮ ਨਹੀਂ ਸ਼ਰਮਨਾਕ ਤਾਂਈ।
ਚਾਤ੍ਰਿਕ ਖਲ ਉਤਾਰ ਕੇ ਟੰਗ ਦਿਓ, ਤੀਰੀ ਲੇਖ ਕਰ ਦਿਓ ਨਾਪਾਕ ਤਾਂਈ।

ਜਵਾਬ ਦਰੋਗਾ ਮਹਾਵਤ

ਥਰ ਥਰ ਕੰਬਿਆ ਗੁੰਮ ਹਵਾਸ ਹੋਏ, ਕਹਿੰਦਾ ਭੂਪ ਜੀ ਬਖਸ਼ ਗੁਨਾਹ ਮੇਰੇ।
ਜੇਕਰ ਝੂਠ ਬੋਲਾਂ ਮੈਂ ਦਰਬਾਰ ਅੰਦਰ, ਅਗੇ ਪਏਗੀ ਸਿਰੇ ਸੁਆਹ ਮੇਰੇ।
ਸਚੋ ਸਚ ਮੈਂ ਹਾਲ ਸੁਣਾਂ ਦਿਆਂ, ਨੱਕ ਕੰਨ ਪਿਛੋਂ ਦੇਣੇ ਲਾਹ ਮੇਰੇ।
ਕਿਸਮਤ ਬੁਰੀ ਨੇ ਬੁਰੇ ਕਰਵਾਏ ਕਰਤਬ, ਕੀਤੇ ਨਿਮਕ ਦੇ ਹਕ ਤਬਾਹ ਮੇਰੇ।
ਬਖਸ਼ਣਹਾਰ ਹੋ ਪਾਪ ਅਪਰਾਧ ਮੇਰੇ, ਮਾਈ ਬਾਪ ਤੇ ਪੁਸ਼ਤੋ-ਪਨਾਹ[4] ਮੇਰੇ।
ਮੈਥੋਂ ਹੋਈ ਤਕਸੀਰ[5] ਇਹ ਬੜੀ ਵਡੀ, ਗਲ ਪਲੜਾ ਤੇ ਮੂੰਹ ਘਾਹ[6] ਮੇਰੇ।
ਛੋਟਾ ਮੂੰਹ ਤੇ ਗਲ ਹੈ ਬਹੁਤ ਵਡੀ, ਮੂੰਹੋਂ ਕਢਣੇ ਦੀ ਨਹੀਂ ਵਾਹ ਮੇਰੇ।
ਫਲ ਘਲਿਆ ਏ ਰਾਣੀ ਪਿੰਗਲਾਂ ਨੇ, ਕਰਮ ਪੈ ਗਏ ਪੁਠੜੇ ਰਾਹ ਮੇਰੇ।
ਮੈਂ ਨਾ ਰਖਿਆ ਸੌਂਪਿਆ ਵੇਸ਼ਵਾ ਨੂੰ ਇਸਦੇ ਖਾਵਣੇ ਦੀ ਨਹੀਂ ਸੀ ਚਾਹ ਮੇਰੇ।
ਮੈਂ ਏਹ ਪਾਪ ਕੀਤਾ ਭਾਰਾ ਜਗਤ ਅੰਦਰ, ਚਿੜਵੇ ਲੈਹਣਗੇ ਵਿਚ ਦਰਗਾਹ ਮੇਰੇ।
ਮੈਨੂੰ ਨਰਕ ਭੁਗਾ ਲੈ ਵਿਚ ਦੁਨੀਆਂ, ਸੂਲੀ ਚਾੜ ਪਾਵੀਂ ਗਲੇ ਫਾਹ ਮੇਰੇ।

ਰਾਜਾ ਭਰਥਰੀ ਜੀ ਦਾ ਗੁਸੇ ਹੋਣਾ

ਜਿਵੇਂ ਤੇਲ ਪੈਂਦਾ ਬਲਦੀ ਅਗ ਉਤੇ, ਰਾਜਾ ਤਿਵੇਂ ਸੁਣ ਕੇ ਕੈਹਰਵਾਨ ਹੋਯਾ।
ਧੀਆਂ ਭੈਣਾਂ ਦਾ ਤਾਂ ਸਾਰਾ ਜਗ ਹੁੰਦਾ, ਕੋਈ ਰੰਨ ਦਾ ਤਾਂ ਨਾ ਜਹਾਨ ਹੋਯਾ।
ਵਾਢ ਪਈ ਕਲੇਜੜੇ ਰੋਹ ਸੜ੍ਹਿਆ, ਹੁਣੇ ਕਾਲ ਜਾਣੇ ਹਾਥੀਵਾਨ ਹੋਯਾ।

---

1. ਹੰਕਾਰਨ। 2. ਚਾਨਣ ਭਾਵ ਰਬ ਜਾਂ ਪੁਰਨੂਰ=ਚਾਨਣ ਭਰੇ ਅਰਥਾਤ ਤੁਹਾਡੀ। 3. ਨਿਡਰ।
4. ਆਸਰਾ=ਬਚਾਉਣ ਵਾਲਾ। 5. ਭੁੱਲ। 6. ਹਾਰ ਮੰਨਣ ਦਾ ਢੰਗ ਅਰਥਾਤ ਕਹਿਣਾ ਕਿ ਮੈਂ ਤੇਰੀ ਗਊ ਹਾਂ।

ਐਪਰ ਭਰੇ ਦਰਬਾਰ ਵਿਚ ਪਤ ਲਥੀ, ਅੰਦਰ ਅੰਦਰੇ ਹੀ ਪਸ਼ੇਮਾਨ[1] ਹੋਯਾ।
ਕਹਿੰਦਾ ਦੂਰ ਹੋ ਜਾ ਅਗੋਂ ਅਖੀਆਂ ਤੋਂ, ਤੇਰਾ ਦਿਲ ਕਿਥੇ ਬੇਈਮਾਨ ਹੋਯਾ।
ਖਾਧਾ ਲੂਣ ਹਰਾਮ ਤਮਾਮ ਕੀਤੇ, ਤੈਨੂੰ ਖੌਫ ਨਾ ਜ਼ਰਾ ਭਗਵਾਨ ਹੋਯਾ।
ਓਹਨੂੰ ਟੋਰ ਕੇ ਸਭਾ ਨੂੰ ਬੰਦ ਕੀਤਾ, ਸਿਧਾ ਮੈਹਲ ਦੇ ਵਲ ਰਵਾਨ ਹੋਯਾ।
ਚਾਤ੍ਰਿਕ ਭੜਕਯਾ ਦਿਲੋਂ ਵੈਰਾਗ ਭਾਂਬੜ, ਏਸੇ ਗਲ ਤੋਂ ਤੁਰਤ ਗਯਾਨ ਹੋਯਾ।

ਰਾਣੀ ਪਿੰਗਲਾਂ ਨੂੰ ਖਬਰ ਹੋਣੀ

ਵਗੇ ਵਾ ਤਾਂ ਰਹੇ ਨਾ ਕਦੇ ਗੁਝੀ, ਚੂਹੇ ਖੁਡ ਦੇ ਵਿਚ ਭੀ ਜਾਂਵਦੀ ਏ।
ਉਠੀ ਖਬਰ ਏਹ ਰਾਜ ਦਰਬਾਰ ਵਿਚੋਂ, ਮੈਹਲਾਂ ਵਿਚ ਭੀ ਉਡਕੇ ਆਂਵਦੀ ਏ।
ਰਾਣੀ ਸੁਣੀ ਸਾਰੀ ਗਲ ਮੈਹਲ ਅੰਦਰ, ਓਹਲੇ ਬੈਠ ਕੇ ਮਤਾ ਪਕਾਂਵਦੀ ਏ।
ਪਿਛੇ ਪੱਕੀਆਂ ਆਈਆਂ ਕਲ ਮੇਰੇ, ਕੋਈ ਝੂਠ ਦੀ ਗੋਂਦ ਗੁੰਦਾਵਦੀ ਏ।
ਹੁਣੇ ਪੁਛਣਾ ਆਣ ਕੇ ਭਰਥਰੀ ਨੇ, ਉਸਦੇ ਲਈ ਜਵਾਬ ਬਨਾਂਵਦੀ ਏ।
ਭਾਰੀ ਸਿਫਤ ਹੈ ਨਾਰ ਦੇ ਵਿਚ ਏਹੋ, ਝੂਠੋਂ ਸਚ ਬਣਾਇ ਵਿਖਾਂਵਦੀ ਏ।
ਅਜ ਭਰਥਰੀ ਨਾਲ ਭੀ ਦਾਓ ਹੋਣਾ, ਵੇਖਾਂ ਕਿਹਾ ਕੁ ਜਾਲ ਵਿਛਾਂਵਦੀ ਏ।
ਪਾਜ ਉਘੜੇ ਕਿ ਬਣਿਆ ਰਹੇ ਪੜਦਾ, ਹੋਸੀ ਸੋਈ ਜੋ ਰਬ ਨੂੰ ਭਾਂਵਦੀ ਏ।
ਨਾਰਾਂ ਮਕਰ ਦੇ ਬੰਨ੍ਹ ਪਹਾੜ ਸੁਟਣ, ਏਥੇ ਦੇਖੀਏ ਕੀ ਕੁਝ ਕਰਾਂਵਦੀ ਏ।
ਮੰਤਰ ਵੇਖੀਏ ਫੁਰੇ ਕਿ ਪਏ ਪਤਲਾ, ਬੈਠੀ ਪੀਰ ਫ਼ਕੀਰ ਮਨਾਂਵਦੀ ਏ।
ਇਜ਼ਤ ਪੀਰ ਉਸਤਾਦ ਸ਼ੈਤਾਨ ਰਖੇ, ਜ਼ਰਾ ਟੇਢੜੀ ਖੀਰ ਦਿਸ ਆਂਵਦੀ ਏ।
ਚਾਤ੍ਰਿਕ ਨਾਰ ਦੇ ਦਾਅ ਵਿਚ ਫਸੇ ਜੇਹੜਾ, ਵਟਾ ਓਸ ਦੇ ਨਾਮ ਨੂੰ ਲਾਂਵਦੀ ਏ।

ਸਵਾਲ ਰਾਜਾ ਭਰਥਰੀ

ਓਸੇ ਗਜ਼ਬ ਕ੍ਰੋਧ ਦੇ ਵਿਚ ਰਾਜਾ, ਸ਼ਪਾਸ਼ਪ ਮੈਹਲਾਂ ਉਪਰ ਆਨ ਚੜ੍ਹਿਆ।
ਅਗੇ ਪਿੰਗਲਾਂ ਪਈ ਉਡੀਕਦੀ ਸੀ, ਕਲਮਾ[2] ਕੁਫਰ ਦਾ ਸੁਣਦਿਆਂ ਸਾਰ ਪੜ੍ਹਿਆ।
ਬੂਹਾ ਖੜਕਿਆ ਕਾਲਜਾ ਧੜਕਿਆ ਏ, ਰਾਣੀ ਮੁਠ ਕਲੇਜੜਾ ਘੁਟ ਫੜਿਆ।
ਚੜ੍ਹਦੇ ਸਾਰ ਜਬਾਨ ਫਰਮਾਨ ਕੀਤਾ, ਨਾਲੇ ਵਿਚ ਚਸ਼ਮਾ[3] ਖੂਨ ਜੋਸ਼ ਭਰਿਆ।
ਫਲ ਕੱਲ੍ਹ ਜੋ ਤੁਧ ਨੂੰ ਬਖਸ਼ਿਆ ਸੀ, ਕਲ੍ਹ ਖਾ ਲਿਆ ਸੀ ਯਾ ਕੇ ਰੱਖ ਛਡਿਆ ?
ਜੇਕਰ ਹਈ ਤਾਂ ਕਢ ਵਿਖਾ ਚਾਤ੍ਰਿਕ, ਅਗੋਂ ਇਫਤਰਾ[4] ਪਿੰਗਲਾਂ ਖੂਬ ਘੜਿਆ।

ਜਵਾਬ ਰਾਣੀ ਪਿੰਗਲਾਂ

ਮਹਾਰਾਜ ਦਾ ਹੋਏ ਇਕਬਾਲ ਦੂਣਾ, ਮੈਂ ਕੁਰਬਾਨ ਕਦਮਾਂ ਉਤੋਂ ਜਾਨ ਵਾਰੀ।
ਤਬਾ ਤਲਖ[5] ਹਜ਼ੂਰ ਦੀ ਜਾਪਦੀ ਏ, ਮੈਨੂੰ ਗਲ ਸੁਣਾ ਦਿਓ ਬੈਠ ਸਾਰੀ।

---

1. ਹਰਾਨ। 2. ਤੁਕ, ਕੁਰਆਨ ਦੀ, ਪਰ ਇਥੇ ਕੁਫਰ ਝੂਠ ਦਾ। 3. ਅੱਖਾਂ ਵਿਚ। 4. ਝੂਠ।
5. ਜੀਅ ਗੁੱਸੇ ਵਿਚ ਜਾਂ ਕੁੜੱਤਣ ਵਿਚ।

ਮੇਰੇ ਪਾਸ ਓਹ ਫਲ ਹੈ ਕਲ੍ਹ ਵਾਲਾ, ਅਜ ਖਾਣ ਦੀ ਦਿਲਾਂ ਦਲੀਲ ਧਾਰੀ।
ਮੈਂ ਹੈ ਸਾਂਭ ਕੇ ਵਿਚ ਸੰਦੂਕ ਧਰਿਆ, ਉਪਰ ਜੰਦਰੀ ਬੜੀ ਮਜ਼ਬੂਤ ਮਾਰੀ।
ਤੁਸਾਂ ਪੁਛਿਆ ਅਜ ਹੈ ਫੇਰ ਆਕੇ, ਕੋਈ ਯਾਦ ਆ ਗਈ ਜੇ ਹੋਰ ਪਿਆਰੀ ?
ਚਾਤ੍ਰਿਕ ਸਚ ਕਹਿੰਦੇ ਰਾਜੇ ਇਕ ਦੇ ਨਾ, ਉਨ੍ਹਾਂ ਵਾਸਤੇ ਜੁਤੀਆਂ ਵਾਂਗ ਨਾਰੀ।

ਜਵਾਬ ਰਾਜਾ ਭਰਥਰੀ

ਮੈਂ ਤਾਂ ਗਲ ਪੁਛੀ ਸੌ ਸੌ ਵਲ·ਪਾਵੇਂ, ਕਿਥੋਂ ਸਿਖਿਆ ਵਲ ਚਲਾਕੀਆਂ ਦਾ ?
ਲੜ੍ਹ ਲੜ੍ਹ ਕਿਉਂ ਕਰੇ ਬਕਵਾਸ ਅਗੋਂ ? ਨਾਰਾਂ ਕਰਨ ਨਾ ਜੋਗ ਬੇਬਾਕੀਆਂ[1] ਦਾ।
ਪਾਨੀ ਪੈਰਾਂ ਤੇ ਪੈਣ ਨਾ ਦਿਓ ਹਰਗਿਜ਼, ਤੁਸਾਂ ਬੰਨ੍ਹਿਆ ਏ ਠਾਣਾ ਆਕੀਆਂ ਦਾ।
ਨਾਲੋਂ ਚੋਰ ਹੋਣਾ ਨਾਲੋਂ ਚਤ੍ਰ ਬਣਨਾ, ਪਰਦਾ ਪਾਂਵਦੀ ਜੋੜ ਕੇ ਟਾਕੀਆਂ ਦਾ।
ਤੁਸਾਂ ਚੰਚਲਾਂ ਠਗਿਆ ਜਗ ਸਾਰਾ, ਬੇੜਾ ਡੋਬਿਆ ਬੰਦਿਆ ਖਾਕੀਆਂ[2] ਦਾ।
ਉਤੋਂ ਬਗਲੀਆਂ ਅੰਦਰੋਂ ਬੁਰਾ ਅਸਲਾ, ਲਗੇ ਪਤਾ ਨਾ ਦਗੇ ਦੀਆਂ ਝਾਕੀਆਂ ਦਾ।
ਭਲਾ ਦਸ ਖਾਂ ਕੱਢ ਸੰਦੂਕ ਵਿਚੋਂ, ਤੇਰਾ ਦੇਖੀਏ ਸਚ ਅਸ਼ਨਾਕੀਆਂ[3] ਦਾ।
ਚਾਤ੍ਰਿਕ ਪਤੀ ਦੇ ਨਾਲ ਨਾ ਦਗਾ ਛਡੇ, ਕਹਿਣਾ ਹੋਰ ਕੀ ਬੰਦਿਆਂ ਬਾਕੀਆਂ ਦਾ।

ਜਵਾਬ ਰਾਣੀ ਪਿੰਗਲਾਂ ਦਾ

ਰਾਣੀ ਆਖਿਆ ਖਫਾ ਨਾ ਹੋ ਸਵਾਮੀ, ਮੈਂ ਦਿਖਾਨੀਆਂ ਫਲ ਲਿਆਇਕੇ ਤੇ।
ਬਿੱਲੀ ਨਿਛਯਾ ਸੀ ਕਿਤੇ ਸੁਬਾਹ ਵੇਲੇ, ਗੁਸੇ ਹੁੰਦੇ ਹੋ ਤੀਊੜੀਆਂ ਪਾਇਕੇ ਤੇ।
ਮੈਂ ਤਾਂ ਹਸਦੀ ਹਸਦੀ ਗਲ ਕੀਤੀ, ਤੁਸੀਂ ਹੋਏ ਬੇਤਾਬ[4] ਘਬਰਾਇਕੇ ਤੇ।
ਤੁਸਾਂ ਆਪ ਹਥੀਂ ਜਦੋਂ ਬਖਸ਼ ਦਿਤਾ, ਲੈਣਾ ਕੀਹ ਲੁਕਾ ਛਪਾਇਕੇ ਤੇ ?
ਏਹਦੇ ਵਿਚ ਮੈਂ ਬੜੀ ਚਾਲਾਕ ਕੇਹੜੀ ? ਸਾਫ ਸਾਫ ਜਦ ਕਹੀ ਸੁਨਾਇਕੇ ਤੇ।
ਚਾਤ੍ਰਿਕ ਤੁਸੀਂ ਮੁਢੋਂ ਮੇਹਰਬਾਨ ਮੇਰੇ, ਕੀ ਬਨਾਵਣਾ ਮਕਰ ਬਨਾਇਕੇ ਤੇ।

ਜਵਾਬ ਮਹਾਰਾਜਾ ਭਰਥਰੀ ਜੀ

ਗਲ ਹੋਰ ਦੀ ਹੋਰ ਤੇ ਖਿਚ ਖੜਨੀ, ਏਹ ਚਾਲਾਕੀਆਂ ਸਮਝੀਆਂ ਸਾਰੀਆਂ ਮੈਂ।
ਮੈਨੂੰ ਦਸ ਓਹ ਫਲ ਲਿਆ ਕੇ ਤੇ, ਗਲਾਂ ਹੋਰ ਨਾ ਸੁਣਾ ਮਕਾਰੀਆਂ[5] ਮੈਂ।
ਏਥੇ ਝੂਠ ਤੇ ਸਚ ਦੇ ਭੇਦ ਖੁਲ੍ਹਨ, ਗਲਾਂ ਸਚੀਆਂ ਜਦੋਂ ਨਿਤਾਰੀਆਂ ਮੈਂ।
ਚਾਤ੍ਰਿਕ ਠਗਣੀਆਂ ਤੁਸੀਂ ਹਰਾਮ ਖੋਰਾਂ, ਸਭੋ ਪਰਖ ਕੇ ਵੇਖੀਆਂ ਨਾਰੀਆਂ ਮੈਂ।

---

1. ਤਿਆਗੀਆਂ, ਹਿਸਾਬ ਸਾਫ ਕਰਨ ਵਾਲਿਆਂ।
2. ਮਿਟੀ ਦੇ ਬਣੇ ਮਨੁਖਾਂ ਦਾ (ਦੇਵਤਿਆਂ ਤੇ ਫਰਿਸ਼ਿਆਂ ਦੇ ਟਾਕਰੇ ਤੇ ਜੋ ਚਾਨਣ ਦੇ ਬਣੇ ਮੰਨੇ ਜਾਂਦੇ ਹਨ)।
3. ਪਿਆਰ ਦਾ। 4. ਬੇਚੈਨ, ਸ਼ਾਨ ਤੋਂ ਬਿਨਾਂ। 5. ਮਕਰ ਫਰੇਬ ਭਰੀਆਂ।

ਕਵੀਓ ਵਾਚ

ਰਾਣੀ ਹੌਸਲੇ ਨਾਲ ਉਠ ਗਈ ਅੰਦਰ, ਕੁੰਜੀ ਲਾ ਸੰਦੂਕ ਨੂੰ ਖੋਲ੍ਹਿਆ ਏ।
ਕੰਧ ਰੇਤਲੀ ਰੇਖਤਾ[1] ਖੂਬ ਕੀਤੀ, ਦਿਲੋਂ ਹੌਸਲਾ ਜ਼ਰਾ ਨਾ ਡੋਲਿਆ ਏ।
ਜਾਣੋ ਹੁਣੇ ਸੀ ਰਖ ਕੇ ਆਪ ਆਈ, ਰਖੀ ਚੀਜ਼ ਦੇ ਵਾਂਗ ਟਟੋਲਿਆ ਏ।
ਦੇਖ ਭਾਲ ਕੇ ਅੰਦਰੋਂ ਬਾਹਰ ਆਈ, ਚਾਤ੍ਰਿਕ ਹੋਰ ਤੁਫਾਨ ਆ ਤੋਲਿਆ ਏ।

ਜਵਾਬ ਰਾਣੀ ਪਿੰਗਲਾਂ

ਨਾਲ ਲਾਡ ਦੇ ਆਖਦੀ ਬਾਹਰ ਆਕੇ, ਸਮਝ ਗਈ ਮਖੌਲ ਦੀ ਗੱਲ ਸਾਰੀ।
ਚੰਗਾ ਨਹੀਂ ਠੱਠਾ ਕਰਨਾ ਆਪ ਤਾਂਈ, ਮੇਰੀ ਚੀਜ਼ ਮੈਨੂੰ ਦੇ ਕੇ ਕਰੋ ਸਾਰੀ।
ਤਦੇ ਪੁਛਦੇ ਹੋ ਘੜੀ ਮੁੜੀ ਮੈਥੋਂ, ਕੀਤੀ ਮਸਖਰੀ[2] ਆਪ ਨੇ ਸਮਝ ਨਾਰੀ।
ਰਾਤੀ ਕੱਢ ਖੜਿਆ ਚਾਤ੍ਰਿਕ ਨਾਲ ਹਾਸੀ, ਸੁਤੀ ਪਈ ਦੀ ਗਈ ਸੀ ਹੋਸ਼ ਮਾਰੀ।

ਜਵਾਬ ਰਾਜਾ ਭਰਥਰੀ

ਦੇਖੋ ਚਤ੍ਰ ਨਾਰੀ ਕੀਕਰ ਕਰੇ ਖੇਖਣ[3] ? ਗਲ ਹੋਰ ਦੀ ਹੋਰ ਤੇ ਪਾਂਵਦੀ ਏ।
ਕੇਹੇ ਚੋਚਲੇ ਪਈ ਪੰਘਾਰਦੀ ਏ ? ਗਲਾਂ ਨਾਲ ਹੀ ਪਈ ਪਤਿਆਂਵਦੀ ਏ।
ਕਦੋਂ ਕਢਿਆ ਸੀ ਰਾਤੀ ਫਲ ਤੇਰਾ ? ਸਗੋਂ ਉਲਟੀਆਂ ਚੋਰੀਆਂ ਲਾਂਵਦੀ ਏ।
ਚਾਤ੍ਰਿਕ ਦਸ ਛੇਤੀ ਫਲ ਗਿਆ ਕਿਥੇ ? ਨਹੀਂ ਤਾਂ ਮੌਤ ਤੇਰੀ ਹੁਣੇ ਆਂਵਦੀ ਏ।
ਆਪੇ ਦੇ ਜੇ ਫੇਰ ਮੈਂ ਚੁਕਣਾ ਸੀ, ਪਹਿਲਾਂ ਤੁਧ ਦੇ ਹਥ ਫੜਾਂਵਦਾ ਕਿਉਂ ?
ਜੇਕਰ ਚੁਕਿਆ ਆਪ ਮੈਂ ਫਲ ਹੁੰਦਾ, ਘੜੀ ਘੜੀ ਵਿਚ ਆਨ ਪੁਛਾਂਵਦਾ ਕਿਉਂ ?
ਰਾਜੇ ਝੂਠ ਨਾ ਬੋਲਦੇ ਜਾਨ ਜਾਂਦੀ, ਥੋੜੀ ਗਲ ਤੇ ਝੂਠ ਬੁਲਾਂਵਦਾ ਕਿਉਂ ?
ਚਾਤ੍ਰਿਕ ਖਬਰ ਹੁੰਦੀ ਰੰਨਾਂ ਡਾਢੀਆਂ ਦੀ, ਤੇਰੇ ਦਾਅ ਵਿਚ ਭਰਥਰੀ ਆਂਵਦਾ ਕਿਉਂ।

ਜਵਾਬ ਰਾਣੀ ਪਿੰਗਲਾਂ

ਖਬਰ ਨਹੀਂ ਰਾਜਾ ਕੀ ਅੰਧੇਰ ਆਯਾ ? ਰਾਤ ਵਿਚ ਐਡੇ ਤੁਸੀਂ ਸਖਤ ਹੋ ਗਏ।
ਹੋਈ ਕੀ ਗੁਨਾਹ ਤਕਸੀਰ ਮੈਥੋਂ ? ਉਲਟੇ ਅਜ ਭਾਵੇਂ ਮੇਰੇ ਬਖਤ[4] ਹੋ ਗਏ।
ਗਲ ਕਰਾਂ ਤਾਂ ਝਿੜਕ ਬਿਠਾਂਵਦੇ ਹੋ, ਕੇਹੇ ਆਪਦੇ ਬੋਲ ਕਰਖਤ[5] ਹੋ ਗਏ।
ਅਗੇ ਕਦੇ ਨਾ ਕ੍ਰੋਧ ਨੂੰ ਧਾਰਿਆ ਸੀ, ਅਜ ਜਿਸ ਤਰ੍ਹਾਂ ਖਫਾ ਯਕਲਖਤ[6] ਹੋ ਗਏ।
ਸੌਹਰਾ ਫਲ ਹੋਵੇ ਸਦਕੇ ਜੁਤੀਆਂ ਤੋਂ, ਕੇਹੜੇ ਏਸ ਬਾਝੋਂ ਮੂਧੇ ਤਖਤ ਹੋ ਗਏ ?

---

1. ਪੱਕੀ। 2. ਮਖੌਲ। 3. ਨਖਰੇ, ਚਲਾਕੀ। 4. ਭਾਗ, ਕਿਸਮਤ। 5. ਕੌੜੇ। 6. ਇਕ ਦਮ।

ਚਾਤ੍ਰਿਕ ਤੁਸੀਂ ਸਲਾਮਤੀ ਰਹੋ ਸਿਰ ਤੇ, ਫੇਰ ਕਾਸਦੀ ਕਮੀ ਦੇ ਵਖਤ ਹੋ ਗਏ ?
ਮੇਰੇ ਵਾਸਤੇ ਹੀ ਤੁਸਾਂ ਫਲ ਆਂਦਾ, ਨਾ ਮੈਂ ਖਾਂ ਗੀ ਤਾਂ ਕੇਹੜੀ ਮਰਨ ਲਗੀ ?
ਮੈਨੂੰ ਪਤਾ ਨਾ ਸੀ ਹੋਣੀ ਏਸ ਸੰਦਾ, ਨਹੀਂ ਤਾਂ ਖਾ ਛਡਦੀ ਓਦੋਂ ਧਰਨ ਲਗੀ।
ਚਾਤ੍ਰਿਕ ਚੋਟੜੀ ਨੇ ਮੈਨੂੰ ਵਖਤ ਪਾਯਾ, ਆਈ ਸ਼ਰਮ ਨਾ ਸੂ ਫਲ ਖੜਨ ਲਗੀ।
ਸ਼ਾਲਾ ਨਾਸ ਹੋਵੇ ਹੈਸਿਆਰੜੀ ਦਾ, ਜੇਹੜਾ ਮੁਝ ਨੂੰ ਅਜ ਰੁਵਾਯਾ ਸੂ।
ਖਬਰੇ ਕੌਨ ਨਖਸਮੜਾ ਯਾਰ ਉਸਦਾ ? ਜਿਸਦੇ ਵਾਸਤੇ ਫਲ ਚੁਰਾਯਾ ਸੂ।
ਝਾੜਾਂ ਪੈਂਦੀਆਂ ਮੁਝ ਬੇਦੋਸ਼ੜੀ ਨੂੰ, ਦਸ ਓਸ ਦੇ ਹਥ ਕੀ ਆਯਾ ਸੂ।
ਰਬਾ ਸੁਖ ਨਾ ਪਾਏ ਜਹਾਨ ਉਤੇ, ਜਿਹੜਾ ਮੈਂਡੜਾ ਜੀਉ ਦੁਖਾਯਾ ਸੂ।
ਅਗੋਂ ਲਈ ਇਤਬਾਰ ਗਵਾਯਾ ਸੂ, ਮਹਾਰਾਜ ਨੂੰ ਖਫਾ ਕਰਾਯਾ ਸੂ।
ਚਾਤ੍ਰਿਕ ਸਹੀ ਸੀ ਗਲ ਨਾ ਕਿਸੇ ਦੀ ਮੈਂ ਅਜ ਲਾਨਤਾਂ ਤਬਕ[1] ਪਵਾਯਾ ਸੂ।

ਜਵਾਬ ਰਾਜਾ ਭਰਥਰੀ

ਤੇਰੇ ਨਖਰਿਆਂ ਵਿਚ ਨਾ ਫਸਾਂ ਹੁਣ ਮੈਂ, ਗਿਆ ਸਾਰੀਆਂ ਸਮਝ ਸ਼ੈਤਾਨੀਆਂ ਨੂੰ।
ਵਲ ਪਾ ਘਸੀਟ ਕੇ ਗਲ ਖਿਚੇ, ਲਾਂਭੇ ਰਖ ਕੇ ਅਸਲ ਕਹਾਣੀਆਂ ਨੂੰ।
ਦੇਖੋ ਨਾਰ, ਅਯਾਰ, ਮਕਾਰ ਕੈਸੀ, ਲਾਵੇ ਡਾਮ[2] ਡੁਸਕਾਇਕੇ ਆਨੀਆਂ[3] ਨੂੰ।
ਫਫੇ ਕੁਟਣੀਆਂ ਠਗਣੀਆਂ ਦਗੇਬਾਜ਼ਾਂ, ਗਯਾ ਸਮਝ ਸ਼ੈਤਾਨ ਦੀਆਂ ਨਾਨੀਆਂ ਨੂੰ।
ਮਿਟੀ ਪਾਂਵਦੀ ਗਲ ਤੇ ਨਾਲ ਨਖਰੇ, ਕਰੇ ਮਕਰ ਬਨਾਇਕੇ ਬਾਨੀਆਂ ਨੂੰ।
ਫਲ ਆਣ ਪਹੁੰਚਾ ਮੇਰੇ ਕੋਲ ਫਿਰਕੇ, ਜਿਹੜਾ ਭੇਜਿਆ ਸੀ ਹਾਥੀਵਾਨੀਆਂ ਨੂੰ।
ਲੁਕੀ ਰਹੀ ਨਾ ਗਲ ਸ਼ੈਤਾਨੀਆਂ ਦੀ, ਗਣਿਕਾ[4] ਖੋਲ ਆਈ ਬੇਈਮਾਨੀਆਂ ਨੂੰ।
ਇਸ਼ਕ, ਮੁਸ਼ਕ, ਖਸੀ, ਖੂਨ, ਖੁਰਕ, ਆਤਸ਼[5] ਗੁਝੇ ਰਹਿਣ ਨਾ ਦੇਣ ਨਿਸ਼ਾਨੀਆਂ ਨੂੰ।
ਘੜੀ ਮੁੜੀ ਕਾਠ ਦੀ ਚੜ੍ਹੇ ਹਾਂਡੀ, ਪੱਥਰ ਤਰਨ ਨਾ ਕਦੇ ਭੀ ਪਾਨੀਆਂ ਨੂੰ।
ਚਾਤ੍ਰਿਕ ਰਾਜ[6] ਇਫਸ਼ਾਇ[7] ਹੋ ਗਿਆ ਸਾਰਾ, ਲੀਤਾ ਪਰਖ ਪਤਿਬ੍ਰਤਾ ਰਾਨੀਆਂ ਨੂੰ।

ਜਵਾਬ ਰਾਣੀ ਪਿੰਗਲਾਂ

ਮੈਂ ਤਾਂ ਦਸਦੀ ਹਾਂ ਰਾਤੀਂ ਰਖਿਆ ਸੀ, ਏਥੋਂ ਔਤਰੀ ਕਢ ਲੈ ਗਈ ਕੋਈ।
ਖਬਰੇ ਕੌਣ ਸੀ ਤੱਤੜੀ ਖਸਮ ਖਾਣੀ ? ਜਿਨੂੰ ਸ਼ਰਮ ਹਯਾ ਨਾ ਰਹੀ ਕੋਈ।
ਆਖੇ ਲਗ ਕੇ ਦੂਤੀਆਂ ਦੁਸ਼ਮਨਾ ਦੇ, ਕਸਰ ਪਿਛਲੇ ਜਨਮ ਦੀ ਲਈ ਕੋਈ।
ਮੈਨੂੰ ਕਸਮ ਹੈ ਆਪਦੇ ਪਿਆਰ ਸੰਦੀ, ਕੋਈ ਝੂਠੜੀ ਗਲ ਨਾ ਕਹੀ ਕੋਈ।
ਮੈਂ ਸਾਂ ਬਾਹਰ ਬੈਠੀ ਗਲਾਂ ਵਿਚ ਰੁਝੀ, ਜਾਂਦੇ ਫਲ ਦੀ ਖਬਰ ਨਾ ਪਈ ਕੋਈ।
ਹਾਥੀਵਾਨ ਖਬਰੇ ਕਿਸ ਦੀ ਗਲ ਕਰਦੈ ? ਮੈਨੂੰ ਨਾਮ ਤਾਂ ਦਸਣਾ ਸਹੀ ਕੋਈ।

---
1. ਤੌਕ (ਗੁਲਾਮਾਂ ਦੇ ਗਲ ਵਿਚ ਪਾਉਣ ਵਾਲਾ ਲੋਹੇ ਦਾ ਕੜਾ)। 2. ਜਾਦੂ, ਜਾਲ। 3. ਅੱਖਾਂ। 4. ਵੇਸਵਾ। 5. ਅੱਗ। 6. ਭੇਤ। 7. ਪ੍ਰਗਟ।

ਕੇਹੜੀ ਨਾਰ ਬਦਕਾਰ ਨੇ ਘਲਿਆ ਏ, ਖਬਰੇ ਕੌਣ ਓਹ ਔਤਰੀ ਜਹੀ ਕੋਈ।
ਚਾਤ੍ਰਿਕ ਫਲ ਗਿਆ-ਨਹੀਂ ਧਰਮ ਜਾਂਦਾ, ਮੇਰੀ ਸੱਤਿਆ ਕੰਧ[1] ਨਾ ਢਹੀ ਕੋਈ।
ਗਲ ਅਸਲ ਦੀ ਇਸ ਤਰ੍ਹਾਂ ਹੋਵਨੀਏ, ਕਿਸੇ ਚੋਟੜੀ ਨੇ ਫਲ ਲਿਆ ਹੋਸੀ।
ਓਹਦਾ ਯਾਰ ਹਾਥੀਵਾਨ ਹੋਵਣਾ ਹੈ, ਹਥ ਓਸਦੇ ਇਸ ਤਰ੍ਹਾਂ ਗਿਆ ਹੋਸੀ।
ਜਦੋਂ ਪਕੜ ਹੋਈ ਖੁਲ੍ਹਾ ਭੇਦ ਸਾਰਾ, ਝੂਠ ਆਣ ਕੇ ਓਸ ਨੇ ਕਿਹਾ ਹੋਸੀ।
ਖੌਫ ਜਾਨ ਦਾ ਹੋਰ ਨਾ ਗਲ ਆਹੁੜੀ, ਇਸ ਟਾਹਣ ਨੂੰ ਹਥ ਆ ਪਿਆ ਹੋਸੀ।
ਉਸਨੇ ਸੋਚਿਆ ਟਲੇ ਬਲਾ ਮੈਥੋਂ, ਮੇਰਾ ਨਾਮ ਲੈ ਕੇ ਬਚ ਰਿਹਾ ਹੋਸੀ।
ਚਾਤ੍ਰਿਕ ਚੰਬੜੀ ਊਜ ਬੇ-ਦੋਸੜੀ ਨੂੰ, ਹਛਾ ਲਿਖਿਆ ਹੀ ਇਹੋ ਜਿਹਾ ਹੋਸੀ।

ਜਵਾਬ ਰਾਜਾ ਭਰਥਰੀ

ਦੇਖੋ ਨਾਰ ਛਨਾਰ[2], ਚਾਲਾਕ ਕੇਡੀ ? ਕੇਹੀ ਰੇਤ ਦੀ ਕੰਧ ਉਸਾਰਦੀ ਏ।
ਮੇਰੇ ਖੌਫ ਨੂੰ ਦਿਲੋਂ ਭੁਲਾਇ ਕੇ ਤੇ, ਝੂਠ ਸਾਹਮਣੇ ਬੈਠ ਕੇ ਮਾਰਦੀ ਏ।
ਸਭੋ ਕੁਛ ਸਬੂਤ ਭੀ ਗਿਆ ਫੜਿਆ, ਬੈਹਸ ਕਰਦਿਆਂ ਅਜੇ ਨਾ ਹਾਰਦੀ ਏ।
ਖੁਰਾ ਆਪਣਾ ਮੇਟਿਆ ਚਾਹੁੰਦੀ ਏ, ਉਤੇ ਹੋਰ ਦੇ ਗਜ਼ਬ ਉਲਾਰਦੀ ਏ।
ਗਲ ਕਰਦਿਆਂ ਨਹੀਂ ਸੂ ਸ਼ਰਮ ਆਉਂਦੀ, ਪੱਟੀ ਮਕਰ ਦੇ ਸਾਂਗ ਉਤਾਰਦੀ ਏ।
ਅਸਾਂ ਚਾਰਿਆ ਜਗ ਜਹਾਨ ਸਾਰਾ, ਵੇਖੋ ਅਸਾਂ ਨੂੰ ਭੀ ਪਈ ਚਾਰਦੀ ਏ।
ਨਹੀਂ ਮੰਨਦੀ ਅਜੇ ਕਸੂਰ ਆਪਣਾ, ਪਿਛੇ ਖੁਰੀ ਦੇ ਅਕਲ ਇਸ ਨਾਰ ਦੀ ਏ।
ਚਾਤਿਕ ਦਾਓ ਦੇ ਨਾਲ ਬਚਾ ਕਰਦੀ, ਨਖਰੇ ਨਾਲ ਪਖੰਡ ਖਿਲਾਰਦੀ ਏ।
ਤੁਸੀਂ ਪੈਰਾਂ ਤੇ ਪੈਣ ਨਾ ਦਿਓ ਪਾਣੀ, ਭਾਵੇਂ ਸਿਰਾਂ ਤੋਂ ਆਨ ਕੇ ਜਾਓ ਫੜੀਆਂ।
ਜਿਨ੍ਹਾਂ ਜੰਦਰੇ ਮਾਰ ਕੇ ਰਖੀਆਂ ਨੇ, ਤੁਸੀਂ ਉਨ੍ਹਾਂ ਦੇ ਘਰੀਂ ਨਾ ਰਹੋ ਕੜੀਆਂ।
ਊਚ ਨੀਚ ਦੀ ਕਰੋ ਪ੍ਰਵਾਹ ਨਾਹੀਂ, ਅਸਮਤ[3] ਤਲੀ ਤੇ ਰਖ ਕੇ ਰਹੋ ਖੜੀਆਂ।
ਲਜ ਸਹੁਰਿਆਂ ਮਾਪਿਆਂ ਧਰੋ ਧਿਕੇ, ਲੋਈ ਲਾਹ ਕੇ ਜਦੋਂ ਮੈਦਾਨ ਵੜੀਆਂ।
ਬੜੇ ਬੜੇ ਹਿਫਾਜ਼ਤਾਂ ਕਰਨ ਵਾਲੇ, ਜਿਹੜੇ ਕਰਨ ਵਿਸਾਹ ਨਾ ਚਾਰ ਘੜੀਆਂ।
ਤੁਸੀਂ ਉਨ੍ਹਾਂ ਦੀ ਅਖੀਏਂ ਘਤ ਘਟਾ, ਤਿਲਕ ਜਾਂਦੀਆਂ ਪਾਇਕੇ ਸਿਰੇ ਜੜੀਆਂ[4]।
ਪਾਣੀ ਮੰਗਿਆ ਨਾ ਹੋਯਾ ਤੁਰਤ ਘਾਇਲ ਜਿਹਨੂੰ ਨਾਗਨਾਂ ਦੇ ਵਾਂਗ ਜਾ ਲੜੀਆਂ।
ਚਾਤ੍ਰਿਕ ਬਣੋ ਨਾ ਸਕੀਆਂ ਤੁਸੀਂ ਨਾਰਾਂ, ਬੇ-ਈਮਾਨ, ਅਯਾਰ, ਮਕਾਰ ਬੜੀਆਂ।

ਜਵਾਬ ਰਾਣੀ ਪਿੰਗਲਾਂ

ਰਾਜਾ ਭਰਮ ਦਾ ਨਹੀਂ ਇਲਾਜ ਕੋਈ, ਜਿੰਨ ਨਿਕਲੇ ਜੰਨ[5] ਨਾ ਜਾਂਵਦਾ ਏ।
ਪਿਆ ਤੁਸਾਂ ਨੂੰ ਸ਼ੱਕ ਬੇਝੱਕ ਹੋਏ, ਐਵੇਂ ਆਪਦਾ ਚਿਤ ਭਰਮਾਵਦਾ ਏ।

1. ਸਚ ਦੀ ਕੰਧ ਭਾਵ ਪਤੀਬ੍ਰਤਾ ਧਰਮ। 2. ਧੋਖੇਬਾਜ਼। 3. ਇਜ਼ਤ।
4. ਜੜੀ, ਬੂਟੀ, ਭਾਵ ਐਸੀ ਬੂਟੀ ਦੀ ਜੜ ਜੋ ਮੱਤ ਮਾਰ ਦੇਵੇ। 5. ਸ਼ਕ ਵਹਿਮ।

ਮੈਂ ਹਾਂ ਸਤੀ ਰਾਣੀ ਤੁਸੀਂ ਪਤੀ ਮੇਰੇ, ਮੈਨੂੰ ਰਾਮ ਦਾ ਰੂਪ ਦਿਸ ਆਂਵਦਾ ਏ।
ਨਾਰ ਵਾਸਤੇ ਪਤੀ ਹੈ ਗਤੀ[1] ਦਾਤਾ, ਪਤੀਬ੍ਰਤ ਹੀ ਪਾਰ ਲੰਘਾਂਵਦਾ ਏ।
ਤੁਸੀਂ ਭਰਮ ਵਿਸ਼ਵਾਸ ਨਾ ਰਤੀ ਰਖੋ, ਭਰਮ ਤੁਸਾਂ ਨੂੰ ਪਿਆ ਡਰਾਂਵਦਾ ਏ।
ਏਹ ਪ੍ਰਤੀਤ ਰਖੋ ਮੈਂ ਹਾਂ ਧਰਮ ਬੱਧੀ, ਦਰਸ਼ਨ ਕਰਦਿਆਂ ਦੁਖ ਨਸਾਂਵਦਾ ਏ।
ਇਕ ਆਪ ਦੇ ਨਾਲ ਪ੍ਰੀਤ ਮੇਰੀ, ਬਿਨਾਂ ਆਪ ਨਾ ਬੂਟੜਾ ਛਾਂਵਦਾ ਏ।
ਤੁਸੀਂ ਕਰੋ ਅਦਾਲਤਾਂ ਆਪ ਬੈਹਕੇ, ਫੇਰ ਇਹ ਧੋਖਾ ਭਰਮ ਪਾਂਵਦਾ ਏ।
ਬਿਨਾਂ ਡਿਠਿਆਂ ਸੁਣੇ ਨੂੰ ਮੰਨ ਲੈਣਾ, ਕੀਕਰ ਤੁਸਾਂ ਨੂੰ ਰਾਜਿਆ ਭਾਂਵਦਾ ਏ।
ਦਾਨਾ ਸੋਈ ਜੋ ਆਪ ਪਰਤਾ ਵੇਖੇ ਡਿਠੇ ਬਾਝ ਨਾ ਕੋਈ ਪਤਿਆਂਵਦਾ ਏ।
ਹੁੰਦੇ ਲਖ ਸਜਣ ਲਖ ਵੈਰ ਵਾਲੇ, ਪਿਆ ਝੂਠ ਦੀ ਮੂਠ ਚਲਾਂਵਦਾ ਏ।
ਚਾਤ੍ਰਿਕ ਸਚ ਜਾਣੋ ਜਾਲਮ ਕੋਈ ਦੁਸ਼ਮਨ, ਮੈਂ ਅਨਾਥ ਦੇ ਲਹੂ ਨਹਾਂਵਦਾ ਏ।

ਜਵਾਬ ਰਾਜਾਂ ਭਰਥਰੀ ਜੀ

ਕਰ ਜਾ ਬਸ ਹੁਣ ਦਸ ਨਾ ਹੋਰ ਨਖਰੇ, ਅਗੇ ਬੜਾ ਤੂਫਾਨ ਮਚਾਇਆ ਏ।
ਤੁਸਾਂ ਨਾਰੀਆਂ ਨੂੰ ਨਮਸਕਾਰ ਦੂਰੋਂ, ਅੰਤ ਤੁਸਾਂ ਦਾ ਕਿਸੇ ਨਾ ਪਾਇਆ ਏ।
ਮੂਰਖ ਭਰਥਰੀ ਸਮਝਿਆ ਚਾਲ ਨੂੰ ਨਾ, ਜੇਹੜਾ ਤੁਸਾਂ ਨੇ ਜਾਲ ਵਿਛਾਇਆ ਏ।
ਰਿਹਾ ਮਸਤ ਮੈਂ ਢੋਲ ਦੇ ਖੋਲ ਉਤੇ, ਅੰਦਰ ਪੋਲ ਨਾ ਜ਼ਰਾ ਦਿਖਾਇਆ ਏ।
ਸਾਰੀ ਉਮਰ ਮੇਰੀ ਰਹੀ ਬੁਧ ਮਾਰੀ, ਹਰੀ ਨਾਮ ਨੂੰ ਨਹੀਂ ਧਿਆਇਆ ਏ।
ਜੇਹੜੀ ਹੋਈ ਸੋ ਹੋਈ ਹੁਣ ਬਸ ਹੋਈ, ਇਸੇ ਗਲ ਨੇ ਸਬਕ ਸਿਖਾਇਆ ਏ।
ਭੁਲਾ ਨਹੀਂ ਓਹ ਭੀ ਜੇਹੜਾ ਰਾਹ ਪਏ, ਚੇਤਾ ਅਜੇ ਭੀ ਅਗਾਂ ਦਾ ਆਇਆ ਏ।
ਰਬ ਕਿਸ ਦਰਗਾਹ ਵਿਚ ਦੇਊ ਢੋਈ, ਚਾਤ੍ਰਿਕ ਜਨਮ ਬੇਅਰਥ ਗਵਾਇਆ ਏ।

ਰਾਜਾ ਭਰਥਰੀ ਜੀ ਨੂੰ ਵੈਰਾਗ ਉਪਜਣਾ—ਕਵੀਓ ਵਾਚ

ਜੀਕਰ ਗੇਂਦ ਨੂੰ ਉਤਾਂ ਉਛਾਲ ਦਈਏ, ਹੇਠਾਂ ਆਂਵਦੇ ਦਾ ਬੜਾ ਜ਼ੋਰ ਹੁੰਦਾ।
ਮਰਨ ਲਗਿਆਂ ਅਖੀਆਂ ਖੋਲ ਦੇਂਦਾ ਰੋਗੀ ਅਤ ਦਰਜੇ ਦਾ ਕਮਜ਼ੋਰ ਹੁੰਦਾ।
ਜਦੋਂ ਕੜਕਵੀਂ ਧੁਪ ਤੇ ਲੂ ਚਲੇ, ਤਦੋਂ ਬਦਲਾਂ ਆਨ ਘਨਘੋਰ ਹੁੰਦਾ।
ਸੰਨਪਾਤ[2] ਦੇ ਨਾਲ ਜਦ ਮਰਨ ਲਗੇ, ਗਰਮੀ ਪੇਟ ਦੀ ਦਾ ਜ਼ੋਰ ਹੋਰ ਹੁੰਦਾ।
ਤਿਵੇਂ ਇਸ਼ਕ ਵਲੋਂ ਜਦੋਂ ਠੇਸ ਲਗੇ, ਤਤਕਾਲ ਬੈਰਾਗ ਦਾ ਮੋੜ ਹੁੰਦਾ।
ਬਹੁਤੇ ਇਸ਼ਕ ਮਜ਼ਾਜੀਓਂ[3] ਭੇਤ ਲਭਣ, ਸਚ ਨਾਲ ਮਹਬੂਬ[4] ਦੇ ਜੋੜ ਹੁੰਦਾ।
ਰਾਜੇ ਭਰਥਰੀ ਦੇ ਮੋੜਾ ਚਿਤ ਖਾਧਾ, ਪੈਂਦਾ ਭਗਤ ਭਗਵਾਨ ਦਾ ਲੋਰ ਹੁੰਦਾ।

---

1. ਮੁਕਤੀ। 2. ਇਕ ਰੋਗ, ਸਰਸਾਮ (ਸਿਰ ਦੀ ਸੋਜ)। 3. ਦੁਨਿਆਵੀ ਪ੍ਰੀਤ। 4. ਪਿਆਰੇ।

ਚਾਤ੍ਰਿਕ ਭੇਦ ਨਾ ਨਾਰ ਦਾ ਖੁਲ੍ਹਜਾਏ, ਅਸਲੀ ਭੇਤ ਖੁਲ੍ਹ ਕੇ ਮਿਟਿਆ ਸ਼ੋਰ ਹੁੰਦਾ।
ਰਾਜੇ ਸੋਚਿਆ ਗਲ ਮਾਲੂਮ ਹੋ ਗਈ, ਪਏ ਹੋਰ ਵਧਾਨ ਵਧਾਈਏ ਕਿਉਂ ?
ਪਾਜ ਖੁਲਿਆ ਜਗਤ ਦੀ ਪ੍ਰੀਤ ਝੂਠੀ, ਹੋਰ ਆਪਣਾ ਮਗਜ਼ ਖਪਾਈਏ ਕਿਉਂ ?
ਜਾਕੇ ਭਜਨ ਕਰੀਏ ਮਿਲੇ ਰਬ ਸਚਾ, ਰੰਨਾਂ ਨਾਲ ਬੈਹਕੇ ਮੱਥਾ ਲਾਈਏ ਕਿਉਂ ?
ਏਨਾ ਜਗਤ ਨਿਵਾਜਾ ਮਕਰ ਕਰਕੇ, ਜਾਣ ਬੁਝ ਕੇ ਜਾਨ ਫਸਾਈਏ ਕਿਉਂ ?
ਵਿਸ਼ਵਨਾਥ[1] ਦੀ ਸ਼ਰਨ ਪੈ ਭਜਨ ਕਰੀਏ, ਵਿਚ ਐਸ਼ ਦੇ ਉਮਰ ਗਵਾਈਏ ਕਿਉਂ ?
ਜੇਹੜੇ ਵਣਜ ਨੂੰ ਜਗਤ ਤੇ ਚਲ ਆਏ, ਘਾਟਾ ਓਸ ਵਪਾਰ ਵਿਚ ਪਾਈਏ ਕਿਉਂ ?
ਘੁੰਮਣ ਘੇਰ ਅੰਧੇਰ ਸੰਸਾਰ ਸਾਗਰ, ਬੇੜਾ ਗਾਫਲੀ ਵਿਚ ਡੁਬਾਈਏ ਕਿਉਂ ?
ਚਾਤ੍ਰਿਕ ਮੂਰਖਾ ਮਨਾਂ ਕਰ ਹੋਸ਼ ਹੁਣ ਭੀ, ਝੂਠੀ ਪ੍ਰੀਤ ਤੇ ਜੀਉ ਭਰਮਾਈਏ ਕਿਉਂ ?
ਜੇਕਰ ਏਸ ਵੇਲੇ ਕੋਈ ਹੋਰ ਹੁੰਦਾ, ਥਾਉਂ ਭਰਥਰੀ ਦੇ ਤਾਂ ਕੀ ਕਾਰ ਕਰਦਾ।
ਬਿਨਾ ਸੋਚ ਵਿਚਾਰ ਦੇ ਰੋਹ ਚੜ੍ਹਿਆ, ਟੂਕੜੇ ਨਾਰ ਦੇ ਵਢ ਕੇ ਚਾਰ ਕਰਦਾ।
ਹਾਥੀਵਾਨ ਨੂੰ ਸਦ ਦਰਬਾਰ ਅੰਦਰ, ਮਾਰ ਮੌਤ ਦੇ ਘਾਟ ਤੋਂ ਪਾਰ ਕਰਦਾ।
ਕੀਮੇ ਵਾਂਗ ਕਰਵਾਕੇ ਲੋਥ ਉਸਦੀ, ਕਾਵਾਂ ਕੁਤਿਆਂ ਲਈ ਸ਼ਿਕਾਰ ਕਰਦਾ।
ਰੰਨ ਟੰਗ ਕੇ ਚੌਹਾਂ ਦਰਵਾਜ਼ਿਆਂ ਤੇ, ਨਾਰਾਂ ਹੋਰਨਾਂ ਨੂੰ ਖਬਰਦਾਰ ਕਰਦਾ।
ਚਾਤ੍ਰਿਕ ਖਬਰ ਨਹੀਂ ਸੀ ਕੀ ਕੀ ਹੋਰ ਕਰਦਾ ? ਕਿਧੇ ਕਿਧੇ ਤੇ ਜੁਲਮ ਦਾ ਵਾਰ ਕਰਦਾ।
ਐਪਰ ਨਹੀਂ ਏਥੇ ਰਾਜਾ ਭਰਥਰੀ ਸੀ, ਜੇਹੜਾ ਗਲ ਦੇ ਸਿਰੇ ਨਾ ਆਂਵਦਾ ਏ।
ਦਿਲੋਂ ਗਹਿਰ ਗੰਭੀਰ ਅਕੀਲ[2] ਡਾਢਾ, ਜਾਣ ਬੁਝ ਅੰਜਾਣ ਹੋ ਜਾਂਵਦਾ ਏ।
ਕਿਸੇ ਹੋਰ ਨੂੰ ਬੁਰਾ ਬਣਾਨ ਨਾਲੋਂ, ਬੁਰਾ ਆਪਣੇ, ਤਾਂਈਂ ਬਣਾਂਵਦਾ ਏ।
ਹੋਰ ਕਿਸੇ ਨੂੰ ਸਬਕ ਸਿਖਾਣ ਨਾਲੋਂ, ਆਪਣੇ ਜੀਉ ਨੂੰ ਸਬਕ ਸਿਖਾਂਵਦਾ ਏ।
ਗੰਦ ਛੇੜਿਆਂ ਛਿਟ ਜ਼ਰੂਰ ਪੈਂਦੀ, ਪਰੇ ਆਪਣਾ ਆਪ ਹਟਾਂਵਦਾ ਏ।
ਚਾਤ੍ਰਿਕ ਕਿਸੇ ਨੂੰ ਨਹੀਂ ਤਕਲੀਫ ਦਿਤੀ, ਆਪ ਰਾਜ ਤੇ ਚੂਲੀਆਂ[3] ਪਾਵਦਾ ਏ।
ਏਸੇ ਗਲ ਦਾ ਨਾਮ ਦਾਨਾਈ ਹੁੰਦਾ, ਦਾਨੇ ਸਿਰੇ ਨਾ ਆਂਵਦੇ ਗਲ ਦੇ ਨੇ।
ਡਿਠੀ ਗਲ ਨੂੰ ਆਪ ਅਣਡਿਠ ਕਰਕੇ ਨੀਵੀਂ ਅਖ ਕਰ ਅਗਾਂ ਨੂੰ ਚਲਦੇ ਨੇ।
ਸਖਤੀ ਕਰਨ ਰਵਾ ਨਾ ਨੌਕਰਾਂ ਤੇ, ਠੰਢੇ ਹੋਇਕੇ ਆਪ ਹੀ ਢਲਦੇ ਨੇ।
ਹਥ ਚੁਕਣਾ ਨਾਰ ਤੇ ਪਾਪ ਸਮਝਣ, ਆਏ ਕ੍ਰੋਧ ਨੂੰ ਜੀਊਰ ਕੇ ਠਲਦੇ ਨੇ।
ਭਾਵੇਂ ਲਖ ਅੰਧੇਰੀਆਂ ਦੁਖ ਦੇਵਣ, ਪਰਬਤ ਵਾਂਗ ਅਡੋਲ ਨਾ ਹਲਦੇ ਨੇ।
ਪਰਦਾ ਪਾ ਕੇ ਢਕਦੇ ਸ਼ਰਮ ਵਾਲੇ, ਦਾਨੇ ਓਸ ਨੂੰ ਨਹੀਂ ਉਥਲਦੇ ਨੇ।
ਨਾ ਵਧਾਨ ਵਧਾ ਕੇ ਦੁਖ ਦੇਵਣ, ਨਾ ਹੀ ਆਪਣੇ ਜੀਉ ਨੂੰ ਸਲਦੇ[4] ਨੇ।
ਚਾਤ੍ਰਿਕ ਕਿਸੇ ਨੂੰ ਦੇਣ ਤਕਲੀਫ ਨਾਹੀਂ, ਦੁਖ ਆਪਣੇ ਆਪ ਤੇ ਝਲਦੇ ਨੇ।
ਲੋਕੀ ਕਹਿਣਗੇ ਏਹ ਤਕਲੀਫ ਸੁਣ ਕੇ, ਸੋਹਣੀ ਭਰਥਰੀ ਨੇ ਕੇਹੜੀ ਕਾਰ ਕੀਤੀ ?
ਕੇਹੜੇ ਦਾਨਿਆਂ ਵਿਚ ਸ਼ੁਮਾਰ[5] ਕਰੀਏ ? ਭਾਈ ਕੱਢ ਪਿਆਰੜੀ ਨਾਰ ਕੀਤੀ।
ਫਰਜ਼ ਭੁਲਿਆ ਖਲਕ ਦਾ ਮਲਕ[6] ਬਣਕੇ, ਕਦੇ ਲਾਏ ਦਰਬਾਰ ਨਾ ਸਾਰ ਕੀਤੀ।

1. ਜਗਤ ਦਾ ਮਾਲਕ, ਰਬ। 2. ਅਕਲ ਵਾਲਾ। 3. ਛਡ ਦੇਣਾ। 4. ਦੁਖੀ ਕਰਦੇ। 5. ਗਿਣਤੀ। 6. ਰਾਜ।

ਬਿਨਾਂ ਸੋਚ ਵਿਚਾਰ ਦੇ ਬਿਕ੍ਰਮੀ ਨੂੰ, ਬੁਰੇ ਭਲੇ ਦੀ ਝਿੜਕ ਬੁਛਾੜ ਕੀਤੀ।
ਆਖਾ ਰੰਨ ਦਾ ਮੰਨ ਕੇ ਕਢ ਦਿਤਾ, ਨਾਲ ਅਕਲ ਦੇ ਨਹੀਂ ਵਿਚਾਰ ਕੀਤੀ।
ਚਾਤ੍ਰਿਕ ਇਸ਼ਕ ਦੇ ਵਿਚ ਬਦਮਸਤ ਹੋਏ, ਨਾਲ ਹੋਰ ਰਈਯਤ ਅਵਾਜ਼ਾਰ[1] ਕੀਤੀ।
ਜ਼ਰਾ ਗੌਰ ਕਰਕੇਂ ਉਨ੍ਹਾਂ ਮਿਤ੍ਰਾਂ ਨੂੰ, ਉਸਦੇ ਹਾਲ ਤੇ ਮਾਰਨੀ ਝਾਤ ਚਾਹੀਏ।
ਉਸਦੀ ਬੇ-ਬਸੀ ਵਲ ਧਿਆਨ ਕਰਕੇ, ਫੇਰ ਆਖਣੀ ਓਸ ਨੂੰ ਬਾਤ ਚਾਹੀਏ।
ਨਾਰਾਂ ਨਾਗਣਾਂ ਕਿਸ ਤਰ੍ਹਾਂ ਡੰਗ ਮਾਰਨ ? ਕਰਨੇ ਖ਼ੂਬ ਅੰਦਾਜ਼ ਹਾਲਾਤ ਚਾਹੀਏ।
ਜਿਸ ਨੂੰ ਚੰਬੜੇ ਨਾਰ ਅਫਾਤ ਹੋਕੇ, ਉਸਦੇ ਭਾ ਦੀ ਦਿਨੇ ਹੀ ਰਾਤ ਚਾਹੀਏ।
ਜਿਸਨੂੰ ਸਦਾ ਦਾ ਰੋਗ ਇਹ ਲਗ ਜਾਵੇ, ਕਰਨਾ ਓਸਨੂੰ ਆਤਮਘਾਤ ਚਾਹੀਏ।
ਜੇ ਅਰਧੰਗ ਹੀ[2] ਹੋਈ ਅਧਰੰਗ[3] ਚਾਤ੍ਰਿਕ, ਕਿਉਂ ਨਾ ਓਸਦੀ ਖੇਡ ਫਿਰ ਮਾਤ ਚਾਹੀਏ।
ਨਾਰਾਂ ਆਦਮੀ ਲਈ ਕਲੰਕ ਭਾਰਾ, ਨਾਰਾ ਰੁਖ ਉਤੇ ਅੰਬਰ-ਵੇਲ[4] ਵਾਂਗੂੰ।
ਘਾਇਲ ਕਰਨ ਹਥਿਆਰ ਬਗੈਰ ਦੁਨੀਆਂ, ਨੈਨ ਇਨ੍ਹਾਂ ਦੇ ਸਖਤ ਗੁਲੇਲ ਵਾਂਗੂੰ।
ਜੱਤ, ਸਤ ਤੇ ਸਤਿਆ ਖਿਚ ਲੈਂਦੀ, ਪੀੜ ਪੀੜ ਕੇ ਤਿਲਾਂ ਦੇ ਤੇਲ ਵਾਂਗੂੰ।
ਪੁਠਾ ਟੰਗ ਕੇ ਤਾਵੜੀ[5] ਲਾਣ ਹੇਠੋਂ, ਬਾਜ਼ੀਗਰਾਂ ਦੀ ਪੁਠੜੀ ਖੇਲ ਵਾਂਗੂੰ।
ਜੜ੍ਹਾਂ ਪੁਟ ਕੇ ਕਰਨ ਤਬਾਹ ਬੇੜਾ, ਚਾਤ੍ਰਿਕ ਸੋਨੇ ਤੇ ਸਿਕੇ ਦੇ ਮੇਲ ਵਾਂਗੂੰ।
ਆਦਮ[6] ਹਵਾ[7] ਬਣਾ ਕੀ ਨਫਾ ਪਾਇਆ, ਚੰਗੇ ਭਲੇ ਨੂੰ ਵਾਇਦਾ ਪਾਇਓ ਸੂ।
ਆਖੇ ਲਗ ਸ਼ੈਤਾਨ-ਖਵਾ ਦਾਣਾ, ਧੱਕੇ ਜਨਤੋਂ[8] ਮਾਰ ਕਢਾਇਓ ਸੂ।
ਰਾਮਚੰਦ ਬਨਬਾਸ ਦਿਵਾਇਆ ਸੂ, ਜੁਧ ਰਾਵਣ ਦੇ ਨਾਲ ਮਚਾਇਓ ਸੂ।
ਕਈ ਖੂਹਣੀਆਂ[9] ਫੌਜ ਬ੍ਰਬਾਦ ਕੀਤੀ, ਮਥਾ ਕੋਰਵਾਂ ਪਾਂਡਵਾਂ ਲਾਇਓ ਸੂ।
ਵੈਰ ਸਕਿਆਂ ਭਾਈਆਂ ਵਿਚ ਪਾ ਕੇ, ਬੈਠ ਸਾਹਮਣੇ ਖ਼ੂਨ ਵਹਾਇਓ ਸੂ।
ਜਦੋਂ ਕ੍ਰਿਸ਼ਨ ਸ਼ਿਸ਼ਪਾਲ[10] ਦੇ ਭੇੜ ਲਗੇ, ਓਦੋਂ ਕਿਹਾ ਕੁ ਹਾਲ ਕਰਾਇਓ ਸੂ।
ਜਦੋਂ ਮੋਹਣੀ ਰੂਪ ਦਿਖਾਇਓ ਸੂ, ਮਹਾਂਦੇਵ[11] ਦਾ ਜੀਉ ਭਰਮਾਇਓ ਸੂ।
ਮਹੀਂਵਾਲ[12] ਦਾ ਪੱਟ ਚਿਰਵਾਇਓ ਸੂ, ਰਾਂਝੇ[13] ਚਾਕ ਦੇ ਕੰਨ ਪੜਵਾਇਓ ਸੂ।
ਯੂਸਫ ਸੋਹਣਾ ਕੈਦ ਕਰਾਇਓ ਸੂ, ਸੁਲੇਮਾਨ ਤੋਂ ਭਠ ਝੁਕਾਇਓ ਸੂ।
ਤੈਸਾ ਮਾਰ ਫਰਿਹਾਦ[14] ਕਟਾਇਓ ਸੂ, ਮਿਰਜ਼ਾ[15] ਸਾਹਮਣੇ ਬੈਠ ਮਰਵਾਇਓ ਸੂ।
ਸਾਲਿਬਾਹਨ[16] ਦੀ ਅਕਲ ਤੇ ਪਾ ਪਰਦਾ, ਸੱਕੇ ਪੁਤ ਦੇ ਲਹੂ ਨੁਹਾਇਓ ਸੂ।
ਕਿਦੀ ਕਿਦੀ ਮੈਂ ਖੋਲ ਕੇ ਗਲ ਦਸਾਂ ? ਕਿਸੇ ਨਾਲ ਨਾ ਭਲਾ ਕਮਾਇਓ ਸੂ।

---

1. ਦੁਖੀ। 2. ਅਧਾ ਅੰਗ=ਇਸਤ੍ਰੀ। 3. ਇਕ ਰੋਗ ਜਿਸ ਵਿਚ ਸਰੀਰ ਦਾ ਇਕ ਪਾਸਾ ਹੀ ਮਾਰਿਆ ਜਾਂਦਾ ਹੈ।
4. ਅਮਰ ਵੇਲ ਜੋ ਜੜ ਤੋਂ ਤੇ ਪਤਿਆਂ ਤੋਂ ਬਿਨ੍ਹਾਂ ਹੁੰਦੀ ਹੈ, ਪੁਰਾਣਾ ਖਿਆਲ ਸੀ ਕਿ ਜਿਸ ਰੁਖ ਉਤੇ ਫੈਲੇ ਉਸ ਨੂੰ ਸੁਕਾ ਦੇਂਦੀ ਹੈ। 5. ਤਾਉੜੀ, ਦੋਹਾਂ ਹਥਾਂ ਨਾਲ। 6. ਈਸਾਈ, ਮੁਸਲਮਾਨ ਮਤ ਅਨੁਸਾਰ ਸਭ ਤੋਂ ਪਹਿਲਾ ਮਨੁਖ।
7. ਸਭ ਤੋਂ ਪਹਿਲੀ ਇਸਤ੍ਰੀ ਜਿਸ ਦੇ ਕਹਿਣ ਉਤੇ ਆਦਮ ਨੇ ਵਿਵਰਜਤ ਫਲ ਖਾਧਾ ਤੇ ਸਵਰਗਾਂ ਵਿਚੋਂ ਧਕਿਆ ਗਿਆ।
8. ਸਵਰਗ। 9. ਬਹੁਤ ਵਡੀ ਸੈਨਾ।
10. ਸ੍ਰੀ ਕ੍ਰਿਸ਼ਨ ਜੀ ਦੀ ਭੂਆ ਦਾ ਪੁਤਰ ਪਰ ਵੈਰੀ ਕਿਉਂਕਿ ਸ੍ਰੀ ਕ੍ਰਿਸ਼ਨ ਜੀ ਨੇ ਇਸ ਦੀ ਮੰਗੇਤਰਾ ਰੁਕਮਣੀ ਨੂੰ ਵਿਆਹ ਵਾਲੇ ਦਿਨ ਉਧਾਲ ਲਿਆ ਸੀ ਅੰਤ ਵੇਲੇ ਇਹ ਕ੍ਰਿਸ਼ਨ ਜੀ ਦੇ ਹਥੀਂ ਮਾਰਿਆ ਗਿਆ। 11. ਸ਼ਿਵ ਜੀ।
12. ਗੁਜਰਾਤ ਦੀ ਵਸਨੀਕ ਸੋਹਣੀ ਦਾ ਪ੍ਰੇਮੀ। 13. ਝੰਗ ਦਾ ਵਸਨੀਕ ਹੀਰ ਦਾ ਪ੍ਰੇਮੀ ਜੋ ਮੱਝਾਂ ਚਾਰਦਾ ਰਿਹਾ।
14. ਸ਼ੀਰੀ ਦਾ ਪ੍ਰੇਮੀ ਜਿਸ ਨੇ ਸ਼ੀਰੀ ਬਦਲੇ ਪਹਾੜ ਚੀਰ ਕੇ ਇਕਲੇ ਨੇ ਹੀ ਨਹਰ ਕਢੀ ਕਹੀ ਜਾਂਦੀ ਹੈ।
15. ਝੰਗ ਦੀ ਵਸਨੀਕ ਸਾਹਿਬਾਂ ਦੀ ਪ੍ਰੇਮੀ ਪੰਜਾਬ ਦੀ ਪ੍ਰਸਿਧ ਕਥਾ ਹੈ। 16. ਪੂਰਨ ਭਗਤ ਦਾ ਪਿਓ।

ਅਲੋਕਾਰ ਨਾ ਭਰਥਰੀ ਨਾਲ ਕੀਤੀ, ਬਿਕ੍ਰਮਾਜੀਤ ਬਨਬਾਸ ਦਿਵਾਇਓ ਸੂ।
ਸਬਜ਼ ਬਾਗ ਦਿਖਾ ਭੁਲਾ ਚਾਤ੍ਰਿਕ, ਲਖਾਂ ਚਾਤਰਾਂ ਚਣੇ ਚਬਾਇਓ ਸੂ।

ਪਛੋਤਾਉਣਾ ਰਾਜਾ ਭਰਥਰੀ ਜੀ ਦਾ

ਪਛੋਤਾਉਂਦਾ ਭਰਥਰੀ ਜੀਉ ਅੰਦਰ, ਚੰਗਾ ਕੰਮ ਨਾ ਕੋਈ ਕਮਾਯਾ ਮੈਂ।
ਲਖਾਂ ਪਾਪ ਕੀਤੇ ਵਿਚ ਜ਼ਿੰਦਗੀ ਦੇ, ਰਾਮ ਨਾਮ ਨੂੰ ਦਿਲੋਂ ਭੁਲਾਯਾ ਮੈਂ।
ਏਸ ਇਸਤ੍ਰੀ ਉਸਤ੍ਰੀ ਤੇਜ਼ ਕੋਲੋਂ, ਹਥੀਂ ਆਪਣਾ ਗਲਾ ਕਟਾਯਾ ਮੈਂ।
ਦੋ ਜਹਾਨ ਅੰਦਰ ਉਸ ਬਦਨਾਮ ਕੀਤਾ, ਜੇਹੜੀ ਨਾਰ ਤੇ ਜਿਸਮ ਸੜਾਯਾ ਮੈਂ।
ਮੇਰੀ ਬੁਧ ਮਾਰੀ ਭਜਿਆ ਨਾ ਮੁਰਾਰੀ, ਲੰਘੀ ਉਮਰ ਸਾਰੀ ਨਾ ਸ਼ਰਮਾਯਾ ਮੈਂ।
ਚਾਤ੍ਰਿਕ ਪਿਆ ਖਾਈ ਨਾ ਕੁਝ ਅਕਲ ਆਈ, ਮਾਯਾ ਤਾਰ ਪਾਈ ਦੁਖ ਉਠਾਯਾ ਮੈਂ।
ਜੇਹੜੇ ਸ਼ਮਾ ਦਾ ਰਿਹਾ ਪਤੰਗ ਬਣਿਆ, ਉਸ ਨੂੰ ਹੋਰ ਦੀ ਅਗ ਨੇ ਸਾੜਿਆ ਏ।
ਅਗੋਂ ਏਸ ਨੂੰ ਸਬਰ ਨਾ ਏਸ ਉਤੇ, ਸੀਨਾ ਹੋਰ ਸੂਲੀ ਉਤੇ ਚਾੜਿਆ ਏ।
ਉਸ ਨਾਰ ਨੂੰ ਨਹੀਂ ਕਰਾਰ ਦਿਲ ਵਿਚ, ਪਿਆਰ ਕਰਨ ਨੂੰ ਭਰਥਰੀ ਤਾੜਿਆ ਏ।
ਚਾਤ੍ਰਿਕ ਹੈਫ[1] ਅਫਸੋਸ ਇਸ ਕਾਮ ਉਤੇ, ਸਾਰੇ ਦਿਲਾਂ ਨੂੰ ਅੰਦਰੋਂ ਪਾੜਿਆ ਏ।
ਲਾਨਤ ਲਖ ਹੈ ਪਿੰਗਲਾਂ ਚੰਚਲਾਂ ਤੇ, ਰਾਜਾ ਛਡ ਮਹਾਵਤ ਨੂੰ ਯਾਰ ਕੀਤਾ।
ਆਸ਼ਕ ਓਸ ਤੇ ਪਿੰਗਲਾਂ ਪਰੀ ਜੈਸੀ, ਫੇਰ ਖਾਨਗੀ[2] ਤੇ ਜੀ ਨਸਾਰ ਕੀਤਾ।
ਕਾਮਦੇਵ ਉਤੇ ਲਾਨਤ ਤੀਸਰੀ ਹੈ, ਜਿਸਨੇ ਸਭਸ ਨੂੰ ਮਾਰ ਖੁਆਰ ਕੀਤਾ।
ਊਚ ਨੀਚ ਦੀ ਪਰਖ ਨਾ ਰਹਿਣ ਦੇਵੇ, ਕੁਤੇ ਵਾਂਗ ਬੇ-ਸਬਰ ਸੰਸਾਰ ਕੀਤਾ।
ਲਾਨਤ ਚੌਥੜੀ ਭਰਥਰੀ ਮੁਝ ਉਤੇ ਜਿਸਨੇ ਜੀਉ ਨੂੰ ਕਾਮ ਅਨੁਸਾਰ ਕੀਤਾ।
ਰਿਹਾ ਊਤ ਨਾ ਕਢਿਆ ਭੂਤ ਚਾਤ੍ਰਿਕ, ਲਭਾ ਚੋਰ ਨਾ ਭਜਨ ਕਰਤਾਰ ਕੀਤਾ।
ਹਾਏ ਲੇਖ ਸੜ ਗਏ ਫਾਹੀਆਂ ਵਿਚ ਕੜ ਗਏ ਪਾਪ ਤਾਪ ਚੜ ਗਏ ਗਯਾ ਮਾਰਯਾ ਮੈਂ।
ਧੋਖੇ ਵਿਚ ਫਸਯਾ, ਰਸਾਂ ਨਾਲ ਰਸਯਾ, ਭੋਗਾਂ ਵਿਚ ਧਸਯਾ, ਨਾ ਵਿਚਾਰਿਆ ਮੈਂ।
ਜਾਣ ਬੁਝ ਮੋਯਾ, ਅੰਨ੍ਹਾ ਆਪ ਹੋਯਾ, ਵਿਸ਼ੇ ਵਿਚ ਸੋਯਾ ਜਨਮ ਹਾਰਿਆ ਮੈਂ।
ਨਿਜ ਜੰਮਦੀ ਮਾਉ ਮੈਂ ਮੂੜ੍ਹ ਤਾਂਈ, ਕਿਉਂ ਨਾ ਜੰਮਦੀ ਨੇ ਮਾਰ ਡਾਰਿਆ ਮੈਂ।
ਆਯਾ ਜਗ ਤੇ ਸਾਂ ਨੇਕੀ ਕਰਨ ਖਾਤਰ, ਸਗੋਂ ਆਇ ਕੇ ਗੰਦ ਖਲਾਰਿਆ ਮੈਂ।
ਪਾਪ ਕਰਨ ਖਾਤਰ ਦੁਖੀ ਸੜਨ ਖਾਤਰ, ਨਰਕਾਂ ਭਰਨ੍ਹ ਖਾਤਰ ਜਨਮ ਧਾਰਿਆ ਮੈਂ।
ਭਰੇ ਸਰਾਂ[3] ਤੋਂ ਸਖਣਾ ਰਿਹਾ ਪਾਪੀ, ਸਾਰੀ ਉਮਰ ਨੂੰ ਊਤ ਗੁਜਾਰਿਆ ਮੈਂ।
ਵੀਰ ਬਿਕ੍ਰਮਾਜੀਤ ਸਮਝਾਇ ਥੱਕਾ, ਵੈਰੀ ਓਸ ਨੂੰ ਦਿਲੋਂ ਚਿਤਾਰਿਆ ਮੈਂ।
ਪੁਠੀ ਪਈ ਕਿਸਮਤ ਸਗੋਂ ਨਾਲ ਗੁਸੇ, ਝਿੜਕ ਝੰਬ ਕੇ ਪਰੇ ਦੁਰਕਾਰਿਆ ਮੈਂ।
ਅੰਨਾ ਆਪ ਸਾਂ ਦੋਸ਼ ਭਰਾ ਤਾਈਂ, ਲਾ ਕੇ ਦੇਸ਼ ਤੋਂ ਬਾਹਰ ਨਕਾਰਿਆ ਮੈਂ।

1. ਲਾਨਤ। 2. ਵੇਸ਼ਵਾ। 3. ਤਲਾਵਾਂ।

ਮੇਰੀ ਅਕਲ ਤੇ ਆਣ ਕੇ ਪਿਆ ਪਰਦਾ, ਆਖੇ ਲਗ ਰੰਨਾਂ ਦੇ ਹੰਕਾਰਿਆ ਮੈਂ।
ਚਾਤ੍ਰਿਕ ਡੰਗਰਾਂ ਵਾਂਗ ਬੇਅਕਲ ਹੋਯਾ, ਸੋਟੇ ਮਾਰ ਕੇ ਨਾਰੀਆਂ ਚਾਰਿਆ ਮੈਂ।

ਰਾਜਾ ਭਰਥਰੀ ਦਾ ਪਸਚਾਤਾਪ ਕਰਨਾ ਬਿਕ੍ਰਮਾਜੀਤ ਨੂੰ ਯਾਦ ਕਰਕੇ

ਹਾਇ ਬਿਕ੍ਰਮੀ ਵੀਰ ਮੈਂ ਬੜਾ ਪਾਪੀ ਬੇਕਸੂਰ ਤਾਂਈਂ ਲਾਈ ਲੀਕ ਤੈਨੂੰ।
ਤੂੰ ਸੈਂ ਲਛਮਣ ਵੀਰ ਪਰਤੱਖ ਮੇਰਾ, ਅੰਨ੍ਹੇ ਸਮਝਯਾ ਦਿਲੋਂ ਸ਼ਰੀਕ ਤੈਨੂੰ।
ਮੇਰੇ ਪਾਪ ਦਰਗਾਹ ਨਾ ਜਾਣ ਬਖਸ਼ੇ, ਜੇਹੜਾ ਕਢਿਆ ਬਾਹਰ ਧਰੀਕ ਤੈਨੂੰ।
ਏਸ ਨਾਰ ਬਦਕਾਰ ਦੇ ਲਗ ਆਖੇ, ਖੋਟਾ ਅੰਦਰੋਂ ਸਮਝਿਆ ਠੀਕ ਤੈਨੂੰ।
ਮੈਨੂੰ ਵੇਲੜਾ ਹਥ ਨਾ ਆਂਵਦਾ ਏ, ਯਾਦ ਕਰਾਂਗਾ ਮੈਂ ਮਰਨ ਤੀਕ ਤੈਨੂੰ।
ਰਾਜ ਹੁੰਦਿਆਂ ਤੂੰ ਫਿਰੇਂ ਬਾਹਰ ਰੁਲਦਾ, ਖਬਰੇ ਮੰਗਣੀ ਪੈਂਦੀ ਏ ਭੀਖ ਤੈਨੂੰ।
ਜੇਕਰ ਨਜ਼ਰ ਆਵੇਂ ਵੀਰਾ ਅਜ ਮੈਨੂੰ, ਲਾਵਾਂ ਗਲੇ ਮੈਂ ਮਾਰ੍ਕੇ ਚੀਕ ਤੈਨੂੰ।
ਆਖੀ ਸਚ ਸੀ ਗਲ ਤੂੰ ਤੁਰਨ ਲਗੇ, ਯਾਦ ਪਵਾਂਗਾ ਪਵੇਗੀ ਪੀਕ[1] ਤੈਨੂੰ।
ਓਦੋਂ ਗਲ ਕੰਨਾਂ ਰੇਹੜੇ ਮਾਰ ਛਡੀ, ਦਿਲੋਂ ਸਮਝਿਆ ਨਹੀਂ ਰਫੀਕ[2] ਤੈਨੂੰ।
ਚਾਤ੍ਰਿਕ ਨੀਚ ਦੇ ਬਖਸ਼ ਗੁਨਾਹ ਰਬਾ, ਬਖਸ਼ਸ਼ ਕਰਨ ਦੀ ਜਦ ਤੌਫੀਕ[3] ਤੈਨੂੰ।

ਸਚ ਮੁਚ ਦਾ ਦੇਵਤਾ ਰੂਪ ਸੈਂ ਤੂੰ, ਨੇਕਾਂ ਵਾਲੀਆਂ ਖਸਲਤਾਂ[4] ਵਾਲਿਆ ਓਏ।
ਤੇਰੀ ਕਦਰ ਨਾ ਹੋਈ ਬੇਕਦਰਿਆਂ ਤੋਂ, ਪਕੜ ਘਰਾਂ ਤੋਂ ਬਾਹਰ ਨਿਕਾਲਿਆ ਓਏ।
ਬਾਹਵਾਂ ਹੋਣ ਭਰਾ ਜਹਾਨ ਅੰਦਰ, ਦੁਖਾਂ ਸੁਖਾਂ ਸੰਦੇ ਸਾਂਝੀ ਵਾਲਿਆ ਓਏ।
ਮੈਂ ਬੇਸਮਝ ਨੇ ਸਮਝ ਨਾ ਕੁਝ ਕੀਤੀ, ਹਥੀਂ ਆਪਣੀ ਲਾਲ ਗਵਾ ਲਿਆ ਓਏ।
ਲਖਾਂ ਖਰਚਿਆਂ ਵੀਰ ਨਾ ਹਥ ਆਵਣ, ਹੁੰਦੇ ਸੁੰਦਿਆਂ ਆਪ ਵੰਜਾ[5] ਲਿਆ ਓਏ।
ਤੇਰੇ ਬਾਝ ਅੰਧੇਰ ਗੁਬਾਰ ਹੋਯਾ, ਮੇਰੀਆਂ ਪਗੜੀਆਂ[6] ਦਿਆ ਰਖਵਾਲਿਆ ਓਏ।
ਆਵੀਂ ਦਰਸ ਦਿਖਾਵੀਂ ਨਿਮਾਨੜੇ ਨੂੰ ਵਾਸਾਂ ਕਾਸ ਨੂੰ ਦੂਰ ਬਨਾ ਲਿਆ ਓਏ।
ਕੀਤੇ ਪਾਪ ਦੀ ਮਿਲੀ ਸਜ਼ਾ ਮੈਨੂੰ, ਪਿਛੋਂ ਦੁਖ ਬਥੇਰੜਾ ਪਾ ਲਿਆ ਓਏ।
ਤੇਰੇ ਫੁਲ ਸਰੀਰ ਨੂੰ ਚੋਭ ਕੰਡੇ, ਤੈਨੂੰ ਜੰਗਲੀਂ ਬਨੀਂ ਰੁਲਾ ਲਿਆ ਓਏ।
ਵੀਰਾ ਬਖਸ਼ ਦੇ ਏਹ ਅਪ੍ਰਾਧ ਮੇਰਾ, ਗੁਸਾ ਜੀਉ ਤੋਂ ਸਭ ਭੁਲਾ ਲਿਆ ਓਏ।
ਮੂਰਖ ਭਰਥਰੀ ਹੈ ਗੁਨਾਹਗਾਰ ਵਡਾ, ਭੁਲਾ ਨਾਰ ਦਾ ਸਿਖ ਸਿਖਾਲਿਆ ਓਏ।
ਰਖੀਂ ਗਿਲਾ ਨਾ ਜੀਉ ਦੇ ਵਿਚ ਕੋਈ, ਬਖਸ਼ਾ ਬਖਸ਼ ਦੇ ਸੁੰਦਰਾ ਬਾਲਿਆ[7] ਓਏ।
ਆਕੇ ਸਾਂਭ ਲੈ ਉਜੜੀ ਰਾਜਧਾਨੀ, ਮੈਂ ਤਾਂ ਰੱਜ ਕੇ ਰਾਜ ਕਮਾ ਲਿਆ ਓਏ।
ਮੇਰੇ ਨਹੀਂ ਦਰਕਾਰ[8] ਇਹ ਤੁਧ ਬਾਝੋਂ, ਮੈਨੂੰ ਗਮਾਂ ਨੇ ਭੁੰਨ ਕੇ ਖਾ ਲਿਆ ਓਏ।
ਵੀਰਾ ਧਰਮੀਆਂ ਧਰਮ ਨਜਾਈਆ ਓਏ, ਪਾਲ ਅਦਲ[9] ਅਦਾਲਤਾਂ ਵਾਲਿਆ ਓਏ।

1. ਚੂੰਡਾਂ। 2. ਮਿਤ੍ਰ। 3. ਸ਼ਕਤੀ, ਹਿੰਮਤ। 4. ਆਦਤਾਂ। 5. ਗਵਾ। 6. ਇਜ਼ਤ ਤੋਂ ਭਾਵ ਹੈ।
7. ਬਾਲਕਾਂ, ਮੁੰਡਿਆਂ। 8. ਲੋੜ। 9. ਇਨਸਾਫ, ਨਿਆਂ।

ਆ ਜਾ ਚਾਨਣਾ ਛਪ ਨਾ ਪਾ ਵਿਥਾਂ, ਕਾਹਨੂੰ ਭਰਤ ਤੋਂ ਚਿਤ ਚੁਰਾ ਲਿਆ ਓਏ।
ਘਰ ਹੁੰਦਿਆਂ ਸੁੰਦਿਆਂ ਹੁਕਮ ਹਾਸਲ, ਕਾਹਨੂੰ ਹੋਰ ਥੇ ਦੁਖ ਉਠਾ ਲਿਆ ਓਏ।
ਜੇ ਮੈਂ ਝਿੜਕਿਆ ਸਿਖ ਸਿਖਾਲ ਕਰਕੇ, ਕਦੇ ਨਾ ਅੰਦਰੀਂ ਬੈਠ ਸਮਝਾ ਲਿਆ ਓਏ।
ਅਗੇ ਲਗ ਕੇ ਸਭ ਇਨਸਾਫ ਕਰਦੋ, ਕਿਉਂ ਨਾ ਚਾਤ੍ਰਿਕ ਨੂੰ ਪਿਛੇ ਲਾ ਲਿਆ ਓਏ।
ਬਾਹਵਾਂ ਭੰਨਦੇ ਆਪ ਜੋ ਭਾਈਆਂ ਦੀਆਂ, ਓਹ ਨਾ ਹੋਂਵਦੇ ਅਸਲ ਮਨੁਖ ਵੀਰਾ।
ਮਾਵਾਂ ਜਾਏ ਭਰਾ ਨਾ ਫੇਰ ਲਭਣ, ਜੰਮਣ ਫੇਰ ਨਾ ਮਾਉਂ ਦੀ ਕੁਖ ਵੀਰਾ।
ਜੇਹੜੇ ਭਾਈਆਂ ਨੂੰ ਦੇਂਵਦੇ ਦੁਖ ਵੀਰਾ, ਕਦੇ ਆਪ ਨਾ ਪਾਂਵਦੇ ਸੁਖ ਵੀਰਾ।
ਧਕੇ ਪੈਣ ਦਰਗਾਹ ਪ੍ਰਮਾਤਮਾ ਦੀ, ਮੇਰੇ ਵਾਂਗ ਜੋ ਹੋਣ ਬੇ-ਮੁਖ ਵੀਰਾ।
ਉਹਨਾਂ ਪਾਪੀਆਂ ਦੇ ਵਿਚੋਂ ਇਕ ਮੈਂ ਭੀ, ਖਾਧੀ ਨਾਰ ਦੀ ਤੁਖਣਾ ਤੁਖ ਵੀਰਾ।
ਉਤੇ ਅਕ ਦੇ ਰਿਹਾ ਫਿਦਾ[1] ਹੁੰਦਾ, ਹਥੀਂ ਪੱਟ ਕੇ ਅੰਬ ਦਾ ਰੁਖ ਵੀਰਾ।
ਅਜ ਸਿਕਦਾ ਪਿਆ ਦੀਦਾਰ ਤਾਂਈ, ਆਵੇ ਨਜ਼ਰ ਓਹ ਚਾਨਣਾ ਮੁਖ ਵੀਰਾ।
ਤੇਰੇ ਡਿਠਿਆਂ ਪਏ ਆਰਾਮ ਸੀਨੇ, ਭੁਲ ਜਾਂਵਦੇ ਦੁਖ ਤੇ ਭੁਖ ਵੀਰਾ।

ਤੇਰਾ ਭਰਥਰੀ ਵਾਂਜਿਆ ਚਲਿਆ ਏ, ਲਾ ਲੈ ਆਣ ਕੇ ਜ਼ੋਰ ਜੋ ਲੱਗਦਾ ਏ।
ਓਹਦੀ ਪੇਸ਼ ਨਾ ਜਾਂਵਦੀ ਤੁਧ ਬਾਝੋਂ, ਸੜਿਆ ਨਾਰ ਦੇ ਪਿਆਰ ਦੀ ਅੱਗਦਾ ਏ।
ਜੇਹੜੇ ਜੱਗ ਦੇ ਵਾਸਤੇ ਵੀਰ ਤ੍ਰਾਹਿਆ, ਹਛਾ ਲਗਦਾ ਕੁਝ ਨਾ ਜੱਗ ਦਾ ਏ।
ਪਾ ਕੇ ਸਿਰੇ ਸੁਆਹ ਮਲੰਗ ਹੋ ਕੇ, ਉਠ ਜੰਗਲਾਂ ਬਨਾ ਨੂੰ ਵਗਦਾ ਏ।
ਜੇ ਮੈਂ ਭੁਲਿਆ ਚੁਕਿਆ ਜਾਣ ਦੇਵੀਂ, ਜਾਣੀ ਨਿਰਾ ਉਬਾਲ ਇਹ ਝਗ ਦਾ ਏ।
ਮੈਥੋਂ ਹੋਈ ਪਰ ਤੂੰ ਨਾ ਯਾਦ ਰਖੀਂ, ਬਹੁਤੀ ਦੇਰ ਕ੍ਰੋਧ ਨਾ ਤੱਗਦਾ ਏ।
ਮੇਰਾ ਬੋਲਿਆ ਚਾਲਿਆ ਭੁਲ ਜਾਵੀਂ, ਇਹੋ ਹੋਂਵਦਾ ਫੇਅਲ[2] ਧਰਮੱਗ[3] ਦਾ ਏ।
ਤੈਨੂੰ ਵਾਸਤਾ ਸਚੜੇ ਰਬ ਦਾ ਈ, ਰਖੀਂ ਲੰਗ ਭਰਾ ਦੀ ਪੱਗ[4] ਦਾ ਏ।
ਜਾਂਦੀ ਵਾਰ ਦੀਦਾਰ ਦਿਖਾਲ ਚੰਦਾ, ਖੂਨ ਜੋਸ਼ ਮਾਰੇ ਰੱਗ ਰੱਗ ਦਾ ਏ।
ਕਰੀਂ ਮੁਆਫ ਗੁਨਾਹ ਇਸ ਚਾਤ੍ਰਿਕ ਦਾ, ਤੈਨੂੰ ਵਾਸਤਾ ਓਸ ਸਰਬੱਗ[5] ਦਾ ਏ।

ਤਨ ਨੂੰ ਸੰਬੋਧਨ ਕਰਨਾ ਭਰਥਰੀ ਹਰੀ ਜੀ ਵਾ-ਮਾਯਾ ਦੀ ਪ੍ਰਾਪਤੀ ਲਈ ਜੀ ਕੀ ਕੀ ਦੁਖ ਝੱਲਦਾ ਹੈ-ਅਤੇ ਆਪਣੇ ਆਪ ਨੂੰ ਨਿਸ਼ਾਨਾ ਬਣਾ ਕੇ ਮਨ ਨੂੰ ਉਪਦੇਸ਼

ਦੋਹਰਾ— ਵਕਤਾ ਹੋ ਕੇ ਆਪ ਨ੍ਰਿਪ[6] ਸ਼ਰੋਤਾ ਮਨ ਨੂੰ ਥਾਪ।
ਮਾਯਾ ਮੋਹ ਤੋਂ ਠਾਕਦਾ[7] ਝੂਠੀ ਵਸਤ ਅਲਾਪ।

1. ਕੁਰਬਾਨ, ਸਦਕੇ। 2. ਕੰਮ। 3. ਧਰਮ ਨੂੰ ਜਾਨਣ ਵਾਲਾ। 4. ਗਲ ਦਾ ਲੰਗਾਰ ਰਖਣਾ=ਇਜ਼ਤ ਬਚਾਉਣੀ।
5. ਸਭ ਕੁਝ ਜਾਨਣ ਵਾਲੇ, ਈਸ਼ਵਰ। 6. ਰਾਜਾ। 7. ਰੋਕਦਾ।

ਮਾਯਾ ਵਾਸਤੇ ਰਿਹਾ ਮੈਂ ਨਿਤ ਭੌਂਦਾ, ਕਚੇ ਕਚ ਤਾਂਈ ਲਾਲ ਜਾਨਿਆ ਮੈਂ।
ਔਖੀ ਘਾਟੀਆਂ ਲੰਘ ਪਰਦੇਸ ਫਿਰਯਾ, ਦੇਸ ਦੇਸ ਅੰਦਰ ਘਟਾ ਛਾਨਿਆ ਮੈਂ।
ਸਹੇ ਲਖ ਕਲੇਸ਼ ਨਾ ਪੇਸ਼ ਚਲੀ, ਬਨਾ ਅੰਦਰ ਤੰਬੂ ਤਾਨਿਆ ਮੈਂ।
ਨੰਗੇ ਪੈਰ ਛਾਲੇ ਪੈ ਗਏ ਪੰਧ ਕਰਦੇ, ਚਾਤ੍ਰਿਕ ਦਰਬ[1] ਕੱਠਾ ਕਰਨਾ ਠਾਨਿਆਂ ਮੈਂ।

ਲੌਂਦਾ ਕਾਉਂ ਦੇ ਵਾਂਗ ਬੇ-ਅਰਥ ਫਿਰਯਾ, ਲੋਭੀ ਧਨ ਸੰਦਾ ਏਸ ਤਨ ਖਾਤਰ।
ਆਪ ਉਚ ਹੋਕੇ ਭੀ ਮੈਂ ਨੀਚ ਸੇਵਾ, ਕੀਤੀ ਛਡ ਅਭਿਮਾਨ ਇਸ ਧਨ ਖਾਤਰ।
ਹਥ ਬੰਨ੍ਹ ਮਥੇ ਟੇਕੇ ਮੂਰਖਾਂ ਨੂੰ, ਲੋਕ ਲਾਜ ਛਡੀ ਪਿਸਰਨ[2] ਖਾਤਰ।
ਜਦੋਂ ਝਿੜਕ ਦਰਕਾਰਦੇ ਦੂਰ ਹੋ ਜਾ ਅੱਖਾਂ ਨੀਰ ਭਰ ਲੈਣ ਰੋਵਨ ਖਾਤਰ।
ਐਪਰ ਢੀਠ ਬਣ ਕੇ ਅਥਰ ਰੋਕ ਲੈਂਦਾ, ਪੈਂਦਾ ਕ੍ਰੋਧ ਨਾਹੀਂ ਤ੍ਰਿਸ਼ਨਾ ਰਨ ਖਾਤਰ।
ਸਗੋਂ ਦੰਦੀਆਂ ਕਢ ਕੇ ਹਸ ਪੈਂਦਾ, ਐਸਾ ਨੀਚ ਹੋਇਆ ਨੀਚ੍ਹ ਮਨ ਖਾਤਰ।
ਰਾਹਾ ਨੀਚ ਚਾਹੇ ਨਰੋਂ ਢੇਰ ਕੀਤੇ, ਗੱਡੀ ਹੋਰ ਕੇਹੜੀ ਫਾਹੀ[3] ਜਨ ਖਾਤਰ।
ਚਾਤ੍ਰਿਕ ਪਵਾਂ ਪੈਰੀਂ ਜੀ ਸਲਾਮ ਤੈਨੂੰ, ਪਿਛਾ ਛਡ ਹੁਣ ਹਰੀ ਭਜਨ ਖਾਤਰ।

ਤ੍ਰਿਸ਼ਨਾ ਭਾਗ ਭਰੀਏ ਬਹੁਤਾ ਸਾੜ ਨਾ ਹੁਣ, ਤੇਰੇ ਲਗ ਪਿਛੇ ਮੈਂ ਤਾਂ ਹਾਰ ਥੱਕਾ।
ਤੇਰੇ ਲਾਭ ਦੇ ਵਿਚ ਨੇ ਦੁਖ ਬਹੁਤੇ, ਮਾਯਾ ਢੂੰਡਦਾ ਵਿਚ ਸੰਸਾਰ ਥੱਕਾ।
ਜਦੋਂ ਆਣ ਡੇਰਾ ਕੀਤੇ ਚਿੱਤ ਅੰਦਰ, ਕੁਤੇ ਵਾਂਗ ਫਿਰਦਾ ਦਵਾਰ ਦਵਾਰ ਥੱਕਾ।
ਸੁਣਿਆ ਵਡ ਵਡੇਰਿਆਂ ਸਾਂਭ ਦਬੀ, ਜ਼ਿਮੀ ਫੋਲ ਸੁਟੀ ਕਹੀਆਂ ਮਾਰ ਥੱਕਾ।
ਪਈ ਪਰਬਤੀਂ ਸਦ, ਸਵਰਨ[4] ਨਿਕਲੇ, ਖਤੇ ਲਾ ਪਹਾੜ ਸੈਂ ਸਾੜ ਥੱਕਾ।
ਫੇਰ ਸੁਣੀ ਰਸੈਣ[5] ਸਵਰਨ ਕਰਦੀ, ਲਭਦਾ ਬੂਟੀਆਂ ਤਾਂਈ ਉਜਾੜ ਥੱਕਾ।
ਲੋਕੀ ਕਹਿਣ ਸਮੁੰਦਰਾਂ ਵਿਚ ਮੋਤੀ, ਗੋਤੇ ਮਾਰਦਾ ਮੈਂ ਆਰ ਪਾਰ ਥੱਕਾ।
ਸੁਣਿਆ ਭੂਪ ਪ੍ਰਸੰਨ ਹੋ ਦੇਣ ਦੌਲਤ, ਸਾਂਗ ਧਾਰ ਕਰ ਜਤਨ ਹਜ਼ਾਰ ਥੱਕਾ।
ਨਕਲਾਂ ਭੰਡ ਬਣ ਕਰਾਂ ਬੇਸ਼ਰਮ ਹੋ ਕੇ, ਬਾਜ਼ੀਗਰ ਵਾਲੀ ਕਰਦਾ ਕਾਰ ਥੱਕਾ।
ਚਾਤ੍ਰਿਕ ਚਾਹ ਮਲੀਨ ਅਧੀਨ ਹੋਯਾ, ਆਈ ਸ਼ਾਂਤ ਨਾ ਚਿਤ ਨੂੰ ਠਾਰ ਥੱਕਾ।

ਫੇਰ ਬੈਠ ਇਕੰਤ ਕੁਮੰਤ[6] ਸੋਧੇ, ਮਾਲਾ ਪੁਠੀਆਂ ਫੇਰ ਦਾ ਥਕ ਲੱਥਾ।
ਸਿਵਿਆਂ ਵਿਚ ਬੈਹ ਕੇ ਛਿਲੇ ਲਖ ਕੱਟੇ, ਵਸ ਭੂਤ ਕਰਦਾ ਕਰਦਾ ਅੱਕ ਲੱਥਾ।
ਧਨ ਕਿਸੇ ਦਾ ਚੁਕ ਲਿਆ ਦੇਸਨ, ਖੌਫ ਰਬ ਦੇ ਦਾ ਦਿਲੋਂ ਝੱਕ ਲੱਥਾ।
ਬੀਤੀ ਉਮਰ ਏਸੇ ਤਰ੍ਹਾਂ ਭਰਮਦੇ ਦੀ, ਭਾਂਡਾ ਨਹੀਂ ਘੁਮਿਆਰ ਦੇ ਚੱਕ ਲੱਥਾ।

1. ਧਨ। 2. ਬਚਿਆਂ। 3. ਬੰਦਾ, ਦਾਸ, ਆਦਮੀ। 4. ਸੋਨਾ।
5. ਇਕ ਬੂਟੀ ਜੋ ਕਿਸੇ ਧਾਤ ਨੂੰ ਸੋਨਾ ਬਣਾ ਸਕਦੀ ਮੰਨੀ ਜਾਂਦੀ ਹੈ। 6. ਪੁੱਠੀ ਸਲਾਹ, ਭੈੜੀ ਸੋਚ।

ਕਿਤੋਂ ਖਾਣ ਵੈਰਾਟ[1] ਦੀ ਹਥ ਆਵੇ, ਤੱਕਾਂ ਜੀਉ ਬਥੇਰੀਆਂ ਤੱਕ ਲੱਥਾ।
ਸੋਇਨ ਚਿੜੀ ਪਰ ਕਿਤੋਂ ਨਾ ਹਥ ਆਈ, ਚਾਤ੍ਰਿਕ ਸ਼ਰਮ ਹਯਾ ਬੇਸ਼ਕ ਲੱਥਾ।
ਕੀਤੋ ਲਜਿਆ ਹੀਨ ਨਿਲੱਜ ਚਾਹੇ, ਹੁਣ ਘੇਰਿਓ ਈ ਕੇਹੜੇ ਕਾਜ ਚਾਹੇ ?
ਕਾਹਨੂੰ ਸਾੜਿਓ ਜੀਉ ਕਲੇਸ਼ ਦੇ ਦੇ, ਪਿਛਾ ਭਰਥਰੀ ਦਾ ਦੇਹ ਤਿਆਗ ਚਾਹੇ।
ਕਿਤੇ ਹੋਰ ਥੇ ਜਾਹ ਫਸਾ ਮੁਰਗੀ, ਏਥੇ ਗਿਆ ਉਘੜ ਤੇਰਾ ਪਾਜ ਚਾਹੇ।
ਕੀਤੇ ਬ੍ਰਹਮ ਤੋਂ ਜੀਉ ਨਿਮਾਨੜੇ ਨੂੰ, ਧੋਖੇ ਵਿਚ ਫਸਾ ਅਕਾਜ ਚਾਹੇ।
ਕੀ ਹੁਣ ਜੀਵ ਨੂੰ ਹੋਰ ਨਿਰਜੀਵ ਕਰਸੇਂ ? ਕਹੀ ਮਰਜ਼ ਹੈ ਤੂੰ ਲਾਇਲਾਜ ਚਾਹੇ।
ਤੇਰੀ ਕੀਹ ਸਲਾਹ ਹੈ ਸਚ ਆਖੀਂ, ਚਾਹੇ ਕੌਣ ਆਸ਼ਾ ਲਾਇਓ ਸਾਜ ਚਾਹੇ ?
ਨਮਸਕਾਰ ਮੇਰੀ ਤੈਨੂੰ ਲਖ ਵਾਰੀ, ਰਖ ਅੰਤ ਹੁਣ ਤਾਂ ਮੇਰੀ ਲਾਜ ਚਾਹੇ।
ਚਾਤ੍ਰਿਕ ਛਡ ਅੱਗਾ ਪਿਛਾ ਸੌਰ ਜਾਵੇ, ਕਰਕੇ ਭਜਨ ਮੁਕੰਦ ਮਹਾਰਾਜ ਚਾਹੇ।
ਮਨਾਂ ਮੂਰਖਾਂ ਭਟਕਨਾ ਛਡ ਦੇਵੀਂ, ਸੋਈਓ ਮਿਲੇਗਾ ਜੋ ਧੁਰੋਂ ਲਿਖਿਆ ਏ।
ਜੇਕਰ ਰਾਜ ਲਿਖਿਆ ਰਾਜ ਆਨ ਮਿਲਸੀ, ਜੇਕਰ ਭੀਖ ਤਾਂ ਮਿਲੇਗੀ ਭਿਖਿਆ ਏ।
ਤੇਰੇ ਕੀਤਿਆਂ ਨਾ ਵਾਧ ਘਾਟ ਹੋਣੀ, ਇਹੋਂ ਧਾਰ ਖਾ ਜੀਉ ਵਿਚ ਸਿਖਿਆ ਏ।
ਮਾਯਾ ਨਾਲ ਨਾ ਪ੍ਰੀਤ ਲਗਾ ਬੈਠਾ, ਇਹਨੂੰ ਸਮਝਣਾ ਚਾਹੀਏ ਬਿਖਿਆ[2] ਏ।
ਸੁਪਨੇ ਵਾਂਗ ਇਹ ਖੇਡ ਪਦਾਰਥਾਂ ਦੀ, ਆਈ ਜਾਗ ਤਾਂ ਕੱਖ ਨਾ ਦਿਖਿਆ ਏ।
ਤੇਰੇ ਨਾਲ ਨਹੀਂ ਅਗੇ ਏਸ ਜਾਣਾ, ਜਾਣਾ ਭਜਨ ਭਗਵਾਨ ਤੱਤਖਿਆ[3] ਏ।
ਜਾਈਂ ਬਚ ਨਾ ਕੱਚ ਵਿਚ ਰਚ ਜਾਈਂ, ਮਾਯਾ ਜਾਲ ਇਹ ਝੂਠ ਦਾ ਵਿਛਿਆ ਏ।
ਚਾਤ੍ਰਿਕ ਧਾੜਵੀ ਨਾਲ ਸੰਭਾਲਦਾ ਮਨ, ਏਸ ਰਾਹ ਵਿਚ ਜਾਏਂਗਾ ਮੁਛਿਆ ਏ।

ਭੋਗ ਇੰਦ੍ਰੀ ਦੇ ਕਦੇ ਮੁਕਦੇ ਨਾ, ਇਹਨਾ ਭੋਗਦਾ ਜਾਏਂਗਾ ਭੋਗਿਆ ਤੂੰ।
ਝੂਠੇ ਸੁਖਾਂ ਮਗਰ ਕਿਉਂ ਲਗ ਕੇ ਤੇ, ਵਿਸ਼ੇ ਨਦੀ ਵਿਚ ਆਪ ਨੂੰ ਡੋਬਿਆ ਤੂੰ।
ਸੁਖ ਦੁਖਾਂ ਦੇ ਮੂਲ ਨੇ ਜਗਤ ਵਾਲੇ, ਕਾਹਨੂੰ ਮਸਤ ਏਨ੍ਹਾ ਅੰਦਰ ਹੋ ਗਿਆ ਤੂੰ।
ਭਾਰਾ ਪਾਪ ਦਾ ਭਾਰ ਹੈ ਸਿਰ ਉਤੇ, ਕੀਕਰ ਚੁਕਸੇਂ ਨਾ ਚੁਕਣ ਜੋਗਿਆ ਤੂੰ।
ਸੁਖ ਨਾਸ ਹੋਣੇ ਇਕ ਪਲਕ ਅੰਦਰ, ਖੋਭੇ ਵਿਚ ਕਿਉਂ ਜੀਉ ਨੂੰ ਖੋਭਿਆ ਤੂੰ।
ਚਾਤ੍ਰਿਕ ਜਗਤ ਦੇ ਸੁਖ ਤੇ ਲੋਭ ਝੂਠੇ, ਕੇਹੜੇ ਲੋਭ ਅੰਦਰ ਲੋਭੀ ਲੋਭਿਆ ਤੂੰ।
ਮੈਂ ਬੇ-ਸਮਝ ਨੇ ਸਮਝ ਨਾ ਕੁਝ ਕੀਤੀ, ਅਖੀਂ ਵੇਖ ਮੌਹਰਾ ਮੈਂ ਤਾਂ ਖਾਂਵਦਾ ਸੀ।
ਮੈਨੂੰ ਪਤਾ ਸੀ ਧਨ ਅਨਿਤ ਹੋਵੇ, ਐਪਰ ਫੇਰ ਸੰਤੋਖ ਨਾ ਆਂਵਦਾ ਸੀ।
ਚੰਗੀ ਭਲੀ ਸੀ ਖਬਰ ਏਹ ਵਿਸ਼ਾ ਮੰਦਾ, ਖਬਰ ਨਹੀਂ ਫਿਰ ਕੌਨ ਭਰਮਾਂਵਦਾ ਸੀ।
ਐਸਾ ਮੋਹ ਨਾਰਾਂ ਨਾਲ ਪਿਆ ਮੇਰਾ, ਚਿਤ ਛਡਣੇ ਨੂੰ ਨਹੀਂ ਚਾਂਹਵਦਾ ਸੀ।
ਦੇਵੇ ਮਤ ਜੋ ਕਰਾਂ ਕੁਪੱਤ ਉਲਟਾ, ਸਾਯਾ ਪਿਆ ਇਸ ਬਦਲਾ ਛਾਂਵ ਦਾ ਸੀ।
ਹਾਏ ਲੇਖ ਭੈੜੇ, ਹਥੀਂ ਪਾਪ ਫੇੜੇ[4], ਨੇੜੇ ਗੰਗ ਦੇ ਵਸ ਨਾ ਨਹਾਂਵਦਾ ਸੀ।
ਵੀਰ ਬਿਕ੍ਰਮਾਜੀਤ ਹਜ਼ਾਰ ਵਾਰੀ, ਹਥ ਜੋੜ ਕੇ ਨਿਤ ਸਮਝਾਂਵਦਾ ਸੀ।
ਮੇਰੇ ਪਾਸ ਸਨ ਕ੍ਰਿਸ਼ਨ ਮੁਰਾਰ ਚਾਤ੍ਰਿਕ, ਝਾਤੀ ਕਦੇ ਨਾ ਅੰਦਰੀ ਪਾਂਵਦਾ ਸੀ।

---

1. ਵਡੀ ਵਿਸ਼ਾਲ। 2. ਜ਼ਹਿਰ, ਵਿਹੁ। 3. ਸ਼ਾਂਤੀ, ਸਹਨਸ਼ੀਲਤਾ, ਤਪ। 4. ਕੀਤੇ।

ਕਵੀਓ ਵਾਚ

ਰਾਜਾ ਭਰਤ ਉਦਾਸ ਨਿਰਾਸ ਹੋਇਆ, ਜ਼ਾਰ ਜ਼ਾਰ ਰੋ ਰੋ ਪਛੋਤਾਂਵਦਾ ਸੀ।
ਦਿਸੇ ਵਾਂਗ ਉਜਾੜ ਸੰਸਾਰ ਸਾਰਾ, ਧਾਰ ਸ਼ੇਰ ਦਾ ਰੂਪ ਡਰਾਂਵਦਾ ਸੀ।
ਨਕਸ਼ਾ ਖਿਚ ਵੈਰਾਗ ਨੇ ਪੇਸ਼ ਕੀਤਾ[1] ਨਕਸ਼ ਨਕਸ਼ ਉਸ ਨੂੰ ਨਜ਼ਰ ਆਂਵਦਾ ਸੀ।
ਐਸਾ ਹੋਯਾ ਉਦਾਸ ਜ਼ਹਾਨ ਵਲੋਂ, ਘੜੀ ਟਿਕਣ ਤੇ ਜੀਉ ਨਾ ਚਾਂਵਦਾ ਸੀ।
ਜਗਤ ਵਸਦਾ ਰਸਦਾ ਕਸ ਅਖੀਂ, ਕਾਲੀ ਬੋਲੜੀ ਰਾਤ ਦਿਸਾਂਵਦਾ ਸੀ।
ਕੂਕਾਂ ਮਾਰਦਾ ਖਲਾ ਪੁਕਾਰਦਾ ਏ, ਕੀਤਾ ਭਜਨ ਨਾ ਰਬ ਦੇ ਨਾਂਵ ਦਾ ਸੀ।
ਗੁਨਾਹਗਾਰ ਕਰਤਾਰ ਦਾ ਬੜਾ ਹਾਂ ਮੈਂ, ਸੋਚ ਸ਼ਰਮ ਦੀ ਗੋਤਿਆਂ ਜਾਂਵਦਾ ਸੀ।
ਕੀਕਰ ਮਿਲੇ ਢੋਈ ਚਾਤ੍ਰਿਕ ਮੰਗਤੇ ਨੂੰ, ਲਾਯਕ ਅਸਲ ਵਿਚ ਕਿਸੇ ਨਾ ਥਾਂਵਦਾ ਸੀ।

ਘਰੋਂ ਨਿਕਲ ਜਾਣਾ ਰਾਜਾ ਭਰਥਰੀ ਦਾ.

ਘਰੋਂ ਨਿਕਲਿਆ ਭਰਤ ਉਦਾਸ ਹੋਕੇ, ਦਿਲੋਂ ਤਯਾਗ ਸੰਸਾਰ ਦੇ ਧੰਧਿਆਂ ਨੂੰ।
ਮਨਾ ਕਾਸ ਨੂੰ ਪਿਆ ਹੁਣ ਮਗਰ ਇਸਦੇ, ਤੋੜ ਸੁਟ ਹੁਣ ਮੋਹ ਦੇ ਫੰਧਿਆ ਨੂੰ।
ਜਿਥੇ ਪਾਪ ਹੀ ਪਾਪ ਦੀ ਪੰਡ ਬੱਝੀ, ਕਾਹਨੂੰ ਧਾਰਨਾ ਕਰਤਬਾਂ ਮੰਦਿਆਂ ਨੂੰ।
ਜਿਨ੍ਹਾਂ ਵਿਚ ਨਾ ਪ੍ਰੀਤ ਦੀ ਅੰਸ ਹੋਵੇ, ਚਲ ਛਡ ਦੇ ਬੰਦਿਆਂ ਗੰਦਿਆਂ ਨੂੰ।
ਜਿਥੇ ਸੁਖ ਨਾ ਸੁਪਨਿਆਂ ਨਜ਼ਰ ਆਵੇ, ਪਵੇ ਚੈਨ ਨਾ ਕਦੇ ਤਪੰਦਿਆਂ ਨੂੰ।
ਓਥੇ ਠੈਹਰ ਕੇ ਹੋਰ ਬਨਾਵਣਾ ਕੀ ? ਚਾਤ੍ਰਿਕ ਛਡ ਚਲ ਮਹਲ ਵਸੰਦਿਆਂ ਨੂੰ।

ਉਤਰ ਮਹਲ ਤੋਂ ਬਾਹਰ ਨੂੰ ਵਗਿਆ ਏ, ਚੁਲੀ ਰਾਜ ਸਮਾਜ ਤੇ ਪਾ ਤੁਰਿਆ।
ਨਮਸਕਾਰ ਹੈ ਨਗਰ ਉਜੈਨ ਤੈਨੂੰ, ਜਾਂਦੀ ਵਾਰ ਪ੍ਰਨਾਮ ਬੁਲਾ ਤੁਰਿਆ।
ਜਿਵੇਂ ਸਖਮ-ਸੱਖਣਾ ਆਇਆ ਸੀ, ਚਾਰੇ ਕੰਨੀਆ ਤਿਵੇਂ ਛੁਡਾ ਤੁਰਿਆ।
ਨਾ ਸੀ ਨਾਲ ਆਂਦਾ ਕੁਝ ਆਉਣ ਲਗੇ, ਜਾਂਦੀ ਵਾਰ ਨਾ ਕੁਝ ਬਨਾ ਤੁਰਿਆ।
ਰਹੀ ਚਾਹ ਨਾ ਚਾਹਨਾ ਭੋਗ ਸੰਦੀ, ਕਜ਼ੀਏ ਵਿਸ਼ੇ ਦੇ ਸਭ ਮੁਕਾ ਤੁਰਿਆ।
ਚਾਤ੍ਰਿਕ ਰਾਮ ਦੀ ਸ਼ਰਨ ਆਰਾਮ ਆਸੀ, ਦਿਲੋਂ ਰਾਮ ਦਾ ਨਾਮ ਧਿਆ ਤੁਰਿਆ।

ਰਾਜਾ ਭਰਥਰੀ ਜੀ ਦਾ ਸਭ ਰਾਜ ਸਮਾਜ ਤਿਆਗ ਕੇ ਨਗਰ ਉਜੈਨ ਤੋਂ ਫੌਰਨ ਬਾਹਰ ਆ ਜਾਣਾ ਅਰ ਸੋਚ ਕਰਨਾ ਵਾਸਤੇ ਅੰਮ੍ਰਿਤ ਫਲ ਦੇ ਕਿ ਕਿਉਂ ਅਜੇਹੇ ਉਤਮ ਫਲ ਨੂੰ ਦੇਵਤੇ ਮਾਤ ਲੋਕ ਵਿਚ ਨਹੀਂ ਦੇਂਦੇ ?

ਆਕੇ ਨਗਰੀਓਂ ਬਾਹਰ ਏਹ ਸੋਚ ਸੋਚੀ, ਏਸ ਫਲ ਨੇ ਕੱਟਿਆ ਫੰਧ ਮੇਰਾ।
ਨਿਕਲ ਬਾਹਰ ਜੰਜਾਲ ਧੰਦਾਲ ਵਿਚੋਂ, ਜੀਆ ਹੋਵਸੀ ਬੜਾ ਅਨੰਦ ਮੇਰਾ।

1. ਚਿੰਨ੍ਹ ਚਿੰਨ੍ਹ, ਇਕ ਇਕ ਅੰਗ।

ਗੁਰੂ ਹੋਇ ਢੁਕਿਆ ਇਹ ਫਲ ਮੈਨੂੰ, ਧੋਇ ਛਡਿਆ ਗੰਦ ਤੇ ਮੰਦ ਮੇਰਾ।
ਚਾਤ੍ਰਿਕ ਸਮਝ ਏਹ ਅਮਰ[1] ਤਿਮਕ[2] ਨਾਸ਼ਕ, ਖੁਸ਼ੀ ਏਸ ਉਤੇ ਬੰਦ ਬੰਦ ਮੇਰਾ।
ਕਿਸੇ ਕੰਮ ਦਰਕਾਰ[3] ਨਾ ਫਲ ਮੇਰੇ, ਐਪਰ ਸਟਣਾ ਭੀ ਨਹੀਂ ਜੋਗ ਹੋਸੀ।
ਜੇਕਰ ਦਿਆਂਗਾ ਕਿਸੇ ਮਨੁਖ ਨੂੰ ਮੈਂ, ਸਾਰੀ ਉਮਰ ਦਾ ਓਸ ਨੂੰ ਰੋਗ ਹੋਸੀ।
ਪਿਆ ਸੜੇਗਾ ਵਿਸੇ ਦੀ ਅਗ ਅੰਦਰ, ਪਾਪ ਕਰਦਿਆਂ ਕਾਲ ਦੀ ਚੋਗ ਹੋਸੀ।
ਦਿਤਾ ਇਸਤ੍ਰੀ ਕਿਸੇ ਨੂੰ ਦੁਖ ਹੋਸੀ, ਕਈਆਂ ਬੰਦਿਆਂ ਵਾਸਤੇ ਸੋਗ ਹੋਸੀ।
ਜੇਹੜਾ ਖਾਏਗਾ ਮਰੇਗਾ ਪਾਪ ਮੌਤੇ, ਜਨਮ ਭੋਗਦਾ ਭੋਗਦਾ ਭੋਗ ਹੋਸੀ।
ਚਾਤ੍ਰਿਕ ਲਾਇਕ ਨਾ ਏਸ ਦੇ ਕੋਈ ਏਥੇ, ਇਹਨੂੰ ਖਾਇਕੇ ਤਿਲਾਂ ਤੋਂ ਫੋਗ ਹੋਸੀ।

ਏਸ ਵਾਸਤੇ ਦੇਵਤੇ ਸੁਘੜ ਹੁੰਦੇ, ਐਸੀ ਚੀਜ਼ ਨਾ ਜਗਤ ਤੇ ਔਨ ਦੇਂਦੇ।
ਦੁਧ ਸ਼ੇਰਨੀ ਪਚੇ ਸਵਰਨ ਭਾਂਡੇ, ਮਿਟੀ ਤੌੜੀਆਂ ਵਿਚ ਨਾ ਪੌਨ ਦੇਂਦੇ।
ਸਾਰੇ ਦੇਖ ਨਲਾਇਕੇ ਸੰਸਾਰੀਆਂ ਨੂੰ, ਸਵਰਗ ਵਿਚ ਹੀ ਬ੍ਰਿਛ ਉਗੌਨ ਦੇਂਦੇ।
ਚਾਤ੍ਰਿਕ ਆਉਂਦਾ ਹਥ ਸੰਸਾਰੀਆਂ ਜੇ, ਕਦੇ ਨਾਲ ਅਰਾਮ ਨਾ ਸੌਨ ਦੇਂਦੇ।

ਰਾਜਾ ਭਰਥਰੀ ਦਾ ਅੰਮ੍ਰਿਤ ਫਲ ਨੂੰ ਆਕਾਸ਼ ਵਲ ਸੁਟ ਦੇਣਾ

ਮਹਾਂਦੇਵ ਅਗੇ ਹਥ ਜੋੜ ਕਹਿੰਦਾ, ਬਾਬਾ ਤੁਸਾਂ ਦੇ ਜੋਗ ਏਹ ਵਸਤ ਹੈ ਜੀ।
ਸਾਂਭ ਏਸ ਨੂੰ ਆਪਣੇ ਬਾਗ ਅੰਦਰ, ਮੇਰੇ ਵਲੋਂ ਸੰਕਲਪ[4] ਸੁਅਸਤ[5] ਹੈ ਜੀ।
ਦਿਆਂ ਕਿਸ ਨੂੰ ਆਪਦੇ ਬਾਝ ਇਹਨੂੰ, ਸਾਰਾ ਜਗਤ ਐਸ਼ਾਂ ਅੰਦਰ ਮਸਤ ਹੈ ਜੀ।
ਚਾਤ੍ਰਿਕ ਉਮਰ ਬਹੁਤੀ ਹੋਸਣ ਪਾਪ ਬਹੁਤੇ, ਏ ਤਾ ਦੁਖਾਂ ਦੀ ਖਾਣ ਗ੍ਰਿਹਸਤ ਹੈ ਜੀ।

ਰਾਜੇ ਦੇ ਨਿਕਲ ਜਾਣ ਦੀ ਖਬਰ ਸ਼ਹਿਰ ਵਿਚ ਹੋਣੀ

ਓਧਰ ਖਬਰ ਦਰਬਾਰ ਦੇ ਵਿਚ ਪਹੁੰਚੀ, ਰਾਣੀ ਆਦਮੀ ਤੁਰਤ ਦੁੜਾਇਆ ਏ।
ਰਾਜਾ ਖਫਾ ਹੋਕੇ ਘਰੋਂ ਗਿਆ ਨਿਕਲ, ਖਬਰੇ ਜੀਉ ਦੇ ਵਿਚ ਕੀ ਆਇਆ ਏ।
ਸ਼ਾਇਦ ਗਿਆ ਕਿਧਰ ਲਓ ਖਬਰ ਛੇਤੀ, ਜਾਕੇ ਚਾਹੀਏ ਜਲਦ ਸਮਝਾਇਆ ਏ।
ਸੁਣਦੇ ਸਾਰ ਪੁਕਾਰ ਦਰਬਾਰ ਉਠੀ, ਹਾ ਹਾ ਕਾਰ ਦਾ ਵਾਕ ਅਲਾਇਆ ਏ।
ਸਮਝ ਗਏ ਵਜ਼ੀਰ ਦੀਵਾਨ ਸਾਰੇ, ਇਹ ਸਿਆਪੜਾ ਫਲ ਨੇ ਪਾਇਆ ਏ।
ਏਸ ਵੇਸ਼ਵਾ ਬੜਾ ਅੰਧੇਰ ਕੀਤਾ, ਬਿਨਾਂ ਸੋਚਿਆਂ ਆਨ ਫੜਾਇਆ ਏ।
ਹੁੰਦਾ ਪਿਆ ਮਲੂਮ ਹੈ ਲਛਣਾਂ ਤੋਂ, ਪਿਆ ਰਾਉ ਤੇ ਕ੍ਰੋਧ ਦਾ ਸਾਇਆ ਏ।
ਸ਼ਾਇਦ ਏਸ ਤਰੰਗ[6] ਦੇ ਵਿਚ ਆਕੇ, ਰਾਜ ਕਾਜ ਤੋਂ ਜੀਉ ਉਠਾਇਆ ਏ।
ਏਹੋ ਵੇਲੜਾ ਵਕਤ ਸੰਭਾਲਣੇ ਦਾ, ਗੁਸਾ ਚਾਹੀਏ ਜਲਦ ਮਿਟਾਇਆ ਏ।

---

1. ਮੌਤ ਰਹਿਤ। 2. ਅੰਧੇਰਾ। 3. ਲੋੜ। 4. ਵਿਚਾਰ। 5. ਯੋਗ, ਅਰੋਗ। 6. ਲਹਿਰ, ਮੌਜ।

ਓੜਕ ਹੌਸਲੇ ਨਾਲ ਤਦਬੀਰ[1] ਸੋਚੀ, ਏਹ ਬੈਠ ਕੇ ਮਤਾ ਪਕਾਇਆ ਏ।
ਚਲੋ ਚਲ ਕੇ ਅਰਜ਼ ਮਰੂਜ਼[2] ਕਰੀਏ, ਸੈਨਾਪਤੀ ਨੂੰ ਮਗਰ ਨਸਾਇਆ ਏ।
ਚਾਤ੍ਰਿਕ ਵਿਚ ਹਜ਼ੂਰ ਦੇ ਹੋ ਹਾਜ਼ਰ, ਹਥ ਜੋੜ ਕੇ ਸੀਸ ਨਿਵਾਇਆ ਏ।

ਸੈਨਾਪਤੀ ਦਾ ਰਾਜਾ ਭਰਥਰੀ ਹਰੀ ਜੀ ਨੂੰ ਸਮਝਾਉਣਾ

ਸੈਨਾਪਤੀ ਸੁਰਮੱਤ[3] ਤੇ ਮੱਤ ਵਾਲਾ, ਕਹਿੰਦਾ ਮੱਤ ਕਰ ਹੋਸ਼ ਸੰਭਾਲ ਰਾਜਾ।
ਤੁਸੀਂ ਦਾਨੇ, ਪ੍ਰਧਾਨੇ, ਸਯਾਣੇ ਡਾਢੇ, ਕੋਈ ਦਾਨਿਆਂ ਦਾ ਕਰੋ ਹਾਲ ਰਾਜਾ।
ਭਰ ਮਰਦਾਨੇ[4] ਹੋਵੋ, ਕੋਈ ਗਲ ਨਾਹੀਂ, ਕੇਹੜੀ ਗਲ ਤੇ ਹੋਵੇ ਜ਼ਿਲਹਾਲ[5] ਰਾਜਾ।
ਸਿਰਫ ਨਾਰ ਦੇ ਦੁਖ ਤੋਂ ਉਠ ਤੁਰਨਾ, ਕੇਹੜੀ ਰਾਜਿਆਂ ਦੀ ਫੜੀ ਚਾਲ ਰਾਜਾ।
ਜੇਕਰ ਇਕ ਰਾਣੀ, ਨਾ ਪ੍ਰੀਤ ਪਾਲੀ, ਹੋਰ ਰਾਣੀਆਂ ਦਾ ਨਹੀਂ ਕਾਲ ਰਾਜਾ।
ਚਾਤ੍ਰਿਕ ਰਾਤ ਨੂੰ ਕਰਾਂ ਮੈਂ ਲਖ ਹਾਜ਼ਰ, ਜ਼ਰਾ ਕਰਨ ਦੀ ਦੇਰ ਖਯਾਲ ਰਾਜਾ।

ਜਵਾਬ ਰਾਜਾ ਭਰਥਰੀ

ਬਸ ਬਸ ਭਾਈ ਅਗੇ ਢੇਰ ਹੋਈ, ਇਹਨਾਂ ਨਾਰੀਆਂ ਡੋਬਿਆ ਪੂਰ ਮੇਰਾ।
ਧਰਮ ਕਰਮ ਤੋਂ ਵਾਂਜ ਕੇ ਨਸ਼ਟ ਕੀਤਾ, ਇਹਨਾ ਬ੍ਰਹਮ ਗਯਾਨ ਦਾ ਨੂਰ[6] ਮੇਰਾ।
ਨਾਰਾਂ, ਨਾਰ[7] ਦੀਆਂ ਸਚ ਮੁਚ ਪੁਤਲੀਆਂ ਨੇ, ਭੁਜਾ ਆਤਮਾ ਵਿਚ ਤੰਦੂਰ ਮੇਰਾ।
ਜਥਾ[8] ਕਾਲੀਆਂ ਤਥਾ[9] ਹੀ ਧੌਲੀਆਂ[10] ਨੇ, ਨਮਸਕਾਰ ਇਹਨਾਂ ਦੂਰ ਦੂਰ ਮੇਰਾ।
ਮੈਨੂੰ ਰਾਜ ਤੇ ਭੋਗ ਦੀ ਚਾਹ ਨਾਹੀਂ, ਚਿਤ ਹੋ ਗਿਆ ਬੜਾ ਮਸ਼ਹੂਰ[11] ਮੇਰਾ।
ਤੇਰਾ ਆਖਿਆ ਨਹੀਂ ਸੁਖਾਂਵਦਾ ਏ, ਚਾਤ੍ਰਿਕ ਕਰੀਂ ਮੁਆਫ ਕਸੂਰ ਮੇਰਾ।

ਜਵਾਬ ਸੈਨਾਪਤੀ

ਕੀ ਏਹ ਗਲ ਦਾਨਾਈ ਦੀ ਆਖੀਆ ਜੇ ? ਇਕੋ ਜਿਹਾ ਸੰਸਾਰ ਪਛਾਨ ਨਾਹੀਂ।
ਪੰਜੇ ਉਂਗਲੀਆਂ ਭੀ ਨਹੀਂ ਇਕ ਜੇਹੀਆਂ, ਸਾਰੇ ਬੰਦਿਆਂ ਦਾ ਇਕੋ ਹਾਨ ਨਾਹੀਂ।
ਅਕਲ, ਇਲਮ, ਨੇਕੀ, ਬਦੀ, ਐਸ਼, ਖੂਬੀ, ਸਾਰੇ ਜਗਤ ਅੰਦਰ ਇਕਸਾਨ[12] ਨਾਹੀਂ।
ਬੱਧਾ ਧਰਮ ਦਾ ਜ਼ਿਮੀ ਅਸਮਾਨ ਖਲਾ, ਬਾਝ ਧਰਮ ਦੇ ਟਿਕੇ ਜਹਾਨ ਨਾਹੀਂ।
ਲਖਾਂ ਜੀਵ ਧਰਮੀ ਭਰੇ ਸਤਿਆ ਦੇ, ਤੁਸੀਂ ਮਾਰਦੇ ਜ਼ਰਾ ਧਿਆਨ ਨਾਹੀਂ।
ਚਾਤ੍ਰਿਕ ਨਾਰ ਪਤਿਬ੍ਰਤਾ ਵਿਰਦ[13] ਕੋਈ, ਨੇਕ ਔਰਤਾਂ ਨਾਲ ਨੁਕਸਾਨ ਨਾਹੀਂ।

---

1. ਤਰੀਕਾ, ਵਿਉਂਤ। 2. ਮਿੰਨਤ। 3. ਦੇਵਤਿਆਂ ਵਰਗੀ ਮਤ ਵਾਲਾ। 4. ਹੌਸਲੇ ਵਿਚ।
5. ਉਦਾਸ, ਨਿਰਾਸ। 6. ਚਾਨਣ, ਚਮਕ। 7. ਅਗ। 8. ਜੇਹੋ ਜੇਹੀਆਂ। 9. ਉਹੋ ਜੇਹੀਆਂ।
10. ਚਿੱਟੀਆਂ। 11. ਮਸਤ। 12. ਜੇਹੀਆਂ ਬਰਾਬਰ। 13. ਸੁਭਾਅ।

ਜਵਾਬ ਰਾਜਾ ਭਰਥਰੀ ਜੀ

ਜੋ ਅਕਾਸ਼ ਦੇ ਫੁਲ ਗੰਧਰਬ ਨਗਰੀ, ਕੋਈ ਸਚ ਆਖੇ ਮੰਨ ਲਵਾਂਗਾ ਮੈਂ।
ਆਖੋ ਗਧੇ ਸਿਰ ਸਿੰਗ, ਬੇਸ਼ਕ ਮੰਨਾ, ਸੱਪ ਵਿਚ ਅੰਮ੍ਰਿਤ ਆਹੋ ਕਹਾਂਗਾ ਮੈਂ।
ਜੇਕਰ ਕਹੋ ਰੰਨਾਂ ਅੰਦਰ ਧਰਮ ਹੁੰਦਾ, ਕੰਨੀ ਹਥ਼ ਧਰ ਕੇ ਪਰੇ ਰਹਾਂਗਾ ਮੈਂ।
ਇਹ ਤਾਂ ਪਾਪ ਕਰਾਣ ਨੂੰ ਜੰਗ ਆਈਆਂ, ਕੇਹੜੀ ਗਲ ਪਤੀਜ ਕੇ ਬਹਾਂਗਾ ਮੈਂ।
ਨਰਕਾਂ ਭਰਨ ਦਾ ਚੁਕਿਆ ਇਨ੍ਹਾਂ ਠੇਕਾ, ਹੋਰ ਦੁਖ ਨਾ ਇਨ੍ਹਾਂ ਦੇ ਸਹਾਂਗਾ ਮੈਂ।
ਚਾਤ੍ਰਿਕ ਨਾਰ ਪਤਿਬ੍ਰਤਾ ਝੂਠ ਬਾਬਾ, ਫਾਹੀ ਇਨ੍ਹਾਂ ਦੀ ਫੇਰ ਨਾ ਪਵਾਂਗਾ ਮੈਂ।

ਜਵਾਬ ਸੈਨਾਪਤੀ

ਨਾਰਾਂ ਲਖ ਹਜ਼ਾਰ ਪਤਿਬ੍ਰਤਾ ਨੇ, ਝੂਠਾ ਇਹ ਨਾ ਬਚਨ ਸੁਹਾਂਵਦਾ ਏ।
ਸੀਤਾ[1] ਦਰੋਪਤੀ[2] ਅਤੇ ਦਮਯੰਤੀ[3] ਰਾਣੀ ਜਗਤ ਅਜ ਤੀਕਰ ਜਸ ਗਾਂਵਦਾ ਏ।
ਤਾਰਾ[4] ਅਤੇ ਸੁਲੋਚਨਾ[5] ਹਾਲ ਪੜ੍ਹਕੇ, ਕਿਸ ਨੂੰ ਦਰਦ ਥੀਂ ਰੋਣ ਨਾ ਆਂਵਦਾ ਏ।
ਕੇਹੜੇ ਪਤੀ ਖਾਤਰ[6], ਰਾਤ ਰੋਕ ਰਖੀ, ਬ੍ਰਹਮਾ, ਬਿਸ਼ਨ ਮਹੇਸ਼[7] ਛੁੜਾਂਵਦਾ ਏ।
ਇਹ ਤਾਂ ਬੋਹਲ ਵਿਚੋਂ ਮੁਠ ਕਢ ਦਸੀ, ਲਖਾਂ ਕਹੋ ਤਾਂ ਦਾਸ ਗਿਨਾਂਵਦਾ ਏ।
ਚਾਤ੍ਰਿਕ ਮੁਫਤ ਦਾ ਜੀਉ ਵਿਚ ਪਿਆ ਡੁਬਕਾ, ਸਾਰੀ ਖਲਕ ਤੋਂ ਪਿਆ ਭੁਮਾਂਵਦਾ ਏ।

ਜਵਾਬ ਰਾਜਾ ਭਰਥਰੀ ਜੀ

ਕਿਨ੍ਹਾਂ ਵੇਲਿਆਂ ਦੇ ਮੁੜਕੇ ਪੌਂਟ ਦਸੇ, ਹੁਣ ਦੇਖ ਅੰਧੇਰ ਕੀ ਝੁਲ ਰਿਹਾ।
ਅੰਧ ਘੋਰ ਕਲਜੁਗ ਧਰਮ ਇਕ ਗੰਗਾ, ਭੋਲਾ ਭਰਥਰੀ ਨਾਰ ਤੇ ਭੁਲ ਰਿਹਾ।
ਸੀਤਾ ਵਾਲੜੇ ਸਮੇਂ ਨਾ ਰਹੇ ਭਾਈ, ਹੁਣ ਗੁਲਾਮ ਤੇ ਚਿਤ ਹੈ ਭੁਲ੍ਹ ਰਿਹਾ।
ਨਾਰ ਏਸ ਜਮਾਨੇ ਨਾ ਨੇਕ ਦਿਸੇ, ਪਰਦਾ ਸਾਫ ਮੇਰੇ ਅਗੇ ਖੁਲ ਰਿਹਾ।
ਬੇ-ਵਫਾ ਜਹਾਨ ਨੂੰ ਪਰਖ ਲੀਤਾ, ਜਿਦੇ ਮਾਨ ਉਤੇ ਸਾਂ ਮੈਂ ਫੁਲ ਰਿਹਾ।
ਚਾਤ੍ਰਿਕ ਕਲੂ ਕਾਲੀ-ਬੋਲੀ ਰਾਤ ਪਾਈ, ਪਤੀਬ੍ਰਤ ਨਾਹੀਂ ਬਿਲਕੁਲ ਰਿਹਾ।

ਜਵਾਬ ਸੈਨਾਪਤੀ

ਏਹ ਖਿਆਲ ਮੁਹਾਲ[8] ਹੈ ਦੂਰ ਕਰਨਾ, ਕੀਕਰ ਤੁਸਾਂ ਦੇ ਜੀਉ ਧਿਆਯਾ ਸੀ।
ਜਗਤ ਆਰਸੀ[9] ਦਾ ਰੂਪ ਆਖਦੇ ਨੇ, ਸਚੀ ਗਲ ਨਾ ਝੂਠ ਲੁਕਾਯਾ ਸੀ।

---

1. ਸ੍ਰੀ ਰਾਮਚੰਦ੍ਰ ਜੀ ਦੀ ਪਤਨੀ। 2. ਪੰਜ ਪਾਂਡਵਾਂ ਦੀ ਧਰਮ ਪਤਨੀ। 3. ਰਾਜੇ ਨਲ ਦੀ ਪਤਨੀ।
4. ਰਾਜੇ ਹਰੀਸ਼ ਚੰਦ੍ਰ ਦੀ ਰਾਣੀ। 5. ਤਾਰਾ ਲੋਚਨ, ਇਕੋ ਨਾਂ ਹੈ। ਉਂਜ ਸੁਲੋਚਨਾ=ਸੁੰਦਰ-ਨੈਣੀ।
6. ਬਦਲੇ, ਵਾਸਤੇ। 7. ਸ਼ਿਵ ਜੀ। 8. ਔਖਾ। 9. ਸ਼ੀਸ਼ਾ।

ਜੇਕਰ ਆਪਣਾ ਆਪ ਸਫ਼ਾ ਹੋਵੇ, ਸ਼ਕਲ ਸ਼ੀਸ਼ਿਓਂ ਨਜ਼ਰ ਸਫਾਯਾ ਸੀ।
ਜੇਹੀ ਨਿਯਤ ਤੇ ਤੇਹੀ ਮੁਰਾਦ ਮਿਲਦੀ, ਜਿਹਾ ਬੀਜ ਤਿਹਾ ਫਲ ਪਾਯਾ ਸੀ।
ਅੱਕ ਬੀਜ ਆਖੇ ਕੋਈ ਅੰਬ ਖਾਵਾਂ, ਕੀਕਰ ਮੰਨੀਏ ਅੰਬ ਪਕਾ ਖਾਸੀ।
ਜੇਕਰ ਪਾਪ ਕਰਦਾ ਕੋਈ ਮੁਕਤ ਮੰਗੇ, ਗਲ ਕਰਦਿਆਂ ਆਪ ਹਯਾ[1] ਆਸੀ।
ਸਾਧੂ ਹੋਇਕੇ ਹਿਰਸ[2] ਨਾ ਦਿਲੋਂ ਛਡੇ, ਉਸਨੂੰ ਰਬ ਦਾ ਕਿਸ ਤਰ੍ਹਾਂ ਰਾਹ ਆਸੀ।
ਜਿਚਰ ਆਪਣਾ ਆਤਮਾ ਨਹੀਂ ਰੋਸ਼ਨ, ਚਾਤ੍ਰਿਕ ਨਜ਼ਰ ਜਹਾਨ ਸਯਾਹ[3] ਆਸੀ।

ਜਵਾਬ ਰਾਜਾ ਭਰਥਰੀ ਜੀ

ਰੋਟੀ ਰੋਟੀ ਜੇ ਆਖਯਾਂ ਰੱਜ ਜਾਈਏ, ਕੋਈ ਪੀਹਕੇ ਗੁੰਨ ਪਕਾਂਵਦਾ ਕਿਉਂ ?
ਮੂੰਹੋਂ ਆਖਯਾ ਜੇ ਸਫਰ ਮੁਕ ਜਾਵੇ, ਮੋਟਰ[4] ਗਡੀਆਂ ਲੋਕ ਚਲਾਂਵਦਾ ਕਿਉਂ ?
ਨਿਯਤ ਧਾਰਯਾਂ ਕਦੇ ਮੁਰਾਦ ਮਿਲਦੀ, ਕੋਈ ਪੀਰ ਫਕੀਰ ਮਨਾਂਵਦਾ ਕਿਉਂ ?
ਨਿਰਾ ਮੰਨਯਾ ਜੇ ਕਦੇ ਮੁਕਤ ਮਿਲਦੀ ਧਰਮਰਾਜ ਕਚਿਹਰੀਆਂ ਲ਼ਾਂਵਦਾ ਕਿਉਂ ?
ਕੋਈ ਰਾਤ ਨੂੰ ਦਿਨ ਬਣਾ ਦੇਂਦਾ, ਜਗਤ ਮੰਨ ਲੈਂਦਾ ਝਗੜਾ ਪਾਂਵਦਾ ਕਿਉਂ ?
ਆਖਰ ਸਚ ਹੀ ਸਚਾ ਤੇ ਝੂਠ ਝੂਠਾ, ਬਿਨਾਂ ਸਚ ਸਚਾ ਨਜ਼ਰ ਆਂਵਦਾ ਕਿਉਂ ?
ਕਲੂਕਾਲ ਵਿਚ ਇਸਤ੍ਰੀ ਨੇਕ ਹੁੰਦੀ, ਐਡਾ ਅੰਧ ਅੰਧੇਰ ਫਿਰ ਛਾਂਵਦਾ ਕਿਉਂ ?
ਧਰਮ ਨਾਸ਼ ਹੋਯਾ ਬੁਧ ਹੀਨ ਹੋਈ, ਵਰਨਾ ਭਰਥਰੀ ਜਗਤ ਤਜਾਂਵਦਾ ਕਿਉਂ ?
ਧਰਮ ਖੰਭ ਲਗਾ ਹਵਾ ਹੋਇਆ, ਵਰਨਾ ਜੀਉ ਮਹਾਵਤ ਤੇ ਜਾਂਵਦਾ ਕਿਉਂ ?
ਚਾਤ੍ਰਿਕ ਰਾਜਯਾਂ ਦਾ ਖਾਨਦਾਨ ਆਲੀ[5], ਅਦਨੇ[6] ਏਹ ਖਿਆਲ ਸਮਾਂਵਦਾ ਕਿਉਂ ?

ਜਵਾਬ ਸੈਨਾਪਤੀ

ਕਿਸੇ ਗਲ ਦਾ ਬੀਜ ਨਾ ਨਾਸ ਹੋਯਾ, ਬਧੇ ਧਰਮ ਦੇ ਜ਼ਿਮੀ ਅਸਮਾਨ ਖਲੇ।
ਜਿਸ ਦਿਨ ਧਰਮ ਮੁੱਕਾ ਦੁਨੀਆ ਮੁਕ ਜਾਸੀ, ਜਿਚਰ ਧਰਮ ਹੈ ਤਿਚਰ ਨਾ ਧੌਲ ਹਲੇ।
ਕਲੂਕਾਲ ਭੀ ਧਰਮ ਦੇ ਆਸਰੇ ਹੈ, ਧਰਮ ਬਿਨਾ ਨਾ ਜਗਤ ਦੀ ਕਾਰ ਚਲੇ।
ਕਾਲੀ ਰਾਤ ਭੀ ਚਾਨਣੇ ਬਾਝ ਨਾਹੀਂ, ਥੋੜੇ ਬਹੁਤ ਦਾ ਫਰਕ ਜ਼ਰੂਰ ਰਲੇ।
ਧਰਮ ਅੰਸ ਹੈ ਉਸ ਪਰਮਾਤਮਾ ਦੀ, ਧਰਮ ਬਾਝ ਜਹਾਨ ਨੂੰ ਕੌਣ ਠਲ੍ਹੇ ?
ਚਾਤ੍ਰਿਕ ਵਾਂਗ ਨਾ ਨਚ ਖਲੋਂਵਦੇ ਨੇ, ਬਧਾ ਹੋਯਾ ਹੈ ਜਿਨ੍ਹਾਂ ਨੇ ਸਚ ਪਲੇ।

ਜਵਾਬ ਰਾਜਾ ਭਰਥਰੀ

ਧਰਮ ਹੋਵਸੀ ਵਿਚ ਜਹਾਨ ਬੇਸ਼ਕ, ਮੈਂ ਤਾਂ ਧਰਮ ਤੋਂ ਨਹੀਂ ਇਨਕਾਰ ਕਰਦਾ।
ਐਪਰ ਇਸਤ੍ਰੀ ਪਾਪ ਦੀ ਪੰਡ ਬੱਝੀ, ਪਾਪੀ ਬੜੇ ਜੇਹੜਾ ਪ੍ਰੀਤ ਨਾਰ ਕਰਦਾ।

---

1. ਸ਼ਰਮ। 2. ਲਾਲਚ। 3. ਕਾਲਾ। 4. ਮੋਟਰ, ਕਾਰ, ਨਵੇਂ ਸਮੇਂ ਦੀ ਚੀਜ਼ ਹੈ, ਭਰਥਰੀ ਦੇ ਮੂੰਹੋਂ ਇਹ ਸ਼ਬਦ ਪੁਰਾਤਨਤਾ ਦੇ ਬਣੇ ਵਾਤਾਵਰਨ ਤੇ ਯਜਾਰਥ ਨੂੰ ਵਿਗਾੜ ਗਿਆ ਹੈ। 5. ਉਚਾ। 6. ਨੀਵੇਂ, ਛੋਟੇ।

ਠੱਗ-ਬੂਟੀਆਂ[1] ਜਾਇ ਉਲੰਘ ਜੇਹੜਾ, ਕਰਮ ਧਰਮ ਨੂੰ ਮਨੋਂ ਵਿਸਾਰ ਕਰਦਾ।
ਬੁਰੀ ਚੀਜ਼ ਨਾ ਇਸਤ੍ਰੀ ਜੇਹੀ ਕੋਈ, ਤੋਬਾ ਤੋਬਾ ਪੁਕਾਰ ਸੰਸਾਰ ਕਰਦਾ।
ਡੰਗੇ ਨਾਰ ਦੇ ਦਾ ਟੂਣਾ ਨਹੀਂ ਕੋਈ, ਡੰਗੇ ਸੱਪ ਦਾ ਮੰਤ੍ਰ ਹਜਾਰ ਕਰਦਾ।
ਚਾਤ੍ਰਿਕ ਗੰਦਲਾਂ ਜ਼ੈਹਰ ਦੀਆਂ ਖੰਡ ਭਰੀਆਂ, ਮੂਰਖ ਸ਼ਕਲ ਨੂੰ ਦੇਖ ਏਤਬਾਰ ਕਰਦਾ।

ਜਵਾਬ ਸੈਨਾਪਤੀ

ਨਿਰਾ ਨਾਰ ਨੂੰ ਹੀ ਬੁਰਾ ਭਲਾ ਕਹਿੰਦਾ, ਇਹ ਭੀ ਨਹੀਂ ਇਨਸਾਫ ਦੀ ਗੱਲ ਰਾਜਾ।
ਜੇਕਰ ਦਸ ਕਿਸੇ ਵਿਚ ਖੂਬੀਆਂ ਨੇ, ਇਕ ਐਬ ਲੈਣਾ ਚਾਹੀਏ ਝੱਲ ਰਾਜਾ।
ਬੂਟਾ ਖਿੜੇ ਗੁਲਾਬ ਦਾ ਫੂਲ ਦੇਵੇ, ਕੋਈ ਝੁਕੇ ਨਾ ਕੰਡਿਆਂ ਵੱਲ ਰਾਜਾ।
ਜੇਕਰ ਧਰਮ ਸੰਸਾਰ ਤੋਂ ਉਡ ਗਿਆ, ਮਰਦਾਂ ਖਟ ਲੀਤੀ ਕੇਹੜੀ ਭੱਲ ਰਾਜਾ।
ਇਕੋ ਜੇਹੀ ਹੈ ਗਲ ਏ ਦੋਹੀਂ ਪਾਸੀਂ, ਇਕੋ ਜਿਹਾ ਹੀ ਦੋਹਾਂ ਨੂੰ ਸੱਲ ਰਾਜਾ।
ਮਰਦ ਗਿਲਾ ਕਰਦੇ ਇਕ ਵਲ ਚਾਤ੍ਰਿਕ, ਰੰਨਾ ਕਰਨ ਸ਼ਿਕਵਾ[2] ਉਧਰ ਰਲ ਰਾਜਾ।

ਸਵਾਲ ਰਾਜਾ ਭਰਥਰੀ ਜੀ

ਰੰਨਾਂ ਡਾਰੀਆਂ ਚੈਂਚਲ ਹਾਰੀਆਂ ਨੇ, ਟੂਣੇ ਪਾ ਮਰਦਾਂ ਤਾਂਈ ਮੋਂਹਦੀਆਂ ਨੇ।
ਮਾਰਨ ਨਿਗਾਹ ਦੇ ਤੀਰ ਰਾਹ ਜਾਂਦਿਆਂ ਨੂੰ, ਦਿਲੋਂ ਸਬਰ ਕਰਾਰ ਨੂੰ ਖੋਂਹਦੀਆਂ ਨੇ।
ਘਰੀਂ ਮਰਦ ਜਾ ਜਦੋਂ ਆਰਾਮ ਕਰਦੇ, ਖੀਸੇ ਬੈਠ ਨਵੇਕਲੇ ਟੋਂਹਦੀਆਂ ਨੇ।
ਸੌਹਰੇ-ਸੱਸ ਨੂੰ ਦੇਖ ਕੇ ਅਗ ਲਗੇ, ਕਲੇ ਬੈਠ ਸ਼ਕਾਇਤਾ ਛੋਂਹਦੀਆਂ ਨੇ।
ਮਾਪੇ ਛਡ ਤੁਰ ਚਲ ਅਲਗ ਹੋਕੇ, ਦਿਨੇ ਰਾਤ ਏਹ ਤੁਖਣਾ ਤੋਂਹਦੀਆਂ ਨੇ।
ਮਰਦ ਹਥ ਤਲੀਆਂ ਹੇਠ ਧਰਨ ਡਰਦੇ, ਨੌਕਰ ਵਾਂਗ ਪੁਕਾਰ ਖੁਸ਼ ਹੋਂਦੀਆਂ ਨੇ।
ਮੰਜੇ ਬੈਠ ਪੀਰਾਂ ਵਾਂਗ ਹੁਕਮ ਚਾੜ੍ਹਨ, ਖਸਮ ਢਗਿਆਂ ਦੇ ਵਾਂਗ ਜੋਂਦੀਆਂ ਨੇ।
ਚਾਤ੍ਰਿਕ ਹੁਕਮ ਅਦੂਲ ਜੇ ਜ਼ਰਾ ਹੋਵੇ, ਨਖਰੇ ਨਾਲ ਡੁਸਕੂ ਡੁਸਕੂ ਰੋਂਦੀਆਂ ਨੇ।

ਜਵਾਬ ਸੈਨਾਪਤੀ

ਜੇਕਰ ਨਾਰ ਕਰਤਾਰ ਨਾ ਨਾਲ ਕਰਦਾ, ਇਸਦੇ ਬਾਝ ਸੀ ਕੁਲ ਸੰਸਾਰ ਕੋਝਾ।
ਛੜੇ ਤਰਸਦੇ ਟਿਕੀਆਂ ਪਕੀਆਂ ਨੂੰ, ਕਿਸੇ ਰੰਨ ਦੇ ਬਾਝ ਘਰ ਬਾਰ ਕੋਝਾ।
ਫਲਾਂ, ਪੱਤ੍ਰਾਂ ਬਾਝ ਦਰਖਤ ਹੋਵੇ, ਕਿਹਾ ਦਿਸਦਾ ਬਾਗ ਵਿਚਕਾਰ ਕੋਝਾ ?
ਜੋੜਾ ਮਰਦ ਔਰਤ ਦਾ ਕਰਤਾਰ ਰਚਿਆ. ਬਾਝ ਇਸਤ੍ਰੀ ਦੇ ਦੀਨਦਾਰ ਕੋਝਾ।

---

1. ਮੰਨੀ ਜਾਂਦੀ ਅਜਿਹੀ ਬੂਟੀ ਜਿਸ ਦੇ ਉਤੋਂ ਲੰਘਣ ਨਾਲ ਰਾਹ ਭੁਲ ਜਾਂਦਾ ਹੈ, ਮੱਤ ਮਾਰੀ ਜਾਂਦੀ ਹੈ।
2. ਸ਼ਕਾਇਤ।

ਕੱਲਾ ਹਰਨ ਨਾ ਸੋਭਦਾ ਚੋਗ ਚੁਗਦਾ, ਪੰਛੀ ਫਿਰੇ ਭਲਾ ਬਾਝ ਡਾਰ ਕੋਝਾ।
ਚਾਤ੍ਰਿਕ ਪਸ਼ੂ, ਪੰਛੀ, ਮਰਦ, ਜੀਵ, ਜੰਤੂ, ਸਾਰਾ ਜਗਤ ਦਿਸੇ ਬਾਝ ਨਾਰ ਕੋਝਾ।

ਜਵਾਬ ਰਾਜਾ ਭਰਥਰੀ ਜੀ

ਨਾਰਾਂ ਸਬਕ ਸ਼ੈਤਾਨ ਤੋਂ ਪੜ੍ਹਦੀਆਂ ਨੇ, ਪਿਛੋਂ ਖਸਮ ਨੂੰ ਆਪ ਪੜ੍ਹਾਂਦੀਆਂ ਨੇ।
ਧਰਮ ਕਰਮ ਦੀ ਡੋਬ ਕੇ ਨਾਉਕਾ[1] ਨੂੰ, ਜਿਲਨ ਪਾਪ ਦੀ ਵਿਚ ਫਸਾਂਦੀਆਂ ਨੇ।
ਖਈ ਰੋਗ[2] ਦੇ ਵਾਂਗ ਮੁਕਾਂਦੀਆਂ ਨੇ, ਖੰਘ ਤਾਪ ਦੇ ਵਾਂਗ ਚੜ੍ਹ ਜਾਂਦੀਆਂ ਨੇ।
ਦੇ ਕੇ ਮੂੰਹ ਲਗਾਮ ਸਵਾਰ ਹੋਵਣ, ਅੱਡੀ ਮਾਰ ਕੇ ਖੂਬ ਨਸਾਂਦੀਆਂ ਨੇ।
ਜਦੋਂ ਅਖ ਦੇ ਨਾਲ ਲੜਾਨ ਅਖਾਂ, ਜੋ ਕੁਛ ਚਾਂਹਦੀਆਂ ਸੋਈ ਮਨਾਂਦੀਆਂ ਨੇ।
ਭਲਾ ਲੋਕ ਜੇ ਕਰੇ ਇਨਕਾਰ ਅਗੋਂ, ਦਾਹੜੀ ਪੁਟ ਕੇ ਹਥ ਫੜਾਂਦੀਆਂ ਨੇ।
ਜਿਨ੍ਹਾਂ ਪਾਲ ਪੜ੍ਹਾਇ ਵਯਾਹਿਆ ਸੀ, ਇਕ ਪਲਕ ਵਿਚ ਵਖ ਕਰਾਂਦੀਆਂ ਨੇ।
ਚਾਤ੍ਰਿਕ ਉਲੂਆਂ ਜਿਵੇਂ ਉਜਾੜ ਭਾਵੇਂ, ਨਾਰਾਂ ਤਿਵੇਂ ਉਜਾੜ ਨੂੰ ਚਾਹਦੀਆਂ ਨੇ।

ਜਵਾਬ ਸੈਨਾਪਤੀ

ਨਾਰਾਂ ਸੇਵਕਾਂ ਵਿਚ ਪਰਧਾਨ ਸਾਰੇ, ਸਦਾ ਮਰਦ ਦੀ ਟੈਹਲ ਕਮਾਂਦੀਆਂ ਨੇ।
ਅਠੇ ਪੈਹਰ ਗਲਤਾਨ ਵਿਚ ਕੰਮ ਧੰਧੇ, ਦੋਵੇਂ ਵਕਤ ਅਨਾਜ ਪਕਾਂਦੀਆਂ ਨੇ।
ਆਏ ਪਤੀ ਦੀ ਕਰਨ ਸਤਕਾਰ ਸੇਵਾ, ਮੁਠੀ ਚਾਪੀਆਂ ਨਾਲ ਰਿਝਾਂਦੀਆਂ ਨੇ।
ਥੱਕ ਟੁਕ ਕੇ ਆਣ ਅਰਾਮ ਕਰਦਾ, ਪੱਖਾ ਝਲ ਪ੍ਰਸ਼ਾਦ ਖਵਾਂਦੀਆਂ ਨੇ।
ਛੜੇ ਰੁਲਣ ਤੰਦੂਰ ਤੇ ਘਰਾਂ ਬਾਝੋਂ, ਜਿੰਦਾਂ ਰਹਿਣ ਅਠੇ ਪਹਿਰ ਮਾਂਦੀਆਂ[3] ਨੇ।
ਚੱਕੀ ਪੀਂਹਦੀਆਂ ਦੁਧ ਜਮਾਂਦੀਆਂ ਨੇ, ਹਥੀਂ ਝਾੜ ਕੇ ਪਲੰਘ ਵਿਛਾਂਦੀਆਂ ਨੇ।
ਦੁਖ ਸੁਖ ਦੇ ਵਿਚ ਹਮਰਾਹ ਹੋਵਣ, ਮੈਲਾ ਮੂਤ ਸੁਟਣ ਵਾਂਗ ਬਾਂਦੀਆਂ[4] ਨੇ।
ਦੁਖ ਪੀੜ ਵੇਲੇ ਸਭੇ ਖਿਸਕ ਜਾਂਦੇ, ਚਾਤ੍ਰਿਕ ਨਾਰੀਆਂ ਸਾਥ ਨਿਭਾਂਦੀਆਂ ਨੇ।

ਜਵਾਬ ਰਾਜਾ ਭਰਥਰੀ ਦਾ

ਜਗਤ ਮਤਲਬੀ ਯਾਰ ਮਸ਼ਹੂਰ ਸਾਰੇ, ਮਤਲਬ ਵਾਸਤੇ ਟੈਹਲ ਕਮਾਨ ਰੰਨਾਂ।
ਜਦੋਂ ਤੀਕ ਮਤਲਬ ਰਹੇ ਸਿੱਧ ਹੁੰਦਾ, ਤਦੋਂ ਤੀਕ ਹੀ ਵਾਰਨੇ ਜਾਨ ਰੰਨਾਂ।
ਗੈਹਣੇ, ਕਪੜੇ, ਭੋਗ ਤੇ ਹੁਕਮ ਹਾਸਲ, ਏਹਨਾ ਬਾਝ ਨਾ ਪੈਰ ਟਿਕਾਨ ਰੰਨਾਂ।
ਲੱਤ ਮਾਰ ਢੂੰਗੇ ਉਤੇ ਪਰੇ ਹੋਵਣ, ਜਾ ਕੇ ਹੋਰ ਥੇ ਰੰਗ ਮਚਾਨ ਰੰਨਾਂ।
ਰਸਾ ਪੀੜ ਕੇ ਕਢਦੀਆਂ ਵਾਂਗ ਗੰਨੇ, ਪੱਛੀ ਵਾਂਗ ਕਰਕੇ ਸੁਟ ਪਾਨ ਰੰਨਾਂ।

---

1. ਬੇੜੀ। 2. ਤਪਦਿਕ। 3. ਬੀਮਾਰ। 4. ਨੌਕਰ ਰਾਣੀਆਂ।

ਅਰਕ ਖਿਚ ਕੇ ਫੋਗ ਨੂੰ ਦੇਣ ਧੱਕਾ, ਚਿੰਤਾ ਵਾਂਗ ਮਰਦ ਨੂੰ ਮਾਰ ਮੁਕਾਨ ਰੰਨਾਂ।
ਅੰਬਰ-ਵੇਲ ਰੁਖਾਂ, ਜ਼ਿਮੀ ਵਾਂਗ ਕਲਰ, ਤਿਵੇਂ ਮਰਦ ਨੂੰ ਸਾੜ ਸੁਕਾਨ ਰੰਨਾਂ।
ਚਾਤ੍ਰਿਕ ਸੁਖ ਦੇ ਵਕਤ ਗੁਲਾਮ ਦਿਸਣ, ਦੁਖ ਵਿਚ ਨਾ ਸਾਥ ਨਿਭਾਨ ਰੰਨਾਂ।

ਜਵਾਬ ਸੈਨਾਪਤੀ

ਰਾਜਾ ਇਸਤ੍ਰੀ ਰਤਨ ਸੰਸਾਰ ਅੰਦਰ, ਨਾਰਾਂ ਪਾਂਵਦੇ ਕਿਸਮਤਾਂ ਵਾਲੜੇ ਨੀ।
ਕੱਢੇ ਰਿੜਕ ਸਮੁੰਦਰੋਂ ਰਤਨ ਚੌਦਾਂ, ਹੋਏ ਦੇਖ ਕੇ ਦੈਂਤ ਮਤਵਾਲੜੇ ਨੀ।
ਕੀਤੀ ਲਛਮੀ ਆਪ ਪਸੰਦ ਹਰਿ ਨੇ, ਦੇਖ ਨੈਨ ਮਤਵਾਲੜੇ ਕਾਲੜੇ ਨੀ।
ਜਾਕੇ ਦੇਖ ਅਪੱਛਰਾਂ ਇੰਦ੍ਰ ਅਗੇ, ਜਿਉਂ ਪਰਵਾਰ[1] ਹੈ ਚੰਦ ਉਦਾਲੜੇ ਨੀ।
ਮਰਦ ਮੋਹਣੀ ਰੂਪ ਤੇ ਜਾਏ ਮੋਹਿਆ, ਚੇਹਰੇ ਇਨ੍ਹਾਂ ਦੇ ਭੋਲੜੇ ਭਾਲੜੇ ਨੀ।
ਏਹ ਨਿਆਮਤਾਂ ਕੌਣ ਤਿਆਗਦਾ ਏ ? ਕਰਦੇ ਪ੍ਰਾਣ ਭੀ ਕਢ ਹਵਾਲੜੇ ਨੀ।
ਮੁਖ ਚੰਦ ਮਨਿੰਦ[2] ਜਦ ਪਏ ਨਜ਼ਰੇ, ਠੰਢੇ ਹੋਂਵਦੇ ਜਿਗਰ ਦੇ ਛਾਲੜੇ ਨੀ।
ਚਾਤ੍ਰਿਕ ਸਵਾਦ ਕੀ ਜਗਤ ਤੇ ਆਯਾਂ ਦਾ ? ਜੇਕਰ ਸਵਾਦ ਨਾ ਗ੍ਰਿਹਸਤ ਦੇ ਭਾਲੜੇ ਨੀ।

ਜਵਾਬ ਰਾਜਾ ਭਰਥਰੀ

ਕੀ ਸੁਨਾਉਂਦਾ ਏਂ ਖੂਬੀਆਂ ਗੰਦ ਦੀਆਂ ? ਖੱਲ ਕਾਗਜ਼ੀ ਦੇ ਨਾਲ ਢੱਕੀਆਂ ਨੇ।
ਛਿਲਕਾ ਲਾਹ ਪਿਆਜ਼ ਦੇ ਵਾਂਗ ਉਤੋਂ, ਬੁਰੇ ਹਾਲ ਨਾ ਜਾਂਦੀਆਂ ਤੱਕੀਆਂ ਨੇ।
ਮਿਝ, ਮਾਸ, ਲਹੂ, ਪਾਕ, ਸੀਂਢ, ਥੁਕਾਂ, ਗੋਹੇ, ਮੂਤ ਦੇ ਨਾਲ ਤਰੱਕੀਆਂ ਨੇ।
ਚਾਤ੍ਰਿਕ ਅੰਦਰੋਂ ਐਬ ਜੇ ਫੋਲ ਦੇਖੇਂ, ਅੱਖਾਂ ਰਹਿੰਦੀਆਂ ਹੱਕੀਆਂ ਬੱਕੀਆਂ ਨੇ।

ਪੰਡ ਝੂਠ ਦੀ, ਜੂਠ ਜਹਾਨ ਸੰਦੀ, ਉਠ ਵਾਂਗ ਮੂੰਹ ਚੁਕ ਅੜਾਂਦੀਆਂ ਨੇ।
ਜਦੋਂ ਜਾਇ ਸਿਆਪੜੇ ਰੋਣ ਪਿਟਣ, ਥੁਕ ਸੀਂਢ ਦੇ ਢੇਰ ਲਗਾਂਦੀਆਂ ਨੇ।
ਮਲ ਗੰਦਗੀ, ਪੰਡ ਦਲਿਦ੍ਰਾਂ ਦੀ, ਗੰਦ ਮੰਦ ਵਿਚ ਜੀਉ ਪਰਚਾਂਦੀਆਂ ਨੇ।
ਮਿੱਟੀ ਚੀਕਣੀ, ਚੇਪੜੇ ਚੁਲ੍ਹਿਆਂ ਦੇ, ਕੋਲੇ ਨਾਲ ਸਵਾਦ ਦੇ ਖਾਂਦੀਆਂ ਨੇ।
ਕੰਧਾਂ ਲਾਹ ਕੇ ਲੇ ਮੁਕਾ ਦੇਵਣ, ਖਬਰੇ ਕਿਸ ਤਰ੍ਹਾਂ ਨਾਲ ਪਚਾਂਦੀਆਂ ਨੇ ?
ਝਾਟਾ ਵਾਂਗ ਚੁੜੇਲ ਖਿੰਡਾਂਦੀਆਂ ਨੇ, ਜੂਆਂ ਨਾਲ ਕਲੋਲ ਮਚਾਂਦੀਆਂ ਨੇ।
ਨੇਫਾ ਖੋਲ੍ਹਕੇ ਚੜ੍ਹਨ ਸ਼ਿਕਾਰ ਧੁਪੇ, ਕਈ ਪਤਤਲਾਂ ਨਹੁੰਵੀਂ ਮੁਕਾਂਦੀਆਂ ਨੇ।
ਆਟਾ ਗੁੰਨ੍ਹਦਿਆਂ ਨਲੀ ਵਲ ਹੇਠ ਆਵੇ, ਸੁੜਕਾ ਮਾਰਕੇ ਉਤਾਂਹ ਚੜ੍ਹਾਂਦੀਆਂ ਨੇ।
ਭਾਵੇਂ ਰੇਸ਼ਮੀ ਕਪੜਾ ਹੋਵੇ ਉਤੇ, ਸੀਂਢ ਪੂੰਝ ਕੇ ਆਬ ਗਵਾਂਦੀਆਂ ਨੇ।
ਜੂਠ ਮੀਠ ਦੀ ਰਤਾ ਪਰਵਾਹ ਨਾਹੀਂ, ਸੁਚੀ ਚੀਜ਼ ਨੂੰ ਹਥ ਲਗਾਂਦੀਆਂ ਨੇ।

---

1. ਚੰਦ ਦੁਆਲੇ ਚਾਨਣ ਦਾ ਚੱਕਰ। 2. ਵਰਗਾ।

ਦਿਸ਼ਾ ਜਾਨ ਤਾਂ ਹੋਣ ਸੁਚੇਤ ਕਾਰਣ, ਘੜਾ ਅਰਕ ਦੇ ਨਾਲ ਉੜਾਂਦੀਆਂ ਨੇ।
ਓਹੋ ਗੰਦਗੀ ਦਾ ਭਰਿਆ ਪਕੜ ਭੋਛਣ, ਕੰਮ ਆਸਣਾਂ ਵਾਂਗ ਲਿਆਂਦੀਆਂ ਨੇ।
ਜਦੋਂ ਬਾਲ ਹੱਗੇ ਮੂਤੇ ਵਿਚ ਚੌਂਕੇ, ਬਾਟੀ ਮਾਰ ਮੂਧੀ ਢੱਕਨ ਪਾਂਦੀਆਂ ਨੇ।
ਵਿਚੇ ਗੰਦਗੀ ਪਈ ਤਰੱਕਦੀ ਏ, ਵਿਚੇ ਬੈਠੀਆਂ ਅੰਨ ਪਕਾਂਦੀਆਂ ਨੇ।
ਇਹ ਬੇਧਰਮਨਾ ਧਰਮ ਨੂੰ ਪਾ ਚੂਲੀ, ਨਾਲ ਹੋਰਨਾਂ ਧਰਮ ਵੰਜਾਂਦੀਆਂ ਨੇ।
ਚਾਤ੍ਰਿਕ ਪ੍ਰੀਤ ਪਲੀਤ[1] ਦੀ ਕਰਨ ਸੋਈ, ਮੱਤਾਂ ਜਿਨ੍ਹਾਂ ਦੀਆਂ ਮਾਰੀਆਂ ਜਾਂਦੀਆਂ ਨੇ।

ਜਵਾਬ ਸੈਨਾਪਤੀ

ਨਾਰਾਂ ਬਾਝ ਕੀ ਮਰਦ ਸਵਾਰ ਸੱਕਣ ? ਗ੍ਰਿਹਸਤ ਗੱਡੀਆਂ ਦੀ ਜੋੜੀਦਾਰ ਨਾਰਾਂ।
ਮਰਦ ਖੱਟ ਕਮਾ ਕੇ ਡੰਗ ਤੋਰਨ, ਪੈਦਾ ਜਗਤ ਤੇ ਕਰਨ ਸੰਸਾਰ ਨਾਰਾਂ।
ਖੋਪੜ ਚੱਕ ਨਰੋਲ ਇਨਕਾਰ ਕੀਤਾ, ਫੇਰ ਚੁਕਿਆ ਗਰਭ ਦਾ ਭਾਰ ਨਾਰਾਂ।
ਕੁਖ ਵਿਚ ਨੌ ਮਾਹ ਦੇ ਲਹੂ ਸਿੰਜਣ, ਪਾਲ ਪੋਸਕੇ ਕਰਨ ਹੁਸ਼ਿਆਰ ਨਾਰਾਂ।
ਗੂੰਹ ਮੂਤ ਤੇ ਗੰਦਗੀ ਵਿਚ ਲੇਟਣ, ਕਰਨ ਬਾਲਕਾਂ ਦੀ ਪ੍ਰਿਤਪਾਰ ਨਾਰਾਂ।
ਪੁਤ੍ਰ ਲਾਲ ਅਨਮੁਲੜੇ ਕਰਨ ਪੈਦਾ, ਸੁਖ ਉਲਾਦ ਦੇ ਦੇਣ ਹਜ਼ਾਰ ਨਾਰਾਂ।
ਜਤੀ, ਸਤੀ, ਜੋਧੇ, ਭਗਤ, ਰਿਖੀ, ਰਾਜੇ, ਪੈਦਾ ਕਰਦੀਆਂ ਵਲੀ ਔਤਾਰ ਨਾਰਾਂ।
ਮਰਦ ਕ੍ਰਿਤਘਨ ਗੁਣਾਂ ਨੂੰ ਜਾਣਦੇ ਨਾ, ਜੇਹੜੇ ਕਰਨ ਅਨੇਕ ਉਪਕਾਰ ਨਾਰਾਂ।
ਜਾਣੇ ਦੁਖ ਪਰਸੂਤ ਦੇ ਸੰਢ ਕੀਕਰ ? ਜੇਹੜੀ ਚੁਕ ਰੱਖੀ ਡਾਢੀ ਕਾਰ ਨਾਰਾਂ।
ਚਾਤ੍ਰਿਕ ਮਰਦ ਨੂੰ ਪਏ ਵਿਅੰਮ ਜੇਕਰ, ਫੇਰ ਜਾਣੀਏ ਕਹੇ ਬੁਰਿਆਰ ਨਾਰਾਂ।

ਜਵਾਬ ਰਾਜਾ ਭਰਥਰੀ ਜੀ

ਨਾਰਾਂ ਭੁਖੀਆਂ ਵਿਸ਼ੇ ਦੀ ਖੇਹ ਖਾਵਣ, ਕਾਮਦੇਵ ਦੀ ਅੱਗ ਨੇ ਸਾੜੀਆਂ ਨੇ।
ਵਿਸ਼ੇ ਵਾਸਤੇ ਚੀਰ ਦਰਿਆ ਲੰਘਣ, ਅੱਧੀ ਰਾਤ ਨੂੰ ਲੈਂਦੀਆਂ ਤਾਰੀਆਂ ਨੇ।
ਨੱਕ ਵਢਦੀਆਂ ਅਗਲਿਆਂ ਪਿਛਲਿਆਂ ਦਾ ਜਦੋਂ ਕਾਮ ਦੀਆਂ ਚੜ੍ਹਨ ਖੁਮਾਰੀਆਂ ਨੇ।
ਸਮਾਂ ਗਰਕਨੇ ਤੇ ਆਯਾ ਘੋਰ ਕਲਜੁਗ, ਪੁਤ੍ਰ ਜੰਮਦੀਆਂ ਫਿਰਨ ਕੁਆਰੀਆਂ ਨੇ।
ਕਿਸੇ ਪੀਰ ਮੁਰੀਦ ਦੀ ਦੀਦ[2] ਨਾਹੀਂ, ਸਦਾ ਖੁਲ੍ਹੀਆਂ ਕਰਨ ਸਵਾਰੀਆਂ ਨੇ।
ਮੋਤੀ ਆਬ[3] ਮਿਟੀ ਵਿਚ ਰੋਲ ਦੇਵਣ, ਮਾਨ ਮੱਤੀਆਂ ਭਰਨ ਹੰਕਾਰੀਆਂ ਨੇ।
ਜੇਕਰ ਮੱਤ ਦੇਵੇ ਕੋਈ ਅੱਤ ਚੁਕਣ, ਡੁਬਣ ਤਾਲ ਤੇ ਖਾਨ ਕਟਾਰੀਆਂ ਨੇ।
ਚਾਤ੍ਰਿਕ ਆਪਣੇ ਭੁਸ ਨੂੰ ਦੁਖ ਝੱਲਣ, ਏਹ ਸਵਾਦ ਦੀਆਂ ਮਾਰੀਆਂ ਨਾਰੀਆਂ ਨੇ।

1. ਅਪਵਿਤ੍ਰ, ਗੰਦੀ। (ਸਾਰਾ ਬੰਦ ਹੀ ਸੋਹਜ-ਸਵਾਦ ਦੇ ਵਿਰੁਧ ਹੈ)। 2. ਸ਼ਰਮ, ਹਯਾ, ਸ਼ਬਦ ਅਰਥ ਨਜ਼ਰ।
3. ਆਭਾ, ਚਮਕ, ਸ਼ਾਨ।

ਜਵਾਬ ਸੈਨਾਪਤੀ

ਪਹੀਏ ਗ੍ਰਿਹਸਤ ਦੇ ਮਰਦ ਤੇ ਨਾਰ ਦੋਵੇਂ, ਮਰਦ ਬਾਦਸ਼ਾਹ ਨਾਰ ਵਜ਼ੀਰ ਰਾਜਾ।
ਗੱਡੀ ਤਦੇ ਗ੍ਰਿਹਸਤ ਦੀ ਠੀਕ ਚੱਲੇ, ਰਲ ਕੇ ਜਾਣ ਮੁਸਾਫਰੀ ਚੀਰ ਰਾਜਾ।
ਇਕ ਟੰਗ ਦੇ ਭਾਰ ਨਾ ਤੁਰੇ ਕੋਈ, ਬਾਝ ਧਨੁਖ ਨਾ ਚਲਦੇ ਤੀਰ ਰਾਜਾ।
ਰੰਨ ਮਰੇ ਤਾਂ ਝੁਗਾ ਉਜਾੜ ਹੋਵੇ, ਬੂਹੇ ਆਨ ਨਾ ਵੜੇ ਫਕੀਰ ਰਾਜਾ।
ਸੱਤ ਬਰਕਤਾਂ ਲੈ ਘਰ ਵਿਚ ਬੈਠੇ, ਨਾਰ ਮਿਲੇ ਨਾ ਬਾਝ ਤਕਦੀਰ ਰਾਜਾ।
ਭਲੇ ਬੁਰੇ ਦੇ ਵਿਚ ਸ਼ਰੀਕ ਹੋਵੇ, ਸੋਚੇ ਅਕਲ ਦੇ ਨਾਲ ਤਦਬੀਰ ਰਾਜਾ।
ਸਾਂਝੀਵਾਲ ਹੋਵੇ ਪੁੰਨ ਪਾਪ ਅੰਦਰ, ਨਾਰ ਮਰਦ ਦਾ ਅਰਧ ਸਰੀਰ ਰਾਜਾ।
ਬਿਨਾ ਇਸਤ੍ਰੀ ਧਰਮ ਨਾ ਕਰਮ ਫਲਦੇ, ਪੁਤ੍ਰਾਂ ਬਾਝ ਨਾ ਪੌਂਚਦਾ ਨੀਰ ਰਾਜਾ।
ਬੇਵਾ ਕਰਦੀਆਂ ਮਰਦੀਆਂ ਨਾਲ ਮੁਰਦੇ, ਪਤੀ ਬਾਝ ਨਾ ਧਰਦੀਆਂ ਧੀਰ ਰਾਜਾ।
ਚਾਤ੍ਰਿਕ ਚਿਖਾ ਚੜ ਜਾਣ ਤੇ ਖੇਲ ਜਾਵਣ, ਕੀਹਨੂੰ ਨਾਰ ਵਰਗਾ ਦੁਖ ਪੀੜ ਰਾਜਾ।

ਜਵਾਬ ਰਾਜਾ ਭਰਥਰੀ

ਬਾਰ ਬਾਰ ਕੀ ਨਾਰ ਦਾ ਰਾਗ ਛੋਹਿਆ ? ਇਹਨਾਂ ਜੱਗ ਨੂੰ ਠੱਗ ਤਬਾਹ ਕੀਤਾ।
ਸ਼੍ਰਿੰਗੀ[1] ਰਿਖੀ ਦੇ ਤਪ ਦਾ ਨਸ਼ਟ ਕਰਕੇ, ਰਾਜ ਸਭਾ ਵਿਚ ਮੁਖ ਸਯਾਹ[2] ਕੀਤਾ।
ਇੰਦ੍ਰ[3] ਸਹਿਸ ਭਗੀਆ[4], ਚੰਦ ਕੁਸ਼ਟ[5] ਲਾਯਾ, ਧੋਖਾ ਦੇ ਭਸਮੰਤ੍ਰ[6] ਸੁਆਹ ਕੀਤਾ।
ਮਹਾਂਦੇਵ[7] ਮੋਹਣੀ ਪਿਛੇ ਫਿਰੇ ਭੌਂਦਾ, ਰਾਹੂ ਕੇਤੂ ਦੇ ਨਾਲ ਕੀ ਰਾਹ ਕੀਤਾ।
ਰਾਮਚੰਦ੍ਰ ਰੁਲਾਯਾ ਵਿਚ ਜੰਗਲ, ਰਾਵਨ ਜਿਹੇ ਦੀ ਲੰਕ ਦਾ ਦਾਹ[8] ਕੀਤਾ।
ਆਦਮ ਹਵਾ ਬਣਾ ਕੀਹ ਨਫਾ ਪਾਯਾ ? ਬਾਹਰ ਜੰਨਤੋਂ ਕਣਕ ਖਵਾ ਕੀਤਾ।
ਕੈਰੋਂ ਪਾਂਡਵਾਂ ਖੂਹਣੀਆਂ ਗਰਕ ਹੋਈਆਂ, ਜੁਧ ਨਾਰ ਦੀ ਖਾਰ ਨੇ ਡਾਹ ਕੀਤਾ।
ਕ੍ਰਿਸ਼ਨ ਦੇਵ ਸਿਸੁਪਾਲ[9] ਦਾ ਕਾਲ ਕੀਤਾ ਜਦੋਂ ਰੁਕਮਣੀ ਨਾਲ ਵਯਾਹ ਕੀਤਾ।
ਸੋਖਤ[10] ਲਾ ਕੇ ਸੱਕੇ ਭਰਾ ਮਾਰਨ, ਚਿੱਟਾ ਖੂਨ ਨੂੰ ਵਾਂਗ ਕਪਾਹ ਕੀਤਾ।
ਮੇਰਾ ਵੀਰ ਵਿਛੋੜਿਆ ਨਾਰ ਪਾਪਣ, ਜ਼ਰਾ ਓਸ ਤੇ ਨਹੀਂ ਵਿਸਾਹ ਕੀਤਾ।
ਏਹ ਤਾਂ ਕੁਸ਼ਟਨਾ[11] ਕੋਹੜ ਦੇ ਰੋਗ ਵਾਂਗੂੰ, ਕੁਸ਼ਟੀ ਜਗਤ ਨੂੰ ਜਾਲ ਵਿਚ ਫਾਹ ਕੀਤਾ।
ਮੇਰਾ ਵਧਿਆ ਰੂਹ ਨਾ ਜਾਏ ਏਧਰ, ਐਸਾ ਜੀਉ ਮੇਰੇ ਤਾਂਈ ਛਾਹ ਕੀਤਾ।

---

1. ਇਕ ਸਿੰਙਾ ਵਾਲਾ ਰਿਸ਼ੀ ਜੋ ਅੰਗ ਦੇਸ਼ ਦੇ ਰਾਜੇ ਦੀਆਂ ਭੇਜੀਆਂ ਨਾਚੀਆਂ ਕੁੜੀਆਂ ਦੇ ਪਿਛੇ ਸ਼ਹਿਰ ਆਇਆ ਤੇ ਮੀਂਹ ਪਿਆ। ਫੇਰ ਇਸ ਨੇ ਵਿਆਹ ਕਰ ਲਿਆ ਸੀ। 2. ਕਾਲਾ।
3-4. ਹਜ਼ਾਰਾਂ ਫੋੜੇ (ਕਥ ਹੈ ਕਿ ਅਹਲਯਾ ਦੀ ਕਾਮ-ਪ੍ਰੀਤ ਕਾਰਨ ਇੰਦ੍ਰ ਨੂੰ ਰਿਸ਼ੀ ਗੋਤਮ ਨੇ ਸਰਾਪ ਦਿਤਾ ਕਿ ਤੇਰੇ ਸਰੀਰ ਉਤੇ ਹਜ਼ਾਰ (ਸਹਸ) ਭਗਾਂ (ਇਸਤ੍ਰੀ ਦੇ ਗੁਪਤ ਅੰਗ) ਹੋਣਗੇ ਅਤੇ ਚੰਨ ਨੂੰ ਉਸੇ ਰਿਖੀ ਨੇ ਆਪਣਾ ਤੌਲੀਆ ਮਾਰਿਆ ਜਿਸ ਦਾ ਕਾਲਾ ਨਿਸ਼ਾਨ ਹੁਣ ਤਕ ਦਿਸਦਾ ਮੰਨਿਆ ਜਾਂਦਾ ਹੈ। 5. ਕੁਸ਼ਟ=ਕੋਹੜ।
6. ਭਸਮਾਰਥੁਰ ਜਿਸਨੂੰ ਸ਼ਿਵਾ ਦਾ ਵਰ ਸੀ ਕਿ ਜਿਸਦੇ ਸਿਰ ਉਤੇ ਹਥ ਰਖੇਂਗਾ ਉਹ ਸੜ ਜਾਏਗਾ, ਇਸ ਨੇ ਪਾਰਬਤੀ ਤੇ ਕਬਜ਼ਾ ਕਰਨਾ ਚਾਹਿਆ ਤਾਂ ਪਾਰਬਤੀ ਨੇ ਇਸੇ ਤੋਂ ਹੀ ਉਸਦੇ ਆਪਣੇ ਸਿਰ ਉਤੇ ਚਲਾਕੀ ਨਾਲ ਹਥ ਰਖਵਾ ਕੇ ਸਾੜ ਦਿਤਾ।7. ਸ਼ਿਵ ਜੀ। 8. ਸਾੜਨਾ, ਸਵਾਹ ਕਰਨਾ। 9. ਨੌ ਦਸ ਦੋ ਗ੍ਰਹਿ। 10. ਚੁਗਲੀ, ਸੋਕਾ।
11. ਸ੍ਰੀ ਕ੍ਰਿਸ਼ਨ ਜੀ ਦੀ ਮਾਸੀ ਦਾ ਪੁਤ੍ਰ ਜਿਸ ਦੀਆਂ ਤਿੰਨ ਅੱਖਾਂ ਤੇ ਚਾਰ ਬਾਹਾਂ ਸਨ ਪਰ ਕ੍ਰਿਸ਼ਨ ਜੀ ਦਾ ਵੈਰੀ ਸੀ।

ਦਿਨ ਲੈਂਹਦਿਓਂ ਚੜ੍ਹੇ ਤਾਂ ਚੜ੍ਹੇ ਬੇਸ਼ਕ, ਐਪਰ ਭਰਥਰੀ ਬੋਲ ਨਿਬਾਹ ਕੀਤਾ।
ਚਾਤ੍ਰਿਕ ਜਾਹ ਹੁਣ ਹੋਰ ਨਾ ਖਾਹ ਸਿਰ ਨੂੰ, ਕਾਹਨੂੰ ਰੇੜਕਾ ਖਾਹਮੁਖਾਹ ਕੀਤਾ।

ਚਲਾ ਜਾਣਾ ਸੈਨਾਪਤੀ ਦਾ ਨਿਰਾਸ ਹੋ ਕੇ ਅਤੇ ਪ੍ਰਧਾਨ ਦਾ ਆਉਣਾ

ਸੈਨਾਪਤੀ ਤੇ ਭਰਥਰੀ ਝਗੜਦੇ ਨੂੰ, ਉਤੋਂ ਵਕਤ ਦੁਪੈਹਰ ਦਾ ਆਇ ਗਿਆ।
ਦਾਲ ਗਲੀ ਨ੍ਹਾ ਓਸਦੀ ਭੂਪ ਅਗੇ, ਸਾਰਾ ਆਪਣਾ ਜ਼ੋਰ ਲਗਾਇ ਗਿਆ।
ਸੁਣਕੇ ਰੰਗਾਂ ਦੇ ਵਾਕ ਮਹਾਰਾਜ ਸੰਦੇ, ਜ਼ਰਾ ਜੀਉ ਦੇ ਵਿਚ ਸ਼ਰਮਾਇ ਗਿਆ।
ਦਿਲੋਂ ਜਾਣਿਆ ਜਾਪਦੀ ਗਲ ਮੁਸ਼ਕਲ, ਹੈ ਸਮਝਾਨ ਦਾ ਵਕਤ ਵਿਹਾਇ ਗਿਆ।
ਰਾਜੇ ਜੀਉ ਨੂੰ ਕਰ ਲਿਆ ਸਖਤ ਡਾਢਾ, ਭਰ ਓਸ ਦੇ ਵਿਚ ਸਮਾਇ ਗਿਆ।
ਇਸ ਬੈਹਸ ਨੂੰ ਹੋਰ ਕੀ ਤੂਲ ਦੇਣਾ, ਇਹ ਸਮਝ ਕੇ ਸਮਾਂ ਟਲਾਇ ਗਿਆ।
ਉਹਨੂੰ ਭੌਂਦਿਆਂ ਵੇਖ ਨਿਰਾਸ ਪਿਛੇ, ਬਦਲ ਗਮਾਂ ਦਾ ਖਲਕ ਤੇ ਛਾਇ ਗਿਆ।
ਹਾਏ ਹਾਇ ਏਹ ਕੈਹਰ ਕੀ ਹੋਣ ਲਗਾ ? ਰਾਜਾ ਭਰਥਰੀ ਕੰਡ ਵਲਾਇ ਗਿਆ।
ਸਾਡਾ ਹਾਲ ਕੀ ਹੋਵਸੀ ਏਸ ਬਾਝੋਂ ? ਜੇਕਰ ਸਚ ਜੁਦਾਈਆਂ ਪਾਇ ਗਿਆ।
ਫੇਰ ਸੋਚ ਪ੍ਰਧਾਨ ਬੁਧਵਾਨ ਸੋਚੀ, ਸੈਨਾਪਤੀ ਤਾਂ ਬਹੁਤ ਸਮਝਾਇ ਗਿਆ।
ਮੈਂ ਭੀ ਚਲ ਕੇ ਕਰਾਂ ਤਦਬੀਰ ਕੋਈ, ਸ਼ਾਇਦ ਰੈਹਮ ਸਾਡੇ ਉਤੇ ਖਾਇ ਗਿਆ।
ਹਥ ਜੋੜ ਕੀਤੀ ਨਮਸਕਾਰ ਚਾਤ੍ਰਿਕ, ਰਾਜੇ ਭਰਥਰੀ ਦੇ ਪਾਸ ਆਇ ਗਿਆ।

ਦਾਨਾ ਬੜਾ ਦੀਵਾਨ ਪ੍ਰਧਾਨ ਹੈਸੀ, ਕਹਿੰਦਾ, ਇਹ ਕੀ ਲਗਿਓਂ ਕਰਨ ਰਾਜਾ ?
ਕਾਹਨੂੰ ਛਤ੍ਰੀ ਧਰਮ ਤਿਆਗ ਕੇ ਤੇ, ਰਾਜ ਛਡ ਸਾਧੀਂ ਲਗੋਂ ਵੜਨ ਰਾਜਾ ?
ਧਰਮ ਆਪਣਾ ਆਪਣਾ ਸਭ ਸਾਂਭਨ, ਕੌਣ ਅੱਗ ਪਰਾਈਏ ਸੜਨ ਰਾਜਾ ?
ਬ੍ਰਾਹਮਣ ਕਰਮ ਹੈ ਵੇਦ ਅਧੈਨ ਕਰਨਾ, ਰਯਤ ਪਾਲਣੀ ਛਤ੍ਰੀ ਬਰਨ ਰਾਜਾ।
ਗੱਦੀ ਬੈਠਕੇ ਅਦਲ ਇਨਸਾਫ ਕਰਨਾ, ਸ਼ੇਰ ਬੱਕਰੀ ਕਦੇ ਨਾ ਲੜਨ ਰਾਜਾ।
ਕਰਨੀ ਗਊ ਗਰੀਬ ਦੀ ਰਖਿਆ ਏ, ਸ਼ਾਸਤ੍ਰ ਧਾਰ ਕੇ ਸ਼ਤਰੂ[1] ਹਰਨ[2] ਰਾਜਾ।
ਕਰਨੀ ਗਊ ਸੇਵਾ, ਖੇਤੀ ਵਣਜ ਕਰਨਾ, ਵੈਸ਼ ਏਸ ਨੂੰ ਪਾਲ ਕੇ ਤਰਨ ਰਾਜਾ।
ਤੀਨ ਬਰਨ ਦੀ ਟਹਿਲ ਕਮਾਵਨੀਏ, ਸੂਦਰ ਵਾਸਤੇ ਧਰਮ ਉਚਰਨ ਰਾਜਾ।
ਜੇਹੜਾ ਆਪਣੇ ਧਰਮ ਤੋਂ ਪਤਿਤ ਹੋਵੇ, ਉਸ ਨੂੰ ਦੇ ਨਾ ਪ੍ਰਭੂ ਜੀ ਸ਼ਰਨ ਰਾਜਾ।
ਚਾਤ੍ਰਿਕ ਮਨੂ ਦੇ ਹੁਕਮ ਨੂੰ ਮੋੜ ਕੇ ਤੇ, ਲੱਗੇ ਮੌਤ ਕੇਹੜੀ ਤੁਸੀਂ ਮਰਨ ਰਾਜਾ ?

ਜਵਾਬ ਰਾਜਾ ਭਰਥਰੀ ਜੀ

ਮਨੂ[3] ਗ੍ਰਿਹਸਤੀਆਂ ਲਈ ਮ੍ਰਯਾਦ ਰੱਖੀ, ਮੁਨੀ[4] ਗ੍ਰੰਥ ਦੇ ਨਾਲ ਜਿਸ ਵਾਹ ਹੋਵੇ।
ਜੇਹੜਾ ਛਡ ਧੰਦਾਲ ਅਲੱਗ ਹੋਵੇ, ਉਸ ਨੂੰ ਮਨੂ ਦੀ ਕਦੋਂ ਪਰਵਾਹ ਹੋਵੇ ?

1. ਵੈਰੀ। 2. ਨਾਸ ਕਰਨਾ।
3. ਮਨੂ ਰਿਸ਼ੀ ਜਿਸ ਦੀ ਲਿਖੀ ਮਨੂੰ ਸਿਮ੍ਰਤੀ ਪ੍ਰਸਿਧ ਹੈ ਜਿਸ ਵਿਚ ਵਰਨਾਂ ਦਾ ਧਰਮ ਤੇ ਕਰਮ ਆਦਿ ਭੀ ਦਸਿਆ ਹੈ।
4. ਰਿਸ਼ੀ।

ਉਸਦੇ ਮਨੂੰ ਭੀ ਵਾਰਨੇ ਜਾਂਵਦਾ ਏ, ਲਾਂਭੇ ਗ੍ਰਿਹਸਤ ਦੀ ਪੰਡ ਜੋ ਲਾਹ ਹੋਵੇ।
ਜਾਤ ਬਰਨ ਦੇ ਭੇਤ ਤੋਂ ਪਰੇ ਭਗਤੀ, ਜੇਹੜਾ ਚਰਨ ਪਕੜੇ ਸੋਈਓ ਸ਼ਾਹ ਹੋਵੇ।
ਉਥੇ ਜਾਤ ਕੁਜਾਤ ਨਾ ਪੁਛ ਹੁੰਦੀ, ਰਾਜੇ ਰੰਕ[1] ਦਾ ਦਿਨ ਇਕੋ ਰਾਹ ਹੋਵੇ।
ਕੀਤੀ ਪਏ ਪਰਵਾਨ ਦਰਬਾਰ ਅੰਦਰ, ਕਰਨੀ ਬਾਝ ਨਾ ਪੁਛ ਦਰਗਾਹ ਹੋਵੇ।
ਉਸ ਦਰਵਾਜ਼ਿਓਂ ਕਿਸੇ ਨਾ ਮਿਲੇ ਧੱਕਾ, ਡੱਕਿਆ ਨਹੀਂ ਜਾਏ ਜਿਸਦੀ ਚਾਹ ਹੋਵੇ।
ਚਾਤ੍ਰਿਕ ਸਦਾ ਨ੍ਰਿਬੰਧ ਸੰਸਾਰ ਵਲੋਂ, ਜੇਹੜਾ ਫਕਰ ਸਭ ਢੇਰੀਆਂ ਢਾਹ ਹੋਵੇ।

ਜਵਾਬ ਪ੍ਰਧਾਨ

ਧਰਮ ਰਾਜਿਆਂ ਦਾ ਰਯਤ ਪਾਲਣੀਏ, ਚੰਗਾ ਕਿਸੇ ਨਾ ਧਰਮ ਵਿਸਾਰਨਾ ਹੈ।
ਜਿਵੇਂ ਮੋਤੀਆਂ ਦੱਬਣਾ ਵਿਚ ਮਿਟੀ, ਅਤੇ ਫੁਲ ਨੂੰ ਅੱਗ ਵਿਚ ਸਾੜਨਾ ਹੈ।
ਹੱਛਾ ਮਰਦ ਸੁਖਨੋਂ, ਝੂਠ ਨਹੀਂ ਚੰਗਾ, ਚੰਗਾ ਨਹੀਂ ਜੂਏ ਅੰਦਰ ਹਾਰਨਾ ਹੈ।
ਚੰਗੀ ਨਾਰ ਨਾ ਪਤੀ ਦੀ ਪੱਤ ਲਾਹਵੇ, ਚੰਗਾ ਨਹੀਂ ਬੇਦੋਸ਼ਿਆਂ ਮਾਰਨਾ ਹੈ।
ਨੌਕਰ ਸਾਹਮਣੇ ਬੋਲਣਾ ਨਹੀਂ ਚੰਗਾ, ਅਤੇ ਪੁਤ ਪੰਘੂੜਿਆਂ ਚਾੜ੍ਹਨਾ ਹੈ।
ਕਰਨਾ ਧ੍ਰੋਹ ਨਾ ਮਿਤ੍ਰਾਂ ਨਾਲ ਚੰਗਾ, ਚੰਗਾ ਸੀਤਿਆਂ ਨੂੰ ਨਹੀਂ ਪਾੜਨਾ ਹੈ।
ਦੋ ਸਿਰ ਮਿਲਦਿਆਂ ਵਿਚ ਨਾ ਭੰਗ ਚੰਗਾ, ਚੰਗਾ ਰਾਹੀਂ ਨੂੰ ਨਹੀਂ ਖੁਲਯਾਰਨਾ ਹੈ।
ਚਾਤ੍ਰਿਕ ਦੁਧ ਅੰਦਰ ਕਾਂਜੀ ਨਹੀਂ ਚੰਗੀ, ਬੁਰਾ ਨਾਰ ਤੇ ਹਥ ਉਲਾਰਨਾ ਹੈ।

ਜਵਾਬ ਰਾਜਾ ਭਰਥਰੀ

ਭੈੜੀ ਠੱਗ ਬਾਜ਼ੀ, ਚੋਰੀ ਅਤੇ ਯਾਰੀ, ਦਗਾ ਨਾਲ ਕਮਾਵਨਾ ਯਾਰ ਭੈੜਾ।
ਭੈੜਾ ਨਾਰ ਪਰਾਈ ਦਾ ਤੱਕਨਾ ਹੈ, ਕਰਕੇ ਪਾਪ ਹੋਣਾ ਗੁਨਾਹਗਾਰ ਭੈੜਾ।
ਭੈੜਾ ਜੂਆ, ਜਨਾਹੀ[2] ਤੇ ਜਾਮਨੀ[3] ਏ, ਤੇ ਕੁਸੱਤ[4] ਦਾ ਵਣਜ ਬਪਾਰ ਭੈੜਾ।
ਕਾਲ ਸਮੇਂ ਅੰਦਰ ਬਾਂਹ ਛੱਡ ਦੇਵੇ, ਸਾਮੀ ਮਰੇ ਭੁਖੀ ਸ਼ਾਹੂਕਾਰ ਭੈੜਾ।
ਭੈੜਾ ਭਲੀ ਸਲਾਹ ਵਿਚ ਲੱਤ ਮਾਰਨ, ਮੁਕਰ ਜਾਵਣਾ ਕਰ ਇਕਰਾਰ ਭੈੜਾ।
ਨੇਕ ਰਾਹ ਤੋਂ ਕਿਸੇ ਨੂੰ ਰੋਕ ਦੇਣਾ, ਹੋਛੇ ਯਾਰ ਦੇ ਨਾਲ ਪਿਆਰ ਭੈੜਾ।
ਚੁਗਲੀ ਨਿੰਦਯਾ ਕਿਸੇ ਦੀ ਕਰਨ ਭੈੜੀ, ਧੋਖਾ ਦੇਵਣਾ ਵਿਚ ਸਰਕਾਰ ਭੈੜਾ।
ਭੈੜੀ ਨੀਯਤ ਕਰਨੀ ਧਨ ਓਪਰੇ ਤੇ, ਲੈਣਾ ਧਰੀ ਅਮਾਨ ਦਾ ਮਾਰ ਭੈੜਾ।
ਭੈੜਾ ਨਹੀਂ ਭਗਵਾਨ ਦਾ ਭਜਨ ਕਰਨਾ, ਪੈਣਾ ਓਸ ਨਾ ਸ਼ਰਨ ਕਰਤਾਰ ਭੈੜਾ।
ਚਾਤ੍ਰਿਕ ਭਰਥਰੀ ਐਬ ਨਾ ਕਰਨ ਲਗਾ, ਤੇਰਾ ਓਸ ਦੇ ਵਿਚ ਅਸਰਾਰ[5] ਭੈੜਾ।

1. ਕੰਗਾਲ, ਗਰੀਬ। 2. ਕਾਮੀ, ਵਿਸ਼ਈ। 3. ਕਿਸੇ ਦੀ ਜ਼ੁੰਮੇਵਾਰੀ ਲੈਣੀ। 4. ਝੂਠ।
5. ਝਗੜਾ।

ਜਵਾਬ ਪ੍ਰਧਾਨ

ਗ੍ਰਿਹਸਤ ਆਸ਼੍ਰਮ ਸੁਖਾਂ ਖਾਣ ਕਹਿੰਦੇ, ਬੁਰਾ ਏਸ ਤੋਂ ਕਢਣਾ ਵੈਰ ਰਾਜਾ।
ਪੁੰਨ ਦਾਨ ਅਰ ਜਗ ਤੇ ਹੋਮ ਹੁੰਦੇ, ਬੂਹੇ ਆਨ ਫਕੀਰ ਲਏ ਖੈਰ ਰਾਜਾ।
ਮਾਈ ਬਾਪ ਏਹ ਨੰਗਿਆਂ ਭੁਖਿਆਂ ਦਾ, ਪਰਉਪਕਾਰ ਦੀ ਵਗਦੀ ਨੈਹਰ ਰਾਜਾ।
ਰਾਹ ਰਬ ਦੇ ਮਣਸਦੇ ਪੂਜਦੇ ਨੇ, ਜਿਨ੍ਹਾਂ ਪ੍ਰੇਮ ਦੀ ਆਂਵਦੀ ਲੈਹਰ ਰਾਜਾ।
ਗ੍ਰਿਹਸਤ ਸੰਘਣੀ ਬੋਹੜ ਦੀ ਛਾਉਂ ਵਰਗਾ, ਦੁਖੀ ਦੀਨ ਆ ਕੇ ਜਾਂਦੇ ਠੈਹਰ ਰਾਜਾ।
ਸਵਾਦ ਸਾਰੀ ਫਕੀਰੀ ਦਾ ਆਂਵਦਾ ਏ, ਜੇ ਸਤਸੰਗ ਕਰੀਏ ਇਕ ਪੈਹਰ ਰਾਜਾ।
ਛਡ ਗ੍ਰਿਹਸਤ ਸਵਰਨ ਨੂੰ ਫੜੇ ਬੰਜਰ, ਕਰਨ ਏਹ ਕੀ ਲਗਿਓਂ ਕੈਹਰ ਰਾਜਾ ?
ਚਾਤ੍ਰਿਕ ਗ੍ਰਿਹਸਤ ਵਿਚ ਲਖ ਭਲਯਾਈਆਂ ਨੇ, ਧਰਮ ਕਰਮ ਨਾ ਏਸ ਬਗੈਰ ਰਾਜਾ।

ਜਵਾਬ ਰਾਜਾ ਭਰਥਰੀ

ਫਕਰ ਆਸ਼ਮ ਦੀ ਕੌਣ ਰੀਸ ਕਰਦਾ ? ਚੁੰਮੇ ਗ੍ਰਿਹਸਤ ਭੀ ਏਸਦੇ ਪੈਰ ਆਕੇ।
ਜਦੋਂ ਜਗਤ ਦੀ ਅੱਗ ਦਾ ਹੋਵੇ ਸੜਿਆ, ਏਥੇ ਹੋ ਸੀਤਲ ਜਾਂਦਾ ਠੈਹਰ ਆਕੇ।
ਪੁੰਨ ਦਾਨ ਨ ਓਸ ਨੂੰ ਪਹੁੰਚ ਸਕਣ, ਜੇਹੜਾ ਰਾਮ ਸਿਮਰਨ ਕਰੇ ਪੈਹਰ ਆਕੇ।
ਚਾਤ੍ਰਿਕ ਰਾਜ ਸੰਸਾਰ ਦੇ ਤੁਛ ਜਾਪਣ, ਜਦੋਂ ਏਸ ਪਾਸੇ ਖੁਲੇ ਬੈਹਰ ਆਕੇ।
ਕੇਹੜਾ ਹੀਰਿਆਂ ਮੋਤੀਆਂ ਛਡ ਕੇ ਤੇ, ਮਣਕੇ ਘੁਗਿਆਂ ਤੇ ਚਿਤ ਲਾਂਵਦਾ ਏ।
ਜਿਸਦੇ ਪਾਸ ਹੋਵੇ ਲਾਲ ਲਖ ਮੁੱਲਾ, ਕਦੋਂ ਪੱਥਰਾਂ ਨਾਲ ਵਟਾਂਵਦਾ ਏ।
ਖੀਰ ਖੰਡ ਪਰੋਸ ਕੇ ਧਰੀ ਹੋਵੇ, ਸਾਗ ਵੱਲ ਜੀ ਕਿਸ ਤਰ੍ਹਾਂ ਆਂਵਦਾ ਏ।
ਚਾਤ੍ਰਿਕ ਪੈਰ ਖਿਸਕਾ ਅਲੱਗ ਹੋਏ, ਜਾਣ ਬੁਝ ਕੇਹੜਾ ਫਾਹੀਆਂ ਪਾਂਵਦਾ ਏ।

ਜਵਾਬ ਪ੍ਰਧਾਨ

ਗ੍ਰਿਹਸਤ ਜਿਹਾ ਅਨੰਦ ਨਾ ਹੋਰਥੇ ਹੈ, ਜਿਹਨੂੰ ਰਬ ਦੇਵੇ ਸੋਈ ਮਾਨਦਾ ਏ।
ਪੁੱਤਰ-ਪੋਤਰੇ ਬਾਗ ਪਰਵਾਰ ਹੋਵੇ, ਏਹ ਨਸੀਬ ਪੂਰੇ ਭਗਵਾਨ ਦਾ ਏ।
ਹੋਵੇ ਇਸਤ੍ਰੀ ਆਗਿਆਕਾਰ ਮਿਠੀ, ਪੁਤਰ ਬਾਪ ਦੇ ਹੁਕਮ ਨੂੰ ਮਾਨਦਾ ਏ।
ਧਨ ਆਪਣਾ, ਜੀਉ ਸੰਤੋਖ ਹੋਵੇ, ਚਾਰ ਸਵਰਗ ਏਹ ਨੀਤ[1] ਬਖਾਨਦਾ ਏ।
ਦੁਖ, ਸੁਖ, ਸ਼ਾਦੀ,[2] ਗਮੀ[3], ਹਰਖ[4] ਸੋਗਾਂ[5] ਦੇਖ ਦੇਖ ਕੇ ਰਬ ਪਛਾਨਦਾ ਏ।
ਜਦੋਂ ਦੁਖ ਆਵਨ ਰਬ ਯਾਦ ਪੈਂਦਾ, ਸੁਖ ਪੈਣ ਤਾਂ ਸ਼ੁਕਰ ਨੂੰ ਠਾਨਦਾ ਏ।
ਜਿਨ੍ਹਾਂ ਦੁਖ ਤੇ ਸੁਖ ਤਿਆਗ ਦਿਤੇ, ਚੇਤਾ ਪਏ ਨਾ ਕਦੇ ਭਗਵਾਨ ਦਾ ਏ।
ਚਾਤ੍ਰਿਕ ਰਬ ਨਾ ਗ੍ਰਿਹਸਤ ਤੋਂ ਕਿਤੇ ਲਾਂਭੇ, ਭੁਲਾ ਜੰਗਲੀ ਖੇਹ ਕਿਉਂ ਛਾਨਦਾ ਏ ?

1. ਭਾਵ ਰਾਜਨੀਤੀ ਤੋਂ ਹੈ। 2. ਖੁਸ਼ੀ। 3. ਸੋਗ। 4. ਖੁਸ਼ੀ। 5. ਸ਼ੋਕ, ਦੁਖ।

ਜਵਾਬ ਰਾਜਾ ਭਰਥਰੀ ਜੀ

ਗ੍ਰਿਹਸਤ ਵਿਚ ਜੇ ਸੁਖ ਤਲਾਸ਼ ਕਰੀਏ, ਨਿਰਾ ਦਿਸਦਾ ਢੋਲ ਦਾ ਪੋਲ ਭਾਈ।
ਕੋਈ ਸੁਖੀ ਨਾ ਵਿਚ ਸੰਸਾਰ ਡਿਠਾ, ਐਵੇਂ ਪਿਆ ਨਾ ਫੋਲਣੇ ਫੋਲ ਭਾਈ।
ਕੋਈ ਅੰਨ ਬਾਝੋਂ ਕੋਈ ਧਨ ਬਾਝੋਂ, ਕੋਈ ਰੰਨ ਖਾਤਰ ਕਰੇ ਘੋਲ ਭਾਈ।
ਕੋਈ ਤੰਗ ਆਯਾ ਹਥੋਂ ਵੈਰੀਆਂ ਦੇ, ਕੋਈ ਰਿਹਾ ਹੈ ਯਾਰ ਨੂੰ ਟੋਲ ਭਾਈ।
ਕੋਈ ਘਰਦਿਆਂ ਵਾਇਦਿਆਂ[1] ਸਾੜਿਆ ਏ, ਪੀਂਦਾ ਫਿਰੇ ਹਫੀਮ ਨੂੰ ਘੋਲ[2] ਭਾਈ।
ਫਾਹੇ ਲੈਣ ਲਈ ਖੂਹੀਂ ਛਾਲ ਮਾਰਨ, ਕਿਸੇ ਲੱਗੀ ਹੈ ਊਜ ਅਨਭੋਲ ਭਾਈ।
ਆਤਮਘਾਤ ਦਾ ਚੁਕਦੇ ਭਾਰ ਸਿਰ ਤੇ, ਤਿਆਗ ਜਾਂਵਦੇ ਜਾਨ ਅਨਮੋਲ ਭਾਈ।
ਕਿਸੇ ਨਾਰ ਬਦਕਾਰ ਦਾ ਖਾਰ[3] ਚੁਭਦਾ, ਕਈ ਲਏ ਮੁਕਦਮੇ ਰੋਲ[4] ਭਾਈ।
ਕਿਸੇ ਰੋਗ ਲਗਾ ਉਸਤਤ ਨਿੰਦਿਆ ਦਾ, ਚੰਗੇ ਲਗਣ ਨਾ ਹੋਰ ਕਲੋਲ ਭਾਈ।
ਜਿਹਨੂੰ ਪੁਛੀਏ ਦੁਖੀ ਹੈ ਸੋਈ ਚਾਤ੍ਰਿਕ, ਕੇਹੜੇ ਸੁਖਾਂ ਬਦਲੇ ਹਾਰਾਂ ਬੋਲ ਭਾਈ।

ਜਵਾਬ ਪ੍ਰਧਾਨ

ਜੇਕਰ ਮਿਤ ਮ੍ਰਯਾਦਾ[5] ਵਿਚ ਰਹੇ ਕੋਈ, ਗ੍ਰਿਹਸਤ ਜਿਹਾ ਨਾ ਕਿਤੇ ਅਨੰਦ ਰਾਜਾ।
ਸੁਬਾਹ[6] ਹੈ ਉਠਕੇ ਸੋਚ ਇਸ਼ਨਾਨ[7] ਕਰਕੇ, ਕਰਨਾ ਭਜਨ ਚਾਹੀਏ ਨੰਦ-ਨੰਦ[8] ਰਾਜਾ।
ਚਿਤ ਕਾਰ ਵਿਹਾਰ ਦੇ ਵਿਚ ਲਾਵੀਂ, ਕਰ ਲੈ ਧਰਮ ਦੀ ਕਾਰ ਪਸੰਦ ਰਾਜਾ।
ਭਾਈਬੰਦ ਸਬੰਧੀਆਂ ਦਰਦ ਵੰਡੀ, ਦਿਲੋਂ ਦੂਰ ਰਖੀਂ ਗੰਦ ਮੰਦ ਰਾਜਾ।
ਅਠੇ ਪੇਹਰ ਭਗਵਾਨ ਨੂੰ ਯਾਦ ਰਖੀਂ, ਮੱਥਾ ਰਹੇ ਖਿੜਿਆ ਵਾਂਗ ਚੰਦ ਰਾਜਾ।
ਚਿਤ ਯਾਰ ਵਲੇ ਹਥ ਕਾਰ ਵਲੇ, ਰਖੀਂ ਜੀਉਂ ਦੇ ਵਿਚ ਮੁਕੰਦ[9] ਰਾਜਾ।
ਦਿਲੋਂ ਵੈਰ ਵਿਰੋਧ ਦੀ ਅੱਗ ਬੁਝੇ, ਸਾਰੇ ਜੀਉ ਜਾਣੀ ਭਾਈ ਬੰਦ ਰਾਜਾ।
ਚਾਤ੍ਰਿਕ ਇਸ ਤਰ੍ਹਾਂ ਗ੍ਰਿਹਸਤ ਦਾ ਸੁਵਾਦ ਆਵੇ, ਪੈਣ ਜਮਾਂ ਦੇ ਫੇਰ ਨਾ ਫੰਦ ਰਾਜਾ।

ਜਵਾਬ ਰਾਜਾ ਭਰਥਰੀ ਦਾ

ਐਬ ਫੋਲ ਕੇ ਗ੍ਰਿਹਸਤ ਦੇ ਨਾ, ਢਕਣ ਏਸ ਦਾ ਰਹਿਣ ਦੇ ਢਕਿਆ ਏ।
ਚਿਟੇ ਕਲਰੀਂ ਜਿਵੇਂ ਦਰਿਯਾ ਦਿਸੇ, ਕੋਈ ਬੂੰਦ ਨੂੰ ਲਭ ਨਾ ਸਕਿਆ ਏ।
ਤਿਲਾਂ ਫੋਕਿਆਂ ਵਿਚ ਤੇਲ ਹੁੰਦਾ, ਅੱਕ ਅੰਬ ਦੇ ਨਾਲ ਨਾ ਪਕਿਆ ਏ।
ਦੁਖਾਂ ਖਾਣ ਦੇ ਵਿਚ ਆਰਾਮ ਕਿਥੇ, ਪਵੇ ਠੰਢ ਕਿਉਂ ਅਗ ਦੇ ਫਕਿਆ ਏ ?

---

1. ਝਬੇਲੇ, ਧੰਦੇ। 2. ਆਤਮਘਾਤ ਕਰਨ ਤੋਂ ਭਾਵ ਹੈ। 3. ਕੰਡਾ।
4. ਮੁਕਦਮਿਆਂ ਵਿਚ ਰੁਲਣਾ ਨਵੀਨ ਸਮੇਂ ਦੀ ਬਾਤ ਹੈ, ਅਗੇ ਨਿਆਂ ਲਈ ਮੁਕਦਮੇ ਆਦਿ ਨਹੀਂ ਸਨ।
5. ਹੱਦ ਵਿਚ, ਕਿਸੇ ਵਿਉਂਤ ਤੇ ਢੰਗ ਜਾਂ ਜਗਤ ਅਨੁਸਾਰ। 6. ਸਵੇਰੇ। 7. ਨਹਾਉਣਾ ਧੋਣਾ।
8. ਸ੍ਰੀ ਨੰਦ ਦੇ ਪੁਤ੍ਰ ਸ੍ਰੀ ਕ੍ਰਿਸ਼ਨ ਭਾਵ ਭਗਵਾਨ ਜਾਂ ਰਬ ਤੋਂ ਹੈ। 9. ਈਸ਼ਵਰ।

ਕਦੋਂ ਭਜਨ ਭਗਵਾਨ ਦਾ ਰਸ ਆਵੇ, ਜਿਸਨੇ ਨਾਰ ਪਰਾਈ ਨੂੰ ਤੱਕਿਆ ਏ।
ਕਾਉਂ ਵਾਂਗ ਲੌਂਦਾ ਫਿਰੇ ਚਾਰ ਚੱਕੀਂ, ਕੁਤੇ ਵਾਂਗ ਜਿਸ ਨੇ ਚੂਲਾ ਲੱਕਿਆ ਏ।
ਕੀਕਰ ਪਾਵਸੀ ਸੁਖ ਜਹਾਨ ਅੰਦਰ ? ਜਿਸਨੇ ਪਾਪ ਦੀ ਪੰਡ ਨੂੰ ਚੱਕਿਆ ਏ।
ਨਾਸਵਾਨ ਝੂਠੇ ਸੁਖਾਂ ਵਿਚ ਚਾਤ੍ਰਿਕ, ਕਦੇ ਭਰਥਰੀ ਰਹੇ ਨਾ ਡੱਕਿਆ ਏ।

ਦੁਨੀਆਂ ਕੂੜ ਤੇ ਗ੍ਰਿਹਸਤ ਫਜ਼ੂਲ ਭਾਈ, ਕਾਹਨੂੰ ਪਿਟਣਾ ਕੂੜ ਸਿਆਪਿਆਂ ਨੂੰ।
ਸੁਪਨੇ ਵਾਂਗ ਭੁਲਾਵੜੀ ਪਏ ਬੰਦੇ, ਝੂਠੇ ਨਾਲ ਚੰਬੋੜਦਾ ਛਾਪਿਆਂ ਨੂੰ।
ਸੁਖ ਗ੍ਰਿਹਸਤ ਦੇ ਤੁਛ ਨੇ ਫਕਰ ਅਗੇ, ਕੌਣ ਮੇਲ ਸਕੇ ਇਹਨਾਂ ਘਾਪਿਆਂ ਨੂੰ।
ਸੂਰਜ ਫਕ੍ਰ[1] ਗ੍ਰਿਹਸਤ ਦੇ ਸੁਖ ਦੇਵੇ, ਚਾਤ੍ਰਿਕ ਕਦਰ ਕੀ ਗ੍ਰਿਹਸਤ ਵਿਚ ਖਾਪਿਆ ਨੂੰ।
ਕਦਰ ਜੌਹਰੀ ਲਾਲ ਦੀ ਜਾਨ ਸੱਕੇ, ਕਦਰ ਗੁਣਾਂ ਦੀ ਕਰੇ ਗੁਣਵਾਨ ਕੋਈ।
ਕਦਰ ਛਾਉਂ ਦੀ ਪਏ ਜਦ ਤੁਰੇ ਧੁਪੇ, ਸੁਖਾਂ ਕਦਰ ਕਰਦਾ ਦੁਖਵਾਨ ਕੋਈ।
ਕਦਰ ਸੇਹਤ ਦੀ ਪਏ ਬੀਮਾਰ ਹੋਯਾ, ਕਦਰ ਨੇਕੀਆਂ ਦੀ ਕਦਰਵਾਨ ਕੋਈ।
ਚਾਤ੍ਰਿਕ ਕਦਰ ਬੇਕਦਰਿਆਂ ਕੀ ਕਰਨੀ ਇਸਦੀ ਕਦਰ ਕਰਦਾ ਗਯਾਨਵਾਨ ਕੋਈ।

ਜਵਾਬ ਪ੍ਰਧਾਨ

ਸਚ ਮੁਚ ਗ੍ਰਿਹਸਤ ਫਜ਼ੂਲ ਸੀ ਜੇ, ਬ੍ਰਹਮਾ ਕਾਸ ਨੂੰ ਮਗਜ਼ ਖਪਾਂਵਦਾ ਤਾਂ ?
ਸਾਡੇ ਵਡੇ ਵਡੇਰੜੇ ਅਕਲ ਕਰਦੇ, ਦੁਨੀਆਂ ਵਧਣ ਦਾ ਸਮਾਂ ਨਾ ਆਂਵਦਾ ਤਾਂ।
ਰਾਮ, ਕ੍ਰਿਸ਼ਨ, ਯਾਦੋ, ਪਾਂਡੋ ਗ੍ਰਿਹਸਤ ਕੀਤਾ, ਕੋਈ ਉਨ੍ਹਾਂ ਨੂੰ ਆਣ ਸਮਝਾਂਵਦਾ ਤਾਂ।
ਨਾਰਦ[2] ਗ੍ਰਿਹਸਤ ਤੋਂ ਵਰਜ ਦੇ ਸ੍ਰਾਪ ਮਿਲਯਾ ਕੋਈ ਓਸ ਇਨਸਾਫ ਦਿਵਾਂਵਦਾ ਤਾਂ।
ਘੜੀਆਂ ਦੋ ਤੋਂ ਵਧ ਨਾ ਟਿਕਨ ਪਾਵੇ, ਦੇ ਸ੍ਰਾਪ ਨਾ ਪਰੇ ਹਟਾਂਵਦਾ ਤਾਂ।
ਚਾਤ੍ਰਿਕ ਰਬ ਜੇ ਜਾਣਦਾ ਗ੍ਰਿਹਸਤ ਮੰਦਾ, ਕਾਹਨੂੰ ਔਰਤਾਂ ਨਾਲ ਬਨਾਂਵਦਾ ਤਾਂ।

ਜਵਾਬ ਰਾਜਾ ਭਰਥਰੀ ਜੀ

ਨਾਰਦ ਵਾਲੜੀ ਗੱਲ ਹੀ ਪਕੜ ਲੈ ਖਾਂ, ਸਦਾ ਸ਼ੈਹਦ ਤੇ ਆਂਦੀਆਂ ਮੱਖੀਆਂ ਨੇ।
ਚੰਗੀ ਚੀਜ਼ ਤੇ ਡਿਗਦੇ ਲੋਕ ਆਕੇ, ਜਿਵੇਂ ਕ੍ਰਿਸ਼ਨ ਨੇ ਮੋਹੀਆਂ ਸਖੀਆਂ ਨੇ।
ਨਾਰਦ ਦੇ ਉਪਦੇਸ਼ ਨੂੰ ਕਰੇ ਮੁਕਤੀ, ਬ੍ਰਹਮਾ ਦੇਖ ਕੇ ਪਾਟੀਆਂ ਅੱਖੀਆਂ ਨੇ।
ਚਾਤ੍ਰਿਕ ਵਿਗੜਦਾ ਦੇਖ ਪ੍ਰਪੰਚ ਆਪਣਾ, ਘੜੀਆਂ ਠੈਹਰਨੇ ਨੂੰ ਦੋਵੇਂ ਰਖੀਆਂ ਨੇ।
ਦੂਜੀ ਗੱਲ ਜੇਹੜੀ ਆਖੀ ਵਡਿਆਂ ਦੀ, ਦਸ ਭਜਨ ਤੋਂ ਕਿਨੇ ਹਟਾਯਾ ਏ ?
ਬ੍ਰਹਮਚਰਜ ਗ੍ਰਿਹਸਤ ਤੋਂ ਬਾਨ ਪ੍ਰਸਤੀ, ਚੌਥੀ ਉਮਰ ਸੰਨਿਆਸ ਬਨਾਯਾ ਏ।

---

1. ਫਕੀਰੀ ਦਾ ਸੂਰਜ। 2. ਪ੍ਰਸਿੱਧ ਰਿਸ਼ੀ।

ਅਲੋਕਾਰ ਨਾ ਭਰਥਰੀ ਕਰਨ ਲੱਗਾ, ਚਲਿਆ ਮੁਢ ਕਦੀਮ ਤੋਂ ਆਯਾ ਏ।
ਗੋਸ਼ਾ ਅੰਤ ਉਜਾੜ ਜੇ ਮੱਲਣਾ ਏ, ਚਾਤ੍ਰਿਕ ਕਾਸ ਨੂੰ ਜੀਉ ਫਸਾਯਾ ਏ ?

ਜਵਾਬ ਪ੍ਰਧਾਨ

ਰਾਜਾ ਬੰਦਗੀ ਤੋਂ ਕੌਣ ਬੰਦ ਕਰਦਾ, ਬੰਦਾ ਬੰਦਗੀ ਬਿਨਾਂ ਕਿਸ ਕੰਮ ਦਾ ਏ ?
ਭਜਨ ਹਰੀ ਦਾ ਦਾਨ ਤੇ ਸਾਧ ਸੇਵਾ, ਅੱਗਾ ਏਹੋ ਹੀ ਜਾਇਕੇ ਥੰਮਦਾ ਏ।
ਤੁਸਾਂ ਭਜਨ ਕਰਨਾ ਨਾ ਕੁਝ ਭਖ ਮਰਨਾ, ਕਾਹਨੂੰ ਪਿਆ ਸੁਕਾਵਣਾ ਚੰਮਦਾ ਏ।
ਚਾਤ੍ਰਿਕ ਦੂਰ ਨਾ ਰਬ ਗ੍ਰਿਹਸਤੀਆਂ ਤੋਂ, ਅਤੇ ਨਹੀਂ ਫਕੀਰ ਨੂੰ ਚੰਮਦਾ ਏ।
ਅੰਦਰ ਆਪਣੇ ਜਾਗਦੀ ਜੋਤ ਦਿਸੇ, ਕਾਹਨੂੰ ਜੰਗਲਾਂ ਦੇ ਵਿਚ ਟੋਲਨਾ ਏ ?
ਜੇਕਰ ਗਯਾਨ ਦੀਆਂ ਅੱਖੀਆਂ ਖੋਲ੍ਹ ਦੇਖੇਂ, ਵਿਚ ਹਰੀ ਦੇ ਕੁਝ ਨਾਂ ਓਹਲਨਾ[1] ਏ।
ਮੱਤ ਆਪਣੀ ਕਰੇਂ ਜੇ ਜੀਉ ਥਾਵੇਂ, ਪਵੇ ਕਾਸ ਨੂੰ ਮੁਫਤ ਦਾ ਡੋਲਨਾ ਏ ?
ਮਿਰਗ ਲੱਭਦਾ ਫਿਰੇ ਕਸਤੂਰੀਆਂ ਨੂੰ, ਪੇਟ ਆਪਣਾ ਯਾਦ ਨਾ ਫੋਲਨਾ ਏ।
ਕੁਛੜ ਬਾਲ ਢੰਡੋਰੜਾ ਜਗ ਦੇਵੇ, ਐਸੀ ਪੈ ਗਈ ਜੀਵ ਨੂੰ ਭੋਲਨਾ ਏ।
ਚਾਤ੍ਰਿਕ ਲਭਣਾ ਅੰਦਰੋਂ ਰਾਮ ਚਾਹੀਏ, ਦੁਧ ਰਿੜਕ ਮੱਖਣ ਚਾਹੀਏ ਰੋਲਨਾ[2] ਏ।

ਜਵਾਬ ਰਾਜਾ ਭਰਥਰੀ ਜੀ

ਖੋਭੇ ਗ੍ਰਿਹਸਤ ਦੇ ਵਿਚ ਆਰਾਮ ਕਿਥੇ, ਆਵੇ ਜੀਵ ਨੂੰ ਯਾਦ ਭਗਵਾਨ ਕਿਥੇ ?
ਬਲਦੀ ਅਗਨ ਦੇ ਭਾਂਬੜੀ ਠੰਢ ਕਿਥੇ, ਨਾਰਾਂ ਨਾਲ ਅਰਾਮ ਵਿਚ ਜਾਨ ਕਿਥੇ ?
ਰੱਖਾ[3] ਬਾਝ ਮਰੀਂਵਦੇ ਮੱਛ ਕਿਥੇ, ਲਗਨ ਲਗਿਆਂ ਬਾਝ ਗਿਆਨ ਕਿਥੇ ?
ਬੈਠੇ ਬਿਨਾ ਇਕੰਤ ਦੇ ਭਜਨ ਕਿਥੇ, ਨੀਯਤ ਬਿਨਾਂ ਮੁਰਾਦ ਦਾ ਪਾਨ ਕਿਥੇ ?
ਮਿਲੇ ਨਿਕਲਨਾ ਨਾ ਵਿਚੋਂ ਜਿਲਣਾਂ ਦੇ, ਭਲਾ ਭਜਨ ਵਲ ਜਾਵੇ ਧਯਾਨ ਕਿਥੇ ?
ਰੰਗਾ ਰੰਗ ਦੇ ਭੋਗ ਅਨੰਦ ਅੰਦਰ, ਆਤਮ ਗਯਾਨ ਦੇ ਸੁਖਾਂ ਦਾ ਭਾਨ ਕਿਥੇ ?
ਜਲਾਂ ਬਾਝ ਮਛਲੀ ਨੂੰ ਕਰਾਰ[4] ਕਿਥੇ, ਯਾਦ ਮੌਤ ਦੇ ਬਿਨਾਂ ਸ਼ਮਸ਼ਾਨ ਕਿਥੇ ?
ਰੋਟੀ ਖਾਧਿਆਂ ਬਿਨਾਂ ਅਧਾਰ ਕਿਥੇ, ਐਥੇ ਸੁਖਾਂ ਦਾ ਸਾਜ ਸਮਾਨ ਕਿਥੇ ?
ਘੇਰੇ ਗ੍ਰਿਹਸਤ ਦੇ ਘਿਰੇ ਸੰਸਾਰੀਆਂ ਤੋਂ, ਚਲਣ ਗਿਆਨ ਦੇ ਤੀਰ ਕਮਾਨ ਕਿਥੇ ?
ਚਾਤ੍ਰਿਕ ਵਾਸ ਹੋਵੇ ਭੂਤਾਂ ਵਿਚ ਜਿਸਦਾ, ਪਵੇ ਦੇਵਤਿਆਂ ਵਾਲੜੀ ਬਾਨ ਕਿਥੇ ?

ਜਵਾਬ ਪ੍ਰਧਾਨ

ਰਾਜਾ ਅੰਦਰੋਂ ਆਤਮਾ ਸੁਧ ਚਾਹੀਏ, ਲਿੰਬ ਪੋਚ ਸਰੀਰ ਦਿਖਾਵਨਾ ਕੀ ?
ਜੇਕਰ ਅੰਦਰੋਂ ਚਿਤ ਸਫਾ ਹੋਵੇ, ਫੇਰ ਰਗੜ ਕੇ ਘਰੜ ਮੁਨਾਵਨਾ ਕੀ ?

---
1. ਓਹਲਾ। 2. ਵਰੋਲਣਾ=ਭਾਵ ਮੱਖਣ ਕੱਢਣਾ। 3. ਹੁਨਰ, (ਰੱਛ)। 4. ਚੈਨ।

ਕੰਨੀ ਰਾਮ ਦੇ ਨਾਮ ਦੀ ਵਾਜ਼ ਆਵੇ, ਫੇਰ ਪਾੜਕੇ ਮੁੰਦਰਾਂ ਪਾਵਨਾ ਕੀ ?
ਸਿਰ ਤੇ ਮੌਤ ਦਾ ਸਦਾ ਜੇ ਛਤ੍ਰ ਝੁਲੇ, ਫੇਰ ਜਟਾਂ ਵਧਾਨ ਬਨਾਵਨਾ ਕੀ ?
ਮੁਖ ਉਜਲਾ ਹੋਵੇ ਜੇ ਨਾਲ ਨੇਕੀ, ਭਸਮ ਫੇਰ ਕੇ ਫੇਰ ਛਪਾਵਨਾ ਕੀ ?
ਜੱਤ ਸਤ ਦਾ, ਜਦੋਂ ਲੰਗੋਟ ਬੱਝੇ ਰਸਾ ਵਟ ਕੇ ਹੋਰ ਚੜਾਵਨਾ ਕੀ ?
ਚਾਨਣ ਅੰਦਰੋਂ ਹੋਏ ਕਪਾਟ ਖੁਲ੍ਹਣ, ਫੇਰ ਬਾਲ ਮਸਾਲ ਲਭਾਵਨਾ ਕੀ ?
ਘਰੀਂ ਬੈਠਿਆਂ ਹੋਏ ਜੇ ਮੁਕਤ ਚਾਤ੍ਰਿਕ, ਜੰਗਲ ਬੈਠ ਵਿਚ ਧੂਣੀਆਂ ਤਾਵਨਾ ਕੀ ?

ਜਵਾਬ ਰਾਜਾ ਭਰਥਰੀ ਜੀ

ਘਰੀਂ ਬੈਠਿਆਂ ਜੇ ਕਦੇ ਮੁਕਤ ਹੋਵੇ, ਰਿਖੀ ਮੁਨੀ ਜਾਕੇ ਘਾਲਾਂ ਘਾਲਦੇ ਕਿਉਂ ?
ਜੇਕਰ ਗ੍ਰਿਹਸਤ ਦੇ ਵਿਚ ਸੰਨਯਾਸ ਹੁੰਦਾ ਉਮਰਾ ਜੰਗਲਾਂ ਦੇ ਵਿਚ ਗਾਲਦੇ ਕਿਉਂ ?
ਜੇਕਰ ਹਸਦਿਆਂ ਖੇਡਦਿਆਂ ਭਜਨ ਹੁੰਦਾ ਦੁਨੀਜਾਂ ਛਡ ਐਡੇ ਜਫਰ ਜਾਲਦੇ ਕਿਉਂ ?
ਐਸ਼ਾਂ ਵਿਚ ਜੇ ਆਂਵਦਾ ਯਾਦ ਸਾਈਂ, ਸਾਧੂ ਪਰਬਤਾਂ ਕੰਦਰਾਂ ਭਾਲਦੇ ਕਿਉਂ?
ਤਕੀਏ, ਲੇਫ, ਨਿਹਾਲੀਆਂ ਵਿਚ ਬੈਠੇ, ਹੁੰਦੀ ਮੁਕਤ ਤਾਂ ਧੂਣੀਆਂ ਬਾਲਦੇ ਕਿਉਂ?
ਚਾਤ੍ਰਿਕ ਵਿਚ ਅਰਾਮ ਜੇ ਰਾਮ ਮਿਲਦਾ, ਨਰਕ ਕੁੰਡ ਭਰਦੇ ਫੇਰ ਕਾਲ ਦੇ ਕਿਉਂ ?

ਜਵਾਬ ਪ੍ਰਧਾਨ

ਜੇਕਰ ਅੰਦਰੋਂ ਚਿਤ ਨਾ ਸ਼ਾਂਤ ਹੋਵੇ, ਸਾਧ ਬਣ ਗਿਆਂ ਹੋਵੇ ਨਾ ਪਾਰ ਰਾਜਾ।
ਜੇਕਰ ਭਾਲ ਉਜਾੜ ਨੂੰ ਮਿਲੇ ਸਿੱਧੀ, ਉੱਲੂ ਪਾਂਵਦੇ ਮੁਕਤ ਦੁਆਰ ਰਾਜਾ।
ਹਾਥੀ ਲਿਬੜੇ, ਗਧਾ ਸੁਆਹ ਲੇਟੇ, ਬਿਨਾਂ ਪ੍ਰੇਮ ਦੇ ਕਿਸ ਦਰਕਾਰ[1] ਰਾਜਾ ।
ਬਿੰਦ ਸਾਂਭ ਖੁਸਰੇ ਕਦੋਂ ਭਗਤ ਬਣ ਗਏ, ਬਗਲੇ ਬੈਠਦੇ ਨੇ ਧਯਾਨ ਧਾਰ ਰਾਜਾ ।
ਬ੍ਰਿਛ ਮੋਨ ਧਾਰੀ ਬਣਕੇ ਖੜੇ ਰਹਿੰਦੇ, ਸਦਾ ਇਕਸੇ ਟੰਗ ਦੇ ਭਾਰ ਰਾਜਾ।
ਨੰਗੇ ਪੈਰ ਫਿਰਦੇ ਸਦਾ ਰਹਿਣ ਬਾਂਦਰ, ਕਰਦੇ ਸਰਪ ਨੇ ਪੌਣ ਆਹਾਰ ਰਾਜਾ।
ਬਿਨਾ ਪ੍ਰੇਮ ਦੇ ਪ੍ਰਭੂ ਨਾ ਕਦੇ ਮਿਲਦਾ, ਕੋਈ ਕਰੇ ਖਾਂ ਭੇਖ ਹਜ਼ਾਰ ਰਾਜਾ।
ਸਿੱਪੀ ਨਾਲ ਪ੍ਰੇਮ ਦੇ ਮੁਖ ਖੋਹਲੇ, ਮੋਤੀ ਬਣੇ ਜਲ ਪੈਂਦਿਆਂ ਸਾਰ ਰਾਜਾ।
ਕੱਲਰ ਵਿਚ ਸੁਰੀਣ ਕੀ ਹੋਵਣੀਏ, ਫੁਲ ਲਗਣਾ ਕੀ ਨਾਲ ਖਾਰ ਰਾਜਾ।
ਖੇਡ ਪ੍ਰੇਮ ਦੀ ਏ ਕੋਈ ਖੇਡ ਨਾਹੀ, ਚਾਤ੍ਰਿਕ ਸਚ ਆਖੇ ਬਾਰ ਬਾਰ ਰਾਜਾ ।

ਜਵਾਬ ਰਾਜਾ ਭਰਥਰੀ

ਪ੍ਰੇਮ ਬਿਨਾਂ ਨਾ ਮੁਕਤ ਏ ਸਚ ਬਿਲਕੁਲ, ਤਦੇ ਪ੍ਰੇਮ ਦੀ ਘਾਲਣੀ ਕਾਰ ਚਾਹੀਏ।
ਜੇਕਰ ਪ੍ਰੇਮ ਤੋਂ ਸੁਖਾਂ ਨੂੰ ਵਾਰਿਆ ਨਾ, ਓਸ ਪ੍ਰੇਮ ਤੇ ਭੀ ਧ੍ਰਿਕਾਰ ਚਾਹੀਏ।

---

1. ਕੰਮ, ਮਤਲਬ।

ਸਭ ਕੁਝ ਅੰਦਰੇ ਹੈ, ਮੈਂ ਭੀ ਜਾਣਦਾ ਹਾਂ, ਐਪਰ ਲਭਣਾ ਕਿਸੇ ਪ੍ਰਕਾਰ ਚਾਹੀਏ।
ਵੱਜੇ ਜੰਦਰੇ ਜਿਨ੍ਹਾਂ ਖਜ਼ਾਨਿਆਂ ਨੂੰ, ਕੁੰਜੀ ਲਾਇ ਕੇ ਖੋਲ੍ਹਣਾ ਬਾਰ ਚਾਹੀਏ।
ਮਾਇਆ ਮੋਹ ਦਾ ਜੀਵ ਤੇ ਪਿਆ ਪਰਦਾ, ਦੇਣਾ ਏਸ ਦਾ ਘੁੰਡ ਉਤਾਰ ਚਾਹੀਏ।
ਬਿਨਾਂ ਗੁਰੂ ਦੇ ਗਿਆਨ ਨਾ ਕਦੀ ਹੋਵੇ, ਜਾ ਕੇ ਲੱਭਣਾ ਗੁਰੂ ਦੁਆਰ ਚਾਹੀਏ।
ਖੁੱਲਣ ਅਖੀਆਂ ਆਪਣਾ ਆਪ ਦਿਸੇ, ਕਰਨ ਦੂਰ ਅਗਯਾਨ ਅੰਧਾਰ ਚਾਹੀਏ।
ਗੱਤ ਗੁਰੂ ਬਾਝੋਂ, ਪੱਤ ਬਾਝ ਸ਼ਾਹਾਂ, ਕਰਨੀ ਏਸ ਤੇ ਜ਼ਰਾ ਵਿਚਾਰ ਚਾਹੀਏ।
ਗਯਾਨ ਗੁਰੂ ਬਾਝੋਂ, ਮੁਕਤ ਗਯਾਨ ਬਾਝੋਂ, ਕਾਰਨ ਅਤੇ ਨਮਿਤ ਦੀ ਸਾਰ ਚਾਹੀਏ।
ਚਾਤ੍ਰਿਕ ਗੁਰੂ ਦੀ ਸ਼ਰਨ ਹੀ ਸ਼ਾਂਤ ਆਵੇ, ਢੂੰਡ ਗੁਰੂ ਹੋਣਾ ਠੰਢਾ ਠਾਰ ਚਾਹੀਏ।

ਜਵਾਬ ਪ੍ਰਧਾਨ

ਸਚ ਮੁਚ ਰਾਜਾ ਜੇ ਫਕੀਰ ਹੋਣਾ, ਥੋੜੇ ਦਿਨਾਂ ਦੀ ਮੌਜ ਬਹਾਰ ਕਰ ਲੌ।
ਫਕਰ-ਗ੍ਰਿਹਸਤੀਆਂ ਦੀ ਵਿੱਥ ਢੇਰ ਪੈਣੀ, ਲੀਕ ਵੱਜਸੀ ਜ਼ਰਾ ਵਿਚਕਾਰ ਕਰ ਲੌ।
ਅਜੇ ਉਮਰ ਕੇਹੜੀ ਜੋਗ ਸਾਧਨੇ ਦੀ, ਕੁਝ ਚਿਰ ਹੋਰ ਗ੍ਰਿਹਸਤ ਦੀ ਕਾਰ ਕਰ ਲੌ।
ਫੇਰ ਯਾਦ ਆਸਨ ਸੁਖ ਘਰਾਂ ਵਾਲੇ, ਰੱਜ ਰੱਜ ਬਹਾਰ ਗੁਲਜ਼ਾਰ ਕਰ ਲੌ।
ਦੇਣ ਲੈਣ ਦੀ ਅਜੇ ਉਮੰਗ ਬਾਕੀ, ਆ ਕੇ ਜਗਤ ਤੇ ਕੁਝ ਉਪਕਾਰ ਕਰ ਲੌ।
ਬ੍ਰਹਮਚਰਜ ਤੋਂ ਬਾਦ ਗ੍ਰਿਹਸਤ ਹੁੰਦਾ, ਵੇਦ ਸ਼ਾਸਤ੍ਰ ਵਾਕ ਅਨੁਸਾਰ ਕਰ ਲੌ।
ਪਿਛੋਂ ਬਾਨਪ੍ਰਸਤ, ਸੰਨਿਆਸ ਕਰਨਾ, ਸਮੇਂ ਸਮੇਂ ਦਾ ਕਾਰ ਵਿਹਾਰ ਕਰ ਲੌ।
ਸੁੰਵਾ ਦੇਸ ਨਿਖਸਮੜਾ ਸੱਟ ਨਾਹੀਂ, ਕੋਈ ਆਪ ਵਿਚੋਂ ਯਾਦਗਾਰ ਕਰ ਲੌ।
ਵਾਲੀ ਤਖਤ ਦਾ ਗੱਦੀਆਂ ਸਾਂਭ ਬੈਠੂ, ਜੱਗ ਵਿਚ ਨਿਸ਼ਾਨ ਤਿਆਰ ਕਰ ਲੌ।
ਚਾਤ੍ਰਿਕ ਮੋਯਾਂ ਤੇ ਗਿਆਂ ਫਿਰ ਕਿਨ ਔਣਾ, ਮੌਜ ਸੁਖਾਂ ਦੀ ਹੋਰ ਦਿਨ ਚਾਰ ਕਰ ਲੌ।

ਜਵਾਬ ਰਾਜਾ ਭਰਥਰੀ

ਕੋਈ ਰਜ ਨਾ ਸਕਿਆ ਨਾਲ ਭੋਗਾਂ, ਬੇਸ਼ਕ ਲਖ ਵਰਿਹਾਂ ਭੋਗ ਭੋਗ ਵੇਖੇ।
ਅਕਲਮੰਦ ਇਸ਼ਾਰਿਓਂ ਸਮਝ ਲੈਂਦਾ, ਲਗੇ ਹੋਰਨਾਂ ਨੂੰ ਜਦੋਂ ਰੋਗ ਵੇਖੇ।
ਬੁੱਢੇ ਹੋਇ ਕੇ ਭਜਨ ਕੀਹ ਹੋਵਨਾ ਹੈ ? ਪਿਛੋਂ ਤਰਸਦੇ ਭਜਨ ਨੂੰ ਲੋਕ ਵੇਖੇ।
ਸਮਾ ਗੁਜ਼ਰਿਆ ਫੇਰ ਨਾ ਹਥ ਆਵੇ, ਚਾਤ੍ਰਿਕ ਘੜੀ ਤੇ ਮੋਹਤ ਨਾ ਜੋਗ ਵੇਖੇ।
ਜਦੋਂ ਅੱਗ ਲਗੇ ਖੂਹਾ ਪੱਟਣਾ ਕੀ ? ਵਿਚ ਹਿਰਸਦੇ ਜਾਨ ਨੂੰ ਟੰਗ ਜਾਏ।
ਸੋਈ ਘੜੀ ਸੁਲੱਖਣੀ ਗਿਣੀ ਦੀ ਏ, ਜੇੜ੍ਹੀ ਭਜਨ ਭਗਵਾਨ ਵਿਚ ਲੰਘ ਜਾਏ।
ਇਕ ਦਮ ਦਾ ਨਹੀਂ ਵਿਸਾਹ ਏਥੇ, ਖਵਰੇ ਹੁਣੇ ਹੀ ਸੱਪ ਆ ਡੰਗ ਜਾਏ।
ਉਮਰ ਜੀਵ ਦੀ ਬੁਲਬੁਲਾ ਨੀਰ ਅੰਦਰ, ਲਗੇ ਵਾ ਤਾਂ ਮੁਕ ਏਹ ਕੰਗਾ[1] ਜਾਏ।

---

1. ਛਿਲਕਾ, ਘੇਰਾ, ਪਰਦਾ।

ਲੱਦੀ ਜਾਂਵਦੇ ਸਾਹਮਣੇ ਲੋਕ ਸਾਰੇ, ਦਾਨਾ ਦੇਖ ਕੇ ਛੱਡ ਕੁਸੰਗ ਜਾਏ।
ਚਾਤ੍ਰਿਕ ਸਾਸ ਦਾ ਕੁਝ ਭਰਵਾਸ ਨਾਹੀਂ, ਖਰਚੀ ਬੰਨ੍ਹ ਪੱਲੇ ਜੇਹੜੀ ਸੰਗ ਜਾਏ।

ਕਵੀਓ ਵਾਚ

ਆਯਾ ਤੀਸਰਾ ਪੈਹਰ ਸਮਝਾਂਦਿਆਂ ਨੂੰ, ਹੋਈ ਬੈਹਸ ਦੀ ਬੰਦ ਕਿਤਾਬ ਨਾ ਸੀ।
ਗਿਆ ਪਰਤ ਪ੍ਰਧਾਨ ਭੀ ਠਿੱਠ ਹੋਕੇ, ਅਗੋਂ ਔਹੜਿਆ ਕੋਈ ਜਵਾਬ ਨਾ ਸੀ।
ਖਲਕਤ ਪਰਤਦੀ ਵੇਖ ਹੈਰਾਨ ਹੋਈ, ਫਿਕਰ ਗਮ ਦਾ ਹੱਦੋ ਹਿਸਾਬ ਨਾ ਸੀ।
ਆਈਆਂ ਪੇਸ਼ ਜੁਦਾਈਆਂ ਓਹ ਦਿਸਣ, ਜਿਸ ਦਾ ਕਦੇ ਖਯਾਲ ਤੇ ਖਾਬ[1] ਨਾ ਸੀ।
ਚਿੰਤਾ ਰੋਗ ਵਿਜੋਗ ਨੂੰ ਵੇਖ ਲੱਗਾ, ਕਿਸੇ ਆਦਮੀ ਨੂੰ ਰਹੀ ਤਾਬ ਨਾ ਸੀ।
ਚਾਤ੍ਰਿਕ ਏਹ ਕੀ ਹੋਣ ਅੰਧੇਰ ਲੱਗਾ ? ਡਿੱਠਾ ਕਦੇ ਏਹ ਅਸਾਂ ਅਜ਼ਾਬ[2] ਨਾ ਸੀ।
ਰਾਜੇ ਭਰਥਰੀ ਦਾ ਖਾਸ ਮੰਤਰੀ ਸੀ, ਲੋਕਾਂ ਓਸ ਨੂੰ ਫੇਰ ਤਿਆਰ ਕੀਤਾ।
ਜਾਕੇ ਕਰੋ ਤਦਬੀਰ ਵਜ਼ੀਰ ਦਾਨੇ, ਰਾਜੇ ਜੀਉ ਨੂੰ ਸਖਤ ਯਕ ਬਾਰ ਕੀਤਾ।
ਅਗੋਂ ਮੰਤਰੀ ਮੰਨਿਆ ਖੁਸ਼ੀ ਹੋਕੇ, ਓਸ ਜ਼ਰਾ ਭੀ ਨਾ ਇਨਕਾਰ ਕੀਤਾ।
ਚਾਤ੍ਰਿਕ ਚੱਲਿਆ ਰਾਮ ਦਾ ਨਾਮ ਲੈਕੇ, ਹਥ ਜੋੜਕੇ ਤੇ ਨਮਸਕਾਰ ਕੀਤਾ।

ਪ੍ਰਧਾਨ ਸਦਾ ਜਾਣਾ ਅਤੇ ਮੰਤ੍ਰੀ ਦਾ ਆਉਣਾ

ਕਹਿੰਦਾ ਆਣ ਵਜ਼ੀਰ ਤਦਬੀਰ ਵਾਲਾ, ਰਾਜਾ ਅੰਦਰੋਂ ਜਾਗ ਜੇ ਜਾਗਣਾ ਈ।
ਹੋਣਾ ਸਾਧ ਸੁਆਹ ਸਿਰ ਪਾਇਕੇ ਕੀ ? ਸਾਧ-ਆਪਣਾ ਆਪ ਜੇ ਸਾਧਣਾ ਈ।
ਢੱਕੀ ਰੈਹਣ ਦੇ ਗੱਲ ਫਕੀਰੀਆਂ ਦੀ, ਘਰ ਬੈਠ ਜੇ ਰਾਮ ਅਰਾਧਣਾ ਈ।
ਫਕਰ ਹੋਯਾਂ ਭੀ ਹਿਰਸ ਨਾ ਹੋਈ ਮੱਠੀ, ਕਾਹਦੇ ਵਾਸਤੇ ਜੰਗਲੀਂ ਝਾਗਣਾ ਈ ?
ਉਤੋਂ ਤਯਾਗ ਦਾ ਕੀ ਸਵਾਦ ਹੋਯਾ, ਜੇਕਰ ਅੰਦਰੋਂ ਲੋਭ ਨਾ ਤਯਾਗਣਾ ਈ ?
ਉਥੇ ਜਾਇ ਭੀ ਚਿੱਤ ਨਾ ਜਿੱਤ ਸਕੇ, ਚਾਤ੍ਰਿਕ ਲੱਥਯਾ ਰੋਗ ਫਿਰ ਲਾਗਣਾ ਈ।
ਸੜੇ ਜੱਗ ਤੋਂ ਨਫਸ[3] ਨੂੰ ਜਾਨ ਮਾਰਨ, ਨਫਸ ਫੇਰ ਭੀ ਮਾਰਿਆ ਜਾਂਵਦਾ ਈ।
ਅੱਗ ਹਿਰਸ ਦੀ ਗਏ ਬੁਝਾਣ ਕਾਰਨ, ਸਾਦ[4] ਫੇਰ ਭੀ ਸ਼ਾਂਤ ਦਾ ਆਂਵਦਾ ਨਾ।
ਮਲੀ ਸੁਆਹ ਦੁਨੀਆਂ ਵਲੋਂ ਗਏ ਵਾਂਜੇ, ਪੂਰੀ ਫੇਰ ਭੀ ਰਬ ਤਾਂ ਪਾਂਵਦਾ ਨਾ।
ਦੁਨੀਆਂ ਬੁਰੀ ਮਾਯਾ ਛਲਨੀ ਦਸ ਲੋਕਾਂ ਚਾਤ੍ਰਿਕ ਆਪ ਫਿਰ ਦਿਲੋਂ ਭੁਲਾਂਵਦਾ ਨਾ।

ਜਵਾਬ ਰਾਜਾ ਭਰਥਰੀ ਜੀ

ਜੇਹੜੇ ਸੰਤ ਭਗਵੰਤ ਦਾ ਭੇਦ ਪਾਵਣ, ਮਾਯਾ ਦੇਖ ਕੇ ਮਾਰਦੇ ਧਾਰ ਨਾਹੀਂ।
ਚੁਕ ਜਾਏ ਕਨੌਡ[5] ਗ੍ਰਿਹਸਤੀਆਂ ਦੀ, ਖਾਹਸ਼ਮੰਦ ਬਿਨ ਇਕ ਕਰਤਾਰ ਨਾਹੀਂ।

1. ਸੁਪਨਾ। 2. ਦੁੱਖ। 3. ਮਨ। 4. ਸਵਾਦ। 5. ਮੁਥਾਂਜੀ, ਈਨ।

ਬਿਨਾਂ ਗਯਾਨ, ਧਯਾਨ ਤੇ ਬੰਦਗੀ ਦੇ, ਸੁੱਝੀ ਤੀਸਰੀ ਉਨ੍ਹਾਂ ਨੂੰ ਕਾਰ ਨਾਹੀਂ।
ਜਿਵੇਂ ਥੁੱਕ ਕੇ ਕੋਈ ਨਾ ਚੱਟਦਾ ਏ, ਤਿਵੇਂ ਵੇਖਦੇ ਵੱਲ ਸੰਸਾਰ ਨਾਹੀਂ।
ਜਾਨਣ ਵਿਖ ਸੰਸਾਰ ਪਦਾਰਥਾਂ ਨੂੰ, ਫਲਹਾਰ ਦੇ ਬਾਝ ਅਧਾਰ ਨਾਹੀਂ।
ਚਾਤ੍ਰਿਕ ਕੂੜ ਸੰਸਾਰ ਦੇ ਭੋਗ ਕੂੜਾ, ਮਨੋਂ ਤਯਾਗ ਕੇ ਕਰਨ ਪਯਾਰ ਨਾਹੀਂ।

ਜਵਾਬ ਮੰਤ੍ਰੀ

ਬੰਦੇ ਹਿਰਸ ਦੇ ਅਜ ਫਕੀਰ ਹੋ ਗਏ, ਅਗੇ ਗ੍ਰਿਹਸਤੀਆਂ ਦੇ ਤਰਲੇ ਕਰਨ ਰਾਜਾ।
ਪਰਖ ਅੰਨ-ਕੁਅੰਨ ਦੀ ਕਰਨ ਨਾਹੀਂ, ਜਿਥੋਂ ਮਿਲੇ ਲੈਕੇ ਢਿੱਡ ਭਰਨ ਰਾਜਾ।
ਦੁਨੀਆਂ ਸਮਝ ਹਰਾਮ ਅਲੱਗ ਹੋਕੇ, ਪਾਣੀ ਉਨ੍ਹਾਂ ਦਾ ਫੇਰ ਆ ਭਰਨ ਰਾਜਾ।
ਧੱਕੇ ਦੇਂਦਿਆਂ ਪਰੇ ਨਾ ਹੋਣ ਅਗੋਂ, ਧਰਨਾ ਮਾਰ ਕੇ ਬੂਹੇ ਤੇ ਅੜਨ ਰਾਜਾ।
ਅੱਠੇ ਪੈਹਰ ਮੰਗਤ ਵਾਧਾ ਫਿਰੇ ਭੌਂਦਾ, ਕਦੇ ਬੈਠ ਸੰਤੋਖ ਨਾ ਫੜਨ ਰਾਜਾ।
ਜੇਹੜਾ ਦੇਣ ਤੋਂ ਜ਼ਰਾ ਇਨਕਾਰ ਕਰਦਾ, ਲੈਣਦਾਰ ਵਾਂਗੂੰ ਉਤੇ ਚੜ੍ਹਨ ਰਾਜਾ।
ਲੱਖਾਂ ਵਿਚ ਕੋਈ ਪੂਰਾ ਹੋਏ ਭਾਂਡਾ, ਜੇਹੜਾਕ ਪਏ ਭਗਵਾਨ ਦੀ ਸ਼ਰਨ ਰਾਜਾ।
ਜੇਕਰ ਹਾਲ ਮੰਦਾ ਹੋਣਾ ਅੰਤ ਚਾਤ੍ਰਿਕ, ਜ਼ਰਾ ਸੋਚ ਸਾਧੀਂ ਚਾਹੀਏ ਵੜਨ ਰਾਜਾ।

ਜਵਾਬ ਰਾਜਾ ਭਰਥਰੀ ਜੀ

ਕਿਸੇ ਗੱਲ ਦੀ ਸਾਧ ਨੂੰ ਕਮੀ ਨਾਹੀਂ, ਮਾਯਾ ਗਿਰਦ ਭੁਵਾਟੀਆਂ ਲਏ ਭਾਈ।
ਗ੍ਰਿਹਸਤੀ ਤਰਸਦੇ ਸਾਧ ਦੇ ਦਰਸ਼ਨਾਂ ਨੂੰ, ਕਾਰਨ ਖੈਰ ਝੋਲੀ ਅੱਡ ਰਹੇ ਭਾਈ।
ਆਪਣੀ ਗਰਜ਼ ਨੂੰ ਆਨ ਕੇ ਕਰਨ ਮਿੰਨਤ, ਕੋਈ ਉਹਨਾਂ ਨੂੰ ਜਾਇ ਨਾ ਕਹੇ ਭਾਈ।
ਅਗੇ ਧਰਨ ਨਿਆਮਤਾਂ ਲਾ ਛੱਤੀ, ਚਾਤ੍ਰਿਕ ਵਾਂਗ ਪੈਰੀਂ ਰਹਿੰਦੇ ਪਏ ਭਾਈ।
ਸਾਧੂ ਕੰਦਰਾਂ ਦੇ ਵਿਚ ਛਪਣ ਜਾਕੇ, ਪਿੱਛਾ ਫੇਰ ਨਾ ਉਨ੍ਹਾਂ ਦਾ ਛਡਦੇ ਨੇ।
ਕਈ ਮੰਗਦੇ ਜਾਇ ਉਲਾਦ ਓਥੋਂ, ਕੋਈ ਸੁਖਾਂ ਖਾਤਰ ਝੋਲੀ ਅੱਡਦੇ ਨੇ।
ਕੋਈ ਅੰਨ ਮੰਗੇ, ਕੋਈ ਧਨ ਮੰਗੇ, ਕਈ ਰੰਨ ਖਾਤਰ ਤਰਲੇ ਕਢਦੇ ਨੇ।
ਸਾਂਈ ਲੋਕ ਦੇ ਤਪਾਂ ਵਿਚ ਭੰਗ ਪਾਵਣ, ਦੂਰ ਦੂਰ ਹੁੰਦਿਆਂ ਭੀ ਚਾਤ੍ਰਿਕ ਵਢਦੇ ਨੇ।
ਸਾਧੂ ਮੰਗਦੇ ਭੀਖ ਇਕ ਰਮਜ਼[1] ਖਾਤਰ, ਹੁਕਮ ਮੰਨਦੇ ਨੇ ਗੁਰੂ ਆਪਣੇ ਦਾ।
ਮਾਣ ਭੰਗਤਾ ਹੋਏ ਜਹਾਨ ਵਲੋਂ, ਫੇਰ ਸੁਆਦ ਆਵੇ ਪ੍ਰਭੂ ਜਾਪਣੇ ਦਾ।
ਹੋਵੇ ਦੂਰ ਹੰਕਾਰ ਦੇ ਬੋਝ ਵਿਚੋਂ, ਪਵੇ ਝੱਸ ਹਰਿ ਜੱਸ ਅਲਾਪਣੇ ਦਾ।
ਚਾਤ੍ਰਿਕ ਮਨੋਂ ਜਦ ਮਾਨ ਹੋ ਦੂਰ ਜਾਵੇ, ਆਵੇ ਰਸ ਫਿਰ ਧੂਣੀਆਂ ਤਾਪਣੇ ਦਾ।

1. ਭੇਤ, ਗੁਝੀ ਗਲ, ਇਸ਼ਾਰਾ।

ਜਵਾਬ ਮੰਤ੍ਰੀ

ਰਾਜਾ ਮੰਨੀਏ ਗਲ ਏਹ ਸਚ ਤੇਰੀ, ਜੇਕਰ ਟੁੱਕ ਹੀ ਮੰਗ ਕੇ ਖੜਨ ਸਾਧੂ।
ਐਪਰ ਕਲੀ[1] ਦੇ ਵਿਚ ਅੰਧੇਰ ਡਾਢਾ, ਦੁਨੀਆਂਦਾਰ ਨਾਲੋਂ ਬਹੁਤੇ ਮਰਨ ਸਾਧੂ।
ਦੌਲਤ ਜੋੜ ਗ੍ਰਿਹਸਤੀਆਂ ਦੇਣ ਸੂਦੀ[2], ਬਯਾਜ ਟਕੇ ਰੁਪਏ ਦਾ ਜੜਨ ਸਾਧੂ।
ਬਾਗ ਮਿਲਖ ਜਗ਼ੀਰਾਂ ਦੇ ਬਣੇ ਮਾਲਕ ਨਾਲ ਗ੍ਰਿਹਸਤੀਆਂ ਦੇ ਉਠ ਉਠ ਲੜਨ ਸਾਧੂ।
ਕਈ ਵਿਚ ਮੁਕਦਮੇ ਖਵਾਰ ਹੁੰਦੇ, ਬਦਰੇ[3] ਬੰਨ੍ਹ ਕਚਿਹਰੀਏ ਚੜ੍ਹਨ ਸਾਧੂ।
ਇਕ ਨਾਰ ਨੂੰ ਸੈਹਕਦੇ ਹੋਰ ਲੋਕੀ, ਦੋ ਦੋ ਸਾਂਭ ਕੇ ਕਾਮ ਨਾ ਜਰਨ ਸਾਧੂ।
ਵਿਚੋਂ ਹੋਰ ਤੇ ਉਪਰੋਂ ਹੋਰ ਦਿਸਣ, ਖੇਖਣ ਔਰਤਾਂ ਦੇ ਵਾਂਗ ਕਰਨ ਸਾਧੂ।
ਵਿਚੋਂ ਕੰਮ ਸ਼ੈਤਾਨ ਤੇ ਸ਼ਕਲ ਮੋਮਨ, ਕੇਰਨ ਅਥਰੂਆਂ ਨੂੰ ਫਰਨ ਫਰਨ ਸਾਧੂ।
ਤੱਮਾ[4] ਗਈ ਨਾ ਜ਼ਰ[5] ਜ਼ਮੀਨ, ਜੋਰੂ[6] ਕੇਹੜੇ ਨੱਕ ਤੇ ਸਾਧਨੀ ਫੜਨ ਸਾਧੂ।
ਚਾਤ੍ਰਿਕ ਹੰਸ ਦਾ ਬੋਲ ਨਾ ਬੋਲ ਸਕਣ, ਕਾਵਾਂ ਵਿਚ ਆਕੇ ਮੁੜ ਮੁੜ ਵੜਨ ਸਾਧੂ।

ਜਵਾਬ ਰਾਜਾ ਭਰਥਰੀ

ਹਿਰਦਾ ਸਾਫ ਹੋਣਾ ਚਾਹੀਏ ਆਦਮੀ ਦਾ, ਕਿਸੇ ਤਰ੍ਹਾਂ ਦਾ ਫੇਰ ਲਿਬਾਸ ਹੋਵੇ।
ਧੋਬੀ ਛੱਟਦਾ ਕਪੜੇ ਮੈਲਿਆਂ ਨੂੰ, ਚਿੱਟਾ ਕਪੜਾ ਕਦੇ ਨਾ ਨਾਸ ਹੋਵੇ।
ਜਦੋਂ ਬ੍ਰਹਮ ਗਯਾਨ ਦਾ ਵਾਸ ਹੋਵੇ, ਇਮਤਿਹਾਨ ਸਫਾਈ ਦਾ ਪਾਸ ਹੋਵੇ।
ਫੇਰ ਜੰਗਲਾਂ ਦੇ ਵਿਚ ਫਿਰੇ ਚਾਤ੍ਰਿਕ, ਭਾਵੇਂ ਵਿਚ ਗ੍ਰਿਹਸਤੀਆਂ ਵਾਸ ਹੋਵੇ।
ਕਮਲ ਜਲ ਦੇ ਵਿਚ ਭੀ ਰਹੇ ਸੂਕਾ, ਸੰਗ-ਦੋਸ਼ ਨਾ ਸਾਧ ਨੂੰ ਪੋਂਹਵਦਾ ਏ।
ਸਾਧੂ ਸਦਾ ਅਸੰਗ[7], ਅਚਾਰ[8] ਹੁੰਦੇ ਪਾਪ ਉਨ੍ਹਾਂ ਦੇ ਨਾਲ ਨਾ ਛੋਂਹਵਦਾ ਏ।
ਜੇੜ੍ਹਾ ਭਜਨ ਭਗਵਾਨ ਵਿਚ ਮਸਤ ਹੋਵੇ, ਰੂਪ ਨਾਰ ਦਾ ਨਹੀਂ ਉਸ ਮੋਂਹਵਦਾ ਏ।
ਭਾਂਡੇ ਭਰੇ ਨਾ ਛੁਲਕਦੇ ਕਦੇ ਚਾਤ੍ਰਿਕ, ਜਗਤ ਉਨ੍ਹਾਂ ਦਾ ਕੁਝ ਨਾ ਖੋਂਹਵਦਾ ਏ।
ਪਰਸਾਰਥੋ[9] ਹੇਤ ਸਰੀਰ ਧਰਿਆ, ਸਾਧੂ ਭਲਾ ਸੰਸਾਰ ਦਾ ਆਨ ਕਰਦੇ।
ਲੰਗਰ ਲਾਇ ਕੇ ਵਿਚ ਅਖਾੜਿਆਂ ਦੇ, ਲੋੜਵੰਦ ਗਰੀਬ ਦਾ ਢਿੱਡ ਭਰਦੇ।
ਬੰਨ੍ਹ ਸਿਰੇ ਤੇ ਪੰਡ ਨਾ ਚੁਕ ਖੜਦੇ, ਜੁੜੀ ਜਗਤ ਦੀ ਜਗਤ ਦੇ ਸਿਰ ਜੜਦੇ।
ਰਵਾਦਾਰ[10] ਨਾ ਆਪ ਇਕ ਤਿਲ ਭਰ ਕੇ, ਸਾਰਾ ਵੰਡ ਖੁਲਾਂਵਦੇ ਨਾਮ ਹਰ ਦੇ।
ਔਖੇ ਹੋਇ ਕੇ ਆਪ ਆਰਾਮ ਦੇਂਦੇ ਪਰਉਪਕਾਰ ਨੂੰ ਬਣਨ ਆ ਮੁਫਤ ਬਰਦੇ।
ਚਾਤ੍ਰਿਕ ਵੇਖ ਲੈ ਜਾਇ ਕੇ ਕੁੰਭ ਉਤੇ, ਕੀਕਰ ਲਾ ਭੰਡਾਰ ਵਰਤਾ ਧਰਦੇ।

---

1. ਕਲਯੁਗ। 2. ਕਰਜ਼ੇ ਉਤੇ ਵਿਆਜੀ। 3. ਥੈਲੀਆਂ। 4. ਲਾਲਚ। 5. ਧਨ। 6. ਇਸਤ੍ਰੀ।
7. ਸੰਗਤ ਦੇ ਅਸਰ ਤੋਂ ਬਚੇ। 8. ਇਛਿਆ ਰਹਿਤ। 9. ਪਰਾਇਆ ਪਲਾ ਕਰਨ ਲਈ।
10. ਹਿਸੇਦਾਰ ਅਰਥਾਤ ਲੋੜਵੰਦ।

ਜਵਾਬ ਮੰਤ੍ਰੀ

ਪਰਸਾਰਥੀ ਭੀ ਭਲੇ ਦਸਿਓ ਜੇ, ਮਤਲਬ ਆਪਣੇ ਦੇ ਪੱਕੇ ਸਾਧ ਹੁੰਦੇ।
ਜੇਕਰ ਭਲੇ ਸੰਸਾਰ ਦੀ ਚਾਹ ਹੁੰਦੀ, ਜਗਤ ਛੱਡ ਨਾ ਕਦੇ ਆਬਾਦ ਹੁੰਦੇ।
ਪੇਟ ਆਪਣਾ ਭਰਨ ਨੂੰ ਫਕਗ ਹੁੰਦੇ, ਭਲੇ ਕਿਸੇ ਦੇ ਮੂਲ ਨਾ ਤਾਹਦ[1] ਹੁੰਦੇ।
ਕੱਲੇ ਲਵਾਂਗੇ ਮੌਜ ਬੈਕੁੰਠ ਵਾਲੀ, ਨਿਰੇ ਆਪਣੇ ਆਪ ਦੇ ਸ਼ਾਹਦ[2] ਹੁੰਦੇ।
ਜਾ ਕੇ ਤੀਰਥੀਂ ਸ਼ਾਹੀਆਂ[3] ਕੱਢ ਬੈਂਹਦੇ, ਦੂਰ ਮਾਨ ਦੇ ਨਹੀਂ ਸਵਾਦ ਹੁੰਦੇ।
ਮਮਤਾ ਮੋਈ ਨਾ ਨਫਸ[4] ਹੀ ਵੱਸ ਹੋਯਾ, ਹੋਕੇ ਸਾਧ-ਨਾ ਦੂਰ ਉਪਾਧ[5] ਹੁੰਦੇ।
ਜੇਹੜੇ ਆਪਣੇ ਆਪ ਦਾ ਭਲਾ ਮੰਗਣ, ਜਗਤ ਵਾਸਤੇ ਉਹ ਬਿਆਧ[6] ਹੁੰਦੇ।
ਚਾਤ੍ਰਿਕ ਨੇਕੀਆਂ ਰੈਹਣੀਆਂ ਯਾਦ ਪਿਛੋਂ, ਪਰਉਪਕਾਰ ਕੀਤੇ ਹੋਏ ਯਾਦ ਹੁੰਦੇ।

ਜਵਾਬ ਰਾਜਾ ਭਰਥਰੀ ਜੀ

ਪਰਉਪਕਾਰ ਸੰਤਾਂ ਵਰਗਾ ਕੌਣ ਕਰਦਾ ? ਸਾਗਰ ਜਗਤ ਦੇ ਸੰਤ ਮਲਾਹ ਸੱਚੇ।
ਨਦੀ ਵਾਂਗ ਸਾਰੇ ਫਿਰ ਕੇ ਦੇਣ ਵੱਤਰ, ਤੋਰਨ ਜਗਤ ਨੂੰ ਰਬ ਦੇ ਰਾਹ ਸੱਚੇ।
ਪਾਪਾਂ ਨਾਲ ਲੱਦੀ ਹੋਈ ਪ੍ਰਿਥਵੀ ਦੇ, ਸਾਰੇ ਭਾਰ ਕਰਦੇ ਦੂਰ ਲਾਹ ਸੱਚੇ।
ਦੁਨੀਆਂ ਕੜੀ ਵਿਚ ਵਿਸ਼ੇ ਜ਼ੰਜੀਰ ਚਾਤ੍ਰਿਕ, ਨਾਮ ਦਾਨ ਦੇ ਵਢਦੇ ਫਾਹ ਸੱਚੇ।
ਗੰਗਾ, ਗਯਾ, ਗੁਦਾਵਰੀ, ਗੋਮਤੀ ਤੇ, ਜਗਨ ਨਾਥ ਲੋਕਾਈਆਂ ਜਾਨ ਚੱਲ ਕੇ।
ਓਥੇ ਜਾਂਵਦੇ ਮੁਕਤ ਤੇ ਭੁਗਤ ਕਾਰਨ, ਮੁਰਦਾ ਚੀਜ਼ ਤੋਂ ਗਤੀ ਨੂੰ ਪਾਨ ਚੱਲ ਕੇ।
ਤੀਰਥ, ਨਾਥ, ਜੰਗਮ, ਸੰਤ ਕਹੀਦੇ ਨੇ, ਆਪ ਮੁਕਤ ਦਿਵਾਨ ਨੂੰ ਆਨ ਚੱਲ ਕੇ।
ਜਿਹੜੇ ਸੂਮ ਦਲਿੱਦ੍ਰੀ ਹੋਣ ਚਾਤ੍ਰਿਕ, ਸੰਤ ਬੰਨ ਕੇ ਖੀਰ ਖਵਾਨ ਚੱਲ ਕੇ।
ਬ੍ਰਿਛ ਵਾਂਗ ਸਹਾਰ ਕੇ ਧੁੱਪ ਗਰਮੀ, ਛਾਉਂ ਕਰਨ ਸੰਸਾਰੀਆਂ ਤਪਦਿਆਂ ਨੂੰ।
ਮਿਠੇ ਬਚਨ ਕਰਕੇ ਉਪਦੇਸ਼ ਦੇਂਦੇ, ਛਾਤੀ ਠੰਢ ਪਾਵਣ ਆਕੇ ਖਪਦਿਆਂ ਨੂੰ।
ਨਿਤ ਫਿਕਰ ਸੰਸਾਰੀਆਂ ਪਾਪੀਆਂ ਦਾ, ਰਖ ਲੈਨ ਕੁਮੌਤ ਤੋਂ ਝਪਦਿਆਂ ਨੂੰ।
ਚਾਤ੍ਰਿਕ ਕਰਨ ਸਫ਼ਾਰਸ਼ਾਂ ਰਬ ਅਗੇ, ਕਦੇ ਵੇਖ ਲੈਣਾ ਨਾਮ ਜਪਦਿਆਂ ਨੂੰ।

ਜਵਾਬ ਮੰਤ੍ਰੀ

ਬੱਧੇ ਹਿਰਸ ਦੇ ਦੇਸ ਪਰਦੇਸ ਫਿਰਦੇ, ਦਿਲੋਂ ਗਈ ਨਾ ਲਾਲਸਾ ਮਾਨ ਵਾਲੀ।
ਲੱਗੀ ਲਗਨ ਇਹ ਸ੍ਰੀ ਮਹੰਤ ਬਣੀਏ, ਕੋਈ ਪਿੰਡ ਨਾ ਚੇਲਿਓਂ ਰਹੇ ਖਾਲੀ।
ਲੱਖਾਂ ਦੰਭ, ਪਖੰਡ, ਦਿਖਾਇ ਕੇ ਤੇ, ਕਰਾਮਾਤ ਸੰਦੀ ਉੱਘੀ ਕਰਨ ਲਾਲੀ।
ਚਾਤ੍ਰਿਕ ਦਰਸ਼ਨੀ ਸਾਧੂਆਂ ਦਗੇ ਕੀਤੇ, ਚੰਗੇ ਚੰਗਿਆਂ ਦੀ ਨਾਲ ਜਿਲਦ ਗਾਲੀ।
ਹਿਰਸ ਕਰਨ ਨਾ ਦੇ ਆਰਾਮ ਟਿਕਕੇ, ਸਾਧ ਕਾਉਂ ਵਾਂਗੂੰ ਸਦਾ ਫਿਰਨ ਲੌਂਦੇ।

---

1. ਸਹਾਈ। 2. ਗਵਾਹ। 3. ਜਲੂਸ। 4. ਮਨ। 5. ਉਪਾਧੀ (ਦੁੱਖ)। 6. ਦੁੱਖ।

ਕਾਰ ਭੇਟ ਉਗਰਾਹੁੰਦੇ ਘਰੀਂ ਜਾ ਜਾ, ਗਗਨ[1] ਵਾਂਗ ਨਾ ਲੈਣ ਆਰਾਮ ਭੌਂਦੇ।
ਦਿਨੇ ਰਾਤ ਚਿੰਤਾ ਲਗੀ ਰਹੇ ਧਨ ਦੀ, ਹੋ ਬੇਫਿਕਰ ਨਾ ਕਦੀ ਭਰ ਨੀਂਦ ਸੌਂਦੇ।
ਚਾਤ੍ਰਿਕ ਸਰਾਂ ਭਰਿਆਂ ਉਤੇ ਪਹੁੰਚ ਕੇ ਭੀ, ਬੇ-ਨਸੀਬ ਓਹ ਸੱਖਣੇ ਪਰਤ ਔਂਦੇ।

ਜਵਾਬ ਰਾਜਾ ਭਰਥਰੀ

ਸੰਤ ਰੂਪ .ਪਾਰਸ ਅਸਲੀ ਹੋਂਵਦੇ ਨੇ, ਜੇਹੜਾ ਨਾਲ ਛੋਹਵੇ ਸੋਨਾ ਹੋਂਵਦਾ ਏ।
ਚੰਦਨ ਬ੍ਰਿਛ ਦਾ ਧਾਰ ਸੁਭਾਉ ਸਾਧੂ, ਆਸ ਪਾਸ ਦੇ ਜੰਡ ਖੁਸ਼ਬੋਂਵਦਾ ਏ।
ਲੈਕੇ ਬ੍ਰਹਮ ਗਿਆਨ ਦੀ ਦਾਤ ਅਗੋਂ, ਨੰਗੇ ਭੁਖਿਆਂ ਤਾਈਂ ਵਰਤੋਂਵਦਾ ਏ।
ਚਾਤ੍ਰਿਕ ਦੇਖਕੇ ਦੁਖੀ ਸੰਸਾਰੀਆਂ ਨੂੰ, ਧੋਣੇ ਉਨ੍ਹਾਂ ਦੇ ਆਣਕੇ ਧੋਂਵਦਾ ਏ।
ਹੁਕਮ ਪਾਇ ਕਰਤਾਰ ਪ੍ਰਚਾਰ ਕਰਦੇ, ਜਗਹ ਜਗਹ ਤੇ ਧਰਮ ਬਿਸਥਾਰ ਕਰਦੇ।
ਵੰਡ ਖਾਂਵਦੇ ਦਾ ਅਨਮੁੱਲੜੀ ਨੂੰ, ਸੂਮਾਂ ਵਾਂਗ ਨਾ ਸਾਂਭ ਪਿਆਰ ਕਰਦੇ।
ਮੋਹ ਨਿੰਦ੍ਰਾ ਵਿਚ ਮਦਹੋਸ਼ ਹੋਯਾਂ, ਠੋਕਰ ਮਾਰਕੇ ਆਣ ਬੇਦਾਰ[2] ਕਰਦੇ।
ਪੈਹਰੇਦਾਰ ਬਣ ਸੰਤ ਹੁਸ਼ਿਆਰ ਕਰਦੇ, ਪੰਜ ਵਿਸ਼ੇ ਜੋ ਚੋਰ ਦੀ ਕਾਰ ਕਰਦੇ।
ਦੇਣ ਅਖੀਆਂ ਖੋਹਲ ਸੰਸਾਰ ਵਲੋਂ, ਨਾਮ ਦਾਨ ਦੇ ਕੇ ਬੇੜਾ ਪਾਰ ਕਰਦੇ।
ਚਾਤ੍ਰਿਕ ਕ੍ਰਿਤਘਨ ਜੀਵ ਉਪਕਾਰ ਭੁੱਲਣ, ਸਗੋਂ ਤਾਨਿਆਂ ਦੀ ਅਗੋਂ ਮਾਰ ਕਰਦੇ।

ਜਵਾਬ ਮੰਤ੍ਰੀ

ਕਿਸੇ ਸਾਧ ਨੂੰ ਕਦੇ ਨਾ ਪਤਾ ਲਗਾ, ਬ੍ਰਹਮ ਗਯਾਨ ਦਾ ਕੇਹਾ ਸਵਾਦ ਹੁੰਦਾ।
ਜਿਹਾ ਗ੍ਰਿਹਸਤ ਦੇ ਵਿਚ ਆਰਾਮ ਦਿਸੇ, ਸੁਪਨੇ ਵਿਚ ਨਾ ਹੋਰ ਥੇ ਯਾਦ ਹੁੰਦਾ।
ਕੀਕਰ ਮੰਨੀਏ ਬਿਨਾਂ ਪਰਤਾਵਿਆਂ ਦੇ, ਕੋਈ ਦੇਖਿਆਂ ਬਿਨਾ ਨਾ ਸ਼ਾਹਦ ਹੁੰਦਾ।
ਜਿਵੇਂ ਅਗ ਦੇ ਬਿਨਾ ਨਾ ਹੋਏ ਧੂੰਆਂ, ਤੇ ਨਿਸ਼ਾਨ ਨਾ ਬਿਨਾ ਉਲਾਦ ਹੁੰਦਾ।
ਬਿਨਾ ਬਦਲਾਂ ਕਦੇ ਨਾ ਮੀਂਹ ਵਰ੍ਹਦਾ, ਅਤੇ ਮੈਹਲ ਨਾ ਬਿਨਾ ਬੁਨਿਯਾਦ ਹੁੰਦਾ।
ਚਾਤ੍ਰਿਕ ਭੇਤ ਨਾ ਭੰਨਿਆ ਕਿਸੇ ਨੇ ਭੀ, ਆਹ ਆਨੰਦ ਪਾਵੇ ਜੇਹੜਾ ਸਾਧ ਹੁੰਦਾ।

ਜਵਾਬ ਰਾਜਾ ਭਰਥਰੀ ਜੀ

ਅਗੇ ਅੰਨਿਆਂ ਦੇ ਰੋ ਕੇ ਦਸਣਾ ਕੀ, ਅਤੇ ਬੋਲਿਆ ਰਾਗ ਸੁਨਾਵਣਾ ਕੀ ?
ਪੀੜ ਜਣਨ ਦੀ ਸੰਢ ਨੇ ਸਮਝਣੀ ਕੀ, ਨਮਦਾ ਬੁੱਧ ਨੂੰ ਅਕਲ ਦਾ ਆਵਣਾ ਕੀ ?
ਮਗਜ਼ ਮਾਰਿਆਂ ਦੇ ਅਗੇ ਅਤਰ ਧਰੀਏ, ਸਾਦ ਓਸ ਨੇ ਸੁੰਘਕੇ ਪਾਵਣਾ ਕੀ ?
ਹੋਵੇ ਨਾਰ ਸੁਹਾਗ ਦੇ ਸੁਖ ਜਾਣੇ, ਕਿਸੇ ਹੀਜੜੇ ਸੁਖ ਸਲਾਹਵਣਾ ਕੀ ?
ਹੰਸ ਜਾਣਦੇ ਮੋਤੀਆਂ ਚੋਗ ਚੁਗਣੀ, ਕਾਵਾਂ ਨਾਲ ਸਾਦ ਦੇ ਖਾਵਣਾ ਕੀ ?

---

1. ਅਸਮਾਨ। 2. ਜਗਾਉਣਾ।

ਚਾਤ੍ਰਿਕ ਵਾਸ਼ਨਾ ਫੁੱਲ ਦੀ ਭੌਰ ਜਾਦੇ, ਭੂੰਡ ਸੁੰਘ ਕੇ ਲੁਤਫ ਉਠਾਵਣਾ ਕੀ ?
ਜਿਨ੍ਹਾਂ ਭੇਦ ਮਾਹਬੂਬ[1] ਦਾ ਖੋਜ ਲੱਭਾ, ਲੱਗੀ ਮੋਹਰ ਜੁਬਾਨ ਤੇ ਗੁੱਟ ਹੋਏ।
ਦਸਣ ਗੋਚਰੀ ਗੱਲ ਨਾ ਰਹੀ ਕੋਈ, ਐਸੇ ਮਸਤ ਅਨੰਦ ਨੂੰ ਲੁੱਟ ਹੋਏ।
ਜਿਨ੍ਹਾਂ ਵਾਂਗ ਮਨਸੂਰ[2] ਜ਼ੁਬਾਨ ਖੋਹਲੀ, ਸ਼ਰਾ[3] ਵਾਲਿਆਂ ਤੋਂ ਬੂਟੇ ਪੁੱਟ ਹੋਏ।
ਸੋਈ ਸਮਝਦਾ ਏਸ ਆਨੰਦ ਤਾਂਈ, ਜੇਹੜੇ ਨਾਲ ਪਰਮਾਤਮਾ ਜੁੱਟ ਹੋਏ।
ਬਿਨਾ ਪ੍ਰੇਮ-ਸੰਸਾਰੀਆਂ ਮਜ਼ਾ ਕਾਹਦਾ ? ਜੇਹੜੇ ਖੱਖੜੀ ਦੇ ਵਾਂਗ ਫੁੱਟ ਹੋਏ।
ਚਾਤ੍ਰਿਕ ਗਲੀ ਦਿਲਦਾਰ ਦੀ ਵੜੇ ਜੇਹੜੇ, ਲਾਂਭੇ ਭੋਗ ਸੰਸਾਰ ਦੇ ਸੁੱਟ ਹੋਏ।
ਭਾਈ ਕਾਸ ਨੂੰ ਪਏ ਸਤਾਓ ਮੈਨੂੰ, ਮੈਲੀ ਅੱਖ ਦੇ ਨਾਲ ਕਿਉਂ ਤੱਕਦੇ ਹੋ ।
ਮੈਂ ਹਾਂ ਜਾਣਦਾ ਜਾਣ ਕੇ ਬਣੇ ਮਚਲੇ, ਮਾਰੇ ਆਪਣੇ ਆਪਣੇ ਨੱਕ ਦੇ ਹੋ ।
ਨੱਕ ਵੱਢਿਆਂ ਕਹੋ ਸਵਰਗ ਮਿਲਦਾ, ਤੁਸੀਂ ਆਪਣੀ ਢੱਕ ਨੂੰ ਢੱਕਦੇ ਹੋ।
ਜੇਕਰ ਆਪ ਤਿਆਗ ਨਾ ਸਕਦੇ ਹੋ, ਮੈਨੂੰ ਕਾਸ ਨੂੰ ਤਿਆਗ ਤੋਂ ਡੱਕਦੇ ਹੋ।
ਜਾਣ ਬੁੱਝਕੇ ਗੁਣਾਂ ਦੀ ਕਰੋ ਨਿੰਦਾ, ਅਖੀਂ ਦੇਖਕੇ ਜ਼ੈਹਰ ਨੂੰ ਫੱਕਦੇ ਹੋ।
ਸ਼ਾਇਦ[4] ਹਸਦ ਦੀ ਅੱਗ ਨੇ ਸਾੜਿਓ ਜੇ, ਮੈਨੂੰ ਸੁਖੀ ਨੂੰ ਦੇਖ ਨਾ ਸੱਕਦੇ ਹੋ।
ਜਾਓ ਘਰਾਂ ਨੂੰ ਕਰੋ ਆਰਾਮ ਬੈਹ ਕੇ, ਝੇੜੇ ਕਾਸ ਨੂੰ ਕਰੋ ਨਾਹੱਕ ਦੇ ਹੋ ।
ਗੱਲਾਂ ਕਰਦਿਆਂ ਤੁਸੀਂ ਨਾ ਥੱਕਦੇ ਹੋ ਤੇ ਅਕਾਂਦਿਆਂ ਜ਼ਰਾ ਨਾ ਅੱਕਦੇ ਹੋ।
ਧੱਕੇ ਧੁਰੋਂ ਖਵਾਣ ਦੀ ਚਾਹ ਸ਼ਾਇਦ, ਤਾਂਹੀਏ ਨਰਕ ਦੇ ਮੂਹਰੇ ਧੱਕਦੇ ਹੋ।
ਚਾਤ੍ਰਿਕ ਆਂਵਦਾ ਦੁਖ ਤਾਂ ਨਾਲ ਚਲੋ, ਲੋਕ ਲਾਜ ਤੋਂ ਕਾਸ ਨੂੰ ਝੱਕਦੇ ਹੋ।

ਕਵੀਓ ਵਾਚ

ਪਈ ਸੰਧਯਾ ਝਗੜਿਆਂ ਕਰਦਿਆਂ ਨੂੰ, ਕਿਸੇ ਗਲ ਤੇ ਭੂਪ ਨਾ ਆਇਆ ਏ।
ਹੋਯਾ ਅਸਰ ਨਾ ਕੁਝ ਸਮਝਾਵਨੇ ਦਾ, ਸਾਰਾ ਮੰਤ੍ਰੀ ਜ਼ੋਰ ਲਗਾਇਆ ਏ।
ਓੜਕ ਜੋੜਕੇ ਹਥ ਏਹ ਅਰਜ਼ ਕੀਤੀ, ਹੋਵੇ ਸਦਾ ਇਕਬਾਲ[5] ਸਵਾਇਆ ਏ।
ਚੱਲੋ ਰਾਤ ਤਾਂ ਕਰੋ ਅਰਾਮ ਚਲਕੇ, ਹੋਈ ਸ਼ਾਮ ਅੰਧੇਰੜਾ ਛਾਇਆ ਏ।
ਫੇਰ ਦੇਖਿਆ ਜਾਵਸੀ ਸੁਬਾਹ ਵੇਲੇ, ਜੀਉ ਆਪ ਦਾ ਬਹੁਤ ਘਬਰਾਇਆ ਏ।
ਰਾਤ ਸੋਚਣਾ ਏਸ ਨੂੰ ਫੇਰ ਬੈਹਕੇ, ਜੋ ਖਿਆਲ ਬੇ-ਫਾਇਦਾ ਪਾਇਆ ਏ।
ਅਗੋਂ ਭੂਪ ਨਾ ਗਲ ਮਨਜ਼ੂਰ ਕੀਤੀ, ਸ਼ਹਿਰ ਜਾਣ ਤੋਂ ਸੀਸ ਫਿਰਾਇਆ ਏ।
ਸਾਰੀ ਖਲਕ ਨੇ ਵਾਸਤੇ ਪਾਇ ਕੇ ਤੇ, ਨਾਲ ਤਰਲਿਆਂ ਨਾਲ ਤੁਰਾਇਆ ਏ।
ਹੋਈ ਮੁਲਤਵੀ[6] ਗਲ ਸਵੇਰ ਉਤੇ, ਸਾਰੀ ਖਲਕ ਆਨੰਦ ਮਨਾਇਆ ਏ।

---

1. ਪਿਆਰਾ ਭਾਵ ਰਬ ਤੋਂ ਹੈ।
2. ਈਰਾਨ ਦੇ ਸ਼ੇਖ ਹੁਸੈਨ ਬਿਨ ਹਲਾਜ ਦਾ ਪੁਤਰ ਤੇ ਸੁਨੈਦ ਤੇ ਉਮਰ ਦਾ ਸ਼ਗਿਰਦ ਸੂਫੀ ਜੋ ਅਨਲਹਕ (ਮੈਂ ਸਚ ਹਾਂ) ਦਾ ਨਾਅਰਾ ਲਾਉਣ ਪਿਛੇ ੯੨੨ ਈਸਵੀ ਵਿਚ ਸੂਲੀ ਚਾੜ੍ਹਿਆ ਗਿਆ।
3. ਮੁਸਲਮਾਨੀ ਮੱਤ ਦੀ ਨਿਯਮਾਵਲੀ, ਰਹਤ ਮਰਯਾਦਾ। 4. ਸਾੜਾ, ਈਰਖਾ।1 5 ਸ਼ਾਨ, ਪਰਤਾਪ।
6. ਅਗੇ ਪਈ।

ਸ਼ਾਇਦ ਰਾਤ ਨੂੰ ਪਵੇ ਵਿਚਾਰ ਕੋਈ, ਜੇਹੜਾ ਭੂਪ ਨੂੰ ਭਰਮ ਸਮਾਇਆ ਏ।
ਹੋਵੇ ਦੇਰ ਠੰਢੀ ਪਵੇ ਗਲ ਰਾਤੀਂ, ਹਾਲੀ ਰੰਜ ਨੇ ਜੀਉ ਤਪਾਇਆ ਏ।
ਚਾਤ੍ਰਿਕ ਇਕ ਇਕੱਲੜੇ ਮੈਹਲ ਅੰਦਰ, ਆਸਣ ਰਾਤ ਨੂੰ ਭੂਪ ਨੇ ਲਾਇਆ ਏ।

ਸੋਚ ਕਰਨੀ ਰਾਜਾ ਭਰਥਰੀ ਜੀ ਨੇ ਰਾਤ ਨੂੰ—ਕਵੀਓ ਵਾਚ

ਰਾਤੀ ਸੌਣ ਨੂੰ ਲੇਟ ਗਿਆ ਰਾਜਾ, ਐਪਰ ਦੁਖੀ ਨੂੰ ਨੀਂਦ ਦਾ ਆਵਣਾ ਕੀ ?
ਜੇਹੜਾ ਜ਼ਖਮ ਕਾਰੀ ਸੀਨੇ ਵਿਚ ਲਗਾ, ਮਲ੍ਹਮ ਓਸ ਤੇ ਨੀਂਦ ਨੇ ਲਾਵਣਾ ਕੀ ?
ਸੌਂਦੇ ਸੋ ਜੋ ਸੁਖ ਦੀ ਨੀਂਦ ਸੁਤੇ, ਦੁਖਾਂ ਵਾਲਿਆਂ ਨੇ ਚੈਨ ਪਾਵਣਾ ਕੀ ?
ਵੱਜੇ ਜਿਨ੍ਹਾਂ ਤਮਾਚੜੇ ਪ੍ਰੇਮ ਵਾਲੇ ਓਹਨਾਂ ਰਾਗ ਸੰਸਾਰ ਦਾ ਗਾਵਣਾ ਕੀ ?
ਖੁਦੀ ਛਡਕੇ ਹੋਏ ਬੇਖੁਦ ਜੇਹੜੇ, ਓਹਨਾਂ ਸੁੱਝਦਾ ਪੀਵਣਾ ਖਾਵਣਾ ਕੀ ?
ਵੜੇ ਮਰਦ ਮੈਦਾਨ ਤਲਵਾਰ ਫੜਕੇ, ਡਰਕੇ ਜਾਨ ਤੋਂ ਮੁਖ ਫਿਰਾਵਣਾ ਕੀ ?
ਜਿਨ੍ਹਾਂ ਸਿੱਕ ਦੀਦਾਰ ਦਿਲਦਾਰ ਦੀ ਏ, ਉਹਨਾਂ ਹੋਰ ਕੇ ਜੀਉ ਪਰਚਾਵਣਾ ਕੀ ?
ਚਾਤ੍ਰਿਕ ਵਿਚ ਸਰਾਂਇ ਮੁਸਾਫਰਾਂ ਨੇ, ਫਿਕਰ ਛਡਕੇ ਵਕਤ ਲੰਘਾਵਣਾ ਕੀ ?
ਭੂਪ ਜਾਗਦੇ ਜਾਗਦੇ ਸੋਚ ਕੀਤੀ, ਮਨਾਂ ਏਸ ਸੰਸਾਰ ਤੇ ਭੁਲਣਾ ਕੀ ?
ਜੇਹੜੇ ਕੰਮ ਨੂੰ ਆਇਓਂ ਜੱਗ ਅੰਦਰ, ਝੂਠੇ ਲਾਲਚੀਂ ਲਗ ਉਡੱਲਣਾ ਕੀ ?
ਪਾਕੇ ਲਾਲ ਬੇ-ਕੀਮਤਾ ਜਨਮ ਮਾਨਸ, ਵਿਚ ਖੁਦੀ[1] ਤਕਬਰੀ[2] ਰੁਲਣਾ ਕੀ ?
ਏਸ ਵਕਤ ਨੂੰ ਮੁਫਤ ਗਵਾਇ ਕੇ ਤੇ, ਦੁਨੀਆਂ ਦਾਰੀਆਂ ਦੇ ਉਤੇ ਭੁੱਲਣਾ ਕੀ ?
ਜਿਹਨੂੰ ਹਿਰਸ ਦੀ ਚਾਟ[3] ਬਰਬਾਦ ਕੀਤਾ, ਉਸ ਤੇ ਭੇਦ ਮਾਹਬੂਬ[4] ਦਾ ਖੁੱਲ੍ਹਣਾ ਕੀ ?
ਜੇਹੜੇ ਕੱਖ ਦੇ ਵਾਗ ਨਾ ਹੋਣ ਹੌਲੇ, ਓਹਨਾਂ ਪ੍ਰੇਮ ਦੀ ਤੱਕੜੀ ਤੁੱਲਣਾ ਕੀ ?
ਦੁਨੀਆਂਦਾਰ ਤੈਨੂੰ ਲਾਲਚ ਦੇਂਵਦੇ ਨੇ, ਤੂੰ ਪਰ ਹਿਰਸ[5] ਝੂਠੀ ਉਤੇ ਡੁੱਲ੍ਹਣਾ ਕੀ ?
ਚਾਤ੍ਰਿਕ ਡੋਲ ਜਾਂਦੇ ਮਾਯਾ ਦੇਖ ਕੱਚੇ ਸੱਚੇ ਆਸ਼ਕਾਂ ਹਿੱਲਣਾ ਜੁੱਲਣਾ ਕੀ ?

ਅੰਮ੍ਰਿਤ ਵੇਲੇ ਹੀ ਉਜੈਨ ਨਗਰ ਤੋਂ ਭਰਥਰੀ ਜੀ ਦਾ ਬਾਹਰ ਨਿਕਲ ਜਾਣਾ

ਚੌਥਾ ਰਾਤ ਦਾ ਪੈਹਰ ਪ੍ਰਭਾਤ ਵੇਲਾ, ਵਾਹਵਾ ਮਿੱਠੜੀ ਨੀਂਦ ਲਿਆਂਵਦਾ ਏ।
ਪੱਖਾ ਝੱਲਦਾ ਬਾਦੇ ਸੁਬਾਹ[6] ਵਾਲਾ, ਤਲੀਆਂ ਝੱਸਕੇ ਖਲਕ[7] ਸੁਲਾਂਵਦਾ ਏ।
ਛਾ ਕੇ ਘੁੱਪ ਅੰਧੇਰੜਾ ਰਾਤ ਵਾਲਾ, ਭਲੇ ਬੁਰੇ ਉਤੇ ਪਰਦਾ ਪਾਂਵਦਾ ਏ।
ਚਾਦਰ ਤਾਣਕੇ ਸੌਣ ਬੇ-ਫਿਕਰ ਹੋ ਕੇ, ਜਿਨ੍ਹਾਂ ਹਰੀ ਦਾ ਭਜਨ ਨਾ ਭਾਂਵਦਾ ਏ।
ਏਸ ਵਕਤ ਜਾਗੇ ਕੋਈ ਲਗਨ ਵਾਲਾ, ਤਾਰੇ ਗਿਣਦਿਆਂ ਰਾਤ ਲੰਘਾਂਵਦਾ ਏ।

1. ਹੰਕਾਰ, ਆਪਾ। 2. ਹੰਕਾਰ। 3. ਚੇਟਕ, ਸਵਾਦ। 4. ਪਿਆਰੇ। 5. ਲਾਲਚ। 6. ਸਵੇਰ ਦੀ ਹਵਾ।
7. ਦੁਨੀਆਂ, ਜਨਤਾ।

ਰਾਤ ਭਰਥਰੀ ਗਿਣਤੀਆਂ ਗਿਣਦਿਆਂ ਨੂੰ, ਜੀਉ ਵਿਚ ਖਯਾਲ ਏਹ ਆਂਵਦਾ ਏ।
ਮਨਾਂ ਰਬ ਸਬਬ ਬਣਾਇਆ ਏਹ, ਸੋਹਣਾ ਵਕਤ ਏਹ ਤਾਰਿਆ ਛਾਂਵਦਾ ਏ।
ਸ਼ਹਿਰ, ਸ਼ਹਿਰ-ਖਾਮੋਸ਼[1] ਦੇ ਵਾਂਗ ਸੁਤਾ, ਤੈਨੂੰ ਵੇਖ ਨਾ ਕੋਈ ਹਟਾਂਵਦਾ ਏ।
ਛੱਡ ਖਯਾਲ ਜੰਜਾਲਂ ਦਾ ਬਾਹਰ ਹੋ ਜਾ, ਕਰ ਲੈ ਭਜਨ ਭਗਵਾਨ ਦੇ ਨਾਂਵ ਦਾ ਏ।
ਏਹਨਾਂ ਝਗੜਿਆਂ ਵਿਚ ਕੀ ਪਿਆ ਹੋਯਾ, ਕੌਣ ਵਕਤ ਹਿਸਾਬ ਛੁਡਾਂਵਦਾ ਏ ।
ਜੇਕਰ ਰਿਹੋਂ ਤਾਂ ਹੋਰ ਅਪ੍ਰਾਧ ਹੋਸੀ, ਕੋਈ ਰੋਂਵਦਾ ਕੋਈ ਕੁਰਲਾਂਵਦਾ ਏ।
ਏਹੋ ਧਾਰ ਖਿਆਲ ਸੰਭਾਲ ਦਾਮਨ[2], ਵੱਲ ਜੰਗਲਾਂ ਕਦਮ ਉਠਾਂਵਦਾ ਏ।
ਅਗੇ ਬਿਕ੍ਰਮੀ ਗਿਆ ਬਨਬਾਸ ਲੈ ਕੇ, ਅਜ ਭਰਥਰੀ ਬਨਾਂ ਨੂੰ ਜਾਂਵਦਾ ਏ।
ਕਿਸੇ ਦੇਖਿਆ ਨਹੀਂ ਰਵਾਨ[3] ਹੁੰਦੇ, ਬਾਹਰ ਨਿਕਲਕੇ ਸ਼ੁਕਰ ਮਨਾਂਵਦਾ ਏ।
ਤਾਇਰ[4] ਛੁਟ ਕੇ ਜਿਵੇਂ ਦਿਲਸ਼ਾਦ[5] ਹੋਵੇ, ਤਿਵੇਂ ਖੁਸ਼ੀ ਦੇ ਗੀਤ ਅਲਾਂਵਦਾ ਏ।
ਰਾਣੀ ਤਿੰਨ ਸੌ ਸੱਠ ਨੂੰ ਛੱਡ ਤੁਰਿਆ, ਰੱਸਾ ਮੋਹ ਦਾ ਝੱਬ ਤੁੜਾਂਵਦਾ ਏ।
ਲਾਕੇ ਦਾਗ ਜੁਦਾਈ[6] ਦਾ ਬਾਹਰ ਹੋਯਾ, ਸਾਰੀ ਪ੍ਰੀਤ ਤੇ ਪਯਾਰ ਭੁਲਾਂਵਦਾ ਏ।
ਸ਼ਹਿਰ ਵਸਦਾ ਕਰਨ ਉਜਾੜ ਲਗਾ, ਤੁਰਨ ਲਗਿਆਂ ਤਰਸ ਨਾ ਖਾਂਵਦਾ ਏ।
ਐਸ਼ ਇਸ਼ਰਤਾਂ[7] ਦਿਲੋਂ ਗਿਸਾਰਕੇ ਤੇ, ਸਾਧ ਹੋਣਾ ਸ਼ੌਕ ਸਮਾਂਵਦਾ ਏ।
ਚਾਤ੍ਰਿਕ ਜਾਗਿਆ ਭਾਗ ਤਿਆਗ ਕੀਤਾ, ਪ੍ਰੀਤ ਨਾਲ ਪਰਮਾਤਮਾ ਲਾਂਵਦਾ ਏ।

ਬੇਚੈਨ ਹੋ ਜਾਣਾ ਉਜੈਨ ਨਗਰੀ ਦਾ

ਚੜਯਾ ਦਿਨ ਨਾ ਭਰਥਰੀ ਨਜ਼ਰ ਆਯਾ, ਸਾਰੇ ਸ਼ੈਹਰ ਦੇ ਵਿਚ ਪੁਕਾਰ ਪੈ ਗਈ।
ਮੈਹਲਾਂ ਵਿਚ ਕੁਰਲਾਟ ਦੀ ਵਾਜ ਆਵੇ, ਘਰ ਘਰ ਵਿਚ ਏਹੋ ਹਾਹਾਕਾਰ ਪੈ ਗਈ।
ਰੋਵਨ ਸਭ ਅਮੀਰ ਵਜ਼ੀਰ ਖਲੇ, ਮੂਧੀ ਰਾਜ ਦਰਬਾਰ ਦੀ ਕਾਰ ਪੈ ਗਈ।
ਕੇਹਾ ਉਲਟਿਆ ਏਹ ਸ਼ਤਰੰਜ ਪਾਸਾ ? ਸਾਡੇ ਭਾ ਨਸੀਬ ਦੀ ਹਾਰ ਪੈ ਗਈ।
ਵੇਖ ਸੁਤਿਆਂ ਗਫਲਤਾਂ ਵਿਚ ਸਾਨੂੰ ਕੇਹੜੀ ਰਬ ਵਲੋਂ ਸਾਨੂੰ ਧਾੜ ਪੈ ਗਈ।
ਸਾਡੇ ਸੌਣ ਦੇ ਨਾਲ, ਨਸੀਬ[8] ਸੁਤੇ, ਸੁਤੇ ਸੁੱਤਿਆਂ, ਰਬ ਦੀ ਮਾਰ ਪੈ ਗਈ।
ਰੋਵਨ ਰਾਣੀਆਂ ਕਰਨ ਵਿਰਲਾਪ ਡਾਢਾ ਰਬਾ ਏਹ ਕੀ ਕੈਹਰ ਕਹਾਰ ਪੈ ਗਈ।
ਚਾਤ੍ਰਿਕ ਮ੍ਰਿਗ ਮਤਵਾਲੜੇ ਬਾਝ ਸਾਡੀ, ਦੁੱਖਾਂ ਵਿਚ ਏਹ ਹਰਨੀਆਂ ਡਾਰ ਪੈ ਗਈ।

ਸਮਝਾਉਣਾ ਪਿੰਗਲਾਂ ਪਟਰਾਣੀ ਦਾ ਦੂਜੀਆਂ ਰਾਣੀਆਂ ਨੂੰ

ਅਨੀ ਕਰੋ ਨਾ ਤੁਸੀਂ ਵਿਰਲਾਪ ਭੈਣੋ, ਮਹਾਰਾਜ ਨੇ ਕ੍ਰੋਧ ਨੂੰ ਧਾਰਿਆ ਏ।
ਗੁੱਸਾ ਕਲ ਦੀ ਗਲ ਦਾ ਧਾਰਕੇ ਤੇ, ਬਾਹਰ ਵੱਲ ਨੂੰ ਕਦਮ ਉਲਾਰਿਆ ਏ।

1. ਕਬਰਸਤਾਨ, ਸ਼ਮਸ਼ਾਨ ਭੂਮੀ, ਚੁਪ-ਸ਼ਹਿਰ। 2. ਪੱਲਾ। 3. ਤੁਰਨਾ। 4. ਕੈਦੀ। 5. ਖੁਸ਼।
6. ਵਿਛੋੜਾ। 7. ਮੌਜ ਮੇਲਾ, ਅਯਾਸ਼ੀ। 8. ਕਿਸਮਤ ਜਾਂ ਭਾਗ ਦੇ ਲੇਖ।

ਚਾਰ ਦਿਨਾਂ ਦੀ ਗਲ ਹੈ ਗੁਸਿਆਂ ਦੀ, ਚਾਹੀਏ ਜੀਉ ਨੂੰ ਜ਼ਰਾ ਖੁਲਾਰਿਆ ਏ।
ਜਦੋਂ ਠੰਢੜਾ ਹੋਵਸੀ ਚਲਾ ਆਸੀ, ਤੁਸਾਂ ਕਾਸ ਨੂੰ ਹੌਂਸਲਾ ਹਾਰਿਆ ਏ।
ਰਾਜਾ ਭੁਲ ਕੀਕਰ ਸਕੇ ਰਾਣੀਆਂ ਨੂੰ, ਜਿਸ ਕਾਮ ਦੇ ਤੀਰ ਨੇ ਮਾਰਿਆ ਏ।
ਚਾਤ੍ਰਿਕ ਸਬਰ ਸੰਤੋਖ ਦੇ ਨਾਲ ਬੈਠੋ, ਏਹ ਪਖੰਡ ਦਾ ਖੇਲ ਖਿਲਾਰਿਆ ਏ।

ਰਾਜਾ ਭਰਥਰੀ ਜੀ ਦਾ ਵੈਰਾਗ ਵਿਚ ਗੁਰੂ ਜਤੇਂਦ੍ਰੀ ਨਾਥ ਦੇ ਟਿੱਲੇ ਜਾ ਪਹੁੰਚਣਾ

ਵਾਹੋ ਦਾਹ ਇਕ ਸਾਹ ਬਿਨ ਰਾਹਂ ਥੇਹੜੇ, ਆਸਾਂ ਲਾਹ ਸਭੇ ਇਕੋ ਰਾਹ ਫੜਿਆ।
ਪੰਛੀ ਨਿਕਲਦਾਂ ਜਿਸ ਤਰ੍ਹਾਂ ਕੈਦ ਵਿਚੋਂ, ਸਿੱਧਾ ਆਹਲਣੇ ਵਲ ਨੂੰ ਆਨ ਵੜਿਆ।
ਕਰਮ ਰੇਖ ਨੇ ਲੇਖ ਵਿਚ ਮੇਖ[1] ਮਾਰੀ, ਦੁਖਾਂ ਸਾਰਿਆਂ ਦੇ ਵਿਚੋਂ ਕਢ ਖੜਿਆ।
ਜਾਗੇ ਭਾਗ ਪਿਛਲੇ ਭਾਗ[2] ਕੁਖ ਕਜ਼ੀਏ, ਤਿਆਗੀ ਮੋਹ ਮਮਤਾ ਅਗੇ ਰਾਹ ਚੜਿਆ।
ਮਾਰ ਮਨਜ਼ਲਾਂ ਲੰਮੀਆਂ, ਪ੍ਰੇਮ ਬੱਧਾ, ਪੂਰੇ ਗੁਰੂ ਦਰਵਾਜ਼ੜੇ ਆਨ ਵੜਿਆ।
ਚਾਤ੍ਰਿਕ ਛਡਕੇ ਹੋਰ ਧੰਧਾਲ ਸਾਰੇ, ਇਕੋ ਰਾਮ ਦੇ ਨਾਮ ਦਾ ਸੰਬਕ ਪੜ੍ਹਿਆ।

ਉਸਤਤ ਟਿੱਲਾ ਗੁਰੂ ਜਤੇਂਦ੍ਰੀ[3] ਨਾਥ ਜੀ

ਟਿੱਲਾ ਗੁਰੂ ਜਤੇਂਦ੍ਰੀ ਨਾਥ ਵਾਲਾ, ਮਹਿਮਾ ਮੂੰਹੋਂ ਨਾ ਕੁਝ ਉਚਾਰ ਹੋਵੇ।
ਬ੍ਰਿਛਾਂ ਬੂਟਿਆਂ ਬੂਟੀਆਂ ਨਾਲ ਹਰਿਆ, ਜਿਵੇਂ ਬਾਗ ਦੀ ਖਿੜੀ ਗੁਲਜ਼ਾਰ ਹੋਵੇ।
ਤਾੜ, ਚੀਲ, ਨਰੇਲ, ਦੇਉਦਾਰ, ਸਰੂਆਂ, ਉਚੇ ਦੇਖਕੇ ਨਜ਼ਰ ਸਰਸ਼ਾਰ[4] ਹੋਵੇ।
ਚੰਦਨ ਬ੍ਰਿਛ ਸੁਹਾਵਣੇ ਘਣੇ ਲੱਗੇ, ਲੈ ਲੈ ਬਾਸ ਜੰਗਲ ਖੁਸ਼ਬੂਦਾਰ ਹੋਵੇ।
ਠੰਢੀ ਫਾਰ ਹਵਾ ਖੁਸ਼ਬੂ ਭਿੰਨੀ, ਜੋ ਮਲਿਆਗਿਰੀ[5] ਭੀ ਸ਼ਰਮਸਾਰ ਹੋਵੇ।
ਪੰਛੀ ਗਾਵਦੇ ਗੀਤ ਭਗਵੰਤ ਵਾਲੇ, ਅਠੇ ਪਹਿਰ ਦੀ ਸਦਾ ਬਹਾਰ ਹੋਵੇ।
ਪਰਬਤ ਸੋਹਣਾ ਬਹੁਤ ਕੈਲਾਸ਼ ਨਾਲੋਂ, ਚੋਟੀ ਵੇਖ ਹਿਮੰਚਲ ਨਿਸਾਰ[6] ਹੋਵੇ।
ਨਿਰਮਲ ਨੀਰ ਗੰਗਾ ਵਾਂਗ ਵਗਣ ਕੂਲਾਂ, ਝਰਨੇ ਝਰਨ ਦਾ ਖੂਬ ਖੜਕਾਰ ਹੋਵੇ।
ਜੰਗਲ ਵਿਚ ਮੰਗਲ ਬਣਯਾ ਇਸ ਤਰ੍ਹਾਂ ਦਾ ਦਰਸ਼ਨ ਕਰਦਯਾਂ ਜੀ ਠੰਢਾ ਠਾਰ ਹੋਵੇ।
ਜਾਣੋ ਅਸਲ ਬੈਕੁੰਠ ਅਸਥਾਨ ਏਹੋ, ਖੁਲਾ ਸਾਧੂਆਂ ਕਾਨ[7] ਦੁਆਰ ਹੋਵੇ।
ਜੇਹੜਾ ਜਾਇਕੇ ਚੜ੍ਹੇ ਇਸ ਗਿਆਨ ਟਿੱਲੇ, ਮੁੜਕੇ ਆਉਣ ਦੀ ਆਸ ਤੋਂ ਪਾਰ ਹੋਵੇ।
ਉਚੇ ਭਾਗ ਵਾਲੇ ਉਚੀ ਚੜਨ ਪੌੜੀ, ਚਾਤ੍ਰਿਕ ਕਿਸਮਤਾਂ ਨਾਲ ਦੀਦਾਰ ਹੋਵੇ।

ਭਾਗੀ ਭਰੇ ਟਿਲੇ ਉਤੇ ਨਾਥ ਵਸੇ, ਕਾਰਨ ਕਰਨ ਅਨਾਥਾਂ ਦੀ ਸਾਰ ਵਸੇ।
ਉਚੀ ਜ਼ਾਤ ਜੋਗੀ ਉਚਾ ਵੇਖ ਟਿੱਲਾ ਛੱਡ ਜਗਤ ਦਾ ਮੋਹ ਪਿਆਰ ਵਸੇ।

---

1. ਮੇਖ ਮਾਰਨੀ= ਪਲਟਣਾ, ਰੋਕਣਾ, ਬਦਲਣਾ। 2. ਭੱਜ ਗਏ। 3. ਇਕ ਪ੍ਰਸਿਧ ਯੋਗੀ-ਰਾਜ। 4. ਮਸਤ।
5. ਦੱਖਣ ਦੇ ਇਕ ਪਹਾੜ ਦਾ ਨਾਂ ਜਿਥੇ ਚੰਦਨ ਦੇ ਬੂਟੇ ਹੁੰਦੇ ਹਨ। 6. ਕੁਰਬਾਨ, ਸਦਕੇ। 7. ਕਾਰਨ, ਵਾਸਤੇ।

ਜਾਗੇ ਜਿਨ੍ਹਾਂ ਦੇ ਭਾਗ ਉਹ ਬਣੇ ਭਾਗੀ, ਜਾਗੀ ਪ੍ਰੇਮ ਦੀ ਜਿਨ੍ਹਾਂ ਨੂੰ ਤਾਰ ਵਸੇ।
ਪੁਤਰ ਰਾਜਿਆਂ ਦੇ ਆਏ ਛਡ ਦੁਨੀਆਂ, ਲੈਣ ਸੁਖਾਂ ਦੀ ਮੌਜ ਬਹਾਰ ਵਸੇ।
ਜਿਨ੍ਹਾਂ ਦੁਖ ਜਾਤੇ ਭੋਗ ਰੋਗ ਮਾਇਆ, ਸੋਈ ਝੂਠੜਾ ਛਡ ਸੰਸਾਰ ਵਸੇ।
ਲਗੇ ਗਿਆਨ ਦੇ ਬਾਣ ਬੇਹੋਸ਼ ਹੋਏ, ਬੰਦ ਅੱਖ ਹੋਈ ਮੋਨ ਧਾਰ ਵਸੇ।
ਛਡ ਖੁਦੀ ਹੰਕਾਰ ਨੂੰ ਮਾਰ ਵਸੇ, ਤੂੰ ਹੀ, ਤੂੰ ਹੀ, ਦਾ ਵਾਕ ਉਚਾਰ ਵਸੇ।
ਚਾਤ੍ਰਿਕ ਹੋਇ ਕੇ ਠੰਢੜੇ ਨਾਰ ਵਸੇ, ਸਚੇ ਰਬ ਸੰਦੇ ਤਲਬਗਾਰ ਵਸੇ।

ਉਸਤਤ ਗੁਰੂ ਜਤੇਂਦ੍ਰੀ ਨਾਥ ਜੀ

ਨਾਥ ਗੁਰੂ ਜਤੇਂਦ੍ਰੀ ਸੰਤ ਪੂਰਾ, ਦਰਸ਼ਨ ਠੰਢ ਪਾਵੇ ਦੁਖਾਂ ਸਾਰਿਆਂ ਤੇ।
ਸਾਧ ਮੰਡਲੀ ਵਿਚ ਮਹੰਤ ਸੋਹੇ, ਜਿਵੇਂ ਚੰਦ ਸਰਦਾਰ ਹੈ ਤਾਰਿਆਂ ਤੇ।
ਚਿੱਤ ਡੋਲਨਾ ਰਹਿਤ ਅਡੋਲ ਹੋਯਾ, ਲੈਹਰੇ ਲਏ ਬੈਕੁੰਠ ਹਲਾਰਿਆਂ ਤੇ।
ਰੂਪ ਸ਼ਾਂਤੀ ਦਾ ਨਿਰਮਲ ਨੀਰ ਵਾਂਗੂੰ, ਵਸੇ ਆਤਮਾ ਉਚ ਚੁਬਾਰਿਆਂ ਤੇ।
ਜੈਸਾ ਏਸ ਚੁਬਾਰੜੇ ਸੁਖ ਡਿਠਾ, ਐਸਾ ਹੋਰ ਨਾ ਬਲਖ ਬੁਖਾਰਿਆਂ[1] ਤੇ।
ਚਾਤ੍ਰਿਕ ਚੰਦ ਸੀਤਲ, ਸੀਤਲ ਕਰੇ ਖਲਕਤ, ਅੰਮ੍ਰਿਤ ਛਿੜਕਦਾ ਦੁਖ ਤੇ ਸਾੜਯਾਂ ਤੇ।

ਵੈਰਾਗ ਦੀ ਹਾਲਤ ਵਿਚ ਮਹਾਰਾਜਾ ਭਰਥਰੀ ਹਰੀ ਜੀ ਦਾ ਗੁਰੂ ਦੇ ਪਾਸ ਜਾਣਾ

ਜੇਹੜਾ ਮੁਖ ਸੀ ਵਾਂਗ ਗੁਲਾਬ ਖਿੜਿਆ, ਅਜ ਵਾਂਗ ਵਸਾਰ[2] ਦੇ ਪੀਲੜਾ ਏ।
ਮੱਖਣ ਦੁਧ ਮਲਾਈਆਂ ਜਿਸਮ ਪਲਿਆ, ਹੋਯਾ ਸੁੱਕ ਤੇ ਹੁੱਟ ਕੇ[3] ਤੀਲੜਾ ਏ।
ਵਾਲ ਅਤਰ ਭਿੰਨੇ ਮਿੱਟੀ ਵਿਚ ਰੁਲ ਗਏ, ਗੋਰਾ ਰੰਗ ਕੀਤਾ ਧੁੱਪਾਂ ਨੀਲੜਾ ਏ।
ਨੰਗੇ ਪੈਰ ਛਾਲੇ ਪਾਏ ਕੰਡਿਆਂ ਨੇ ਹੋਯਾ ਪੈਂਡਿਆਂ ਨਾਲ ਮਰੀਲੜਾ[4] ਏ।
ਵਾਲੀ ਹੁੰਦਾ ਸੀ ਦੇਸ ਵਲਾਇਤਾਂ ਦਾ, ਅਜ ਦਿਸਦਾ ਬਾਝ ਵਸੀਲੜਾ ਏ।
ਚਾਤ੍ਰਿਕ ਆਸ ਉਮੇਦ ਦਾ ਲੱਕ ਬੱਧਾ, ਟਿੱਲੇ ਚੜ੍ਹਨ ਨੂੰ ਤਾੜਦਾ ਹੀਲੜਾ[5] ਏ।

ਜਿਵੇਂ ਗੁੰਗਿਆਂ ਬੋਲਣਾ ਹੋਵੇ ਮੁਸ਼ਕਲ, ਅਤੇ ਪਿੰਗਲੇ ਚੜਨ ਪਹਾੜ ਔਖਾ।
ਤਿਵੇਂ ਚੜਨ ਪਹਾੜ, ਪਹਾੜ ਦਿਸੇ, ਅਤੇ ਪਾਵਣਾ ਗੁਰੂ ਦੁਆਰ ਔਖਾ।
ਕਰਕੇ ਹੌਂਸਲਾ ਚੜੇ ਪਰ ਜਿਸਮ ਨਾਜ਼ਕ ਫੜ ਫੜ ਚੜਨ ਬੂਟੇ ਖਾਰਦਾਰ[6] ਔਖਾ।
ਚਾਤ੍ਰਿਕ ਚੜੇ ਸੋ ਚੂਪਦਾ ਪ੍ਰੇਮ ਰਸ ਨੂੰ, ਬਿਨਾਂ ਲਗਨ ਦੇ ਪਾਵਣਾ ਯਾਰ ਔਖਾ।

---

1. ਅਫਗਾਨੀ ਤੁਰਕਸਤਾਨ ਦੇ ਦੋ ਪੁਰਾਣੇ ਸ਼ਹਿਰ। 2. ਹਲਦੀ। 3. ਥਕ ਕੇ। 4. ਮਾੜਾ, ਕਮਜ਼ੋਰ, ਮਰੀਅਲ। 5. ਹੀਲਾ, ਉਦਮ, ਢੰਗ। 6. ਕੰਡਿਆਂ ਵਾਲੇ।

ਜੇਹੜਾ ਦੁਖ ਨੂੰ ਸਮਝ ਲਏ ਸੁਖ ਕਰਕੇ, ਮੁਸ਼ਕਲ ਕੰਮ ਭੀ ਹੋਣ ਆਸਾਨ[1] ਆ ਕੇ।
ਜਿਨ੍ਹਾਂ ਇਸ਼ਕ ਦੀ ਮਨਜ਼ਲੇ ਪੈਰ ਪਾਯਾ, ਦੁਖ ਉਨ੍ਹਾਂ ਨੂੰ ਲਖ ਡਰਾਨ ਆ ਕੇ।
ਕਦੇ ਹੌਂਸਲਾ ਹਾਰਕੇ ਅੱਕਦੇ ਨਾ, ਪਵੇ ਪ੍ਰੇਮ ਦਾ ਜਦੋਂ ਧਿਆਨ ਆ ਕੇ।
ਟਿੱਲੇ ਚੜ੍ਹੇ, ਪਾਏ ਗੁਰੂ ਭਰਥਰੀ ਨੇ, ਚਾਤ੍ਰਿਕ ਚਰਨ ਤੇ ਸੀਸ ਨਿਵਾਨ ਆ ਕੇ।

ਬੇਨਤੀ ਭਰਥਰੀ ਜੀ ਦੀ

ਰਾਜੇ ਭਰਥਰੀ ਗੁਰਾਂ ਨੂੰ ਟੇਕ ਮੱਥਾ, ਸੀਸ ਫੇਰ ਉਤਾਂਹ ਨਾ ਚੁਕਿਆ ਏ।
ਢੁੱਬਾਂ ਮਾਰ ਜ਼ਾਰੋ ਜ਼ਾਰ ਰੋਇ ਕਹਿੰਦਾ, ਰਖਚੋ ਗੁਰੂ ਜੀ ਦਾਸ ਮਰ ਮੁੱਕਿਆ ਏ।
ਮੇਰੇ ਵਾਸਤੇ ਸੂਲੀਆਂ ਗੱਡੀਆਂ ਨੂੰ, ਤੁਸਾਂ ਸੂਲ ਕਰਨਾ ਗੁਰੂ ਢੁੱਕਿਆ[2] ਏ।
ਦੁਖਾਂ ਘੇਰ ਕੇ ਬੰਧਨਾਂ ਵਿਚ ਬੱਧਾ, ਚਾਕੂ ਗਿਆਨ ਦਾ ਫੇਰਕੇ ਟੁੱਕਿਆ ਏ।
ਮੈਂ ਹਾਂ ਪੁਤ ਗੰਧਰਬ ਧਰਮਾਤਮਾ ਦਾ, ਜਿਸ ਦਾ ਨਾਮ ਨਾ ਜਗਤ ਤੇ ਲੁੱਕਿਆ ਏ।
ਨਿੱਜ ਜੰਮਿਆਂ ਪਾਪ ਦਾ ਭਾਂਡੜਾ ਮੈਂ, ਭਰਤ ਤਈਂ ਦੁਰਕਾਰ ਨਾ ਥੁੱਕਿਆ ਜੇ।
ਮੇਰੀ ਅਕਲ ਤੇ ਪਿਆ ਅਗਯਾਨ ਪਰਦਾ, ਏਹਨੂੰ ਚੁਕਨੋਂ ਮੂਲ ਨਾ ਉਕਿਆ ਜੇ।
ਚਾਤ੍ਰਿਕ ਦੁਖਾਂ ਦੇ ਦੇਖ ਅੰਬਾਰ ਲਗੇ, ਮੇਰਾ ਖੂਨ ਸਰੀਰ ਦਾ ਸੁਕਿਆ ਜੇ।

ਜਵਾਬ ਗੁਰੂ ਜੀ

ਧੰਨ ਭਾਗ ਸਾਡੇ ਆਯੋਂ ਆਪ ਚਲਕੇ, ਦੇਖ ਹੋਈ ਹੈ ਖੁਸ਼ੀ ਅਪਾਰ ਰਾਜਨ।
ਕੁੱਲੀ ਹੋਈ ਅਬਾਦ ਫਕੀਰ ਸੰਦੀ, ਤੇਰਾ ਪਾਇਕੇ ਅਜ ਦੀਦਾਰ ਰਾਜਨ।
ਮੂੰਹੋਂ ਮੰਗ ਜੋ ਮੰਗਣਾ ਮੌਜ ਤੇਰੀ, ਘਾਟਾ ਨਹੀਂ ਮਹਾਰਾਜ ਦੇ ਦਵਾਰ ਰਾਜਨ।
ਨਾ ਉਦਾਸ ਹੋ ਆਸ ਜੋ ਧਾਰ ਆਯੋਂ, ਪੂਰੀ ਕਰੇਗਾ ਆਪ ਕਰਤਾਰ ਰਾਜਨ।
ਧਨ, ਲਛਮੀ, ਭੋਗ ਸੰਸਾਰ ਵਾਲੇ, ਪੁਤਰ, ਪੋਤਰੇ, ਬਾਗ, ਪਰਿਵਾਰ ਰਾਜਨ।
ਕੇਹੜੀ ਚੀਜ਼ ਦੀ ਭੁੱਖ ਹੈ ਤੁਧ ਤਾਈਂ, ਕੌਣ ਵਸਤ ਦੀ ਤੋਟ ਭੰਡਾਰ ਰਾਜਨ ?
ਕਿੱਸੇ ਆ ਗਨੀਮ[3] ਨੇ ਤੰਗ ਕੀਤਾ, ਕੋਈ ਜੰਗ ਵਿਚ ਆਈ ਹੈ ਹਾਰ ਰਾਜਨ ?
ਕਿਸੇ ਸਾਹਮਣੇ ਬੋਲ ਅਪਮਾਨ ਕੀਤਾ, ਵਗਨ ਅਥਰੂ ਕਿਉਂ ਜ਼ਾਰੋ ਜ਼ਾਰ ਰਾਜਨ ?
ਕਿਸੇ ਨਾਰ ਦੇ ਪਯਾਰ ਜੇ ਗਿਓਂ ਮੁੱਠਾ[4], ਹਾਜ਼ਰ ਕਰਾਂ ਅਪੱਛਰਾਂ ਨਾਰ ਰਾਜਨ।
ਚਾਤ੍ਰਿਕ ਮੰਗ ਮੁਰਾਦ ਦਿਲਸ਼ਾਦ ਹੋਕੇ, ਮੈਨੂੰ ਦੇਣ ਤੋਂ ਨਹੀਂ ਇਨਕਾਰ ਰਾਜਨ।

ਜਵਾਬ ਮਹਾਰਾਜਾ ਭਰਥਰੀ ਜੀ

ਮੈਨੂੰ ਲੋੜ ਨਾ ਝੂਠਿਆਂ ਸੁਖਾਂ ਦੀ ਹੈ ਸਾਰੇ ਭੋਗਕੇ ਵੇਖ ਲਏ ਭੋਗ ਗੁਰ ਜੀ।
ਤੁਸੀਂ ਆਪ ਇਕੰਤ ਲੈ ਜੋਗ ਬੈਠੇ, ਮੈਨੂੰ ਦਸ ਭਰਮਾਂਵਦੇ ਫੋਗ ਗੁਰ ਜੀ।

1. ਸੌਖਾ। 2. ਮਿਲਿਆ। 3. ਵੈਰੀ। 4. ਖੁਸ਼।

ਜੇਕਰ ਤੁਠੇ ਹੋ ਕਰੋ ਅਰੋਗ ਮੈਨੂੰ, ਦਇਆ ਧਾਰ ਕੇ ਬਖਸ਼ਿਓ ਜੋਗ ਗੁਰ ਜੀ।
ਵਿਛੜ ਸੱਚ ਤੋਂ ਕੱਚ ਵਿਚ ਜੀਉ ਫਸਯਾ, ਕਰੋ ਆਤਮਾ ਨਾਲ ਸੰਜੋਗ ਗੁਰ ਜੀ।
ਜੇਹੜੇ ਦਸਕੇ ਭੋਗ ਭਰਮਾਂਵਦੇ ਹੋ, ਇਨਾਂ ਭੋਗਿਆਂ ਮੁਕਤ ਨਾ ਹੋਗ ਗੁਰ ਜੀ।
ਨਾਰਾਂ ਨਾਰ[1] ਤੇ ਭੋਗ ਅੰਗਯਾਰ ਵਰਗੇ, ਵਿਸ਼ਾ, ਕੂੜ, ਨਿਆਮਤਾਂ[2] ਰੋਗ ਗੁਰ ਜੀ।
ਜਗਤ ਵਿਚ ਸਾਰੀ ਉਮਰ ਰਹੇ ਰੋਂਦਾ, ਕਦੇ ਲਹੇ ਨਾ ਜੀਉ ਦਾ ਸੋਗ ਗੁਰ ਜੀ।
ਆਯਾਂ ਸੰਤ ਦੀ ਸ਼ਰਨ ਹੀ ਸ਼ਾਂਤ ਆਵੇ, ਬਿਨਾਂ ਜੋਗ ਨਾ ਹਟਣ ਵਿਜੋਗ ਗੁਰ ਜੀ।
ਓੜਕ ਨਰਕ ਫਾਹੀਆਂ ਪੈਕੇ ਫਸਣ ਪੰਛੀ ਜੇਹੜੇ ਰਹੇ ਚੁਗਦੇ ਮਿੱਠੀ ਚੋਗ ਗੁਰ ਜੀ।
ਚਾਤ੍ਰਿਕ ਮੋਹ ਦਾ ਰੋਗ-ਅਸਾਧ ਲਗਾ, ਏਹਨੂੰ ਕਟਕੇ ਕਰੋ ਅਰੋਗ ਗੁਰ ਜੀ।

ਜਵਾਬ ਗੁਰੂ ਜਤੇਂਦ੍ਰੀ ਨਾਥ ਜੀ

ਰਾਜਾ ਸਚ ਆਖੇਂ ਇਕੇ ਕਰੇਂ ਠੱਠਾ, ਸਾਰੀ ਖੋਹਲਕੇ ਗੱਲ ਸੁਨਾ ਮੈਨੂੰ ?
ਕਿਤੇ ਰੁਸਕੇ ਘਰੋਂ ਤਾਂ ਨਹੀਂ ਆਯਾ, ਕਿਸੇ ਕੱਢਿਆ ਘਰੋਂ ਅਕਾ ਤੈਨੂੰ ?
ਕਿਸੇ ਗਾਲ ਕੱਢੀ, ਇਕੇ ਹੁਕਮ ਮੋੜੇ, ਅਕਲ ਉਡਕੇ ਪਿਆ ਘਬਰਾ ਤੈਨੂੰ ?
ਸ਼ਾਇਦ ਰਾਣੀਆਂ ਨੇ ਬੋਲੀ ਮਾਰ ਕੋਈ, ਦਿਤਾ ਕ੍ਰੋਧ ਦੇ ਵਿਚ ਤਪਾ ਤੈਨੂੰ?
ਹਥ ਤੰਗ ਹੋਯਾ, ਕੋਈ ਜੰਗ ਹੋਯਾ, ਕਿਸੇ ਸੰਗ ਹੋਯਾ ਵੈਰ ਭਾ ਤੈਨੂੰ ?
ਰਾਹ ਭੁਲਕੇ ਜਾਂ ਟਿੱਲੇ ਆਨ ਚੜ੍ਹਿਓਂ, ਵੇਖ ਹੋਰਨਾ ਆ ਗਿਆ ਚਾ ਤੈਨੂੰ ?
ਇਕੇ ਭੰਗ ਪੀਤੀ ਗਈ ਹੋਸ਼ ਮਾਰੀ ਹੋਯਾ ਧੁੱਪ ਦੇ ਨਾਲ ਸਫਰਾ[3] ਤੈਨੂੰ ?
ਚਾਤ੍ਰਿਕ ਰਾਜਿਆਂ ਜੋਗ ਦਾ ਚਾ ਕਿਥੋਂ, ਕੀਕਰ ਹੋ ਗਿਆ ਏਹ ਸ਼ੁਦਾ ਤੈਨੂੰ ?

ਜਵਾਬ ਮਹਾਰਾਜਾ ਭਰਥਰੀ ਹਰੀ ਜੀ

ਕੋਈ ਗੁਰਾਂ ਦੇ ਨਾਲ ਨਾ ਕਰੇ ਠੱਠਾ, ਤੁਸੀਂ ਗੁਰੂ ਸਚੇ ਕਰੋ ਕਾਰੀਆਂ ਜੀ।
ਆਯਾ ਰੁੱਸ ਜਹਾਨ ਦੀ ਖਾਹਸ਼ਾਂ ਤੋਂ, ਜਿਨ੍ਹਾਂ ਡੁੱਬੀਆਂ ਨੇਕੀਆਂ ਸਾਰੀਆਂ ਜੀ।
ਮੰਦਾ ਬੋਲ ਵੱਜਾ ਕਾਮ ਕ੍ਰੋਧ ਵਾਲਾ, ਪਿਛੇ ਜਿਨ੍ਹਾਂ ਮੱਤਾਂ ਗਈਆਂ ਮਾਰੀਆਂ ਜੀ।
ਤੰਗ ਮੁਕਤ ਵਲੋਂ, ਜੰਗ ਨਾਲ ਮਨ ਦੇ, ਵੈਰ ਭਾਉ ਹੋਯਾ, ਜਗਤ-ਚਾਰੀਆਂ ਜੀ।
ਰਸਤਾ ਭੁਲਯਾ ਨਰਕ ਦੀ ਸੜਕ ਵਾਲਾ, ਭੜਕ ਭਜਨ ਦੀ ਨੇ ਜਿੰਦਾਂ ਠਾਰੀਆਂ ਜੀ।
ਚੜ੍ਹੀ ਪ੍ਰੇਮ ਦੀ ਭੰਗ ਮਖਮੂਰ[4] ਹੋਯਾ, ਦੁਨੀਆਂ ਅੱਗ ਨੇ ਗਰਮੀਆਂ ਚਾੜ੍ਹੀਆਂ ਜੀ।
ਮੈਨੂੰ ਜਗਤ ਦੇ ਭੋਗ ਖੁਆਰ ਕੀਤਾ, ਪਈਆਂ ਭਾਰੀਆਂ ਆਨ ਖਵਾਰੀਆਂ ਜੀ।
ਦਸਾਂ ਸਚ ਨਾ ਲੁਕ ਲੁਕਾ ਚਾਤ੍ਰਿਕ, ਭਰਤ ਘਰਾਂ ਤੋਂ ਕੱਢਿਆ ਨਾਰੀਆਂ ਜੀ।

1. ਅੱਗ। 2. ਸੁਗਾਤ, ਚੰਗੀਆਂ ਵਸਤਾਂ। 3. ਇਕ ਰੋਗ (ਪਿੱਤ) ਗਰਮੀ। 4. ਮਸਤ।

ਜਵਾਬ ਗੁਰੂ ਜਤੇਂਦ੍ਰੀ ਨਾਥ ਜੀ।

ਛੱਡ ਘਰਾਂ ਨੂੰ ਕੌਣ ਫਕੀਰ ਹੋਵੇ, ਰਾਜਾ ਝੂਠੀਆਂ ਇਹ ਗਲਾਂ ਸਾਰੀਆਂ ਨੇ ?
ਉਨ੍ਹਾਂ ਮਾਰਨੀ ਕਦੋਂ ਤਲਵਾਰ ਜਾ ਕੇ, ਜਿਨ੍ਹਾਂ ਵੇਚੀਆਂ ਤੱਤੀਆਂ ਤਾਰੀਆਂ ਨੇ ?
ਪੁਤਰ ਜਟ ਦੇ ਕਦੋਂ ਅਤਾਰ ਬਣਨਾ, ਓਹ ਤਾਂ ਜਾਣਦੇ ਕਰਨੀਆਂ ਨਾੜੀਆਂ ਨੇ ?
ਕਦੇ ਕੁਕੜੀਆਂ ਤਰਨ ਨਾ ਸਾਗਰਾਂ ਨੂੰ, ਦੌਲਤ ਜੋੜਨੀ ਕਦੋਂ ਜਵਾਰੀਆਂ ਨੇ ?
ਜ਼ਿਮੀਦਾਰ ਕੀ ਪਰਖਣੇਂ ਲਾਲ ਹੀਰੇ, ਜਾਨਣ ਬੀਜ ਅਨਾਜ ਕਿਆਰੀਆਂ ਨੇ ?
ਕੀਕਰ ਸ਼ੇਰ ਨੂੰ ਘਾਸ ਦਾ ਪਏ ਕਸਕਾ, ਮਾਸ ਛੱਡਣਾ ਨਾ ਮਾਸਾਹਾਰੀਆਂ ਨੇ ?
ਬੋਲੀ ਹੰਸ ਦੀ ਕਾਗ ਨਾ ਸਿਖ ਸਕੇ, ਤੇ ਕਸਾਈਆਂ ਦਯਾ ਨਾ ਧਾਰੀਆਂ ਨੇ ?
ਜਾਨਣ ਗਧੇ ਕੀ ਸ਼ੇਰ ਦੇ ਬੋਲਣੇ ਨੂੰ, ਉਹ ਤਾਂ ਜਾਣਦੇ ਖਾਣ ਚਵਾੜੀਆਂ ਨੇ ?
ਜਿਨ੍ਹਾਂ ਚਾਟ ਲੱਗੀ ਵਿਸ਼ੇ ਭੋਗਣੇ ਦੀ, ਉਨ੍ਹਾਂ ਚੜ੍ਹਨ ਕੀ ਪ੍ਰੇਮ ਖੁਮਾਰੀਆਂ ਨੇ ?
ਜਿਨ੍ਹਾਂ ਰਾਜ ਮਾਣੇ ਕੀਤੇ ਹੁਕਮ ਹਾਸਲ, ਗੱਲਾਂ ਖਲਕ ਦੀਆਂ ਕਦੋਂ ਸਹਾਰੀਆਂ ਨੇ ?
ਕਦੋਂ ਜੰਗਲਾਂ ਦੇ ਵਿਚ ਕਰਨ ਡੇਰਾ, ਜਿਨ੍ਹਾਂ ਡਿੱਠੀਆਂ ਮੈਹਲ ਅਟਾਰੀਆਂ ਨੇ ?
ਇਥੇ ਫ਼ਕਣੀ ਸੁਆਹ ਤੇ ਨਗਨ ਰੈਹਣਾ, ਓਥੇ ਬਾਦਲੇ ਜ਼ਰੀ ਕਨਾਰੀਆਂ ਨੇ।
ਕਿਥੇ ਸ਼ਾਹੀ ਤੇ ਕਿਥੇ ਗਦਾਈ ਰਾਜਨ, ਵਿਥਾਂ ਦੋਹ ਗੱਲਾਂ ਅੰਦਰ ਭਾਰੀਆਂ ਨੇ।
ਚਾਤ੍ਰਿਕ ਹੋਸ਼ ਦੀ ਕੁਝ ਦਵਾ ਕਰ ਤੂੰ, ਭਲੀਆਂ ਹੋਰ ਬਤੇਰੀਆਂ ਨਾਰੀਆਂ ਨੇ।

ਜਵਾਬ ਮਹਾਰਾਜਾ ਭਰਥਰੀ ਹਰੀ ਜੀ

ਜਿਨ੍ਹਾਂ ਓਸ ਮਹਬੂਬ ਦਾ ਇਸ਼ਕ ਲਗੇ, ਉਨ੍ਹਾਂ ਛਡਣਾ ਨਹੀਂ ਘਰ ਬਾਰ ਔਖਾ।
ਵਜ ਤੀਰ ਕਲੇਜਿਓਂ ਪਾਰ ਹੋਵੇ, ਫੇਰ ਪਕੜਨਾ ਸਬਰ ਕਰਾਰ ਔਖਾ[1]।
ਜਾਨ ਵੇਚਦੇ ਹੋ ਗਏ ਮੁਫਤ ਬਰਦੇ[2], ਅਗੋਂ ਬੋਲਕੇ ਮਰਨ ਤਕਰਾਰ[3] ਔਖਾ।
ਲੋਈ ਲਾਹਕੇ ਮੁਖ ਤੋਂ ਪਰੇ ਸੁਟੀ, ਬਣਨਾ ਫੇਰ ਉਸਦਾ ਪਰਦਾ ਦਾਰ ਔਖਾ।
ਜੇਹੜੇ ਆਣ ਕੇ ਸੰਤ ਦੀ ਸ਼ਰਨ ਪੈ ਗਏ, ਉਨ੍ਹਾਂ ਜਾਗਣਾ ਮੋਹ ਸੰਸਾਰ ਔਖਾ।
ਜਾਨ ਤਲੀ ਤੇ ਰਖੀ ਮੈਦਾਨ ਵੜ ਗਏ, ਫੇਰ ਮਾਰਨਾ ਨਹੀਂ ਤਲਵਾਰ ਔਖਾ।
ਤਲਬਗਾਰ[4] ਦਿਲਦਾਰ[5] ਦੇ ਬਣੇ ਜੇਹੜੇ, ਬਣਨਾ ਸੁਖਾਂ ਦਾ ਫੇਰ ਖਰੀਦਾਰ ਔਖਾ।
ਨਸ਼ੇ ਪ੍ਰੇਮ ਦੇ ਚੜ੍ਹੇ ਅਗੰਮ ਵੱਲੋਂ, ਫੇਰ ਲੱਥਣਾ ਨਸ਼ੇ ਦੀ ਤਾਰ ਔਖਾ।
ਹੋਵੇ ਚੰਡਿਆ ਪੀਰ ਉਸਤਾਦ ਦਾ ਜੋ, ਉਸ ਨੂੰ ਸਭਾ ਵਿਚ ਖਾਵਣਾ ਹਾਰ ਔਖਾ।
ਜਿਸ ਨੇ ਤ੍ਰਿਯਾ ਚਰਿਤ੍ਰ[6] ਨੂੰ ਵਾਰ ਡਿਠਾ ਠੱਗ ਸਕਦੀ ਓਸ ਨੂੰ ਨਾਰ ਔਖਾ।
ਲਾਹ ਪੰਡ ਗ੍ਰਿਹਸਤ ਦੀ ਪਰੇ ਸੁਟੀ, ਫੇਰ ਚੁਕਣਾ ਉਹਨਾਂ ਨੂੰ ਭਾਰ ਔਖਾ।
ਰਜ ਰਜ ਕੇ ਭੋਗ ਨੂੰ ਭੋਗ ਡਿੱਠਾ, ਫ਼ੇਰ ਜਾਗਣਾ ਰੋਗ ਦਾ ਪਿਆਰ ਔਖਾ।

---
1. ਸਬਰ ਕਰਾਰ=ਸ਼ਾਂਤੀ, ਚੈਨ। 2. ਨੌਕਰ। 3. ਝਗੜਾ। 4. ਚਾਹਵਾਨ। 5. ਪਿਆਰੇ। 6. ਇਸਤ੍ਰੀ ਦੇ ਸੁਭਾਅ।

ਲੱਥੀ ਸੰਗ, ਮਲੰਗ, ਨਿਸ਼ੰਗ ਹੋਏ, ਟੰਗ ਹੇਠ ਦੀ ਲੰਘਣਾ ਪਾਰ ਔਖਾ।
ਚਾਤ੍ਰਿਕ ਛੱਡ ਸੰਸਾਰ ਨੂੰ ਇਕ ਵਾਰੀ, ਫੇਰ ਫਾਸਣਾ ਵਿਚ ਆਸਾਰ[1] ਔਖਾ।

ਸੰਤ, ਰੂਪ ਭਗਵੰਤ ਦੇ ਹੋਣ ਸਚੇ, ਭੇਦ ਜਾਣਦੇ ਓਸ ਕਰਤਾਰ ਦੇ ਨੀ।
ਦੁਖੀ ਦੀਨ ਦੀ ਰਛਿਆ ਕਰਨ ਹਾਰੇ, ਭਲੇ ਬੁਰੇ ਦੀ ਪੀੜ ਵਿਚਾਰਦੇ ਨੀ।
ਜੇਹੜਾ ਸ਼ਰਨ ਆਵੇ ਕਰਨ ਪ੍ਰਤਿਪਾਲਾ, ਹਰਨ ਦੁਖ ਦੇ ਸ਼ਾਂਤੀ ਠਾਰਦੇ ਨੀ।
ਰਾਮ ਨਾਮ ਜਹਾਜ਼ ਤੇ ਚਾੜ੍ਹ ਖਲਕਤ, ਬਦੋ ਬਦੀ ਭੀ ਪਾਰ ਉਤਾਰਦੇ ਨੀ।
ਜਗਤ ਸਿੰਧ[2] ਦੇ, ਸੰਤ ਮਲਾਹ ਸਚੇ, ਦੁਖ ਕੱਟਣੇ ਹਾਰ ਸੰਸਾਰ ਦੇ ਨੀ।
ਮਾਯਾ ਮੋਹ ਦੇ ਵਿਚ ਗਲਤਾਨ[3] ਜੇਹੜੇ, ਸੋਟਾ ਖਿਚ ਗਿਆਨ ਦਾ ਮਾਰਦੇ ਨੀ।
ਜਾਗ ਜਾਗ ਮੁਸਾਫਰਾ ਵੇਲੜਾ ਈ, ਤੜਕੇ ਪੈਹਰ ਦੇ ਉਠ ਪੁਕਾਰਦੇ ਨੀ।
ਰਾਖੀ ਚੋਰ ਚਕਾਰ ਤੋਂ ਕਰਨਹਾਰੇ, ਪੈਹਰੇਦਾਰ ਦੇ ਵਾਂਗ ਲਲਕਾਰਦੇ ਨੀ।
ਸੀਨਾ ਸ਼ਰਦ ਕਰਦੇ ਦੂਰ ਦਰਦ ਕਰਦੇ, ਸਿਧਾ ਨਰਦ ਕਰਦੇ ਕ੍ਰਿਪਾ ਧਾਰਦੇ ਨੀ।
ਜਏ ਜਗਤ ਦੇ ਵਿਚ ਸਰਬੰਸ ਹਰਿਆ, ਵਿਗੜੀ ਖੇਡ ਨੂੰ ਫੇਰ ਸਵਾਰਦੇ ਨੀ।
ਫਸੇ ਵਿਚ ਗ੍ਰਿਹਸਤ ਦੀ ਅਗ ਸੜਦੇ, ਬੂਹੇ ਵਾੜਗ ਸੁਰਗ ਦੁਆਰ ਦੇ ਨੀ।
ਝੂਠੀ ਰਾਸ ਤੇ ਬੰਨ੍ਹ ਵਿਸ਼ਵਾਸ ਬੈਠੇ, ਓਹਨਾਂ ਫਾਸ ਤੋਂ ਕਢਕੇ ਤਾਰਦੇ ਨੀ।
ਪਾਕ ਸਾਫ ਕਰਦੇ ਕੁੰਦਨ[4] ਵਾਂਗ ਧੋ ਕੇ, ਜਨਮ ਜਨਮ ਦੀ ਮੈਲ ਉਤਾਰਦੇ ਨੀ।
ਦੇਗ ਵਰਤਦੀ ਨਾਮ ਦੀ ਦਿਨੇ ਰਾਤੀ, ਮਾਲਕ ਸੰਤ ਅਨਟੁਟ ਭੰਡਾਰ ਦੇ ਨੀ।
ਸੰਤ ਅੰਤ ਦੇ ਵੇਲਿਓਂ ਰੱਖ ਲੈਂਦੇ, ਸਿਧੇ ਵਿਚ ਬੈਕੁੰਠ ਖਲ੍ਹਾਰਦੇ ਨੀ।
ਜਿਵੇਂ ਲਖ ਤਾਰੇ ਤਿਵੇਂ ਕਰੋ ਕਾਰੇ, ਢਕੋ ਐਬ[5] ਚਾਤ੍ਰਿਕ ਗੁਨਾਹਗਾਰ ਦੇ ਨੀ।

ਜਵਾਬ ਗੁਰੂ ਜਤੇਂਦ੍ਰੀ ਨਾਥ ਜੀ

ਫਕਰ ਹੋਵਣਾ ਨਹੀਂ ਆਸਾਨ ਬੇਟਾ, ਜ਼ਰਾ ਆਪਣਾ ਵਿਤ ਪੈਹਚਾਨ ਬੇਟਾ।
ਤੂੰ ਹੈਂ ਰਾਜ-ਪੁਤਰ, ਤੈਨੂੰ ਜੋਗ ਔਖਾ, ਜਿਵੇਂ ਪੰਘਰੇ ਲੋਹੇ ਨੂੰ ਖਾਣ ਬੇਟਾ।
ਤੇਰੇ ਵਾਸਤੇ ਚਾਹੀਏ ਐਸ਼ ਇਸ਼ਰਤ[6], ਅਤੇ ਰੈਹਣ ਨੂੰ ਮੈਹਲ ਮਕਾਨ ਬੇਟਾ।
ਏਥੇ ਟੁੱਕ ਸੁੱਕੇ ਓਹ ਭੀ ਨਾਲ ਕਿਸਮਤ, ਰੈਹਣ ਬੈਹਣ ਨੂੰ ਸੁੰਵਾ ਮਸਾਨ ਬੇਟਾ।
ਜੀਉਂਦੀ ਜਿੰਦ ਮਰਨਾ ਸਾਧ ਹੋਵਣਾ ਹੈ, ਝਡ ਛਡਣੀ ਲਾਭ ਤੇ ਹਾਨ ਬੇਟਾ।
ਸੁਖ ਚੈਨ ਆਰਾਮ ਦਾ ਨਾਮ ਨਹੀਂ, ਦੁਖ ਭੁਖ ਦੇ ਨਿਤ ਸਤਾਨ ਬੇਟਾ।
ਸੁਖ ਵੇਚਕੇ ਦੁਖ ਖਰੀਦ ਲੈਣੇ, ਤਿਵੇਂ ਪ੍ਰੇਮ ਦੀ ਖੇਡ ਖਿਡਾਨ ਬੇਟਾ।
ਉਤੋਂ ਦਿਸਦੀ ਬੜੀ ਆਸਾਨ ਬੇਟਾ, ਵਿਚੋਂ ਦੁਖ ਤਕਲੀਫ ਦੀ ਖਾਨ ਬੇਟਾ।
ਸੁੱਕੀ ਲੱਕੜੀ ਚਬਣੀ ਬੜੀ ਔਖੀ, ਪਾਣੀ ਲਾਜ਼ਮੇ[7] ਬਾਝ ਲੰਤਾਨ ਬੇਟਾ।

1. ਨਾਸਵੰਤ, ਸਦਾ ਨਾ ਰਹਿਣ ਵਾਲਾ। 2. ਸਮੁੰਦਰ। 3. ਰੁਝੇ ਹੋਏ, ਮਸਤ, ਡੁੱਬੇ। 4. ਸੋਨਾ।
5. ਪਾਪ, ਨੁਕਸ। 6. ਮੌਜ ਮੇਲਾ। 7. ਸਵਾਦ।

ਕੌੜ ਰਿੰਮ ਦੀ ਚੀਜ਼ ਨਾ ਏਸ ਅਗੇ, ਹਠੀ ਤਪੀ ਭੀ ਦੇਖ ਡਰ ਪਾਨ ਬੇਟਾ।
ਭੁਖ, ਤ੍ਰੇਹ ਤੇ ਨੀਂਦ ਹਰਾਮ ਹੋਵਣ, ਨੈਣ ਨੀਰ ਦੀ ਝੜੀ ਲਗਾਨ ਬੇਟਾ।
ਪਿੰਜਰ, ਪਿੰਜਰੇ ਦੇ ਵਾਂਗ ਸੁਕ ਹੋਵੇ, ਹੁੱਟ ਜਾਂਵਦੇ ਨੈਨ ਖਰਾਨ ਬੇਟਾ।
ਜਦੋਂ ਝੋਲੜੀ ਚੁਕਕੇ ਗਦਾ[1] ਚੜੀਏ, ਤਾਹਨੇ ਲੋਗ ਹਜ਼ਾਰ ਸੁਨਾਨ ਬੇਟਾ।
ਕਾਲੀ ਰਾਤ ਉਜਾੜ ਪਹਾੜ ਦਿਸਣ, ਪਏ ਭੂਤ ਪਰੇਤ ਡਰਾਨ ਬੇਟਾ।
ਤੇਰੀ ਉਮਰ ਬਾਲੀ ਔਖੀ ਜਾਊ ਜਾਲੀ,[2] ਪਾਲੀ ਬਿਨਾਂ ਕੀ ਪ੍ਰੀਤ ਲਗਾਨ ਬੇਟਾ।
ਦੇਹੀ ਅਤਰ ਅੰਬੀਰ ਦੇ ਨਾਲ ਪਾਲੀ, ਔਖਾ ਹੋਊ ਬਿਭੂਤ ਰਮਾਨ[3] ਬੇਟਾ।
ਜਰੀ, ਬਾਦਲੇ, ਮਖਮਲਾਂ, ਅਤਲਸਾਂ[4] ਨੂੰ, ਛਡ ਨੰਗ ਧੜੰਗ ਹੋ ਜਾਨ ਬੇਟਾ।
ਪਲੰਘ ਰੇਸ਼ਮੀ ਸੇਜ ਸਿਰਹਾਣਿਆਂ ਨੂੰ, ਛਡ ਰੋੜ ਦੀ ਸੇਜ ਵਿਛਾਨ ਬੇਟਾ।
ਅਸੀਂ ਆਪ ਤਾਂ ਜਗਤ ਤੋਂ ਗਏ ਵਾਂਜੇ ਕਰੀਏ ਕਾਸ ਨੂੰ ਤੁਧ ਹੈਰਾਨ ਬੇਟਾ।
ਏਹ ਤਾਂ ਕੰਮ ਹੈ ਜਗਤ ਤੋਂ ਮੁਰਦਿਆਂ ਦਾ, ਔਖਾ ਰਾਜਿਆਂ ਜੋਗ ਕਮਾਨ ਬੇਟਾ।
ਤੈਨੂੰ ਚਾ ਕੀ ਕੁਦਿਆ ਸਾਧਗੀ ਦਾ ? ਜਾਕੇ ਘਰਾਂ ਦੀ ਮੌਜ ਨੂੰ ਮਾਨ ਬੇਟਾ।
ਤੁਸਾਂ ਆਪ ਖਰਾਇਤਾਂ[5] ਕੀਤੀਆਂ ਨੇ ਏਥੇ ਮੰਗਣਾ ਪਏਗਾ ਦਾਨ ਬੇਟਾ।
ਵਸਰ[6] ਪੁਗਦੇ ਇਹ ਕਮੀਨਿਆਂ ਨੂੰ, ਕਦੋਂ ਮੰਗ ਸਕਣ ਖਾਨਦਾਨ ਬੇਟਾ।
ਮੇਹਣੇ ਜੱਗ ਦੇ ਸਹੇ ਨਾ ਜਾਨ ਤੈਥੋਂ, ਔਖਾ ਛੱਡਣਾ ਮਾਨ ਅਪਮਾਨ ਬੇਟਾ।
ਟੁੱਕਰ ਵਾਸਤੇ ਤਰਸਦੇ ਮਰਨ ਸਾਧੂ, ਗ੍ਰਿਹਸਤੀ ਨਾਲ ਸਵਾਨ ਨਾ ਖਾਨ ਬੇਟਾ।
ਇਕ ਦੇਣ ਬੁਰਕੀ ਸੌ ਸੌ ਗਲ ਕਰਕੇ, ਧਕੇ ਮਾਰ ਕੇ ਪਰੇ ਹਟਾਨ ਬੇਟਾ।
ਸੋਚ ਦੇਖ ਖਾਂ ਆਪਣੇ ਜੀਉ ਅੰਦਰ, ਕਿੰਨੇ ਦੁਖ ਕੱਠੇ ਹੋਏ ਆਨ ਬੇਟਾ।
ਤੂੰ ਕੀ ਲਭਣਾ ਏ ਏਸ ਗਲ ਵਿਚੋਂ, ਘਰੀਂ ਬੈਠਕੇ ਭੱਜੋ ਭਗਵਾਨ ਬੇਟਾ।
ਆਖੇ ਲਗ ਤੇ ਸਮਝ ਏਹ ਹਈ ਵੇਲਾ, ਪੈਸੀ ਫੇਰ ਪਿਛੋਂ ਪਛੋਤਾਨ ਬੇਟਾ।
ਚਾਤ੍ਰਿਕ ਸੋਚ ਕਰਨ ਦਾਨਾ[7] ਬੰਦੇ, ਕਰਕੇ ਸੋਚਦੇ ਲੋਕ ਨਾਦਾਨ[8] ਬੇਟਾ।

ਜਵਾਬ ਭਰਥਰੀ ਹਰੀ ਜੀ

ਕਹਿੰਦਾ ਭਰਥਰੀ ਸਮਝਦਾ ਸਭ ਹਾਂ ਮੈਂ, ਸਾਰੀ ਗਲ ਆਖੀ ਤੁਸਾਂ ਸੱਚ ਬਾਬਾ।
ਮੈਂ ਭੀ ਸੋਚਕੇ ਹੀ ਘਰੋਂ ਨਿਕਲਿਆ ਸੀ, ਹੀਰੇ ਵਣਜਣੇ ਛਡ ਕੇ ਕੱਚ ਬਾਬਾ।
ਜੇਹੜੇ ਭੋਗ ਦੇ ਵਿਚ ਬਦਮਸਤ ਹੋਏ, ਨਰਕ ਅੱਗ ਤੋਂ ਨਾ ਸਕਨ ਬੱਚ ਬਾਬਾ।
ਧੌਣੋਂ ਪਕੜ ਕੇ ਦੂਤ ਧਰ ਲੈਣ ਅਗੇ, ਜੇਹੜੇ ਰਹੇ ਨੇ ਭੋਗ ਵਿਚ ਰੱਚ ਬਾਬਾ।
ਅੰਤ ਮੁਕਤ ਭਗਵਾਨ ਦੇ ਨਾਮ ਤੋਂ ਹੈ, ਕੂੜੇ ਸੁਖਾਂ ਨਾ ਰਖਣੀ ਪੱਤ ਬਾਬਾ।
ਜਿਹਨੂੰ ਜਾਗ ਆਵੇ ਵਿਸ਼ੇ ਫੰਧ ਵਿਚੋਂ, ਕਦੋਂ ਪਰਚਦਾ ਏਸ ਕੁਪੱਤ ਬਾਬਾ।
ਮੇਰੇ ਵਾਸਤੇ ਜਗਤ ਹਰਾਮ ਹੋਯਾ, ਓਹ ਅਰਾਮ, ਬਿਨਾਂ ਰਾਮ ਅਸੱਤ ਬਾਬਾ।

1. ਮੰਗਣ। 2. ਸਹਣੀ। 3. ਸਵਾਹ ਮਲ ਲੈਣੀ! 4. ਪੁਰਾਣੇ ਕੀਮਤੀ ਕਪੜੇ। 5. ਦਾਨ।
6. ਗੁਣ, ਏਥੇ ਕਸਬ ਜਾਂ ਕੰਮ ਦੇ ਸੁਭਾਅ ਦੇ ਅਰਥਾਂ ਵਿਚ ਹੈ। 7. ਸਿਆਣੇ। 8. ਇਵਾਣੇ।

ਭੱਠ ਪਿਆ ਸੋਨਾ ਜੇਹੜਾ ਕੰਨ ਪਾੜੇ, ਭੁਲੇ ਰਬ ਤਾਂ ਫਿਟ ਜਗਤ ਬਾਬਾ।
ਜਾਣ ਬੁਝਕੇ ਮਤ ਕਿਉਂ ਮਾਰ ਬੈਠਾ, ਜਾਵਾਂ ਵਿਚ ਗ੍ਰਿਹਸਤ ਦੇ ਵੱਤ ਬਾਬਾ।
ਏਨ੍ਹਾਂ ਦੂਖਾਂ ਨੂੰ ਭੋਗਸਾਂ ਲਖ ਵਾਰੀ, ਓਹਨਾਂ ਸੁਖਾਂ ਨੂੰ ਮਾਰਕੇ ਲੱਤ ਬਾਬਾ।
ਸਬਰ ਯਾਰ ਦਾ ਭਲਾ ਤੇ ਸੇਜ ਮੰਦੀ, ਜਿਥੇ ਗਿਆਨ ਦੇ ਹੋਵੇ ਫੱਤ ਫੱਤ ਬਾਬਾ।
ਜੰਗਲ, ਬਾਗ, ਬਹਾਰ ਤੋਂ ਲਖ ਚੰਗੇ, ਜਿਥੇ ਹੋਂਵਦੀ ਹਰੀ ਭਗਤ ਬਾਬਾ।
ਲੰਬੂ ਲਾਇਕੇ ਮੈਹਲ ਨਾ ਸਾੜਨੇ ਨੇ, ਅਸੀਂ ਲਭਣਾ ਸੱਤ ਦਾ ਤੱਤ ਬਾਬਾ।
ਓੜਕ ਕੰਮ ਆਸੀ ਹਥੋਂ ਬੀਜਿਆਈ, ਦਿਤੀ ਏਹੋ ਸਿਆਣਿਆਂ ਮਤ ਬਾਬਾ।
ਬਿਨਾਂ ਸ਼ਾਹ ਦੇ ਰਹੇ ਨਾ ਪਤ ਬਾਬਾ, ਅਤੇ ਗੁਰੂ ਦੇ ਬਾਝ ਨਾ ਗੱਤ ਬਾਬਾ।
ਆਯਾ ਆਸ ਕਰਕੇ ਨਾ ਨਿਰਾਸ ਕਰਨਾ, ਦਿਓ ਮੁੰਦਰਾਂ ਕੰਨ ਵਿਚ ਘੱਤ ਬਾਬਾ।
ਆਵੇ ਨਜ਼ਰ ਸੰਸਾਰ, ਸੰਸਾਰ ਵਾਂਗੂੰ, ਮੇਰੀ ਵੇਖਕੇ ਸੁੱਕਦੀ ਰੱਤ ਬਾਬਾ।
ਚਾਤ੍ਰਿਕ ਵੱਤ ਨਾ ਆਵਣਾ ਏਸ ਦੁਨੀਆਂ, ਹਰੀ ਭਜਨ ਦਾ ਏਹੋ ਵਕਤ ਬਾਬਾ।

ਜਵਾਬ ਗੁਰੂ ਜਤੇਂਦ੍ਰੀ ਨਾਥ ਜੀ

ਖੇਡ ਬਚਿਆਂ ਦੀ ਜੋਗ ਸਮਝ ਬੈਠੋਂ, ਏਥੇ ਉਮਰ ਦੇ ਵਾਇਦੇ[1] ਪੈਨ ਬਾਲੇ।
ਮੱਖਣ ਨਹੀਂ ਕੜੀਆਂ ਉਤੇ ਪਿਆ ਧਰਯਾ, ਚੁਕ ਮੁਖ ਦੇ ਵਿਚ ਪਾ ਲੈਨ ਬਾਲੇ।
ਏਥੇ ਨਹੀਂ ਵੈਰਾਟ[2] ਦੀ ਖਾਣ ਦੱਬੀ, ਇਥੇ ਨੰਗ ਤੇ ਭੁਖ ਹੀ ਹੈਨ ਬਾਲੇ।
ਜਦੋਂ ਦੁਖ ਫਕੀਰੀ ਦੇ ਨਜ਼ਰ ਆਏ, ਯਾਦ ਪੈਣਗੇ ਸਾਕ ਤੇ ਸੈਨ ਬਾਲੇ।
ਵਿਚ ਸਾਧਨਾ ਅਤੇ ਤਤਿੱਖਿਆਂ[3] ਦੇ ਇਕ ਘੜੀ ਨਾ ਮਿਲੇਗਾ ਚੈਨ ਬਾਲੇ।
ਠੇਡੇ ਖਾਂਦਿਆਂ ਜਾਵਸੀ ਮੱਤ ਮਾਰੀ, ਫੜਨੀ ਬਾਂਹ ਨਹੀਂ ਭਾਈ ਭੈਨ ਬਾਲੇ।
ਬਾਜ਼ੀ ਸਿਰਾਂ ਤੇ ਧੜਾਂ ਦੀ ਲਗ ਜਾਣੀ, ਯਾਰ ਨਾਲ ਲੜ ਗਏ ਜਦੋਂ ਨੈਨ ਬਾਲੇ।
ਭੁਲ ਜਾਵਣੇ ਸੁਖ ਅਰਾਮ ਸਾਰੇ, ਸਭੇ ਆਸ ਦੀ ਢੇਰੀਆ ਢੈਨ ਬਾਲੇ।
ਸਭੇ ਖਾਹਿਸ਼ਾਂ ਯਾਰ ਤੋਂ ਵਾਰਕੇ ਤੇ, ਰਾਜ਼ੀ ਓਸ ਰਜ਼ਾ ਤੇ ਰੈਹਨ ਬਾਲੇ।
ਬਿਨਾਂ ਸਿੱਕ ਦੀਦਾਰ ਦੀ ਹੋਰ ਕੋਈ, ਸਿੱਕ ਰਖਣੀ ਨਾ ਦੇਨ ਲੈਨ ਬਾਲੇ।
ਰੈਹਣਾ ਆਪ ਅਡੋਲ ਨਿਰਚਾਹ ਹਰਦਮ, ਵੈਹਨ ਨਦੀ ਦੇ ਕੁਦ੍ਰਤੀ ਵੈਹਨ ਬਾਲੇ।
ਚਾਤ੍ਰਿਕ ਜਿਨ੍ਹਾਂ ਨੇ ਦੇਖੀਆਂ ਸੋਨ ਚਿੜੀਆਂ, ਕਦੋਂ ਨਾਲ ਅਰਾਮ ਦੇ ਬੈਹਨ ਬਾਲੇ।

ਜਵਾਬ ਗੁਰੂ ਜਤੇਂਦ੍ਰੀ ਨਾਥ ਜੀ

ਜਿਨ੍ਹਾਂ ਸ਼ਰਨ ਭਗਵਾਨ ਦੀ ਫੜੀ ਆਕੇ, ਉਨ੍ਹਾਂ ਭੁਖ ਕੀ ਰੈਹ ਗਈ ਹੋਰ ਬਾਕੀ ?
ਅੰਮ੍ਰਿਤ ਕੰਡ ਦੇ ਵਿਚ ਪਏ ਹੋਏ ਸੀਤਲ, ਓਥੇ ਰਹੇ ਕੀ ਅਗਨ ਦਾ ਜ਼ੋਰ ਬਾਕੀ ?
ਜਿਨ੍ਹਾਂ ਸੰਤ ਦੀ ਮੇਹਰ ਦਾ ਲਿਆ ਤਕਵਾ[4], ਓਹਨਾਂ ਰੈਹ ਗਏ ਨਾ ਪਾਪ ਘੋਰ ਬਾਕੀ ?

---

1. ਝਗੜੇ, ਵਖਤ। 2. ਧਨ ਦੇ ਅਰਥਾਂ ਵਿਚ ਵਰਤਿਆ ਹੈ। 3. ਤਪ। 4. ਆਸਰਾ।

ਕੀਤਾ ਸੀਸ ਤਸਲੀਮ[1] ਦਾ ਜਿਨ੍ਹਾਂ ਨੀਵਾਂ, ਓਥੇ ਰਿਹਾ ਕੀ ਹੰਗਤ[2] ਸ਼ੋਰ ਬਾਕੀ ?
ਜਿਨ੍ਹਾਂ ਪ੍ਰੇਮ ਦੇ ਨਸ਼ੇ ਦੀ ਤਾਰ ਬੱਝੀ, ਰਿਹਾ ਹੋਰ ਕੀ ਚਾਹੜਨਾ ਲੋਰ ਬਾਕੀ ?
ਜੇਹੜੇ ਜੀਉਂਦੀ ਜਿੰਦ ਫਨਾਹ[3] ਹੋਏ, ਉਨ੍ਹਾਂ ਖੌਫ ਕੀ ਮੜ੍ਹੀ ਤੇ ਗੌਰ ਬਾਕੀ ?
ਜਦੋਂ ਨਾਮ ਦਾ ਲਾਲ ਅਮੋਲ ਲਭਾ, ਰਹੀ ਹੋਰ ਕਿਸ ਦਰਬ[4] ਦੀ ਥੋੜ ਬਾਕੀ ?
ਤੁਰੇ ਰਾਹ ਮਹਬੂਬ ਦੇ ਵਲ ਜੇਹੜੇ, ਝੂਠੇ ਸੁਖਾਂ ਦੀ ਰਹੀ ਕੀਹ ਲੋੜ ਬਾਕੀ ?
ਧਰਕੇ ਜਾਨ੍ਹ ਤਲੀ ਉਤੇ ਗਲੀ ਆਏ, ਖੌਫ ਮੌਤ ਦਾ ਦੇਨ ਨਾ ਛੋੜ ਬਾਕੀ ?
ਚਾਤ੍ਰਿਕ ਪ੍ਰੇਮ ਦੀ ਖੇਡ ਤੇ ਖੌਫ ਦੁਖੋਂ, ਦੋਹਾਂ ਧਿਰਾਂ ਦਾ ਰਹੇ ਨਾ ਜੋੜ ਬਾਕੀ ?

ਜਵਾਬ ਗੁਰੂ ਜਤੇਂਦ੍ਰੀ ਨਾਥ ਜੀ ਦਾ

ਇਸ ਸਾਧਗੀ ਦੀ ਕਠਨ ਸਾਧਨਾ ਹੈ, ਚੜ੍ਹਨਾ ਜਿਸ ਤਰ੍ਹਾਂ ਸਿਖਰ ਖਜੂਰ ਬੇਟਾ।
ਜੇਹੜਾ ਚੜੇ ਸੋ ਚੂਪਦਾ ਪ੍ਰੇਮ ਰਸ ਨੂੰ, ਡਿੱਗ ਪਏ ਤਾਂ ਚਕਨਾ ਚੂਰ ਬੇਟਾ।
ਕਈ ਹੌਸਲਾ ਧਾਰਕੇ ਜਾ ਚੜ੍ਹਦੇ, ਕਦਮ ਰਖਦੇ ਨਾਲ ਸ਼ਾਊਰ[5] ਬੇਟਾ।
ਕਈ ਥੋੜ ਦਿਲੀਏ ਜੀਉ ਛੱਡ ਬੈਂਹਦੇ, ਜਾਕੇ ਪਰਤ ਪੈਂਦੇ ਥੋੜੀ ਦੂਰ ਬੇਟਾ।
ਕਈ ਮੁਢ ਹੀ ਦੇਖ ਕੇ ਕੰਬ ਜਾਵਨ, ਲੱਕ ਟੁਟਕੇ ਨਿਕਲੇ ਘੂਰ ਬੇਟਾ।
ਜੇਹੜੇ ਚੜ੍ਹੇ ਸੋ ਵੜਦੇ ਦਰਬਾਰ ਅੰਦਰ, ਦਰਸ਼ਨ ਪਾਂਵਦੇ ਖਾਸ ਹਜ਼ੂਰ ਬੇਟਾ।
ਜੇਹੜੇ ਸਫਰ ਦੇ ਡਰੋਂ ਹੀ ਪਰਤ ਆਏ, ਉਨ੍ਹਾਂ ਦੇਖਿਆ ਨਾ ਸਚਾ ਨੂਰ[6] ਬੇਟਾ।
ਨਾ ਉਹ ਪੱਕ ਸਕੇ, ਨਾ ਉਹ ਰਹੇ ਕੱਚੇ ਦਾਧੜ ਹੋ ਗਏ ਵਿਚ ਤੰਦੂਰ ਬੇਟਾ।
ਹੰਸ ਬਣੇ ਨਾ ਕਾਉਂ ਦੀ ਬਾਣ ਭੁਲੀ, ਅਕਲ ਹੋਸ਼ ਸਭ ਹੋਇ ਕਾਫੂਰ[7] ਬੇਟਾ।
ਕੀੜੇ ਵਾਂਗ ਮੁੜ ਮੁੜ ਭਾਂਬੜ ਵਿਚ ਪੈਂਦੇ, ਭੁੱਜ ਹੋਂਵਦੇ ਵਾਂਗ ਮਨੂੰਰ[8] ਬੇਟਾ।
ਛੱਡ ਰਾਹ ਖੁਦਾਈ ਗਦਾਈ[9] ਫੜਦੇ, ਸਚੋਂ ਨਿਕਲਕੇ ਫਸਦੇ ਕੂੜ ਬੇਟਾ।
ਕਢੀ ਕਬਰ ਨੂੰ ਲਭਦਾ ਸਭ ਕੋਈ, ਪਵੇ ਨੀਰ ਨਾ ਝੋਲਕੇ ਬੂਰ ਬੇਟਾ।
ਬਾਣੇ ਫਕਰ ਨੂੰ ਜਾ ਬਦਨਾਮ ਕਰਦੇ, ਵਿਚ ਜਗਤ ਦੇ ਪਾਉਣ ਫਤੂਰ ਬੇਟਾ।
ਲੋਕ ਇਕ ਦਾ ਵੇਖ ਕਸੂਰ ਕੋਈ, ਸਾਰੇ ਭੇਖ ਦਾ ਗਿਣਨ ਕਸੂਰ ਬੇਟਾ।
ਇਕ ਛਿੱਟ ਜੋ ਦੁਧ ਵਿਚ ਪਏ ਕਾਂਜੀ, ਸਾਰਾ ਫਿਟਦਾ ਦੁਧ ਜ਼ਰੂਰ ਬੇਟਾ।
ਚਾਤ੍ਰਿਕ ਫੇਰ ਜੋ ਭੇਖ ਨੂੰ ਲੀਕ ਲਾਨੀ, ਪਹਿਲੇ ਸ਼ਰਤ ਨੂੰ ਕਰੋ ਮਨਜ਼ੂਰ ਬੇਟਾ।

ਜਵਾਬ ਭਰਥਰੀ ਹਰੀ ਜੀ ਦਾ

ਜੇਹੜੇ ਰੰਗ ਮਜੀਠ ਦੇ ਗਏ ਰੰਗੇ, ਓਹਨਾਂ ਫੇਰ ਕਸੁੰਭੜਾ ਲਾਵਨਾ ਕੀ ?
ਛੱਡ ਦੂਖ ਸਿਆਪੜੇ ਜੱਗ ਵਾਲੇ, ਫੇਰ ਗਲੇ ਜੰਜ਼ਾਲ ਨੂੰ ਪਾਵਨਾ ਕੀ ?

---

1. ਪਰਨਾਮ। 2. ਹੰਕਾਰ। 3. ਨਾਸ। 4. ਧਨ। 5. ਅਕਲ। 6. ਚਾਨਣ। 7. ਉਡ ਗਏ।
8. ਸੜਿਆ ਲੋਹਾ, ਜੰਗਲ। 9. ਮੰਗਣਾ।

ਮੈਂ ਤਾਂ ਸਾਰੀਆਂ ਵੇਖੀਆਂ ਖੇਡ ਖੇਡਾਂ, ਖਾਧੇ ਹੋਇ ਤੇ ਫੇਰ ਮੈਂ ਖਾਵਨਾ ਕੀ ?
ਅਗੇ ਘਟ ਨਾਂਹੀ ਮੇਰੇ ਨਾਲ ਹੋਈ, ਸੁੱਤੇ ਹੋਏ ਨੇ ਘਰਾਂ ਨੂੰ ਜਾਵਨਾ ਕੀ ?
ਵੱਜਾ ਤੀਰ ਕਲੇਜੜੇ ਛੇਕ ਹੋਯਾ, ਓਥੇ ਮਰਹਮ ਨੇ ਜ਼ਖਮ ਹਟਾਵਨਾ ਕੀ ?
ਜਿਥੇ ਗਏ ਦਾ ਕਦਰ ਨਾ ਮੂਲ ਹੋਵੇ, ਵੱਲ ਵੱਲ ਕੇ ਝਾਤੀਆਂ ਪਾਵਨਾ ਕੀ ?
ਜਿਸ ਨਾਉ[1] ਨੂੰ ਵੰਞ ਨਾ ਹੋਇ ਚਪਾ, ਉਤੇ ਓਸ ਦੇ ਕਦਮ ਟਿਕਾਵਨਾ ਕੀ ?
ਜੇਹੜੀ ਮੈਂਹਦੜੀ ਵਿਚ ਨਾ ਰੰਗ ਹੋਵੇ, ਘੋਲ ਓਸ ਨੂੰ ਹਥ ਲਗਾਵਨਾ ਕੀ ?
ਜਿਨ੍ਹਾਂ ਜਾਣਿਆ ਜਗਤ ਦਾ ਸੁਖ ਸੁਪਨਾ, ਓਹਨਾਂ ਫੇਰ ਪਿਛੋਂ ਪਛੋਤਾਵਨਾ ਕੀ ?
ਅੰਮ੍ਰਿਤ ਰਸਾ ਜੋ ਚੱਖ ਕੇ ਅਮਰ ਹੋਏ, ਸ਼ੱਕਰ ਗੁੜਾਂ ਤੇ ਚਿੱਤ ਭਰਮਾਵਨਾ ਕੀ ?
ਤਿੰਨ ਲੋਕ[2] ਦੀ ਸੰਪਦਾ[3] ਥੁਕ ਸੁਟੀ, ਤੁਛ ਸੁਖਾਂ ਤੇ ਜੀਉ ਡੁਲਾਵਨਾ ਕੀ ?
ਚਾਤ੍ਰਿਕ ਰਾਵਿਆ[4] ਕੰਤ ਭਗਵੰਤ ਜਿਸ ਨੇ, ਓਸ ਨਾਰ ਨੇ ਹੋਰ ਨੂੰ ਰਾਵਨਾ ਕੀ ?

ਜਵਾਬ ਗੁਰੂ ਜਤੇਂਦ੍ਰੀ ਨਾਥ ਜੀ

ਬੇਟਾ ਧੰਨ ਤੂੰ ਹੈਂ, ਧੰਨ ਜਿਗਰਾ, ਮਾਈ ਬਾਪ ਤੇਰਾ ਧੰਨ ਧੰਨ ਪੂਤਾ।
ਆਇਓਂ ਤੋੜਕੇ ਫਾਹੀਆਂ ਜਗ ਵਲੋਂ, ਕੀਤੇ ਮਿਠੜਾ ਹਰੀ ਭਜਨ ਪੂਤਾ।
ਤਿਨਕਾ ਤੋੜਦੇ ਰਤਾ ਨਾ ਦੇਰ ਲਾਈਓ, ਕੀਤਾ ਵਾਂਗ ਸ਼ੀਸੇ ਸਾਫ ਮਨ ਪੂਤਾ।
ਐਸ਼ ਇਸ਼ਰਤਾਂ ਦੇ ਸਿਰ ਸੁਆਹ ਪਾਕੇ, ਚਾਹਿਓਂ ਖੇਹ ਰੁਲਾਵਨਾ ਤਨ ਪੂਤਾ।
ਆਈ ਜਾਗ, ਸੁਤੇ ਭੋਗ ਨੀਂਦ ਅੰਦਰ, ਗਏ ਤੀਰ ਵੈਰਾਗ ਦੇ ਵਿੰਨ੍ਹ ਪੂਤਾ।
ਫਸੇ ਵਿਚ ਗ੍ਰਿਹਸਤ ਦੇ ਖੋਭਿਆਂ ਦੇ, ਕੀਤੇ ਆਪਣਾ ਆਪ ਚੇਤੰਨ ਪੂਤਾ।
ਸੁਤੇ ਉਠਕੇ ਖੇਪ ਸੰਭਾਲ ਲਈਓ, ਪੰਜੇ ਚੋਰ[5] ਲਾ ਰਹੇ ਸਨ ਸੰਨ੍ਹ ਪੂਤਾ।
ਸੰਭਲ ਗਿਓਂ ਨਾ ਖੁੰਝਿਓਂ ਵੇਲੜੇ ਨੂੰ, ਪਾਯੋ ਪਾਪ ਦੀ ਨਦੀ ਨੂੰ ਬੰਨ੍ਹ ਪੂਤਾ।
ਕਿਸੇ ਸਮੇਂ ਦੇ ਲੈਹਣੀਏ ਦੇਣੀਏ ਨੇ, ਦਿਤਾ ਗਯਾਨ ਤੈਨੂੰ ਬਣਕੇ ਰੰਨ ਪੂਤਾ।
ਭਲੇ ਭਾਗ ਜਿਨ੍ਹਾਂ, ਸੰਤ ਸ਼ਰਨ ਫੜਦੇ, ਜਨਮ ਜਨਮ ਦੀ ਮੈਲ ਧੋਵੰਨ ਪੂਤਾ।
ਇਕੋ ਜਾਵਣਾ ਨਾਲ ਭਗਵੰਤ ਸਿਮਰਨ, ਧਰੇ ਰੈਹਣਗੇ ਅੰਨ ਤੇ ਧੰਨ ਪੂਤਾ।
ਇਕ ਪਰਖ ਦੀ ਲੋੜ ਹੈ ਹੋਰ ਬਾਕੀ, ਜੇਹੜੀ ਗੱਲ ਮੈਂ ਆਖਨਾ ਮੰਨ ਪੂਤਾ।
ਜੇਕਰ ਇਸ ਪ੍ਰੀਖਿਆ ਪਾਸ ਹੋਇਓਂ, ਜੋਗ ਦਿਆਂਗਾ ਹੋਇ ਪ੍ਰਸੰਨ ਪੂਤਾ।
ਜਿਵੇਂ ਸੇਰਨੀ ਦਾ ਦੁਧ ਟਿਕੇ ਔਖਾ, ਤਿਵੇਂ ਜੋਗ ਦੀ ਕਾਰ ਕਠਨ ਪੂਤਾ।
ਮੋਢੇ ਪਾ ਬਗਲੀ ਮਲ ਸੁਆਹ ਮੂੰਹ ਤੇ, ਮੰਗ ਪਿੰਨ ਲਿਆਵਨਾ ਅੰਨ ਪੂਤਾ।
ਜਾਕੇ ਰਾਣੀਆਂ ਦੇ ਤਾਈਂ ਮਾਊਂ ਆਖੀਂ, ਸਾਬਤ ਹੋਕੇ ਕਰੀਂ ਬਚਨ ਪੂਤਾ।
ਰਹੇ ਵਿਤਕਰਾ ਮੂਲ ਨਾ ਚਿਤ ਅੰਦਰ, ਮਾਊਂ ਭੈਣ ਸਮਝੀਂ ਵੇਖ ਜਨ[6] ਪੂਤਾ।
ਤਦੋਂ ਜੋਗ ਦੇ ਲਾਇਕ ਤੂੰ ਠੀਕ ਹੋਸੇਂ, ਲਵੇਂ ਇਸਤ੍ਰੀ ਤੋਂ ਅੰਨ ਪਿੰਨ੍ਹ[7] ਪੂਤਾ।

---

1. ਬੇੜੀ। 2. ਅਕਾਸ਼, ਪਤਾਲ ਤੇ ਮਾਤ। 3. ਧਨ ਪਦਾਰਥ, ਸੰਪਤੀ। 4. ਮਾਣਿਆ ਮਿਲ ਗਿਆ।
5. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। 6. ਇਸਤ੍ਰੀ। 7. ਮੰਗ।

ਓਹ ਭੀ ਹੋਵੇ ਪ੍ਰਸੰਨ ਪਾ ਖੈਰ ਦੇਵੇ, ਤੂੰ ਭੀ ਵੇਖ ਨਾ ਫਟਕਨਾ ਕੰਨ ਪੂਤਾ।
ਚਾਤ੍ਰਿਕ ਨਾਰ ਦਾ ਮੋਹ ਜੋ ਜਾਗ ਆਯਾ, ਏਸ ਪਾਪ ਦਾ ਲਗਸੀ ਡੰਨ ਪੂਤਾ।

ਜਵਾਬ ਭਰਥਰੀ ਹਰੀ ਜੀ

ਮੂੰਹੋਂ ਬੋਲਕੇ ਸੁਖਨ ਨਾ ਮਰਦ ਫਿਰਦੇ, ਏਸ ਗਲ ਦਾ ਖੌਫ ਨਾ ਮੂਲ ਮੈਨੂੰ।
ਜੇਹੜੇ ਥਾਂ ਛਡੇ ਲੈਨਾਂ ਨਾਉਂ ਕੇਹਾ ? ਐਪਰ ਆਪ ਦਾ ਹੁਕਮ ਕਬੂਲ ਮੈਨੂੰ।
ਏਹ ਤਾਂ ਗਲ ਹੈ ਬੜੀ ਆਸਾਨ ਜੇਹੀ, ਮੰਗੋ ਸੀਸ ਤਾਂ ਨਹੀਂ ਅਦੂਲ[1] ਮੈਨੂੰ।
ਜੇਕਰ ਕਹੋ ਸੂਲੀ ਉਤੇ ਚੜ੍ਹਾਂਗਾ ਮੈਂ, ਇਕ ਰਤੀ ਨਾ ਹੋਵਸੀ ਮੂਲ ਮੈਨੂੰ।
ਕੌਡੀ ਸੁਟਕੇ ਫੇਰ ਨਾ ਥੁਕ ਚੱਟੇ, ਮਾਉਂ ਆਖਿਆ ਨਹੀਂ ਨਜ਼ੂਲ[2] ਮੈਨੂੰ।
ਇਕ ਵਾਰ ਜਾਂ ਵਿਸ਼ੇ ਨੂੰ ਵਿੱਸ ਜਾਤਾ, ਫੇਰ ਮਾਰ ਕੀ ਸਕਦਾ ਚੂਲ ਮੈਨੂੰ ?
ਚੁਟਕੀ ਧੂੜ ਬਿਭੂਤ ਅਸੀਸ ਦੇਕੇ, ਹੋਵੇ ਆਗਿਆ ਜ਼ਰਾ ਹਸੂਲ[3] ਮੈਨੂੰ ?
ਹਥੀਂ ਆਪਣੀ ਦਿਓ ਫੜਾ ਝੋਲੀ, ਤੋਰੋ ਸੋਧ ਕੇ ਵਿਧੀ ਅਨੰਕੂਲ[4] ਮੈਨੂੰ ।
ਜੇਕਰ ਸਹੀ ਸਲਾਮਤੀ ਆਨ ਪਹੁੰਚਾ, ਫੇਰ ਵਾੜਨਾ ਗਯਾਨ ਸਕੂਲ ਮੈਨੂੰ।
ਚਾਤ੍ਰਿਕ ਕਰੋ ਕਿਰਪਾ-ਜਾਕੇ ਝਬ ਆਵਾਂ, ਭਾਵੇ ਹੋਰ ਨਾ ਤੂਲ[5] ਫਜ਼ੂਲ[6] ਮੈਨੂੰ।

ਭੇਜਨਾ ਭਰਥਰੀ ਹਰੀ ਨੂੰ ਗੁਰੂ ਜੀ ਨੇ ਉਜੈਨ ਨਗਰੀ ਦੇ ਰਣਿਵਾਸ ਵਿਚ

ਹਥੀਂ ਤੋਰਿਆ ਗੁਰੂ ਅਸੀਸ ਦੇਕੇ, ਤੇਰਾ ਹੋਵੇ ਸੰਪੂਰਨਾ ਜੋਗ ਬੱਚਾ।
ਰਖੀਂ ਚਿਤ ਦੇ ਵਿਚ ਭਗਵਾਨ ਚੇਤੇ, ਕੋਈ ਲੱਗ ਨਾ ਸਕੇਗਾ ਰੋਗ ਬੱਚਾ।
ਹਰ ਕਿਸੇ ਨੂੰ ਜਾਣਕੇ ਭੈਣ ਮਾਈ, ਲੈਣੀ ਪੰਛੀਆਂ ਵਾਲੜੀ ਚੋਗ ਬੱਚਾ।
ਮਹਾਂਦੇਵ ਜੀ ਧਰਨਗੇ ਹਥ ਸਿਰ ਤੇ, ਤੇਰਾ ਚਿਤ ਨਾ ਡੋਲਨਾ ਹੋਗ ਬੱਚਾ।
ਜਾਈਂ ਝੱਬ ਤੇ ਝੱਬ ਹੀ ਪਰਤ ਆਈਂ, ਕਿਤੇ ਵੇਖ ਨਾ ਰੀਝਨਾ ਭੋਗ ਬੱਚਾ।
ਅਤਰ ਜਾਨਣਾ ਭਜਨ ਭਗਵਾਨ ਦੇ ਨੂੰ, ਅਤੇ ਭੋਗ ਨੂੰ ਸਮਝਣਾ ਫੋਗ ਬੱਚਾ।
ਤੇਰੀ ਬੁਧ ਤੇ ਚਾਨਣਾ ਰਬ ਪਾਇਆ, ਦੂਰ ਹੋਣਗੇ ਸਾਰੜੇ ਸੋਗ ਬੱਚਾ।
ਚਾਤ੍ਰਿਕ ਰਬ ਦੇ ਰਾਹ ਤੇ ਪੈਰ ਧਰਦਾ, ਜਿਸਦੇ ਹੋਂਵਦੇ ਭਲੇ ਸੰਜੋਗ ਬੱਚਾ।

ਕਵੀਓ ਵਾਚ

ਵੇਖ ਕੁਦਰਤਾਂ ਦੀ ਰੰਗਾ ਰੰਗ ਰੰਗਤ, ਦੰਗ ਹੋਂਵਦਾ ਚਿਤ ਇਨਸਾਨ ਦਾ ਏ।
ਸਾਈਂ ਖੇਲ ਬੇਅੰਤ ਬਣਾ ਰਖ, ਤਰ੍ਹਾਂ ਤਰ੍ਹਾਂ ਦੀਆਂ ਰੰਗਤਾਂ ਠਾਨਦਾ ਏ।

---
1. ਨਾਂਹ, ਮੋੜ। 2. ਹੇਠੀ, ਹਤਕ। 3. ਪ੍ਰਾਪਤ, ਮਿਲਣਾ। 4. ਤ੍ਰੀਕੇ ਅਨੁਸਾਰ। 5. ਲਮਕਾਉਣਾ।
6. ਵਾਧੂ।

ਕਰੇ ਉਤਲਿਆਂ ਹੇਠ ਤੇ ਹੇਠ ਉਤੇ, ਫਰਕ ਪਾਂਵਦਾ ਜ਼ਿਮੀ ਅਸਮਾਨ ਦਾ ਏ।
ਸੁੱਕੇ ਥਲਾਂ ਦੇ ਵਿਚ ਦਰਿਆ ਵਗਦੇ, ਵਗਦੀ ਨਦੀ ਦੇ ਰੇਤ ਨੂੰ ਛਾਨਦਾ ਏ।
ਜਿਥੇ ਹਾਸ ਤਮਾਸ਼ੜੇ ਸਦਾ ਹੁੰਦੇ, ਕੁਦਰਤ ਕਰੇ ਉਹ ਥਾਨ ਸ਼ਮਸ਼ਾਨ ਦਾ ਏ।
ਚਾਤ੍ਰਿਕ ਹੋਣ ਸਿਆਪੜੇ ਵਿਚ ਸ਼ਾਦੀ, ਪਾਸਾ ਪਰਤਦਾ ਜਦੋਂ ਭਗਵਾਨ ਦਾ ਏ।

ਰਾਜੇ ਹੇਠ ਗਿਰਾਇ ਕੇ ਗੱਦੀਆਂ ਤੋਂ, ਕਾਸਾ ਹਥ ਦੇ ਭੀਖ ਮੰਗਾਂਵਦਾ ਏ।
ਫਕਰ ਟੁੱਕਰੋਂ ਤੰਗ ਮਲੰਗ ਜੇਹੜੇ, ਹੋਵੇ ਮੇਹਰ ਤਾਂ ਤਖਤ ਬਿਠਾਂਵਦਾ ਏ।
ਵਸਦੇ ਘਰਾਂ ਦੀ ਮੌਜ ਬਹਾਰ ਅੰਦਰ, ਚਾਨ-ਚੱਕ ਸਿਆਪੜੇ ਪਾਂਵਦਾ ਏ।
ਗਮੀ, ਸ਼ਾਦੀਆਂ ਵਿਚ ਦਿਖਾਂਵਦਾ ਏ, ਕਿਤੇ ਉਜੜੇ ਥੇਹ ਵਸਾਂਵਦਾ ਏ।
ਗਰਦਸ਼[1] ਚਰਖ ਦੀ[2] ਟਿਕੇ ਇਕ ਜਗਾ, ਜਗਤ ਆਪਣੇ ਵਾਂਗ ਭਵਾਂਵਦਾ ਏ।
ਟਿੰਡਾਂ ਖੂਹ ਦੀਆਂ ਵਾਂਗ ਥਕਾਂਵਦਾ ਏ, ਕਰਦਾ ਸਖਣੇ ਕਦੇ ਭਰਾਂਵਦਾ ਏ।
ਰਾਜੇ ਭਰਥਰੀ ਦਾ ਹੋਇਆ ਚਰਖ ਪੁੱਠਾ, ਰਾਜ ਛਡ ਫਕੀਰ ਹੋ ਜਾਂਵਦਾ ਏ।
ਚਾਤ੍ਰਿਕ ਰਬ ਹੀ ਰਬ ਦੇ ਭੇਦ ਜਾਣੇ, ਸਮਝ ਜੀਵ ਦੇ ਵਿਚ ਨਾ ਆਂਵਦਾ ਏ।

ਰਾਜਾ ਭਰਥਰੀ ਹਰੀ ਨੇ ਓਥੇ ਫਕਰ ਬਣ ਝੋਲੜੀ ਅੱਡਨੀ ਹੈ

ਰਾਜਾ ਭਰਥਰੀ ਅਜ ਫਕੀਰ ਬਣਕੇ, ਮੰਗਣ ਚਲਿਆ ਆਪਣੇ ਦੇਸ ਮੁੜਕੇ।
ਘਰੋਂ ਨਿਕਲਿਆ ਤਖਤ ਤੋਂ ਉਠਕੇ ਸੀ, ਆਯਾ ਅਜ ਫਕੀਰ ਦੇ ਭੇਸ ਮੁੜਕੇ।
ਗਿਆ ਪੈਹਨਕੇ ਜ਼ਰੀ ਤੇ ਬਾਦਲੇ ਸੀ, ਆਯਾ ਅਜ ਹੀ ਮੈਲੜੇ ਵੇਸ ਮੁੜਕੇ।
ਜਿਨ੍ਹਾਂ ਰਾਣੀਆਂ ਨੂੰ ਆਪ ਭੋਗਦਾ ਸੀ, ਚਾਤ੍ਰਿਕ ਕਹੇਗਾ ਮਾਤ ਆਦੇਸ[3] ਮੁੜਕੇ।

ਫਰਕ ਪਿਆ ਜ਼ਮੀਨ ਅਸਮਾਨ ਵਾਲਾ, ਕਿਥੇ ਓਹ ਗਲਾਂ ਕਿਥੇ ਏਹ ਗਲਾਂ ?
ਹੋਣੀ ਪਲਟਿਆ ਤਖਤ ਇਕ ਵਾਰਗੀ ਹੀ, ਪੁਠੀ ਨਦੀ ਦੀਆਂ ਲੱਗੀਆਂ ਪੈਨ ਛੱਲਾਂ।
ਓਥੇ ਫਕਰ ਬਨ ਝੋਲੜੀ ਅੱਡਨੀ ਹੈ, ਜੇਹੜੇ ਮੈਹਲ ਤੇ ਬੱਧੀਆਂ ਆਪ ਵੱਲਾਂ।
ਕੈਹਰ ਕਰਨ ਲਗਾ-ਲੰਬੂ ਫੜਨ ਲਗਾ, ਚਾਤ੍ਰਿਕ ਫੂਕਸੀ ਲਾਇਕੇ ਅਗ ਝੱਲਾਂ।

ਰਸਤੇ ਵਿਚ ਜ਼ਨਾਨੀਆਂ ਨੇ ਮਸਤਾਨੜੇ ਜੋਗੀ ਨੂੰ ਵੇਖਕੇ ਹਮਦਰਦੀ ਕਰਨੀ

ਯੋਗੀਰਾਜ ਆਪਣੇ ਧਯਾਨ ਜਾਏ ਤੁਰਯਾ ਅਖੀਂ ਨੀਵੀਆਂ ਮਸਤ ਮਸਤਾਨੀਆਂ ਜੀ।
ਵਾਹਵਾ ਝੂਲਦਾ ਸੰਘਣੇ ਰੁਖ ਵਾਂਗੂੰ, ਖਾਕੇ ਪ੍ਰੇਮ ਵੈਰਾਗ ਦੀਆਂ ਕਾਨੀਆਂ[4] ਜੀ।

---

1. ਚਕਰ। 2. ਸੰਸਾਰ। 3. ਜੋਗੀ ਮੰਗਣ ਗਏ ਆਦੇਸ਼ ਆਖਦੇ ਹਨ, ਅਰਥ ਹੁਕਮ ਤੇ ਨਮਸਕਾਰ ਦੋਵੇਂ ਹਨ।
4. ਤੀਰ।

ਰਸਤੇ ਵਿਚ ਮੁਟਿਆਰਾਂ ਦੋ ਚਾਰ ਰਲੀਆਂ, ਗਲਾਂ ਕਰਦੀਆਂ ਜਾਨ ਜ਼ਨਾਨੀਆਂ ਜੀ।
ਚਾਤ੍ਰਿਕ ਵੇਖ ਕੇ ਮਲੀ ਸੁਆਹ ਮੂੰਹ ਤੇ, ਆਪੋ ਵਿਚ ਕੀ ਕਰਨ ਕਹਾਨੀਆਂ ਜੀ।

ਪਹਿਲੀ ਜ਼ਨਾਨੀ

ਸਾਂਈ ਲੋਕ ਮਸਤਾਨੜਾ ਸੰਤ ਅੜੀਓ, ਏਹਦੀ ਲਟਕ ਤੇ ਮਟਕ ਨਿਰਾਲੜੀ ਨੀ।
ਖ਼ਬਰੇ ਨਵਾਂ ਫਕੀਰਾਂ ਦੇ ਛਹੇ ਚੜ੍ਹਿਆ, ਅਜੇ ਜ਼ੁਲਫ ਵੀ ਏਸ ਦੀ ਕਾਲੜੀ ਨੀ।
ਮਲੀ ਖੇਹ ਵਿਚੋਂ ਪਈ ਦੇਹ ਲਿਸ਼ਕੇ, ਸੋਹਣੀ ਦੂਧ ਮਲਾਈਆਂ ਪਾਲੜੀ ਨੀ।
ਮੱਸ ਭਿੰਨੜਾ ਛੈਲ ਜਵਾਨ ਬਾਂਕਾ, ਰਾਖ ਵਿਚ ਭੀ ਭੱਖਦੀ ਲਾਲੜੀ ਨੀ।
ਖ਼ਬਰੇ ਘਰਾਂ ਤੋਂ ਰੁਸ ਫਕੀਰ ਹੋਯਾ ? ਅੜੀਓ ਜਾਪਦਾ ਨਹੀਂ ਸਵਾਲੜੀ ਨੀ।
ਪੁਤ ਕਿਸੇ ਅਮੀਰ ਸਰਦਾਰ ਦਾ ਹੈ, ਐਰ ਗੈਰ ਦੀ ਨਹੀਂ ਏਹ ਚਾਲੜੀ ਨੀ।
ਕਦੇ ਰੋਂਵਦਾ ਤੇ ਕਦੇ ਹੱਸ ਪੈਂਦਾ, ਜਿਵੇਂ ਚੀਜ਼ ਗਵਾਇਕੇ ਭਾਲੜੀ ਨੀ।
ਏਹਦੀ ਟੋਰ ਮਟਕੰਦੜੀ ਮੋਰ ਵਾਂਗੂੰ, ਹੋਕਰ ਮਾਰਦਾ ਪ੍ਰੇਮੀਆਂ ਵਾਲੜੀ ਨੀ।

ਦੂਸਰੀ ਜ਼ਨਾਨੀ

ਰਾਹੇ ਰਾਹ ਜਾਂਦਾ ਵਾਹੋ ਦਾਹ ਨੱਸਾ, ਕਿਤੇ ਅੱਗ ਦੀ ਢਾਂਡੜੀ ਬਾਲੜੀ ਨੀ।
ਦਿਸੇ ਨਵਾਂ ਪ੍ਰੇਮ ਦਾ ਤੀਰ ਖਾਕੇ, ਘਾਲ ਛਡਦਾ ਮੀਰੀਆਂ ਘਾਲੜੀ ਨੀ।
ਨੀਵੀਂ ਨਜ਼ਰ ਹੈ ਲੱਜ ਹਯਾ ਵਾਲੀ, ਛੇੜਨ ਲੋਕ ਤਾਂ ਦੇ ਨਾ ਗਾਲੜੀ ਨੀ।
ਸਬਰ-ਸ਼ੁਕਰ ਦਾ ਆਪ ਸਰੂਪ ਚਾਤ੍ਰਿਕ, ਟਡੇ ਕਿਸੇ ਥਾਂ ਨਹੀਂ ਹਥਾਲੜੀ ਨੀ।

ਤੀਸਰੀ ਜ਼ਨਾਨੀ

ਅੜੀਓ ਛੇੜ ਨਾ ਸਾਧ ਨੂੰ ਤੰਗ ਕਰੀਓ, ਪੂਰੇ ਗੁਰੂ ਦਾ ਦਿਸਦਾ ਭਾਂਡੜਾ ਨੀ।
ਸੁਣਿਆ ਭਰਥਰੀ ਰਾਜ ਫਕੀਰ ਹੋਯਾ, ਨਜ਼ਰ ਰੂਪ ਵਲੋਂ ਓਹੋ ਆਂਦੜਾ[1] ਨੀ।
ਛੱਡ ਦੇਸ ਵਲਾਇਤਾਂ ਸੁੰਞ ਮੱਲੀ, ਮੈਹਲ ਮਾੜੀਆਂ ਸੁਖ ਨਾ ਭਾਂਦੜਾ[2] ਨੀ।
ਨਿਹੁੰ ਨਾਲ ਭਗਵਤ ਦੇ ਲਾਯਾ ਸੂ, ਦੁਨੀਆਂ ਛਡਕੇ ਹੋ ਗਿਆ ਵਾਂਦੜਾ[3] ਨੀ।

ਚੌਥੀ ਜ਼ਨਾਨੀ

ਹਾਏ ਹਾਏ ਇਸ ਦੇਹ ਤੇ ਖੇਹ ਮਲੀ, ਕਾਹਨੂੰ ਐਡੜੇ ਵਖਤ ਕਮਾਂਦੜਾ ਨੀ।
ਏਹਦੀ ਉਮਰ ਸੀ ਹੱਸਨੇ ਖੇਡਨੇ ਦੀ, ਬੁੱਢਾ ਹੋਇ ਬਿਭੂਤ ਰਮਾਂਦੜਾ ਨੀ।

1. ਰੂਪ ਵਲੋਂ ਓਹੋ ਨਜ਼ਰ ਆਉਂਦਾ ਹੈ। 2. ਭਾਉਂਦਾ। 3. ਲਾਂਭੇ।

ਅਜੇ ਦੇਖਿਆ ਜੱਗ ਦਾ ਆਣ ਕੇ ਕੀ ? ਕੁਝ ਦੇਖ਼ਕੇ ਤਾਂ ਰੋਗ ਲਾਂਦੜਾ ਨੀ।
ਕੁੰਦਨ ਦੇਹ ਨੂੰ ਲਾਇਆ ਸੂ ਦਾਗ ਭੈੜੇ, ਕੋਈ ਏਸ ਨੂੰ ਨਹੀਂ ਸਮਝਾਂਦੜਾ ਨੀ।

ਚੌਥੀ ਜ਼ਨਾਨੀ ਦੁਬਾਰਾ

ਘਰ ਸੋਹਣੀ ਨਾਰ ਮੁਟਿਆਰ ਹੋਸੀ, ਦੁਖ ਦੇਖਕੇ ਸਹਿਆ ਨਾ ਜਾਂਦੜਾ ਨੀ।
ਰੋਂਦੀ ਮਰੇਗੀ ਚੰਦਰੀ ਮਗਰ ਲੱਗੀ, ਕੀਤੇ ਕੋਲ ਤਾਂ ਤੋੜ ਨਿਭਾਂਦੜਾ ਨੀ।
ਕੀਕਰ ਜੀਉਂਦੇ ਕੰਤ ਹੋ ਬਹੁ ਰੰਡੀ ? ਸੁਣਕੇ ਧੂਹ ਕਲੇਜੜਾ ਖਾਂਦੜਾ ਨੀ।
ਦੇਂਦਾ ਫਾਹ ਉਸ ਨੂੰ ਕਜ਼ੀਏ ਲਾਹ ਜਾਂਦਾ, ਹਿਜਰ ਵਿਚ ਨਾ ਜਿੰਦ ਮੁਕਾਂਦੜਾ ਨੀ।

ਪੰਜਵੀਂ ਜ਼ਨਾਨੀ

ਅੜੀਓ ਜਾਓ ਨੀ ਕੋਈ ਸਮਝਾਓ ਏਹਨੂੰ, ਭਲਾ ਅਜੇ ਭੀ ਗੱਲ ਮਨਾਂਦੜਾ ਨੀ।
ਮੈਨੂੰ ਰੋਣ ਆਵੇ ਦੇਖ ਉਮਰ ਬਾਲੀ, ਵਾਲੀ ਏਹੋ ਸੀ ਦੇਸ ਅਸਾਂਦੜਾ ਨੀ।
ਅਜੇ ਕੰਨ ਸਬੂਤ ਸੂ ਪਰਤ ਆਵੇ, ਡੁਲ੍ਹੇ ਬੇਰ ਦਾ ਵਿਗੜ ਕੀ ਜਾਂਦੜਾ ਨੀ ?
ਚਾਤ੍ਰਿਕ ਘਰਾਂ ਦੇ ਵਿਚ ਅਰਾਮ ਭੋਗੇ, ਕਾਹਦੇ ਵਾਸਤੇ ਰੱਤ ਸੁਕਾਂਦੜਾ ਨੀ ?

ਰਾਜਾ ਭਰਥਰੀ ਦਾ ਉਜੈਨ ਨਗਰੀ ਵਿਚ ਪਹੁੰਚਨਾ
ਕਵੀਓ ਵਾਚ

ਗਲਾਂ ਹੋਣ ਪਰਵਾਹ ਦਰਵੇਸ਼ ਨੂੰ ਕੀ ? ਓਹਦੀ ਤਬਾ ਦੇ ਵਿਚ ਨਾ ਚੈਨ ਆਯਾ।
ਜਾਏ ਆਪਣੇ ਰਾਹ ਨਿਸਚਿੰਤ ਤੁਰਿਆ, ਮੈਹਲ ਆਪਣੇ ਤੋਂ ਖੈਰ ਲੈਣ ਆਯਾ।
ਸਫਰ ਦੂਰ ਦੁਰਾਡੜਾ ਕੱਟਕੇ ਤੇ, ਕਾਂਇਆਂ ਪਲਟਕੇ ਨਗਰ ਉਜੈਨ ਆਯਾ।
ਰਵਾਂ ਰਵੀਂ ਮੈਹਲ ਵਲ ਰਵਾਂ ਹੋਇਆ, ਆਪਣੇ ਧੌਲਰਾਂ ਦੇ ਹੇਠ ਐਨ ਆਯਾ।
ਜ਼ਰਾ ਡੋਲਿਆ ਨਹੀਂ ਉਦਾਸ ਹੋਕੇ, ਯਾਦ ਗੁਰੂ ਦਾ ਆਖਿਆ ਬੈਨ ਆਯਾ।
ਚਾਤ੍ਰਿਕ ਦੂਰ ਕਰਨੇ ਸੁਖ ਚੈਨ ਆਯਾ, ਰਾਣੀ ਪਿੰਗਲਾਂ ਨੂੰ ਮਾਉਂ ਕੈਹਨ ਆਯਾ।

ਜ਼ਿਮੀ ਗਰਕ ਨਾ ਹੋਵੇਗੀ ਓਸ ਵੇਲੇ, ਜਦੋਂ ਭਰਥਰੀ ਕਹੇਗਾ ਵਾਕ ਐਸਾ।
ਕਿਸੇ ਰੰਨ ਨੂੰ ਮਾਉਂ ਨਾ ਆਖਿਆ ਸੀ, ਨਵਾਂ ਬਣੇਗਾ ਅਜ ਤੋਂ ਸਾਕ ਐਸਾ।
ਹਾਇ ਪ੍ਰਿਥਵੀ ਕਿਸ ਤਰ੍ਹਾਂ ਧੌਲ ਚੁਕਸੀ, ਜਦੋਂ ਭਰਥਰੀ ਹੋਸੀ ਬੇਬਾਕ ਐਸਾ।
ਹੋਸੀ ਪੁਃਜਕੇ ਏਹ ਅੰਧੇਰ ਚਾਤ੍ਰਿਕ, ਤੇ ਭੁਚਾਲ ਆਸੀਂ ਦੇਸਾਂ ਤੀਕ ਐਸਾ।

ਸਦਾ ਕਰਨਾ ਰਾਜ ਭਰਥਰੀ ਜੀ ਦਾ ਰਾਣੀ ਪਿੰਗਲਾਂ ਦੇ ਦਰਵਾਜ਼ੇ ਪਰ

ਮੂੰਹੋਂ ਕਹੇ ਆਦੇਸ ਆਦੇਸ ਰਾਜਾ, ਵਸੇ ਦੇਸ ਖੇੜਾ ਪਾਓ ਖੈਰ ਮਾਈ।

ਰਹੇ ਹੁਕਮ ਹਾਸਲ, ਮਾਨ ਤਾਨ ਬਨਯਾ, ਹੋਵੇ ਮੋਹਰ ਮੌਲਾ[1] ਲੈਹਰ ਬੈਹਰ ਮਾਈ।
ਦਿਓ ਵੈਰ ਫਕੀਰ ਨੂੰ ਝੱਬ ਜਾਵੇ, ਫਕਰ ਬਹੁਤ ਨਾ ਸਕਦੇ ਠੈਹਰ ਮਾਈ।
ਮਿਲੇ ਖੈਰ ਦੁਰਵਾਜ਼ਿਓ ਚਾਤ੍ਰਿਕ ਨੂੰ, ਬਖਸ਼ਸ਼ ਨੈਹਰ ਉਜੈਨ ਦਾ ਸ਼ੈਹਰ ਮਾਈ।

ਗੋਲੀ ਦਾ ਖੈਰ ਲੈਕੇ ਆਉਣਾ

ਗੋਲੀ ਲਿਆਂਵਦੀ ਭਿੱਛਿਆ ਪਾ ਝੋਲੀ, ਬੋਲੀ, ਲਓ ਤੇ ਘਰਾਂ ਨੂੰ ਜਾਓ ਸਾਂਈ।
ਤੁਸੀਂ ਪਲ ਅਰਾਮ ਨਾ ਕਰਨ ਦੇਂਦੇ, ਸੁਤੇ ਬੈਠਿਆਂ ਆਨ ਅਕਾਓ ਸਾਂਈ।
ਕੰਮ ਕਾਰ ਹਜ਼ਾਰ ਘਰ ਬਾਹਰ ਅੰਦਰ, ਤੁਸੀਂ ਵੇਹਲੜੇ ਆਨ ਉਠਾਓ ਸਾਂਈ।
ਕਰੋ ਮੇਹਰ ਦਲੀਜ਼ ਨਾ ਰੋਕ ਰਖੋ, ਚਾਤ੍ਰਿਕ ਹੋਰਥੇ ਅਲਖ[2] ਜਗਾਓ ਸਾਂਈ।

ਜਵਾਬ ਜੋਗੀ

ਸਾਨੂੰ ਤੁਸਾਂ ਦੀ ਦਾਤ ਮਨਜ਼ੂਰ ਨਾਹੀਂ, ਅਸਾਂ ਰਾਣੀਆਂ ਤੋਂ ਲੈਣਾ ਖੈਰ ਮਾਈ।
ਆਖ ਪਿੰਗਲਾਂ ਨੂੰ ਆਕੇ ਖੈਰ ਪਾਵੇ, ਅਸੀਂ ਨਹੀਂ ਕੋਈ ਐਰ ਗੈਰ ਮਾਈ।
ਹੇਠ ਆਂਵਦੀ ਦੀ ਮੈਂਹਦੀ ਨਹੀਂ ਲੈਂਹਦੀ, ਆਵੇ ਪਾਸ ਸੰਤਾਂ ਤੁਰਕੇ ਪੈਰ ਮਾਈ।
ਸਾਡਾ ਜੋਗ ਸੰਪੂਰਨਾ ਨਹੀਂ ਹੁੰਦਾ, ਚਾਤ੍ਰਿਕ ਓਸਦੇ ਪੈਰ ਬਗੈਰ ਮਾਈ।

ਜਵਾਬ ਗੋਲੀ

ਵੇ ਤੂੰ ਕੌਣ ਮੁਸ਼ਟੰਡੜਾ ਗੁੰਡੜਾ ਏਂ ? ਤੈਨੂੰ ਆਂਵਦਾ ਖੈਰ ਪਸੰਦ ਨਾਹੀਂ।
ਲੈਣਾ ਨਹੀਂ ਤਾਂ ਜਾਹ ਅਗਾਂਹ ਹੋ ਜਾ, ਹੋਵੇ ਕਿਸੇ ਜ਼ਹਾਨ ਦਾ ਭੰਡ ਨਾਹੀਂ।
ਓਹਦੇ ਖੈਰ ਬਾਝੋਂ ਭਲਾ ਜੀਵਨਾ ਏ ਤੂੰ, ਪਰੇ ਹਟ ਭਨਾਵੇਂਗਾ ਦੰਦ ਨਾਹੀਂ।
ਜਾਤ ਕਿਰਲੀਆਂ ਨਾਲ ਸ਼ਾਤੀਰ ਜਫੇ, ਚਾਤ੍ਰਿਕ ਵਾਂਗ ਤੂੰ ਭੀ ਅਕਲਮੰਦ ਨਾਹੀਂ।

ਕਿਸੇ ਗੁਰੂ ਉਸਤਾਦ ਨਾ ਮੱਤ ਦਿਤੀ, ਤਾਓ ਚਾੜ੍ਹ ਨਾ ਕਿਸੇ ਨੇ ਚੰਡਿਆ ਵੇ।
ਅਜੇ ਕੱਚਯਾ ਗਦ[3] ਕੀ ਚੜ੍ਹਨ ਲਗੋਂ ? ਤੇਰੇ ਜਿਹਾਂ ਫਕੀਰੀ ਨੂੰ ਭੰਡਿਆ ਵੇ।
ਸਿਖ ਅਕਲ ਫਕੀਰੀ ਦੀ ਅਜੇ ਜਾਕੇ, ਐਵੇਂ ਜਾਏਂਗਾ ਇਸ ਤਰ੍ਹਾਂ ਫੰਡਿਆ ਵੇ।
ਰਾਜ ਮੰਦਰੀਂ ਕਰੇਂ ਮਖੌਲ ਚਾਤ੍ਰਿਕ, ਪਰੇ ਜਾਂ ਉਚੱਕਿਆ ਲੰਡਿਆ ਵੇ।

1. ਰਬ।
2. ਕਈ ਜੋਗੀ ਅਲਖ ਅਲੱਖ ਆਖ ਕੇ ਮੰਗਦੇ ਹਨ, ਉਸ ਤੋਂ ਮੁਹਾਵਰਾ ਹੈ ਅਲਖ ਜਗਾਉਣਾ, ਅਲਖ ਦਾ ਅਰਥ ਹੈ ਰੱਬ ਜੋ ਜਾਣਿਆ ਨਹੀਂ ਜਾ ਸਕਦਾ।
3. ਮੰਗਣ।

ਜਵਾਬ ਜੋਗੀ ਭਰਥਰੀ ਹਰੀ ਜੀ

ਮਾਈ ਆਖ ਜੋ ਜੀਊ ਤੇ ਆਂਵਦਾ ਈ ਅਸਾਂ ਆਜਜ਼ਾਂ ਦਾ ਕੋਈ ਜ਼ੋਰ ਨਾਹੀਂ।
ਗਾਲਾਂ ਹੋਰ ਦੇਕੇ ਚਾਰ ਰਜ ਲੈ ਤੂੰ, ਅਸਾਂ ਦੇਵਨਾ ਤੁਧ ਨੂੰ ਰੋੜ ਨਾਹੀਂ।
ਐਪਰ ਫਕਰ ਤੇ ਚਾਹੀਏ ਮੇਹਰ ਕਰਨੀ, ਸਖ਼ਤ ਬੋਲਕੇ ਜੀਉ ਨੂੰ ਤੋੜ ਨਾਹੀਂ।
ਜੇਹੜੇ ਜਗਤ ਦੀ ਮਾਰ ਤੋਂ ਪਰੇ ਹੋ ਗਏ, ਪੱਥਰ ਮਾਰਨੇ ਚਾਹੀਏ ਹੋਰ ਨਾਹੀਂ।
ਐਸੇ ਵੈਸੇ ਨਾ ਅਸਾਂ ਤੋਂ ਡਰੋ ਕਾਹਨੂੰ ? ਰਾਜ ਪੂਤ ਹਾਂ ਮੈਂ ਕੋਈ ਹੋਰ ਨਾਹੀਂ।
ਸਾਨੂੰ ਖੈਰ ਪਵਾ ਦੇ ਪਿੰਗਲਾਂ ਤੋਂ, ਨਾ ਮੁਰਾਦ ਦਰਵਾਜ਼ਿਓਂ ਮੋੜ ਨਾਹੀਂ।
ਹੁਕਮ ਗੁਰੂ ਦਾ ਏਹ ਸੀ ਅਸਾਂ ਤਾਂਈ, ਵਰਨਾ ਖੈਰ ਦੀ ਭੀ ਕੋਈ ਲੋੜ ਨਾਹੀਂ।
ਚਾਤ੍ਰਿਕ ਜੋਗ ਸੰਪੂਰਨਾ ਤਦੋਂ ਹੋਸੀ, ਐਵੇਂ ਜੋਗ ਦੀ ਚੱਲਣੀ ਤੋਰ ਨਾਹੀਂ।

ਕਵੀਓ ਵਾਚ

ਰਾਣੀ ਪਿੰਗਲਾਂ ਕੰਨ ਲਾ ਸੁਣੇ ਅੰਦਰ, ਸੁਣਦੇ ਸਾਰ ਕਲੇਜੜਾ ਧੜਕਿਆ ਏ।
ਮੱਥਾ ਠਿਨਕਯਾ, ਗੁੰਮ ਹਵਾਸ ਹੋਏ, ਬਾਹਰ ਢੋਲ ਦਾ ਢੋਲ ਜਦ ਖੜਕਿਆ ਏ।
ਹੋਵਨ ਸਗਨ ਕੁਸਗਨ ਤੇ ਲਗਨ ਪੁਠੇ, ਅਗਨ ਬਾਝ ਅੰਦਰ ਭਾਂਬੜ ਭੜਕਿਆ ਏ।
ਜਾਂਏ ਬੋਲ ਬੇਕਿਸਮਤੇ ਚਾਤ੍ਰਿਕ ਦਾ, ਮੇਰੇ ਰੋੜ ਸੀਨੇ ਅੰਦਰ ਰੜਕਿਆ ਏ।

ਅਜ ਭਾਵੇਂ ਤਾਂ ਝੁੱਗੜਾ ਚੌੜ ਹੋਇਆ, ਭਾਵੇਂ ਝੂਠ ਦਾ ਸੱਚ ਬਨਾਯਾ ਸੂ।
ਜੇਹੜੀ ਗੱਲ ਨੂੰ ਸਮਝਦੀ ਮਸਖਰੀ[1] ਸਾਂ, ਭਾਵੇਂ ਬੋਲ ਨਿਬਾਹ ਵਖਾਯਾ ਸੂ।
ਹਾਏ ਹਾਏ ਰਬਾ ਏਹ ਕੀ ਕੈਹਰ ਹੋਯਾ, ਸਾਰੀ ਉਮਰ ਦਾ ਵਾਇਦਾ[2] ਪਾਯਾ ਸੂ।
ਮੈਂ ਕੀ ਜਾਣਦੀ ਸਾਂ ਝੂਠੋਂ ਸਚ ਹੋਣਾ, ਕਾਹਨੂੰ ਆਪਣਾ ਭੇਸ ਵਟਾਯਾ ਸੂ।
ਚੰਗੇ ਭਲੇ ਨੂੰ ਵਗ ਕੀ ਗਈ ਲੈਕੇ, ਸਾਰਾ ਸੁਖ ਆਰਾਮ ਗਵਾਯਾ ਸੂ।
ਮੇਰੀ ਕੰਤ ਬਾਝੋਂ ਕੀਕਰ ਸਰੇਗੀ ਨੀ, ਭਲਾ ਏਹ ਕੀ ਮਤਾ ਮਤਾਯਾ ਸੂ।
ਕੇਹੜੀ ਗੱਲ ਬੱਧੀ ਪੱਲੇ ਹੋਛੜੇ ਨੇ, ਬਿਨਾਂ ਸੋਚਿਆ ਜੋਗ ਕਮਾਯਾ ਸੂ।
ਮੈਂ ਤਾਂ ਐਬ ਕੀਤਾ, ਭਲਾ ਦੁਖ ਦਿਤਾ, ਕਾਹਨੂੰ ਹੋਰਨਾਂ ਨਾਲ ਦੁਖਾਯਾ ਸੂ।
ਰਾਣੀ ਤਿੰਨ ਸੌਂ ਰੋਂਦੜੀ ਮਰੇਗੀ ਨੀ, ਹਾਇ ਕਿਸੇ ਤੇ ਤਰਸ ਨਾ ਆਯਾ ਸੂ।
ਚਾਤ੍ਰਿਕ ਦੁਖ ਦੀ ਸੂਲ ਨੂੰ ਬੀਜ ਕੇ ਤੇ, ਪਾਣੀ ਸਿੰਜਕੇ ਆਪਾ ਵਧਾਯਾ ਸੂ।

ਅੰਦਰੋਂ ਬੋਲਣਾ ਰਾਣੀ ਪਿੰਗਲਾਂ ਦਾ ਤੇ ਆਪ ਖੈਰ ਪਾਣ ਲਈ ਹੇਠ ਉਤਰਨਾ

ਅਨੀ ਗੋਲੀਏ ਬਾਹਰ ਕੀ ਹੋਵੇ ਝਗੜਾ, ਨਾਲ ਸੰਤ ਦੇ ਕਾਸ ਨੂੰ ਵੈਰ ਚਾਇਓ ?
ਅੜੀਓ ਤੋਰਿਓ ਏਸ ਨੂੰ ਖੁਸ਼ੀ ਕਰਕੇ, ਜੋ ਕੁਛ ਮੰਗਦਾ ਏ ਸੋਈ ਖੈਰ ਪਾਇਓ।

1. ਮਖੌਲ। 2. ਵਖਤ, ਦੁੱਖ।

ਪਰੇ ਹਟ ਨਖਸਮੀਏਂ ਲੜੇਂ ਕਾਹਨੂੰ ? ਕੇਹਾ ਚਿਤ ਦੇ ਵਿਚ ਹੰਕਾਰ ਆਇਓ।
ਹੋਣਾ ਬਾਂਦੀਆ[1] ਨਾਹੀਂ ਗੁਸਤਾਖ[2] ਲਾਜ਼ਮ[3], ਦਿਤਾ ਰਬ ਤਾਂ ਜੀਉਰ[4] ਕੇ ਆਨ ਖਾਇਓ।
ਸੰਤ ਛੇੜਿਆ ਲੋਕ ਪਰਲੋਕ ਵਿਗੜੇ, ਜ਼ਰਾ ਸੋਚਕੇ ਸਾਧ ਨੂੰ ਗਲ ਲਾਇਓ।
ਚਾਤ੍ਰਿਕ ਮੰਗਦਾ ਖੈਰ ਜੇ ਮੁਝ ਪਾਸੋਂ, ਮੈਂ ਹਾਂ ਦੇਂਵਦੀ ਤੁਸੀਂ ਆ ਉਰੇ ਜਾਇਓ।
ਛਾਤੀ ਧੜਕਦੀ ਅੰਦਰੋਂ ਪਿੰਗਲਾਂ ਦੀ, ਰਬਾ ਸੁਖ ਰਖੀਂ ਹੋਵੇ ਮੇਹਰ ਤੇਰੀ।
ਅਜ ਸ਼ਗਨ ਨਾ ਚੰਗੜੇ ਹੋਣ ਮੈਨੂੰ, ਵੱਢੀ ਜਾਏ ਨਾ ਆਸ ਦੀ ਬੇਰ ਮੇਰੀ।
ਜੇਕਰ ਭਰਥਰੀ ਹੋਯਾ ਤਾਂ ਉਮਰ ਪੁੱਗੀ, ਅਗੇ ਓਸਦੇ ਮਰਾਂਗੀ ਹੋਇ ਢੇਰੀ।
ਚਾਤ੍ਰਿਕ ਵਾਂਗ ਪਤੰਗ ਦੇ ਜਾਨ ਦੇਸਾਂ, ਜਾਨ ਜਾਣ ਦੇ ਵਿਚ ਨਾ ਜ਼ਰਾ ਦੇਰੀ।

ਦੋਹਰਾ : ਛਾਤੀ ਧੜਕੇ ਅੰਦਰੋਂ ਸ਼ਗਨ ਕੁਸ਼ਗਨੀ ਪਾ।
ਬਾਹਰ ਆਈ ਮੰਦਰੋਂ, ਮੋਤੀ ਥਾਲ ਭਰਾ।

***ਕਬਿੱਤ** : ਬੂਹੇ ਅਗੇ ਆਈ ਰਾਣੀ ਭਰਕੇ ਲਿਆਈ ਥਾਲ, ਮੋਤੀਆਂ ਦੇ ਨਾਲ, ਕਿਹਾ ਸੀਸ ਨੂੰ ਨਿਵਾਇ ਕੇ। ਲੌ ਮਹਾਰਾਜ, ਖਫਾ ਹੋਂਵੋ ਨਾ ਅਕਾਜ ਤੁਸੀ, ਨਾਮ ਦੇ ਜਹਾਜ, ਦੇਣਾ ਖੁਸ਼ੀ ਖੁਸ਼ੀ ਪਾਇ ਕੇ। ਦਾਸੀਆਂ ਨਰਾਸੀਆਂ ਨਾ ਮੋੜਨਾ ਕ੍ਰੋਧ ਕਰ, ਗੋਲੀਆਂ ਦੀ ਬੋਲੀਆਂ ਨੂੰ ਜੀਉ ਤੇ ਲਿਆਇਕੇ। ਗੋਲੀ ਬੜਬੋਲੀ ਬੋਲੀ ਕੁਝ ਜੇ ਕਠੋਰ ਬੋਲੀ, ਝੋਲ ਮੇਰੀ ਪਾਓ ਮੈਂ ਮੁਆਫੀ ਮੰਗਾਂ ਆਇ ਕੇ।

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਬੋਲੇ ਰਾਜਾ ਭਰਥਰੀ, ਨੀਵੇਂ ਕਰਕੇ ਨੈਨ।
ਸਾਧੂ ਕੀ ਉਸ ਹੋਵਨਾ, ਜਿਨ ਨਾ ਸਹਾਰੇ ਬੈਨ ?

ਕਬਿੱਤ : ਸਾਧ ਜੇ ਗ੍ਰਿਸਤੀਆਂ ਦੀ ਗੱਲ ਦਾ ਕ੍ਰੋਧ ਕਰੇ, ਓਸ ਫਿਰ ਸਿੱਧੀਆਂ ਤੇ ਰਿਧੀਆਂ ਕੀ ਪਾਵਣਾ ? ਸਾਨੂੰ ਨਹੀਂ ਰੋਸ ਨਹੀਂ ਦੋਸ ਏਸ ਗੋਲੜੀ ਦਾ, ਬੋਲੜੀ ਕਬੋਲੜੀ, ਕੀ ਸਾਧ ਦਾ ਗਵਾਵਣਾ ? ਅੰਨ ਦੇ ਕੇ ਟੋਰ, ਨਹੀਂ ਮੋਤੀਆਂ ਦੀ ਲੋੜ ਸਾਨੂੰ, ਮੋੜ ਘੱਲ ਥਾਲ, ਮੈਨੂੰ ਚੋਰ ਨਾ ਬਨਾਵਣਾ। ਦਾਣਿਆਂ ਦੀ ਭਿੱਛਿਆ ਦੀ ਇਛਿਆ ਫਕੀਰ ਤਾਂਈ, ਗੁਰਾਂ ਦੀ ਏਹ ਇਛਿਆ ਕਿ ਭੋਜਨ ਲਿਆਵਣਾ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਬੋਲ ਪਛਾਤਾ ਦੇਖਿਆ, ਪਤੀ ਸੰਜਾਤਾ ਨਾਰ।
ਹੀਰਾ ਖਾਕ ਲਪੇਟਿਆ, ਮਾਤਾ ਰਿਹਾ ਉਚਾਰ।

---

1. ਨੌਕਰਾਣੀਆਂ। 2. ਬੇਅਦਬ। 3. ਜ਼ਰੂਰੀ, ਯੋਗ। 4. ਪਚਾ ਕੇ।

* 31 ਜਾਂ 32 ਅਖਰ ਹਰ ਤੁਕ ਦਾ ਛੰਦ ਹੈ।

ਕਬਿੱਤ : ਦੇਖਿਆ ਉਭਾਰ ਹੋਈਆਂ ਚਾਰ ਅੱਖਾਂ ਨਾਰ ਨਾਰ, ਬੋਲ ਨੂੰ ਪਛਾਨ ਰਾਣੀ ਡਿਗੀ ਗਸ਼ ਖਾਇ ਕੇ।
ਹੋ ਗਈ ਬੇਹੋਸ਼, ਫਰਾਮੋਸ਼[1] ਤੇ ਖਮੋਸ਼[2] ਫੇਰ ਹੋਸ਼ ਕਰਕੇ ਆਖੇ ਵੇ ਕੀ ਵੈਰ ਲੀਤੋ ਆਇ ਕੇ ?
ਹਾਇ ਹਾਇ ਹਾਇ ਏਹ ਕੀ ਕੈਹਰ ਕਮਾਏ ਰਿਹੋਂ, ਬੋਲ ਕੀ ਅਲਾਏ ਰਿਹੋਂ ਲੱਜਿਆ ਗਵਾਇ ਕੇ ?
ਨਾਰ ਨੂੰ ਬਨਾਈ ਮਾਈ, ਛੱਡਿਆ ਧਰਮ ਤਾਂਈ, ਦੇਣੀਆਂ ਤੂੰ ਦੇਵੇਂਗਾ, ਏਹ ਕੇਹੜੇ ਜੁਗ ਜਾਇ ਕੇ ?
ਜ਼ਬਾਨ ਤੂੰ ਸੰਭਾਲ, ਕਰ ਗਲ ਹੋਸ਼ ਨਾਲ, ਏਹ ਕੀ ਪਾਪ ਦੀ ਮਸਾਲ, ਬਾਲ ਸਾੜਿਆ ਸਰੀਰ ਵੇ ?
ਮੈਂ ਹਾਂ ਤੇਰੀ ਨਾਰ, ਜ਼ਰਾ, ਸੋਚ ਤੇ ਵਿਚਾਰ,ਕਿਧਰ ਬਧ ਗਈ ਹਾਰ, ਕਾਰ ਕੀਤੀਓ ਹਕੀਰ[3] ਵੇ।
ਚਾਕ[4] ਬਣ ਭੋਗਿਆ ਤੇ ਸਾਕ ਅਜ ਹੋਰ ਕਢ, ਵਾਕ ਏਹ ਅਵੱਲੜੇ ਨਾ ਬੋਲ ਮਾਰ ਤੀਰ ਵੇ।
ਖ਼ੌਫ ਕਰ ਰਬਦਾ ਏਹ ਆਖਿਆ ਨਾ ਫੱਬਦਾ, ਕੀ ਏਸ ਵਿਚੋਂ ਲੱਭਦੀ ਨਾ ਦੁਖਾਂ ਵਿਚ ਪੀੜ ਵੇ।

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਕੋਈ ਕਿਸੇ ਦਾ ਹੈ ਨਹੀਂ, ਚਾਰ ਦਿਨਾਂ ਦਾ ਖੇਲ।
ਆਤਮਾ ਸਦਾ ਅਲੇਪ ਹੈ, ਕਰ ਕਰ ਦੇਖੇ ਖੇਲ।

ਕਬਿੱਤ : ਕੌਣ ਕਿਦਾ[5] ਸਾਕ ਤੇ ਮਿਲਾਪ ਕਿਦਾ ਨਾਲ ਮੇਰੇ ? ਮਾਈ ਬਾਪ ਭੈਣ ਭਾਈ ਝੂਠੇ ਸਭ ਜਾਣੀਏ। ਨਦੀਆਂ ਦੀ ਛੱਲ ਵਿਚ ਚਾਰ ਪੈਹਰ ਰੱਲ ਕਰੇ, ਵਖ ਵਖ ਹੋਣ ਇਕ ਪਲ ਵਿਚ ਰਾਣੀਏ। ਫਕਰਾਂ ਦੀ ਸਾਂਝ ਬਿਨ੍ਹਾਂ ਰਬ ਦੇ ਨਾ ਹੋਰ ਨਾਲ, ਝੂਠੜੇ ਜਹਾਨ ਵਿਚ ਤੰਬ ਕਾਹਨੂੰ ਤਾਣੀਏ ? ਆਏ ਸੀ ਅਕੱਲੜੇ ਅਕੱਲੜੇ ਹੀ ਜਾਵਣਾ ਹੈ, ਬੈਠਕੇ ਅਕੱਲੇ ਓਸ ਰਬ ਨੂੰ ਪਛਾਣੀਏ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਸ਼ਰਮ, ਧਰਮ ਸਭ ਉਠ ਗਈ, ਮਰਦ ਹੋਏ ਨਿਰਮੋਹ।
ਲੜ ਛੁਟਕਾਵੇਂ ਨਾਰ ਤੋਂ, ਕਿਹਾ ਕਮਾਵੇਂ ਧ੍ਰੋਹ ?

ਕਬਿੱਤ : ਸੱਚ ਆਂਹਦੇ ਲੋਕ ਦਗੇ ਬਾਜ਼ ਏਹ ਮਰਦ ਹੋਣ, ਲਾਇ ਕੇ ਪ੍ਰੀਤ ਫੇਰ ਸਕਦੇ ਨਿਭਾਇ ਨਾ। ਓਪਰਾ ਬੇਗਾਨਾ ਅਜ ਹੋ ਗਿਆ ਜਹਾਨੋਂ ਬਾਹਰਾ, ਹਥ ਧਰ ਕੰਨ ਤੇ ਤੂੰ ਪਰੇ ਪਰੇ ਜਾਇ ਨਾ। ਨਾਰ ਮੈਂ, ਭਤਾਰ ਤੂੰ, ਹਜ਼ਾਰ ਵੇਰ ਮੁੱਕਰੀਂ ਖਾਂ, ਸੱਚੀ ਸਰਕਾਰ ਅਗੇ ਝੂਠ ਮੁੱਲ ਪਾਇ ਨਾ। ਠੱਗਿਆਂ ਜਹਾਨ ਹੁਣ ਲੱਗਿਆ ਫਕੀਰ ਹੋਣ, ਰਬ ਦੀ ਅਵੱਗਿਆ ਤੂੰ ਦਿਲੋਂ ਡਰ ਖਾਇ ਨਾ।

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਨਾਰੀ ਕਿਸ ਦੀ ਨਾਰ ਹੈ, ਨਾਰ[6] ਰੂਪ ਅੰਗਿਆਰ।
ਧਰਮ, ਕਰਮ ਸਭ ਸਾੜਦੀ, ਜੋ ਛੋਹੇ ਇਕ ਵਾਰ।

---

1. ਭੁਲਣਾ। 2. ਬੇਸੁਰਤ। 3. ਚੁੱਪ। 4. ਨੀਵਾਂ 5. ਮੱਝਾਂ ਚਾਰਨ ਵਾਲਾ, ਉਸ ਤੋਂ ਰਾਂਝਾ ਤੇ ਰਾਂਝਣ ਤੋਂ ਪਤੀ, ਜਾਂ ਪਿਆਰਾ ਦਾ ਭਾਵ ਲਿਆ ਹੈ। 5. ਕਿਸ ਦਾ ਦੇ ਅਰਥਾਂ ਵਿੱਚ ਵਰਤਿਆ ਹੈ। 6. ਨਾਰ ਅੱਗ ਨੂੰ ਭੀ ਆਖਦੇ ਹਨ।

ਕਬਿੱਤ : ਨਾਰੀਆਂ ਪਲੀਤ, ਕੀ ਪ੍ਰੀਤ ਏਨਾਂ ਨਾਲ ਕਰੇ, ਗੰਦ ਦੀ ਪਟਾਰੀਆਂ ਨੇ ਰਬ ਦੀਆਂ ਮਾਰੀਆਂ। ਆਰੀਆਂ ਨੇ ਕੱਟਨੇ ਨੂੰ, ਆਦਮੀ ਦੇ ਫੱਟਨੇ ਨੂੰ, ਵੈਰਨਾਂ ਕਸਾਇਨਾਂ ਏਹ ਪਾਪਣਾਂ ਨੇ ਭਾਰੀਆਂ। ਅੰਗ ਜੇਹੜੇ ਲੌਣ ਸੋ ਪਤੰਗ ਵਾਂਗ ਸਾੜ ਦੇਣ, ਡੰਗ ਦੇ ਚਲਾਵਨੇ ਨੂੰ ਨਾਗਨਾਂ ਨੇ ਕਾਰੀਆਂ। ਨਾਰ ਦਾ ਪਯਾਰ ਕਰੇ ਅਗਿਓਂ ਖਵਾਰ, ਏਸ ਗਲ ਨੂੰ ਵਿਚਾਰ ਛੱਡ ਦਿਤੀਆਂ ਮੈਂ ਨਾਰੀਆਂ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਮਰਦ ਸਦਾ ਹਨ ਮਤਲਬੀ, ਚਸਕੇ ਖੋਰੇ ਭੌਰ।
ਤਰਸ ਨਾ ਖਾਵਣ ਨਾਰ ਤੇ, ਸਦਾ ਵਟਾਂਦੇ ਠੌਰ।

ਕਬਿੱਤ : ਆਦਮੀ ਨੇ ਯਾਰ ਸਦਾ ਆਪਣੇ ਹੀ ਸਾਧਨਾਂ ਦੇ, ਦਗੇ ਬਾਜ਼ ਪੁੱਜਕੇ ਨਾ ਪ੍ਰੀਤ ਲਾ ਕੇਂ ਪਾਲਦੇ। ਕਿਸੇ ਦੇ ਨਾ ਮੀਤ, ਉਤੋਂ ਦਸਕੇ ਪ੍ਰੀਤ, ਦਗੇ ਬਾਜੀਆਂ ਦੀ ਰੀਤ ਧਾਰ ਹੋਰ ਜਗਾ ਭਾਲਦੇ। ਭੂਮਣੇ ਦੇ ਵਾਂਗ ਰਸਾ ਫੁੱਲ ਦਾ ਨਿਕਾਲ, ਫੇਰ ਭੁਲਦੇ ਪ੍ਰੀਤ, ਰੀਤ ਝੁੱਡੂਆਂ ਦਿਖਾਲਦੇ। ਸਰੇ ਜਦੋਂ ਕੰਮ ਤਦੋਂ ਚੁੰਮ ਚੁੰਮ ਰਖਦੇ ਨੇ, ਮਤਲਬ ਬਾਝ ਲਤ ਮਾਰ ਕੇ ਨਿਕਾਲਦੇ।

ਜਵਾਬ ਜੋਗੀ ਭਰਥਰੀ ਹਰੀ ਜੀ ਦਾ

ਦੋਹਰਾ : ਨਾਰੀ ਕਰੇ ਵਫਾ ਨਾ, ਸਿਦਕਰ ਨਾ ਇਸ ਵਿਚ ਮੂਲ।
ਚੰਚਲ, ਚਪਲਾ, ਚਤਰ ਨਿਤ, ਚੋਭੇ ਦੁਖ ਦੇ ਸੂਲ।

ਕਬਿੱਤ : ਦਗੇ ਬਾਜ਼ ਨਾਰੀਆਂ, ਹੰਕਾਰੀਆਂ ਏ ਨਿਤ, ਚੜ੍ਹਕੇ ਅਟਾਰੀਆਂ ਕਟਾਰੀਆਂ ਚਲਾਂਦੀਆਂ। ਤੁਰੇ ਜਾਂਦੇ ਆਦਮੀ ਨੂੰ ਨੈਨਾਂ ਦੀ ਕਟਾਰ ਮਾਰ, ਸਬਰ ਕਰਾਰ ਸਭ ਦਿਲ ਤੋਂ ਗੁਆਂਦੀਆਂ। ਕਰਕੇ ਬੇਹੋਸ਼ ਹੋ ਖਮੋਸ਼ ਪਰੇ ਨੱਸ ਜਾਣ, ਫੱਟਕੇ ਜਵਾਨ ਨਾ ਧਿਆਨ ਫੇਰ ਪਾਂਦੀਆਂ। ਹੱਸਦੀਆਂ, ਖਸਦੀਆਂ, ਧੱਸਦੀਆਂ ਸਾਂਗ ਵਾਗ, ਨੱਸਦੀਆਂ ਫੇਰ ਨਾ ਪ੍ਰੀਤ ਨੂੰ ਨਿਭਾਂਦੀਆਂ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਪੁਰਖ ਪੂਰੇ ਅਕ੍ਰਿਤਘਨ, ਜੁੱਤੀ ਜਾਨਣ ਨਾਰ।
ਮਿੱਟੀ ਵਾਂਗਰ ਕੁੱਟਦੇ, ਮਾਰਨ ਲਾਹ ਪੰਜਾਰ[1]।

ਕਬਿੱਤ : ਪੈਰ ਦਾ ਪੰਜਾਰ ਜਾਨ ਨਾਰ ਧਿਤਕਾਰ ਦੇਣ, ਭਰੇ ਹੰਕਾਰ ਦੇ ਵਿਚਾਰ ਨਾ ਵਿਚਾਰਦੇ। ਟਹਿਲ ਕਮਾਂਦੀਆਂ ਨੇ ਬਾਂਦੀਆਂ ਦੇ ਵਾਂਗ ਨਿੱਤ, ਕੁੱਤਿਆਂ ਦੇ ਵਾਂਗ ਓਹਨਾਂ ਨਿੱਤ ਦੁਰਕਾਰਦੇ।

1. ਜੁੱਤੀ।

ਹੋਇ ਕੇ ਨਿਲੱਜ, ਕੱਜ ਰੱਖਦੀਆਂ ਆਦਮੀ ਨੂੰ, ਲੱਜਿਆ ਤੋਂ ਹੀਨ ਫੇਰ ਜੁਤੀਆਂ ਉਲਾਰਦੇ। ਵਿਚ ਮੰਝ ਧਾਰ ਨਾ ਉਰਾਰ ਪਾਰ ਮਾਰਦੇ ਨੇ, ਵੈਰੀ ਭਾਰੇ ਨਾਰ ਦੇ ਫਸਾਇ ਕੇ ਮਾਰਦੇ।

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਖੁਰੀ ਜਿਨ੍ਹਾਂ ਦੀ ਮੱਤ ਹੈ, ਉਲਟੇ ਪਾਣੀ ਜਾਣ।
ਚੰਡੀ ਵਾਂਗਰ ਸੜਦੀਆਂ, ਵਸਫੀਂ[1] ਮਾਰਾਂ ਖਾਣ।

ਕਬਿੱਤ : ਲੱਛਣਾਂ ਤੇ ਖਾਨ ਮਾਰ, ਵੱਜਦੇ ਪੰਜਾਰ ਨਿਤ, ਡੰਡਿਆਂ ਬਗੈਰ ਕਦੇ ਹੁੰਦੀਆਂ ਨਾ ਸੂਤ ਨੀ। ਹਾਕਨੀ[2] ਤੇ ਡਾਕਨੀ[3] ਚੁੜੇਲ ਸਾਰੇ ਜੱਗ ਦੀ ਹੈ ਪ੍ਰੇਤਨੀ ਪਿਸ਼ਾਚਨੀ[4] ਕਿ ਊਤਨੀ ਯਾ ਭੂਤਨੀ। ਅੜਭ ਜਹਾਨ ਦੀ ਨਾ ਕਹੇ ਤਾਂਈ ਮਾਨਦੀ, ਗੁਮਾਨ ਦੀ ਇਹ ਪੁਤਲੀ ਹੈ ਇਸਤ੍ਰੀ ਘਤੂਤ ਨੀ। ਡੰਡਿਆਂ ਬਗੈਰ ਏਹਦੀ ਪੀਠ ਨਹੀਂ ਬੈਠਦੀ ਹੈ, ਢੀਠ ਹੈ ਜਹਾਨ ਦੀ ਤੇ ਪੁੱਜਕੇ ਹੈ ਊਤਨੀ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਧੀਆਂ ਪਰਾਈਆਂ ਜਾਈਆਂ, ਕੀ ਇਨ੍ਹਾਂ ਦਾ ਜ਼ੋਰ ?
ਗਊਆਂ ਵਾਂਗਰ ਬੰਨ੍ਹ ਕੇ, ਮਾਪੇ ਦੇਂਦੇ ਟੋਰ।

ਕਬਿੱਤ : ਆਦਮੀ ਨਾ ਹੋਣ ਜੇਹੜੇ ਨਾਰੀਆਂ ਨੂੰ ਮਾਰਦੇ ਨੇ, ਜਾਈਆਂ ਪ੍ਰਾਈਆਂ ਤੇ ਹਥ ਕੀ ਉਲਾਰਨਾ ? ਛਡ ਦਿਤੇ ਸਾਕ ਸੈਨ ਭੁੱਲ ਗਏ ਭਾਈ ਭੈਣ, ਕੰਤ ਦਾ ਹੀ ਨਾਮ ਲੈਨ ਓਸ ਨੂੰ ਕੀ ਮਾਰਨਾ ? ਕੰਤ ਦੇ ਵਸੀਲੜੇ, ਕਬੀਲੜੇ ਜਵਾਬ ਦਿਤਾ, ਜ਼ਿਮੀ ਵਾਂਗ ਉਸ ਤਾਂਈ ਕੁੱਟ ਕੀ ਸੰਵਾਰਨਾ ? ਗਊਆਂ ਵਾਂਗ ਨਾਰੀਆਂ ਵਿਚਾਰੀਆਂ ਹੰਕਾਰਨਾ ਕੀ ? ਧੁਰੋਂ ਦੀਆਂ ਹਾਰੀਆਂ ਤੇ ਅੰਤ ਜਾ ਕੇ ਹਾਰਨਾ।

ਜਵਾਬ ਭਰਥਰੀ ਹਰੀ ਜੀ ਦਾ

ਦੋਹਰਾ : ਧੀਆਂ ਪਰਾਈਆਂ ਆਣ ਕੇ, ਸਾਂਭ ਬੈਹਨ ਘਰ ਬਾਰ।
ਮਾਲਕ ਬਣ ਕੇ ਕਢਦੀਆਂ, ਸਹੁਰੇ ਮਾਰ ਪੰਜਾਰ।

ਕਬਿੱਤ : ਝੂਠੀਆਂ ਫਰੇਬਣਾਂ ਨੇ ਮੀਸਨੀਆਂ, ਔਰਤਾਂ ਇਹੁ, ਚੰਚਲਾਂ ਹਮੇਸ਼ ਰਾਹ ਪੁੱਠੜੇ ਹੀ ਜਾਣ ਨੀ। ਤੇਰੀਆਂ, ਮੈਂ ਤੇਰੀਆਂ, ਤੇ ਅੰਦਰੋਂ ਇਹ ਹੋਰ ਦੀਆਂ ਭੁੱਲਿਆਂ ਨੂੰ ਵੱਟੇ ਲੌਣ ਲੱਜ ਨੂੰ ਗਵਾਨ ਨੀ। ਬਿੱਲੀਆਂ ਤੋਂ ਖੌਫ ਖਾਨ, ਨਦੀਆਂ ਨੂੰ ਚੀਰ ਜਾਨ, ਲਖ ਥਾਂ ਪ੍ਰੀਤ ਲਾਣ, ਪੁੱਜਕੇ ਸੈਤਾਨ ਨੀ। ਇਕ ਤੇ ਯਕੀਨ ਨਾ, ਅਧੀਨ ਕਦੇ ਹੁੰਦੀਆਂ ਨੇ, ਤੀਨ ਲੋਕ ਵਿਚ ਮਸ਼ਹੂਰ ਏ ਈਮਾਨ ਨੀ।

---

1. ਲਛਣਾਂ (ਸੁਭਾਅ) ਕਰਕੇ। 2. ਹਿਕਣ ਜਾਂ ਅੱਗੇ ਲਾ ਲੈਣ ਵਾਲੀ। 3. ਡਾਇਣ। 4. ਪ੍ਰੇਤਣੀ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਮਰਦ ਤਲੀ ਤੇ ਧਰਮ ਰੱਖ, ਵੇਚਣ ਸਸਤੇ ਭਾ।
ਅਗੇ ਲਗਣ ਵਿਸ਼ੇ ਦੇ, ਸਬਰ ਕਰਾਰ ਗਵਾ।

ਕਬਿੱਤ : ਸੱਚ ਦੀ ਨਾ ਗੱਲ ਕਰੇਂ ਝੂਠ ਪੰਡ ਸੀਸ ਧਰੇਂ, ਕੌਣ ਜਾ ਕੇ ਬੈਠਕਾਂ[1] ਤੇ ਰਾਤੀਂ ਖੇਹ ਖਾਣ ਵੇ ? ਪਰੀ ਜਿਹੀ ਨਾਰ ਨੂੰ ਵਿਸਾਰ ਘਰ ਬਾਰ ਤਜ, ਜਾਇ ਕੇ ਬਾਜ਼ਾਰ ਵਿਭਚਾਰ ਨੂੰ ਕਮਾਨ ਵੇ। ਧਰਮ ਕਰਮ ਛੱਡ, ਤਲੀ ਉਤੇ ਦਿਲ ਰਖ, ਹਡ ਚਮ ਵੇਖ ਹਥ ਓਸ ਦੇ ਫੜਾਨ ਵੇ। ਭੋਗੀ, ਢੂੰਡ, ਮੈਲ ਤੇ ਜਾ ਬੈਠਦੇ ਨੇ ਗੰਦ ਉਤੇ, ਕੇਹੜੇ ਨੱਕ ਨਾਲ ਪਏ ਸ਼ੇਖੀਆਂ ਚਲਾਨ ਵੇ ?

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਨਾਰੀ, ਆਰੀ ਧਰਮ ਦੀ, ਧੀਰਜ ਲਵੇ ਬੁਰਾ।
ਮਰਦਾਂ ਕਰੇ ਸ਼ਿਕਾਰ ਨਿੱਤ, ਨੈਣਾਂ ਬਾਨ ਚਲਾ।

ਕਬਿੱਤ : ਨਾਰ ਦੀ ਤੁਫੈਲ ਮੈਲ ਫੈਲ ਰਹੀ ਜਗ ਵਿਚ, ਨਾਰੀਆਂ ਨਾ ਹੁੰਦੀਆਂ ਤਾਂ ਜੱਗ ਸੁਖੀ ਵਸਦਾ। ਅੱਗ ਦੀਆਂ ਖਾਰੀਆਂ, ਪਟਾਰੀਆਂ ਨੇ ਵਿਸ ਦੀਆਂ, ਫਾਹੀਆਂ ਖਿਲਾਰੀਆਂ ਨੂੰ ਵੇਖ ਜੱਗ ਫਸਦਾ। ਰਬ ਕ੍ਰਿਪਾਲ ਏਸ ਜਾਲ ਵਿਚੋਂ ਰਖ ਲਵੇ, ਆਦਮੀ ਵਬਾਲ[2] ਜਾਣ ਦੂਰ ਦੂਰ ਨਸਦਾ। ਬੁੱਧ ਜਾਵੇ ਹਾਰ ਜਿਦੀ ਨਾਰ ਦੇ ਪਿਆਰ ਵਿਚ, ਮਾਰ ਮਾਰ ਕਾਲ ਓਹਨੂੰ ਅੰਤ ਨੂੰ ਗ੍ਰਸਦਾ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਪੁਰਖ ਪ੍ਰੀਤ ਨਾ ਪਾਲਦੇ, ਰਖਣੇ ਦਾਰ[3] ਸੁਭਾਇ।
ਪੈਹਲੇ ਲਾਵਨ ਚਾਹ ਕਰ, ਫੇਰ ਨਾ ਕਰਨ ਨਿਭਾਇ।

ਕਬਿੱਤ : ਕੇਹੜੀ ਕਰਤੂਤ ਨਾਲ ਕੌਲ ਇਕਰਾਰ ਕਰ, ਭਰੇ ਪਰ੍ਹੇ ਵਿਚ ਆਂਦਾ ਰਾਜਿਆ ਵਿਆਹ ਕੇ ? ਬੋਲ ਨਾ ਨਿਭਾਵਨਾ ਤਾਂ ਵਿਆਹ ਕਿਉਂ ਕਰਾਵਨਾ ਸੀ ਜਾਈਆਂ ਪਰਾਈਆਂ ਨੂੰ ਮਾਰਿਆ ਵਿਸਾਹ ਕੇ ? ਖਾਰਿਆਂ ਤੇ ਬੈਠ ਸਾਰ ਦੇਵਤੇ ਗਵਾਹ ਕਰ, ਨਾਰੀਆਂ ਵਿਆਹ ਕਾਹਨੂੰ ਕੱਢਨਾ ਏ ਤਾਹ ਕੇ ? ਝੂਠਯਾ ਪਖੰਡੀਆ ਤੈਂ ਸਿਧੀਆਂ ਨੂੰ ਪਾਵਣਾ ਕੀ, ਚਲਿਓਂ ਬਿਦੋਸ਼ੀਆਂ ਨੂੰ ਭੱਠ ਵਿਚ ਡਾਹਕੇ ?

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਪੁਰਖ ਨਾਰ ਇਕਰਾਰ ਏਹ, ਰਹੇ ਪਤਿਬ੍ਰਤ ਨਾਰ।
ਪਤੀ ਕਰੇ ਉਸ ਪਾਲਣਾ, ਸਹਿਤ ਮਾਨ ਸਰਕਾਰ।

---

1. ਵੇਸਵਾ ਦੀਆਂ ਬੈਠਕਾਂ ਤੋਂ ਭਾਵ ਹੈ। 2. ਦੁੱਖ।
3. ਮਨੁਖਾਂ ਦਾ ਸੁਭਾਅ ਅਜਿਹਾ ਹੈ ਕਿ ਉਸ ਵਿਚ ਕਈ ਖਾਨੇ (ਰਖਣੇ) ਹਨ ਅਰਥਾਤ ਕਈਆਂ ਦੀ ਪ੍ਰੀਤ ਸਾਂਭੀ ਫਿਰਦੇ ਹਨ।

ਕਬਿੱਤ : ਰਾਜ ਤੇ ਸਮਾਜ ਸਭ ਛਡ ਗਿਆ ਰਾਣੀਏ ਨੀ, ਚੁੱਕ ਨਾ ਲੈ ਚਲਿਆ ਮੈਂ ਮੈਹਲ ਤੇ ਮੁਨਾਰਿਆਂ। ਮਾਣ ਤੂੰ ਅਨੰਦ ਨਿਤ ਮੌਜ ਤੇ ਬਹਾਰ ਕਰ, ਰਾਜ ਕਾਜ ਸਾਂਭ ਸਨੇ ਧਨ ਦੇ ਭੰਡਾਰਿਆਂ। ਪਾਲਣਾ ਦੇ ਵਾਸਤੇ ਬਤੇਰੜਾ ਏਹ ਰਾਜ ਭਾਗ, ਏਹੋ ਕੁਝ ਹਾਰਿਆ ਸੀ ਬੋਲ ਉਤੇ ਖਾਰਿਆਂ। ਸੱਖਣੇ ਹੀ ਆਏ ਅਤੇ ਸੱਖਣੇ ਸਿਧਾਰ ਗਏ, ਸੀਸ ਤੇ ਨਾ ਚੁਕਿਆ ਮੈਂ ਮੰਦਰਾਂ ਸਵਾਰਿਆਂ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਨਾਰੀ ਦਾ ਪਤਿ ਪ੍ਰਭੂ ਹੈ, ਪਤਿ ਹੀ ਪ੍ਰਾਨ ਅਧਾਰ।
ਕੰਤ ਵਿਹੂਣੀ ਨਾਰ ਦਾ, ਧ੍ਰਿਗ ਜੀਵਨ ਸੰਸਾਰ।

ਕਬਿੱਤ : ਪਤੀ ਦੇ ਬਗੈਰ ਸੁਖ ਭੱਠ ਨੇ ਜਹਾਨ ਦੇ ਤੇ, ਪਤੀ ਨਾਲ ਮੰਗਨੀ ਭੀ ਭੀਖ ਪਰਵਾਨ ਵੇ। ਪਤੀ ਬਿਨਾ ਪਤ ਕਿਥੇ, ਜਤ ਸਤ ਰਖੇ ਕੌਣ, ਨਾਰ ਨੂੰ ਭਤਾਰ ਬਿਨਾ ਜਗ ਸ਼ਮਸ਼ਾਨ ਵੇ ? ਸਾੜਨਾ ਨਾ ਰਾਜ, ਮਹਾਰਾਜ ਦੇ ਦੀਦਾਰ ਬਾਝ, ਸਭ ਨੇ ਅਕਾਜ, ਬਿਨਾ ਪਤੀ ਦੇ ਧਿਆਨ ਵੇ। ਪਤੀ ਪ੍ਰਮੇਸ਼ਰ ਜਹਾਨ ਵਿਚ ਨਾਰੀਆਂ ਦਾ, ਖਲੜੀਆਂ ਨਾਰੀਆਂ ਨੇ ਪਤੀ ਜਿੰਦ ਜਾਨ ਵੇ।

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਮੇਲ ਵਿਛੋੜਾ ਲਿਖਿਆ, ਧੁਰ ਦਰਗਾਹੋਂ ਜੋ।
ਕੌਣ ਮਿਟਾਵੇ ਰਾਣੀਏ ? ਜੋ ਹੋਣਾ ਸੋ ਹੋ।

ਕਬਿੱਤ : ਭਾਗ ਬਿਨਾ ਭੋਗ ਤੇ ਸੰਜੋਗ ਨਾ ਰੈਹਨ ਕਦੇ, ਮਥੇ ਦੀਆਂ ਲਿਖੀਆਂ ਨੂੰ ਮੇਟ ਕੌਣ ਸਕਦਾ ? ਬੀਜਿਆ ਹੀ ਵੱਢਣਾ ਤੇ ਕੀਤਾ ਹੀ ਪਾਵਣਾ ਹੈ, ਅੱਕ ਨਾਲ ਰਾਣੀਏ ਨਾ ਅੰਬ ਕਦੇ ਪੱਕਦਾ। ਏਸ ਹਥ ਕਰ ਦੂਜੇ ਹਥ ਦੇਵੇ ਕਰ ਜੁਗ[1], ਕਰਮਾਂ ਦੀ ਗੱਤ ਨੂੰ ਨਾ ਕੋਈ ਆਨ ਡਕਦਾ। ਰਬ ਦੇ ਅਧੀਨ, ਨਾ ਅਧੀਨ ਕੁਝ ਬੰਦਿਆਂ ਦੇ, ਭਾਗ ਵਸ ਹੋਏ ਜੀਵ ਭੌਂਦਿਆਂ ਨਾ ਥੱਕਦਾ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਦੁਖ ਵਿਛੋੜਾ ਕਠਿਨ ਹੈ, ਪਾਵੇ ਨਾ ਕਰਤਾਰ।
ਵਢੀ ਬਣ ਦੀ ਲਕੜੀ, ਨਿਸਦਿਨ ਕਰੇ ਪੁਕਾਰ।

ਕਬਿੱਤ : ਏਸੇ ਤਰ੍ਹਾਂ ਲਿਖਿਆ ਤਾਂ ਮੇਸ ਫੇਰ ਪੱਟੀ ਨੂੰ, ਕਲਾ ਹੀ ਸਮੇਟ ਖਿਚ ਮਾਰ ਖਾਂ ਕਟਾਰ ਵੇ। ਦੁਖ ਵਿਚ ਸੁਟ ਕੇ ਪੱਟ ਝੁੱਗਾ ਚੌੜ ਕਰ, ਕਿਸ ਦੇ ਹਵਾਲੇ ਕਰ ਚਲਿਆ ਏਂ ਨਾਰ ਵੇ। ਮੌਹਰਾ ਦੇਕੇ ਮਾਰ, ਭਾਵੇਂ ਸੂਲੀ ਉਤੇ

---

1. ਕਲਜੁਗ ਨੂੰ ਕਰ-ਜੁਗ ਕਿਹਾ ਹੈ ਅਰਥਾਤ ਜੈਸਾ ਕਰੋ ਤੈਸਾ ਪਾਓ।

ਚਾੜ੍ਹ ਜਾਈਂ, ਦੁਖ ਦੇ ਪਹਾੜ ਕਾਹ ਨੂੰ ਚਲਿਆ ਉਸਾਰ ਵੇ ? ਨਿਤ ਦਾ ਕਲੇਸ਼ ਨਾ ਸਹਾਰ ਕੋਈ ਸਕਦਾ ਹੈ, ਨਾਰ, ਬੇ-ਭਤਾਰ, ਧ੍ਰਿਗ ਜੀਵਨਾ ਸੰਸਾਰ ਵੇ।

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਦੁਖ਼ ਸੁਖ ਹਰਿ ਕੀ ਆਗਿਆ, ਧਰ ਸੰਤੋਖ ਸਹਾਰ।
ਜੋ ਲਿਖਿਆ ਸੋ ਮਿਲ ਰਹੇ, ਦੇਨ ਹਾਰ ਕਰਤਾਰ।

ਕਬਿੱਤ : ਰਾਜ ਤੇ ਬਹਾਵੇ, ਚਾਹੇ ਭਿਖਿਆ ਮੰਗਾਵੇ, ਭਾਗ ਪੁੱਠਿਆਂ ਟੰਗਾਵੇ ਚਾਹੇ ਡੋਬੇ ਚਾਹੇ ਤਾਰਦਾ। ਵਿਛੜੇ ਮਿਲਾਵਨਾ, ਜੁਦਾਈਆਂ ਨੂੰ ਪਾਵਨਾ ਤੇ ਸੁਖ ਦੁਖ ਲਾਵਨਾ, ਏਹ ਵੱਸ ਕਰਤਾਰ ਦਾ। ਜਿੰਨਾ ਚਿਰ ਲਿਖਿਆ ਸੀ, ਭੋਗ ਸੋਈ ਭੋਗ ਲਿਆ, ਲਿਖਿਆ ਵਿਜੋਗ, ਨਾ ਸੰਜੋਗ ਹੋਵੇ ਨਾਰ ਦਾ। ਰਖ ਕੇ ਸੰਤੋਖ ਦੁਖ ਦੇਵੀਏ ਨਾ ਹੋਰ ਤਾਂਈ, ਵੱਸ ਓਸ ਰਬ ਦੇ ਜੋ ਰਖਦਾ ਤੇ ਮਾਰਦਾ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਦੁਖ ਫਕੀਰੀ ਦੇ ਘਣੇ, ਤੇਰਾ ਸੋਹਲ ਸਰੀਰ।
ਓਹ ਝੂਲੇ ਓਹ ਪੱਛੀਏ, ਕੇਲੇ ਪਾਸ ਕਰੀਰ।

ਕਬਿੱਤ : ਮੰਨ ਮੇਰੀ ਗੱਲ, ਉਠ ਮੰਦਰਾਂ ਨੂੰ ਚੱਲ ਨਾ ਕਲੇਸ਼ ਪਿਆ ਝੱਲ, ਤੈਨੂੰ ਪੁਜਣਾ ਨਾ ਜੋਗ ਵੇ। ਭਸਮ ਰਮਾਵਣਾ ਤੇ ਧੂਣੀਆਂ ਤਪਾਵਣਾ, ਹੈ ਜੀਉਂਦੇ ਮਰ ਜਾਵਨਾ ਲਗਾਵਨਾ ਇਹ ਰੋਗ ਵੇ। ਕੰਚਨ[1] ਸਰੀਰ, ਰੁਲੂ ਹੋਇ ਕੇ ਫਕੀਰ ਕੰਨ ਸੁੱਟਨਗੇ ਚੀਰ, ਦੁਖ ਪੀੜ ਬੜੀ ਹੋਗ ਵੇ। ਆਖਾਂ ਹਥ ਜੋੜ, ਕਿਹਾ ਨਾਰ ਦਾ ਨਾ ਮੋੜ, ਲਗੀ ਪ੍ਰੀਤ ਨੂੰ ਨਾ ਤੋੜ, ਚਾਰ ਦਿਨਾਂ ਦਾ ਸੰਜੋਗ ਵੇ।

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਮੇਹਨਤ ਬਿਨ ਮਜ਼ਦੂਰੀਆਂ, ਦੁਧਾਂ ਬਾਝ ਨਾ ਖੀਰ।
ਬਿਨਾਂ ਭਜਨ ਮੁਕਤੀ ਕਹਾਂ, ਕਿਉਂ ਨਾ ਬਣਾਂ ਫਕੀਰ ?

ਕਬਿੱਤ : ਦੁਖ ਬਿਨਾ ਸੁਖ ਤੇ ਅਨਾਜ ਬਿਨਾ ਭੁਖ, ਅਤੇ ਸਿੰਜਿਆ ਬਗੈਰ, ਕਦੇ ਫਲਦੇ ਨਾ ਰੁਖ ਨੀ। ਸਾਧਨਾ ਬਗੈਰ ਕਿਸੇ ਮਾਪਿਆ ਨਾ ਆਤਮਾ ਨੂੰ, ਸਬਰ ਸੰਤੋਖ ਬਿਨਾਂ ਮਿਟਦੇ ਨਾ ਦੁਖ ਨੀ। ਆਣ ਜਾਣ, ਗਿਆਨ ਬਿਨ, ਮੁਕਦਾ ਨਾ ਬੰਦਿਆਂ ਦਾ, ਲਖ ਭਾਵੇਂ ਤਾਣ ਪਏ ਲਾਣ ਜੇ ਮਨੁਖ ਨੀ। ਮਾਨਸ ਜਨਮ ਫੇਰ ਲਭਨਾ ਨਾ ਬਾਰ ਬਾਰ, ਭਜਿਆਂ ਮੁਰਾਰ ਮਿਲੇ ਆਤਮਾ ਨੂੰ ਸੁਖ ਨੀ।

1. ਸੋਨੇ ਜੇਹਾ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਚਾਤ੍ਰਿਕ ਹਰਿ ਹਰ ਦਮ ਸਿਮਰ, ਮੌਤ ਨਾ ਮਨੋਂ ਭੁਲਾ।
ਚਾਹੇ ਕਲਗੀ ਸਿਰੇ ਧਰ, ਚਾਹੇ ਭਸਮ ਰਮਾ।

ਕਬਿੱਤ : ਜੋਗੀਆਂ ਦਾ ਭੇਸ ਧਾਰ ਫਿਰੇਂਗਾ ਤੂੰ ਦੇਸ ਦੇਸ, ਏਸ ਗਲ ਨਾਲ ਕਦੋਂ ਮਿਲੇ ਭਗਵਾਨ ਵੇ ? ਸਿਧੀਆਂ ਤੇ ਨਿੱਧੀਆਂ ਬਨਾਵਣਾ ਕੀ ਲਭ ਕੇ ਤੇ ਆਪ ਜਿਦ੍ਹੇ ਪਾਸ ਹੋਵੇ ਸਭ ਸਮਿਆਨ ਵੇ ? ਨਾਰੀਆਂ ਅਪੱਛਰਾਂ ਤੇ ਰਾਜ ਹੈ ਬੈਕੁੰਠ ਧਾਮ, ਹੋਰ ਕੇਹੜੀ ਗਲ ਵਲ ਗਿਆ ਹੈ ਧਿਆਨ ਵੇ ? ਇਤਨੀ ਹੀ ਢੇਰ ਏਹ ਨੂੰ ਰਜਕੇ ਹੰਢਾ ਰਾਜਾ, ਸਿਦਕਾਂ ਬਗੈਰ ਕਦੋਂ ਰਜਿਆ ਜਹਾਨ ਵੇ ?

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਜਗਤ ਪਦਾਰਥ ਥਿਰ ਨਹੀਂ, ਢਲ ਪਰਛਾਵੇਂ ਜਾਨ।
ਪਿਛੋਂ ਸੁਪਨਾ ਹੋਂਵਦੇ, ਨਾਲ ਨਾ ਸਾਥ ਨਿਭਾਨ।

ਕਬਿੱਤ : ਨਾਸਮਾਨ ਜੱਗ ਦੇ ਨੇ ਸੁਖ ਸਾਰੇ ਨਾਸਮਾਨ, ਸਮਾਂ ਜਦੋਂ ਪੁੱਗਦਾ ਏਹ ਹੋਂਵਦੇ ਬਿਨਾਸ ਨੀ। ਕੱਚ ਅਤੇ ਭੁਲਣਾ ਤੇ ਸਚ ਤੋਂ ਉਡਲਣਾ[1], ਇਹ ਮੂਰਖਾਂ ਦਾ ਕੰਮ ਰਖੇ ਜੀਵਨੇ ਦੀ ਆਸ ਨੀ। ਮੁਕਨਾ ਜੇ ਅੰਤ ਕਾਹਨੂੰ ਉਕਨਾ ਏ ਚਾਲਿਆਂ ਤੋਂ ਜਿਤਨਾ ਜਨਮ ਜਪ ਰਾਮ ਸਵਾਸ ਸਵਾਸ ਨੀ। ਵਿਸ਼ੇ ਰੂਪ ਵਿਸ ਦਾ ਸਵਾਦ ਗਿਆ ਭੁਲ ਸਾਨੂੰ, ਸਤਿਗੁਰਾਂ ਦਿਤੀ ਰਾਮ ਨਾਮ ਦੀ ਮਿਠਾਸ ਨੀ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਸੁਰਗ ਨਰਕ ਪਤਾਲ ਭੀ, ਅੰਤ ਨਾਸ ਹੋ ਜਾਨ।
ਕਾਇਮ ਦਾਇਮ ਰਹੇਗਾ, ਓਹ ਸਾਚਾ ਭਗਵਾਨ।

ਕਬਿੱਤ : ਨਾਸਮਾਨ ਸਭ ਬਿਨਾ ਓਸ ਅਬਿਨਾਸ਼ੀਏ ਦੇ, ਪੁੱਗਿਆ ਮਿਆਦ ਮਿਲੇ ਸਭ ਨੂੰ ਗਿੜਾਇ ਵੇ। ਨਰਕ, ਸੁਰਗ ਤੇ ਬ੍ਰਹਮ ਲੋਕ, ਸ਼ਿਵ-ਲੋਕ, ਕਰਮਾਂ ਦਾ ਫਲ ਭੋਗ ਦੇਂਵਦੇ ਕਢਾਇ ਵੇ। ਉਮਰਾ ਨੂੰ ਭੋਗ ਬ੍ਰਹਮਾ ਆਪ ਨਾ ਰੈਹਨ ਪਾਵੇ, ਕੁੱਲ ਹੀ ਜਹਾਨ ਜੇਹੜਾ ਰਿਹਾ ਹੈ ਬਨਾਇ ਵੇ। ਓਸ ਭਗਵਾਨ ਬਿਨਾਂ ਨਾਸਮਾਨ ਸਭ ਗਲਾਂ, ਨਾਸਮਾਨ ਉਤੇ ਰਿਹੋਂ ਜੀਓ ਭਰਮਾਇ ਵੇ।

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਆਤਮ ਅਬਿਨਾਸ਼ੀ ਸਦਾ, ਪਰਮਾਤਮ ਦਾ ਅੰਗ।
ਨਾਸ ਨ ਹੋਵਨ ਕਦੇ ਭੀ, ਰਲੀਏ ਪ੍ਰਭ ਦੇ ਸੰਗ।

---
1. ਲਾਂਭੇ ਜਾਣਾ, ਡੋਲਣਾ।

ਕਬਿੱਤ : ਨਾਸ ਹੋਵਨ ਲੋਕ, ਪ੍ਰਲੋਕ, ਬ੍ਰਹਮ ਲੋਕ ਸਭ, ਨਾਸ ਹੋਣ ਦੇਵਤੇ ਨਾ ਆਤਮਾ ਦਾ ਨਾਸ ਹੈ। ਆਤਮਾ ਪ੍ਰਮਾਤਮਾ ਦੀ ਜੋਤ ਵਿਚੋਂ ਨਿਕਲਿਆ, ਲਭਿਆ, ਬ੍ਰਹਮ, ਹੁੰਦਾ ਬ੍ਰਹਮ ਮੇਂ ਨਿਵਾਸ ਹੈ। ਸਾਗਰ ਦੇ ਵਿਚ ਜਿਵੇਂ ਬੂੰਦ ਜਾ ਸਮਾਂਵਦੀਏ. ਜੋਤ ਵਿਚ ਜੋਤ ਮਿਲ ਕਟ ਜਾਂਦੀ ਫਾਸ ਹੈ। ਜਿਸ ਵਿਚੋਂ ਉਠਿਆ ਸਮਾਇ ਜਾਏ ਉਸ ਵਿਚ, ਫੇਰ ਕੋਈ ਦੁਖ, ਸੁਖ ਢੁੱਕਦਾ ਨਾ ਪਾਸ ਹੈ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਖੇਲ ਰਚਾਇਆ ਪ੍ਰਭੂ ਨੇ, ਆਪਣੀ ਜੋਤ ਖਿਲਾਰ।
ਸਰਬ ਜੋਤ ਦਾ ਰੂਪ ਬਣ, ਹਰ ਹਰ ਵਿਚ ਕਰਤਾਰ।

ਕਬਿੱਤ : ਅੰਸ ਪਰਮਾਤਮਾ ਦੀ ਪਸਰੀ ਜੇ ਜਗ ਵਿਚ, ਇਕ ਦੂਏ ਆਤਮਾ ਨੂੰ ਫੇਰ ਕੀ ਦੁਖਾਵਨਾ ? ਦੁਖੀ ਕਰ ਨਾਰ ਨੂੰ ਸਵਾਰਨਾ ਕੀ ਆਤਮਾ ਨੂੰ, ਦੁਖ ਦੇ ਕੇ ਸੁਖ ਕਦੋਂ ਰਾਜਿਆ ਤੈਂ ਪਾਵਨਾ ? ਜੋਤ ਪ੍ਰਮਾਤਮਾ ਦੀ ਓਤ ਪੋਤ[1] ਪਸਰੀ ਹੈ, ਆਤਮਾ ਤਪਾਇ ਪ੍ਰਮਾਤਮਾ ਤਪਾਵਨਾ। ਹਰ ਰੰਗ ਵਿਚ, ਰੰਗ ਦੇਖ ਪਰਮਾਤਮਾ ਦਾ, ਘਰ ਘਰ ਆਤਮਾ ਤਾਂ ਜੰਗਲੀਂ ਕੀ ਜਾਵਨਾ ?

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਬਿਨ ਖੋਜੇ ਹਰਿ ਨਾ ਮਿਲੇ, ਵਸੇ ਸਭਨ ਕੇ ਮਾਂਹਿ।
ਜੋ ਖੋਜੇ ਸੋ ਪਾਂਵਦਾ, ਨਾ ਖੋਜੇ ਸੋ ਨਾਹਿ।

ਕਬਿੱਤ : ਦੁਧ ਵਿਚ ਘਿਓ ਸਦਾ ਵਸਦਾ ਜ਼ਰੂਰ ਰਾਣੀ, ਰਿੜਕਿਆ ਬਗੈਰ ਪਰ ਹਥ ਨਹੀਂ ਆਂਵਦਾ। ਪਾਣੀ ਵਿਚ ਪ੍ਰਿਥਵੀ ਦੇ ਚੱਪੇ ਚੱਪੇ ਵਸਦਾ ਹੈ, ਬਿਨਾਂ ਖੂਹਾ ਪੁਟਿਆਂ ਦੇ ਪਯਾਸ ਨਾ ਬੁਝਾਂਵਦਾ। ਲਭਿਆਂ ਬਗੈਰ ਹੋਵੇ ਪਾਸ ਚੀਜ਼ ਪਈ ਹੋਈ, ਖੁਲ੍ਹਿਆਂ ਕਪਾਟ ਭੇਦ ਆਤਮਾ ਦਾ ਪਾਂਵਦਾ। ਭਾਗ ਜਿਹਦੇ ਜਾਗਦੇ, ਓਹ ਰਬ ਵਲ ਲਾਗਦੇ, ਜਹਾਨ ਨੂੰ ਤਿਆਗਦੇ, ਪ੍ਰੇਮ ਰਾਮ ਲਾਂਵਦਾ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਕੰਤ ਦਰਸ ਭਗਵੰਤ ਹੈ, ਸੰਤ ਰੂਪ ਬਨ ਕੰਤ।
ਕੁਟੀਆ ਬੈਠ ਬਨਾਇ ਕੇ, ਭਜਨ ਕਰੀਂ ਏਕੰਤ।

ਕਬਿੱਤ : ਕੰਨ ਨੂੰ ਪੜਾਓ, ਚਾਓ ਲਾਹ ਲੈ ਬੇਸ਼ੱਕ ਰਾਜਾ, ਜੋਗ ਭੀ ਕਮਾਓ ਪਰ ਬਾਹਰ ਨਾ ਜਾਹ ਵੇ। ਮੰਗ ਪਿੰਨ ਖਾਵਣੇ ਤੋਂ ਲਾਜ ਲਗੇ ਛੱਤਰੀ ਨੂੰ,

---

1. ਕਪੜੇ ਦੇ ਤਾਣੇ ਪੇਟੇ ਵਾਂਗ, ਸਭ ਪਾਸੇ।

ਆਪਣੀ ਕਮਾਈ ਵਿਚੋਂ ਅੰਨ ਪਿਆ ਖਾਹ ਵੇ। ਕੁਟੀਆ ਪਵਾਨੀਆਂ ਤੇ ਧੂਨੀਆ ਤਪਾਨੀਆਂ, ਨਵੇਕਲਾ ਬਠਾਨੀਆਂ, ਤੂੰ ਸਾਧਨਾਂ ਨਿਬਾਹ ਵੇ। ਟਹਿਲ ਕਮਾਵਾਂਗੀ ਬੇਅੰਤ ਸੁਖ ਪਾਵਾਂਗੀ, ਮੈਂ ਸੀਸ ਤੇ ਚੜ੍ਹਾਵਾਂ, ਤੇਰੀ ਪੈਰ ਦੀ ਸੁਆਹ ਵੇ।

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਸੋਨੇ, ਸਿੱਕੇ ਵਾਂਗ ਹੈ, ਨਾਰੀ ਸਾਧੂ ਮੇਲ।
ਬ੍ਰਿਛਾ ਕੈਸੇ ਫਲ ਸਕੇ, ਜਿਸ ਪਰ ਅੰਬਰ ਵੇਲ।

ਕਬਿੱਤ : ਲਾਜ ਲਗੇ ਭੇਖ ਨੂੰ ਨਾ ਕਰੇਗਾ ਵਿਸਾਹ ਕੋਈ, ਨੱਕ ਵੱਢ ਲੋਗ ਖੁਰਾਸਾਨ[1] ਨੂੰ ਪੁਚਾਨ ਨੀ। ਨਾ ਧਾਰਿਆ ਸੂ ਜੋਗ, ਭੁਖ ਭੋਗ ਦੀ ਨਾ ਦੂਰ ਹੋਈ, ਆਨ ਬੈਠਾ ਰੰਨ ਕੋਲ ਫੇਰ ਖੇਹ ਖਾਨ ਨੀ। ਭੋਗ ਨਾ ਸੀ ਛਡਨੇ, ਤਾਂ ਕੰਨ ਕਾਹਨੂੰ ਵੱਢਨੇ ਸੀ, ਤਾਨਿਆਂ ਦੇ ਨਾਲ ਮੇਰੇ ਗੁਰੂ ਨੂੰ ਅਕਾਨ ਨੀ। ਸ਼ਾਕਰ[2] ਤੇ ਸਾਬਰ[3], ਨਾਬਰ[4] ਹੋ ਰਜ਼ਾ[5] ਵਲੋਂ, ਸੋਈ ਬਿਧ ਰਹੇ ਜਿਤੇ ਰਹੇ ਭਗਵਾਨ ਨੀ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਪਤੀ ਬਿਹੂਨੇ ਮਹਿਲ ਸਭ, ਦਿਸਣ ਵਾਂਗ ਉਜਾੜ।
ਨਾਲ ਪੀਆ ਦੇ ਵਸਦਿਆਂ, ਸੋਈ ਉਜਾੜ ਬਹਾਰ।

ਕਬਿੱਤ : ਮੰਨਕੇ ਰਜ਼ਾਇ ਤੁਰ ਚੱਲਨੀਆਂ ਨਾਲ ਤੇਰੇ, ਆਪ ਬਨ ਸਾਧ ਮੈਨੂੰ ਸਾਧਨੀ ਬਨਾਇ ਵੇ। ਹਾਰ ਤੇ ਸ਼ਿੰਗਾਰ ਦਰਕਾਰ[6] ਕਿਸ ਨਾਰ ਦੇ ਨੇ ? ਪਤੀ ਦੇ ਬਿਹੀਨ ਮੀਨ ਪਾਣੀਓਂ ਸਿਵਾਇ[7] ਵੇ। ਰਖ ਮੈਨੂੰ ਪਾਸ, ਤੇਰੇ ਦੇਖਣੇ ਦੀ ਆਸ ਮੈਨੂੰ ਰੰਗ ਕੇ ਤੇ ਗੇਰੂਏ ਦੇ ਕਪੜੇ ਪਵਾਇ ਵੇ। ਟੈਹਲ ਕਮਾਵਾਂ ਤੇਰੀ, ਧੂਨੀਆਂ ਤਪਾਵਾਂਗੀ ਮੈਂ, ਮੰਗ ਕੇ ਲਿਆਵਾਂ ਤੇ ਖੁਆਵਾਂਗੀ ਪਕਾਇ ਵੇ।

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਮਨੋਂ ਤਿਆਗੀ ਵਸਤ ਦਾ, ਕਰਨਾ ਅੰਗੀਕਾਰ।
ਮਹੁਰੇ ਵਾਂਗਰ ਖਾਵਣਾ, ਲਾਨਤ ਪਏ ਹਜ਼ਾਰ।

ਕਬਿੱਤ : ਵਾਇਦੇ ਜੇ ਖਾਣੇ ਹੁੰਦੇ, ਏਹੋ ਸਾਧ ਹੋਇ ਕੇ ਤੇ, ਘਰ ਵਿਚ ਬੈਠ ਕਿਉਂ ਗ੍ਰਿਹਸਤ ਨਾ ਕਮਾਂਵਦਾ ? ਲੀਕ ਤੇ ਕਲੀਕ ਨਾਰ ਨਾਲ ਹੀ ਜੇ ਰਖਣੀ ਸੀ, ਰਾਜ ਨੂੰ ਤਿਆਗ ਸਿਰ ਖੇਹ ਕਾਹਨੂੰ ਪਾਂਵਦਾ ? ਜੋਗ ਦਾ ਕੀ ਫਾਇਦਾ, ਜੇ ਰਿਹਾ ਓਹੋ ਵਾਇਦਾ, ਏ ਕਾਇਦਾ ਨਾ ਸਾਧਗੀ ਦਾ ਰਾਸ ਕਦੇ ਆਂਵਦਾ ? ਬੈਠ ਘਰ ਭਾਗਨੇ ਤੂੰ ਦੁਖ ਕਾਹਨੂੰ ਝਾਗਨੇ ਨੇ, ਸੋਹਲ ਸਰੀਰ ਤੈਨੂੰ ਮੈਹਲ ਸੁਹਾਂਵਦਾ।

---

1. ਈਰਾਨ ਦੇ ਪੂਰਬ ਤੇ ਅਫਗਾਨਿਸਤਾਨ ਤੋਂ ਪਛਮ ਵਲ ਦਾ ਇਕ ਇਲਾਕਾ। 2. ਸ਼ੁਕਰ ਵਿਚ ਰਹਿਣ ਵਾਲਾ। 3. ਸਬਰ ਸੰਤੋਖ ਵਾਲਾ। 4. ਵਿਰੁਧ, ਇਨਕਾਰੀ। 5. ਰਬ ਦੀ ਮਰਜ਼ੀ। 6. ਯੋਗ, ਲੋੜੀਂਦੇ। 7. ਬਿਨਾਂ।

ਦੁਬਾਰਾ ਕਬਿਤ ਜੋਗੀ ਭਰਥਰੀ ਹਰੀ ਜੀ

ਦੇਰ ਹੋਈ ਫੇਰ, ਮੈਂ ਸਵੇਰ ਦਾ ਦੁਆਰ ਖਲਾ, ਪਾਓ ਮੈਨੂੰ ਖੈਰ ਮਾਈ ਹੋਰ ਨਾ ਖਲ੍ਹਾਰ ਨੀ।
ਗੁਰੂ ਮੇਰਾ ਮੰਗਸੀ ਜਵਾਬ ਜਦੋਂ ਤੰਗ ਹੋ ਕੇ, ਆਖਸਾਂ ਕੀ ਗਲ, ਮੈਨੂੰ ਡੱਕਿਆ ਸੀ ਨਾਰ ਨੀ ?
ਜੋਗ ਏਹ ਸੰਪੂਰਨਾ, ਹੋ ਜਾਏ ਭਾਗਵਾਨ ਮਾਈ, ਰਾਜ ਭਾਗ ਮਾਣ ਦੇਊ ਸੁਖ ਕਰਤਾਰ ਨੀ।
ਗੁਰੂ ਦਾ ਹੁਕਮ ਤੈਨੂੰ ਜੋਗ ਤਦੋਂ ਦੇਵਸਾਂ ਮੈਂ, ਪਿੰਗਲਾਂ ਜੇ ਖੈਰ ਦੇਵੇਂ ਹਥ ਨੂੰ ਉਲਾਰ ਨੀ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਜੈਸੇ ਮਛਲੀ ਜਲ ਬਿਨਾਂ, ਸੁਖੀ ਨਾ ਹੋਵੈ ਮੂਲ।
ਤੈਸੇ ਪਤਿ ਬਿਨ ਨਾਰ ਨੂੰ, ਸਾਰੇ ਸੁਖ ਹਨ ਸੂਲ।

ਕਬਿੱਤ : ਦੇਂਵਦਾ ਅਸੀਸ ਕੇਹੜੇ ਮੁਖ ਨਾਲ ਰਾਜਿਆ ਤੂੰ, ਆਰੀ ਨਾਲ ਫੇਰ ਵਢੇਂ ਸੁਖਾਂ ਵਾਲੀ ਬੇਰ ਵੇ ? ਮੰਨ ਇਕ ਗੱਲ ਚਲ ਖੇਡ ਦੇਖ ਭਾਗ ਵਾਲੀ ਪਾਸੇ ਉਤੇ ਬੈਠ ਜ਼ਰਾ ਡਲਾਂ ਤਾਂਈ ਗੇਰ ਵੇ। ਜਿੱਤੀ ਜੇ ਮੈਂ ਬਾਜੀ, ਤਾਂ ਬਾਰਜੀਂ[1] ਘਰ ਆਪਣੇ ਤੂੰ, ਹਰੇ ਜੇ ਨਸੀਬ, ਕਰੀਂ ਇਛਿਆ ਜੋ ਫੇਰ ਵੇ। ਆਖ ਕੇ ਤੈਂ ਮਾਈ, ਹੈ ਵਗਾਈ ਸਾਂਗ ਕਾਲਜੇ ਤੇ, ਇਸ ਹਾਲ ਵਿਚ ਸੁਖ ਦੇਖਿਆ ਮੈਂ ਢੇਰ ਵੇ।

ਜਵਾਬ ਜੋਗੀ ਭਰਥਰੀ ਹਰੀ ਜੀ ਦਾ

ਦੋਹਰਾ : ਸੋ ਕਰਨੀ ਕਰਤਾਰ ਨੇ, ਜੋ ਉਸ ਨੂੰ ਮਨਜ਼ੂਰ।
ਕਿਸਮਤ ਦਾ ਪਾਸਾ ਭਲਾ, ਦੇਖੋ ਮਨਾਂ ਜ਼ਰੂਰ।

ਕਬਿੱਤ : ਮੰਨਿਆ ਸਵਾਲ ਦਿੱਤਾ ਪਾਸਿਆਂ ਨੂੰ ਢਾਲ ਰਾਜੇ, ਦੀਨਨ ਦਯਾਲ ਤਾਂਈ ਮਨ ਮੈਂ ਧਿਆਇ ਕੇ। ਲਾਜ ਮਹਾਰਾਜ ਤੁਸਾਂ ਰਖਣੀ ਏ ਹਥ ਦੇ ਕੇ, ਦਰੋਪਤੀ ਦੀ ਲਾਜ ਜਿਵੇਂ ਰਖੀ ਆਪ ਆਇ ਕੇ। ਰਬ ਦੀ ਰਜ਼ਾਇ ਪਾਸਾ ਪਿਆ ਸਿਧੇ ਦਾਇ, ਜਿਤ ਜੋਗੀੜਾ ਗਿਆ ਫੇਰ ਆਖਿਆ ਸੁਨਾਇ ਕੇ। ਰਬ ਨੇ ਮੇਹਰ ਕੀਤੀ ਬਾਜੀ ਤੈਥੋਂ ਜਿਤ ਲੀਤੀ,ਪਾਲ ਕੇ ਸੁਖਨ ਪਾਓ ਭਿਛਿਆ ਲਿਆਇ ਕੇ ।

ਜਵਾਬ ਰਾਣੀ ਪਿੰਗਲਾਂ

ਦੋਹਰਾ : ਭਾਗਹੀਨ ਕਿਸਮਤ ਸੜੀ, ਕੋਈ ਨਾ ਚੱਲੇ ਚਾਲ।
ਜੀਵਨ ਅਜ ਨਿਖੁੱਟਿਆ, ਆਯਾ ਸਿਰ ਤੇ ਕਾਲ।

ਕਬਿੱਤ : ਸੜੇ ਮੇਰੇ ਲੇਖ, ਰੇਖ ਪੁੱਠੀ ਵਗੀ ਬਿਧਨਾ ਦੀ, ਕਰਾਂ ਕੀ ਇਲਾਜ ਕੋਈ ਪੇਸ਼ ਨਹੀਂ ਜਾਂਵਦੀ। ਜਾਣਦੀ ਏਹ ਕਾਰਨੇ, ਤਾਂ ਬੋਲ ਕਾਹਨੂੰ ਹਾਰਨੇ ਸੀ, ਆਖਿਆ ਸੁਖਨ, ਜੇ ਨਾ ਪਾਲਾਂ

1. ਰਜ਼ੀ, ਖ਼ੁਸ਼ੀ ਦੇ ਅਰਥਾਂ ਵਿਚ ਹੈ।

ਲਜ ਆਂਵਦੀ। ਜਾਓ ਨੀ ਲਿਆਓ ਦਾਨ ਭਿਛਿਆ ਦਾ ਦਾਨ ਕਰਾਂ, ਜਾਂਦੀ ਵਾਰ ਜੋਗੀਏ ਨੂੰ ਹੋਰ ਨਾ ਦੁਖਾਂਵਦੀ। ਲਓ ਮਹਾਰਾਜ ਤੇਰਾ ਭਲਾ ਹੋਵੇ ਕਾਜ, ਭਾਵੇਂ ਜਾਨ ਜਾਏ ਸਾਡੜੀ ਤੁਸਾਡਾ ਭਲਾ ਚਾਂਵਦੀ।

ਜਵਾਬ ਜੋਗੀ ਭਰਥਰੀ ਹਰੀ ਜੀ

ਦੋਹਰਾ : ਸੁਖੀ ਵਸੇਂ ਪਟਰਾਣੀਏ, ਹੋਵੇਂ ਠੰਢੀ ਠਾਰ।
ਜਿਉਂ ਸੁਖ ਮੈਨੂੰ ਦਿਤਿਓ, ਮੇਹਰ ਕਰੂ ਕਰਤਾਰ।

ਕਬਿੱਤ : ਦੇਕੇ ਅਸੀਸ ਹੋਰ ਸੀਸ ਉਤੇ ਰਖਕੇ ਤੇ, ਨਸਿਆ ਭਰਤ ਜਿਵੇਂ ਰੌਲ ਸੜੇ ਨਗਰੋਂ। ਲੈਕੇ ਬਘਿਆੜ ਜਿਵੇਂ ਬਕਰੀ ਨੂੰ ਨਸਦਾ ਹੈ, ਚੋਰ ਜਿਵੇਂ ਭਜਦਾ ਹੈ ਵਾਹਰ ਪਵੇ ਮਗਰੋਂ। ਕੰਮ ਏਨਾ ਸਾਧਣਾ, ਜ਼ਰੂਰ ਮਨਜ਼ੂਰ ਸੀ, ਸੋ ਸਾਧ ਕੇ ਗੁਰੂ ਦਾ ਬੋਲ ਚਲ ਪਿਆ ਡਗਰੋਂ[1]। ਗੱਲਾਂ ਕਰੇ ਪੌਣ ਨਾਲ ਮੁਖ ਹੋਯਾ ਲਾਲੋ ਲਾਲ, ਭਿਛਿਆ ਦਾ ਫੁੱਲ ਤੋੜ ਪਿੰਗਲਾਂ ਦੇ ਲਗਰੋਂ।

ਬੇਹੋਸ਼ ਹੋ ਜਾਣਾ ਰਾਣੀ ਪਿੰਗਲਾਂ ਦਾ

ਦੋਹਰਾ : ਪਥਰ ਵਾਂਗਰ ਸਖਤ ਦਿਲ, ਜੋਗੀ ਕਿਸ ਦੇ ਮੀਤ ?
ਏਹ ਕੰਵਰ ਵਿਚ ਨੀਰ ਦੇ, ਰਖਣ ਨਾਂਹਿ ਪਰੀਤ।

ਕਬਿੱਤ : ਭਿਛਿਆ ਨਾ ਪਾਈ ਅਜੇ ਹੋ ਗਿਆ ਹਵਾਈ ਰਾਜਾ, ਆਈ ਚੁਧਯਾਈ ਰਾਣੀ ਡਿਗਦੀ ਚੁਫਾਲ ਹੈ। ਅਖੀਆਂ ਦੀ ਤਾਰ, ਵਿਚ ਓਸ ਦਿਲਦਾਰ ਦੇ ਹੈ, ਰਤ ਦੀ ਫੁਹਾਰ ਚਲੇ, ਕੂਲੇ ਹਾਲ ਹਾਲ ਹੈ। ਫੜਿਓ ਨੀ ਫੜਿਓ ਨਾ ਜਾਨ ਦਿਓ ਜੋਗੀਏ ਨੂੰ, ਸਬਰ ਕਰਾਰ ਮੇਰਾ ਲਈ ਜਾਂਦਾ ਨਾਲ ਹੈ। ਜੋਗੀਆ ਠਹਿਰ ਜ਼ਰਾ ਜਾਈਂ ਤੂੰ ਪੈਹਰ ਬਿੰਦ, ਤੇਰੇ ਬਿਨਾ ਪਿੰਗਲਾਂ ਦਾ ਹੋਣ ਲਗਾ ਕਾਲ ਹੈ।

ਦੋਹਰਾ : ਲਗੀ ਚੋਟ ਪਰੇਮ ਕੀ, ਅਗਨ ਗਈ ਤਨ ਸਾੜ।
ਅਖੀਂ ਓਹਲੇ ਹੋ ਗਿਆ, ਪ੍ਰੀਤਮ ਕ੍ਰਿਸ਼ਨ ਮੁਰਾਰ।

ਕਬਿੱਤ : ਆਵਿਓ ਨੀ ਆਵਿਓ ਲਿਆਵਿਓ ਮਨਾਇਕੇ ਤੇ, ਪਾਵਿਓ ਜੇ ਵਾਸਤਾ ਕਰਾਵਯੋ ਜੇ ਕਾਰੀਆਂ। ਜਾਨ ਮੇਰੀ ਚੱਲੀ ਨੀ, ਨਾ ਪੀੜ ਜਾਏ ਝੱਲੀ ਮੈਥੋਂ, ਮਾਰ ਗਿਆ ਖਿਚ ਕੇ ਵਿਯੋਗ ਦੀ ਕਟਾਰੀਆਂ। ਲਈ ਜਾਂਦਾ ਜਾਨ ਮੇਰੀ, ਸੁਕਦੇ ਪ੍ਰਾਣ ਅਤੇ ਰਿਹਾ ਨਾ ਤਰਾਨ ਸੁੱਧਾ ਭੁੱਲ ਗਈਆਂ ਸਾਰੀਆਂ। ਚੰਦ ਓਹ ਚਕੋਰਨੀ ਮੈਂ ਬੱਦਲ ਓਹ ਮੋਰਨੀ ਮੈਂ, ਚਾਤ੍ਰਿਕ ਦੇ ਬਾਝ ਜਾਨ ਕੀਤੀਆਂ ਤਿਆਰੀਆਂ।

ਦੋਹਰਾ : ਸਰਪਾ ਮਣੀ ਗਵਾਇ ਕੇ, ਜੀ ਨਾ ਸਕੇ ਇਕ ਬਿੰਦ।
ਤਿਉਂ ਕੁਰਲਾਵੇ ਪਿੰਗਲਾ, ਫੜੀ ਉਦਾਸੀ ਜਿੰਦ।

ਕਬਿੱਤ : ਆਖਦੀ ਏਹ ਉਠਕੇ ਨੀ ਲਈ ਜਾਂਦਾ ਮੁਠਕੇ ਓਹ, ਕਾਹਨੂੰ ਗਿਆ ਰੁਠਕੇ ਮੈਂ ਓਸ ਦੀ ਗੁਲਾਮ ਨੀ। ਓਸ ਬਿਨਾ ਜੀਵਨਾ ਨਾ ਤੱਤੜੀ ਦਾ ਥੀਵਨਾ ਤੇ ਅੰਨ ਜਲ ਪੀਵਨਾ ਹੈ ਮੁਝ ਤੇ

---
1. ਨਗਰ ਤੋਂ।

ਹਰਾਮ ਨੀ। ਏਸੇ ਥਾਉਂ ਮਰਾਂਗੀ, ਨਾ ਪੈਰ ਅੰਦਰ ਧਰਾਂਗੀ, ਨਾ ਮੌਤ ਕੋਲੋਂ ਡਰਾਂਗੀ ਬਗੈਰ ਉਸ ਸ਼ਾਮ ਨੀ। ਬਾਰਾਂਮਾਹ ਬਨਾਨੀਆਂ ਨੀ ਬੈਠ ਕੇ ਸੁਨਾਨੀਆਂ ਤੇ ਫੇਰ ਤੁਰ ਜਾਨੀਆਂ ਧਯਾਹਿ ਰਾਮ ਨਾਮ ਨੀ।

ਬਾਰਾਂਮਾਹ ਛੰਦਾਂ ਵਿਚ ਜ਼ਬਾਨੀ ਰਾਣੀ ਪਿੰਗਲਾਂ ਦੀ

ਚੇਤਰ—ਦੋਹਰਾ: ਚੇਤ ਖੇਤ ਬਿਨ ਮਾਲਕਾਂ, ਹੋਯਾ ਸੁੰਞ ਮਸਾਨ।
ਬਾਝ ਪੀਆ ਮਤਵਾਲੜੇ, ਸੁੰਞੇ ਮੈਹਲ ਡਰਾਨ।

***ਛੰਦ**- ਚੇਤ ਮਹੀਨੇ ਚੜ੍ਹੇ, ਦੁਖੀ ਤਨ ਸੜੇ, ਨਾਲ ਨਹੀਂ ਖੜੇ, ਭਰਥਰੀ ਪਿਆਰਾ।
ਸਖੀ ਕੰਤ ਬਿਨਾ ਘਰਬਾਰ ਡਰਾਵੇ ਸਾਰਾ।
ਪੀਆ ਗਏ ਪ੍ਰਦੇਸ, ਜੋਗ ਦੇ ਭੇਸ, ਲਗੀ ਤਨ ਠੇਸ, ਚਲੇ ਨਹੀਂ ਚਾਰਾ।
ਸਖੀ ਕੰਤ ਮਨਾਓ ਜਾਏ ਕਰੋ ਕੋਈ ਕਾਰਾ।
ਪੀਆ ਬਿਨਾਂ ਨਹੀਂ ਚੈਨ, ਬਰਸਦੇ ਨੈਨ, ਨਾ ਵਰਜੇ ਰੈਹਨ, ਵਗ ਜਲ ਧਾਰਾ।
ਸਖੀ ਦਿਲ ਵਿਚ ਸੂਲਾਂ ਪੈਣ ਨਾ ਨਾ ਹੋਵੇ ਸਹਾਰਾ।
ਚਾਤ੍ਰਿਕ ਕਰੋ ਪੁਕਾਰ, ਪੀਆ ਇਕ ਵਾਰ, ਦਿਓ ਦੀਦਾਰ, ਕਰੋ ਨਾ ਵਿਸਾਰਾ।
ਸਖੀ ਬਿਨ ਪੀਆ ਦੇ ਭੌਰ ਉਦਾਸ ਨਾ ਰਹੇ ਵਿਚਾਰਾ।

ਵਿਸਾਖ—ਦੋਹਰਾ :ਵਿਸਾਖ ਵਸੇਂਦੀ ਖਲਕ ਸਭ, ਮੇਰੇ ਭਾ ਉਜਾੜ।
ਜਿਨਕੇ ਕੰਤ ਦਿਸਾਪੁਰੀ, ਕਿਉਂ ਕਰ ਫੜਨ ਕਰਾਰ ?

ਛੰਦ : ਚੜ੍ਹੇ ਵਿਸਾਖੀ ਮਾਂਹ, ਪੀਆ ਘਰ ਨਾਂਹ, ਕੌਣ ਮੇਰੀ ਬਾਂਹ ਫੜੇਗਾ ਆ ਕੇ।
ਸਖੀ ਕੌਣ ਕਰੇਗਾ ਪਿਆਰ ਕੰਠ ਨਾਲ ਲਾ ਕੇ।
ਖਲਕਤ ਕਰੇ ਅਨੰਦ, ਹੋਏ ਖੁਰਸੰਦ, ਖਿੜੇ ਜਿਉਂ ਚੰਦ ਖੁਸ਼ੀ ਨੂੰ ਪਾ ਕੇ।
ਸਖੀ ਮੈਂ ਪਾਪਨ ਬਿਨ ਕੰਤ ਰਹੀ ਅਜ ਫਾ ਕੇ।
ਨਾਰਾਂ ਕਰਨ ਸ਼ਿੰਗਾਰ, ਪਟੀਆਂ ਸਵਾਰ, ਭੂਖਨਾ[1] ਧਾਰ, ਤੇ ਧੜੀ ਗੁੰਦਾ ਕੇ।
ਸਖੀ ਹੋ ਗਈ ਕੰਤ ਬਿਹੀਨ ਪਤੀ ਨੂੰ ਗਵਾ ਕੇ।
ਚਾਤ੍ਰਿਕ ਬਿਨ ਭਰਤਾਰ, ਕੂੜ ਸੰਸਾਰ, ਡਸੇ ਘਰ ਬਾਰ, ਏਹ ਡੰਗ ਚਲਾ ਕੇ।
ਸਖੀ ਕੰਤ ਬਿਨਾ ਸਿੰਗਾਰ ਕਰਾਂ ਕੀ ਲਾ ਕੇ ?

ਜੇਠ—ਦੋਹਰਾ : ਜੇਠ ਜਲਾਯਾ ਭੱਠ ਜਿਉਂ, ਹੱਡਾਂ ਬਾਲਣ ਬਾਲ।
ਬਿਨਾ ਪ੍ਰੀਤਮ ਪਤੀ ਦੇ, ਜੀਵਣ ਹੋਯਾ ਮੁਹਾਲ।

ਛੰਦ : ਜੇਠ ਚੜ੍ਹੇ ਜਲ ਰਹੀ, ਖਬਰ ਨਾ ਲਈ, ਪੀਆ ਨਿਰਦਈ, ਕਰਾਂ ਮੈਂ ਹਾੜੇ।
ਸਖੀ ਜੇਠ ਕਹਿਰ ਦੀ ਧੁੱਪ ਏਹ ਤਨ ਮਨ ਸਾੜੇ।
ਹੋਇ ਰਹੀ ਗਮਗ਼ੀਨ[2], ਬਿਨਾ ਜਲ ਮੀਨ, ਤੜਪਦੀ ਦੀਨ, ਪੁਕਾਰ ਪੁਕਾਰੇ।
ਸਖੀ ਸੀਤਲ ਜਲ ਕੋਈ ਦਰਸ ਪੀਆ ਛਟਕਾਰੇ।

---

* ਬੜੀ ਅਨੋਖੀ ਤੇ ਔਖੀ ਬੰਦਸ਼ ਹੈ। ਦੋ ਵਿਚੋਂ ਪਹਿਲੀ ਤੁਕ ਵਿਚ ਤਿੰਨ ਵਾਰ ਤੁਕਾਂਤ ਰਲਾ ਕੇ ਚੌਥਾਂ ਤੁਕਾਂਤ ਦੂਜੀ ਤੁਕ ਨਾਲ ਚਲਦਾ ਹੈ ਜਿਸ ਦਾ ਤੋਲ ਪਹਿਲੀ ਤੋਂ ਵਖਰਾ ਹੈ। 1. ਗਹਿਣੇ। 2. ਉਦਾਸ

ਪੀਆ ਲਵੇ ਆ ਸਾਰ, ਵਸੇ ਘਰ ਬਾਰ, ਹੋਵਾਂ ਬਲਿਹਾਰ, ਮੇਰਾ ਤਨ ਠਾਰੇ।
ਸਖੀ ਪੀਆ ਬਿਨਾ ਜਲ ਰਹੀ ਭਖਨ ਭਠਿਆਰੇ।
ਚਾਤ੍ਰਿਕ ਬਰਸੇ ਨੀਰ, ਨਾ ਆਵੇ ਧੀਰ, ਹੋਈ ਦਿਲਗੀਰ[1] ਬਿਨਾ ਉਸ ਪਿਆਰੇ।
ਸਖੀ ਪਾਏ ਵਿਛੋੜੇ ਤੀਰ ਬ੍ਰਿਹੋਂ ਦੇ ਮਾਰੇ।

ਹਾੜ—ਦੋਹਰਾ : ਹਾੜ ਹਨੇਰੀ ਝੂਲ ਰਹੀ, ਪਤਿ ਬਿਨ ਚੈਨ ਨਾ ਆਇ।
ਕਿਸਮਤ ਖੋਹ ਕੇ ਲੈ ਗਈ, ਅਖੀਂ ਘਟਾ ਪਾਇ।

ਛੰਦ : ਹਾੜ ਹਾਉਕੇ ਭਰਾਂ, ਪੀਆਂ ਬਿਨ ਮਰਾਂ, ਜਤਨ ਕੀ ਕਰਾਂ, ਫੇਰ ਮੁੜ ਆਵੇ।
ਸਖੀ ਬਖਸ਼ੇ ਸਭ ਗੁਨਾਹ ਬਹੁੜ ਗਲ ਲਾਵੇ।
ਹਾੜੇ ਕਰ ਰਹੀ ਢੇਰ, ਰਹੇ ਇਕ ਵੇਰ, ਨਜ਼ਰ ਨੂੰ ਫੇਰ, ਪੀਆ ਮੁੜ ਜਾਵੇ।
ਸਖੀ ਬਿਨ ਪੀਆ ਦਿਲ ਬੇਚੈਨ ਚੈਨ ਨਹੀਂ ਪਾਵੇ।
ਕੰਤ ਵਿਹੂਣੀ ਖੜੀ, ਬ੍ਰਿਹੋਂ ਵਿਚ ਸੜੀ, ਉਦਾਸੀ ਫੜੀ, ਲਈ ਜਿੰਦ ਹਾਵੇ।
ਸਖੀ ਆਣ ਨਾ ਲੈਂਦਾ ਸਾਰ ਪੀਆ ਤੜਪਾਵੇ।
ਚਾਤਿਕ ਬਿਨ ਦਿਲਦਾਰ[1], ਹੋਈ ਦੁਖਿਆਰ, ਬਿਨਾ ਦੀਦਾਰ, ਜਾਨ ਗਮ ਖਾਵੇ।
ਸਖੀ ਰੋਮ ਰੋਮ ਵਿਚ ਪੀੜ ਬ੍ਰਿਹੋਂ ਕਲਪਾਵੇ।

ਸਾਵਣ—ਦੋਹਰਾ : ਸਾਵਣ ਬਰਸੇ ਮੇਘਲਾ, ਕਾਲੀ ਘਟਾਂ ਚੜ੍ਹਾਇ।
ਬਾਝ ਦਰਸ ਉਸ ਪੀਆ ਦੇ, ਤਪਤ ਨਾ ਦਿਲ ਦੀ ਜਾਇ।

ਛੰਦ : ਚੜ੍ਹੇ ਮਹੀਨੇ ਸੌਣ, ਘਟਾਂ ਚੜ੍ਹ ਔਣ, ਬੂੰਦ ਬਰਸੌਣ, ਸ਼ਾਂਤ ਵਰਤਾਵਨ।
ਸਖੀ ਹਰੀ ਹਰੀ ਹਰਿਔਲ ਲਗਾਈ ਸਾਵਨ।
ਦੇਖ ਘਟਾਂ ਘਨਘੋਰ, ਬੋਲਦੇ ਮੋਰ, ਮਚਾਵਨ ਸ਼ੋਰ, ਤੇ ਖੁਸ਼ੀ ਮਨਾਵਨ।
ਸਖੀ ਸਖੀਆਂ ਸਾਵੇਂ ਖੇਡਨ ਬਾਗੀਂ ਜਾਵਨ।
ਕੰਤ ਬਿਨਾਂ ਮੈਂ ਸੜਾਂ, ਸਰਦ ਦਮ ਭਰਾਂ, ਪੀਆ ਬਿਨ ਮਰਾਂ, ਹਾਉਕੇ ਆਵਨ।
ਸਖੀ ਬਾਝ ਪੀਆ ਕਿਸੇ ਕੰਮ ਨਾ ਦਿਲ ਨੂੰ ਭਾਵਨ।
ਚਾਤ੍ਰਿਕ ਬਿਨ ਭਰਤਾਰ, ਨਹੀਂ ਦਰਕਾਰ, ਏਹ ਮੌਜ ਬਹਾਰ, ਸਿੰਗਾਰ ਲਗਾਵਨ।
ਸਖੀ ਕੰਤ ਜਿਨ੍ਹਾਂ ਪ੍ਰਦੇਸ ਚੈਨ ਕਿਉਂ ਪਾਵਨ ?

ਭਾਦਰੋਂ—ਦੋਹਰਾ: ਭਾਦਰੋਂ ਭਰ ਭਰ ਵਸਦੇ, ਨੈਨਾਂ ਝੜੀਆਂ ਲਾਇ।
ਨਦੀਆਂ ਨਾਲੋਂ ਭਰ ਗਏ, ਨੈਨਾਂ ਦਾ ਜਲ ਪਾਇ।

ਛੰਦ : ਭਾਦਰੋਂ ਭਰ ਗਏ ਨੈਨ, ਡੁਲ੍ਹ ਡੁਲ੍ਹ ਪੈਨ, ਲੈਣ ਨਾ ਚੈਨ, ਰੈਨ ਦਿਨ ਵਰ੍ਹਦੇ।
ਸਖੀ ਬਾਝ ਪੀਆ ਝੜ ਲਾਏ ਜਲੋ ਜਲ ਕਰਦੇ।
ਬਾਝ ਪਿਆਰੇ ਨਾਹ, ਨਿਕਲੇ ਆਹ, ਤੇ ਠੰਢੇ ਸਾਹ, ਪ੍ਰਾਨ ਪਏ ਭਰਦੇ।

---
1. ਪਿਆਰਾ।

ਸਖੀ ਬਿਨ ਦੇਖੇ ਦਿਲਦਾਰ ਪੀਆ ਦੇ ਮਰਦੇ।
ਜਿੰਦ ਜਾਏ ਵਿਚ ਹੂਲ,[1] ਉਠੇ ਤਨ ਸੂਲ, ਚੈਨ ਨਹੀਂ ਮੂਲ, ਬਾਝ ਭਰਥਰੀ ਦੇ।
ਸਖੀ ਬਰਦੇ[2] ਹੋ ਰਹੇ ਪ੍ਰਾਨ ਪੀਆਂ ਦੇ ਦਰ ਦੇ।
ਚਾਤ੍ਰਿਕ ਤੁਰ ਗਏ ਮੀਤ, ਤੋੜ ਕੇ ਪ੍ਰੀਤ, ਜੋਗੀਆਂ ਰੀਤ, ਤਰਸ ਨਹੀਂ ਧਰਦੇ।
ਸਖੀ ਦਿਲ ਦਾ ਸਬਰ ਕਰਾਰ ਨਾਲ ਫੜ ਖੜਦੇ।

ਅੱਸੂ—ਦੋਹਰਾ : ਅੱਸੂ ਆਸਾ ਲਗ ਰਹੀ, ਪੀਆ ਦਰਸ ਦੀ ਚਾਹ।
ਆਸ ਨਿਰਾਸੀ ਜਿੰਦੜੀ, ਪਏ ਨਾ ਜਮ ਦੇ ਰਾਹ।

ਛੰਦ : ਚੜ੍ਹਦੇ ਅੱਸੂ ਆਸ, ਪੀਆ ਦੇ ਪਾਸ, ਹੋਵੇ ਕਦ ਵਾਸ, ਫਿਰੇ ਕਦ ਪਾਸਾ।
ਸਖੀ ਔਂਸੀਆਂ ਪਾਵਾਂ ਨਿਤ ਲਗੀ ਤਨ ਆਸਾ।
ਦਰਸ਼ਨ ਸੰਦੜੀ ਪਿਆਸ, ਅਟਕ ਰਹੇ ਸਵਾਸ, ਕਰਨ ਅਰਦਾਸ, ਨਾ ਹੋਵਨ ਨਾਸਾ।
ਸਖੀ ਦਰਸ਼ਨ ਕਰਕੇ ਫੇਰ ਪਏ ਜਮ੍ਹ ਫਾਸਾ।
ਖੜੀ ਉਡਾਵਾਂ ਕਾਗ ਮਿਲਣ ਦੀ ਤਾਂਘ ਵਜੀ ਤਨ ਸਾਂਗ, ਲਗ ਰਹੀ ਪਿਆਸਾ।
ਸਖੀ ਚਿਤ ਲੋਚੇ ਚਰਨਾਰਬਿੰਦ[3] ਵਿਚ ਵਾਸਾ।
ਚਾਤ੍ਰਿਕ ਦੇਖਾਂ ਰਾਹ, ਭੜਕ ਰਹੀ ਭਾਹ, ਮਿਲਣ ਦੀ ਚਾਹ, ਲਬਾਂ[4] ਪਰ ਆਸਾ।
ਸਖੀ ਦਮ ਦਮ ਤਰਸਨ ਦਰਸ ਰਖੀ ਭਰਵਾਸਾ।

ਕੱਤਕ—ਦੋਹਰਾ : ਕੱਤਕ ਕੀਤਾ ਪਾਇਆ, ਨਹੀਂ ਕਿਸੇ ਦਾ ਦੋਸ।*
ਜੋ ਬੀਜੇ ਸੋ ਵਢੀਏ ਕਿਹਾ ਪੀਆ ਤੇ ਰੋਸ ?

ਛੰਦ : ਕੱਤਕ ਕਿਸਮਤ ਬੁਰੀ, ਵਜੀ ਤਨ ਛੁਰੀ, ਲਿਖੀ ਨਾ ਮੁੜੀ, ਰਹੀ ਦੁਖ ਦੇ ਕੇ।
ਸਖੀ ਬ੍ਰਿਹੋਂ ਭਾਂਬੜ ਬਾਲ ਤੱਤੀ ਨੂੰ ਸੇਕੇ।
ਲਗੀ ਚਾਂਦਨੀ ਚੰਦ ਕੋਈ ਆਨੰਦ, ਖਿੜੇ ਮੰਦ ਮੰਦ, ਪਿਆਰਾ ਵੇਖੇ।
ਸਖੀ ਬਿਨ ਪੀਆ ਮੈਂ ਬੇਹਾਲ ਕਰਾਂ ਨਿਤ ਲੇਖੇ।
ਸਖੀਆਂ ਖੁਸ਼ੀ ਮਨਾਨ, ਪੀਆ ਗਲ ਲਾਨ, ਦਿਲੋਂ ਭੁਲ ਜਾਨ, ਸਾਹੁਰੇ ਪੇਕੇ।
ਸਖੀ ਮੈਂ ਮਛਲੀ ਬਿਨ ਨੀਰ ਤੜਪ ਰਹੀ ਰੇਤੇ।
ਚਾਤ੍ਰਿਕ ਕਰਮਾਂ ਦੋਸ, ਨਹੀਂ ਕੁਝ ਰੋਸ, ਰਹਾਂ ਖਾਮੋਸ਼, ਪੀਆ ਦੇ ਰੇਖੇ[5]
ਸਖੀ ਵਰਜੇ ਰੈਹਨ ਨਾ ਨੈਨ ਮਰਾਂ ਬਿਨ ਦੇਖੇ।

ਮੱਘਰ—ਦੋਹਰਾ : ਮੱਘਰ ਮੈਂ ਮਰ ਗਈ ਨੀ, ਕਰਿਓ ਕੋਈ ਉਪਾਇ।
ਦਿਲ ਪੈਹਲ ਵਿਚ ਹੈ ਨਹੀਂ, ਜੋਗੀ ਲਿਆ ਚੁਰਾਇ।

---

* ਸ੍ਰੀ ਗੁਰੂ ਅਰਜਨ ਦੇਵ ਜੀ ਦੇ ਬਾਰਾਂਮਾਹ, ਮਾਝ, ਵਿਚ ਤੁਕ ਹੈ 'ਕਤਿਕਿ ਕਰਮ ਕਮਾਵਣੇ ਦੋਸੁ ਨਾ ਕਾਹੂ ਜੋਗੁ।
1. ਕੁਰਬਾਨੀ, ਦੁਖ। 2. ਗੁਲਾਮ, ਨੌਕਰ। 3. ਚਰਨ, ਕੰਵਲ (ਚਰਨ+ਅਰਬਿੰਦ)।
4. ਆਸ ਲਬਾਂ (ਬੁਲ੍ਹਾਂ) ਤੇ ਭਾਵ ਟੁਟਣ ਕਿਨਾਰੇ। 5. ਭਾਵ ਰਜਾ ਜਾਂ ਲੇਖੇ (ਵਾਸਤੇ)।

ਛੰਦ : ਮੱਘਰ ਮਨ ਨਹੀਂ ਧੀਰ, ਬ੍ਰਿਹੋਂ ਦੀ ਪੀੜ, ਰਹੀ ਤਨ ਚੀਰ, ਜਾਨ ਵਿਚ ਮੁਠੀ।
ਸਖੀ ਦੇਖ ਰਸੀਲੇ ਨੈਨ ਗਈ ਮੈਂ ਮੁੱਠੀ।
ਰੰਗ ਹੋ ਗਿਆ ਜ਼ਰਦ, ਕਲੇਜੇ ਦਰਦ, ਚੁਭ ਗਈ ਕਰਦ, ਨਰਦ ਪਈ ਪੁੱਠੀ।
ਸਖੀ ਨੈਨੀ ਨੈਨ ਮਿਲਾ ਗਈ ਮੈਂ ਕੁੱਠੀ।
ਪੀਆ ਲਿਆਓ ਫੇਰ, ਸਹੇ ਦੁਖ ਢੇਰ, ਅੰਤ ਦੀ ਵੇਰ, ਜਾਏ ਨਾ ਰੁੱਠੀ।
ਸਖੀ ਇਕ ਪਲ ਦੇਵੇ ਦਰਸ ਛੋੜ ਗਮਰੁੱਠੀ[1]।
ਚਾਤ੍ਰਿਕ ਹੋਈ ਬੇਹਾਲ, ਹਾਲ, ਨੀ ਹਾਲ, ਲਿਆਓ ਲਾਲ, ਬ੍ਰਿਹੋਂ ਨੇ ਲੁੱਠੀ[2]।
ਸਖੀ ਕੰਤ ਬਿਨਾਂ ਮਰ ਰਹੀ ਪੀੜ ਤਨ ਉਠੀ।

ਪੋਹ—ਦੋਹਰਾ : ਪੋਹ ਪਾਲੇ ਦਾ ਜ਼ੋਰ ਹੈ, ਕੰਤ ਰਹੀਆਂ ਗਲ ਲਾਇ।
ਖੁਸ਼ੀਆਂ ਕਰਨ ਸੁਹਾਗਨਾਂ, ਦੁਖੜੇ ਮੇਰੇ ਭਾਇ।

ਛੰਦ : ਪੋਹ ਪਾਲੇ ਦਾ ਜ਼ੋਰ, ਰਿਹਾ ਤਨ ਖੋਰ, ਪ੍ਰੇਮ ਦੀ ਡੋਰ, ਖਿੱਚੀ ਗਈ ਸਾਰੀ।
ਸਖੀ ਕੰਤ ਨਾ ਲੈਂਦਾ ਸਾਰ ਮੈਂ ਮਨੋਂ ਵਿਸਾਰੀ।
ਸਖੀਆ ਲਾ ਗਲ ਕੰਤ, ਬੈਠ ਏਕੰਤ, ਕਰਨ ਦੁਖ ਅੰਤ, ਤੇ ਰਾਤ ਗੁਜ਼ਾਰੀ।
ਸਖੀ ਬਿਨਾਂ ਕੰਤ ਦੁਖ ਜਰਾਂ ਦੁਹਾਗਨ ਨਾਰੀ।
ਓਹਲੇ ਹੋ ਗਿਆ ਚੰਦ, ਤੇ ਬਾਲ ਮੁਕੰਦ, ਪਿਆ ਦੁਖ ਫੰਧ, ਰੈਨ ਅੰਧਿਆਰੀ।
ਸਖੀ ਕਿਉਂ ਕਰ ਚਿਤ ਪਰਚਾਇ ਵਸਾਂ ਘਰ ਬਾਰੀ।
ਚਾਤ੍ਰਿਕ ਮੈਹਲਾਂ ਵਿਚ, ਬਿਨਾ ਉਸ ਮਿੱਤ, ਪਏ ਤਨ ਖਿੱਚ, ਹੋਵਾਂ ਦੁਖਿਆਰੀ।
ਸਖੀ ਚਕਵੀ ਸੂਰਜ ਪ੍ਰੇਮ ਰਾਤ ਹਤਿਆਰੀ।

ਮਾਘ—ਦੋਹਰਾ : ਮਾਘ ਮਰਮ[3] ਜੇ ਜਾਨਦੀ, ਪ੍ਰੀਤ ਕਰੇ ਦੁਖ ਹੋਇ।
ਚੜਕੇ ਹੋਕਾ ਦੇਂਵਦੀ, ਪ੍ਰੀਤ ਨਾ ਕਰਿਓ ਕੋਇ।

ਛੰਦ : ਮਾਘ ਲਗੀ ਮਨ ਤਾਂਘ, ਕਲੇਜੇ ਸਾਂਗ, ਸੌਦਾਇਨ ਵਾਂਗ, ਰਾਤ ਦਿਨ ਰੋਵਾਂ।
ਸਖੀ ਕੰਤ ਵਿਹੂਣੀ ਨੀਰ ਹੰਝੂ ਮੁਖ ਧੋਵਾਂ।
ਪਲੰਘ ਸਿਰਹਾਣੇ ਕਸੇ, ਪੀਆ ਬਨ ਵਸੇ, ਨਾਗ ਬਨ ਡਸੇ, ਪਰੇ ਹਟ ਸੋਵਾਂ।
ਸਖੀ ਤਾਰੇ ਗਿਨ ਗਿਨ ਰਾਤ ਗੁਜ਼ਾਰ ਖਲੋਵਾਂ।
ਡਰ ਡਰ ਕੰਬੇ ਜੀਆ, ਬਾਝ ਉਸ ਪੀਆ, ਤੜਪਦਾ ਹੀਆ, ਨਾ ਧੀਰ ਧਰੋਵਾਂ।
ਸਖੀ ਦੁਖਾਂ ਦੇ ਵਿਚ ਵਸ ਸੁਖੀ ਕਿਉਂ ਹੋਵਾਂ।
ਚਾਤ੍ਰਿਕ ਕਰ ਵਿਰਲਾਪ, ਪੀਆ ਦਾ ਜਾਪ, ਰਹੀ ਆਲਾਪ, ਰੈਨ ਦਿਨ ਖੋਵਾਂ।
ਸਖੀ ਹੰਝੂ ਮੋਤੀ ਮਾਲ ਮੈਂ ਰੋਜ਼ ਪਰੋਵਾਂ।

---

1. ਦੁਖ ਵਿਚ ਉਦਾਸ। 2. ਸਾੜੀ। 3. ਭੇਤ।

ਫੱਗਨ—ਦੋਹਰਾ : ਫੱਗਨ ਚੜ੍ਹਿਆ ਬਾਰਵਾਂ, ਆਯਾ ਨਾ ਘਰ ਲਾਲ।
ਦੁੱਖਾਂ ਦੇ ਵਿਚ ਰੋਂਦਿਆਂ, ਬੀਤ ਗਿਆ ਇਹ ਸਾਲ।

ਛੰਦ : ਫੱਗਨ ਰਹੀ ਉਡੀਕ, ਅੰਤ ਦਿਨ ਤੀਕ, ਲਗੇ ਨਾ ਲੀਕ, ਪੀਆ ਬਿਨ ਮਰਸਾਂ।
ਸਖੀ ਕੰਤ ਵਿਹੂਣੀ ਹੋਇ ਧੀਰ ਕਿਉਂ ਧਰਸਾਂ ?
ਮੌਤ ਬੇਦਰਦਨ ਖੜੀ, ਬੰਨ ਕੇ ਅੜੀ, ਜੀਉਣ ਦੀ ਲੜੀ, ਤੋੜਕੇ ਠਰਸਾਂ।
ਸਖੀ ਕੰਤ ਬਿਨਾਂ ਕਿਸ ਕਾਰ ਜਾਇ ਕੀ ਕਰਸਾਂ।
ਬੀਤ ਗਿਆ ਇਹ ਸਾਲ, ਨਾ ਆਇਆ ਲਾਲ, ਆ ਗਿਆ ਕਾਲ, ਦਰਸ ਨੂੰ ਤਰਸਾਂ।
ਸਖੀ ਨੈਨਾਂ ਝੜੀ ਲਗਾਈ ਛਮਾਛਮ ਬਰਸਾਂ।
ਚਾਤ੍ਰਿਕ ਹੋਈ ਬੇਹੋਸ਼ ਜਿੰਦ ਖਾਮੋਸ਼[1] ਨਾਲ ਸੰਤੋਸ਼, ਪਈ ਦੁਖ ਜਰਸਾਂ।
ਸਖੀ ਕੰਤ ਨਾ ਦੇਣਾ ਦੋਸ਼ ਕਰਮ ਫਲ ਭਰਸਾਂ।

ਗਸ਼ ਖਾ ਜਾਣਾ ਰਾਣੀ ਪਿੰਗਲਾਂ ਦਾ ਤੇ ਇੱਕਠਾ ਹੋ ਜਾਣਾ ਦੂਸਰੀਆਂ ਰਾਣੀਆਂ ਦਾ

ਧੁੰਮੀ ਖਬਰ ਰਣਿਵਾਸ ਦੇ ਵਿਚ ਸਾਰੀ, ਜੋਗੀ ਭਰਥਰੀ ਦਰਸ ਦਿਖਾ ਗਿਆ।
ਜ਼ਖਮ ਹਿਜਰ[2] ਦੇ ਸਬਰ ਦੀ ਮਰਮ ਲੱਗੀ, ਨਾਲ ਨੌਹਾਂ ਦੇ ਫੇਰ ਦੁਖਾਇ ਗਿਆ।
ਗਿਆ ਜਦੋਂ ਦਾ ਵਿਚ ਉਡੀਕ ਸਾਡਾ, ਰਾਹ ਤਕਦਿਆਂ ਵਕਤ ਵਿਹਾਇ ਗਿਆ।
ਓਹ ਪਰ ਤੁਰ ਗਿਆ ਬਿਨਾਂ ਦੀਦਾਰ ਦਿਤੇ ਗੱਲਾਂ ਪਿੰਗਲਾਂ ਨਾਲ ਅਲਾਇ ਗਿਆ।
ਪ੍ਰੀਤ ਤੋੜਕੇ ਤਿੰਨ ਸੌ ਗੋਪੀਆਂ ਤੋਂ, ਸ਼ਾਮ ਕੁਬਜਾਂ ਦੇ ਵੱਸ ਆਇ ਗਿਆ।
ਅਸੀਂ ਜੀਉ ਪਰਚਾਂਦੀਆਂ ਥੱਕੀਆਂ ਸਾਂ, ਸੁੱਤੀ ਕਲ੍ਹਾ ਨੂੰ ਫੇਰ ਜਗਾਇ ਗਿਆ।
ਖੈਰ ਮੰਗਿਆ ਆਣ ਕੇ ਪਿੰਗਲਾਂ ਤੋਂ, ਮਾਉਂ ਆਖ ਕੇ ਸਾਕ ਵਟਾਇ ਗਿਆ।
ਓਹ ਬਤੇਰੜਾ ਜ਼ੋਰ ਕਰ ਰਹੀ ਤੱਤੀ, ਮੰਨੀ ਗਲ ਨਾ ਕੰਨੀ ਛੁਡਾਇ ਗਿਆ।
ਓ ਧਰੋਹੀ ਨਿਰਮੋਹੀ ਨੇ ਕੋਹੀ ਰਾਣੀ, ਦੋਹੀ ਰਬ ਦੀ ਨੀ ਸਥਰ ਲਾਇ ਗਿਆ।
ਅਸੀਂ ਕਾਂਗ ਉਡਾਂਦੀਆਂ ਥੱਕੀਆਂ ਸਾਂ, ਸਾਡੇ ਨਾਲ ਕਿਉਂ ਦਗਾ ਕਮਾਇ ਗਿਆ।
ਘਰੀਂ ਲਿਆ ਪਰਾਈਆਂ ਜਾਈਆਂ ਨੂੰ, ਸਾਰੀ ਉਮਰ ਦਾ ਵਾਇਦਾ ਪਾਇ ਗਿਆ।
ਜਾਂਦਾ ਮਾਰ ਸਾਨੂੰ ਕਰਕੇ ਪਾਰ ਜਾਂਦਾ, ਘੁੰਮਣ ਘੇਰ ਦੇ ਵਿਚ ਡੁਬਾਇ ਗਿਆ।
ਨਾ ਉਰਾਰ ਰਹੀਆਂ ਨਾ ਹੁਣ ਪਾਰ ਰਹੀਆਂ ਸਹੁ ਦਰਯਾ ਵਿਚ ਸਟਕੇ ਘਾਇ ਗਿਆ।

ਚਾਤਿਕ੍ਰ ਤਿੰਨ ਸੌ ਰਾਣੀਆਂ ਜੀਉਣ ਕੀਕਣ, ਗਿੱਲੀ ਲੱਕੜੀ ਵਾਂਗ ਧੁਖਾਇ ਗਿਆ।
ਹਾਹਾ ਕਾਰ ਕੁਰਲਾਟ ਦੀ ਵਾਜ਼ ਆਵੇ, ਮੈਂਹਲੀ ਸ਼ੌਕ ਦਾ ਸਭ ਸਮਾਨ ਹੋਯਾ।
ਚੀਕਾਂ ਮਾਰ ਜਾਰੋ ਜ਼ਾਰ ਰੋਣ ਸਭੇ, ਬਾਝ ਕ਼ੰਤ ਉਜਾੜ ਜਹਾਨ ਹੋਯਾ।
ਗੋਲੀਆਂ ਬਾਂਦੀਆਂ ਟੈਹਲਨਾ ਕਰਨ ਹਾੜੇ, ਮੱਥੇ ਰੰਗ ਕੇ ਲਹੂ ਲੁਹਾਨ ਹੋਯਾ।
ਸੂਲ ਤੁਖ[3] ਦੇ ਮੂਲ ਨਾ ਟਿਕਨ ਦੇਵਨ, ਚਾਤ੍ਰਿਕ ਝੁੱਗੜਾ ਅਜ ਵੈਰਾਨ ਹੋਯਾ।

---
1. ਚੁਪ। 2. ਵਿਛੋੜਾ। 3. ਦੁਖ, ਚੋਭ।

ਵਿਰਲਾਪ ਕਰਨਾ ਰਾਣੀ ਸ਼ਾਮ ਦੇਵੀ ਦਾ

ਰਾਣੀ ਸ਼ਾਮ ਦੇਈ ਕੂਕਦੀ ਰਾਜਿਆ ਵੇ, ਸਾਨੂੰ ਤਾਰਿਆਂ ਦੇ ਵਿਚ ਚੰਦ ਸੈਂ ਵੇ।
ਦੇ ਕੇ ਚਾਨਣਾ, ਚਾਨਣਾ, ਚੰਦ ਵਰਗਾ, ਕਰਦਾ ਖੁਸ਼ੀ ਸਾਡਾ ਬੰਦ ਬੰਦ ਸੈਂ ਵੇ।
ਸਾਨੂੰ ਦਰਸ ਪਿਆਸੀਆਂ ਜਾਨ ਕਵੀਆਂ[1], ਆ ਖਿੜਾ ਕਰਦਾ ਤੂੰ ਆਨੰਦ ਸੈਂ ਵੇ।
ਚਾਤ੍ਰਿਕ ਅਸੀਂ ਸਾਂ ਤੇਰੀਆਂ ਗੋਪੀਆਂ ਵੇ, ਸਾਡੇ ਵਾਸਤੇ ਤੂੰ ਨੰਦ ਨੰਦ ਸੈਂ ਵੇ।

ਹੋਣੀ ਦੋਖਣੇ ਬਚਿਆਂ ਖਾਣੀਏ ਨੀ, ਤੇਰੀ ਸਖਤੀਆਂ ਦੀ ਅਜ ਹੱਤ ਹੋਈ।
ਪਤੀ ਭੇਸ ਵਟਾ ਪਰਦੇਸ ਟੁਰ ਗਏ, ਸਾਡੇ ਨਾਲ ਇਹ ਕੈਹਰ ਦੀ ਸੱਟ ਹੋਈ।
ਰਬਾ, ਦੁਖ ਨਾ ਪੈਣ ਇਹ ਦੁਸ਼ਮਨਾਂ ਨੂੰ, ਸਾਡੇ ਸੁਖ ਸੰਦੀ ਬੂਟੇ ਪੱਟ ਹੋਈ।
ਬਾਝ ਪਤੀ ਦੇ ਭੱਠ ਇਹ ਮੈਹਲ ਮਾੜੀ, ਮੇਰੇ ਵਾਸਤੇ ਚੌੜ ਚਪੱਟ ਹੋਈ।
ਓਹ ਫਕੀਰੀਆਂ ਭੋਗਦਾ ਦੁਖੀ ਹੋਸੀ, ਇਧਰ ਅਸਾਂ ਦੇ ਨਾਲ ਨਾ ਘਟ ਹੋਈ।
ਚਾਤ੍ਰਿਕ ਮੌਤ ਚੰਗੀ ਏਸ ਹਿਜਰ ਨਾਲੋਂ, ਫਾਹੀ ਖਾ ਵਿਛੋੜੇ ਦੀ ਫੱਟ ਹੋਈ।
ਆ ਜਾ ਸਾ ਰਾਵਲਾ ਬਾਵਲਾ ਬਣੇਂ ਕਾਹਨੂੰ, ਹੋ ਉਤਾਵਲਾ ਜੋਗ ਕਿਉਂ ਫੜਨ ਲੱਗੋਂ।
ਤੂੰ ਸੈਂ ਨਾਥ[2] ਅਨਾਥ ਸਾਂ ਅਸੀਂ ਸਭੇ, ਸਾਥ ਛਡ ਕੇ ਘਾਤ ਕਿਉਂ ਕਰਨ ਲੱਗੋਂ।
ਛੁਰੀ ਫੇਰ ਨਾ ਵਾਂਗ ਕਸਾਈਆਂ ਦੇ, ਕੇਹੜੀ ਮਾਰਫਤ[3] ਦਾ ਸਬਕ ਪੜ੍ਹਨ ਲੱਗੋਂ।
ਸਾਡੇ ਸੁਖਾਂ ਦੇ ਬੂਟੜੇ ਪੁਟਕੇ ਤੇ, ਆਤ ਦੁਖਾਂ ਦੀ ਸੇਜ ਤੇ ਚੜ੍ਹਨ ਲੱਗੋਂ।
ਕਰਕੇ ਚੌੜ ਘਰਬਾਰ ਹੁਣ ਰੌੜ ਮੱਲੀ, ਉੱਜੜ ਗਿਆਂ ਦੀ ਮੰਡਲੀ ਵੜਨ ਲੱਗੋਂ।
ਠੰਢਾ ਠਾਰ ਸੈਂ ਆਪ ਤੇ ਅਸੀਂ ਸਭੇ, ਕਾਹਨੂੰ ਬਾਲ ਕੇ ਧੂਨੀਆਂ ਸੜਨ ਲੱਗੋਂ।
ਚੇਹਰਾ ਫੁਲ ਜੇਹਾ ਪਲਿਆ ਨਿਆਮਤਾਂ ਦਾ, ਕਾਹਨੂੰ ਮੌਤ ਅਨਚਾਈਏ ਮਰਨ ਲੱਗੋਂ।
ਚਾਤ੍ਰਿਕ ਨਿਭੇਗਾ ਕਿਸ ਤਰ੍ਹਾਂ ਜੋਗ ਤੈਥੋਂ, ਕਿਉਂ ਸੁਲਾਕ[4] ਇਹ ਦੁਖਦੀ ਘੜਨ ਲੱਗੋਂ।

ਜੇਹੜਾ ਹੋਰਨਾਂ ਜੀਵਾਂ ਦੁਖਾਂਵਦੇ ਨੇ, ਯਾਦ ਰਖ ਓਹ ਸੁਖ ਨਾ ਪਾਂਵਦੇ ਨੇ।
ਜਿਨ੍ਹਾਂ ਹੋਰਨਾਂ ਸੇਕਿਆ ਤਾਉ ਦੇ ਕੇ, ਠੰਢੀ ਛਾਉਂ ਨਾ ਕਦੇ ਹੰਢਾਵਦੇ ਨੇ।
ਸਾਡੀ ਆਹ ਦਰਗਾਹ ਦੇ ਵਿਚ ਪਹੁੰਚੇ, ਲੰਬੇ ਉਠ ਅਕਾਸ਼ ਨੂੰ ਜਾਂਵਦੇ ਨੇ।
ਕੀਕਰ ਦੇਣਗੇ ਕਰਨ ਅਰਾਮ ਤੈਨੂੰ ? ਜੇਹੜੇ ਹੋਰਨਾਂ ਨਹੀਂ ਸੁਖਾਂਵਦੇ ਨੇ।
ਆਲੀਜਾਹ ਦਰਗਾਹ ਵਿਚ ਅਦਲ ਹੋਣਾ, ਦੇਂਦੇ ਦੁਖ ਸੌ ਦੁਖ ਉਠਾਂਵਦੇ ਨੇ।
ਦਾਮਨ ਘੁਟਕੇ ਫੜਾਂਗੀਆਂ ਤੜਫੀਏ ਵਿਚ ਰੇਤੇ, ਤੈਨੂੰ ਜੋਗ ਕਮਾਵਣੇ ਭਾਂਵਦੇ ਨੇ ?
ਦਯਾ ਬਾਝ ਨਾ ਮਿਲੇ ਭਗਵੰਤ ਚਾਤ੍ਰਿਕ, ਦਯਾ ਧਰਮ ਦਾ ਮੂਲ ਸੁਨਾਂਵਦੇ ਨੇ।

ਵਿਰਲਾਪ ਕਰਨਾ ਰਾਣੀ ਅਨੰਗ ਸੈਨਾ ਦਾ

ਹਾੜੇ ਕਰੇ ਮੁਟਿਆਰ, ਅਨੰਗ ਸੈਨਾ, ਕਹਿੰਦੀ ਰਾਜਿਆ ਧ੍ਰੋਹ ਕਮਾਇ ਗਿਓਂ।
ਅਸਾਂ ਰੱਜ ਜਹਾਨ ਨਾ ਦੇਖਿਆ ਸੀ, ਸਾਰੀ ਉਮਰ ਦੇ ਦੁਖੜੇ ਪਾਇ ਗਿਓਂ।

1. ਕੰਮੀ ਜਾਂ ਕੁਮੁਦਨੀ ਦਾ ਫੁੱਲ ਜੋ ਚੰਨ ਚਾਨਣੀ ਨਾਲ ਖਿੜਦਾ ਹੈ। 2. ਮਾਲਕ।3. ਰਬੀ ਗਿਆਨ। 4. ਸੀਖ, ਲੋਹੇ ਦੀ।

ਘੇਰਾ ਘੱਤ ਕੇ ਚੰਦ ਜਿਉਂ ਬੈਠਦਾ ਸੈਂ, ਪਾ ਨਕਾਬ[1] ਕਿਉਂ ਮੁਖ ਛਪਾਇ ਗਿਓਂ।
ਸਾਡੇ ਨਾਲ ਕੀ ਵੈਰ ਕਮਾਇ ਗਿਓਂ, ਚਾਤ੍ਰਿਕ ਦਾਗ ਜੁਦਾਈ[2] ਦਾ ਲਾਇ ਗਿਓਂ।

ਕਾਵਾਂ ਵਾਰੀ ਜਾਵਾਂ ਤੇਰੇ ਗੀਤ ਗਾਵਾਂ, ਚੂਰੀ ਕੁੱਟ ਪਾਵਾਂ ਜੇਕਰ ਕਿਹਾ ਮੰਨੇ।
ਜ਼ਰਾ ਉਡਕੇ ਦਸ ਬਨੇਰੜੇ ਤੋਂ, ਆਵੇ ਭਰਥਰੀ ਕਦੋਂ ਉਜੈਨ ਵੰਨੇ ?
ਤੇਰੇ ਜੀਉ[3] ਸਲਾਮ ਵੇ ਜੁਗ ਜੀਵੇਂ, ਮੇਰਾ ਘਿੰਨ ਸਨੇਹੁੜਾ ਮੀਤ ਕੰਨੇ।
ਆਖੀ ਬ੍ਰਿਹੋਂ ਦੇ ਦੁਖ ਬੇਤਾਬ ਚਾਤ੍ਰਿਕ, ਲਓ ਸਾਰ ਛੇਤੀ ਹੁੰਦੀ ਜਾਨ ਬੰਨੇ।
ਤੁਸੀਂ ਆਪ ਤਾਂ ਮੁਖ ਭਵਾ ਗਏ, ਸਾਡੀ ਲਏਗਾ ਸਾਰ ਹੁਣ ਕੌਣ ਆ ਕੇ।
ਜੇਕਰ ਅੰਤ ਇਹੋਂ ਦੁਖ ਪਾਵਣਾ ਸੀ, ਮਾਰ ਜਾਂਵਦੇ ਆਪ ਦੇ ਕਟਾਰ ਆ ਕੇ।
ਬਿਨਾਂ ਕੰਤ ਦੇ ਜੀਵਣਾ ਕੰਮ ਕੇਹੜੇ, ਅਸਾਂ ਵੇਖਿਆ ਕੀ ਸੰਸਾਰ ਆ ਕੇ ?
ਚਾਤ੍ਰਿਕ ਕੌਣ ਦਿਲਦਾਰੀਆਂ ਆਣ ਕਰਸੀ, ਕਰੇ ਨਾਰੀਆਂ ਨਾਲ ਪਿਆਰ ਆ ਕੇ।

ਆਵੀਂ ਜੋਗੀਆ ਫੇਰ ਇਕ ਵਾਰ ਮੁੜਕੇ, ਤੇਰੇ ਵਾਰਨੇ ਚੌਖਨੇ ਹੁੰਨੀਆਂ ਵੇ।
ਕਾਹਨੂੰ ਹਿਜਰ ਦੀ ਢਾਂਡਜ਼ੀ ਬਾਲੀਓ ਈ, ਕੀਤਾ ਸੇਕ ਨੇ ਕੱਚਿਆਂ ਭੁੰਨੀਆਂ ਵੇ।
ਕੋਈ ਸੁਖ ਦਿਖਾਇ ਕੇ ਦੁਖ ਦੇਂਦੋਂ, ਅਜੇ ਕੇਹੜੀਆਂ ਖਾਹਿਸ਼ਾਂ ਪੁੰਨੀਆਂ ਵੇ ?
ਚਾਤ੍ਰਿਕ ਦਰਦ ਬੇਦੰਰਦ ਨੂੰ ਨਹੀਂ ਆਵੇ, ਦੇਖ ਲਾਂਭਿਉ ਖਲਕਤਾਂ ਰੁੰਨੀਆਂ ਵੇ।

ਵਿਰਲਾਪ ਕਰਨਾ ਅਨੋਖਾਂ ਰਾਣੀ ਦਾ

ਸਿਰੋਂ ਪੱਟਕੇ ਵਾਲ ਅਨੋਖ ਰਾਣੀ, ਪਿਟ ਪਿਟ ਕੇ ਲਹੂ ਲੁਹਾਨ ਹੋਈ।
ਹਾਏ ਕੰਤ ਬਗੈਰ ਮੈਂ ਕੰਮ ਕਿਸ ਦੀ ? ਜਿਵੇਂ ਬਾਝ ਤਲਵਾਰ ਮਹਾਨ ਹੋਈ।
ਸਾਯਾ ਉਠਿਆ ਸਿਰੋਂ ਹੁਮਾਇ[4] ਵਾਲਾ, ਕਿਸਮਤ ਪਾਪਨਾਂ ਦੀ ਮੰਦੀ ਆਨ ਹੋਈ।
ਰਬਾ ਕੇਹੜਿਆਂ ਜੁੱਗਾਂ ਦੇ ਲਏ ਬਦਲੇ ? ਚਾਤ੍ਰਿਕ ਵਾਂਗ ਤੜਫੰਦੜੀ ਜਾਨ ਹੋਈ।

ਅਨੀ ਗੋਲੀਏ ਦੌੜ ਖਾਂ ਭਾਗ ਭਰੀਏ, ਕਿਤੇ ਲਭ ਖਾਂ ਮੈਂਡੜਾ ਮੀਤ ਜੋਗੀ।
ਭੈਣੇ ਕਰੀਂ ਹਸਾਨ ਏਹ ਝੱਬ ਜਾਵੀਂ, ਤੋੜੀ ਜਾਂਵਦਾ ਦਿਲੋਂ ਪ੍ਰੀਤ ਜੋਗੀ।
ਆਯਾ ਤਰਸ ਨਾ ਮੁਝ ਨਿਮਾਨੜੀ ਤੇ, ਕਿਹਾ ਹੋਯਾ ਨਿਰਮੋਹ ਅਤੀਤ ਜੋਗੀ।
ਚਾਤ੍ਰਿਕ ਕਰਾਂ ਕੁਰਬਾਨ ਮੈਂ ਜਾਨ ਤੈਥੋਂ, ਜੇਕਰ ਲਭ ਲਿਆਵੇਂ ਕਿਸੇ ਰੀਤ ਜੋਗੀ।

ਆਖੀਂ ਤੁਸਾਂ ਦੇ ਬਾਝ ਹਰਾਮ ਜੀਉਣਾ, ਜ਼ਹਿਰ ਖਾ ਅਨੋਖੜੀ ਮਰਨ ਲਗੀ।
ਰਤੀ ਰਤ ਨਾ ਰਹੀ ਸੂ ਵਿਚ ਜੁੱਸੇ ਬਾਝੋਂ ਮੀਤ ਆਤਮਘਾਤ ਕਰਨ ਲਗੀ।

---

1. ਪਰਦਾ, ਘੁੰਡ, ਬੁਰਖਾ। 2. ਵਿਛੋੜਾ। 3. ਭਾਵ ਸੁਖੀ, ਸ਼ਾਂਤ, ਜਾਂ ਬਚਿਆ ਰਹੇ।
4. ਇਕ ਪੰਛੀ ਜਿਸ ਦਾ ਸਾਇਆ ਪੈਣ ਨਾਲ ਰਾਜੇ ਬਣ ਜਾਈਦਾ ਮੰਨਿਆ ਜਾਂਦਾ ਹੈ।

ਕੀਤੀ ਹਿਜਰ ਨੇ ਭੁੰਨ ਕਬਾਬ ਵਾਂਗੂੰ, ਚਿਖਾ ਬਾਲਕੇ ਗਮਾਂ ਦੀ ਸੜਨ ਲਗੀ।
ਚਾਤ੍ਰਿਕ ਨਾਲ ਲੈ ਤੁਰੇ ਵਿਜੋਗਨੀ ਨੂੰ, ਬਨਕੇ ਜੋਗਨੀ ਬਨਾਂ ਵਿਚ ਵੜਨ ਲਗੀ।

ਪੈਂਦੀ ਭਿਣਕ ਜੇ ਜੋਗੀੜੇ ਆਂਵਦੇ ਦੀ, ਖਾਂਦੀ ਸਾਹਮਣੇ ਖਿਚ ਕਟਾਰੜੀ ਮੈਂ।
ਪੱਲਾ ਪਕੜਦੀ ਘੁਟਕੇ ਰਾਵਲੇ ਦਾ, ਜਾਂਦੀ ਨਾਲ ਤੁਰ ਗਮਾਂ ਦੀ ਮਾਰੜੀ ਮੈਂ।
ਪਾ ਕੇ ਅਲਫੀਆਂ[1] ਸੇਲੀਆਂ[2] ਹੋ ਜੋਗਨ, ਓਹਦੀ ਟੈਹਲ ਕਮਾਂਵਦੀ ਸਾਰੜੀ ਮੈਂ।
ਸੀਤਾ ਵਾਂਗ ਮੈਂ ਝੱਲਦੀ ਦੁੱਖ ਚਾਤ੍ਰਿਕ ਨਾਲ ਪਤੀ ਦੇ ਸੋਂਹਵਦੀ ਨਾਰੜੀ ਮੈਂ।

ਵਿਰਲਾਪ ਕਰਨਾ ਰਾਣੀ ਪਦਮਾਂਖਸ਼ੀ ਦਾ

ਰਾਣੀ ਪਦਮ ਆਖੇ ਅਖਾਂ ਤਾਰ ਲਾਈ, ਆਖੇ ਜੋਗੀਆਂ ਪੁਜਕੇ ਵੈਰ ਲੀਤੋ।
ਮੱਛੀ ਪਾਣੀਓਂ ਬਾਝ ਤੜਫਾਏ ਮਾਹੀ,[3] ਏਹ ਕੀ ਨਾਲ ਬੇਦੋਸੜੀ ਕੈਹਰ ਕੀਤੋ।
ਆ ਕੇ ਖਬਰ ਨਾ ਕੀਤਿਓ ਨੱਸ ਤੁਰਿਓਂ, ਪਾਣੀ ਘੁਟ ਭੀ ਘੜੀ ਨਾ ਠੈਹਰ ਪੀਤੋ।
ਮੇਰੀ ਜਾਨ ਤੜਫੇ ਹਿਜਰ ਵਿਚ ਚਾਤ੍ਰਿਕ, ਮੌਤ ਆਵਸੀ ਘੜੀ ਕਿ ਪੈਹਰ ਮੀਤੋ।

ਅਨੀ ਭਾਗ ਭਰੀਏ, ਬੀਬੀ ਭੈਣ ਵਾਏ, ਮੇਰਾ ਇਕ ਪੈਗਾਮ ਪੁਚਾ ਵਾਏ।
ਮੇਰੇ ਦਰਸ ਨੂੰ ਤਰਸ ਰਹੇ ਨੈਨ ਪਾਪੀ, ਹਥੀਂ ਆਪਣੀ ਦਰਸ ਕਰਾ ਵਾਏ।
ਯਾ ਤੂੰ ਬਨੀਂ ਕੋਤਲਾ[4] ਕਰਕੇ ਚਾਲ ਤਿੱਖੀ, ਉਪਰ ਜੋਗੀੜਾ ਲਿਆ ਚੜ੍ਹਾ ਵਾਏ।
ਚਾਤ੍ਰਿਕ ਵਾਂਗ ਗੁਲਾਮ ਬੇਦਾਮ[5] ਹੋਸਾਂ, ਜੇ ਕਰ ਮੀਤ ਨੂੰ ਦੇਏਂ ਮਿਲਾ ਵਾਏ।

ਆਖੇ ਸ਼ਾਮ ਜੀ ਚੱਲ ਕੇ ਕਰੋ ਕਾਰੀ, ਬਾਝ ਤੁਸਾਂ ਦੇ ਮਰਨ ਮਰਾਨ ਹੋਈ।
ਭੁੱਲਾਂ ਬਖਸ਼ਕੇ ਵਾਸਤਾ ਮੰਨ ਤੁਰਿਓਂ, ਮੈਹਲ ਵਸਦਿਆਂ ਤੋਂ ਚੁਪਚਾਨ ਹੋਈ।
ਦੀਵਾ ਚੁਕ ਕੇ ਲੈ ਗਏ ਹੋ ਚਾਨਣੇ ਦਾ, ਚਾਨਣ ਬਾਝ ਅੰਧੇਰ ਮਸਾਂਦ ਹੋਈ।
ਚਾਤ੍ਰਿਕ ਹਿਜਰ ਵਿਚ ਜਾਨ ਲੈ ਰਹੀ ਤਰਲੇ, ਜੀਉਂਦੀ ਜਿੰਦਗੀ ਮੋਯਾਂ ਭਰਾਂਦ[6] ਹੋਈ।

ਸ਼ਾਮਾ ਆਣ ਕੇ ਦੇਖ ਕੀ ਹਾਲ ਮੇਰਾ ? ਜ਼ਰਦੀ[7] ਛਾ ਗਈ ਉਡਕੇ ਲਾਲੜੀ ਵੇ।
ਆ ਕੇ ਦੇਹ ਦਿਲਬਰੀ[8] ਪਾ ਜਿੰਦ ਮੁੜਕੇ, ਤੇਰੀ ਵਿਲਕਦੀ ਪਈ ਗੁਆਲੜੀ ਵੇ।
ਬਿੰਦ੍ਰਾਬਨ[9] ਬਨ ਬਨ ਉਜਾੜ ਦਿਸੇ, ਬਿਨਾਂ ਸ਼ਾਮ[10] ਅੰਧੇਰੜੀ ਕਾਲੜੀ ਵੇ।
ਧਕਾ ਦੇ ਕੇ ਰਾਧਕਾਂ[11] ਨਾਰ ਤਾਂਈ, ਚਾਤ੍ਰਿਕ ਕੁਬਜਾਂ[12] ਹੋਰ ਜਾ ਭਾਲੜੀ ਵੇ।

---

1. ਫਰੋਰਾਂ ਵਾਲਾ ਲੰਮਾ ਚੋਲਾ। 2. ਸਾਧਾਂ ਫਕੀਰਾਂ ਵਾਲੀ ਟੋਪੀ।
3. ਮਛੀਆਂ ਫੜਨ ਵਾਲੇ ਤੋਂ ਭਾਵ ਹੈ (ਮਾਹੀਗੀਰ)। 4. ਘੋੜਾ। 5. ਬਿਨਾਂ ਦੰਮਾਂ ਦੇ। 6. ਵਾਂਗ।
7. ਪੀਲੱਤਣ। 8. ਦਿਲਾਸਾ। 9. ਮਥਰਾ ਬ੍ਰਿੰਦਾਬਨ ਜਿਥੇ ਕ੍ਰਿਸ਼ਨ ਜੀ ਰਾਸ ਰਚਾਉਂਦੇ ਰਹੇ। 10. ਸ੍ਰੀ ਕ੍ਰਿਸ਼ਨ।
11. ਸ੍ਰੀ ਕ੍ਰਿਸ਼ਨ ਜੀ ਦੀ ਪਤਨੀ। 12. ਸ਼੍ਰੀ ਕ੍ਰਿਸ਼ਨ ਜੀ ਦੀ ਇਕ ਭਗਤਣੀ ਜਿਸ ਦਾ ਕੁਬ ਉਨ੍ਹਾਂ ਨੇ ਠੀਕ ਕੀਤਾ ਸੀ।

ਵਿਰਲਾਪ ਕਰਨਾ ਰਾਣੀ ਭਾਨਮਤੀ ਦਾ

ਭਾਨਮਤੀ ਰਾਣੀ ਸਤੀ ਪਤੀ ਪਜਾਰੀ, ਕਹਿੰਦੀ ਗਤੀ[1] ਕੀ ਕੀਤੀਊ ਮੇਰੜੀ ਵੇ।
ਮੇਰਾ ਆਸ ਦਾ ਬੂਟੜਾ ਕੌਣ ਹੋਸੀ ? ਮੈਂ ਸਦਾ ਤੋਂ ਤੇਰੜੀ ਤੇਰੜੀ ਵੇ।
ਪੌੜੀ ਚਾਹੜ ਕੇ ਹੇਠ ਗਿਰਾਇਓ ਈ, ਢਾਹ ਸੁਟੀ ਊ ਆਸ ਦੀ ਢੇਰੜੀ ਵੇ।
ਚਾਤ੍ਰਿਕ ਤੜਫਦੀ ਵਿਲਕਦੀ ਸੁਟ ਤੁਰਿਓਂ, ਕੇਹੜੀ ਗਲ ਉਤੋਂ ਅਖ ਫੇਰੜੀ ਵੇ।

ਸ਼ਾਮਾਂ ਆਓ ਖਾਂ ਰਾਸ ਮਚਾਈਏ ਵੇ, ਕਿਹੀ ਚੰਨ ਦੀ ਚਾਨਣੀ ਰਾਤ ਹੈ ਵੇ।
ਸਖੀਆਂ ਕੂਕਦੀਆਂ ਫਿਰਨ ਤੂੰ ਜਾ ਛਪਿਓਂ, ਉਤੋਂ ਹੋਂਵਦੀ ਪਈ ਪ੍ਰਭਾਤ ਹੈ ਵੇ।
ਤੇਰੀ ਬੰਸਰੀ ਮੋਹਿਆ ਗੁਵਾਲਨਾਂ ਨੂੰ, ਡਿੱਠੇ ਬਾਝ ਨਾ ਆਂਵਦੀ ਸ਼ਾਂਤ ਹੈ ਵੇ।
ਚਾਤ੍ਰਿਕ ਨਾਲ ਲੈ ਚਲ ਜਾਂ ਮੰਡਲੀ ਨੂੰ, ਮੋਹਨ ਬਾਝ ਇਹ ਜੱਗ ਅਫਾਤ[2] ਹੈ ਵੇ।

ਆਵੀਂ ਝੱਬ ਜਸ਼ੋਦਾਂ[3] ਦਿਆ ਜਾਇਆ ਵੇ, ਬ੍ਰਿਹੋਂ ਦੇ ਮਾਰਨੈ ਤੀਰ ਸੀਨੇ।
ਸਾਥੋਂ ਹੋਰ ਤਾਬ ਸਹਾਰਨੇ ਦੀ, ਉਠੀ ਪੀੜ ਇਹ ਜਾਂਵਦੀ ਚੀਰ ਸੀਨੇ।
ਰਾਤ ਚਕਵੀਆਂ ਵਾਸਤੇ ਕਿਹੀ ਪਾਈ, ਬਿਨਾਂ ਡਿਠਿਆਂ ਪਏ ਨਾ ਧੀਰ ਸੀਨੇ।
ਚਾਤ੍ਰਿਕ ਗਲੇ ਆਣ ਕੇ ਮਿਲ ਗੋਪੀਆਂ ਨੂੰ, ਤੇਰੇ ਬਾਝ ਨਾ ਪਏ ਖੁਲੀਰ[4] ਸੀਨੇ।

ਦੋਹਰਾ : ਕਰ[5] ਪਰ[6] ਕਰ[7] ਕਰਨਾ ਭਲਾ, ਕਰ ਤਰ[8] ਕਰ ਨਾ ਸੁਹਾਇ[9]।
ਕਰ ਉਚੇ ਕਰ[10] ਬਿਨ[11] ਕਰਾਂ ਤਰਿ ਕਰਨ ਨ ਜਾਇ*।

ਕੁੰਡਲੀਆਂ**: ਰਾਜਾ ਹੋਕੇ ਮੰਗਸੇਂ, ਕੁਲ ਨੂੰ ਲਗਸੀ ਲੀਕ।
ਆਪ ਕਰੇ ਨਿਤ ਦਾਨ ਜੋ ਲੈਣਾ ਦਾਨ ਨ ਠੀਕ।
ਲੈਣਾ ਦਾਨ ਨਾ ਠੀਕ ਮੰਗਣੀ ਭਿਛਿਆ ਦਰ ਦਰ।
ਤਲੀਆਂ ਅੱਡ ਨਿਲੱਜ ਖਾਨੇ ਜਾ ਝਿੜਕਾਂ ਘਰ ਘਰ।
ਚਾਤ੍ਰਿਕ ਕਹਾਂ ਪੁਕਾਰ ਅਜੇ ਭੀ ਘਰ ਨੂੰ ਆ ਜਾ।
ਤੇਰੇ ਲਈ ਨਾ ਜੋਗ ਮੰਗਨਾ ਹੋ ਕੇ ਰਾਜਾ॥ 1॥

ਕੁੰਡਲੀਆ : ਸਾਂਈ ਤੇ ਸਰਦਾਰ ਵੇ ਤੇਰੇ ਸਦਕੇ ਜਾਵੇ ਨਾਰ।
ਤਰਸ ਨਾ ਆਵੇ ਜ਼ਾਲਮਾ ਮੇਰੀ ਸੁਨ ਸੁਨ ਹਾਲ ਪੁਕਾਰ।

---

* ਕਰ ਸ਼ਬਦ ਨੂੰ, ਭਿੰਨ ਭਿੰਨ ਅਰਥਾਂ ਵਿਚ ਵਰਤਿਆ ਹੈ।

** ਕੁੰਡਲੀਆਂ ਛੰਦ 6 ਤੁਕਾਂ ਦਾ ਹੁੰਦਾ ਹੈ ਪਹਿਲੀਆਂ ਦੋ ਤੁਕਾਂ ਦੋਹਿਰੇ ਦੀਆਂ ਅਰਥਾਤ 13+11=24 ਮਾਤ੍ਰਾਂ ਦੀ ਹਰ ਇਕ ਤੇ ਅੰਤਲੀਆਂ ਚਾਰ 11+14=24 ਮਾਤ੍ਰਾਂ ਦੀ ਹਰ ਇਕ, ਦੂਜੀ ਤੁਕ ਦਾ ਅੰਤਲਾ ਅਧ ਤੀਜੀ ਦਾ ਪਹਿਲਾ ਅਧ ਬਣਦਾ ਹੈ ਤੇ ਛੰਦ ਦਾ ਪਹਿਲਾ ਸ਼ਬਦ ਹੀ ਅੰਤ ਉਤੇ ਆਉਂਦਾ ਹੈ।

1. ਹਾਲਤ। 2. ਆਫ਼ਤ, ਦੁਖ। 3. ਸ੍ਰੀ ਕ੍ਰਿਸ਼ਨ ਜੀ ਦੀ ਮਾਤਾ ਦਾ ਨਾਂ। 4. ਧੀਰਜ। 5. ਹਥ।
6. ਉਤੇ। 7. ਹਥ, ਭਾਵ ਇਹ ਕਿ ਦਾਨ ਦੇਣ ਵਾਲੇ ਹੋਣਾ ਚੰਗਾ ਹੈ। 8. ਥਲੇ।
9. ਸੋਭਦਾ, ਭਾਵ ਕਿ ਦਾਨ ਲੈਣਾ ਜਾਂ ਮੰਗਣਾ ਨਹੀਂ ਸੋਭਦਾ। 10. ਹਥ ਉਚੇ ਕਰਕੇ।
11. ਬੇਨਤੀ (ਭਾਵ ਹਥ ਨੀਵੇਂ ਨਹੀਂ ਕੀਤੇ ਜਾਂਦੇ)।

ਸੁਨ ਸੁਨ ਹਾਲ ਪੁਕਾਰ ਪੀਆ ਕਿਉਂ ਲੜ ਛੁਟਕਾਵੇਂ ?
ਹੂਲਾਂ ਸੂਲਾਂ ਪੈਨ ਆਣ ਕੇ ਝਾਤ ਨਾ ਪਾਵੇਂ।
ਚਾਤ੍ਰਿਕ ਲੈ ਚੱਲ ਨਾਲ ਇਕੱਲਾ ਤੁਰ ਨਾ ਜਾਈਂ।
ਬ੍ਰਿਹੋਂ ਜਰੀ ਨ ਜਾਇ ਮਰਾਂ ਬਿਨ ਸਿਰ ਦੇ ਸਾਂਈ॥2॥

ਕੁੰਡਲੀਆ : ਕਾਲੀ ਕੋਇਲ ਕੂਕਦੀ ਪ੍ਰੀਤਮ ਗਏ ਵਿਛੋੜ।
ਕਾਲਾ ਰੰਗ ਵਟਾਇਆ ਬ੍ਰਿਹੋਂ ਲਈ ਨਿਚੋੜ।
ਬ੍ਰਿਹੋਂ ਲਈ ਨਿਚੋੜ ਤਿਵੇਂ ਮੈਂ ਹੋਈ ਦੀਵਾਨੀ।
ਕਿਉਂ ਕਰ ਪਾਵਾਂ ਚੈਨ ਬਿਨਾਂ ਪ੍ਰੀਤਮ ਦਿਲਜਾਨੀ।
ਚਾਤ੍ਰਿਕ ਵਾਂਗ ਪੁਕਾਰ ਕਰਾਂ ਨਹੀਂ ਦੇ ਦਿਖਾਲੀ।
ਹੋਈਆਂ ਵਿਚ ਵਿਜੋਗ ਜੋਗੀ ਦੀ ਕੋਇਲ ਕਾਲੀ॥3॥

ਕੁੰਡਲੀਆ : ਬੁਲਬੁਲ ਰੀ ਸੁਨ ਬਾਵਰੀ ਗੁਲ ਗੁਲ[1] ਕਰੇਂ ਪੁਕਾਰ।
ਮਿਲ ਮਿਲ ਚਲ ਆ ਬੈਠੀਏ ਰੋਈਏ ਜ਼ਾਰੋ ਜ਼ਾਰ।
ਰੋਈਏ ਜ਼ਾਰੋ ਜ਼ਾਰ ਆਪਣੇ ਆਪਣੇ ਦੁਖੜੇ।
ਤੂੰ ਗੁਲ ਨੂੰ ਕਰ ਯਾਦ ਮੈਂ ਤਰਸਾਂ ਪ੍ਰੀਤਮ ਮੁਖੜੇ।
ਚਾਤ੍ਰਿਕ ਦਰਦ ਵੰਡਾ, ਮਰਾਂ ਨਾ ਕੱਲੀ ਰੁਲ ਰੁਲ।
ਮਿਲ ਪਾਈਏ ਵੈਣ ਪਿਆਰੀ, ਗੁਲ ਦੀ ਬੁਲ ਬੁਲ॥4॥

ਕੁੰਡਲੀਆ : ਕਾਲਾ ਕਾਗਾ ਕਾਲਿਆ ਮੇਰਾ ਚੁਣ ਚੁਣ ਖਾਈਂ ਮਾਸ।
ਨੈਨ ਨਿਮਾਣੇ ਤਰਸਦੇ ਪੀਆ ਮਿਲਣ ਦੀ ਆਸ*।
ਪੀਆ ਮਿਲਣ ਦੀ ਆਸ ਮਾਸ ਸਵ ਬੇਸ਼ਕ ਖਾ ਲੈ।
ਪਾਪੀ ਨੈਨ ਨਾ ਛੇੜ ਪੀਆ ਦਰਸ ਕਰਾ ਲੈ।
ਚਾਤ੍ਰਿਕ ਦਰਸ ਕਰਾਇ, ਕਰੀਂ ਫਿਰ ਨੈਨ ਨਵਾਲਾ[2]।
ਤਰਸਨ ਨਾ ਦੀਦਾਰ, ਕਾਲਿਆ ਕਾਗਾ ਕਾਲਾ॥5॥

ਵਿਰਲਾਪ ਕਰਨਾ ਰਾਣੀ ਚੰਦਰ ਕਲਾ ਦਾ
(ਵਜ਼ਨ—ਜੋਗੀਆ ਭਰਥਰੀ ਹਰੀ ਜੀ)**

ਸੁਣ ਕੇ ਹੋਈ ਬੇਤਾਬ, ਚੰਦਰ ਕਲਾ ਸੁੰਦਰੀ ਇਸਤ੍ਰੀ।
ਹੋਈ ਮਾਹੀ[3] ਬੇਆਬ[4], ਖਾ ਕੇ ਗਸ਼ਾਂ ਧਰਤ ਤੇ ਡਿੱਗਦੀ।
ਤੁਰ ਗਿਆ ਦੇ ਕੇ ਜਵਾਬ, ਸਾਡੇ ਸੁਖਾਂ ਦਾ ਸੀ ਜੋ ਆਸਰਾ।

---

* ਸ਼ੇਖ ਫਰੀਦ ਦਾ ਇਸੇ ਭਾਵ ਦਾ ਸਲੋਕ ਹੈ :- ਕਾਗਾ ਕਰੰਗ, ਢੰਡੋਲਿਆ।

** ਕਿਸੇ ਪੁਰਾਣੇ ਗੀਤ ਦੇ ਤੋਲ ਦੀ ਧਾਰਨਾ ਵਲ ਇਸ਼ਾਰਾ ਹੈ, ਇਸ ਵਿਚ ਸੋਰਠੇ ਵਾਂਗ ਅਧ ਵਿਚ ਤੁਕਾਂਤ ਰਲਦਾ ਹੈ ਪਰ ਅੰਤ ਤੇ ਨਹੀਂ। ਸੰਭਵ ਹੈ, ਵਜ਼ਨ ਤੋਂ ਭਾਵ ਇਥੇ ਟੇਕ, ਅਸਥਾਈ (ਜਾਂ ਬਾਰ ਬਾਰ ਆਉਣ ਵਾਲੀ ਸਤਰ) ਲਿਆ ਹੋਵੇ।

1. ਫੁੱਲ। 2. ਗਰਾਹੀ, ਖੁਰਾਕ। 3. ਮੱਛੀ। 4. ਪਾਣੀ ਬਿਨਾਂ।

ਪਾ ਕੇ ਕਰੜੇ ਅਜਾਬ, ਮੱਲੀ ਫਕੀਰਾਂ ਦੀ ਜਾ ਝੌਂਪੜੀ।
ਰਮਤੇ ਬਣੇ ਰਾਜਾ ਜੀ ਭਰਥਰੀ।
ਸਾਧਾ ਸੁਣ ਜਾ ਪੁਕਾਰ, ਕਿਸ ਦੇ ਹਵਾਲੇ ਤੂੰ ਕਰ ਚਲਿਓਂ ?
ਸੱਠ੍ਹ ਤਿੰਨ ਸੈ ਤੇ ਨਾਰ, ਮਰ ਜਾਵਸੀ ਰਾਜਿਆ ਵਿਲਕਦੀ।
ਕੌਣ ਲਏ ਸਾਡੀ ਸਾਰ ? ਤੇਰੇ ਬਿਨਾਂ ਭਰਥਰੀ ਜੋਗੀਆ।
ਕਰਕੇ ਕੌਲ ਇਕਰਾਰ, ਲਾਕੇ ਪ੍ਰੀਤਾਂ ਦਿਲੋਂ ਤੋੜੀਆਂ।
ਸੁਣਦੇ ਕਿਉਂ ਨਹੀਂ ਰਾਜਾ ਜੀ ਭਰਥਰੀ।
ਮੈਨੂੰ ਲੈ ਚੱਲ ਨਾਲ, ਜੇ ਤੇਰੀ ਮਨਸ਼ਾ ਹੋਈ ਜੋਗ ਦੀ।
ਪ੍ਰੀਤ ਲੱਗੀ ਨੂੰ ਪਾਲ, ਸਦਕੇ ਗਈ ਤੇਰੇ ਚੰਦ੍ਰਕਲਾ।
ਕਰਕੇ ਖੁਲ੍ਹੇ ਮੈਂ ਵਾਲ, ਅਲਫੀ ਤੇ ਭਗਵਾ ਰੰਗਾ ਪਾ ਲਵਾਂ।
ਹੋਸੀ ਤੇਰਾ ਜ਼ਮਾਲ[1], ਦੁਖੜੇ ਸਭੇ ਦੂਰ ਹੋ ਜਾਣਗੇ।
ਮਾਨੋਂ ਕਿਹਾ ਰਾਜਾ ਜੀ ਭਰਥਰੀ।
ਸਾਡਾ ਹੋਸੀ ਕੀ ਹਾਲ, ਬਾਲੀ ਉਮਰ ਰਾਜਿਆ ਨਾਰ ਦੀ।
ਗੋਦੀ ਖੇਲੇ ਨਾ ਬਾਲ, ਦੁੱਧ ਨਾ ਅਜੇ ਹੈ ਥਨੀਂ ਸਿੰਮਿਆ।
ਜੀਉਣਾ ਹੋਸੀ ਮੁਹਾਲ, ਬਾਝੋਂ ਤੇਰੇ ਸਿਰ ਦਿਆ ਸਾਈਆਂ।
ਭਾਂਬੜ ਦੁਖਾਂ ਦਾ ਬਾਲ, ਚੰਦ੍ਰਕਲਾ ਚੰਦਰੀ ਸਾੜਿਓ।
ਕਿਰਪਾ ਕਰੋ ਰਾਜਾ ਜੀ ਭਰਥਰੀ।
ਕੀਕਰ ਹੋਸੀ ਉਧਾਰ, ਜਾਈਆਂ ਪਰਾਈਆਂ ਨੂੰ ਦੁੱਖ ਦਿਤਿਆਂ ?
ਕਿਉਂ ਨਾ ਤਜਿਆ ਸੰਸਾਰ, ਜਿਸ ਦਿਨ ਲਿਆਂਦਾ ਡੋਲੜੇ ਚਾੜ੍ਹਕੇ।
ਜਾ ਕੇ ਬਾਬਲ ਦੁਆਰ, ਲਾਵਾਂ ਲਈਆਂ ਨਾਲ ਚੰਦ੍ਰਕਲਾ।
ਪਾ ਕੇ ਦੁੱਖੜੇ ਹਜ਼ਾਰ, ਹੁਣ ਕਿਉਂ ਫਕੀਰੀ ਫੜੀ ਰਾਜਿਆ।
ਸਮਝੋ ਕਿਉਂ ਨਾ ਰਾਜਾ ਜੀ ਭਰਥਰੀ।
ਰਬਾ ਹੋਇ ਨਾ ਭਲਾ, ਜਿਸ ਨੇ ਪੜ੍ਹਾਈਆਂ ਏਹੋ ਪੱਟੀਆਂ।
ਸਾਡੀ ਪੈਜੂਗੀ ਆਹ, ਜਿਸ ਨੇ ਤਪਾਇਆ ਸਾਡੀ ਆਤਮਾ।
ਬੇੜਾ ਹੋਸੂ ਤਬਾਹ, ਧੀਆਂ ਭੈਣਾ ਹੋਵਸੂ ਛੁੱਟੜਾ।
ਪਾਈ ਸਿਰ ਵਿਚ ਸੁਆਹ, ਐਸੇ ਗੁਰੂ ਦੇ ਕਰਾਂ ਡਕਰੇ।
ਆਓ ਘਰੀਂ ਰਾਜਾ ਜੀ ਭਰਥਰੀ।
ਸ਼ਾਹਾ ਸੁਰਤੀ ਸੰਭਾਲ, ਫੜਕੇ ਗਦਾਈਆਂ[2] ਜੁਦਾਈਆਂ[3] ਨਾ ਪਾ।
ਕੋਈ ਹੋ ਜਾਂਦਾ ਬਾਲ, ਗੱਦੀ ਤੇਰੀ ਤੇ ਜੇਹੜਾ ਬੈਠਦਾ।
ਕਰਦਾ ਓਹ ਪ੍ਰਤਿਪਾਲ, ਲੈਂਦਾ ਖਬਰ, ਸਾਨੂੰ ਮਾਂ ਆਖਦਾ।
ਹੁੰਦਾ ਮੰਦਾ ਨਾ ਹਾਲ, ਪਰਜਾ, ਨਗਰੀ ਦਾ ਵੇ ਜ਼ਾਲਮਾ।
ਮੁੜੀਓ ਪਿਛੇ ਰਾਜਾ ਜੀ ਭਰਥਰੀ।

1. ਸੁੰਦਰਤਾ, ਇਥੇ ਭਾਵ ਸੁੰਦਰ ਦਰਸ਼ਨ ਤੋਂ ਹੈ। 2. ਫਕੀਰੀਆਂ। 3. ਵਿਛੋੜੇ।

ਮੇਰੀ ਪੁਜੀ ਨਾ ਆਸ, ਰਮਤੇ ਬਣੇ, ਦੇਸ ਕਿਉਂ ਛਡ ਚਲੇ।
ਸਿਰਤੇ ਸੌਹਰਾ ਨਾ ਸਾਸ, ਦੇਵਨ ਜੇਹੜੇ ਨੂੰਹਾਂ ਨੂੰ ਦਿਲਬਰੀ।
ਬੇਟੀ ਬੇਟਾ ਨਾ ਪਾਸ, ਜਿਸ ਦੇ ਸਹਾਰੇ ਉਮਰ ਕੱਟੀਏ।
ਪਾ ਕੇ ਦੁੱਖਾਂ ਦੇ ਫਾਸ, ਕੀਤਾ ਨਿਮਾਣੀ ਮੇਰੀ ਜਿੰਦ ਨੂੰ।
ਕਰੀਓ ਮੇਹਰ ਰਾਜਾ ਜੀ ਭਰਥਰੀ।
ਕੰਤਾ ਧਾਰੀਂ ਧਾਰ ਜੋਗ, ਤੇਰੀ ਅਵਸਥਾ ਅਜੇ ਭੋਗ ਦੀ।
ਇਹ ਅਵੱਲਾ ਹੈ ਰੋਗ, ਤੂੰ ਕੀਹ ਸਮਝ ਸਕਦਾ ਏਸ ਨੂੰ।
ਤੇਰੀ ਕਾਯਾਂ ਅਰੋਗ, ਦੁੱਧਾਂ ਮਲਾਈਆਂ ਦੀ ਸੁੰਦਰ ਪਲੀ।
ਪਾ ਕੇ ਨਾ ਜਾ ਵਿਜੋਗ, ਫੜ ਕੇ ਫਕੀਰੀ ਦੁਖੀ ਹੋਂਵਸੇਂ।
ਸੰਭਲ ਜਾ ਅਜੇ ਰਾਜਾ ਜੀ ਭਰਥਰੀ।
ਤੇਰਾ ਕੋਮਲ ਸਰੀਰ, ਗਰਮੀ ਧੁੱਪਾਂ ਜਾਸਨ ਨਾ ਸਹੀਆਂ।
ਕੰਤਾ, ਹੋ ਕੇ ਫਕੀਰ, ਦਰ ਦਰ ਦੇ ਟੁਕੜੇ ਪਵਨ ਮੰਗਣੇ।
ਕਾਯਾਂ ਹੋਸੀ ਜ਼ਹੀਰ[1] ਭੁਖ ਪਿਆਸ ਦੇ ਹੋਟੇ[2] ਤੇਰੀ।
ਅਖੋਂ ਛੁਟੇਗਾ ਨੀਰ, ਕੰਡੇ ਚੁੱਭੇ ਜਿਸ ਵੇਲੇ ਫੂੱਲ ਨੂੰ।
ਹੋਸੇਂ ਦੁਖੀ ਰਾਜਾ ਜੀ ਭਰਥਰੀ।
ਕੀਤੀ ਕੁਝ ਨਾ ਵਿਚਾਰ, ਫੜਦੇ ਫਕੀਰੇ ਮੇਰੇ ਕੰਤ ਨੇ।
ਕੀਤੀ ਚੰਗੀ ਨਾ ਕਾਰ, ਸੋਚੇ ਵਿਚਾਰੇ ਬਿਨਾਂ ਸ਼ਾਹ ਨੇ।
ਕੰਤਾ, ਸੁਣ ਲੈ ਪੁਕਾਰ, ਕੂਕਾਂ ਪੁਕਾਰਾਂ ਕਰਾਂ ਬਾਹੁੜੀ।
ਖਾ ਕੇ ਮਰਸਾਂ ਕਟਾਰ, ਸਹਿ ਨਾ ਸਕਾਂ ਹਿਜਰ ਦੇ ਦੁਖ ਨੂੰ।
ਮੁੜ ਆ ਘਰੀਂ ਰਾਜਾ ਜੀ ਭਰਥਰੀ।
ਤੂੰ ਸੈਂ ਖਿੜਿਆ ਗੁਲਾਬ, ਦਰਸ਼ਨ ਕਰਨ ਨੂੰ ਅਸੀਂ ਬੁਲਬੁਲਾ।
ਤੂੰ ਸੈਂ ਚੰਦਰ ਮਹਿਤਾਬ, ਕਵੀਆਂ ਅਸੀਂ ਸਾਂ ਤੇਰੇ ਆਸਰੇ।
ਸੀਨਾ ਹੋਇਆ ਕਬਾਬ, ਖਾਲੀ ਪਏ ਦੇਖ ਕੇ ਕੁੰਡੜੇ।
ਪਾ ਕੇ ਛਪਿਓਂ ਨਕਾਬ, ਦਰਸ਼ਨ ਨਾ ਦੇਵੇਂ ਮੇਰੇ ਮੋਹਨਾ।
ਦਰਸ਼ਨ ਦਿਓ ਰਾਜਾ ਜੀ ਭਰਥਰੀ।
ਬਿੰਦ੍ਰਾਬਨ ਹੈ ਉਜਾੜ, ਗੋਕਲ ਪੁਰੀ ਜਾ ਬਸੇ ਸ਼ਾਮ ਜੀ।
ਸਾਰੀ ਉਜੜੀ ਬਹਾਰ, ਬਨ ਬਨ ਫਿਰਨ ਕੱਲੀਆਂ ਗੋਪੀਆਂ।
ਸੁੰਞੀ ਮਥਰਾ ਦੀ ਬਾਰ, ਮੁਰਲੀ, ਮਨੋਹਰ ਦੀ ਮੁਰਲੀ ਬਿਨਾਂ।
ਦੀਜੋ ਦਰਸ਼ਨ ਮੁਰਾਰ, ਚਾਤ੍ਰਿਕ ਪਿਆਸਾ ਪੁਕਾਰੇ ਖਲਾ।
ਤੇਰੇ ਬਿਨਾਂ ਰਾਜਾ ਜੀ ਭਰਥਰੀ।

1. ਦੁਖੀ। 2. ਅਪੂਰਤੀ।

ਵਿਰਲਾਪ ਕਰਨਾ ਰਾਣੀ ਰਤੀ ਦਾ-ਡੇਉਢ ਛੰਦ*

ਰਹੀ ਸਤੀ, ਬਿਨ ਪਤੀ ਪੁਕਾਰੇ, ਨਾਲੇ ਕਰਦੀ ਹਾੜੇ-ਧਾਹੀਂ ਮਾਰੇ।
ਸਾਰੇ ਪਿਆਰ ਵਿਸਾਰੇ ਸਾਡੇ, ਸੁੱਟ ਸਮੁੰਦਰ ਖਾਰੇ-ਆਪ ਸਿਧਾਰੇ।
ਸੱਥਰ ਜੋਗੀ, ਕਰ ਗਿਆ ਜੋਗੀ, ਸੋਗੀ ਮੈਹਲ ਚੁਬਾਰੇ-ਕਰ ਗਿਆ ਸਾਰੇ।
ਚੰਦ ਮੁਕੰਦ ਲੁਕਾ ਮੁਖ ਲੀਤਾ, ਸੁੰਞੇ ਸਾਰੇ ਤਾਰੇ-ਮਾਰਨ ਨਾਹਰੇ।
ਮਾਹੀ[1] ਵਾਂਗ ਨਾ ਮਾਰੀਂ ਮਾਹੀ,[2] ਫਾਹੀ ਨਾਲ ਮੁਕਾਂਦੋਂ-ਨਾ ਤੜਫਾਂਦੋਂ।
ਮੈਂ ਪਾਪਨ ਕਿਸ ਕੰਮ ਇਕੱਲੀ, ਕੱਲਾ ਨਾ ਤੁਰ ਜਾਂਦੋਂ-ਨਾਲ ਲੈ ਜਾਂਦੋਂ।
ਲਾਂਦੋਂ ਚਰਨੀ, ਪਾਂਦੋਂ ਠੰਢਕ, ਨਾ ਇਹ ਭੇਸ ਵਟਾਂਦੋਂ-ਕਜ਼ੀਏ ਪਾਂਦੋਂ।
ਬਾਨਪ੍ਰਸਤ ਕਮਾਂਦੇ ਲਸਕੀ, ਓਸੇ ਤਰ੍ਹਾਂ ਕਮਾਂਦੋਂ-ਹਰਿ ਗੁਣ ਗਾਂਦੋਂ।
ਹਾਰ ਸ਼ਿੰਗਾਰ ਮਾਰ ਬਣ ਡਸਦੇ, ਨਾਗਨ ਵਾਂਗਨ ਲੜੀਆਂ-ਮੋਤੀ ਲੜੀਆਂ।
ਵਾਲੀਆਂ ਦੇਵਨ ਗਾਲੀਆਂ ਤਾਨੇ, ਗੱਲਾਂ ਲਾਵਨ ਸੜੀਆਂ-ਮੱਥਾ ਸੜੀਆਂ।
ਕੰਗਨ ਅੰਗਨ[3] ਬੈਹਨ ਨ ਦੇਂਦਾ, ਕੜੀਆਂ[4] ਵਾਂਗਰ ਕੜੀਆਂ[5]-ਕੈਦਨ ਕੜੀਆਂ[6]।
ਛੱਲਾ ਛਲ ਵਲ ਨਾਲ ਛਲੇਂਦਾ, ਛਾਪਾਂ ਕਰਦੀਆਂ ਅੜੀਆਂ-ਹੱਥੀਂ ਅੜੀਆਂ।
ਤੋੜੇ[7] ਪੌਚੀ[8] ਤੋੜ ਨਾ ਪੌਹਚੀ, ਮੋੜ ਪਿਛਾਹਾਂ ਖੜੀਆਂ-ਪੌੜੀ ਚੜ੍ਹੀਆਂ।
ਟਿੱਕਾ[9] ਟਿਕਨ ਨਾ ਦੇਂਦਾ ਪਾਪੀ, ਦਾਊਨੀ[10] ਚੂਨੀ[11] ਜੜੀਆਂ-ਪਾਵਨ ਜੜੀਆਂ।[12]
ਲੇਖ[13] ਅਛਿੰਦੀ ਬਿੰਦੀ ਬਿੰਦੀ, ਬਾਂਕਾਂ ਕਾਤਲ ਖੜੀਆਂ-ਛੁਰੀਆਂ ਫੜੀਆਂ।
ਮਛਲੀ ਤੜਪਾਵੇ ਜਿਉਂ ਮਛਲੀ, ਨੈਨ ਡੁਲ੍ਹਨ ਜਯੋਂ ਘੜੀਆਂ-ਸਾਵਨ ਝੜੀਆਂ।
ਆਰੀ ਵਾਂਗਰ ਚੀਰ ਆਰਸੀ,[14] ਕਢੇ ਜਾਨ ਹਠੀਲੀ-ਮੈਂ ਦੁਖ ਝੀਲੀ।
ਜੁਗਨੀ[15] ਨਾਮ[16] ਅਰਾਮ ਨਾ ਦੇਂਦੀ, ਸੂਰਤ ਬਾਝ ਰਸੀਲੀ-ਮਸਤ ਨਸ਼ੀਲੀ।
ਤੀਲੀ[17] ਸਾਂਗ ਨੁਕੀਲੀ ਚੋਭੇ, ਕੀਤੀ ਨੀਲੀ ਪੀਲੀ-ਰੁੱਤ ਰੰਗੀਲੀ।
ਚਾਮਕਲੀ[18] ਨਾ ਕਰੇ ਵਕੀਲੀ, ਨਾਗਨ ਇਹ ਜ਼ਹਿਰੀਲੀ-ਕਿਸੇ ਨਾ ਕੀਲੀ।[19]
ਗਜ਼ਲ[20]—(ਕਰੂ ਕਿਆ ਤੁਝ ਕੋ ਐ ਬਾਦਿ ਬਹਾਰ-ਦੀ ਧਾਰਨਾ ਤੇ)

ਸਖੀ ਬਿਨ ਪ੍ਰੀਤਮ ਕੈਸੇ ਚੈਨ?
ਬ੍ਰਿਹੋਂ ਦੁਖ ਘਟਾ ਚੜ੍ਹ ਆਈ, ਬਰਸ ਰਹੇ ਦੋ ਨੈਨ।
ਸਖੀ ਬਿਨ ਪ੍ਰੀਤਮ ਕੈਸੇ ਚੈਨ ?
ਬਲ ਬਲ ਆਹੀਂ ਵਲ ਵਲ ਨਿਕਲਨ ਚਲ ਚਲ ਆਵਨ ਵੈਨ।
ਤਨ ਮਨ ਤੜਪਨ, ਹਿਜ਼ਰ ਤਪਾਏ ਸੁਲਗ ਰਹੇ ਦਿਨ ਰੈਨ।

---

* ਡੇਉਢ ਛੰਦ ਦਵੱਈਆ ਛੰਦ ਦੀ ਇਕ ਤਰ੍ਹਾਂ ਡਿਓਢ ਹੈ। ਦਵਈਆਂ ਛੰਦ ਵਿਚ 16+12+8=36 ਮਾਤ੍ਰਾਂ ਦੀ ਅਤੇ ਦੂਜੇ ਤੇ ਤੀਜੇ ਬਿਸਰਾਮ ਦਾ ਅੰਤ ਰਲਦਾ ਹੈ ਜਿਵੇਂ ਖਾਰੇ ਤੇ ਸਿਧਾਰੇ (ਉਪਰ ਦੂਜੀ ਸਤਰ)।
1. ਮੱਛੀ। 2. ਹੇ ਪਿਆਰੇ। 3. ਵਿਹੜੇ ਵਿਚ। 4. ਪੈਰਾਂ ਦਾ ਇਕ ਗਹਿਣਾ। 5. ਹਥ ਕੜੀਆਂ ਵਾਂਗ।
6. ਬਝੀ ਹੋਈ ਹਾਂ। 7-8. ਪੈਰਾਂ ਦੇ ਗਹਿਣਿਆਂ ਦੇ ਨਾਂ। 9. ਮਥੇ ਦਾ ਗਹਿਣਾ।
10-11-13. ਵਖ ਵਖ ਗਹਿਣੇ ਹਨ। 12. ਜਾਦੂ, ਜੜੀ ਬੂਟੀ। 14-18. ਵਖ ਵਖ ਗਹਿਣਿਆਂ ਦੇ ਨਾਂ ਹਨ।
19. ਵਸ ਕੀਤੀ।
20. ਫਾਰਸੀ ਦਾ ਇਕ ਕਾਵਿ-ਭੇਦ ਜਿਸ ਵਿਚ ਆਮ, ਵਿਛੋੜੇ ਪਿਆਰ ਦਾ ਵਰਨਣ ਹੁੰਦਾ ਹੈ ਤੇ ਹਰ ਤੁਕ ਦਾ ਵਿਚਾਰ ਵਖ ਵਖ ਤੇ ਆਪਣੇ ਆਪ ਵਿਚ ਸੰਪੂਰਨ ਹੁੰਦਾ ਹੈ।

ਇਹ ਪਾਪੀ ਵਰਜੇ ਨਹੀਂ ਰੈਹਨ, ਸਖੀ ਬਿਨ ਪ੍ਰੀਤਮ ਕੈਸੇ ਚੈਨ ?
ਸਿਰ ਚਕਰਾਏ, ਦਿਲ ਧੜਕਾਏ ਸੂਲਾਂ ਹੂਲਾਂ ਪੈਨ।
ਬ੍ਰਿਹੋਂ ਸਤਾਨੀ ਹੋਈ ਨਿਮਾਨੀ ਚੈਨ ਨਾ ਦੇਂਦੇ ਲੈਨ।
ਦੁਖਾਂ ਦੇ ਨਦੀਆਂ ਨਾਲੋਂ ਵੈਹਨ, ਸਖੀ ਬਿਨ ਪ੍ਰੀਤਮ ਕੈਸੇ ਚੈਨ?
ਪੀਆਂ ਰਸੀਲੇ ਨੈਨ ਰੰਗੀਲੇ ਮਿਠੜੇ ਮਿਠੜੇ ਬੈਨ।
ਪ੍ਰੇਮ ਹੁਲਾਰੇ ਨਾਲ, ਪਿਆਰੇ ਨੈਨ ਲੜਾਏ ਸੈਨ।
ਜਦੋਂ ਆ ਯਾਦ ਤੱਤੀ ਨੂੰ ਪੈਨ, ਸਖੀ ਬਿਨ ਪ੍ਰੀਤਮ ਕੈਸੇ ਚੈਨ?
ਬਿਜਲੀ ਕੜਕੇ ਬ੍ਰਿਹੋਂ ਵਾਲੀ ਦੇਂਦੀ ਮੂਲ ਨਾ ਬੈਹਨ।
ਚਾਤ੍ਰਿਕ ਤੜਪੇ ਦਰਸ ਪੀਆ ਬਿਨ ਦੁਖੜੇ ਜਾਨ ਨਾ ਸੈਹਨ।
ਉਮੈਦਾਂ ਦੇਖਦਿਆਂ ਜਿਸ ਵੈਹਨ, ਸਖੀ ਬਿਨ ਪ੍ਰੀਤਮ ਕੈਸੇ ਚੈਨ ?

ਅੰਤਮ ਸਵਾਸਾਂ ਵੇਲੇ ਰਾਣੀ ਪਿੰਗਲਾਂ ਨੂੰ ਹੋਸ਼ ਆਉਣੀ ਅਰ ਬੇਕਰਾਰੀ ਦੀ ਹਾਲਤ ਦਸਣੀ

ਰਾਣੀ ਪਿੰਗਲਾਂ ਨੂੰ ਫੇਰ ਹੋਸ਼ ਆਈ, ਅਖਾਂ ਪਰਤ ਕੇ ਫੇਰ ਬੇਹੋਸ਼ ਹੋ ਗਈ।
ਜਿੰਦ ਹਾਉਕੇ ਲਏ ਦਿਲਦਾਰ ਬਾਝੋਂ, 'ਹਾਇ' ਆਖਕੇ ਫੇਰ ਖਾਮੋਸ ਹੋ ਗਈ।
ਕਹਿੰਦੀ ਰਾਵਲਾ ਛੱਡ ਨਾ ਸੈਹਕਦੀ ਨੂੰ, ਮੈਂ ਤਾਂ ਬਾਵਲੀ ਬ੍ਰਿਹੋਂ ਦੇ ਜੋਸ਼ ਹੋ ਗਈ।
ਕਾਤਲ ਹਿਜਰ ਦੀ ਫੇਰ ਤਲਵਾਰ ਚਾਤ੍ਰਿਕ, ਗਿਆਨ ਸਮੇਂ ਪਈ ਮਦਹੋਸ਼ ਹੋ ਗਈ।

ਅਖੀਰ ਵਕਤ ਸਵਾਲ ਜਵਾਬ ਮੌਤ ਤੇ ਰਾਣੀ ਪਿੰਗਲਾਂ ਦਾ ਤਰਜ਼ ਡੇਉਢ ਕਾਫੀ*

ਮੌਤ ਕਸਾਇਨ ਆਨ ਖਲੋਤੀ ਜੋ ਕੁਝ ਕਰਨਾ ਕਰ ਲੈ ਤੂੰ
ਕੁਝ ਹਥੋ ਤਿਲ ਫੂਲ ਸਰ ਲੈ ਤੂੰ।
ਬਦੀਆਂ ਦੇ ਵਿਚ ਉਮਰ ਗੁਜ਼ਾਰੀ, ਕੀਤਾ ਆਪਣਾ ਭਰ ਲੈ ਤੂੰ।
ਵਿਚ ਨਰਕਾਂ ਦੇ ਦੁਖ ਜਰ ਲੈ ਤੂੰ।
ਪਾਪ ਕਮਾਣੇ ਖੜੇ ਸਿਰਹਾਣੇ ਲੈ ਗਠੜੀ, ਸਿਰ ਧਰ ਲੈ ਤੂੰ।
ਤੇ ਹਥੀਂ ਫੇਰੇ ਵਰ ਲੈ ਤੂੰ।
ਉਸ ਦਰ ਕੋਈ ਪੇਸ਼ ਨਾ ਜਾਣੀ ਸਚੋਂ ਸਚ ਨਿਤਰ ਲੈ ਤੂੰ।
ਤੇ ਜਮ ਦੇ ਮਾਰੇ ਮਰ ਲੈ ਤੂੰ।
ਸਾਂਈ ਨਾਲ ਬਰਾਬਰੀਆਂ ਸਨ ਏਥੇ ਕਰਨੀ ਭਰ ਲੈ ਤੂੰ।
ਤੇ ਲਿਖੇ ਕਾਗਜ਼ਾਂ ਫੜ ਲੈ ਤੂੰ।

---

* ਸੂਫੀ ਲੋਕਾਂ ਤੇ ਕਵੀਆਂ ਦੀ ਮਨ ਭਾਉਂਦੀ ਰਾਗਨੀ, ਜਿਸ ਨੂੰ ਕਈਆਂ ਨੇ ਕਾਵਿ ਭੇਦ ਤੇ ਕਈਆਂ ਨੇ ਛੰਦ ਭੀ ਕਿਹਾ ਹੈ। ਆਦਿ ਗ੍ਰੰਥ ਵਿਚ ਸੂਹੀ ਕਾਫੀ ਤੇ ਤਿਲੰਗ ਕਾਫੀ ਆਦਿ ਸੰਕੇਤ ਆਉਂਦੇ ਹਨਭ। ਬੁਲ੍ਹੇ ਸ਼ਾਹ ਦੀਆਂ ਕਾਫੀਆਂ ਪ੍ਰਸਿਧ ਹਨ।

ਕੰਤੇ ਨਾਲ ਕਰੇਂ ਚਤੁਰਾਈ ਓਥੇ ਪਾਜ ਉਘੜ ਲੈ ਤੂੰ।
ਉਸ ਆਦਲ ਕੋਲੋਂ ਡਰ ਲੈ ਤੂੰ।
ਪੁੰਨਾਂ ਪਾਪਾਂ ਆਨ ਖਲੋਣਾ ਧਰਮ ਤਕੜੀ ਚੜ੍ਹ ਲੈ ਤੂੰ।
ਤੇ ਪੂਰੀ ਤੋਲ ਉਤਰ ਲੈ ਤੂੰ।
ਚਾਤ੍ਰਿਕ ਨੇਕੀ ਪਾਰ ਕਰੇ ਜੇ ਕੀਤੀ ਨਹੀਂ ਤਾਂ ਕਰ ਲੈ ਤੂੰ।
ਕਰ ਹਰੀ ਭਜਨ ਦੁਖ ਹਰ ਲੈ ਤੂੰ।

ਜਵਾਬ ਰਾਣੀ ਪਿੰਗਲਾਂ

ਨਾ ਅੜੀਏ ਕੁਝ ਤਰਸ ਕਰੀਂ ਏਹ ਖੰਜਰ ਅਜੇ ਚਲਾਵੀਂ ਨਾ।
ਤੂੰ ਮੇਰੀ ਜਾਨ ਲਿਜਾਵੀਂ ਨਾ।
ਡਿਠਾ ਨਾ ਕੁਝ ਦੁਨੀਆ ਦਾ ਮੈਂ ਹੁਣੇ ਵਾਇਦੇ ਪਾਵੀਂ ਨਾ।
ਤੇ ਜਮ ਦੇ ਦੁਖ ਦਿਖਾਵੀਂ ਨਾ।
ਪੀਆ ਵਿਲਕਦੀ ਸੁਟ ਗਿਆ ਉਸ ਦਰਸ਼ਨ ਤੋਂ ਤਰਸਾਵੀਂ ਨਾ।
ਬਿਨ ਡਿਠੇ ਜਿੰਦ ਕਢਾਵੀਂ ਨਾ।
ਜੀਉੜਾ ਮੇਰਾ ਥਰ ਥਰ ਕੰਬਦਾ ਦੁਖੀਆਂ ਹੋਰ ਦੁਖਾਵੀਂ ਨਾ।
ਤੂੰ ਡਾਇਣ ਬਣ ਕੇ ਖਾਵੀਂ ਨਾ।
ਨਾ ਕੋਈ ਨੇਕੀ ਆ ਕੇ ਕੀਤੀ, ਓਥੇ ਲੀਕਾਂ ਲਾਵੀਂ ਨਾ।
ਦਰਗਾਹੇ ਘਟਾ ਪਾਵੀਂ ਨਾ।
ਹਾੜਾ ਨੀ ਮੈਂ ਸਦਕੇ ਜਾਵਾਂ ਤੱਕੜ ਚਾੜ੍ਹ ਤੁਲਾਵੀਂ ਨਾ।
ਤੇ ਡੰਡੇ ਮਾਰ ਕਢਾਵੀਂ ਨਾ।
ਮੰਨ ਵਾਸਤਾ ਚਾਤ੍ਰਿਕ ਦਾ ਤੂੰ ਅਜੇ ਕਈ ਦਿਨ ਆਵੀਂ ਨਾ।
ਤੇ ਧੋਖਾ ਦਗਾ ਕਮਾਵੀਂ ਨਾ।

ਜਵਾਬ ਮੌਤ

ਇਕ ਪਲ ਠੈਹਰਨ ਹੁਕਮ ਨਹੀਂ ਮੈਂ ਹੁਕਮ ਜਦੋਂ ਲੈ ਆਵਾਂ ਨੀ।
ਨਾ ਘੜੀ ਬਿੰਦ ਅਟਕਾਵਾਂ ਨੀ।
ਖਾਂਦੇ ਪੀਂਦੇ ਤੁਰਦੇ ਫਿਰਦੇ ਫੜ ਫੜ ਬੰਨ੍ਹ ਚਲਾਵਾਂ ਨੀ।
ਨਾ ਜ਼ਰਾ ਵਿਤਕਰਾ ਪਾਵਾਂ ਨੀ।
ਰਾਤ ਦਿਨੇ ਏਹ ਕਾਰ ਸਪੁਰਦੇ ਸੰਮਨ ਜਦੋਂ ਲਿਆਵਾਂ ਨੀ।
ਫੜ ਹਾਜ਼ਰ ਤੁਰਤ ਕਰਾਵਾਂ ਨੀ।
ਹਾਕਮ ਸਚਾ ਕਰੇ ਅਦਾਲਤ ਉਸ ਦਾ ਹੁਕਮ ਬਜਾਵਾਂ ਨੀ।
ਜੋ ਮੰਗਦਾ ਤੁਰਤ ਫੜਾਵਾਂ ਨੀ।
ਪੇਸ਼ ਨਾ ਮੇਰੀ ਰਤੀ ਚਲੇ ਕੀਕਰ ਜਿੰਦ ਬਚਾਵਾਂ ਨੀ।
ਮੈਂ ਘਟਦੀ ਕਿਵੇਂ ਵਧਾਵਾਂ ਨੀ ?

ਇਕ ਇਕ ਦਮ ਗਿਣਤੀ ਦਾ ਦਿਤਾ ਕਿਥੋਂ ਹੋਰ ਕਢਾਵਾਂ ਨੀ।
ਤੇ ਤੇਰੀ ਜਿੰਦ ਛੁਡਾਵਾਂ ਨੀ ?
ਸਾਰੀ ਦੁਨੀਆਂ ਜੀਉਣਾ ਲੋੜੇ ਤਰਸ ਕਿਧੇ ਤੇ ਖਾਵਾਂ ਨੀ।
ਤੇ ਕਿਸ ਨੂੰ ਬੰਨ੍ਹ ਲਿਜਾਵਾਂ ਨੀ?
ਚਾਤ੍ਰਿਕ ਲਿਖੀਆਂ ਮਥੇ ਧੁਰ ਦੀਆਂ ਕੀਕਰ ਵਾਧ ਘਟਾਵਾਂ ਨੀ।
ਨਾ ਹਿੰਮਤ ਰੇਖ ਮਿਟਾਵਾਂ ਨੀ।

ਜਵਾਬ ਰਾਣੀ ਪਿੰਗਲਾਂ

ਬਾਬਲ ਮੇਰੇ ਚਰਖਾ ਦਿਤਾ ਘੜਿਆ ਘੜਤ ਅਮੋਲੇ ਨੀ।
ਮਨ ਮੋਹਨਾ ਵਾਂਗ ਮਮੋਲੇ ਨੀ।
ਘੂੰ ਘੂੰ ਕਰਦਾ ਘੂੰਗਰੂ ਵਾਂਗੂੰ ਸੋਹੰ ਸੋਹੰ[1] ਬੋਲੇ ਨੀ।
ਨਿੱਤ ਕਢਣ ਵਾਜ ਅਮੋਲੇ ਨੀ।
ਝਾੜ ਪੂੰਝ ਮੈਂ ਡਾਹ ਨਾ ਬੈਠੀ ਸੁੱਟਿਆ ਕੋਠੀ ਓਹਲੇ ਨੀ।
ਮੈਂ ਕੂੜੇ ਵਾਂਗਰ ਖੋਲੇ ਨੀ।
ਕਦਰ ਨਾ ਜਾਤੀ ਬਾਣੇ ਦੀ ਮੈਂ ਭੁਲ ਗਈ ਵਿਚ ਭੋਲੇ[2] ਨੀ।
ਨਿਤ ਰਹੀ ਗਾਂਵਦੀ ਢੋਲੇ ਨੀ।
ਡਾਹ ਚਰਖਾ ਤੰਦ ਉਲਾਰੀ[3] ਸਵਾਸ ਬੇਅਰਥੇ ਰੋਲੇ ਨੀ।
ਨਿਤ ਕਰਦੀ ਟਾਲ ਮਟੋਲੇ ਨੀ।
ਬੈੜ ਚਾਹੜ ਨਾ ਕੱਸੀ ਮਾਹਲ ਤਕਲੇ ਲਾਏ ਨਾ ਢੋਲੇ ਨੀ।
ਨਾ ਚਰਮਖ ਦੇ ਦੁਖ ਫੋਲੇ ਨੀ।
ਨਾ ਕੱਤਿਆ ਨਾ ਦਾਜ ਬਣਾਯਾ[4] ਸੀਤੇ ਨਾ ਕੁਝ ਚੋਲੇ ਨੀ।
ਦਿਨ ਲੰਘ ਗਏ ਅਨਮੋਲੇ ਨੀ।
ਚਾਤ੍ਰਿਕ ਅੱਲ ਵਲੱਲੀ ਦਾ ਹੁਣ ਅੰਦਰਲਾ ਦਿਲ ਡੋਲੇ ਨੀ।
ਮੈਂ ਕੀਕਰ ਚੜ੍ਹਸਾਂ ਡੋਲੇ ਨੀ ?[5]

ਜਵਾਬ ਮੌਤ

ਬੰਦੇ ਕਰਨ ਫਰੇਬ ਸਾਂਈ ਨਾਲ ਡਰਦੇ ਹਰ ਹਰ ਕਰਦੇ ਨੀ।
ਪਰ ਫੇਰ ਨਾ ਮੈਥੋਂ ਡਰਦੇ ਨੀ।
ਅਜ ਕਰਾਂਗੇ ਕੱਲ ਕਰਾਂਗੇ ਹਥੋਂ ਨਾ ਕੁਝ ਕਰਦੇ ਨੀ।

---

* ਇਸ ਕਾਫੀ ਵਿਚ ਸੂਫੀਆਂ ਵਾਂਗ ਸੰਕੇਤਾਵਲੀ ਵਰਤੀ ਹੈ; ਸਰੀਰ ਨੂੰ ਚਰਖਾ, ਨੇਕ ਕੰਮਾਂ ਨੂੰ ਦਾਜ ਤੇ ਮੌਤ ਨੂੰ ਵਿਆਹ ਦਸਿਆ ਹੈ।

1. ਉਹੀ ਹੈ (ਰਬ ਹੀ ਰਬ ਹੈ)। 2. ਭੁਲੇਖੇ। 3. ਕਤਿਆ (ਰਬ ਦੀ ਯਾਦ ਨੇਕੀ)।
4. ਪਰਲੋਕ ਦਾ ਫਿਕਰ ਨਹੀਂ ਕੀਤਾ। 5. ਰਬ ਪਤੀ ਨੂੰ ਮਿਲਣ ਤੋਂ ਭਾਵ ਹੈ।

ਨਿਤ ਰੈਹਣ ਦਲੀਲਾਂ ਘੜਦੇ ਨੀ।
ਖਵਾਜੇ[1] ਜੇਡੀ ਉਮਰ ਸਮਝਦੇ ਪੈਰ ਕੁਹਾੜਾ ਜੜਦੇ ਨੀ।
ਸਭ ਜਾਨ ਬੁਝ ਕੇ ਮਰਦੇ ਨੀ।
ਇਕ ਦਮ ਦਾ ਭਰਵਾਸਾ ਨਾਹੀਂ ਸਦੀਆਂ ਦੇ ਦਮ ਭਰਦੇ ਨੀ।
ਏਹ ਔਝੜ ਜਾ ਜਾ ਵੜਦੇ ਨੀ।
ਜਨਮ ਅਮੋਲਕ ਵਿਚ ਸਲਾਹਾਂ ਜੂਏ ਦੇ ਵਿਚ ਹਰਦੇ ਨੀ।
ਫਿਰ ਪਿਛੋਂ ਹਾਉਕੇ ਭਰਦੇ ਨੀ।
ਹਾਇੰ ਜੇ ਖਬਰ ਹੁੰਦੀ ਮਰ ਜਾਣਾ ਹਰਿ ਕਾ ਨਾਮ ਉਚਰਦੇ ਨੀ।
ਪੁੰਨ ਦਾਨ ਹਥੋਂ ਕੁਝ ਝੜਦੇ ਨੀ।
ਮੂਰਖ ਬੰਦੇ ਪੰਡਾਂ ਬੰਨ੍ਹ ਬੰਨ੍ਹ ਪਾਪ ਦੀਆਂ ਸਿਰ ਧਰਦੇ ਨੀ।
ਨਾ ਹਰੀ ਸਿਮਰ ਕੇ ਤਰਦੇ ਨੀ।
ਚਾਤ੍ਰਿਕ ਹੋਵੇ ਪਿਛੋਂ ਕੀਹ ਜਦ ਆਏ ਜਮਾਂ ਦੇ ਬਰਦੇ ਨੀ।
ਹਰ ਕੜੀਆਂ ਪਾ ਕੇ ਖੜਦੇ ਨੀ।

ਜਵਾਬ ਰਾਣੀ ਪਿੰਗਲਾਂ

ਹਾਇ ਹਾਇ ਕੀ ਕਰੇਂ ਕੁੜੇ ਤੂੰ ਆਖਾ ਮੇਰਾ ਮੋੜੀ ਨਾ।
ਏਹ ਫੁਲ ਗੁਲਾਬੋਂ ਤੋੜੀਂ ਨਾ।
ਡਾਢਾ ਪਿਆਰ ਪਿਆ ਜਿੰਦ ਦੇਹ ਦਾ ਮਿਲਯਾ ਅਜੇ ਵਿਛੋੜੀਂ ਨਾ।
ਕਰ ਖੇਰੂ ਖੇਰੂ ਰੋੜ੍ਹੀ ਨਾ।
ਦੇਹ ਵਿਚ ਮਿਟੀ ਪਈ ਰਹੇਗੀ, ਭਾਂਡਾ ਇਸਦਾ ਫੋੜੀਂ ਨਾ।
ਤੇ ਸੁੰਞੀ ਕਰਕੇ ਛੋੜੀਂ ਨਾ।
ਭੌਰ ਨਿਮਾਣੇ ਪਾਪ ਨਾ ਕੀਤੇ ਇਸ ਨੂੰ ਚਮੋੜੀਂ ਨਾ।
ਬੇਦੋਸ਼ਾਂ ਖੂਨ ਨਚੋੜੀਂ ਨਾ।
ਮੈਂ ਪਾਪਣ ਨੇ ਪਾਪ ਕਮਾਏ ਮੈਨੂੰ ਉਸ ਨਾਲ ਜੋੜੀਂ ਨਾ।
ਸੰਗ ਲੋਹੇ ਲੱਕੜ ਬੋੜੀ[2] ਨਾ।
ਰੱਜ ਨਾ ਪੇਕੇ[3] ਦੇਖ ਲਏ, ਤੂੰ ਸਾਹੁਰਿਆਂ[4] ਵਲ ਤੋਰੀਂ ਨਾ।
ਫੜ ਜਿੰਦ ਨਿਮਾਣੀ ਜ਼ੋਰੀਂ ਨਾ।
ਕਤ ਤੁੰਬ ਨਾ ਦਾਜ ਬਨਾਯਾ ਖਾਲੀ ਹੱਥੀਂ ਤੋਰੀਂ ਨਾ।
ਤੂੰ ਗਿਚੀ ਅਜੇ ਮਰੋੜੀਂ ਨਾ।
ਚਾਤ੍ਰਿਕ ਹਾਰ ਸ਼ਿੰਗਾਰ ਨਾ ਲਾਯਾ ਕੰਤੇ ਪਾਸ ਖਲੌਰੀਂ[5] ਨਾ।
ਸ਼ਰਮਿੰਦੀ ਕਰਕੇ ਮੋੜੀਂ ਨਾ।

1. ਪਾਣੀ ਦੇ ਦੇਵ ਤੇ ਖਵਾਜਾ ਖਿਜਰ ਤੋਂ ਭਾਵ ਹੈ। 2. ਡੋਬੀਂ। 3. ਇਹ ਦੁਨੀਆਂ।
4. ਰਬ ਦਾ ਘਰ, ਮੌਤ ਤੋਂ ਪਿਛੋਂ ਦੀ ਦੁਨੀਆਂ। 5. ਖਲ੍ਹਾਰੀਂ, ਸਾਹਮਣੇ ਪੇਸ਼ ਕਰੀਂ।

ਪਸਚਾਤਾਪ ਰਾਣੀ ਪਿੰਗਲਾਂ ਦਾ

ਫਿੱਟ ਜਗਤ ਵਿਚ ਆਈ ਦਾ, ਨਾ ਭਜਿਆ ਨਾਮ ਮੁਰਾਰੀ ਦਾ।
ਉਸ ਸਾਂਵਲੜੇ ਗਿਰਧਾਰੀ ਦਾ।
ਖਾਲੀ ਹੱਥੀਂ ਆਈ ਸਾਂ ਲੈ ਖਾਲੀ ਹੱਥ ਸਿਧਾਰੀ ਦਾ।
ਕੁਝ ਲਿਆ ਨਾ ਜਾਂਦੀ ਵਾਰੀ ਦਾ।
ਬਾਗਾਂ ਦੇ ਵਿਚ ਫੇਰਾ ਅੜੀਓ ਖਾਲੀ ਪਿਆ ਦੁਖਿਆਰੀ ਦਾ।
ਨਾ ਸੁਖ ਲਿਆ ਫੁਲਵਾੜੀ ਦਾ।
ਸਤਿਸੰਗਤ ਤੇ ਭਜਨ ਨਾ ਕੀਤਾ, ਝੋਰਾ ਉਮਰ ਗੁਜ਼ਾਰੀ ਦਾ।
ਦੂਰ ਫਿੱਟੇ ਔਗਨਹਾਰੀ ਦਾ।
ਯਾਦ ਰੈਹਨ ਕੋਈ ਅਮਲਾਂ ਵਾਲੇ ਲੈ ਨਾ ਨਾਂ ਦੁਖਿਆਰੀ ਦਾ।
ਕੀ ਰੋਣਾ ਪਾਪਣ ਨਾਰੀ ਦਾ।
ਨਾਮ ਸਾਂਈ ਦੇ ਆਖੋ ਅੜੀਓ ਫਜ਼ਲ[1] ਹੋਵੇ ਕਰਤਾਰੀ ਦਾ।
ਨਾ ਲੇਖਾ ਗਿਣੇ ਨਿਕਾਰੀ ਦਾ।
ਹੌਲਾ ਹੋਵੇ ਭਾਰ ਮੇਰਾ ਇਸ ਸਿਰ ਤੇ ਚਾਈ ਖਾਰੀ[2] ਦਾ।
ਪਾਪਾਂ ਦੀ ਗਠੜੀ ਭਾਰੀ ਦਾ।
ਚਾਤ੍ਰਿਕ ਨੇਕ ਕਮਾਈਆਂ ਬਾਝੋਂ ਖੌਫ ਜਮਾਂ ਦੀ ਆਰੀ ਦਾ।
ਸਿਰ, ਕੱਪਾਂ[3] ਨਾਲ ਉਤਾਰੀ ਦਾ।

ਪ੍ਰਾਰਥਨਾ ਕਰਨੀ ਮਰਨ ਵੇਲੇ ਰਾਣੀ ਪਿੰਗਲਾਂ ਦੀ ਪਰਮਾਤਮਾ ਦੇ ਅਗੇ

ਬਿਸ਼ਨਪਦ—ਬਤਰਜ਼[4] 'ਚੀਰ ਮੇਰੇ ਦੇ ਛਡ ਗਿਰਧਾਰੀ।'
ਪ੍ਰਭੂ ਮੈਂ ਪਾਪਨ ਹਾਂ ਭਾਰੀ।
ਮੁਰਾਰੀ, ਸ਼ਰਨ ਮੈਂ ਥਾਰੀ, ਸ਼ਰਨ ਮੋਹਿ ਰਖ ਲੌ ਗਿਰਧਾਰੀ।
ਮੈਂ ਪਾਪਨ ਬਿਨ ਭਜਨ ਦੇ, ਉਮਰਾ ਲਈ ਲੰਘਾਇ।
ਤੁਮ ਬਖਸ਼ਿੰਦ ਮਹਾਨ ਹੋ ਬਖਸ਼ੀਓ ਹੋਇ ਸਹਾਇ।
ਅਹਿਲਿਆਂ ਸਿਲਾ ਜਿਵੇਂ ਤਾਰੀ, ਦਰੋਪਤੀ ਪਈ ਬਿਪਤ ਟਾਰੀ।
ਪ੍ਰਭੂ ਮੈਂ ਪਾਪਨ ਹਾਂ ਭਾਰੀ।
ਜਿਉਂ ਕਰ ਗਨਿਕਾ ਤਾਰੀ ਊ ਤਾਰੇ ਸਧਨਾ ਸੈਨ।
ਅਜਾਮਲ ਪਾਪੀ ਤਰੇ ਅੰਤ ਜਪੇ ਨਰੈਣ।
ਤਿਵੇਂ ਮੈਂ ਪਾਪਣ ਹਤਿਆਰੀ, ਉਠਾਈ ਪਾਪ ਦੀ ਖਾਰੀ।
ਪ੍ਰਭੂ ਮੈਂ ਪਾਪਨ ਹਾਂ ਭਾਰੀ।

---

1. ਕਿਰਪਾ, ਮੇਹਰ। 2. ਟੋਕਰੀ। 3. ਸਿਰ ਨੂੰ ਵੱਢਣ ਵਾਲੇ ਹਥਿਆਰਾਂ ਨਾਲ। 4. ਧਾਰਨਾ ਉਤੇ।

ਸ਼ਰਨ ਪੜੇ ਕੀ ਲਾਜ ਕੋ ਤੁਮ ਹੋ ਰਾਖਨਹਾਰ।
ਦਯਾ ਦਾਨ ਬਖਸ਼ੋ ਪ੍ਰਭੂ ਮੈਂ ਪਾਪਨ ਦੁਖਿਆਰ।
ਗੁਜ਼ਰ ਗਈ ਪਾਪਾਂ ਵਿਚ ਸਾਰੀ, ਨਾ ਇਕ ਛਿਨ ਯਾਦ ਕਰਤਾਰੀ।
ਪ੍ਰਭੂ ਮੈਂ ਪਾਪਨ ਹਾਂ ਭਾਰੀ।
ਹੰਮ ਗਰੀਬ ਮਸਕੀਨੀਆਂ[1] ਤੁਮਹੀ ਗਰੀਬ ਨਿਵਾਜ਼।
ਜੇ ਕਰ ਪੂਤ ਕਪੂਤ ਹੋਂ ਬਹੁੜ ਪਿਤਾ ਕੋ ਲਾਜ।*
ਆਪ ਦੀ ਪੁਤ੍ਰੀ ਮੈਂ ਪਿਆਰੀ, ਨਾ ਕਰਨਾ ਮੋਇ ਧਿਤਕਾਰੀ।
ਪ੍ਰਭੂ ਮੈਂ ਪਾਪਨ ਹਾਂ ਭਾਰੀ।
ਮਾਰ ਚਪੇੜਾਂ ਪੂਤ ਕੇ ਫੇਰ ਪਿਤਾ ਗਲ ਲਾਇ।*
ਤਿਉਂ ਪ੍ਰਭੂ ਕਰੋ ਅਨੁਗ੍ਰਹ[2] ਭਵਸਾਗਰ ਤੰਰ ਜਾਇ।
ਪਿਤਾ ਤੇਰੀ ਲੀਲ੍ਹਾ ਹੈ ਨਿਆਰੀ, ਕ੍ਰਿਪਾ ਦੀ ਨਦੀ ਰਹੇ ਜਾਰੀ।
ਪ੍ਰਭੂ ਮੈਂ ਪਾਪਨ ਹਾਂ ਭਾਰੀ।
ਮਾਯਾ ਫੰਧਨ ਫਸ ਰਹੀ, ਭਜਿਆ ਨਹੀਂ ਮੁਰਾਰ।
ਅੰਧ ਹੋਈ ਵਿਚ ਵਿਸ਼ੇ ਦੇ ਕੂੜ ਕਪਟ ਸੰਸਾਰ।
ਅਕਲ ਸਭ ਗਈ ਮੇਰੀ ਮਾਰੀ, ਮੈਂ ਬਦੀਆਂ ਕਰ ਬੜੀ ਹਾਰੀ।
ਪ੍ਰਭੂ ਮੈਂ ਪਾਪਨ ਹਾਂ ਭਾਰੀ।
ਬਦੀਆਂ ਦੇ ਅੰਬਾਰ[3] ਹਨ ਲਗੇ ਵਾਂਗਰ ਘਾਸ।
ਨਰਕਾਂ ਭੀ ਡਰ ਪਰੇ ਹੋ ਦੇਣ ਨਾ ਪਾਪਨ ਵਾਸ।
ਪ੍ਰਭੂ ਦਾ ਸਿਮਰਨ ਚੰਗਾਰੀ, ਜਲਾਵੇ ਪਾਪ ਇਕ ਵਾਰੀ।
ਪ੍ਰਭੂ ਮੈਂ ਪਾਪਨ ਹਾਂ ਭਾਰੀ।
'ਲੇਖੈ ਕਤਹਿ ਨ ਛੂਟੀਐ ਖਿਨੁ ਖਿਨੁ ਭੂਲਨਹਾਰ।
ਬਖਸਨਹਾਰਾ ਬਖਸਿ ਲੈ ਨਾਨਕ ਪਾਰਿ ਉਤਾਰਿ[4]।'
ਕ੍ਰਿਪਾ ਦੀ ਆਸ ਸਦਾ ਧਾਰੀ, ਚਾਤ੍ਰਿਕ ਕ੍ਰਿਪਾ ਦਰਕਾਰੀ।
ਪ੍ਰਭੂ ਮੈਂ ਪਾਪਨ ਹਾਂ ਭਾਰੀ।

ਕਾਲ ਵੱਸ ਹੋ ਜਾਣਾ ਰਾਣੀ ਪਿੰਗਲਾਂ ਦਾ—ਡੇਉਢ ਛੰਦ

ਨਿਕਲੀ ਪੌਣ ਸਰੀਰੋਂ ਬਾਹਰ, ਪੰਛੀ ਕਰੇ ਤਿਆਰੀ-ਮਾਰ ਉਡਾਰੀ।
ਮਿੱਟੀ ਨਾਲ ਰਲਾਈ ਮਿੱਟੀ, ਕਲਾ ਹੋ ਗਈ ਨਯਾਰੀ-ਖੇਡ ਵਿਗਾੜੀ।
ਤਿਨਕਾ ਤੋੜ ਮੁਹਬਤ ਵਾਲਾ, ਮੁੜਕੇ ਝਾਤ ਨਾ ਮਾਰੀ-ਜਾਂਦੀ ਵਾਰੀ।
ਚਾਤ੍ਰਿਕ ਕਰ ਗਏ ਕੂਚ ਮੁਸਾਫਰ, ਸੁੰਞੇ ਮੈਹਲ ਅਟਾਰੀ-ਵਾਂਗ ਉਜਾੜੀ।

---

* ਇਹ ਤੁਕ ਕੁਝ ਫਰਕ ਨਾਲ ਗੁਰਬਾਣੀ ਵਿੱਚ ਹੈ।

1. ਨਿਮਾਣਾ। 2. ਕ੍ਰਿਪਾ। 3. ਢੇਰ। 4. ਇਹ ਦੋਵੇਂ ਤੁਕਾਂ ਗੁਰਬਾਣੀ ਵਿਚੋਂ ਹਨ।

ਉਡ ਗਿਆ ਮਿਠ ਬੋਲਾ ਪੰਛੀ, ਪਿੰਜਰਾ ਕਰਕੇ ਖਾਲੀ-ਬੈਠਾ ਡਾਲੀ।
ਤੂੰ ਤੂੰ ਮੈਂ ਮੈਂ ਭੁੱਲ ਗਈ ਹੁਣ, ਜਾ ਰਲਿਆ ਵਿਚ ਪਾਲੀ-ਜਾਨ ਸੁਖਾਲੀ।
ਲਾਹ ਪੁਸ਼ਾਕ ਪੁਰਾਣੀ ਨੂੰ ਹੁਣ, ਨਵੀਂ ਹੋਰ ਥੇ ਭਾਲੀ-ਠੌਰ ਸੰਭਾਲੀ।
ਚਾਤ੍ਰਿਕ ਟੁੱਟਾ ਨੇਹੁੰ ਪੁਰਾਣਾ, ਦੇਹੀ ਰੰਡ ਬਹਾਲੀ-ਪ੍ਰੀਤ ਨਾ ਪਾਲੀ।

ਹਾ ਹਾ ਕਾਰ ਚੁਫੇਰੇ ਮਚਿਆ, ਕਾਲ ਹੋ ਗਈ ਰਾਣੀ-ਤੁਰੀ ਕਹਾਣੀ।
ਮੌਤ ਬੇਦਰਦਨ ਝੱਪ ਲਈ ਇੰਜ, ਡਾਇਨ ਖਸਮਾਂ ਖਾਣੀ-ਖਾਧੀ ਰਾਣੀ।
ਸੱਞੇ ਕਰਕੇ ਮੈਹਲ ਚੁਬਾਰੇ, ਤੁਰ ਗਈ ਜਿੰਦ ਨਿਮਾਣੀ-ਹੋਏ ਨਿਤਾਣੀ।
ਹੈ ਹੈ ਧੀਏ ਮੋਹਨੀਏ, ਸਭ ਪਿੱਟਣ ਦੇਣ ਅਲਾਹਣੀ ਗਈ ਸੁਆਣੀ।
ਸ਼ੋਕ ਵਰਤਿਆ ਨਗਰੀ ਨੂੰ, ਹੜਤਾਲ ਹੋ ਗਈ ਸਾਰੇ-ਬੂਹੇ ਮਾਰੇ।
ਮੈਲੇ ਵੇਸ ਲੁਕਾਈ ਫਿਰਦੀ, ਭੁੱਲੇ ਕਾਰ ਵਿਹਾਰੇ-ਮਾਰਨ ਨਾਹਰੇ।
ਸੁੰਞੀ ਹੋਈ ਦੇਸ ਵਲਾਇਤ, ਕੌਣ ਰਾਜ ਸੰਭਾਰੇ-ਦੁੱਖ ਨਿਵਾਰੇ।
ਚਾਤ੍ਰਿਕ ਮੌਤ ਕਸਾਇਣ ਦੇ ਇਹ, ਮੁੱਢੋਂ ਪੁੱਠੇ ਕਾਰੇ-ਸੜਿਆ ਸਾੜੇ।

ਧੁੰਮਾਂ ਪਈਆਂ ਚਾਰ ਵਲਾਇਤ, ਤਖਤੋਂ ਡਿੱਗੀ ਨਾਰੀ-ਹੋਸ਼ ਵਿਸਾਰੀ।
ਪਤੀ ਵਿਜੋਗ ਸਹਾਰ ਨਾ ਸਕੀ, ਜਾਨ ਪਤੀ ਤੋਂ ਵਾਰੀ-ਜਾਂਦੀ ਵਾਰੀ।
ਲੱਗਾ ਧਬੱਕਾ ਪਤੀ ਵਿਛੋੜਾ, ਓਵੇਂ ਜਿੰਦ ਸਿਧਾਰੀ-ਮਾਰ ਉਡਾਰੀ।
ਚਾਤ੍ਰਿਕ ਦਸਰਥ[1] ਵਾਂਗ ਨਿਭਾਯਾ, ਸਿਦਕ ਬੇਸਿਦਕਨ ਨਾਰੀ-ਨਾਲ ਭਤਾਰੀ।

ਕੀਤਾ ਜਾ ਸਸਕਾਰ ਸਿਵੇ ਵਿਚ, ਮੁਖ ਤੇ ਬਿਨੇ ਉਚਾਰੀ ਹੇ ਗਿਰਧਾਰੀ।
ਸ਼ਰਨ ਪਾਲ ਹੋ ਦਯਾਲ ਤੁਸੀਂ, ਕਰ ਮੇਹਰ ਸਿਲਾ[2] ਜਿਉਂ ਤਾਰੀ-ਕ੍ਰਿਪਾ ਧਾਰੀ।
ਬਖਸ਼ੋ ਦੀਨ ਗਰੀਬ ਅਨਾਥਾਂ, ਆ ਪਏ ਸ਼ਰਨ ਤੁਮਹਾਰੀ-ਰਖੋ ਮੁਰਾਰੀ।
ਚਾਤ੍ਰਿਕ ਭੂਲਣਹਾਰ ਸਦਾ ਹਮ, ਆਪ ਸਦਾ ਪ੍ਰਤਿਪਾਰੀ-ਲਿਓ ਉਬਾਰੀ।

ਹਾਲ ਭਰਥਰੀ ਜੀ ਦਾ—ਕਵੀਓ ਵਾਚ

ਪਿਛਾ ਛਡ ਦੇਹ ਏਸ ਕਹਾਨੜੀ ਦਾ, ਹੋਰ ਤੂਲ[3] ਫਜ਼ੂਲ ਖਿਆਲ ਹੋਈ[4]।
ਦੁਨੀਆਂ ਵਿਚ ਜੰਮਨ ਮਰਨਾ ਚਲਾ ਆਯਾ, ਨਵੀਂ ਗਲ ਨਾ ਪਿੰਗਲਾਂ ਨਾਲ ਹੋਈ।
ਨਵੀਂ ਗਲ ਹੋਈ ਨਾਲ ਭਰਥਰੀ ਦੇ, ਰਾਜ ਛਡਕੇ ਜੋਗ ਦੀ ਭਾਲ ਹੋਈ।
ਚਾਤ੍ਰਿਕ ਦੇਖ ਚੱਲ ਹਾਲ ਮਸਤਾਨੜੇ ਦਾ, ਜਿਸ ਦੀ ਧੁੰਮ ਅਕਾਸ਼ ਪਾਤਾਲ ਹੋਈ।

ਵਾਹੁ ਦਾਹ ਨੱਠਾ ਰਾਜਾ ਖੈਰ ਲੈ ਕੇ, ਨਾਲ ਚਾਉ ਦੇ ਗੁਰੂ ਦੇ ਪਾਸ ਆਯਾ।
ਨਮਸਕਾਰ ਆਦੇਸ ਬੁਲਾ ਮੂੰਹੋਂ, ਸੀਸ ਗੁਰਾਂ ਦੇ ਚਰਨ ਦੇ ਨਾਲ ਲਾਯਾ।

---

1. ਸ੍ਰੀ ਰਾਮ ਚੰਦਰ ਜੀ ਦੇ ਪਿਤਾ ਜਿਨ੍ਹਾਂ ਨੇ ਆਪਣੀ ਰਾਣੀ ਕੇਕਈ ਨਾਲ ਆਪਣਾ ਵਚਨ ਨਿਭਾਉਂਦਿਆਂ ਪੁਤਰ ਨੂੰ ਬਨਵਾਸ ਦੇ ਦਿੱਤਾ ਸੀ।
2. ਗੌਤਮ-ਨਾਰ ਅਹਿਲਆ ਜੋ ਸਰਾਪ ਨਾਲ ਪੱਥਰ ਬਣ ਗਈ ਸੀ ਤੇ ਮੁੜ ਚਰਨ ਛੁਹ ਨਾਲ ਨਿਸਤਰੀ ਸੀ।
3. ਲੰਬਾਈ। 4. ਖ਼ਿਆਲ ਕੀਤਾ ਹੈ।

ਰਖੀ ਭਿਖਿਆ ਸਾਹਮਣੇ ਅਦਬ ਸੇਤੀ, ਕਹਿੰਦਾ ਪਿੰਗਲਾਂ ਨੇ ਖੈਰ ਆਪ ਪਾਯਾ।
ਚਾਤ੍ਰਿਕ ਆਪਦੀ ਮੇਹਰ ਬਚਾਇ ਲੀਤਾ, ਨਹੀਂ ਠਗਿਆ ਜਾਂਵਦਾ ਵਿਚ ਮਾਯਾ।

ਜਵਾਬ ਗੁਰੂ ਜਤੇਂਦ੍ਰੀ ਨਾਥ ਜੀ ਦਾ

ਧੰਨ ਧੰਨ ਓਏ ਬਚਿਆ ਸਿਦਕ ਤੇਰਾ, ਤੇਰੀ ਸਤਿਆ ਦਏਗੀ ਫਲ ਤੈਨੂੰ।
ਇਸ ਪਰਖ ਪਰਖਾਇ ਕੇ ਲਾਜ ਰਖੀ, ਮਿਲਸੀ ਰਾਹ ਪਰਮਾਤਮਾ ਵਲ ਤੈਨੂੰ।
ਸੋਨੇ ਵਾਂਗ ਸੁਲਾਕਿਓਂ[1] ਗਿਓਂ ਬਚਾ, ਹੁਣ ਮਿਲੇਗਾ ਜੋਗ ਦਾ ਬਲ ਤੈਨੂੰ।
ਚਾਤ੍ਰਿਕ ਤਾਰੀਆਂ ਲਏ ਬਧੜਕ ਹੋ ਕੇ, ਡੋਬੂ ਨਹੀਂ ਸਮੁੰਦ ਦੀ ਛੱਲ ਤੈਨੂੰ।

ਐਪਰ ਬਚਿਆ ਆਖਰੀ ਵਾਰ ਆਖਾਂ, ਇਸ ਜੋਗ ਵਿਚ ਦੁਖ ਈ ਢੇਰ ਬੇਟਾ।
ਅਜੇ ਵੇਲੜਾ ਈ ਪਿਛਾਂ ਪਰਤ ਜਾਵੀਂ, ਪਛੋਤਾਵਸੇਂਗਾ ਪਿਆ ਫੇਰ ਬੇਟਾ।
ਜੋਗ ਸਾਧਨਾ ਕਠਿਨ ਹੋ ਜਾਊ ਤੈਥੋਂ, ਇਹ ਹੈ ਕੰਡਿਆਂ ਵਾਲੜੀ ਬੇਰ ਬੇਟਾ।
ਪਾਟ ਚੀਟ ਕੇ ਕਪੜੇ ਨਾਸ ਹੋਵਨ, ਪਿਛੋਂ ਕਿਸਮਤਾਂ ਥੀਂ ਮਿਲੇ ਥੇਰ ਬੇਟਾ।
ਤਾੜੀ[2] ਵਿਚ ਮੈਂ ਵੇਖਿਆ ਹਾਲ ਸਾਰਾ, ਖਾਧੀ ਪਿੰਗਲਾ ਮੌਤ ਸਮਸ਼ੇਰ[3] ਬੇਟਾ।
ਜੇਹੜਾ ਖਾਰ[4] ਸੀ ਖਟਕਦਾ ਵਿਚ ਸੀਨੇ, ਅਜ ਹੋ ਗਿਆ ਖਾਕ ਦਾ ਢੇਰ ਬੇਟਾ।
ਜਾ ਕੇ ਸਾਂਭ ਲੈ ਰਾਜ ਤੇ ਸਿਮਰ ਹਰਿ ਨੂੰ, ਜੋਗ ਵਲ ਨਾ ਚਿੱਤ ਪ੍ਰੇਰ ਬੇਟਾ।
ਜੇਕਰ ਵਿਚ ਅਰਾਮ ਦੇ ਰਾਮ ਲਭੇ, ਕਾਹਨੂੰ ਗੇੜੀਏ ਜੋਗ ਦੇ ਗੇੜ ਬੇਟਾ।
ਤੇਰਾ ਜਿਤਿਆ ਏਹ ਆਤਮਾ ਹੈ, ਕਰੋ ਰਾਜ ਨੂੰ ਹੋ ਕੇ ਦਲੇਰ ਬੇਟਾ।
ਚਾਤ੍ਰਿਕ ਦੇਖ ਭਬਕਾਰ ਨੂੰ ਖੌਫ ਖਾਸੇਂ, ਨਾ ਜਗਾ ਇਸ ਸੁੱਤੜੇ ਸ਼ੇਰ ਬੇਟਾ।

ਜਵਾਬ ਭਰਥਰੀ ਹਰੀ ਜੀ

ਗੁਰੂ ਹੋਇ ਕੇ ਤੁਸੀਂ ਮਖੌਲ ਕਰਦੇ, ਫਬੇ ਸਾਧਾਂ ਨੂੰ ਨਹੀਂ ਮਖੌਲ ਸਾਂਈ।
ਕਰੇ ਨਾਲ ਜ਼ਬਾਨ ਇਕਰਾਰ ਜੇ ਕਰ, ਤਿਵੇਂ ਪਾਲਣਾ ਚਾਹੀਏ ਕੌਲ ਸਾਂਈ।
ਮੇੜਾ ਝੁਗੜਾ ਚੌੜ ਬਰਬਾਦ ਕਰਕੇ, ਦਸਣ ਲਗੇ ਹੋ ਸ਼ੇਰ ਦਾ ਹੌਲ ਸਾਂਈ।
ਚਾਤ੍ਰਿਕ ਛੱਡ ਆਯਾ ਜੇਹੜੇ ਰਾਜ ਤਾਂਈ, ਮੁੜਕੇ ਕਰਾਂ ਨਾ ਓਸ ਤੇ ਬੌਲ[5] ਸਾਂਈ।

ਕਰੋ ਮੇਹਰ ਤੇ ਸੀਸ ਤੇ ਹਥ ਰਖੋ, ਲੋਹਾ ਤਰੇ ਬੇੜੀ ਨਾਲ ਲਗ ਸਾਂਈ।
ਤੁਸੀਂ ਰਬ ਦੇ ਦਰੋਂ ਹੋ ਬਣੇ ਵਾਗੀ, ਅਤੇ ਵੱਗ ਦੇ ਵਾਂਗ ਇਹ ਜਗ ਸਾਂਈ।
ਛੇਲੀ ਧਕਨੀ[6] ਤੁਸਾਂ ਨੂੰ ਚਾਹੀਏ ਨਾ, ਬੱਧੀ ਪਾਲਨਾ ਤੁਸਾਂ ਦੀ ਪਗ ਸਾਂਈ।
ਬੂਟਾ ਛਾਉਂ ਦਾ ਤੁਸੀਂ ਆਰਾਮ ਦਿਓ, ਜੇਹੜਾ ਸੜੇ ਸੰਸਾਰ ਦੀ ਅਗ ਸਾਂਈ।
ਅਸੀਂ ਜੀਵ ਅਲਪੱਗ[7] ਹਾਂ ਸ਼ਰਨ ਆਏ, ਤੁਸੀਂ ਤਾਰਣੇ ਹਾਰ ਸਰਬਗ[8] ਸਾਂਈ।
ਚਾਤ੍ਰਿਕ ਪੈਹਰੇਦਾਰ ਹੋ ਤੁਸੀਂ ਗ੍ਰਿਸਤੀਆਂ ਦੇ, ਜੇਹੜੇ ਲਏ ਨੇ ਕਾਮ ਨੇ ਠੱਗ ਸਾਂਈ।

---

1. ਸੋਨਾ ਸ਼ੁੱਧ ਕਰਨ ਲਈ ਤਾਇਆ ਜਾਣਾ। 2. ਸਮਾਧੀ। 3. ਤਲਵਾਰ। 4. ਕੰਡਾ। 5. ਪੇਸ਼ਾਬ।
6. ਕਢਣੀ, ਦੁਰਕਾਰਨੀ। 7. ਅਣਜਾਣ ਥੋੜਾ ਜਾਣਦੇ। 8. ਸਭ ਕੁਝ ਜਾਣਦਾ।

ਜੋਗ ਦੇਣਾ ਜਤੇਂਦ੍ਰੀ ਨਾਥ ਨੇ ਰਾਜਾ ਭਰਥਰੀ ਨੂੰ

ਗੁਰੂ ਹੋਇ ਨਿਹਾਲ ਬਹਾਲਿਆ ਏ, ਆਸਵੰਦ ਦਾ ਬਚਨ ਪਰਵਾਨ ਕੀਤਾ।
ਕੱਢ ਉਸਤ੍ਰਾ ਤੇਜ਼ ਤਲਵਾਰ ਵਰਗਾ, ਜੋਗ ਦੇਣ ਦਾ ਆਨ ਸਾਮਾਨ ਕੀਤਾ।
ਨਾਲ ਦੁਧ ਮਲਾਈਆਂ ਵਾਲ ਪਾਲੇ, ਫੇਰ ਉਸਤ੍ਰਾ ਘਰੜ ਮੈਦਾਨ ਕੀਤਾ।
ਤੇਜ਼ ਉਸਤ੍ਰਾ ਫੇਰ ਕੇ ਕੰਨ੍ਹ ਚੀਰੇ, ਪਾ ਮੁਘਾਰਚੇ ਲਹੂ ਲੁਹਾਨ ਕੀਤਾ।
ਹਾਇ ਹਾਇ ਲੋਕੋ ਦੇਖੋ ਕੈਹਰ ਹੋਯਾ, ਏਸ ਗੁਰੂ ਨੇ ਕਿਹਾ ਤੂਫਾਨ ਕੀਤਾ।
ਆਯਾ ਤਰਸ ਨਾ ਉਸਤ੍ਰਾ ਫੇਰਦੇ ਨੂੰ, ਕੋਹ ਕੇ ਬਕਰੇ ਵਾਂਗ ਬੇ-ਜਾਨ ਕੀਤਾ।
ਓਹਦਾ ਜਿਸਮ ਓਹਦੇ ਹਥ ਗਏ ਰੰਗੇ, ਜਿਵੇਂ ਖੂਨ ਦੇ ਵਿਚ ਇਸ਼ਨਾਨ ਕੀਤਾ।
ਕਤਰੇ ਡਿਗਦੇ ਦੇਖਕੇ ਤਰਸ ਆਯਾਂ, ਜਿਮੀਂ ਨਾਲ ਭੁਚਾਲ ਕੰਬਾਨ ਕੀਤਾ।
ਠੀਪੇ ਕਾਠ ਦੇ ਕਢਕੇ ਕੰਨ ਪਾਏ, ਮੋਹਰ ਛਾਪ ਦਾ ਜ਼ਾਹਰ ਨਿਸ਼ਾਨ ਕੀਤਾ।
ਆਉਣ ਜਾਣ ਜੋਗਾ ਨਹੀਂ ਛਡਿਆ ਸੂ, ਐਸਾ ਏਸ ਕਲੰਕ ਦਾ ਦਾਨ ਕੀਤਾ।
ਕੰਚਨ ਦੇਹ ਤੇ ਖੇਹ ਦਾ ਬੁੱਕ ਪਾਯਾ, ਭੂਪ ਰੂਪ ਅਵਧੂਤ ਦਾ ਆਨ ਕੀਤਾ।
ਚਾਤ੍ਰਿਕ ਜਗਤ ਤੋਂ ਵਾਂਜਿਆ ਗਿਆ ਰਾਜਾ, ਉਧਰ ਵਸਦਾ ਸ਼ਹਿਰ ਸ਼ਮਸ਼ਾਨ ਕੀਤਾ।

ਕਵੀਓ ਵਾਚ

ਕਿਸਮਤ ਪਲਟ ਕੇ ਹੋਰ ਦੀ ਹੋਰ ਹੋ ਗਈ, ਰਾਜੇ ਧਾਰਿਆ ਭੇਸ ਸਵਾਲੜੀ ਦਾ।
ਜਿਸ ਦੇ ਦਰ ਤੇ ਆਪ ਖੈਰਾਤ[1] ਹੁੰਦੀ, ਹੁੰਦਾ ਜਸ ਸੀ ਦੇਸ ਦੇ ਵਾਲੜੀ ਦਾ।
ਅਜ ਓਹ ਮੁਹਤਾਜ ਹੈ ਟੁੱਕਰਾਂ ਦਾ, ਡਿਗਾ ਬੋਟ ਜ਼ਿਮੀਨ ਤੇ ਲਾਲੜੀ[2] ਦਾ।
ਚਾਤ੍ਰਿਕ ਬਖਤ[3] ਉਲਟੇ ਕੀਤਾ ਤਖਤ ਉਲਟਾ, ਅਰਸ਼ੋ ਫਰਸ਼ ਤੇ ਪਿਆ ਫਲ ਡਾਲੜੀ ਦਾ।

ਜੇਹੜੇ ਸੀਸ ਉਤੇ ਮੋਰ ਮੁਕਟ ਸੋਂਹਦਾ, ਓਸ ਸੀਸ ਤੇ ਭਸ਼ਮ ਚੜ੍ਹਾਈ ਗਈ।
ਜਿਨੀਂ ਕੰਨੀਂ ਸਨ ਮੋਤੀਆਂ ਭਰੇ ਗੁੱਛੇ, ਓਥੇ ਕਾਠ ਦੀ ਮੁੰਦਰਾ ਪਾਈ ਗਈ।
ਸੋਨੇ ਚਾਂਦੀਆਂ ਬਣੇ ਤੜਾਗ ਲਾਹ ਕੇ, ਰੱਸਾ ਵਟਕੇ ਮੁੰਜ ਬੰਧਾਈ ਗਈ।
ਅਤਲਸ ਮਖਮਲਾਂ ਬਾਦਲੇ ਛਡਕੇ ਤੇ, ਦੇਹੀ ਪੱਤਰਾਂ ਨਾਲ ਢਕਾਈ ਗਈ।
ਰੋਜ਼ ਮਾਲਸ਼ਾਂ ਹੁੰਦੀਆਂ ਸਨ ਜਿਥੇ, ਭਰ ਭਬ ਬੁੱਕ ਬਿਭੂਤ ਰਮਾਈ ਗਈ।
ਸਰਦ ਖਾਨਿਆਂ ਛਡ ਆਰਾਮ ਕਰਨਾ, ਧੂਨੀ ਅਗ ਦੀ ਬਾਲ ਕੇ ਤਾਈ ਗਈ।
ਲਖਾਂ ਜੀਆਂ ਖਵਾਇ ਕੇ ਆਪ ਖਾਂਦਾ, ਅਜ ਗੈਰ ਤੋਂ ਭੀਖ ਮੰਗਾਈ ਗਈ।
ਚਾਤ੍ਰਿਕ ਮੈਹਲ ਤੇ ਮਾੜੀਆਂ ਛੁੱਟ ਗਈਆਂ, ਵਿਚ ਜੰਗਲਾਂ ਤੇ ਤਾੜੀ ਲਾਈ ਗਈ।

ਵਾਹਵਾ ਕੁਦਰਤੇ ਖੇਲ ਅਜੀਬ ਤੇਰੇ, ਰੰਗ ਤੁਧ ਦੇ ਸਦਾ ਨਿਆਰੜੇ ਨੀ।
ਕਿਤੇ ਸ਼ਾਹ ਬਨਾਏਂ ਗਦਾ ਤਾਂਈਂ, ਕਿਤੇ ਵਸਦੇ ਮੈਹਲ ਉਜਾਰੜੇ ਨੀ।

---

1. ਦਾਨ। 2. ਗੁਟਾਰ, ਇਕ ਪੰਛੀ। 3. ਭਾਗ ਕਿਸਮਤ।

ਫੁਲਾਂ ਰੰਗ ਵਟਾਇ ਕੇ ਖਾਰ ਕਰਦੇ, ਜ਼ਿਮੀ ਸੁਟਦੇ ਅਰਸ਼ ਤੋਂ ਤਾਰੜੇ ਨੀ।
ਚਾਤ੍ਰਿਕ ਦੰਗ ਹੈ ਵੇਖਦੀ ਰੰਗ ਦੁਨੀਆਂ, ਤੇਰੇ ਹੋਣੀਏ ਵਾਰੜੇ ਵਾਰੜੇ ਨੀ।

ਏਸੇ ਗਲ ਨੂੰ ਆਖਦੇ ਅਰਸ਼[1] ਫਿਰਿਆ, ਗਰਦਸ਼ ਦਰਖ[2] ਭੀ ਏਸ ਦਾ ਨਾਮ ਲੈਂਦੇ।
ਹੋਰ ਸਿੰਗ ਨਾ ਹੋਣ ਸਿਰ ਗਰਦਸ਼ਾਂ ਦੇ, ਏਹੋ ਜੇਹੇ ਵੇਲੇ ਖਾਸੋ ਆਮ[3] ਕਹਿੰਦੇ।
ਵਸਦੇ ਉਜੜੇ ਸਾਹਮਣੇ ਦੇਖ ਕੇ ਤੇ, ਪਰੇਸ਼ਾਨ ਹੈਰਾਨ ਤਮਾਮ ਕਹਿੰਦੇ।
ਚਾਤ੍ਰਿਕ ਹੋਈ ਦੇ ਕ਼ਾਰਨੇ ਕੌਣ ਜਾਣੇ ? ਦਾਨੇ ਸੋਚਕੇ ਨਾਲ ਆਰਾਮ ਬਹਿੰਦੇ।
ਜੇ ਕਰ ਹੋਣੀਏ ਹੋਵਣਾ ਏਹੋ ਸਾਈਂ, ਪੈਹਲੋਂ ਕਾਸ ਨੂੰ ਸੁਖ ਵਿਖਾਇਓ ਨੀ।
ਪਿਛੋਂ ਦੇਵਣਾ ਦੁਖ ਜੇ ਏਹੋ ਹੈਸੀ, ਕਾਹਨੂੰ ਝਸ ਆਰਾਮ ਦੇ ਪਾਇਓ ਨੀ ?
ਰੈਹਨ ਦੇਂਦੀਓ ਭਰਥਰੀ ਕੁਆਰੜਾ ਹੀ, ਐਨੇ ਕਾਸ ਨੂੰ ਵਿਆਹ ਕਰਾਇਓ ਨੀ ?
ਚਾਤ੍ਰਿਕ ਭਰਤ ਦੇ ਪੇਸ਼ ਤਾਂ ਪਈ ਸੈਂ ਤੂੰ, ਕਈ ਹੋਰ ਕਿਉਂ ਨਾਲ ਦੁਖਾਇਓ ਨੀ ?

ਐਪਰ ਬਹਿੰਦੀਓਂ ਨਾਲ ਅਰਾਮ ਜੇਕਰ, ਪੂਰੀ ਤੁਧ ਦੀ ਕਿਵੇਂ ਮੁਰਾਦ ਹੁੰਦੀ।
ਤੂੰ ਤਾਂ ਠਾਨ ਸਲਾਹ ਇਹ ਕਰ ਚੁਕੀ, ਵੇਖਾਂ ਤਿੰਨ ਸੌ ਨਾਰ ਬਰਬਾਦ ਹੁੰਦੀ।
ਪਵੇ ਵਖਤ ਪਰਾਈਆਂ ਜਾਈਆਂ ਨੂੰ, ਵੇਖਾਂ ਉਨ੍ਹਾਂ ਦੀ ਨਿੱਤ ਫਰਯਾਦ ਹੁੰਦੀ।
ਤੂੰ ਬੇਰੈਹਮ ਜਲਾਦ ਦੇ ਵਾਂਗ ਚਾਤ੍ਰਿਕ, ਦੇਖ ਉਜੜੇ ਘਰਾਂ ਨੂੰ ਸ਼ਾਦ[4] ਹੁੰਦੀ।

ਵੈਰਾਗ ਉਪਦੇਸ਼ ਕਰਨਾ, ਗੁਰੂ ਜਤੇਂਦ੍ਰੀ ਨਾਥ ਜੀ ਦਾ ਭਰਥਰੀ ਹਰੀ ਜੀ ਨੂੰ ਦੇਹ ਨੂੰ ਇਸ਼ਾਰਾ ਆਤਮਾ ਵਲੋਂ (ਬਾਰਾਮਾਂਹ)[5]

ਦੋਹਰਾ— ਚੇਤ ਚਿਤਾਰੀਂ ਮਰਨ ਚਿਤ, ਬਿਰਥਾ ਜਨਮ ਨਾ ਖੋ।
ਮਾਣਸ ਜਨਮ ਦੁਲੰਭ ਹੈ, ਬਾਰੰਬਾਰ ਨਾ ਹੋ।
ਚੇਤ੍ਰ ਚਿਤ ਵਿਚ ਮਰਨ ਚਿਤਾਰੀਂ, ਰਾਮ ਨਾਮ ਨਾ ਕਦੇ ਵਿਸਾਰੀਂ।
ਝੂਠੇ ਨਾ ਪਰਪੰਚ ਖਿਲਾਰੀਂ, ਜਿੱਤ ਲਈਂ ਨਾ ਬਾਜ਼ੀ ਹਾਰੀਂ।
ਪੈ ਠਾਕਰ ਦੀ ਸ਼ਰਨਾ ਨੀ, ਚਿਤ ਚੇਤ ਚਿਤਾਰੀਂ ਮਰਨਾ ਨੀ।
ਮੌਤ ਬੇ-ਦਰਸ਼ਨ ਬੰਨ੍ਹ ਚਲਾਸੀ, ਜਮ ਗਣ ਗਲ ਵਿਚ ਫਾਹੀ ਪਾਸੀ।
ਪਿਛੋਂ ਕੋਈ ਨਾ ਆਨ ਛੁਡਾਸੀ, ਤਲੀਆਂ ਮਲ ਮਲ ਪਛੋਤਾਸੀ।
ਓਦੋਂ ਨਹੀਂ ਕੁਝ ਸਰਨਾ ਨੀ, ਚਿਤ ਚੇਤ ਚਿਤਾਰੀਂ ਮਰਨਾ ਨੀ।
ਤੁਰ ਤੁਰ ਜਾਂਦੇ ਰਾਜੇ ਰਾਣੇ, ਲਾ ਲਾ ਬੈਠੇ ਆਕੀ ਠਾਣੇ।
ਕਾਲ ਬਲੀ ਨੇ ਕਰੇ ਨਿਮਾਨੇ, ਪਏ ਰੈਹਣਗੇ ਦਰਬ ਖਜਾਨੇ।
ਹੁਣ ਕਰ ਲੈ ਜੋ ਕਰਨਾ ਨੀ, ਚਿਤ ਚੇਤ ਚਿਤਾਰੀਂ ਮਰਨਾ ਨੀ।
ਚਾਤ੍ਰਿਕ ਤੁਰ ਗਏ ਸ਼ਾਹ ਸਕੰਦਰ, ਉਚੇ ਮਹਿਲ ਅਟਾਰੀ ਮੰਦਰ।
ਦੇਸ ਵਲਾਇਤ ਹੁਕਮਾਂ ਅੰਦਰ, ਬਧੇ ਬਾਂਦਰ ਵਾਂਗ ਕਲੰਦਰ।
ਜਮ ਦਾ ਲੇਖਾ ਭਰਨਾ ਨੀ, ਚਿਤ ਚੇਤ ਚਿਤਾਰੀਂ ਮਰਨਾ ਨੀ।

1. ਆਕਾਸ਼। 2. ਫਿਰ ਦੀ ਦੁਨੀਆਂ। 3. ਹਰ ਕੋਈ। 4. ਖੁਸ਼। 5. ਵਰ੍ਹੇ ਦੇ ਬਾਰਾਂ ਮਹੀਨਿਆਂ ਦੇ ਨਾਂ ਉਤੇ ਲਿਖੀ ਕਵਿਤਾ।

ਦੋਹਰਾ— ਵਿਸਾਖ ਵਿਸਾਰੀਂ ਨਾ ਪ੍ਰਭੂ, ਸਵਾਸ ਸਵਾਸ ਧਿਆਇ।
ਰਾਮ ਨਾਮ ਦੇ ਭਜਨ ਬਿਨ, ਜਨਮ ਨਾ ਬ੍ਰਿਥਾ ਜਾਇ।
ਚੜ੍ਹੇ ਵਿਸਾਖ ਵਿਸਾਰ ਨ ਸਾਂਈ, ਹੀਰਾ ਜਨਮ ਨਾ ਬ੍ਰਿਥਾ ਗਵਾਈਂ।
ਹਾਰ ਪਰੋਕੇ ਗਲ ਵਿਚ ਪਾਈਂ, ਰਾਮ ਬਿਨਾ ਕੋਈ ਸਾਥੀ ਨਾਹੀਂ।
ਜਿੱਤੀ ਖੇਡ ਨਾ ਹਾਰੀਂ ਨੀ, ਵਿਸਾਖ ਨਾ ਪ੍ਰਭੂ ਵਿਸਾਰੀ ਨੀ।
ਹਰ ਹਰ ਨਾਮ ਅਮੋਲਕ ਗੈਹਣਾ, ਅੰਤ ਸਮੇਂ ਜਿਸ ਸਾਥੀ ਰੈਹਨਾ।
ਝੂਠਾ ਗੈਹਣਾ ਏਥੇ ਢੈਹਣਾ, ਫੜ ਕੇ ਮੁੱਠ ਕਲੇਜਾ ਬੈਹਣਾ।
ਵਜੀ ਜਦੋਂ ਕਟਾਰੀ ਨੀ, ਵਿਸਾਖ ਨਾ ਪ੍ਰਭੂ ਵਿਸਾਰੀਂ ਨੀ।
ਕੂੜੇ ਦਮ ਦਾ ਕੀਹ ਭਰਵਾਸਾ ? ਉਮਰਾ ਪਾਣੀ ਵਿਚ ਪਤਾਸਾ।
ਪਲ ਵਿਚ ਤੋਲਾ ਪਲ ਵਿਚ ਮਾਸਾ, ਮੂੰਹ ਦਾ ਮੂੰਹ ਵਿਚ ਰਹੇ ਗ੍ਰਾਸਾ।
ਕਰ ਲੈ ਕੁਝ ਤਿਆਰੀ ਨੀ, ਵਿਸਾਖ ਨਾ ਪ੍ਰਭੂ ਵਿਸਾਰੀਂ ਨੀ।
ਚਾਤ੍ਰਿਕ ਨਾਮ ਜਹਾਜ਼ ਬਣਾ ਲੈ, ਭਰ ਕੇ ਖੇਪ ਭਜਨ ਦੀ ਪਾ ਲੈ।
ਅਗੇ ਦਾ ਕੁਝ ਦਾਜ ਰੰਗਾ ਲੈ, ਸੁਚੇ ਜ਼ੇਵਰ ਅੰਗ ਲਗਾ ਲੈ।
ਪਾ ਲੈ ਪਤੀ ਮੁਰਾਰੀ ਨੀ, ਵਿਸਾਖ ਨਾ ਪ੍ਰਭੂ ਵਿਸਾਰੀਂ ਨੀ।

ਦੋਹਰਾ— ਜੇਠ ਜਵਾਨੀ ਕੂੜ ਹੈ ਨਾ ਕਰ ਕੂੜਾ ਮਾਨ।
ਚਾਰ ਦਿਨਾਂ ਦੀ ਖੇਡ ਹੈ, ਢਲ ਪਰਛਾਵੇਂ ਜਾਨ।
ਜੇਠ ਜਵਾਨੀ ਚਾਰ ਦਿਨਾਂ ਦੀ, ਅਖੀਂ ਨਜ਼ਰ ਨਾ ਆਵੇ ਜਾਂਦੀ।
ਬਾਲਕ ਤੋਂ ਚਾ ਬ੍ਰਿਧ ਬਨਾਂਦੀ, ਗੁੱਝੀ ਵਾਂਗਰ ਘੁਣ ਦੇ ਖਾਂਦੀ।
ਕਿਉਂ ਹੋਵੇਂ ਅਭਿਮਾਨੀ ਨੀ, ਏਹ ਝੂਠੀ ਜੇਠ ਜਵਾਨੀ ਨੀ।
ਬਾਲਕ ਉਮਰ ਖੇਡ ਵਿਚ ਜਾਵੇ, ਆਈ ਜਵਾਨੀ ਕਾਮ ਸਤਾਵੇ।
ਕਜ਼ੀਏ ਗਲ ਵਿਚ ਲਖਾਂ ਪਾਵੇ, ਬੁੱਢਾ ਹੋ ਕੇ ਪਛੋਤਾਵੇ।
ਹੋਣ ਲਗਾ ਜਦ ਫਾਨੀ ਨੀ, ਏਹ ਝੂਠੀ ਜੇਠ ਜਵਾਨੀ ਨੀ।
ਸੌ ਸੌ ਸਾਰੀ ਰਾਤ ਗਵਾਈ, ਦਿਨ ਨੂੰ ਧੰਧੀਂ ਜਾਨ ਫਸਾਈ।
ਵੇਹਲ ਨਾ ਮਿਲਿਆ ਵਿਚ ਕਮਾਈ, ਆਣ ਜਮਾ ਨੇ ਫਾਹੀ ਪਾਈ।
ਹਥ ਨਾ ਆਈ ਵਿਹਾਨੀ ਨੀ, ਏਹ ਝੂਠੀ ਜੇਠ ਜਵਾਨੀ ਨੀ।
ਚਾਤ੍ਰਿਕ ਅਜੇ ਨਾ ਮੂਰਖ ਸੋਚੇ, ਰਬ ਭੁਲਾਵੇ ਦੇ ਦੇ ਪੋਚੇ।
ਹਰੀ ਰਸਾ ਨਾ ਪੀਣਾ ਲੋਚੇ, ਕਾਲ ਗ੍ਰਾਹੀ ਵਾਂਗਰ ਬੋਚੇ।
ਪੇਸ਼ ਨਾ ਜਾਏ ਸਤਾਨੀ ਨੀ, ਏਹੀ ਝੂਠੀ ਜੇਠ ਜਵਾਨੀ ਨੀ।

ਦੋਹਰਾ— ਹਾੜ ਹਰੀ ਭਜ ਜਿੰਦੜੀਏ, ਹਰ ਬਿਨ ਕੋਈ ਨ ਠੌਰ।
ਸਭ ਲਾਗੂ ਹਨ ਸੁਖਾਂ ਦੇ, ਇਹ ਦੁਨੀਆਂ ਦਾ ਤੌਰ।
ਹਾੜ ਹਨੇਰਾ ਅਖੀਂ ਆਇਆ, ਹਰ ਹਰ ਨਾਮ ਮਨੋਂ ਵਿਸਰਾਯਾ।
ਜੋੜ ਜੋੜ ਛੱਡ ਜਾਸੇਂ ਮਾਇਆ, ਕੂੜਾ ਹਡੀਂ ਰੋਗ ਲਗਾਇਆ।
ਕੇਹੜੀ ਗਲੇ ਭੁੱਲੀ ਨੀ, ਚੜ ਹਾੜ ਹਨੇਰੀ ਝੁੱਲੀ ਨੀ।

ਪੁੱਤਰ ਧੀਆਂ ਸਾਕ ਕਬੀਲੇ, ਦੌਲਤ ਦੇ ਇਹ ਸਭ ਵਸੀਲੇ।
ਮਤਲਬ ਕਾਰਨ ਕਰਦੇ ਹੀਲੇ, ਦੋ ਘੜੀਆਂ ਹੋ ਸਾਵੇ ਪੀਲੇ।
ਦੇਨ ਤ੍ਰਿਲਾਂ ਦੀ ਚੁੱਲੀ ਨੀ, ਚਲ ਹਾੜ ਹਨੇਰੀ ਝੁੱਲੀ ਨੀ।
ਕਹਿੰਦੇ ਦਸ ਜਾਹ ਰਖੀ ਰਖਾਈ, ਸੈਨਤ ਨਾਲ ਬੁਝਾਰਤ ਪਾਈ।
ਸਮਝ ਉਲਟੀਆਂ ਘੜੀ ਟਲਾਈ, ਦੌਲਤ ਕਾਰਣ ਬਨਣ ਸ਼ੁਦਾਈ।
ਅੰਦਰੋਂ ਨਿਯਤ ਪੁੱਲੀ ਨੀ, ਚੜ ਹਾੜ ਹਨੇਰੀ ਝੁੱਲੀ ਨੀ।
ਚਾਤ੍ਰਿਕ ਹਥੀਂ ਬੂਟੇ ਲਾ ਲੈ, ਆਪਣੇ ਬੀਜੇ ਦਾ ਫਲ ਖਾ ਲੈ।
ਕੀਤੇ ਦਾ ਮੁੜ ਬਦਲਾ ਪਾ ਲੈ, ਵੇਲਾ ਈ ਕੁਝ ਹਰਿ ਗੁਣ ਗਾ ਲੈ।
ਮਾਣਸ ਜਨਮ ਅਮੁੱਲੀ ਨੀ, ਚੜ ਹਾੜ ਹਨੇਰੀ ਝੁੱਲੀ ਨੀ।

ਦੋਹਰਾ– ਸਾਵਣ ਫੇਰ ਨਾ ਆਵਣਾ, ਮਨ ਵਿਚ ਕਰੀਂ ਵਿਚਾਰ।
ਖੇਡਾਂ ਵਿਚ ਲੰਘਾਵਣਾ, ਏਹ ਮੂਰਖ ਦੀ ਕਾਰ।
ਸਾਵਨ ਆਵਨ ਫੇਰ ਨਾ ਅੜੀਏ, ਸਮਝ ਕਰੇਂ ਕੁਝ ਅੱਲੜ ਕੁੜੀਏ।
ਨੌ ਸ਼ਹੁ ਦੇ ਪਰਤਾਪੋਂ ਡਰੀਏ, ਕੁਝ ਸਾਮਾਨ ਤੁਰਨ ਦਾ ਕਰੀਏ।
ਚੂੜਾ ਬੀੜਾ ਲਾਵਣ ਨੀ, ਚੜ ਸਾਵਨ ਫੇਰ ਨਾ ਆਵਨ ਨੀ।
ਵੇਲ ਪਿੰਵਾ ਕੇ ਗੋਹੜੇ ਕਰ ਲੈ, ਵੱਟ ਪੂਣੀਆਂ ਛੋਪੇ ਧਰ ਲੈ।
ਡਾਹ ਚਰਖਾ ਕੋਈ ਛਿੱਕੂ ਭਰ ਲੈ, ਖੇਡਾਂ ਵਲੋਂ ਮਨ ਨੂੰ ਹਰ ਲੈ।
ਖੇਡਾਂ ਕੰਮ ਗਵਾਵਣ ਨੀ, ਚੜ ਸਾਵਣ ਫੇਰ ਨਾ ਆਵਨ ਨੀ।
ਪੀਂਘਾ ਝੂਟਨ ਲੈਣ ਹੁਲਾਰੇ, ਚਲਣ ਦੇ ਸਭ ਫਿਕਰ ਵਿਸਾਰੇ।
ਪੇਕੇ ਰਹਿਣਾ ਚਾਰ ਦਿਹਾੜੇ, ਇਹੋ ਦਿਹਾੜੇ ਖੇਡ ਉਜਾੜੇ।
ਤੈਂ ਜੇਹੀਆਂ ਸ਼ਰਮਾਵਨ ਨੀ, ਚਲ ਸਾਵਣ ਫੇਰ ਨਾ ਆਵਨ ਨੀ।
ਚਾਤ੍ਰਿਕ ਦੇਖ ਲੈ ਆਪਣੇ ਜਹੀਆਂ, ਵਾਰੋ ਵਾਰੀ ਰਾਹੇ ਪਈਆਂ।
ਕੰਤ ਮਨਾਇ ਖੁਸ਼ੀ ਹੋ ਰਹੀਆਂ, ਅਮਲਾਂ ਬਾਝ ਜਹਾਨੋਂ ਗਈਆਂ।
ਨੌ ਸ਼ਹੁ ਨੂੰ ਨਾ ਭਾਵਨ ਨੀ, ਚੜ ਸਾਵਣ ਫੇਰ ਨਾ ਆਵਨ ਨੀ।

ਦੋਹਰਾ– ਭਾਦਰੋਂ ਭਰਮਾਂ ਭੁੱਲੀਏ, ਮੋਹ ਨਿੰਦਰਾ ਤੋਂ ਜਾਗ।
ਮਾਇਆ ਪਾ ਕੇ ਲੁਟਦੇ, ਚੋਰ ਰਹੇ ਘਰ ਲਾਗ।
ਭਾਦਰੋਂ ਭੁਲੀਏ ਜਾਗ ਸੁਮਤੇ, ਨਾ ਫਸ ਮੋਹ ਨਿੰਦਰਾ ਦੇ ਫਸਤੇ।
ਨੀਂਦ ਚਲਾਂਦੀ ਜਮ ਦੇ ਰਸਤੇ, ਲੁਟੀਆਂ ਜਾਨ ਨੀਂਦ ਦੇ ਚਸਕੇ।
ਪਿਛੋਂ ਬਹਿ ਕੇ ਰੋ ਕੁੜੇ, ਉਠ ਤੜਕੇ ਚੱਕੀ ਝੋ ਕੁੜੇ।
ਕਾਲ ਕੁੱਕੜ ਨੇ ਪਾਇਆ ਰੌਲਾ, ਭਰ ਲੈ ਅਮਲਾਂ ਵਾਲਾ ਤੌਲਾ[1]।
ਮੂੰਹੋਂ ਉਚਾਰੇ ਮੌਲਾ ਮੌਲਾ, ਪੰਜਾਂ[2] ਦੇ ਸਿਰ ਮਾਰੀਂ ਪੌਲਾ[3]।
ਝੱਬ ਸੁਖਾਲੀ ਹੋ ਕੁੜੇ, ਉਠ ਤੜਕੇ ਚੱਕੀ ਝੋ ਕੁੜੇ।

1. ਇਕ ਵਡਾ ਖੁਲ੍ਹਾ ਭਾਂਡਾ। 2. ਕਾਮ, ਕ੍ਰੋਧ, ਲੋਭ, ਮੋਹ, ਹੰਕਾਰ। 3. ਜੁੱਤੀ ਦਾ ਇਕ ਪੈਰ।

ਜਾਗ ਸਵੇਲੇ ਪੀਹ ਪਕਾਈਂ, ਅਗੇ ਜੋਗਾ ਅੰਨ ਬਨਾਈਂ।
ਲੋਕਾਂ ਦੇਖ ਨਾ ਜੀ ਤਰਸਾਈਂ, ਤੋਸ਼ੇ[1] ਬਾਝੋਂ ਉਠ ਨਾ ਜਾਈਂ।
ਛੇਤੀ ਆਟਾ ਗੋ ਕੁੜੇ, ਉਠ ਤੜਕੇ ਚੱਕੀ ਝੋ ਕੁੜੇ।
ਚਾਤ੍ਰਿਕ ਪੰਜ ਵਿਕਾਰ ਮੁਤਾਣੇ[2], ਕੜਕਨ ਰੋੜ ਵਾਂਗ ਏਹ ਦਾਣੇ।
ਪੀ ਪੀ ਪੀਊਂ ਕਰੇਂ ਤਾਂ ਜਾਣੇ, ਫੇਰ ਸੁਆਦ ਭਜਨ ਦਾ ਮਾਣੇ।
ਸਾਰੇ ਧੋਣੇ ਧੋ ਕੁੜੇ, ਉਠ ਤੜਕੇ ਚੱਕੀ ਝੋ ਕੁੜੇ।

ਦੋਹਰਾ—ਅੱਸੂ ਆਸਾਂ ਲੰਮੀਆਂ, ਕੂੜੇ ਦਾਵੇ ਛੱਡ।
ਮਨ ਹਰਿਆਰੇ ਪਸੂ ਨੂੰ, ਰਾਮ ਨਾਮ ਵਿਚ ਗੱਡ।
ਅੱਸੂ ਆਸਾ ਛਡ ਦੇ ਝੂਠੀ, ਮਾਯਾ ਦੇ ਮਦ[3] ਫਿਰਨੀਏਂ ਲੂਠੀ[4]।
ਝੂਠ ਜਗਤ ਦੀ ਦੌਲਤ ਝੂਠੀ, ਪੀ ਲੈ ਰਾਮ ਨਾਮ ਮਦ[5] ਹੂਠੀ।
ਪਏ ਨਾ ਜਮ ਦੀ ਫਾਸੀ ਨੀ, ਚਲ ਅਸੂ ਆਸ ਨਿਰਾਸੀ ਨੀ।
ਉਚੇ ਉਚੇ ਮੈਹਲ ਮੁਨਾਰੇ, ਹਾਥੀ ਘੋੜੇ ਜ਼ਰੀ ਸਵਾਰੇ।
ਧਨ ਦੌਲਤ ਦੇ ਭਰੇ ਭੰਡਾਰੇ, ਧਰੇ ਰਹਿਣਗੇ ਏਥੇ ਸਾਰੇ।
ਪੰਛੀ ਫੜੇ ਉਦਾਸੀ ਨੀ, ਚਲ ਅਸੂ ਆਸ ਨਿਰਾਸੀ ਨੀ।
ਖਾ ਲੈ ਹਰੀ ਨਾਮ ਦਾ ਮੇਵਾ, ਜੋ ਹੈ ਸਰਬ ਦੇਵ ਦਾ ਦੇਵਾ।
ਸਾਧ ਸੰਗਤ ਦੀ ਕਰ ਲੈ ਸੇਵਾ, ਮਾਇਆ ਦਾ ਛਲ ਰੂਪ ਭੁਲੇਵਾ।
ਭਜਨ ਤੇਰੇ ਕੰਮ ਆਸੀ ਨੀ, ਚਲ ਅਸੂ ਆਸ ਨਿਰਾਸੀ ਨੀ।
ਚਾਤ੍ਰਿਕ ਨੇਕੀ ਕਾਰ ਕਮਾ ਲੈ, ਭਗਤੀ ਹਾਰ ਸ਼ਿੰਗਾਰ ਬਨਾ ਲੈ।
ਮੋਤੀ ਲੜੀ ਪਰੋ ਗਲ ਪਾ ਲੈ, ਨੌਂ ਸ਼ਹੁ ਪਿਆਰਾ ਅੰਗ ਲਗਾ ਲੈ।
ਰਾਮ ਨਾਮ ਸੁਖ ਰਾਸੀ ਨੀ, ਚਲ ਅਸੂ ਆਸ ਨਿਰਾਸੀ ਨੀ।

ਦੋਹਰਾ— ਕਤਕ ਕਾਗਾ ਕਾਲਿਆ, ਕਿਉਂ ਰਹਿਓਂ ਬਿਲਲਾ।
ਅੰਮ੍ਰਿਤ ਰਸ ਨੂੰ ਛੋੜ ਕੇ, ਵਿਸ਼ਟੇ ਵਲ ਨਾ ਜਾ।
ਕਤਕ ਕਾਗ ਵਾਂਗ ਕਿਉਂ ਲੋੌਦਾ, ਦੇਸ ਦਿਸੰਤਰ ਫਿਰਦਾ ਭੌਂਦਾ।
ਕਰਮਾਂ ਬਾਝ ਨਾ ਮਿਲਣਾ ਪੈਂਦਾ, ਕਯੋਂ ਨਹੀਂ ਸ਼ਰਨ ਹਰੀ ਦੀ ਔਂਦਾ।
ਹਰ ਚਰਨੀ ਚਿਤ ਲਾਗਾ ਰੇ, ਸੁਣ ਕਤਕ ਕਾਲਿਆ ਕਾਗਾ ਰੇ।
ਵਿਸ਼ਿਆ ਦੇ ਵਿਸ਼ਟੇ[6] ਵਿਚ ਧਸ ਕੇ, ਬਿਰਥਾ ਜਨਮ ਗਵਾਵੇਂ ਫਸ ਕੇ।
ਹਰੀ ਭਜਨ ਤੋਂ ਦੂਰੋਂ ਨਸ ਕੇ, ਜਿਵੇਂ ਗੁਲੇਲਾਂ ਕਸ ਕੇ।
ਸੋਇਆ ਕਿਉਂ ਨਹੀਂ ਜਾਗਾ ਰੇ, ਸੁਣ ਕਤਕ ਕਾਲਿਆ ਕਾਗਾ ਰੇ।
ਕੂੜਾ ਪਿਆ ਫਰੋਲੇਂ ਕੂੜਾ, ਰਤਨ ਨਾ ਦਿਸਦਾ ਹੋਇਓਂ ਮੂੜਾ।
ਚੜ੍ਹਕੇ ਝੂਟੀਂ ਪ੍ਰੇਮ ਪੰਘੂੜਾ, ਰੰਗ ਮਜੀਠੀ ਚੜ੍ਹ ਜਾਏ ਗੂੜ੍ਹਾ।
ਹਰ ਚਰਨੀ ਚਿਤ ਲਾਗਾ ਰੇ, ਸੁਣ ਕਤਕ ਕਾਲਿਆ ਕਾਗਾ ਰੇ।

1. ਰਾਹ ਲਈ ਖ਼ੁਰਾਕ। 2. ਮੂੰਹ ਤਾਣ, ਡਾਢੇ। 3. ਮਸਤੀ। 4. ਸੜਦੀ। 5. ਸ਼ਰਾਬ। 6. ਗੰਦਗੀ।

ਚਾਤ੍ਰਿਕ ਛੱਡ ਝੂਠੀ ਚਤੁਰਾਈ, ਨਾਮ ਬਿਨਾ ਕਿਸ ਮੁਕਤੀ ਪਾਈ।
ਸੰਤ ਸਿਰੇ ਤੇ ਦੇਣ ਦੁਹਾਈ, ਗਾਫਲ ਸੁਣ ਸੁਣ ਮਾਰ ਘੁਸਾਈ।
ਜਾਏਂ ਜਨਮ ਨੂੰ ਠਾਗਾ ਰੇ, ਸੁਣ ਕਤਕ ਕਾਲਿਆ ਕਾਗਾ ਰੇ।

ਦੋਹਰਾ— ਮਘਰ ਮਨ ਨੂੰ ਵਸ ਕਰ, ਖੁਦੀ[1] ਤਕੱਬਰ[2] ਛੋੜ।
ਤੋੜ ਤਕੱਬਰ ਡੋਰ ਨੂੰ, ਹਰੀ ਚਰਨ ਮਨ ਜੋੜ।
ਮਘਰ ਮਮਤਾ ਤੋੜ ਦੇਹ ਮਨ ਦੀ, ਖਾਕ ਸਮਝ ਕੇ ਢੇਰੀ ਧਨ ਦੀ।
ਕੀਮਤ ਪੈਣੀ ਹਰੀ ਭਜਨ ਦੀ, ਨਿਕਲੇ ਫੂਕ ਜਦੋਂ ਇਸ ਤਨ ਦੀ।
ਨਾਮ ਬਿਨਾ ਕੁਝ ਹੈ ਨਾ ਨੀ, ਕਹੋ ਮਘਰ ਮੈਂ ਨਾ, ਮੈਨਾਂ ਨੀ।
ਮੈਂ ਮੇਰੀ ਦੀ ਢਾਹ ਦੇਹ ਢੇਰੀ, ਮੁਖੋਂ ਉਚਾਰੇ ਤੇਰੀ ਤੇਰੀ।
ਹੋ ਜਾ ਹਰਿ ਸੰਤਨ ਕੀ ਚੇਰੀ, ਟੱਪ ਨਾ ਅੱਲੜ ਵਾਂਗ ਵਛੇਰੀ।
ਓੜਕ ਢੰਗਾ ਪੈਣਾ ਨੀ, ਕਹੋ ਮਘਰ ਮੈਂ ਨਾ, ਮੈਨਾਂ ਨੀ।
ਖੁਦੀ ਤਕੱਬਰ ਝੂਠੇ ਦਾਵੇ, ਕਾਰੂੰ[3] ਤੇ ਫਰਊਨ[4] ਸਦਾਵੇ।
ਰਾਵਣ ਕਾਲ ਬੰਧਾਯਾ ਪਾਵੇ, ਓੜਕ ਨੂੰ ਨਾ ਕੋਈ ਛੁਡਾਵੇ।
ਲਖ ਹਜ਼ਾਰਾਂ ਸੈਨਾ ਨੀ, ਕਹੋ ਮਘਰ ਮੈਂ ਨਾ, ਮੈਨਾਂ ਨੀ।
ਚਾਤ੍ਰਿਕ ਸ਼ਰਣ ਪ੍ਰਭੂ ਦੀ ਪੈ ਜਾ, ਏਸ ਜਨਮ ਦਾ ਲਾਹਾ ਲੈ ਜਾ।
ਢੇਰੀ ਹੋ ਕੇ ਚਰਨੀਂ ਢੈਹ ਜਾ, ਪਾਣੀ ਵਾਂਗ ਨਿਵਾਣੀ ਵੈਹ ਜਾ।
ਕਿਸੇ ਨਾ ਮਬਾਕੀ ਰੈਹਣਾ ਨੀ, ਕਹੋ ਮਘਰ ਮੈਂ ਨਾ, ਮੈਨਾਂ ਨੀ।

ਦੋਹਰਾ— ਪੋਹ ਪ੍ਰਮੇਸ਼ਰ ਭਜ ਮਨਾ, ਪਰੇ ਨਾ ਜਮ ਕੀ ਫਾਸ।
ਹਰ ਹਰ ਹਰਦਮ ਯਾਦ ਰਖ, ਵਿਗੜੇ ਆਵਨ ਰਾਸ।
ਪੋਹ ਪੰਛੀ ਪਿੰਜਰੇ ਵਿਚ ਵੜਿਆ, ਮੈਂ ਮੈਂ ਸਬਰ ਕਦੋਂ ਦਾ ਪੜ੍ਹਿਆ।
ਪਿੰਜਰੇ ਦਾ ਕੁਝ ਦੋਸ਼ ਨਾ ਅੜਿਆ, ਮਨ ਨੂੰ ਨਾਗ ਹੰਗਤਾ ਲੜਿਆ।
ਜਨਮ ਬ੍ਰਿਥਾ ਕਿਉਂ ਖੋਤਾ ਰੇ, ਕਹੋ ਹਰ ਦਮ ਤੂੰ ਤੂੰ ਤੋਤਾ ਰੇ।
ਮੈਂ ਮੈਂ ਦੀ ਜਦ ਢੇਰੀ ਢਾਸੇਂ, ਵਸਲ ਪੀਆ ਦਾ ਤਦ ਹੀ ਪਾਸੇਂ।
ਅੰਮ੍ਰਿਤ ਫਲ ਟੁਕ ਟੁਕ ਕੇ ਖਾਸੇਂ, ਦੁਨੀਆਂ ਦੇ ਰਸ ਫੇਰ ਭੁਲਾਸੇਂ।
ਹਰ ਹਰ ਹਾਰ ਪਰੋਤਾ ਰੇ, ਕਹੋ ਤੂੰ ਤੂੰ ਹਰਦਮ ਤੋਤਾ ਰੇ।
ਦੁਨੀਆ ਸਮਝੇ ਮਿਠੀ ਚੂਰੀ, ਕਰਨੈਂ ਆਕੜ ਤੇ ਮਗਰੂਰੀ[5]।
ਚਾਰ ਦਿਨਾਂ ਦੀ ਦੌਲਤ ਕੂੜੀ, ਓੜਕ ਧਰੀ ਰਹੇ ਜਿਉਂ ਰੂੜੀ।
ਨਰਕੀਂ ਮਿਲਦਾ ਗੋਤਾ ਰੇ, ਕਹੋ ਤੂੰ ਤੂੰ ਹਰਦਮ ਤੋਤਾ ਰੇ।
ਚਾਤ੍ਰਿਕ ਭਜ ਲੈ ਨਾਮ ਮੁਰਾਰੀ[6], ਪਿੰਜਰੇ ਨਾਲ ਖੇਡ ਹੈ ਸਾਰੀ।

---

1. ਹੰਕਾਰ। 2. ਹੰਕਾਰ, ਆਕੜ।
3. ਇਕ ਵਡਾ ਬਾਦਸ਼ਾਹ ਜਿਸ 40 ਖਜ਼ਾਨੇ ਧਨ ਜਮਾਂ ਕੀਤਾ ਸੀ ਇਹ ਹਜ਼ਰਤ ਮੂਸਾ ਦੇ ਚਾਚੇ ਦਾ ਪੁਤ ਭਰਾ ਸੀ ਕਹਾਣੀ ਹੈ ਕਿ ਇਹ ਸਣੇ ਖਜ਼ਾਨਿਆਂ ਦੇ ਜ਼ਮੀਨ ਵਿਚ ਧਸ ਗਿਆ ਸੀ।
4. ਇਕ ਜ਼ਾਲਮ ਬਾਦਸ਼ਾਹ ਜਿਸ ਨੇ ਮਿਸਰ ਵਿਚੋਂ, ਮੂਸਾ ਨਾਲ ਪਲੇਗ ਤੋਂ ਬਚਕੇ ਜਾਂਦੇ ਲੋਕਾਂ ਉਤੇ ਹਮਲਾ ਕੀਤਾ ਸੀ ਪਰ ਉਹ ਬਚ ਗਏ ਤੇ ਇਹ ਆਪ ਸਣੇ ਫੌਜ ਗਰਕ ਹੋ ਗਿਆ ਸੀ। 5. ਹੰਕਾਰ। 6. ਵੈਰੀਆਂ ਦਾ ਘਾਤਕ ਭਾਵ ਪ੍ਰਮਾਤਮਾ।

ਉਡਿਓਂ ਜਦ ਤੂੰ ਮਾਰ ਉਡਾਰੀ, ਨਾਮ ਨਿਭਾਵੇਗਾ ਤਦ ਯਾਰੀ।
ਸਿਰ ਪਰ ਕਾਲ ਖਲੋਤਾ ਰੇ, ਕਹੋ ਤੂੰ ਤੂੰ ਹਰਦਮ ਤੋਤਾ ਰੇ।

ਦੋਹਰਾ— ਮਾਘ ਮਨੁਖਾ ਜਨਮ ਇਹ, ਮਿਲੇ ਨਾ ਬਾਰੰਬਾਰ।
ਜਿਉ ਬਨ ਫਲ ਪੱਕਾ ਭੋਂ ਗਿਰੇ, ਫੇਰ ਨਾ ਲਗਦਾ ਡਾਰ*।
ਮਾਘ ਮਨੁਖਾ ਦੇਹੀ ਉਚੀ, ਚੋਰਾਸੀ ਲਖ ਜੂਨ ਸਮੁੱਚੀ।
jzKtKr nwbe ;ਬ੍ਰh fpBkGiB ws[1] ਜਾਏ ਬਿਗੁੱਚੀ[2]।
ਉਤਮ ਮਾਣਸ ਵੰਸਾ ਰੇ, ਨਿਤ ਰਾਮ ਨਾਮ ਕਹੋ ਹੰਸਾ ਰੇ।
ਨਦੀ ਨਾਮ ਸੰਜੋਗੀ ਮੇਲਾ, ਕਰਮਾ ਨਾਲ ਮਿਲੇਗਾ ਵੇਲਾ।
ਭਜਨ ਕਰਨ ਦਾ ਸਮਾਂ ਸੁਹੇਲਾ, ਬੰਨ੍ਹ ਲੈ ਪੱਲੇ ਪੈਸਾ ਧੇਲਾ।
ਰਹੇ ਨਾ ਮਨ ਵਿਚ ਸੰਸਾ ਰੇ, ਨਿੱਤ ਰਾਮ ਨਾਮ ਕਹੋ ਹੰਸਾ ਰੇ।
ਮੁੜ ਮੁੜ ਮਿਲੇ ਨਾ ਮਾਣਸ ਦੇਹੀ, ਭਜਨ ਕਰਨ ਦਾ ਵੇਲਾ ਏਹੀ।
ਹਰ ਨੂੰ ਕਰ ਲੋ ਸਾਕ ਸਨੇਹੀ, ਚੌਰਾਸੀ ਦੀ ਫਾਸ ਕਟੇਹੀ।
ਮਿਲਸੀ ਪਦ ਅਵਤੰਸਾ[3] ਰੇ, ਨਿਤ ਰਾਮ ਨਾਮ ਕਹੋ ਹੰਸਾ ਰੇ।
ਚਾਤ੍ਰਿਕ ਜੋਗੀ ਵਾਲੀ ਫੇਰੀ, ਜਾਏ ਨਾ ਬਿਰਥਾ ਉਮਰਾ ਤੇਰੀ।
ਛਡ ਦੇਹ ਕਹਿਣਾ ਮੇਰੀ ਮੇਰੀ, ਮੌਤ ਜਦੋਂ ਆ ਜਿੰਦੜੀ ਘੇਰੀ।
ਪੜੇ ਨਾ ਜਮ ਦੀ ਫੰਸਾ ਰੇ, ਨਿਤ ਰਾਮ ਨਾਮ ਕਹੋ ਹੰਸਾ ਰੇ।

ਦੋਹਰਾ— ਫਗਣ ਫੁਲੇ ਬਗੀਚਿਓਂ, ਤੋੜੇ ਮੌਤ ਅਫਾਤ।
ਕੀ ਭਰਵਾਸਾ ਸਾਸ ਦਾ ? ਫੁਲਾਂ ਦੀ ਬਾਗਾਤ।
ਫਗਣ ਫੁੱਲ ਬਗੀਚੇ ਖਿੜਦੇ, ਦੇ ਮਹਿਕਾਰ ਮਨਾਂ ਨੂੰ ਹਰਦੇ।
ਖਾ ਗਰਮੀ ਹੋ ਪਤ ਪਤ ਝੜਦੇ, ਵੇਖ ਸਿਆਣੇ ਹਸਰਤ ਕਰਦੇ।
ਹੈ ਹੈ ਦੇ ਕੇ ਦਾਗ ਗਿਆ, ਸੁਣ ਫਗਣ ਫੁਲਾਂ ਬਾਗ ਦਿਆ।
ਤੂੰ ਭੀ ਵਿਚ ਕੁਦਰਤ ਫੁਲਵਾੜੀ, ਫੁਲਾਂ ਵਾਂਗ ਖਿੜਿਓਂ ਦਿਨ ਚਾਰੀ।
ਕਰ ਲੈ ਮਨ ਕੁਝ ਪਰ ਉਪਕਾਰੀ, ਯਾਦ ਕਰੇ ਕੋਈ ਜਾਂਦੀ ਵਾਰੀ।
ਮਾਲਕ ਭਰੇ ਸੁਹਾਗ ਦਿਆ, ਸੁਣ ਫਗਣ ਫੁਲਾ ਬਾਗ ਦਿਆ।
ਗੁਲਚੀਂਨ[4] ਕਾਲ ਚਲਾ ਕੇ ਖੰਜਰ, ਤੋੜ ਲਏਗਾ ਵਾਂਗੂੰ ਮੁੰਜਰ[5]।
ਫੁੱਲਾਂ ਵਾਂਗ ਖਲਕ ਦਿਲ ਅੰਦਰ,[6] ਹਸਰਤ ਪਵੇ ਦੇਖ ਕੇ ਪਿੰਜਰ।
ਬਲਦਾ ਬੁਝ ਚਰਾਗ ਗਿਆ, ਸੁਣ ਫਗਣ ਫੁਲਾ ਬਾਗ ਦਿਆ।
ਚਾਤ੍ਰਿਕ ਜੇ ਤੂੰ ਰਿਹੋਂ ਗਰੂਰਤ,[7] ਬਾਝੋਂ ਸੀਰਤ[8] ਕਿਸ ਕੰਮ ਸੂਰਤ[9]।
ਬਿਨ ਖੁਸ਼ਬੋਈਓਂ ਬਿਰਥਾ ਰੰਗਤ, ਫਿਟ ਜਨਮ ਵਿਚ ਬੀਤੇ ਹੰਗਤ[10]।
ਸੁੰਞਾ ਸੁੰਞ ਵਿਹਾਝ ਗਿਆ, ਸੁਣ ਫਗਣ ਫੁਲਾ ਬਾਗ ਦਿਆ।

* ਭਗਤ ਕਬੀਰ ਜੀ ਦਾ ਸਲੋਕ ਹੀ ਕੁਝ ਬਦਲੇ ਰੂਪ ਵਿਚ ਹੈ ਕਬੀਰ ਮਾਨਸੁ ਜਨਮੁ ਦੁਲੰਭ ਹੈ ਹੋਇ ਨਾ ਬਾਰੰਬਾਰ। ਜਿਉ ਬਨ ਫਲ ਪਾਕੇ ਭੋਇ ਗਿਰਹਿ ਬਹੁਹਿ ਨ ਲਾਗਹਿ ਡਾਰ।

1. ਮਤਾ, ਅਜੇਹਾ ਨਾ ਹੋਵੇ। 2. ਐਵੇਂ ਫਜ਼ੂਲ। 3. ਅਵਤੰਸ, ਭਾਵ ਉਚੀ ਪਦਵੀ। 4. ਫੁਲ ਤੋੜਨ ਵਾਲਿਆਂ। 5. ਕਾਨਾ। 6. ਲੋਕਾਂ ਦੇ ਦਿਲ ਵਿਚ। 7. ਹੰਕਾਰ। 8. ਮਿਠਤ। 9. ਸੁਹਪਣ। 10. ਹੰਕਾਰ।

ਦੂਸਰਾ ਉਪਦੇਸ਼ ਕਰਨਾ ਗੁਰੂ ਜਤੇਂਦ੍ਰੀ ਨਾਥ ਜੀ ਦਾ ਭਰਥਰੀ ਹਰੀ ਨੂੰ ਦੁਨੀਆਂ ਦੀ ਅਨਿਸਥਿਰਤਾ ਪਰ–ਬਾਰਾਮਾਂਹ–ਬਤਰਜ਼ ਕਾਫੀਆਂ*

ਚੇਤ— ਚੇਤ ਹਰੀ ਨੂੰ ਚੇਤੁ ਮਨਾਂ, ਦਿਨ ਬਿਰਥੇ ਲੰਘਦੇ ਜਾਂਦੇ ਨੀ।
ਘੜੀ ਘੜੀ ਘੜਿਆਲ ਸੁਨਾਵੇ, ਪਲ ਪਲ ਸਵਾਸ ਘਟਾਂਦੇ ਨੀ।
ਕਬਰਾਂ ਮੜੀਆਂ ਭਰੀਆਂ ਵੇਖੇਂ, ਹੋ ਹੋ ਜਾਂਦੇ ਵਾਂਦੇ[1] ਨੀ।
ਰਾਣੇ ਰੰਕ ਬਰਾਬਰ ਦਰਜਾ, ਫਰਕ ਸਰਹਾਂਦ[2] ਦੇ ਨਾ ਪਾਂਦੇ ਨੀ।
ਸ਼ਾਹ ਸਿਕੰਦਰ[3] ਕਬਰਾਂ ਅੰਦਰ, ਬੱਧੇ ਮਾਰਾਂ ਖਾਂਦੇ ਨੀ।
ਰਾਮ ਨਾਮ ਦੇ ਸਿਮਰਨ ਬਾਝੋਂ, ਚਾਤ੍ਰਿਕ ਜਿਉਂ ਕੁਰਲਾਂਦੇ ਨੀ।

ਵਿਸਾਖ—ਵਿਸਾਖ ਵਿਸਾਰ ਨਾ ਸਾਈਂ, ਜਿੰਦੇ ਉਸ ਬਿਨ ਖਰੀ ਨਿਮਾਣੀ ਨੀ।
ਬਾਝ ਪੀਆ ਦੇ ਛੁਟੜ ਥੀਸੇਂ, ਜਗ ਵਿਚ ਤੁਰੂ ਕਹਾਣੀ ਨੀ।
ਸਾਈਂ ਨਾਲ ਪ੍ਰੀਤ ਨਾ ਜੋੜੀ, ਬਿਰਥਾ ਉਮਰ ਵਿਹਾਣੀ ਨੀ।
ਦੇਸ ਪੀਆ ਦਾ ਦੂਰ ਦੁਰੇਡਾ, ਮਨਜ਼ਲ ਤੋੜ ਪੁਚਾਣੀ ਨੀ।
ਉਠ ਤਿਆਰੀ ਕਰ ਲੈ ਅੜੀਏ, ਮੁੱਕਾ ਦਾਣਾ ਪਾਣੀ ਨੀ।
ਚਾਤ੍ਰਿਕ ਕੰਤ ਮਨਾ ਕੇ ਅੜੀਏ, ਹਰਦਮ ਖੁਸ਼ੀ ਮਨਾਣੀ ਨੀ।

ਜੇਠ— ਜੇਠ ਜਵਾਨੀ ਵਿਚ ਦੀਵਾਨੀ, ਹੋ ਕੇ ਫਿਰੇਂ ਨਾ ਮੱਤੀ[4] ਨੀ।
ਹੱਡ ਚੰਮ ਦੇ ਪਿੰਜਰ ਉਤੇ, ਭੁੱਲ ਨਾ ਬਹਿਣਾ ਰੱਤੀ ਨੀ।
ਬਾਲਕ ਉਮਰਾ ਖੇਡ ਗਵਾਈ, ਨਾਲ ਅਵੈਲਾਂ[5] ਵੱਤੀ[6] ਨੀ।
ਵਿਚ ਜਵਾਨੀ ਅੰਧੀ ਹੋ ਕੇ, ਕਾਮ ਫਾਸ ਗਲ ਘੱਤੀ ਨੀ।
ਬ੍ਰਿਧ ਸਮੇਂ ਕੋਈ ਬਣੇਂ ਨਾ ਲਾਗੂ, ਹੋਵੇ ਠਢੀ ਤੱਤੀ ਨੀ।
ਚਾਤ੍ਰਿਕ ਪਿਛੋਂ ਪਛੋਤਾਏਂ, ਚਰਖੇ ਤੰਦ ਨਾ ਕੱਤੀ ਨੀ।

ਹਾੜ— ਹਾੜ ਹਰੀ ਬਿਨ ਝੂਠ ਪਸਾਰੇ, ਝੂਠੀ ਦੁਨੀਆਂ ਸਾਰੀ ਨੀ।
ਪਾਣੀ ਵਿਚ ਪਤਾਸੇ ਵਾਂਗਰ, ਕੀ ਮੁਨਿਆਦ ਨਿਕਾਰੀ ਨੀ।
ਜਗਤ ਮੁਸਾਫਰ ਖਾਨੇ ਅੰਦਰ, ਘੇਸ ਕੁਵੇਹੀ ਮਾਰੀ ਨੀ।
ਉਠ ਮੁਸਾਫਰ ਜਿੰਦੜੀਏ ਚਲ, ਕਰ ਲੈ ਤੁਰਨ ਤਿਆਰੀ ਨੀ।
ਸੁੱਤੀ ਪਈ ਘੁਰਾੜੇ ਮਾਰੇਂ, ਲੁਟ ਗਈ ਪੂੰਜੀ ਸਾਰੀ ਨੀ।
ਚਾਤ੍ਰਿਕ ਪੈ ਜਾ ਸ਼ਰਨ ਹਰੀ ਦੀ, ਜਪ ਲੈ ਨਾਮ ਮੁਰਾਰੀ ਨੀ।

ਸਾਵਨ— ਸਾਵਨ ਪੀਂਘਾ ਪਾਵਨ ਨੀ, ਨਿਤ ਪ੍ਰੇਮ ਹੁਲਾਰੇ ਲਾਵਣ ਨੀ।
ਜਿਨ੍ਹਾਂ ਕੰਤ ਪਿਆਰਾ ਲੱਭਾ, ਮੈਹਲੀਂ ਖਾਣ ਹੰਡਾਵਣ ਨੀ।

---

* ਇਕ ਰਾਗਣੀ, ਸੂਫੀਆਂ ਦੀ ਕਵਿਤਾ ਦੇ ਪ੍ਰਚਲਤ ਕੁਝ ਤੋਲ ਜਿਨ੍ਹਾਂ ਵਿਚ ਦਵਈਆ (28 ਮਾਤ੍ਰਾਂ) ਤਾਟੰਕ (30 ਮਾਤਰਾਂ) ਤੇ ਚੌਪਈ (10 ਮਾਤਰਾਂ) ਆਮ ਹਨ।

1. ਲਾਂਭੇ, ਵਖਰੇ। 2. ਸਰ੍ਹਾਂਦੀ ਪਵਾਂਦੀ ਦਾ।

3. ਯੂਨਾਨ ਦਾ ਰਾਜਾ ਜਿਸ ਨੇ ਚੌਥੀ ਸਦੀ ਵਿਚ ਭਾਰਤ ਤੇ ਹਮਲਾ ਕੀਤਾ ਸੀ ਤੇ ਰਾਜਾ ਪੋਰਸ ਨਾਲ ਭੀ ਲੜਿਆ ਸੀ।

4. ਮਸਤ। 5. ਬੁਰੀਆਂ। 6. ਫਿਰੀ।

ਬਾਗਾਂ ਦੇ ਵਿਚ ਕਰਨ ਬਹਾਰਾਂ, ਮੂੰਹ ਮੰਗਿਆ ਫਲ ਪਾਵਣ ਨੀ।
ਕੱਤ ਤੁੰਬ ਲੈ ਗਈਆਂ ਸਹੁਰੇ[1], ਝਿੜਕਾਂ ਫੇਰ ਨਾ ਖਾਵਣ ਨੀ।
ਸੱਸ ਨਿਣਾਨਾਂ ਮਾਰਨ ਤਾਨੇ, ਬਿਨ ਦਾਜੋਂ ਜੋ ਜਾਵਣ ਨੀ।
ਚਾਤ੍ਰਿਕ ਕਰ ਲੈ ਭਜਨ ਹਰੀ ਦਾ, ਚੁੱਕੇ ਆਵਣ ਜਾਵਣ ਨੀ।
ਭਾਦਰੋਂ— ਭਾਦਰੋਂ ਭਰੇ ਸੱਰਾਂ ਤੋਂ ਖਾਲੀ, ਬੇ-ਕਿਸਮਤ ਕਿਉਂ ਜਾਨੀ ਏਂ।
ਰਾਮ ਨਾਮ ਦੀ ਲੁੱਟ ਅਮੁੱਲੀ, ਲਗਦੀ ਨਹੀਂ ਦੁਆਨੀ[2] ਏਂ।
ਪੰਡਾਂ ਪਾਪ ਦੀਆਂ ਚੁਕ ਲਈਆਂ, ਹੀਰਾ ਨਾਮ ਨਾ ਦਾਨੀ ਏਂ।
ਬਾਵਰੀਏ ਮਸਤਾਨੜੀਏ, ਕਿਉਂ ਝੱਲੀ ਹੋਈ ਦੀਵਾਨੀ ਏਂ।
ਪੰਛੀ ਨਿਕਲ ਪਿੰਜਰਿਓਂ ਉਡੂ, ਹੋਇਆ ਜਦੋਂ ਸੈਲਾਨੀ ਏਂ।
ਚਾਤ੍ਰਿਕ ਪੱਲੇ ਬੱਧੀ ਪੂੰਜੀ, ਅੰਤ ਸਮੇਂ ਕੰਮ ਆਨੀ ਏਂ।
ਅਸੂ— ਅਸੂ ਆਸਾ ਛਡ ਕੂੜੇ, ਚਲ ਹੋ ਭਸਮ ਦੀ ਢੇਰੀ ਤੂੰ।
ਨਿੰਦਾ ਚੁਗਲੀ ਅਤੇ ਬਖੀਲੀ, ਬਦੀਆਂ ਵਿਚ ਦਲੇਰੀ ਤੂੰ।
ਪਾਪਾਂ ਦੀ ਸਿਰ ਗਠੜੀ ਚਾਈ, ਹੋਸੇਂ ਖਰੀ ਉਖੇਰੀ ਤੂੰ।
ਕਾਲ ਕਸਾਈ ਪਾ ਗਲ ਫਾਹੀ, ਛੁਰੀ ਗਜ਼ਬ ਦੀ ਫੇਰੀ ਤੂੰ।
ਨਰਕਾਂ ਦੇ ਵਿਚ ਮਿਲੇ ਨਾ ਢੋਈ, ਦੁਖਾਂ ਦੇ ਵਿਚ ਘੇਰੀ ਤੂੰ।
ਚਾਤ੍ਰਿਕ ਪੈ ਜਾ ਰਸਤੇ ਨੀ, ਏਹ ਛਡ ਦੇਹ ਮੇਰੀ ਮੇਰੀ ਤੂੰ।
ਕਤਕ— ਕਤਕ ਕਾਲ ਸ਼ਿਕਾਰੀ ਮਾਰੇ, ਪੰਛੀ ਮਾਰ ਗੁਲੇਲੀ ਨੀ।
ਖਾ ਖਾ ਮੋਟੀ ਹੋ ਰਹੀ ਸੈਂ, ਕਾਲ ਛੁਰੀ ਦੀ ਛੇਲੀ[3] ਨੀ।
ਸਤਿ ਸੰਗਤ ਤੇ ਭਜਨ ਨਾ ਕੀਤਾ, ਸਚੀ ਖੇਲ ਨਾ ਖੇਲੀ ਨੀ।
ਛਡ ਸਿਧਾਉਨਾ ਹੁਸਨ ਜਵਾਨੀ, ਮਾੜੀ ਮੈਹਲ ਹਵੇਲੀ ਨੀ।
ਝੂਠੇ ਜਗਤ ਕੁਟੰਬੀ ਸਾਰੇ, ਭਾਈ ਭੈਣ ਸਹੇਲੀ ਨੀ।
ਚਾਤ੍ਰਿਕ ਕਿਸੇ ਨਾ ਵਾਹਰੂ ਬਣਨਾ, ਰਾਮ ਨਾਮ ਇਕ ਹੇਲੀ[4] ਨੀ।
ਮਘਰ— ਮਘਰ ਮਰਨੋਂ ਪੈਹਲੇ ਮਰ ਜਾ, ਛਡਦੇ ਖੁਦੀ ਤਕੱਬਰਾਂ ਨੀ।
ਤੇਰੇ ਵਾਂਗ ਗੁਮਾਨੜੀਆਂ ਨੇ, ਭਰੀਆਂ ਸਿੜੀਆਂ ਕਬਰਾਂ ਨੀ।
ਰਾਜ ਕਰੇਂਦੀਆਂ ਡਿਗੀਆਂ ਤਖਤੋਂ, ਕਿਸੇ ਨਾ ਲਈਆਂ ਖਬਰਾਂ ਨੀ।
ਬੜੀਆਂ ਬੜੀਆਂ ਸ਼ਾਹ ਮਲੂਕਾਂ, ਲਾਵਨ ਜ਼ੇਰਾਂ[5] ਜ਼ਬਰਾਂ[6] ਨੀ।
ਪੂਰੀ ਪਈ ਨਾ ਅਗੇ ਜਾ ਕੇ, ਬਾਝ ਸੰਤੋਖ ਬੇਸਬਰਾਂ ਨੀ।
ਚਾਤ੍ਰਿਕ ਛਡ ਚਤੁਰਾਈ ਅੜੀਏ, ਕਾਲ ਚਲਾਈ ਤਬਰਾਂ[7] ਨੀ।

---

1. ਸੂਫੀਆਂ ਦੇ ਸੰਕੇਤਾਂ ਅਨੁਸਾਰ ਨੇਕੀ ਦੇ ਕੰਮ ਕਰਕੇ ਮਰਨ-ਵਰ ਪ੍ਰਾਪਤ ਕਰਨਾ।
2. ਜਦ ਰੁਪਈਆ 68 ਪੈਸੇ ਦਾ ਸੀ ਤਾਂ ਇਸ ਦੇ 16ਵੇਂ ਹਿਸੇ ਦੀ ਕੀਮਤ ਦਾ ਇਕ ਸਿਕਾ 'ਇਕ ਆਨਾ' ਹੁੰਦਾ ਸੀ ਤੇ 8ਵੇਂ ਹਿਸੇ ਦਾ ਸਿਕਾ ਇਕ ਦੁਆਨੀ ਕਹਾਉਂਦਾ ਸੀ, ਇੰਜ ਹੀ ਦੁਆਨੀ (ਹੁਣ 25 ਪੈਸੇ) ਤੇ ਅਠਿਆਨੀ (ਹੁਣ 50 ਪੈਸੇ ਭੀ) ਹੈ। 3. ਬੱਕਰੀ। 4. ਸਾਥੀ।
5. ਉਰਦੂ, ਫਾਰਸੀ ਵਿਚ 'ਇ' ਦੀ ਅਵਾਜ਼ ਲਈ ਲਗਣ ਵਾਲਾ ਚਿੰਨ੍ਹ।
6. ਫਾਰਸੀ ਉਰਦੂ ਵਿਚ ਤੇ ਕੁਝ ਮੁਕਤਾ ਤੇ ਅਧਕ ਦੀ ਥਾਂ ਲਗ ਵਾਂਗ ਵਰਤਿਆ ਜਾਣ ਵਾਲਾ ਚਿੰਨ੍ਹ, ਏਕੇ ਭਾਵ ਔਖੇ ਕੰਮ ਕਰਨ ਤੋਂ ਜਾਪਦਾ ਹੈ। 7. ਇਕ ਹਥਿਆਰ।

ਪੋਹ— ਪੋਹ ਪਾਲਾ ਏਹ ਪਿਆ ਰਹੇ, ਮੈਂ ਮਾਇਆ ਕਰਾਂ ਇੱਕਠੀ ਨੀ।
ਹੀਰਾ ਨਾਮ ਜੇ ਗਲ ਨਾ ਪਾਇਆ, ਪਈ ਸਿਆਨਪ ਭੱਠੀ ਨੀ।
ਜੋੜ ਜੋੜ ਕੇ ਉਮਰ ਲੰਘਾਈ, ਹਿਰਸ ਨਾ ਕੋਈ ਮੱਠੀ ਨੀ।
ਕਦੇ ਨਾ ਆਯਾ ਯਾਦ ਪਿਆਰਾ, ਫੜ ਲਈ ਚਾਲ ਅਪੁੱਠੀ ਨੀ।
ਬੇ-ਕਦਰੀ ਕੁਛ ਕਦਰ ਨਾ ਪਾਇਆ, ਤੱਤੀ ਭੈੜ ਭੜੱਥੀ ਨੀ।
ਚਾਤ੍ਰਿਕ ਮਰ ਗਈ ਬਾਝ ਵਸਾਲੋਂ, ਕੰਧ ਉਮੈਦਾਂ ਢੱਠੀ ਨੀ।
ਮਾਘ— ਮਾਘ ਸਾਂਗ ਵਿਚ ਸੀਨੇ, ਰੜਕੇ, ਤੁਰੀ ਜਦੋਂ ਪ੍ਰਦੇਸਨ ਨੀ।
ਹੈ ਹੈ ਕੁਝ ਨਾ ਬੱਧਾ ਪੱਲੇ, ਦੁਨੀਆਂ ਜਾਨ ਹਮੇਸ਼ਨ ਨੀ।
ਘੱਲਿਓ ਜੇ ਕੋਈ ਪਿਛੋਂ ਪਾਣੀ, ਗਈ ਪਿਆਸੀ ਵੇਸਨਾ[1] ਨੀ।
ਆਈ ਸੀ ਕੁਝ ਨਫਾ ਕਮਾਣੇ, ਪੇੜਾ ਲਿਆ ਪਲੇਥਨ ਨੀ।
ਡੰਡੇ ਮਾਰ ਕਰਨ ਹੁਣ ਕਰਨ ਸਿਧੀ, ਇਜਰ ਵਲ ਨਾ ਵੇਖਨ ਨੀ।
ਚਾਤ੍ਰਿਕ ਸਖਤ ਪਿਆਦੇ ਜਮ ਦੇ, ਸਾਰੀ ਪੱਟੀ ਮੇਸਨ ਨੀ।
ਫਗਣ— ਫਗਣ ਫੁਲ ਟੁਟਾ ਅਜ ਡਾਲੋਂ, ਭੁਰਿਆ ਪੱਤ ਪੁਰਾਣਾ ਨੀ।
ਮਲ ਮਲ ਹਥ ਗਈ ਤੁਰ ਜਿੰਦੜੀ, ਭੁਲਾ ਪੀਣਾ ਖਾਣਾ ਨੀ।
ਅੰਤ ਸਹਾਈ ਨਾਮ ਹੋਵਣਾ, ਦੁਨੀਆਂ ਨਾਲ ਨਾ ਜਾਣਾ ਨੀ।
ਤੱਕੜ ਚਾਹੜ ਤੁਲੇਗਾ ਲੇਖਾ, ਨੇਕੀ ਪਾਰ ਲੰਘਾਣਾ ਨੀ।
ਪੂਰੀ ਜਿਨ੍ਹਾਂ ਕਮਾਈ ਕੀਤੀ, ਭੇਦ ਪੀਆ ਦਾ ਪਾਣਾ ਨੀ।
ਚਾਤ੍ਰਿਕ ਕਰਮਾਂ ਦਾ ਫਲ ਮਿਲਣਾ, ਕਿਆ ਕੋਈ ਰਾਜਾ ਰਾਣਾ ਨੀ।

ਤੀਸਰਾ ਉਪਦੇਸ਼ ਗੁਰੂ ਜਤੇਂਦ੍ਰੀ ਨਾਥ ਜੀ ਦਾ, ਆਯੂ ਦੀਆਂ ਵੱਖ ਵੱਖ ਹਾਲਤਾਂ ਉਤੇ-ਸਤਵਾਰਾ*

ਐਤਵਾਰ ਚਿਤਾਰ ਓਹ ਵਕਤ ਬੰਦੇ, ਜ਼ਰਾ ਚਿੱਤ ਦੇ ਵਿਚ ਵਿਚਾਰ ਕਰਕੇ।
ਗਰਭ ਜੂਨ ਅੰਦਰ ਤੈਨੂੰ ਰਖਿਆ ਸੀ, ਰਤ ਮਾਸ ਦਾ ਬੁਤ ਤਿਆਰ ਕਰਕੇ।
ਪੁੱਠਾ ਟੰਗਿਆ ਗੰਦਗੀ ਵਿਚ ਸੈਂ ਤੂੰ ਬਾਹਰ ਨਿਕਲਿਓਂ ਤਰਲਾ ਹਜ਼ਾਰ ਕਰਕੇ।
ਕਸਮਾਂ ਖਾਧੀਆਂ ਆਪ ਭਗਵਾਨ ਅਗੇ, ਵਰਨ ਦੇਵਤੇ ਨੂੰ ਜ਼ਾਮਨਦਾਰ ਕਰਕੇ।
ਲੱਗੀ ਵਾ ਜਹਾਨ ਦੀ ਹੋਣ ਲਗੋਂ, ਕੀਤੇ ਕੌਲ ਨੂੰ ਮਨੋਂ ਵਿਸਾਰ ਕਰਕੇ।
ਚਾਤ੍ਰਿਕ ਜਮਾਂ ਦੀ ਮਾਰ ਓਹ ਖਾਣ ਬੱਧੇ, ਜੇਹੜੇ ਭੁਲਦੇ ਕੌਲ ਇਕਰਾਰ ਕਰਕੇ।
ਸੋਮਵਾਰ ਲਡਿਕੜਾ ਲਾਲ ਬਣ ਕੇ, ਗੋਦੀ ਮਾਊਂ ਤੇ ਬਾਪ ਦੀ ਬਹਿਣ ਲਗੋਂ।
ਨਚ ਟੱਪ ਕਲੋਲ ਵਿਖਾਣ ਲਗੋਂ, ਗਲਾਂ ਨਿਕੀਆਂ ਨਿਕੀਆਂ ਕਹਿਣ ਲਗੋਂ।
ਭੈਣਾਂ ਭਾਈਆਂ ਨਾਲ ਪਿਆਰ ਪਾ ਕੇ, ਰਾਜੀ ਉਹਨਾਂ ਦੇ ਨਾਲ ਤੂੰ ਰਹਿਣ ਲਗੋਂ।
ਮੋਹ ਨਿੰਦਰਾ ਦੇ ਵਿਚ ਸੌਣ ਲਗੋਂ, ਆਪੇ ਦੁਖ ਸਹੇੜ ਕੇ ਸਹਿਣ ਲਗੋਂ।

---

* ਸਤ ਵਾਰਾਂ ਦੇ ਨਾਂ ਉਤੇ ਲਿਖੀ ਕਵਿਤਾ।

1. ਭੇਖੀ।

ਰਾਮ ਨਾਮ ਨੂੰ ਮਨੋਂ ਵਿਸਾਰ ਉੱਕਾ, ਪੁੱਠੀ ਨਦੀ ਦੇ ਵਹਿਣ ਵਿਚ ਵਹਿਣ ਲਗੋਂ।
ਚਾਤ੍ਰਿਕ ਦੋਸ਼ ਨਾ ਕਿਸੇ ਦਾ ਰਤਾ ਜਿੰਨਾ, ਨਾਲ ਖਿੰਘਰਾਂ ਜਾਨ ਕੇ ਖਹਿਣ ਲਗੋਂ।
ਮੰਗਲਵਾਰ ਖਿਡਾਰ ਬਣ ਫਿਰੇਂ ਭੁਲਾ, ਨਾਲ ਬਾਲਕਾਂ ਜਦੋਂ ਪਿਆਰ ਪਾਯਾ।
ਖੇਡ ਖੇਡਣੀ ਭੁਲ ਗਈ ਨਾਮ ਵਾਲੀ, ਮਾਯਾ ਮੋਹ ਦਾ ਜਾਲ ਖਿਲਾਰ ਆਯਾ।
ਪੜ੍ਹੇ ਮਕਤਬੀਂ[1] ਅਲਫ, ਬੇ-ਜੀਮ, ਦਾਲ[2], ਕਦੇ ਭੁਲਕੇ ਨਾ ਏਕੰਕਾਰ ਪਾਯਾ।
ਜੇਹੜਾ ਪਾਲਦਾ ਪੋਸਦਾ ਖਲਕ ਤਾਂਈ, ਸੁਪਨੇ ਵਿਚ ਨਾ ਕਦੇ ਦੀਦਾਰ ਪਾਯਾ।
ਚਾਰ ਰੋਜ਼ ਪਰਾਹੁਣੇ ਵਾਂਗ ਰਹਿਣਾ, ਝੂਠਾ ਪਯਾਰ ਕਿਉਂ ਨਾਲ ਸੰਸਾਰ ਪਾਯਾ।
ਚਾਤ੍ਰਿਕ ਚਤਾਰੀ ਕੰਮ ਦਰਕਾਰ ਕੇਹੜੇ, ਜੇਕਰ ਵਸਲ ਨਾ ਯਾਰ ਦਿਲਦਾਰ ਪਾਯਾ।
ਬੁਧਵਾਰ ਬਣ ਬਣ ਬੁਧਵਾਨ ਡਾਢਾ, ਪਾ ਕੇ ਫਾਹੀਆਂ ਨੂੰ ਦੁਨੀਆਂਦਾਰ ਬਣਿਓਂ।
ਵਿਸ਼ੇ ਵਿਚ ਮਸਤਾਨ ਗਲਤਾਨ ਹੋਕੇ, ਰੰਨਾਂ ਡਾਢੀਆਂ ਦਾ ਤਾਬੇਦਾਰ ਬਣਿਓਂ।
ਲੋਕੀ ਲਭਦੇ ਰਸਾ ਪ੍ਰੇਮ ਵਾਲਾ, ਝੂਠੇ ਰਸਾਂ ਦਾ ਤੂੰ ਖਰੀਦਾਰ ਬਣਿਓਂ।
ਹੋਏ ਬਾਖਤਾ[3] ਹੋਸ਼ ਹਵਾਸ ਤੇਰੇ, ਜਦੋਂ ਕਾਮ ਦੇ ਤੀਰ ਸ਼ਿਕਾਰ ਬਣਿਓਂ।
ਸੰਤ ਦੇਣ ਦੁਹਾਈਆਂ ਖਲੇ ਸਿਰ ਤੇ, ਜਾਨ ਬੁਝ ਮਚਲਾ ਘੇਸ ਮਾਰ ਬਣਿਓਂ।
ਚਾਤ੍ਰਿਕ ਮੂਰਖਾ ਮਨ ਬੇਐਬ ਸੈਂ ਤੂੰ, ਹਥੀਂ ਆਪਣੀ ਕਿਉਂ ਗੁਨਾਹਗਾਰ ਬਣਿਓਂ।
ਵੀਰਵਾਰ ਪਰਵਾਰ ਘਰਬਾਰ ਅੰਦਰ, ਪੁਤਰ ਪੋਤਰੇ ਦੇਖੇਂ ਆਨੰਦ ਹੋਵੇਂ।
ਮਾਯਾ ਜੋੜ ਕੇ ਢੇਰ ਲਗਾ ਦਿਤੀ, ਦੁਨੀਆਂ ਠੱਗ ਕੇ ਬੜਾ ਖੁਰਸੰਦ[4] ਹੋਵੇਂ।
ਲੱਗੀ ਲਾਲਸਾ ਮਾਨ ਵਡਿਆਈਆਂ ਦੀ, ਰਾਜ਼ੀ ਬੜਾ ਖਿਲਾਰਕੇ ਫੰਧ ਹੋਵੇਂ।
ਜਦੋਂ ਰਬ ਦੇ ਰਾਹ ਕੋਈ ਆਣ ਮੰਗੇ, ਸੁੰਗੜ ਵਾਂਗ ਕੰਡੈਲੇ ਦੇ ਬੰਦ ਹੋਵੇਂ।
ਵੇਲੇ ਦੇਣ ਦੇ ਬਣੇਂ ਅੰਜਾਨ ਬੰਦੇ, ਐਪਰ ਲੈਣ ਵੇਲੇ ਅਕਲਮੰਦ ਹੋਵੇਂ।
ਚਾਤ੍ਰਿਕ ਉਮਰ ਦਾ ਰੈਹ ਗਿਆ ਇਕ ਹਿਸਾ, ਕਿਉਂ ਨਾ ਨਾਲ ਭਗਵਾਨ ਪੈਵੰਦ ਹੋਵੇਂ[5]।
ਸ਼ੁਕਰਵਾਰ ਬਲਕਾਰ ਦਾ ਨਾਸ ਹੋਇਆ, ਝੜੇ ਦੰਦ ਤੇ ਝਗੜੇ ਵਾਲ ਹੋ ਗਏ।
ਭੁਗੜੀ ਵਾਂਗ ਸਰੀਰ ਦਾ ਚੰਮ ਹੋਯਾ, ਉਠਣ ਬੈਠਣ ਤੇ ਤੁਰਨ ਮੁਹਾਲ ਹੋ ਗਏ।
ਕੰਨੀ ਸੁਣੇ ਨਾ ਅਖੀਓਂ ਨਜ਼ਰ ਆਵੇ, ਰੋਜ਼[6] ਜਿੰਦਗੀ ਕਟਨ ਵਬਾਲ[7] ਹੋ ਗਏ।
ਜਿਨ੍ਹਾਂ ਵਾਸਤੇ ਪਾਪ ਕਮਾਂਵਦਾ ਸੈਂ, ਓਹ ਹੁਣ ਟੈਹਲ ਤੋਂ ਤੰਗ ਕਮਾਲ ਹੋ ਗਏ।
ਬਾਬਾ ਮਰੇ ਤਾਂ ਨਾਲ ਅਰਾਮ ਰਹੀਏ, ਸੇਵਾ ਕਰਦਿਆਂ ਅਸੀਂ ਕੰਗਾਲ ਹੋ ਗਏ।
ਚਾਤ੍ਰਿਕ ਅਜੇ ਭਗਵਾਨ ਨਾ ਯਾਦ ਆਵੇ, ਪ੍ਰਾਣ ਸੁਖਾਂ ਨੂੰ ਤਰਸਦੇ ਕਾਲ ਹੋ ਗਏ।
ਸ਼ਨੀਵਾਰ ਆ ਕਾਲ ਦਾ ਢੋਲ ਵਜਾ, ਸੱਦਾ ਆ ਗਿਆ ਓਸ ਦਰਗਾਹ ਵਿਚੋਂ।
ਸਿਕਾਂ ਸਿਕਦੀ ਜਿੰਦ ਸੀ ਜ਼ਿੰਦਗੀ ਨੂੰ, ਢਾਹਕੇ ਢੇਰੀਆਂ ਨਿਕਲ ਗਏ ਸਾਹ ਵਿਚੋਂ।
ਪਛੋਤਾਂਵਦਾ ਹਾਏ ਜੇ ਖਬਰ ਹੁੰਦੀ, ਹਥੀਂ ਦੇਂਵਦਾ ਰਬ ਦੇ ਰਾਹ ਵਿਚੋਂ।
ਮਾਯਾ ਧਰੀ ਦੀ ਧਰੀ ਰੈਹ ਗਈ ਏਥੇ, ਨਾ ਛੁਡਾਂਵਦੀ ਜਮਾਂ ਦੇ ਫਾਹ ਵਿਚੋਂ।

1. ਸਕੂਲਾਂ ਵਿਚ। 2. ਫਾਰਸੀ, ਉਰਦੂ ਲਿਪੀ ਦੇ ਅੱਖਰ। 3. ਉਡ ਗਏ। 4. ਖੁਸ਼। 5. ਜੁੜਨਾ, ਪਿਉਂਦ ਹੋਣਾ। 6. ਦਿਨ। 7. ਦੁਖ।

ਤਲੀਆਂ ਮਲਦਿਆਂ ਜਿੰਦ ਪੈ ਗਈ ਰਾਹੇ, ਬੂਟੇ ਨਿਖੜੇ ਨਦੀ ਦੇ ਵਾਹ ਵਿਚੋਂ।
ਚਾਤ੍ਰਿਕ ਹੋਸ਼ ਕਰੇਂਦਿਆਂ ਭਲਾ ਕਰ ਲੈ, ਲਾਲ ਲੋੜ ਲੈ ਏਸ ਸਵਾਹ ਵਿਚੋਂ।

ਸਾਧਨਾ ਕਰਨਾ ਭਰਥਰੀ ਹਰੀ ਜੀ ਦਾ

ਲੈ ਕੇ ਸਿਖਿਆ ਗੁਰੂ ਜਤੇਂਦ੍ਰੀ ਤੋਂ, ਰਾਜਾ ਸਾਧਨਾ ਵਿਚ ਗਲਤਾਨ ਹੋਯਾ।
ਨੀਂਦ੍ਰ ਭੁਖ ਪਿਆਸ ਦੀ ਆਂਸ ਛਡੀ, ਮਸਤੀ ਜੋਗ ਦੇ ਵਿਚ ਮਸਤਾਨ ਹੋਯਾ।
ਸਾਰੇ ਭੁਲ ਕੇ ਮੈਹਲ ਚੁਬਾਰਿਆਂ ਨੂੰ, ਆਸਨ ਵਿਚ ਸ਼ਮਸ਼ਾਨ ਦੇ ਆਨ ਹੋਯਾ।
ਮੁਦਤ ਫੇਰ ਤਤਿਖਿਆ[1] ਵਿਚ ਲੰਘੀ, ਐਪਰ ਰਤਾ ਭੀ ਨਾ ਪਰੇਸ਼ਾਨ ਹੋਯਾ।
ਧਾਰ ਸਿਦਕ ਸਬੂਰੀਆਂ ਮੇਹਰ ਆਸਾ, ਬੀਜ ਬੀਜ ਕੇ ਵਾਂਗ ਕ੍ਰਿਸਾਨ ਹੋਯਾ।
ਆਸ ਛਡ ਸਾਰੀ ਝੂਠੀ ਬੰਦਿਆਂ ਦੀ, ਇਕੋ ਰਾਮ ਉਤੇ ਮਾਨ ਤਾਨ ਹੋਯਾ।
ਪਿਆ ਸ਼ਰਨ ਪਰਮਾਤਮਾ ਸਚੜ ਦੀ, ਉਸ ਦੇ ਨਾਮ ਤੋਂ ਜਾਨ ਕੁਰਬਾਨ ਹੋਯਾ।
ਸਾਧ ਸਾਧ ਕੇ ਸਾਧਨਾ ਜੋਗ ਵਾਲੀ, ਫੇਰ ਆਤਮ ਗਯਾਨ ਦਾ ਗਯਾਨ ਹੋਯਾ।
ਗਏ ਖੁਲ੍ਹ ਕਪਾਟ[2] ਨਿਹਾਲ ਹੋਇਆ, ਦਸਮ ਦਵਾਰ[3] ਦੇ ਵਿਚ ਧਯਾਨ ਹੋਯਾ।
ਚਾਤ੍ਰਿਕ ਸਾਫ ਹੋਯਾ ਸ਼ੀਸੇ ਵਾਂਗ ਬਾਤਨ[4] ਤੀਰਥ ਕਰਨ ਨੂੰ ਫੇਰ ਰਵਾਨ ਹੋਯਾ।

ਅਸੀਸ ਦੇਣਾ ਗੁਰੂ ਜਤੇਂਦ੍ਰੀ ਨਾਥ ਜੀ ਦਾ

ਕਹਿੰਦਾ ਨਾਥ ਜਤੇਂਦ੍ਰੀ ਬਚਿਆ ਓਏ, ਅੰਗ ਸੰਗ ਤੇਰੇ ਸਦਾ ਰਾਮ ਰਹੇਗਾ।
ਤੇਰੀ ਆਸ ਪੂਰੀ ਕੀਤੀ ਆਪ ਸ਼ਿਵਜੀ, ਸਦਾ ਆਤਮਾ ਵਿਚ ਅਰਾਮ ਰਹੇਗਾ।
ਜਾਕੇ ਤੀਰਥਾਂ ਤੇ ਦਰਸ਼ਨ ਕਰੋ ਬੇਟਾ, ਤੀਰਥ ਕੀਤਿਆਂ ਵਿਚ ਉਪਰਾਮ ਰਹੇਗਾ।
ਤੈਨੂੰ ਸ਼ਾਂਤੀ ਮਿਲੇਗੀ ਆਤਮਾ ਦੀ, ਬਿਨਾ ਰਾਮ ਨਾ ਹੋਰ ਕੁਝ ਕਾਮ ਰਹੇਗਾ।
ਜੀਆ ਜੁੜੇਗਾ ਨਾਲ ਪਰਮਾਤਮਾ ਦੇ, ਕੋਈ ਹੋਰ ਖਿਆਲ ਨਾ ਖਾਮ[5] ਰਹੇਗਾ।
ਪੂਰੇ ਗੁਰੂ ਦਿਆ ਪੂਰਿਆ ਭਾਂਡਿਆਂ ਓਏ, ਤੇਰਾ ਸਵਰਗ ਬੈਕੁੰਠ ਗੁਲਾਮ ਰਹੇਗਾ।
ਦਰਸ਼ਨ ਖਾਸ ਪ੍ਰਮਾਤਮਾ ਦੇਣ ਤੈਨੂੰ, ਠੰਢਾ ਠਾਰ ਹਿਰਦਾ ਸੁਬਾਹ ਸ਼ਾਮ ਰਹੇਗਾ।
ਚਾਤ੍ਰਿਕ ਆਤਮਾ ਮਿਲੇ ਪ੍ਰਮਾਤਮਾ ਨੂੰ, ਤੇ ਜਹਾਨ ਉਤੇ ਬਣਿਆ ਨਾਮ ਰਹੇਗਾ।

ਕਵੀਓ ਵਾਚ

ਚਲੇ ਤੀਰਥੀਂ ਭਰਥਰੀ ਰਾਜ ਜੋਗੀ, ਲੈਕੇ ਥਾਪਣਾ ਤੁਰਤ ਤਿਆਰ ਹੋਯਾ।
ਨਮਸਕਾਰ ਪ੍ਰਨਾਮ ਕਰ ਚਰਨ ਉਤੇ, ਮੁਖੋਂ ਗੁਰੂ ਦਾ ਜਸ ਉਚਾਰ ਹੋਯਾ।
ਕਹਿੰਦਾ ਗੁਰੂ ਜੀ ਕਰਾਂ ਕੀ ਸ਼ੁਕ੍ਰੀਆ ਮੈਂ, ਮੇਰੇ ਨਾਲ ਜੇੜ੍ਹਾ ਏਹ ਉਪਕਾਰ ਹੋਯਾ।

---

1. ਤਪ। 2. ਅਨੋਖੇ ਤੇ ਲੁਕੇ ਰਬੀ ਗਿਆਨ ਦੇ ਬੂਹੇ ਖੁਲ੍ਹਣੇ।
3. ਯੋਗੀਆਂ ਦੇ ਵਿਸ਼ਵਾਸ਼ ਅਨੁਸਾਰ ਸਰੀਰ ਦੇ ਨੌ ਦਰਵਾਜ਼ੇ (ਨਕ, ਕੰਨ, ਅੱਖਾਂ) ਤੋਂ ਉਪਰ ਸਿਰ ਵਿਚ ਇਕ ਹੋਰ ਦਰਵਾਜ਼ਾ ਭੀ ਹੈ ਜੋ ਗੁਪਤ ਹੈ ਤੇ ਯੋਗ ਮਾਰਗ ਦੀ ਸਾਧਨਾਂ ਨਾਲ ਖੁਲ੍ਹਦਾ ਹੈ ਅਤੇ ਉਥੇ ਅਨ ਹਤ ਸ਼ਬਦ ਸੁਣੀਂਦਾ
4. ਛੁਪਿਆ ਲੁਕਵਾਂ। 5. ਝੂਠਾ।

ਮੈਂ ਸਾ ਵਾਂਗ ਮਨੂਰ[1] ਦੇ ਸਖਤ ਪੱਥਰ, ਚਰਨੀਂ ਆਪ ਦੀ ਲਗ ਉਧਾਰ ਹੋਯਾ।
ਗੋਤੇ ਖਾਂਵਦਾ ਸਾਂ ਵਿਚ ਸਾਗਰਾਂ ਦੇ, ਮੇਹਰ[2] ਆਪ ਦੀ ਥੀਂ ਬੇੜਾ ਪਾਰ ਹੋਯਾ।
ਲਾਯਾ ਰਬ ਸਬਬ ਮੈਂ ਸ਼ਰਨ ਪਕੜੀ, ਰਾਮ ਨਾਮ ਦੇ ਨਾਲ ਪਿਆਰ ਹੋਯਾ।
ਟੁੱਟਾ ਮੋਹ ਸੰਸਾਰ ਦਾ ਦਿਲੇ ਵਿਚੋਂ, ਵਿਸ਼ੇ ਨੀਂਦ ਤੋਂ ਜਲਦ ਹੁਸ਼ਿਆਰ ਹੋਯਾ।
ਦਿਤਾ ਆਪ ਦਾ ਕਰਾਂ ਅਦਾ ਕੀਕਰ ? ਮੇਰਾ ਨਾਸ ਸਭ ਜ਼ੋਰ ਬਲਕਾਰ ਹੋਯਾ।
ਮੇਰੇ ਪਾਸ ਨਾ ਭੇਟ ਜੋ ਧਰਾਂ ਅਗੇ, ਮੇਰਾ ਜਾਨ ਤੇ ਮਾਲ ਨਿਸਾਰ ਹੋਯਾ।
ਬਖਸ਼ਨਹਾਰ ਹੋ ਤੁਸੀਂ ਦਾਤਾਰ ਸਚੇ, ਚਾਤ੍ਰਿਕ ਵਾਂਗ ਮੈਂ ਸ਼ੁਕਰ ਗੁਜ਼ਾਰ ਹੋਯਾ।

ਆਉਣਾ ਰਾਜਾ ਭਰਥਰੀ ਜੀ ਦਾ ਮੈਨਾਵੰਤੀ ਦੇ ਸ਼ਹਿਰ ਬੰਗਾਲ ਧਾਰਾ ਵਿਚ—ਕਵੀਓ ਵਾਚ

ਉਤਰੀ ਟਿੱਲਿਓਂ ਮਨਜ਼ਲਾ ਮਾਰੀਆਂ ਜਾਂ, ਪਹੁੰਚਾ ਆਣ ਕੇ ਦੇਸ ਬੰਗਾਲੜੇ ਜੀ।
ਧਾਰਾ ਨਗਰ ਦੇ ਜਦੋਂ ਨਜ਼ਦੀਕ ਆਯਾ, ਕਲਸ ਦਿਸਦੇ ਮੰਦਰਾਂ ਵਾਲੜੇ ਜੀ।
ਨਜ਼ਰ ਖਿਚਦਾ ਜਾਂਦਿਆਂ ਰਾਹੀਆਂ ਦੀ, ਉੱਚੇ ਮੈਹਲ ਭੀ ਦਿਸਦੇ ਨਾਲੜੇ ਜੀ।
ਏਹੋ ਮੁਲਕ ਤੇ ਸ਼ੈਹਰ ਸੀ ਭੈਣ ਵਾਲਾ, ਪੰਚਮ ਸੈਨ 1ਦੇ ਰਾਜ ਵਿਚਾਲੜੇ ਜੀ।
ਆਈ ਮੈਨਾਵੰਤੀ ਭੈਣ ਯਾਦ ਦਿਲ ਵਿਚ, ਛੋਟੇ ਹੁੰਦਿਆਂ ਜਿਸ ਨੇ ਪਾਲੜੇ ਜੀ।
ਮੋਹ ਆਂਦਰਾਂ, ਨਿਕਲਿਆਂ ਅਖੀਆਂ ਥੀਂ, ਮਾਰੇ ਖ਼ੂਨ ਨੇ ਜਦੋਂ ਉਛਾਲੜੇ ਜੀ।
ਆਈ ਮੌਜ ਫਕੀਰ ਦੀ ਚਲੋ ਨਗਰੀ, ਦੇਖ ਆਵੀਏ ਭੈਣ ਦੇ ਹਾਲੜੇ ਜੀ।
ਬਿਕ੍ਰਮਜੀਤ ਨੂੰ ਸੈਹਕਦਾ ਨਿਕਲਿਆ ਸਾਂ, ਏਹੋ ਭੈਣ ਹੀ ਮੁਖ ਵਿਖਾਲੜੇ ਜੀ।
ਜਾਂਦੀ ਵਾਰ ਦਰਸ਼ਣ ਪਰਸ਼ਨ ਦੇਖ ਲਈਏ, ਕਰੀਏ ਰਬ ਦੇ ਫੇਰ ਹਵਾਲੜੇ ਜੀ।
ਜੇਕਰ ਸੁਣੇਗੀ ਆਣਕੇ ਨਹੀਂ ਮਿਲਿਆ, ਰੋਂਦੀ ਦੁਖ ਨਾ ਹਿਜਰ ਦੇ ਜਾਲੜੇ ਜੀ।
ਮਤਾਂ ਫੇਰ ਹੋ ਬਾਵਲੀ ਚੜ੍ਹੇ ਲੱਭਣ, ਪਈ ਜੰਗਲੀਂ ਬਨੀਂ ਨਾ ਭਾਲੜੇ ਜੀ।
ਭੈਣਾਂ ਜਿਹਾ ਨਾ ਹੋਰ ਨੂੰ ਦੁਖ ਹੁੰਦਾ, ਠੰਢੇ ਹੋਣਗੇ ਜਿਗਰ ਤੇ ਛਾਲੜੇ ਜੀ।
ਮਨਸਾ ਮਿਲਣ ਦੀ ਧਾਰ ਕੇ ਜੀਉ ਅੰਦਰ, ਕਦਮ ਸ਼ੈਹਰ ਦੇ ਵਲ ਉਠਾਲੜੇ ਜੀ।
ਚਾਤ੍ਰਿਕ ਧੌਲਰਾਂ ਹੇਠ ਸਦਾ ਕੀਤੀ, ਜਿਗਰਾਂ ਮੁਠ ਦੇ ਵਿਚ ਸੰਭਾਲੜੇ ਜੀ।

ਸਦਾ ਕਰਨੀ ਜੋਗੀ ਭਰਥਰੀ ਹਰੀ ਜੀ ਨੇ

ਮੂੰਹੋਂ ਕਹੇ ਅਲਖ ਅਲਖ ਜੋਗੀ, ਸਦਾ ਜੀਉਂਦੇ ਜਾਗਦੇ ਲਾਲ ਹੋਵਨ।
ਵਸੇ ਨਗਰ ਖੇੜਾ ਗੁਰੂ ਨਾਨਕ ਮੇਹਰ ਰਖੇ, ਮਹਾਂ ਦੇਵ ਦੇ ਦਰੋਂ ਨਿਹਾਲ ਹੋਵਨ।
ਰਾਜਾ, ਰਾਣੀਆਂ, ਗੋਲੀਆਂ ਸੁਖੀ ਵਸਨ, ਸਾਰੇ ਦੁਖ ਕਲੇਸ਼ ਪਾਮਾਲ ਹੋਵਨ।
ਖੁਲ੍ਹਾ ਰਹੇ ਦਰਵਾਜੜਾ ਬਖਸ਼ਸ਼ਾਂ ਦਾ, ਅਤੇ ਬੂਹੇ ਤੇ ਖੇਡਦੇ ਬਾਲ ਹੋਵਨ।
ਆਵੇ ਤੋਟ ਨਾਂ ਕਦੇ ਖਜ਼ਾਨਿਆਂ ਨੂੰ, ਲੈ ਕੇ ਖੈਰ ਨਿਹਾਲ ਕੰਗਾਲ ਹੋਵਨ।

---
1. ਲੋਹੇ ਦਾ ਜੰਗਾਲ। 2. ਕ੍ਰਿਪਾ।

ਦੇਣਾ ਦਰਸ ਪਰਦੇਸੜੇ ਚਾਤ੍ਰਿਕ ਨੂੰ, ਪੂਰੇ ਫਕਰ ਦੇ ਝੱਬ ਸਵਾਲ ਹੋਵਨ।
ਬਾਹਰੋਂ ਸਦਾ ਦਰਵੇਸ਼ ਦੀ ਗਈ ਅੰਦਰ, ਮੈਨਾਵੰਤੀ ਨੇ ਕਿਹਾ ਪੁਕਾਰ ਕੇ ਤੇ।
ਜਾਹ ਨੀ ਬਾਂਦੀਏ ਖੈਰ ਪਾ ਮੰਗਤੇ ਨੂੰ, ਬਹੁਤਾ ਤੰਗ ਨਾ ਕਰੀਂ ਖਲ੍ਹਾਰ ਕੇ ਤੇ।
ਭਰਕੇ ਥਾਲ ਅਨਾਜ ਦਾ ਬਾਹਰ ਆਈ, ਕਹਿੰਦੀ ਅਗਾਂਹ ਨੂੰ ਹਥ ਉਲਾਰ ਕੇ ਤੇ।
ਮੱਥਾ ਟੇਕਿਆ ਸੀਸ ਨਿਵਾਇਆ ਸੂ, ਮੁਖੋਂ ਬੇਨਤੀ ਕਰੇ ਉਚਾਰ ਕੇ ਤੇ।
ਹੋ ਕੇ ਖੁਸ਼ੀ ਅਸੀਸ ਇਹ ਦੇਹੁ ਬਾਬਾ, ਗੋਦੀ ਬਾਲ ਖੇਡੇ ਜਨਮ ਧਾਰ ਕੇ ਤੇ।
ਚਾਤ੍ਰਿਕ ਤੁਸੀਂ ਫਕੀਰ ਹੋ ਪਹੁੰਚ ਵਾਲੇ, ਬੇੜਾ ਪਾਰ ਕਰਨਾ ਸੀਨਾ ਠਾਰ ਕੇ ਤੇ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਲੈਹਰ ਬੈਹਰ ਹੋਵੇ ਬੇੜਾ ਪਾਰ ਹੋਵੇ, ਮੂੰਹੋਂ ਮੰਗੀ ਮੁਰਾਦ ਭਗਵਾਨ ਦੇਵੇ।
ਸਣੇ ਰਾਣੀਆਂ ਜੀਉਂਦੀ ਰਹੇ ਬਾਂਦੀ ਰਬ ਸੁਖਾਂ ਦਾ ਸਭ ਸਾਮਾਨ ਦੇਵੇ।
ਸਾਨੂੰ ਇਛਿਆ ਮੈਨਾਂ ਦੇ ਮਿਲਣ ਦੀ ਏ, ਜਾਕੇ ਆਖ ਉਸਨੂੰ ਦਰਸ਼ਨ ਆਨ ਦੇਵੇ।
ਆਵੇ ਆਪ ਤੇ ਖੁਸ਼ੀ ਲਏ ਫਕਰ ਪਾਸੋਂ, ਚਾਤ੍ਰਿਕ ਸਾਧ ਨੂੰ ਦਰਸ ਦਾ ਦਾਨ ਦੇਵੇ।

ਜਵਾਬ ਬਾਂਦੀ

ਤੁਸਾਂ ਖੈਰ ਲੈਣਾ ਯਾ ਕੋਈ ਵੈਰ ਲੈਣਾ, ਅਤੇ ਜ਼ਿੰਦਗੀ ਤੋਂ ਅਵਾਜ਼ਾਰ ਬਾਵਾ।
ਤੁਸੀਂ ਜਾਣਦੇ ਨਹੀਂ ਇਹ ਮੈਹਲ ਕਿਸ ਦਾ ? ਫਟਕੇ ਚਿੜੀ ਨਾ ਜਿਸ ਦੇ ਦਵਾਰ ਬਾਵਾ।
ਪੈਹਰੇਦਾਰ ਦੁਆਰ ਤੇ ਰਹਿਣ ਖਲੇ, ਨੰਗੀ ਪਕੜ ਕੇ ਸਦਾ ਤਲਵਾਰ ਬਾਵਾ।
ਪਦਮ ਸੈਨ ਮਹਾਰਾਜ ਦੀ ਰਾਣੀਆਂ ਦਾ, ਬਾਹਰ ਆਵਣਾ ਬੜਾ ਦੁਸ਼ਵਾਰ[1] ਬਾਵਾ।
ਰਾਣੀ ਮੈਨਾਵੰਤੀ ਜੋਬਨ ਰੂਪ ਮਤੀ, ਕੀਕਰ ਬਾਹਰ ਆਵੇ ਪਰਦੇਦਾਰ ਬਾਵਾ।
ਪੰਛੀ ਡਿਗਦੇ ਦੇਖ ਕੇ ਰੂਪ ਉਸ ਦਾ, ਪਦਮ ਸੈਨ ਹੋ ਰਿਹਾ ਨਸਾਰ ਬਾਵਾ।
ਹੁਣੇ ਸੁਣੇ ਜੇ ਗਲ ਓਹ ਇਸ ਤਰ੍ਹਾਂ ਦੀ, ਲਾਲੋ ਲਾਲ ਹੋਵੇ ਗੁੱਸਾ ਧਾਰ ਬਾਵਾ।
ਤੀਰੀ ਲੇਖ ਕਰਾ ਦਏ ਮੰਗਤੇ ਦਾ, ਟੁਕੜੇ ਮੁਝ ਦੇ ਕਰੇ ਹਜ਼ਾਰ ਬਾਵਾ।
ਐਸੀ ਗਲ ਦਾ ਫੇਰ ਨਾ ਨਾਮ ਲੈਣਾ, ਲੈ ਕੇ ਭਿਛਿਆ ਜਾਓ ਸਿਧਾਰ ਬਾਵਾ।
ਚਾਤ੍ਰਿਕ ਸਾਧ ਨੂੰ ਲਗਨ ਕੀ ਦੇਖਣੇ ਦੀ, ਮਾਉਂ ਸਮਝਨੀ ਚਾਹੀਦੇ ਨਾਰ ਬਾਵਾ।*

ਜਵਾਬ ਜੋਗੀ ਰਾਜਾ ਭਰਥਰੀ ਹਰੀ ਜੀ

ਚੇਲੇ ਅਸੀਂ ਜਤੇਂਦ੍ਰੀ ਨਾਥ ਦੇ ਹਾਂ, ਸਾਨੂੰ ਵਿਸ਼ੇ ਦੀ ਨਹੀਂ ਹੈ ਚਾਹ ਬਾਂਦੀ।
ਐਸਾ ਵੈਹਮ ਕਿਉਂ ਪਾਯੋ ਜੀਉ ਅੰਦਰ ? ਕਰੇਂ ਫਕਰ ਦਾ ਨਹੀਂ ਵਿਸਾਹ ਬਾਂਦੀ।
ਮਲ ਕੇ ਅਖੀਆਂ ਦੇਖੀਉ ਇਕ ਰਾਣੀ, ਰਹੀਓਂ ਫਕਰ ਨੂੰ ਘਰੋਂ, ਤਰਾਹ ਬਾਂਦੀ।

---

* ਮਨ ਮੰਨਦਾ ਨਹੀਂ ਕਿ ਮੁਸਲਮਾਨੀ ਰਾਜ ਤੋਂ ਪਹਿਲਾਂ, ਪੁਰਾਤਨ ਕਾਲ ਵਿਚ ਇੰਨਾ ਪਰਦਾ ਹੋਵੇ ਤੇ ਉਹ ਵੀ ਸੰਤਾਂ ਤੋਂ।
1. ਔਖਾ।

ਅਸੀਂ ਰਾਜ ਨੂੰ ਛਡ ਫਕੀਰ ਹੋਏ, ਕਰਕੇ ਤਿੰਨ ਸੌ ਸਠ ਵਿਆਹ ਬਾਂਦੀ।
ਮੁਖ ਮੋੜਿਆ ਝੂਠੀਆਂ ਰਗਬਤਾਂ[1] ਤੋਂ ਗਲੋਂ ਸਭ ਪੰਜਾਲੀਆਂ ਲਾਹ ਬਾਂਦੀ।
ਜੇਕਰ ਭੁਖ ਹੁੰਦੀ ਨਾਰਾਂ ਦੇਖਣੇ ਦੀ, ਕਾਹਨੂੰ ਪਾਂਵਦੇ ਸਿਰ ਸੁਆਹ ਬਾਂਦੀ ।
ਪਦਮ ਸੈਨ ਕੀ ਮਾਰਨਾ ਮੁਰਦਿਆਂ ਨੂੰ, ਜੇਹੜੇ ਤੁਰੇ ਭਗਵੰਤ ਦੇ ਰਾਹ ਬਾਂਦੀ ।
ਮੋਯਾ ਮਨ ਸਰੀਰ ਭੀ ਨਾਲ ਮੋਯਾ, ਜੀਉਂਦੇ ਨਾਲ ਕੀ ਮੋਯਾਂ ਦੀ ਵਾਹ ਬਾਂਦੀ ।
ਜੇਹੜੇ ਮਰਨ ਸੰਸਾਰ ਤੋਂ ਜੀਉਂਦਿਆਂ ਹੀ, ਗੰਢੇ ਜਾਂਵਦੇ ਵਿਚ ਦਰਗਾਹ ਬਾਂਦੀ ।
ਏਧਰ ਮਰੇ ਤੇ ਓਧਰੋਂ ਸਦਾ ਜੀਵਨ, ਰਖਣ ਕਿਸੇ ਦੀ ਨਹੀਂ ਪ੍ਰਵਾਹ ਬਾਂਦੀ ।
ਜੇਹੜਾ ਮਾਰਦਾ ਫਕਰ ਨਿਮਾਣਿਆਂ ਨੂੰ, ਉਹ ਨੂੰ ਆਪ ਭੀ ਲਗਦੀ ਢਾਹ ਬਾਂਦੀ।
ਜੇਹੜਾ ਸਾੜਦਾ ਕਿਸੇ ਨੂੰ ਤਾਉਂ ਦੇ ਕੇ, ਲਗੇ ਓਸ ਨੂੰ ਉਲਟ ਕੇ ਭਾਹ[2] ਬਾਂਦੀ।
ਆਖ ਸੁਆਮਨੀ ਨੂੰ ਆਕੇ ਦਰਸ ਦੇਵੇ, ਝੱਬ ਦੌੜ ਕੇ ਮੈਹਲ ਨੂੰ ਜਾਹ ਬਾਂਦੀ।
ਫਕਰ ਵਾਸਤੇ ਮਾਉਂ ਤੇ ਭੈਣ ਸਭ, ਪਰਦਾ ਫਕਰ ਤੋਂ ਕਰਨ ਮਨਾਹ ਬਾਂਦੀ।
ਫਕਰ ਤਰਸ ਨੂੰ ਆਯਾ ਚਲ ਦੂਰੋਂ, ਪੱਥਰ ਪਈ ਨਾ ਅਗਿਓਂ ਡਾਹ ਬਾਂਦੀ।
ਚਾਤ੍ਰਿਕ ਆਖ ਬੇ-ਧੜਕ ਹੋ ਜਾਹ ਅੰਦਰ, ਕੋਈ ਖੌਫ ਨਾ ਜੀਉ ਵਿਚ ਖਾਹ ਬਾਂਦੀ।

ਜਵਾਬ ਬਾਂਦੀ

ਤੂੰ ਅਤੀਤ ਫਕੀਰ ਬੇ-ਗਰਜ਼ ਜੇਕਰ, ਰਾਜ ਛਡ ਕੇ ਮਲੀ ਜੇ ਖਾਕ ਜੋਗੀ।
ਮਤਲਬ ਪਿਆ ਕੀ ਤੁਧ ਦਾ ਨਾਲ ਸਾਫੇ, ਛਡੀ ਘਰਾਂ ਦੀ ਅਜੇ ਨਾ ਝਾਕ ਜੋਗੀ।
ਦੁਨੀਆਂ ਛਡਕੇ ਹੋਏ ਬੇਦਖਲ ਜੇ ਕਰ, ਕਾਹਨੂੰ ਤਕਦੇ ਮੁਫਤ ਦੇ ਤਾਕ[3] ਜੋਗੀ।
ਬੂਹੇ ਬੰਦ ਕੀਤੇ ਜੇਕਰ ਜਗਤ ਗਲੋਂ, ਕਾਹਨੂੰ ਆਣ ਖੜਕਾਂਵਦੇ ਤਾਕ[4] ਜੋਗੀ।
ਰਾਣੀ ਤਿੰਨ ਸੈ ਸੱਠ ਵਿਆਹ ਛਡੀ, ਦਿਲੋਂ ਅਜੇ ਨਾ ਗਿਆ ਤਪਾਕ[5] ਜੋਗੀ।
ਦਰਸ਼ਨ ਰਾਣੀਆਂ ਦੀ ਅਜੇ ਹਿਰਸ ਬਾਕੀ, ਸਦ ਮਾਰ ਬੁਲਾਂਵਦਾ ਹਾਕ ਜੋਗੀ।
ਬਣਕੇ ਹੁਸਨ-ਪ੍ਰਸਤ[6] ਤੂੰ ਫਿਰੇਂ ਭੌਂਦਾ, ਹੋਕੇ ਬੜਾ ਗੁਸਤਾਖ ਬੇਬਾਕ ਜੋਗੀ।
ਕਾਹਨੂੰ ਆਣ ਕੇ ਖਲਾ ਦਵਾਰਿਆਂ ਤੇ, ਕਿਸ ਨੇ ਸਦਿਆ ਘਲਕੇ ਡਾਕ ਜੋਗੀ।
ਝਾਤ ਮਾਰਦੇ ਨਹੀਂ ਪਰਾਈਆਂ ਤੇ, ਜੇਹੜੇ ਹੋਣ ਬੰਦੇ ਨੇਕ ਪਾਕ ਜੋਗੀ।
ਸਾਧੂ ਅਸਲ ਦੇ ਸਾਧ ਦੇ, ਆਤਮਾ ਨੂੰ, ਨੀਵੀਂ ਨਜ਼ਰ ਤੇ ਮਿਠੜੇ ਵਾਕ ਜੋਗੀ।
ਤੂੰ ਤਾਂ ਆਂਵਦਾ ਨਜ਼ਰ ਮਲੰਗ ਮੈਨੂੰ, ਕਿਸੇ ਰੰਨ ਦਾ ਫੱਟਿਆ ਚਾਕ ਜੋਗੀ।
ਘਰੀਂ ਆਣ ਕੇ ਛੇੜਦਾ ਔਰਤਾਂ ਨੂੰ, ਤੂੰ ਹੈਂ ਬੜਾ ਮਕਾਰ ਚਲਾਕ ਜੋਗੀ।
ਘੜੀ ਮੁੜੀ ਤੂੰ ਆਖਨੈਂ ਗਲ ਏਹੋ, ਕੇਹੜਾ ਏਸ ਦੇ ਨਾਲ ਹੈ ਸਾਕ ਜੋਗੀ।
ਕੇਹੜਾ ਰਾਣੀਆਂ ਨਾਲ ਹੈ ਕੰਮ ਤੇਰਾ, ਐਂਵੇਂ ਲਗਨਾ ਏਂ ਪਿਆ ਢਾਕ ਜੋਗੀ।
ਉਨ੍ਹਾਂ ਲੋੜ ਕੀ ਕਰਨ ਦੀ ਦੀਦਬਾਜ਼ੀ,[7] ਦਿਤਾ ਜਗਤ ਨੂੰ ਜਿਨ੍ਹਾਂ ਤਲਾਕ[8] ਜੋਗੀ।
ਲੇਖੇ ਨਵੇਂ ਕਿਉਂ ਚਾਤ੍ਰਿਕਾ ਤਰਨਾ ਏਂ, ਕਰਕੇ ਕੁੱਲ ਹਿਸਾਬ ਬੇਬਾਕ[9] ਜੋਗੀ।

---
1. ਪ੍ਰੀਤਾਂ, ਲਗਾਉ। 2. ਅੰਗ। 3. ਤਕਣੀ, ਦ੍ਰਿਸ਼। 4. ਬੂਹੇ। 5. ਸ਼ੌਕ, ਗਰਮ ਜੋਸ਼ੀ।
6. ਸੁੰਦਰਤਾ ਦਾ ਪੁਜਾਰੀ। 7. ਵੇਂਹਦੇ ਫਿਰਨ ਦੀ ਖੇਡ। 8. ਛਡਣਾ। 9. ਸਾਫ।

ਜਵਾਬ ਜੋਗੀ ਰਾਜ ਭਰਥਰੀ ਹਰੀ ਜੀ

ਮੈਂ ਤਾਂ ਚਾਹ ਕੇ ਆਯਾ ਮਿਲਣ ਖਾਤਰ, ਤੇਰਾ ਕੰਬ ਕਿਉਂ ਗਿਆ ਸਰੀਰ ਬਾਂਦੀ।
ਮੰਗੀ ਭਿਛਿਆ ਨਾ ਮੈਹਲ ਮਾੜੀਆਂ ਦੀ, ਤੈਨੂੰ ਪਈ ਕਿਉਂ ਮੁਫਤ ਦੀ ਪੀੜ ਬਾਂਦੀ।
ਤੈਨੂੰ, ਆਖਿੰਆ ਦੇਹ ਪੈਗਾਮ ਜਾਕੇ, ਦਰਸ਼ਨ ਮੰਗਦਾ ਬਾਹਰ ਫਕੀਰ ਬਾਂਦੀ।
ਬਹੁਤੀ ਲੋੜ ਕੀ ਬੈਹਸ ਮੁਬਾਹਸੇ ਦੀ, ਜਾਕੇ ਕਹਿੰਦੀਓਂ ਨਾਲ ਖਲੀਰ ਬਾਂਦੀ।
ਸਦੇ ਆਏ ਤੇ ਘਲ਼ਿਆਂ ਉਠ ਜਾਣਾ, ਨੌਕਰ ਬਣਨ ਨਾ ਮੁਨਕਰ ਨਕੀਰ[1] ਬਾਂਦੀ।
ਸਿੜਾ ਬੰਨ੍ਹ ਖਲੋਤੀਓਂ ਨਾਲ ਮੇਰੇ, ਕੀਤੀ ਨਹੀਂ ਮੈਂ ਕੋਈ ਤਕਸੀਰ[2] ਬਾਂਦੀ।
ਨਾ ਮੈਂ ਚਾਹ ਨਾ ਝਾਕ ਹੈ ਦੇਖਣੇ ਦੀ, ਨਾ ਬੇਬਾਕ ਹੋ ਮਾਰਿਆ ਤੀਰ ਬਾਂਦੀ।
ਮੇਰੀ ਸਾਕ ਹੈ ਸਾਂਝੜਾ ਖੂਨ ਸਾਡਾ, ਓਹ ਹੈ ਭੈਣ ਮੈਂ ਓਸ ਦਾ ਵੀਰ ਬਾਂਦੀ।
ਜਾਈ ਮਾਉਂ ਦੀ ਮੈਨਾ ਹਮਸ਼ੀਰ[3] ਮੇਰੀ, ਇਕੋ ਛਾਤੀਓਂ ਚੁੰਘਯਾ ਸ਼ੀਰ[4] ਬਾਂਦੀ।
ਏਥੋਂ ਲੰਘਯਾ ਜਾਗਯਾ ਮੋਹ ਦਿਲ ਵਿਚ, ਆਖੋਂ ਵਗਯਾ ਪਯਾਰ ਦਾ ਨੀਰ ਬਾਂਦੀ।
ਉਠੀ ਚਾਹ ਅਚਾਹ ਦੇ ਜੀਵ ਅੰਦਰ, ਮੁੜਕੇ ਆਵਣਾ ਨਾਲ਼ ਤਕਦੀਰ ਬਾਂਦੀ।
ਨਦੀ ਨਾਮ ਸੰਜੋਗ ਦਾ ਮੇਲ ਹੁੰਦਾ, ਦਰਸ਼ਨ ਭੈਣ ਦਾ ਕਰਾਂ ਅਖੀਰ ਬਾਂਦੀ।
ਇਕੋ ਆਂਦਰਾਂ ਸਾਡੀਆਂ ਪਲੇ ਕਠੇ, ਜ਼ਰਾ ਦੇਖਣੀ ਅਸਾਂ ਤਸਵੀਰ ਬਾਂਦੀ।
ਚਾਤ੍ਰਿਕ ਦੌੜ ਪਹੁੰਚਾਂ ਪੈਗਾਮ ਜਾ ਕੇ, ਜਾਵੇ ਫੇਰ ਫਕੀਰ ਦਿਲਗੀਰ[5] ਬਾਂਦੀ।

ਜਵਾਬ ਬਾਂਦੀ

ਨਵਾਂ ਹੋਰ ਕੀ ਫੰਧ ਖਿਲਾਰਿਓ ਈ, ਕਰੇਂ ਕਾਸ ਨੂੰ ਪਿਆ ਪਖੰਡ ਸਾਧਾ ?
ਤੇਰੀ ਇਸ ਤਰ੍ਹਾਂ ਦਾਲ ਨਾ ਗਲੇ ਏਥੇ, ਕਾਹਨੂੰ ਮੁਫਤ ਦੀ ਪਾਇਓ ਡੰਡ ਸਾਧਾ।
ਓਹ ਤਾਂ ਰਾਣੀ ਹੈ ਦੇਸ ਬੰਗਾਲੜੇ ਦੀ, ਕੇਹੜੇ ਰਾਜ ਦਾ ਕਰੇਂ ਘੁਮੰਡ ਸਾਧਾ ?
ਆਇਓਂ ਵੀਰ ਬਣਨੇ ਮੈਨਾਵੰਤੜੀ ਦਾ, ਰੋਡ ਭੋਡ ਬਨਾਇ ਕੇ ਟਿਡ ਸਾਧਾ।
ਕਾਹਨੂੰ ਕਰੇਂ ਬਦਨਾਮ ਨਿਮਾਨੜੀ ਨੂੰ, ਪਿਆ ਮੁਫਤ ਦੇ ਵਿਚ ਨਾ ਭੰਡ ਸਾਧਾ।
ਓਹ ਹੈ ਰਾਜ ਰਾਣੀ ਤੂੰ ਕੰਗਾਲ ਸ਼ੋਹਦਾ, ਚੰਦਨ ਨਾਲ ਰਲੇ[6] ਕੀਕਰ ਜੰਡ ਸਾਧਾ।
ਜਫੇ ਮਾਰ ਨਾ ਪਿਆ ਸਤੀਰੀਆਂ ਨੂੰ, ਗਾਂਢੇ ਸਾਂਵਿਆ ਨਾਲ ਜਾ ਗੰਢ ਸਾਧਾ।
ਓਹਨੂੰ ਭੈਣ ਬਣਾਨ ਦੀ ਲਾਫ[7] ਮਾਰੇਂ, ਸਿਰ ਤੇ ਚੁਕਕੇ ਪਾਪ ਦੀ ਪੰਡ ਸਾਧਾ।
ਓਹ ਦੇ ਵੀਰ ਬਲਬੀਰ ਪ੍ਰਤਾਪ ਵਾਲੇ, ਮਸ਼ਹੂਰ ਨੇ ਵਿਚ ਬ੍ਰਹਿਮੰਡ ਸਾਧਾ।
ਇਕ ਭਰਥਰੀ ਦੂਸਰਾ ਬਿਕ੍ਰਮੀ ਹੈ, ਦੋਵੇਂ ਕਰ ਰਹੇ ਰਾਜ ਅਖੰਡ ਸਾਧਾ।
ਇਕ ਉਜੈਨ ਤੇ ਵਡਾ ਆਸਾਮ ਅੰਦਰ, ਬੈਠੇ ਸਾਂਭਦੇ ਪ੍ਰਿਥਵੀ ਖੰਡ ਸਾਧਾ।
ਤੀਜਾ ਹੋਰ ਭਰਾ ਨਾ ਓਸ ਦਾ ਹੈ, ਕੀਕਰ ਮੰਨੀਏ ਅਸੀਂ ਏਹ ਫੰਧ ਸਾਧਾ।
ਓਹ ਨੇ ਰਾਜ ਰਾਜੇ ਮਹਾਰਾਜ ਵਡੇ, ਤੇਰੇ ਵਾਂਗ ਨਾ ਉਜੜੇ ਲੰਡ ਸਾਧਾ।

---

1. ਦੋ ਫਰਿਸ਼ਤੇ, ਹਿੰਦੂਆਂ ਵਿਚ ਮੰਨੇ ਚਿਤ੍ਰ ਗੁਪਤ ਵਾਂਗ, ਜੋ ਮਨੁਖ ਦੀਆਂ ਕਰਤੂਤਾਂ ਦਾ ਲੇਖਾ ਰਖਦੇ ਹਨ।
2. ਗਲਤੀ। 3. ਜਿਨ੍ਹਾਂ ਇਕੋ ਥਾਂ ਤੋਂ ਦੁਧ ਪੀਤਾ, ਭੈਣ ਭਰਾ। 4. ਦੁਧ। 5. ਉਦਾਸ। 6. ਦਿਖਾਵਾ।
7. ਸਾਰੀ।

ਦਰ ਦਰ ਮੰਗਦੇ ਭਿਛਿਆ ਨਹੀਂ ਫਿਰਦੇ, ਖਾਂਦੇ ਆਪ ਹਜਾਰ ਨੂੰ ਵੰਡ ਸਾਧਾ।
ਲੈ ਕੇ ਖੈਰ ਤੂੰ ਜਾਹ ਅਗਾਂਹ ਹੋ ਜਾ, ਨਾ ਦਿਖਾਲ ਏਹ ਪਟ ਤੇ ਡੰਡ ਸਾਧਾ।
ਕੋਈ ਸੁਣੇਗਾ ਕਰੇਗਾ ਬੁਰੀ ਚਾਤ੍ਰਿਕ, ਕਿਤੇ ਜਾਈਂ ਨਾ ਖਾਇ ਕੇ ਫੰਡ ਸਾਧਾ।

ਜਵਾਬ ਜੋਗੀ ਰਾਜ ਭਰਥਰੀ ਹਰੀ ਜੀ

ਐਵੇਂ ਵਾਧੀਆਂ ਘਾਟੀਆਂ ਕਰੇ ਕਾਹਨੂੰ ? ਮੇਰਾ ਜਾਹ ਪਹੁੰਚਾ ਪੈਗਾਮ ਗੋਲੀ।
ਖਾਹਸ਼ ਨਹੀਂ ਮੈਂ ਰਖਦਾ ਭਿਛਿਆ ਦੀ, ਕਰਨਾ ਭੈਣ ਨੂੰ ਸਿਰਫ ਪ੍ਰਨਾਮ ਗੋਲੀ।
ਆਖ ਭਰਥਰੀ ਰਾਜ ਫਕੀਰ ਹੋਇਆ, ਕਰਕੇ ਸਭ ਆਰਾਮ ਹਰਾਮ ਗੋਲੀ।
ਓਹੋ ਭਰਥਰੀ ਹਾਂ ਜਿਹਦੀ ਭੈਣ ਮੈਨਾਂ, ਜਿਹਨੂੰ ਜਾਣਦੀ ਖਲਕ ਤਮਾਮ[1] ਗੋਲੀ।
ਮੇਰਾ ਵੀਰ ਹੈ, ਬਿਕ੍ਰਮਾਜੀਤ ਰਾਜਾ, ਕਰੇ ਹਾਕਮੀ ਵਿਚ ਆਸਾਮ ਗੋਲੀ।
ਜੇਕਰ ਨਹੀਂ ਪਤੀਜਦੀ ਕਿਸੇ ਗਲੇ, ਮੇਰਾ ਦਸ ਦੇ ਜਾਇ ਕੇ ਨਾਮ ਗੋਲੀ।
ਕੀਤਾ ਵਕਤ ਖਰਾਬ ਤੂੰ ਢੇਰ ਸਾਰਾ, ਉਤੋਂ ਪੈਂਦੀ ਏ ਸਾਧ ਨੂੰ ਸ਼ਾਮ ਗੋਲੀ।
ਚਾਤ੍ਰਿਕ ਫਕਰ ਨਾ ਠੈਹਰਦੇ ਇਕ ਜਗਾ, ਘੜੀਆਂ ਪਲਾਂ ਦਾ ਕਰਨ ਕਯਾਮ[2] ਗੋਲੀ।

ਗੋਲੀ ਦਾ ਸੁਣ ਕਰ ਬੇਹੋਸ਼ ਹੋ ਜਾਣਾ

ਜਦੋਂ ਸੁਣੀ ਅਵਾਜ਼ ਏਹ ਗੋਲੜੀ ਨੇ, ਰਾਜਾ ਭਰਥਰੀ ਰਾਜ ਫਕੀਰ ਹੋਯਾ।
ਥਰ ਥਰ ਕੰਬਕੇ ਰੋਂਗਟੇ ਖੜੇ ਹੋ ਗਏ, ਮਿੱਟੀ ਵਾਂਗ ਬੇਜਾਨ ਸਰੀਰ ਹੋਯਾ।
ਨੀਵੀਂ ਨਜ਼ਰ ਸ਼ਰਮਿੰਦਗੀ ਨਾਲ ਹੋਈ, ਨਾਲੇ ਅਖੀਆਂ ਤੋਂ ਜਾਰੀ ਨੀਰ ਹੋਯਾ।
ਪਰੇਸ਼ਾਨ ਹੈਰਾਨ ਹੋ ਪਈ ਸੋਚੀਂ, ਸਚ ਮੁਚ ਜੇ ਮੈਨਾਂ ਦਾ ਵੀਰ ਹੋਯਾ।
ਤਾਂ ਕਹਰ ਹੋਯਾ ਮੈਨਾਂ ਨਾਲ ਭਾਰਾ, ਵਿੰਨ੍ਹ ਪਾਰ ਕਲੇਜਿਓਂ ਤੀਰ ਹੋਯਾ।
ਦਸੇ ਪਤੇ ਨਿਸ਼ਾਨੀਆਂ ਸਚੀਆਂ ਇਹ, ਮੇਰਾ ਸੁਣਦਿਆਂ ਜੀਉ ਦਿਲਗੀਰ[3] ਹੋਯਾ।
ਕੇਹੜੇ ਮੁਖ ਦੇ ਨਾਲ ਮੈਂ ਜਾ ਆਖਾਂ, ਤੇਰਾ ਵੀਰ ਫਕੀਰ ਜ਼ਹੀਰ[4] ਹੋਯਾ।
ਮੇਰੀ ਜਾਨ ਦੀ ਨਹੀਂ ਅਮਾਨ[5] ਦਿਸਦੀ, ਖੂਨ ਦਿਸਦਾ ਨਾਲ ਸਮਸ਼ੀਰ ਹੋਯਾ।
ਏਹ ਸੋਚਦੀ ਟੁਰ ਗਈ ਮੈਹਲ ਅੰਦਰ, ਚੇਹਰਾ ਗਮਾਂ ਦੇ ਨਾਲ ਗਮਗੀਰ[6] ਹੋਯਾ।
ਜਾਕੇ ਸਾਹਮਣੇ ਮੈਨਾਂ ਦੇ ਗਸ਼ ਖਾਧੀ, ਚਾਤ੍ਰਿਕ ਵਾਂਗ ਸਰੀਰ ਤਸਵੀਰ ਹੋਯਾ।

ਰਾਣੀ ਮੈਨਾਵੰਤੀ ਦਾ ਪੁਛਣਾ

ਰਾਣੀ ਆਖਿਆ ਲਖਲਖਾਂ[7] ਪਕੜੀਓ ਨੀ, ਹੁੰਦੀ ਜਾਂਦੀ ਏ ਪਈ ਬੇਜਾਨ ਬਾਂਦੀ।
ਝੱਬ ਦੌੜ ਸੁੰਘਾਇਆ ਲਖਲਖਾ ਜਾਂ, ਆਈ ਜਾਨ ਦੇ ਵਿਚ ਤਾਂ ਜਾਨ ਬਾਂਦੀ।
ਰਾਣੀ ਪੁਛਦੀ ਵਰਤਿਆ ਤੁਧ ਤੇ ਕੀ ? ਦਿਸੇਂ ਬੜੀ ਗਮਗੀਨ ਹੈਰਾਨ ਬਾਂਦੀ।

---

1. ਸਾਰੀ। 2. ਟਿਕਾਣਾ। 3. ਉਦਾਸ। 4. ਦੁਖੀ। 5. ਸੁਖ, ਬਚਾਅ। 6. ਸ਼ੋਕਾਤੁਰ।
7. ਬੇਹੋਸ਼ੀ ਹਟਾਉਣ ਲਈ ਵਰਤੀ ਜਾਂਦੀ ਕੋਈ ਸੁਗੰਧਿਤ ਦਵਾਈ।

ਤੂੰ ਤਾਂ ਗਈ ਸੈਂ ਭਿਖਿਆ ਪਾਵਣੇ ਨੂੰ, ਐਪਰ ਥਾਲ ਹੈ ਅਮਨ ਅਮਾਨ ਬਾਂਦੀ।
ਕੀਹ ਤੂੰ ਸਾਧ ਨੂੰ ਵੇਖਕੇ ਖੌਫ ਖਾਧਾ ? ਤੇਰੇ ਕੰਬਦੇ ਹੈਨ ਪ੍ਰਾਨ ਬਾਂਦੀ।
ਯਾ ਕੇ ਦੇਖ ਕੇ ਮਸਤ ਮਸਤਾਨੜੇ ਨੂੰ, ਤੇਰਾ ਡੋਲਿਆ ਦੀਨ ਅਮਾਨ ਬਾਂਦੀ।
ਕੋਈ ਸੇਹਰ[1] ਜਾਦੂ ਕੀਤਾ ਰਾਵਲੇ ਨੇ, ਮੰਤ੍ਰ ਫੂਕ ਕੇ ਮਾਰਿਆ ਬਾਨ ਬਾਂਦੀ।
ਚਾਤ੍ਰਿਕ ਬਣੀ ਕੀ ਅਜ ਏਹ ਨਾਲ ਤੇਰੇ ? ਸਚੋ ਸਚ ਕਰ ਹਾਲ ਬਿਆਨ ਬਾਂਦੀ।

ਜਵਾਬ ਬਾਂਦੀ

ਔਖੀ ਗਲ ਹੈ ਕਰਾਂ ਬਿਆਨ ਕੀਕਰ ? ਮੇਰੀ ਜਾਂਵਦੀ ਨਹੀਂ ਹੈ ਪੇਸ਼ ਰਾਣੀ।
ਦੂਖਾਂ ਘੇਰਿਆ ਮਾਰਿਆ ਰੜੇ ਸਾਨੂੰ, ਦੁਖ ਸਦਾ ਦੇ ਪਏ ਦਰ ਪੇਸ਼[2] ਰਾਣੀ।
ਆਖਾਂ ਗੱਲ ਪਰ ਬਖਸ਼ ਦੇਹ ਜਾਨ ਮੇਰੀ, ਟੈਹਲ ਵਾਲੜੀ ਜਾਨ ਹਮੇਸ਼ ਰਾਣੀ।
ਬਾਹਰ ਖੜਾ ਲਡਿਕੜਾ ਮਾਉਂ ਜਾਯਾ, ਕਰਕੇ ਮੈਲੜੇ ਵੇਸ ਦਰਵੇਸ਼ ਰਾਣੀ।
ਕਹਿੰਦਾ ਭਰਥਰੀ ਰਾਜ ਮੈਂ ਵੀਰ ਉਸ ਦਾ, ਆਯਾ ਧਾਰ ਫਕੀਰ ਦਾ ਭੇਸ ਰਾਣੀ।
ਜਦੋਂ ਨਾਮ ਸੁਣਿਆ ਮੇਰੀ ਜਿੰਦ ਨਿਕਲੀ, ਹੋਯਾ ਜੀਉ ਨੂੰ ਬੜਾ ਕਲੇਸ਼ ਰਾਣੀ।
ਹਾਇ ਹਾਇ ਕਿਉਂ ਭਸਮ ਰਮਾਈਆ ਸੂ ਚੁਲੀ ਪਾ[3] ਉਜੈਨ ਦੇ ਦੇਸ਼ ਰਾਣੀ।
ਬਾਹਰ ਖੜਾ ਦੀਦਾਰ ਨੂੰ ਭੈਣ ਸੰਦੇ, ਆਖੇ ਭੈਣ ਦੇ ਜਿਹਾ ਨਾ ਖੇਸ਼[4] ਰਾਣੀ।
ਦੂਰੋਂ ਚਲ ਕੇ ਆਇਆ ਦਰਸ਼ਨਾਂ ਨੂੰ, ਲਗਾ ਪ੍ਰੇਮ ਪਿਆਰ ਦਾ ਨੇਸ਼ ਰਾਣੀ।
ਚਾਤ੍ਰਿਕ ਚੱਲ ਕੇ ਪੁਛੋ ਸਮਝਾਓ ਉਸ ਨੂੰ, ਕੇਹੜੇ ਦੁਖਾਂ ਤੋਂ ਖਾ ਗਿਆ ਠੇਸ ਰਾਣੀ।

ਜਵਾਬ ਰਾਣੀ

ਤੇਰੀ ਹੋਸ਼ ਟਿਕਾਨੜੇ ਨਹੀਂ ਸ਼ਾਇਦ, ਕੀਤੇ ਝੂਠੇ ਦਾ ਖੜਾ ਪਹਾੜ ਬਾਂਦੀ।
ਖਾ ਕੇ ਘੇਰਨੀ ਡਿਗੀਓਂ ਜ਼ਿਮੀ ਉਤੇ, ਸ਼ਾਇਦ ਗਈ ਦਿਮਾਗ ਤੋਂ ਪਾੜ ਬਾਂਦੀ।
ਤੇਰੀ ਖਲੜੀ ਖੌਫ ਨਾ ਜ਼ਰਾ ਖਾਵੇ, ਕੋਈ ਲੈਂਦੀ ਏ ਸਿਰੇ ਦੀ ਨਾੜ ਬਾਂਦੀ।
ਤੀਰੀ ਲੇਖ ਕਰਵਾਨੀਆਂ ਹੁਣੇ ਤੈਨੂੰ, ਮਸਤ ਹਾਥੀਆਂ ਹੇਠ ਲਤਾੜ ਬਾਂਦੀ।
ਤੇਰੀ ਜੀਭ ਕਟਵਾਇ ਕੇ ਖੁਸ਼ੀ ਹੋਸਾਂ, ਲਾ ਮੁਆਤੜਾ ਸਿਰੇ ਨੂੰ ਸਾੜ ਬਾਂਦੀ।
ਹੋ ਬੇਬਾਕ ਇਹ ਵਾਕ ਕੀ ਆਖਯਾ ਈ, ਮੁੜ ਕੇ ਆਖ ਫਿਰ ਹਲਕ[5] ਉਘਾੜ ਬਾਂਦੀ।
ਸਿਰ ਤੇ ਜਿਸਮ ਅਲੱਗ ਨਾ ਹੁਣੇ ਤੜਫਨ, ਜੇਹੜਾ ਬੋਲਨੀ ਏ ਤਾੜ ਤਾੜ ਬਾਂਦੀ।
ਮੇਰੇ ਵੀਰ ਨੂੰ ਕਹੇਂ ਫਕੀਰ ਹੋਇਆ, ਤੇਰੀ ਦੇਵਸਾਂ ਖੱਲ ਉਖਾੜ ਬਾਂਦੀ।
ਜੇਕਰ ਭਰਥਰੀ ਆਂਵਦਾ ਮਿਲਣ ਖਾਤਰ, ਹੁੰਦੇ ਲਖ ਹਜ਼ਾਰ ਸਵਾਰ ਬਾਂਦੀ।
ਨਾਲ ਸਭ ਅਮੀਰ ਵਜ਼ੀਰ ਹੁੰਦੇ, ਬੇਸ਼ੁਮਾਰ ਜ਼ਰਦਾਰ[6] ਭੰਡਾਰ ਬਾਂਦੀ।
ਕੋਹਾਂ ਵਿਚ ਖਲਾਰਦਾ ਲਾਂਉ ਲਸ਼ਕਰ ਹੁੰਦਾ ਫੌਜ ਦੇ ਨਾਲ ਸਰਦਾਰ ਬਾਂਦੀ।
ਮੇਰੇ ਵਾਸਤੇ ਲਖ ਕ੍ਰੋੜ ਨਿਆਮਤ[7], ਕਰਦਾ ਪੇਸ਼ ਓਹ ਆਉਂਦਿਆਂ ਸਾਰ ਬਾਂਦੀ।

---

1. ਜਾਦੂ। 2. ਸਾਹਮਣੇ ਆ ਗਏ, ਪੱਲੇ ਪੈ ਗਏ। 3. ਮੁਹਾਵਰਾ ਹੈ, ਭਾਵ ਛਡ ਦੇਣਾ, ਦੇ ਦੇਣਾ। 4. ਆਪਣਾ।
5. ਗਲਾ ਖੋਲ੍ਹ ਕੇ। 6. ਸੋਨੇ ਦੇ, ਧਨ ਦੇ। 7. ਸੁਗਾਤ।

ਉਸ ਦੇ ਔਣ ਦੀ ਧੂਮ ਅਕਾਸ਼ ਜਾਂਦੀ, ਨੌਬਤ ਵਜਦੀ ਵਿਚ ਦਰਬਾਰ ਬਾਂਦੀ।
ਤੈਨੂੰ ਹੌਸਲਾ ਝੂਠ ਦਾ ਪਿਆ ਕੀਕਰ ? ਜੀ ਏਹ ਚਾਹੁੰਦਾ ਏ ਦਿਆਂ ਮਾਰ ਬਾਂਦੀ।
ਪੁੱਠੀ ਖੱਲ ਉਤਰਾਇਕੇ ਟੰਗ ਦਿਆਂ, ਬਾਕੀ ਹੋਣ ਫਿਰ ਦੇਖ ਹੁਸ਼ਿਆਰ ਬਾਂਦੀ।
ਚਾਤ੍ਰਿਕ ਬੜੀ ਗੁਸਤਾਖ ਤੂੰ ਨਾਰ ਡਿੱਠੀ, ਤੇਰਾ ਨਹੀਂ ਹਰਗਿਜ਼[1] ਇਤਬਾਰ ਬਾਂਦੀ।

ਜਵਾਬ ਬਾਂਦੀ

ਰਾਣੀ ਦੇਖਣਾ ਚਾਹੀਏ ਬਾਹਰ ਜਾ ਕੇ, ਫੇਰ ਝੂਠ ਤੇ ਸਚ ਨਿਤਾਰ ਲੈਣਾ।
ਜੇਕਰ ਝੂਠ ਹੋਇ ਦੇਵੀਂ ਸਜ਼ਾ ਮੈਨੂੰ, ਪੁੱਠੀ ਖੱਲ ਟੰਗਵਾ ਉਤਾਰ ਲੈਣਾ।
ਕੰਗਣ ਹਥ ਨੂੰ ਆਰਸੀ ਕੀ ਆਖੇ ? ਹੁਣੇ ਪਰਖ ਕੇ ਫੇਰ ਵਿਚਾਰ ਲੈਣਾ।
ਮੇਰੀ ਕੀ ਮਜਾਲ ਸੀ ਝੂਠ ਕਹਿੰਦੀ ? ਅੱਖੀਂ ਦੇਖਕੇ ਕਰ ਇਤਬਾਰ ਲੈਣਾ।
ਭਾਵੇਂ ਬੈਠ ਝਰੋਖੜੇ ਬਾਹਰ ਵਾਲੇ, ਚਿਖਾ ਤਾਣ ਕੇ ਤੇ ਨਜ਼ਰ ਮਾਰ ਲੈਣਾ।
ਜੇਕਰ ਸਾਧ ਹੋਯਾ ਓਹੋ ਵੀਰ ਚਾਤ੍ਰਿਕ ਅੰਦਰ ਸਦਕੇ ਫੇਰ ਖਲ੍ਹਾਰ ਲੈਣਾ।
ਰਾਣੀ ਭੋਲੀਏ ਭਾਲੀਏ ਭੁਲ ਨਾਹੀਂ, ਬਾਹਰ ਖੜਾ ਓਹੋ ਤੇਰਾ ਵੀਰ ਅੜੀਏ।
ਓਹ ਸਵਾਰ ਪਿਆਦੜੇ ਛੋੜ ਆਯਾ, ਨੰਗਾ ਜਿਸਮ ਤੇ ਤੇੜ ਸੂ ਲੀਰ ਅੜੀਏ।
ਲਾਉ ਲਸ਼ਕਰਾਂ ਝੂਲਦੇ ਹਾਥੀਆਂ ਦੇ, ਆਯਾ ਬੰਨ੍ਹ ਕੇ ਨਹੀਂ ਵਹੀਰ ਅੜੀਏ।
ਤਨ ਤਨਹਾ[2] ਅਲਾ ਦਾ ਫਕੀਰ ਪੂਰਾ, ਨਾਲ ਨਹੀਂ ਦੀਵਾਨ ਵਜ਼ੀਰ ਅੜੀਏ।
ਨਾ ਓਹ ਰਾਜ ਨਾ ਤਾਜ ਨਾ ਤਖਤ ਰਿਹਾ, ਹੁਣ ਤਾਂ ਮਸਤ ਮਲੰਗ ਫਕੀਰ ਅੜੀਏ।
ਨਾ ਸਿਪਾਹੀ ਨਾ ਸ਼ਾਹੀ ਦਾ ਠਾਠ ਬਾਕੀ, ਹੈ ਤਬਾਹੀ ਦਾ ਨਾਲ ਵਹੀਰ ਅੜੀਏ।
ਜਾਕੇ ਦੇਖ ਤਾਂ ਸਹੀ, ਮਲੂਮ ਕਰਕੇ, ਕੀਤਾ ਪੁੱਟ ਫਕੀਰ ਤਕਦੀਰ ਅੜੀਏ।
ਚਾਤ੍ਰਿਕ ਰਬ ਦੇ ਖੇਲ ਨਿਆਰੜੇ ਨੀ, ਸ਼ਾਹ ਗਦਾ[3] ਗਦਾ ਅਮੀਰ ਅੜੀਏ।

ਕਵੀਓ ਵਾਚ

ਗਲ ਸੁਣਦਿਆਂ ਆਤਮਾ ਫੜਕਿਆ ਏ, ਅਤੇ ਅੰਦਰੋਂ ਕਾਲਜਾ ਧੜਕਿਆ ਏ।
ਰਾਹ ਦਿਲਾਂ ਤੋਂ ਦਿਲਾਂ ਨੂੰ ਆਣ ਲਭਾ, ਰੋੜ ਦੁਖ ਦਾ ਆਣ ਕੇ ਰੜਕਿਆ ਏ।
ਗੋਲੀ ਗੱਲ ਆਖੇ ਏਧਰ ਗਸ਼ ਆਵਣ, ਬਲਦੀ ਅੱਗ ਉਤੇ ਤੇਲ ਭੜਕਿਆ ਏ।
ਪਾਕੇ ਰੰਜ ਮਲਾਲ[4] ਨਿਢਾਲ ਹੋਈ, ਬਾਹਰ ਢੋਲ ਜੁਦਾਈ ਦਾ ਖੜਕਿਆ ਏ।
ਦਰਸ਼ਨ ਸੰਤਾਂ ਦਾ ਕੀਤਿਆਂ ਸੁਖ ਹੁੰਦਾ, ਐਥੇ ਹੋਰ ਦੂਣਾ ਦੁਖ ਟਰਕਿਆ ਏ।
ਆਈ ਬਹਾਰ ਸਹੇਲੀਆਂ ਨਾਲ ਰਾਣੀ, ਬੱਦਲ ਪਯਾਰ ਦਾ ਜ਼ੋਰ ਕਰ ਕੜਕਿਆ ਏ।
ਚਾਤ੍ਰਿਕ ਮੋਹੀ ਪਿਆਰ ਦੇ ਉਠਣ ਲੂੰਬੇ, ਸੀਨਾ ਕਾਹੜਨੀ ਦੇ ਵਾਂਗ ਗੜ੍ਹਕਿਆ ਏ।
ਆਈ ਸਾਹਮਣੇ ਵੀਰ ਤਸਵੀਰ ਦੇਖੀ, ਦਰਸ਼ਨ ਕਰਦਿਆਂ ਹੋਈ ਨਿਢਾਲ ਮੈਨਾਂ।
ਖਿੜਕੇ ਪੈਰ ਤੇ ਗੁੰਮ ਹਵਾਸ ਹੋ ਗਏ, ਸਣੇ ਸਖੀਆਂ ਹੋਈ ਬੇਹਾਲ ਮੈਨਾਂ।

---

1. ਬਿਲਕੁਲ ਮੂਲੋਂ ਹੀ। 2. ਇੱਕਲਾ। 3. ਫਕੀਰ, ਮੰਗਤਾ। 4. ਉਦਾਸੀ।

ਵੀਰ ਵੇਖ ਤਸਵੀਰ ਜਿਉਂ ਹੋਈ ਖਾਇਕ[1] ਅੱਖਾਂ ਛੱਕਦੀ ਬੁੱਕ ਦੇ ਨਾਲ ਮੈਨਾਂ।
ਹਾਏ ਹਾਏ ਇਹ ਕੈਹਰ ਕੀ ਵਰਤਿਆ ਏ ? ਪਈ ਕੂਕਦੀ ਏ ਹਾਲ ਹਾਲ ਮੈਨਾਂ।
ਸ਼ਕਲ ਦੇਖਕੇ ਸਾਵਲੇ ਰਾਵਲੇ ਦੀ, ਚੰਬੜ ਵੀਰ ਨੂੰ ਲਿਆ ਸੰਭਾਲ ਮੈਨਾਂ।
ਗਲੇ ਲਾਇ ਕੇ ਹੋਈ ਬੇਤਾਬ ਐਸੀ, ਭੁਲੀ ਆਪਣਾ ਸਭ ਖਿਆਲ ਮੈਨਾਂ।
ਮਿਟੀ ਵਾਂਗ ਬੇਜਾਨ ਬੇ ਜਾਨ ਹੋਈ, ਨੀਂਮ[2] ਜਾਨ ਬੇਤਾਬ ਕਮਾਲ ਮੈਨਾਂ।
ਕਰਨ ਸਖੀਆਂ ਸਭ ਵਿਰਲਾਪ ਚਾਤ੍ਰਿਕ, ਹੋਈ ਅਜ ਕਮਾਲ ਕੰਗਾਲ ਮੈਨਾਂ।

ਜਵਾਬ ਜੋਗੀ ਰਾਜ ਭਰਥਰੀ ਹਰੀ ਜੀ ਦਾ

ਮਹਾਰਾਣੀਏ ਕਰੇਂ ਵਿਰਲਾਪ ਕਾਹਨੂੰ ? ਨਹੀਂ ਰੋਵਣਾ ਕੁਝ ਬਨਾਏ ਭੈਣਾ।
ਕਰਮ ਰੇਖ ਜੋ ਲਿਖੀ ਦਰਗਾਹ ਵਲੋਂ ਕੌਣ ਮੇਖ ਉਸ ਦੇ ਵਿਚ ਲਾਏ ਭੈਣਾ।
ਦੁਖ ਸੁਖ ਭੁਗਾਂਵਦੇ ਕਰਮ ਸਭ ਨੂੰ, ਕਿਤੇ ਤਾਰਦਾ ਕਿਤੇ ਡੁਬਾਏ ਭੈਣਾ।
ਜੋ ਕੁਝ ਬੀਜਦਾ ਸੋਈ ਕੁਝ ਆਨ ਮਿਲਦਾ, ਨਾ ਪ੍ਰਮਾਤਮਾ ਵਿਤਕਰ੍ਹਾ ਪਾਏ ਭੈਣਾ।
ਥੋੜੇ ਦੇਖ ਕੇ ਭੋਗ ਫਿਰ ਜੋਗ ਲੈਣਾ, ਇਹੋ ਲਿਖਿਆ ਖਾਸ ਦਰਗਾਹੇ ਭੈਣਾ।
ਮੇਰੇ ਗਲੇ ਕਿਉਂ ਚੰਬੜੇਂ ਦੁਖੀ ਹੋ ਕੇ ? ਮਹਾਂ ਦੇਵ ਕਲੇਸ਼ ਮਿਟਾਇ ਭੈਣਾ।
ਕਰਕੇ ਸਬਰ ਸੰਤੋਖ ਭਗਵਾਨ ਸਿਮਰੋ, ਕਰਸੀ ਰਾਮ ਦਾ ਨਾਮ ਸਹਾਇ ਭੈਣਾ।
ਮੇਰਾ ਜਿਸਮ ਖਰਾਬ ਸਵਾਹ ਲਗੀ, ਨਾਲ ਲਗਿਆਂ ਆਬ ਗਵਾਏ ਭੈਣਾ।
ਜ਼ਰੀ ਮਖਮਲਾਂ ਅਤਲਸਾਂ ਗੋਟਿਆਂ ਤੇ ਪੈ ਧੂੜ ਖਰਾਬ ਹੋ ਜਾਏ ਭੈਣਾ।
ਦਰਸ਼ਨ ਦੇਵਣਾ ਚਾਹੀਏ ਪਰੇ ਹੋਕੇ, ਦਰਸ਼ਨ ਕਰਨ ਨੂੰ ਚਲਕੇ ਆਏ ਭੈਣਾ।
ਜੇਹੜਾ ਖੁਸ਼ੀ ਤੇ ਗਮੀ ਤੋਂ ਪਰੇ ਹੋਯਾ, ਸੁਣ ਕੇ ਰੰਜ ਉਹ ਕਦੋਂ ਮਨਾਏ ਭੈਣਾ।
ਹੋਏ ਸਖਤ ਮਨੂਰ ਦੇ ਵਾਂਗ ਜੇਹੜੇ, ਕੀਕਰ ਓਸ ਨੂੰ ਰੋਣਾ ਡੁਲਾਏ ਭੈਣਾ।
ਤੇਰੇ ਰੋਣ ਦੇ ਵਿਚ ਹੈ ਪਾਪ ਮੈਨੂੰ, ਰੋਣ ਵਿਚ ਨਾ ਫਾਇਦਾ ਕਾਏ ਭੈਣਾ।
ਮੈਂ ਹੈ ਜਾਵਣਾ ਤੀਰਥਾਂ ਵਲ ਛੇਤੀ, ਡੇਰੇ ਹੋਰ ਮੈਂ ਬਾਹਰ ਲਵਾਏ ਭੈਣਾ।
ਆਵੇ ਸੰਤ ਤਾਂ ਰੋਣ ਨਾ ਬੈਠ ਜਾਈਏ, ਚਾਹੀਏ ਮੰਨਣੀ ਰਬ ਰਜ਼ਾਏ ਭੈਣਾ।
ਰਮਤੇ ਚਾਤ੍ਰਿਕ ਨੂੰ ਮਿਲੀਂ ਹਸ ਕੇ ਤੇ, ਸੁਖ ਪਾਵਸੇਂ ਦੂਣ ਸਵਾਏ ਭੈਣਾ।

ਜਵਾਬ ਰਾਣੀ ਮੈਨਾਵੰਤੀ

ਰਬਾ ਬਾਹੁੜੀ ਵੇ ਏਹ ਕੀ ਖੇਲ ਬਣਿਆ ? ਮਾਰੀ ਗਈ ਸ਼ਾਇਦ ਮੇਰੀ ਮੱਤ ਲੋਕੋ।
ਕੌਤਕ ਦੇਖ ਮੈਂ ਰਹੀ ਹਾਂ ਸਚ ਮੁਚੀ, ਇਕੇ ਚੜ੍ਹੀ ਦਿਮਾਗ ਦੀ ਰੱਤ ਲੋਕੋ।
ਸੁਤੀ ਪਈ ਖਬਰੇ ਸੁਪਨਾ ਦੇਖਦੀ ਹਾਂ, ਮੈਨੂੰ ਭਾਸਦਾ ਨਹੀਂ ਏਹ ਸੱਤ ਲੋਕੋ।
ਯਾ ਮੈਂ ਬਾਵਰੀ ਝੱਲੜੀ ਅਕਲ ਮਾਰੀ, ਐਵੇਂ ਰੌਲੜਾ ਰਹੀ ਹਾਂ ਘੱਤ ਲੋਕੋ।
ਕੀ ਏਹ ਵੀਰ ਮੇਰਾ ਉਹੋ ਭਰਥਰੀ ਹੈ ? ਜਿਸ ਦੀ ਲੋਕ ਚੌਦਾਂ ਅੰਦਰ ਪਤ ਲੋਕੋ।

---
1. ਬੁਤ, ਅਹਿਲ। 2. ਅਧੀ।

ਓਸੇ ਪਿਤਾ ਗੰਧਰਬ ਦੀ ਅੰਸ ਭਾਈ, ਮਸ਼ਹੂਰ ਜੋ ਵਿਚ ਸੁਰਮੱਤ ਲੋਕੋ।
ਓਹੋ ਮਾਊਂ ਦਾ ਜੰਮਿਆ ਲਾਡਲਾ ਹੈ, ਜਿਸ ਦਾ ਵੀਰ ਹੈ ਬਿਕ੍ਰਮਾ ਦੱਤ ਲੋਕੋ।
ਨਹੀਂ ਕਦੇ ਨਹੀਂ, ਮੈਂ ਨਾ ਸੱਚ ਮੰਨਾਂ, ਮੈਨੂੰ ਗਲ ਸਮਝਾਈਓ ਵੱਤ ਲੋਕੋ।
ਮੈਂ ਤਾਂ ਜਾਨਦੀ ਹਾਂ ਆਈ ਘੇਰਨੀ ਹੈ, ਅੱਖਾਂ ਵੇਂਹਦੀਆਂ ਸੱਤ ਕੁਸੱਤ ਲੋਕੋ।
ਮੇਰਾ ਭਰਥਰੀ ਵੀਰ ਕਿਉਂ ਫਕਰ ਹੁੰਦਾ, ਕਾਹਨੂੰ ਰਾਜ ਤੇ ਮਾਰਦਾ ਲੱਤ ਲੋਕੋ ?
ਓਹ ਖੈਰਾਤ ਕਰਕੇ ਆਪ ਖਾਂਵਦਾ ਸੀ, ਕਰਦਾ ਰਾਮ ਦੀ ਸਦਾ ਭਗਤ ਲੋਕੋ।
ਕੀਕਰ ਕਰਾਂ ਯਕੀਨ ਮੈਂ ਹਾਏ ਲੋਕੋ ? ਓਹੋ ਵੀਰ ਛਡ ਗਿਆ ਜਗਤ ਲੋਕੋ।
ਕੀ ਪ੍ਰਵਾਹ ਸੀ ਓਸ ਨੂੰ ਭੁਖ ਕਾਹਦੀ ? ਉਸ ਨੂੰ ਯਾਦ ਸੀ ਸਤ ਅਸੱਤ ਲੋਕੋ।
ਰਈਯਤ ਪਾਲਦਾ ਸੀ ਅਦਲ[1] ਤੋਲਦਾ ਸੀ, ਸਚ ਬੋਲਦਾ ਰਖ ਜਤ[2] ਲੋਕੋ।
ਕੇਹੜੀ ਲੋੜ ਪਿਛੇ ਹੋਣਾ ਫਕਰ ਸਾਧੂ ? ਛਡ ਆਪਣਾ ਆਪ ਅਪਣੱਤ ਲੋਕੋ।
ਚਾਤ੍ਰਿਕ ਹੋਸ਼ ਦੀ ਕਰੀਂ ਦਵਾ ਕੋਈ, ਮੇਰੇ ਵਿਚ ਨਾ ਰਹੀ ਸਕਤ[3] ਲੋਕੋ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਭੈਣ ਭੋਲੀਏ ਕੀਰਨੇ ਕਰੇਂ ਕਾਹਨੂੰ ? ਸੁਖ ਸਦਾ ਦੀ ਚੀਜ਼ ਨਹੀਂ ਰੈਹਨ ਵਾਲੇ।
ਛਾਯਾ ਬ੍ਰਿਛ ਦੀ ਵਾਂਗ ਨਾ ਵਿਕੇ ਮਾਯਾ, ਆਯਾ ਗਿਆ ਕਰ ਛਡਦੇ ਕੈਹਨ ਵਾਲੇ।
ਰਾਤੀ ਗੱਦੀਓਂ ਉਠਕੇ ਸੌਣ ਰਾਜੇ, ਦਿਨੇ ਹੋਰ ਆ ਜਾਂਵਦੇ ਬੈਹਨ ਵਾਲੇ।
ਪਲਾਂ ਵਿਚ ਕੰਗਾਲ ਨਿਹਾਲ ਹੋਵਨ, ਪਲੀਂ ਮੰਗਤੇ ਹੋਣ ਸੁਖ ਚੈਨ ਵਾਲੇ।
ਲਗੇ ਦੇਰ ਨਾ ਪਲਟਦੇ ਪਾਸਿਆਂ ਨੂੰ, ਏਹ ਨੇ ਵੈਹਨ ਦਰਿਆ ਦੇ ਵੈਹਨ ਵਾਲੇ।
ਹੋਣ ਕੀਰ[4] ਅਮੀਰ, ਅਮੀਰ ਕੀਰੋਂ, ਏਹ ਦਰਖਤ ਕਿਨਾਰੜੇ ਵੈਹਨ ਵਾਲੇ।
ਪਾਣੀ ਬਧਿਆ ਕਿਸੇ ਤੋਂ ਜਾਂਵਦਾ ਨਾ, ਚਰਖ[5] ਚਲਦੇ ਸਦਾ ਦਿਨ ਰੈਨ ਵਾਲੇ।
ਓਹੋ ਵੀਰ ਫਕੀਰ ਮੈਂ ਭਰਥਰੀ ਹਾਂ, ਜਿਸ ਦੇ ਕਰੇਂ ਵਿਰਲਾਪ ਉਜੈਨ ਵਾਲੇ।
ਸੁਤੀ ਪਈ ਨਾ ਖਾਬ ਏਹ ਦੇਖਨੀ ਹੈਂ, ਏਹ ਪ੍ਰਤੱਖ ਕਲੇਸ਼ ਨੇ ਪੈਣ ਵਾਲੇ।
ਤੂ ਤਾਂ ਜਾਗਦੀ ਐਪਰ ਮਕਸੂਮ[6] ਸੁਤੇ, ਬੂਟੇ ਪੱਟਦੀ ਪਈ ਸੁਰੈਨ ਵਾਲੇ।
ਤੈਨੂੰ ਦੁਖ ਕਲੇਸ਼ ਬੇਹਦ ਹੋਇਆ, ਸੋਮੇ ਫੁਟਕੇ ਨਿਕਲੇ ਨੈਨ ਵਾਲੇ।
ਮੈਨੂੰ ਖਬਰ ਹੁੰਦੀ ਤਾਂ ਮੈਂ ਆਂਵਦਾ ਕਿਉਂ ? ਦੁਖ ਪੈਣਗੇ ਕਦੇ ਨਾ ਸੈਹਨ ਵਾਲੇ।
ਤੂੰ ਸੰਤੋਖ ਕਰ ਭੈਣ ਜੀ ਚੁਪ ਕਰ ਜਾ, ਏਹ ਨਾ ਚੰਬੜੇ ਦੁਖ ਨੇ ਲੈਹਨ ਵਾਲੇ।
ਚਾਤ੍ਰਿਕ ਬਲੇਗੀ ਭਾਹ ਹਮੇਸ਼ ਸੀਨੇ, ਸਾਕ ਚੰਦਰੇ ਵੀਰ ਤੇ ਭੈਣ ਵਾਲੇ।

ਜਵਾਬ ਰਾਣੀ ਮੈਨਾਵੰਤੀ

ਕਾਹਨੂੰ ਵੀਰ ਵੇ ਮਲੀ ਸਵਾਹ ਪਿੰਡੇ, ਕਾਹਦੀ ਆਈ ਆ ਜੀਉ ਤਰੰਗ ਵੀਰਾ ?
ਸਦਕੇ ਭੈਣ ਕੀਤੀ ਜੀਵਨ ਜੋਗਿਆ ਵੇ, ਸਚੋ ਸਚ ਸੁਨਾ, ਨਾ ਸੰਗ ਵੀਰਾ।

---
1. ਇਨਸਾਫ। 2. ਵਾਸ਼ਨਾ ਤੇ ਕਾਬੂ। 3. ਸ਼ਕਤੀ। 4. ਫਕੀਰ, ਕੰਗਾਲ, ਗਰੀਬ। 5. ਚਕਰ। 6. ਭਾਗ, ਕਿਸਮਤ।

ਕੇੜ੍ਹੀ ਭੀੜ ਆ ਬਣੀ ਮੈਂ ਘੋਲ ਘੱਤੀ, ਕੋਈ ਰਾਜ ਵਿਚ ਪੈ ਗਿਆ ਭੰਗ ਵੀਰਾ।
ਆਈ ਤੋਟ ਭੰਡਾਰਿਆਂ ਖੁਲ੍ਹਿਆਂ ਨੂੰ, ਕੀਤਾ ਕਿਸੇ ਗਨੀਮ[1] ਨੇ ਤੰਗ ਵੀਰਾ।
ਕੇਹੜਾ ਆਣ ਕੇ ਦੁਖ ਸੀ ਪਿਆ ਤੈਨੂੰ, ਕਾਹਨੂੰ ਬਨਗਿਓਂ ਮਸਤ ਮਲੰਗ ਵੀਰਾ।
ਏਧਰ ਭੇਜਦੋਂ ਕੋਈ ਪੈਗਾਮ ਮੈਨੂੰ, ਜੇਹੜੀ ਲੋੜ ਸੀ ਘਲਦੇਂ ਮੰਗ ਵੀਰਾ।
ਭਾਜੜ ਪਈ ਕਿਉਂ ਜੰਗਲਾਂ ਵਲ ਤੇਰੀ ? ਕਿਸੇ ਬਲੀ ਦੇ ਨਾਲ ਸੀ ਜੰਗ ਵੀਰਾ।
ਤੂੰ ਤਾਂ ਛੱਤਰੀ ਪੁਤ ਰਾਜਪੂਤ ਦਾ ਸੈਂ, ਇੰਦ੍ਰ ਜੀਤ ਤੇਰੇ ਅੰਗ ਸੰਗ ਵੀਰਾ।
ਕਾਇਰ ਕਾਸ ਨੂੰ ਹੋਇ ਕੇ ਨਸ ਤੁਰਿਓਂ ? ਤੂੰ ਸੀ ਰਖਣਾ ਕਲਾ ਦਾ ਲੰਗ ਵੀਰਾ।
ਪਹੁੰਚਾ ਦੁਖ ਕੀ ਚਾਨਣਾ ਦਸ ਮੈਨੂੰ ? ਤੇਰਾ ਹੋ ਗਿਆ ਪੀਲੜਾ ਰੰਗ ਵੀਰਾ।
ਹੋਈ ਕੋਈ ਗੁਸਤਾਖ ਜੇ ਇਸਤ੍ਰੀ ਹੈ, ਜ਼ੈਹਰਨ ਨਾਗਨੀ ਮਾਰਿਆ ਡੰਗ ਵੀਰਾ।
ਹੁਣੇ ਚੂਸ ਲਾਂ ਖੂਨ ਉਸ ਤੱਤੜੀ ਦਾ, ਕਰਕੇ ਡੱਕਰੇ ਦਿਆਂ ਸੂ ਟੰਗ ਵੀਰਾ।
ਹੋਵੇ ਕੌਣ ਹਰਾਮੜੀ ਕੈਹਣ ਵਾਲੀ, ਮੇਰਾ ਵੀਰ ਨਾਹੀਂ ਕੋਈ ਨੰਗ ਵੀਰਾ।
ਚਾਤ੍ਰਿਕ ਖੋਲ੍ਹਕੇ ਦਸ ਹਵਾਲ ਸਾਰਾ, ਕੋਈ ਕਰਾਂ ਅਰਾਮ ਦਾ ਢੰਗ ਵੀਰਾ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਨਾ ਕਰ ਰੁਦਨ[2] ਅੰਮਾਂ ਜਾਈ ਭੈਣ ਮੇਰੀ, ਕੇਹੜੀ ਗਲ ਦਾ ਲਾਯੋ ਈ ਭਰਮ ਭੈਣਾ।
ਕਿਉਂ ਬੇਚੈਨ ਹੋ ਨੈਨ ਸੁਜਾਵਨੀਏਂ ਪਾਕੇ ਵੈਨ ਕਿਉਂ ਹੁੰਨੀ ਏ ਗਰਮ ਭੈਣਾ ?
ਮੈਨੂੰ ਕਿਸੇ ਨਾ ਚੋਭਿਆ ਸੂਲ ਕੋਈ, ਨਾ ਗੁਸਤਾਖ ਹੋਈ ਕੋਈ ਅਹਰਮ[3] ਭੈਣਾ।
ਨਾ ਕੋਈ ਜੰਗ ਹੋਯਾ ਨਾ ਮੈਂ ਤੰਗ ਹੋਯਾ, ਨਾ ਮੈਂ ਨੱਠਿਆ ਲਾਹਕੇ ਸ਼ਰਮ ਭੈਣਾ।
ਕੋਈ ਕਮੀ ਨਾ ਸੀ ਕੋਈ ਗਮੀ ਨਾ ਸੀ ਕੋਈ ਨਹੀਂ ਸੀ ਦੁਖ ਦਾ ਵਰਮ[4] ਭੈਣਾ।
ਏਹ ਤਾਂ ਗਲ ਹੀ ਹਥ ਭਗਵਾਨ ਦੇ ਹੈ, ਜੀਆਂ ਭੋਗ ਭੁਗਾਂਵਦਾ ਕਰਮ[5] ਭੈਣਾ।
ਓਸ ਪ੍ਰਭੂ ਨੇ ਜੀ ਵਿਚਾਰ ਪਾਈ, ਏਹ ਦੁਰਲਭ ਮਨੁੱਖ ਦਾ ਜਰਮ[6] ਭੈਣਾ।
ਪਾਪ ਕਰਦਿਆਂ ਸਖਤ ਮਨੂਰ ਹਿਰਦਾ, ਕੀਤਾ ਓਸ ਪ੍ਰਮਾਤਮਾ ਨਰਮ ਭੈਣਾ।
ਕਾਹਨੂੰ ਵਿਸ਼ੇ ਦੇ ਵਿਚ ਗਲਤਾਨ ਹੋਯੋਂ, ਏਹ ਨਾ ਰੈਹਣਗੇ ਹੱਡ ਤੇ ਚਰਮ[7] ਭੈਣਾ।
ਕਾਇਮ ਰਹੇਗੀ ਨੇਕ ਕੁਛ ਕਾਰ ਕੀਤੀ, ਚਾਤ੍ਰਿਕ ਨੀਚ ਨੂੰ ਦਸਿਆ ਮਰਮ[8] ਭੈਣਾ।

ਜਵਾਬ ਰਾਣੀ ਮੈਨਾਵੰਤੀ

ਤੂੰ ਤਾਂ ਵੀਰ ਵੇ ਵਡਾ ਦਨਾ ਸਾਂਏਂ, ਤੇਰੀ ਅਕਲ ਕਿਉਂ ਗਈ ਹੈ ਮਾਰੜੀ ਵੇ ?
ਧੋਖਾ ਖਾ ਗਿਓਂ ਚੰਦ ਵੇ ਕਿਸ ਗਲੇ, ਬੈਹਕੇ ਗਲ ਨਾ ਸੋਚੀਓ ਸਾਰੜੀ ਵੇ।
ਰਾਜ ਕਾਜ ਦਾ ਕੀ ਇੰਤਜ਼ਾਮ ਕੀਤਾ, ਕੇਹੜੀ ਖਲਕ ਦੀ ਕੀਤੀਓ ਕਾਰੜੀ ਵੇ।

---

1. ਵੈਰੀ। 2. ਰੋਣਾ। 3. ਰਾਣੀ। 4. ਜ਼ਖਮ, ਫਟ। 5. ਭਾਗ, ਕਿਸਮਤ। 6. ਜਨਮ। 7. ਚੰਮ।
8. ਭੇਤ।

ਪਿਛੇ ਤੁਧ ਦੇ ਕੌਣ ਸੰਭਾਲਸੀ ਗਾ ? ਓਹਦੇ ਭਾ ਦੀ ਪਈ ਖਵਾਰੜੀ ਵੇ।
ਤੇਰੀ ਭਾਰਜਾ[1] ਤਿੰਨ ਸੌ ਸੱਠ ਵੀਰਾ, ਕੌਣ ਕਰੇਗਾ ਆਨ ਦਿਲਦਾਰੜੀ ਵੇ।
ਓਹ ਸੀ ਹਰੀ ਕਚਾਹ ਕਿਆਰੜੀ ਵੇ, ਫੇਰ ਸੁਟੀਓ ਮੁਢ ਤੋਂ ਆਰੜੀ ਵੇ।
ਪਾਪਨ ਭੈਣ ਸਾਂ ਗਮਾਂ ਦੀ ਮਾਰੜੀ ਵੇ, ਕਾਲੀ ਬੋਲੜੀ ਰੈਨ ਅੰਧਾਰੜੀ ਵੇ।
ਤੇਰੇ ਵੇਸ ਨੂੰ ਦੇਖ ਕਲੇਸ਼ ਹੋਵੇ, ਵੈਣ ਕਰਦਿਆਂ ਜਿੰਦ ਭੀ ਹਾਰੜੀ ਵੇ।
ਤੈਨੂੰ ਤਰਸ ਨਾ ਆਯਾ ਕਿਸੇ ਉਤੇ, ਸਾਰੇ ਲੋਕ ਕਰਦੇ ਗਿਰੀਆ ਜ਼ਾਰੜੀ[2] ਵੇ।
ਸਾਥੋਂ ਕੇਹੀ ਹੋਈ ਗੁਨਾਹਗਾਰੜੀ ਵੇ ? ਜਿਸ ਦੀ ਦੇ ਸਜ਼ਾ ਏਹ ਭਾਰੜੀ ਵੇ।
ਉਜੜ ਜਾਏਗੀ ਵੀਰ ਵੇ ਰਾਜਧਾਨੀ, ਜੇਹੜੀ ਨਿਯਤ ਤੂੰ ਜੋਗ ਦੀ ਧਾਰੜੀ ਵੇ।
ਪੁੱਠੀ ਕਾਸ ਨੂੰ ਖੇਡ ਖਿਲਾਰੜੀ ਵੇ ? ਬਨ ਕੇ ਸ਼ਾਹ ਮਦਾਰ[3] ਮਦਾਰੜੀ ਵੇ।
ਭੈਣ ਘੋਲ ਘੱਤੀ ਜਿੰਦ ਵਾਰੜੀ ਵੇ, ਬਣਕੇ ਬੈਠ ਸਰਕਾਰ ਦਰਬਾਰੜੀ ਵੇ।
ਏਹ ਸਮੇਟ ਕੇ ਖੇਡ ਖਿਲਾਰੜੀ ਵੇ, ਉਜੜ ਗਿਆਂ ਦੀ ਛਡ ਦੇ ਯਾਰੜੀ ਵੇ।
ਸਾਥੋਂ ਨਹੀਂ ਗੁਨਾਹ ਕਸੂਰ ਹੋਇਆ, ਕਾਹਨੂੰ ਘਰਾਂ ਤੋਂ ਕਰੇਂ ਫਰਾਰੜੀ[4] ਵੇ।
ਚਾਤ੍ਰਿਕ ਤੋੜ ਨਾ ਨੇਹੁੰ ਸੰਸਾਰ ਵਲੋਂ, ਰੋਂਦੀ ਮਰੇਗੀ ਭੈਣ ਹਤਯਾਰੜੀ ਵੇ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਵਸ ਭਾਗ ਦੇ ਭੋਗ ਤੇ ਜੋਗ ਭੈਣਾਂ, ਭਾਗਾਂ ਨਾਲ ਸਾਂ ਦੇਸ ਦਾ ਵਾਲੜੀ[5] ਨੀ।
ਭਾਗ ਮਿਲੇ ਤਾਂ ਮਲੀ ਸੁਆਹ ਪਿੰਡੇ, ਦਰ ਦਰ ਮੰਗਦਾ ਫਿਰਾਂ ਸੁਆਲੜੀ ਨੀ।
ਚਲੇ ਕਦੋ ਤਦਬੀਰ[6] ਤਕਦੀਰ[7] ਅਗੇ, ਝੂਠੇ ਹੋਰ ਪੁਲਾਉ ਖਿਆਲੜੀ ਨੀ।
ਜਿਚਰ ਲਿਖੀ ਸੀ ਸੀਸ ਤੇ ਰਾਜ ਗੱਦੀ, ਉਚਰ ਮੌਜ ਗ੍ਰਿਹਸਤ ਦੀ ਭਾਲੜੀ ਨੀ।
ਜਦੋਂ ਜੋਗ ਦੇ ਆਣ ਸੰਜੋਗ ਖੁਲ੍ਹੇ, ਓਦੋਂ ਜੋਗ ਦੀ ਕਾਰ ਸੰਭਾਲੜੀ ਨੀ।
ਨਾ ਏਹ ਵਸ ਤੇਰੇ ਨਾ ਏਹ ਵਸ ਮੇਰੇ, ਹਥ ਸਭ ਹੈ ਉਸ ਬਨਾਮਾਲੜੀ[8] ਨੀ।
ਨੱਕ ਨਥ ਹੈ ਖਸਮ ਦੇ ਹਥ ਸਾਡੀ, ਓਹੋ ਮਾਲੜੀ[9], ਵਾਲੜੀ[10], ਪਾਲੜੀ[11] ਨੀ।
ਰਖੇ ਜਿਵੇਂ ਰਜ਼ਾ ਤੇ ਰਹਿਣ ਰਾਜ਼ੀ, ਏਹੋ ਮਤ ਹੈ ਗੁਰਾਂ ਸਿਖਾਲੜੀ ਨੀ।
ਨਾ ਉਦਾਸ ਨਿਰਾਸ ਹੋ ਰੱਖ ਤਕਵਾ[12], ਮੁਸ਼ਕਲ ਕਰੇਗਾ ਸਭ ਸੁਖਾਲੜੀ ਨੀ।
ਓਹਨੂੰ ਫਿਕਰ ਹੈ ਸਭ ਦਾ ਆਪਾ ਸਾਰਾ, ਕੇਹੜੇ ਓਸ ਦੀ ਮੇਹਰ ਤੋਂ ਖਾਲੜੀ ਨੀ।
ਜਦੋਂ ਦੰਦ ਨਾ ਸਨ ਤਦੋਂ ਦੁਧ ਦਿਤਾ, ਹੋਏ ਦੰਦ ਤਾਂ ਰਿਜਕ ਖਵਾਲੜੀ ਨੀ।*
ਓਹਦੀ ਅੰਸ ਦੁਨੀਆਂ ਮਾਈ ਬਾਪ ਸਭ ਦਾ, ਪਲ ਪਲ ਵਿਚ ਉਹ ਕਰੇਂ ਰਖਵਾਲੜੀ ਨੀ।
ਬੰਦਾ ਬਣੇ ਅਧੀਰ[13] ਨਾ ਧੀਰ[14] ਪਿਆ ਧਰਦਾ, ਪਿਆ ਅੱਡਦਾ ਫਿਰੇ ਹਥਾਲੜੀ ਨੀ।
ਚਾਤ੍ਰਿਕ ਵਾਂਗ ਬੇਸਬਰ ਨਾ ਬਣੋ ਲੋਕੋ, ਰਬ ਦੇਵਸੀ ਸਦਾ ਖੁਸ਼ਹਾਲੜੀ ਨੀ।

---

1. ਵਹੁਟੀ। 2. ਰੋਣਾ ਕੁਰਲਾਣਾ।
3. ਮਦਾਰੀਆਂ ਦਾ ਗੁਰੂ, ਕਈ ਮੰਤਰੀ ਤੋਂ ਮਾਂਦਰੀ ਤੇ ਮਾਂਦਰੀ ਤੋਂ ਮਦਾਰੀ ਮੰਨਦੇ ਹਨ। 4. ਫਰਾਰ, ਭੱਜਣਾ।
5. ਵਾਲੀ, ਮਾਲਕ। 6. ਵਿਉਂਤ, ਸੋਚ। 7. ਕਿਸਮਤ। 8. ਬਨਵਾਲੀ=ਰਬ। 9. ਮਾਲੀ। 10. ਵਾਲੀ=ਮਾਲਕ।
11. ਪਾਲੀ, ਪਾਲਣ ਵਾਲਾ। 12. ਆਸਰਾ। 13. ਬੇਸਬਰ, ਧੀਰਜ਼-ਰਹਿਤ। 14. ਧੀਰਜ।
* ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਲਿਖਿਆ ਹੈ 'ਜਬ ਦਾਂਤ ਨਹੀਂ ਤੁਧ ਦੁਧ ਦੀਓ। ਅਬ ਦਾਂਤ ਦੀਏ ਤਉ ਅੰਨ ਨਾਂ ਦੇ ਹੈ।'

ਜਵਾਬ ਰਾਣੀ ਮੈਨਾਵੰਤੀ

ਕੀਕਰ ਹੋ ਗਿਆ ਬ੍ਰਹਮ ਗਿਆਨ ਵੀਰਾ, ਵਜੇ ਕਿਧਰੋਂ ਪ੍ਰੇਮ ਦੇ ਬਾਨ ਵੀਰਾ ?
ਕੇਹੜੇ ਗੁਰੂ ਪੂਰੇ ਤੈਨੂੰ ਮੱਤ ਦਿਤੀ, ਪਾਯਾ ਰਬ ਦੇ ਵਲ ਧਿਆਨ ਵੀਰਾਂ ?
ਕੇਹੜੇ ਹੈਂਸਿਆਰੇ ਤੈਨੂੰ ਸਬਕ ਦਿਤਾ ? ਚਾਦਰ ਲਈ ਫਕੀਰੀ ਦੀ ਤਾਨ ਵੀਰਾ।
ਤੂੰ ਜਵਾਨ ਏਹ ਉਮਰ ਹੈਵਾਨ ਹੁੰਦੀ, ਕੀਕਰ ਜਿੱਤਿਆ ਨਫਸ਼[1] ਸ਼ੈਤਾਨ ਵੀਰਾ।
ਰਾਣੀ ਤਿੰਨ ਸੌ ਸੱਠ ਦੇ ਵਿਚ ਰੁਧਾ[2], ਕੀਕਰ ਛੁਟਿਆ ਪੀਨ ਤੇ ਖਾਨ ਵੀਰਾਂ ?
ਛੋਟੀ ਉਮਰ ਅਵਲੜਾ ਰੋਗ ਲਾਯਾ, ਛਡੇ ਐਸ਼ ਦੇ ਸਭ ਸਾਮਾਨ ਵੀਰਾ ?
ਤੇਰਾ ਜੀਉ ਨਿਰਮੋਹ ਤੇ ਸਖਤ ਹੋਯਾ, ਕਸੀ ਕੈਹਰ ਦੀ ਤੀਰ ਕਮਾਨ ਵੀਰਾ।
ਲੋਕੀ ਬ੍ਰਿਧ ਹੋ ਜੰਗਲ ਜਾਂਵਦੇ ਸਨ, ਤੂੰ ਜਾ ਮਲਿਆ ਉਮਰ ਜਵਾਨ ਵੀਰਾ।
ਨਵੀਂ ਤੋਰ ਕ੍ਰੀ ਤੋਰੀਓ ਹੀ ਸਿਤਮ[3] ਕਰਕੇ ਅਜੇ ਉਮਰ ਸੀ ਬਾਲ ਨਾਦਾਨ ਵੀਰਾ।
ਤੇਰਾ ਨਰਮ ਸਰੀਰ ਸੀ ਪੱਟ ਵਰਗਾ, ਚੇਹਰਾ ਫੁਲ ਗੁਲਾਬ ਦੀ ਸ਼ਾਨ ਵੀਰਾ।
ਕੀਕਰ ਖੇਹ ਦੇ ਵਿਚ ਰੁਲਾਇਓ ਈ, ਕੀਤਾ ਜਾਨ ਦਾ ਜਾਣ ਨੁਕਸਾਨ ਵੀਰਾ।
ਬਣਿਓ ਜਾਇ ਕੇ ਬਾਲਕਾ ਜੋਗੀਆਂ ਦਾ, ਤੇਰਾ ਚਾਤ੍ਰਿਕ ਅਜੇ ਕੀ ਹਾਨ ਵੀਰਾ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਭੈਣਾ ਭਗਤ ਭਗਵਾਨ ਦੀ ਸਦਾ ਮਿਠੀ, ਜਦੋਂ ਸਾਧੀਏ ਤਦੋਂ ਹੀ ਫਲਦੀ ਏ।
ਐਥੇ ਨਹੀਂ ਇਤਬਾਰ ਕੁਛ ਜ਼ਿੰਦਗੀ ਦਾ, ਮੌਤ ਨਿਤ ਸਨੇਹੜੇ ਘੱਲਦੀ ਏ।
ਬਾਲ ਬ੍ਰਿਧ ਜਵਾਨ ਨੂੰ ਸਦ ਲੈਂਦੀ, ਖਬਰ ਕਿਸੇ ਨੂੰ ਨਹੀਂ ਇਕ ਪਲ ਦੀ ਏ।
ਜਦੋਂ ਮੌਤ ਪਿਆਦੜੇ ਘੱਲਦੀ ਏ ਫੁਰਸਤ ਦੇ ਨਾ ਕਰਨ ਇਕ ਗਲ ਦੀ ਏ।
ਜਿਹੜੇ ਜਾਗਦੇ ਨੀਂਦ ਤੋਂ ਹੋਸ਼ ਕਰਕੇ, ਫਾਹੀ ਜਮਾਂ ਦੀ ਉਨ੍ਹਾਂ ਤੋਂ ਟਲਦੀ ਏ।
ਪਈਆਂ ਰੈਹਣ ਨਿਆਮਤਾਂ ਸਭ ਏਥੇ, ਨੇਕੀ ਨਾਲ ਇਨਸਾਨ ਦੇ ਚਲਦੀ ਏ।
ਮਾਯਾ ਮੋਹ ਦਾ ਜਾਲ ਖਿਲਾਰ ਕੇ ਤੇ, ਸੁਤੇ ਪਇਆ ਨੂੰ ਨੇਕੀਓਂ ਛਲਦੀ ਏ।
ਜਦੋਂ ਜਾਣ ਜਹਾਨ ਤੋਂ ਕੂਚ ਕਰਕੇ, ਮਾਰ ਜਮਾਂ ਦੀ ਜਿੰਦੜੀ ਝੱਲਦੀ ਏ।
ਪਛੋਤਾਂਵਦੀ ਵਕਤ ਵਿਹਾਇ ਕੇ ਤੇ, ਪਈ ਹਥ ਅਫਸੋਸ ਦੇ ਮਲਦੀ ਏ।
ਨੇਕੀ ਰਹੇਗੀ ਚਾਤ੍ਰਿਕ ਸਦਾ ਕਾਇਮ, ਖਾਕ ਖਾਕ ਦੇ ਨਾਲ ਜਾ ਰਲਦੀ ਏ।
ਬਾਲ ਉਮਰ ਧਰ੍ਹੂਹ[4] ਨੂੰ ਬਾਣ ਲਗੇ, ਨਿਕਲ ਜੰਗਲਾਂ ਨੂੰ ਫੜੀ ਸਾਬਰੀ ਏ।
ਕੀਤੀ ਭਗਤ ਨਿਰਬਾਨ[5] ਕਿਯਾਮ[6] ਪਾਯਾ, ਅਜ ਕਰੇ ਨਾ ਕੋਈ ਬਰਾਬਰੀ ਏ।
ਅਜੈ ਪਾਲ[7] ਰਾਜਾ ਧੁੰਧ ਰਿਖੀ ਹੋਯਾ, ਬਾਲੀ ਉਮਰ ਵਿਚ ਛਡ ਅਕਾਬਰੀ ਏ।

---

1. ਮਨ। 2. ਰੁਝ। 3. ਜ਼ੁਲਮ।
4. ਇਕ ਬਾਲ ਭਗਤ ਜਿਸ ਨੂੰ ਮਤਰੇਈ ਨੇ ਉਸ ਦੇ ਆਪਣੇ ਪਿਉ ਦੇ ਤਖਤ ਤੋਂ ਉਠਾਇਆ ਤੇ ਇਉਂ ਉਦਾਸ ਹੋ ਕੇ ਭਗਤੀ ਵਲ ਲਗਾ। 5. ਇਕ ਰਸ। 6. ਟਿਕਾਣਾ।
7. ਵਿਆਸ ਰਿਸ਼ੀ ਦਾ ਗਿਆਨੀ ਤੇ ਰਿਸ਼ੀ ਪੁਤ੍ਰ ਜੋ ਬ੍ਰਹਮ ਵਿਦਿਆ ਲਈ ਰਾਜੇ ਜਨਕ ਪਾਸ ਗਿਆ ਸੀ।

ਦੱਤਾ ਤ੍ਰੇ[1] ਨੇ ਛੋਟੜੀ ਉਮਰ ਅੰਦਰ ਦੁਨੀਆਂ ਦਾਰੀਆਂ ਤੋਂ ਕੀਤੀ ਨਾਬਰੀ ਏ।
ਮਹਾਰਾਜ ਸੁਕਦੇਵ[2], ਵਿਆਸ[3] ਵਾਲੀ, ਤੇ ਭਗੀਰਥੀ[4] ਭਗਤ ਉਜਾਗਰੀ ਏ।
ਮੇਰਾ ਗੁਰੂ ਜਤੇਂਦ੍ਰੀ ਨਾਥ ਪੂਰਾ, ਛੋਟੀ ਉਮਰ ਉਠਾਈ ਸੀ ਛਾਬੜੀ ਏ।
ਅਗੇ ਕਈ ਜਵਾਨ ਮਸਤਾਨ ਹੋਏ, ਕੀਤੀ ਨਵੀਂ ਨਾ ਭਗਤ ਨੇ ਚਾਬਰੀ[5] ਏ।
ਚਾਤ੍ਰਿਕ ਭਰਥਰੀ ਰਾਜ ਫਕੀਰ ਹੁੰਦੇ, ਭੋਲੀ ਭੈਣ ਕਿਉਂ ਦੇਖ ਕੇ ਘਾਬਰੀ ਏ।

ਜਵਾਬ ਰਾਣੀ ਮੈਨਾਵੰਤੀ

ਬਾਲੀ ਉਮਰ ਜੋ ਹੋ ਗਏ ਸੰਤ ਪੂਰੇ, ਫੜੀਆਂ ਤੁਧਦੇ ਵਾਂਗ ਨਾ ਚਾਲੀਆਂ ਵੇ।
ਨਾਰ ਤਿੰਨ ਸੌ ਸੱਠ ਵਿਆਹ ਕੇ ਤੇ, ਪਿਛੋਂ ਰੰਡੀਆਂ ਵਾਂਗ ਬਹਾਲੀਆਂ ਵੇ।
ਤੈਨੂੰ ਤਰਸ ਨਾ ਆਯਾ ਵਿਚਾਰੀਆਂ ਤੇ, ਧਾਰ ਆਦਤਾਂ ਜ਼ਾਲਮਾਂ ਵਾਲੀਆਂ ਵੇ।
ਸੇਹਰਾ ਬੰਨ੍ਹਕੇ ਜੰਞ ਲੈ ਸਾਥ ਚੜ੍ਹਿਓਂ, ਧੀਆਂ ਹੋਰਨਾਂ ਦੀਆਂ ਪਰਨਾਲੀਆਂ ਵੇ।
ਖੇਤੀ ਬੀਜ ਕੇ ਫੇਰ ਨਾ ਸਿੰਜਿਓ ਈ, ਫਲਨ ਬਾਝ ਹੀ ਧੁਪ ਸੁਕਾਲੀਆਂ ਵੇ।
ਨਾ ਜਵਾਨ ਹੋਈਆਂ ਨਾ ਜਹਾਨ ਡਿਠਾ, ਪਾ ਕੁਠਾਲੜੀ ਹਿਜਰ[6] ਦੀ ਢਾਲੀਆਂ ਵੇ।
ਥਨੀਂ ਦੁਧ ਨਾ ਸਿੰਮਿਆ ਅਜੇ ਵੀਰਾ, ਦੁਖਾਂ ਦਿਤੀਆਂ ਆਨ ਦਿਖਾਲੀਆਂ ਵੇ।
ਗੋਦੀ ਹਰੀ ਨਾ ਹੋਈ ਨਿਮਾਣੀਆਂ ਦੀ, ਉਤੋਂ ਪਤੀ ਜੁਦਾਈਆਂ ਪਾਲੀਆਂ ਵੇ।
ਤੂੰਹੀ ਸੋਚ ਖਾਂ ਵੀਰ ਵੇ ਗੌਰ ਕਰਕੇ, ਕੀਕਰ ਜੀਵਸਨ ਸੁੰਦ੍ਰਾਂ ਬਾਲੀਆਂ ਵੇ।
ਹਰੀਆਂ ਸਰੂ ਦੇ ਵਾਂਗ ਓਹ ਡਾਲੀਆਂ ਵੇ ਸ਼ਕਲਾਂ ਸੋਹਣੀਆਂ ਭੋਲੀਆਂ ਭਾਲੀਆਂ ਵੇ।
ਕੀਕਰ ਕਰਨ ਗੁਜ਼ਰਾਨ ਦਿਲ ਜਾਨ ਬਾਝੋਂ, ਕੀਕਰ ਬਾਗ ਫਲਦੇ ਬਿਨਾ ਮਾਲੀਆਂ ਵੇ।
ਜੇ ਕਵਾਰੀਆਂ ਹੁੰਦੀਆਂ ਮਾਪਿਆਂ ਦੇ, ਉਮਰਾਂ ਲੈਂਦੀਆਂ ਕੱਟ ਸੁਖਾਲੀਆਂ ਵੇ।
ਗੋਦੀ ਬਾਲ ਹੁੰਦਾ ਕੋਈ ਖੇਡਦਾ ਜਾਂ, ਹਰੀਆਂ ਫਲਦੇ ਮਾਨ ਤੇ ਡਾਲੀਆਂ ਵੇ।
ਤੇਰੀ ਅੰਸ ਨੂੰ ਗੋਦ ਖਿਡਾਇ ਕੇ ਤੇ ਚੜੀਆਂ ਰਹਿੰਦੀਆਂ ਮੁਖ ਤੇ ਲਾਲੀਆਂ ਵੇ।
ਜਾਂ ਤੂੰ ਕੋਲ ਹੁੰਦੋਂ ਹੁੰਦਾ ਮਾਨ ਭਾਰਾ, ਕਰਦੋਂ ਬਾਗ ਦੀਆਂ ਆਪ ਰਖਵਾਲੀਆਂ ਵੇ।
ਸਾਰੇ ਰਾਹ ਕਰ ਬੰਦ ਨਿਭਾਗਣਾਂ ਦੇ, ਥਾਵਾਂ ਜੰਗਲਾਂ ਵਾਲੀਆਂ ਭਾਲੀਆਂ ਵੇ।
ਕੇੜ੍ਹੀ ਹਿਰਸ ਤੇ ਜੀਊਣ ਵੇ ਜੁਗ ਜੀਵੇਂ, ਜਿੰਦਾਂ ਹਿਜਰ ਦੇ ਦੁਖ ਨ ਜਾਲੀਆਂ ਵੇ।
ਕੂੰਜਾਂ ਵਾਂਗ ਕੁਰਲਾਂਦੀਆਂ ਮਰਨ ਚਾਤ੍ਰਿਕ, ਤੇਰੇ ਗੁਰੂ ਨੂੰ ਦੇਂਦੀਆਂ ਗਾਲੀਆਂ ਵੇ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਜੇਹੜੇ ਰਬ ਨੇ ਖਲਕ ਉਤਪੱਤ ਕੀਤੀ, ਓਹੋ ਕਰੇ ਸਭ ਦੀ ਪ੍ਰਤਿਪਾਲ ਭੈਣਾ।
ਓਹੋ ਸਬਰ ਜੇ ਬਖਸ਼ਦਾ ਬੰਦਿਆਂ ਨੂੰ, ਤਾਂ ਹੀ ਰੈਹਣ ਹਰ ਹਾਲ ਖੁਸ਼ਹਾਲ ਭੈਣਾ।

---

1. ਇਕ ਸਾਧੂ ਜਿਸ ੨੪ ਗੁਰੂ ਧਾਰੇ।
2. ਵੇਦ ਵਿਆਸ ਜਾਂ ਬਿਆਸ ਭੀ ਆਖਦੇ ਹਨ ਮਤਸ ਯੋਦਰੀ ਦੇ ਪੇਟੋਂ ਜੰਮਿਆਂ ਪਰਾਸ਼ਰ ਦਾ ਪੁਤ੍ਰ ਜਿਸ ਵੇਦਾਂ ਦੀ ਵੰਡ ਅਤੇ ਪੁਰਾਣ ਕਥਾ ਦਾ ਵਿਸਥਾਰ ਕੀਤਾ। 3. ਵਡਾ ਕਵੀ ਤੇ ਵਿਦਵਾਨ ਰਿਸ਼ੀ।
4. ਆਪਣੇ ਪੁਤਰਾਂ ਦੀ ਗਤੀ ਲਈ, ਤਪ ਕਰਕੇ ਬ੍ਰਹਮਾਂ ਨੂੰ ਰੀਝਾ ਕੇ ਗੰਗਾ ਧਰਤੀ ਤੇ ਲਿਆਉਣ ਵਾਲਾ।
5. ਇਲਤ, ਗੱਲ। 6. ਵਿਛੋੜਾ।

ਉਹੋ ਪਾਲਦਾ ਪੋਸਦਾ ਖਬਰ ਲੈਂਦਾ, ਕਿਸੇ ਆਦਮੀ ਦੀ ਕੀ ਮਜਾਲ ਭੈਣਾ।
ਕੌਣ ਜੰਮਿਆ ਕਰੇ ਬਰਾਬਰੀ ਜੋ ? ਏਹ ਭਗਵੰਤ ਦੀ ਦਾਤ ਹੈ ਬਾਲ ਭੈਣਾ।
ਗਨੀ[1] ਸੈਹਕਦੇ ਮਰ ਗਏ ਪੁਤਰਾਂ ਨੂੰ ਤੇ ਅਨ ਮੰਗਿਆ ਲੈਨ ਕੰਗਾਲ ਭੈਣਾ।
ਲੱਖਾਂ ਰੰਡੀਆਂ ਵਿਚ ਜਹਾਨ ਜੀਵਨ, ਰੱਖ ਆਸਰਾ ਦੀਨ ਦਿਆ ਭੈਣਾ।
ਕਰਨ ਭਜਨ ਭਗਵਾਨ ਦਾ ਦਿਨੇ ਰਾਤੀ, ਗੰਦਾ ਕਰਨ ਨਾ ਕਦੇ ਖਯਾਲ ਭੈਣਾ।
ਰਬ ਜਿਧੇ[2] ਤੇ ਆਨ ਕੇ ਦਿਨ ਪਾਵੇ, ਹਿੰਮਤ ਝਾਲ ਦੀ ਦੇਂਵਦਾ ਨਾਲ ਭੈਣਾ।
ਕਰਨ ਸਬਰ ਸੰਤੋਖ ਨਾ ਯਾਦ ਰਖਣ, ਜੱਫਰ ਲੈਂਦੀਆਂ ਸਿਰਾਂ ਤੇ ਜਾਲ ਭੈਣਾ।
ਜਿਚਰ ਸੁਖ ਕਰਤਾਰ ਨੇ ਲਿਖੇ ਮਥੇ, ਓਨੇ ਸੁਖ ਦੇ ਲੰਘ ਗਏ ਸਾਲ ਭੈਣਾ।
ਜਦੋਂ ਪਿਆ ਦਰਗਾਹ ਤੋਂ ਗੁਣਾ ਪੁਠਾ, ਪੁਠਾ ਪੈ ਗਿਆ ਰਾਜ ਇਕਬਾਲ ਭੈਣਾ।
ਚਲੇ ਨਾਲ ਤਕਦੀਰ ਦੇ ਪੇਸ਼ ਕਿਸਦੀ, ਕੌਣ ਲਿਖੀ ਨੂੰ ਸਕਦਾ ਟਾਲ ਭੈਣਾ।
ਮਥੇ ਉਹਨਾਂ ਦੇ ਲਿਖਿਆ ਦੁਖ ਜੇਹੜਾ, ਰਹੇ ਰੋਕਿਆ ਨਹੀਂ ਤ੍ਰੈ ਕ਼ਾਲ ਭੈਣਾ।
ਮੈਨੂੰ ਲਗਨ ਭਗਵਾਨ ਨੇ ਆਪ ਲਾਈ, ਕਟ ਸੁਟਿਆ ਮੋਹ ਦਾ ਜਾਲ ਭੈਣਾ।
ਏਸ ਗ੍ਰਿਹਸਤ ਨੂੰ ਮਿਥਾਂ ਵਬਾਲ[3] ਭੈਣਾ, ਦੁਨੀਆਂ ਦਾਰੀਆਂ ਗਿਣਾਂ ਜੰਜਾਲ ਭੈਣਾ।
ਚਾਤ੍ਰਿਕ ਰਬ ਦੀ ਰਹੋ ਰਜ਼ਾ ਰਾਜ਼ੀ, ਕਰਕੇ ਸਬਰ ਸੰਤੋਖ ਦੀ ਢਾਲ ਭੈਣਾ।

ਜਵਾਬ ਰਾਣੀ ਮੈਨਾਵੰਤੀ

ਵੀਰਾ ਜਾਣ ਮੈਂ ਕਿਸ ਤਰ੍ਹਾਂ ਦਿਆ ਤੈਨੂੰ, ਮੇਰੇ ਆਲਿਆ ਭੋਲਿਆ ਭਾਲਿਆ ਵੇ।
ਤੇਰਾ ਗਯਾਨ ਅਸਾਡੜੇ ਕੰਮ ਨਾਹੀਂ ਗੱਲੀਂ, ਲਾਇਕੇ ਚਾਹੁੰਨਾ ਏਂ ਟਾਲਿਆ ਵੇ।
ਭੁਲਾ ਦਸ ਖਾਂ ਗੱਲ ਇਕ ਹੋਰ ਸਦੇਕੇ, ਕਿਸ ਨੂੰ ਆਪਣੀ ਥਾਉਂ ਬਹਾਲਿਆ ਵੇ।
ਕੌਣ ਤਖਤ ਤੇ ਬੈਠਕੇ ਅਦਲ[4] ਕਰਸੀ, ਕਿਸ ਦੇ ਨਾਮ ਦਾ ਹੁਕਮ ਚਲਾ ਲਿਆ ਵੇ।
ਪਰਜਾ ਸਾਂਭ ਕੇ ਬਹੇਗਾ ਕੌਣ ਵੀਰਾ, ਸਾਇਆ ਜਿਨ੍ਹਾਂ ਦੇ ਸਿਰੋਂ ਉਠਾ ਲਿਆ ਵੇ।
ਕੌਣ ਸੁਣੇਗਾ ਦਾਦ ਫਰਿਆਦ ਉਸ ਦੀ, ਦਸੀਂ ਰੋਂਦੀਆਂ ਰੱਯਤਾਂ ਵਾਲਿਆ ਵੇ।
ਕੌਣ ਮੁਆਮਲਾ ਬਾਜ ਖਰਾਜ[5] ਲੈਸੀ, ਕੀਤਾ ਰਾਜ ਨੂੰ ਕਿਹਦੇ ਹਵਾਲਿਆ ਵੇ।
ਕੌਣ ਲਵੇਗਾ ਵਿਚ ਮੈਦਾਨ ਜਾ ਕੇ ? ਜਦੋਂ ਵੈਰੀਆਂ ਮੁਖ ਦਿਖਾਲਿਆ ਵੇ।
ਉਜੜ ਜਾਵਸੀ ਰਾਜ ਬਗੈਰ ਰਾਜੇ, ਤੇਰੇ ਆਪ ਦਾਦੇ ਦਾ ਸੀ ਪਾਲਿਆ ਵੇ।
ਖਾਸੀ ਠੋਕਰਾਂ ਭਾਂਡਿਆਂ ਵਾਂਗ ਖਲਕਤ, ਕੌਣ ਆਣ ਕੇ ਚੁਪ ਕਰਾ ਲਿਆ ਵੇ।
ਰਾਜਧਾਨੀ ਹੋ ਜਾਏਗੀ ਜਲਦ ਫਾਨੀ[6], ਇਸ ਸੁਲਤਾਨੀ ਨੂੰ ਆਪ ਕਿਉਂ ਗਾਲਿਆ ਵੇ।
ਚਾਤ੍ਰਿਕ ਰਾਜ ਲੁਟਾਇਓ ਈ ਭੰਗ ਭਾੜੇ, ਅੰਬ ਵਢ ਕੇ ਅੱਕ ਸੰਭਾਲਿਆ ਵੇ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਲਾਵਾਂ ਅੱਗ ਮੈਂ ਰਾਜ ਸਮਾਜ ਤਾਂਈ, ਭੈਣਾ ਆਪ ਹੀ ਗਿਆ ਸਾਂ ਲੁਟਿਆ ਮੈਂ।
ਪੰਜ ਯਾਰ ਉਜਾੜਵੀਓ ਪਏ ਟਕਰੇ, ਧਰਮ ਕਰਮ ਵਲੋਂ ਪੱਟ ਸੁੱਟਿਆ ਮੈਂ।

---

1. ਅਮੀਰ। 2. ਜਿਸ। 3. ਦੁਖ। 4. ਇਨਸਾਫ, ਨਿਆ। 5. ਮਾਮਲਾ। 6. ਨਾਸ਼।

ਮੇਰੇ ਸੁਖਾਂ ਦੀ ਸੰਪਦਾ ਲੁਟ ਖਾਧੀ, ਆਨ ਅੰਨ ਤੇ ਧਨ ਨਿਖੁਟਿਆ ਮੈਂ।
ਧੋਖੇ ਵਿਚ ਹੀ ਬੀਤ ਗਈ ਉਮਰ ਸਾਰੀ, ਐਸਾ ਨਫਸ[1] ਸ਼ੈਤਾਨ ਨੇ ਲੁਟਿਆ ਮੈਂ।
ਵੇਖਾਂ ਰਾਜ ਕਿ ਆਪਣਾ ਆਪ ਦੇਖਾਂ ? ਜੇਹੜਾ ਡਾਲੀਓਂ ਫੁਲ ਹਾਂ ਟੁੱਟਿਆ ਮੈਂ।
ਪੈਹਰਾ ਦੇਇਗਾ ਕੌਣ ਦਰਗਾਹ ਅੰਦਰ ? ਜਦੋਂ ਜਮਾਂ ਨੇ ਸੰਘੀਓਂ ਘੁੱਟਿਆ ਮੈਂ।
ਪਿਛੋਂ ਹਥ ਅਫਸੋਸ ਦੇ ਪਿਆ ਮਲਸਾਂ, ਜਦੋਂ ਤੀਰ ਅਜ਼ਗੈਬ ਦਾ ਛੁੱਟਿਆ ਮੈਂ।
ਚਾਤ੍ਰਿਕ ਰਾਜ ਸਮਾਜ ਅਕਾਜ ਦਿਸਣ, ਹੁਣ ਤਾਂ ਨਾਲ ਭਗਵਾਨ ਦੇ ਜੁਟਿਆ ਮੈਂ।
ਚਾਹੀਏ ਆਪਣਾ ਆਪ ਸਵਾਰ ਲੈਣਾ, ਕਰਕੇ ਭਜਨ ਭਗਵਾਨ ਕਰਤਾਰ ਭੈਣਾ।
ਜਗਤ ਮਤਲਬੀ ਆਪਣੇ ਫਾਇਦੇ ਦਾ, ਕੋਈ ਕਿਸੇ ਦਾ ਨਹੀਂ ਹੈ ਯਾਰ ਭੈਣਾ।
ਖਾਕ ਛਾਣਦਾ ਅੰਤ ਨੂੰ ਕਾਲ ਹੋਸਾਂ, ਮਾਯਾ ਡੈਣ ਦੇ ਲਾ ਅੰਬਾਰ[2] ਭੈਣਾ।
ਮੇਰੇ ਕੰਮ ਨਾ ਆਵਨੀ ਅੰਤ ਵੇਲੇ, ਬੇੜਾ ਕਰੇਗੀ ਮੂਲ ਨਾ ਪਾਰ ਭੈਣਾ।
ਮੇਰੇ ਵਡੇ ਵਡੇਰੜੇ ਸਭ ਮੋਏ, ਹੁੰਦੇ ਮੋਹ ਦੇ ਵਿਚ ਖੁਆਰ ਭੈਣਾ।
ਮਾਇਆ ਦਏ ਨਾ ਕੁਝ ਸਵਾਰ ਭੈਣਾ, ਛੈਲ ਚੰਚਲ ਮੰਚਲਾ ਨਾਰ ਭੈਣਾ।
ਅੰਤ ਆਵਣਾ ਕੰਮ ਭਲਿਆਈਆਂ ਨੇ ਬੀਜ ਬੀਜਿਆ ਵਿਚ ਸੰਸਾਰ ਭੈਣਾ।
ਚਾਤ੍ਰਿਕ ਖਲਕ ਦੇ ਨਹੀਂ ਮਕਸੂਮ[3] ਖੁਲ੍ਹੇ, ਓਹ ਦੀ ਲਏਗਾ ਬਿਕ੍ਰਮੀ ਸਾਰ ਭੈਣਾ।

ਜਵਾਬ ਰਾਣੀ ਮੈਨਾਵੰਤੀ

ਭਾਵੇਂ ਲਖ ਉਡਾਰੀਆਂ ਮਾਰ ਚੰਦਾ, ਭੈਣ ਕਿਸ ਤਰ੍ਹਾਂ ਬਣੇ ਦਲੇਰ ਵੀਰਾ।
ਅਸੀਂ ਗਊਆਂ ਦੇ ਵਾਂਗ ਡਰਾਕਲਾਂ ਹਾਂ, ਤੇ ਜੁਦਾਈਆਂ ਤੇਰੀਆਂ ਸ਼ੇਰ ਵੀਰਾ।
ਹੁਣੇ ਨਿਕਲ ਕੇ ਸਾਸ ਪਰਵਾਜ਼ ਕਰਸਨ[4], ਤੇਰੇ ਨਿਕਲਨੇ ਦੀ ਜ਼ਰਾ ਦੇਰ ਵੀਰਾ।
ਮੈਥੋਂ ਨਹੀਂ ਗੁਨਾਹ ਤਕਸੀਰ[5] ਹੋਈ, ਕਿਉਂ ਦਿਖਾਨਾ ਏ ਚਰਖ ਦੇ ਫੇਰ ਵੀਰਾ।
ਮੈਂ ਇਕੱਲੜੀ ਭੈਣ ਸਾਂ ਇਕ ਤੇਰੀ, ਕੋਈ ਪੰਜ ਨਾ ਸਤ ਨਾ ਢੇਰ ਵੀਰਾ।
ਤੈਨੂੰ ਤਰਸ ਨਾ ਆਂਵਦਾ ਕੋਰਿਆ ਵੇ, ਪੈਂਦੀ ਭੈਣ ਨੂੰ ਦੇਖ ਕੇ ਘੇਰ ਵੀਰਾ।
ਜਿਸ ਦਾ ਵੀਰ ਜਵਾਨ ਫਕੀਰ ਹੋਵੇ, ਕੀਕਰ ਜੀਂਵਦੀ ਰਹੇਗੀ ਫੇਰ ਵੀਰਾ।
ਉਸ ਤੱਤੜੀ ਨੂੰ ਪਵੇ ਠੰਢ ਕਿਥੋਂ ? ਛਾਤੀ ਜੀਹਦੀ ਤੇ ਅੱਗ ਦਾ ਢੇਰ ਵੀਰਾ।
ਜੇਕਰ ਜੀਉਂਦੀ ਰਹੀ ਨਿਲੱਜ ਤੱਤੀ, ਕੇਹੜੇ ਸੁਖਾਂ ਦੀ ਲਭਸੀ ਬੇਰ ਵੀਰਾ।
ਮਰ ਜਾਵਸੀ ਰੋਂਦੜੀ ਨਾਲ ਦੁਖਾਂ, ਵੈਣ ਪਾਂਵਦੀ ਸੰਝ ਸਵੇਰ ਵੀਰਾ।
ਗਿੱਲੀ ਲਕੜੀ ਧੁਖੇ, ਨਾ ਸੜੇ ਬੁਝੇ, ਜਾਨ ਗਮਾਂ ਦੀ ਹੋਂਵਦੀ ਜ਼ੇਰ[6] ਵੀਰਾ।
ਪਾਪਣ ਭੈਣ ਨੂੰ ਛਡ ਜਾ ਜੀਉਂਦੀ ਨਾ, ਉਞ ਮਾਰ ਜਾਹ ਫੇਰ ਸ਼ਮਸ਼ੇਰ ਵੀਰਾ।
ਮੈਨੂੰ ਨਗਰ ਉਜੈਨ ਉਜਾੜ ਦਿਸੇ, ਤੇਰੇ ਨਾਲ ਸੀ ਉਚ ਸੁਮੇਰ ਵੀਰਾ।
ਸਾਧੂ ਹੋਇਕੇ ਖਲਾ ਦਰਵਾਜ਼ਿਆਂ ਤੇ, ਦਿਤਾ ਤਾਇ ਇਹ ਜਾਦੜੀ ਵੇਰ ਵੀਰਾ।
ਤੇਰੇ ਵੇਸ ਨੂੰ ਦੇਖਕੇ ਅਗ ਲਗੇ ਨਹਾਂ ਨਾਲ ਨਾ ਮਾਸ ਉਚੇੜ ਵੀਰਾ।
ਚਾਤ੍ਰਿਕ ਹੁਣੇ ਕਟਾਰੜੀ ਖਾ ਮਰਸਾਂ, ਮੁਕ ਜਾਵਸੀ ਮੇਰ ਤੇ ਤੇਰ ਵੀਰਾ।

---
1. ਮਨ। 2. ਢੇਰ। 3. ਭਾਗ। 4. ਉਡ ਜਾਣਗੇ। 5. ਗਲਤੀ, ਭੁੱਲ। 6. ਅਧੀਨ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ ਦਾ
('ਆਪਾ' ਭੈਣ ਨੂੰ ਕਹਿੰਦੇ ਹਨ)

ਪਿਆ ਵਖਤ ਕੀ ਤੁਧ ਨੂੰ ਮਾਉਂ ਜਾਈ ? ਕੇਹੜੀ ਗਲ ਤੋਂ ਕਰੇਗੀ ਘਾਤ ਆਪਾ।
ਕਾਹਨੂੰ ਰੋਇ ਕੇ ਨੀਰ ਵਹਾਵਨੀਏ ? ਰਖੇ ਤੁਧ ਨੂੰ ਰਬ ਹਯਾਤ[1] ਆਪਾ।
ਦਿਤੇ ਸੁਖ ਭਗਵਾਨ ਨੇ ਸਭ ਤੈਨੂੰ, ਕੀਤੀ ਮੇਹਰਬਾਨੀ ਪਾਕ ਜ਼ਾਤ[2] ਆਪਾ।
ਰਾਜ ਕਾਜ ਭੰਡਾਰ ਤੇ ਹੁਕਮ ਹਾਸਲ, ਪਈ ਮਾਣ ਖੁਸ਼ੀਆਂ ਦਿਨੇ ਰਾਤ ਆਪਾ।
ਧਾਰਾ ਨਗਰ ਬੰਗਾਲ ਦਾ ਦੇਸ ਤੇਰਾ, ਸੁਖੀ ਵਸਦਾ ਰਬ ਦੀ ਦਾਤ ਆਪਾ।
ਕੋਈ ਕਮੀ ਨਾ ਵਿਚ ਦਰਬਾਰ ਦੇ ਹੈ, ਹਾਜ਼ਰ ਖਲਕਤਾਂ ਦੀ ਕਾਇਨਾਤ[3] ਆਪਾ।
ਥੋਹੜੇ ਚਿਰਾਂ ਨੂੰ ਰਬ ਕ੍ਰਿਪਾਲ ਹੋਸੀ, ਗੋਦੀ ਖੇਲਸੀ ਸੋਹਣਾ ਤਾਤ[4] ਆਪਾ।
ਫੇਰ ਕੇਹੜੇ ਦੁਖ ਤੋਂ ਦੁਖੀ ਹੋਵੇਂ ? ਏਹ ਸੰਜੋਗ ਨੇ ਦਿਨਾਂ ਦੀ ਬਾਤ ਆਪਾ।
ਕਿਸਮਤ ਮੇਲ ਵਿਛੋੜਦੀ ਸਾਰਿਆਂ ਨੂੰ, ਕੋਈ ਸੰਝ ਤੇ ਕੋਈ ਪ੍ਰਭਾਤ ਆਪਾ।
ਕੋਈ ਰਹੇ ਨਾ ਕਦੀ ਹਮੇਸ਼ ਕੱਠਾ, ਕੋਈ ਮੂਲ ਨਾ ਪੁਛਦਾ ਵਾਤ ਆਪਾ।
ਓੜਕ ਜਾਵਨਾ ਸਭ ਨੇ ਕੱਲਿਆਂ ਹੀ, ਜਦੋਂ ਪਏਗੀ ਮੌਤ ਅਫਾਤ ਆਪਾ।
ਚਾਤ੍ਰਿਕ ਟੁਰ ਗਏ ਵਡ ਵਡੇਰੜੇ ਜੋ ਜ਼ਰਾ ਮਾਰ ਕੇ ਦੇਖ ਖਾਂ ਝਾਤ ਆਪਾ।
ਮੋਹ ਰਖਣਾ ਸੰਸਾਰ ਮੰਦਾ, ਮੋਹ ਅੰਤ ਨੂੰ ਕਰੇ ਖੁਆਰ ਆਪਾ।
ਝੂਠਾ ਮੋਹ ਸੰਸਾਰੀਆਂ ਰਾਹੀਆਂ ਦਾ, ਜੇਹੜੇ ਸਦਾ ਹੀ ਰੈਹਣ ਤਿਆਰ ਆਪਾ।
ਕਾਹਨੂੰ ਪਾਵਨਾਂ ਫੇਰ ਪਯਾਰ ਆਪਾ, ਜਦੋਂ ਰੈਹਣ ਦਾ ਨਹੀਂ ਇਤਬਾਰ ਆਪਾ।
ਜਿਤਨਾ ਮੋਹ ਵਧਾਇਓ ਈ ਨਾਲ ਮੇਰੇ, ਬੈਹਕੇ ਸਿਮਰ ਖਾਂ ਓਸ ਕਰਤਾਰ ਆਪਾ।
ਹੋਵੇ ਆਤਮਾ ਸਾਫ ਤੇ ਮੋਹ ਟੁਟੇ, ਹੋਵੇ ਅੰਤ ਵੇਲੇ ਬੇੜਾ ਪਾਰ ਆਪਾ।
ਓਸ ਦੀਨ ਦਿਆਲ ਦਾ ਮੋਹ ਕਰੀਏ, ਜੋ ਸਹਾਇ ਹੋਵੇ ਜਾਂਦੀ ਵਾਰ ਆਪਾ।
ਅੰਤ ਛੁਟਨਾ ਜਿਨ੍ਹਾਂ ਤੋਂ ਅੰਤ ਵੇਲੇ, ਕਾਹਨੂੰ ਪਾਵੀਏ ਫੇਰ ਪਿਆਰ ਆਪਾ।
ਚਾਤ੍ਰਿਕ ਨਿਹੁੰ ਭਗਵਾਨ ਦੇ ਨਾਲ ਲਾਵੀਂ, ਹੋਰ ਮਮਤਾ ਸਭ ਵਿਸਾਰ ਆਪਾ।

ਜਵਾਬ ਰਾਣੀ ਮੈਨਾਵੰਤੀ

ਵੀਰਾ ਜਿਤਿਆ ਜਾਂਵਦਾ ਜਨਮ ਆਪ, ਘਰੀਂ ਬੈਠਕੇ ਭਗਤ ਭਗਵਾਨ ਕਰਦੋਂ।
ਦੁਖੀ ਦੀਨ ਅਧੀਨ ਦੀ ਸਾਰ ਲੈਂਦੋਂ, ਲੋੜਵੰਦ ਦਾ ਸਦ ਕੇ ਮਾਨ ਕਰਦੋਂ।
ਪੰਜ ਐਬ ਭੀ ਨਸਦੇ ਓਸ ਵੇਲੇ, ਜਦੋਂ ਬੈਠ ਮਹਾਰਾਜ ਦਾ ਧਿਆਨ ਕਰਦੋਂ।
ਹੀਰੇ ਮੋਤੀਆਂ ਦੀ ਨਹੀਂ ਸੀ ਕਮੀ ਕੋਈ, ਭਰ ਭਰ ਥਾਲ ਸਵੇਰ ਨੂੰ ਦਾਨ ਕਰਦੋਂ।
ਜਾਕੇ ਮੰਦ੍ਰੀਂ ਪੂਜਦੋਂ ਠਾਕਰਾਂ ਨੂੰ, ਗੰਗਾ ਨੀਰ ਮੰਗਵਾਇ ਇਸ਼ਨਾਨ ਕਰਦੋਂ।
ਰੋਜ਼ ਸਵਾ ਸੌ ਗਊ ਦਾ ਦਾਨ ਕਰਦੋਂ, ਮਣਸ ਪੂਜ ਕੇ ਫੇਰ ਪਕਵਾਨ ਕਰਦੋਂ।

1. ਜੀਊਂਦੀ। 2. ਪਵਿਤ੍ਰ ਜਾਤ ਵਾਲਾ, ਪ੍ਰਮਾਤਮਾ। 3. ਸੰਸਾਰ। 4. ਪੁੱਤਰ।

ਸਦਾ ਬ੍ਰਤ[1] ਤੇ ਹੋਮ ਤੇ ਜਗ ਕਰਦੋਂ, ਹਥੀਂ ਆਪਣੀ ਆਪ ਕਲਯਾਨ ਕਰਦੋਂ।
ਪੈਰੀਂ ਚਲਕੇ ਸੰਤ ਦਾ ਦਰਸ ਕਰਦੋਂ, ਜੀਉ ਵਿਚ ਨਾ ਰਤਾ ਗੁਮਾਨ ਕਰਦੋਂ।
ਗਊ ਬ੍ਰਾਹਮਣਾਂ ਦੀ ਕਰਦੋਂ ਪ੍ਰਤਿਪਾਲਾ, ਸੁਖੀ ਅਦਲ[2] ਦੇ ਨਾਲ ਜਹਾਨ ਕਰਦੋਂ।
ਕਥਾ ਬਾਰਤਾ ਬੈਠਕੇ ਨਿਤ ਸੁਣਦੋਂ, ਅਮਲ ਮੰਨਕੇ ਵੇਦ ਪੁਰਾਨ ਕਰਦੋਂ।
ਗੀਤਾ ਭਾਗਵਤ[3] ਬ੍ਰਹਮ ਪੁਰਾਣ[4] ਪੜ੍ਹਕੇ, ਆਪਣੇ ਆਪ ਦੀ ਫੇਰ ਪਛਾਨ ਕਰਦੋਂ।
ਰਹਿੰਦੋਂ ਵਿਚ ਅਰਾਧਣਾ ਸਦਾ ਰੁੱਝਾ, ਰਾਜ ਯੋਗ[5] ਕਰਕੇ ਸੁਖੀ ਜਾਨ ਕਰਦੋਂ।
ਘਰੀਂ ਬੈਠਕੇ ਗਿਆਨ ਧਿਆਨ ਕਰਦੋਂ, ਕਾਬੂ ਨਫਸ[6] ਹੰਕਾਰ ਸ਼ੈਤਾਨ ਕਰਦੋਂ।
ਤੈਨੂੰ ਹਟਕਦਾ ਕੌਣ ਸੀ ਧਰਮ ਵਲੋਂ, ਦਿਲ ਨੂੰ ਭਜਨ ਦੇ ਵਿਚ ਗਲਤਾਨ ਕਰਦੋਂ।
ਐਪਰ ਰਾਜ ਨਾ ਛਡਦੋਂ, ਜੁਗ ਜੀਵੇਂ, ਭਾਵੇਂ ਆਪਣੀ ਥਾਉਂ ਪ੍ਰਧਾਨ ਕਰਦੋਂ।
ਆਪੇ ਸਾਂਭਦਾ ਚਾਤ੍ਰਿਕ ਪਏ ਸਿਰ ਤੇ, ਤੂੰ ਭਗਵੰਤ ਦਾ ਭਜਨ ਹਰ ਆਨ ਕਰਦੋਂ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਏਸ ਪ੍ਰੇਮ ਦੀ ਖੇਡ ਅਵਲੜੀਏ, ਏਥੇ ਕਾਟ ਨਾ ਕਟਦੇ ਜੋੜ ਭੈਣਾ।
ਜੇਹੜੇ ਕਰਨ ਪ੍ਰਵਾਹ ਅਰਾਮ ਸੰਦੀ, ਕਦੇ ਪਹੁੰਚ ਨਾ ਸਕਦੇ ਤੋੜ ਭੈਣਾ।
ਵਾਰ ਸੁਟੀਏ ਓਸ ਤੋਂ ਸੁਖ ਸਾਰੇ, ਖੂਨ ਸੁਟੀਏ ਸਭ ਨਚੋੜ ਭੈਣਾ।
ਫੇਰ ਮਾਨ ਨਾ ਰਖੀਏ ਕਰਨੀਆਂ ਦਾ, ਡੋਰ ਓਸ ਤੇ ਦੇਵੀਏ ਛੋੜ ਭੈਣਾ।
ਲਗੇ ਲਗਨ ਪ੍ਰੇਮ ਦੀ ਜਿਹਨੂੰ ਆਕੇ, ਦੇਂਦਾ ਆਪਣੇ ਆਪ ਨੂੰ ਰੋੜ੍ਹ ਭੈਣਾ।
ਉਨ੍ਹਾਂ ਫੇਰ ਪ੍ਰਵਾਹ ਕੀ ਰਈਅਤਾਂ ਦੀ, ਜਾਕੇ ਢੂੰਢਦੇ ਬ੍ਰਿਛ ਦੀ ਖੋੜ ਭੈਣਾ।
ਹਿਰਸ ਦੌਲਤਾਂ ਦੀ ਬਾਕੀ ਰਹੀ ਨਾਹੀ, ਰਖਨ ਚੂਨ ਤੇ ਭੂਨ ਦੀ ਲੋੜ ਭੈਣਾ।
ਸਾਨੂੰ ਸਬਰ ਸੰਤੋਖ ਦੀ ਮਿਲੀ ਬਖਸ਼ਸ਼, ਕਿਸੇ ਚੀਜ਼ ਦੀ ਰਹੀ ਨਾ ਥੋੜ ਭੈਣਾ।
ਸਾਂਭ ਰਖ ਵਲਾਇਤਾਂ ਦੇਸ ਸਾਰੇ, ਰਾਜ ਵਿਚ ਸਮੁੰਦਰ ਦੇ ਥੋੜ ਭੈਣਾ।
ਚਾਤ੍ਰਿਕ ਜਗਤ ਨੂੰ ਭਗਤ ਹੀ ਜਿਤਦੀ ਹੈ, ਮੈਨੂੰ ਰਬ ਦੇ ਦਰੋਂ ਨਾ ਮੋੜ ਭੈਣਾ।
ਮੁਕਤੀ ਗਯਾਨ ਬਗੈਰ ਨਾ ਕਦੀ ਹੋਵੇ, ਕਰ ਲੈ ਆਪਣੇ ਜੀਉ ਪਹਿਚਾਨ ਭੈਣਾ।
ਗਿਆਨ ਗੁਰੂ ਬਗੈਰ ਨਾ ਕ੍ਹਦੀ ਹੋਵੇ, ਮਾਰੇ ਪ੍ਰੇਮ ਦੇ ਕੱਸ ਕੇ ਬਾਨ ਭੈਣਾ।
ਗੁਰੂ ਢੂੰਢਿਆਂ ਬਾਝ ਨਾ ਕਦੇ ਮਿਲਦਾ, ਵਿਚ ਜੰਗਲਾਂ ਬਨਾਂ ਸ਼ਮਸ਼ਾਨ ਭੈਣਾ।
ਕਰਦਾ ਢੂੰਢ ਨਾ ਸਾਲਕਾਂ[7] ਬਾਝ ਕੋਈ, ਭੁਲ ਜਾਂਵਦੇ ਪੀਣ ਤੇ ਖਾਨ ਭੈਣਾ।
ਸਾਲਕ ਬਣੇ ਨਾ ਬਿਨਾਂ ਵੈਰਾਗ ਹੋਇਆ, ਠੇਸ ਖਾਇ ਕੇ ਨਾਲ ਜਹਾਨ ਭੈਣਾ।
ਲਗੇ ਠੇਸ ਤਾ ਰਿਹਾ ਨਾ ਫੇਰ ਜਾਵੇ, ਮਹਿਲ ਮਾੜੀਆਂ ਪਏ ਡਰਾਣ ਭੈਣਾ।
ਸਾਲਕ ਲਭਦੇ ਮੁਰਸ਼ਦਾਂ ਪੂਰਿਆਂ ਨੂੰ, ਕਰਕੇ ਚੈਨ ਆਰਾਮ ਕੁਰਬਾਨ ਭੈਣਾ।

---

1. ਲੰਗਰ। 2. ਨਿਆਂ।
3. ਪ੍ਰਸਿਧ ਧਾਰਮਕ ਪੁਸਤਕ ਜਿਸ ਵਿਚ ਕੌਰਵ ਪਾਂਡਵ ਯੁਧ ਵੇਲੇ ਸ੍ਰੀ ਕ੍ਰਿਸ਼ਨ ਜੀ ਦੇ ਅਰਜਨ ਨੂੰ ਦਿਤੇ ਵਿਸ਼ੇਸ਼, ਉਚਤਮ, ਉਪਦੇਸ਼ ਅੰਕਿਤ ਹਨ। 4. ਇਕ ਧਾਰਮਕ ਇਤਿਹਾਸਕ ਗ੍ਰੰਥ ਜੋ ੧੮ ਪੁਰਾਣਾਂ ਵਿਚੋਂ ਇਕ ਹੈ।
5. ਵਿਚੇ ਗ੍ਰਿਹ ਉਦਾਸੀ। 6. ਮਨ। 7. ਭਗਤ।

ਬਿਨਾਂ ਇਸ ਕੁਰਬਾਨੀਓ ਮਿਲੇ ਨਾਹੀਂ, ਹੋਵੇ ਜੀਵ ਨੂੰ ਨਹੀਂ ਗਿਆਨ ਭੈਣਾ।
ਗੀਤਾ ਭਾਗਵਤ ਕਥਾ ਰਮਾਇਣ[1] ਦੀ ਅਤੇ ਵਾਚਨੇ ਵੇਦ ਪੁਰਾਨ ਭੈਣਾ।
ਸੁਫਲ ਪੜ੍ਹੇ ਤੇ ਗੁੜ੍ਹੇ ਇਹ ਤਦੇ ਹੋਵਨ, ਹੋਵੇ ਆਪਣੇ ਆਪ ਦਾ ਭਾਨ[2] ਭੈਣਾ।
ਅੰਤ ਵੇਲੜੇ ਯਾਦ ਭਗਵਾਨ ਆਵੇ, ਹੋਵੇ ਜੀਉ ਦੀ ਤਦੋਂ ਕਲਿਆਨ ਭੈਣਾ।
ਆਵੇ ਯਾਦ ਨਾ ਬਿਨਾ ਅਭਿਆਸ ਕੀਤੇ, ਸੋਹੰ ਜਾਪ ਬਗੈਰ ਅਲਾਨ ਭੈਣਾ।
ਮਰਨ ਲਗਿਆਂ ਟੁਟਦਾ ਮੋਹ ਨਾਹੀਂ, ਰਹਿੰਦਾ ਖਾਹਿਸ਼ਾਂ ਵਿਚ ਧਿਆਨ ਭੈਣਾ।
ਜੇਹੜੇ ਕਰਨ ਮਜ਼ਦੂਰੀਆਂ ਤ੍ਰਾਣ ਹੁੰਦੇ, ਓਹ ਵੇਹਲੜੇ ਚੂਰੀਆਂ ਖਾਨ ਭੈਣਾ।
ਵੇਲਾ ਓਹ ਨਜਿਠਣਾ ਬੜਾ ਮੁਸ਼ਕਲ, ਬਿਨਾਂ ਕੀਤਿਆਂ ਭਜਨ ਭਗਵਾਨ ਭੈਣਾ।
ਅੰਤ ਮਤਾ ਸੋ ਗਤਾ[3] ਮਸ਼ਹੂਰ ਚਾਤ੍ਰਿਕ, ਇਕੋ ਲਖ ਦੀ ਗੱਲ ਮੁਕਾਨ ਭੈਣਾ।

ਜਵਾਬ ਰਾਣੀ ਮੈਨਾਵੰਤੀ

ਤਪ ਕਰੇਂਗਾ ਸੋਹਣਿਆ ਵਿਚ ਜੰਗਲ, ਜਾਸੀ ਘਟ ਸਰੀਰ ਦਾਂ ਬਲ ਵੀਰਾ।
ਜਦੋਂ ਧੂਣੀਆਂ ਬਾਲਕੇ ਬਹੇਂਗਾ ਤੂੰ, ਸੇਕ ਸਕੇਂਗਾ ਮੂਲ ਨਾ ਝੱਲ ਵੀਰਾ।
ਸੁਕ ਜਾਵਸੀ ਰੱਤ ਸਰੀਰ ਵਿਚੋਂ, ਕੀਕਰ ਸਕੇਂਗਾ ਹਿਲ ਤੇ ਚੱਲ ਵੀਰਾ।
ਮਾਸ ਘਟੇਗਾ ਭੁਖਿਆਂ ਰੋਜ਼ ਰਹਿਕੇ, ਜੀਉ ਡੋਲਸੀ ਵਿਚ ਇਕੱਲ ਵੀਰਾ।
ਇਜ਼ਤ ਘਟੇਗੀ ਅਡਿਆਂ ਤਲੀ ਤੇਰੀ, ਚੱਲ ਪਏਗਾ ਅਖੀਓਂ ਜਲ ਵੀਰਾ।
ਰੂਪ ਘਟੇਗਾ ਮਲੇਂਗਾ ਖਾਕ ਪਿੰਡੇ, ਹੋਸੀ ਸੰਢਿਆਂ ਵਾਂਗ ਇਹ ਖਲ ਵੀਰਾ।
ਪਰਜਾ ਘਟੇਗੀ ਗਿਆਂ ਪ੍ਰਦੇਸ ਤੇਰੇ, ਮੂੰਹ ਧਰੇਗੀ ਜੰਗਲਾਂ ਵੱਲ ਵੀਰਾ।
ਮੈਂ ਨਾ ਜਾਣ ਦੇਸਾਂ ਵੀਰ ਭੋਲੜੇ ਨੂੰ, ਉਠ ਘਰਾਂ ਨੂੰ ਆਪਣੇ ਚੱਲ ਵੀਰਾ।
ਨਾ ਦਲਗੀਰ ਹੋ ਟਪ ਲਕੀਰ ਨਾਹੀਂ, ਸਾਧਾਂ ਵਿਚ ਨਾ ਜਾਇ ਕੇ ਰਲ ਵੀਰਾ।
ਬੀਆਬਾਨ ਨਾ ਰਖ ਧਿਆਨ ਅੰਦਰ, ਮੈਹਲ ਮਾੜੀਆਂ ਚਲਕੇ ਮੱਲ ਵੀਰਾ।
ਮੇਰੇ ਸੁਕਦੇ ਨੈਨ ਪ੍ਰਾਣ ਵੀਰਾ, ਜਦੋਂ ਕਰੇਂ ਵੈਰਾਗ ਦੀ ਗੱਲ ਵੀਰਾ।
ਚਾਤ੍ਰਿਕ ਕਿਹਾ ਨਾ ਮੋੜ ਨਿਮਾਨੜੀ ਦਾ, ਖੱਟ ਲਈ ਜਹਾਨ ਦੀ ਭੱਲ ਵੀਰਾ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਜਦੋਂ ਗਿਆਨ ਦੇ ਆਨ ਕੇ ਬਾਣ ਵਜਨ, ਭੁਲ ਜਾਂਵਦੇ ਸਭ ਧਿਆਨ ਆਪਾ।
ਘਟ ਜਾਂਵਦੇ ਦੁਖ ਤੇ ਸੁਖ ਆਵਨ ਹੋਵੇ, ਮੇਹਰ ਕਰਤਾਰ ਦੀ ਆਪ ਆਪਾ।
ਤਾਪ ਤਪਿਆਂ ਪਾਪ ਸੰਤਾਪ ਘਟਦੇ, ਤ੍ਰਿੰਨੇ ਤਾਪ[4] ਸਰੀਰ ਦੇ ਜਾਨ ਆਪਾ।
ਰਾਮ ਨਾਮ ਦਾ ਜਦੋਂ ਉਚਾਰ ਕਰੀਏ, ਸਾਰੇ ਦੁਖ ਤੇ ਭੁਖ ਨਸਾਨ ਆਪਾ।

---

1. ਤੁਲਸੀ ਦਾਸ ਅਤੇ ਬਾਲਮੀਕ ਲਿਖਤ ਕਵਿਤਾ ਵਿਚ ਸ੍ਰੀ ਰਾਮ ਚੰਦ੍ਰ ਜੀ ਦੇ ਜੀਵਨ ਬ੍ਰਿਤਾਂਤ। 2. ਚਾਨਣ, ਗਿਆਨ।
3. ਅੰਤ ਵੇਲੇ ਜੋ ਵਿਚਾਰ ਹੋਣ, ਉਸ ਅਨੁਸਾਰ ਹੀ ਚਲਦਾ ਹੈ ਭਾਵ ਮੌਤ ਵੇਲੇ ਜੇ ਚੰਗੇ ਵਿਚਾਰ ਹੋਣ ਤਾਂ ਗਤੀ (ਮੁਕਤੀ) ਹੋ ਜਾਂਦੀ ਹੈ।
4. ਤਿੰਨ ਤਰ੍ਹਾਂ ਦੇ ਦੁਖ (1) ਸਰੀਰ ਤੇ ਮਨ ਦੇ (2) ਜੀਆਂ ਜੰਤੂਆਂ ਤੋਂ, ਬਿਛੂ, ਸਪ, ਮਛਰ, (3) ਕੁਦਰਤੀ, ਮੀਂਹ, ਧੁਪ, ਮੋੜ।

ਜੋਗ ਸਾਧਿਆਂ ਇਛਿਆ ਘਟ ਜਾਵੇ, ਭੁਖ ਪਿਆਸ ਨਾ ਫੇਰ ਅਕਾਨ ਆਪਾ।
ਜੋਗੀ ਪੌਣ ਦਾ ਕਰਨ ਅਹਾਰ ਸਿਖਣ, ਨਾਲ ਇਛਿਆ ਅੰਨ ਨੂੰ ਖਾਨ ਆਪਾ।
ਤ੍ਰਿਸ਼ਨਾ ਘਟੇ ਸੰਤੋਖ ਨੂੰ ਧਾਰ ਲਈਏ, ਫੇਰਾ ਮੋਹ ਤੇ ਲੋਭ ਨਾ ਪਾਨ ਆਪਾ।
ਜਦੋਂ ਸਾਧੂ ਨਾਲ ਸਤਿਸੰਗ ਹੋਵੇ, ਸੰਸੇ ਭਰਮ ਓਹ ਸਭ ਚੁਕਾਨ ਆਪਾ।
ਹਰੀ ਰਾਹ.ਤੇ ਚਲਦਿਆਂ ਸਾਧੂਆਂ ਦੇ, ਨੇੜੇ ਆਂਵਦੀ ਨਹੀਂ ਥਕਾਨ ਆਪਾ।
ਸਾਨੂੰ ਹੋਰ ਮਕਾਨ ਕੀ ਦਸਨੀਏਂ ? ਅਸਾਂ ਲਭਿਆ ਲਾ ਮਕਾਨ[1] ਆਪਾ।
ਓਹਦੇ ਦਰੋਂ ਜੇ ਭੁਲਕੇ ਪਏ ਔਝੜ, ਐਤ ਜਾਂਵਦੇ ਬਾਝ ਈਮਾਨ ਆਪਾ।
ਚਾਤ੍ਰਿਕ ਓਸ ਦਰਵਾਜ਼ਿਓਂ ਚੁਕ ਕੇ ਤੇ, ਕਾਹਨੂੰ ਮੁਝ ਨੂੰ ਕਰੋ ਹੈਰਾਨ ਆਪਾ।

ਜਵਾਬ ਰਾਣੀ ਮੈਨਾਵੰਤੀ

ਵੀਰਾ ਕੱਚਿਆ ਬੱਚਿਆ ਦੁਧ ਦੰਦੀਂ, ਪੱਟੀ ਕਿਸੇ ਕੰਬਖਤ ਪੜ੍ਹਾਈਆ ਵੇ।
ਐਵੇਂ ਸਮਝੀਓ ਕਾਰ ਸੁਖਾਲੜੀ ਏਹ, ਪ੍ਰੀਤ ਸਾਧੂਆਂ ਨਾਲ ਜਾ ਲਾਈਆ ਵੇ।
ਅਜੇ ਸਜਰੇ ਕੰਨ ਤੇ ਰੋਜ਼ ਥੋਹੜੇ, ਭਾਈ ਬਾਵਲੀ ਭੈਣ ਬਣਾਈਆ ਵੇ।
ਵਿਥ ਪੈਣ ਦੇ ਥੋੜਿਆ ਦਿਨਾਂ ਸੰਦੀ, ਮੇਰੇ ਹਾਕਮਾ ਵੀਰ ਸਿਪਾਹੀਆ ਵੇ।
ਭੁਲ ਜਾਨ ਗਿਆਨ ਧਿਆਨ ਸਭੇ, ਜਦੋਂ ਯਾਰ ਦੁਕੰਨੜੀ ਆਈਆ ਵੇ।
ਏਹੋ ਰਾਜਧਾਨੀ ਆਸੀ ਤਦੋਂ ਚੇਤੇ, ਜੇਹੜੀ ਮਾਰ ਕੇ ਲੱਤ ਤਰਾਹੀਆ ਵੇ।
ਸਾਕ ਸੈਨ ਤੇ ਭੈਣ ਭਰਾ ਯਾਦ ਆਸੀ, ਜੇਹੜੇ ਜੀਉ ਤੋਂ ਅਜ ਤੂੰ ਲਾਹੀਆ ਵੇ।
ਦੁਖ ਪਏ ਫਕੀਰੀਆਂ ਵਾਲੜੇ ਜਾਂ, ਤੇਰਾ ਹਿਲ ਕਲੇਜੜਾ ਜਾਈਆ ਵੇ।
ਲਗੇ ਭੁਖ ਤੇ ਅੰਨ ਨਾ ਮਿਲੇ ਅਗੋਂ, ਹੁਸੜ ਜਾਵਸੇਂ ਵੀਰ ਗੁਮਰਾਹੀਆ ਵੇ।
ਕੌਲ ਦਿਲੇ ਦਾ ਮੇਟਿਆ ਜਾਵੀਏਗਾ, ਸਾਰੇ ਰੱਜ ਨੂੰ ਚੱਜ ਨੇ ਰਾਹੀਆ ਵੇ।
ਮੁਖ ਫੁਲ ਗੁਲਾਬ ਦੇ ਵਾਂਗ ਖਿੜਿਆ, ਦੇਸੀ ਭੁਖ ਪਯਾਸ ਕੁਮਲਾਈਆ ਵੇ।
ਧੁਪਾਂ ਪੈਣ ਅੰਧੇਰ ਦੀ ਲੋਅ ਗਰਮੀ, ਗੋਰਾ ਪਕੜਸੀ ਰੰਗ ਸਿਆਹੀਆ ਵੇ।
ਪਿੰਡਾ ਝੁਲਸਿਆ ਜਾਵਸੀ ਨਗਨ ਤੇਰਾ, ਕਾਹਨੂੰ ਗਲੇ ਬਲਾ ਏਹ ਪਾਈਆ ਵੇ।
ਫਿਰਣ ਸੱਪ ਸਲੂਪੜੇ ਜ਼ਿਮੀ ਉਤੇ, ਭੁੰਞੇ ਸੌਂਦਿਆਂ ਡੰਗ ਚਲਾਈਆ ਵੇ।
ਨਾ ਉਰਾਰ ਲਗੋਂ, ਨਾ ਤੂੰ ਪਾਰ ਲਗੋਂ, ਬੇੜੀ ਜੋਗ ਦੇ ਵਿਚ ਡੁਬਾਈਆ ਵੇ।
ਚਾਤ੍ਰਿਕ ਜੋਗ ਦੀ ਖੇਡ ਅਲਾਹੀਆ ਵੇ, ਜਾਵਸੀ ਨਹੀਂ ਨਿਬਾਹੀਆ ਵੇ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਭੈਣਾ ਗੁਰੂ ਦੇ ਚਰਨ ਮੈਂ ਪਕੜ ਲੀਤੇ, ਮੋਹ ਹਟਦਿਆਂ ਹਟਦਿਆਂ ਹਟ ਜਾਸੀ।
ਵਜੇ ਬਾਣ ਜਾਂ ਗੁਰੂ ਜਾਲੰਧਰੀ ਦੇ, ਦੁਖ ਘਟਦਿਆਂ ਘਟਦਿਆਂ ਘਟ ਜਾਸੀ।
ਭ੍ਰਿੰਗੀ ਵਾਂਗ ਜਾਂ ਗੁਰੂ ਨੇ ਨਾਦ ਵਾਹਿਆ, ਰੂਪ ਵਟਦਿਆਂ ਵਟਦਿਆਂ ਵਟ ਜਾਸੀ।

1. ਜਿਸ ਰਬ ਦੀ ਕੋਈ ਇਕ ਥਾਂ ਨਹੀਂ।

ਚਾਕੂ ਗਯਾਨ ਦਾ ਫਿਰੇਗਾ ਜਿਸ ਵੇਲੇ, ਜਾਲ ਕਟਦਿਆਂ ਕਟਦਿਆਂ ਕਟ ਜਾਸੀ।
ਵਗੇ ਵਾ ਪ੍ਰੇਮ ਦੀ ਵਿਚ ਵਰਖਾ ਬਦਲ ਫਟਦਿਆਂ ਫਟਦਿਆਂ ਫਟ ਜਾਸੀ।
ਲਗੇ ਜੜ੍ਹਾਂ ਤੋਂ ਵਾ ਜਦ ਆਨ ਚਾਤ੍ਰਿਕ, ਬੂਟਾ ਪਟਦਿਆਂ ਪਟਦਿਆਂ ਪਟ ਜਾਸੀ।

ਸ਼ਰਧਾ ਪੀਰ ਮਨਾਇਕੇਂ ਚੜ੍ਹੇ ਪਰਬੰਤ, ਤਦੋਂ ਚੜ੍ਹਦਿਆਂ ਚੜ੍ਹਦਿਆ ਚੜਾਂਗਾ ਮੈਂ।
ਜਦੋਂ ਸ਼ਾਂਤ ਸੰਤੋਖ ਦੀ ਢਾਲ ਬੱਧੀ, ਸਬਰ ਕਰਦਿਆਂ ਕਰਦਿਆਂ ਕਰਾਂਗਾ ਮੈਂ।
ਤਕਵਾ ਰਖਕੇ ਇਕ ਪ੍ਰਮਾਤਮਾ ਤੇ, ਜੀਉ ਭਰਦਿਆਂ ਭਰਦਿਆਂ ਭਰਾਂਗਾ ਮੈਂ।
ਵਿਚ ਗਯਾਨ ਧਯਾਨ ਤੇ ਨਾਮ ਸਿਮਰਨ ਦਿਲੋਂ ਠਰਦਿਆਂ ਠਰਦਿਆਂ ਠਰਾਂਗਾ ਮੈਂ।
ਵਜੇ ਬਾਣ ਪ੍ਰੇਮ ਦੇ ਗੁਰੂ ਵਲੋਂ ਮੈਨੂੰ, ਮਰਦਿਆਂ ਮਰਦਿਆਂ ਮਰਾਂਗਾ ਮੈਂ।
ਜੇਹੜਾ ਉਡਦਾ ਵਾਂਗ ਪੰਖੇਰੂਆਂ ਦੇ, ਜਗਾ ਫੜਦਿਆਂ ਫੜਦਿਆਂ ਫੜਾਂਗਾ ਮੈਂ।
ਮੈਨੂੰ ਫਿਕਰ ਨਾ ਰਹੇਗਾ ਰਤਾ ਜਿੰਨਾ, ਸੀਸ ਗੁਰੂ ਦੇ ਚਰਨ ਤੇ ਧਰਾਂਗਾ ਮੈਂ।
ਓਹੋ ਹੋਵਸੀ ਆਨ ਸਹਾਇ ਮੇਰਾ, ਦੁਖ ਦਰਦ ਤਮਾਮ[1] ਚਾ ਹਰਾਂਗਾ[2] ਮੈਂ।
ਸਿਰਜਣਹਾਰ ਦਾ ਖਾਸ ਦੀਦਾਰ ਹੋਸੀ, ਦਸਮ ਦਵਾਰ ਜਦ ਸਵਾਸ[3] ਨੂੰ ਖੜਾਂਗਾ ਮੈਂ।
ਤੂੰ ਹੀ ਤੂੰ ਹੀ ਦੇ ਸ਼ਬਦ ਮਤਵਾਲੜੇ ਨੂੰ, ਪੰਛੀ ਪਿੰਜਰੇ ਦੇ ਵਾਂਗ ਪੜ੍ਹਾਂਗਾ ਮੈਂ।
ਅਸੀਂ ਦੇਖ ਕੇ ਛਡਿਆ ਜਗ ਸਾਰਾ, ਮੁੜ ਕੇ ਕਿਸ ਤਰ੍ਹਾਂ ਆਨ ਕੇ ਵੜਾਂਗਾ ਮੈਂ।
ਚਾਤ੍ਰਿਕ ਰਾਜ ਉਜੈਨ ਦਾ ਚੀਜ਼ ਕੇਹੜੀ ? ਤੀਨ ਲੋਕ ਨਾ ਜੀਉ ਤੇ ਧਰਾਂਗਾ ਮੈਂ।

ਜਵਾਬ ਰਾਣੀ ਮੈਨਾਵੰਤੀ

ਜਗੀ ਹੋਇ ਕੇ ਚਾਨਣਾ ਦੁਖੀ ਹੋਸੇਂ, ਦਰ ਦਰ ਮੰਗਦਾ ਫਿਰੇਂਗਾ ਭੀਖ ਚੰਦਾ।
ਰਾਜੇ ਵਾਸਤੇ ਅਡਣਾ ਹਥ ਜਾਕੇ, ਵੇਦ ਸ਼ਾਸਤ੍ਰਾਂ ਵਿਚ ਨਾ ਠੀਕ ਚੰਦਾ।
ਕੋਈ ਨੀਚ ਸ਼ੂਦਰ ਅਗੋਂ ਦੇ ਗਾਲੀ, ਕਢੇ ਘਰਾਂ ਤੋਂ ਬਾਹਰ ਧਰੀਕ ਚੰਦਾ।
ਏਹ ਨਿਰਾਦਰੀ ਸਹੀ ਨਾ ਜਾਏ ਤੈਥੋਂ, ਨਿਕਲ ਜਾਵਸੀ ਦੁਖੀ ਦੀ ਚੀਕ ਚੰਦਾ।
ਤੇਰੀ ਬੰਸ ਉਤੰਸ ਤੇ ਜ਼ਾਤ ਉਚੀ, ਕਾਹਨੂੰ ਕੁਲਾਂ ਨੂੰ ਲਾਉਨਾ ਏਂ ਲੀਕ ਚੰਦਾ।
ਬੈਠਾ ਰਹੀਂ ਤੂੰ ਭੈਣ ਦੇ ਸ਼ਹਿਰ ਵੀਰਾ, ਜਿਚਰ ਜੀਉਨੀ ਆ ਉਚਰ ਤੀਕ ਚੰਦਾ।
ਤੈਨੂੰ ਗਾਲ ਉਲਾਂਭੜਾ ਨਹੀਂ ਕੋਈ, ਵਡੀ ਭੈਣ ਹਾਂ ਮਾਂਉ ਥਨੀਕ[4] ਚੰਦਾ।
ਮੰਦਰ ਸ਼ਹਿਰ ਤੋਂ ਬਾਹਰ ਬਨਵਾਨੀਆਂ ਮੈਂ, ਬੈਹਕੇ ਸਿਮਰੀਏ ਲਾਇਸ਼ਰੀਕ[5] ਚੰਦਾ।
ਬਹੁਤੀ ਲੋੜ ਕੀ ਟੱਕਰਾਂ ਮਾਰਨੇ ਦੀ, ਬੈਹਕੇ ਲਭ ਲੈ ਰਮਜ਼ ਬਰੀਕ ਚੰਦਾ।
ਚਾਤ੍ਰਿਕ ਤੱਤੜੀ ਭੈਣ ਨੂੰ ਠੰਢ ਪੈਸੀ, ਤੇਰੇ ਦਰਸ ਨੂੰ ਰਹੀ ਉਡੀਕ ਚੰਦਾ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਕਦੋਂ ਚਰਖ ਤੇ ਫਕਰ ਨੂੰ ਚੈਨ ਆਵੇ ? ਦਿਨੇ ਰਾਤ ਹੀ ਚਲਦੇ ਰੈਹਨ ਭੈਣਾ।
ਰਮਤੇ ਵਿਚਰਦੇ ਪੰਛੀਆਂ ਵਾਂਗ ਰਹਿੰਦੇ, ਕਿਤੇ ਨਾਲ ਅਰਾਮ ਨਾ ਬੈਹਨ ਭੈਣਾ।

---

1. ਸਭ। 2. ਨਾਸ਼ ਕਰਾਂਗਾ। 3. ਸਮਾਧੀ ਲਾਉਣੀ, ਸਾਹ ਰੋਕਣਾ (ਯੋਗ ਮਾਰਗ ਦੀ ਕ੍ਰਿਆ ਹੈ)
4. ਮਾਂ ਦੀ ਥਾਂ, ਮਾਵਾਂ ਵਰਗੀ। 5. ਈਸ਼ਵਰ, ਜਿਸ ਦਾ ਹਿਸੇਦਾਰ ਕੋਈ ਨਹੀਂ ਜਿਸ ਜੇਹਾ ਨਹੀਂ।

ਜਿਵੇਂ ਨਦੀ ਦਾ ਨੀਰ ਨਾ ਖਲਾ ਹੋਵੇ, ਅਠੇ ਪੈਹਰ ਹੀ ਵਗਦੇ ਵੈਹਨ ਭੈਣਾ।
ਸੂਰਜ ਚੰਦ ਦੇ ਹਥ ਨਾ ਖੜੇ ਹੁੰਦੇ ਭਾਵੇਂ ਲਗਦੇ ਲਖ ਗਰੈਹਨ ਭੈਣਾ।
ਮਹਾਂ ਦੇਵ ਦਾ ਰਹੇ ਭੰਡਾਰ ਖੁਲ੍ਹਾ ਚੰਚਲ ਮਨ ਨਾ ਪਕੜਦਾ ਚੈਨ ਭੈਣਾ।
ਕੀਕਰ ਫੜੇ ਕਰਾਰ ਸੀਮਾਬ[1] ਆਪਾ, ਤੇਰਾ ਫਬਦਾ ਨਹੀਂ ਏਹ ਕੈਹਨ ਭੈਣਾ।
ਹੁੰਦੇ ਦੇਣ ਦੇ ਥਾਉਂ ਏਹ ਸਾਕ ਚਾਰੇ, ਭੂਆ, ਭਾਣਜੀ, ਧੀ ਤੇ ਭੈਣ ਭੈਣਾ।
ਜੇਹੜੇ ਖਾਵਦੇ ਇਨ੍ਹਾਂ ਦਾ ਧਾਨ ਲੈਕੇ, ਘੋਰ ਨਰਕ ਦੇ ਵਿਚ ਜਾ ਪੈਨ ਭੈਣਾ।
ਲੂਣ ਵਾਂਗ ਸਰੀਰ ਨੂੰ ਗਾਲ ਦੇਵੇ, ਜੇਹੜੇ ਬੇਟੀਆਂ ਦਾ ਧਾਨ ਲੈਨ ਭੈਣਾ।
ਏਹ ਪਾਪ ਦਾ ਬਖਸ਼ਿਆ ਕਦੀ ਜਾਏ, ਕਰੀਏ ਲਖ ਚਾ ਵੇਦ ਅਧੈਨ[2] ਭੈਣਾ।
ਜਗ ਸੈਂਕੜੇ ਪੁੰਨ ਕਮਾਏ ਕੋਈ, ਤਾਂ ਭੀ ਭਾਰ ਨਾ ਸਿਰੇ ਤੋਂ ਲੈਹਨ ਭੈਣਾ।
ਭਲੇ ਕਰਮ ਕੀਤੇ ਹੋਣ ਭਸਮ ਸਾਰੇ, ਓਹਨੂੰ ਨਰਕ ਭੀ ਰਖ ਨਾ ਸੈਹਨ ਭੈਣਾ।
ਕੁੰਭੀ[3] ਨਰਕ ਦੇ ਵਿਚ ਜਾ ਵਾਸ ਮਿਲਣਾ, ਵਾਚ ਗਰੁੜ-ਪੁਰਾਣ[4] ਦੇ ਬੈਨ ਭੈਣਾ।
ਚਾਤ੍ਰਿਕ ਜਾਣ ਦੇ ਭੈਣ ਜੀ ਜੋਗੀਏ ਨੂੰ, ਨਾ ਹੋ ਦੁਖੀ ਤੂੰ ਪਾਇ ਕੇ ਵੈਨ ਭੈਣਾ।

ਜਵਾਬ ਰਾਣੀ ਮੈਨਾਵੰਤੀ

ਨਾਰ ਤਿੰਨ ਸੌ ਸੱਠ ਮੁਟਿਆਰ ਤੇਰੀ, ਉਤੋਂ ਸਮੇਂ ਦਾ ਹਾਲ ਚਿਤਾਰ ਜੀਵੇਂ।
ਕਾਲੀ ਬੋਲੜੀ ਕਲੂ ਨੂੰ ਰਾਤ ਪਾਈ ਕਿਹਾ ਵਰਤ ਰਿਹਾ ਧੁੰਧੂਕਾਰ ਜੀਵੇਂ।
ਧਰਮ ਉਡਿਆ ਦਿਲਾਂ ਤੋਂ ਖੰਭ ਲਾਕੇ, ਵਿਰਲੇ ਸਿਮਰਦੇ ਨੇ ਸਿਰਜਨਹਾਰ ਜੀਵੇਂ।
ਕੌਣ ਰਖਿਆ ਕਰੇਗਾ ਰਾਣੀਆਂ ਦੀ ? ਲਾਗੂ ਨਾਰ ਦਾ ਸਭ ਸੰਸਾਰ ਜੀਵੇਂ।
ਕੋਈ ਭਲੇ ਦੀ ਕੁਖ ਨਹੀਂ ਗਿਣਤੀ ਦੀ, ਵੱਗੀ ਵਾ ਸਭ ਨੂੰ ਰਬ ਦੀ ਮਾਰ ਜੀਵੇਂ।
ਜਤ ਸਤ ਦਾ ਰਖਣਾ ਬੜਾ ਔਖਾ, ਰਖੇ ਜਿਨ੍ਹਾਂ ਦਾ ਆਪ ਕਰਤਾਰ ਜੀਵੇਂ।
ਸਹਿਸਾ[5] ਚੌਗੁਣੀ ਇਸਤ੍ਰੀ ਵਿਚ ਕਹਿੰਦੇ, ਲਗੇ ਜਿਸ ਨੂੰ ਦੇਂਵਦੀ ਸਾੜ ਜੀਵੇਂ।
ਹੋਵੇ ਬੁਧ ਮਲੀਨ ਜਾਂ ਇਸਤ੍ਰੀ ਦੀ, ਊਚ ਨੀਚ ਨਾ ਕਰੇ ਵਿਚਾਰ ਜੀਵੇਂ।
ਲੱਜ ਮਰਤਬਾ, ਧਰਮ ਸਭ ਡੋਬ ਦੇਵੇ, ਪਾਵੇ ਹੋਰ ਦੇ ਨਾਲ ਪਿਆਰ ਜੀਵੇਂ।
ਉਤੋਂ ਸਚੀਆਂ, ਕੱਚੀਆਂ ਹੋਣ ਵਿਚੋਂ, ਮਕਰ ਕਰਦੀਆਂ ਚਾਰ ਸੌ ਚਾਰ ਜੀਵੇਂ।
ਕੱਚੀ ਤੰਦ ਦੇ ਨਾਲ ਜੋ ਭਰੇ ਪਾਣੀ, ਨਹੀਂ ਓਸ ਦਾ ਕੁਝ ਇਤਬਾਰ ਜੀਵੇਂ।
ਤੇਰੀਆਂ ਰਾਣੀਆਂ ਕਿਸਤ੍ਰਾਂ ਉਮਰ ਕੱਟਣ, ਜੋਬਨ ਜਿਨ੍ਹਾਂ ਦੇ ਸਿਰੇ ਅਸਵਾਰ ਜੀਵੇਂ।
ਜਰਿਆ ਜਾਇ ਨਾ ਜੋਬਨਾ ਕਿਸੇ ਪਾਸੋਂ, ਔਖੀ ਸਭ ਤੋਂ ਜਰਨ ਦੀ ਕਾਰ ਜੀਵੇਂ।
ਦਰ ਦਰ ਰੁਲਦੀਆਂ ਫਿਰਨਗੀਆਂ ਤੁਧ ਬਾਝੋਂ, ਬੇਮੁਹਾਰੀਆਂ ਬਿਨਾਂ ਸਰਦਾਰ ਜੀਵੇਂ।
ਲੀਕ ਕੁਲਾਂ ਨੂੰ ਲਗਸੀ ਵਡਿਆਂ ਦੀ, ਤੈਨੂੰ ਚੜ੍ਹੇਗਾ ਪਾਪ ਦਾ ਭਾਰ ਜੀਵੇਂ।
ਇਜ਼ਤ ਅਗਲਿਆਂ ਪਿਛਲਿਆਂ ਸਾਰਿਆਂ ਦੀ, ਹੋਸੀ ਗਰਕ ਅੰਦਰ ਮੰਝਧਾਰ ਜੀਵੇਂ।

---

1. ਪਾਰਾ ਅਰਥਾਤ ਪਾਰੇ ਵਾਂਗ ਤੜਫਦਾ ਦਿਲ। 2. ਪਾਠ, ਧਿਆਨ ਨਾਲ ਪੜ੍ਹਨਾ। 3. ਅਠਾਰਾਂ ਨਰਕਾਂ ਵਿਚੋਂ ਪਹਿਲਾ।
4. ਪ੍ਰਸਿਧ ਅਠਾਰਾਂ ਪੁਰਾਣਾਂ ਵਿਚੋਂ ਇਕ ਪੁਰਾਣ (ਇਤਿਹਾਸਕ ਤੇ ਮਿਥਿਹਾਸਕ ਗ੍ਰੰਥ)। 5. ਸੰਸਾ, ਡਰ, ਵਹਿਮ।

ਗਤੀ ਕਿਸ ਤਰ੍ਹਾਂ ਹੋਵਸੀ ਤੱਤੀਆਂ ਦੀ, ਬੇੜਾ ਹੋਵਸੀ ਕਿਸ ਤਰ੍ਹਾਂ ਪਾਰ ਜੀਵੇਂ।
ਚਾਤ੍ਰਿਕ ਲਗ ਆਖੇ ਜਾ ਕੇ ਸਾਂਭ ਨਾਰਾਂ, ਆਖੇ ਭੈਣ ਪੁਕਾਰ ਪੁਕਾਰ ਜੀਵੇਂ।

ਜ਼ਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਜੇਹੜੇ ਭਗਤ ਭਗਵਾਨ ਦੇ ਹੋਣ ਪੈਦਾ, ਕੁਲਾਂ ਅਗਲੀਆਂ ਪਿਛਲੀਆਂ ਤਾਰਦੇ ਨੇ।
ਨਾਲੇ ਆਪਣਾ ਆਪ ਸਵਾਰਦੇ ਨੇ, ਨਾਲੇ ਹੋਰਨਾ ਜੀਉੜਾ ਠਾਰਦੇ ਨੇ।
ਦਰਸ਼ਨ ਕਰੇ ਜੋ ਆਨ ਕੱਲਿਆਣ ਹੋਵੇ, ਮੋਹ ਮਮਤਾ ਅੰਦਰੋਂ ਮਾਰਦੇ ਨੇ।
ਤ੍ਰਿਨੇ ਤਾਪ ਸਰੀਰ ਦੇ ਨਾਸ ਹੋਵਨ, ਜਦੋਂ ਮੇਹਰ ਦੀ ਨਜ਼ਰ ਨਿਹਾਰਦੇ ਨੇ।
ਕਿਉਂ ਨਾ ਗਤੀ ਹੋਸੀ ਓਨ੍ਹਾਂ ਨਾਰੀਆਂ ਦੀ ? ਪਤੀ ਜਿਨ੍ਹਾਂ ਦੇ ਭਗਤ ਕਰਤਾਰ ਦੇ ਨੇ।
ਸੁਰਗ ਪੁਰੀ ਦੇ ਵਿਚ ਜਦ ਜਾਨ ਚਾਤ੍ਰਿਕ, ਪਤੀ ਇਸਤ੍ਰੀ ਪੀਂਘ ਉਲਾਰਦੇ ਨੇ।

ਭਰਥਰੀ ਹਰੀ ਜੀ ਦਾ ਵਰ

ਮੇਰਾ ਵਰ ਹੋਯਾ ਉਨ੍ਹਾਂ ਨਾਰੀਆਂ ਨੂੰ, ਅੰਦਰ ਉਨ੍ਹਾਂ ਦੇ ਰਤਾ ਨਾ ਕਾਮ ਰਹੇਗਾ।
ਨਾ ਉਹ ਦੁਖੀ ਹੋਸਨ ਮੇਰੀ ਯਾਦ ਕਰਕੇ, ਨਾ ਖਯਾਲ ਗ੍ਰਿਹਸਤ ਦਾ ਖਾਮ ਰਹੇਗਾ।
ਠੰਢਾ ਠਾਰ ਕਲੇਜੜਾ ਨਿਤ ਰਹਿਸੀ, ਹਿਰਦੇ ਵਸਦੇ ਉਨ੍ਹਾਂ ਦੇ ਨਾਮ ਰਹੇਗਾ।
ਹੋਕੇ ਸ਼ਾਂਤ ਭਗਵੰਤ ਦਾ ਜਾਪ ਕਰਸਨ, ਹਰੀ ਵਸਦਾ ਉਨ੍ਹਾਂ ਦੇ ਧਾਮ[1] ਰਹੇਗਾ।
ਜੇਹੜੀ ਅਗ ਸਤਾਂਵਦੀ ਬੰਦਿਆਂ ਨੂੰ, ਉਨ੍ਹਾਂ ਵਿਚ ਨਿਸ਼ਾਨ ਨਾ ਨਾਮ ਰਹੇਗਾ।
ਮਹਾਂਦੇਵ ਜੀ ਧਰਨਗੇ ਹਥ ਸਿਰ ਤੇ, ਕਾਮ ਜਿਤਿਆ ਉਮਰ ਤਮਾਮ ਰਹੇਗਾ।
ਨਾ ਕਲੇਸ਼ ਹੋਸੀ ਉਹਨਾਂ ਤਾਂਈ, ਸਮਾ ਲੰਘਦਾ ਨਾਲ ਅਰਾਮ ਰਹੇਗਾ।
ਚਾਤ੍ਰਿਕ ਅੰਤ ਨੂੰ ਮੁਕਤ ਦੁਆਰਾ ਖੁਲਾ, ਸਦਾ ਵਿਚ ਬੈਕੁੰਠ ਬਿਸ੍ਰਾਮ ਰਹੇਗਾ।

ਜਵਾਬ ਰਾਣੀ ਮੈਨਾਵੰਤੀ

ਵੀਰਾ ਭੈਣ ਇਕੱਲੜੀ ਕਿਵੇਂ ਜੀਵੇ ? ਮੈਨੂੰ ਲਈ ਜਾਹ ਆਪਣੇ ਨਾਲ ਚੰਦਾ।
ਮੇਰਾ ਜੀਉ ਨਾ ਲਗਸੀ ਤੁਧ ਬਾਝੋਂ, ਰਹਿਸੀ ਇਹੋ ਖਿਆਲ ਹਰ ਹਾਲ ਚੰਦਾ।
ਰੋਂਦੀ ਮਰਾਂਗੀ ਵਿਚ ਵਿਜੋਗ ਤੇਰੇ, ਮੇਰੀ ਜ਼ਿੰਦਗੀ ਹੋਊ ਵਬਾਲ[2] ਚੰਦਾ।
ਇਕੋ ਖੂਨ ਦੇ ਲੋਥੜੇ ਅਸੀਂ ਦੋਵੇਂ, ਇਕੋ ਮਾਉਂ ਕੀਤੇ ਪ੍ਰਤਿਪਾਲ ਚੰਦਾ।
ਇਕੋ ਦਾਈਆਂ ਖੇਡ ਖਿਡਾਇਆ ਵੇ, ਸਾਨੂੰ ਪਾਲਿਆ ਦੁਧ ਪਿਆਲ ਚੰਦਾ।
ਇਕ ਕੁਖ ਦੇ ਵਿਚ ਵਜੂਦ[3] ਪਾਇਆ, ਕੀਕਰ ਰਹੇ ਨਾ ਇਕ ਖਿਆਲ ਚੰਦਾ।
ਤੇਰੀ ਜੋਗ ਦੀ ਨੀਯਤ ਮੈਂ ਨਾਲ ਤੇਰੇ, ਸਾਰੇ ਤੋੜਕੇ ਮੋਹ ਜੰਜਾਲ ਚੰਦਾ।
ਤੇਰੇ ਗਯਾਨ ਨੇ ਵਿੰਨ੍ਹਿਆ ਜੀਉ ਮੇਰਾ, ਮੈਹਲ ਦਿਸਦਾ ਵਾਂਗ ਅਸਰਾਲ[4] ਚੰਦਾ।
ਮੇਰੇ ਰੈਹਨ ਦਾ ਕੰਮ ਨਾ ਹੋਰ ਏਥੇ, ਮੈਨੂੰ ਸਾਧੂਆਂ ਵਿਚ ਬੈਠਾਲ ਚੰਦਾ।

---

1. ਘਰ। 2. ਦੁੱਖ। 3. ਅਕਾਰ, ਰੂਪ। 4. ਭਿਆਨਕ, ਡਰਾਉਣਾ, ਸਪ।

ਤੇਰੇ ਨਾਲ ਫਕੀਰਨੀ ਹੋਵਸਾਂਗੀ, ਪਈ ਸੇਕਸਾਂ ਧੂਣੀਆਂ ਬਾਲ ਚੰਦਾ।
ਕਰਕੇ ਭਜਨ ਭਗਵਾਨ ਦਾ ਦਿਨੇ ਰਾਤੀ, ਜਿਤ ਲਵਾਂਗੀ ਆਪਣਾ ਕਾਲ ਚੰਦਾ।
ਚਲ ਨਾਲ ਲੈ ਚਲ ਵੈਰਾਗਨੀ ਨੂੰ, ਮੇਰਾ ਟੁਟਿਆ ਮੋਹ ਦਾ ਜਾਲ ਚੰਦਾ।
ਜੇ ਨਾ ਲੈ ਗਿਓਂ ਸੋਹਣਿਆ ਨਾਲ ਮੈਨੂੰ, ਜਾਕੇ ਮਰਾਂਗੀ ਮਾਰ ਕੇ ਛਾਲ ਚੰਦਾ।
ਖੂਨ ਭੈਣ ਦਾ ਚੜ੍ਹੇਗਾ ਸੀਸ ਤੇਰੇ, ਹੋਸੀ ਵਿਚ ਦਰਗਾਹ ਸਵਾਲ ਚੰਦਾ।
ਤੇਰੇ ਨਾਲ ਹਰ ਹਾਲ ਖੁਸ਼ਹਾਲ ਰਹਿਸਾਂ, ਨਾ ਵਿਛੋੜ ਕੇ ਦੂਖ ਵਿਖਾਲ ਚੰਦਾ।
ਚਾਤ੍ਰਿਕ ਤਾਰ ਲੈ ਭੈਣ ਨੂੰ ਨਾਲ ਚੰਦਾ, ਐਤ ਤੀਕ ਮੁਹਬਤਾਂ ਪਾਲ ਚੰਦਾ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਤੈਨੂੰ ਲੋੜ ਕੀ ਹੋਰ ਰਿਆਜ਼ਤਾਂ ਦੀ[1] ? ਜਿਹਦੇ ਕੋਲ ਭਗਵਾਨ ਹੈ ਪਤੀ ਭੈਣਾ।
ਪਤੀ ਰੂਪ ਭਗਵਾਨ ਦਾ ਸਮਝ ਰਖੀਂ, ਏਹੋ ਕਰੇਗਾ ਅੰਤ ਨੂੰ ਗਤੀ ਭੈਣਾ।
ਪੂਜਾ ਕਰੀਂ ਤੂੰ ਠਾਕਰਾਂ ਵਾਂਗ ਇਸ ਦੀ, ਰਖੀਂ ਜੀਉ ਵਿਸ਼ਵਾਸ ਨਾ ਰਤੀ ਭੈਣਾ।
ਏਹੋ ਮੁਕਤ ਦਾਤਾ, ਏਹੋ ਭੁਗਤ ਦਾਤਾ, ਏਹ ਧਰਮੱਗ ਰਾਜਾ ਤੇ ਤੂੰ ਸਤੀ ਭੈਣਾ।
ਅਰਚਾ ਬੰਦਨ ਤਿਲਕ ਇਸ਼ਨਾਨ ਪੂਜਨ, ਏਹੋ ਨਾਰੀਆਂ ਵਾਸਤੇ ਮਤੀ ਭੈਣਾ।
ਚਾਤ੍ਰਿਕ ਹੋਰ ਕੀ ਲੋੜ ਜੇ ਹੋਣ ਦੋਵੇਂ, ਨਾਰ ਧਰਮ ਵਾਲੀ, ਪਤੀ ਜਤੀ ਭੈਣਾ।
ਜੇਹੜੀ ਗਲ ਤੋਂ ਕੰਬਦੇ ਪਾਪ ਤੇਰੇ, ਕਰ ਤੂੰ ਜ਼ਰਾ ਨਾ ਵੈਹਮ ਗੁਮਾਨ ਭੈਣਾ।
ਮੇਰੇ ਵਿਛੜਿਆਂ ਰਤਾ ਨਾ ਦੁਖ ਹੋਸੀ, ਭੋਲਾ ਨਾਥ ਹੋਸੀ ਮੇਹਰਬਾਨ ਭੈਣਾ।
ਦਿਤੀ ਤੁਧ ਨੂੰ ਵੀਰ ਅਸੀਸ ਏਹੋ, ਤੈਨੂੰ ਹੋਵਸੀ ਬ੍ਰਹਮ ਗਿਆਨ ਭੈਣਾ।
ਮੋਹ ਰਹੇਗਾ ਮੂਲ ਨਾ ਵਿਚ ਤੇਰੇ, ਕਦੇ ਪਏਗਾ ਨਹੀਂ ਧਿਆਨ ਭੈਣਾ।
ਸਗੋਂ ਹੋਵਸੇਂ ਖੁਸ਼ੀ ਏਹ ਸੋਚਕੇ ਤੇ, ਬਣੇ ਵੀਰ ਨੂੰ ਭਗਤ ਭਗਵਾਨ ਭੈਣਾ।
ਐਸੇ ਗਯਾਨ ਦੀ ਬਰਕਤ ਤੇ ਰਾਮ ਮਿਲਸੀ, ਤੇਰੀ ਹੋਵਸੀ ਤੁਰਤ ਕਲਿਆਨ ਭੈਣਾ।
ਤੇਰੀ ਅੰਸ ਭੀ ਹੋਵਸੀ ਧਰਮ ਵਾਲੀ, ਸਾਰੇ ਚੈਨ ਅਰਾਮ ਭੁਲਾਨ ਭੈਣਾ।
ਸਦਾ ਰਟਨਗੇ ਨਾਮ ਪਰਮਾਤਮਾ ਦਾ, ਛਡ ਅਸ਼ਰਤਾਂ ਜੰਗਲੀਂ ਜਾਨ ਭੈਣਾ।
ਤੇਰਾ ਆਪ ਜੀ ਲੋਚਸੀ ਭੈਣ ਮੇਰੀ, ਕਰਾਂ ਆਖ ਕੇ ਸੰਤ ਸੰਤਾਨ ਭੈਣਾ।
ਪੁਤ੍ਰ ਲਾਡਲਾ ਘਰਾਂ ਤੋਂ ਵਿਦਾ ਕਰਸੇਂ, ਹਥੀਂ ਆਪਣੀ ਵਿਚ ਸ਼ਮਸ਼ਾਨ ਭੈਣਾ।
ਓਹ ਨਾ ਜਾਵਸੀ ਕਰੇਗਾ ਅੜੀ ਅਗੋਂ ਤੂੰ ਲਗਾਵਸੇਂ ਗਯਾਨ ਦੇ ਬਾਨ ਭੈਣਾ।
ਚਾਤ੍ਰਿਕ ਛਡਕੇ ਆਵਸੀ ਰਾਣੀਆਂ ਨੂੰ, ਏਸੇ ਗੁਰੂ ਦੇ ਚਲ ਸਥਾਨ ਭੈਣਾ।

ਜਵਾਬ ਰਾਣੀ ਮੈਨਾਵੰਤੀ

ਬਦੋਬਦੀ ਤੂੰ ਵੀਰ ਜੇ ਜਾਵਣਾ ਹੈ ਮੇਰੀ ਜਿੰਦ ਨੂੰ ਸੋਹਣਿਆ ਨਾਲ ਲੈ ਜਾ।
ਏਹ ਭੀ ਅਰਜ਼ ਕਬੂਲ ਨਾ ਕਰੇਂ ਜੇਕਰ, ਮੇਰੀ ਭਿਛਿਆ ਰਤੀ ਰਵਾਲ ਲੈ ਜਾ।
ਹੀਰੇ ਪੰਨਿਆਂ ਦੀ ਕੋਈ ਤੋਟ ਨਾਹੀਂ, ਭਰਕੇ ਇਨ੍ਹਾਂ ਵਿਚੋਂ ਚੰਦਾ ਥਾਲ ਲੈ ਜਾ।

1. ਤੱਪ।

ਜਾ ਕੇ ਕਰੀਂ ਭੰਡਾਰੜਾ ਸਾਧੂਆਂ ਦਾ, ਧੁੰਮਾਂ ਵਿਚ ਅਕਾਸ਼ ਪਤਾਲ ਲੈ ਜਾ।
ਸੇਵਾ ਕਰਨ ਨੂੰ ਦੇਨੀ ਆਂ ਗੋਲੀਆਂ ਮੈਂ, ਨਾਲ ਆਪਣੇ ਇਕ ਦੋ ਸਾਲ ਲੈ ਜਾ।
ਚਾਤ੍ਰਿਕ ਯਾਦ ਵਿਚ ਰਹਾਂ ਨਿਮਾਨੜੀ ਮੈਂ, ਤੱਤੀ ਭੈਣ ਦੀ ਕੁਝ ਸੰਭਾਲ ਲੈ ਜਾ।

ਜਵਾਬ ਜੋਗੀ-ਰਾਜ ਭਰਥਰੀ ਹਰੀ ਜੀ

ਭੈਣਾ ਗੁਰੂ ਨੇ ਮੱਤ ਸਿਖਾਲੜੀ ਏਹ, ਮਾਇਆ ਢੇਰੜੀ ਸਮਝਨੀ ਖਾਕ ਦੀ ਏ।
ਹੀਰੇ ਲਾਲ ਜਵਾਹਰਾਂ ਰੋੜ ਜਾਣੀ, ਕਰਨੀ ਹਿਰਸ ਨਾ ਏਸ ਨਾਪਾਕ[1] ਦੀ ਏ।
ਦੁਧ ਭਿਛਿਆ ਅੰਨ ਦੀ ਮੰਗ ਖਾਣੀ, ਯਾਦ ਰਖਣੀ ਗੁਰੂ ਦੇ ਵਾਕ ਦੀ ਏ।
ਜੇਹੜਾ ਦੇ ਲੈ ਖਾਵਣਾ ਅੰਨ ਬੱਚਾ, ਹੋਰ ਝਾਕ ਨਾ ਰਖਣੀ ਸਾਕ ਦੀ ਏ।
ਦੌਲਤ ਸਾਧ ਦੇ ਕਿਸੇ ਦਰਕਾਰ ਨਾਹੀਂ, ਵਿੱਠ ਸਮਝਣੀ ਏਸ ਨੂੰ ਕਾਕ[2] ਦੀ ਏ।
ਕਰੀਂ ਹਿਟਸ ਨਾ ਰਾਤ ਨੂੰ ਰਖਣੇ ਦੀ, ਫਕਰ ਵਾਸਤੇ ਏਹ ਸ਼ਰਮਨਾਕ ਦੀ ਏ।
ਲੋਕੀਂ ਬੜੇ ਭਰਮਾਨਗੇ ਦਰਬ ਦੇਕੇ, ਖਾਈਂ ਸਟ ਨਾ ਕਿਸੇ ਚਾਲਾਕ ਦੀ ਏ।
ਚਾਤ੍ਰਿਕ ਲੋੜ ਨਾ ਰਖਣੀ ਦੌਲਤਾਂ ਦੀ, ਇਕੋ ਮੇਹਰ ਚਾਹੀਏ ਜ਼ਾਤ ਪਾਕ ਦੀ ਏ।

ਜਵਾਬ ਰਾਣੀ ਮੈਨਾਵੰਤੀ

ਮੇਰੇ ਗਯਾਨੀਆਂ ਮਾਨੀਆਂ ਦਾਨੀਆਂ ਵੇ, ਮੇਰੇ ਬਾਂਕਿਆ ਵੀਰ ਸਿਪਾਹੀਆ ਵੇ।
ਮੇਰੇ ਹਾਕਮਾ, ਆਦਲਾ, ਧਰਮੀਆਂ ਵੇ, ਮੇਰੇ ਵੀਰ ਮੁਸਾਫਰਾ ਰਾਹੀਆ ਵੇ।
ਮੇਰੇ ਸੁੰਦਰਾਂ ਮੁੰਦਰਾਂ ਵਾਲਿਆ ਵੇ, ਰੁੰਡ ਮੁੰਡ ਬਿਭੂਤ ਰਮਾਈਆ ਵੇ।
ਤੈਨੂੰ ਕਰਨੀਆਂ ਰਬ ਹਵਾਲੜੇ ਵੇ, ਦੇਕੇ ਰਾਮ ਦੀ ਊਚ ਦੁਹਾਈਆ ਵੇ।
ਕਦੋਂ ਫੇਰ ਦਿਖਾਵਸੇਂ ਮੁਖ ਆਕੇ, ਜੇਕਰ ਚਲਿਆ ਪਿਠ ਦਿਖਾਈਆ ਵੇ।
ਬਹੁਤੀ ਦੇਰ ਨਾ ਕਰਾਂ ਉਡੀਕ ਤੇਰੀ, ਦਰਸ਼ਨ ਦੇਵਣਾ ਕਦੇ ਕਦਾਈਆ ਵੇ।
ਤੂੰ ਨਿਸ਼ਾਨ ਹੈਂ ਮਾਉਂ ਤੇ ਬਾਪ ਸੰਦਾ, ਇਕੋ ਭੈਣ ਦਾ ਵੀਰ ਹਮਰਾਹੀਆ ਵੇ।
ਜੀਵੇਂ ਜੁਗ ਹਜ਼ਾਰ ਸੌ ਲਖ ਵਰਿਹਾਂ, ਚੰਦਾ ਵਰਗਿਆ ਸੋਹਣਿਆ ਮਾਹੀਆ ਵੇ।
ਆਵੇ ਠੰਢੜੀ ਵਾਉ ਹਮੇਸ਼ ਤੇਰੀ, ਵਿਥ ਦੂਰ ਦੁਰੇਡੜੀ ਪਾਈਆ ਵੇ।
ਹੋਵੇ ਆਤਮਾਂ ਸ਼ਾਂਤ ਵਿਚਾਰੀਆਂ ਦਾ, ਨਾਰ ਤਿੰਨ ਸੌ ਸਠ ਵਿਆਹੀਆਂ ਵੇ।
ਤੇਰੇ ਪੈਰ ਦੀ ਖੈਰ ਖਰਾਤ ਹੁੰਦਾ, ਹੋਵੇ ਭੈਣ ਨੂੰ ਚੈਨ ਉਮਾਹੀਆ ਵੇ।
ਅੰਗ ਸੰਗ ਭਗਵਾਨ ਰਹੇ ਨਾਲ ਤੇਰੇ, ਚਾਤ੍ਰਿਕ ਰਖਿਆ ਕਰੇ ਘਨਾਈਆ ਵੇ।

ਅਸੀਸ ਦੇਣੀ ਜੋਗੀ-ਰਾਜ ਭਰਥਰੀ ਹਰੀ ਜੀ

ਮਹਾਂਦੇਵ ਦੀ ਦਯਾ ਦੇ ਨਾਲ ਭੈਣਾ, ਬਣਿਆ ਸੁਖਾਂ ਦਾ ਸਭ ਸਾਮਾਨ ਰਹੇਗਾ।
ਵਸੇ ਨਗਰ ਖੇੜਾ, ਹੋਵੇ ਮੇਹਰ ਮੌਲਾ, ਮੁਲਕ ਮਾਲ ਤੇਰਾ ਅਵਾਦਾਨ ਰਹੇਗਾ।

---

1. ਅਪਵਿਤ੍ਰ। 2. ਕਾਂ।

ਰਾਜਾ ਅਤੇ ਰਈਯਤਾਂ ਸੁਖੀ ਵਸਣ, ਸਦਾ ਰਾਮ ਦੇ ਵਲ ਧਿਆਨ ਰਹੇਗਾ।
ਔੜ, ਦੁਖ, ਬੀਮਾਰੀਓਂ ਰਖ ਹੋਵੇ, ਇੰਦਰ ਦੇਵਤਾ ਭੀ ਮੇਹਰਵਾਨ ਰਹੇਗਾ।
ਲੈਹਰ ਬੈਹਰ ਹੋਸੀ ਸ਼ੈਹਿਰ ਵਿਚ ਤੇਰੇ, ਨੈਹਰ ਵਾਂਗ ਉਛਲਦਾ ਦਾਨ ਰਹੇਗਾ।
ਰਮਤਾ ਸਾਧ ਹੋ ਚਲਾ ਏਹ ਆਖ ਚਾਤ੍ਰਿਕ, ਤੇਰਾ ਹੌਂਸਲਾ ਅਮਨ ਅਮਾਨ ਰਹੇਗਾ।

ਕਵੀਓ ਵਾਚ

ਏਧਰ ਛਡ ਹੁਣ ਭਰਤ ਨੂੰ ਕਰੇ ਤੀਰਥ, ਆਪੇ ਬਹੇਗਾ ਵਿਚ ਸ਼ਮਸ਼ਾਨ ਜਾ ਕੇ।
ਕਰਕੇ ਸੈਰ ਰਿਆਜ਼ਤਾਂ ਬੈਠ ਕਰਸੀ, ਹੋਸੀ ਮੁਕਤ ਭਗਵਾਨ ਦਾ ਗਯਾਨ ਪਾ ਕੇ।
ਉਜੜ ਗਿਆਂ ਦਾ ਛਡ ਖਿਆਲ ਦੇਵੀਂ, ਵਲ ਵਸਦਿਆਂ ਮਾਰ ਧਯਾਨ ਆ ਕੇ।
ਕੀਹ ਕੁਝ ਹਾਲ ਹਵਾਲ ਹੈ ਬਿਕ੍ਰਮੀ ਦਾ ? ਕਿਥੇ ਗਿਆ ਓਹ ਪ੍ਰੇਮ ਦੇ ਬਾਨ ਖਾ ਕੇ।
ਨਾਲੇ ਦੇਖ ਉਜੈਨ ਦਾ ਹਾਲ ਮੁੜਕੇ, ਜਿਸ ਨੂੰ ਗਿਆ ਹੈ ਸ਼ਾਹ ਸੁਲਤਾਨ ਤਾ ਕੇ।
ਚਾਤ੍ਰਿਕ ਰਾਜ ਦਾ ਕਿਸ ਤਰ੍ਹਾਂ ਕਾਜ ਚਲੇ, ਕਰ ਬਯਾਨ ਸਭ ਹਾਲ ਤ੍ਰਾਨ ਲਾ ਕੇ।

ਬਿਆਨ ਹਾਲਾਤ ਮਹਾਰਾਜਾ ਬਿਕ੍ਰਮਾਜੀਤ

ਬਿਕ੍ਰਮ ਜਦੋਂ ਉਜੈਨ ਤੋਂ ਨਿਕਲਿਆ ਸੀ, ਓਦੋਂ ਵਲ ਆਸਾਮ ਦੇ ਆਯਾ ਸੀ।
ਸਚਾ ਬੋਲ ਤੇ ਤੋਲ ਦਾ ਧਰਮ ਪਾਲਕ, ਰਾਮ ਭਗਤ ਵਿਚ ਜੀਉ ਪਰਚਾਯਾ ਸੀ।
ਏਥੇ ਆਣ ਕੇ ਗੁਣਾਂ ਨੇ ਚਮਕ ਮਾਰੀ, ਸਾਰਾ ਮੁਲਕ ਆਸਾਮ ਚਮਕਾਯਾ ਸੀ।
ਰਾਜੇ ਵੇਖ ਆਸਾਮ ਦੇ ਖੁਸ਼ੀ ਹੋ ਕੇ, ਉਸ ਨੂੰ ਮੰਤਰੀ ਚਾ ਬਨਾਯਾ ਸੀ।
ਇਸ ਨੇ ਆਪਣੇ ਨੇਕ ਸੁਭਾਉ ਖਾਤਰ, ਵਡਾ ਮਰਤਬਾ ਆਨ ਕੇ ਪਾਯਾ ਸੀ।
ਰਈਯਤ ਪੁਤਰਾਂ ਦੇ ਵਾਂਗ ਪਾਲਦਾ ਸੀ, ਚਾਲਾ ਨੇਕ ਦਾ ਚੱਲ ਦਿਖਾਯਾ ਸੀ।
ਸਾਰੇ ਲੋਕ ਪ੍ਰਸੰਨ ਸਨ ਬਿਕ੍ਰਮੀ ਤੇ, ਕਿਸੇ ਨਾਲ ਨਾ ਬੁਰਾ ਕਮਾਯਾ ਸੀ।
ਬੇ-ਉਲਾਦ ਭੂਪਾਲ ਜਦ ਕਾਲ ਹੋਯਾ, ਬਿਕ੍ਰਮਜੀਤ ਨੂੰ ਰਾਜ ਬਿਠਾਯਾ ਸੀ।
ਪਿਛੇ ਛਡਿਆ ਰਾਜ ਤੇ ਆਨ ਪਾਯਾ, ਸਗੋਂ ਓਸ ਤੋਂ ਦੂਣ ਸਵਾਯਾ ਸੀ।
ਚਾਤ੍ਰਿਕ ਧਰਮ ਰਾਜ ਧਰਮ ਰਾਜ ਕਰਦਾ, ਅਮਨ ਚੈਨ ਦਾ ਸਾਯਾ ਛਾਯਾ ਸੀ।

ਬਿਆਨ ਤਬਾਹੀ ਉਜੈਨ ਨਗਰ ਔਰ ਦੁਬਾਰਾ ਰਾਜ ਪਰ ਕਾਇਮ ਹੋਣਾ ਮਹਾਰਾਜ ਬਿਕ੍ਰਮਾਜੀਤ ਜੀ ਦਾ

ਰਾਣੀ ਪਿੰਗਲਾਂ ਮਰੀ ਉਜੈਨ ਅੰਦਰ, ਸਾਰੀ ਖਲਕ ਦਾ ਆਸਰਾ ਟੁਟ ਗਿਆ।
ਭਾਂਡਾ ਇਕ ਸੀ ਆਸ ਦਾ ਰਿਹਾ ਬਾਕੀ, ਏਹ ਭੀ ਠੋਕਰਾਂ ਖਾਇ ਕੇ ਫੁਟ ਗਿਆ।
ਬਿਲਾ ਪਿਆ ਆ ਗੈਬ ਦਾ ਮੌਤ ਬਣਕੇ, ਧੌਣੋਂ ਪਕੜ ਮੁਰਗੀ ਤਾਂਈ ਘੁਟ ਗਿਆ।
ਰਾਜਾ ਭਰਥਰੀ ਸੀ ਵਾਲੀ ਦੇਸ ਸੰਦਾ, ਓਹ ਭੀ ਤੋੜ ਮੁਹਬਤਾਂ ਸੁਟ ਗਿਆ।
ਨੌ ਨਿਹਾਲ ਅੰਧੇਰੀ ਦੇ ਲਾਲ ਛੋਟੇ, ਬਿਕਮ੍ਰਜੀਤ ਪਾਸੋਂ ਦੇਸ ਛੁਟ ਗਿਆ।
ਮੈਨਾਵੰਤੀ ਸੀ ਸੋ ਸੌਹਰੇ ਜਾ ਵਸੀ, ਖਾਨਦਾਨ ਤਮਾਮ ਨਿਖੁਟ ਗਿਆ।
ਹਾਏ ਹਾਏ ਕੁਦਰਤ ਤੇਰੀ ਅਜਬ ਮਾਯਾ, ਸਾਰਾ ਖੁਲ ਬੂਹਾਰੀ ਦਾ ਜੁਟ ਗਿਆ।

ਕੋਈ ਮੌਤ ਸਾਂਭੇ, ਕੋਈ ਗਏ ਵਾਂਜੇ, ਕਾਲ ਖਿੜੀ ਬਹਾਰ ਨੂੰ ਲੁਟ ਗਿਆ।
ਟਿੰਘ ਖੜੀ ਸੀ ਇਕ ਕਿਨਾਰੜੇ ਤੇ, ਓਹ ਭੀ ਲਾਇ ਕੇ ਢਾਹ ਨੂੰ ਪੁਟ ਗਿਆ।
ਚਾਤ੍ਰਿਕ ਕਾਲ ਡਾਢਾ ਬੇ-ਲਿਹਾਜ਼ ਲੋਕੋ, ਕਰ ਕੇ ਬਾਜ਼ ਵਾਲਾ ਕਿਹਾ ਝੁਟ ਗਿਆ।

ਬਿਆਨ ਤਬਾਹੀ ਉਜੈਨ ਨਗਰੀ-ਕਵੀਓ ਵਾਚ

ਬਿਨਾਂ ਮਾਲ਼ਕਾਂ ਤੁਰੇ ਨਾ ਤਰ ਘਰ ਦੀ, ਬਿਨਾਂ ਤੇਲ ਚਰਾਗ ਦਾ ਬਲਨ ਔਖਾ।
ਬਿਨਾਂ ਰਾਹਿਕਾਂ ਉਜੜੇ ਖੇਤ ਸੁੰਵਾ, ਬਿਨਾਂ ਸਿੰਜਿਆਂ ਬਾਗ ਦਾ ਫਲਨ ਔਖਾ।
ਬਿਨਾਂ ਰਾਜਿਆਂ ਵਸਣਾ ਦੇਸ ਔਖਾ, ਬਿਨਾਂ ਮਾਉਂ ਦੇ ਬਚਿਆਂ ਪਲਨ ਔਖਾ।
ਬਿਨਾਂ ਇਸ਼ਕ ਦੇ ਲਗਨ ਦੀ ਸਾਰ ਔਖੀ, ਬਿਨਾ ਲਗਨ ਵਿਚ ਆਸ਼ਕਾਂ ਰਲਨ ਔਖਾ।
ਬਿਨਾਂ ਦੁਖ ਦੇ ਅਥਰੂ ਕਿਰਨ ਔਖਾ, ਬਿਨਾਂ ਤਾਉ ਦੇ ਭਾਂਬੜਾ ਬਲਨ ਔਖਾ।
ਬਿਨਾ ਪ੍ਰੀਤ ਦੇ ਝਲਣੇ ਦੁਖ ਮੁਸ਼ਕਲ, ਸਤੀਆਂ ਬਾਝ ਪਤੀਆਂ ਨਾਲ ਜਲਨ ਔਖਾ।
ਬਿਨਾਂ ਗੁਣਾਂ ਦੇ ਪਾਵਣਾ ਮਾਨ ਔਖਾ, ਬਿਨਾਂ ਸੋਟਿਓਂ ਅੜਭ ਦਾ ਟਲਨ ਔਖਾ।
ਬਿਨਾਂ ਗੁਰੂ ਦੇ ਹੋਵਣੀ ਗਤਿ ਔਖੀ, ਬਿਨਾਂ ਗਰਮੀਓਂ ਮੋਮ ਦਾ ਢਲਨ ਔਖਾ।
ਟੁਟੇ ਡੋਰ ਨਾ ਜ਼ੋਰ ਕੁਝ ਰਹੇ ਬਾਕੀ, ਗੁੱਡਾ ਵਿਚ ਅਕਾਸ਼ ਦੇ ਚਲਨ ਔਖਾ।
ਬਿਨਾਂ ਤਾਲ ਦੇ ਰਾਗ ਦਾ ਰੰਗ ਔਖਾ, ਚਾਤ੍ਰਿਕ ਚਾਤ੍ਰੀ ਦੇ ਬਾਝ ਛਲਨ ਔਖਾ।

ਨਾਰੀ ਖਸਮ ਬਾਝੋਂ, ਮੁਲਕ ਰਸਮ ਬਾਝੋਂ, ਸੁਰਮਾ ਚਸ਼ਮ[1] ਬਾਝੋਂ ਆਵੇ ਕਾਰ ਨਾਹੀਂ।
ਖੇਤੀ ਬਾਝ ਮਾਲਕ, ਮਾਵਾਂ ਬਾਝ ਬਾਲਕ, ਸਿਦਕ ਬਾਝ ਸਾਲਕ[2] ਪਾਵਨ ਯਾਰ ਨਾਹੀਂ।
ਮਰਦ ਘਰਾਂ ਬਾਝੋਂ, ਕੋਠੇ ਦਰਾਂ ਬਾਝੋਂ, ਧੀਆਂ ਵਰਾਂ ਬਾਝੋਂ ਵਸਨ ਹਾਰ ਨਾਹੀਂ।
ਰੋਣਾ ਦੁਖ ਬਾਝੋਂ, ਖਾਣਾ ਭੁਖ ਬਾਝੋਂ, ਪੁਤਰ ਕੁਖ ਬਾਝੋਂ ਆਵੇ ਪਯਾਰ ਨਾਹੀਂ।
ਗਊ ਦੁਧ ਬਾਝੋਂ, ਬੰਦਾ ਬੁਧ ਬਾਝੋਂ, ਜੋਧਾ ਜੁਧ ਬਾਝੋਂ ਬਰਕਰਾਰ ਨਾਹੀਂ।
ਜੂਆ ਜਿਤ ਬਾਝੋਂ, ਮਿਤ ਸਿਤ[3] ਬਾਝੋਂ ਔਰਤ ਹਿਤ ਬਾਝੋਂ ਲੈਂਦੀ ਸਾਰ ਨਾਹੀਂ।
ਗੁਡੀ ਡੋਰ ਬਾਝੋਂ, ਆਕੜ ਜ਼ੋਰ ਬਾਝੋਂ, ਵਾਹੀ ਢੇਰ ਬਾਝੋਂ ਲਗੇ ਪਾਰ ਨਾਹੀਂ।
ਗਾਨਾ ਗਲੇ ਬਾਝੋਂ, ਬੂਟਾ ਫਲੇ ਬਾਝੋਂ, ਦੀਵਾ ਬਲੇ ਬਾਝੋਂ ਕੁਝ ਦਰਕਾਰ[4] ਨਾਹੀਂ।
ਸਾਮੀ ਬਾਝ ਸ਼ਾਹਾਂ, ਭਾਈਆਂ ਬਾਝ ਬਾਹਾਂ, ਦਰਦਾਂ ਬਾਂਝ ਆਹਾਂ ਮਾਰਨਹਾਰ ਨਾਹੀਂ।
ਮਹਿੰਦੀ ਰੰਗ ਬਾਝੋਂ, ਚਾਤ੍ਰਿਕ ਅੰਗ ਬਾਝੋਂ, ਕਵਾਰੀ ਸੰਗ ਬਾਝੋਂ ਗੈਰਤ ਦਾਰ ਨਾਹੀਂ।
ਸੁੰਞੀ ਰਾਜਧਾਨੀ ਮਛਲੀ ਬਾਝ ਪਾਨੀ, ਕੇਹੜਾ ਭਰਤ ਸਾਨੀ ਲਵੇ ਸਾਰ ਲੋਕੋ।
ਪਈ ਤੜਫਦੀ ਖਲਕ ਸਰਦਾਰ ਬਾਝੋਂ, ਸੁਣਦੀ ਨਹੀਂ ਫਰਿਆਦ ਸਰਕਾਰ ਲੋਕੋ।
ਦਿਨ ਦੀਵੀਏਂ ਧਾੜਵੀ ਲੁੱਟ ਲੈਂਦੇ, ਡਰਦੇ ਮੂਲ ਨਾ ਚੋਰ ਚਕਾਰ ਲੋਕੋ।
ਸਾਰੇ ਖਾਣ ਦੇ ਯਾਰ ਸੰਸਾਰ ਅੰਦਰ, ਪੈਹਰਾ ਦੇਣ ਨਾਹੀ ਐਹਲਕਾਰ ਲੋਕੋ।
ਛਤਰ ਛਾਉਂ ਹੁੰਦੇ ਮਾਪੇ ਰਈਯਤਾਂ ਦੇ, ਰਾਜੇ ਪਾਲਦੇ ਪੁਤਰਾਂ ਹਾਰ ਲੋਕੋ।
ਅਜ ਕੌਣ ਆਕੇ ਲਵੇ ਸਾਰ ਇਸ ਦੀ ? ਸਾਂਈ ਬਾਝ ਲੁਟੀਂਵਦੀ ਬਾਰ ਲੋਕੋ।

1. ਅੱਖ। 2. ਭਗਤ। 3. ਪਵਿਤ੍ਰਤਾ। 4. ਲੋੜ।

ਰਾਜਾ ਹੋਵੇ ਤਾਂ ਸਾਂਭ ਵਲੇਟ ਬੈਠੇ, ਰਖੇ ਨਥਕੇ ਜੇ ਹੋਵੇ ਸਰਦਾਰ ਲੋਕੋ।
ਫੌਜ ਰਸਤ ਬਾਝੋਂ ਜਾਣੋਂ ਤੰਗ ਹੋਕੇ, ਲਗੀ ਆਪਣੇ ਕਾਰ ਰੁਜ਼ਗਾਰ ਲੋਕੋ।
ਜ਼ਿਮੀਦਾਰ ਨਾ ਮੁਆਮਲਾ ਦੇਣ ਅਗੋਂ, ਗਏ ਸਭ ਨਿਖੁਟ ਭੰਡਾਰ ਲੋਕੋ।
ਪਾਏ ਬਾਝ ਨਾ ਨਿਕਲੇ ਭਾਂਡਿਆਂ ਤੋਂ, ਐਵੇਂ ਚਲਦੀ ਕਿਸ ਤਰ੍ਹਾਂ ਕਾਰ ਲੋਕੋ।
ਘਰੋਂ ਖਾ ਗ਼ੁਲਾਮੀਆਂ ਕੌਣ ਕਰਦਾ ? ਕੇਹੜੀ ਆਸ ਤੇ ਕਰੇ ਉਧਾਰ ਲੋਕੋ।
ਐਹਲਕਾਰ ਭੀ ਕਾਰ ਰੁਜ਼ਗਾਰ ਲਗੇ, ਹੋਯਾ ਲੱਗਣਾ ਬੰਦ ਦਰਬਾਰ ਲੋਕੋ।
ਜਿਵੇਂ ਚੰਦ ਦੇ ਬਾਝ ਅੰਧੇਰ ਹੋਵੇ, ਰਾਤ ਮਸਿਆ ਦੀ ਧੁੰਧੂਕਾਰ ਲੋਕੋ।
ਪਈ ਆਪੇ ਆਪਣੀ ਸਭ ਤਾਂਈ, ਕੋਈ ਕਿਸੇ ਦਾ ਬਣੇ ਨ ਯਾਰ ਲੋਕੋ।
ਲਗੀ ਖਲਕ ਸੁੰਞੀ ਉਜੜਨ ਮਲਕ ਬਾਝੋਂ, ਲਾਗੂ ਬਾਹਰੋਂ ਲਗੇ ਹਜ਼ਾਰ ਲੋਕੋ।
ਉਠੇ ਲਾਂਭਿਓਂ ਚਾਂਭਿਓਂ ਹੋਰ ਰਾਜੇ, ਲਗੇ ਮੁਫੱਤ ਦੇ ਕਰਨ ਤਕਰਾਰ[1] ਲੋਕੋ।
ਬਲਦੀ ਅਗ ਤੇ ਹੋਰ ਚਾ ਤੇਲ ਪਾਯਾ, ਦੁਖੀ ਹੋਈ ਨੂੰ ਕਰਨ ਦੁਖਯਾਰ ਲੋਕੋ।
ਚਾਤ੍ਰਿਕ ਸੁਤੀਆਂ ਕਲਾਂ ਜਗਾਨ ਲਗੇ, ਸੁੰਞੇ ਖੇਤ ਨੂੰ ਕਰਨ ਉਜਾੜ ਲੋਕੋ।

ਘੇਰਾ ਘਤਣਾ ਬੈਤਾਲ ਦਾ ਉਜੈਨ ਸ਼ਹਿਰ ਉਤੇ

ਰਾਖਸ਼ ਇਕ ਬੈਤਾਲ ਬੈਤਾਲ[2] ਹੈ ਸੀ, ਧਾਰ ਰੂਪ ਅਸਰਾਲ[3] ਦਾ ਆਨ ਚੜ੍ਹਿਆ।
ਜਾਨੋਂ ਕਾਲ ਦਾ ਰੂਪ ਬਿਕ੍ਰਾਲ ਸੂਰਤ, ਲਾਲੋ ਲਾਲ ਅਖਾਂ ਹਥੀਂ ਗੁਰਜ ਫੜਿਆ।
ਰਈਯਤ ਗਊ ਗਰੀਬਨੀ ਦੁਖੀ ਉਤੇ, ਚਾੜ੍ਹ ਕਟਕ[4] ਮੈਦਾਨ ਵਿਚ ਆਨ ਵੜਿਆ।
ਅਗੋਂ ਮਾਲਕਾਂ ਬਾਝ ਉਠ ਕੌਣ ਝਗੜੇ, ਅੰਦਰ ਖਲਕ ਦਾ ਦੁਖ ਦੇ ਨਾਲ ਸੜਿਆ।
ਐਪਰ ਫੇਰ ਰਾਜਪੂਤ ਸਨ ਆਨ ਵਾਲੇ, ਹਰ ਇਕ ਹਿੰਮਤੋਂ ਵਧਕੇ ਆਨ ਲੜਿਆ।
ਭਾਵੇਂ ਲਖ ਹੋਵੇ ਖ਼ੂਨ ਰਾਜਪੂਤੀ, ਬਿਨਾਂ ਬੰਨ੍ਹ ਬੁਹਾਰ ਨਾ ਰਹੇ ਕੜਿਆ।
ਓਧਰ ਲਾਂਉ ਲਸ਼ਕਰ ਏਧਰ ਬੇਮਹਾਰੀ, ਜੋੜ ਕਿਸ ਤਰ੍ਹਾਂ ਰਹੇਗਾ ਅੰਤ ਅੜਿਆ।
ਚਾਤ੍ਰਿਕ ਪੇਸ਼ ਨਾ ਗਈ ਜਦ ਹੋਰ ਕੋਈ, ਲੋਕਾਂ ਅੰਦਰੋਂ ਕਿਲੇ ਨੂੰ ਕੁਫਲ ਜੜਿਆ।
ਡੇਰਾ ਪਾ ਬੈਤਾਲ ਹੋ ਬਾਹਰ ਬੈਠਾ, ਤੋਪਾਂ* ਬੀੜ ਦਰਵਾਜ਼ਿਆਂ ਵੱਲ ਲਾਵੇ।
ਘੇਰਾ ਘਤਿਆ ਕਿਲ੍ਹੇ ਦੇ ਗਿਰਦ ਐਸਾ ਨਾ ਕੋਈ ਆਨ ਪਾਵੇ ਨਾ ਕੋਈ ਜਾਨ ਪਾਵੇ।
ਅੰਦਰ ਅੰਨ ਦਾਣੇ ਵਲੋਂ ਤੋਟ ਆਈ, ਭੁਖੀ ਖਲਕ ਟੁਕਰ ਬਾਝੋਂ ਲਏ ਹਾਵੇ।
ਚਾਤ੍ਰਿਕ ਕਾਫੀਆਂ ਤੰਗ[5] ਹੋ ਗਿਆ ਅੰਦਰ, ਬੈਠਾ ਬਾਹਰ ਬੈਤਾਲ ਹੈ ਬੰਨ੍ਹ ਦਾਵੇ।

ਸਲਾਹ ਕਰਨੀ ਉਜੈਨ ਨਿਵਾਸੀਆਂ ਨੇ

ਕਠੇ ਬੈਠ ਸਿਰਕਰਦਿਆਂ ਅਕਲਮੰਦਾ, ਲਾਯਾ ਪੱਟ੍ਹਾ ਤੇ ਕਰਨ ਵਿਚਾਰ ਮਿਲਕੇ।
ਕੀਕਰ ਹਟੇ ਏਹ ਨਿਤ ਦਾ ਦੁਖ ਸਾਥੋ, ਕਰੋਂ ਆਪਣਾ ਕੋਈ ਸਰਦਾਰ ਮਿਲਕੇ।

---

* ਬਾਰੂਦ, ਤੋਪਾਂ, ਬੰਦੂਕਾਂ ਬਾਬਰ ਵੇਲੇ ਪਹਿਲੀ ਵਾਰ ਭਾਰਤ ਵਿਚ ਵਰਤੇ ਗਏ ਸੋ ਭਰਥਰੀ ਦੇ ਵੇਲੇ ਤੋਪਾਂ ਬੀੜਨਾ ਸੰਭਵ ਨਹੀਂ।

1. ਝਗੜਾ। 2. ਸ਼ੁਦਾਈ, ਕਮਲਾ। 3. ਭਿਆਨਕ, ਡਰਾਉਣਾ। 4. ਫੌਜ।

5. ਮੁਹਾਵਰਾ, ਤਾਂ ਕਵੀਆਂ ਦਾ ਹੈ ਜਦ ਤੁਕਾਂਤ ਜੋੜਨ ਲਈ ਓਸੇ ਅੰਤ ਅਨੁਪ੍ਰਾਸ ਲਈ ਹੋਰ ਸ਼ਬਦ ਨਾ ਲਭੇ ਤਾਂ ਬੋਲਦੇ ਹਨ। ਏਥੇ ਭਾਵ ਹੈ ਕੋਈ ਰਾਹ ਨਾ ਰਿਹਾ।

ਚਲੋ ਚਲੀਏ ਬਿਕ੍ਰਮਾਜੀਤ ਵਲੇ, ਸੁਣੀ ਜਾਏ ਜੇ ਭਲਾ ਪੁਕਾਰ ਮਿਲਕੇ।
ਜਾ ਕੇ ਬਾਹੁੜੀ ਅਤੇ ਫਰਿਆਦ ਕਰੀਏ ਕਰੋ ਦੂਰ ਜ਼ਾਲਮ ਬਾਹਰਵਾਰ ਮਿਲਕੇ।
ਓਹ ਹੈ ਦਯਾ ਸਾਗਰ ਕੋਈ ਰਾਹ ਦੇਸੀ, ਕਰੀਏ ਬੇਨਤੀ ਓਸ ਦੇ ਦੁਆਰ ਮਿਲਕੇ।
ਚਾਤ੍ਰਿਕ ਸਭ ਨੇ ਗਲ ਮਨਜ਼ੂਰ ਕੀਤੀ, ਕਰੋ ਆਦਮੀ ਕੋਈ ਤਿਆਰ ਮਿਲਕੇ।
ਹੋਈ ਏਹ ਸਲਾਹ, ਮਿਲ ਸਾਰਿਆ ਦੀ, ਪੰਡਤ ਘਲੀਏ ਬਿਕ੍ਰਮਾਜੀਤ ਵੱਲੇ।
ਉੜਕ ਭੰਨੀਆਂ ਬਾਂਹੀਆਂ ਗਲੇ ਲਗਣ, ਕੜਾਂ ਪਾਟਿਆਂ ਨੂੰ ਆਪ ਆਨ ਠੱਲੇ।
ਉਹ ਨੂੰ ਨਹੀ ਪ੍ਰਵਾਹ ਤੇ ਚਾਹ ਕੋਈ, ਅਗੇ ਮੁਲਕ ਆਸਾਮ ਸੂ ਹੁਕਮ ਥਲੇ।
ਐਪਰ ਬਾਪ ਦਾਦੇ ਦਾ ਹੀ ਰਾਜ ਉਸ ਦਾ, ਨਹੀਂ ਮੋੜਸੀ ਭਿਛਿਕਾਂ ਦੇਖ ਥਲੇ।
ਜਦੋਂ ਸੁਣੇਗਾ ਦੁਖ ਉਜੈਨ ਵਾਲੇ, ਮੋਮ ਵਾਂਗ ਹੋ ਆਪਣੇ ਆਪ ਢੱਲੇ।
ਚਾਤ੍ਰਿਕ ਲਾਜ ਹੈ ਓਸ ਨੂੰ ਪਾਲੀਆਂ ਦੀ, ਭਲੇ ਰਹੇ ਹਾਂ ਅਸੀਂ ਹੀ ਆਪ ਝੱਲੇ।

ਰਵਾਨਾ ਕਰਨਾ ਪੰਡਤ ਵਰਾਹ ਨੂੰ ਨਗਰ ਨਿਵਾਸੀਆਂ ਨੇ

ਪੰਡਤ ਨਾਮ ਵਰਾਹ ਨੂੰ ਤਿਆਰ ਕੀਤਾ, ਜੋ ਸੀ ਅਕਲ ਦਾ ਕੋਟ ਦਾਨਾ ਭਾਰਾ।
ਉਸ ਨੂੰ ਥਾਪ ਕੇ ਦੂਤ-ਸੁਨੇਹੜਾ ਦੇ, ਰਾਤੀ ਕਿਲ੍ਹੇ ਤੋਂ ਤੋਰਿਆ ਖੋਲ੍ਹ ਦਵਾਰਾ।
ਆਖੀਂ ਦੁਖ ਦੀ ਹੱਦ ਨਾ ਰਹੀ ਕੋਈ, ਦਸੀ ਕੈਹਰ ਬੈਤਾਲ ਦਾ ਫੋਲ ਸਾਰਾ।
ਖਲਕਤ ਤੰਗ ਆਈ, ਇਸ ਤੇ ਅੱਤ ਚਾਈ, ਪਾਈ ਕਸ਼ਟਨੀ ਚਲੇ ਨਾ ਕੋਈ ਚਾਰਾ।
ਐਪਰ ਕਿਲ੍ਹਾ ਅਮਾਨ ਹੈ ਅਜੇ ਕਾਇਮ, ਅਸਾਂ ਝੱਲ ਕੇ ਦੁਖ ਭੀ ਨਹੀਂ ਹਾਰਾ।
ਚਾਤ੍ਰਿਕ ਸਾਂਭ ਲੈ ਦੇਸ ਵਲਾਇਤ ਆਕੇ, ਨਾਲੇ ਅਸਾਂ ਦਾ ਆਨ ਕੇ ਕਰੀਂ ਕਾਰਾ।
ਤੇਰੀ ਚੀਜ਼ ਤੇ ਤੁਧ ਹਵਾਲੜੇ ਹੈ, ਮਾਲਕ ਤੂੰ ਹੀ ਤੇ ਅਸੀਂ ਗੁਲਾਮ ਤੇਰੇ।
ਭਾਵੇਂ ਲਖ ਉਖਿਆਈਆਂ ਦੇਣ ਦੂਤੀ, ਵਿਕੇ ਹੋਏ ਹਾਂ ਉਪਰੋਂ ਨਾਮ ਤੇਰੇ।
ਤੇਰੀਆਂ ਨੇਕੀਆਂ ਭੁਲ ਨਾ ਜਾਣ ਸਾਨੂੰ, ਸਾਰੀ ਉਮਰ ਗੁਲਾਮ ਬੇਦਾਮ ਤੇਰੇ।
ਆ ਕੇ ਦੇਖ ਇਹ ਦੇਸ ਹੈ ਦਾਸ ਤੇਰਾ, ਦੂਰ ਹੋਣਗੇ ਭਰਮ ਤਮਾਮ ਤੇਰੇ।
ਭਾਵੇਂ ਭਰਥਰੀ ਨੇ ਕੀਤੀ ਠੀਕ ਨਹੀਂ ਸੀ, ਐਪਰ ਭੁਲਿਆ ਵਹਿਮ ਓਹ ਖਾਮ ਤੇਰੇ।
ਗਲਾ ਦਿਲੋਂ ਭੁਲਾ ਦੇਹ ਸਾਰੀਆਂ ਨੂੰ, ਹੋਸੀ ਭਲਾ ਸਾਡਾ ਨਾਲੇ ਕਾਮ ਤੇਰੇ।
ਤੈਨੂੰ ਭੁਖ ਨਾ ਰਾਜ ਅਸਾਡੜੇ ਦੀ, ਝੰਡੇ ਝੂਲਦੇ ਵਿਚ ਆਸਾਮ ਤੇਰੇ।
ਚਾਤ੍ਰਿਕ ਫੇਰ ਭੀ ਆਪਣਾ ਆਪਣਾ ਹੈ, ਗੀਤ ਗਾਂਵਦੇ ਨੇ ਖਾਸ ਆਮ ਤੇਰੇ।

ਪਹੁੰਚਣਾ ਪੰਡਤ ਵਰਾਹ ਦਾ ਮੁਲਕ ਆਸਾਮ ਵਿਚ

ਰਵਾਂ ਰਵੀਂ ਵਰਾਹ ਆਸਾਮ ਪਹੁੰਚਾ, ਦੁਆਰ ਪਾਲ ਨੂੰ ਜਾ ਪੈਗਾਮ ਦਿਤਾ।
ਮੈਂ ਹਾਂ ਨਗਰ ਉਜੈਨ ਤੋਂ ਚਲ ਆਯਾ, ਮਿਲਕੇ ਰਈਯਤਾਂ ਘੱਲ ਆਸਾਮ ਦਿਤਾ।
ਸੁਣਕੇ ਬਿਕ੍ਰਮੀ ਤੁਰਤ ਬੁਲਵਾ ਅੰਦਰ, ਆਦਰ ਭਾਉ ਦੇ ਨਾਲ ਵਿਸ਼੍ਰਾਮ ਦਿਤਾ।
ਚਾਤ੍ਰਿਕ ਭਾਗ ਚੰਗੇ ਦਰਸ਼ਨ ਆਨ ਦਿਤਾ, ਮੈਨੂੰ ਸੁਖ ਅਰਾਮ ਤਮਾਮ ਦਿਤਾ।

ਉਸਤਤੀ ਕਰਨੀ ਵਰਾਹ ਪੰਡਤ ਨੇ ਮਹਾਰਾਜ ਬਿਕ੍ਰਮਾਜੀਤ ਜੀ ਦੀ

ਧੰਨ ਧੰਨ ਚੰਦ੍ਰ ਬੰਸ, ਬੰਸ ਉਤਮ, ਧੰਨ ਧੰਨ ਰਾਜਪੂਤ ਦੀ ਅੰਸ ਨੂੰ ਹੈ।
ਧੰਨ ਸੈਨ ਗੰਧਰਬ ਦੀ ਜਾਤ ਉਚੀ, ਜਿਵੇਂ ਵਿਚ ਪੰਖੇਰੂਆਂ ਹੰਸ ਨੂੰ ਹੈ।
ਧੰਨ ਬਿਕ੍ਰਮਾਜੀਤ ਮਹਾਰਾਜ ਤਾਂਈ, ਧੰਨ ਧੰਨ ਤੇਰੀ ਉਚੀ ਬੰਸ ਨੂੰ ਹੈ।
ਚਾਤ੍ਰਿਕ ਪਾਪ ਕਟਣਹਾਰ ਪ੍ਰਿਥਵੀ ਦੇ, ਜਿਵੇਂ ਕ੍ਰਿਸ਼ਨ ਨੇ ਮਾਰਿਆ ਕੰਸ ਨੂੰ ਹੈ।
ਤੇਰੇ ਆਸਰੇ ਵਸਦਾ ਜਗਤ ਸਾਰਾ, ਤੂੰ ਹੈ ਧਰਮ ਦਾ ਸੱਚੜਾ ਥੰਮ ਰਾਜਾ।
ਤੇਰੇ ਰਾਜ ਅੰਦਰ ਨਾ ਸੀ ਖੌਫ ਸਾਨੂੰ, ਨਾ ਸੀ ਚੋਰ ਚਕਾਰ ਦਾ ਗਮ ਰਾਜਾ।
ਸਾਨੂੰ ਆਸਰਾ ਤੈਂਡੜੀ ਮੇਹਰ ਦਾ ਹੈ, ਤੇਰੇ ਬਾਝ ਅਸੀਂ ਕੇਹੜੇ ਕੰਮ ਰਾਜਾ।
ਕਿਰਪਾ ਕਰੋ ਤੇ ਚਲ ਉਜੈਨ ਵਸੋ, ਕਰੋ ਦੂਰ ਵਿਛੋੜੇ ਦਾ ਡੰਮ[1] ਰਾਜਾ।
ਅਸੀਂ ਤਾਬਿਆਦਾਰ ਨਾ ਉਜ਼ਰ ਕੋਈ, ਤੇਰੀਆਂ ਜੁੱਤੀਆਂ ਸਾਡੜਾ ਚੰਮ ਰਾਜਾ।
ਦਿਲੋਂ[2] ਜਾਨ ਨਿਸਾਰ ਹੈ ਤੁਧ ਉਤੋਂ, ਚਲੋ ਦੇਸ ਆਪਣੇ ਜੰਮ ਜੰਮ ਰਾਜਾ।
ਆਪ ਬਾਝ ਸਾਡਾ ਮੰਦਾ ਹਾਲ ਹੋਯਾ, ਅਖੋਂ ਵਗੇ ਅੱਥਰੂ ਛੰਮ ਛੰਮ ਰਾਜਾ।
ਚਾਤ੍ਰਿਕ ਚਲ ਉਜੈਨ ਦੀ ਸਾਰ ਕਰੀਓ, ਤੁਸਾਂ ਬਾਝ ਔਖਾ ਦੰਮ ਦੰਮ ਰਾਜਾ।

ਜਵਾਬ ਮਹਾਰਾਜ ਬਿਕ੍ਰਮਾਜੀਤ

ਰਾਜੇ ਬਿਕ੍ਰਮਾਜੀਤ ਹੈਰਾਨ ਹੋ ਕੇ ਏਹ ਵਰਾਹ ਨੂੰ ਬਚਨ ਫੁਰਮਾਇਆ ਏ।
ਤੁਸੀਂ ਬੜੇ ਉਦਾਸ ਨਿਰਾਸ ਦਿਸੋ, ਕੇਹੜੀ ਗਲ ਦਾ ਭਰਮ ਲਗਾਇਆ ਏ।
ਮੇਰੇ ਔਣ ਦੀ ਕਾਸ ਤੇ ਲੋੜ ਪੈ ਗਈ ? ਮੈਂ ਕੁੱਛ ਚੁੱਕਿਆ ਨਹੀਂ ਚੁਰਾਇਆ ਏ।
ਰਾਜਾ ਭਰਥਰੀ ਵੀਰ ਹੈ ਰਾਜ ਕਰਦਾ, ਸਿਰੇ ਤੇ ਤੁਸਾਂ ਹੁਮਾ ਦਾ ਸਾਇਆ ਏ।
ਫੇਰ ਦੁਖ ਕੇਹੜਾ ਤੁਸੀਂ ਦੁਖੀ ਹੋਏ ? ਸਫਰ ਦੂਰ ਆਸਾਮ ਦਾ ਚਾਇਆ ਏ।
ਸਾਰਾ ਹਾਲ ਦਸੋ ਕਰ ਬਿਆਨ ਮੈਨੂੰ, ਕੇਹੜੇ ਵੈਰੀਆਂ ਆਨ ਅਕਾਇਆ ਏ।
ਹੁੰਦੇ ਭਰਥਰੀ ਦੇ ਤੁਸੀਂ ਆਏ ਏਥੇ, ਏਸ ਗਲ ਦਾ ਭੇਦ ਨਾ ਪਾਇਆ ਏ।
ਚਾਤ੍ਰਿਕ ਖੋਲਕੇ ਸਭ ਹਵਾਲ ਦਸੋ, ਕੇਹੜਾ ਕਸ਼ਟ ਉਜੈਨ ਤੇ ਆਇਆ ਏ ?

ਜਵਾਬ ਵਰਾਹ ਪੰਡਤ

ਕੁਝ ਪੁੱਛ ਨਾ ਰਾਜਿਆ ਗੱਲ ਵਡੀ ਸਾਰੇ ਫੋਲਨੇ ਫੋਲਿਆਂ ਦੁਖ ਆਸੀ।
ਸਾਡੀ ਆਦ੍ਰਾਂ ਅੰਦਰੋਂ ਭੁਜੀਆਂ ਨੇ, ਜੇਹੜਾ ਸੁਣੇਗਾ ਕਦੋਂ ਓਹ ਸੁਖ ਪਾਸੀ।
ਚਾਰੇ ਕੰਨੀਆ ਚੌੜ ਹੋ ਰੋਹੜ ਬੈਠੇ, ਖਬਰ ਨਹੀਂ ਹਾਂ ਜੀਂਵਦੇ ਕਿਨੀਂ ਸਾਸੀ।
ਸਾਡੇ ਦੁਖੜੇ ਵਧ ਪਹਾੜ ਹੋ ਗਏ, ਸੁਣ ਕੇ ਜੀਉ ਅਡੋਲ ਏਹ ਡੋਲ ਜਾਸੀਂ।
ਐਪਰ ਦਸਣਾ ਫੇਰ ਭੀ ਪਿਆ ਏਥੇ, ਉਜੜ ਰਹੇ ਨੇ ਸਭ ਉਜੈਨ ਵਾਸੀ।

---

1. ਦੁੱਖ। 2. ਦਿਲ ਤੇ ਜਾਨ ਕੁਰਬਾਨ।

ਚਾਤ੍ਰਿਕ ਭਰਥਰੀ ਰਾਜ ਫਕੀਰ ਹੋ ਗਏ, ਸਾਨੂੰ ਦੇ ਗਏ ਜੀਉ ਦੀ ਜਿੰਦ ਫਾਸੀ।
ਰਹੇ ਵਰਜ ਬਤੇਰੜੇ ਲੋਕ ਸਾਰੇ, ਆਖੇ ਕਿਸੇ ਦੇ ਰਿਹਾ ਨਾ ਡੱਕਿਆ ਸੀ।
ਰਾਣੀ ਪਿੰਗਲਾ ਓਸ ਦਾ ਖਾ ਹਾਵਾ, ਰੋਂਦੀ ਮੌਤ ਦੇ ਜਾਮ ਨੂੰ ਚੱਖਿਆ ਸੀ।
ਖੇਤ ਵਸਦੇ ਨਾ ਬਾਝ ਮਾਲਕਾਂ ਦੇ, ਕੋਈ ਦੇਸ ਨੂੰ ਸਾਂਭ ਨਾ ਸੱਕਿਆ ਸੀ।
ਹਾਹਾਕਾਰ ਹੁੰਦੀ ਜ਼ਾਰੋ ਜ਼ਾਰ ਰੋਂਦੇ ਹਾਏ ਬਿਕ੍ਰਮੀ ਕਾਸ ਨੂੰ ਦੁੱਖਿਆ ਸੀ।
ਅਸਾਂ ਆਪ ਵਿਹਾਝ ਕੇ ਦੁਖ ਆਂਦੇ, ਅੱਖੀਂ ਦੇਖ ਕੇ ਜ਼ੈਹਰ ਨੂੰ ਫੱਕਿਆ ਸੀ।
ਓਦੋਂ ਬਿਕ੍ਰਮਾਜੀਤ ਨਾ ਜਾਣ ਦੇਂਦੇ, ਕਦੀ ਓਸ ਨੇ ਬੁਰਾ ਨਾ ਤੱਕਿਆ ਸੀ।
ਅਜ ਰਾਈ ਤੋਂ ਦੁਖ ਪਹਾੜ ਹੋ ਗਏ, ਕੰਡਾ ਹਥ ਦਾ ਬੀਜਿਆ ਪੱਕਿਆ ਸੀ।
ਚਾਤ੍ਰਿਕ ਦੁਸ਼ਮਨ ਨੇ ਘੇਰੇ ਵਿਚ ਘਤ ਰਖੇ, ਮੁਲਕ ਵੈਰੀਆਂ ਦੇ ਹਥੋਂ ਅੱਕਿਆ ਸੀ।

ਚਿੰਤਾਵਾਨ ਹੋਣਾ ਮਹਾਰਾਜ ਬਿਕ੍ਰਮਾਜੀਤ ਨੇ

ਹੋਏ ਗੁੰਮ ਹਵਾਸ ਏਹ ਗਲ ਸੁਣਕੇ, ਰਾਜ ਭਰਥਰੀ ਛਡ ਫਕੀਰ ਹੋਇਆ।
ਬਿਕ੍ਰਮ ਵਾਸਤੇ ਹੋਰ ਨਾ ਦੁਖ ਏਦੂੰ, ਕੰਬ ਕੰਡਿਆਂ ਵਾਂਗ ਸਰੀਰ ਹੋਇਆ।
ਉਸ ਨੂੰ ਚੈਨ ਆਵੇ ਕੀਕਰ ਵਿਚ ਸੀਨੇ, ਲਾਇਕਮੰਦ ਫਕੀਰ ਜਿਸ ਵੀਰ ਹੋਇਆ।
ਚਾਤ੍ਰਿਕ ਉਠਿਆ ਖੂਨ ਦਾ ਜੋਸ਼ ਵਿਚੋਂ ਫਰਨ ਫਰਨ ਚਸ਼ਮੋਂ ਜਾਰੀ ਨੀਰ ਹੋਇਆ।
ਕਹਿੰਦਾ ਹਾਏ ਏਹ ਕੈਹਰ ਕੀ ਮਾਰਿਓ ਜੇ ? ਕਿਉਂ ਨਾ ਬੈਠਕੇ ਪਾਸ ਸਮਝਾਇਓ ਜੇ।
ਮੇਰੇ ਬਾਪ ਬਜਾਇ ਸੀ ਵੀਰ ਵੱਡਾ, ਮੇਰੇ ਨਾਲ ਕੀ ਜ਼ੁਲਮ ਕਮਾਇਓ ਜੇ।
ਉਹਦੀ ਹਿਰਸ ਤੇ ਉਡਦਾ ਮੈਂ ਫਿਰਦਾ, ਬਾਜ਼ੂ ਮੁਝ ਦਾ ਅਜ ਤੁੜਵਾਇਓ ਜੇ।
ਪੈਰੀਂ ਪੈਂਦਿਓ ਲੈਂਦਿਓ ਘਾਹ ਮੂੰਹ ਵਿਚ, ਕਿਉਂ ਨਾ ਰਬ ਦਾ ਵਾਸਤਾ ਪਾਇਓ ਜੇ।
ਓਹਦੀ ਰਾਣੀਆਂ ਨਾਲ ਪ੍ਰੀਤ ਹੈਸੀ, ਕਿਉਂ ਨਾ ਕਿਸੇ ਤੋਂ ਗਲ ਅਖਵਾਇਓ ਜੇ।
ਮੇਰਾ ਹਾਲ ਕੀਹ ਹੋਵਸੀ ਓਸ ਬਾਝੋਂ, ਕੇਹੜੇ ਜੁਗ ਦਾ ਵੈਰ ਕਮਾਇਓ ਜੇ।
ਓਹਦਾ ਸੋਹਲ ਸਰੀਰ ਸੀ ਫੁਲ ਵਰਗਾ, ਜਿਸ ਨੂੰ ਖੇਹ ਦੇ ਵਿਚ ਰੁਲਾਇਓ ਜੇ।
ਫੇਰ ਰਾਣੀਆਂ ਐਨੀਆਂ ਵੇਖ ਕੇ ਤੇ, ਹਾਏ ਤਰਸ ਨਾ ਜ਼ਾਲਮੋਂ ਆਇਓ ਜੇ।
ਖਬਰੇ ਕਿਸ ਤਰ੍ਹਾਂ ਨਾਚ ਨਚਾਇਓ ਜੇ ? ਓਹਨੂੰ ਕਢ ਅੰਧੇਰ ਵਰਤਾਇਓ ਜੇ।
ਚਾਤ੍ਰਿਕ ਕਿਸ ਤਰ੍ਹਾਂ ਘਰੋਂ ਕਢਾਇਓ ਜੇ, ਜ਼ਰਾ ਖੋਹਲਕੇ ਹਾਲ ਸੁਣਾਇਓ ਜੇ।

ਜਵਾਬ ਵਰਾਹ ਪੰਡਤ

ਦੋਸ਼ ਕਿਸੇ ਦਾ ਰਾਜਿਆ ਨਹੀਂ ਇਸ ਵਿਚ ਅਸੀਂ ਲਖ ਹਜ਼ਾਰ ਸਮਝਾ ਥੱਕੇ।
ਸੈਨਾਪਤੀ, ਪ੍ਰਧਾਨ ਤੇ ਮੰਤਰੀ ਜੀ, ਸਾਰਾ ਆਪਣਾ ਜ਼ੋਰ ਲਗਾ ਥੱਕੇ।
ਖਲਕਤ ਦੇ ਦੁਹਾਈਆ ਹਾਰ ਥੱਕੀ, ਲੋਕੀਂ ਰਬ ਦਾ ਵਾਸਤਾ ਪਾ ਥੱਕੇ।
ਧਰੀ ਇਕ ਨਾ ਜੀਉ ਤੇ ਗੱਲ ਉਸ ਨੇ, ਗੱਲਾਂ ਅਸੀਂ ਬਤੇਰੀਆਂ ਲਾ ਥੱਕੇ।
ਹੋਣੀ ਕਿਸੇ ਦੀ ਪੇਸ਼ ਨਾ ਜਾਣ ਦਿਤੀ, ਦਾਨੇ ਕਈ ਤਦਬੀਰ ਚਲਾ ਥੱਕੇ।
ਚਾਤ੍ਰਿਕ ਚਰਖ ਦੇ ਫੇਰ ਨਾ ਜਾਣ ਠੱਲੇ, ਲੱਖਾਂ ਲੋਕ ਉਪਾ ਵਰਕਾ ਥੱਕੇ।
ਜਦੋਂ ਰਾਮ ਬਨਵਾਸ ਨੂੰ ਜਾਣ ਲਗੇ, ਲੋਕਾਂ ਕਿਸ ਤਰ੍ਹਾਂ ਜ਼ੋਰ ਲਗਾਇਆ ਸੀ।

ਜਦੋਂ ਪਾਂਡਵਾਂ ਦੇ ਉਤੇ ਵਖਤ ਪਾਏ; ਕਿਸ ਨੂੰ ਵੇਖਕੇ ਦੁਖ ਨਾ ਆਇਆ ਸੀ।
ਰਾਜੇ ਨਲ ਦੀ ਬੁਧ ਤੇ ਪਾ ਪੜਦਾ, ਭੌਜਲ ਕਿਹਾ ਕੁ ਇਸ ਵਖਾਇਆ ਸੀ।
ਚਾਤ੍ਰਿਕ ਚਰਖ ਨੇ ਲਖ ਬਰਬਾਦ ਕੀਤੇ, ਭੇਤ ਏਸ ਦਾ ਕਿਸੇ ਨਾ ਪਾਇਆ ਸੀ।
ਅਸਲ ਵਿਚ ਤਾਂ ਗੱਲ ਸੀ ਰਤਾ ਜਿੰਨੀ, ਐਵੇਂ ਗੱਲ ਤੋਂ ਵਧ ਗਲਾਨ ਹੋ ਗਈ।
ਹੋਣੀ ਰਾਈ ਦਾ ਚੁਕ ਪਹਾੜ ਕੀਤਾ, ਰਾਜੇ ਭਰਤ ਦੀ ਅਕਲ ਹੈਰਾਨ ਹੋ ਗਈ।
ਰਾਣੀ ਪਿੰਗਲਾਂ ਨੂੰ ਦਿਤਾ ਫਲ ਅੰਮ੍ਰਿਤ, ਓਸੇ ਫਲ ਤੋਂ ਵਧ ਵਧਾਨ ਹੋ ਗਈ।
ਫਲ ਖਬਰ ਨਹੀਂ ਕਿਸ ਤਰ੍ਹਾਂ ਗਿਆ ਨਿਕਲ, ਮਾਲਕ ਵੇਸ਼ਵਾ ਇਕ ਸ਼ੈਤਾਨ ਹੋ ਗਈ।
ਉਸ ਨੇ ਮੋੜਕੇ ਭਰਥਰੀ ਪਾਸ ਆਂਦਾ, ਅੱਖੀ ਵੇਖ ਕੇ ਲਹੂ ਲੁਹਾਨ ਹੋ ਗਈ।
ਸ਼ਕ ਪੈ ਗਿਆ ਆਪਣੀ ਇਸਤ੍ਰੀ ਤੋਂ, ਤਥਾ ਓਸ ਵਲੋਂ ਬਦ ਗੁਮਾਨ ਹੋ ਗਈ।
ਹਾਥੀਵਾਨ ਦੇ ਕਹੇ ਨੂੰ ਸਚ ਜਾਤਾ, ਗੰਢ ਭਰਮ ਦੀ ਸਖਤ ਪੇਚਾਨ ਹੋ ਗਈ।
ਚਾਤ੍ਰਿਕ ਟੁਟਿਆ ਜੀ ਸੰਸਾਰ ਵਲੋਂ, ਦੁਨੀਆਂ ਛਡਨੀ ਫੇਰ ਆਸਾਨ ਹੋ ਗਈ।
ਲੋਕ ਬੜਾ ਸਮਝਾਇਆ ਭਰਥਰੀ ਨੂੰ, ਏਸ ਗਲ ਸਿਰੇ ਸੁਵਾਹ ਪਾਓ।
ਲੱਖ ਲੋਕ ਸ਼ਰਾਰਤੀ ਨਾਲ ਸੋਖਤ, ਐਵੇਂ ਝੂਠ ਦੇ ਗਲੇ ਨਾ ਫਾਹ ਪਾਓ।
ਤੇ ਜੇ ਭੁਲ ਕੇ ਅਕਲ ਤੇ ਪਿਆ ਪੜਦਾ, ਤਾਂ ਭੀ ਬਖਸ਼ ਕੇ ਅਗਾਂ ਨੂੰ ਰਾਹ ਪਾਓ।
ਬੰਦਾ ਧੁਰੋਂ ਹੀ ਭੁਲਦਾ ਆਇਆ ਹੈ, ਨਾ ਫਸਾਦ ਏਹ ਖਾਹ ਮਖਾਹ ਪਾਓ।
ਨਾਰਾਂ ਹੋਰ ਹਜ਼ਾਰ ਜਹਾਨ ਅੰਦਰ, ਸੀਨੇ ਠੰਢ ਕਰ ਹੋਰ ਵਿਆਹ ਪਾਓ।
ਐਪਰ ਇਕ ਨਾ ਜੀਉ ਤੇ ਉਸ ਆਂਦੀ, ਆਖੇ ਕਾਸ ਨੂੰ ਬੰਨ੍ਹ ਕੇ ਫਾਹ ਪਾਓ।
ਮੈਨੂੰ ਰਾਮ ਦੇ ਨਾਮ ਦੀ ਚਾਹ ਲਗੀ, ਸਿਧੇ ਰਾਹ-ਪੰਜਾਲੀਆਂ ਲਾਹ ਪਾਓ।
ਚਾਤ੍ਰਿਕ ਜੋਗ ਕਮਾਵਸਾਂ ਭੋਗ ਤਜਕੇ, ਕਾਹਨੂੰ ਵਾਸਤੇ ਦੰਦੀਆਂ ਡਾਹ ਪਾਓ।
ਲੋਕਾਂ ਆਖਿਆ ਜ਼ੁਲਮ ਕੀ ਕਰਨ ਲਗੇ, ਸਾਨੂੰ ਕਰੋਗੇ ਕਿਧੇ ਹਵਾਲੜੇ ਜੀ।
ਰਾਜੇ ਬਾਝ ਰਈਯਤਾਂ ਕਿਵੇਂ ਵਸਣ, ਉਜੜ ਜਾਣਗੇ ਦੌਲਤਾਂ ਵਾਲੜੇ ਜੀ।
ਕਿਸੇ ਨਹੀਂ ਮੁਹਤਾਜ ਦੀ ਖਬਰ ਲੈਣੀ, ਪੁਠੇ ਤੁਰਨਗੇ ਜ਼ੁਲਮ ਦੇ ਚਾਲੜੇ ਜੀ।
ਲੁਟ ਲੈਣਗੇ ਦਿਨੇ ਹੀ ਚੋਰ ਸਾਨੂੰ, ਬਿਨਾਂ ਹਾਕਮਾਂ ਕੌਣ ਸੰਭਾਲੜੇਂ ਜੀ ?
ਲਾਗੂ ਬਾਹਰੋਂ ਆ ਕੇ ਤੰਗ ਕਰਸਨ, ਮਾਰ ਲੈਣਗੇ ਘਰਾਂ ਨੂੰ ਤਾਲੜੇ ਜੀ।
ਚਾਤ੍ਰਿਕ ਉਠਕੇ ਕੌਣ ਜਵਾਬ ਦੇਸੀ ? ਜਦੋਂ ਪੈ ਗਏ ਪੇਸ ਮੂੰਹ ਕਾਲੜੇ ਜੀ।
ਅਗੋਂ ਭਰਥਰੀ ਕੈਹ ਗਿਆ ਤੁਰਨ ਲਗਾ, ਬਿਕ੍ਰਮਾਜੀਤ ਨੂੰ ਸਦ ਬਹਾਵਿਓ ਜੇ।
ਅਗੋਂ ਕਰੇਗਾ ਜੇ ਇਨਕਾਰ ਜੇਕਰ, ਪੈਰੀਂ ਡਿਗਕੇ ਭੁਲ ਬਖਸ਼ਾਵਿਓ ਜੇ।
ਸਖਤੀ ਮੁਝ ਤੋਂ ਹੋਈ ਜੋ ਵਿਚ ਗਲਤੀ, ਓਹ ਭੀ ਆਖਣਾ ਮਨੋਂ ਭੁਲਾਵਿਓ ਜੇ।
ਮੇਰਾ ਬੋਲਿਆ ਚਾਲਿਆ ਮਾਫ ਕਰਕੇ ਕੋਈ ਗੱਲ ਨਾ ਜੀਉ ਤੇ ਲਿਆਵਿਓ ਜੇ।
ਗੱਦੀ ਬਾਪ ਦਾਦੇ ਵਾਲੀ ਸਾਂਭ ਕੇ ਤੇ ਰਈਯਤ ਨਾਲ ਅਰਾਮ ਵਸਾਵਿਓ ਜੇ।
ਚਾਤ੍ਰਿਕ ਵੀਰ ਨੂੰ ਲੱਭ ਲਿਆਵਿਓ ਜੇ, ਵਾਗਾਂ ਓਸ ਦੇ ਹਥ ਫੜਾਵਿਓ ਜੇ।

ਜਵਾਬ ਮਹਾਰਾਜ ਬਿਕ੍ਰਮਾਜੀਤ

ਮੈਨੂੰ ਖਬਰ ਹੁੰਦੀ ਹੋਣੀ ਏਸ ਦੀ ਜੇ ਓਹਲੇ ਬੈਠਕੇ ਝਟ ਲੰਘਾ ਲੈਂਦਾ।
ਨਾ ਮੈਂ ਆਂਵਦਾ ਜਾਂਵਦਾ ਵੀਰ ਮੇਰਾ, ਮਿੰਨਤਾਂ ਤਰਲਿਆਂ ਨਾਲ ਸਮਝਾ ਲੈਂਦਾ।

ਜੇਹੜੀ ਗੱਲ ਦਾ ਅੱਕਿਆ ਨਿਕਲਿਆ ਸੀ, ਆਪਣੇ ਸਿਰ ਤੇ ਝੱਲ ਭੁਗਤਾ ਲੈਂਦਾ।
ਭਾਵੇਂ ਲਖ ਨਾਰਾਜ਼ ਸੀ ਮੁਝ ਉਤੇ, ਪੈ ਕੇ ਪੈਰ ਗੁਨਾਹ ਬਖਸ਼ਾ ਲੈਂਦਾ।
ਸੱਕੇ ਵੀਰਾਂ ਦਾ ਕਾਸ ਦਾ ਵੈਰ ਹੁੰਦਾ ? ਰੁਸੇ ਹੋਏ ਨੂੰ ਆਪ ਮਨਾ ਲੈਂਦਾ।
ਹਾਏ ਕਾਸ ਨੂੰ ਆਇਆ ਦੂਰ ਓਥੋਂ ? ਹੁੰਦਾ ਕੋਲ ਤਾਂ ਜ਼ੋਰ ਲਗਾ ਲੈਂਦਾ।
ਓਦੋਂ ਘਲਦਿਓ ਕੋਈ ਪੈਗਾਮ ਮੈਨੂੰ, ਆਪ ਆਕੇ ਵਾਸਤਾ ਪਾ ਲੈਂਦਾ।
ਚਾਤ੍ਰਿਕ ਮੰਨਦਾ ਨਾ ਜੇਕਰ ਗੱਲ ਮੇਰੀ, ਕੋਲੋਂ ਕਿਸੇ ਨੂੰ ਆਖ ਵਰਜਾ ਲੈਂਦਾ।
ਮੇਰਾ ਸ਼ੁਰੂ ਤੋਂ ਹੀ ਮੱਥਾ ਠਨਕਦਾ ਸੀ, ਏਹ ਨਾ ਸੁਖ ਦੀ ਢੋਲਕੀ ਖੜਕਦੀ ਏ।
ਚੰਦ ਚੜ੍ਹੇਗਾ ਅੰਤ ਜ਼ਰੂਰ ਇਕ ਦਿਨ, ਜੇਹੜੀ ਪਿੰਗਲਾਂ ਮਸਤ ਹੋ ਕੜਕਦੀ ਏ।
ਸੋਈ ਗੱਲ ਹੋਈ ਜੇਹੜੀ ਹੋਵਣੀ ਸੀ, ਓੜਕ ਅਗ ਏਹ ਇਸ਼ਕ ਦੀ ਭੜਕਦੀ ਏ।
ਮੇਰਾ ਹੋਇਆ ਕੁਸ਼ਗਨ ਏਹ ਸਚ ਚਾਤ੍ਰਿਕ, ਖੱਬੀ ਅੱਖ ਚਰੋਕਣੀ ਫੜਕਦੀ ਏ।
ਡਾਢਾ ਕੈਹਰ ਹੋਯਾ ਸਾਡੇ ਨਾਲ ਏਹ ਤਾਂ, ਅਸਲੀ ਝਗੜਾ ਹੀ ਅਜ ਚੌੜ ਹੋਯਾ।
ਵੀਰ ਸੋਹਣਾ ਬੀਰ ਦਾਨਾ ਵੱਡਾ, ਕਾਹਨੂੰ ਠੌਰ ਨੂੰ ਛਡ ਬੇ-ਠੌਰ ਹੋਯਾ।
ਜੇਕਰ ਉਹ ਨਾ ਜੱਗ ਤੇ ਸੁਖੀ ਰਿਹਾ, ਮੈਨੂੰ ਵਸਣ ਕੇਹੜੇ ਤੌਰ ਹੋਯਾ।
ਮੈਂ ਭੀ ਕਰਾਂਗਾ ਜੋਗ ਜਾ ਨਾਲ ਉਸ ਦੇ, ਚਾਤ੍ਰਿਕ ਜਦੋਂ ਫਕੀਰ ਸਿਰ ਮੌਰ ਹੋਯਾ।
ਮੈਨੂੰ ਲੋੜ ਨਾ ਓਸ ਦੇ ਰਾਜ ਦੀ ਹੈ, ਮੈਂ ਹਾਂ ਟੈਹਲ ਵਾਲਾ ਉਸ ਦੀ ਜੁੱਤੀਆਂ ਦਾ।
ਮੇਰੇ ਲਈ ਅਰਾਮ ਹਰਾਮ ਸਾਰੇ ਮੈਂ ਨਾ ਕੰਮ ਕਰਨਾ ਨਸਲਾਂ ਕੁੱਤੀਆਂ ਦਾ।
ਵੀਰ ਛਡ ਜਾਏ ਤੇ ਮੈਂ ਸਾਂਭ ਬੈਠਾਂ, ਏਹ ਨਾ ਵਸਫ[1] ਹੁੰਦਾ ਜ਼ਾਤਾਂ ਉਚੀਆਂ ਦਾ।
ਘੱਟਾ ਪਾਵਸੀ ਸਾਰਾ ਜਹਾਨ ਮੈਨੂੰ, ਮਾਲਕ ਬਣ ਗਿਆ ਆਣ ਨਿਖੁਟੀਆਂ ਦਾ।
ਓਹਨੂੰ ਕਢਕੇ ਆਪ ਜਾਗੀਰ ਸਾਂਭੀ, ਏਹ ਉਸਤਾਦ ਹੈ ਵੱਡਿਆਂ ਖੁੱਚੀਆਂ ਦਾ।
ਮੈਨੂੰ ਮੁਆਫ ਰਖੋ ਮੇਰਾ ਵਾਹ ਨਾਹੀਂ, ਪਾਓ ਜੋਤਰਾ ਨਾ ਹਲਾਂ ਛੁੱਟੀਆਂ ਦਾ।
ਚਾਤ੍ਰਿਕ ਏਹ ਤੇ ਓਹ ਸੰਭਾਲ ਰਖੋ; ਮੈਥੋਂ ਲਓ ਸੰਕਲਪ[2] ਸਮੁੱਚੀਆਂ[3] ਦਾ।

ਜਵਾਬ ਵਰਾਹ ਪੰਡਤ

ਰਾਜਾ ਗਲ ਕੀ ਤੁਸਾਂ ਫੁਰਮਾਨ ਕੀਤੀ, ਰਾਮ ਰਾਮ ਦਾ ਕਰੋ ਧਯਾਨ ਰਾਜਨ।
ਤੁਸੀਂ ਚਲੇ ਬੇਗਾਨੜੇ ਦੇਸ ਨਾਹੀਂ, ਤੇਰੇ ਬਾਪ ਦਾਦੇ ਦਾ ਓਹ ਥਾਨ ਰਾਜਨ।
ਰਾਜੇ ਭਰਥਰੀ ਆਪ ਫੁਰਮਾਯਾ ਸੀ, ਕਰੀਓ ਬਿਕ੍ਰਮਾਜੀਤ ਲਯਾਨ ਰਾਜਨ।
ਫੇਰ ਕੌਣ ਉਲਾਂਭੜਾ ਦੇਣ ਵਾਲਾ, ਬਣਸੀ ਜਾਣ ਕੇ ਕੌਣ ਨਾਦਾਨ[4] ਰਾਜਨ।
ਬਾਪ ਦਾਦਿਓਂ ਰਾਜ ਵਿਰਾਸਤਾਂ ਦਾ, ਉਸ ਨੂੰ ਮੁਢ ਕਦੀਮ ਦਾ ਜਾਨ ਰਾਜਨ।
ਤੁਸੀਂ ਖਿਚ ਕਰਦੇ ਜ਼ੋਰਾਵਰੀ ਕਰਦੇ, ਨਹੀਂ ਅਸਲ ਵਿਚ ਕੁਝ ਨੁਕਸਾਨ ਰਾਜਨ।
ਪਿਛਲੇ ਦੁਖ ਭੁਲਾ ਕੇ ਰਾਜ ਸਾਂਭੋ, ਰਈਯਤ ਰਖਣੀ ਪੁਤਰਾਂ ਸਾਨ[5] ਰਾਜਨ।
ਕਾਹਨੂੰ ਦਿਓ ਜਵਾਬ ਬੇਦੋਸ਼ਿਆਂ ਨੂੰ, ਰਈਯਤ ਅਸੀਂ ਤੇ ਤੁਸੀਂ ਸੁਲਤਾਨ ਰਾਜਨ।
ਸਾਨੂੰ ਕੇਹੜੇ ਖੂਹ ਵਿਚ ਦੇ ਧਕਾ ? ਆਪ ਮੱਲੋਗੇ ਸੁੰਨ ਸ਼ਮਸਾਨ ਰਾਜਨ।

1. ਗੁਣ। 2. ਵਿਚਾਰ, ਫਰਨਾ, ਪਰ ਮੁਹਾਵਰੇ ਨਾਲ ਛਡ ਦੇਣ, ਦਾਨ ਕਰ ਦੇਣ ਦਾ ਸੰਕਲਪ।
3. ਸਾਰੀਆਂ ਚੀਜ਼ਾਂ ਦਾ ਸਮੁਚਾ ਹੀ। 4. ਅਨਜਾਣ। 5. ਵਾਂਗ।

ਧਰਮ ਰਾਜਿਆਂ ਦਾ ਰਈਯਤ ਪਾਲਣੀ ਹੈ, ਦੁਖ ਝਲਕੇ ਸੁਖ ਪਹੁੰਚਾਨ ਰਾਜਨ।
ਸੁਖ ਭੋਗਣੇ ਤੁਸਾਂ ਨੂੰ ਕਦੋਂ ਵਾਜਬ ? ਸਾਡੇ ਹੁੰਦਿਆਂ ਲਹੂ ਦੇ ਘਾਨ ਰਾਜਨ।
ਆਵੇ ਤਰਸ ਨਾ ਖਲਕ ਅਨਾਥ ਉਤੇ, ਜਿਸ ਨੂੰ ਨਿਤ ਦੇ ਦੂਖ ਸਤਾਨ ਰਾਜਨ।
ਰਾਖਸ਼ ਘੱਤਿਆ ਸ਼ਹਿਰ ਦੇ ਗਿਰਦ ਘੇਰਾ, ਸਾਨੂੰ ਦਿਸਦਾ ਵਾਂਗ ਸ਼ੈਤਾਨ ਰਾਜਨ।
ਦੁਖਾਂ ਭੁੰਨ ਕੇ ਜਿਗਰ ਕਬਾਬ ਕੀਤਾ, ਨਹੀਂ ਸਮਝਦਾ ਪੀਨ ਤੇ ਖਾਨ ਰਾਜਨ।
ਤੁਸੀਂ ਧਰਮ ਅਵਤਾਰ ਧਰਮਗ[1] ਰਾਜੇ, ਇੰਦ੍ਰ ਗੋਤ ਸੰਦਾ ਖਾਨਦਾਨ ਰਾਜਨ।
ਭੁਲੇ ਕਦੇ ਨਾ ਭਜਨ ਭਲਿਆਈਆਂ ਨੂੰ, ਔਖੇ ਹੋਇ ਕੇ ਕਾਰ ਨਿਭਾਨ ਰਾਜਨ।
ਨੇਕੀ ਅੰਸ ਪਰਮਾਤਮਾ ਸਚੜੇ ਦੀ, ਨੇਕੀ ਨਾਲ ਹੈ ਜਗਤ ਜਹਾਨ ਰਾਜਨ।
ਕਰੋ ਮਿਹਰ ਸਾਡੇ ਉਤੇ ਦਯਾ ਧਾਰੋ, ਦਯਾ ਪਾਲਣੀ ਰਾਜਿਆਂ ਮਾਨ ਰਾਜਨ।
ਚਾਤ੍ਰਿਕ ਮੌਤ ਦੇ ਮੂੰਹ ਤੋਂ ਕਢ ਬਾਹਰ, ਦਿਓ ਸੁਖ ਏਹ ਕਰੋ ਹਸਾਨ ਰਾਜਨ।

ਕਵੀ ਵਾਚ

ਸੁਣਕੇ ਦੁਖ ਪਰਜਾ ਆਪਣੇ ਬਾਪ ਦੀ ਏ, ਦਿਲ ਰਾਉ ਦਾ ਗਿਆ ਨਾ ਝੱਲਿਆ ਏ।
ਥਰ ਥਰ ਕੰਬਿਆ ਅਥਰੂ ਵਗੇ ਅਖੋਂ, ਦੁਖ ਸੁਣਦਿਆਂ ਗਿਆ ਨਾ ਝੱਲਿਆ ਏ।
ਆਈ ਯਾਦ ਸੁੰਞੀ ਵਾੜੀ, ਦੇ ਪਾਣੀ, ਬਾਝ ਮਾਲਕਾਂ ਬੂਟੜਾ ਹਿੱਲਿਆ ਏ।
ਖਾਧਾ ਤਰਸ ਨਿਮਾਨੜੀ ਖਲਕ ਉਤੇ, ਨਾਲ ਬ੍ਰਾਹਮਣਾਂ ਦੇ ਉਠ ਚੱਲਿਆ ਏ।
ਆਖੇ ਤੁਸੀਂ ਬਜ਼ੁਰਗ ਨਾ ਮੋੜ ਸਕਾਂ, ਦੁਖ ਸੁਣਦਿਆਂ ਕਾਲਜਾ ਸੱਲਿਆ ਏ।
ਮੈਂ ਨਾ ਸੁਖਾਂ ਖਾਤਰ ਆਯਾ ਜਗਤ ਉਤੇ, ਖਾਤਰ ਟੈਹਲ ਦੀ ਰੱਬ ਨੇ ਘੱਲਿਆ ਏ।
ਕਰਸਾਂ ਟੈਹਲ ਤੁਸਾਡੜੀ ਦਾਸ ਬਨ ਕੇ, ਹੋਵੇ ਭਲਾ ਜੇ ਤੁਸਾਂ ਦਾ ਭੱਲਿਆ ਏ।
ਮੈਂ ਹਾਂ ਸਦਾ ਹਾਜ਼ਰ ਸੇਵਾ ਲਿਓ ਮੈਥੋਂ, ਰਲਕੇ ਖਾਵਸਾਂ ਜਿਚਰ ਤਕ ਰਲਿਆ ਵੇ।
ਜੇਕਰ ਦੁਖ ਆਏ ਮੈਨੂੰ ਨਾਲ ਆਏ, ਆਵੇ ਤਰਸ ਕਲੇਜੜਾ ਜਲਿਆ ਏ।
ਚਾਤ੍ਰਿਕ ਸੁਖੀ ਕਰਸਾਂ ਦੇਸੋਂ ਕਢਕੇ ਤੇ, ਜਿਸ ਨੇ ਨਗਰ ਉਜੈਨ ਨੂੰ ਮੱਲਿਆ ਏ।

ਤਿਆਰ ਹੋਣਾ ਮਹਾਰਾਜੇ ਬਿਕ੍ਰਮਾਜੀਤ ਦਾ ਉਜੈਨ ਵਲ ਤੇ ਅਮਨ ਚੈਨ ਹੋਣਾ ਪਰਜਾ ਨੂੰ

ਲਾਉਂ ਲਸ਼ਕਰਾਂ ਮੁਲਕ ਆਸਾਮ ਵਿਚੋਂ, ਲੈ ਉਜੈਨ ਦੇ ਵੱਲ ਤਿਆਰ ਹੋਯਾ।
ਪੀਨਸ[2] ਵਿਚ ਬੈਠਾ ਵਰਾਹ ਤਾਈਂ, ਤਾਜ਼ੀ[3] ਭੌਰ ਤੇ ਆਪ ਸਵਾਰ ਹੋਯਾ।
ਆ ਕੇ ਲਈ ਬੈਤਾਲ ਦੀ ਖਬਰ ਚੰਗੀ, ਦੇਸੋਂ ਨਿਕਲ ਗਿਆ ਬੇ ਕਰਾਰ ਹੋਯਾ।
ਅਮਨ ਚੈਨ ਵਰਤਾ ਉਜੈਨ ਅੰਦਰ, ਸਾਰਾ ਦੁਖ ਕਲੇਸ਼ ਫਰਾਰ[4] ਹੋਯਾ।
ਖਲਕਤ ਹੁੰਮ ਹੁਮਾਕੇ ਕਰੇ ਦਰਸ਼ਨ, ਜਿਸ ਨੇ ਦੇਖਿਆ ਸੋਈ ਨਸਾਰ ਹੋਯਾ।

---

1. ਧਰਮ ਨੂੰ ਜਾਨਣ ਵਾਲੇ। 2. ਪਾਲਕੀ। 3. ਘੋੜਾ। 4. ਨਠਣਾ।

ਫਰਜ਼ ਵੀਰ ਦਾ ਚੁਕਿਆ ਆਪ ਸਿਰ ਤੇ, ਖਲਕ ਸੁਖੀ ਤੇ ਆਪ ਸੁਖਯਾਰ ਹੋਯਾ।
ਇਕ ਆਸਾਮ ਤੇ ਦੂਆ ਉਜੈਨ ਨਗਰੀ, ਤੀਜੀ ਧਾਰ ਦਾ ਆਨ ਸਰਦਾਰ ਹੋਯਾ।
ਰਈਯਤ ਪਾਲਦਾ ਨਾਲ ਪ੍ਰੀਤ ਐਸੀ, ਜਿਸ ਦੀ ਸਿਫਤ ਦਾ ਨਹੀਂ ਸ਼ੁਮਾਰ ਹੋਯਾ।
ਸੁਖ ਚੈਨ ਅਮੰਨਤੀ ਨਜ਼ਰ ਆਵੇ, ਗਾਇਬ[1] ਨਜ਼ਰ ਤੋਂ ਚੋਰ ਚਕਾਰ ਹੋਯਾ।
ਇਕ ਘਾਟ ਪੀਂਦੇ ਰਲਕੇ ਸ਼ੇਰ ਬਕਰੀ, ਆਪ ਵਿਚ ਨਾ ਕਦੇ ਤਕਰਾਰ[2] ਹੋਯਾ।
ਰਾਖੀ ਇੱਜੜਾਂ ਕਰਨ ਬਘਿਆੜ ਆਕੇ, ਕੀ ਮਜਾਲ ਜੇ ਕਿਸੇ ਤੇ ਵਾਰ ਹੋਯਾ।
ਰਲਕੇ ਬਾਜ਼, ਬਟੇਰ ਪਰਵਾਜ਼ ਕਰਦੇ, ਦੁਖ ਦੇਣ ਦਾ ਨਾ ਰਵਾਦਾਰ[3] ਹੋਯਾ।
ਧਨ ਧਨ ਬਿਕ੍ਰਮਾਜੀਤ ਜੀ ਹੰਸ ਬੋਲਣ, ਨਿਤ ਮੋਤੀਆਂ ਚੋਗ ਆਧਾਰ ਹੋਯਾ।
ਇਸ ਦੀ ਅਦਲ[4] ਦੀ ਬਦਲ[5] ਜਹਾਨ ਸਾਰਾ, ਕਦਮ ਚੁੰਮ ਕੇ ਤਾਬਿਆਦਾਰ ਹੋਯਾ।
ਘੋੜਾ ਫਿਰ ਗਿਆ ਮੁਲਕ ਤਮਾਮ ਅੰਦਰ, ਕੁਲ ਰਾਜ ਆ ਬਾਜ ਗੁਜ਼ਾਰ[6] ਹੋਯਾ।
ਕਰਨ ਨਿਉਂ ਕੇ ਸਭ ਸਲਾਮ ਰਾਜੇ, ਭਾਰਤ ਵਰਸ਼ ਦੇ ਵਿਚ ਜੈਕਾਰ ਹੋਯਾ।
ਸੰਮਤ ਚੱਲਿਆ ਬਿਕ੍ਰਮਾਜੀਤ ਸੰਦਾ, ਜਿਸ ਦਾ ਪੱਤਰੀ ਵਿਚ ਵਰਤਾਰ ਹੋਯਾ।
ਅਜ ਤੀਕ ਨਾਵਾਂ ਰੋਸ਼ਨ ਚਲਾ ਆਵੇ, ਸਦਾ ਤੀਕ ਰਹੇਗਾ ਚਮਕਦਾਰ ਹੋਯਾ।
ਹੋਵੇ ਰਾਜ ਤਾਂ ਬਿਕ੍ਰਮਾਜੀਤ ਜੇਹਾ, ਜਿਸ ਦੇ ਜਿਹਾ ਨਾ ਵਿਚ ਸੰਸਾਰ ਹੋਯਾ।
ਅਦਲ ਦੇਖ ਨੌਸ਼ੇਰਵਾਂ[7], ਨਿਵੇਂ ਆਕੇ ਦਇਆ ਵੇਖ ਹਰ ਚੰਦ[8] ਨਸਾਰ ਹੋਯਾ।
ਜਿਨ੍ਹਾਂ ਨੇਕੀਆਂ ਬੀਜੀਆਂ ਨਾਮ ਰੈਹ ਗਏ, ਧੁਰ ਦਰਗਾਹ ਅੰਦਰ ਬੇੜਾ ਪਾਰ ਹੋਯਾ।
ਨੇਕੀ ਜਹੀ ਨਾ ਦੂਸਰੀ ਚੀਜ਼ ਕੋਈ, ਨੇਕੀ ਨਾਲ ਪ੍ਰਸੰਨ ਕਰਤਾਰ ਹੋਯਾ।
ਨੇਕੀ ਯਾਦ ਰਹਿੰਦੀ ਬਦੀ ਭੁਲ ਜਾਂਦੀ, ਨੇਕ ਜਗਤ ਉਤੇ ਯਾਦਗਾਰ ਹੋਯਾ।
ਚਾਤ੍ਰਿਕ ਪਾਪ ਦਾ ਹੌਲੜਾ ਭਾਰ ਹੋਯਾ, ਆਦਲ[9] ਮਰਦ ਤੇ ਭਗਤ ਅਵਤਾਰ ਹੋਯਾ।
ਪਈ ਠੰਢ ਕਲੇਜੜੇ ਖਲਕ ਦੇ ਵਿਚ, ਕਿਸਮਤ ਪਲਟਦੀ ਫੇਰ ਖਿਆਲ ਕੀਤੀ।
ਰਾਜੇ ਬਿਕ੍ਰਮਾਜੀਤ ਨੇ ਅਦਲ ਕਰਕੇ, ਵਾਂਗ ਪੁਤਰਾਂ ਦੇ ਪ੍ਰਤਿਪਾਲ ਕੀਤੀ।
ਰਾਣੀ ਤਿੰਨ ਸੌ ਸੱਠ ਜੋ ਭਰਥਰੀ ਦੀ, ਮਾਉਂ ਆਪਣੀ ਵਾਂਗ ਸੰਭਾਲ ਕੀਤੀ।
ਦਿਤਾ ਹੌਸਲਾ ਸਬਰ ਸੰਤੋਖ ਸਭ ਨੂੰ, ਪ੍ਰਤਿਪਾਲ ਪਿਆਰ ਦੇ ਨਾਲ ਕੀਤੀ।
ਘੱਲੇ ਆਦਮੀ ਸਭ ਵਲਾਇਤਾਂ ਨੂੰ, ਭਾਈ ਭਰਥਰੀ ਦੀ ਬੜੀ ਭਾਲ ਕੀਤੀ।
ਬਨੀਂ ਪਰਬਤੀਂ, ਪ੍ਰਿਥਵੀ ਭਾਲ ਥੱਕਾ, ਸਾਰੀ ਪ੍ਰਿਥਵੀ ਭਾਲ ਪਾਮਾਲ* ਕੀਤੀ।
ਐਪਰ ਭਰਤ ਸ਼ਿਵਰਾਸ਼ਟਰ[10] ਗੁਫਾ ਅੰਦਰ, ਤਪ ਸਾਧਣੇ ਨੂੰ ਧਰਮਸਾਲ ਕੀਤੀ।
ਕੋਈ ਪਹੁੰਚ ਨਾ ਸਕਿਆ ਓਸ ਤੀਕਰ, ਭਾਵੇਂ ਭਾਲ ਲੋਕਾਂ ਵਾਲ ਵਾਲ ਕੀਤੀ।
ਓੜਕ ਥਕ ਕੇ ਸਬਰ ਸੰਤੋਖ ਕੀਤਾ, ਦੂਰ ਦਿਲਾਂ ਤੋਂ ਰੰਜ[11] ਮਲਾਲ[12] ਕੀਤੀ।
ਰਾਣੀ ਤਿੰਨ ਸੌ ਸੱਠ ਨੂੰ ਭਰਥਰੀ ਨੇ, ਜੋ ਅਸੀਸ ਸੀ ਹੋਇ ਦਿਆਲ ਕੀਤੀ।

---

* ਸ਼ਬਦ ਅਰਥ ਹਨ ਦੁਖੀ, ਖਰਾਬ, ਏਥੇ ਭਾਵ ਹੈ ਗਾਹ ਮਾਰੀ।

1. ਅਲੋਪ। 2. ਝਗੜਾ। 3. ਸਾਂਝੀਵਾਲ। 4. ਨਿਆਂ। 5. ਸਦਕੇ, ਬਦਲੇ। 6. ਕਰ ਜਾਂ ਟੈਕਸ ਦੇਣ ਵਾਲਾ। 7. ਇਕ ਦਾਨੀ ਤੇ ਨਿਆਂਦਾਰ ਬਾਦਸ਼ਾਹ। 8. ਹਰ ਕੋਈ। 9. ਨਿਆਂਕਾਰ। 10. ਸੁਰਾਸ਼ਟਰ ਦੇ ਇਲਾਕੇ ਤੋਂ ਭਾਵ ਹੈ। 11. ਦੁਖ। 12. ਉਦਾਸੀ।

ਉਸ ਦੇ ਆਸਰੇ ਮੋਹ ਨਾ ਜਾਗਿਆ ਹੈ, ਨਾ ਤਕਲੀਫ ਕੋਈ ਕਲੂ ਕਾਲ ਕੀਤੀ।
ਚਾਤ੍ਰਿਕ ਕਾਲ ਦਾ ਚਲਦਾ ਰਹੇ ਚੱਕਰ, ਰਾਣੀ ਤਿੰਨ ਸੌ ਕਾਲ ਨੇ ਕਾਲ[1] ਕੀਤੀ।

ਹਾਲ ਰਾਜ ਮਹਾਰਾਜ ਬਿਕ੍ਰਮਾਜੀਤ

ਰਾਜੇ ਬਿਕ੍ਰਮਾਜੀਤ ਦੀ ਸਿਫਤ ਔਖੀ, ਸਿਫਤ ਕਰਨ ਨੂੰ ਲਖ ਜ਼ਬਾਨ ਚਾਹੀਏ।
ਮੇਰੀ ਅਕਲ ਕਮਜ਼ੋਰ ਤੇ ਇਲਮ ਥੋਹੜਾ, ਏਥੇ ਬੜਾ ਕੋਈ ਵਿਦਵਾਨ ਚਾਹੀਏ।
ਗੱਲ ਵਡੜੀ ਮੂੰਹ ਹੈ ਰਤਾ ਜਿੰਨਾ, ਜਰਾ ਕਹਿੰਦਿਆਂ ਸ਼ਰਮ ਸੰਗਾਨ ਚਾਹੀਏ।
ਚਾਤ੍ਰਿਕ ਦਾਸ ਦੀ ਪੇਸ਼ ਨਾ ਜਾਇ ਏਥੇ, ਖਤਾ[2] ਬਖਸ਼ਨੀ ਜਾਨ ਨਾਦਾਨ[3] ਚਾਹੀਏ।
ਉਸ ਦਾ ਤੇਜ ਇਕਬਾਲ ਸੀ ਐਡਾ ਭਾਰਾ, ਸਾਰੇ ਦੇਵਤੇ ਰਖਦੇ ਮਾਨ ਉਸ ਦਾ।
ਚੰਦ੍ਰਲੋਕ ਵਿਚ ਜਾਇਕੇ ਲਿਆਏ ਅੰਮ੍ਰਿਤ, ਇੰਦ੍ਰ ਲੋਕ ਅੰਦਰ ਆਵਨ ਜਾਨ ਉਸਦਾ।
ਚਾਰ ਬੀਰ[4] ਸਨ ਤਖਤ ਉਠਾਨ ਵਾਲੇ, ਜੋ ਉਡੀਕਦੇ ਰੈਹਨ ਫੁਰਮਾਨ ਉਸਦਾ।
ਜਦੋਂ ਚਿਤ ਦੇ ਵਿਚ ਧਿਆਨ ਧਾਰੇ, ਤਖਤ ਚੁਕ ਲੈਂਦੇ ਓਵੇਂ ਆਨ ਉਸਦਾ।
ਮਾਤ ਲੋਕ ਅਕਾਸ਼ ਪਾਤਾਲ ਅੰਦਰ, ਤਖਤ ਉਡਦਾ ਦੇਵਤਿਆਂ ਸਾਨ[5] ਉਸਦਾ।
ਪਲਾਂ ਵਿਚ ਜਹਾਨ ਦੀ ਸੈਰ ਕਰਦਾ, ਐਸਾ ਤੇਜ਼ ਸੀ ਪੁਸਪ ਬਿਬਾਨ[6] ਉਸਦਾ।
ਬਾਵਨ ਬੀਰ ਸਨ ਆਵਨ ਜਾਨ ਵਾਲੇ ਜਿਥੇ ਕਹੇ ਪੈਗਾਮ ਪਹੁੰਚਾਨ ਉਸਦਾ।
ਸੋਈ ਚੀਜ਼ ਲਿਆਇ ਕੇ ਕਰਨ ਹਾਜ਼ਰ, ਜੇਹੜੀ ਚੀਜ਼ ਦੇ ਵਲ ਧਯਾਨ ਉਸਦਾ।
ਚੁਣ ਕੇ ਵਿਚ ਦਰਬਾਰ ਨੌ ਰਤਨ ਰਖੇ, ਰਾਜ ਕਾਜ ਦਾ ਕੰਮ ਚਲਾਨ ਉਸਦਾ।
ਕਾਲੀਦਾਸ[7] ਮਸ਼ਹੂਰ ਹੈ ਨਵਾਂ ਵਿਚੋਂ, 'ਕਵੀਰਾਜ' ਹੈ ਲਕਬ[8] ਪ੍ਰਧਾਨ ਉਸਦਾ।
ਅਦਲ ਕਰਨ ਵਾਲਾ ਉਸਦਾ ਤਖਤ ਐਸਾ, ਅਜ ਤੀਕ ਲੋਕੀਂ ਜਸ ਗਾਨ ਉਸਦਾ।
ਬੱਤੀ ਪੁਤਲੀਆਂ ਥੱਮਿਆ ਸੀਸ ਉਤੇ, ਦਿਨੇ ਰਾਤ ਜੋ ਜਸ ਅਲਾਨ ਉਸਦਾ।
ਰਾਜੇ ਭੋਜ ਨੇ ਪੁੱਟਿਆ ਬੈਹਨ ਖਾਤਰ, ਮਾਰ ਅੱਡੀਆਂ ਹੋਸ਼ ਭੁਲਾਨ ਉਸਦਾ।
ਪਰਉਪਕਾਰ ਤੇ ਦਯਾ ਦੀ ਨੈਹਰ ਵਗਦੀ, ਪੰਛੀ ਉਡਦੇ ਹਾਲ ਸੁਨਾਨ ਉਸਦਾ।
ਜੇਕਰ ਲਭਣਾ ਚਾਹੀਏ ਹਾਲ ਪੂਰ, ਜਸ਼ ਗਾਂਵਦੇ ਵੇਦ ਪੁਰਾਨ ਉਸਦਾ।
ਬੱਤੀ ਪੁਤਲੀਆਂ ਅਤੇ ਬੈਤਾਲਪੱਚੀ, ਅਕਲ ਇਲਮ ਦਾ ਕਰਨ ਬਯਾਨ ਉਸਦਾ।
ਸਾਰੇ ਜਗਤ ਤੇ ਉਸਦਾ ਨਾਮ ਰੋਸ਼ਨ, ਜਾਨਣ ਹਾਲ ਦਾਨਾ[9] ਨਾਦਾਨ[10] ਉਸਦਾ।
ਚਾਤ੍ਰਿਕ ਚਾਰ ਵਲਾਇਤੀਂ ਜਸ ਫੈਲੇ, ਬਾਕੀ ਰਹੇਗਾ ਨਾਮ ਨਿਸ਼ਾਨ ਉਸਦਾ।

ਉਸ ਸਮੇਂ ਦੀ ਪਰਜਾ ਦਾ ਹਾਲ

ਐਸੇ ਨੇਕ ਨੀਯਤ ਰਾਜ ਕਾਜ ਅੰਦਰ, ਪ੍ਰਜਾ ਵਸਦੀ ਨਾਲ ਖੁਸ਼ਹਾਲੀਆਂ ਦੇ।
ਰਾਜਾ ਬਾਪ ਤੇ ਪ੍ਰਜਾ ਔਲਾਦ ਵਾਂਗੂ, ਪ੍ਰਜਾ ਬਾਗ ਰਾਜਾ ਵਾਂਗਰ ਮਾਲੀਆਂ ਦੇ।

1. ਮਰ ਗਈ। 2. ਗਲਤੀ। 3. ਅਣਜਾਣ। 4. ਚਾਰ ਮਹਾਂਬਲੀ (ਸਕੰਧ ਪੁਰਾਣ ਵਿਚ ਮੰਨੇ ਗਏ ੫੨ ਵੀਰ ਹਨ)।
5. ਬਰਾਬਰ। 6. ਫੁਲਾਂ ਦਾ ਬਣਿਆ ਉਡਨ ਖਟੋਲਾ।
7. ਸਕੁੰਤਲਾ ਵਿਕ੍ਰੋਮੋਰਵਸ਼ੀ ਆਦਿ ਸੰਸਕ੍ਰਿਤ ਨਾਟਕਾਂ ਦੇ ਕਰਤਾ ਮਹਾਨ ਕਵੀ ਕਾਲੀਦਾਸ ਤੋਂ ਭਾਵ ਹੈ।
8. ਉਪਾਧੀ, ਪਦਵੀ, ਉਪਨਾਮ। 9-10. ਸਿਆਣੇ ਤੇ ਇਆਣੇ।

ਅਜ ਕਲ ਦੇ ਵਾਂਗ ਨਾ ਦਿਸਦੇ ਸਨ, ਝੁੰਡ ਸ਼ੋਹਦਿਆਂ ਅਤੇ ਸਵਾਲੀਆਂ ਦੇ।
ਨਾ ਸੀ ਕਾਲ ਦੁਰਭਿਖ[1] ਦਾ ਨਾਉਂ ਕਿਧਰੇ, ਫਲਾਂ ਨਾਲ ਸਿਰਹੇਠ ਸਨ ਡਾਲੀਆਂ ਦੇ।
ਜੈਸੇ ਧਰਮ ਵਾਲੇ ਤੀਵੀਂ ਮਰਦ ਸਨਗੇ, ਵੈਸੇ ਬਲੀ ਪਰਾਕ੍ਰਮੀ ਗਿਆਨ ਵਾਲੇ।
ਰੰਗ ਸੇਉ ਵਰਗੇ, ਕੱਦ ਦੇਉ ਵਰਗੇ, ਤਾਕਤ ਹੌਸਲੇ ਸ਼ੇਰ ਸਮਾਨ ਵਾਲੇ।
ਤੰਦਰੁਸਤ ਸੁਡੌਲ ਸਰੀਰ ਸੋਹਣੇ, ਵਾਹਵਾ ਸੋਹਣੀ ਬਲੀ ਸੰਤਾਨ ਵਾਲੇ।
ਉਤੋਂ ਸ਼ੇਰ, ਪਰ ਅੰਦਰੋਂ ਦੇਵਤੇ ਸਨ, ਸਤ ਬਚਨੀਏ ਪ੍ਰੀਤ ਨਿਭਾਨ ਵਾਲੇ।
ਰਈਯਤ ਰੱਬ ਦੇ ਭਉ[2] ਤੇ ਭਾਉ[3] ਵਾਲੀ, ਇਕ ਦੂਸਰੇ ਤੇ ਦੇਂਦੇ ਜਾਨ ਭਾਈ।
ਸੂਰਬੀਰ, ਪਰਾਕ੍ਰਮੀ[4], ਤੇਜ ਵਾਲੇ, ਸਚੇ ਛਤਰੀ ਬੀਰ ਬਲਵਾਨ ਭਾਈ।
ਇਕ ਇਕ ਦਾ ਟਾਕਰਾ ਕਰਨ ਵਾਲੇ, ਜੁੱਧ ਵਿਚ ਭੀ ਧਰਮ ਨਿਭਾਨ ਭਾਈ।
ਦਿਨੇ ਆਹਮਣੇ ਸਾਹਮਣੇ ਤੀਰ ਚੱਲਣ, ਇਕੋ ਥਾਲ ਤੇ ਰਾਤ ਨੂੰ ਖਾਨ ਭਾਈ।
ਮੁਸ਼ਕ ਨਹੀਂ ਆਚਰਣ[5] ਦੀ ਛੀਣਤਾ[6] ਦਾ ਅੰਦਰ ਬਾਹਰੋਂ ਇਕ ਸਮਾਨ ਭਾਈ।
ਧਰਮ ਸੱਤਿਆ ਅਦਬ ਵਡੇਰਿਆਂ ਦਾ, ਭਰੀ ਨਿਮਰਤਾ ਨਾਲ ਸੰਤਾਨ ਭਾਈ।
ਹੁਕਮ ਪਾਲਦੇ ਆਪ ਤੋਂ ਵਡਿਆਂ ਦਾ, ਰਖ ਤਲੀ ਤੇ ਆਪਣੀ ਜਾਨ ਭਾਈ।
ਆਣ ਅਣਖ ਬਚਾਣ ਦਾ ਚਾਉ ਪੂਰਾ, ਭਾਵੇਂ ਹੋਮਣੇ[7] ਪੈਣ ਪਰਾਨ ਭਾਈ।
ਬੋਲ ਤੋਲ ਪੂਰਾ ਅੰਦਰ ਬਾਹਰ ਇਕੋ ਦਗੇ ਛਲਾਂ ਦਾ ਨਹੀਂ ਸੀ ਧਯਾਨ ਭਾਈ।
ਚਲਣ ਨਿਯਮ ਮਰਯਾਦਾ ਦੇ ਵਿਚ ਸਾਰੇ, ਟਿਕੇ ਆਪਣੇਂ ਆਪਣੇ ਥਾਨ ਭਾਈ।
ਚਾਰੋ ਆਸ਼ਰਮ ਚਲਦੇ ਠੀਕ ਹੋ ਕੇ, ਸਾਰੇ ਲੋਕ ਆਹੇ ਕਲਾਵਾਨ ਭਾਈ।
ਆਪੋ ਆਪਣੇ ਧਰਮ ਨੂੰ ਸਮਝਦੇ ਸਨ, ਇਕ ਦੂਏ ਨੂੰ ਨਹੀਂ ਸਤਾਨ ਭਾਈ।
ਤੀਵੀਂ ਮਰਦ ਗ੍ਰਿਹਸੱਤ ਦੇ ਧਰਮ ਸੇਵਾ, ਵਿਧਵਾ ਨਹੀਂ ਸੀ ਕਿਤੇ ਨਿਸ਼ਾਨ ਭਾਈ।
ਜ਼ਿਮੀਂਦਾਰ ਤੇ ਕਾਰ ਵਿਹਾਰ ਵਾਲੇ, ਮਗਨ ਆਪਣੇ ਆਪਣੇ ਥਾਨ ਭਾਈ।
ਹਾਲ[8] ਵਾਜਬੀ ਲਏ ਰਯੀਯਤਾਂ ਤੋਂ, ਐਸਾ ਸੱਤਿਆਵਾਨ ਸੁਲਤਾਨ ਭਾਈ।
ਅਦਲ ਕਰੇ ਬੇਬਦਲ[9] ਬਹਿ ਤਖਤ ਉਤੇ, ਨਯਾਇ ਨਾਮ ਦੀ ਸ਼ਾਨ ਬਚਾਨ ਭਾਈ।
ਰਾਜ ਮੰਤ੍ਰੀ ਧਰਮ ਦੇ ਸਚ ਪੁਤਲੇ ਖਿੜਕਣ ਦੇਣ ਨਾ ਨਯਾਇ ਦੀ ਆਨ ਭਾਈ।
ਅੰਨ ਧੰਨ ਦੀ ਨਹੀਂ ਪ੍ਰਵਾਹ ਹੈਸੀ, ਗਊਆਂ ਦੁਧ ਦੀ ਨੈਹਰ ਵਗਾਨ ਭਾਈ।
ਜੰਗਲ ਆਮ ਤੇ ਘਾਹ ਬੇਅੰਤ ਹੈਸੀ, ਪਸ਼ੂ ਝੁੰਡਾਂ ਦੇ ਝੁੰਡ ਚੁਗਾਨ ਭਾਈ।
ਵਰਖਾ ਸਮੇ ਸੇਤੀ ਹੋਕੇ ਘਾਹ ਖੇਤੀ ਕਦੇ ਤੋਟ ਨਾਂ ਦੇਂਵਦੇ ਆਨ ਭਾਈ।
ਇਕ ਖਟ ਕੇ ਦਸਾਂ ਨੂੰ ਪਾਲਦਾ ਸੀ, ਐਸਾ ਸਮਾਂ ਸੁਕਾਲ ਦਾ ਜਾਨ ਭਾਈ।
ਦੁਧ, ਪੁੱਤ ਤੇ ਲਛਮੀ ਸਵਰਨ ਚਾਂਦੀ, ਹੀਰੇ ਲਾਲ ਸੀ ਦੇਸ਼ ਦੀ ਖਾਨ ਭਾਈ।
ਰੋਗ ਸੋਗ ਨਾ ਲੰਘਦੇ ਲਾਗਿਉਂ ਦੀ, ਤੰਦਰੁਸਤ ਦਲੇਰ ਬਲਵਾਨ ਭਾਈ।
ਮਨ ਬਚਨ ਦੀ ਏਕਤਾ ਇਸ ਤਰ੍ਹਾਂ ਸੀ, ਨਹੀਂ ਸੀ ਝੂਠ ਦਾ ਨਾਮ ਨਿਸ਼ਾਨ ਭਾਈ।
ਇਨ੍ਹਾਂ ਗੁਣਾਂ ਦੇ ਤੇਜ਼ ਪ੍ਰਤਾਪ ਕਰਕੇ, ਦੈਵੀ ਗੁਣਾਂ ਦੀ ਸੇ ਸਾਰੇ ਖਾਨ ਭਾਈ।

1. ਕਾਲ, ਭੈੜਾ ਸਮਾਂ। 2. ਡਰ। 3. ਪਰੇਮ। 4. ਉਦਮੀ। 5. ਸੁਭਾ, ਚਾਲ ਚਲਣ।
6. ਨਾਸ ਹੋਣ ਦਾ। 7. ਦੇਣੇ, ਭੇਟਾ ਕਰਨੇ। 8. ਕਰ, ਟੈਕਸ। 9. ਅੱਟਲ।

ਭਾਵ ਰਾਖਸ਼ੀ ਹੋਏ ਨਿਰਮੂਲ ਸਾਰੇ, ਨੇਕੀ ਪਰੇਮ ਹਰੇਕ ਅਸਥਾਨ ਭਾਈ।
ਚਾਤ੍ਰਿਕ ਸਮਾਂ ਸਤਜੁਗੀ ਸੀ ਕਲ ਅੰਦਰ, ਫੇਰ ਲਭਣਾ ਨਹੀਂ ਆਸਾਨ ਭਾਈ।

ਬਿਆਨ ਹਾਲਾਤ ਜੋਗੀ ਰਾਜ ਭਰਥਰੀ ਹਰੀ ਜੀ ਦਾ

ਵਿਦਿਆ ਹੋਇ ਕੇ ਭੈਣ ਤੋਂ ਭਰਥਰੀ ਜੀ, ਜਗਾ ਜਗਾ ਦੇ ਤੀਰਥਾਂ ਦੇਖਦਾ ਏ।
ਹਰਿਦੁਆਰ ਕਨਖਲ ਅਤੇ ਭੀਮਗੋਡਾ, ਤਪੋ ਬਣ ਨੂੰ ਜਾਇ ਕੇ ਪੇਖਦਾ ਏ।
ਫੇਰ ਰਿਣ ਮੋਚਣ ਤੇ ਕ੍ਰਿਪਾਲ ਮੋਚਣ, ਕੁਰੂਖੇਤ੍ਰ ਜਾ ਕੇ ਮਥਾ ਟੇਕਦਾ ਏ।
ਮਥੁਰਾ, ਬਿੰਦ੍ਰਾਬਨੋਂ, ਪ੍ਰਯਾਗ ਰਾਜ, ਕਾਂਸ਼ੀ ਅਤੇ ਅਜੁਧਿਆ ਭੇਟਦਾ ਏ।
ਗੰਗਾ, ਗਯਾ, ਗੋਦਾਵਰੀ, ਗੋਮਤੀ ਤੇ, ਧਾਰਾ ਵਿਚ ਤ੍ਰਿਬੇਣੀ ਦੇ ਲੇਟਦਾ ਏ।
ਜਗਨਨਾਥ, ਦੁਆਰਕਾ, ਬੱਦਰੀ ਜੀ, ਹਿੰਗ ਲਾਜ ਜਾਕੇ ਦੁਖ ਮੇਟਦਾ ਏ।
ਜੁਆਲਾ, ਵੈਸ਼ਨੋ, ਕਾਲਕਾ, ਕਿਲ੍ਹਾ ਬਾਹੂ, ਤੇ ਪਰਮੰਡਲੇ ਚਿਤ ਸਮੇਟਦਾ ਏ।
ਕਰਕੇ ਸੈਰ ਹਿੰਮੰਚਲੀ ਪਰਬਤਾਂ ਦਾ, ਧਰਦਾ ਧਯਾਨ ਪਰਮਾਤਮਾ ਏਕ ਦਾ ਏ।
ਜਾਕੇ ਦੇਸ ਸ਼ਿਵਰਾਸ਼ਟਰ ਗੁਫਾ ਅੰਦਰ, ਲਭਾ ਰਾਹ ਮਹਿਬੂਬ ਦੇ ਭੇਦ ਦਾ ਏ।
ਪੂਰਾ ਸਾਧਿਆ ਤਨ ਇਕੰਤ ਬੈਹਕੇ, ਚਾਤ੍ਰਿਕ ਆਤਮਾ ਗਯਾਨ ਦੇ ਭੇਖ ਦਾ ਏ।
ਚਤੁਰਭੁਜ[1] ਦੀ ਮੂਰਤੀ ਨਜ਼ਰ ਆਈ, ਦਸਮ ਦਵਾਰ ਵਿਚ ਜਦੋਂ ਧਯਾਨ ਹੋਯਾ।
ਪਾਈ ਮੋਖ[2] ਪਦਵੀ, ਮਨਜ਼ਲ ਹੋਈ ਪੂਰੀ, ਦੂਰ ਸਫਰ ਦਾ ਸਭ ਥਕਾਨ ਹੋਯਾ।
ਪੈਂਡੇ ਤੁਰੇ ਪਾਂਧੀ ਮਿਲੇ ਜਾ ਹਰਿ ਨੂੰ, ਪਾਕੇ ਪਦਵੀ ਗਯਾਨਵਾਨ ਹੋਯਾ।
ਜਨਮ ਜਨਮ ਦੀ ਮੈਲ ਸਭ ਗਈ ਧੋਤੀ, ਖਤਮ ਜੂਨੀਆਂ ਦਾ ਆਵਨ ਜਾਨ ਹੋਯਾ।
ਮਿਲਿਆ ਆਤਮਾ ਵਿਚ ਪ੍ਰਮਾਤਮਾ ਦੇ, ਸਾਰੀ ਖੁਦੀ ਤੇ ਮਾਨ ਦਾ ਹਾਨ ਹੋਯਾ।
ਚਾਤ੍ਰਿਕ ਅਮਰ ਹੋ ਗਏ ਰਾਜਾ ਭਰਥਰੀ ਜੀ, ਤਿੰਨ ਲੋਕ ਅੰਦਰ ਸੋਭਾਵਾਨ ਹੋਯਾ।
ਭਾਵੇਂ ਭਰਥਰੀ ਚਿਰਾਂ ਦਾ ਗੁਜ਼ਰ ਚੁੱਕਾ, ਕਾਇਮ ਅਜ ਤੀਕਰ ਯਾਦਗਾਰ ਹੈ ਜੀ।
ਰੈਹਨ ਯਾਦ ਭਲਿਆਈਆਂ ਕੀਤੀਆਂ ਹੀ, ਕਰਦਾ ਨੇਕੀਆਂ ਯਾਦ ਸੰਸਾਰ ਹੈ ਜੀ।
ਜੇਹੜੀ ਗੁਫਾ ਸ਼ਿਵਰਾਸ਼ਟਰ ਤਪ ਕੀਤਾ, ਅਜ ਤੀਕ ਮਸ਼ਹੂਰ ਓਹ ਗਾਰ ਹੈ ਜੀ।
ਮਿਰਜ਼ਾ ਪੁਰੇ ਦੇ ਜ਼ਿਲੇ ਸਮਾਧ ਉੱਚੀ, ਬਣੀ ਓਸ ਦੇ ਕਿਲ੍ਹੇ ਚੁਨਾਰ ਹੈ ਜੀ।
ਹੋਰ ਯਾਦਗਾਰਾਂ ਸਾਰੇ ਦੇਸ ਅੰਦਰ, ਬਣੀਆਂ ਜਿਨ੍ਹਾਂ ਦਾ ਨਹੀਂ ਸ਼ੁਮਾਰ[3] ਹੈ ਜੀ।
ਉਸ ਦੇ ਨਾਮ ਦੀ ਜੋਗੀਆਂ ਰਾਵਲਾਂ ਨੇ, ਸੋਹਣੀ ਜੋੜ ਬਣਾਈ ਏਹ ਵਾਰ ਹੈ ਜੀ।
ਵਡੀ ਬਖਸ਼ ਤਸਨੀਫ[4] ਹੈ ਭਰਥਰੀ ਦੀ, ਜੇਹੜੀ ਸਿਖਿਯਾ ਭਰੀ ਭੰਡਾਰ ਹੈ ਜੀ।
ਕੀਤਾ ਬੜਾ ਐਹਸਾਨ ਇਸ ਦੇਸ ਉਤੇ, ਦੇ ਗਿਆ ਅਕਲ ਦਾ ਕੋਟ ਉਸਾਰ ਹੈ ਜੀ।
ਰਚੇ ਭਰਥਰੀ ਸ਼ਤਕ ਸ਼ਿੰਗਾਰ ਤ੍ਰੈ[5] ਆਪ ਹਥੀਂ ਇਕ ਦੂਈ ਤੋਂ ਚੰਦ ਹਜ਼ਾਰ[6] ਹੈ ਜੀ।
ਪਹਿਲਾ ਸ਼ਤਕ ਸ਼ਿੰਗਾਰ[7] ਦਾ ਰਚ ਧਰਿਆ, ਕੀਕਰ ਜਾਲ ਫੈਲਾਂਵਦੀ ਨਾਰ ਹੈ ਜੀ।

1. ਚਾਰ ਬਾਹਾਂ ਵਾਲਾ, ਭਾਵ ਰੱਬ ਤੋਂ ਹੈ। 2. ਮੁਕਤੀ। 3. ਗਿਣਤੀ। 4. ਲਿਖਤ, ਰਚਨਾ।
5. ਤਿੰਨ ਪੁਸਤਕਾਂ ਜਿਨ੍ਹਾਂ ਵਿਚੋਂ ਹਰ ਇਕ ਵਿਚ 100, 100 ਪਦ ਹਨ। 6. ਇਕ ਦੂਜੀ ਤੋਂ ਵਧ ਸੋਹਣੀਆਂ।
7. ਪਰੇਮ ਦਾ ਸ਼ਿੰਗਾਰ ਸ਼ਤਕ।

ਦੂਜਾ ਸ਼ਤਕ ਰਚਿਆ ਰਾਜਨੀਤ[1] ਵਾਲਾ, ਦਸੇ ਜੋਗ ਅਜੋਗ ਵਰਤਾਰ ਹੈ ਜੀ।
ਤੀਜਾ ਸ਼ਤਕ ਵੈਰਾਗ ਦਾ ਰੂਪ ਰਚਿਆ, ਇਸ ਵਿਚ ਦਸਿਆ ਜਗਤ ਅਸਾਰ ਹੈ ਜੀ।
ਜੇਹੜਾ ਪੜ੍ਹੇ ਇਕ ਵਾਰ ਧਿਆਨ ਲਾ ਕੇ, ਕੂੜਾ ਟੁਟਦਾ ਮੋਹ ਪਿਆਰ ਹੈ ਜੀ।
ਦਿਤਾ ਗਯਾਨ ਦਾ ਖੋਲ੍ਹ ਖਜਾਨੜਾ ਹੈ, ਭਲੇ ਬੁਰੇ ਦੀ ਪਵੇ ਵਿਚਾਰ ਹੈ ਜੀ।
ਉਸ ਦੀ ਮੇਂਹਰਬਾਨੀ ਹੋਸੀ ਨਹੀਂ ਫਾਨੀ, ਏਹ ਨਿਸ਼ਾਨੀ ਉਸਦੀ ਪਾਇਦਾਰ[2] ਹੈ ਜੀ।
'ਚਾਤ੍ਰਿਕ' ਦਾਤ ਅਨਮੁੱਲੜੀ ਬਖਸ਼ ਗਿਆ, ਭਾਰਤ ਓਸ ਦਾ ਸ਼ੁਕਰ ਗੁਜ਼ਾਰ ਹੈ ਜੀ।

ਕਿਤਾਬ ਦਾ ਅੰਤ

ਰਾਜਾ ਭਰਥਰੀ ਕਰ ਗਿਆ ਨਾਮ ਰੋਸ਼ਨ, ਤੁਛ ਜਾਣ ਕੇ ਸੁਖਾਂ ਨੂੰ ਛਡਿਆ ਏ।
ਸਚੇ ਰਾਹ ਪੈ ਕੇ ਦੁਨੀਆਂ ਕਚ ਜਾਤੀ, ਨੇਜ਼ਾ ਵਿਚ ਪਤਾਲ ਦੇ ਗੱਡਿਆ ਏ।
ਅਜ ਤੀਕ ਵਾਰਾਂ ਗਾਵਨ ਲੋਕ ਸਾਰੇ ਜਿਸ ਨੇ ਨਫ਼ਸ[3] ਨੂੰ ਮਾਰ ਕੇ ਕੱਢਿਆ ਏ।
ਕੀਤੀ ਭਗਤ ਭਗਵਾਨ ਦੀ ਸ਼ਰਨ ਪਕੜੀ, ਹੋਰ ਸਭ ਧੰਧਾਲ ਨੂੰ ਵੱਢਿਆ ਏ।
ਰਾਣੀ ਪਿੰਗਲਾਂ ਪਾਲਿਆ ਹਠ ਪੂਰਾ, ਹਠੀ ਤਪੀ ਨਾਲੋਂ ਵਧਕੇ ਕਾਰ ਕੀਤੀ।
ਜਦੋਂ ਪਤੀ ਓਹਲੇ ਹੋਯਾ ਅੱਖੀਆਂ ਤੋਂ, ਦਸਰਥ ਵਾਂਗ ਉਸ ਜਾਨ ਨਸਾਰ ਕੀਤੀ।
ਭਾਵੇਂ ਲਖ ਬੁਰਿਆਈਆਂ ਕੀਤੀਆਂ ਸਨ, ਤੋਬਾ ਤੋਬ ਐਪਰ ਜਾਂਦੀ ਵਾਰ ਕੀਤੀ।
ਗਈ ਆਪ ਦਰਗਾਹ ਵਿਚ ਸੁਰਖਰੂ ਹੋ, ਦੁਨੀਆਂ ਵਿਚ ਕਾਇਮ ਯਾਦਗਾਰ ਕੀਤੀ।
ਰਾਜੇ ਬਿਕ੍ਰਮਾਜੀਤ ਨੇ ਨਾਮ ਰੋਸ਼ਨ ਕੀਤਾ, ਖਲਕ ਤੇ ਬੜਾ ਉਪਕਾਰ ਕਰਕੇ।
ਲਹੂ ਦੇ ਕੇ ਸਿੰਜਿਆ ਧਰਮ ਬੂਟਾ, ਖਲਕਤ ਰਖ ਲਈ ਜਾਨ ਨਸਾਰ ਕਰਕੇ।
ਅਜ ਨਾਮ ਉਸ ਦਾ ਜਗਤ ਲਏ ਮੂੰਹੋਂ, ਧੰਨ ਧੰਨ ਦਾ ਨਾਲ ਉਚਾਰ ਕਰਕੇ।
ਨਕ ਕੱਢਿਆ ਆਪਣੇ ਵਡਿਆਂ ਦਾ, ਚੌਦਾਂ ਕੁਲਾਂ ਦਾ ਗਿਆ ਉਧਾਰ ਕਰਕੇ।
ਏਥੇ ਜਗ ਹੋਵੇ ਅਗੇ ਮਿਲੇ ਢੋਈ, ਧਰਮ ਰਾਜ ਬਹਾਲਿਆ ਪਿਆਰ ਕਰਕੇ।
ਚਾਤ੍ਰਿਕ ਭਲੇ ਦੀਆਂ ਸਦਾ ਭਲਿਆਈਆਂ[4] ਨੇ ਕੋਈ ਦੇਖ ਲਏ ਵਿਚ ਸੰਸਾਰ ਕਰਕੇ।

ਏਸ ਪ੍ਰਸੰਗ ਤੋਂ ਅਸੀਂ ਭੀ ਕੁਝ ਲਾਭ ਲੈ ਲਈਏ

ਇਸ ਪ੍ਰਸੰਗ ਤੋਂ ਅਸੀਂ ਭੀ ਲਾਭ ਲਈਏ, ਕੁਝ ਏਸ ਤੋਂ ਸਿਖਯਾ ਪਾਇ ਲਈਏ।
ਨੇਕੀ ਯਾਦ ਰਹਿੰਦੀ ਅਗੇ ਮਿਲੇ ਢੋਈ, ਨੇਕੀ ਅਸੀਂ ਭੀ ਕੁਝ ਕਮਾਇ ਲਈਏ।
ਕੀ ਵਿਸਾਹ ਨਿਰਾਸੜੀ ਜਿੰਦਗੀ ਦਾ, ਕੋਈ ਘੜੀ ਵਿਚ ਭਜਨ ਲੰਘਾਇ ਲਈਏ।
ਏਥੇ ਬੀਜਿਆ ਹੀ ਅਗੇ ਫਲ ਮਿਲਸੀ, ਹਥੀਂ ਆਪਣੀ ਬੂਟੜਾ ਲਾਇ ਲਈਏ।
ਬਿਨਾਂ ਕਾਰ ਤੋਂ ਮਿਲਨ ਮਜ਼ਦੂਰੀਆਂ ਨਾ ਹਰੀ ਭਜਨ ਦੀ ਟੋਕਰੀ ਚਾਇ ਲਈਏ।
ਮਿਲਨ ਚੂਰੀਆਂ ਇਵਜ਼[5] ਮਜ਼ਦੂਰੀਆਂ ਦੇ, ਅਗੇ ਲਈ ਆਧਾਰ[6] ਬਨਾਇ ਲਈਏ।
ਕਰਕੇ ਫਿਕਰ ਤਿਆਰੀਆਂ ਭਾਰੀਆਂ ਦਾ, ਮੰਜ਼ਲ ਵਾਸਤੇ ਖਰਚ ਬੰਨ੍ਹਾਇ ਲਈਏ।

1. ਰਾਜ ਕਾਜ ਸਬੰਧੀ ਗਿਆਨ 'ਨੀਤੀ ਸਤਕ'। 2. ਪੱਕੀ। 3. ਮਨ। 4. ਵਡਿਆਈਆਂ।
5. ਬਦਲੇ। 6. ਆਸਰਾ।

ਦਿਤਾ ਆਵਣਾ ਕੰਮ ਦਰਗਾਹ ਅੰਦਰ, ਹਥੀਂ ਰੱਬ ਦੇ ਰਾਹ ਪਹੁੰਚਾਇ ਲਈਏ।
ਕਿਸੇ ਘਲਣੀ ਨਾ ਪਿਛੋਂ ਇਕ ਕੌਡੀ, ਕਾਹਨੂੰ ਕਾਰੂਆ[1] ਗੰਜ[2] ਵਧਾਇ ਲਈਏ।
ਫਜ਼ਲ[3] ਰੱਬ ਦੀ ਵੀ ਆਸ ਧਾਰ ਦਿਲ ਵਿਚ ਦਿਲੋਂ ਆਪਣੀ ਤੋੜ ਨਿਬਾਹਿ ਲਈਏ।
ਘੜੀ ਘੜੀ ਘੜਿਆਲ ਘਟਾਇ ਉਮਰਾ, ਵਾਜਾ ਅੰਤ ਦਾ ਕੁਝ ਬਜਾਇ ਲਈਏ।
ਦੇਖ ਪੂਰਨੇ ਪਏ ਸਿਆਣਿਆਂ ਦੇ, ਉਤੇ ਚਲਕੇ ਲਾਇਕ ਸਦਾਇ ਲਈਏ।
ਗਿਆ ਵਕਤ ਨਾ ਆਵਣਾ ਹਥ ਮੁੜਕੇ, ਨਾਲ ਭਜਨ ਦੇ ਸੁਫਲ ਕਰਾਇ ਲਈਏ।
ਚਾਤ੍ਰਿਕ ਗਿਆ ਨਾ ਆਵਣਾ ਵਤ ਮੁੜ ਮੁੜ, ਜੂਏ ਵਿਚ ਨਾ ਜਨਮ ਗਵਾਇ ਲਈਏ।
ਦੁਨੀਆਂ ਚਲਣੀ ਜਾਣ ਸਰਾਂ ਬੰਦੇ, ਸਿਰ ਤੇ ਕਾਲ ਦੇ ਪੈਹਰੂਏ ਖੜੇ ਰਹਿੰਦੇ।
ਅਸੀਂ ਰੱਬ ਤੇ ਮੌਤ ਭੁਲਾਇ ਕੇ ਹਾਂ, ਦਿਨੇ ਰਾਤ ਐਸ਼ਾਂ ਅੰਦਰ ਵੜੇ ਰਹਿੰਦੇ।
ਬਦੀ ਕਰਨ ਨੂੰ ਸਦਾ ਤਿਆਰ ਰਹੀਏ, ਨੇਕੀ ਵੇਲੜੇ ਜੰਦਰੇ ਜੜੇ ਰਹਿੰਦੇ।
ਕਲੂ ਕਾਲ ਦੀ ਉਮਰ ਹੈ ਚੰਦ ਰੋਜ਼ਾ[4], ਕੇਹੜੀ ਗਲ ਤੇ ਬੰਨ੍ਹਦੇ ਧੜੇ ਰਹਿੰਦੇ।
ਦੁਨੀਆਂ ਛਡਣੀ ਬੜੀ ਮੁਹਾਲ[5] ਦਿਸੇ, ਸਾਸ ਤੁਰਦਿਆਂ ਹਿੱਕ ਤੇ ਅੜੇ ਰਹਿੰਦੇ।
ਕਈ ਵਿਸ਼ੇ ਦੀ ਹਿਰਸ ਦੇ ਵਿਚ ਬਧੇ, ਸਦਾ ਕਾਮ ਦੀ ਅਗ ਦੇ ਸੜੇ ਰਹਿੰਦੇ।
ਬਚੇ ਪਾਲਣੇ ਜ਼ਿਕਰ ਖੁਦਾ ਕਰਨਾ, ਯਾਦ ਪਿਛਲਿਆਂ ਦੀ ਵਿਚ ਕੜੇ ਰਹਿੰਦੇ।
ਇਕ ਜਿੰਦ ਤੇ ਕੰਮ ਹਜ਼ਾਰ ਪੈ ਗਏ, ਕਈ ਨਿਬੜੇ ਤੇ ਕਈ ਪੜੇ ਰਹਿੰਦੇ।
ਸਚੋ ਸਚ ਏਹ ਸ਼ਾਇਰਾਂ ਲਿਖਿਆ ਏ, ਦੁਨੀਆਂ ਦਾਰ ਸੂਲੀ ਉਤੇ ਚੜ੍ਹੇ ਰਹਿੰਦੇ।
ਇਜ਼ਰਾਈਲ[6] ਬਘਿਆੜ ਖਖਵਾੜ ਪਾਈ, ਵਾਂਗ ਬਕਰੀ ਸੰਘੀਓਂ ਫੜੇ ਰਹਿੰਦੇ।
ਘੜੀ ਘੜੀ ਘੜਿਆਲ ਘਟਾਂਵਦਾ ਏ, ਸਮਾਂ ਸਿੰਮਦੇ ਪਿਲੜੇ ਘੜੇ ਰਹਿੰਦੇ।
ਕਰਮ ਫਲ ਭੁਗਤਾਂਵਦਾ ਬੰਦਿਆਂ ਨੂੰ, ਕੋਈ ਸੁਕਦੇ ਤੇ ਕੋਈ ਹਰੇ ਰਹਿੰਦੇ।
ਕਿਤੇ ਮੇਹਰ ਦਾ ਵਸਦਾ ਮੀਂਹੇ ਰਹਿੰਦਾ, ਕਿਤੇ ਕੈਹਰ ਦੇ ਵਸਦੇ ਗੜੇ ਰਹਿੰਦੇ।
ਜੇੜ੍ਹੀ ਗੱਲ ਨੂੰ ਆਏ ਸਾਂ ਜੱਗ ਅੰਦਰ, ਸੈਆਂ ਕੋਹਾਂ ਉਸ ਗੱਲ ਤੋਂ ਪਰੇ ਰਹਿੰਦੇ।
ਤੁਰਨ ਲਗਿਆਂ ਨਾਲ ਨਾ ਤੁਰੇ ਦੌਲਤ, ਸਾਰੇ ਭਰੇ ਖਜ਼ਾਨੜੇ ਧਰੇ ਰਹਿੰਦੇ।
ਜਿਨ੍ਹਾਂ ਕੀਤੀਆਂ ਨੇਕ ਕਮਾਈਆਂ ਨੇ, ਸੀਨੇ ਓਹਨਾਂ ਦੇ ਅੰਦਰੋਂ ਠਰੇ ਰਹਿੰਦੇ।
ਜਿਨ੍ਹਾਂ ਬਦੀ ਦਾ ਬੀਜਿਆ ਬੀਜ ਖੋਟਾ, ਨਾਗ ਦੁਖ ਦੇ ਉਨ੍ਹਾਂ ਨੂੰ ਲੜੇ ਰਹਿੰਦੇ।
ਚਾਤ੍ਰਿਕ ਨੇਕੀਆਂ ਜਿਨ੍ਹਾਂ ਨੇ ਕੀਤੀਆਂ ਨੇ, ਲੋਕੀ ਉਨ੍ਹਾਂ ਨੂੰ ਪੂਜਦੇ ਬੜੇ ਰਹਿੰਦੇ।

ਧੰਨਵਾਦ-ਡੇਉਢ

ਹੇ ਪਰਮਾਤਮ ! ਦਇਆ ਸਮੁੰਦਰ, ਦੁਖੀਆਂ ਦਾ ਸੁਖਦਾਈ-ਸਦਾ ਸਹਾਈ।
ਕੋਟਾਂ ਕੋਟ ਮੇਰੀ ਪਰਣਾਮਾਂ, ਜਿਸ ਨੇ ਲਗਨ ਲਗਾਈ-ਤੋੜ ਪਹੁੰਚਾਈ।
ਮੂਰਖ ਬਲ ਬੁਧਿ ਹੀਨ ਨੀਚ ਮੈਂ, ਆਪ ਕਲਾ ਵਰਤਾਈ-ਕਾਰ ਕਰਾਈ।
ਭਰਥਰੀ ਜੀਵਨ ਹੋਯਾ ਸਮਾਪਤ, ਚਾਤ੍ਰਿਕ ਹੈ ਇਕ ਰਾਈ-ਕੀਹ ਵਡਿਆਈ।

---

1. ਕਾਰੂੰ ਬਾਦਸ਼ਾਹ ਵਾਂਗ ਖਜ਼ਾਨੇ ਜਮ੍ਹਾਂ ਕਰੀਏ। 2. ਖਜ਼ਾਨਾ। 3. ਬਖਸ਼ਸ਼, ਮੇਹਰ। 4. ਕੁਝ ਦਿਨਾਂ ਦੀ।
5. ਔਖੀ। 6. ਮੌਤ ਦਾ ਫਰਿਸ਼ਤਾ, ਧਰਮ ਰਾਜ।

ਧੰਨਵਾਦ ਪੂਰਨ ਪਰਮਾਤਮਾ ਦਾ, ਪ੍ਰੇਰਕ ਆਪ ਜੇਹੜਾ ਸ੍ਰਿਸ਼ਟੀ ਕੁੱਲਦਾ ਏ।
ਜਿਧੇ ਹੁਕਮ ਵਿਚ ਜ਼ਿਮੀਂ ਅਸਮਾਨ ਖਲੇ, ਪੱਤਾ ਹੁਕਮ ਦੇ ਬਾਝ ਨਾ ਝੁੱਲਦਾ ਏ।
ਦੇਵੇ ਚਾਨਣਾ ਹੋਇ ਗਿਆਨ ਜਾਵੇ, ਮਾਇਆ ਪਵੇ ਤਾਂ ਰਬ ਨੂੰ ਭੁਲਦਾ ਏ।
ਚਾਤ੍ਰਿਕ ਦਯਾ ਉਸ ਦੀ ਹੋਯਾ ਭਰਤ ਪੂਰਨ, ਵਰਨਾਂ ਨੀਚ ਬੰਦਾ ਕੇਹੜੇ ਮੁੱਲਤਦਾ ਏ।

ਦੋਹਰਾ

ਨੈਨਾਂ[1] ਦਰਸ਼ਨ[2] ਖੰਡ[3] ਪ੍ਰਭ[4] ਕਰਕ[5] ਮਾਸ[6] ਬੁਧਵਾਰ।
ਭਇਓ ਸਮਾਪਤ ਭਰਥਰੀ, ਬਿਕ੍ਰਮੀ ਸਾਲ ਮਝਾਰ।
ਕਵੀਅਨ ਪੈ ਕਰ[7] ਜੋੜ ਕਰ, ਬਿਨੈ ਕਰੂੰ ਇਕ ਵਾਰ।
ਭੁਲ ਚੁਕ ਕੋ ਖਿਮਾ ਕਰ, ਲੀਜੋ ਆਪ ਸੁਧਾਰ।
ਮੈਂ ਅਲਪੱਗ ਅਜਾਨ ਨਰ, ਸਦ ਹੀ ਭੂਲਣਹਾਰ।
ਕਵਿ ਜਨ ਸਦ ਬਖਸ਼ਿੰਦ ਹੈਂ, ਰੋਸ ਨਾ ਲੀਜੈ ਧਾਰ।

1. ਅਖਾਂ। 2. ਸ਼ਾਸਤ੍ਰ। 3. ਧਰਤੀ ਦੇ 9 ਹਿਸੇ, ਜਿਨ੍ਹਾਂ ਵਿਚੋਂ ਇਕ ਭਾਰਤ ਖੰਡ ਹੈ।
4. ਰਬ (ਪੁਠਾ ਗਿਣ ਕੇ ਇਹ ਬਣਿਆ ਸੰਮਤ 1902 ਬਿਕ੍ਰਮੀ)। 5. ਕਤਕ। 6. ਮਹੀਨਾ। 7. ਹੱਥ।

ੴ ਸਤਿਗੁਰ ਪ੍ਰਸਾਦਿ ॥*
ਪ੍ਰਸੰਗ ਰਾਜਾ ਨਲ ਤੇ ਰਾਣੀ ਦਮਯੰਤੀ**
ਰਚਿਤ ਕਵੀ 'ਚਾਤ੍ਰਿਕ'

ਮੰਗਲਾਚਰਣ

ਚਕੋਰ ਸਵਯਾ*:— ਆਦਿ ਵਿਖੇ ਪਰਣਾਮ ਕਰਾਂ ਪਰਮਾਤਮ ਆਤਮ ਸ੍ਰੀ ਜਗਦੀਸ਼[1]।
ਸਾਰ ਲਏ ਸਭ ਦੀ ਦਿਨ ਰਾਤ ਭੁਲਾਤ[2] ਨਾ ਜੀਵਨ[3] ਈਸ਼ਨ ਈਸ਼[4]।
ਖੇਲ ਕਰੇ ਨਿਤ ਹੀ ਮਨ ਇਛਤ[5] ਅੰਤ ਨਾ ਪਾਉਣ ਈਸ਼ ਮੁਨੀਸ਼[6]।
ਬਾਰਮਬਾਰ[7] ਜੁਹਾਰ[8] ਕਰੇ ਤਿਸ ਚਾਤ੍ਰਿਕ ਨਯਾ[9] ਚਰਣਾਂ ਪਰ ਸੀਸ।

ਝੂਲਣਾ* ਛੰਦ

ਜੋੜ ਕਰ ਹਾਥ ਅਰ ਨਯਾਇ ਕਰ ਮਾਥ, ਸਤਕਾਰ ਦੇ ਸਾਥ ਪਰਣਾਮ ਕਰ ਕੇ।
ਰਾਮ ਦੇ ਨਾਮ ਦਾ, ਸੁਖਾਂ ਦੇ ਧਾਮ ਦਾ, ਸ਼ਾਮ ਅਭਿਰਾਮ[10] ਦਾ ਧਯਾਨ ਧਰ ਕੇ।
ਕਰਾਂ ਅਰਦਾਸ, ਤਿਸ ਚਰਣਾਂ ਦੇ ਪਾਸ, ਦੇ ਗਯਾਨ ਦੀ ਰਾਸ ਅਗਯਾਨ ਹਰ ਕੇ[11]।
ਲੋਭ, ਹੰਕਾਰ, ਮੋਹ, ਕਾਮ ਅਰ ਕ੍ਰੋਧ ਹਰ,[12] 'ਚਾਤ੍ਰਿਕ' ਮੁਕਤ ਹੋ ਜਾਇ ਤਰ ਕੇ।
ਕਰਾਂ ਬੰਦਨਾਂ ਓਸ ਪਰਮਾਤਮਾ ਨੂੰ, ਰੱਖੇ ਆਪ ਤੇ ਕਰੇ ਸੰਘਾਰ[13] ਆਪੇ।

---

* ਸਿੱਖ ਮੱਤ ਵਿਚ ੴ ਤੋਂ ਗੁਰਪ੍ਰਸਾਦਿ ਤਕ ਦੇ ਸ਼ਬਦਾਂ ਨੂੰ ਮੂਲ ਮੰਤਰ ਮੰਨਿਆ ਜਾਂਦਾ ਹੈ। ਉਸ ਦਾ ਸੰਖੇਪ ਰੂਪ ਇਥੇ ਦਿਤਾ ਗਿਆ ਹੈ। ਇਹ ਰੂਪ ਵੀ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਅਤੇ ਆਮ ਵਰਤੋਂ ਵਿਚ ਹੈ। ਅਰਥ ਹਨ :—ਵਾਹਿਗੁਰੂ ਇਕ ਹੈ ਅਤੇ ਗੁਰੂ ਦੀ ਕਿਰਪਾ ਨਾਲ ਮਿਲਦਾ ਹੈ। ਇਸ ਤੋਂ ਇਹ ਵੀ ਪਤਾ ਲਗਦਾ ਹੈ ਕਿ ਚਾਤ੍ਰਿਕ ਜੀ ਸਿੱਖੀ ਵਿਚਾਰਾਂ ਨਾਲ ਕਿੰਨੇ ਸਬੰਧਤ ਸਨ। ਪ੍ਰਿੰਸੀਪਲ ਤੇਜਾ ਸਿੰਘ ਤਾਂ ਆਮ ਇਹ ਗੱਲ ਕਹਿੰਦੇ ਸਨ ਕਿ ਚਾਤ੍ਰਿਕ ਨਾਂ ਨੂੰ ਹੀ ਹਿੰਦੂ ਹੈ, ਉਂਞ ਇਹ ਸਿੱਖ ਹੈ।

** ਇਹ ਪ੍ਰਸੰਗ ਹਿੰਦੂ ਮਿਥਿਹਾਸ ਨਾਲ ਸਬੰਧਤ ਹੈ।

* ਸਵਯਾ ਉਹ ਛੰਦ ਹੈ ਜਿਸ ਵਿਚ 23 ਅਖਰ, ਇਸ ਵਿਉਂਤ ਨਾਲ ਆਉਂਦੇ ਹਨ ਕਿ ਇਕ ਗੁਰੂ (ਲੰਬੀ ਅਵਾਜ਼) ਫੇਰ ਦੋ ਲਘੂ (ਛੋਟੀਆਂ ਅਵਾਜ਼ਾਂ) ਇਹ ਤਿੰਨੇ ਸਤ ਵਾਰੀ ਆ ਕੇ ਅੰਤ ਉਤੇ ਦੋ ਗੁਰੂ ਹੁੰਦੇ ਹਨ ਪਰ ਚਕੋਰ ਸਵਯੇ ਵਿਚ ਅੰਤ ਉਤੇ ਇਕ ਗੁਰੂ ਇਕ ਲਘੂ ਰਖਿਆ ਜਾਂਦਾ ਹੈ।

* ਪਿੰਗਲ ਅਨੁਸਾਰ ਝੂਲਣਾ ਛੰਦ ਅਠ ਵਾਰ ਝੂਲਣਾ ਕਹਿਣ ਨਾਲ ਬਣ ਜਾਂਦਾ ਹੈ ਅਰਥਾਤ ਅੱਠ ਵਾਰ ਗੁਰੂ, ਲਘੂ, ਗੁਰੂ, ਲਿਆਇਆਂ ਝੂਲਣਾ ਬਣਦਾ ਹੈ ਅਤੇ ਇਸ ਦੀ ਚਾਲ ਵੀ ਪੀਂਘ ਜਾਂ ਝੂਲਣੇ ਵਾਂਗ ਹੁੰਦੀ ਹੈ। ਇਸ ਦਾ ਸੁਖੈਨ ਰੂਪ ਇਥੇ ਚਾਤ੍ਰਿਕ ਜੀ ਨੇ ਵਰਤਿਆ ਹੈ ਜੋ ਪੰਜਾਬੀ ਵਿਚ ਆਮ ਹੈ। ਇਸ ਦੀ ਇਕ ਸਤਰ ਵਿਚ ਚਾਲੀ ਮਾਤਰਾਂ ਹੁੰਦੀਆਂ ਹਨ (ਮਾਤਰਾਂ ਗਿਣਨ ਲਈ ਹਰ ਅਖਰ ਤੇ ਹਰ ਲਗ ਇਕ ਮਾਤਰ ਹੈ ਪਰ ਸਿਹਾਰੀ ਅਤੇ ਔਂਕੜ ਲਘੂ ਮਾਤਰਾਂ ਨਹੀਂ ਗਿਣੀਆਂ ਜਾਂਦੀਆਂ)। ਆਮ ਤੌਰ ਤੇ ਦਸ ਦਸ ਮਾਤਰਾਂ ਦਾ ਇਕ ਇਕ ਬਿਸਰਾਮ ਕੀਤਾ ਜਾਂਦਾ ਹੈ।

1. ਜਗਤ ਦਾ ਮਾਲਕ, ਭਾਵ ਰਬ। 2. ਭੁਲਾਉਂਦਾ। 3. ਜੀਵਾਂ ਨੂੰ।
4. ਈਸ਼ਵਰਾਂ ਦਾ ਈਸ਼ਵਰ ਭਾਵ ਰਾਜਿਆਂ ਦਾ ਬਾਦਸ਼ਾਹ। 5. ਮਨ ਭਾਉਂਦੇ। 6. ਮੁਨੀਆਂ ਦਾ ਈਸ਼ਵਰ।
7. ਘੜੀ ਮੁੜੀ। 8. ਨਮਸਕਾਰ। 9. ਨਿਵਾ ਕੇ। 10. ਸੋਹਣੇ ਸ੍ਰੀ ਕ੍ਰਿਸ਼ਨ। 11. ਨਾਸ ਕਰਕੇ।
12-13 ਨਾਸ।

ਓਹ ਕਰਤਾਰ ਸਤਾਰ[1] ਗਫਾਰ[2] ਆਪੇ, ਏਕੰਕਾਰ ਆਪੇ, ਬੇਸੁਮਾਰ[3] ਆਪੇ।
ਦੁਖ ਸੁਖ ਆਪੇ, ਨੀਂਦਰ ਭੁਖ ਆਪੇ, ਜੰਗਲ ਰੁਖ ਆਪੇ, ਫੁਲ ਖਾਰ[4] ਆਪੇ।
ਕਾਰਨ ਕਰਨ[5] ਆਪੇ, ਜੰਮਨ ਮਰਨ ਆਪੇ, ਹਰਨ ਭਰਨ[6] ਆਪੇ, ਸਿਰਜਣਹਾਰ ਆਪੇ।
ਸੂਰਜ ਚੰਦ ਆਪੇ, ਜ਼ਾਨ ਜਿੰਦ ਆਪੇ, ਦਰਦਮੰਦ ਆਪੇ, ਤੇ ਬੀਮਾਰ ਆਪੇ।
ਤੇਗੋ[7] ਤਬਰ[8] ਆੱਪੇਂ, ਮੜ੍ਹੀ ਕਬਰ ਆਪੇ, ਸ਼ਜਰ[9] ਸਮਰ[10] ਤੇ ਬਾਗੋ ਬਹਾਰ[11] ਆਪੇ।
ਜਿਸਮ[12] ਜਾਨ ਆਪੇ, ਗਯਾਨ ਧਯਾਨ ਆਪੇ, ਆਲੀਸ਼ਾਨ ਆਪੇ, ਸ਼ਾਨਦਾਰ ਆਪੇ।
ਗੁੰਚਾ[13] ਗੁਲ[14] ਆਪੇ, ਤੇ ਬੁਲਬੁਲ ਆਪੇ, ਜੁਜ਼[15] ਵਕੁਲ[16] ਆਪੇ, ਬੁਰਦਬਾਰ[17] ਆਪੇ।
ਪਹਿਲੇ ਆਦਿ ਆਪੇ, ਆਦੋਂ ਆਦ ਆਪੇ, ਤੇ ਜੁਗਾਦਿ[18] ਆਪੇ, ਆਖਰ ਬਾਰ ਆਪੇ।
ਚਸ਼ਮ[19] ਗੋਸ਼[20] ਆਪੇ ਖਰਦ[21] ਨੋਸ਼[22] ਆਪੇ, ਹਮ ਆਗੋਸ਼[23] ਆਪੇ, ਹਮ[24] ਕਿਨਾਰ ਆਪੇ।
ਮਿਹਰੋਮਾਹਾ[25] ਆਪੇ, ਕੋਹ[26] ਕਾਹ[27] ਆਪੇ, ਸ਼ਾਹਿਨਸ਼ਾਹ ਆਪੇ, ਤਾਬੇਦਾਰ ਆਪੇ।
ਆਮਲ[28] ਅਮਲ[29] ਆਪੇ, ਆਦਲ[30] ਅਦਲ[31] ਆਪੇ, ਕਾਤਲ ਕਤਲ ਆਪੇ ਤੇ ਤਲਵਾਰ ਆਪੇ।
ਨੇਸਤ[32] ਹਸਤ[33] ਆਪੇ, ਪਾਓ ਦਸਤ[34] ਆਪੇ, ਉਦੇ[35] ਅਸਤ[36] ਆਪੇ, ਬੇਮਿਕਦਾਰ ਆਪੇ।
ਛਾਉਂ ਧੂਪ ਆਪੇ, ਰੰਗ ਰੂਪ ਆਪੇ, ਰਜਤ ਭੂਪ[37] ਆਪੇ, ਲੈਂਦਾ ਸਾਰ ਆਪੇ।
ਨੋਸ਼ੋ[38] ਨੇਸ਼[39] ਆਪੇ, ਦੁਸ਼ਮਨ ਖੇਸ਼[40] ਆਪੇ, ਕਮੋਬੇਸ਼[41] ਆਪੇ, ਪ੍ਰਵਰਦਗਾਰ ਆਪੇ।
ਹਮਾਓਸਤ[42] ਆਪੇ, ਮਗਜ਼[43] ਪੋਸਤ[44] ਆਪੇ, ਯਾਰ ਦੋਸਤ ਆਪੇ, ਮਦਦਗਾਰ ਆਪੇ।
ਦੁਨੀਆਂ ਦੀਨ[45] ਆਪੇਂ, ਪਾਨੀ ਮੀਨ[46] ਆਪੇ, ਧਰਮਦੀਨ ਆਪੇ, ਦੀਨਦਾਰ ਆਪੇ।
ਬੇ-ਮਕਾਨ[47] ਆਪੇ, ਬਾ-ਮਕਾਨ[48] ਆਪੇ, ਦੋ ਜਹਾਨ ਆਪੇ, ਜਹਾਂਦਾਰ[49] ਆਪੇ।
ਜਾਂਮੇ ਜਮ[50] ਆਪੇ, ਬੇਸ਼ੋ ਕਮ[51] ਆਪੇ, ਐਸ਼ੋ ਗਮ ਆਪੇ[52], ਤੇ ਗਮਖਵਾਰ[53] ਆਪੇ।
ਜਾਨੋਦਮ[54] ਆਪੇ, ਪੇਚੋ ਖਮ[55] ਆਪੇ, ਕੰਦੋ ਸਮ[56] ਤੇ ਦਰੋ-ਦੀਵਾਰ[57] ਆਪੇ।
ਅਰਜ਼ ਤੂਲ[58] ਆਪੇ, ਖਾਰੋ-ਫਲ[59] ਆਪੇ, ਮਾਲੋ ਮੂਲ[60] ਆਪੇ, ਖਰੀਦਾਰ ਆਪੇ।
ਜ਼ਰ[61] ਸਰਾਫ਼ ਆਪੇ, ਲੁਤਫ[62] ਇਲਤਾਫ[63] ਆਪੇ, ਤਰਫ[64] ਇਤ੍ਰਾਫ[65] ਆਪੇ ਤਰਫਦਾਰ[66] ਆਪੇ।

---

1. ਪਰਦੇ ਕੱਜਣ ਵਾਲਾ। 2. ਬਖਸ਼ਣ ਵਾਲਾ। 3. ਬੇਅੰਤ। 4. ਕੰਡਾ।
5. ਸਭ ਕੁਝ ਕਰਨ ਵਾਲਾ, ਤੇ ਕਾਰਜ ਲਈ ਆਪ ਹੀ ਕਾਰਨ। 6. ਬਨਾਉਣ ਤੇ ਨਾਸ ਕਰਨ ਵਾਲਾ। 7. ਤਲਵਾਰ।
8. ਇਕ ਹਥਿਆਰ। 9. ਸਵੇਰ। 10. ਸ਼ਾਮ। 11. ਬਸੰਤ ਰੁਤ। 12. ਸਰੀਰ। 13. ਗੁਲਦਸਤਾ।
14. ਫੁਲ। 15. ਟੋਟਾ। 16. ਪੂਰਾ। 17. ਸਹਨ ਸ਼ੀਲ। 18. ਜੁਗਾਂ ਦੇ ਮੁਢ ਵਿਚ। 19. ਅੱਖ।
20. ਕੰਨ। 21. ਖੁਰਾਕ। 22. ਪੀਣ ਵਾਲੀਆਂ ਚੀਜ਼ਾਂ। 23. ਸਭ ਦੀ ਗੋਦ ਜਾਂ ਬਗਲ ਵਿਚ। 24. ਸਭ ਦੇ ਨੇੜੇ।
25. ਸੂਰਜ ਚੰਨ। 26. ਪਹਾੜ।
27. ਕੋਹ ਕਾਫ ਨਾਮੀ ਕਾਕੇਸ਼ੀਆ ਦੇ ਉੱਤਰ ਵਲ ਦਾ ਪਹਾੜ ਜਿਥੋਂ ਦੀਆਂ ਪਰੀਆਂ ਪ੍ਰਸਿਧ ਹਨ। 28. ਕਰਨ ਵਾਲਾ।
29. ਕੰਮ। 30. ਇਨਸਾਫ ਕਰਨ ਵਾਲਾ। 31. ਨਿਆਂ। 32. ਅਣਹੋਂਦ। 33. ਹੋਂਦ। 34. ਪੈਰ ਤੇ ਹੱਥ।
35. ਸੂਰਜ ਦਾ ਚੜ੍ਹਨਾ। 36. ਸੂਰਜ ਦਾ ਡੁਬਣਾ, ਭਾਵ ਪੂਰਬ ਪੱਛਮ ਵੀ ਲੈਂਦੇ ਹਨ। 37. ਰਾਜਾ। 38. ਤੇਜ਼ ਤੋਂ।
39. ਤੇਜ਼, ਤਿੱਖਾ (ਸੱਪ ਠੂੰਹੇਂ ਦੇ ਢੰਗ ਵਾਂਗ)। 40. ਆਪਣਾ। 41. ਘਟ ਵਧ। 42. ਸਭ ਓਹੀ ਹੈ।
43. ਦਿਮਾਗ ਜਾਂ ਗਿਰੀ। 44. ਖਲੜੀ ਜਾਂ ਬਾਹਰਲਾ ਖੋਲ। 45. ਧਰਮ। 46. ਮੱਛੀ। 47. ਥਾਂ ਤੋਂ ਬਿਨਾਂ।
48. ਥਾਂ ਵਾਲਾ। 49. ਜਹਾਨ ਵਾਲਾ ਅਰਥਾਤ ਦੁਨੀਆਂ ਦਾ ਮਾਲਕ।
50. ਖੁਰਸ਼ੀਦ ਬਾਦਸ਼ਾਹ ਦਾ ਪਿਆਲਾ ਜਿਸ ਵਿਚੋਂ ਭਵਿਸ਼ ਦੇ ਹਾਲ ਦਿਸਦੇ ਮੰਨੇ ਜਾਂਦੇ ਹਨ। 51. ਵਧ ਘਟ।
52. ਖੁਸ਼ੀ, ਗਮੀ। 53. ਹਮਦਰਦ। 54. ਸਾਹ। 55. ਵਲ ਤੇ ਕੁੰਡਲ। 56. ਪਿੰਡ, ਨਗਰ।
57. ਦਰਵਾਜ਼ਾ ਤੇ ਕੰਧ (ਫਾਰਸੀ ਉਰਦੂ ਵਿਚ 'ਵ' ਦੀ ਥਾਂ 'ਓ' ਪੜ੍ਹਿਆ ਜਾਂਦਾ ਹੈ ਅਤੇ ਅਰਥਾਤ ਬਣ ਜਾਂਦੇ ਹਨ 'ਅਤੇ')। 58. ਚੌੜਾਈ ਲੰਬਾਈ। 59. ਕੰਡਾ ਤੇ ਫੁਲ। 60. ਮਾਲ ਤੇ ਉਸਦਾ ਮੁਲ। 61. ਸੋਨਾ।
62. ਸਵਾਦ। 63. ਸਵਾਦਲੇ, ਮੇਹਰਬਾਨੀਆਂ। 64. ਪਾਸਾ। 65. ਕਿਨਾਰੇ, ਪਾਸੇ। 66. ਪੱਖ ਪਾਲਣ ਵਾਲਾ।

ਰੂਪ ਰੰਗ ਆਪੇ, ਮੋਮ ਸੰਗ[1] ਆਪੇ, ਜਮੁਨਾ ਗੰਗ ਆਪੇ, ਗੰਗ ਧਾਰ ਆਪੇ।
ਦਾਰੂ ਦਰਦ ਆਪੇ, ਗਰਮੋਸਰਦ ਆਪੇ, ਪਾਸ਼ਾਨਰਦ[2] ਆਪੇ, ਖੇਲਨਹਾਰ ਆਪੇ।
ਨਾਰੋ[3] ਨੂਰ[4] ਆਪੇ, ਨਾਦੋ[5] ਤੂਰ[6] ਆਪੇ ਥੋੜੀ ਪੂਰ ਆਪੇ, ਤਾਰਨਹਾਰ ਆਪੇ।
ਦਿਨ ਰਾਤ ਆਪੇ, ਕੌਮ ਜਾਤ ਆਪੇ, ਡਾਲੀ ਪਾਤ ਆਪੇ, ਫਲਨਹਾਰ ਆਪੇ।
ਸੁਬਾਹ[7] ਸ਼ਾਮ ਆਪੇ, ਬਾਦਾ ਜਾਮ[8] ਆਪੇ, ਕ੍ਰਿਸ਼ਨ ਰਾਮ ਆਪੇ ਤੇ ਅਵਤਾਰ ਆਪੇ।
ਪੁਖਤਾ[9] ਖਾਮ[10] ਆਪੇ, ਖਾਸੋ-ਆਮ[11] ਆਪੇ, ਨੰਗੋ[12] ਨਾਮ ਆਪੇ, ਨਾਮਦਾਰ ਆਪੇ।
ਤਸਬੀ ਮਾਲਾ ਆਪੇ, ਨਦੀ ਨਾਲਾ ਆਪੇ, ਬੰਸੀਵਾਲਾ ਆਪੇ, ਤੇ ਮੁਰਾਰ[13] ਆਪੇ।
ਮਾਲੀ ਬਾਗ ਆਪੇ, ਹੰਸੋ ਜਾਗ[14] ਆਪੇ, ਦਿਲੋ-ਦਾਗ[15] ਆਪੇ, ਦਾਗਦਾਰ ਆਪੇ।
ਆਸ਼ਕਜਾਰ[16] ਆਪੇ ਤੇ ਦਿਲਦਾਰ[17] ਆਪੇ, ਦਿਲਾਰਾਮ[18] ਆਪੇ, ਮਹਰਮਯਾਰ[19] ਆਪੇ।
ਸਾਧ ਚੋਰ ਆਪੇ, ਗੁਡੀ ਡੋਰ ਆਪੇ, ਮੜ੍ਹੀ ਗੋਰ, ਸਮਾਧ, ਮਿਜ਼ਾਰ[20] ਆਪੇ।
ਭਾਈ ਭੈਣ ਆਪੇ, ਸਾਕ ਸੈਣ ਆਪੇ, ਦੇਣ ਲੈਣ ਆਪੇ, ਲੈਣਦਾਰ ਆਪੇ।
ਮਾਈ ਬਾਪ ਆਪੇ, ਪੁੰਨ ਪਾਪ ਆਪੇ, ਵਰ ਸਰਾਪ, ਉਰਾਰ ਤੇ ਪਾਰ ਆਪੇ।
ਨਾਰੀ ਕੰਤ ਆਪੇ, ਸਾਧੂ ਸੰਤ ਆਪੇ, ਆਦਿ ਅੰਤ ਆਪੇ ਤੇ ਵਿਚਕਾਰ ਆਪੇ।
ਆਪੇ ਚਾਤ੍ਰਿਕ, ਸਵਾਂਤ ਦੀ ਬੂੰਦ[21] ਆਪੇ, ਸਾ ਆਕਾਰ[22] ਆਪੇ, ਨਿਰਾਕਾਰ[23] ਆਪੇ।*

ਪ੍ਰਾਰਥਨਾ ਪ੍ਰਮੇਸ਼ਵਰ ਅਗੇ

ਹੇ ਦਿਆਲ ਕ੍ਰਿਪਾਲ ਹਰ ਹਾਲ ਮੇਰੇ, ਕਰਕੇ ਮੇਹਰ ਦੀ ਨਜ਼ਰ ਨਿਹਾਲ ਕਰ ਦੇ।
ਕਾਲ ਦੇ ਜਾਲ ਤੋਂ ਰਖਕੇ ਤੇ, ਦੂਰ ਪਾਪ ਦਾ ਦਿਲੋਂ ਖਿਆਲ ਕਰ ਦੇ।
ਆਪਣਾ ਨਾਮ ਗੁਲਾਮ ਤਾਈਂ, ਦੂਖ ਦਰਦ ਤਮਾਮ ਪਾਮਾਲ[24] ਕਰ ਦੇ।
ਨਾਮ ਦੇ ਬਾਝ ਨਾ ਕਾਮ ਹੋਵੇ, ਮੈਂ ਨਾਕਾਮ[25] ਤੇ ਮਿਹਰ ਕਮਾਲ[26] ਕਰ ਦੇ।
ਨਾਲ ਸ਼ਮਸ਼ੇਰ[27] ਦਲੇਰ ਕਰ ਦੇ, ਨਾਲ ਨੇਕ ਐਮਾਲ[28] ਦੀ ਢਾਲ ਕਰ ਦੇ।
ਕਾਮ ਕ੍ਰੋਧ ਮੋਹ, ਲੋਭ, ਹੰਕਾਰ ਉਤੇ, ਫਤਹ ਯਾਬ[29] ਹੇ ਦੀਨ ਦਿਆਲ ਕਰ ਦੇ।
ਗੁਨਾਹੀ, ਤਬਾਹੀ ਦੇ ਫੜੇ ਲਛਨ, ਤੂੰ ਮੁਆਫ ਆਪਨੀ ਰਹਿਮਤ[30] ਨਾਲ ਕਰ ਦੇ।
ਸਿਆਹੀ[31] ਦਰਗਾਹੀ ਦੀ ਫਾਹੀ ਸੰਦੇ, ਯਾ ਅਲਾਹੀ ਤੂੰ ਦੂਰ ਵਬਾਲ[32] ਕਰ ਦੇ।

---

1. ਪੱਥਰ। 2. ਚੌਸਰ ਜਾਂ ਸ਼ਤਰੰਜ ਦੀ ਖੇਡ ਵਿਚ ਗੋਟ। 3. ਅੱਗ। (ਅਰਬੀ ਭਾਸ਼ਾ ਦਾ ਸ਼ਬਦ ਹੈ)। 4. ਚਾਨਣ। 5. ਰਾਗ। 6. ਇਕ ਪਹਾੜ ਦਾ ਨਾਂ ਜਿਥੇ ਮੂਸਾ ਪੈਗੰਬਰ ਅੰਮ੍ਰਿਤ ਲਭਣ ਗਿਆ ਸੀ। 7. ਸਵੇਰ। 8. ਸ਼ਰਾਬ ਦਾ ਪਿਆਲਾ। 9. ਪੱਕਾ। 10. ਕੱਚਾ। 11. ਆਮ ਖਾਸ, ਭਾਵ ਸਾਧਾਰਨ ਤੇ ਵਿਸ਼ੇਸ਼। 12. ਨੰਗੇਜ। 13. ਸ੍ਰੀ ਕ੍ਰਿਸ਼ਨ ਜੀ, ਸ਼ਬਦ ਅਰਥ ਹਨ ਵੈਰੀਆਂ ਨੂੰ ਮਾਰਨ ਵਾਲੇ। 14. ਹੰਸ ਤੇ ਕਾਂ। 15. ਦਿਲ ਦੇ ਜ਼ਖਮ। 16. ਦੁਖੀ ਪ੍ਰੇਮੀ। 17. ਪ੍ਰੇਮੀ। 18. ਦਿਲ। 19. ਭੇਤੀ, ਮਿਤਰ। 20. ਮਕਬਰਾ ਜਾਂ ਕਬਰ ਉਤੇ ਬਣੀ ਸਮਾਧ। 21. ਮੰਨਿਆ ਜਾਂਦਾ ਹੈ ਕਿ ਮੀਂਹ ਵਿਚ ਇਕ ਵਿਸ਼ੇਸ਼ ਭਾਂਤ ਦੀ ਇਕੋ ਬੂੰਦ ਵਰ੍ਹਦੀ ਹੈ ਜੋ ਕੇਲੇ ਉਤੇ ਪੈ ਜਾਏ ਤਾਂ ਉਹ ਮੁਸ਼ਕ ਕਾਫੂਰ ਬਣ ਜਾਂਦਾ ਹੈ ਅਤੇ ਸਿਪੀ ਵਿਚ ਪਵੇ ਤਾਂ ਉਸ ਵਿਚ ਮੋਤੀ ਬਣ ਜਾਂਦਾ ਹੈ। ਪਪੀਹਾ ਵੀ ਓਸੇ ਬੂੰਦ ਨੂੰ ਤਰਸਦਾ ਹੈ। 22. ਸਰਗੁਣ ਜਾਂ ਰੂਪ ਵਾਲਾ। 23. ਨਿਰਗੁਣ ਜਾਂ ਅਰੂਪ। 24. ਅਧੀਨ। 25. ਅਸਫਲ। 26. ਉਚਤਮ ਪਦਵੀ ਦੀ। 27. ਤਲਵਾਰ। 28. ਕੰਮ। 29. ਸਫਲ। 30. ਬਖਸ਼ਸ਼। 31. ਲੇਖ। 32. ਦੁਖ।

* ਪਿਛਲੇ ਸਫੇ ਦੇ ਝੂਲਣੇ ਤੋਂ ਪਿਛੋਂ ਇਥੋਂ ਤਕ ਬੈਂਤ ਛੰਦ ਹੀ ਚਲਿਆ ਹੈ ਅਤੇ ਇਸ ਵਿਚ ਫਾਰਸੀ ਸ਼ਬਦਾਂ ਦੀ ਵਰਤੋਂ ਆਮ ਹੋਈ ਹੈ। ਬੈਤ ਵੀ ਵਲੇ ਦਾ, ਜਦੋਂ ਚਾਤ੍ਰਿਕ ਜੀ ਲਿਖ ਰਹੇ ਸਨ, ਆਮ ਰਿਵਾਜ ਸੀ। ਉਂਜ ਇਸ ਬੈਂਤ ਵਿਚ ਕਵੀ ਨੇ ਅਨੁਪ੍ਰਾਸ ਦੀ ਵਰਤੋਂ ਕਰਕੇ ਅਤੇ ਨਾਲ ਹੀ ਪ੍ਰਮਾਤਮਾ ਦੀ ਵਿਆਪਕਤਾ ਦਸਣ ਲਈ ਬਹੁਤ ਸਾਰੀਆਂ ਮਿਸਾਲਾਂ ਲਭ ਕੇ ਆਪਣੀ ਕਾਵਿ-ਕਲਾ ਤੇ ਕਲਪਨਾ ਦੋਹਾਂ ਦਾ ਸੁੰਦਰ ਪ੍ਰਮਾਣ ਦਿਤਾ ਹੈ। ਰਵਾਨੀ ਤੇ ਲੈਅ ਵੀ ਬਹੁਤ ਸੁੰਦਰ ਭਾਂਤ ਨਿਭਾਈ ਹੈ।

ਗਫਾਰ[1] ਤੂੰ ਮੈਂ ਗੁਨਹਗਾਰਾ ਭਾਰਾ, ਬਖਸ਼ਸ਼ ਨਾਲ ਏਹ ਨੀਚ ਖੁਸ਼ਹਾਲ[2] ਕਰ ਦੇ।
ਰਿਹਾ ਕੱਚ[3] ਵਿਹਾਜਦਾ ਵਿਚ ਦੁਨੀਆਂ, ਤੂੰ ਕ੍ਰਿਪਾਲ ਹੋ ਕੇ ਏਹੋ ਲਾਲ ਕਰ ਦੇ।
ਰਤੀ[4] ਆਪਣੀ ਦਾ ਦੇ ਕੇ ਮਾਲ ਦੌਲਤ, ਮੈਂ ਕੰਗਾਲ ਤਾਈ ਮਾਲਾਮਾਲ ਕਰ ਦੇ।
ਤੇਰੀ ਮਦਦ ਹਰ ਹਾਲ ਵਿਚ ਨਾਲ ਹੋਵੇ, ਚਾਤ੍ਰਿਕ ਨੀਚ ਦਾ ਪੂਰਾ ਸਵਾਲ ਕਰ ਦੇ।
ਕੋਈ ਕਰਮ ਤੇ ਧਰੰਮ ਨਾ ਮੂਲ ਕੀਤਾ; ਇਮਤਿਹਾਨ ਦੇ ਵਿਚ ਨਾ ਪਾਈਂ ਸਾਈਂ।
ਸ਼ਹੁ ਦਰਯਾਇ[5] ਸੰਸਾਰ ਨਾ ਜਾਇ ਤਰਿਆ, ਪੱਥਰ ਮਿਹਰ ਦੇ ਨਾਲ ਤਰਾਈਂ ਸਾਈਂ।
ਜਿਵੇਂ ਦਰੋਪਤਾ[6] ਦੀ ਲਾਜ ਆਨ ਰੱਖੀ, ਤਿਵੇਂ ਅਸਾਂ ਦੀ ਲਾਜ ਰਖਾਈਂ ਸਾਈਂ।
ਅਜਾਮਲ[7] ਪਾਪੀ ਜਿਵੇਂ ਤਾਰਿਓ ਈ, ਤਿਵੇਂ ਡੁਬਦਿਆਂ ਨੂੰ ਬੰਨੇ ਲਾਈਂ ਸਾਈਂ।
ਸਾਡੇ ਅਮਲਾਂ[8] ਦੇ ਵੱਲ ਨਾ ਜਾਈਂ ਸਾਈਂ, ਆਪਣੇ ਕਰਮ[9] ਥੀਂ ਪਾਰ ਲੰਘਾਈਂ ਸਾਈਂ।
ਤੂੰ ਹੈਂ ਬਾਪ ਮਾਈ ਤੂੰ ਹੈਂ ਭੈਣ ਭਾਈ, ਤੂੰ ਸਹਾਈ ਹਰਦਮ ਹਰ ਹਰ ਥਾਈਂ ਸਾਈਂ।
ਤੂੰ ਹੈਂ ਆਸਰਾ ਅਤੇ ਆਧਾਰ ਸਾਡਾ, ਤੂੰ ਹੀਂ ਤਾਰਨੇ ਹਾਰ ਗੁਸਾਈਂ ਸਾਈਂ।
ਚਾਤ੍ਰਿਕ ਤੁਧ ਦੇ ਮਾਣ ਤੇ ਕਲਮ ਪਕੜੀ, ਤੂੰ ਹੀਂ ਏਸ ਨੂੰ ਤੋੜ ਨਿਭਾਈਂ ਸਾਈਂ।

ਉਸਤਤੀ ਸਤਿਗੁਰਾਂ ਦੀ

*ਦੋਹਰਾ— ਬੰਦੋ[10] ਸ੍ਰੀ ਗੁਰੂ ਚਰਨ ਦੇ, ਜੋ ਅਨਾਥ ਕੇ ਨਾਥ।
ਭਵ ਸਾਗਰ[11] ਸੇ ਤਾਰਦੇ, ਪਾਪੀ ਫੜ ਫੜ ਹਾਥ।
ਦੋਹਰਾ— ਸ੍ਰੀ ਗੁਰੂ ਨਾਨਕ ਦੇਵ[12] ਕੀ, ਮਹਿਮਾ ਅਪਰ ਅਪਾਰ।
ਕਲੂ ਅੰਧੇਰੀ ਝੁਲਦੀ, ਹੋਏ ਜਗ ਅਵਤਾਰ।

#ਨਾਨਕ ਦੇਵ ਗੁਰਦੇਵ ਦੇ ਚਰਨ ਪਕੜਾਂ, ਜੋ ਹੈ ਜਗਤ ਦਾ ਗੁਰੂ ਅਵਤਾਰ ਸਤਿਗੁਰ।
ਕਲੂਕਾਲ ਦੇ ਵਿਚ ਆ ਬਾਂਹ ਪਕੜੀ, ਕੀਤਾ ਪਾਪ ਸਮੁੰਦਰੋਂ ਪਾਰ ਸਤਿਗੁਰ।
ਪਾਪ ਰਾਜ ਤੋਂ ਰਖਿਆ ਹਥ ਦੇ ਕੇ, ਆਪ ਦੁਖ ਕਲੇਸ਼ ਸਹਾਰ ਸਤਿਗੁਰ।
ਦੇਸ਼ ਦੇਸ਼ ਦੇ ਵਿਚ ਪਰਵੇਸ਼ ਕਰਕੇ, ਸਤਿ ਧਰਮ ਦਾ ਕਰਨ ਪਰਚਾਰ ਸਤਿਗੁਰ।*

---

1. ਬਖਸ਼ਿੰਦ। 2. ਪ੍ਰਸੰਨ। 3. ਝੂਠ। 4. ਪਿਆਰ। 5. ਵਡਾ ਦਰਿਆ ਅਰਥਾਤ ਸਮੁੰਦਰ। 6. ਪੰਜ ਪਾਂਡਵਾਂ ਦੀ ਪਤਨੀ। 7. ਇਕ ਪ੍ਰਸਿਧ ਪਾਪੀ ਜਿਸ ਦੇ ਪੁਤਰ ਦਾ ਨਾਂ ਨਰਾਇਨ ਰਖੇ ਜਾਣ ਕਰਕੇ ਮਰਨ ਵੇਲੇ ਨਰਾਇਨ ਨਰਾਇਨ ਕਰਦਾ ਮੁਕਤ ਹੋਇਆ ਮੰਨਿਆ ਜਾਂਦਾ ਹੈ। 8. ਕੰਮਾਂ। 9. ਬਖਸ਼ਿਸ਼। 10. ਨਮਸਕਾਰ ਕਰਦਾ ਹਾਂ। 11. ਸੰਸਾਰ ਸਮੁੰਦਰ। 12. ਸਿੱਖਾਂ ਦੇ ਪਹਿਲੇ ਗੁਰੂ (1469-1539)।

* ਦੋਹਰਾ ਦੋ ਤੁਕਾਂ ਦਾ ਛੰਦ ਹੈ ਜਿਸ ਦੀ ਹਰ ਤੁਕ ਵਿਚ 24 ਮਾਤਰਾ ਹੁੰਦੀਆਂ ਹਨ ਅਤੇ 13-11 ਉਤੇ ਬਿਸਰਾਮ ਹੁੰਦਾ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਆਏ ਬਹੁਤੇ ਸਲੋਕ ਦੋਹਿਰੇ ਦੇ ਰੂਪ ਵਿਚ ਹੀ ਹਨ।

ਜਿਵੇਂ ਪਿਛੇ ਸੰਕੇਤ ਕਰ ਚੁਕੇ ਹਾਂ, ਇਥੇ ਸਤਿਗੁਰਾਂ ਦੀ ਉਚੇਚੀ ਉਸਤਤੀ ਕਰਨੀ ਭੀ ਇਸ ਗਲ ਦਾ ਪ੍ਰਮਾਣ ਹੈ ਕਿ ਚਾਤ੍ਰਿਕ ਜੀ ਦਾ ਵਧੇਰੇ ਵਿਸ਼ਵਾਸ ਤੇ ਸਿਦਕ ਅਤੇ ਪ੍ਰੇਮ ਸਿਖ ਗੁਰੂਆਂ ਨਾਲ ਰਿਹਾ ਹੈ। ਹੈਰਾਨੀ ਹੈ ਕਿ ਉਨ੍ਹਾਂ ਨੇ ਇਸ ਕਿੱਸੇ ਦੇ ਆਰੰਭ ਵਿਚ ਕਿਸੇ ਦੇਵੀ ਦੇਵਤੇ ਤੇ ਅਵਤਾਰ ਨੂੰ ਨਹੀਂ ਸਿਮਰਿਆ।

* ਦੋਹਾਂ ਦੋਹਰਿਆਂ ਤੋਂ ਪਿਛੋਂ ਫਿਰ ਬੈਂਤ ਸ਼ੁਰੂ ਹੋ ਗਿਆ ਹੈ। ਕਿਉਂਕਿ ਸਮੁਚੀ ਭਾਂਤ ਸਾਰਾ ਕਿੱਸਾ ਬੈਤਾਂ ਵਿਚ ਹੈ। ਸ਼ਾਇਦ ਇਸ ਲਈ ਕਵੀ ਨੇ ਬੈਂਤ ਛੰਦ ਅਰੰਭ ਕਰਨ ਲੱਗਿਆਂ ਬੈਂਤ ਦਾ ਨਾਂ ਦੇਣ ਦੀ ਲੋੜ ਨਹੀਂ ਸਮਝੀ, ਪਰ ਜਿਥੇ ਕੋਈ ਹੋਰ ਛੰਦ ਵਰਤਿਆ ਹੈ, ਆਮ ਉਸ ਦਾ ਨਾਂ ਦਿਤਾ ਹੈ।

ਇਹ ਪ੍ਰਤੀਤ ਹੁੰਦਾ ਹੈ ਕਿ ਬੈਂਤ ਝੂਲਣੇ ਦਾ ਹੀ ਹੋਰ ਸੁਖੈਨ ਕੀਤਾ ਰੂਪ ਹੈ। ਝੂਲਣੇ ਵਿਚ ਵੀ ਇਕ ਸਤਰ ਵਿਚ ਚਾਲੀ ਮਾਤਰਾਂ ਹੁੰਦੀਆਂ ਹਨ ਅਤੇ ਬੈਂਤ ਦੀ ਤੁਕ ਵੀ 40 ਮਾਤਰਾਂ ਦੀ ਹੀ ਹੁੰਦੀ ਹੈ। ਅੰਤਰ ਕੇਵਲ ਇਹ ਹੈ ਕਿ ਝੂਲਣੇ ਵਿਚ ਚਾਰ ਬਿਸਰਾਮ ਹਰ ਤੁਕ ਵਿਚ ਹੁੰਦੇ ਹਨ, ਪਰ ਬੈਂਤ ਵਿਚ ਕੇਵਲ ਦੋ। ਇਸ ਦੀ ਚਾਲ ਵਿਚ ਬੜਾ ਸੁਖਸ਼ਮ ਜਿਹਾ ਅੰਤਰ ਝੂਲਣੇ ਨਾਲੋਂ ਹੈ।

ਦੀਨ ਦੂਨੀ ਦੇ ਬਣੇ ਹਮਾਇਤੀ ਆ, ਪਾਪੀ ਖਲਕ[1] ਦਾ ਕਰਨ ਉਧਾਰ ਸਤਿਗੁਰ।
ਰਖਨਹਾਰ ਸਤਿਗੁਰ, ਢਕਨਹਾਰ ਸਤਿਗੁਰ, ਬਖਸ਼ਨਹਾਰ ਸਤਿਗੁਰ ਤਾਰਨਹਾਰ ਸਤਿਗੁਰ।
ਅਸੀਂ ਪਾਪ ਅਪਰਾਧ ਦੇ ਭਰੇ ਹੋਏ, ਬਖਸ਼ਾਂ ਕਰਨਹਾਰੇ ਬੇਸ਼ੁਮਾਰ ਸਤਿਗੁਰ।
ਪਾਪੀ ਮੂੜ੍ਹ ਮੈਂ ਕਰਮ ਤੇ ਧਰਮ ਬਾਝੋਂ, ਕਾਮੀ, ਛਲੀ ਬੰਦਾ ਗੁਨਾਹਗਾਰ ਸਤਿਗੁਰ।
ਆਪ ਸੱਚੜੇ ਗੁਰੂ ਬਖਸ਼ਿੰਦ ਪੂਰੇ, ਲਿਓ ਨੀਚ ਨਿਮਾਨੜਾ ਤਾਰ ਸਤਿਗੁਰ।
ਓਸੇ ਮੇਹਰ ਦੇ ਨਾਲ ਨਿਹਾਲ ਕਰਿਓ ਜੀਕਰ ਤਾਰਿਆ ਕੁਲ ਸੰਸਾਰ ਸਤਿਗੁਰ।
ਮੈਨੂੰ ਮਾਣ ਨਾ ਆਪਣੀਆਂ ਕਰਨੀਆਂ ਤੇ, ਦੇਖਾਂ ਅਮਲ ਹੋਵਾਂ ਸ਼ਰਮਸਾਰ ਸਤਿਗੁਰ।
ਤਕਵਾ[2] ਆਪਦੀ ਮੇਹਰ ਮੁਹੱਬਤਾਂ ਦਾ, ਕੀਤੀ ਕਾਰ ਦਾ ਨਹੀਂ ਬਲਕਾਰ[3] ਸਤਿਗੁਰ।
ਮੈਨੂੰ ਅਦਲ[4] ਦੀ ਤੱਕੜੀ ਤੋਲਿਓ ਨਾ, ਨਿਰੀ ਆਪਦੀ ਮੇਹਰ ਦਰਕਾਰ[5] ਸਤਿਗੁਰ।
ਹੱਥ ਜੋੜ ਨਿਵਾਇਕੇ ਸੀਸ ਚਾਤ੍ਰਿਕ ਬਾਰੰਬਾਰ ਕਰਦਾ ਨਮਸਕਾਰ ਸਤਿਗੁਰ।

ਉਥਾਨਕ[6]—ਪ੍ਰਸੰਗ ਰਾਜਾ ਨਲ ਤੇ ਰਾਣੀ ਦਮਯੰਤੀ

ਇਕ ਪੁਰਾਣੇ ਜ਼ਮਾਨੇ ਦੀ ਬਾਤ ਆਹੀ, ਸੁਣਿਓ ਹੋਇ ਕੇ ਜ਼ਰਾ ਹੁਸ਼ਿਆਰ ਮਿਤਰੋ।
ਕੌਰਵ[7] ਪਾਂਡਵਾਂ[8] ਦੀ ਜਦੋਂ ਅਮਲਦਾਰੀ[9], ਭਾਰਤ ਵਰਸ਼ ਵਿਚ ਸੀ ਬਰਕਰਾਰ[10] ਮਿਤਰੋ।
ਇਕ ਦਰ ਰਾਜਾ ਦੁਯੋਧਨ[11] ਸ੍ਰਦਾਰ ਹੈਸੀ, ਤੇ ਯੁਧਿਸ਼ਟਰ[12] ਇਕ ਦਰ ਸ਼ਹਰਯਾਰ ਮਿਤਰੋ।
ਆਪਸ ਵਿਚ ਜੋ ਉਨ੍ਹਾਂ ਦੇ ਜੰਗ ਹੋਏ, ਉਹ ਮਸ਼ਹੂਰ ਨੇ ਵਿਚ ਸੰਸਾਰ ਮਿਤਰੋ।
ਭਰਿਆ ਮਹਾਂ-ਭਾਰਤ[13] ਏਸੇ ਜ਼ਿਕਰ ਸੰਦਾ, ਏਥੇ ਦਸਣਾ ਨਹੀਂ ਦਰਕਾਰ ਮਿਤਰੋ।
ਹੋਯਾ ਜਦੋਂ ਬਨਬਾਸ ਸੀ ਪਾਂਡਵਾਂ ਨੂੰ, ਬਾਰਾਂ ਬਰਸ ਦਾ ਕਰਕੇ ਕਰਾਰ ਮਿਤਰੋ।
ਤਦੋਂ ਜੰਗਲੀਂ ਜਾਇ ਕੇ ਦੁਖ ਝਾਗਣ, ਭਾਈ ਪੰਜ ਤੇ ਦਰੋਪਤੀ ਨਾਰ ਮਿਤਰੋ।
ਬਾਣ ਵਿਦਿਆ ਸਿਖਣੇ ਕਾਣ ਅਰਜਨ ਇੰਦ੍ਰਪੁਰੀ[14] ਨੂੰ ਗਿਆ ਸਿਧਾਰ ਮਿਤਰੋ।
ਲਾਇਕ ਭਾਈ ਦੀ ਪਈ ਜੁਦਾਈ ਜਿਸ ਦਮ, ਤਾਂ ਯੁਧਿਸ਼ਟਰ ਹੋਯਾ ਬੇਕ੍ਰਾਰ ਮਿਤਰੋ।
ਵਿਚ ਬਨਵਾਸ ਦੇ ਹੋਰ ਉਦਾਸੀ ਲੱਗੀ, ਵਕਤ ਕੱਟਣਾ ਬੜਾ ਦੁਸ਼ਵਾਰ[15] ਮਿਤਰੋ।
ਓਧਰ ਭੀਮ[16] ਤੇ ਨੁਕਲ[17] ਸਹਿਦੇਵ[18] ਹੋਰੀ, ਭਾਈ ਬਾਝ ਹੋ ਰਹੇ ਲਾਚਾਰ ਮਿਤਰੋ।
ਆਖਣ ਭਾਈ ਨੂੰ ਸਦਿਓ ਭਾਈ ਏਥੇ, ਨਹੀਂ ਤਾਂ ਅਸਾਂ ਨੂੰ ਕਰੋ ਤਯਾਰ ਮਿਤਰੋ।

---

1. ਜਨਤਾ। 2. ਆਸਰਾ। 3. ਬਲ ਸ਼ਕਤੀ। 4. ਨਿਆਂ। 5. ਲੋੜ। 6. ਭੂਮਿਕਾ ਮੁਢ, ਲੋੜੀਂਦਾ ਮੁਢਲਾ ਵੇਰਵਾ। 7. ਰਾਜੇ ਧ੍ਰਿਤਰਾਸ਼ਟਰ ਦੇ 100 ਪੁੱਤਰ।
8. ਪੰਜ ਪਾਂਡਵ ਭਰਾ (ਦਰੋਪਤੀ ਦੇ ਪੰਜ ਪਤੀ) ਜੋ ਪਾਂਡੂ ਰਾਜੇ ਦੀ ਸੰਤਾਨ ਸਨ। ਕੌਰਵਾਂ ਪਾਂਡਵਾਂ ਦਾ ਯੁਧ ਕੁਰਖੇਤਰ ਦੇ ਮੈਦਾਨ ਵਿਚ ਹੋਇਆ ਜੋ ਯੁਧ ਮਹਾਂ ਭਾਰਤ ਅਖਵਾਉਂਦਾ ਹੈ। 9. ਰਾਜ। 10. ਸਥਿਰ। 11. ਕੌਰਵਾਂ ਵਿਚੋਂ ਇਕ।
12. ਪੰਜ ਪਾਂਡੂ ਭਰਾਵਾਂ ਵਿਚੋਂ ਇਕ ਧਰਮੀ ਭਰਾ।
13. ਇਕ ਗ੍ਰੰਥ, ਜਿਸ ਵਿਚ ਕੌਰਵਾਂ ਪਾਂਡਵਾਂ ਦੇ ਯੁਧ ਦਾ ਹਾਲ ਹੈ। ਇਸ ਦੇ ੧੮ ਪਰਵ (ਕਾਂਡ) ਹਨ ਤੇ 220000 ਪੰਕਤੀਆਂ ਇਸ ਦੇ ਕਈ ਸੰਸ਼ੋਧਨ ਹੋ ਚੁੱਕੇ ਹਨ। 14. ਇੰਦਰ ਦੇਵਤਾ ਦੇ ਰਾਜ ਵਿਚ, ਅਰਥਾਤ ਸਵਰਗ।
15. ਔਖਾ। 16. ਪਾਂਡਵਾਂ ਵਿਚੋਂ ਦੂਜਾ ਰਾਜ ਕੁਮਾਰ ਜੋ ਬਹੁਤ ਵਡੇ ਅਕਾਰ ਵਾਲਾ ਸ਼ਕਤੀ ਸ਼ਾਲੀ ਗੁਸੈਲ ਤੇ ਪੇਟੂ ਸੀ।
17-18. ਨਕੁਲ ਤੇ ਸਹਦੇਵ ਪਾਂਡਵਾਂ ਵਿਚੋਂ ਰਾਣੀ ਮਾਦਰੀ ਦੀ ਸੰਤਾਨ ਸਨ ਅਤੇ ਯੁਧਿਸ਼ਟਰ, ਭੀਮਸੈਨ ਤੇ ਅਰਜਨ, ਤਿੰਨ ਰਾਣੀ ਕੁੰਤੀ ਤੋਂ ਸਨ।

ਜੰਗ ਛੇੜੀਏ ਨਾਲ ਦਰਯੋਧਨੇ ਦੇ, ਦੇਈਏ ਓਸ ਨੂੰ ਜਾਨ ਤੋਂ ਮਾਰ ਮਿਤਰੋ।
ਕਰੀਏ ਰਾਜ ਦਾ ਕਾਜ ਬੇਫਿਕਰ ਹੋਕੇ, ਸਾਥੋਂ ਨਹੀਂ ਇਹ ਪੁਜਦੀ ਕਾਰ ਮਿਤਰੋ।
ਅਗੋਂ ਧਰਮ-ਭਾਈ[1] ਇਨ੍ਹਾਂ ਭਾਈਆਂ ਨੂੰ, ਏਹ ਸਮਝਾਂਵਦਾ ਨਾਲ ਪਯਾਰ ਮਿਤਰੋ।
ਬਰਖੁਰਦਾਰ[2] ਓਹ ਵਕਤ ਹੈ ਔਣ ਵਾਲਾ, ਹੋਣੀ ਤੁਸਾਂ ਦੀ ਜਦੋਂ ਜੈਕਾਰ ਮਿਤਰੋ।
ਦੁਸ਼ਮਣ ਹੋਣਗੇ ਸਭ ਪਾਮਾਲ[3] ਸਾਡੇ, ਚਮਕੀ ਤੁਸਾਂ ਦੀ ਜਦੋਂ ਤਲਵਾਰ ਮਿਤਰੋ।
ਐਪਰ ਅਜੇ ਉਹ ਵਕਤ ਦੁਰੇਡੜਾ ਏ, ਥੋੜੀ ਦੇਰ ਦੀ ਹੈ ਇੰਤਜ਼ਾਰ[4] ਮਿਤਰੋ।
ਕਰੋ ਸਬਰ, ਸੰਤੋਖ ਦੇ ਨਾਲ ਬੈਠੋ, ਮਦਦ ਕਰੇਗਾ ਆਪ ਕਰਤਾਰ ਮਿਤਰੋ।
ਭਾਵੇਂ ਇਨ੍ਹਾਂ ਨੂੰ ਰਾਉ ਸਮਝਾਂਵਦਾ ਸੀ, ਐਪਰ ਆਪ ਨੂੰ ਨਹੀਂ ਕਰਾਰ[5] ਮਿਤਰੋ।
ਦੁਖ ਦੇਖ ਕੇ ਸਹੇ ਨਾ ਜਾਣ ਵਾਲੇ, ਤਲਮਲਾਂਵਦਾ ਖਾਂਵਦਾ ਖਾਰ[6] ਮਿਤਰੋ।
ਫੇਰ ਨਾਰ ਪਤਿਬ੍ਰਤਾ ਦਰੋਪਤੀ ਤੇ ਕਜੀਏ ਪਏ ਵਿਚਾਰ ਵਿਚਾਰ ਮਿਤਰੋ।
ਅੱਖਾਂ ਰੋਕਦੇ ਰੋਕਦੇ ਰੁਕਣ ਨਾਹੀਂ, ਸਾਵਣ ਭਾਦਰੋਂ ਦੀ ਲਾਵਨ ਤਾਰ ਮਿਤਰੋ।
ਇਸ ਦੁਖਯਾਰੀ[7] ਵਿਚਾਰੀ ਕੀ ਪਾਪ ਕੀਤੇ ? ਸਾਡੇ ਨਾਲ ਹੋ ਰਹੀ ਖਵਾਰ ਮਿਤਰੋ।
ਏਸੇ ਤਰ੍ਹਾਂ ਉਦਾਸ ਹਰ ਵਕਤ ਰਹਿੰਦਾ, ਗਮਾਂ ਅੰਦਰੋਂ ਲਿਆ ਸੀ ਖਾਰ[8] ਮਿਤਰੋ।
ਇਕ ਦਿਨ ਨਾਲ ਤਕਦੀਰ ਬ੍ਰਿਹਦਸ਼[9] ਨਾਮੀ, ਰਿਖੀ ਆ ਗਏ ਬਨਾਂ ਵਿਚਕਾਰ ਮਿਤਰੋ।
ਦੁਖੀ ਧਰਮ ਨੂੰ ਦੇਖ ਕੇ ਦੁਖ ਵਲੋਂ, ਦੇਂਦੇ ਹੌਂਸਲਾ ਬਚਨ ਉਚਾਰ ਮਿਤਰੋ।
ਰਾਜਾ ਹੌਂਸਲਾ ਅਤੇ ਸੰਤੋਖ ਚਾਹੀਏ, ਦੁਖਾਂ ਪਿਆਂ ਨੂੰ ਲਓ ਸਹਾਰ ਮਿਤਰੋ।
ਦੁਖ ਸੁਖ ਭੋਗਣੇ ਜੀਵ ਨੂੰ ਧੁਰੋਂ ਆਏ, ਕੌਣ ਇਨ੍ਹਾਂ ਤਾਈਂ ਮੇਟਨਹਾਰ ਮਿਤਰੋ।
ਬੜੇ ਬੜੇ ਪਰਮਾਤਮਾ ਅਤੇ ਆਲਮ,[10] ਬੜੇ ਸੂਰਮੇ ਅਹਿਲ[11] ਬਲਕਾਰ ਮਿਤਰੋ।
ਭਾਵੀ[12] ਮੇਟ ਨਾ ਸਕੇ ਭਗਵੰਤ ਸੰਦੀ, ਭਾਵੇਂ ਯਤਨ ਕਰ ਰਹੇ ਹਜ਼ਾਰ ਮਿਤਰੋ।
ਤੁਸੀਂ ਫੇਰ ਇਕ ਥਾਨ ਹੋ ਆਨ ਬੈਠੇ, ਸਣੇ ਇਸਤ੍ਰੀ ਦੇ ਭਾਈ ਚਾਰ ਮਿਤਰੋ।
ਰਾਜਾ ਨਲ ਦਾ ਹਾਲ ਨਾ ਯਾਦ ਤੈਨੂੰ, ਜਿਸ ਤੇ ਦੁਖ ਆਏ ਬੇਸੁਮਾਰ ਮਿਤਰੋ।
ਪੁਤਰ ਨਾਰ ਖੇਰੂੰ ਖੇਰੂੰ ਹੋਏ ਫਿਰਦੇ, ਦੁਖ ਝਾਗਦੇ ਜੰਗਲੀਂ ਬਾਰ[13] ਮਿਤਰੋ।
ਰਾਜ ਭਾਗ ਤਮਾਮ[14] ਬਰਬਾਦ ਹੋਇਆ, ਆਈ ਜੂਏ ਦੇ ਵਿਚ ਜਦ ਹਾਰ ਮਿਤਰੋ।
ਜੇਕਰ ਕਹੋ ਤਾਂ ਕਥਾ ਸੁਣਾ ਦੇਵਾਂ, ਫੇਰ ਲਓ ਦਿਲ ਵਿਚ ਚਿਤਾਰ ਮਿਤਰੋ।
ਕਿ ਸੰਸਾਰ ਅੰਦਰ ਸੁਖੀ ਕੋਈ ਨਾਹੀਂ, ਹਰ ਇਕ ਆਪਣੀ ਜਗਹ ਦੁਖਯਾਰ ਮਿਤਰੋ।
ਰਾਜੇ ਕਿਹਾ ਮਹਾਰਾਜ ਜੀ ਕਰੋ ਕਿਰਪਾ, ਉਹ ਸੁਣਾਵਿਓ ਜੇ ਦਯਾਧਾਰ ਮਿਤਰੋ।
ਕੀਕਰ ਪਿਆ ਸੀ ਵਖਤ ਉਸ ਰਾਉ ਤਾਈਂ, ਕੇੜ੍ਹੇ ਦੇਸ ਦਾ ਸੀ ਓਹ ਸ੍ਰਦਾਰ ਮਿਤਰੋ।
ਚਾਤ੍ਰਿਕ ਰਿਖੀ ਜੀ ਹਾਲ ਸੁਣਾਨ ਲਗੇ, ਕਰ ਪਰਮਾਤਮਾ ਨੂੰ ਨਮਸਕਾਰ ਮਿਤਰੋ।

---

1. ਯੁਧਿਸ਼ਟਰ। 2. ਪਿਆਰਿਆਂ, ਪਰ ਆਮ ਛੋਟੇ ਲਈ ਵਰਤਿਆ ਜਾਂਦਾ ਹੈ। 3. ਅਧੀਨ। 4. ਉਡੀਕ।
5. ਚੈਨ। 6. ਵੈਰ। 7. ਦੁਖਿਆਰੀ ਪੁਰਾਤਨ ਸ਼ਬਦ ਜੋੜ ਵਰਤੇ ਹਨ। 8. ਖੋਰ। 9. ਇਕ ਰਿਸ਼ੀ ਦਾ ਨਾਂ।
10. ਵਿਦਵਾਨ, (ਇਲਮ ਵਾਲੇ)। 11-12. ਹੋਣੀ, ਜਾਂ ਭਾਗ। 13. ਜੰਗਲ। 14. ਸਾਰਾ।

*ਸ਼ੁਰੂ ਪ੍ਰਸੰਗ ਰਾਜਾ ਨਲ ਤੇ ਰਾਣੀ ਦਮਯੰਤੀ ਜ਼ਬਾਨੀ ਬ੍ਰਿਹਦਸ਼ ਰਿਖੀ ਜੀ ਦੀ ਪਹਿਲਾ ਖੰਡ

ਅੱਸੂ ਕਾਤਕੀ ਮਾਂਹ ਬਹਾਰ ਫੁਲੀ, ਖੁਸ਼ ਗਵਾਰ[1] ਮੌਸਮ ਪੁਰ ਬਹਾਰ[2] ਰਾਜਨ।
ਬਾਗੀਂ ਖਿੜੀ ਬਹਾਰ ਚਹਾਰ ਪਾਸੀਂ, ਰਾਹੀ ਰੋਕਦੀ ਖਿੜੀ ਗੁਲਜ਼ਾਰ ਰਾਜਨ।
ਸਬਜ਼ੀ[3] ਨਾਲ ਸੁਹਾਂਵਦੇ ਬ੍ਰਿਛ ਸਾਰੇ, ਪਾਂਦੇ ਅੱਖੀਆਂ ਨੂੰ ਠੰਢ ਠਾਰ ਰਾਜਨ।
ਨਿੰਬੂ, ਸੰਤਰੇ, ਖੱਟਿਆਂ, ਮਿਠਿਆਂ ਦਾ, ਹਰ ਇਕ ਰੁਖ ਪੂਰਾ ਬਾਰਦਾਰ[4] ਰਾਜਨ।
ਇਕ ਦਰ ਨਾਸ਼ਪਾਤੀ, ਇਕ ਦਰ ਸੇਬ ਲੱਗੇ, ਇਕ ਦਰ ਬੀਹ[5] ਅਮਰੂਦ ਅਨਾਰ ਰਾਜਨ।
ਫੁਲਾਂ, ਫਲਾਂ ਦੀ ਲਗੀ ਬਹਾਰ ਸੋਹਣੀ, ਆਵੇ ਕੁਝ ਨਾ ਅੰਤ ਸ਼ੁਮਾਰ ਰਾਜਨ।
ਲਹਿਲ੍ਹਾਈ, ਮੈਹਕਾਈ ਫੁਲਵਾੜੀ ਸਾਰੀ, ਰਾਹੀ ਜਾਂਦਿਆਂ ਕਰੇ ਸਰਸ਼ਾਰ[6] ਰਾਜਨ।
ਪਾਸੋਂ ਲੰਘਦੀ ਲਪਟ ਖੁਸ਼ਬਇ ਸੰਦੀ, ਪਾਕੇ ਹੋਂਵਦੇ ਜਾਨ ਨਿਸਾਰ[7] ਰਾਜਨ।
ਗਿਰਦ ਗਿਰਦ[8] ਉਸ ਚਮਨ[9] ਦੇ ਕੇਲਿਆਂ ਨੂੰ ਲਾਯਾ ਖੂਬ ਕਤਾਰ ਕਤਾਰ ਰਾਜਨ।
ਪੱਕੀ ਖੂਬਸੂਰਤ ਉਸਦੇ ਉਪਰੋਂ ਦੀ, ਚੂੰਨੇ ਗੱਚ[10] ਮਜ਼ਬੂਤ[11] ਦੀਵਾਰ[12] ਰਾਜਨ।
ਉਸਦੀ ਡੇਉਢੀ ਦੀ ਨਾ ਨਜ਼ੀਰ[13] ਲੱਭੇ, ਕਲਸਾਂ ਵਾਲੜੇ ਬਨੇ ਮੀਨਾਰ ਰਾਜਨ।
ਦਰਮਯਾਨ ਉਸ ਚਮਨ ਦੇ ਹੌਜ਼[14] ਸੋਹਣਾ, ਇਰਦ ਗਿਰਦ ਪੈ ਰਹੀ ਫੁਹਾਰ ਰਾਜਨ।
ਫੁਲ ਮੌਸਮੀ ਹੌਜ਼ ਦੇ ਗਿਰਦ ਲਾਏ, ਸੋਹਣੇ ਮੋਹਣੇ ਗਮਲਿਆਂ ਦਾਰ ਰਾਜਨ।
ਚਾਤ੍ਰਿਕ ਸਿਫਤ ਕੀ ਕਰਾਂ ਮੈਂ ਬਾਗ ਸੰਦੀ, ਡਿਠੇ ਸੁਣੇ ਦਾ ਫਰਕ ਹਜ਼ਾਰ ਰਾਜਨ।
ਐਸੇ ਸੋਹਣੇ ਮੋਹਣੇ ਬਾਗ ਸੰਦਾ, ਮਾਲਕ ਸ਼ਾਹ ਇਕ ਸ਼ਾਹ ਸ਼ਾਹਾਨ ਆਹਾ।
ਨਿਖਦ[15] ਦੇਸ ਸੰਦਾ ਬੀਰ ਸੈਨ[16] ਰਾਜਾ, ਉਸਦੀ ਨੇਕ ਨਿਹਾਦ[17] ਸੰਤਾਨ ਆਹਾ।
ਨਾਮ, 'ਨਲ ਨਿਖਦੇਸ਼' ਨਰੇਸ਼[18] ਉਸਦਾ, ਮਸ਼ਹੂਰ ਤਮਾਮ ਜਹਾਨ ਆਹਾ।
ਆਦਲ[19], ਸੂਰਮਾ, ਸੁਘਰ, ਫਰਾਖਸੀਨਾ[20], ਧਰਮੀ, ਬਲੀ ਦਾਤਾ, ਵਿਦਵਾਨ ਆਹਾ।
ਸ਼ੇਰ ਮਰਦ, ਦਲੇਰ, ਚਲਾਨ ਅੰਦਰ, ਉਹ ਸ਼ਮਸ਼ੇਰ ਤੇ ਤੀਰ ਕਮਾਨ ਆਹਾ।
ਅਕਲ ਮੰਦ, ਜ਼ਹੀਨ[21], ਹੁਸੀਨ[22] ਪੂਰਾ, ਇਲਮੋ ਹੁਨਰ[23] ਅੰਦਰ ਆਲੀਸ਼ਾਨ ਆਹਾ।
ਚੜ੍ਹਦੀ ਉਮਰ ਜਵਾਨ ਤੇ ਮੱਸੂ ਭਿੰਨਾ, ਸਰੂ ਕੱਦ ਸੋਹਣਾ ਨੌਜਵਾਨ ਆਹਾ[24]।

---

1. ਖੁਸ਼ੀ ਭਰਿਆ। 2. ਬਸੰਤ ਰੁਤ ਨਾਲ ਭਰਿਆ। 3. ਹਰਿਆਵਲ। 4. ਫਲਦਾਰ (ਰੁਖ)। 5. ਇਕ ਫਲ। 6. ਪ੍ਰਸੰਨ। 7. ਕੁਰਬਾਨ। 8. ਆਲੇ ਦੁਆਲੇ। 9. ਬਾਗ। 10. ਚੂਨੇ ਨਾਲ ਪਲੱਸਤਰ ਹੋਈ ਹੋਈ। 11. ਪੱਕੀ। 12. ਕੰਧ। 13. ਦ੍ਰਿਸ਼ਟਾਂਤ। 14. ਚੁਬੱਚਾ।
15. ਕਮਾਊਂ ਨਾਂ ਦੇ ਇਲਾਕੇ ਦਾ ਇਕ ਹਿਸਾ, ਇਸੇ ਨੂੰ ਨਿਸ਼ਧ ਭੀ ਕਿਹਾ ਹੈ ਤੇ ਕਾਮ ਰੂਪ ਭੀ ਜੋ ਅਸਾਮ ਦਾ ਪਛਮੀ ਇਲਾਕਾ ਹੈ। 16. ਨਲ ਰਾਜੇ ਦੇ ਪਿਤਾ ਦਾ ਨਾਂ। 17. ਜਮਾਂਦਰੂ ਤੌਰ ਤੇ ਭਲਾ, ਅਸਲੋਂ ਹੀ ਭਲਾ। 18. ਰਾਜਾ। 19. ਨਿਆਂਕਾਰ। 20. ਵਿਸ਼ਾਲ ਚਿਤ। 21. ਬੁਧਵਾਨ। 22. ਸੋਹਣਾ। 23. ਵਿਦਿਆ ਤੇ ਕਲਾ।
24. ਲਹਿੰਦੀ ਬੋਲੀ ਦਾ ਸ਼ਬਦ ਹੈ ਅਰਥ ਹਨ 'ਸੀ'। ਸਰਗੋਧੇ ਅਤੇ ਸ਼ਾਹਪੁਰ ਦੇ ਇਲਾਕੇ ਵਿਚ ਆਮ ਵਰਤਿਆ ਜਾਂਦਾ ਹੈ। ਕੇਂਦਰੀ ਪੰਜਾਬੀ ਵਿਚ ਵੀ ਕੁਝ ਕੁ ਲਹਿੰਦੀ ਤੇ ਪੋਠੋਹਾਰੀ ਸ਼ਬਦ ਵਰਤਣ ਦਾ ਰਵਾਜ ਪੰਜਾਬੀ ਦੇ ਮੁਢ ਤੋਂ ਹੀ ਹੈ ਜਿਵੇ ਕਿ ਫਰੀਦ ਅਤੇ ਗੁਰਬਾਣੀ ਵਿਚ ਦੇਖਿਆ ਜਾ ਸਕਦਾ ਹੈ।

* ਸਿਰਲੇਖ ਦੇ ਸ਼ਬਦ ਪੜ੍ਹਕੇ ਪਾਠਕ ਦੇਖ ਸਕਣਗੇ ਕਿ ਵਾਰਤਕ ਵਿਚ ਸ਼ਬਦਾਂ ਦੀ ਵਿਉਂਤ ਆਮ ਵਿਆਕਰਣ ਅਨੁਸਾਰ ਨਹੀਂ ਸਗੋਂ ਕਵਿਤਾ ਵਾਂਗ ਵਾਕੰਸ਼ਾਂ ਅਗੜ ਪਿਛੜ ਹਨ। ਇਹ ਫਾਰਸੀ ਦਾ ਅਸਰ ਹੈ। ਪੁਰਾਣੇ ਸਾਰੇ ਹੀ ਕਿੱਸਿਆਂ ਵਿਚ ਕਵਿਤਾ ਪੰਜਾਬੀ ਦੀ ਹੈ, ਪਰ ਇਹੋ ਜਹੇ ਸਿਰਲੇਖ, ਫਾਰਸੀ ਸ਼ਬਦਾਂ ਵਿਚ ਹਨ ਜਿਵੇਂ ਮਾਕੂਲਾ ਸ਼ਾਇਰ (ਕਵਿਯੋ ਵਾਚ) ਇਵੇਂ ਹੀ ਇਥੇ ਬ੍ਰਿਹਦਸ਼ ਰਿਸ਼ੀ ਜੀ ਦੀ ਜ਼ਬਾਨੀ ਕਹਿਣ ਦੀ ਥਾਂ ਅਨੁਵਾਦ ਕੀਤਾ ਗਿਆ ਹੈ (ਬਜ਼ੁਬਾਨ ਬ੍ਰਿਹਦਸ਼ ਰਿਸੀ)।

ਉਹ ਅਕੀਲ[1], ਸਜੀਲ, ਅਸੀਲ, ਬਾਂਦਾ, ਡੀਲ ਖੂਬਸੂਰਤ ਪਹਿਲਵਾਨ ਆਹਾ।
ਤੀਰ ਅੰਦਾਜ਼ ਸਵਾਰ ਤੇ ਰਾਜ ਨੇਤਾ, ਦੁਖੀ ਦੀਨ ਉਤੇ ਦੇਂਦਾ ਜਾਨ ਆਹਾ।
ਧਰਮ ਵਿਦਿਆ ਵੇਦ[2] ਪੁਰਾਣ[3] ਠਾਰਾਂ, ਸਾਰਾ ਓਸਦੇ ਨੋਕ ਜ਼ਬਾਨ[4] ਆਹਾ।
ਕਰੇ ਅਦਲ[5] ਬੇਬਦਲ[6] ਰਅੱਯਤਾਂ[7] ਦਾ, ਰਖੇ ਮਾਪਿਆਂ ਵਾਂਗ ਧਿਆਨ ਆਹਾ।
ਜ਼ੋਰ ਜ਼ੁਲਮ ਦਾ ਨਾਮ ਨਾ ਪਏ ਕੰਨੀ, ਐਸਾ ਸਤਿਆਵਾਨ[8] ਸੁਲਤਾਨ ਆਹਾ।
ਚੌਪਟ[9] ਨਰਦ[10] ਸਤਰੰਜ[11] ਦੀ ਖੰਡ ਅੰਦਰ, ਆਵੇ ਨਜ਼ਰ ਨਾ ਓਸਦੀ ਸਾਨ ਆਹਾ।
ਜੂਏ ਵਿਚ ਮੁਸਤਾਕ[12] ਚਲਾਕ ਐਸਾ, ਜਿਸਦੀ ਸਿਫਤ ਦਾ ਨਹੀਂ ਬਿਆਨ ਆਹਾ।
ਨੇਕੀ ਸੀਰਤੀ[13] ਤੇ ਖੂਬਸੂਰਤੀ ਦਾ, ਅਸਲੋਂ ਦੇਵਤਾ ਸ਼ਕਲ ਇਨਸਾਨ ਆਹਾ।
ਇਨ੍ਹਾਂ ਖੂਬੀਆਂ ਦੀ ਹੀ ਤੁਫੈਲ[14] ਚਾਤ੍ਰਿਕ, ਛੋਟੀ ਉਮਰ ਮਿਲਿਆ ਰਾਜ ਮਾਨ ਆਹਾ।
ਬੀਰ ਸਨ ਮਹਾਰਾਜ ਦੀ ਆਲ[15] ਅੰਦਰ, ਜੇਠਾ ਆਹਾ ਰਾਜਾ ਨਲ ਭਾਈ।
ਉਹਦੇ ਰਾਜ ਦੀ ਸਿਫਤ ਕੀ ਕਰਾਂ ਏਥੇ, ਆਖਣ ਗਚਰੀ ਨਾ ਕੋਈ ਗੱਲ ਭਾਈ।
ਰੱਯਤ ਖੁਸ਼ੀ ਤੇ ਰਾਉ ਖੁਰਸਦ[16] ਵਸੇ, ਐਸ਼ ਇਸ਼ਰਤ[17] ਰੰਗ ਮਹੱਲ ਭਾਈ।
ਸ਼ੇਰ ਬੱਕਰੀ ਵਾਸਤੇ ਘਾਟ ਇਕੋ, ਕੱਠੇ ਪੀਂਵਦੇ ਰੱਲ ਕੇ ਜਲ ਭਾਈ।
ਹੁੰਦੇ ਜੱਗ[18] ਤੇ ਦਾਨ ਸਨਮਾਨ ਪੂਜਾ, ਸਦਾ-ਬਰਤ[19] ਰਹੇ ਲੰਗਰ ਚੱਲ ਭਾਈ।
ਹਾਕਮ ਰਹਿਮ ਵਾਲਾ ਖਲਕਤ ਧਰਮ ਵਾਲੀ, ਕੋਈ ਕਰੇ ਨਾਹੀ ਵਲ ਛਲ ਭਾਈ।
ਰੱਯਤ ਸ਼ਾਦ[20] ਤੇ ਮੁਲਕ ਆਬਾਦ ਵੱਸੇ, ਬਾ-ਮੁਰਾਦ[21] ਸਭੇ ਫੂਲ ਫਲ ਭਾਈ।
ਸ਼ੋਹਦਾ[22] ਮੰਗਤਾ ਕਿਤੇ ਨਾ ਨਜ਼ਰ ਆਵੇ, ਬੱਝੀ ਘਰਾਂ ਤੇ ਲਖ ਦੀ ਢਲ[23] ਭਾਈ।
ਸ਼ਾਹਨਸ਼ਾਹ ਰਾਜਾ ਨਲ ਬਲ ਵਾਲਾ, ਕੋਈ ਤੇਜ਼ ਨਾ ਸਕਦਾ ਝੱਲ ਭਾਈ।
ਵਾਲੀ ਪਾਲੀ ਉਸ ਬਾਗ ਦਾ ਮਾਲੀ ਬਣਕੇ, ਅਕਲ ਆਦਲੀ ਦੀ ਖੱਟੀ ਭਲ[24] ਭਾਈ।
ਰਾਜ ਕਾਜ ਦੇ ਵਿਚ ਫਹੀਮ[25] ਜੀਕਰ, ਓਸੇ ਤਰਹ ਅੰਦਰ ਪਾਸਾ ਭਲ[26] ਭਾਈ।
ਚਾਤ੍ਰਿਕ ਰਾਮ ਦਾ ਭਗਤ ਤੇ ਸੰਤ ਸੇਵੀ, ਸਾਂਈ ਯਾਦ ਰਖੇ ਪਲ ਪਲ ਭਾਈ।
ਖੂਬਸੂਰਤੀ ਓਸਦੀ ਦਸਣੇ ਨੂੰ, ਆਵੇ ਨਜ਼ਰ ਨਾ ਕੋਈ ਨਜ਼ੀਰ[27] ਬਨ ਕੇ।
ਇੰਦਰਪੁਰੀ ਤੋਂ ਮੇਨਕਾ[28] ਉਰਵਸੀ[29] ਭੀ, ਵੇਖ ਹੋਂਵਦੀ ਖੜੀ ਤਸਵੀਰ ਬਨ ਕੇ।
ਕਾਮਦੇਵ[30] ਭੀ ਓਸ ਦਾ ਭਰੇ ਪਾਣੀ, ਅਗੇ ਓਸ ਦੇ ਚਲਦਾ ਨੀਰ ਬਨ ਕੇ।

---

1. ਅਕਲ ਵਾਲਾ। 2. ਹਿੰਦੂਆਂ ਦੇ ਚਾਰ ਧਾਰਮਿਕ ਗ੍ਰੰਥ ਜੋ ਸੰਸਾਰ ਦੇ ਸਭ ਤੋਂ ਪੁਰਾਣੇ ਗ੍ਰੰਥ ਮੰਨੇ ਗਏ ਹਨ।
3. ਪੁਰਾਤਨ ਰਾਜਿਆਂ ਮਹਾਰਾਜਿਆਂ ਦੀਆਂ ਇਤਿਹਾਸਿਕ ਤੇ ਮਿਥਿਹਾਸਕ ਕਥਾਵਾਂ ਦੇ ਸੰਗ੍ਰਹਿ ਵਾਲੇ ਅਠਾਰਾਂ ਗ੍ਰੰਥ।
4. ਜ਼ਬਾਨੀ ਯਾਦ। 5. ਇਨਸਾਫ। 6. ਪੱਕਾ। 7. ਜੰਨਤਾ। 8. ਸ਼ਕਤੀਵਾਲਾ।
9-10-11. ਘਰ ਵਿਚ ਬਹਿ ਕੇ ਖੇਡਣ ਵਾਲੀਆਂ ਦੋਵੇਂ ਖੇਡਾਂ, ਚੌਪਟ ਅਤੇ ਸ਼ਤਰੰਜ ਜਿਨ੍ਹਾਂ ਵਿਚ ਮੋਹਰੇ ਤੇ ਨਰਦਾਂ ਸੰਸਾਰ ਦੀਆਂ ਵਿਸ਼ੇਸ਼ ਹਸਤੀਆਂ ਦੀਆਂ ਪ੍ਰਤੀਨਿਧ ਹੁੰਦੀਆਂ ਹਨ। ਇਨ੍ਹਾਂ ਵਿਚ ਦਿਮਾਗ ਬਹੁਤ ਲਗਦਾ ਹੈ।
12. ਚਾਹਵਾਨ, ਸ਼ੁਕੀਨ। 13. ਨੇਕ ਸੁਭਾਅ ਦਾ, ਮਿੱਠਾ। 14. ਸਦਕਾ। 15. ਉਲਾਦ। 16. ਖੁਸ਼ੀ।
17. ਮੌਜ ਮੇਲਾ। 18. ਯੱਗ। 19. ਲੰਗਰ। 20. ਖੁਸ਼। 21. ਜਿਨ੍ਹਾਂ ਦੀਆਂ ਇਛਾ ਪੂਰੀਆਂ ਹੋਈਆਂ ਹੋਣ।
22. ਗਰੀਬ ਵਿਚਾਰਾ।
23. ਪੁਰਾਣਾ ਰਿਵਾਜ ਸੀ ਕਿ ਜਿਸ ਆਦਮੀ ਕੋਲ ਇਕ ਲਖ ਰੁਪਿਆ ਹੋ ਜਾਂਦਾ, ਉਹ ਆਪਣੇ ਮਕਾਨ ਉਤੇ ਧੁਜਾ ਅਰਥਾਤ ਝੰਡਾ ਲਾ ਲੈਂਦਾ ਜਾਂ ਕਿਸੇ ਹੋਰ ਤਰੀਕੇ ਨਾਲ ਦਸਦਾ ਕਿ ਮੈਂ ਲਖਪਤੀ ਹੋ ਗਿਆ ਹਾਂ। ਘਰਾਂ ਉਤੇ ਲੱਖ ਦੀ ਢਲ ਬਝਣੀ ਉਸ ਰਿਵਾਜ ਵਲ ਇਸ਼ਾਰਾ ਹੈ। 24. ਇਜ਼ਤ। 25. ਸਿਆਣਾ। 26. ਸ਼ਤਰੰਜ ਦੀ ਖੇਡ ਵਿਚ ਵੀ ਮਾਹਰ।
27. ਦ੍ਰਿਸ਼ਟਾਂਤ। 28-29. ਇੰਦ੍ਰ ਰਾਜੇ ਦੀਆਂ ਦੋ ਅਭਿਨੇਤਰੀਆਂ ਦੇ ਨਾਂ ਜੋ ਅਪੱਛਰਾਂ ਮੰਨੀਆਂ ਜਾਂਦੀਆਂ ਹਨ।
30. ਪਿਆਰ ਦਾ ਦੇਵਤਾ, ਜੋ ਬਹੁਤ ਸੁੰਦਰ ਮੰਨਿਆ ਜਾਂਦਾ ਹੈ।

ਜੋ ਅਪੱਛਰਾ[1] ਜੱਛ[2], ਗੰਧਰਬ[3] ਆਵਣ, ਕਦਮ ਚੁੰਮਦੇ ਵੇਖ ਅਧੀਰ[4] ਬਨ ਕੇ।
ਯੂਸਫ[5] ਸਾਨੀ[6] ਭੀ ਹੋਂਵਦੇ ਪਾਨੀ[7] ਪਾਨੀ, ਨਿਕਲ ਜਾਂਵਦੇ ਦੂਰ ਫਕੀਰ ਬਨ ਕੇ।
ਮਾਤ ਪਏ ਮਾਹਤਾਬ[8] ਦੀ ਰੋਸ਼ਨੀ ਭੀ, ਲਏ ਮੁਖ ਛਪਾ ਹਕੀਰ[9] ਬਨ ਕੇ।
ਆਫਤਾਬ[10] ਬੇਆਬ[11] ਹੋ ਜਾਏ ਫੌਰਨ[12], ਕਰੇ ਰੋਸ਼ਨੀ ਨਜ਼ਰ ਨਜ਼ੀਰ ਬਨ ਕੇ।
ਇੰਦਰਜੀਤ ਬਲਿਹਾਰ ਨਸਾਰ[13] ਹੋਵੇ, ਜਦੋਂ ਨਿਕਲੇ ਏਹ ਸੂਰਬੀਰ ਬਨ ਕੇ।
ਕੁੰਦਨ[14] ਵਾਂਗ ਸੀ ਚਮਕਦਾ ਜਿਸਮ ਉਸਦਾ, ਘੜਯਾ ਘਾੜ ਦੇ ਵਿਚ ਸਰੀਰ ਬਨ ਕੇ।
ਕਟਕ[15] ਹੁਸਨ[16] ਦੇ ਹੋਨ ਮਗਲੂਰ[17] ਮਾਰੇ, ਜਦੋਂ ਨਿਕਲੇ ਅਹਿਲ ਸ਼ਮਸ਼ੀਰ[18] ਬਨ ਕੇ।
ਸ਼ਮਾਂ[19] ਜਗੀ ਜਹਾਨ ਦੇ ਚਾਨਣੇ ਨੂੰ, ਨਲ ਨਾਮ ਦੀ ਨਾਲ ਤਕਦੀਰ[20] ਬਨ ਕੇ।
ਚਾਤ੍ਰਿਕ ਕਿਸਮਤਾਂ ਜਿਸਦੀਆਂ ਨੇਕ ਹੋਸਨ ਬਹਿਸੀ ਨਾਲ ਇਸਦੇ ਬਗਲਗੀਰ[21] ਬਨ ਕੇ।

ਰਾਜਾ ਨਲ ਦਾ ਬਾਗ ਵਿਚ ਆਉਣਾ

ਇਕ ਦਿਨ ਨੇਮ ਅਨੁਸਾਰ ਸਵੇਰ ਵੇਲ, ਮਹਾਰਾਜ ਆਏ ਬਾਗ ਚਲ ਪਯਾਰੇ।
ਗਿਰਦੇ ਹੌਜ਼ ਦੇ ਮੌਜ[22] ਫੁਹਾਰਿਆਂ ਦੀ, ਵੇਖਨ ਵਾਸਤੇ ਰਹੇ ਟਹਿਲ ਪਯਾਰੇ।
ਕੁਦਰਤ ਨਾਲ ਉਸ ਚਮਨ ਦੇ ਉਪਰੋਂ ਦੀ, ਇਕ ਲੰਘਯਾ ਹੰਸਾਂ ਦਾ ਦਲ[23] ਪਯਾਰੇ।
ਖੂਬਸੂਰਤੀ ਦੇਖਕੇ ਬਾਗ ਸੰਦੀ, ਅਗਾਂਹ ਸਕਦੇ ਹਲ ਨਾ ਚੱਲ ਪਯਾਰੇ।
ਉਤਰੀ ਡਾਰ ਇਹ ਜੀਉ ਵਿਚ ਧਾਰ ਆਸ਼ਾ, ਠੰਢੇ ਠਾਰ ਹੋਈਏ ਪੀਕੇ ਜਲ ਪਯਾਰੇ।
ਅਸਾਂ ਬਾਗ ਜਹਾਨ ਤੇ ਵੇਖਿਆ ਏ, ਕਿਤੇ ਚਲ ਕੇ ਕਰਾਂਗੇ ਗੱਲ ਪਯਾਰੇ।
ਜਦੋਂ ਉਤਰਕੇ ਹੌਜ਼ ਤੇ ਆਣ ਬੈਠੇ, ਰਾਜੇ ਨਜ਼ਰ ਮਾਰੀ ਇਨ੍ਹਾਂ ਵਲ ਪਯਾਰੇ।
ਦੇਖ ਸੋਹਣੀ ਸ਼ਕਲ ਅਜੈਬ ਪੰਛੀ, ਰਾਜਾ ਜੀਉ ਨਾ ਸਕਿਆ ਠੱਲ ਪਯਾਰੇ।
ਅਖਤਿਆਰ[24] ਨਾ ਰਿਹਾ ਸਰੀਰ ਉਤੇ, ਹਥ ਸਕੇ ਨਾ ਪਕੜਨੋਂ ਟੱਲ ਪਯਾਰੇ।
ਕੀਤਾ ਝੱਟ ਪਰ ਉਖੜੀ ਡਾਰ ਅਗੋਂ, ਬੜਾ ਬਲ ਲਾਯਾ ਰਾਜੇ ਨਲ ਪਯਾਰੇ।
ਇਕ ਹੰਸ ਸਰਦਾਰ ਜੋ ਸਭ ਦਾ ਸੀ, ਆਯਾ ਰਾਉ ਦੇ ਹਥ ਅਚੱਲ ਪਯਾਰੇ।
ਹੰਸ ਰਾਉ ਨੂੰ ਆਉਂਦਿਆਂ ਦੇਖ ਕਰਕੇ, ਓਹਦਾ ਤੇਜ ਨਾ ਸਕਿਆ ਝੱਲ ਪਯਾਰੇ।
ਪਰੇਸ਼ਾਨ ਹੈਰਾਨ, ਕੁਰਬਾਨ ਹੋਯਾ, ਸ਼ਕਲ ਵੇਖ ਹੋ ਰਿਹਾ ਬੇਕਲ[25] ਪਯਾਰੇ।
ਏਸੇ ਸੋਚ ਅੰਦਰ ਗ੍ਰਿਫਤਾਰ[26] ਹੋਇਆ, ਰੂਪ ਰਾਉ ਦੇ ਨੇ ਲਿਆ ਛਲ ਪਯਾਰੇ।

---

1. ਕਈਆਂ ਰਿਸ਼ੀਆਂ ਦਾ ਤਪ ਭੰਗ ਕਰਨ ਵਾਲੀਆਂ। ਸਮੁੰਦਰ ਰਿੜਕਣ ਉੱਤੇ ਪਾਣੀ ਵਿਚ ਨਿਕਲੀਆਂ ਸੁੰਦਰੀਆਂ ਜਿਨ੍ਹਾਂ ਵਿਚੋਂ ਉਰਵਸੀ ਪ੍ਰਸਿਧ ਹੈ। 2. ਕੁਬੇਰ ਦੀ ਸੇਵਾ ਵਿਚ ਰਹਿਣ ਵਾਲੇ ਦੇਵਤੇ।
3. ਦੇਵ ਲੋਕ ਦੇ ਗਵਈਏ, ਅਥਰਵ ਵੇਦ ਵਿਚ 6333 ਗੰਧਰਵ ਦੱਸੇ ਹਨ ਅਤੇ ਇਨ੍ਹਾਂ ਦੀਆਂ 8 ਕਿਸਮਾਂ ਹਨ।
4. ਧੀਰਜ ਛੱਡ ਕੇ।
5. ਮੁਸਲਮਾਨਾਂ ਤੇ ਈਸਾਈਆਂ ਵਿਚ ਇਕ ਪ੍ਰਸਿਧ ਪੈਗੰਬਰ ਜਿਸਦੀ ਸੁੰਦਰਤਾ ਦੀਆਂ ਕਈ ਕਹਾਣੀਆਂ ਹਨ, ਜਿਨ੍ਹਾਂ ਵਿਚੋਂ ਯੂਸਫ ਜੁਲੈਖਾਂ ਦੀ ਪ੍ਰੇਮ ਕਥਾ ਬਹੁਤ ਪ੍ਰਸਿਧ ਹੈ।
6. ਵਰਗਾ। 7. ਪਾਣੀ, ਸਾਨੀ ਦੇ ਨਾਲ ਅਨੁਪ੍ਰਾਸ ਬਣਾਉਣ ਲਈ ਸ਼ਬਦ-ਜੋੜ ਬਦਲੇ ਹਨ। 8. ਚੰਨ ਜਾਂ ਚੰਦਰਮਾ।
9. ਨਿਮਾਣਾ। 10. ਸੂਰਜ। 11. ਚਮਕ ਰਹਿਤ। 12. ਛੇਤੀ। 13. ਕੁਰਬਾਨ। 14. ਸੋਨਾ। 15. ਫੌਜ।
16. ਸੁੰਦਰਤਾ। 17. ਰੋਹਬ ਮੰਨਣ ਵਾਲੇ, ਅਧੀਨ। 18. ਤੇਗ ਦੇ ਧਨੀ, ਤਲਵਾਰ ਧਾਰੀ। 19. ਜੋਤੀ।
20. ਕਿਸਮਤ। 21. ਜਫੀ ਵਿਚ। 22. ਲਹਿਰ। 23. ਡਾਰ ਤੋਂ ਭਾਵ ਹੈ। 24. ਕਾਬੂ। 25. ਬੇਚੈਨ।
26. ਕਾਬੂ ਆਇਆ।

ਐਪਰ ਡਾਰ ਸਰਦਾਰ ਬਿਨ ਬਾਹਰ ਖਲੀ, ਬੇਮੁਹਾਰ[1] ਤਲੀਆਂ ਰਹੀ ਮਲ[2] ਪਯਾਰੇ।
ਛੁਟੇ ਕਦੋਂ ਸਰਦਾਰ ਤੇ ਬਾਹਰ ਆਵੇ, ਬਨਕੇ ਡਾਰ ਫਿਰ ਉਡੀਏ ਰਲ ਪਯਾਰੇ।
ਏਧਰ ਰਾਉ ਇਸ ਨਾਲ ਕਲੋਲ ਕਰ ਕਰ, ਰਿਹਾ ਆਪਨਾ ਜੀਉ ਉਛਲ ਪਯਾਰੇ।
ਚਾਤ੍ਰਿਕ ਏਤਨੇ ਨੂੰ ਰਾਜੇ ਪਾਸ ਆਈ, ਦਾਸੀ ਇਕ ਲੈਕੇ ਫੂਲ ਫਲ ਪਯਾਰੇ।

ਦਾਸੀ ਦੀ ਬੇਨਤੀ

ਦਾਸੀ ਦੇਖ ਕੇ ਹਥ ਦੇ ਵਿਚ ਫੜਿਆ, ਹੰਸ ਸੋਹਣਾ ਰੂਪ ਸਿੰਗਾਰਿਆ ਜੇ।
ਕਹਿੰਦੀ ਰਾਉ ਨੂੰ ਬੜੀ ਬੇਤਾਬ[3] ਹੋਕੇ, ਮਹਾਰਾਜ ਅੰਧੇਰ ਕੀ ਮਾਰਿਆ ਜੇ।
ਕੀਤਾ ਗਜ਼ਬ[4] ਹਜੂਰ ਨੇ ਬੜਾ ਭਾਰਾ, ਮੈਥੋਂ ਵੇਖ ਨਾ ਗਿਆ ਸਹਾਰਿਆ ਜੇ।
ਇਹ ਤਾਂ ਹੰਸ ਦਮਯੰਤ ਦੇ ਸਵਰਨ[5] ਰੰਗੇ, ਤੁਸਾਂ ਰੰਗ ਤੋਂ ਨਹੀਂ ਵਿਚਾਰਿਆ ਜੇ।
ਉਸਦੇ ਹੰਸ ਮਸ਼ਹੂਰ ਨੇ ਜਗ ਉਤੇ, ਕਦੇ ਕਿਸੇ ਨੇ ਨਹੀਂ ਖੁਲਿਆਰਿਆ ਜੇ।
ਮਾਹ ਜ਼ਬੀਨ[6] ਹੁਸੀਨ[7] ਦਮਯੰਤ ਰਾਣੀ ਨਾਜ਼ਨੀਨ[8] ਨੂੰ ਨਹੀਂ ਚਿਤਾਰਿਆ ਜੇ।
ਰਾਜੇ ਭੀਮ[9] ਬਿਦਰਭ[10] ਦੀ ਪੁਤਰੀ ਦਾ, ਏਹ ਤਾਂ ਹੰਸ ਸਵਰਨ ਸਿੰਗਾਰਿਆ ਜੇ।
ਚਾਤ੍ਰਿਕ ਝੱਬ ਖਲਾਸ ਕਰ ਦਿਓ ਇਸਨੂੰ, ਇਸ ਗਰੀਬ ਨਾ ਕੁਝ ਵਿਗਾੜਿਆ ਜੇ।

ਫੁਰਮਾਨ ਰਾਜਾ

ਰਾਜੇ ਆਖਿਆ ਹੌਸਲੇ ਨਾਲ ਅਗੋਂ, ਤੇਰੇ ਗੁੰਮ ਕਿਉਂ ਹੋਏ ਹਵਾਸ[11] ਦਾਸੀ।
ਕੀ ਅੰਧੇਰ ਹੋਇਆ ਪੰਛੀ ਪਕੜਿਆ ਤਾਂ, ਕਾਹਨੂੰ ਏਤਨੀ ਹੋਈ ਉਦਾਸ ਦਾਸੀ ?
ਰਾਜਾ ਭੀਮ ਕੀ ਬੜਾ ਬਲਕਾਰ ਵਾਲਾ, ਕੀਤੇ ਨਲ ਕਮਜ਼ੋਰ ਕਿਆਰ[12] ਦਾਸੀ ?
ਸੋਹਣਾ ਵੇਖ ਕੇ ਲਲਚਿਆ ਜੀ ਮੇਰਾ, ਹੋਰ ਖਾਵਣਾ ਨਹੀਂ ਮੈਂ ਮਾਸ ਦਾਸੀ।
ਮੈਂ ਹੈਰਾਨ ਹਾਂ ਵੇਖ ਕੇ ਸ਼ਕਲ ਇਸਦੀ, ਰੰਗ ਰੂਪ ਇਸਦਾ ਕੋਈ ਖਾਸ ਦਾਸੀ।
ਐਸਾ ਹੰਸ ਮੈਂ ਕਦੇ ਨਾ ਵੇਖਿਆ ਸੀ, ਕਈ ਹੰਸ ਆਏ ਮੇਰੇ ਪਾਸ ਦਾਸੀ।
ਜਿਸਦੇ ਹੰਸ ਇਸ ਤਰ੍ਹਾਂ ਦੇ ਖੂਬਸੂਰਤ, ਖਬਰੇ ਆਪ ਹੋਸੀ ਕੇੜ੍ਹੀ ਰਾਸ[13] ਦਾਸੀ।
ਤੇਰੀ ਗਲ ਤੋਂ ਲਾਲਸਾ ਲਗੀ ਦਿਲ ਨੂੰ, ਜ਼ਰਾ ਓਸਦੇ ਦਸ ਖੁਵਾਸ[14] ਦਾਸੀ।
ਕੌਣ ਦਮਯੰਤੀ ਐਸੇ ਰੂਪ ਵਾਲੀ ? ਜਿਸਦੇ ਨਾਮ ਤੋਂ ਗਈ ਹਰਾਸ[15] ਦਾਸੀ।
ਚਾਤ੍ਰਿਕ ਗਲ ਸੁਣਕੇ ਹੰਸ ਛੱਡ ਦੇਸਾਂ, ਰਖ ਜੀਉ ਦੇ ਵਿਚ ਧਰਵਾਸ ਦਾਸੀ।

1. ਬਿਨਾਂ ਕਾਬੂ। 2. ਪਛਤਾਉਣਾ, ਮੁਹਾਵਰਾ ਹੈ। 3. ਬੇਚੈਨ ਹੋ ਕੇ। 4. ਹਨੇਰ। 5. ਸੋਨਾ।
6. ਚੰਨ ਜੇਹੇ ਮਥੇ ਵਾਲੀ। 7. ਸੋਹਣੀ। 8. ਨਖਰੇਵਾਲੀ। 9. ਦਮਯੰਤੀ ਦੇ ਪਿਤਾ ਦਾ ਨਾਮ।
10. ਇਕ ਇਲਾਕੇ ਦਾ ਨਾਂ, ਜਿਸ ਨੂੰ ਆਮ ਵਿਦਰਭ ਕਹਿੰਦੇ ਹਨ (ਨਾਗਪੁਰ ਦਾ ਆਲਾ ਦੁਆਲਾ)।
11. ਸੋਝੀ। 12. ਸੋਚ। 13. ਨਾਗਪੁਰ। 14. ਲੱਛਣ। 15. ਡਰ।

ਦਾਸੀ ਦਾ ਰਾਜ ਕੰਨਿਆਂ ਦਮਯੰਤੀ ਦੇ ਰੂਪ ਦੀ ਤਾਰੀਫ ਕਰਨੀ

ਮਹਾਰਾਜ ਨਾ ਤਾਬ[1] ਜ਼ਬਾਨ ਅੰਦਰ, ਕਰਾਂ ਓਸਦਾ ਰੂਪ ਬਿਆਨ ਕਿਉਂ ਕਰ ?
ਆਫਤਾਬ[2] ਜਦ ਓਸਦੇ ਪੈਰ ਚੁੰਮੇ, ਆਖਾਂ ਓਸ ਨੂੰ ਮਾਹ-ਤਾਬਾਨ[3] ਕਿਉਂ ਕਰ ?
ਜ਼ਾਹਦ[4] ਵੇਖ ਬਹਿਸ਼ਤ[5] ਤੋਂ ਬਾਹਰ ਆਵਨ, ਆਖਾਂ ਜਿੰਨਤੀ[6] ਹੂਰ[7] ਗਿਲਮਾਨ[8] ਕਿਉਂ ਕਰ ?
ਇੰਦ੍ਰ[9] ਵੇਖ ਭੁਲ ਜਾਏ ਅਪੱਛਰਾਂ[10] ਨੂੰ, ਆਖਾਂ ਪਰੀ ਕਿ ਅਪਸਰਾਨ[11] ਕਿਉਂ ਕਰ ?
ਯੂਸਫ ਜੇਹੇ ਭੀ ਹੋਣ ਪਤੰਗ ਆ ਆ, ਆਖਾਂ ਓਸ ਨੂੰ ਮਾਹਕਿਨਆਨ[12] ਕਿਉਂ ਕਰ ?
ਨੂਰੀ ਦੇਵਤੇ[13], ਓਸਦੀ ਚਾਹ ਰੱਖਣਾ, ਆਖਾਂ ਖਾਕਦੀ ਮੁਠ ਇਨਸਾਨ ਕਿਉਂ ਕਰ ?
ਦੁਨੀਆਂ ਵਿਚ ਨਾ ਓਸਦੀ ਸ਼ਾਨ ਕੋਈ, ਦੱਸਾਂ ਮਿਸਲ[14] ਬਨਾਇਕੇ ਸ਼ਾਨ ਕਿਉਂ ਕਰ ?
ਬੇਨਜ਼ੀਰ[15] ਨਜ਼ੀਰ[16] ਨਾ ਰਖਦੀ ਏ, ਚਾਤ੍ਰਿਕ ਕਰਾਂ ਤਾਰੀਫ ਅਯਾਨ[17] ਕਿਉਂ ਕਰ ?
ਉਸਦਾ ਬਾਪ ਵਿਦਰਭ[18] ਦਾ ਭੀਮ ਰਾਜਾ, ਜਿਸਦੇ ਪਾਸ ਦੌਲਤ ਬੇਕਿਆਸ ਆਹੀ।
ਪਹਿਲੇ ਪਹਿਲ ਉਲਾਦ ਦੀ ਸਿੱਕ ਡਾਢੀ, ਦਿਨੇ ਰਾਤੀ ਦਰਗਾਹ ਤੋਂ ਆਸ ਆਹੀ।
ਕਈ ਲਖ ਉਪਾਉ ਕਰਵਾ ਥੱਕਾ, ਕੀਤੀ ਬੇਨਤੀ ਸਾਧੂਆਂ ਪਾਸ ਆਹੀ।
ਐਪਰ ਖੈਰ ਨਾ ਝੋਲੜੀ ਪਿਆ ਕਿਧਰੋਂ, ਤਬਾਹ[19] ਹੋ ਗਈ ਬੜੀ ਨਿਰਾਸ ਆਹੀ।
ਓੜਕ ਇਕ ਸਾਂਈ ਲੋਕ ਪਹੁੰਚ ਵਾਲਾ, ਕੀਤੀ ਓਸ ਦਰਗਾਹ ਅਰਦਾਸ ਆਹੀ।
ਮੰਨੀ ਰਬ ਪੂਰੀ ਹੋਈ ਆਸ ਦਿਲ ਦੀ, ਦਿਤੀ ਰਾਮ, ਆਰਾਮ ਦੀ ਰਾਸ ਆਹੀ।
ਤਿੰਨ ਬਾਲਕੇ ਇਕ ਅਨੂਪ ਬੇਟੀ, ਜਿਸਦੀ ਧੁੰਮ ਪਾਤਾਲ, ਅਕਾਸ ਆਹੀ।
ਦਮ, ਦਾਤ ਤੇ ਦਮਨ ਏਹ ਤਿੰਨ ਲੜਕੇ, ਦਮਯੰਤੜੀ ਬੇਟੜੀ ਖਾਸ ਆਹੀ।
ਕੀਤੀ ਪਾਲਣਾ ਨਾਜ਼ੋ[20] ਨਿਆਮਤਾਂ[21] ਥੀਂ, ਖੁਸ਼ੀ ਜੀਉ ਨੂੰ ਨਾਲ ਹੁਲਾਸ[22] ਆਹੀ।
ਬੇਟੀ ਸੁੰਦਰੀ ਸੋਹਣੀ ਚੌਹਾਂ ਵਿਚੋਂ, ਪਲਦੀ ਨਾਜ਼ ਥੀਂ ਵਿਚ ਰਣਵਾਸ[23] ਆਹੀ।
ਹੋਈ ਜਦੋਂ ਜਵਾਨ ਓਹ ਰੂਪ ਮੱਤੀ, ਨਾਲ ਸਖੀਆਂ ਕਰੇ ਬਿਲਾਸ[24] ਆਹੀ।
ਚਾਤ੍ਰਿਕ ਧਾਂਕ ਪੈ ਗਈ ਹੈ ਚਾਰੇ ਪਾਸੇ, ਓਸ ਜਿਹੀ ਨਾਹੀਂ ਆਸ ਪਾਸ ਆਹੀ।
ਦੇਵੀ ਰੂਪ ਦੀ ਸ਼ਾਹ ਸਰਦਾਰ ਖੂਬਾਂ[25] ਬੇਨਜ਼ੀਰ[26] ਆਹੀ ਆਨ ਸ਼ਾਨ ਉਸਦੀ।
ਪਰੀਆਂ ਅਪਸ਼ਰਾਂ ਮੰਨਦੀਆਂ ਆਨ ਉਸਦੀ, ਰੂਪ ਆਪਣਾ ਨਜ਼ਰ ਚੜ੍ਹਾਨ ਉਸਦੀ।
ਮੁਖ ਵੇਖ ਕੇ ਮੂੰਹ ਆਫਤਾਬ[27] ਢੱਕੇ, ਝੱਲੇ ਤਾਬ ਕੀ ਮਾਹ ਤਾਬਾਨ[28] ਉਸਦੀ।
ਮੱਥਾ ਚਮਕਦਾ ਬਿਜਲੀਓ ਲਖ ਚੰਦਾ, ਦੇਖੇ ਸ਼ਕਲ ਨਾ ਕਰਕੇ ਧਯਾਨ ਉਸਦੀ।

---

1. ਤਾਕਤ। 2. ਸੂਰਜ। 3. ਚੰਨ। 4. ਤਪੀ। 5. ਸੁਰਗ। 6. ਸਵਰਗਾਂ ਦੀ। 7. ਪਰੀ।
8. ਸਵਰਗਾਂ ਦੇ ਬਹੁਤ ਸੁੰਦਰ ਲੜਕੇ। 9. ਸਵਰਗਾਂ ਦਾ ਰਾਜਾ ਇੰਦਰ। 10. ਸਵਰਗਾਂ ਦੀਆਂ ਸੁੰਦਰ ਇਸਤਰੀਆਂ।
11. ਅਪੱਛਰਾਂ ਤੋਂ ਹੀ ਭਾਵ ਹੈ। 12. ਕਨਿਆਨ ਦਾ ਚੰਨ ਭਾਵ ਹਜ਼ਰਤ ਯੂਸਫ ਤੋਂ ਹੈ।
13. ਨੂਰ ਅਥਵਾ ਜਤੀ ਦੇ ਬਣੇ ਹੋਏ ਦੇਵਤੇ। ਮੁਸਲਮਾਨਾਂ ਦਾ ਭਰੋਸਾ ਹੈ ਕਿ ਤਿੰਨ ਤਰ੍ਹਾਂ ਦੇ ਸਰੀਰ ਹੁੰਦੇ ਹਨ, ਨੂਰੀ, ਜੋ ਨਿਰੋਲ ਚਾਨਣ ਦੇ ਬਣੇ ਹੋਏ ਹੁੰਦੇ ਹਨ ਜਿਵੇਂ ਦੇਵਤੇ, ਫਰਿਸ਼ਤੇ ਅਤੇ ਕਈ ਪੈਗੰਬਰ, ਉਹ ਜਦ ਸਰੀਰ ਛਡਦੇ ਹਨ ਤਾਂ ਜੋਤੀ ਜੋਤ ਰਲ ਜਾਂਦੀ ਹੈ, ਬਾਕੀ ਕੁਝ ਨਹੀਂ ਰਹਿੰਦਾ। ਦੂਜੇ ਨਾਰੀ ਭਾਵ ਅੱਗ ਦੇ ਬਣੇ ਹੋਏ। ਇਨ੍ਹਾਂ ਵਿਚ ਭੂਤ ਪਰੇਤ ਆਦਿ ਹਨ ਅਤੇ ਤੀਜੇ ਖਾਕੀ, ਅਰਥਾਤ ਮਿਟੀ ਦੇ ਬਣੇ ਹੋਏ ਜਿਨ੍ਹਾਂ ਨੂੰ ਮੌਤ ਪਿਛੋਂ ਸਾੜਨ ਤੇ ਕਬਰਾਂ ਵਿਚ ਦੱਬਣ ਦੀ ਲੋੜ ਪੈਂਦੀ ਹੈ।
14. ਬਰਾਬਰੀ ਜਾਂ ਦ੍ਰਿਸ਼ਟਾਂਤ। 15. ਜਿਸ ਜੇਹਾ ਹੋਰ ਨਹੀਂ। 16. ਆਪਣੀ ਮਿਸਾਲ। 17. ਪ੍ਰਗਟ ਕਰਨਾ, ਦਸਣਾ।
18. ਨਾਗਪੁਰ ਦੇ ਆਲੇ ਦੁਆਲੇ ਦਾ ਇਲਾਕਾ ਜਿਥੇ ਦਭ ਨਹੀਂ ਸੀ ਉਗਦੀ। 19. ਜੀਅ। 20. ਲਾਡ।
21. ਸੁਗਾਤਾਂ। 22. ਖੁਸ਼ੀ। 23. ਰੰਗ ਮਹੱਲ, ਅਰਥਾਤ ਰਾਣੀਆਂ ਦੇ ਰਹਿਣ ਵਾਲੀ ਥਾਂ। 24. ਗਲਾ।
25. ਸੁੰਦਰੀਆਂ ਦੀ ਸਰਦਾਰ। 26. ਜਿਸ ਜਿਹਾ ਹੋਰ ਨਹੀਂ। 27. ਸੂਰਜ। 28. ਚੰਦਰਮਾ।

ਚਸ਼ਮਾਂ[1] ਸੁਰਖ[2] ਸੁਫੈਦ ਸਿਆਹ ਰੰਗਤ, ਤੀਰਾਂ ਵਾਂਗ ਤੇ ਭਵਾਂ ਕਮਾਨ ਉਸਦੀ।
ਚਾਤ੍ਰਿਕ ਫੁਲ ਗੁਲਾਬ ਦੇ ਵਾਂਗ ਮੱਥਾ ਸੀਰਤ[3] ਨਕ ਤੇ ਸ਼ੀਰੀਂ[4] ਜ਼ਬਾਨ ਉਸਦੀ।
ਖਾਲਦਾਰ[5] ਦੋ ਗਾਲ[6] ਮਿਸਾਲ[7] ਸ਼ੀਸ਼ਿਆਂ, ਤੇਜ਼ ਨੱਕ ਤਲਵਾਰ ਦੀ ਧਾਰ ਵਾਂਗੂੰ।
ਸ਼ੀਰੀਂ[8] ਕੰਦ[9] ਨਬਾਤ[10] ਦੀ ਸ਼ੀਰਨੀ[11] ਤੋਂ, ਹੋਠ[12] ਸੁਰਖ ਦੋ ਗੁਲੇ ਅਨਾਰ[13] ਵਾਂਗੂੰ।
ਗੁਲਅੰਦਾਮ[14] ਦੀ ਠੋਡੀ ਬਦਾਮ ਜੈਸੀ, ਗਰਦਨ ਬੜੀ ਕੂਲੰਗ[15] ਪਰਦਾਰ ਵਾਂਗੂੰ।
ਦੇਖ ਚਿਤਰੇ ਉਸਦੀ ਕਮਰ[16] ਪਤਲੀ, ਸ਼ਰਮਸਾਰ ਰਹਿੰਦੇ ਕਰਜ਼ਦਾਰ ਵਾਂਗੂੰ।
ਕੱਦ ਸਰੂ ਜਿਉਂ ਸਾਫ ਸ਼ਫਾਫ[17] ਜੁਸਾ, ਨਰਮ ਜਿਸਮ ਰੇਸ਼ਮ ਦੀ ਤਾਰ ਤਾਰ ਵਾਂਗੂੰ।
ਨਾਫਾ ਨਾਫ[18] ਦਾ ਨਾਲ ਖੁਸ਼ਬੋ ਭਿੰਨਾ, ਚਾਤ੍ਰਿਕ ਮਹਿਕਦਾ ਮੁਸ਼ਕ ਤਾਤਾਰ[19] ਵਾਂਗੂੰ।
ਬਾਹਵਾਂ ਗੋਲ ਤੇ ਜਿਸਮ ਸੁਡੌਲ ਸਾਰਾ, ਗੋਰਾ ਰੰਗ ਹੈ ਵਾਂਗ ਚੰਬੇਲੀਆਂ ਦੇ।
ਹਥ ਲਗਿਆ ਜਿਸਮ ਹੋ ਜਾਇ ਮੈਲਾ, ਚਮਕੇ ਚੰਦ ਜਿਉਂ ਵਿਚ ਹਵੇਲੀਆਂ ਦੇ।
ਮੁੜ੍ਹਕਾ ਉਸਦਾ ਅਜ ਖੁਸ਼ਬੋ ਵਾਲਾ, ਪਏ ਅੰਤਰ ਦੇ ਵਿਚ ਫੁਲੇਲੀਆਂ ਦੇ।
ਲੰਘੇ ਵਾ ਖੁਸ਼ਬੋ ਦਰਖਤ ਪਾਵਣ, ਮੁਸ਼ਕਦਾਰ ਹੋਵਨ ਚੰਦਨ ਗੇਲੀਆਂ ਦੇ।
ਚਾਲ ਵੇਖ ਹਾਥੀ ਮਸਤ ਮਸਤ ਹੁੰਦੇ, ਜਦੋਂ ਨਿਕਲੇ ਨਾਲ ਸਹੇਲੀਆਂ ਦੇ।
ਚਾਤ੍ਰਿਕ ਚੱਲਦੀ ਨਾਲ ਅਟਖੇਲੀਆਂ ਦੇ, ਨਾਜ਼[20] ਸਿੱਖਦੀ ਅਜੇ ਅਲਬੇਲੀਆਂ ਦੇ।
ਜਦੋਂ ਲਾਇਕੇ ਹਾਰ ਸ਼ਿੰਗਾਰ ਨਿਕਲੇ ਪੰਛੀ ਡਿਗਦੇ ਉਤੋਂ ਨਿਸਾਰ ਹੋ ਹੋ।
ਰਿਖੀ ਮੁਨੀ ਭੁਲਾਇ ਕੇ ਤਪ ਪੂਜਾ, ਨੱਠੇ ਆਨ ਓਧਰ ਬੇਕਰਾਰ[21] ਹੋ ਹੋ।
ਸਾਹਿਬ[22] ਦਿਲਾਂ ਦੇ ਦਿਲ ਬੇਦਿਲ ਹੋ ਕੇ, ਬਾਹਿਰ ਵਲ ਨੂੰ ਆਨ ਫਰਾਰ[23] ਹੋ ਹੋ।
ਬਾਦਸ਼ਾਹ ਵਲਾਇਤਾਂ ਸਾਰੀਆਂ ਦੇ, ਅਗੇ ਚਲਦੇ ਖਿਦਮਤ-ਗੁਜ਼ਾਰ[24] ਹੋ ਹੋ।
ਆਵਨ ਦੇਵਤੇ ਉਸਦੇ ਦੀਦਾਰ ਖਾਤਰ, ਉਤੇ ਪੁਸ਼ਪ[25] ਬਿਬਾਨ[26] ਅਸਵਾਰ ਹੋ ਹੋ।
ਚਾਤ੍ਰਿਕ ਅਪਸਰਾਂ ਸਵਰਗ ਤੋਂ ਔਣ ਥੱਲੇ, ਕਦਮ ਚੁੰਮ ਕੇ ਜਾਣ ਬਲਿਹਾਰ ਹੋ ਹੋ।
ਖੂਬੀ ਹੁਸਨ ਦੀ ਛੱਡ ਕੇ ਹੋਰ ਖੂਬੀ, ਖੁਸ਼ ਅਸਲੂਬੀ[27] ਦੀ ਕਮੀ[28] ਨਾ ਕਾ ਆਹੀ।
ਜਿਵੇਂ ਹੁਸਨ ਅੰਦਰ ਬੇਮਿਸਾਲ ਸੋਹਣੀ, ਤਿਵੇਂ ਅਕਲ ਦਾ ਕੋਟ ਦਾਨਾ ਆਹੀ।
ਧਰਮ, ਕਰਮ ਤੇ ਸ਼ਰਮ, ਹਜੂਰ ਵਾਲੀ, ਬਾਸ਼ਊਰ[29], ਬਾਜ਼ਿਹਨ[30], ਜ਼ਕ[31] ਆਹੀ।
ਦਯਾਵਾਨ, ਧਰਮਾਤਮਾ, ਮਿਹਰ ਵਾਲੀ ਪੂਰੇ ਹੌਂਸਲੇ ਦੀ, ਦਿਲ ਦਰਯਾ ਆਹੀ।
ਇਲਮ[32], ਹਿਲਮ[33], ਹੁਸ਼ਯਾਰੀ ਤੇ ਬੁਰਦਬਾਰੀ[34] ਦਿਤੀ ਮਾਉਂ ਸਿਖਾ ਪੜ੍ਹਾ ਆਹੀ।
ਇਲਮ, ਅਦਬ[35] ਮਹਜ਼ੀਬ[36] ਦਾ ਕੋਟ ਚਾਤ੍ਰਿਕ ਵਾਂਗਰ ਦਾਨਿਆਂ ਦੇ ਬਾਹਯਾ[37] ਆਹੀ।
ਚੜ੍ਹਦੀ ਉਮਰ, ਜਵਾਨ ਉਲੇਲ[38] ਨੱਢੀ, ਬਰਸ ਪੰਦਰਾਂ ਦਾ ਸੰਨ ਸਾਲ ਉਸਦਾ।

---

1. ਅੱਖਾਂ। 2. ਲਾਲ। 3. ਸੁਭਾਅ। 4. ਮਿਠਾਸ। 5. ਗੱਲ੍ਹ ਵਿਚ ਪੈਣ ਵਾਲੇ ਟੋਇਆਂ ਵਾਲੀਆਂ। 6. ਗੱਲ੍ਹਾਂ। 7. ਵਰਗੇ। 8. ਮਿਠਾ। 9. ਖੰਡ। 10. ਮਿਸ਼ਰੀ। 11. ਮਠਿਆਈ। 12. ਬੁਲ੍ਹ। 13. ਅਨਾਰ ਦੇ ਫੁਲ। 14. ਨਾਜ਼ਕ ਬਦਨ, ਫੁਲ ਜੇਹੇ ਸਰੀਰ ਵਾਲੀ। 15. ਕੂੰਜ। 16. ਲੱਕ। 17. ਸ਼ੀਸ਼ਾ, ਜਿਸ ਦੇ ਆਰ ਪਾਰ ਦਿਸ ਸਕੇ (Transparent)। 18. ਸੁਗੰਧੀ ਵਾਲੀ ਵਸਤੂ, ਕਸਤੂਰੀ ਹਰਨ ਦੀ ਧੁਨੀ। 19. ਤਾਤਾਰ ਦੇਸ ਦਾ ਅਤਰ ਜਾਂ ਸੁਗੰਧੀ, ਤਾਤਾਰ=ਤੁਰਕਿਸਤਾਨ। 20. ਲਾਡ ਤੇ ਨਖਰੇ। 21. ਬੇਚੈਨ। 22. ਮਾਲਕ। 23. ਭੱਜ ਕੇ। 24. ਸੇਵਾਦਾਰ। 25. ਫੁਲਾਂ ਦਾ। 26. ਬਿਬਾਨ, ਉਡਨ ਖਟੋਲਾ। 27. ਤਰੀਕਾ, ਅਰਥਾਤ ਮਿਠਾ ਸੁਭਾ। 28. ਘਾਟਾ। 29. ਹੋਸ਼ਵਾਲੀ। 30. ਅਕਲ ਵਾਲੀ। 31. ਸੂਰਜ। 32. ਵਿਦਿਆ। 33. ਨਿਮਰਤਾ। 34. ਸਹਿਨਸ਼ੀਲਤਾ। 35. ਸਾਹਿਤ। 36. ਸਭਿਅਤਾ। 37. ਸਰਮ ਵਾਲੀ। 38. ਮੌਜ।

ਖ਼ੂਨ ਜੋਸ਼ ਅੰਦਰ, ਸੀਨਾ ਹੋਸ਼ ਅੰਦਰ, ਜੋਬਨ ਫੁਟਿਆ ਆਨ ਕਮਾਲ ਉਸਦਾ।
ਥਈਆ ਥਈਆ ਕਰ ਕਦਮ ਉਲਾਰਦੀ ਏ ਏਹ ਉਭਾਰ ਤੇ ਇਹ ਖਤੋਖਾਲ[1] ਉਸਦਾ।
ਪੱਕੇ ਫਲ ਉਮੈਦ ਦੇ ਬੂਟੜੇ ਤੇ, ਰੂਪ ਨਿਖਰਿਆ ਏ ਲਾ ਜ਼ਵਾਲ[2] ਉਸਦਾ।
ਗਰਜ਼[3] ਅਰਜ ਕੀ ਕਰਾਂ ਤਾਰੀਫ ਰਾਜਨ ਜੋਬਨ ਰੂਪ ਆਹਾ ਬੇਮਿਸਾਲ ਉਸਦਾ।
ਜਿਸਦੇ ਹੋਣਗੇ ਬੜੇ ਨਸੀਬ ਚਾਤ੍ਰਿਕ, ਜੋੜ ਜੁੜੇਗਾ ਓਸਦੇ ਨਾਲ ਉਸਦਾ।

ਮੋਹਤ ਹੋ ਜਾਣਾ ਰਾਜਾ ਨਲ ਦਾ ਬਿਨਾ ਦੇਖੇ ਹੀ

ਸਾਰਾ ਹਾਲ ਧਿਆਨ ਦੇ ਨਾਲ ਸੁਣ ਕੇ, ਰਾਜਾ ਜੀਉ ਦੇ ਵਿਚ ਸਰਸ਼ਾਰ[4] ਹੋਯਾ।
ਪਯਾਰ ਗਾਇਬਾਨਾ[5] ਗੱਲਾਂ ਗੱਲ ਸੁਣਕੇ, ਤੀਰ ਲੰਘ ਕਲੇਜਿਓਂ ਪਾਰ ਹੋਯਾ।
ਬਣਿਆ ਬੁਤ ਤਸਵੀਰ ਸਰੀਰ ਉਸਦਾ ਹਿਲਨਾ ਜੁਲਨਾ ਸਭ ਫਰਾਰ ਹੋਯਾ।
ਕੀਕਰ ਮਿਲੇ ਓਹ ਸੁੰਦਰੀ ਰੂਪ ਮੱਤੀ ? ਮੇਰਾ ਓਸ ਤੇ ਜੀਉ ਨਿਸਾਰ[6] ਹੋਯਾ।
ਜਾਨ ਮਾਲ ਭੀ ਜਾਏ ਤਾਂ ਜਾਏ ਜੇਕਰ ਐਪਰ ਚਾਹੀਏ ਜ਼ਰਾ ਦੀਦਾਰ ਹੋਯਾ।
ਚਾਤ੍ਰਿਕ ਸੁਝਦੀ ਨਹੀਂ ਤਦਬੀਰ ਕੋਈ ਡਾਢਾ ਜੀਉ ਅੰਦਰ ਬੇਕਰਾਰ[7] ਹੋਯਾ।
ਹੋਵਨ ਖੰਭ ਤਾਂ ਉਡਕੇ ਨਾਲ ਚੱਲਾਂ ਕਰਕੇ ਦੀ[8] ਮਹਬੂਬ[9] ਨਿਹਾਲ ਹੋਵਾਂ।
ਮੋਤੀ ਬਣਾਂ ਤੇ ਹੰਸ ਦੇ ਨਾਲ ਚੰਬੜ ਮਾ, ਕੰਦਲਾ[10] ਓਸਦੇ ਨਾਲ ਛੋਹਵਾਂ।
ਪਾਵਾਂ ਠੰਢ ਕਲੇਜੜੇ ਝੱਬ ਜਾ ਕੇ ਅਗੇ ਓਸ ਦੇ ਆਪਣਾ ਹਾਲ ਰੋਵਾਂ।
ਮੰਨੇ ਭਲਾ ਸਵਾਲ ਜੇ ਨਾਲ ਉਲਫਤ,[11] ਸਾਰੇ ਦਿਲੇ ਦੇ ਰੰਗ ਮਲਾਲ ਧੋਵਾਂ।
ਰਬਾ ਬਾਹੁੜੀ ਦਸ ਤਦਬੀਰ ਕੋਈ, ਕੀਕਰ ਓਸਦਾ ਜਾਇ ਖਯਾਲ ਟੋਹਵਾਂ।
ਚਾਤ੍ਰਿਕ ਪ੍ਰੇਮ ਕਮਾਲ ਬੇਤਾਬ ਕੀਤਾ, ਏਹ ਮਲਾਲ[12] ਕੇਹੜੀ ਘਾਲ ਘਾਲ[13] ਖੋਵਾਂ।
ਓੜਕ ਸੋਚਦੇ ਸੋਚਦੇ ਗੱਲ ਸੋਚੀ, ਸੋਚ ਅਕਲ ਦੇ ਨਾਲ ਦੌੜਾਈਆ ਸੂ।
ਲਿਖਾਂ ਖਤ ਪ੍ਰੇਮ ਦਾ ਵੱਲ ਉਸਦੇ, ਕਾਗਜ਼ ਕਲਮ ਦਵਾਤ ਮੰਗਾਈਆ ਸੂ।
ਨਾਲ ਅਦਬ ਅਦਾਬ ਦੇ ਬੈਠ ਲਾਂਭੇ, ਅਰਜ਼ੀ ਅਰਜ਼ ਦੀ ਚੁਕ ਬਣਾਈਆ ਸੂ।
ਸਾਰਾ ਦਿਲੇ ਦਾ ਹਾਲ ਬਯਾਨ ਕਰਕੇ, ਮੋਹਰਾਂ ਲਾਇਕੇ ਬੰਦ ਕਰਾਈਆ ਸੂ।
ਧਾਗੇ ਰੇਸ਼ਮੀ ਨਾਲ ਪੈਵੰਦ[14] ਕੀਤੀ, ਗਲੇ ਹੰਸ ਦੇ ਨਾਲ ਬੰਧਾਈਆ ਸੂ।
ਚਾਤ੍ਰਿਕ ਹੰਸ ਨੂੰ ਤੋਰਿਆ ਪਯਾਰ ਕਰਕੇ, ਡੋਰੀ ਕਿਸਮਤਾਂ ਦੇ ਉਤੇ ਪਾਈਆ ਸੂ।
ਜਾਂਦੀ ਵਾਰ ਇਕ ਹੋਰ ਪੈਗਾਮ ਦਿਤਾ, ਆਖੀਂ ਜਾਇਕੇ ਮੀਤ ਸੈਲਾਨੀਆਂ ਓ।
ਜੇਹੜੀ ਨਾਲ ਮੇਰੇ ਪਈ ਗੁਜ਼ਰਦੀ ਏ, ਦੱਸੀਂ ਓਸ ਨੂੰ ਸਭ ਕਹਾਨੀਆਂ ਓ।
ਹਿਜਰ ਵਿਚ ਤੜਪੰਦੜੀ ਜਾਨ ਮੇਰੀ, ਦੇਵੀਂ ਦੀਦ ਮਹਬੂਬ ਗੁਮਾਨੀਆਂ ਓ।
ਜੇ ਓਹ ਅਜੇ ਕਵਾਰੜੀ ਛੈਲ ਨੱਢੀ, ਮੈਂ ਭੀ ਨਹੀਂ ਵਿਆਹੀਆਂ ਰਾਨੀਆਂ ਓ।

---

1. ਤਿਲ, ਆਮ ਤੌਰ ਤੇ ਗਲ੍ਹ ਉਤੇ। 2. ਜਿਸ ਵਿਚ ਕਦੇ ਘਾਟ ਨਾ ਆਵੇ। 3. ਮੁਕਦੀ ਗਲ। 4. ਮਸਤ। 5. ਗੁਝਾ। 6. ਕੁਰਬਾਨ। 7. ਬੇਚੈਨ। 8. ਦਰਸ਼ਨ। 9. ਪਿਆਰੀ ਦੇ।
10. ਸੰਗੀਤ ਵਿਚ ਨਿਪੁੰਨ ਇਕ ਵੇਸ਼ਵਾ ਜਿਸ ਨਾਲ ਬਹੁਤ ਪ੍ਰਸਿਧ ਵਿਦਵਾਨ ਮਾਧਵਾ ਨਲ ਦਾ ਪ੍ਰੇਮ ਹੋਇਆ ਸੀ। ਇਸ ਦੀ ਕਹਾਣੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਸ੍ਰੀ ਗੁਰੂ ਦਸਮ ਗ੍ਰੰਥ ਵਿਚ 404 ਚਰਿਤਰਾਂ ਵਿਚੋਂ ਇਕ ਵਿਚ ਲਿਖੀ ਹੈ। 11. ਪਿਆਰ। 12. ਥਕੇਵੇਂ ਰੰਜ ਤੇ ਉਦਾਸੀ ਦਾ ਰੰਗ ਉਦਾਸੀ। 13. ਘਾਲ ਕੇ। 14. ਜੋੜੀ।

ਓਹ ਮਹਬੂਬ ਜੇ ਬਣੇ ਹਬੀਬ[1] ਮੇਰੀ, ਕਰਾਂ ਹੋਰ ਨਾ ਕੋਈ ਜ਼ਨਾਨੀਆਂ ਓ।
ਚਾਤ੍ਰਿਕ ਜਾਹ ਪੈਗਾਮ[2] ਪਹੁੰਚਾ ਛੇਤੀ, ਨਾਲ ਖੁਸ਼ੀ ਦੇ ਦਿਆਂ ਰਵਾਨੀਆਂ ਓ।

ਦੂਸਰਾ ਖੰਡ

ਬਿਦਰਭ ਦੇਸ਼ ਰਾਜਾ ਭੀਮ ਦਾ ਬਾਗ

ਰਾਜੇ ਭੀਮ ਬਿਦਰਭ ਦਾ ਬਾਗ ਸੋਹਣਾ ਬਾਗੇ ਇਰਮ[3] ਤੋਂ ਹਜ਼ਾਰ ਦਰਜੇ।
ਫੁਲਾਂ ਫਲਾਂ ਤੇ ਬੂਟਿਆਂ ਨਾਲ ਸਜਿਆ, ਰਾਜੇ ਨਲ ਦੇ ਬਾਗ ਤੋਂ ਚਾਰ ਦਰਜੇ।
ਕਿਸਮ ਕਿਸਮ ਦੇ ਲਗੇ ਦਰਖਤ ਓਥੇ, ਫਰਕ ਰਖਿਆ ਦਰਜਿਆਂ ਵਾਰ ਦਰਜੇ।
ਬਾਰਾਦਰੀ ਵਿਚਕਾਰ ਤੇ ਹੌਜ਼ ਅਗੇ, ਉਸਦੇ ਖੂਬਸੂਰਤ ਖੁਸ਼ਗਵਾਰ ਦਰਜੇ।
ਰੰਗਾ ਰੰਗ ਦੀ ਪਏ ਫੁਹਾਰ ਵਿਚੋਂ, ਰੰਗਾ ਮੇਜ[4] ਪਾਣੀ ਬੇਸ਼ੁਮਾਰ ਦਰਜੇ।
ਚਾਤ੍ਰਿਕ ਦੰਗ ਹੋ ਅਹਿਲ ਫਰੰਗ[5] ਵੇਖਨ, ਰੰਗ ਢੰਗ ਤੇ ਦਰ[6] ਦੀਵਾਰ[7] ਦਰਜੇ।
ਕਰਨ ਕੋਇਲਾਂ ਕੁਮ੍ਰੀਆ[8] ਵਿਰਦ[9] ਬਹਿਕੇ ਤਿਲੀਅਰ ਮੋਰ ਚਕੋਰ ਪੁਕਾਰ ਕਰਦੇ।
ਤੋਤਾ ਮੈਨਾਂ ਗੁਟਾਰ ਕੁਲੰਗ ਬੋਲਣ, ਯਾਦ ਸੁਬਹ ਵੇਲੇ ਸਿਰਜਣਹਾਰ ਕਰਦੇ।
ਬੁਲਬੁਲ ਗੁਲਾਂ ਤੋਂ ਜਾਨ ਕੁਰਬਾਨ ਕਰਦੀ, ਫੁਲ ਬੁਲਬੁਲਾਂ ਨਾਲ ਪਯਾਰ ਕਰਦੇ।
ਦੇਸ ਦੇਸ ਵਲੈਤ ਵਲੈਤ ਸੰਦੇ, ਪੰਛੀ ਆਨ ਕੇ ਮੌਜ ਬਹਾਰ ਕਰਦੇ।
ਨਾ ਸੱਯਾਦ[10] ਦਾ ਖੌਫ[11] ਹਿਰਾਸ[12] ਕੋਈ, ਸਦਾ ਰਬ ਦਾ ਜ਼ਿਕਰ ਅਜ਼ਕਾਰ[13] ਕਰਦੇ।
ਰੌਣਕ ਵੇਖ ਕੇ ਬਾਗ ਜਹਾਨ ਸੰਦੀ, ਚਾਤ੍ਰਿਕ ਮਲਕ[14] ਭੀ ਜਾਨ ਨਿਸਾਰ[15] ਕਰਦੇ।
ਸੁਬਹ ਵਕਤ ਸੁਹਾਵਣਾ ਠੰਢ ਠਰਿਆ, ਤਬਾਹ ਸੈਲ ਦੇ ਲਈ ਲਲਚਾਂਵਦੀ ਏ।
ਸੁਣੀਏ ਚੱਲ ਕੇ ਵਿਰਦ ਜਨਾਉਰਾਂ ਦਾ, ਕੀਕਰ ਸੁਕਰ ਜਬਾਨ ਅਲਾਂਵਦੀ ਏ।
ਏਧਰ ਨਾਲ ਇਤਫਾਕ ਦਮਯੰਤ ਰਾਣੀ, ਸਈਆਂ ਨਾਲ ਰਲ ਕੇ ਚਲੀ ਆਂਵਦੀ ਏ।
ਖੁਸ਼ੀ ਖੁਸ਼ੀ ਦੇ ਬੋਲ ਅਲਾਂਵਦੀ ਏ, ਕਦੀ ਹੱਸਦੀ ਤੇ ਕਦੀ ਗਾਂਵਦੀ ਏ।
ਕਿਸੇ ਛੇੜਦੀ, ਕਿਸੇ ਹਸਾਂਵਦੀ ਏ, ਕਦੇ ਨਾਲ ਮਜ਼ਾਕ ਮੁਸ਼ਕਾਂਵਦੀ ਏ।
ਇਕੋ ਹਾਣ ਅਲਬੇਲੜੀ ਫੌਜ ਗੋਯਾ, ਸ਼ਾਹਸਰਦਾਰ ਅਗੇ ਲਗੀ ਜਾਂਵਦੀ ਏ।
ਚਲਣ ਮੋਰ ਚਕੋਰ ਦੀ ਚਾਲ ਰਲਕੇ, ਡਾਰ ਕੂੰਜਾਂ ਦੀ ਬਾਗ ਨੂੰ ਆਂਵਦੀ ਏ।
ਪਹੁੰਚੇ ਬਾਗ ਤਾਂ ਅਜਬ ਬਹਾਰ ਡਿਠੀ, ਜੱਨਤ ਏਸ ਤੋਂ ਪਈ ਸ਼ਰਮਾਂਵਦੀ ਏ।
ਕਿਸੇ ਗੁਲ ਨੂੰ ਪਕੜ ਬੁਲਬੁਲ ਵਾਂਗੂੰ, ਹਥ ਪਾਂਵਦੀ ਤੇ ਹੱਟ ਜਾਂਵਦੀ ਏ।
ਕਿਸੇ ਰੰਗ ਨੂੰ ਵੇਖ ਕੇ ਦੰਗ ਹੋਵੇ, ਸਈਆਂ ਪਾਸ ਉਹ ਰੰਗ ਸਲਾਹਵਦੀ ਏ।
ਕਿਸੇ ਗੁਲ ਦੀ ਵਾਸ਼ਨਾ ਸੁੰਘਦੀਏ, ਕਿਸੇ ਵੇਖ ਕੇ ਤਬਾਹ[16] ਰਿਝਾਂਵਦੀ ਏ।
ਐਪਰ ਬੂਟਿਓਂ ਨਹੀਂ ਤੁੜਾਂਵਦੀਏ, ਸਗੋਂ ਹੋਰਨਾਂ ਪਈ ਹਟਾਂਵਦੀ ਏ।
ਏਹ ਭੀ ਰਬ ਦੇ ਜੀਉ ਨੇ ਵਾਂਗ ਸਾਡੇ, ਅੜੀਓ ਤੋੜਿਓ ਨਹੀਂ ਫੁਰਮਾਂਵਦੀ ਏ।

1. ਪਿਆਰੀ। 2. ਸੁਨੇਹਾ। 3. ਸ਼ਦਾਦ ਰਾਜੇ ਦਾ ਬਣਵਾਇਆ ਪ੍ਰਸਿਧ ਬਾਗ। 4. ਰੰਗ ਰੰਗ ਦਾ।
5. ਫਰੰਗੀ, ਅਰਥਾਤ ਫ਼ਰਾਂਸ ਆਦਿਕ ਇਲਾਕੇ ਦੇ ਰਹਿਣ ਵਾਲੇ। 6. ਦਰਵਾਜ਼ੇ। 7. ਕੰਧਾਂ।
8. ਘੁਗੀ ਦੀ ਕਿਸਮ ਦਾ ਇਕ ਪੰਛੀ। 9. ਜਸ ਗਾਉਣਾ। 10. ਸ਼ਿਕਾਰੀ। 11-12. ਡਰ। 13. ਵਰਨਣ।
14. ਮਾਲਕ, ਦੇਵਤੇ। 15. ਕੁਰਬਾਨ। 16. ਜੀਅ।

ਪੱਕੇ ਫਲ ਭੀ ਕਈ ਮੰਗਵਾਉਂਦੀ ਏ, ਕੁਝ ਖਾਵਦੀ ਕੁਝ ਖੁਲਾਂਵਦੀ ਏ।
ਫੇਰ ਪੰਛੀਆਂ ਦੇ ਵਲ ਆਂਵਦੀ ਏ, ਬੈਠ ਸਭ ਨੂੰ ਚੋਗ ਚੁਗਾਂਵਦੀ ਏ।
ਜੇਹੜੇ ਰਾਖਵੇਂ ਸ਼ੌਕ ਦੇ ਨਾਲ ਰਖੇ, ਹਰ ਇਕ ਨਾਲ ਬਹਿ ਜੀਉ ਪ੍ਰਚਾਂਵਦੀ ਏ।
ਵੀਰ ਤੋਤਿਆ ਵੇ, ਮੈਨਾਂ ਭੈਣਾਂ ਅੜੀਏ, ਤਬਹ ਕੇਹੜੀ ਚੀਜ ਨੂੰ ਚਾਂਹਵਦੀ ਏ ?
ਮੋਰਾ ਚੋਗ ਤੂੰ ਅੱਜ ਕੀ ਖਾਵਣਾ ਏ, ਚੋਗ ਕੁਮਰੀਏ ਕੀ ਤੈਨੂੰ ਭਾਂਵਦੀ ਏ ?
ਫੇਰ ਬੈਠ ਕਿਨਾਰੜੇ ਹੌਜ਼ ਦੇ ਤੇ, ਆਟਾ ਮੱਛੀਆਂ ਨੂੰ ਗੁੰਨ੍ਹ ਪਾਂਵਦੀ ਏ।
ਜੀਆਂ ਜੋਗ[1] ਚੁਗਾਂਵਦੀ ਚੋਗ ਚਾਤ੍ਰਿਕ, ਪਾਣੀ ਸਭਸ ਨੂੰ ਫੇਰ ਪਿਆਂਵਦੀ ਏ।

ਪਹੁੰਚਣਾ ਰਾਜ ਹੰਸਾਂ* ਦਾ ਰਾਜ ਕੁਮਾਰੀ ਦਮਯੰਤੀ ਦੇ ਬਾਗ ਵਿਚ

ਏਨੇ ਚਿਰਾਂ ਨੂੰ ਹੰਸ ਭੀ ਆਣ ਲੱਥੇ, ਬੈਠੇ ਆਣ ਕਤਾਰ ਕਤਾਰ ਹੋ ਕੇ।
ਹੋਈ ਸ਼ਾਦੀ[2] ਸ਼ਾਹਜ਼ਾਦੀ ਨੂੰ ਵੇਖ ਆਏ, ਪੰਛੀ ਦੇਖਦੀ ਬੜੀ ਸਰਸ਼ਾਰ[3] ਹੋ ਕੇ।
ਹੋਰ ਸਾਰਿਆਂ ਦੀ ਭੁਲੀ ਸਾਰ ਸਾਰੀ, ਆਈ ਡਾਰ ਵੱਲੇ ਬੇਕਰਾਰ ਹੋ ਕੇ।
ਥਾਲ ਕੱਢ ਨੀ ਗੋਲੀਏ ਮੋਤੀਆਂ ਦਾ, ਪਾਵਾਂ ਇਨ੍ਹਾਂ ਨੂੰ ਚੋਗ ਤਿਆਰ ਹੋ ਕੇ।
ਮੇਰੇ ਹੰਸ ਡਾਢੇ ਭੁਖੇ ਜਾਪਦੇ ਨੇ, ਕਿੰਨੇ ਦਿਨਾਂ ਦੇ ਗਏ ਉਡਾਰ ਹੋ ਕੇ।
ਚਾਤ੍ਰਿਕ ਬਾਹਰ ਆਈ ਲੈ ਕੇ ਥਾਲ ਬਾਂਦੀ, ਕਰਦੀ ਪੇਸ਼ ਫੌਰਨ ਤਾਬੇਦਾਰ ਹੋ ਕੇ।
ਰਾਜ ਕੰਨਿਆਂ ਪਕੜ ਕੇ ਥਾਲ ਹੱਥੋਂ, ਦਿਤਾ ਡੋਹਲ ਤੇ ਪਈ ਪੁਕਾਰਦੀ ਏ।
ਆਓ ਖਾਓ ਸਦਕੜੇ ਰਾਜ ਹੰਸੋ, ਨਾਲ ਪਿਆਰ ਦੇ ਪਈ ਪੁਚਕਾਰਦੀ ਏ।
ਚੋਗਾ ਚੁਗੋ ਵਾਰੀ, ਨਾ ਮਾਰ ਉਡਾਰੀ, ਹਿਲਦੇ ਜੁਲਦਿਆਂ ਤਾਂਈ ਉਚਾਰਦੀ ਏ।
ਐਪਰ ਹੰਸ ਨਾ ਆਂਵਦੇ ਪਾਸ ਉਸਦੇ, ਵਾਜਾਂ ਸਣੇ ਸਹੇਲੀਆਂ ਮਾਰਦੀ ਏ।
ਬੇਕਰਾਰ ਹੋ ਰਹੀ ਦਮਯੰਤੀ ਡਾਢੀ, ਸਦਣ ਵਾਸਤੇ ਹਥ ਉਲਾਰਦੀ ਏ।
ਚਾਤ੍ਰਿਕ ਪੁਛਦੀ ਫੇਰ ਸਹੇਲੀਆਂ ਨੂੰ, ਡਰਦੀ ਤਬਾ ਕਿਉਂ ਅਜ ਇਸ ਡਾਰਦੀ ਏ।

ਜਵਾਬ ਸਹੇਲੀਆਂ

ਇਕ ਖਾਸ ਖੁਵਾਸ[4] ਨੇ ਅਰਜ਼ ਕੀਤੀ, ਖਾਸੁਲਖਾਸ[5] ਹੈ ਏਹੋ ਸਬੱਬ ਬਾਈ।
ਮੋਤੀ ਮਾਤ ਹੋਏ ਤੇਰੇ ਰੂਪ ਅਗੇ, ਨਹੀਂ ਸਕਦੇ ਇਨ੍ਹਾਂ ਨੂੰ ਲਭ ਬਾਈ।
ਤੇਰੇ ਰੂਪ ਅਗੇ, ਮੋਤੀ ਹੋਣ ਪਾਣੀ, ਤੈਨੂੰ ਮਰਤਬਾ[6] ਬਖਸ਼ਿਆ ਰਬ ਬਾਈ।
ਉਰੇ ਆ ਜਾਓ, ਤੁਸੀਂ ਏਸ ਪਾਸੇ, ਹੰਸ ਹੁਣੇ ਨਾ ਆਣ ਜੇ ਝੱਬ ਬਾਈ।
ਜਦੋਂ ਪਏਗੀ ਨੇ ਨਜ਼ਰ ਚੋਗ ਉਤੇ, ਨੱਠੇ ਔਣਗੇ ਢਿਡ ਦੇ ਲੱਬ ਬਾਈ।
ਚਾਤ੍ਰਿਕ ਮਾਤ ਕਰਕੇ ਆਪੇ ਮੋਤੀਆਂ ਨੂੰ, ਫੇਰ ਪੁਛਣਾ ਸਕੇ ਨਾ ਫੱਬ ਬਾਈ।

---

* ਪੁਰਾਤਨ ਕਿੱਸਿਆਂ ਵਾਂਗ ਇਥੇ ਵੀ ਪੰਛੀ ਰਾਜ ਹੰਸ ਮਨੁਖੀ ਪ੍ਰੇਮ ਦੇ ਮਾਧਿਅਮ ਬਣੇ ਹਨ ਅਤੇ ਉਹ ਵੀ ਮਨੁਖਾਂ ਦੀ ਬੋਲੀ ਬੋਲਦੇ ਦਸੇ ਗਏ ਹਨ।

1. ਨੂੰ। 2. ਖੁਸ਼ੀ। 3. ਮਸਤ। 4. ਨੌਕਰ। 5. ਬਹੁਤ ਵਿਸ਼ੇਸ਼। 6. ਪਦਵੀ।

ਪਿਛੇ ਹਟ ਜਾਣਾ ਰਾਜ ਕੁਮਾਰੀ ਦਮਯੰਤੀ ਦਾ

ਸਚਮੁਚ ਸ਼ਾਹਜ਼ਾਦੀ ਜਾਂ ਉਤੇ ਆਈ, ਮੋਤੀ ਚਮਕ ਉਠੇ ਸਾਇਆ ਦੂਰ ਹੋਯਾ।
ਨੱਠੇ ਹੰਸ ਫੌਰਨ ਦੇਖ ਮੋਤੀਆਂ ਨੂੰ, ਡਾਢਾ ਖੁਸ਼ੀ ਥੀਂ ਜੀਉ ਮਸ਼ਹੂਰ ਹੋਯਾ।
ਸਭੇ ਬੋਲੀਆਂ ਸਖੀਆਂ ਸਚ ਸੀ ਨੀ, ਤੇਰਾ ਆਖਿਆ ਠੀਕ ਜ਼ਰੂਰ ਹੋਯਾ।
ਵੇਖ ਖਾਂਵਦੇ ਕੇਹੇ ਨਿਚਿੰਤ ਹੋ ਕੇ, ਸਾਰਾ ਝੱਕ ਤੇ ਖੌਫ ਕਾਫੂਰ[1] ਹੋਯਾ।
ਸ਼ਾਹਜ਼ਾਦੀ ਨੂੰ ਦੇਣ ਮੁਬਾਰਕਾਂ ਏਹ, ਉਸਦਾ ਜੀਉ ਭੀ ਕੁਝ ਮਗਰੂਰ[2] ਹੋਯਾ।*
ਓਧਰ ਚੁਗਣ ਤੇ ਏਧਰੋਂ ਸਿਫਤ ਹੋਵੇ, ਚਾਤ੍ਰਿਕ ਚੰਦ ਚੇਹਰਾ ਨੂਰੋ ਨੂਰ ਹੋਯਾ।

ਇਕ ਸਹੇਲੀ ਨੇ ਹੰਸ ਦੇ ਖਤ ਨੂੰ ਦੇਖ ਲੈਣਾ

ਇਕ ਬੋਲੀ ਸਹੇਲੀ ਹਰੋਲੀ[3] ਪਾਕੇ, ਨੀ ਮਮੋਲੀ[4], ਔਹ ਵੇਖ ਕੀ ਲਟਕਦਾ ਨੀ ?
ਵਡੇ ਹੰਸ ਦੇ ਗਲੇ ਸੁਫੈਦ ਜੇਹਾ, ਪੈਰ ਨਾਲ ਮੁੜ ਮੁੜ ਜਿਹਨੂੰ ਝਟਕਦਾ ਨੀ।
ਖਬਰੇ ਕੋਈ ਤਾਵੀਜ਼[5] ਹੈ ਕਿਸੇ ਬੱਧਾ, ਮੈਨੂੰ ਸ਼ੱਕ ਏਹੋ ਪਿਆ ਖਟਕਦਾ ਨੀ।
ਫੌਰਨ ਨਜ਼ਰ ਉਡੀ ਓਧਰ ਸਾਰੀਆਂ ਦੀ, ਸਭੇ ਕੈਹਨ ਆਹੋ ਠੀਕ ਫਟਕਦਾ ਨੀ।
ਬੋਲੀ ਦਮਯੰਤੀ ਮੈਂ ਭੀ ਦੇਖ ਲੀਤਾ, ਕਦੇ ਕਦੇ ਗਰਦਨ ਨਾਲ ਝਟਕਦਾ ਨੀ।
ਚਾਤ੍ਰਿਕ ਜਾਓ ਨੀ ਫੜ੍ਹੋ ਲਿਆਓ ਏਧਰ, ਚੋਗਾ ਚੁਗਦਿਆਂ ਤਾਂ ਨਹੀਂ ਹਟਕਦਾ ਨੀ।
ਘੇਰਾ ਘੱਤ ਸਈਆਂ ਗਈਆਂ ਹੰਸ ਵਲੇ, ਅੱਠਾਂ ਦਸਾਂ ਨੇ ਚੁੰਨੀਆਂ ਤਾਣ ਲਈਆਂ।#
ਬਾਕੀ ਹੰਸ ਤਾਂ ਉਡਕੇ ਪਰੇ ਹੋ ਗਏ, ਐਪਰ ਏਸ ਤੇ ਦੌੜ ਕੇ ਆਣ ਪਈਆਂ।
ਫੜ ਕੇ ਪੇਸ਼ ਕੀਤਾ ਰਾਜ ਕੰਨਯਾ ਦੇ, ਆਪ ਸਭ ਉਦਾਲੜੇ ਬੈਠ ਗਈਆਂ।
ਦਮਯੰਤ ਨੇ ਖੋਹਲ ਕੇ ਖਤ ਡਿੱਠਾ, ਪਰੇ ਦੂਰ ਹਟਾਈਆਂ ਸਭ ਸਈਆਂ।
ਲਾਂਭੇ ਬੈਠ ਕੇ ਵਾਚਦੀ ਜੀਉ ਅੰਦਰ, ਦੂਰੋਂ ਸਭ ਸਹੇਲੀਆਂ ਵੇਖ ਰਹੀਆਂ।
ਚਾਤ੍ਰਿਕ ਸੱਚ ਤਾਵੀਜ਼, ਤਾਵੀਜ਼ ਹੋਯਾ, ਜਦੋਂ ਵੇਖੀਆਂ ਖੋਲ ਪਿਆਰ ਵਹੀਆਂ।

ਮਜ਼ਮੂਨ ਖਤ**

ਸ੍ਰੀ ਰਾਮ ਨੂੰ ਕਰਾਂ ਪ੍ਰਣਾਮ ਅਵਲ[6] ਪਿਛੋਂ ਕਰਾਂ ਪੈਗਾਮ[7] ਅਰਕਾਮ[8] ਪਯਾਰੀ।
ਏਥੇ ਸੁਖ ਤੇ ਚਾਹੁੰਨਾ ਖੈਰ ਤੇਰੀ,* ਪਾਵੇਂ ਖੁਸ਼ੀ ਤੇ ਐਸ਼ ਆਰਾਮ ਪਯਾਰੀ।

---

* ਇਥੇ ਇਕ ਨਵਾਂ ਹੀ ਢੰਗ ਦਮਯੰਤੀ ਦੀ ਸੁੰਦਰਤਾ ਦਸਣ ਦਾ ਵਰਤਿਆ ਗਿਆ ਹੈ ਕਿ ਹੰਸ ਵੀ ਉਸ ਦੀ ਚਮਕ ਦੇ ਸਾਹਮਣੇ ਮੋਤੀਆਂ ਦੀ ਚਮਕ ਨੂੰ ਨਹੀਂ ਪਛਾਣ ਸਕਦੇ। ਅਜੇਹੀਆਂ ਅਤ ਕਥਨੀਆਂ ਤੇ ਅਨਹੋਣੀਆਂ ਕਿੱਸਿਆਂ ਵਿਚ ਆਮ ਹੁੰਦੀਆਂ ਹਨ।

\# ਹੰਸ ਨੂੰ ਫੜਨ ਲਈ ਕੁੜੀਆਂ ਦਾ ਚੁੰਨੀਆਂ ਤਾਣ ਕੇ ਖਲੋਣਾ, ਕਵੀ ਦੀ ਕਲਪਨਾ ਤੇ ਗਹੁ ਨਾਲ ਜੀਵਨੀ ਵੇਖਣ ਦੀ ਸ਼ਕਤੀ ਦਾ ਪ੍ਰਮਾਣ ਹੈ।

** ਚਿਠੀ ਨੂੰ ਪੁਰਾਣੇ ਤਰੀਕੇ ਵਾਂਗ ਹੀ ਸ਼ੁਰੂ ਕੀਤਾ ਗਿਆ ਹੈ ਜਿਸ ਵਿਚ ਇਥੇ ਸੁਖ ਹੈ ਅਤੇ ਆਪਦੀ ਸੁਖ ਮੰਗਦਾ ਹਾਂ, ਵਾਲਾ ਢੰਗ ਚਲਦਾ ਸੀ।

1. ਉਡਿਆ। 2. ਹੰਕਾਰੀ। 3. ਰੌਲਾ ਰਪਾ।
4. ਮਮੋਲਾ ਇਕ ਜਾਨਵਰ ਦਾ ਨਾਂ ਹੈ ਜਿਸ ਨੂੰ ਪਾਪੀਹਾ ਵੀ ਆਖਦੇ ਹਨ। ਇਥੇ ਉਸ ਦਾ ਇਸਤਰੀ ਲਿੰਗ ਬਣਾਇਆ ਹੈ। 5. ਤਵੀਤ, ਠੀਕ ਸ਼ਬਦ ਤਵੀਜ਼ ਹੀ ਹੈ। 6. ਪਹਿਲਾ। 7. ਸੰਦੇਸ਼ਾ। 8. ਲਿਖਣਾ, ਦਸਣਾ ਤੋਂ ਭਾਵ ਹੈ।

ਬਾਦ[1] ਕਰਾਂ ਆਯਾਨ ਬਿਆਨ ਸਾਰਾ, ਨਾਲ ਗੌਰ[2] ਦੇ ਪੜ੍ਹੀ ਤਮਾਮ[3] ਪਯਾਰੀ।
ਆਏ ਹੰਸ ਤੇਰੇ, ਡੇਰੇ ਚਲ ਮੇਰੇ, ਕੀਤਾ ਬਾਗ ਦੇ ਵਿਚ ਬਿਸ਼੍ਰਾਮ ਪਯਾਰੀ।
ਦਾਸੀ ਆਈ ਸੁਨਾਈ ਉਸ ਗਲ ਸਾਰੀ, ਤੇਰਾ ਦਸਿਆ ਓਸਨੇ ਨਾਮ ਪਯਾਰੀ।
ਸ਼ੁਹਰਤ[4] ਸੁਹਰਾ-ਆਫਾਕ[5] ਦੀ ਸੁਨੀ ਜਿਸਦਮ ਲੂੰ ਲੂੰ ਵਿਚ ਕਰ ਗਈ ਕਯਾਮ[6] ਪਯਾਰੀ।
ਪਯਾਰ ਧਾਇ ਗਿਆ ਰਗ ਰਗ ਅੰਦਰ, ਵੱਸੀ ਜੀਉ ਅੰਦਰ ਲਾਲਾ-ਫਾਮ[7] ਪਯਾਰੀ।
ਭਾਵੇਂ ਵੇਖਿਆ ਨਹੀਂ ਮੈਂ ਨਾਲ ਅੱਖਾਂ, ਹੋਯਾ ਸੁਣਦਿਆਂ ਸਾਰ ਗੁਲਾਮ ਪਯਾਰੀ।
ਜਾਦੂ ਭਰੀ ਕਹਾਨੜੀ ਹੁਸਨ ਵਾਲੀ, ਹਿਰਦੇ ਵਿਚ ਕਰ ਗਈ ਮੁਕਾਮ ਪਯਾਰੀ।
ਦਿਲ ਹੋ ਗਿਆ ਬੇਅਖਤਿਆਰ ਮੇਰਾ ਸਾਲ ਸਾਲ ਬਣਿਆ ਇਕ ਇਕ ਯਾਮ[8] ਪਯਾਰੀ।
ਖਬਰੇ ਨਾਮ ਤੇਰੇ ਅੰਦਰ ਸਿਹਰ[9] ਕੋਈ, ਸੁਣ ਸੁਣ ਤਬਾ ਹੁੰਦੀ ਸ਼ਾਦ[10] ਕਾਮ ਪਯਾਰੀ।
ਲਗੀ ਅਖੀਆਂ ਨੂੰ ਸਿੱਕ ਦੇਖਣੇ ਦੀ, ਦੀਦ ਚਾਂਹਦੀਆਂ ਰੈਹਨ ਮੁਦਾਮ[11] ਪਯਾਰੀ।
ਮਾਰਣ ਪਲਕ[12] ਤੇ ਸੌਣ ਭੀ ਭੁਲ ਗਈਆਂ ਵੇਖਣ ਰਾਹ ਤੇਰਾ ਸੁਬਾਹਸ਼ਾਮ ਪਯਾਰੀ।
ਰਬ ਮੇਲ ਮਹਬੂਬ[13] ਨੂੰ ਇਕ ਵਾਰੀ, ਕਰੀਏ ਦੀਦ ਹੋਈਏ ਹਮਕਲਾਮ[14] ਪਯਾਰੀ।
ਓੜਕ ਆਸ ਧਰ ਕੇ ਏਹ ਅਰਦਾਸ ਲਿਖੀ, ਤੇਰੇ ਪਾਸ ਭੇਜੀ ਗੁਲ ਅੰਦਾਮ[15] ਪਯਾਰੀ।
ਆਲੀਸ਼ਾਨ[16] ਸੁੰਦਰ ਤੂੰ ਜਹਾਨ ਅੰਦਰ, ਬੇਨਜ਼ੀਰ ਤੂੰ ਹੈਂ ਲਾਕਲਾਮ[17] ਪਯਾਰੀ।
ਐਪਰ ਮੁਝ ਨੂੰ ਭੀ ਕਦਰਦਾਨ ਸਮਝੀ, ਏਹ ਪ੍ਰੀਤ ਨਾ ਸਮਝਨੀ ਖਾਮ[18] ਪਯਾਰੀ।
ਲੱਗੀ ਜਿਸ ਤਰ੍ਹਾਂ ਨਿਭੇਗੀ ਉਮਰ ਸਾਰੀ, ਬਣਿਆ ਰਹੁ ਗੁਲਾਮ ਬੇਦਾਮ[19] ਪਯਾਰੀ।
ਸਬਜ਼ ਪਰੀ ਜੇ ਤੂੰ ਪਰਿਸਤਾਨ[20] ਦੀ ਹੈਂ, ਕਰਕੇ ਮੇਹਰ ਬਨਾ ਗੁਲਫਾਮ[21] ਪਯਾਰੀ।
ਸ਼ਾਦਕਾਮ[22] ਕਰਦੇ ਪੂਰੀ ਆਸ ਕਰਦੇ, ਆਖਾ ਮੋੜਨਾ ਨਾ ਨੇਕ ਨਾਮ ਪਯਾਰੀ।
ਸਿੱਕਾਂ ਸਿਕਦਾ ਜੀਉ ਦੀਦਾਰ ਤਾਈਂ, ਕਦੋ ਰਾਸ ਹੋਸਨ ਮੇਰੇ ਕਾਮ ਪਯਾਰੀ।
ਆਵੇ ਕਦੋਂ ਸਨੇਹੜਾ ਭੀਮ[23] ਵਲੋਂ, ਕਰੋ ਸ਼ਹਿਰ ਸਾਡੇ ਆ ਮੁਕਾਮ[24] ਪਯਾਰੀ।
ਸੇਹਰੇ ਬੰਨ੍ਹ ਕੇ ਕਰਨ ਵਿਆਹ ਆਵਾਂ, ਨਾਲ ਜੰਞ ਲੈ ਕੇ ਧੂਮ ਧਾਮ ਪਯਾਰੀ।
ਜੋੜੀ ਬਣੇ ਸਿਰ ਜੋੜੀ ਭਗਵਾਨ ਰੱਖੇ, ਵੇਖੇ ਖਲਕ ਸੰਦਾ ਅਜ਼ਦਹਾਮ[25] ਪਯਾਰੀ।
ਛੇਤੀ ਘੱਲ ਸੁਨੇਹੜਾ ਮਾਪਿਆਂ ਦਾ, ਕਰਾਂ ਔਣ ਦਾ ਮੈਂ ਇੰਤਜ਼ਾਮ ਪਯਾਰੀ।
ਸਿੱਕਾਂ ਪੂਰੀਆਂ ਹੋਣ ਦਰਗਾਹ ਵਲੋਂ, ਸਮਝਾਂ ਰਬ ਦਾ ਕਰਮ[26] ਇਕਰਾਮ[27] ਪਯਾਰੀ।
ਜੇਕਰ ਹਲ ਨਾ ਏਹ ਸਵਾਲ ਹੋਇਆ, ਛੁਟ ਜਾਵਸੀ ਆਬ[28] ਤੁਆਮ[29] ਪਯਾਰੀ।
ਬੈਠਣ ਉਠਣਾ ਲੇਟ ਅਰਾਮ ਕਰਨਾ, ਖਾਣ ਪੀਣ ਤੇ ਸੌਣ ਹਰਾਮ ਪਯਾਰੀ।
ਨਾ ਉਮੈਦ ਤੁਰ ਗਿਆ ਜਹਾਨ ਵਿਚੋਂ, ਸਿਰ ਤੇ ਖਲੇ ਕੈਹਸਨ ਖਾਸੋਆਮ[30] ਪਯਾਰੀ।
ਖੂਬੀ ਪਾ ਬਖੀਲ[31] ਨਾ ਬਣੀ ਦਿਲ ਦੀ, ਦੁਨੀਆਂ ਜ਼ਿੰਦਗੀ ਚੰਦ[32] ਅਯਾਮ[33] ਪਯਾਰੀ।

---

1. ਪਿਛੋਂ। 2. ਧਿਆਨ। 3. ਸਾਰੀ। 4. ਮਸ਼ਹੂਰੀ, ਪ੍ਰਸਿਧਤਾ। 5. ਦੁਨੀਆਂ ਦੀ ਸਵੇਰ, ਊਸ਼ਾ। 6. ਟਿਕਾਣਾ। 7. ਗੁਲਾਲ ਦੇ ਫਲ ਦੇ ਰੰਗ ਦੀ। 8. ਪਲ। 9. ਜਾਦੂ। 10. ਖੁਸ਼ੀ। 11. ਪੱਕੀ। 12. ਅੱਖਾਂ ਝਮਕਣ ਤੋਂ ਭਾਵ ਹੈ। 13. ਪਿਆਰੀ। 14. ਗਲਬਾਤ ਕਰੀਏ। 15. ਫੁਲ ਦੇ ਰੰਗ ਵਰਗੀ। 16. ਜਿਸ ਦੇ ਨਾਲ ਦੀ ਮਿਸਾਲ ਨਹੀਂ। 17. ਦਸਣ ਤੋਂ ਬਾਹਰ। 18. ਝੂਠੀ। 19. ਬਿਨਾਂ ਦਮਾਂ ਦੇ। 20. ਪਰੀਆਂ ਦੇ ਰਹਿਣ ਦੀ ਥਾਂ। 21. ਪ੍ਰੀਤਮਾ, ਪਿਆਰੀ ਗੁਲਾਬ ਵਰਗੀ। 22. ਖੁਸ਼। 23. ਭੀਮਸੈਨ ਦਮਯੰਤੀ ਦੇ ਪਿਤਾ ਤੋਂ ਭਾਵ ਹੈ। 24. ਟਿਕਾਣਾ। 25. ਰੌਣਕ, ਮੇਲਾ, ਭੀੜਾ। 26. ਬਖਸ਼ਸ਼। 27. ਮੇਹਰਬਾਨੀਆਂ। 28. ਪਾਣੀ। 29. ਰੋਟੀ। 30. ਹੋਰ ਕੋਈ। 31. ਚੁਗਲ। 32. ਕੁਝ। 33. ਪਲ।

ਸੁੰਦਰ ਰੂਪ ਹੈ ਸਦਾ ਨਾ ਰਹਿਣ ਵਾਲਾ, ਭੁਲੀਂ ਵੇਖ ਨਾ ਹੱਡ ਤੇ ਚਾਮ ਪਯਾਰੀ।
ਨੇਕੀ ਕਰੀਂ ਜਹਾਨ ਤੇ ਆਨ ਕੇ ਤੇ, ਪਾਣੀ ਬੁਲਬੁਲਾ ਉਮਰ ਖਜਾਮ[1] ਪਯਾਰੀ।
ਜੇਹੜੇ ਹੋਰਨਾਂ ਦੇ ਜੀਉ ਠਾਰਦੇ ਨੇ, ਠੰਢ ਪਾਂਵਦਾ ਉਨ੍ਹਾਂ ਨੂੰ ਰਾਮ ਪਯਾਰੀ।
ਨੇਕੀ ਨਾਲ ਗੁਜ਼ਾਰਨੀ ਉਮਰ ਸਾਰੀ, ਆਇਆ ਜਗਦਾ ਏਹੋ ਇਨਾਮ ਪਯਾਰੀ।
ਮੇਰਾ ਰਦ[2] ਨਾ ਕਰੀਂ ਸਵਾਲ ਪਯਾਰੀ, ਅੱਛਾ ਹੋਵਸੀ ਨਹੀਂ ਅੰਜਾਮ[3] ਪਯਾਰੀ।
ਆਸਾਂ ਵਿਚ ਹੀ ਜਿੰਦ ਹਵਾ ਹੋਸੀ, ਲੈਸਾਂ ਵਿਚ ਦਰਗਹ ਇੰਤਕਾਮ[4] ਪਯਾਰੀ।
ਕਰਾਂ ਬੰਦ ਹੁਣ ਖਤ ਫਕਤ[5] ਲਿਖਕੇ ਜਾਂਦੀ ਵਾਰ ਆਖਾਂ ਰਾਮ ਰਾਮ ਪਯਾਰੀ।
ਜੇਕਰ ਨਾਮ ਗੁਮਨਾਮ ਦਾ ਪੁਛਣਾ ਈ, ਚਾਤ੍ਰਿਕ ਜੋੜ ਲੈ ਨੂਨ ਤੇ ਲਾਮ[6] ਪਯਾਰੀ।

ਚਿੱਠੀ ਪੜ੍ਹ ਕੇ ਰਾਜ ਕੁਮਾਰੀ ਦਮਯੰਤੀ ਦਾ ਰਾਜੇ ਨਲ ਪਰ ਬਿਨ੍ਹਾਂ ਦੇਖੇ ਮੋਹਿਤ ਹੋ ਜਾਣਾ

*ਵਾਚੀ ਪ੍ਰੇਮ ਪਾਤੀ, ਗਈ ਚੀਰ ਛਾਤੀ, ਸੀਨੇ ਲਾ ਠੰਢੀ, ਕੀਤੀ ਛਾਤੀ ਪਾਤੀ।
ਪਾਤੀ ਨਹੀਂ ਏਹ ਕਾਤੀ ਸੀ ਪ੍ਰੇਮ ਵਾਲੀ, ਗਈ ਫੇਰ ਸੀਨੇ ਅੰਦਰ ਕਾਤੀ ਪਾਤੀ।
ਕਦੇ ਖੋਹਲ ਕੇ ਪੜ੍ਹੇ ਲਪੇਟ ਦੇਵੇ, ਕਦੇ ਫੇਰ ਖੋਹਲੇ ਰੰਗ ਰਾਤੀ ਪਾਤੀ।
ਕਦੇ ਰੱਖ ਜ਼ਮੀਨ ਤੇ ਸੋਚ ਸੋਚੇ, ਕਦੇ ਹੱਥ ਦੇ ਵਿਚ ਉਠਾਤੀ ਪਾਤੀ।
ਪ੍ਰੇਮ ਭਰੀ ਦਾ ਪ੍ਰੇਮ ਨਾ ਰਹੇ ਰੁਕਿਆ, ਮੁੜ ਮੁੜ ਦੇਖਦੀ ਏ ਜੀਉ ਘਾਤੀ[7] ਪਾਤੀ।
ਹੋਈ ਪ੍ਰੇਮ ਦੇ ਵਿਚ ਮਦਹੋਸ਼[8] ਰਾਣੀ ਨਸ਼ੇ ਬਾਝ ਕਰ ਲਈ ਮਦ-ਮਾਤੀ[9] ਪਾਤੀ।
ਚਾਰੋਂ ਤਰਫ ਵਲੋਂ ਆਵੇ ਨਜ਼ਰ ਪਾਤੀ, ਉਪਰ ਹੇਠ ਜਿਧਰ ਮਾਰੇ ਝਾਤੀ ਪਾਤੀ।
ਹੋਏ ਬਾਗ਼ ਦੇ ਰੁੱਖ ਦਰਖਤ ਪਾਤੀ, ਫਲ ਫੁਲ ਡਾਲ ਡਾਲੀ ਪਾਤੀ ਪਾਤੀ ਪਾਤੀ।
ਪਾਤੀ ਲਿਖਣ ਵਾਲਾ ਐਪਰ ਕੌਣ ਇਸਦਾ ? ਏਸ ਗਲ ਦੀ ਖਬਰ ਨਾ ਪਾਤੀ[10] ਪਾਤੀ।
ਚਾਤ੍ਰਿਕ ਉਠ ਝਰੋਖਿਓਂ ਬਾਹਰ ਨਿਕਲੀ, ਵਲ ਹੰਸ ਦੇ ਪਕੜ ਕੇ ਆਤੀ[11] ਪਾਤੀ।

ਰਾਜ ਕੁਮਾਰੀ ਦਮਯੰਤੀ ਨੇ ਰਾਜ ਹੰਸ ਪਾਸੋਂ ਪੁਛਣਾ

ਕਹਿੰਦੀ, ਪੰਛੀਆ ਸੋਹਣਿਆ ਮੋਹਣਿਆ ਵੇ, ਇਕ ਗੱਲ ਮੈਨੂੰ ਛੇਤੀ ਦਸ ਚੰਦਾ।
ਸਚੋ ਸਚ ਨਾ ਝੂਠ ਲੁਕਾ ਰੱਖੀ, ਏਧਰ ਆ ਨਾ ਪਰੇ ਨੂੰ ਨਸ ਚੰਦਾ।
ਕੇਹੜੇ ਜੱਛ[12] ਗੰਧਰਬ[13] ਯਾ ਦੇਵ੍ਤੇ ਦੇ, ਜਾਕੇ ਪਿਆ ਸੈਂ ਅਜ ਤੂੰ ਵੱਸ ਚੰਦਾ।
ਜਿਸਨੇ ਲਿਖ ਕੇ ਦਿਤੀ ਆ ਪ੍ਰੇਮ ਪਾਤੀ, ਸੀਨੇ ਨਾਲ ਤੇਰੇ ਬੱਧੀ ਕੱਸ ਚੰਦਾ।
ਮੈਨੂੰ ਪੜ੍ਹਦਿਆਂ ਜਾਗਿਆ ਪ੍ਰੇਮ ਐਸਾ, ਪਯਾਰ ਗਿਆ ਲੂੰ ਲੂੰ ਅੰਦਰ ਧੱਸ ਚੰਦਾ।
ਪਾਤੀ ਫੇਰ ਕਾਤੀ, ਗਈ ਚੀਰ ਛਾਤੀ, ਲਿਆ ਸਬਰ ਕਰਾਰ ਨੂੰ ਖੱਸ ਚੰਦਾ।

---

1. ਥੋੜੀ ਉਮਰ। 2. ਮੋੜਨਾ। 3. ਨਤੀਜਾ। 4. ਬਦਲਾ, ਮੋੜ।
5. ਸਿਰਫ, ਕੇਵਲ। 6. ਨੂਨ ਤੇ ਲਾਮ ਉਰਦੂ ਦੇ ਅੱਖਰ ਸਾਡੇ ਨ ਤੇ ਲ ਦੇ ਬਰਾਬਰ ਹਨ, ਭਾਵ ਰਾਜਾ ਨਲ ਤੋਂ ਹੈ।
7. ਨਾਸ ਕਰਨ ਵਾਲੀ। 8-9. ਮਸਤ ਕਰਨ ਵਾਲੀ। 10. ਪਾਉਂਦੀ। 11. ਆਉਂਦੀ।
12. ਦੇਵਤੇ, ਜਿਨ੍ਹਾਂ ਦਾ ਵਰਨਣ ਪਿਛੇ ਵੀ ਆ ਚੁਕਾ ਹੈ। 13. ਦੇਵਤਿਆਂ ਦੇ ਗਾਇਕ।

ਬਿਨਾ ਡਿਠਿਆਂ ਬੋਲ ਅਣਭੋਲ ਉਸਦੇ, ਨਾਗ ਵਾਂਗ ਮੈਨੂੰ ਗਏ ਡੱਸ ਚੰਦਾ।
ਉਹ ਹੈ ਕੌਣ ਬਲਕਾਰ ਤੇ ਧਰਮ ਵਾਲਾ ? ਸੁਣਿਆ ਹੋਵਸੀ ਤੂੰ ਉਸਦਾ ਜੱਸ ਚੰਦਾ।
ਕੇਹੜੇ ਦੇਸ ਦੀ ਹਾਕਮੀ[1] ਕਰਨ ਵਾਲਾ ? ਕੀ ਸੂ ਉਮਰ ਤੇ ਕੀ ਰੂਪ ਰੱਸ ਚੰਦਾ ?
ਚਾਤ੍ਰਿਕ ਦੱਸ ਛੇਤੀ ਓਹਦਾ ਜੱਸ ਚੰਦਾ, ਤੇਰਾ ਜਾਵਸੀ, ਕੁਝ ਨਾ ਘਸ ਚੰਦਾ।

ਰਾਜ ਹੰਸ ਦਾ ਉਤਰ

ਮੈਥੋਂ ਭਲੀਏ ਹਾਲ ਕੀ ਪੁੱਛਨੀਏਂ ? ਗੱਲ ਕਰਦਿਆਂ ਆਂਵਦੀ ਸੰਗ ਬਾਈ।
ਓਹ ਤਾਂ ਜ਼ਾਹਿਰਾਂ[2] ਆਦਮੀਜ਼ਾਦ[3] ਰਾਜਾ, ਅਸਲ ਵਿਚ ਉਹ ਖਾਸ ਅਨੰਗ[4] ਬਾਈ।
ਅਸਾਂ ਲਖ ਹਜ਼ਾਰ ਮਲੂਕ[5] ਡਿੱਠੇ, ਕਿਸੇ ਗੱਲ ਦੀ ਨਹੀਂ ਉਮੰਗ ਬਾਈ।
ਐਪਰ ਸਚ ਆਖਾਂ ਤੀਨ ਲੋਕ ਅੰਦਰ, ਐਸਾ ਨਹੀਂ ਡਿੱਠਾ ਰੂਪ ਰੰਗ ਬਾਈ।
ਨਿਖਧ ਦੇਸ਼ ਦਾ ਬਾਦਸ਼ਾਹ ਨਲ ਰਾਜਾ ਨਹੀਂ ਕਿਸੇ ਗਲੋਂ ਤੰਗ ਨੰਗ ਬਾਈ।
ਜਦੋਂ ਗਿਆ ਮੈਂ ਓਸਦੇ ਬਾਗ ਅੰਦਰ, ਰੂਪ ਦੇਖ ਕੇ ਰਹਿ ਗਿਆ ਦੰਗ ਬਾਈ।
ਮੇਰੀ ਹੋਸ਼ ਮਾਰੀ ਗਈ ਓਸ ਵੇਲੇ, ਓਸੇ ਵਕਤ ਉਸਨੇ ਲਿਆ ਢੰਗ ਬਾਈ।
ਤਾਬ ਝਲ ਨਾ ਸਕਿਆ ਸਾਹਮਣੇ ਹੋ, ਡਿੱਗਾ ਸ਼ਮ੍ਹਾਂ ਤੇ ਵਾਂਗ ਪਤੰਗ ਬਾਈ।
ਜਿਚਰ ਤੀਕ ਉਹ ਲਿਖਦਾ ਖਤ ਰਹਿਆ, ਰਿਹਾ ਵੇਖਦਾ ਮੈਂ ਅੰਗ ਅੰਗ ਬਾਈ।
ਨਿਰਾ ਹੁਸਨ ਦਾ ਦੇਵਤਾ ਨਹੀਂ ਰਾਜਾ, ਸੂਰਬੀਰ ਜੋਧਾ ਅੰਦਰ ਜੰਗ ਬਾਈ।
ਮੇਰੀ ਜਾਚ ਅੰਦਰ ਸਿਖੇ ਓਸ ਪਾਸੋਂ, ਵੱਲ ਜੰਗ ਦਾ ਐਹਲ-ਫਰੰਗ[6] ਬਾਈ।
ਏਹ ਭੀ ਸੁਣੀਂਦਾ ਘੋੜ ਸਵਾਰ ਪੂਰਾ, ਇੰਦਰਜੀਤ ਦਾ ਭੰਨਦਾ ਲੰਗ ਬਾਈ।
ਜੇਕਰ ਵੇਖਣਾ ਈ ਕੁਝ ਜਹਾਨ ਉਤੇ, ਦਿਨੇ ਰਾਤ ਇਹ ਮੁਰਾਦ ਮੰਗ ਬਾਈ।
ਚਾਤ੍ਰਿਕ ਵਰ ਲੋੜੀਂ ਦਰ ਰਬ ਦੇ ਤੋਂ, ਰਾਜਾ ਨਲ ਹੋਵੇ ਅੰਗ ਸੰਗ ਬਾਈ।

ਬੇਚੈਨ ਹੋ ਜਾਣਾ ਰਾਜ ਕੁਮਾਰੀ ਦਮਯੰਤੀ ਦਾ ਰਾਜਾ ਨਲ ਦੀ ਸਿਫਤ ਸੁਣ ਕੇ

ਅਗੋਂ ਖਤ ਨੇ ਪਿਆਰ ਦਾ ਬੀਜ ਬੋਯਾ, ਉਤੋਂ ਹੰਸ ਤਾਰੀਫ ਦਾ ਆਬ ਦਿਤਾ।
ਬੂਟਾ ਪ੍ਰੇਮ ਦਾ ਉਗਿਆ ਦਿਲੇ ਅੰਦਰ, ਅਕਲ ਹੋਸ਼ ਹਵਾਸ ਜਵਾਬ ਦਿਤਾ।
ਹੋਈ ਮਸਤ ਦਿਲਦਾਰ[7] ਦੇ ਪਿਆਰ ਅੰਦਰ, ਯਾਦ ਓਸਦੀ ਨੇ ਕਰ ਸ਼ਾਦਾਬ[8] ਦਿਤਾ।
ਏਧਰ ਸ਼ਮਾ ਜਲਦੀ ਸੂਰਜ ਦੇਵ ਬਾਝੋਂ, ਤੇ ਪਤੰਗ ਓਧਰ ਕਰ ਕਬਾਬ ਦਿਤਾ।
ਦੋਹਾਂ ਸੀਨਿਆਂ ਵਿਚ ਪ੍ਰੇਮ ਧਾਇਆ, ਏਕਰਾਰ ਕਰ ਵਾਂਗ ਸੀਮਾਬ[9] ਦਿਤਾ।
ਦਿਨੇ ਰਾਤ ਪੁਕਾਰਦੀ ਨਲ ਰਾਜਾ, ਇਜ਼ਤਰਾਬ[10] ਬੇਹੱਦੋ-ਹਿਸਾਬ[11] ਦਿਤਾ।
ਉਹਲੇ ਬੈਠ ਕੇ ਰੋਜ਼ ਵਿਰਲਾਪ ਕਰਦੀ, ਰੰਬਾ ਮੁਝ ਨੂੰ ਕਿਹਾ ਅਜ਼ਾਬ[12] ਦਿਤਾ।
ਛੇਤੀ ਡੌਲ ਕਰ ਮਿਲੇ ਦਿਲਦਾਰ ਆ ਕੇ, ਕਰ ਹਰਾਮ ਮੇਰਾ ਖੁਰੋਖਵਾਬ[13] ਦਿਤਾ।

---

1. ਹਕੂਮਤ ਜਾਂ ਰਾਜ। 2. ਪਰਗਟ। 3. ਮਨੁਖ ਦਾ ਪੁਤਰ। 4. ਕਾਮਦੇਵ। 5. ਦੇਵਤੇ। 6. ਫਰੰਗੀ, ਵਲਾਇਤੀ। 7. ਪਿਆਰੇ। 8. ਹਰਾ ਭਰਾ, ਖੁਸ਼, ਤਾਜ਼ਾ। 9. ਪਾਰ, ਭਾਵ ਬੇਚੈਨ। 10. ਘਬਰਾਹਟ। 11. ਬੇਅੰਤ। 12. ਦੁਖ। 13. ਖਾਣਾ ਪੀਣਾ ਤੇ ਸੌਣਾ।

ਆਵੇ ਚੈਨ ਦਿਨ ਰੈਨ ਨਾ ਨੈਨ ਸੁੱਕਨ, ਵਗ ਵਗ ਭਰ ਢਾਬ ਤਾਲਾਬ ਦਿਤਾ।
ਰਬਾ ਚਮਨ[1] ਭੀ ਕਰੀਂ ਨਸੀਬ ਵੜਨਾ, ਜੇ ਬੁਲਬੁਲ ਨੂੰ ਇਸ਼ਕ ਗੁਲਾਬ ਦਿਤਾ।
ਮੈਂ ਚਕੋਰਨੀ ਕਰਾਂ ਦੀਦਾਰ ਛੇਤੀ, ਜੋ ਨਸੀਬ ਮੇਰੇ ਮਾਹਤਾਬ[2] ਦਿਤਾ।
ਚਾਤ੍ਰਿਕ ਜੜੀ ਦੀ ਜਲਦ ਸਿਰ ਜੋੜੀ ਕਰਦੇ, ਇੰਤਖਾਬ[3] ਮੇਰਾ ਲਾਜੁਵਾਬ[4] ਦਿਤਾ।

ਬਿਆਨ ਬੇਕਰਾਰੀ ਰਾਜਾ ਨਲ ਦੀ

ਉਧਰ ਨਲ ਰਾਜੇ ਨੂੰ ਨਾ ਸ਼ਾਂਤ ਆਵੇ, ਦਿਨੇ ਰਾਤ ਏਹੋ ਗੀਤ ਗਾਂਵਦਾ ਏ।
ਕਦੋਂ ਮਿਲੇ ਸੁਨੇਹੜਾ ਪਿਆਰਿਆਂ ਦਾ, ਸੁਖਾਂ ਸੁੱਖਦਾ ਔਂਸੀਆਂ ਪਾਂਵਦਾ ਏ।
ਆਵੇ ਕੋਈ ਵਿਦਰਭ ਤੋਂ ਆਦਮੀ ਜੇ, ਉਸਨੂੰ ਸੱਦ ਕੇ ਪਾਸ ਬਿਠਾਂਵਦਾ ਏ।
ਖਬਰ ਪੁੱਛਦਾ ਭੀਮ ਦੀ ਪੁੱਤਰੀ ਦੀ, ਨਾਲੇ ਰੂਪ ਦਾ ਹਾਲ ਪੁਛਾਂਵਦਾ ਏ।
ਅਗੋਂ ਨਾਲ ਪਿਆਰ ਦੇ ਸਭ ਕੋਈ, ਕਰ ਕੇ ਬੜੀ ਤਾਰੀਫ ਸੁਣਾਂਵਦਾ ਏ।
ਮਰਦਾਂ ਵਿਚ ਰਾਜਾ ਨਲ ਖੂਬਸੂਰਤ, ਬੇਨਜ਼ੀਰ ਇਨਸਾਨ ਅਖਾਂਵਦਾ ਏ।
ਓਧਰ ਨਾਰੀਆਂ ਵਿਚ ਦਮਯੰਤੀ ਰਾਣੀ, ਬੇਮਿਸਾਲ ਜਹਾਨ ਸਲਾਂਹਵਦਾ ਏ।
ਜੋੜੀ ਰਬ ਨੇ ਰਚੀ ਸੰਸਾਰ ਅੰਦਰ, ਅਕਲ ਸ਼ਕਲ ਤੇ ਹਾਣ ਨਿਆਂਵਦਾ ਏ।
ਭਾਂਬੜ ਪ੍ਰੇਮ ਦਾ ਬਲੇ ਜੋ ਵਿਚ ਸੀਨੇ, ਪਾਕੇ ਤੇਲ ਓਹ ਹੋਰ ਭੜਕਾਂਵਦਾ ਏ।
ਸੁਣ ਸੁਣ ਸਿਫਤ ਦਮਯੰਤ ਦੀ ਨਲ ਰਾਜਾ, ਵਕਤ ਗਿਣਤੀਆਂ ਵਿਚ ਲੰਘਾਵਦਾ ਏ।
ਚਿੰਤਾ ਚਿਖਾ ਦੇ ਵਾਂਗ ਦਰਪੇਸ਼[5] ਆਈ, ਗਮ ਖਾਂਵਦਾ ਖੂਨ ਸੁਕਾਂਵਦਾ ਏ।
ਏਸੇ ਫਿਕਰ ਦੇ ਵਿਚ ਗਲਤਾਨ ਰਹਿੰਦਾ, ਕੰਮ ਕਾਰ ਵਿਹਾਰ ਨਾ ਭਾਂਵਦਾ ਏ।
ਖਾਣ ਪੀਣ ਦਾ ਕੁਝ ਸੁਆਦ ਨਾਹੀਂ, ਰਾਤੀ ਅਖ ਨਾ ਲੇਟਕੇ ਲਾਂਵਦਾ ਏ।
ਉਹ ਅਪੱਛਰਾਂ ਕਰੇ ਕਬੂਲ ਮੈਨੂੰ, ਏਹ ਅਣਹੋਂਦ ਮੈਨੂੰ ਨਜ਼ਰ ਆਂਵਦਾ ਏ।
ਖਬਰੇ ਮੰਨ ਹੀ ਲਵੇ ਸਵਾਲ[6] ਮੇਰਾ, ਕਰਕੇ ਸੋਚ ਇਹ ਫਿਕਰ ਘਟਾਂਵਦਾ ਏ।
ਚਾਤ੍ਰਿਕ ਗੀਟੀਆਂ ਗਾਲਦਾ[7] ਜੀਉ ਅੰਦਰ, ਇਕ ਢਾਂਹਵਦਾ ਇਕ ਬਣਾਂਵਦਾ ਏ।

ਬੇਕਰਾਰੀ ਰਾਜਕੁਮਾਰੀ ਦਮਯੰਤੀ ਦੀ

ਏਧਰ ਕੁਠੜੀ ਬ੍ਰਿਹੋਂ ਦਮਯੰਤੜੀ ਭੀ, ਰਾਜਾ ਨਲ ਹੀ ਨਲ ਪੁਕਾਰਦੀ ਏ।
ਗੁਝੀ ਬੈਠ ਨਵੇਕਲੀ ਯਾਦ ਕਰਦੀ, ਪਾਤੀ ਖੋਹਲਕੇ ਓਸਦੇ ਪਯਾਰ ਦੀ ਏ।
ਜਦੋਂ ਅੱਖੀਆਂ ਠੱਲ੍ਹੀਆਂ ਰਹਿਣ ਨਾਹੀਂ, ਕੁੰਡਾ ਅੰਦਰੋਂ ਉਠ ਕੇ ਮਾਰਦੀ ਏ।
ਹਾਇ ਨਲ ਪਯਾਰੇ ਕਦੋਂ ਮਿਲੇਂਗਾ ਤੂੰ, ਖਬਰ ਆਨਕੇ ਲਵੀਂ ਦੁਖਯਾਰਦੀ ਏ।
ਸੋਭਾ ਰੂਪ ਦੀ ਸੁਣਾਂ ਹਮੇਸ਼ ਤੇਰੀ, ਬੇਨਜ਼ੀਰ ਸਭ ਖਲਕ ਉਚਾਰਦੀ ਏ।
ਮੇਰੀ ਜਿੰਦ ਤੇਰੇ ਉਤੋਂ ਘੋਲ ਘੱਤੀ, ਤੇਰੇ ਦਰਸ ਨੂੰ ਪਈ ਚਿਤਾਰਦੀ ਏ।

---

1. ਬਾਗ। 2. ਚੰਦਰਮਾ। 3. ਚੋਣ। 4. ਜਿਸ ਜਿਹਾ ਕੋਈ ਹੋਰ ਨਹੀਂ। 5. ਸਾਹਮਣੇ। 6. ਮੰਗ।
7. ਗਿਟੀਆਂ ਗਿਣਨਾ ਵੀ ਮੁਹਾਵਰਾ ਹੈ, ਭਾਵ ਉਡੀਕ ਤੋਂ ਹੈ।

ਕੇਹੜੀ ਘੜੀ ਸੁਲੱਖਣੀ ਮਿਲੇਂਗਾ ਤੂੰ, ਕਦੋਂ ਮਿਹਰ ਹੋਸੀ ਸਿਰਜਨਹਾਰ ਦੀ ਏ।
ਏਸੇ ਤਰ੍ਹਾਂ ਅਲਾਪ ਬਿਰਲਾਪ ਕਰਦੀ, ਹਾੜੇ ਕਢਦਿਆਂ ਵਕਤ ਗੁਜ਼ਾਰਦੀ ਏ।
ਗਮਾਂ ਘੇਰ ਚੁਫੇਰਿਓਂ ਖੂਨ ਪੀਤਾ, ਪੀਲੀ ਪੈ ਗਈ ਸ਼ਕਲ ਵਸਾਰ[1] ਦੀ ਏ।
ਬੁਕ ਹੱਡੀਆਂ ਆਣ ਸਰੀਰ ਹੋਇਆ, ਖਾਣ ਪੀਣ ਤੇ ਸੌਣ ਵਿਸਾਰ ਦੀ ਏ।
ਪੱਖੇ ਵਾਂਗ ਝੁਲੇ ਹਿਜਰ ਪੀੜ ਲੀਤੀ, ਪਈ ਦਿਸਦੀ ਨਕਸ਼[2] ਦੀਵਾਰ[3] ਦੀ ਏ।
ਅੰਦਰ ਖਾਨਿਓਂ ਅਸਲ ਵਿਚ ਗਈ ਚੱਟੀ ਲੋਕਾਂ ਸਾਹਮਣੇ ਸਾਂਗ ਉਤਾਰਦੀ ਏ।
ਸਈਆਂ ਨਾਲ ਖਿਆਲ ਨਾ ਖੋਲ੍ਹਿਆ ਸੂ, ਜੀਉ ਅੰਦਰੇ ਅੰਦਰੇ ਖਾਰਦੀ ਏ।
ਐਪਰ ਪਿਆਰ ਮਹਿਕਾਰ[4] ਛਪਾਨ ਔਖੇ, ਜਾਏ ਪੇਸ਼ ਨਾ ਕਿਸੇ ਬਲਕਾਰਦੀ ਏ।
ਖੰਘ, ਖੁਰਕ ਨਾ ਰੋਕੀਆਂ ਰਹਿਣ ਮੂਲੋਂ, ਢਕੀ ਰਹੇ ਨਾ ਅੱਗ ਅੰਗਿਆਰ ਦੀ ਏ।
ਕਰਕੇ ਖੂਨ ਜੇ ਆਖੀਏ ਰਹੇ ਗੁਝਾ, ਏਹ ਭੀ ਗੱਲ ਨਾਹੀਂ ਏਤਬਾਰ ਦੀ ਏ।
ਸ਼ਾਦੀ ਗਮੀ ਭੀ ਮੱਥਿਓਂ ਪੜ੍ਹੀ ਜਾਂਦੀ, ਸਾਫ ਸਾਹਮਣੇ ਗਲ ਨਿਤਾਰਦੀ ਏ।
ਨੇਕੀ, ਸ਼ਰਮ, ਹਯਾ ਤੇ ਐਬ, ਖੂਬੀ, ਤੇਜ਼ ਨਜ਼ਰ ਪੇਸ਼ਾਨੀਓਂ[5] ਤਾੜਦੀ ਏ।
ਕਈ ਤੋਰ ਪਛਾਣ ਕੇ ਦਸ ਦੇਂਦੇ, ਚਾਲ ਪਰਖਦੇ ਚੋਰ ਤੇ ਯਾਰ ਦੀ ਏ।
ਚਾਤ੍ਰਿਕ ਸਖੀਆਂ ਅੱਖੀਆਂ ਤਾੜ ਗਈਆਂ, ਲਖੀ ਮਰਜ ਸਦਾ ਸੌਦਾ[6] ਬੀਮਾਰ ਦੀ ਏ।

ਸ਼ਕੁੰਤਲਾ ਸਹੇਲੀ ਦਾ ਰਾਜ ਕੁਮਾਰੀ ਦਮਯੰਤੀ ਪਾਸੋਂ ਪੁਛਣਾ

ਸਖੀਆਂ ਵਿਚ ਪ੍ਰਧਾਨ ਸ਼ਕੁੰਤਲਾ ਸੀ, ਦਮਯੰਤੀ ਦੀ ਖਾਸ ਹਮਜੋਲ ਪਿਆਰੀ।
ਕੋਲ ਆਣ ਪੁਛੇ ਗਲ ਫੋਲ ਸਾਰੀ, ਕਹਿੰਦੀ ਜਾਨ ਘੱਤੀ ਘੋਲ ਘੋਲ ਪਿਆਰੀ।
ਤੈਨੂੰ ਦੁਖ ਕੀ ਰਬ ਨੇ ਲਾ ਦਿਤਾ ? ਦਸ ਹਾਲ ਮੈਨੂੰ ਫੋਲ ਫੋਲ ਪਿਆਰੀ।
ਤੇਰਾ ਮੁਖ ਕੁਮਲਾ ਗਿਆ ਕੌਲ ਵਰਗਾ, ਸੁਕੇ ਬੁਲ ਬੇਡੌਲ ਕਪੋਲ[7] ਪਿਆਰੀ।
ਪਿਲਾ ਫੂਕ ਤੇ ਪੀਲੜਾ ਰੰਗ ਹੋਯਾ, ਹਿਸਾ ਅਠਵਾਂ ਰਿਹਾ ਨਾ ਤੋਲ ਪਿਆਰੀ।
ਥੱਲੇ ਲੱਥੀਆਂ ਅਖੀਆਂ ਪਏ ਟੋਏ, ਭਰੀਆਂ ਰੈਹਨ ਪਾਣੀ ਜਿਵੇਂ ਡੋਲ ਪਿਆਰੀ।
ਆਹੀਂ ਸਰਦ ਕਲੇਜਿਓਂ ਦਰਦ ਉਠੇ, ਭੁਲੇ ਹਾਸੜੇ ਅਤੇ ਕਲੋਲ ਪਿਆਰੀ।
ਖਾਣ ਪੀਣ ਅਰਾਮ ਹਰਾਮ ਕਰਕੇ, ਦਿਨੇ ਰਾਤ ਏਹੋ ਘੁਲੋਂ ਘੋਲ ਪਿਆਰੀ।
ਰਹੇ ਨਿਤ ਏਕਾਂਤ ਬੇਸ਼ਾਂਤ ਹੋਈ, ਸਾਨੂੰ ਬਹਿਣ ਨਾ ਦੇਨੀ ਏਂ ਕੋਲ ਪਿਆਰੀ।
ਰਤੀ ਸਤਿਆ ਰਹੀ ਨਾ ਵਿਚ ਜੁਸੇ, ਪੱਖੇ ਵਾਂਗ ਤੂੰ ਰਹੀ ਹੈਂ ਡੋਲ ਪਿਆਰੀ।
ਸੱਚ ਦਸ ਕੀ ਵਰਤਿਆ ਨਾਲ ਤੇਰੇ ? ਰੱਖੀਂ ਜ਼ਰਾ ਨਾ ਝੂਠ ਦਾ ਪੋਲ ਪਿਆਰੀ।
ਕਿਤੇ ਹੰਸ ਵਾਲਾ ਖਤ ਵਾਚ ਕੇ ਤੇ ਫੱਟ ਦਬੀਓਂ ਤੂੰ ਅਨਭੋਲ ਪਿਆਰੀ।
ਆਯਾ ਜਦੋਂ ਦਾ ਹੰਸ ਨਿਖਸਮੜਾ ਉਹ, ਹੋਯਾ ਕਦੇ ਨਾ ਸਾਂਝੜਾ ਬੋਲ ਪਿਆਰੀ।
ਜੇਕਰ ਪ੍ਰੇਮ ਤਮਾਚੜਾ ਵਜਿਓ ਈ, ਤੇਰਾ ਡੋਲਿਆ ਚਿਤ ਅਡੋਲ ਪਿਆਰੀ।
ਤਾਂ ਭੀ ਭੇਤ ਮੇਰੇ ਪਾਸ ਭੰਨ ਵਾਰੀ, ਕਾਹਨੂੰ ਜਿੰਦ ਮਾਰੇਂ ਰੋਲ ਰੋਲ ਪਿਆਰੀ ?

---

1. ਹਲਦੀ। 2. ਤਸਵੀਰ। 3. ਕੰਧ। 4. ਖੁਸ਼ਬੂ। 5. ਮੱਥੇ ਤੋਂ। 6. ਪਾਗਲਪਨ। 7. ਗੱਲ੍ਹਾਂ।

ਕਿਉਂ ਸੁਕਾਨੀ ਏਂ ਖ਼ੂਨ ਨਾਦਾਨੀ[1] ਅੰਦਰ ਪੈਰੀਂ ਤੁਰਦਿਆਂ ਪੈਂਦੀ ਏ ਡੋਲ ਪਿਆਰੀ।
ਕੱਢ ਦਿਲੇ ਦੀ ਬਾਹਰ ਹਵਾੜ ਚਾਤ੍ਰਿਕ, ਕਰੀਏ ਢੋਲ ਸੰਦੀ ਝਬ ਟੋਲ ਪਿਆਰੀ।

ਜਵਾਬ ਰਾਜ ਕੁਮਾਰੀ ਦਮਯੰਤੀ

ਕਹਿੰਦੀ ਜਾਹ ਤੂੰ ਸ਼ੋਰ ਨਾ ਪਾ ਬੀਬੀ, ਸਾਨੂੰ ਨੀਂਦ ਆਈ ਨਾ ਜਗਾ ਅੜੀਏ।
ਨਾ ਸਤਾ ਅੜੀਏ ਨਾ ਦੁਖਾ ਅੜੀਏ, ਨਾ ਅਕਾ ਅੜੀਏ ਨਾ ਤਪਾ ਅੜੀਏ।
ਤੈਨੂੰ ਖਬਰ ਨਾਹੀਂ ਏਸ ਦੁਖੜੇ ਦੀ, ਤੂੰ ਕੀ ਕਰੇਂਗੀ ਦਾਰੂ ਦਵਾ ਅੜੀਏ ?
ਤੈਨੂੰ ਨਹੀਂ ਮਾਲੂਮ ਇਲਾਜ ਮੇਰਾ, ਹੋਣੀ ਜਿਸਦੇ ਨਾਲ ਸ਼ਫਾ ਅੜੀਏ ?
ਮੈਨੂੰ ਰਹਿਣ ਦੇ ਆਪਣੇ ਹਾਲ ਉਤੇ, ਛੇੜ ਛੇੜ ਨਾ ਪਈ ਅਕਾ ਅੜੀਏ।
ਚਲੀ ਜਾਣ ਦੇ ਜਾਨ ਜੇ ਜਾਂਵਦੀ ਏ, ਮੇਰੇ ਮੂੰਹੋਂ ਨਾ ਗਲ ਅਖਵਾ ਅੜੀਏ।
ਏਹ ਪ੍ਰੇਮ ਦੀ ਖੇਡ ਅਵੱਲੜੀਏ, ਕੋਈ ਭੇਦ ਨਾ ਸਕਦਾ ਪਾ ਅੜੀਏ।
ਵੇਦਨ ਇਕ ਹੀ ਏਸ ਦੀ ਹੋਂਵਦੀ ਏ, ਪੌਹੇ ਹੋਰ ਦਵਾ ਨਾਂ ਕਾ ਅੜੀਏ।
ਜੇਹੜੇ ਰੋਜ਼ ਦਾ ਹੰਸ ਉਹ ਆਨ ਲੱਥਾ, ਗਿਆ ਨਲ ਦੀ ਗੱਲ ਸੁਣਾ ਅੜੀਏ।
ਓਸੇ ਰੋਜ ਥੋਂ ਪਈ ਬੀਮਾਰ ਹਾਂ ਮੈਂ, ਜੀਆ ਆਪਣਾ ਰਹੀ ਜਲਾ ਅੜੀਏ।
ਐਪਰ ਓਸ ਨੂੰ ਖਬਰ ਨਾ ਸਾਰ ਕੋਈ, ਕੀਕਰ ਰਹੀ ਏ ਜਿੰਦ ਕੁਰਲਾ ਅੜੀਏ।
ਜੇਕਰ ਦੁਖ ਵੰਡਾਵਣਾ ਚਾਹੁੰਨੀਏ, ਰਾਜਾ ਨਲ ਨੂੰ ਝੱਬ ਮਿਲਾ ਅੜੀਏ।
ਮੇਰੇ ਮਾਉਂ ਤੇ ਬਾਪ ਨੂੰ ਆਖ ਕੇ ਤੇ, ਸ਼ਾਦੀ ਓਸਦੇ ਨਾਲ ਕਰਵਾ ਅੜੀਏ।
ਓਹ ਹੈ ਪਤੀ ਤੇ ਮੈਂ ਉਸਦੀ ਸਤੀ ਦਾਸੀ, ਚਰਨ ਓਸਦੇ ਝੱਬ ਪਰਸਾ[2] ਅੜੀਏ।
ਮਾਪੇ ਕਰਨ ਨਾ ਗਲ ਮਨਜ਼ੂਰ ਜੇਕਰ, ਕਿਸੇ ਤਰ੍ਹਾਂ ਦੇ ਨਾਲ ਮਨਾ ਅੜੀਏ।
ਆਲੀਜਾਹ[3] ਮੇਰਾ ਸ਼ਹਿਨਸ਼ਾਹ ਓਹੋ, ਬੰਦੀ ਓਸ ਸੰਦੀ ਖਾਕ-ਪਾ[4] ਅੜੀਏ।
ਮੇਰੀ ਜਾਨ ਦੀ ਸੁਖ ਜੇ ਲੋੜਨੀਏ, ਏਸ ਗਲ ਨੂੰ ਢਿਲ ਨਾ ਲਾ ਅੜੀਏ।
ਚਾਤ੍ਰਿਕ ਝੱਬ ਅਹਿਸਾਨ ਕਮਾ ਪਿਆਰੀ, ਬਣ ਕੇ ਭੈਣ ਏਹ ਦੁਖ ਵੰਡਾ ਅੜੀਏ।

ਜਵਾਬ ਸ਼ਕੁੰਤਲਾ

ਕਰਮਾਂ ਵਾਲੀਏ ਭੋਲੀਏ ਭਾਲੀਏ ਨੀ, ਹੋਣਾ ਏਤਨਾ ਨਹੀਂ ਉਦਾਸ ਚਾਹੀਏ।
ਲੱਭੇ ਕੁਝ ਨਾ ਲਹੂ ਸੁਕਾਣ ਅੰਦਰ, ਨਾਲ ਹੌਸਲੇ ਰੱਖਣੀ ਆਸ ਚਾਹੀਏ।
ਕਰਨੀ ਬੇਨਤੀ ਰਬ ਦੇ ਪਾਸ ਲਾਜ਼ਮ[5] ਦਿਲੋਂ ਹੋਵਣਾ ਨਹੀਂ ਨਿਰਾਸ ਚਾਹੀਏ।
ਤੂੰ ਹੈਂ ਆਖ ਕੀ ਰਹੀ ? ਏਹ ਸੋਚ ਰਤੀ, ਕਰਨੀ ਜੀਉ ਦੇ ਵਿਚ ਕਿਆਸ[6] ਚਾਹੀਏ।
ਚਾਹੀਏ ਸ਼ਰਮ ਹਜ਼ੂਰ ਸ਼ਊਰ[7] ਤੈਨੂੰ, ਕਰਨਾ ਖੁਲ੍ਹ ਕੇ ਨਹੀਂ ਬਕਵਾਸ ਚਾਹੀਏ।
ਲੋਕੀ ਸੁਣਨਗੇ ਕਹਿਣਗੇ, ਕੀ ਅੜੀਏ ? ਜੇਹਾ ਵਾਸ ਹੋਵੇ ਤੇਹਾ ਘਾਸ ਚਾਹੀਏ।
ਜੇਕਰ ਜੀਉ ਦੇ ਵਿਚ ਪਿਆਰ ਤੇਰੇ, ਤਾਂ ਭੀ ਲੱਜ ਹਯਾਉ ਦਾ ਪਾਸ ਚਾਹੀਏ।

1. ਅਣਜਾਣਪੁਣਾ। 2. ਛੋਹਣਾ। 3. ਉਚੀ ਥਾਂ, ਅਰਥਾਤ ਇਜ਼ਤ ਦੀ ਥਾਂ। 4. ਪੈਰਾਂ ਦੀ ਧੂੜ। 5. ਜ਼ਰੂਰੀ।
6. ਵਿਚਾਰ। 7. ਅਕਲ।

ਕਰਨ ਲੱਗਿਆਂ ਗੱਲ ਵਿਚਾਰ ਲਈਏ, ਫੇਰ ਕੱਢਨੀ ਬਾਹਰ ਭੜਾਸ ਚਾਹੀਏ।
ਅਖਤਿਆਰ ਦੀ ਵਾਗ ਸੰਭਾਲ ਜੀਵੇਂ, ਨਾ ਸੁਕਾਵਨਾ ਲਹੂ ਤੇ ਮਾਸ ਚਾਹੀਏ।
ਤੇਰੇ ਜਿਹੀ ਦਾਨਾ ਜੇ ਕਰ ਬਣੇ ਝੱਲੀ, ਹੋਣਾ ਤਦੋਂ ਜਹਾਨ ਨਾਸ ਚਾਹੀਏ।
ਮੂੰਹ ਢਕਕੇ ਬੈਠ ਜਾਹ ਚੁਪ ਕਰਕੇ, ਮਾਈ ਬਾਪ ਦਾ ਕੁਝ ਹਿਰਾਸ[1] ਚਾਹੀਏ।
ਚਾਤ੍ਰਿਕ ਫਿਕਰ ਹੈ ਉਨ੍ਹਾਂ ਦਾ ਆਪ ਤੇਰਾ, ਕਰਨਾ ਰਤਾ ਨਾ ਤੁਧ ਨੂੰ ਤ੍ਰਾਸ[2] ਚਾਹੀਏ।

ਜਵਾਬ ਰਾਜ ਕੁਮਾਰੀ ਦਮਯੰਤੀ

ਹਾਇ ਹਾਇ ਰਬਾ, ਓਹੋ ਕੀਤੀਓ ਨਾ, ਮੈਨੂੰ ਕਿਸੇ ਨੇ ਗੱਲ ਸੁਣਾਵਣਾ ਕੀ ?
ਸੱਚ ਕਹਿਣ ਅੰਨ੍ਹੇ ਅਗੇ ਰੋਇਕੇ ਤੇ, ਨੁਕਸਾਨ ਅੱਖੀਆਂ ਦਾ ਕਰਾਵਣਾ ਕੀ ?
ਮੈਂ ਤਾਂ ਕਹੀ ਸੀ, ਜਾਣ ਕੇ ਬਣੀ ਦਰਦਨ, ਨਹੀਂ ਤਾਂ ਹੋਰ ਅਗੇ ਬੜਬੜਾਵਣਾ ਕੀ ?
ਤੂੰ ਜੋ ਕਹੇਂ ਮੈਂ ਪੜ੍ਹੀ ਹਾਂ ਸਭ ਗੱਲਾਂ, ਅਜ ਸਬਕ ਤੂੰ ਨਵਾਂ ਪੜ੍ਹਾਵਣਾ ਕੀ ?
ਐਪਰ ਪ੍ਰੇਮ ਦੀ ਖੇਡ ਤੂੰ ਨਹੀਂ ਖੇਡੀ, ਏਸ ਖੇਡ ਦਾ ਤੂੰ ਮੁਲ ਪਾਵਣਾ ਕੀ ?
ਜਾਣੇ ਬਾਂਝ ਪਰਸੂਤ ਦੇ ਦੁਖ ਨੂੰ ਕੀ ? ਬੋਲੇ ਰਾਗ ਨੂੰ ਭਲਾ ਸਲਾਹਣਾ ਕੀ ?
ਮੂਰਖ ਬ੍ਰਹਮ ਗਿਆਨ ਨੂੰ ਜਾਨਣਾ ਕੀ ? ਨੱਕ ਵਢਿਆਂ ਅਤਰ ਸੁੰਘਾਵਣਾ ਕੀ ?
ਹੋਵੇ ਲਗਨ ਤੇ ਫੇਰ ਸੰਤੋਖ ਹੋਵੇ, ਦੋਹਾਂ ਧਿਰਾਂ ਦਾ ਜੋੜ ਜੁੜਾਵਣਾ ਕੀ ?
ਇਕ ਦਿਲ ਕੀਕਰ ਕਰਾਂ ਦੋ ਟੋਟੇ, ਅੰਦਰ ਆਪਣਾ ਫੋਲ ਦਿਖਾਵਣਾ ਕੀ ?
ਕਰਾਂ ਅਕਲ ਤੇ ਪ੍ਰੇਮ ਨੂੰ ਲੀਕ ਲੱਗੇ ਰੱਖਾਂ ਪ੍ਰੇਮ ਤੇ ਅਕਲ ਨੇ ਆਵਣਾ ਕੀ ?
ਜੇਹੜੇ ਦਿਲਾਂ ਦੇ ਵਿਚ ਪ੍ਰੇਮ ਵੱਸੇ, ਓਥੇ ਸਬਰ ਸੰਤੋਖ ਟਿਕਾਵਣਾ ਕੀ ?
ਸੱਟ ਬ੍ਰਿਹੋਂ ਦੀ ਝੱਲਣੀ ਬੜੀ ਔਖੀ, ਚੁਪ ਕਰਾਂ ਤਾਂ ਬੋਲ ਸੁਨਾਵਣਾ ਕੀ ?
ਸੜੀ ਬ੍ਰਿਹੋਂ ਦੀ ਪੀਵਣਾ ਖਾਵਣਾ ਕੀ, ਰਾਤ ਲੇਟਕੇ ਅੱਖ ਲਗਾਵਣਾ ਕੀ ?
ਚਕਵੀ[3] ਸੂਰਜੋਂ ਬਾਝ ਕਰਾਰ ਕਿੱਥੇ, ਕਵੀਆਂ[4] ਚੰਦ ਦੇ ਬਾਝ ਖਿੜਾਵਣਾ ਕੀ ?
ਵਿਚ ਅੰਧੇਰ ਚਕੋਰਨੀ[5] ਗਾਵਣਾ ਕੀ, ਅਤੇ ਚੋਰ ਨੂੰ ਚਾਂਦਨੀ ਭਾਵਣਾ ਕੀ ?
ਦਿਨੇ ਰਾਤ ਜਿਹਨੂੰ ਏਹੋ ਵਾ ਵਗੀ, ਉਸਨੇ ਹੱਸਣਾ ਖੇਡਣਾ ਗਾਵਣਾ ਕੀ ?
ਤੂੰ ਨਾ ਪ੍ਰੇਮ ਪੋਥੀ ਅਜੇ ਵਾਚ ਡਿਠੀ, ਮੇਰਾ ਤੁਧ ਨੇ ਦੁਖ ਹਟਾਵਣਾ ਕੀ ?
ਸਗੋਂ ਪੁਠੀਆਂ ਗਾਲੀਆਂ ਦੇਣ ਲੱਗੀ, ਮੇਰਾ ਦੁਖ ਕਲੇਸ਼ ਘਟਾਵਣਾ ਕੀ ?
ਅਗੇ ਸੜੀ ਨੂੰ ਹੋਰ ਭੀ ਸਾੜਿਓਈ, ਇਸ ਮੁਆਤੜੇ ਤਪਤ ਬੁਝਾਵਣਾ ਕੀ ?
ਸਮਝੀ ਹੋਈ ਨੂੰ ਤੁਧ ਸਮਝਾਵਣਾ ਕੀ, ਪੜ੍ਹੀ ਹੋਈ ਨੂੰ ਹੋਰ ਪੜ੍ਹਾਵਣਾ ਕੀ ?
ਜੇਕਰ ਹਈ ਹੀਆ, ਕੋਈ ਵਾਹ ਲਾ ਲੈ, ਗਲਾਂ ਨਾਲ ਮੇਰਾ ਦੁਖ ਜਾਵਣਾ ਕੀ ?
ਜਿਹਨੂੰ ਦਿਲੋਂ ਮੈਂ ਪਤੀ ਬਣਾ ਚੁਕੀ, ਮੁਖ ਓਸ ਤੋਂ ਫੇਰ ਫਿਰਾਵਣਾ ਕੀ ?
ਜਾ ਕੇ ਆਖ ਤੂੰ ਮਾਉਂ ਨੂੰ ਗਲ ਮੇਰੀ, ਕਹਿਣ ਲਗਿਆਂ ਸਚ ਸ਼ਰਮਾਵਣਾ ਕੀ ?

1. ਡਰ। 2. ਡਰ।
3. ਇਕ ਪੰਛੀ, ਜੋ ਆਪਣੇ ਪ੍ਰੀਤਮ ਚਕਵੇ ਨੂੰ ਸੂਰਜ ਚੜ੍ਹੇ ਮਿਲਦੀ ਹੈ ਇਸ ਲਈ ਸੂਰਜ ਦੀ ਉਡੀਕ ਕਰਦੀ ਹੈ।
4. ਇਕ ਫੁਲ, ਜੋ ਚੰਨ ਦੀ ਚਾਨਣੀ ਨਾਲ ਖਿੜਦਾ ਹੈ। ਇਸ ਨੂੰ ਕਮੁਦਨੀ ਜਾਂ ਕੋਮਦੀ ਵੀ ਆਖਦੇ ਹਨ।
5. ਇਕ ਪੰਛੀ ਜੋ ਚੰਨ ਵਲ ਹੀ ਵੇਖੀ ਜਾਂਦਾ ਹੈ ਅਤੇ ਚੰਨ ਦੇ ਦੂਜੇ ਪਾਸੇ ਜਾਣ ਤੇ ਵੀ ਧੌਣ ਨਹੀਂ ਮੋੜਦਾ।

ਚਾਤ੍ਰਿਕ ਗਲ ਉਭਾਸਰੀ ਹੋਸ਼ ਕਰਕੇ, ਤੂੰ ਦਾਨਾ ਹੈ ਹੋਰ ਸਮਝਾਵਣਾ ਕੀ ?
ਤੂੰ ਸੈਂ ਭੈਣ ਮੈਂ ਖੋਲ੍ਹ ਕੇ ਗਲ ਆਖੀ, ਮੈਨੂੰ ਸਮਝਣਾ ਨਹੀਂ ਨਾਦਾਨ ਭੈਣੇ।
ਮੈਨੂੰ ਖਬਰ ਹੈ ਕੀ ਅਧਿਕਾਰ ਮੇਰਾ, ਹਦੋਂ ਟੱਪ ਨਾ ਕਰਾਂ ਵਧਾਨ ਭੈਣੇ।
ਅਸਾਂ ਰਾਜਿਆਂ ਦੀ ਏਹੋ ਰਸਮ ਮੁਢੋਂ, ਅਖੀਂ ਵੇਖਿਆ ਹੀ ਵਰ ਪਾਨ ਭੈਣੇ।
ਮੈਨੂੰ ਪੱਕ ਮਲੂਮ ਹੋ ਗਈ ਸਾਰੀ, ਨਲ ਜਿਹਾ ਨਾ ਹੋਰ ਇਨਸਾਨ ਭੈਣੇ।
ਮੈਨੂੰ ਓਸ ਤੋਂ ਵਧ ਨਾ ਹੋਰ ਕੋਈ, ਭਾਵੇਂ ਦੇਵਤੇ ਚਲ ਕੇ ਆਨ ਭੈਣੇ।
ਤੂੰ ਬੇਸ਼ਕ ਜਾ ਮਾਉ ਨੂੰ ਆਖ ਚਾਤ੍ਰਿਕ, ਮੈਨੂੰ ਓਸਦੇ ਨਾਲ ਵਿਆਹਨ ਭੈਣੇ।

ਜਵਾਬ ਸਕੁੰਤਲਾ

ਵਾਹਵਾ ਬੀਬੀਏ ਜਿਸ ਤਰ੍ਹਾਂ ਆਖਨੀਏਂ ਓਸੇ ਤਰ੍ਹਾਂ ਹੀ ਜਾ ਸੁਣਾਨੀਆਂ ਮੈਂ।
ਜੀਕਰ ਬਣੇਗੀ ਡੌਲ ਬਣਾਨੀਆਂ ਮੈਂ, ਵੰਝ ਚੱਪੜਾ ਕੋਈ ਲਗਾਨੀਆਂ ਮੈਂ।
ਰਾਜੇ ਨਲ ਦੀ ਸਿਫਤ ਸੁਣਾਨੀਆਂ ਮੈਂ, ਤੇਰੇ ਵਾਸਤੇ ਵਰ ਲਭਾਨੀਆਂ ਮੈਂ।
ਜੀਕਰ ਤੂੰ ਰਾਜ਼ੀ ਓਕਰ ਮੈਂ ਰਾਜ਼ੀ, ਜੇਹੜੀ ਆਹਨੀਏਂ ਸੋਈ ਕਰਾਨੀਆਂ ਮੈਂ।
ਅੜੀਏ ਇਹ ਪਰ ਨਾ ਮੈਨੂੰ ਭਾਂਵਦੀਏ, ਮੇਰੀ ਏਸ ਗਲੋਂ ਬੜੀ ਜਾਨੀਆਂ ਮੈਂ।
ਖਾਣ ਪੀਣ ਤੂੰ ਭਲਾਂ ਕਿਉਂ ਛੱਡ ਬੈਠੀ, ਰੋਟੀ ਖਾਹ ਖਾਂ ਆਪ ਖਵਾਨੀਆਂ ਮੈਂ।
ਦੁਧ ਚੌਲ ਥੋੜਾ ਜੇਹਾ ਦਾਲ ਫੁਲਕਾ, ਪਿਸਤਾ ਅਤੇ ਬਾਦਾਮ ਲਿਆਨੀਆਂ ਮੈਂ।
ਉਠ ਖਾਹ ਦੋ ਬੁਰਕੀਆਂ ਹੌਸਲਾ ਕਰ, ਉਹ ਭੀ ਹੁਣ ਜਾ ਕੇ ਰੌਲਾ ਪਾਨੀਆਂ ਮੈਂ।
ਰਾਣੀ ਰਾਉ ਨੂੰ ਫਿਕਰ ਪਵਾਨੀਆਂ ਮੈਂ, ਜੇਹੜੀ ਆਖੀ ਆ ਸੋਈ ਮਨਾਨੀਆਂ ਮੈਂ।
ਧੀਰਜ ਨਾਲ ਸਾਰੇ ਕੰਮ ਹੋਣ ਪੂਰੇ, ਚਾਤ੍ਰਿਕ ਵਾਂਗ ਨਾ ਹੌਸਲਾ ਢਾਹਨੀਆਂ ਮੈਂ।

ਬੇਨਤੀ ਕਰਨੀ ਸਕੁੰਤਲਾ ਨੇ ਰਾਜ ਕੁਮਾਰੀ ਦਮਯੰਤੀ ਦੀ ਮਾਂ ਦੇ ਪਾਸ

ਰਾਣੀ ਪਾਸ ਆ ਅਰਜ਼ ਗੁਜ਼ਾਰੀਆ ਸੂ, ਇਕ ਆਖਣੀ ਗਲ ਮਨਜ਼ੂਰ ਰਾਣੀ।
ਹੋਵੇ ਹੁਕਮ ਤਾਂ ਜ਼ਰਾ ਜ਼ਬਾਨ ਖੋਹਲਾਂ, ਗੌਰ ਨਾਲ ਸੁਣਨਾ ਐ ਹਜ਼ੂਰ ਰਾਣੀ।
ਤੁਸੀਂ ਜਾਣਦੇ ਹੋ ਕੀ ਸਬੱਬ ਇਸਦਾ, ਰਾਜ ਕੰਨਿਆਂ ਰਹੇ ਰੰਜੂਰ ਰਾਣੀ।
ਚੇਹਰਾ ਜ਼ਰਦ ਹੋਯਾ, ਪੱਖੇ ਵਾਂਗ ਝੁਲੇ ਤੇ ਰੂਹਾਨਗੀ[1] ਹੋਈ ਕਾਫੂਰ[2] ਰਾਣੀ।
ਉਂਞ ਰੋਗ ਨਾ ਤਾਪ ਸਰਾਪ ਕੋਈ, ਖਬਰੇ ਪਿਆ ਕੀ ਆਨ ਫਤੂਰ[3] ਰਾਣੀ।
ਭਾਵੇਂ ਦੱਸਦੀ ਨਹੀਂ ਹਯਾ ਕਰਕੇ, ਪਰ ਮੈਂ ਸਮਝਿਆ ਸਭ ਕਸੂਰ ਰਾਣੀ।
ਬੁਧਵਾਨ, ਜਵਾਨ ਜਹਾਨ ਹੋਈ, ਕਰਨ ਲੱਗੀ ਏ ਅਕਲ ਸ਼ਊਰ ਰਾਣੀ।
ਸੁਖ ਨਾਲ ਸੁ ਸੋਹਲਵਾਂ ਸਾਲ ਜਾਂਦਾ, ਤੇ ਸਤਾਰਵਾਂ ਨਹੀਂ ਸੂ ਦੂਰ ਰਾਣੀ।
ਵਰ ਪ੍ਰਾਪਤੀ ਅਸਲ ਦੇ ਵਿਚ ਹੋਈ, ਐਪਰ ਰੱਖਦੀ ਸ਼ਰਮ ਹਜ਼ੂਰ ਰਾਣੀ।
ਉਹਦੇ ਕਾਜ ਦਾ ਕਰੋ ਸਮਾਜ ਛੇਤੀ, ਭਰਿਆ ਅਸਲ ਦਾ ਚਾਤ੍ਰਿਕ ਪੂਰ ਰਾਣੀ।

---

1. ਤਾਜ਼ਗੀ। 2. ਉਡ ਗਈ। 3. ਭੜਥੂ।

ਧੀਆਂ ਪੁਤਰੋਂ ਵਧ ਪਿਆਰੀਆਂ ਨੇ, ਮਾਵਾਂ ਵਾਸਤੇ ਸ਼ਕ ਨਾ ਸ਼ੋਰ ਰਾਣੀ।
ਐਪਰ ਫੇਰ ਏਹੋ ਗਲ ਬਦੇ ਕਹਿਣੀ, ਨਹੀਂ ਮਾਪਿਆਂ ਦਾ ਕੋਈ ਜ਼ੋਰ ਰਾਣੀ।
ਓੜਕ ਵਸਦੀਆਂ ਘਰੀਂ ਹੀ ਸੋਂਹਦੀਆਂ ਨੇ, ਚਾਹੀਏ ਲਭਿਆ ਏ ਸਦਾ ਜੋੜ ਰਾਣੀ।
ਕੂੜਾ[1] ਰੂੜੀ ਦਾ ਅੰਤ ਪੁਚਾਵਣਾ ਹੈ, ਜਾਏ ਰਖਯਾ ਏਹ ਕਿਚਰਕ ਤੋੜ ਰਾਣੀ।
ਹੋਵੇ ਵਰ ਪ੍ਰਾਪਤੀ ਕੰਨਿਆਂ ਜਾਂ, ਰਖਣ ਮਾਪਿਆਂ ਦਾ, ਪਾਪ ਘੋਰ ਰਾਣੀ।
ਤਾਂ ਤੇ ਝੱਬ ਕਰਨਾ ਚਾਹੀਏ ਕਾਜ ਇਸਦਾ, ਸਾਈਂ ਨਾਲ ਦੇਵੋ ਲੜ ਜੋੜ ਰਾਣੀ।
ਉਮਰ ਏਹੋ ਹੀ ਸੁਖਾਂ ਦੀ ਹੋਂਵਦੀ ਏ, ਵਡੀ ਹੋਵਨਾ ਸੂ ਕੇਹੜੀ ਹੋਰ ਰਾਣੀ।
ਚਾਤ੍ਰਿਕ ਵੇਖਕੇ ਵਰ ਤੇ ਘਰ ਕੋਈ, ਦੇ ਅਸੀਸ ਸੁਖੀ ਸਾਂਦੀ ਤੋਰ ਰਾਣੀ।
ਜੇਕਰ ਵਰ ਤੇ ਘਰ ਦੀ ਗੱਲ ਪੁਛੇ, ਪਾਵਾਂ ਦਸ ਤੈਨੂੰ ਮੇਹਰਬਾਨ ਰਾਣੀ।
ਰਾਜਾ ਨਲ ਹੈ ਨਿਖਧ ਦਾ ਭੂਪ[2] ਜੇਹੜਾ ਡਾਢਾ ਸੋਹਣਾ ਸੁਘੜ ਸੁਜਾਨ ਰਾਣੀ।
ਜ਼ੀਕਰ ਦਮਯੰਤੀ, ਸੋਹਣੀ, ਸੁਘੜ, ਸੁਚੀ, ਵਿਚ ਔਰਤਾਂ ਕਹੇ ਜਹਾਨ ਰਾਣੀ।
ਓਸੇ ਤਰ੍ਹਾਂ ਓਹ ਭੀ ਬੇਨਜ਼ੀਰ ਸੋਹਣਾ, ਮਰਦਾਂ ਵਿਚ ਮਸ਼ਹੂਰ ਇਨਸਾਨ ਰਾਣੀ।
ਸੁਖ ਨਾਲ ਸਾਡੀ ਰਾਜ ਕੰਨਿਆਂ ਦਾ, ਵਾਹਵਾ ਉਂਝ ਭੀ ਸੁਣੀਂਦਾ ਹਾਨ ਰਾਣੀ।
ਅਕਲ ਇਲਮ ਬਹਾਦਰੀ ਸ਼ਕਲ ਸੂਰਤ ਤੇ ਸੁਭਾਉ ਦਾ ਦੇਵਤਾ ਜਾਨ ਰਾਣੀ।
ਛੋਟੀ ਉਮਰ ਦਾ ਰਾਜ ਦਾ ਕਾਜ ਸਾਰਾ, ਹੈ ਚਲਾਂਵਦਾ ਵਿਦਯਾਵਾਨ ਰਾਣੀ।
ਦੀਵਾ ਪਕੜ ਕੇ ਲਭੀਏ ਜਗ ਅੰਦਰ, ਕੋਈ ਮਿਲੇ ਨਾ ਓਸ ਤ੍ਰਾਨ ਰਾਣੀ।
ਓਹਦੀ ਸ਼ਕਲ ਤੇ ਅਕਲ ਨੂੰ ਵੇਖ ਕੇ ਤੇ, ਰਹਿੰਦੇ ਦੇਵਤੇ ਭੀ ਪਰੇਸ਼ਾਨ ਰਾਣੀ।
ਚਾਤ੍ਰਿਕ ਧੀ ਜੇ ਰਖਣੀ ਸੁਖੀ ਚਾਹੇਂ, ਹੋਰ ਵਲ ਨਾ ਕਰੀਂ ਧਿਆਨ ਰਾਣੀ।

ਜਵਾਬ ਰਾਣੀ

ਰਾਣੀ ਆਖਿਆ ਠੰਡੜਾ ਸਾਹ ਲੈਕੇ, ਸੱਚੀ ਆਖੀਓਈ ਸਾਰੀ ਗੱਲ ਬੱਚੀ।
ਧੀਆਂ ਰਖੀਆਂ ਘਰੀਂ ਭੀ ਜਾਣ ਨਾਹੀਂ, ਨਾ ਹੀ ਵਿਥ ਭੀ ਸਕੀਦੀ ਝੱਲ ਬੱਚੀ।
ਐਪਰ ਸਚ ਹੈ ਓਹੋ ਅਖਾਣ ਤੇਰਾ, ਕਿੱਚਰ ਤੀਕ ਕਰਸਾਂ ਵਲ ਛਲ ਬੱਚੀ।
ਮੁਢੋਂ ਰੀਤ ਏਹੋ ਚਲੀ ਆਂਵਦੀ ਏ, ਪੇਸ਼ ਕੁਝ ਨਾ ਸਕਦੀ ਚਲ ਬੱਚੀ।
ਜੇਹੜੀ ਲੜੀ ਦਾ ਕੰਨਿਆਂ ਹੋਇਆ ਮਣਕਾ, ਓਥੇ ਖਿਚ ਖੜਦਾ ਅੰਨ ਜਲ ਬੱਚੀ।
ਕੁੜੀਆਂ ਕੈਹਨ ਲੋਕੀ, ਅਸਲ ਹੋਣ ਚਿੜੀਆਂ, ਹੋ ਜਵਾਨ ਜਾਵਨ ਡਾਰੀਂ ਰਲ ਬੱਚੀ।
ਮੈਨੂੰ ਫਿਕਰ ਹੈ ਏਸ ਦੇ ਕਾਜ ਸੰਦਾ, ਕਰ ਸੁਟਨੇ ਹਾਂ ਅਜ ਕਲ ਬੱਚੀ।
ਕਾਹਨੂੰ ਦੇਰ ਕਰੀਏ ਇਹ ਤਾਂ ਦਿਸਦਾ ਹੈ, ਇਕ ਦਿਨ ਹੋਣਾ ਜੁਦਾਈ[3] ਦਾ ਸਲ ਬੱਚੀ।
ਜੇਹੜੀ ਗਲ ਆਖੀ ਰਾਜੇ ਨਲ ਵਾਲੀ, ਓਹ ਭੀ ਯਾਦ ਮੈਨੂੰ ਪਲ ਪਲ ਬੱਚੀ।
ਕਿੰਨੇ ਚਿਰਾਂ ਤੋਂ ਹੀ ਏਹੋ ਸੁਨਾਂ ਮੈਂ ਭੀ, ਬੇਨਜ਼ੀਰ ਦੁਨੀਆਂ ਅੰਦਰ ਨਲ ਬੱਚੀ।
ਐਪਰ ਜਾਨਨੀ ਏਂ, ਕੀਕਰ ਕਰਾਂ ਅੰਕੁਰ, ਸਾਡੀ ਰਹੇ ਨਾ ਇਸ ਤਰ੍ਹਾਂ ਭੱਲ ਬੱਚੀ।

1. ਮੁਹਾਵਰਾ ਹੈ ਕਿ ਰੂੜੀ ਦਾ ਕੂੜਾ ਅਖੀਰ ਰੂੜੀ ਤੇ ਹੀ ਜਾਣਾ ਹੈ। 2. ਰਾਜਾ। 3. ਵਿਛੋੜਾ।

ਦੇਸਾ ਚਾਲ ਤੇ ਕੁਲਾਂ ਦੀ ਰੀਤ ਤਾਈਂ, ਕਰਨੋਂ ਕੋਈ ਨਾ ਸਕਦਾ ਟਲ ਬੱਚੀ।
ਸਾਡੇ ਰਾਜਿਆਂ ਵਿਚ ਏਹ ਰਸਮ ਮੁਢੋਂ, ਰਾਜੇ ਔਣ ਸਾਰੇ ਸਾਡੇ ਵੱਲ ਬੱਚੀ।
ਕਰੇ ਕੰਨਿਆਂ ਆਪ ਮਨਜੂਰ ਜਿਸਨੂੰ, ਓਹਨੂੰ ਪਕੜ ਕੰਨੀ ਲਵੇ ਮੱਲ ਬੱਚੀ।
ਓਸੇ ਤਰ੍ਹਾਂ ਮੈਂ ਕਰਾਂਗੀ ਏਸ ਵਾਰੀ, ਵੇਖ ਅਕਲ ਸ਼ਊਰ ਦਾ ਬਲ ਬੱਚੀ।
ਆਪ ਵਰੇਗੀ ਕਰੇਗੀ ਖਾਹਸ਼ ਅਪਨੀ, ਅਸੀਂ ਸਕਦੇ ਨਹੀਂ ਹਾਂ ਠੱਲ੍ਹ ਬੱਚੀ।
ਤੂੰ ਮੈਂ ਆਖ ਦਿਤਾ, ਰਾਜਾ ਨਲ ਚੰਗਾ, ਖਬਰੇ ਓਸ ਨੂੰ ਕੀ ਭਾਵ ਗੱਲ ਬੱਚੀ।
ਬਦੋ ਬਦੀ ਮਨਾਈਏ ਅਸੀਂ ਉਸਨੂੰ, ਭਲਕੇ ਬੰਨ੍ਹ ਦੇਵੇ ਸਾਡੀ ਢੱਲ ਬੱਚੀ।
ਰਾਜਨੀਤ ਮੂਜਬ ਅਸੀਂ ਕਰਾਂਗੇ ਏਹ, ਅਖੀਂ ਵੇਖਕੇ ਕਰੇ ਤਸੱਲ ਬੱਚੀ।
ਚਾਤ੍ਰਿਕ ਰਾਤ ਰਾਜੇ ਨਾਲ ਗੱਲ ਕਰਕੇ, ਦੇਸੀਂ ਚਿੱਠੀਆਂ ਦੇਨੇ ਹਾਂ ਘੱਲ ਬੱਚੀ।
ਸਭਾ ਬੰਦ ਕਰਕੇ ਘਰ ਨੂੰ ਭੀਮ ਆਇਆ, ਰਾਣੀ ਆਣ ਕਹਿਆ ਨਮਸਕਾਰ ਸਵਾਮੀ।
ਪਹਿਲੇ ਜਲ ਪ੍ਰਸ਼ਾਦ ਦੀ ਟਹਿਲ ਕੀਤੀ, ਬੈਠੇ ਜਦੋਂ ਹੋ ਕੇ ਬਰਕਰਾਰ ਸਵਾਮੀ।
ਕਰਦੀ ਬੇਨਤੀ ਅਦਬ ਦੇ ਨਾਲ ਰਾਣੀ, ਆਖਾਂ ਗਲ ਮੈਂ ਇਕ ਉਚ਼ਾਰ ਸਵਾਮੀ।
ਕਾਕੀ ਵਾਸਤੇ ਤੁਸਾਂ ਕੀ ਫਿਕਰ ਕੀਤਾ ? ਕਿਚਰਕ ਚੁਪ ਰਹਿਸੋ ਘੇਸਮਾਰ ਸਵਾਮੀ।
ਸੋਲਾਂ ਬਰਸਾਂ ਤੋਂ ਉਮਰ ਨੇ ਪੈਰ ਕਢੇ, ਹੋਈ ਅਸਲ ਦੀ ਆਨ ਮੁਟਿਆਰ ਸਵਾਮੀ।
ਪਾਣੀ ਗਲ ਆਯਾ ਕੋਠਾ ਧੀ ਉਸਰੀ, ਡਿੱਠਾ ਜਾਇ ਨਾ ਐਡ ਕੁਵਾਰ ਸਵਾਮੀ।
ਜੇਕਰ ਅਜ ਨਾ ਆਪ ਨੇ ਫਿਕਰ ਕੀਤਾ, ਕੇਹੜੇ ਵਕਤ ਹੋਸੋ ਖਬਰਦਾਰ ਸਵਾਮੀ।
ਅਜ ਇਕ ਦਾਸੀ ਆ ਕੇ ਗੱਲ ਦੱਸੀ, ਸੁਣਕੇ ਹੋਈ ਹਾਂ ਬੜੀ ਲਾਚਾਰ ਸਵਾਮੀ।
ਕਹਿੰਦੀ ਕੰਨਿਆਂ ਦਾ ਖਾਣ ਪੀਣ ਛੁਟਾ, ਅਠੇ ਪਹਿਰ ਹੀ ਰਹੇ ਬੀਮਾਰ ਸਵਾਮੀ।
ਪੁਛੇ ਕੋਈ ਤਾਂ ਗੱਲ ਨਾ ਦਸਦੀ ਏ, ਜ਼ਾਹਰਾ ਕੋਈ ਨਾ ਦੁਖ ਆਜ਼ਾਰ[1] ਸਵਾਮੀ।
ਜੇਕਰ ਅਜੇ ਭੀ ਤੁਸਾਂ ਨਾ ਫਿਕਰ ਕੀਤਾ, ਕਾਕੀ ਹੋਰ ਹੋਸੀ ਅਵਾਜ਼ਾਰ[2] ਸਵਾਮੀ।
ਕਿਰਪਾ ਕਰੋ ਤੇ ਸੁਬਹ ਹੀ ਗੰਢ ਫੇਰੋ[3], ਦੂਤ ਜਾਨ ਨੂੰ ਕਰੋ ਤਿਆਰ ਸਵਾਮੀ।
ਰਾਜੇ ਲੋਕ ਆਕੇ ਆਜ਼ਮਾਨ ਕਿਸਮਤ, ਦੇਵਨ ਆਨ ਕੇ ਤੁਰਤ ਦੀਦਾਰ ਸਵਾਮੀ।
ਸਵਯੰਬਰ[4] ਕਰੇਗੀ ਕੰਨਿਆਂ ਵੇਖਕੇ ਤੇ, ਚਾਤ੍ਰਿਕ ਅਕਲ ਤੇ ਸ਼ਕਲ ਬਲਕਾਰ ਸਵਾਮੀ।

ਰਵਾਨਾ ਕਰਨਾ ਬ੍ਰਾਹਮਣਾਂ ਨੂੰ ਰਾਜਾ ਭੀਮ ਨੇ

ਸੁਣਕੇ ਗੱਲ ਰਾਜਾ ਫਿਕਰਮੰਦੀ ਹੋਯਾ, ਦਿਨੇ ਉਠਦਿਆਂ ਸਾਰ ਸਾਮਾਨ ਕੀਤਾ।
ਬ੍ਰਾਹਮਣ ਸਦਕੇ ਸ਼ਹਿਰ ਦੇ, ਦੇਇ ਪਾਤੀ, ਦੇਸਾਂ ਸਾਰਿਆਂ ਵਲ ਰਵਾਨ ਕੀਤਾ।
ਉਨ੍ਹਾਂ ਪਹੁੰਚ ਕੇ ਤੇ ਦੇਸ ਦੇਸ ਅੰਦਰ, ਸਾਰੇ ਰਾਜਿਆਂ ਨੂੰ ਸਾਵਧਾਨ ਕੀਤਾ।
ਥੋਹੜੇ ਦਿਨਾਂ ਦੀ ਰਹਿ ਗਈ ਗਲ ਚਾਤ੍ਰਿਕ, ਰਬ ਚਾਹੁੰਦਾ ਏ ਅਵਾਦਾਨ[5] ਕੀਤਾ।

---

1. ਦੁਖ। 2. ਦੁਖੀ। 3. ਮੁਹਾਵਰਾ ਹੈ, ਵਿਆਹ ਲਈ ਸੁਨੇਹਾ ਭੇਜਣ ਤੋਂ ਭਾਵ ਹੈ।
4. ਭਾਵ ਆਪਣਾ ਵਰ ਆਪ ਚੁਣਨ ਦੀ ਖੁਲ੍ਹ। ਪੁਰਾਤਨ ਸਮੇਂ ਵਿਚ ਭਾਰਤ ਵਿਚ ਰਾਜਿਆਂ ਆਦਿ ਦੇ ਘਰਾਂ ਵਿਚ ਇਹ ਰੀਤ ਆਮ ਪ੍ਰਚੱਲਤ ਸੀ। 5. ਅਬਾਦ, ਵਸੇਂ।

ਮਜ਼ਮੂਨ ਪਤ੍ਰਿਕਾ

ਦੋਹਰਾ— ਗਣਪਤ[1], ਫਣਪਤ[2], ਬਾਕਪਤ[3], ਨਮੋ ਜੋੜ ਕਰ ਹਾਥ।
ਵਿਘਨ ਹਰੇਂ[4] ਮੰਗਲ[5] ਕਰੇਂ, ਸੀਤਾ ਪਤਿ ਰਘੁਨਾਥ[6]।
ਧਨੁਖ ਤੋੜ ਗ੍ਰਿਹ ਜਨਕ[7] ਕੇ, ਸੀਆ ਵਰੀ ਸ੍ਰੀ ਰਾਮ।
ਤੈਸੇ ਹੀ ਸਵਯੰਬਰ ਤਨਯੋ[8], ਭੀਮ ਰਾਜ ਕੇ ਧਾਮ[9]।

*ਕਬਿਤ— ਰਾਜੇ ਭੀਮ ਦੀ ਇਕੰਤੀ, ਕੁਲਵੰਤੀ ਦਮਯੰਤੀ
ਬੁਧ ਰੂਪ ਗੁਣਵੰਤੀ, ਹੋਈ ਉਮਰ ਜਵਾਨ ਹੈ।
ਤਿਸਦਾ ਹੈ ਕਾਜ, ਜੁੜੇ ਰਾਜਿਆਂ ਦੇ ਸਮਾਜ
ਜੋ ਵਿਦਰਭ ਸਥਾਨ ਰਾਜੇ ਭੀਮ ਦਾ ਮਕਾਨ ਹੈ।
ਕਰੋ ਮੇਹਰਬਾਨੀ ਪੈਰ ਪਾਓ ਰਾਜਧਾਨੀ,
ਥਿੱਤ ਮਾਘ ਸੁਦੀ ਪੰਜ, ਬੁਧਵਾਰ ਦਾ ਸਮਾਨ ਹੈ।
ਭਾਗ ਜਿਦੇ ਰੱਲੇ, ਜਿਹਨੂੰ ਸਭਾ ਵਿਚ ਮੱਲੇ।
ਚਾਤ੍ਰਿਕ ਪਾਵਾਂਗਾ ਮੈਂ ਪੱਲੇ, ਉਹਦੇ ਕੰਨਿਆਂ ਦਾ ਦਾਨ ਹੈ।

ਰਾਜਾ ਨਲ ਨੂੰ ਸਵਯੰਬਰ ਦੀ ਖਬਰ ਹੋਣੀ

ਜੀਕਰ ਹੋਰਨਾਂ ਕੋਲ ਏਹ ਖਬਰ ਪਹੁੰਚੀ, ਰਾਜੇ ਨਲ ਦੇ ਵਲ ਭੀ ਆਈ ਏ ਜੀ।
ਸੁਣ ਕੇ ਖਬਰ ਦਮਯੰਤੀ ਦੇ ਵਯਾਹ ਵਾਲੀ, ਖੁਸ਼ੀ ਚੜ੍ਹ ਗਈ ਦੂਣ ਸਵਾਈ ਏ ਜੀ।
ਕਹਿੰਦਾ ਸ਼ੁਕਰ ਹੈ ਖਬਰ ਤਾਂ ਆਈ ਮੈਨੂੰ, ਖਬਰੇ ਭਲੀ ਹੀ ਰਬ ਨੂੰ ਭਾਈ ਏ ਜੀ।
ਖੁਸ਼ੀ ਨਾਲ ਸਲਾਹ ਠੈਹਰਾਈ ਦਿਲ ਵਿਚ, ਚਲੋ ਚਲ ਕੇ ਭਾਗ ਅਜ਼ਮਾਈਏ ਜੀ।
ਜੇਹੜੇ ਦਿਨ ਰਹਿੰਦੇ ਸਨ[10] ਜਾਨ ਅੰਦਰ ਘੜੀ ਘੜੀ ਗਿਣ ਗਿਣ ਲੰਘਾਈਏ ਜੀ।
ਤੁਰਿਆ ਵਕਤ ਮੁਕੱਰਰਾ ਵੇਖ ਕੇ ਤੇ, ਆਨ ਬਾਨ ਤੇ ਸ਼ਾਨ ਸਜਾਈਏ ਜੀ।
ਤੁਰਣ ਲਗਿਆਂ ਗਣਪਤੀ ਮਾਤ ਗੋਰੀ[11], ਧੂਪ ਦੀਪ ਦੇ ਨਾਲ ਮਨਾਈਏ ਜੀ।
ਚਾਤ੍ਰਿਕ ਸ਼ਗਨ ਤੇ ਲਗਨ ਵਿਚਾਰ ਕੇ ਤੇ, ਸੱਜੀ ਬਾਹਰ ਨੂੰ ਲੱਤ ਉਠਾਈਏ ਜੀ।

ਤੀਸਰਾ ਖੰਡ–ਦੇਵ ਮੰਡਲ

ਵਾਹਵਾ ਰੰਗ ਤੇ ਢੰਗ ਸਵਰਗ ਵਾਲਾ, ਪੁਰ ਬਹਾਰ ਮੰਡਲ ਬੇ ਮਿਸਾਲ ਆਹਾ।
ਬਣੀ ਵਿਚ ਆਕਾਸ਼ ਦੇ ਪੁਰੀ ਸੋਹਣੀ, ਰੰਗ ਰੂਪ ਜਿਸਦਾ ਲਾਜ਼ਵਾਲ[12] ਆਹਾ।

---

* ਕਬਿਤ ਪੰਜਾਬੀ ਪਿੰਗਲ ਅਨੁਸਾਰ ਇਕ ਵਰਣਕ (ਅਰਥਾਤ ਅਖਰਾਂ ਦੇ ਹਿਸਾਬ ਵਾਲਾ) ਛੰਦ ਹੈ। ਇਸ ਦੀ ਹਰ ਤੁਕ ਵਿਚ ੩੨ ਅੱਖਰ ਰੱਖੇ ਜਾਂਦੇ ਹਨ ਅਤੇ ੮, ੮, ੮, ਤੇ ੭ ਜਾਂ ੮ ਦੇ ਚਾਰ ਟੋਟੇ ਹਰ ਤੁਕ ਦੇ ਕੀਤੇ ਜਾਂਦੇ ਹਨ। ਕਈ ਵਾਰ ਹਰ ਟੋਟੇ ਦਾ ਅੰਤਲਾ ਸ਼ਬਦ ਅਨੁਪ੍ਰਾਸ ਵਾਂਗ ਮੇਲਿਆ ਜਾਂਦਾ ਹੈ। ਜਿਵੇਂ ਇਥੇ ਵੀ ਏਕੰਤੀ, ਦਮਯੰਤੀ, ਗੁਣਵੰਤੀ ਮੇਲਿਆ ਗਿਆ ਹੈ।

1. ਸਭ ਦਾ ਮਾਲਕ (ਸ਼ਿਵਜੀ ਤੇ ਵਿਸ਼ਨੂੰ ਜੀ ਲਈ ਭੀ ਵਰਤਦੇ ਹਨ)। 2. ਸੱਪਾਂ ਦਾ ਮਾਲਕ ਜਾਂ ਸ਼ੇਸ਼ਨਾਗ।
3. ਬੋਲੀ ਦਾ ਮਾਲਕ ਭਾਵ ਦੇਵ ਗੁਰੂ ਬ੍ਰਿਹਸਪਤਿ ਤੋਂ ਲੈਂਦੇ ਹਨ। 4. ਨਾਸ ਕਰੇ। 5. ਖੁਸ਼ੀ। 6. ਸ੍ਰੀ ਰਾਮਚੰਦ੍ਰ ਜੀ।
7. ਜਨਕ ਰਾਜੇ ਤੋਂ ਭਾਵ ਹੈ, ਜਿਸ ਨੇ ਸੀਤਾ ਨੂੰ ਪਾਲਿਆ ਸੀ। 8. ਰਚਿਓ। 9. ਘਰ। 10. ਸਨ।
11. ਸ਼ਿਵਜੀ ਦੀ ਇਕ ਪ੍ਰੇਮਕਾ ਤੇ ਵਰਣ ਦੇਵਤੇ ਦੀ ਪਤਨੀ। 12. ਜਿਸ ਵਿਚ ਕਦੇ ਘਾਟਾ ਨਹੀਂ ਆਉਂਦਾ।

ਇੰਦ੍ਰ ਦੇਵ ਦਾ ਲੋਕ ਸੁਰ-ਲੋਕ[1] ਸੋਹਣਾ, ਜੜਿਆ ਹੀਰਿਆਂ ਪੰਨਿਆਂ ਨਾਲ ਆਹਾ।
ਸੋਹਣਾ ਮੋਹਣਾ ਠਾਠ ਤੇ ਬਾਠ ਬਣਿਆ, ਨਾ ਇਨਸਾਨ ਦੇ ਖਾਬ ਖਯਾਲ[2] ਆਹਾ।
ਤੀਨ ਲੋਕ ਅੰਦਰ ਹੈ ਬੁਲੰਦ[3] ਪਾਯਾ[4], ਮਾਤ ਪ੍ਰਿਥਵੀ ਅਤੇ ਪਤਾਲ ਆਹਾ।
ਜਿਥੇ ਬੈਠਦੇ ਦੇਵਤੇ ਸਭਾ ਲਾ ਕੇ, ਸਾਰੀ ਨਿਆਮਤਾਂ ਥੀਂ ਮਾਲਾਮਾਲ ਆਹਾ।
ਉਥੇ ਪਾਕ[5] ਇਮਲਾਕ[6] ਹੀ ਬੈਠ ਸਕਣ, ਨੇਕੀ ਨਾਲ ਹੀ ਸ਼ੁਗਲ[7] ਅਸ਼ਗਾਲ[8] ਆਹਾ।
ਕਿੰਨਰ[9] ਦੇਵ ਗੰਧਰਬ ਅਲਾਪ ਕਰਦੇ, ਯਾਦ ਆਂਵਦਾ ਦੀਨ ਦਿਆਲ ਆਹਾ।
ਕਰਨ ਨਾਚ ਅਪੱਛਰਾਂ ਖੂਬਸੂਰਤ, ਮੋਤੀ ਲੜੀ ਬਣਿਆ ਵਾਲ ਵਾਲ ਆਹਾ।
ਬੇਮਿਸਾਲ ਮੰਡਲ, ਬੇਨਜੀਰ ਮੰਡਲ, ਤੇ ਅਜੀਬੋ ਗਰੀਬ ਕਮਾਲ ਆਹਾ।
ਇਨਸਾਨ ਦਾ ਜਾਲ ਤਾਂ ਇਕ ਪਾਸੇ, ਜਾਣਾ ਖਿਆਲ ਦਾ ਬੜਾ ਮੁਹਾਲ[10] ਆਹਾ।
ਉਸ ਸੁਰਗ ਦੀ ਸਿਫਤ ਬਿਆਨ ਕਰਨੀ, ਚਾਤ੍ਰਿਕ ਨੀਚ ਸੰਦਾ ਕੀ ਮਜਾਲ ਆਹਾ।
ਇੰਦ੍ਰ ਦੇਵ ਪਰਵਾਰਿਆ ਚੰਦ ਵਾਂਗੂੰ, ਸਾਰੇ ਦੇਵਤੇ ਲਾਇ ਦਰਬਾਰ ਬੈਠੇ।
ਕਰਨ ਗਾਨ ਅਪੱਛਰਾਂ ਰੂਪ ਭਰੀਆਂ ਲੈ, ਗੰਧਰਬ ਤਬਲਾ ਤੇ ਸਤਾਰ ਬੈਠੇ।
ਕਿੰਨਰ[11] ਜੱਛ[12] ਲੈ ਸਾਰੰਗੀ ਸੁਰਾਂ ਕੱਢਣ, ਹੋਵਨ ਦੇਵ ਬਲਿਹਾਰ ਬਲਿਹਾਰ ਬੈਠੇ।
ਆਏ ਨਾਲ ਸਬੱਬ ਦੇ ਮੁਨੀ ਨਾਰਦ[13], ਚਾਤ੍ਰਿਕ ਆਨਕੇ ਨਾਲ ਸਤਕਾਰ ਬੈਠੇ।

ਸਮਾਚਾਰ ਪੁਛਣਾ ਰਾਜਾ ਇੰਦਰ ਦਾ ਨਾਰਦ ਜੀ ਪਾਸੋਂ

ਇੰਦਰ ਦੇਵ ਨੇ ਉਠਕੇ ਖੁਸ਼ੀ ਪੁਛੀ, ਪਿਛੋਂ ਆਖਿਆ ਟੈਹਲ ਫੁਰਮਾਓ ਸਾਂਈ।
ਕਰਦੇ ਫਿਰੋ ਜਹਾਨ ਨੂੰ ਮੁਕਤ ਬਾਬਾ, ਤੁਸੀਂ ਬੜਾ ਉਪਕਾਰ ਕਮਾਓ ਸਾਂਈ।
ਤੁਸੀਂ ਕਰੋ ਇਨਸਾਨ[14] ਹੈਵਾਨ[15] ਤਾਂਈਂ, ਇਨਸਾਨ ਤੋਂ ਦੇਵ ਬਨਾਓ ਸਾਂਈ।
ਦੁਨੀਆਂ ਜਾਂਵਦੀ ਪਾਪ ਦੇ ਮੂੰਹ ਝੱਪੀ, ਤੁਸੀਂ ਕਾਲ ਦੇ ਮੂੰਹੋਂ ਬਚਾਓ ਸਾਂਈ।
ਪਾਪ ਕੱਟਦੇ ਬੰਦਿਆਂ ਗੰਦਿਆਂ ਦੇ, ਰਸਤੇ ਧਰਮ ਵਾਲੇ ਉਤੇ ਪਾਓ ਸਾਂਈ।
ਚਾਤ੍ਰਿਕ ਵਿਚਰਦੇ[16] ਤੁਸੀਂ ਹਮੇਸ਼ ਰਹਿੰਦੇ, ਕੋਈ ਨਵਾਂ ਅਹਿਵਾਲ[17] ਸੁਨਾਓ ਸਾਂਈ।

ਜਵਾਬ ਨਾਰਦ ਮੁਨੀ ਜੀ ਦਾ

ਨਾਰਦ ਮੁਨੀ ਜੀ ਹੱਸ ਕੇ ਕਹਿਣ ਲੱਗੇ, ਤੈਨੂੰ ਦੱਸੀਏ ਕੀ ਸਮਾਚਾਰ ਰਾਜਨ।
ਦੁਨੀਆਂ ਪਾਪ ਕਰਨੋਂ ਨਾ ਹਦੀਸ[18] ਪਕੜੇ, ਕਰਦੀ ਮੁਝ ਨੂੰ ਬੜਾ ਖੁਆਰ ਰਾਜਨ।

---

1. ਦੇਵਤਿਆਂ ਦਾ ਦੇਸ਼। 2. ਚਿਤ ਚੇਤੇ। 3. ਉਚਾ। 4. ਦਰਜਾ। 5. ਪਵਿਤਰ। 6. ਦੇਵਤੇ।
7-8. ਰੁਝੇਵਾਂ ਤੇ ਮੌਜਾਂ। 9. ਦੇਵਤਿਆਂ ਦੀ ਇਕ ਸ਼ਰੇਣੀ। 10. ਔਖਾ।
11. ਮਨੁਖੀ ਧੜ ਤੇ ਘੋੜੇ ਦੇ ਮੂੰਹ ਵਾਲੇ ਨਾਚੇ ਜੋ ਕੁਬੇਰ ਦੀ ਸਭਾ ਵਿਚ ਨਚਦੇ ਹਨ। ਕੁਬੇਰ=ਧਨ ਦਾ ਦੇਵਤਾ।
12. ਕੁਬੇਰ ਦੀ ਸੇਵਾ ਵਿਚ ਰਹਿਣ ਵਾਲੇ ਦੇਵਤੇ।
13. ਨਾਰਦਮੁਨੀ ਤੋਂ ਭਾਵ ਹੈ ਜਿਨ੍ਹਾਂ ਦਾ ਚਰਿਤ ਪੁਰਾਤਨ ਗ੍ਰੰਥਾਂ ਵਿਚ ਦੂਹਰਾ ਹੈ, ਉਹ ਵਿਦਵਾਨ ਭੀ ਹਨ ਉਪਦੇਸ਼ ਵੀ ਦੇਂਦੇ ਹਨ, ਪਰ ਨਵੇਂ ਨਵੇਂ ਝਗੜੇ ਵੀ ਪੈਦਾ ਕਰਦੇ ਹਨ, ਅਤੇ ਇਉਂ ਲੋਕਾਂ ਨੂੰ ਮੂਰਖ ਬਣਾ, ਕੇ ਤਮਾਸ਼ੇ ਤੇ ਲੜਾਈਆਂ ਵੇਖਦੇ ਹਨ। ਪੰਜਾਬੀ ਵਿਚ ਆਮ ਮੁਹਾਵਰਾ ਹੈ ਕਿ ਉਹ ਤਾਂ ਨਿਰਾ ਨਾਰਦ ਹੈ ਭਾਵ ਏਧਰ ਦੀਆਂ ਓਧਰ ਤੇ ਓਧਰ ਦੀਆਂ ਏਧਰ ਲਾਉਂਦਾ ਰਹਿੰਦਾ ਹੈ। 14. ਮਨੁਖ। 15. ਪਸ਼ੂ। 16. ਫਿਰਦੇ। 17. ਹਾਲ। 18. ਸਿਖਿਆ।

ਫਿਰਾਂ ਮਾਰਿਆ ਮਾਰਿਆ ਦਿਨੇ ਰਾਤੀਂ, ਆਵੇ ਪਲਕ ਨਾ ਝਲਕ ਕਰਾਰ ਰਾਜਨ।
ਮੈਨੂੰ ਬੜਾ ਅਫਸੋਸ ਨਾਰੈਣ ਉਤੇ, ਡਾਢੀ ਸਖਤ ਦਿਤੀ ਮੈਨੂੰ ਕਾਰ ਰਾਜਨ।
ਐਪਰ ਜਾਨ ਤੂੰ ਸੱਚ ਇਹ ਗਲ ਮੇਰੀ, ਮੇਰੇ ਆਸਰੇ ਹਈ ਸੰਸਾਰ ਰਾਜਨ।
ਮੇਰੇ ਦਮ ਕਦਮ ਦੀ ਜਾਣ ਬਰਕਤ, ਬੈਠਾ ਨਾਲ ਆਰਾਮ ਕਰਤਾਰ ਰਾਜਨ।
ਮੈਨੂੰ ਚੁੱਪ ਹੋ ਜਾਣ ਦੇ ਦੋ ਘੜੀਆਂ, ਜੇ ਨਾ ਵਰਤ ਜਾਵੇ ਧੁੰਦੂਕਾਰ ਰਾਜਨ।
ਜੇ ਕਰਤਾਰ ਨੂੰ ਆਪ ਆ ਪਏ ਬਿਪਤਾ, ਮੇਰੇ ਵਾਂਗ ਹੋਵੇ ਅਵਾਜ਼ਾਰ[1] ਰਾਜਨ।
ਐਪਰ ਕਹੀਦਾ ਫੇਰ ਹੈ ਓਹ ਜਾਣੇ, ਉਹ ਹੈ ਅਸਾਂ ਸੰਦਾ ਸਿਰਜਣਹਾਰ ਰਾਜਨ।
ਨਹੀਂ ਗਲ ਦੇ ਸਿਰੇ ਤੇ ਆਂਵਦਾ ਮੈਂ, ਲਵਾਂ ਦੁਖ ਤਮਾਮ ਸਹਾਰ ਰਾਜਨ।
ਸੁਣ ਲੈ ਨਵੀਂ ਜਹਾਨ ਦੀ ਗਲ ਦਸਾਂ, ਚਰਚਾ ਹੋ ਰਿਹਾ ਸ਼ੈਹਰ ਬਜ਼ਾਰ ਰਾਜਨ।
ਰਾਜੇ ਭੀਮ ਦੀ ਪੁਤਰੀ ਦਮਯੰਤੀ, ਮਸ਼ਹੂਰ ਹੈ ਚਾਰ ਦਿਆਰ[2] ਰਾਜਨ।
ਸ਼ਾਦੀ ਓਸਦੀ ਦੀਆਂ ਤਿਆਰੀਆਂ ਨੇ, ਸਵਯੰਬਰ ਹੋਵਸੀ ਭੀਮ ਦੁਆਰ ਰਾਜਨ।
ਸਚ ਮੁਚ ਦੀ ਕਾਮਨੀ ਦਮਯੰਤੀ, ਤੇਰਾ ਸੁਰਗ ਉਸਦਾ ਪਾਣੀ ਹਾਰ ਰਾਜਨ।
ਕੀ ਤਾਰੀਫ ਕਰਕੇ ਦਸਾਂ ਓਸਦੀ ਮੈਂ ? ਨਹੀਂ ਜੀਭ ਦੇ ਵਿਚ ਬਲਕਾਰ ਰਾਜਨ।
ਜਾ ਕੇ ਵੇਖ ਅਖੀਂ ਜੇ ਪ੍ਰਤੀਤ ਨਾਹੀਂ, ਹੋਸੇਂ ਰੂਪ ਨੂੰ ਵੇਖ ਨਿਸਾਰ[3] ਰਾਜਨ।
ਮਾਤ ਲੋਕ ਪਾਤਾਲ ਸਵਰਗ ਅੰਦਰ, ਉਹ ਹੈ ਸ਼ਾਹ ਖੂਬਾਂ ਦੀ ਸਰਦਾਰ ਰਾਜਨ।
ਉਸਦੇ ਵਰਨ ਦੇ ਵਾਸਤੇ ਸਭ ਰਾਜੇ, ਹੋਇ ਰਹੇ ਨੇ ਖੂਬ ਤਿਆਰ ਰਾਜਨ।
ਐਪਰ ਸੁਨੀਂਦੀ ਗਲ ਹੈ ਸਭ ਥਾਓਂ, ਉਸਦਾ ਨਲ ਦੇ ਨਾਲ ਪਿਆਰ ਰਾਜਨ।
ਜੈਸੀ ਓਹ ਸੋਹਣੀ ਵੈਸਾ ਓਹ ਸੁੰਦਰ, ਉਹੋ ਆਨ ਹੋਸੀ ਜੋੜੀਦਾਰ ਰਾਜਨ।
ਐਪਰ ਬੜਾ ਅਫਸੋਸ ਅਰਮਾਨ ਮੈਨੂੰ, ਤੁਸੀਂ ਦੇਵਤੇ ਹੋ ਬੇਸ਼ੁਮਾਰ ਰਾਜਨ।
ਹੁੰਦੇ ਸੁੰਦਿਆਂ ਤੁਸਾਂ ਦੇ ਨਲ ਰਾਜਾ, ਮਾਰ ਖੜੇਗਾ ਆਨ ਕੇ ਮਾਰ ਰਾਜਨ।
ਹਿੰਮਤ ਕਰੇ ਖਾਂ ਜ਼ਰਾ ਤੇ ਜਾਓ ਓਥੇ, ਮਾਰੇ ਭਲਾ ਜੇ ਕੋਈ ਤਲਵਾਰ ਰਾਜਨ।
ਉਹ ਮਨੁਖ, ਤੇ ਦੇਵਤੇ ਤੁਸੀਂ ਹੋਸੋ, ਕੀਕਰ ਵਰੇਗੀ ਤੁਸਾਂ ਵਿਸਾਰ ਰਾਜਨ।
ਹੋ ਕੇ ਝੁੱਬ ਤਿਆਰ ਸਵਾਰ ਹੋਵੋ, ਹਿੰਮਤ ਕਰੋ ਤੇ ਵਰੋਗੇ ਨਾਰ ਰਾਜਨ।
ਚਾਤ੍ਰਿਕ ਜਾਇਕੇ ਤੁਸੀਂ ਮੈਦਾਨ ਮਾਰੋ, ਕਰੋ ਨਲ ਤਾਈਂ ਸ਼ਰਮਸਾਰ ਰਾਜਨ।

ਦੇਵਤਿਆਂ ਦਾ ਭੀਮ ਨਗਰੀ ਵਲ ਤਿਆਰ ਹੋਣਾ

ਸੁਣਕੇ ਰੂਪ ਦੀ ਸਿਫਤ ਦਮਯੰਤ ਸੰਦੀ, ਇੰਦ੍ਰ ਰਾਜ ਡਾਢੇ ਬੇਕਰਾਰ ਹੋ ਗਏ।
ਵਰੁਨ[4] ਦੇਵਤਾ ਤੇ ਧਰਮ ਰਾਜ ਦੂਜਾ, ਤੀਜਾ ਅਗਨ ਹੋਰੀ ਹੋਸ਼ਿਆਰ ਹੋ ਗਏ।
ਚਾਰੇ ਦੇਵਤੇ ਪੱਕ ਸਲਾਹ ਕਰਕੇ, ਮਾਤ ਲੋਕ ਦੇ ਵਲ ਤਿਆਰ ਹੋ ਗਏ।
ਜਲਦੀ ਪੁਸ਼ਪ-ਬਿਬਾਨ[5] ਮੰਗਵਾ ਲੀਤਾ, ਉਤੇ ਓਸਦੇ ਤੁਰਤ ਸਵਾਰ ਹੋ ਗਏ।

---

1. ਦੁਖੀ। 2. ਚਾਰੇ ਕੂੰਟਾਂ। 3. ਬਲਿਹਾਰ।
4. ਕਰਦਮ ਦਾ ਪੁਤਰ, ਪਾਣੀ ਦਾ ਦੇਵਤਾ ਜੋ ਮਗਰਮੱਛ ਦੀ ਸਵਾਰੀ ਕਰਦਾ ਮੰਨਿਆ ਹੈ। ਇਹ ਸੱਪ ਦੇ ਫਣ ਦੀ ਛਤਰੀ ਰਖਦਾ ਹੈ ਤੇ ਵਸੁਧਾ ਨਗਰ ਦਾ ਨਿਵਾਸੀ ਮੰਨਿਆ ਜਾਂਦਾ ਹੈ। 5. ਫੁਲਾਂ ਦਾ ਉਡਨ ਖਟੋਲਾ।

ਚਲੇ ਜਾਂਵਦੇ ਨੇ ਵਲ ਭੀਮ ਨਗਰੀ, ਬੜੇ ਦਿਲਾਂ ਦੇ ਵਿਚ ਸ਼ਰਸਾਰ ਹੋ ਗਏ।
ਚਾਤ੍ਰਿਕ ਔਂਦਿਆਂ ਸਾਰ ਜ਼ਮੀਨ ਉਤੇ, ਰਾਜੇ ਨਲ ਦੇ ਨਾਲ ਦੋ ਚਾਰ ਹੋ ਗਏ।

ਰਾਜੇ ਨਲ ਨੂੰ ਦੇਖ ਕੇ ਦੇਵਤਿਆਂ ਦਾ ਹੈਰਾਨ ਹੋਣਾ

ਰਾਜੇ ਨਲ ਦੀ ਵੇਖਕੇ ਸ਼ਕਲ ਸੋਹਣੀ, ਹੋਏ ਦਿਲ ਦੇ ਵਿਚ ਹੈਰਾਨ ਚਾਰੇ।
ਵੇਖ ਵੇਖ ਨੁਹਾਰ ਚਮਕਾਰ ਵਾਲੀ, ਲੱਜਤ ਹੋਇ ਨੀਵੀ ਨਜ਼ਰ ਪਾਨ ਚਾਰੇ।
ਅਸੀਂ ਜਾਣਦੇ ਸਾਂ ਆਪਣੇ ਜੀਉ ਅੰਦਰ, ਨਿਰੇ ਅਸੀਂ ਹੀ ਹਾਂ ਸ਼ਕਲ ਵਾਨ ਚਾਰੇ।
ਐਪਰ ਏਸ ਜੇਹਾ ਕੋਈ ਖ਼ੂਬਸੂਰਤ, ਡਿਠਾ ਅਸਾਂ ਨਾ ਵਿਚ ਜਹਾਨ ਚਾਰੇ।
ਏਹ ਕੋਈ ਆਦਮੀ ਹੈ ਯਾ ਕੋਈ ਦੇਵਤਾ ਹੈ, ਆਪੋ ਵਿਚ ਵਿਚਾਰ ਦੌੜਾਨ ਚਾਰੇ।
ਚਾਤ੍ਰਿਕ ਨਾਮ ਨਿਸ਼ਾਨ ਦੀ ਪੁਛ ਕੀਤੀ, ਪਤਾ ਪੁਛਕੇ ਬੜੇ ਸ਼ਰਮਾਨ ਚਾਰੇ।
ਜੇਕਰ ਏਹੋ ਹੀ ਨਲ ਹੈ ਖ਼ੂਬ ਸੂਰਤ, ਨਾਰਦ ਮੁਨੀ ਕੀਤੀ ਜਿਸਦੀ ਗਲ ਓਥੇ।
ਤਾਂ ਤਾਂ ਜਾਣ ਫਜ਼ੂਲ ਹੈ ਕਿਸੇ ਸੰਦਾ, ਜਾ ਕੇ ਖਟਣੀ ਕਿਸੇ ਕੀ ਭਲ ਓਥੇ।
ਇਸਦਾ ਰੂਪ ਸੂਰਜ ਵਾਂਗ ਅਸੀਂ ਦੀਵੇ, ਸਾਡੀ ਪੇਸ਼ ਕੀ ਸਕਣੀ ਚਲ ਓਥੇ।
ਭਾਵੇਂ ਲਖ ਹਾਂ ਦੇਵਤੇ ਅਸੀਂ ਸੋਹਣੇ, ਐਪਰ ਮਿਲੇਗਾ ਨਾ ਕੋਈ ਫਲ ਓਥੇ।
ਏਸ ਸੱਪ ਦੇ ਸਾਹਮਣੇ ਅਸਾਂ ਸੰਦਾ, ਦੀਵਾ ਕਦੇ ਨਾ ਸਕਣਾ ਬਲ ਓਥੇ[1]।
ਤਿੰਨ ਲੋਕ ਦੇ ਰੂਪ ਸਰੂਪ ਵਾਲੇ, ਜੇਕਰ ਜਾਇ ਬੈਠਣ ਸਭੇ ਰਲੀ ਓਥੇ।
ਕਿਸੇ ਦੇਖਣਾ ਨਹੀਂ ਧਿਆਨ ਪਾਕੇ, ਜੇ ਮੌਜੂਦ ਹੋਯਾ ਰਾਜਾ ਨਲ ਓਥੇ।
ਚਾਤ੍ਰਿਕ ਗੁੰਦ ਕੇ ਗੋਂਦ ਇਕ ਪੇਚ ਪਾਯਾ, ਨਲ ਨਾਲ ਲੱਗੇ ਕਰਨ ਛਲ ਓਥੇ।

ਸਵਾਲ ਰਾਜਾ ਇੰਦਰ ਦਾ ਰਾਜਾ ਨਲ ਦੇ ਪਾਸ

ਇੰਦ੍ਰ ਜੀਤ ਕਹਿਆ ਰਾਜੇ ਨਲ ਤਾਂਈ, ਤੇਰੀ ਸਿਫਤ ਡਾਢੀ ਅਸਾਂ ਸੁਣੀ ਰਾਜਾ।
ਜਿਹਾ ਸੁਣੀਂਦਾ ਸੈਂ ਤੇਹਾ ਵੇਖ ਲੀਤਾ, ਜੀਕਰ ਦਸਿਆ ਸੀ ਨਾਰਦ ਮੁਨੀ ਰਾਜਾ।
ਤੇਰਾ ਰੂਪ ਅਨੂਪ ਤੇ ਬੁਧ ਉਚੀ, ਤੇਜ ਤਪ ਵਾਲਾ, ਧਰਮੀ ਗੁਣੀ ਰਾਜਾ।
ਇੰਦ੍ਰਜੀਤ, ਅਗਨੀ, ਵਰਨ, ਧਰਮਰਾਜਾ, ਅਸੀਂ ਦੇਵ ਚਾਰੇ ਆਏ ਦੂਨੀ ਰਾਜਾ।
ਤੇਰਾ ਵੇਖ ਕੇ ਮੁਖ ਪਰਕਾਸ਼ ਵਾਲਾ, ਗਲ ਆਖਣੇ ਦੀ ਬੁਣਤ ਬੁਣੀ ਰਾਜਾ।
ਸਾਡਾ ਕੰਮ ਹੈ ਇਕ ਜ਼ਰੂਰ ਕਰਨਾ, ਤੇਰੀ ਸ਼ਕਲ ਉਸਦੇ ਹੇਤ ਚੁਣੀ ਰਾਜਾ।
ਜੇਕਰ ਕਰੇਂ ਮਨਜ਼ੂਰ ਤਾਂ ਦਸ ਦੇਈਏ, ਦੇਹ ਜਵਾਬ ਇਸਦਾ ਸਾਨੂੰ ਹੁਣੀ ਰਾਜਾ।
ਕਰਨਾ ਹੋਇ ਜੇ ਚਾਤ੍ਰਿਕ ਖੁਸ਼ੀ ਹੋ ਕੇ, ਆਖੀਂ ਸਾਫ ਨਾ ਰਖਣੀ ਠੁਣੀ ਰਾਜਾ।

1. ਮੁਹਾਵਰਾ ਹੈ ਕਿ ਸੱਪਾਂ ਸਾਹਮਣੇ ਦੀਵੇ ਨਹੀਂ ਬਲਦੇ, ਭਾਵ ਖਤਰੇ ਵੇਲੇ ਜਾਂ ਬਹੁਤੇ ਡਰ ਵੇਲੇ ਮਨੁਖ ਕੋਲੋਂ ਉਪਾ ਨਹੀਂ ਕੀਤਾ ਜਾ ਸਕਦਾ।

ਜਵਾਬ ਰਾਜਾ ਨਲ

ਸੁਣ ਕੇ ਨਾਮ ਪ੍ਰਣਾਮ ਕਰ ਨਲ ਰਾਜੇ, ਕਿਹਾ ਆਪ ਦਾ ਤਾਬਿਆਦਾਰ ਹਾਂ ਮੈਂ।
ਖਿਦਮਤ[1] ਆਪਦੀ ਜੇ ਮੈਥੋਂ ਹੋਇ ਸਕੇ, ਸਿਰ ਅਖੀਆਂ ਨਾਲ ਤਿਆਰ ਹਾਂ ਮੈਂ।
ਜੇ ਮੈਂ ਲਗਦੀ ਵਾਹ ਨਾ ਕਰਾਂ ਖਿਦਮਤ ਬੇਸ਼ਕ ਆਪ ਸੰਦਾ ਦੇਨਦਾਰ ਹਾਂ ਮੈਂ।
ਕਰੋ ਹੁਕਮ ਜੇਹੜਾ ਮੇਰੇ ਸੀਸ ਉਤੇ, ਧੰਨ ਭਾਗ ਕਰਦਾ ਏਹ ਸ਼ੁਮਾਰ ਹਾਂ ਮੈਂ।
ਮਿਲੇ ਦਿਉਤਿਆਂ ਦੀ ਸੇਵਾ ਟਹਿਲ ਕੋਈ, ਤੁਠਾ ਅਜ ਜਾਣਾ ਸਿਰਜਣਹਾਰ ਹਾਂ ਮੈਂ।
ਚਾਤ੍ਰਿਕ ਵਿਤ ਮੇਰਾ ਵੇਖ ਟਹਿਲ ਦਸੋ, ਹੁੰਦੀ ਹਿੰਮਤੇ ਖਿਦਮਤ-ਗੁਜ਼ਾਰ ਹਾਂ ਮੈਂ।

ਦੇਵਤਿਆਂ ਨੇ ਰਾਜਾ ਨਲ ਨੂੰ ਫੁਰਮਾਇਸ਼ ਪਾਉਣੀ

ਕਿਹਾ ਦਿਉਤਿਆਂ ਕੌਲ ਇਕਰਾਰ ਲੈਕੇ, ਸਾਡਾ ਇਕ ਪੈਗਾਮ[2] ਪਹੁੰਚਾ ਰਾਜਾ।
ਰਾਜੇ ਭੀਮ ਦੀ ਪੁਤਰੀ ਦਮਯੰਤੀ, ਅਜ ਕਲ ਹੈ ਜਿਦ੍ਹਾ ਵਿਆਹ ਰਾਜਾ।
ਸਾਡਾ ਨਾਮ ਲੈ ਏਹ ਪੈਗਾਮ ਦੇਵੀ, ਅਸੀਂ ਆਏ ਸਵਰਗ ਤੋਂ ਧਾ ਰਾਜਾ।
ਚਾਰੇ ਦੇਵਤੇ ਰੂਪ ਅਨੂਪ ਵਾਲੇ, ਮਰਨ ਜੰਮਣੋਂ ਮੁਕਤ ਸਦਾ ਰਾਜਾ।
ਕੇਹੜੀ ਚੀਜ਼ ਜਹਾਨ ਦੀ ਲੋੜ ਜਿਸਦੀ ? ਕਮੀ ਨਹੀਂ ਸਾਡੇ ਘਰੀਂ ਕਾ ਰਾਜਾ।
ਆਖ ਚੌਹਾਂ ਵਿਚੋਂ ਜੋ ਮਨਜ਼ੂਰ ਹੋਸੂ, ਨਾਲ ਓਸ ਦੇ ਵਿਆਹ ਕਰਵਾ ਰਾਜਾ।
ਸਾਨੂੰ ਵੇਖ ਤੂੰ ਲਿਆ ਹੈ ਆਪ ਅੱਖੀ, ਦੇਵੀਂ ਅਸਾਂ ਦਾ ਹਾਲ ਸੁਣਾ ਰਾਜਾ।
ਚਾਤ੍ਰਿਕ ਆਪਣੇ ਕੌਲ ਕਰਾਰ ਮੂਜਬ, ਝੱਬ ਜਾਹ ਹੁਣ ਦੇਰ ਨਾ ਲਾ ਰਾਜਾ।

ਹੈਰਾਨ ਹੋ ਕੇ ਜਵਾਬ ਦੇਣਾ ਰਾਜਾ ਨਲ ਨੇ*

ਰਾਜਾ ਨਲ ਹੈਰਾਨ ਅਸਚਰਜ ਹੋ ਕੇ, ਕਹਿੰਦਾ ਅਜਬ ਅੜਾਉਨੀ ਪਾਈ ਦੇਵੋ।
ਮੈਂ ਤਾਂ ਆਪ ਏਸੇ ਖਾਤਰ ਜਾਂ ਤੁਰਿਆ, ਕੀਤਾ ਓਸਦੇ ਪ੍ਰੇਮ ਸੌਦਾਈ ਦੇਵੋ।
ਆਪਣੇ ਆਪ ਨੂੰ ਵਾਜ ਕੇ ਓਸ ਵਲੋਂ, ਕਰਾਂ ਤੁਸਾਂ ਦੀ ਜਾ ਵਡਿਆਈ ਦੇਵੋ।
ਲੋਕੀ ਹੱਸਕੇ ਮਸਖਰੀ ਕਰਨਗੇ ਨਾ ? ਪਾਈ ਜਾਇਗੀ ਕੇਹੜੀ ਦਾਨਾਈ[3] ਦੇਵੋ।
ਕਿਸੇ ਛੜੇ ਨੂੰ ਆਈ ਕੁੜਮਾਈ ਹੋਵੇ, ਕਰਸੀ ਆਪਣੀ ਇਕੇ ਪਰਾਈ ਦੇਵੋ ?
ਮੈਂ ਨਾ ਏਸ ਸੇਵਾ ਨੂੰ ਤਿਆਰ ਹੋਸਾਂ, ਜੇਹੜੀ ਆਪਣੇ ਗਲ ਫੁਰਮਾਈ ਦੇਵੋ।
ਕਰੋ ਮਾਫ ਮੈਨੂੰ, ਕਿਸੇ ਹੋਰ ਤਾਂਈ, ਘਲ ਦੇ ਏਹ ਸਾਈ ਵਧਾਈ ਦੇਵੋ।

*ਇਥੇ ਰਾਜੇ ਨਲ ਦਾ ਧਰਮੀ ਤੇ ਸਚਾ ਹੋਣਾ ਬੜੀ ਦੂਰ ਤਕ ਪਹੁੰਚਾ ਦਿਤਾ ਗਿਆ ਹੈ ਅਤੇ ਇਹ ਕਹਾਣੀ ਵੀ ਇਕ ਬੜੀ ਭਾਰੀ ਟੱਕਰ ਬਣ ਗਈ ਹੈ। ਆਪਣੀ ਪ੍ਰੀਤਮਾ ਪਾਸ, ਹੋਰ ਦਾ ਸੁਨੇਹਾ ਲੈ ਕੇ ਜਾਣਾ ਅਤੇ ਫਿਰ ਆਪ ਹੀ ਉਨ੍ਹਾਂ ਨੂੰ ਵੀ ਸਾਫ ਦਸ ਦੇਣਾ ਕਿ ਮੈਂ ਭੀ ਉਸੇ ਨਾਲ ਵਿਆਹ ਕਰਨ ਦਾ ਚਾਹਵਾਨ ਹਾਂ, ਪਰ ਆਪਣੇ ਦੂਤ-ਧਰਮ ਨੂੰ ਬਿਲਕੁਲ ਸਚਾਈ ਨਾਲ ਨਿਭਾਉਣਾ ਇਕ ਅਦੁਤੀ ਚਰਿਤਰ ਦਾ ਪ੍ਰਮਾਣ ਹੈ।

1. ਸੇਵਾ। 2. ਸੁਨੇਹਾ। 3. ਸਿਆਣਪ।

ਦੂਜੇ ਓਸਦੇ ਪਾਸ ਮੈਂ ਜਾਂ ਕੀਕਰ ? ਮੇਰੀ ਜਾਨ ਪਹਿਚਾਨ ਨਾ ਕਾਈ ਦੇਵੋ।
ਓਹਦੇ ਉਚਿਆਂ ਧੌਲਰਾਂ ਹੇਠ ਹੋਸੀ, ਪਹਿਰੇਦਾਰ ਹਜ਼ਾਰ ਸਿਪਾਹੀ ਦੇਵੋ।
ਮੈਂ ਪ੍ਰਦੇਸੀ ਨੂੰ ਦੇਣਗੇ ਜਾਣ ਕੀਕਰ ? ਨਾ ਮੈਂ ਉਨ੍ਹਾਂ ਦਾ ਸਾਕ ਸੰਜਾਈ ਦੇਵੋ।
ਕਰਾਂ ਨਜ਼ਰ ਰਣਵਾਸ ਦੇ ਵਲ ਜੇਕਰ, ਫੜਕੇ ਕਰਨਗੇ ਬੜੀ ਰਸਵਾਈ[1] ਦੇਵੋ।
ਚਾਤ੍ਰਿਕ ਆਪ ਜਾ ਆਪਣਾ ਕੰਮ ਸਾਧੋ, ਮੈਨੂੰ ਦਿਓ ਨਾ ਪਏ ਉਕਾਈ ਦੇਵੋ।

ਜਵਾਬ ਦੇਵਤਿਆਂ ਦਾ

ਕਹਿਆ ਦਿਉਤਿਆਂ ਵਾਹ ਜ਼ਬਾਨ[2] ਤੇਰੀ, ਪੱਕਾ ਸੁਖਨ[3] ਦਾ ਖ਼ੂਬ ਪ੍ਰਮਾਤਮਾ ਹੈ।
ਜਿਹੜਾ ਕਰੇ ਇਕਰਾਰ ਤੇ ਫਿਰੇ ਉਸਤੋਂ, ਦੇਂਦਾ ਬੜੀ ਸਜ਼ਾ ਪਰਮਾਤਮਾ ਹੈ।
ਤੈਨੂੰ ਲੱਜਿਆ ਪਏ ਨਾ ਨਾਂਹ ਕਰਦੇ, ਵਿਚੋਂ ਦੇਇ ਧਤਕਾਰ ਨਾ ਆਤਮਾ ਹੈ।
ਚਾਤ੍ਰਿਕ ਸੁਖਨ ਨੂੰ ਪਾਲ ਜਾ ਖੁਸ਼ੀ ਹੋ ਕੇ, ਦੇ ਸਰਾਪ ਵਰਨਾ ਕਰ਼ੀਏ ਖਾਤਮਾ ਹੈ।
ਦੂਜੀ ਗੱਲ ਦਾ ਅਸਾਂ ਏਹ ਵਰ ਦਿਤਾ, ਤੇਰਾ ਕਿਸੇ ਨੂੰ ਨਹੀਂ ਦੀਦਾਰ ਹੋਸੀ।
ਆਵੇਂ ਕਿਸੇ ਨੂੰ ਨਜ਼ਰ ਨਾ ਓਸ ਵੇਲੇ, ਟੋਕਣ ਨਹੀਂ ਸਰਕਾਰ ਦਰਬਾਰ ਹੋਸੀ।
ਤੂੰ ਬੇਸ਼ਕ ਹਰ ਕਿਸੇ ਨੂੰ ਵੇਖ ਜਾਕੇ, ਕੋਈ ਰੋਕ ਦਾ ਨਾ ਰਵਾਦਾਰ[4] ਹੋਸੀ।
ਚਾਤ੍ਰਿਕ ਪਾਸ ਦਮਯੰਤੀ ਦੇ ਪਹੁੰਚ ਕੇ ਤੇ, ਫੇਰ ਭੇਤ ਤੇਰਾ ਆਸ਼ਕਾਰ[5] ਹੋਸੀ।

ਪੈਗਾਮ ਮਨਜ਼ੂਰ ਕਰਕੇ ਰਾਜੇ ਨਲ ਨੇ ਰਾਜ ਕੁਮਾਰੀ ਦਮਯੰਤੀ ਦੇ ਪਾਸ ਜਾਣਾ

ਆਖਰ ਮੰਨਣਾ ਪਿਆ ਮਜਬੂਰ ਹੋ ਕੇ, ਲੈਕੇ ਗਿਆ ਪੈਗਾਮ ਰਣਵਾਸ ਦੇ ਵਿਚ।
ਕਿਸੇ ਰੋਕਿਆ ਟੋਕਿਆ ਮੂਲ ਨਾਹੀਂ, ਪਹਿਰੇਦਾਰ ਖਲੇ ਆਸ ਪਾਸ ਦੇ ਵਿਚ।
ਫਸ ਜਾਵਣਾ ਓਸ ਤਾਂ ਫਾਸ ਦੇ ਵਿਚ, ਤੁਰਿਆ ਜਾਂਵਦਾ ਏਸ ਕਿਆਸ ਦੇ ਵਿਚ।
ਹੱਛਾ ਮੁਖ ਤਾਂ ਰੱਜ ਕੇ ਵੇਖ ਲਈਏ, ਪੈਰ ਪੁਟਦਾ ਇਸੇ ਹੁਲਾਸ[6] ਦੇ ਵਿਚ।
ਪਹੁੰਚਾ ਜਾ ਅਖੀਰ ਰਣਵਾਸ ਅੰਦਰ, ਦਮਯੰਤੜੀ ਦੇ ਮਹਿਲ ਖਾਸ ਦੇ ਵਿਚ।
ਪੜਦਾ ਦੂਰ ਕੀਤਾ ਚਾਤ੍ਰਿਕ ਓਸ ਵੇਲੇ, ਦਮਨ ਪੈ ਗਈ ਵੇਖ ਹਰਾਸ[7] ਦੇ ਵਿਚ।
ਰੂਪ ਵੇਖ ਕੇ ਓਪਰੇ ਮਰਦ ਸੰਦਾ, ਬੜੀ ਜੀਉ ਦੇ ਵਿਚ ਘਬਰਾਇ ਗਈ।
ਐਪਰ ਪ੍ਰੇਮ ਦੀ ਨਜ਼ਰ ਦੇ ਬਾਣ ਵੱਜੇ, ਤਿੱਖੀ ਸਾਂਗ ਸੀਨੇ ਛੇਕ ਪਾਇ ਗਈ।
ਭੁਲੀ ਆਪਣੀ ਸੁਧ ਬੇਸੁਧ ਹੋਈ, ਸੋਹਣੀ ਵੇਖ ਸੂਰਤ ਗਸ਼ ਖਾਇ ਗਈ*।
ਕਾਮਦੇਵ[8] ਪ੍ਰਤੱਖ ਇਨਸਾਨ ਬਣਿਆ, ਮੂਰਤ ਓਸਦੀ ਕਿਧਰੋਂ ਆਇ ਗਈ।
ਓਧਰ ਦਮਯੰਤੀ ਬੇਹਵਾਸ ਹੋਈ, ਏਧਰ ਨਲ ਤੇ ਮੂਰਛਾ ਛਾਇ ਗਈ।

---

*ਮੁਸਲਮਾਨੀ ਕਿੱਸਿਆਂ ਵਿਚ ਸੁੰਦਰਤਾ ਨੂੰ ਬਹੁਤ ਕਰਕੇ ਮਾਰੂ ਤੇ ਬੇਹੋਸ਼ੀ ਪੈਦਾ ਕਰਨ ਵਾਲੀ ਹੀ ਦਸਿਆ ਗਿਆ ਹੈ। ਇਹੀ ਢੰਗ ਚਾਤ੍ਰਿਕ ਜੀ ਨੇ ਥਾਂ ਥਾਂ ਵਰਤਿਆ ਹੈ।

1. ਬਦਨਾਮੀ। 2. ਗਲਤੀ। 3. ਵਚਨ। 4. ਭਾਈਵਾਲ। 5. ਪ੍ਰਗਟ। 6. ਖੁਸ਼ੀ। 7. ਡਰ।
8. ਪਿਆਰ ਦਾ ਦੇਵਤਾ।

ਇਕਦਰ ਚੰਦ ਚਕੋਰਨੀ ਵਾਂਗ ਦਿੱਸੇ, ਇਕਦਰ ਸ਼ਮਾਂ ਪਤੰਗ ਜਲਾਇ ਗਈ।
ਜ਼ਬਾਂ[1] ਬੰਦ, ਮੀਟੇ ਗਏ ਦੰਦ ਸਾਰੇ, ਸ਼ਰਮ ਦੋਹਾਂ ਤੇ ਜੰਦਰੇ ਲਾਇ ਗਈ।
ਫੁਰਨੇ ਦਿਲਾਂ ਦੇ ਅੰਦਰੇ ਖਾਣ ਘੇਰੇ, ਚਾਤ੍ਰਿਕ ਬੋਲਣੋਂ ਬੰਦ ਕਰਾਇ ਗਈ।

ਮੋਹਤ ਹੋ ਜਾਣਾ ਰਾਜ ਕੁਮਾਰੀ ਦਮਯੰਤੀ ਦਾ ਰਾਜਾ ਨਲ ਨੂੰ ਵੇਖ ਕੇ

ਜੀਉ ਵਿਚ ਦਮਯੰਤੜੀ ਸੋਚਦੀ ਏ, ਕੌਤਕ ਏਹ ਕੀ ਤੁਧ ਵਿਖਾਯਾ ਰਬਾ।
ਜ਼ੋਰੋ ਜੋਰ ਕਲੇਜੜਾ ਧੜਕਦਾ ਹੈ, ਹਟੇ ਨਹੀਂ ਬਥੇਰਾ ਹਟਾਯਾ ਰਬਾ।
ਉਛਲ ਉਛਲ ਕੇ ਦੌੜਦਾ ਦਿਲ ਬਾਹਰ ਜਿਉਂ, ਜਿਉਂ ਰੋਕਦੀ ਦੂਣ ਸਵਾਯਾ ਰਬਾ।
ਮੈਂ ਤਾਂ ਸਿਦਕ ਯਕੀਨ ਦੇ ਨਾਲ ਦਿਲ ਵਿਚ, ਰਾਜਾ ਨਲ ਸੀ ਪਤੀ ਠਹਰਾਯਾ ਰਬਾ।
ਖਬਰੇ ਕੌਣ ਏਹ ਦੂਸਰਾ ਨਲ ਆਯਾ, ਜਿਸਨੇ ਹੌਸਲਾ ਆਣ ਕੇ ਢਾਯਾ ਰਬਾ।
ਸ਼ਾਇਦ ਏਹੋ ਰਾਜਾ ਨਲ ਚੱਲ ਆਯਾ, ਏਸ ਗਲ ਦਾ ਭੇਦ ਨਾ ਪਾਯਾ ਰਬਾ।
ਜਿਉਂ ਜਿਉਂ ਰੂਪ ਵੇਖਾਂ ਤਿਉਂ ਤਿਉਂ ਗਸ਼ ਆਵੇ, ਖਬਰੇ ਸਿਤਮ ਕੀ ਏਸ ਕਮਾਯਾ ਰਬਾ।
ਨਾ ਮੈਂ ਏਸ ਨੂੰ ਛੇੜ ਛਿੜਾਯਾ ਰਬਾ, ਨਾ ਸੁਨੇਹੜਾ ਘਲ ਬੁਲਾਯਾ ਰਬਾ।
ਆਣ ਨਿਕਲਿਆ ਆਪਣੇ ਆਪ ਕਿਧਰੋਂ, ਮੈਨੂੰ ਬਾਵਲੀ ਆਣ ਬਣਾਯਾ ਰਬਾ।
ਮੇਰੀ ਬੇਨਤੀ ਮੰਨ ਪਰਮਾਤਮਾ ਵੇ ਜੇਕਰ ਏਸ ਨੂੰ ਤੁਧ ਘਲਾਯਾ ਰਬਾ।
ਕਰਕੇ ਮਿਹਰ ਏਹੋ ਕਰਦੇ ਨਲ ਰਾਜਾ, ਕੋਈ ਆਪਣੀ ਪਾਇਕੇ ਮਾਯਾ ਰਬਾ।
ਮੈਂ ਕਰ ਚੁਕੀ ਪ੍ਰਤਿਗਯਾ ਜੀਉ ਅੰਦਰ, ਜੇ ਵਯਾਹਯਾ ਤਾਂ ਨਲ ਵਿਯਾਹਯਾ ਰਬਾ।
ਮੇਰਾ ਧਰਮ ਕਾਇਮ ਰਖੀਂ ਜੱਗ ਅੰਦਰ, ਚਾਹੇਂ ਜਾਨ ਨੂੰ ਜੇਕਰ ਬਚਾਯਾ ਰਬਾ।
ਵੱਟਾ ਲਾ ਨਾ ਏਸ ਪ੍ਰਤਿਗਯਾ ਨੂੰ, ਤੇਰੀ ਮੇਹਰ ਦਾ ਚਾਹੀਏ ਸਾਯਾ ਰਬਾ।
ਏਹ ਭੀ ਨਾਲ ਹੀ ਕਰਾਂ ਪ੍ਰਤਿਗਯਾ ਮੈਂ, ਜੇਕਰ ਏਹ ਜਿਸਨੇ ਆ ਤੜਪਾਯਾ ਰਬਾ।
ਰਾਜੇ ਨਲ ਦੇ ਥਾਂ ਕੋਈ ਹੋਰ ਹੋਯਾ, ਮੇਰੇ ਪ੍ਰਣ ਨੂੰ ਏਸ ਗਵਾਯਾ ਰਬਾ।
ਤਾਂ ਤਹਿਕੀਕੀ ਮੈਂ ਮਰਾਂਗੀ ਬਾਲ ਅਗਨੀ, ਜਾਨ ਆਪਣੀ ਕਰਾਂਗੀ ਜ਼ਾਯਾ ਰਬਾ।
ਚਾਤ੍ਰਿਕ ਰੱਖ ਯਾ ਮਾਰ ਹੁਣ ਵਸ ਤੇਰੇ, ਮੈਂ ਤਾਂ ਆਪਣਾ ਬੋਲ ਨਿਭਾਯਾ ਰਬਾ।

ਮੋਹਤ ਹੋ ਜਾਣਾ ਰਾਜਾ ਨਲ ਦਾ ਰਾਜ ਕੁਮਾਰੀ ਦਮਯੰਤੀ ਪਰ

ਏਧਰ ਨਲ ਰਾਜਾ ਭੀ ਬੇਤਾਬ ਹੋਯਾ, ਸੋਚੇ ਵਕਤ ਕੀ ਰਿਹਾ ਵਰਤਾਰ ਰਬਾ।
ਸੁਧ ਬੁਧ ਨਾ ਰਹੀ ਸਰੀਰ ਅੰਦਰ, ਵਗੀ ਨਜ਼ਰ ਦੀ ਤੇਜ਼ ਕਟਾਰ ਰਬਾ।
ਜਿਹੀ ਸੁਣੀਦੀ ਸੀ ਤਿਹੀ ਦੇਖ ਲੀਤੀ, ਅਜ ਸ਼ਾਹ ਖੂਬਾਂ ਦੀ ਸਰਦਾਰ ਰਬਾ।
ਮੇਰਾ ਜੀਉ ਟਿਕਾਣੜੇ ਹੋਂਵਦਾ ਨਾ, ਮੈਂ ਬਥੇਰੜਾ ਰਿਹਾ ਖੁਲਿਹਾਰ ਰਬਾ।
ਮੈਂ ਤਾਂ ਦੂਤ ਬਣ ਕੇ ਆਯਾ ਮੈਹਲ ਅੰਦਰ, ਦਿਤਾ ਆਪਣਾ ਧਰਮ ਵਿਸਾਰ ਰਬਾ।
ਸ਼ਰਮ, ਸ਼ਰਮ ਮੇਰੇ ਉਤੇ ਲਖ ਵਾਰੀ ਤੇ ਹਜ਼ਾਰ ਹਜ਼ਾਰ ਫਿਟਕਾਰ ਰਬਾ।

1. ਜ਼ਬਾਨ।

ਲੈ ਪੈਗਾਮ ਆਯਾ ਕਿਸੇ ਦੂਸਰੇ ਦਾ, ਰਿਹਾ ਆਪ ਹਾਂ ਧਰਮ ਨੂੰ ਹਾਰ ਰਬਾ।
ਮੇਰਾ ਹੋਇ ਸਹਾਇ ਕ੍ਰਿਪਾਲ ਹੋ ਕੇ, ਮੇਰੇ ਸਤ ਨੂੰ ਨਾ ਆਵੇ ਹਾਰ ਰਬਾ।
ਏਥੋਂ ਸਿਦਕ* ਦੇ ਨਾਲ ਲੈ ਚਲ ਬਾਹਰ, ਥੰਮ ਜੀਉ ਮੇਰਾ ਸਿਰਜਣਹਾਰ ਰਬਾ।
ਮੇਰੇ ਵੱਸ ਦੇ ਵਿਚ ਨਾ ਰਿਹਾ ਪਾਪੀ, ਹੋਯਾ ਤੀਰ ਕਲੇਜਿਓਂ ਪਾਰ ਰਬਾ।
ਜਿਉਂ ਜਿਉਂ ਹੌਸਲਾ ਕਰਾਂ ਤੇ ਲੱਕ ਪਕੜਾਂ, ਤਿਉਂ ਤਿਉਂ ਹੋ ਰਿਹਾ ਸਖਤ ਲਾਚਾਰ ਰਬਾ।
ਇਸ ਨੌ-ਜੌਬਨਾ![1] ਹਰ[2] ਲਿਆ ਮਨ ਮੇਰਾ, ਭੁਲੀ ਆਪਣੇ ਆਪਦੀ ਸਾਰ ਰਬਾ।
ਜਾਦੂ ਸਿਹਰ[3] ਟੂਣਾ ਕੀਤਾ ਨਹੀਂ ਕੋਈ, ਇਸਨੇ ਉਠਕੇ ਨਾ ਕੀਤਾ ਵਾਰ ਰਬਾ।
ਫੇਰ ਨਹੀਂ ਮਾਲੂਮ ਕੀ ਗੱਲ ਹੋਈ, ਮੇਰੇ ਜੀਉ ਨੂੰ ਨਹੀਂ ਕਰਾਰ ਰਬਾ।
ਚੰਚਲ ਚਿਤ ਨੂੰ ਰੋਕਣਾ ਬਹੁਤ ਸਾਰਾ, ਜੋਰਾਵਰੀ ਨੱਸੇ ਬਾਹਰਵਾਰ ਰਬਾ।
ਮੈਂ ਹੈਰਾਨ ਹਾਂ ਕਿਸ ਤਰ੍ਹਾਂ ਮੂੰਹ ਖੋਲਾਂ, ਗੱਲਾਂ ਕਿਸ ਤਰ੍ਹਾਂ ਕਰਾਂ ਦੋ ਚਾਰ ਰਬਾ।
ਜਿਨ੍ਹਾਂ ਘੱਲਿਆ ਦੇ ਪੈਗਾਮ ਆਪਣਾ, ਕਰਕੇ ਮੁਝ ਉਤੇ ਏਤਬਾਰ ਰਬਾ।
ਜਾਣੀ ਜਾਣ ਉਹ ਜਾਣ ਕੇ ਕਹਿਣਗੇ ਕੀ ? ਮੈਨੂੰ ਕਰਨਗੇ ਲੱਖ ਧਿਕਾਰ ਰਬਾ।
ਜਿਵੇਂ ਜਾਣਨਾ ਏਂ ਮੁਸ਼ਕਲ ਹੱਲ ਕਰਦੇ, ਫਾਹੀ ਪਈ ਤੋਂ ਬਖਸ਼ ਛੁਟਕਾਰ ਰਬਾ।
ਇੰਨਾ ਕੌਲ ਪੂਰਾ ਕਰਦੇ ਇਕ ਵਾਰੀ, ਅਗੋਂ ਕਰਾਂਗਾ ਸੋਚ ਵਿਚਾਰ ਰਬਾ।
ਚਾਤ੍ਰਿਕ ਨੀਚ ਨੂੰ ਬਖਸ਼ ਬਲਕਾਰ ਸਾਈਆਂ, ਇਜ਼ਤ ਅਜ ਤੇਰੇ ਅਖਤਿਆਰ ਰਬਾ।

ਦੋਹਰਾ— ਚੁਪ ਚੁਪਾਤੇ ਹੋ ਰਹੇ, ਰਾਧਾ[4] ਕ੍ਰਿਸ਼ਨ ਮੁਰਾਰ।
ਦੋਵੇਂ ਨਜ਼ਰਾਂ ਚਾਰ ਹੋ, ਕਰਨ ਦਿਲਾਂ ਤੇ ਵਾਰ।
ਓੜਕ ਕਰਕੇ ਹੌਸਲਾ, ਸੀਲਵਤੀ[5] ਬੁਧਵਾਨ।
ਦਮਯੰਤੀ ਨੇ ਤੋੜਿਆ, ਲਗਾ ਕੁਫਲ[6] ਜ਼ਬਾਨ।

ਸਵਾਲ ਰਾਜ ਕੁਮਾਰੀ ਦਮਯੰਤੀ

ਦੋਹਰਾ— ਜਾਇ ਬਿਗਾਨੀ ਆ ਗਏ, ਬਿਨਾ ਬੁਲਾਏ ਆਪ।
ਪਰ ਘਰ ਜਾਣਾ ਇਸਤਰ੍ਹਾਂ, ਰਾਜਨੀਤ ਵਿਚ ਪਾਪ।

ਕਬਿਤ— ਕੌਨ ਹੋ ਸੁਜਾਨ, ਕੌਨ ਨਾਮ, ਕੌਨ ਧਾਮ, ਏਥੇ ਆਏ ਕੌਨ ਕਾਮ ? ਕਿਸਦੇ ਮਿਲਾਪ ਨੂੰ ?
ਦਿਸੋ ਚਾਤੁਰ ਦਾਨਾ, ਬੜਾ ਸੋਹਣਾ ਸੁਭਾਅ, ਧਰਮਵਾਨ ਤੇ ਸਫਾ, ਕਿਉਂ ਕਮਾਯਾ ਐਸੇ ਪਾਪ ਨੂੰ ?
ਰਣਵਾਸ[7] ਚਲੇ ਆਏ,ਕਿਸੇ ਸੱਦੇ ਨਾ ਬੁਲਾਏ,ਅਸਾਂ ਪੈਹਰੂਏ ਬਿਠਾਏ ਕਿਸੇ ਠਾਕਯਾ ਨਾ ਆਪ ਨੂੰ ?
ਹੋਇ ਕੇ ਬੇਬਾਕ[8], ਚਲੇ ਆਏ ਏਥੋਂ ਤਾਕ[9], ਸ਼ਾਯਦ ਜਾਣਦੇ ਨਾ ਆਪ ਮੇਰੇ ਬਾਪ ਦੇ ਪ੍ਰਤਾਪ ਨੂੰ।

---

*ਆਪਣੇ ਵਚਨ ਦਾ ਮੁਲ ਨਲ ਨੇ ਕਿੰਨਾ ਪਾਇਆ ਹੈ ਕਿ ਅੰਦਰੋਂ ਡੋਲ ਕੇ ਵੀ ਰੱਬ ਅਗੇ ਅਰਦਾਸ ਕਰ ਰਿਹਾ ਹੈ ਕਿ ਆਪਣੇ ਇਕਰਾਰ ਅਤੇ ਸਚ ਉਤੇ ਕਾਇਮ ਰਹਾਂ। ਉਹ ਸਚੇ ਦਿਲੋਂ ਦੇਵਤਿਆਂ ਲਈ ਪ੍ਰੇਮ ਦਮਯੰਤੀ ਕੋਲੋਂ ਮੰਗ ਰਿਹਾ ਹੈ। ਉਸ ਦੇ ਮਨ ਦੀ ਇਹ ਦੁਵਿਧਾ ਹੀ ਕਹਾਣੀ ਦੇ ਇਸ ਭਾਗ ਦੇ ਸਵਾਦ ਦਾ ਬੜਾ ਵਡਾ ਕਾਰਨ ਹੈ।

1. ਚੜ੍ਹਦੀ ਜਵਾਨੀ ਵਾਲੀ। 2. ਮੋਹ ਲਿਆ। 3. ਜਾਦੂ।
4. ਸ੍ਰੀ ਕ੍ਰਿਸ਼ਨ ਜੀ ਦੀ ਪ੍ਰੇਮਕਾ ਅਤੇ ਪਤਨੀ। ਇਥੇ ਕਵੀ ਨੇ ਦਮਯੰਤੀ ਨੂੰ ਰਾਧਕਾ ਤੇ ਨਲ ਨੂੰ ਸ੍ਰੀ ਕ੍ਰਿਸ਼ਨ ਮੁਰਾਰੀ ਨਾਲ ਮਿਲਾਇਆ ਹੈ। 5. ਚੰਗੇ ਸੁਭਾਅ ਵਾਲੀ। 6. ਜਿੰਦਰਾ। 7. ਘਰ। 8. ਸੁਤੰਤਰ। 9. ਤੀਕ।

ਜਵਾਬ ਰਾਜਾ ਨਲ

ਦੋਹਰਾ— ਦੂਤ ਸਦਾ ਆਜ਼ਾਦ ਹਨ, ਕਿਉਂ ਘਬਰਾਏ ਆਪ ?
ਰਾਜਨੀਤ ਨਹੀਂ ਰੋਕਦੀ, ਦੂਤਾਂ ਨਾਲ ਮਿਲਾਪ।
ਕਬਿਤ—ਨਲ ਮੇਰਾ ਨਾਮ, ਨਿਖਧ ਦੇਸ ਹੈ ਮੁਕਾਮ,
ਮੇਰਾ ਆਪ ਨਲ ਕਾਮ, ਲੈ ਕੇ ਆਯਾ ਪੈਗਾਮ ਮੈਂ।
ਇੰਦ੍ਰ, ਯਮਰਾਜ, ਵਰਨ, ਅਗਨੀ ਮਹਾਰਾਜ,
ਚਾਰੋਂ ਦਿਉਤਿਆਂ ਦੇ ਕਾਜ ਚਲ ਆਯਾ ਥਾਰੇ[1] ਧਾਮ ਮੈਂ।
ਉਨ੍ਹਾਂ ਦੇ ਪ੍ਰਤਾਪ ਕੋਈ ਸੱਕਿਆ ਨਾ ਠਾਕ।
ਹੋਯਾ ਆਪਦਾ ਮਿਲਾਪ ਬੂਹੇ ਲੰਘਿਆ ਤਮਾਮ ਮੈਂ।
ਚਾਤ੍ਰਿਕ ਸੁਨੇਹਾ, ਉਨ੍ਹਾਂ ਦੇਨ ਲਈ ਕਿਹਾ,
ਤਾਂਹੀ ਹੌਸਲਾ ਏਹ ਪਿਆ, ਅਜੇਹਾ ਕੀਤਾ ਕਾਮ ਮੈਂ।

ਸਵਾਲ ਰਾਜ ਕੁਮਾਰ ਦਮਯੰਤੀ

ਦੋਹਰਾ—ਖਿੜੀਆਂ ਕਲੀਆਂ ਮੀਟੀਆਂ, ਪਾ ਕੇ ਠੰਢੀ ਵਾ।
ਗਦ ਗਦ ਹੋਈ ਨਾਮ ਸੁਣ, ਜਲਦੀ ਲਿਆ ਬਿਠਾ।
ਰਬਾ ਤੇਰਾ ਸ਼ੁਕਰ ਹੈ, ਰੱਖੀ ਮੇਰੀ ਲਾਜ।
ਮੰਗੀ ਮਿਲੀ ਮੁਰਾਦ ਅਜ, ਘਰ ਆਏ ਸਿਰ ਤਾਜ।
ਕਬਿਤ—ਧੰਨ ਮੇਰੇ ਭਾਗ, ਕੀਤੀ ਦਯਾ ਮਹਾਰਾਜ,
ਘਰ ਕੀੜੀਆਂ ਦੇ ਆਜ ਆਏ ਚਲ ਕੇ ਨਰੈਨ ਜੀ।
ਦਾਸੀ ਅਨਜਾਣ ਕੀਤਾ ਆਪ ਦਾ ਨਾ ਮਾਨ,
ਜਾਨ ਮੂਰਖ ਨਦਾਨ[2] ਮੇਰੇ ਭੁਲ ਜਾਣੇ ਬੈਨ ਜੀ।
ਪਾਇ ਕੇ ਦਰਸ ਮੈਂ ਸਰਸ[3] ਹੋਈ ਆਪ ਸੰਦਾ,
ਚੰਦ ਵੇਖ ਪੁੰਨਿਆਂ ਦਾ ਸੀਤ[4] ਹੋਏ ਨੈਨ ਜੀ।
ਚਿਰਾਂ ਦੀ ਉਡੀਕ ਪਿਛੋਂ ਕੀਤਾ ਜੇ ਨਿਹਾਲ ਅਜ,
ਚਾਤ੍ਰਿਕ ਦਸੋ ਹੁਣ ਦੇਉਤੇ ਕੀ ਕਹਿਣ ਜੀ।

ਬਚਨ ਰਾਜਾ ਨਲ

ਦੋਹਰਾ— ਇੰਦਰ ਦੇਵ, ਯਮਰਾਜ ਜੀ, ਵਰਨ ਅਗਨ ਮਹਾਰਾਜ।
ਦੇਇ ਸੁਨੇਹਾ ਘੱਲਿਆ, ਵਿਆਹ ਕਰਾਵਨ ਕਾਜ।
ਕਬਿਤ— ਆਖਦੇ ਨੇ ਚਾਰੇ, ਅਸੀਂ ਸੋਹਣੇ ਹਾਂ ਸਾਰੇ,
ਕੋਈ ਕਮੀ ਨਾ ਭੰਡਾਰੇ, ਤ੍ਰਿਲੋਕੀ ਸਾਨੂੰ ਜਾਣਦੀ।

---

1. ਤੁਹਾਡੇ, 'ਤੁਹਾਰੇ' ਦਾ ਹੀ ਪੂਰਬੀ ਉਪਭਾਸ਼ਾਈ ਰੂਪ ਹੈ। 2. ਅਣਜਾਣ। 3. ਰਸ ਵਾਲੀ। 4. ਠੰਡੇ।

ਸੂਰਗਾਂ ਵਿਚ ਵਸਨੇ ਹਾਂ ਮੌਜ ਤੇ ਬਹਾਰ ਨਾਲ,
ਨਹੀਂ ਪ੍ਰਵਾਹ ਕੋਈ ਖਾਨ ਤੇ ਹੰਡਾਨ ਦੀ।
ਮਾਤ ਤੇ ਪਤਾਲ ਲੋਕ ਓਸ ਅਗੇ ਚੀਜ਼ ਨਹੀਂ,
ਰੁਲਦੀ ਏ ਸਾਡੇ ਅਗੇ ਸੰਪਦਾ ਜਹਾਨ ਦੀ।
ਚੌਹਾਂ ਵਿਚੋਂ ਵਰ ਲੈ ਤੂੰ ਇਕ ਪਤੀ ਕਰ ਲੈ ਤੂੰ,
ਜੀਊਂਦੀ ਜਿੰਦ ਤਰ, ਕਰ ਸੰਗਤ ਸੁਜਾਨ ਦੀ।

ਉਤਰ ਰਾਜ ਕੁਮਾਰੀ ਦਮਯੰਤੀ

ਦੋਹਰਾ— ਜੋ ਪ੍ਰਤਿਗਯਾ ਕਰ ਚੁਕੀ, ਮੈਂ ਨਾ ਫਿਰਾਂ ਕਦੰਤ।
ਨਲ ਰਾਜੇ ਦੀ ਨਾਰ ਮੈਂ, ਉਹ ਹੈ ਮੇਰਾ ਕੰਤ।
ਕਬਿਤ— ਸੁਣੋ ਸਰਕਾਰ, ਮੈਂ ਤਾਂ ਆਪਦੀ ਹਾਂ ਨਾਰ,
ਆਪ ਮੁਝ ਦੇ ਭਤਾਰ ਪਤੀ ਆਪ ਨੂੰ ਹੀ ਕਰਾਂਗੀ।
ਪਾਤੀ[1] ਜਦੋਂ ਆਈ ਮੈਂ ਤਾਂ ਤਦੋਂ ਦੀ ਠੈਹਰਾਈ ਗੱਲ,
ਵਰਾਂਗੀ ਤਾਂ ਵਰਾਂਗੀ ਮੈਂ ਆਪ ਨੂੰ ਹੀ ਵਰਾਂਗੀ।
ਆਪ ਨੂੰ ਨਾ ਵਰਾਂਗੀ ਤਾਂ ਚਿਖਾ ਬਾਲ ਸੜਾਂਗੀ,
ਜਾਂ ਜ਼ਹਿਰ ਘੁਟ ਭਰਾਂਗੀ, ਜਾਂ ਛਾਲ ਮਾਰ ਮਰਾਂਗੀ।
ਕਿਤੇ ਚੱਲ ਪੁਛ ਲਓ ਮੈਂ ਏਹੋ ਹਾਮੀ ਭਰਾਂਗੀ,
ਜੇ ਬ੍ਰਹਮਾ ਚਲ ਆਵੇ ਦਮ ਹੋਰ ਦਾ ਨਾ ਭਰਾਂਗੀ*।

ਬਚਨ ਰਾਜਾ ਨਲ

ਦੋਹਰਾ— ਲਾਭ ਹਾਨ ਸਭ ਸੋਚ ਕੇ, ਕੰਮ ਕਰੇ ਸੰਸਾਰ।
ਹਰ ਕੋਈ ਤੋੜੇ ਫੂਲ ਨੂੰ, ਪਰੇ ਹਟਾ ਕੇ ਖਾਰ[2]।
ਕਬਿਤ— ਪ੍ਰੀਤ ਦੀ ਜੇ ਮੇਰੇ ਨਾਲ ਕੀਤੀ ਪ੍ਰਤਿਗਯਾ ਸੀ,
ਦਸ ਫੇਰ ਸੁੰਦਰੀ, ਸਵਯੰਬਰ ਰਚਾਯਾ ਕਿਉਂ ?
ਘਲ ਘਲ ਚਿੱਠੀਆਂ ਚਪੱਠੀਆਂ ਇਕੱਠੀਆਂ ਏਹ,
ਰਾਜਿਆਂ ਦੀ ਮੰਡਲੀ ਨੂੰ ਕੱਠਿਆਂ ਕਰਾਯਾ ਕਿਉਂ ?
ਪਾਵਨੀ ਸੀ ਦੇਸ ਦੇਸ ਵਿਚ ਤ੍ਰਥੱਲ ਕਾਹਨੂੰ,
ਨਿਰਾ ਇਕ ਨਲ ਦੂਤ ਘੱਲ ਨਾ ਸਦਾਯਾ ਕਿਉਂ ?
ਅੱਖੀਂ ਜਿਥੋਂ ਲਗੀਆਂ ਓਥੇ ਹੀ ਗਈਆਂ ਠੱਗੀਆਂ,
ਏਹ ਕੱਚੀਆਂ ਪ੍ਰੀਤਾਂ ਦੱਸ, ਸਾਨੂੰ ਭਰਮਾਯਾ ਕਿਉਂ ?

*ਦਮਯੰਤੀ ਦਾ ਸੱਚਾ ਪ੍ਰੇਮ ਦਸਣ ਲਈ ਉਸ ਦੇ ਸ਼ਬਦਾਂ ਵਿਚ ਬੜੀ ਸ਼ਕਤੀ ਅਤੇ ਦ੍ਰਿੜ੍ਹਤਾ ਭਰੀ ਹੈ।
1. ਚਿਠੀ। 2. ਕੰਡਾ।

ਉਤਰ ਰਾਜ ਕੁਮਾਰੀ ਦਮਯੰਤੀ

ਦੋਹਰਾ— ਬਾਪ ਅਡੰਬਰ ਅੱਡਿਆ, ਮੇਰਾ ਕੁਝ ਨਾ ਵੱਸ।
ਮੈਂ ਤਾਂ ਦਾਸੀ ਹੋ ਰਹੀ ਸੁਣ ਹੰਸਾਂ ਤੋਂ ਜੱਸ।
ਕਬਿਤ— ਧੁਰੋਂ ਦੀਆਂ ਵੱਗੀਆਂ ਏਹ ਅਜ ਨਹੀਂ ਲੱਗੀਆਂ,
ਤੇ ਰੂਪ ਵੇਖ ਠੱਗੀਆਂ ਨਾ ਗੁੱਸਾ ਫੁਰਮਾਈਏ।
ਸੇਵਕ ਮੈਂ ਆਪਦੀ, ਨਾ ਗਲ ਆਖਾਂ ਪਾਪ ਦੀ,
ਸਲਾਹ ਸੀ ਏਹ ਬਾਪ ਦੀ, ਸਵਯੰਬਰ ਰਚਾਈਏ।
ਥਾਰੀ ਟੈਹਲ ਵਾਰੀ ਹੇ ਮੁਰਾਰੀ ਗਿਰਧਾਰੀ,
ਪੈਜ ਰਖ ਕੇ ਹਮਾਰੀ ਨਾ ਝਿੜਕ ਕੇ ਬਿਠਾਈਏ।
ਸਵਯੰਬਰ ਮੈਂ ਸਾੜਨਾ ਨਾ, ਹੋਰਨਾਂ ਨੂੰ ਤਾੜਨਾ ਨਾ,
ਹੁਣ ਕਰੋ ਆਗਿਆ ਤਾ ਸਭ ਨੂੰ ਮੁੜਾਈਏ।

ਬਚਨ ਰਾਜਾ ਨਲ

ਦੋਹਰਾ— ਜਮਣ ਮਰਨੋਂ ਰਹਿਤ ਜੋ, ਤੀਨੋਂ ਗੁਣੀ[1] ਅਤੀਤ।
ਜੈਸੇ ਦਿਉਤੇ ਛੋੜ ਕੇ ਮਰਦਾਂ ਕਰੇਂ ਪਰੀਤ ?
ਕਬਿਤ— ਸੋਚ ਕਰ ਸੋਚ ਐਸੇ ਦੇਵਤੇ ਤਿਆਗ ਕੇ ਤੇ,
ਆਦਮੀ ਦੀ ਜੂਨ ਰਾਜੇ ਨਲ ਉਤੇ ਮਰੇਂ ਤੂੰ।
ਇੰਦ, ਧਰਮਿੰਦ ਸਾਰੇ ਦਿਉਤਿਆਂ ਦਾ ਮਾਲਕ ਓਹ,
ਸੁੰਦਰ ਅਨੂਪ ਮਨਜ਼ੂਰ ਕਿਉਂ ਨਾ ਕਰੇਂ ਤੂੰ।
ਆਦਲ ਧਰਮ ਰਾਜ, ਅਤ ਦਾ ਸ਼ਹਾਈ ਜੇਹੜਾ,
ਓਸਦੀ ਸ਼ਰਨ ਪੈਣ ਲੱਗੀ ਕਾਹਨੂੰ ਡਰੇਂ ਤੂੰ।
ਅਗਨੀ ਪ੍ਰਚੰਡ ਪ੍ਰਤਾਪਵਾਨ ਜਗ ਵਿਚ,
ਆਸਰਾ ਅਧਾਰ ਜੋ ਵਰਨ, ਕਿਉਂ ਨਾ ਵਰ੍ਹੇਂ ਤੂੰ ?

ਉਤਰ ਰਾਜ ਕੁਮਾਰੀ ਦਮਯੰਤੀ

ਦੋਹਰਾ— ਜੀਵਣ ਜਾਗਣ ਦੇਵਤੇ, ਸਾਈਂ ਲਾਵੇ ਭਾਗ।
ਮੈਂ ਪ੍ਰਤਿਗਯਾ ਕਰ ਚੁਕੀ, ਮੇਰੇ ਤੁਸੀਂ ਸੁਹਾਗ।
ਕਬਿਤ—ਜਮ ਜਮ ਹੋਣ ਪ੍ਰਤਾਪਵਾਨ ਦੇਵਤੇ ਓਹ, ਮੇਰੀ ਨਮਸਕਾਰ ਉਨ੍ਹਾਂ ਅਗੇ ਬਾਰ ਬਾਰ ਹੈ।
ਪੂਜਣੇ ਦੇ ਥਾਉਂ ਮੇਰੇ ਪੂਜਦੀ ਹਾਂ ਲਖ ਵੇਰ, ਸੀਸ ਨੂੰ ਨਿਵਾਇ ਮੇਰੀ ਬੰਦਨਾ ਹਜ਼ਾਰ ਹੈ।

---

1. ਤਿੰਨ ਗੁਣਾਂ ਤੋਂ (ਰਜੋ, ਤਮੋ, ਸਤੋ) ਜੋ ਮਨੁਖ ਦੇ ਤਿੰਨ ਸੁਭਾਅ ਕਹੇ ਜਾ ਸਕਦੇ ਹਨ, ਖੁਸ਼ੀ, ਗੁੱਸਾ ਤੇ ਸ਼ਾਂਤੀ।

ਪਤੀ ਪਰਮੇਸ਼ਰ ਮੈਂ ਜਾਣ ਚੁਕੀ ਆਪ ਤਾਂਈ, ਬਾਪ ਤੇ ਭਰਾਉ ਹੋਰ ਸਾਰਾ ਸੰਸਾਰ ਹੈ।
ਏਧਰ ਦਾ ਓਧਰੋਂ ਜੇ ਦਿਨ ਚੜ੍ਹੇ ਪਿਆ ਚੜ੍ਹੇ, 'ਐਪਰ ਨਾ ਫਿਰੇਗਾ ਜੋ ਮੇਰਾ ਇਕਰਾਰ ਹੈ।'

ਬਚਨ ਰਾਜ ਨਲ

ਦੋਹਰਾ—ਸੋਚ ਕਰੇ ਸੋ ਸੁਘੜ ਹੈ, ਕਰ ਸੋਚੇ[1] ਨਾਦਾਨ।
ਸੋਚ ਕਰੇ ਤਾਂ ਲਾਭ ਹੈ, ਕਰ ਸੋਚੇ ਨੁਕਸਾਨ।
ਕਬਿਤ—ਸੋਚ ਫੇਰ ਸੋਚ ਇਕ ਵਾਰ ਫੇਰ ਸੋਚ ਵੇਖ, ਕੇਹੜੇ ਨੀਚ ਆਦਮੀ ਤੇ ਖੁਸ਼ੀ ਹੋ ਕੇ ਫੁਲਦੀ ?
ਹਠ ਥਾਂਈ ਪਿੱਟ ਨਾਂਹੀ ਗੱਲ ਮੇਰੀ ਸਿੱਟ ਨਾਹੀ, ਸਚ ਮੁਚ ਸੁੰਦਰੀ ਤੂੰ ਏਸ ਗਲੇ ਭੁੱਲਦੀ।
ਦੇਵਤੇ ਅਕਾਸ਼ ਵਾਸੀ, ਕੌਣ ਭਲਾ ਛਡਦਾ ਏ, ਮੂਰਖ ਤਰੀਮਤ ਤੂੰ ਆਦਮੀ ਤੇ ਡੁਲ੍ਹਦੀ।
ਪਿਛੋਂ ਪਛਤਾਏਂਗੀ ਜਾਂ ਵਕਤ ਵਿਹਾਏਂਗੀ ਤਾਂ ਰੋਵੇਂ ਕੁਰਲਾਏਂਗੀ ਤੂੰ ਮੇਰੇ ਨਾਲ ਰੁਲਦੀ।

ਉਤਰ ਰਾਜ ਕੁਮਾਰੀ ਦਮਯੰਤੀ

ਦੋਹਰਾ—ਆਪੇ ਬੂਟਾ ਪ੍ਰੇਮ ਦਾ, ਲਾ ਕੇ ਦਿਲ ਦੇ ਵਿਚ।
ਮਨ ਮੇਰੇ ਨੂੰ ਹਰ ਲਿਆ, ਹੁਣ ਕਿਉਂ ਕਰਦੇ ਖਿੱਚ ?
ਕਬਿਤ—ਦਾਸੀ ਦੇ ਸੁਆਮੀ ਮੈਥੋਂ ਹੋਈ ਕੀ ਖੁਨਾਮੀ,
ਤੁਸੀਂ ਛਿਣਕ ਛਿਣਕ ਮੈਥੋਂ ਪੱਲੜਾ ਛੁਡਾਉਂਦੇ।
ਤੁਸਾਂ ਨੇ ਹੀ ਪਾਤੀ ਤੇ ਸੁਨੇਹਾ ਨਹੀਂ ਘਲਿਆ ਸੀ ?
ਅਜ ਮੁਖ ਮੋੜ ਕਾਹਨੂੰ ਦੇਵਤੇ ਸਲਾਹੁੰਦੇ ?
ਜੇ ਮੈਂ ਬੁਧ ਹੀਨ, ਕੁਲ ਹੀਨ, ਰੂਪ ਹੀਨ ਸਵਾਮੀ,
ਢੱਕ ਲਓ ਨਾਥ ਕਾਹਨੂੰ ਪ੍ਰੀਤ ਤੋਂ ਹਟਾਉਂਦੇ ?
ਟਹਿਲ ਕਮਾਵਾਂਗੀ ਮੈਂ ਗੋਲੜੀ ਸਦਾਵਾਂਗੀ ਤੇ
ਗੀਤ ਸਦਾ ਗਾਵਾਂਗੀ ਸਵਾਮੀ ਥਾਰੇ ਨਾਉਂ ਦੇ।

ਬਚਨ ਰਾਜਾ ਨਲ

ਦੋਹਰਾ—ਮੈਂ ਇਸ ਕਾਰਨ ਸੁੰਦਰੀ, ਮੁੜ ਮੁੜ ਕਰਨਾ ਮੋੜ।
ਜੈਸੀ ਤੂੰ ਹੈਂ ਸੁੰਦਰੀ, ਤੈਸਾ ਚਾਹੀਏ ਜੋੜ।
ਕਬਿਤ—ਏਹੋ ਜਿਹੀ ਸੁੰਦਰੀ ਸੁਸ਼ੀਲ ਬੁਧਵਾਨ ਨਾਰ,
ਕੇਹੜਾ ਹੈ ਚਕੋਰ ਜਿਹਨੂੰ ਦਿਸਦੀ ਨ ਚੰਦ ਤੂੰ ?
ਐਪਰ ਮੈਂ ਫੇਰ ਏਹੋ ਦੇਵਨਾ ਸਲਾਹ,
ਕਿਸੇ ਦੇਵਤੇ ਨੂੰ ਵਰ ਬੜੀ ਰਹੇਂਗੀ ਅਨੰਦ ਤੂੰ ?
ਅਗਨੀ ਹੈ, ਇੰਦਰ ਹੈ, ਯਮ ਹੈ, ਵਰਨ ਦੇਵ,
ਦੇਵਤੇ ਦੇ ਸੰਗ ਪਾਸੇਂ[2] ਮਰਤਬਾ[3] ਬੁਲੰਦ[4] ਤੂੰ।

---

1. ਕਰ ਕੇ ਸੋਚੋ। 2. ਪਾਏਂਗੀ। 3. ਪਦਵੀ। 4. ਉਚੀ।

ਕਿਥੇ ਓਹ ਸੁਰੇਸ਼[1] ਕਿਥੇ ਨੀਚ ਮੈਂ ਨਰੇਸ਼[2],
ਕਾਹਨੂੰ ਊਚ ਤਾਈਂ ਛੱਡ ਕਰੇਂ ਨੀਚ ਨੂੰ ਪਸੰਦ ਤੂੰ ?

ਉਤਰ ਰਾਜ ਕੁਮਾਰੀ ਦਮਯੰਤੀ

ਦੋਹਰਾ— ਮੈਂ ਅਬਲਾ ਥੁੜ-ਹੌਂਸਲੀ, ਕਰੋ ਨਾ ਬਹੁਤ ਹਰਾਨ।
ਬਹੁਤੇ ਕਰੜੇ ਬੋਲ ਸੁਣ, ਨਿਕਲ ਜਾਣਗੇ ਪ੍ਰਾਨ।
ਕਬਿਤ— ਪੀਆ ਆਖ ਇਕ ਨੂੰ ਮੈਂ ਚੁਕੀਆਂ ਹਜ਼ਾਰਵਾਰ,
ਦੂਸਰੇ ਨੂੰ ਪੀਆ ਆਖਾਂ ਕੇਹੜੇ ਨਾਲ ਨੱਕ ਦੇ ?
ਤੁਸਾਂ ਸਗੋਂ ਧਰਮ ਦਾ ਸਹਾਈ ਮੇਰਾ ਹੋਵਣਾ ਸੀ,
ਤੁਸੀਂ ਸੋਈ ਮੈਨੂੰ ਧਰਮ ਪਾਲਣੇ ਤੋਂ ਡੱਕਦੇ।
ਧੱਕਦੇ ਹੋ ਬੂਹੇ ਉਤੋਂ ਨਾਥ ਮੈਂ ਅਨਾਥਣੀ ਨੂੰ,
ਮਾਰ ਕੇ ਧਿਆਨ ਮੇਰਾ ਪ੍ਰੇਮ ਨਹੀਂ ਤੱਕਦੇ।
ਝਕਦੇ ਨਾ ਪਤੀ ਦੂਜਾ ਦਸਣੇ ਤੋਂ ਚਾਤ੍ਰਿਕ,
ਦੋਸ਼ ਨਾ ਲਗਾਓ ਮੇਰੇ ਸਤ ਨੂੰ ਨਾਹੱਕ[3] ਦੇ।

ਬਚਨ ਰਾਜਾ ਨਲ

ਦੋਹਰਾ— ਜੋ ਕੁਝ ਉਹਨਾਂ ਆਖਿਆ, ਆਖਾਂ ਓਹ ਜ਼ਰੂਰ।
ਅਗੇ ਤੇਰੀ ਇਛਿਆ, ਜੋ ਤੈਨੂੰ ਮਨਜ਼ੂਰ।
ਕਬਿਤ— ਪਾਲਣਾ ਧਰਮ ਮੈਨੂੰ ਲਾਜ਼ਮੀ ਹੈ ਦੂਤ ਵਾਲਾ,
ਆਯਾ ਹਾਂ ਮੈਂ ਬਣਕੇ ਤੇ ਦਿਉਤਿਆਂ ਦਾ ਦੂਤ ਨੀ।
ਮੰਨ ਲਵਾਂ ਗੱਲ ਤੇਰੀ ਏਸ ਵੇਲੇ ਸੁੰਦਰੀ ਜੇ,
ਵੱਟਾ ਲਗੇ ਸਤਿਆ ਨੂੰ ਮੰਦੀ ਕਰਤੂਤ ਨੀ।
ਹਾਰ ਕੇ ਧਰਮ ਨੂੰ, ਜੇ ਕਰਾਂ ਏਸ ਕੰਮ ਨੂੰ,
ਤਾਂ ਰਲਕੇ ਤੇ ਦੇਵਤੇ ਲਗਾਣ ਮੈਨੂੰ ਜੂਤ ਨੀ।
ਓਹ ਗਲ ਕਰ ਜੀਕੂੰ ਵਸ ਪੈਣ ਦੋਵੇਂ ਘਰ,
ਸੱਪ ਜਾਵੇ ਮਰ ਰਹੇ ਡਾਂਗ ਭੀ ਸਬੂਤ ਨੀ।

ਉਤਰ ਰਾਜ ਕੁਮਾਰੀ ਦਮਯੰਤੀ

ਦੋਹਰਾ— ਦੂਤ ਧਰਮ ਪਾਲੋ ਪੀਆ, ਦਿਓ ਸੁਨੇਹਾ ਜਾਇ।
ਬੀਚ ਸਵਯੰਬਰ ਵਰਾਂਗੀ, ਸਭ ਨੂੰ ਵੇਖ ਵਿਖਾਇ।
ਕਬਿਤ— ਆਪ ਦੇ ਧਰਮ ਵਿਚ ਬਾਧਕ ਨਾ ਹੋਂਵਦੀ ਮੈਂ,
ਜੇਹੜੀ ਬਿਧ[4] ਆਗਯਾ ਹੈ ਸੋਈ ਬਿਧ ਕਰਾਂਗੀ।

---

1. ਦੇਵਤਿਆਂ ਦਾ ਰਾਜਾ। 2. ਮਨੁਖਾਂ ਦਾ ਰਾਜਾ। 3. ਐਵੇਂ। 4. ਤਰੀਕਾ।

ਵਿਚ ਰਾਜ ਸ਼ਾਲ ਸਭ ਸਖੀਆਂ ਦੇ ਨਾਲ ਆਨ,
ਸਭ ਨੂੰ ਵਿਖਾਲ ਪਾ ਕੇ ਫੂਲ-ਮਾਲ ਵਰਾਂਗੀ।
ਵੱਟਾ ਲੱਗੇ ਆਪ ਨੂੰ ਕਮਾਂਵਦੀ ਨਾ ਪਾਪ ਨੂੰ,
ਮੈਂ ਬੋਲ ਕੇ ਮੈਦਾਨ ਵਿਚ ਵਰਾਂਗੀ ਨਾ ਡਰਾਂਗੀ।
ਚਾਤ੍ਰਿਕ ਦੀਨ, ਤੁਸੀਂ ਸਾਗਰ ਮੈਂ ਮੀਨ,
ਸਦਾ ਆਪ ਦੇ ਅਧੀਨ ਪੈਰੀਂ ਲੱਗ ਕੇ ਤੇ ਠਰਾਂਗੀ।

ਰਾਜਾ ਨਲ ਦਾ ਦੇਵਤਿਆਂ ਦੇ ਪਾਸ ਵਾਪਸ ਆਉਣਾ

ਦੋਹਰਾ— ਚਕਵੀ ਚਕਵਾ ਵਿਛੁੜੇ, ਅੱਖੀਂ ਪਿਆ ਅੰਧੇਰ।
ਦਿਲ ਵਿਚ ਸਿੱਕਾਂ ਸਿੱਕਦੇ, ਹੋਵੇ ਕਦੋਂ ਸਵੇਰ।
ਕਬਿਤ— ਓਹਨੂੰ ਲੁਛਦੀ ਨੂੰ ਛੋੜ, ਵਲ ਦਿਉਤਿਆਂ ਦੇ ਆਇਆ।
ਹਾਲ ਅਹਿਵਾਲ ਸਾਰਾ ਵੇਰਵੇ ਦੇ ਨਾਲ ਸਭ
ਪਾਤ ਪਾਤ ਡਾਲ ਡਾਲ ਖੋਲ ਕੇ ਸੁਨਾਇਆ।
ਆਖਿਆ ਮੈਂ ਢੇਰ ਓਹਨੂੰ ਲਗ ਲਖ ਵੇਰ
ਮੇਰੀ ਮੰਨਦੀ ਨਾ ਗਲ ਹੋਰ ਫੇਰ ਕੇ ਮਨਾਇਆ।
ਸਵਯੰਬਰ ਦੇ ਵਿਚ ਕਲ ਵਰਾਂਗੀ ਮੈਂ ਵੇਖ ਕੇ ਤੇ,
ਚਾਤ੍ਰਿਕ ਸੁਨੇਹੇ ਦਾ ਜਵਾਬ ਏਹ ਸੁਨਾਇਆ।
ਕਬਿਤ— ਸੁਣ ਕੇ ਤੇ ਗਲ ਰਾਜੇ ਨਲ ਪਾਸੋਂ ਦੇਵਤਿਆਂ ਨੇ।
ਰੰਜ ਡਾਢਾ ਜੀਉ ਵਿਚ ਆਪਣੇ ਮਨਾਇਆ।
ਵਿਦਾ ਕਰ ਨਲ ਨੂੰ ਉਦਾਸ ਦਿਲ ਨਾਲ,
ਆਪ ਇਕ ਜਗ੍ਹਾ ਆਨ ਕੇ ਤੇ ਆਸਣ ਜਮਾਇਆ।
ਹੱਛਾ ਜੇਹੜੀ ਹੋਵੇਗੀ, ਸਵੇਰ ਵੇਲੇ ਵੇਖੀ ਜਾਸੀ,
ਫੈਸਲਾ ਸਵਯੰਬਰ ਦੇ ਸਮੇਂ ਉਤੇ ਪਾਇਆ।
ਗਮਾਂ ਵਿਚ ਸੁਤਿਆਂ ਨੂੰ, ਨੀਂਦ ਕਿਥੋਂ ਪਵੇ ਚਾਤ੍ਰਿਕ,
ਮਾਰ ਪਸਲੇਟੇ[1] ਮਸਾਂ ਰਾਤ ਨੂੰ ਲੰਘਾਇਆ।

ਚੌਥਾ ਖੰਡ : ਸਵਯੰਬਰ ਮੰਡਲ

*ਸੋਰਠਾ— ਇੰਦ੍ਰ ਅਖਾੜਾ ਰੂਪ, ਬਨਾ ਅਖਾੜਾ ਭੀਮ ਕਾ।
ਸਜੇ ਜਹਾਂ ਸਭ ਭੂਪ, ਅਪਨੇ ਆਪਨੇ ਮਾਨ ਵਿਚ।
ਆਸ ਉਮੈਦਾਂ ਧਾਰ, ਪਰਮੇਸ਼ਰ ਨੂੰ ਸੇਂਵਦੇ।
ਦੀਨ ਦਿਆਲ ਮੁਹਾਰ, ਆਪ ਸਹਾਈ ਹੂਜੀਏ[2]।

---

1. ਆਮ ਭਾਸ਼ਾ ਵਿਚ ਅਸੀਂ ਪਲਸੇਟੇ ਆਖਦੇ ਹਾਂ, ਪਰ ਠੀਕ ਸ਼ਬਦ ਪਸਲੇਟੇ ਹੀ ਹੈ ਕਿਉਂਕਿ ਪਸਲੀਆਂ ਤੋਂ ਬਣਿਆ ਹੈ। 2. ਹੋਈਏ।

* ਦੋਹਰੇ ਦੇ ਪਿਛਲੇ ਭਾਗ ਨੂੰ ਪਹਿਲਾਂ ਤੇ ਪਹਿਲੇ ਨੂੰ ਪਿਛੇ ਰਖਣ ਨਾਲ ਸੋਰਠਾ ਛੰਦ ਬਣ ਜਾਂਦਾ ਹੈ। ਇਸ ਲਈ ਇਸ ਦਾ ਅਨੁਪ੍ਰਾਸ ਵਿਚਕਾਰ ਹੁੰਦਾ ਹੈ ਨਾ ਕਿ ਅੰਤ ਵਿਚ।

ਬਣਿਆ ਮੰਡਲ ਅਖੰਡ ਵਰਭੰਡਲ[1] ਸੋਣਾ, ਤਾਰਾ ਮੰਡਲ ਦੇ ਵਾਂਗ ਸ਼ਿੰਗਾਰਿਆ ਏ।
ਜਾਕੇ ਇੰਦ੍ਰ ਅਖਾੜੇ ਦੀ ਦੇਖ ਰਚਨਾ, ਕਾਰੀਗਰਾਂ ਨੇ ਸਾਂਗ ਉਤਾਰਿਆ ਏ।
ਚੰਦਨ ਚੌਕੀਆਂ ਰਤਨ ਜਵਾਹਰ ਜੜੀਆਂ, ਗਿਰਦਾ ਗਿਰਦ ਲਾਂ ਖੂਬ ਸਵਾਰਿਆ ਏ।
ਵਿਚ ਹੌਜ਼ ਗੁਲਦਸਤਿਆਂ ਢਕਿਆ ਏ, ਤੇ ਫੁਹਾਰਿਆਂ ਨਾਲ ਛਿਟਕਾਰਿਆ ਏ।
ਜਿਮੀ ਸੰਗ ਮਰਮਰ ਨਾਲ ਜੜਿਤ ਕਰਕੇ, ਉਪਰ ਮਖਮਲੀ ਫਰਸ਼ ਖਿਲਾਰਿਆ ਏ।
ਉਪਰ ਤਣੀ ਕਨਾਤ ਬਨਾਤ[2] ਸੰਦੀ, ਜਿਉਂ ਅਕਾਸ਼ ਬਿਨ ਥੰਮ ਖੁਲਿਹਾਰਿਆ ਏ।
ਗਿਰਦਾ ਗਿਰਦ ਦੀਵਾਰ ਝਲਕਾਰ ਦੇਵੇ, ਜਿਵੇਂ ਕਨਕ[3] ਦਾ ਕੋਟ ਉਸਾਰਿਆ ਏ।
ਚਾਤ੍ਰਿਕ ਸਿਫਤ ਦਰਬਾਰ ਦੀ ਕਰਨ ਔਖੀ, ਇੰਦ੍ਰਜੀਤ ਭੀ ਦੇਖ ਬਲਿਹਾਰਿਆ ਏ।
ਮੁਲਕ ਮੁਲਕ ਦੇ ਸ਼ਾਹ ਸ਼ਾਹਜ਼ਾਦ ਸਾਰੇ, ਬੈਠੇ ਆਨ ਕੇ ਓਸ ਦੀਵਾਨ ਦੇ ਵਿਚ।
ਇਕ ਦੂੰ ਇਕ ਚੜ੍ਹੇਂਦੜੀ ਸ਼ਾਨ ਵਾਲਾ, ਮਾਨ ਤਾਨ ਵਾਲਾ ਆਨ ਬਾਨ ਦੇ ਵਿਚ।
ਸੁੰਦਰ ਸੋਹਣੇ ਬਾਂਕੜੇ ਛੈਲ ਨੱਢੇ, ਮੱਸ੍ਰ ਭਿੰਨੜੇ ਉਮਰ ਜਵਾਨ ਦੇ ਵਿਚ।
ਬਲੀ ਸੂਰਮੇ ਮਨਚਲੇ ਜੋਸ਼ ਵਾਲੇ ਜੋਧੇ ਮਰਨ ਮਾਰਨ ਨੂੰ ਮੈਦਾਨ ਦੇ ਵਿਚ।
ਜ਼ੇਵਰ ਨਾਲ ਭਰਪੂਰ ਸਰੀਰ ਸਾਰੇ, ਕੋਈ ਘਟ ਨਾ ਆਪਣੀ ਸ਼ਾਨ ਦੇ ਵਿਚ।
ਏਹੋ ਜਾਪਦਾ ਧਰੀ ਲਿਆ ਏਥੇ, ਜਿੰਨੀ ਮਾਲ ਦੌਲਤ ਦੋ ਜਹਾਨ ਦੇ ਵਿਚ।
ਜਿੰਨਾ ਸਾਜ ਸਾਮਾਨ ਸਜਾਵਟਾਂ ਦਾ, ਸਾਰਾ ਦਿਸਦਾ ਏਸ ਅਸਮਾਨ ਦੇ ਵਿਚ।
ਚਾਤ੍ਰਿਕ ਚਮਕ ਤੇ ਦਮਕ ਦਿਖਾਨ ਐਸੀ, ਤਾਰੇ ਚਮਕਦੇ ਜਿਉਂ ਅਸਮਾਨ ਦੇ ਵਿਚ।
ਚੜ੍ਹੇ ਰੂਪ ਅਨੂਪ ਸਭ ਭੂਪ ਬੈਠੇ, ਸੋਹਣੇ ਸੂਰਮੇ ਜ਼ੋਰ ਬਲਕਾਰ ਵਾਲੇ।
ਸਿਰੀਂ ਮੁਕਟ ਸਜਾਇਆ ਖੂਬ ਕਈਆਂ, ਕੋਈ ਘੋਟਵੀਂ ਸੁਰਖ ਦਸਤਾਰ ਵਾਲੇ।
ਕਾਲੇ ਭੌਰ ਨਾਲੋਂ, ਵਲ ਸਿਰਾਂ ਉਤੇ, ਸੰਦਲ ਅਤਰ ਦੀ ਤੇਜ਼ ਮਹਿਕਾਰ ਵਾਲੇ।
ਕੁੰਡਲਦਾਰ ਬਣ ਮਾਰ[4] ਦੇ ਵਾਂਗ ਝੂਲਨ, ਉਪਰ ਚੰਦਨੀ ਰੁਖ ਬਹਾਰ ਵਾਲੇ।
ਕੰਨੀ ਮੋਤੀਆਂ ਦੇ ਲੱਛੇ ਪਾਣ ਸੋਭਾ, ਨਾਲ ਹੀਰਿਆਂ ਦੇ ਜੜਤਦਾਰ ਵਾਲੇ।
ਗਲੀਂ ਹੀਰਿਆਂ ਪੰਨਿਆਂ ਜੜਤ ਕੰਠੇ, ਕੰਠ ਸੋਭਦੇ ਮੋਤੀਆਂ ਹਾਰ ਵਾਲੇ।
ਬਾਹੀਂ ਕੜੇ ਹੀਰੇ ਪੰਨੇ ਜੜੇ ਹੋਏ, ਘੜੇ ਕਿਸੇ ਉਸਤਾਦ ਸੁਨਿਆਰ ਵਾਲੇ।
ਹੱਥੀਂ ਮੁੰਦਰੀ ਸੁੰਦਰੀ ਛਾਪ ਛੱਲੇ ਬ੍ਰਹਮ ਗੰਢ[5] ਬੱਧੀ ਕਿਸੇ ਸਾਰ ਵਾਲੇ।
ਜਾਮੇ ਰੇਸ਼ਮੀ ਅਤਲਸੀ[6] ਮਖਮਲੀ[7] ਭੀ, ਜ਼ਰੀ[8] ਬਾਦਲੇ[9] ਚੀਨ[10] ਤਾਤਾਰ[11] ਵਾਲੇ।
ਉਤੇ ਲਾ ਤਾਰੇ ਚਮਤਕਾਰ ਵਾਲੇ, ਕੀਤੇ ਖੂਬ ਤਿਆਰ ਝਲਕਾਰ ਵਾਲੇ।
ਮੱਥੇ ਅਤਰ ਫੁਲੇਲ ਦੇ ਨਾਲ ਭਿੱਜੇ, ਮੁਛੀਂ ਚਾੜ੍ਹਦੇ ਤਾਉ ਹੰਕਾਰ ਵਾਲੇ।
ਆਕੜ ਨਾਲ ਖੰਘੂਰ ਫੁਲਾਣ ਗਲ੍ਹਾਂ, ਜੋਬਨ ਦਿਸਦੇ ਨਵੇਂ ਉਭਾਰ ਵਾਲੇ।
ਕਦੀ ਨਾਲ ਅਦਾ ਦੇ ਮੋੜ ਗਰਦਨ, ਤ੍ਰਿਖੀ ਨਜ਼ਰ ਕਰਦੇ ਇੰਤਜ਼ਾਰ ਵਾਲੇ।
ਬੈਠੇ ਵਿਚ ਉਡੀਕ ਦੇ ਦੇਖਦੇ ਨੇ, ਔਣ ਕਦੋਂ ਹੁਣ ਹੁਕਮ ਸਰਕਾਰ ਵਾਲੇ।
ਮਾਣ ਸਭ ਨੂੰ ਆਪਣੇ ਰੂਪ ਉਤੇ, ਮੈਥੋਂ ਹੇਠ ਨੇ ਸਭ ਦਰਬਾਰ ਵਾਲੇ।

1. ਬ੍ਰਹਮੰਡ, ਸੰਸਾਰ। 2. ਇਕ ਕੀਮਤੀ ਕਪੜਾ। 3. ਸੋਨਾ। 4. ਸੱਪ। 5-6-7. ਕੀਮਤੀ ਕਪੜੇ। 8-9. ਤਿਲੇ ਕਿਨਾਰੀ ਵਾਲੇ ਕਪੜੇ। 10-11. ਦੋ ਦੇਸ਼ਾਂ ਦੇ ਨਾਮ ਜਿਥੋਂ ਕਿਸੇ ਸਮੇਂ ਬਹੁਤ ਰੰਗਾ ਕਪੜਾ ਬਣਦਾ ਰਿਹਾ।

ਸੁੰਦਰ ਵੇਖ ਕੇ ਵਰੇ ਜ਼ਰੂਰ ਮੈਨੂੰ, ਸੁੱਖਣ ਸੁਖਣਾ ਸ਼ਗਨ ਵਿਚਾਰ ਵਾਲੇ।
ਕੋਈ ਅੰਦਰੇ ਫੇਰਦੇ ਪਕੜ ਮਾਲਾ, ਨਾਮ ਸਿਮਰਦੇ ਓਸ ਦਾਤਾਰ ਵਾਲੇ।
ਰਬਾ, ਕਰੀਂ ਨਿਹਾਲ ਖੁਸ਼ਹਾਲ ਮੈਨੂੰ, ਦੇਖਾਂ ਸੁਖ ਦਮਯੰਤੜੀ ਨਾਲ ਵਾਲੇ।
ਨਿੰਬੂ ਇਕ ਤੇ ਪਿੰਡ ਸੀ ਭੁੱਸਿਆਂ[1] ਦਾ, ਖਬਰੇ ਕੌਣ ਜਿਤੇ ਕੌਣ ਹਾਰ ਵਾਲੇ।
ਚਾਤ੍ਰਿਕ ਵਸ ਸੰਜੋਗ ਦੇ ਗਲ ਸਾਰੀ, ਦੇਖੇ ਨਹੀਂ ਬਲਕਾਰ ਤੇ ਕਾਰ ਵਾਲੇ।
ਰਾਜਾ ਨਲ ਬੈਠਾ ਵਿਚ ਰਾਜਿਆਂ ਦੇ, ਜਿਵੇਂ ਚੰਦ ਸਹੇ ਵਿਚ ਤਾਰਿਆਂ ਦੇ।
ਮਾਹਤਾਬ ਦੀ ਅੰਬ ਬੇਆਬ ਕੀਤੀ, ਫਿੱਕੇ ਰੰਗ ਜਾਪਣ ਪਏ ਸਾਰਿਆਂ ਦੇ।
ਕੁੰਦਨ ਵਾਂਗ ਸਰੀਰ ਝਲਕਾਰ ਮਾਰੇ, ਮੱਥੇ ਨੂਰ ਜਿਉਂ ਚੰਦ ਪਰਵਾਰਿਆਂ ਦੇ।
ਕਾਮਦੇਵ ਭੀ ਵੇਖ ਕੇ ਸ਼ਰਮ ਖਾਵੇ, ਖੁਲ੍ਹਾ ਆਨ ਕੇ ਵਿਚ ਦੁਵਾਰਿਆਂ ਦੇ।
ਭਖਣ ਲਾਲੀਆਂ ਰੰਗ ਗੁਲਾਲੀਆਂ ਦੇ, ਗੋਲ ਗੋਲ ਕਪੋਲ[2] ਰੁਖਸਾਰਿਆਂ[3] ਦੇ।
ਚਾਤ੍ਰਿਕ ਸ੍ਰਭਾ ਦੀ ਪ੍ਰਭਾ ਦਾ ਚੰਦ ਚਮਕੇ, ਵਿਚ ਸਾਰਿਆਂ ਰਾਜ ਦੁਲਾਰਿਆਂ ਦੇ।
ਇੰਦ੍ਰਜੀਤ, ਅਗਨੀ, ਵਰਨ, ਧਰਮਰਾਜਾ, ਚਾਰੇ ਦੇਵਤੇ ਭੀ ਬੈਠੇ ਆਨ ਪਿਆਰੇ।
ਭਾਵੇਂ ਹੋਰ ਰਾਜੇ ਸਾਰੇ ਮਾਤ ਕੀਤੇ, ਐਪਰ ਨਲ ਕੋਲੋਂ ਸ਼ਰਮ ਖਾਨ ਪਿਆਰੇ।
ਸੂਰਜ ਸਾਹਮਣੇ ਜਿਵੇਂ ਚਰਾਗ ਮੱਧਮ, ਤਿਵੇਂ ਉਨ੍ਹਾਂ ਸੰਦੀ ਘਟੀ ਸ਼ਾਨ ਪਿਆਰੇ।
ਓੜਕ ਇਕ ਦਲੀਲ ਦੌੜਾਨ ਚਾਰੇ, ਰਾਜੇ ਨਲ ਦਾ ਰੂਪ ਵਟਾਨ ਪਿਆਰੇ।
ਜੇਹੜੀ ਸ਼ਾਨ ਦੇ ਨਾਲ ਸੀ ਨਲ ਬੈਠਾ, ਉਹ ਆਪਣੀ ਸ਼ਾਨ ਬਣਾਨ ਪਿਆਰੇ।
ਰੂਪ ਰੰਗ ਓਹੋ ਰੰਗ ਢੰਗ ਉਸਦਾ, ਉਹ ਪੁਸ਼ਾਕ ਸ਼ਿੰਗਾਰ ਸਜਾਨ ਪਿਆਰੇ।
ਚਾਰੇ ਓਹ ਤੇ ਪੰਜਵਾਂ ਨਲ ਰਾਜਾ, ਪੰਜੇ ਨਲ ਰਾਜੇ ਨਜ਼ਰ ਆਨ ਪਿਆਰੇ।
ਵੇਖਾਂ ਕਿਸ ਤਰ੍ਹਾਂ ਵਰੇਗੀ[4] ਨਲ ਤਾਂਈ ? ਚਾਰੇ ਮਤਾ ਏਹ ਬੈਠ ਪਕਾਨ ਪਿਆਰੇ।
ਕਿਸੇ ਇਕ ਨੂੰ ਤਾਂ ਓੜਕ ਵਰੇਗੀ ਹੀ, ਓਹਨੂੰ ਆਵਨੀ ਨਹੀਂ ਪਛਾਨ ਪਿਆਰੇ।
ਚਾਤ੍ਰਿਕ ਹਿਰਸ[5] ਕਰਾਂਵਦੀ ਪਾਪ ਠੱਗੀ, ਹਿਰਸ ਦਾਨਿਆਂ ਕਰੇ ਨਾਦਾਨ ਪਿਆਰੇ।
ਗਣ,[6] ਗੰਧਰਬ[7] ਤੇ ਦੇਵਤੇ ਚਲ ਆਏ, ਸਣੇ ਨਾਰੀਆਂ ਪੁਸ਼ਪ-ਬਿਬਾਨ[8] ਲੈ ਲੈ।
ਵਿਚ ਆਕਾਸ਼ ਦੇ ਆਣ ਕੇ ਭੀੜ ਲੱਗੀ, ਬੈਠੇ ਖੁਸ਼ੀ ਦਾ ਸਭ ਸਾਮਾਨ ਲੈ ਲੈ।
ਭਰ ਭਰ ਬੇਲੂਏ[9] ਧਰ ਲਏ ਨਾਲ ਫੁਲਾਂ, ਖੁਸ਼ੀ ਜੀਉ ਦੇ ਵਿਚ ਮਨਾਨ ਲੈ ਲੈ।
ਚਾਤ੍ਰਿਕ ਢੰਗ ਹੁੰਦੇ ਵੇਖ ਰੰਗ ਬਣਿਆ, ਬੈਠੇ ਰਾਜ ਪੁਤ੍ਰ ਆਨ ਬਾਨ ਲੈ ਲੈ।

ਰਾਜੇ ਭੀਮ ਦੇ ਕੁਲ-ਪਰੋਹਤ ਦਾ ਮੰਡਲ ਵਿਚ ਆਉਣਾ

ਕੁਲ-ਪਰੋਹਤ ਪੰਡਤ ਰਾਜੇ ਭੀਮ ਸਦਾ, ਆ ਕੇ ਜ਼ੋਰ ਦੇ ਨਾਲ ਪੁਕਾਰਦਾ ਏ।
ਸਵਾਧਾਨ ਹੋ ਕੇ ਰਾਜਾ ਲੋਕ ਬੈਠੋ, ਹੋਇਆ ਅੰਦਰੋਂ ਹੁਕਮ ਸਰਕਾਰ ਦਾ ਏ।
ਕਰਕੇ ਉਸਤਤੀ ਰਾਉ ਦੀ ਕੰਨਿਆਂ ਦੀ, ਸਾਰੇ ਰਾਜਿਆਂ ਪਾਸ ਉਚਾਰਦਾ ਏ।
ਚਾਤ੍ਰਿਕ ਭਾਗ ਜਾਗੇ ਜਿਸਦੇ ਏਸ ਵੇਲੇ, ਹੋਸੀ ਓਸ ਤੇ ਫਜ਼ਲ[10] ਕਰਤਾਰ ਦਾ ਏ।

1. ਇਕ ਖਾਸ ਪ੍ਰਕਾਰ ਦੇ ਰੋਗੀ, ਜਿਨ੍ਹਾਂ ਦਾ ਪੇਟ ਖਰਾਬ ਹੋਣ ਕਰਕੇ ਰੰਗ ਪੀਲਾ ਪੈ ਜਾਂਦਾ ਹੈ। ਸ਼ਾਇਦ ਇਹ ਸ਼ਬਦ ਭੂਸਾ ਅਰਥਾਤ ਤੂੜੀ ਨਾਲ ਰਲਦੇ ਰੰਗ ਤੋਂ ਬਣਾਇਆ ਗਿਆ ਹੈ।
2-3. ਗਲ੍ਹਾਂ, ਕਵਿਤਾ ਵਿਚ ਇਕੋ ਅਰਥ ਦੇ ਦੋ ਦੋ ਸ਼ਬਦ ਵਰਤਣਾ ਕੋਈ ਦੋਸ਼ ਨਹੀਂ ਮੰਨਿਆ ਜਾਂਦਾ।
4. ਵਿਆਹੀ ਜਾਏਗੀ। 5. ਲਾਲਚ। 6-7. ਦੇਵਤੇ । 8. ਫੁੱਲਾਂ ਦਾ ਉਡਨ ਖਟੋਲਾ। 9. ਪਟਾਰੀਆਂ। 10. ਕਿਰਪਾ।

*ਛਪਯ ਛੰਦ— ਸੁਣੋ ਚਤੁਰ ਬੁਧਿਵਾਨ, ਰਾਜ ਰਾਜੇਸ਼ਵਰ ਸਾਰੇ।
ਸੁਣੋ ਬੀਰ ਬਲਵਾਨ, ਭੂਪ ਕੁਲ-ਦੀਪਕ ਤਾਰੇ।
ਬੁੱਧਿ ਰੂਪ ਗੁਣ ਵਾਨ, ਸਭਾ ਕੇ ਰਾਜ ਦੁਲਾਰੇ।
ਵੁਹ ਪਾਵੇ ਵਰਦਾਨ, ਭਾਗ ਜਿਸਕੇ ਅਤਿ ਭਾਰੇ।
ਭੀਮ ਸੁਤਾ[1] ਚੰਦਰ ਕਲਾ,[2] ਦਮਯੰਤੀ ਅਬ ਆਇ ਕੇ।
ਵੇਖ ਸਵਯੰਬਰ ਵਰੇਗੀ, ਫੂਲ ਮਾਲ ਗਲ ਪਾਇ ਕੇ।

ਰਾਜ ਕੁਮਾਰੀ ਦਮਯੰਤੀ ਦਾ ਸਵਯੰਬਰ ਮੰਡਲ ਵਿਚ ਪ੍ਰਵੇਸ਼

ਨਿਕਲੀ ਜੋਬਨਾ ਜੋਬਨ ਸੰਭਾਲ ਕੇ ਤੇ ਸਖੀਆਂ ਮਗਰ ਫੌਜਾਂ ਵਾਂਗ ਲਾਈਆਂ ਹੋਈਆਂ।
ਮਾਰੀ ਚਮਕ ਬਿਜਲੀ ਵਿਚੋਂ ਬੱਦਲਾਂ ਦੇ ਘਟਾਂ ਰੂਪ ਦੀਆਂ ਉਮਡ ਕੇ ਆਈਆਂ ਹੋਈਆਂ।
ਮੁਖ ਚੰਦ ਮਾਨਿੰਦ[3] ਆਨੰਦ ਦਿਸੇ, ਖੁਸ਼ੀਆਂ ਜੀਉਂਦੇ ਵਿਚ ਸਮਾਈਆਂ ਹੋਈਆਂ।
ਮੱਥਾ ਡਲ੍ਹਕਦਾ ਸੁਬਾਹ ਦੇ ਸੂਰ[4] ਵਾਂਗੂੰ, ਗਿਰਦਾ ਗਿਰਦ ਜ਼ੁਲਫਾਂ ਪੇਚ ਖਾਈਆਂ ਹੋਈਆਂ।
ਗਜ ਗਜ ਵਾਲ ਪਰੋਤੜੇ ਮੋਤੀਆਂ ਥੀ, ਲਿਟਾਂ ਮੋੜ ਛਾਤੀ ਤੇ ਸਜਾਈਆਂ ਹੋਈਆਂ।
ਅੱਖਾਂ ਤਿੱਖੀਆਂ ਸ਼ਰਬਤੀ ਕਾਲੀਆਂ ਨੇ, ਧਾਰ ਕੱਜਲੇ ਨਾਲ ਮਟਕਾਈਆਂ ਹੋਈਆਂ।
ਜ਼ੁਲਫਾਂ ਆਣ ਡਿਗ ਡਿਗ ਪੈਣ ਮੁਖੜੇ ਤੇ, ਹਟਣ ਪਰ੍ਹੇ ਨਾ ਪਰ੍ਹੇ ਹਟਾਈਆਂ ਹੋਈਆਂ।
ਭਵਾਂ ਟੇਢੀਆਂ ਵਾਂਗ ਮਯਾਨ ਬਣੀਆਂ ਤੇ ਕਟਾਰੀਆਂ ਬਾਹਰ ਕਢਾਈਆਂ ਹੋਈਆਂ।
ਬੈਠੇ ਬੈਠਿਆਂ ਵਾਰ ਕਰ ਜਾਣ ਦੂਰੋਂ, ਪਾਣ ਚਾੜ੍ਹ ਕੇ ਸਾਣ ਚੜ੍ਹਾਈਆਂ ਹੋਈਆਂ।
ਜਦੋਂ ਹੱਸਦੀ ਦਿੱਸਦੇ ਦੰਦ ਗੋਯਾ,[5] ਲੜੀਆਂ ਮੋਤੀਆਂ ਨਾਲ ਪੁਰਾਈਆਂ ਹੋਈਆਂ।
ਯਾ ਚੰਬੇਲੀ ਦੀਆਂ ਗੁੰਦ ਸਵਾਰ ਕਲੀਆਂ, ਗੋਯਾ ਮੁਖ ਦੇ ਵਿਚ ਟਿਕਾਈਆਂ ਹੋਈਆਂ।
ਮਧੁਰੀ[6] ਤੇਜ ਤੇ ਗੋਲ ਜ਼ਬਾਨ ਪਤਲੀ, ਗੱਲਾਂ ਮਿੱਠੀਆਂ ਕਰਨ ਸਿਖਾਈਆਂ ਹੋਈਆਂ।
ਕੰਠ[7] ਕੂੰਜ ਦੇ ਵਾਂਗ ਅਵਾਜ਼ ਮਿੱਠੀ, ਜਿਵੇਂ ਕੋਇਲਾਂ ਵਿਚ ਬਿਠਾਈਆਂ ਹੋਈਆਂ।
ਗਲੇ ਮੋਤੀਆਂ ਮਾਲ[8] ਕਮਾਲ ਕੀਤਾ, ਕੰਠ ਕੰਠੀਆਂ ਸੋਹਣੀਆਂ ਪਾਈਆਂ ਹੋਈਆਂ।
ਚਾਮਕਲੀ[9] ਬੁਧ[10] ਕੀਤੇ ਅਨਾਮ[11] ਸੋਨੇ, ਨਾਲ ਜੁਗਨੀਆਂ[12] ਜੜਤ ਜੜਾਈਆਂ ਹੋਈਆਂ।
ਦਸੇ ਹਿੱਕ ਨਿਸ਼ਾਨ ਜਵਾਨੀਆਂ ਦੇ ਮਾਲਾ ਜੋਬਨੇ ਉਤਾਂਹ ਉਭਰਾਈਆਂ ਹੋਈਆਂ।
ਲੱਕ ਚਿੱਤਰੇ ਦਾ ਪੇਟ ਸ਼ੇਰ ਵਰਗਾ, ਤੰਗ ਪੇਟੀਆਂ ਖੂਬ ਕਸਾਈਆਂ ਹੋਈਆਂ।
ਕੂਲ੍ਹੇ ਪੱਟ[13] ਦੇ ਵਾਂਗ ਦੋ ਹੱਥ ਦਿਸਣ, ਫਲੀਆਂ ਉਂਗਲਾਂ ਜਿਵੇਂ ਹਰਵਾਈਆਂ[14] ਹੋਈਆਂ।
ਬਾਹਵਾਂ ਲੰਮੀਆਂ ਗੋਲ ਸੁਡੌਲ ਦੋਵੇਂ, ਚੂੜੇ ਬੀੜਿਆਂ ਨਾਲ ਸਜਾਈਆਂ ਹੋਈਆਂ।

---

* ਛਪਯ ਛੰਦ ਛੇ ਤੁਕਾਂ ਦਾ ਹੁੰਦਾ ਹੈ। ਪਹਿਲੀਆਂ ਚਾਰ ਤੁਕਾਂ 24 ਮਾਤਰਾਂ ਦੀਆਂ ਰਖੀਆਂ ਜਾਂਦੀਆਂ ਹਨ ਅਤੇ ਉਨ੍ਹਾਂ ਵਿਚ 11, 13 ਉਤੇ ਬਿਸਰਾਮ ਹੁੰਦਾ ਹੈ। ਅੰਤਲੀਆਂ ਦੋ ਤੁਕਾਂ 28, 30 ਜਾਂ 31 ਮਾਤਰਾਂ ਦੀਆਂ ਹੁੰਦੀਆਂ ਹਨ ਅਤੇ 16-12, 16-14 ਜਾਂ 16-15 ਤੇ ਬਿਸਰਾਮ ਕੀਤਾ ਜਾਂਦਾ ਹੈ।

1. ਲੜਕੀ। 2. ਚੰਦਰਮਾ ਵਰਗੀ ਸੋਹਣੀ। 3. ਵਰਗੀ। 4. ਸੂਰਜ। 5. ਅਰਥਾਤ। 6. ਮਿਠੀ।
7. ਗਲਾ ਜਾਂ ਗਰਦਨ। 8. ਮਾਲਾ। 9-10-11-12. ਗਹਿਣਿਆਂ ਦੇ ਨਾਮ। 13. ਰੇਸ਼ਮ।
14. ਰਵਾਂਹ ਦੀਆਂ ਫਲੀਆਂ ਤੋਂ ਭਾਵ ਹੈ। ਅੰਗਰੇਜ਼ੀ ਵਾਲੇ ਭਿੰਡੀਆਂ ਤੋਰੀਆਂ ਨੂੰ ਇਸਤਰੀਆਂ ਦੀਆਂ ਉਂਗਲਾਂ ਆਖਦੇ ਹਨ।

ਰੇਸਮ ਜ਼ਰੀ ਤੇ ਬਾਦਲਾ ਪਹਨ ਪਹਲੇ ਮਲ ਮਲ ਢਾਕਵੀਂ ਨਾਲ ਢਕਾਈਆਂ ਹੋਈਆਂ।
ਸਿਰ ਗੁਲਾਬ ਹਿਨਾ[1] ਦਾ ਅਤਰ ਮਲ ਕੇ ਲਪਟਾਂ ਵਾਂਗ ਕਾਦੂਰ ਖਿੰਡਾਈਆਂ ਹੋਈਆਂ।
ਰਤੀ[2] ਰੂਪ ਨੂੰ ਵੇਖ ਕੇ ਗਸ਼ ਖਾਵੇ, ਅੱਖਾਂ ਨੀਵੀਆਂ ਕਰੇ ਸ਼ਰਮਾਈਆਂ ਹੋਈਆਂ।
ਸੁਰਖ ਓੜ੍ਹ ਦੁਪੱਟੜਾ, ਕੋਰ ਵਾਲਾ, ਹੇਠ ਕੰਨੀਆਂ ਖੂਬ ਲਮਕਾਈਆਂ ਹੋਈਆਂ।
ਜਿਵੇਂ ਮੋਰ ਪਾਇਲ ਪਾਂਵੇ ਖੁਸ਼ੀ ਹੋਕੇ, ਸੋਭਾ ਪਾਂਦੀਆਂ ਤਿਵੇਂ ਹਿਲਾਈਆਂ ਹੋਈਆਂ।
ਪੈਰ ਪਦਮਨੀ[3] ਦੇ ਕੋਮਲ ਪੁੜਨ ਨਾਹੀਂ ਥਾਨ ਮਖਮਲਾਂ ਹੇਠ ਵਿਛਾਈਆਂ ਹੋਈਆਂ।
ਕਾਮ ਕੰਦਲਾਂ[4], ਰੁੰਧਰਾ[5], ਦੇਵ ਸੈਨਾ[6], ਰੋਹਣੀ[7], ਮੇਨਕਾ[8] ਲੱਜਿਆ ਖਾਈਆਂ ਹੋਈਆ।
ਤਾਰਾ[9] ਅਹਲਿਆ[10] ਵੇਖਕੇ ਜਾਨ ਮੋਹੀਆ ਪੈਰੀਂ ਅਪੱਛਰਾਂ ਪੈਣ ਖਿਸਯਾਈਆਂ ਹੋਈਆਂ।
ਭੋਲੇ ਭਾਲੜੇ ਨਕਸ਼ ਮਤਵਾਲੜੇ ਨੇ ਸ਼ਰਮ ਸਾਰੀਆਂ ਜ਼ਾਹਰ ਕਰਾਈਆਂ ਹੋਈਆਂ।
ਅਗੇ ਸ਼ਾਹ ਖੂਬਾਂ ਦੀ ਸਰਦਾਰ ਜਾਵੇ, ਮਗਰੇ ਗੋਲੀਆਂ ਕਟਕ[11] ਲਗਾਈਆਂ ਹੋਈਆਂ।
ਚਾਤ੍ਰਿਕ ਰੂਪ ਅਨੂਪ ਨੇ ਭੂਪ ਮੁਠੇ, ਸ਼ਾਨ ਵੇਖ ਕੁਰਬਾਨ ਖੁਦਾਈਆਂ ਹੋਈਆਂ।
ਉਹ ਸੀ ਰੂਪ ਦੀ ਨਿਧ[12] ਸੰਸਾਰ ਅੰਦਰ, ਲੱਜਤ[13] ਕਮਲ ਹੁੰਦੇ ਵੇਖ ਨੈਨ ਉਸਦੇ।
ਮੁਖ ਮਾਤ ਕਰਦਾ ਜੋਤ ਚੰਦ ਦੀ ਨੂੰ, ਕੋਇਲ ਜਾਏ ਵਾਰੇ ਸੁਨ ਕੇ ਬੈਨ ਉਸਦੇ।
ਸੋਨਾ ਖੇਹ ਰੋਲੇ ਸੁੰਦਰ ਦੇਹ ਉਸਦੀ, ਭੌਰੇ ਵਾਂਗ ਕਾਲੇ ਕੇਸ ਪੈਨ ਉਸਦੇ।
ਮੁਸਕਾਵਨਾ ਫੇਰ ਸ਼ਰਮਾ ਜਾਣਾ, ਏਹ ਅਦਾ[14] ਮਨ ਨੂੰ ਖਸ ਲੈਨ ਉਸਦੇ।
ਮੱਥਾ ਫੁਲ ਗੁਲਾਬ ਦੇ ਵਾਂਗ ਖਿੜਿਆ, ਹੰਸੂ ਹੰਸੂ ਕਰਦੇ ਹੇਠ ਰਹਿਨ ਉਸਦੇ।
ਚਾਤ੍ਰਿਕ ਬਦਨ ਗੁਲਬਦਨ[15] ਫੁਲ ਵਰਗਾ, ਮਦਨ[16] ਕਦਨ[17] ਹੋਵੇ ਵੇਖ ਚਿਹਨ ਉਸਦੇ।

ਮੰਡਲ ਨਿਵਾਸੀਆਂ ਦਾ ਰਾਜ ਕੁਮਾਰੀ ਦਮਯੰਤੀ ਨੂੰ ਦੇਖ ਕੇ ਮੂਰਛਾਗਤ ਹੋ ਜਾਣਾ

ਨਿਕਲੀ ਕਾਮਨੀ, ਦਾਮਨੀ[18] ਚਮਕ ਮਾਰੀ, ਰਾਜੇ ਸਭਾ ਦੇ ਮੂਰਛਾਗਤ[19] ਹੋ ਗਏ।
ਝੱਲੀ ਗਈ ਨਾ ਝਲਕ ਇਕ ਪਲਕ ਅੰਦਰ, ਹਿੰਸ਼ਤ ਦੂਰ ਹੋ, ਬੇਸਾਹ ਸਤ ਹੋ ਗਏ।
ਬੈਠੇ ਆਕੜੀ ਉਸਰੀ ਧੌਣ ਵਾਲੇ, ਚੁਕਾ ਚੂੰਧ ਨੀਵੀਂ ਨਜ਼ਰ ਝੱਟ ਹੋ ਗਏ।
ਗੋਯਾ ਬਾਦ-ਨਸੀਮ[20] ਦਾ ਖਾ ਝੋਕਾ, ਮਸਤ ਨੀਂਦ ਅੰਦਰ ਗਰਦਨ ਸੱਟ ਹੋ ਗਏ।
ਹੋਏ ਖ਼ਾਵਲੇ ਮਸਤ ਸ਼ਰਾਬ ਬਾਝੋਂ, ਲੱਛਨ ਅਕਲ ਦੇ ਚੌੜ ਚੁਪੱਟ ਹੋ ਗਏ।
ਜਦੋਂ ਝਾਂਜਰਾਂ ਨਾਲ ਛਣਕਾਰ ਹੋਯਾ, ਸਵਾਧਾਨ ਚਾਤ੍ਰਿਕ ਝੱਟ ਪੱਟ ਹੋ ਗਏ।
ਮਸਤ ਚਾਲ ਦੇ ਨਾਲ ਮਤਵਾਲ ਚੱਲੇ, ਹਥਨੀ ਚੱਲਦੀ ਜਿਵੇਂ ਸ਼ਿੰਗਾਰੀ ਹੋਈ।

---

1. ਮਹਿੰਦੀ। 2. ਕਾਮਦੇਵ ਅਰਥਾਤ ਪਿਆਰ ਦਾ ਦੇਵਤਾ। 3. ਸੁੰਦਰੀ। (ਫੁਲ ਵਰਗੀ)
4. ਮਾਧਵ ਨਲ ਦੀ ਪ੍ਰੇਮਕਾ ਪ੍ਰਸਿੱਧ ਵੇਸ਼ਵਾ ਤੇ ਰਾਗ ਵਿਦਿਆ ਦੀ ਨਿਪੁੰਨ। 5-6-7-8. ਪ੍ਰਸਿਧ ਅਪੱਛਰਾਂ ਦੇ ਨਾਮ।
9. ਰਾਜੇ ਹਰੀਸ਼ ਚੰਦ ਦੀ ਰਾਣੀ।
10. ਅਹਿਲਿਆ ਇਕ ਪ੍ਰਸਿਧ ਇਤਿਹਾਸਕ ਇਸਤਰੀ ਜੋ ਗੋਤਮ ਰਿਸ਼ੀ ਦੀ ਪਤਨੀ ਸੀ ਅਤੇ ਜਿਸ ਉਤੇ ਇੰਦਰ ਦੇਵਤਾ ਮੋਹਿਤ ਹੋ ਗਿਆ ਸੀ। 11. ਫੌਜ। 12. ਖਜ਼ਾਨਾ। 13. ਸ਼ਰਮਿੰਦਾ। 14. ਨਖਰਾ।
15. ਗੁਲਾਬ ਦੇ ਫੁਲ ਜਿਹਾ ਸਰੀਰ। ਉਂਜ ਇਸੇ ਨਾਂ ਦੀ ਇਕ ਪ੍ਰਸਿਧ ਨਾਇਕਾ ਭੀ ਹੈ। 16. ਕਾਮਦੇਵ।
17. ਸ਼ਰਮਿੰਦਾ। 18. ਬਿਜਲੀ। 19. ਬੇਹੋਸ਼। 20. ਸੀਤਲ ਪੌਣ।

ਝਾਂਜਰ ਅਤੇ ਪਾਜ਼ੇਬ[1] ਛਣਕਾਰ ਦੇਵੇ, ਗੋਯਾ ਲਛਮੀ ਆਪ ਅਵਤਾਰੀ[2] ਹੋਈ।
ਜਿਵੇਂ ਚੰਦ ਪ੍ਰਵਾਰਿਆ ਤਾਰਿਆਂ ਦਾ, ਤਿਵੇਂ ਸਖੀਆਂ ਨਾਲ ਪਰਵਾਰੀ ਹੋਈ।
ਫੂਲਮਾਲ ਰੁਮਾਲ ਨੇ ਹੱਥ ਰੋਕੇ, ਬੁਕਲ ਸੁਰਖ ਦੁਪੱਟੇ ਦੀ ਮਾਰੀ ਹੋਈ।
ਧੂਪ ਦੀਪ ਨਈਵੇਦ[3] ਤੇ ਪਾਨ ਬੀੜੇ, ਥਾਲੀ ਸਖੀ ਨੇ ਨਾਲ ਸੰਭਾਰੀ ਹੋਈ।
ਇਕ ਅਤਰ ਭਿੰਨਾ ਪੱਖਾ ਝਲਦੀ ਏ, ਚੌਰੀ ਇਕ ਨੇ ਸਿਰੇ ਉਲਾਰੀ ਹੋਈ।
ਸ਼ਰਬਤ ਸਰਦ ਇਕਨੇ ਬੇਦ ਮੁਸ਼ਕ[4] ਫੜਿਆ, ਬੋਤਲ ਕੇਉੜੇ ਦੀ ਕੱਛੇ ਮਾਰੀ ਹੋਈ।
ਤਾਰ ਖੁਸ਼ੀ ਦੀ ਨਾਲ ਖੁਰਸੰਦ[5] ਸਭੇ ਜੋਬਨ ਮਸਤ ਦੀ ਚੜ੍ਹੀ ਖੁਮਾਰੀ ਹੋਈ।
ਆਪੋ ਵਿਚ ਮੁਸਕਾਂਦੀਆਂ ਜਾਂਦੀਆਂ ਨੇ, ਹੋਵੇ ਸੁਖ ਦੀ ਗਲ ਵਿਚਾਰੀ ਹੋਈ।
ਤੀਰਾਂ ਬਾਝ ਕਰਵਾਨ[6] ਨੂੰ ਘੇਰ ਚਾਤ੍ਰਿਕ, ਕਿਸ ਮੈਦਾਨ ਦੇ ਵਲ ਤਿਆਰੀ ਹੋਈ।
ਵੱਕਰ ਲਾਂਵਦੀ ਨਜ਼ਰ ਉਠਾਂਵਦੀ ਏ, ਤਿਰਛੇ ਤੀਰ ਨੈਣਾਂ ਨਾਲ ਘਾਂਵਦੀ ਏ।
ਅੰਮ੍ਰਿਤ ਭਰੇ ਸੁਫੈਦ ਦਿਖਾਲ ਨੇਤਰ ਗੋਯਾ ਮੁਰਦਿਆਂ ਨੂੰ ਜਿੰਦ ਪਾਂਵਦੀ ਏ।
ਕਾਲੇ ਸ਼ਹਿਦ ਦੇ ਭਰੇ ਦਿਖਾਂਵਦੀ ਏ, ਘਾਇਲ ਵੇਖਦੇ ਸਾਰ ਕਰਾਂਵਦੀ ਏ।
ਰੱਤੇ ਰੰਗ ਮੱਤੇ ਰੰਗ ਸ਼ਰਬਤੀ ਦੇ, ਜਦੋਂ ਵੇਖਦੀ ਨਸ਼ਾ ਪਿਲਾਂਵਦੀ ਏ।
ਕਦੇ ਮਾਰਦੀ ਫੇਰ ਜਿਵਾਂਵਦੀ ਏ, ਵਾਂਗ ਬਾਵਲੇ ਕਦੇ ਬਨਾਂਵਦੀ ਏ।
ਨਜ਼ਰ ਮਾਰਦੀ ਕਦਮ ਉਲਾਰ ਲੈਂਦੀ, ਝਾਤ ਮਾਰ ਕੇ ਲੰਘਦੀ ਜਾਂਵਦੀ ਏ।
ਅਗੇ ਜਾਇ ਕੇ ਫੇਰ ਤਕਾਂਵਦੀ ਏ, ਫੇਰ ਅਗਾਂਹ ਨੂੰ ਕਦਮ ਉਠਾਂਵਦੀ ਏ।
ਬੇਸੁਮਾਰ ਰਾਜੇ ਬੈਠੇ ਚੌਂਕੀਆਂ ਤੇ, ਵਿਚੋਂ ਨਜ਼ਰ ਦੇ ਸਭ ਲੰਘਾਂਵਦੀ ਏ।
ਕਦੇ ਸਖੀਆਂ ਤਾਂਈਂ ਫੁਰਮਾਂਵਦੀ ਏ, ਛੇਤੀ ਕਰੋ ਨੀ ਤਬਾ[7] ਘਬਰਾਂਵਦੀ ਏ।
ਕਦੇ ਆਖਦੀ ਸਹਿਜ ਦੇ ਨਾਲ ਚਲੋ, ਮੇਰੀ ਕਮਰ ਪਤਲੀ ਖਮ[8] ਖਾਂਵਦੀ ਏ।
ਮਖਮਲ ਚੁਭਦੀ ਪੈਰਾਂ ਨੂੰ ਰੋੜ ਵਾਂਗੂੰ, ਕਦੇ ਸਖੀ ਨੂੰ ਆਖ ਸੁਨਾਂਵਦੀ ਏ।
ਕਦੇ ਨਾਲ ਅਦਾ ਦੇ ਹੱਸ ਪੈਂਦੀ, ਬਚਨ ਕੋਇਲਾਂ ਵਾਂਗ ਅਲਾਂਵਦੀ ਏ।
ਫਿਰਦੇ ਫਿਰਦਿਆਂ ਲਾਂਦਿਆਂ ਗੋਲ ਚੱਕਰ, ਗੋਲ ਦਾਇਰਾ ਸਭ ਮੁਕਾਂਵਦੀ ਏ।
ਚਾਤ੍ਰਿਕ ਪਤੀ ਪ੍ਰੇਮ ਦੀ ਡੋਰ ਬੱਧੀ, ਰਾਜਾ ਨਲ ਦੇ ਸਾਹਮਣੇ ਆਂਵਦੀ ਏ।

ਹੈਰਾਨ ਹੋਣਾ ਰਾਜ ਕੁਮਾਰੀ ਦਮਯੰਤੀ ਨੇ ਪੰਜ ਰਾਜੇ ਨਲ ਦੇਖ ਕਰ

ਲੋਕੀ ਏਸ ਨੂੰ ਵੇਖ ਹੈਰਾਨ ਹੈਸਨ, ਏਹ ਹੁਣ ਨਲ ਨੂੰ ਵੇਖ ਹੈਰਾਨ ਹੋ ਗਈ।
ਉਲਟੀ ਖੇਡ ਪ੍ਰੇਮ ਦੀ ਆਨ ਹੋਈ, ਏਹ ਪਰਵਾਨੇ ਤੇ ਸ਼ਮਾ ਕੁਰਬਾਨ ਹੋ ਗਈ।
ਸ਼ਕਲ ਵੇਖ ਜੋ ਗਸ਼ੀ ਨੇ ਹੋਵਨਾ ਸੀ, ਇਸਦੇ ਵਿਚ ਇਕ ਹੋਰ ਘਮਸਾਨ ਹੋ ਗਈ।
ਨਲ ਇਕ ਨਾਹੀਂ, ਪੰਜ ਨਲ ਬੈਠੇ, ਸੂਰਤ ਸ਼ਕਲ ਇਕੋ ਇਕੋ ਹਾਨ ਹੋ ਗਈ।

---

1. ਪੰਜੇਬ, ਠੀਕ ਸ਼ਬਦ ਪਾਜ਼ੇਬ ਹੀ ਹੈ। ਅਰਥਾਤ ਪੈਰਾਂ ਦੀ ਸਜਾਵਟ। 2. ਜਨਮ ਲਿਆ।
3. ਦੇਵਤਿਆਂ ਦੀ ਭੇਟ ਹੋਇਆ ਭੋਜਨ ਆਦਿ (ਪ੍ਰਸ਼ਾਦ)।
4. ਇਕ ਖੁਸ਼ਬੂਦਾਰ ਵਸਤੂ ਜਿਸ ਦਾ ਪ੍ਰਯੋਗ ਸ਼ਰਬਤ ਅਤੇ ਸੁਗੰਧੀ ਫੈਲਾਉਣ ਵਿਚ ਕੀਤਾ ਜਾਂਦਾ ਹੈ। 5. ਖੁਸ਼।
6. ਕਾਫਲਾ। 7. ਜੀਅ। 8. ਵਲ।

ਪੰਜ-ਤ਼ਨ[1] ਹੋਯਾ ਸੀਮ ਤਨ[2] ਰਾਜਾ, ਸੁੰਦਰ ਵੇਖ ਅੰਗੁਸ਼ਤ[3] ਦੰਦਾਨ[4] ਹੋ ਗਈ।
ਕਦੇ ਇਕ ਵੇਖੇ, ਦੂਜਾ ਕਦੇ ਵੇਖੇ, ਵੇਖ ਵੇਖ ਡਾਢੀ ਪਸ਼ੇਮਾਨ ਹੋ ਗਈ।
ਰਬਾ, ਪਤੀ ਖਯਾਲ ਮੈਂ ਕਰਾਂ ਕਿਸ ਨੂੰ ? ਮੈਂ ਹੈਰਾਨ ਡਾਢੀ ਪਰੇਸ਼ਾਨ ਹੋ ਗਈ।
ਮੇਰੀ ਜੀਉ ਡਕੋ ਡੋਲੇ ਖਾਂਵਦਾ ਏ, ਕੁਦਰਤ ਮੁਝ ਤੇ ਕਿਉਂ ਕੈਹਰਵਾਨ ਹੋ ਗਈ।
ਜਿਵੇਂ ਬੁਤ ਤਸਵੀਰ ਬੇਜਾਨ ਹੋਵੇ, ਤਿਵੇਂ ਬਾਝ ਪਛਾਨ ਬੇਜਾਨ ਹੋ ਗਈ।
ਰਬਾ ਕਰਾਂ ਕੀ ਪਈ ਅਜੀਬ ਔਕੜ, ਗੌਰ ਨਾਲ ਸਾਂਝੀ ਜੇ ਜ਼ਬਾਨ ਹੋ ਗਈ।
ਪਤੀ ਭਾਵਨਾ ਭੁਲ ਕੇ ਹੋਰ ਹੋਈ, ਹੋਰ ਨਾਲ ਜੇ ਜਾਨ ਪਹਿਚਾਨ ਹੋ ਗਈ।
ਤਾਂ ਮੈਂ ਜੀਂਵਦੀ ਮੋਈ ਜਹਾਨ ਅੰਦਰ, ਮੇਰੇ ਧਰਮ ਦੀ ਸਤਿਆ ਹਾਨ ਹੋ ਗਈ।
ਚਾਤ੍ਰਿਕ ਕਰਾਂ ਉਪਾ ਕੀ ਏਸ ਵੇਲੇ ? ਜਾਣ ਬੁਝ ਕੇ ਜਾਨ ਅਨਜਾਨ ਹੋ ਗਈ।
ਸੋਚਾਂ ਸੋਚਦੀ ਸੋਚ ਦੁੜਾਂਵਦੀ ਏ, ਉਨ੍ਹਾਂ ਦਿਉਤਿਆਂ ਦਾ ਏਹ ਫਤੂਰ ਦਿਸੇ।
ਮੇਰੇ ਰੰਗ ਅੰਦਰ, ਭੰਗ ਪਾਣ ਖਾਤਰ, ਉਨ੍ਹਾਂ ਘੋਲਿਆਂ ਆਨ-ਕਚੂਰ[5] ਦਿਸੇ।
ਚਾਰ ਰੂਪ ਵਟਾਇ ਕੇ ਆਣ ਬੈਠੇ, ਕੀਤਾ ਉਨ੍ਹਾਂ ਏਹ ਹੱਥ ਜ਼ਰੂਰ ਦਿਸੇ।
ਮੈਨੂੰ ਪਤੀ ਤੋਂ ਕਰਨ ਬੇਮੁਖ ਕਾਰਣ, ਕੀਤਾ ਉਨ੍ਹਾਂ ਏਹ ਕੰਮ ਕਰੂਰ[6] ਦਿਸੇ।
ਕੀਕਰ ਕਰਾਂ ਪਹਿਚਾਨ, ਦਿਲ ਜਾਨ ਸੰਦੀ, ਕੀਕਰ ਮੁਝ ਦਾਤਾ ਲਿਆ ਨੂਰ ਦਿਸੇ।
ਚਾਤ੍ਰਿਕ ਪਈ ਮੁਸ਼ਕਲ ਦਮਯੰਤੜੀ ਤੇ, ਸ਼ੀਸ਼ਾ ਧਰਮ ਵਾਲਾ ਹੁੰਦਾ ਚੂਰ ਦਿਸੇ।

ਪ੍ਰਮਾਤਮਾ ਦੇ ਪਾਸ ਰਾਜ ਕੁਮਾਰੀ ਦਮਯੰਤੀ ਦੀ ਪ੍ਰਾਰਥਨਾ ਕਰਨੀ

ਜੀਉ ਵਿਚ ਧਿਆਂਵਦੀ ਰਬ ਤਾਂਈ, ਕਰੀਂ ਮੇਹਰ ਪਰਮਾਤਮਾ ਸਚਿਆ ਵੇ।
ਮੇਰੇ ਭਾ ਕੀ ਡਾਢੀਆਂ ਪਾਈਆਂ ਨੀ, ਸਭਾ ਵਿਚ ਅੰਧੇਰ ਕੀ ਮਚਿਆ ਵੇ ?
ਤੂੰ ਹੈਂ ਧਰਮ ਦਾ ਥੰਮ ਸੰਸਾਰ ਸੰਦਾ, ਥੰਮਾਂ ਬਾਝ ਸੰਸਾਰ ਨੂੰ ਰਚਿਆ ਵੇ।
ਤੇਰੀ ਸ਼ਰਨ ਜੋ ਆਂਵਦਾ ਨਾਲ ਮਿੰਨਤ, ਦੁਖ ਦਰਦ ਤਕਲੀਫ ਤੋਂ ਬਚਿਆ ਵੇ।
ਮੇਰੀ ਸੱਤਿਆ ਰਖ ਤੂੰ ਏਸ ਵੇਲੇ, ਖੁਲ੍ਹੇ ਪੋਲ ਸਾਰਾ ਕੱਚ ਕੱਚਿਆ ਵੇ।
ਚਾਤ੍ਰਿਕ ਦੇਹ ਸੁਮੱਤ ਤੂੰ ਜੀਉ ਅੰਦਰ, ਸਤ ਤੋੜਨੇ ਨੂੰ ਜੇਹੜਾ ਨਚਿਆ ਵੇ।

ਦੇਵਤਿਆਂ ਪਾਸ ਰਾਜ ਕੁਮਾਰੀ ਦਮਯੰਤੀ ਨੇ ਪ੍ਰਾਰਥਨਾ ਕਰਨੀ

ਅੱਖਾਂ ਮੀਟ ਕੇ ਅੰਤਰ ਧਿਆਨ ਹੋਈ, ਕਰੇ ਬੇਨਤੀ ਦੀਨ ਅਧੀਨ ਹੋ ਕੇ।
ਸੁਣੋ ਦਿਉਤਿਓ ਧਰਮ ਧੁਰੰਧਰੋਂ ਵੇ, ਸ਼ਰਨ ਪਈ ਮੈਂ ਆਪ ਦੀ ਦੀਨ ਹੋ ਕੇ।
ਕਰੋ ਮੇਹਰ ਮੁਸ਼ਕਲ ਕਰੋ ਹੱਲ ਮੇਰੀ, ਹਾਰਾਂ ਧਰਮ ਨਾ ਅਜ ਬੇਦੀਨ ਹੋ ਕੇ।
ਜੀਕਰ ਹੰਸ ਤੋਂ ਜਸ ਪ੍ਰਤਾਪ ਸੁਣ ਕੇ, ਰਾਜਾ ਨਲ ਸਾਂ ਸਿਮਰਦੀ ਮੀਨ ਹੋ ਕੇ।
ਤਿਵੇਂ ਅਜ ਸਹਾਈ ਹੋ ਤੁਸੀਂ ਸਭੇ, ਕਰੇ ਕਹਿਰ ਨਾ ਏਹ ਗਮਗੀਨ ਹੋ ਕੇ।

1. ਪੰਜ ਰੂਪ। 2. ਚਾਂਦੀ ਚਿਟੇ ਸਰੀਰ। 3. ਉਂਗਲੀ। 4. ਦੰਦਣ ਬੇਸੁਧੀ ਹੋਣ ਤੋਂ ਭਾਵ ਹੈ।
5. ਕਚੂਰ ਘੋਲਣਾ ਮੁਹਾਵਰਾ ਹੈ, ਭਾਵ ਰੰਗ ਵਿਚ ਭੰਗ ਪਾਉਣਾ। 6. ਕੌੜਾ ਕੋੜਾ।

ਤੁਸੀਂ ਧਰਮ ਦੀ ਰਖਯਾ ਕਰਨ ਵਾਲੇ, ਕਰਾਂ ਕੰਮ ਨਾ ਮੈਂ ਧਰਮ ਹੀਨ ਹੋ ਕੇ।
ਕਿਰਪਾ ਕਰੋ ਦੇਵੋ ਮੈਂ ਅਨਾਥਣੀ ਤੇ, ਮਿਲੇ ਨਾਥ ਮੈਨੂੰ ਬਿਲ ਯਕੀਨ[1] ਹੋ ਕੇ।
ਜੇਕਰ ਧਰਮ ਨਾ ਰਿਹਾ ਬਹਾਲ ਮੇਰਾ, ਜਾਨ ਦੇਵਸਾਂਗੀ ਛੀਨ ਛੀਨ[2] ਹੋ ਕੇ।
ਕਰਕੇ ਨਜ਼ਰ ਨੀਵੀਂ ਹਥ ਜੋੜ ਦਿਲ ਦੇ, ਕਹਿੰਦੀ ਪਤੀ ਜੀ ਕਿਉਂ ਤਰਸਾਂਵਦੇ ਓ।
ਕਰਕੇ ਕੌਲ ਕਰਾਰ[3] ਪਿਆਰ ਸੰਦੇ, ਪਾਪਣ ਨਾਰ ਨੂੰ ਪਏ ਤੜਫਾਂਵਦੇ ਓ।
ਸ਼ਾਇਦ ਦਾਸੀ ਨੂੰ ਦਿਲੋਂ ਭੁਲਾ ਦਿਤਾ, ਬੈਠ ਸਾਹਮਣੇ ਮੂਖ ਛਪਾਂਵਦੇ ਓ।
ਕਿਉਂ ਡਰਾਂਵਦੇ ਓ ਕਿਉਂ ਸਹਿਮਾਂਵਦੇ ਓ, ਕਿਉਂ ਭਰਮਾਂਵਦੇ, ਰੂਪ ਵਟਾਂਵਦੇ ਓ।
ਚਾਂਈ ਚਾਂਈ ਮੈਂ ਆਈ ਸਾਂ ਆਸ ਕਰਕੇ, ਕਾਹਨੂੰ ਆਸ ਦਾ ਲੱਕ ਤੁੜਾਂਵਦੇ ਓ।
ਮੈਥੋਂ ਭੁਲ ਤਕਸੀਰ ਕੀ ਹੋਈ ਸਵਾਮੀ, ਚੰਗੀ ਭਲੀ ਨੂੰ ਨਜ਼ਰ ਨਾ ਆਂਵਦੇ ਓ।
ਓਥੇ ਦੇ ਉਮੈਦ ਧਰਵਾਸ ਮੈਨੂੰ, ਏਥੇ ਲੁਕ ਕਾਹਨੂੰ ਵਿਥ ਪਾਂਵਦੇ ਓ।
ਸ਼ਾਇਦ ਧਰਮ ਨੂੰ ਵੇਖਣਾ ਚਾਹੁੰਦੇ ਓ, ਪਾਪਣ ਨਾਰ ਦਾ ਸਿਦਕ ਪਰਤਾਂਵਦੇ ਓ।
ਸਵਾਮੀ, ਨੀਚ ਮੈਂ ਨਾ ਪੂਰੀ ਉਤਰਾਂਗੀ, ਕਾਹਨੂੰ ਤੱਕੜੀ ਚਾੜ੍ਹ ਤੁਲਾਂਵਦੇ ਓ ?
ਲੇਖੇ ਕੀਤਿਆਂ ਨਾ ਸਾਂਵੀਂ ਹੋ ਸੱਕਾਂ, ਕਾਹਨੂੰ ਪਾਪ ਦੀ ਗੰਢ ਫੁਲਾਂਵਦੇ ਓ ?
ਥਾਰੇ ਕਰਮ ਤੇ ਮੇਹਰ ਦੀ ਆਸ ਰਖੀ, ਮੇਰੇ ਅਮਲ ਕੀ ਵੇਖਣੇ ਚਾਂਹਵਦੇ ਓ ?
ਪ੍ਰਗਟ ਹੋਇ ਕੇ ਕਰੋ ਨਿਹਾਲ ਛੇਤੀ, ਬਹੁਤੋ ਝੱਬ ਹੁਣ ਦੇਰ ਕਿਉਂ ਲਾਂਵਦੇ ਓ ?
ਮੈਨੂੰ ਤਾਬ[4] ਨਾ ਹੋਰ ਸਹਾਰਨੇ ਦੀ, ਕਾਹਨੂੰ ਰੂਪ ਵਟਾ ਭੁਲਾਂਵਦੇ ਓ ?
ਜੇਕਰ ਵਰਾਂਗੀ ਵਰਾਂਗੀ ਆਪ ਨੂੰ ਮੈਂ, ਗੱਲਾਂ ਕਾਸ ਨੂੰ ਹੋਰ ਕਰਾਂਵਦੇ ਓ ?
ਦਯਾ ਕਰੋ ਸਵਾਮੀ ਨਾ ਹੁਣ ਢਿਲ ਲਾਓ, ਕਿਉਂ ਨਾ ਆਪਣਾ ਮੁਖ ਵਿਖਾਂਵਦੇ ਓ ?
ਚਾਤ੍ਰਿਕ ਸ਼ੌਹ ਦਰਿਯਾ ਵਿਚ ਖਾ ਗੋਤੇ, ਕਿਉਂ ਨਾ ਮੇਹਰ ਥੀਂ ਪਾਰ ਲੰਘਾਂਵਦੇ ਓ?

ਪ੍ਰਾਰਥਨਾ ਧਰਮ ਦੇ ਪਾਸ ਰਾਜ ਕੁਮਾਰੀ ਦਮਯੰਤੀ ਦੀ

ਫੇਰ ਕਰੇ ਅਰਦਾਸ ਇਹ ਧਰਮ ਅਗੇ ਤੇਰੇ ਆਸਰੇ ਕੁਲ ਸੰਸਾਰ ਵਾਰੀ।
ਜੀਆ ਜੰਤ ਦਰਖਤ ਤੇ ਪਸ਼ੂ ਪੰਛੀ, ਜੜ੍ਹਾਂ ਚੇਤਨਾਂ[5] ਦਾ ਤੂੰ ਆਧਾਰ ਵਾਰੀ।
ਤੇਰੇ ਆਸਰੇ ਜ਼ਿਮੀਂ ਅਸਮਾਨ ਖਲੇ, ਥੰਮਾਂ ਬਾਝ ਤੂੰ ਲਿਆ ਖੁਲਿਹਾਰ ਵਾਰੀ।
ਸੂਰਜ ਚੰਦ ਤਾਰੇ ਗੁਰਦਸ਼[6] ਕਰਨ ਸਾਰੇ, ਤੇਰੀ ਸਤਿਆ ਪਾ ਬਲਕਾਰ ਵਾਰੀ।
ਤੇਰੇ ਜ਼ੋਰ ਥੀ ਧੌਲ[7] ਜਮੀਨ ਚੁੱਕੀ ਬੇਸ਼ੁਮਾਰ ਸੰਸਾਰ ਦਾ ਭਾਰ ਵਾਰੀ।
ਤੇਰੀ ਸਤਿਆ ਸੱਤ ਸਮੁੰਦ ਠਲ੍ਹੇ[8], ਰਹਿੰਦਾ ਕੰਢਿਆਂ ਦੇ ਅੰਦਰ ਵਾਰ ਵਾਰੀ।
ਤੂੰ ਪਰਮਾਤਮਾ ਪ੍ਰਭੂ ਦੀ ਜੋਤ ਜਾਗੇਂ, ਤੇਰਾ ਚਾਨਣਾ ਉਹ ਅਪਾਰ ਵਾਰੀ।
ਤੇਰੀ ਸ਼ਰਨ ਪੈ ਕੇ ਤਰਨ ਘੋਰ ਪਾਪੀ, ਤੂੰ ਸੰਸਾਰ ਸੰਦਾ ਤਾਰਣ ਹਾਰ ਵਾਰੀ।

---

1. ਪੱਕੀ ਤਰ੍ਹਾਂ। 2. ਰਤੀ ਰਤੀ। 3. ਇਕਰਾਰ। 4. ਹਿੰਮਤ। 5. ਬੇਜਾਨ ਤੇ ਜਾਨਦਾਰ। 6. ਪ੍ਰਕਰਮਾ ਕਰਨੀ।
7. ਬਲਦ, ਜਿਸ ਬਾਬਤ ਮੰਨਿਆ ਜਾਂਦਾ ਹੈ ਕਿ ਉਸ ਨੇ ਧਰਤੀ ਨੂੰ ਚੁਕਿਆ ਹੋਇਆ ਹੈ।
8. ਰੋਕੇ, ਇਸ਼ਾਰਾ ਇਹ ਹੈ ਕਿ ਧਰਤੀ ਨਾਲੋਂ ਤਿੰਨ ਗੁਣਾ ਪਾਣੀ ਹੈ ਫਿਰ ਭੀ ਉਹ ਧਰਤੀ ਨੂੰ ਨਹੀਂ ਗਾਲਦਾ ਅਤੇ ਨਾ ਹੀ ਸਮੁੰਦਰ ਦਾ ਪਾਣੀ ਉਛਲ ਕੇ ਧਰਤੀ ਉਤੇ ਆ ਕੇ ਇਸ ਨੂੰ ਰੋੜ੍ਹਦਾ ਹੈ।

ਮੈਨੂੰ ਬਹੁੜ ਇਸ ਵਕਤ ਨਿਮਾਨੜੀ ਨੂੰ, ਮੁਸ਼ਕਲ ਹਲ ਕਰ ਵਿਚ ਪਲਕਾਰ ਵਾਰੀ।
ਮੇਰਾ ਹੋਇ ਸਹਾਇ ਤੂੰ ਆਨ ਛੇਤੀ, ਬੇੜੀ ਡੁਬਦੀ ਨੂੰ ਕਰੀਂ ਪਾਰ ਵਾਰੀ।
ਜੀਕਰ ਧਰਮ ਮੈਂ ਰਖਿਆ ਅਜ ਤੀਕਰ, ਪਾਕੇ ਨਲ ਦੇ ਨਾਲ ਪਿਆਰ ਵਾਰੀ।
ਪਤੀ ਭਾਵਨਾ ਹੋਰਥੇ ਨਹੀਂ ਕੀਤੀ, ਜਾਤਾ ਓਸ ਨੂੰ ਸਿਰੇ ਸਰਦਾਰ ਵਾਰੀ।
ਤਾਂ ਤੂੰ ਰਖ ਓਹੋ ਧਰਮ ਏਸ ਵੇਲੇ, ਕਰਕੇ ਮੇਹਰ ਆਪਣੀ ਦਯਾਧਾਰ ਵਾਰੀ।
ਮੇਰੇ ਲੁਕੇ ਸਿਰਤਾਜ ਜੀ ਬੈਠਿਆਂ ਹੀ, ਮੈਂ ਪਛਾਨ ਨਾ ਸਕਦੀ ਨਾਰ ਵਾਰੀ।
ਤੂੰ ਉਸ ਧਰਮ ਨੂੰ ਪਾਲ, ਦਿਖਾਲ ਦਰਸ਼ਨ, ਪੜਦਾ ਅੱਖ ਤੋਂ ਦੇਹ ਉਤਾਰ ਵਾਰੀ।
ਸਵਾਮੀ ਨਜ਼ਰ ਆਵੇ, ਮੇਰਾ ਭਾਗ ਜਾਗੇ, ਪਵਾਂ ਭੁਲ ਨਾ ਭੋਲ ਵਿਚਕਾਰ ਵਾਰੀ।
ਪੰਜੇ ਰੂਪ ਜੇਹੜੇ ਇਕੋ ਜਹੇ ਦਿਸਣ, ਇਕ ਸ਼ਕਲ ਦਿਸੇ ਬਰਕਰਾਰ[1] ਵਾਰੀ।
ਮੇਰੇ ਪਤੀ ਦੇ ਬਾਝ ਜੋ ਹੋਰ ਖਲੇ, ਧਾਰ ਪਤੀ ਦੇ ਵਾਂਗ ਨੁਹਾਰ ਵਾਰੀ।
ਓਹਨਾਂ ਚੌਹਾਂ ਦੇ ਗਲੋਂ ਕੁਮਲਾ ਜਾਵਨ, ਕਲੀਆਂ ਵਾਲੜੇ ਫੁਲਾਂ ਦੇ ਹਾਰ ਵਾਰੀ।
ਮੇਰੇ ਪਤੀ ਦਾ ਹਾਰ ਨਾ ਨਰਮ ਹੋਵੇ, ਤੇਰੀ ਸਤਿਆ ਹੋ ਮਦਦਗਾਰ ਵਾਰੀ।
ਜੇਕਰ ਪਿਆ ਭੁਲਾਵੜਾ ਮੁਝ ਤਾਈ, ਮਾਰ ਮਰਾਂਗੀ ਹੁਣੇ ਕਟਾਰ ਵਾਰੀ।
ਚਾਤ੍ਰਿਕ ਕਰਾਂਗੀ ਆਪਣਾ ਧਰਮ ਪੂਰਾ, ਤੇਰੇ ਵੱਸ ਹੈ ਰਖਯਾ ਮਾਰ ਵਾਰੀ।

ਰਾਜਾ ਨਲ ਨੂੰ ਰਾਜ ਕੁਮਾਰੀ ਦਮਯੰਤੀ ਨੇ ਪਛਾਣ ਲੈਣਾ

ਹੋਈ ਮਿਹਰ ਪਰਮਾਤਮਾ ਸਚੜੇ ਦੀ, ਚਾਰੇ ਦੇਵਤੇ ਭੀ ਰਹਿਮ ਖਾ ਗਏ।
ਕੀਤੀ ਧਰਮ ਸਹਾਇਤਾ ਇਸਤ੍ਰੀ ਦੀ, ਫੁਲ ਚੌਹਾਂ ਦੇ ਗਲੋਂ ਕੁਮਲਾ ਗਏ।
ਹੋ ਨਿਰਾਸ ਬੇ-ਆਸ, ਹਰਾਸ ਘੱਤੇ ਸ਼ਰਮ ਖਾ ਕੇ ਸੀਸ ਝੁਕਾ ਗਏ।
ਜਿਵੇਂ ਸੁਬਹ ਤੋਂ ਖਾਣ ਸ਼ਿਕਸਤ[2] ਤਾਰੇ, ਤਿਵੇਂ ਹੇਠ ਨੂੰ ਮੁਖ ਭਵਾ ਗਏ।
ਕਰਾਮਾਤ ਹੋਈ ਮਾਤ ਵੇਖਕੇ ਤੇ, ਅਸਲ ਨਕਲ ਅੰਦਰ ਫਰਕ ਪਾ ਗਏ।
ਸੋਨਾ ਪਰਖਿਆ ਗਿਆ ਘਸਵੱਟੀਆਂ ਤੇ, ਪਿੱਤਲ ਆਪਣਾ ਰੰਗ ਵਟਾ ਗਏ।
ਅਮਲਾਂ ਵਾਲੜੇ ਰਹੇ ਸਬੂਤ ਖਲੇ, ਗੁਨਹਗਾਰ ਬੇਅਮਲ ਸ਼ਰਮਾ ਗਏ।
ਮੋਤੀ ਆਪਣੀ ਆਬ ਵਿਖਾ ਗਏ, ਮਲਕੇ ਪੀਸਿਆਂ ਫਿਸ ਫਿਸਾ ਗਏ।
ਸਚੇ ਰਹੇ ਪਰਤਾਵਿਆਂ ਵਿਚ ਪੂਰੇ, ਕਚੇ ਕਚ ਦੀ ਝਲਕ ਵਿਖਾ ਗਏ।
ਰਾਜੇ ਨਲ ਦੇ ਫੂਲ ਨਾ ਝਵੇਂ ਰਤੀ, ਬਾਕੀ ਦਿਉਤਿਆਂ ਗਲੋਂ ਮਿਸਮਾ[3] ਗਏ।
ਦਮਯੰਤੜੀ ਦੀ ਨਜ਼ਰ ਆ ਗਏ, ਚਿੰਤਾ ਨਦੀ ਤੋਂ ਪਾਰ ਲੰਘਾ ਗਏ।
ਕੰਮ ਰਾਸ ਹੋਏ, ਹੋਈ ਆਸ ਪੂਰੀ, ਚਾਤ੍ਰਿਕ ਨਾਰ ਦਾ ਧਰਮ ਬਚਾ ਗਏ।
ਬਿਜਲੀ ਵਾਂਗ ਪਾ ਕੇ ਝਲਕ ਪਲਕ ਅੰਦਰ, ਝੱਟ ਹਾਰ ਗਲ ਓਸਦੇ ਪਾਇਆ ਏ।
ਇਕ ਖਾਸ ਖੁਵਾਸ[4] ਨੇ ਹੋ ਅਗੇ, ਮੱਥੇ ਰਾਉ ਦੇ ਤਿਲਕ ਚਾ ਲਾਇਆ ਏ।
ਕੁੰਗੂ[5] ਭਰੀ ਕਟੋਰੜੀ ਇਕ ਡੋਹਲੀ, ਇਕ ਸੀਸ ਤੇ ਛਤਰ ਝੁਲਾਇਆ ਏ।

---

1. ਕਾਇਮ, ਲਗਾਤਾਰ, ਪੂਰੀ। 2. ਹਾਰ। 3. ਕੁਮਲਾ। 4. ਨੌਕਰ। 5. ਕੇਸਰ।

ਬੀੜਾ ਪਾਨ ਦਾ ਇਕ ਨੇ ਪੇਸ਼ ਕੀਤਾ, ਧੂਪ ਦੀਪ ਨਈਵਦ[1] ਚੜ੍ਹਾਇਆ ਏ।
ਰਾਣੀ ਨਾਲ਼ ਪਿਆਰ ਦੇ ਪਕੜ ਪੱਲਾ, ਨੀਵੀਂ ਨਜ਼ਰ ਤੇ ਸੀਸ ਝੁਕਾਇਆ ਏ।
ਮੰਗਲਚਾਰ ਉਚਾਰ ਚੁਤਰਫ ਹੋਯਾਂ, ਉਤੋਂ ਦਿਉਤਿਆਂ ਫੂਲ ਬਰਸਾਇਆ ਏ।
ਸ਼ਲਕ ਤੋਪਖਾਨੇ ਅੰਦਰ ਹੋਣ ਲਗੀ, ਧੌਂਸਾਂ ਵਿਚ ਦਰਬਾਰ ਵਜਾਇਆ ਏ।
ਵਾਜੇ ਤੂਤੀਆਂ ਨਾਲ ਨਗਾਰਿਆਂ ਦੇ, ਜੈ ਜੈ ਕਾਰ ਦਾ ਸ਼ਬਦ ਸੁਨਾਇਆ ਏ।
ਜੈ ਵਧਾਈ ਵਧਾਈ ਦੀ ਛਾਈ ਸਾਰੇ, ਬਾਪ ਮਾਈ ਨੂੰ ਚਾਉ ਸਵਾਇਆ ਏ।
ਮਾਤ ਲੋਕ, ਆਕਾਸ਼, ਪਾਤਾਲ ਲੋਕੀਂ, ਜੈ ਜੈ ਕਾਰ ਸੰਦਾਂ ਵਾਜ ਆਇਆ ਏ।
ਦਰਮਿਆਨ ਮੈਦਾਨ ਦੇ ਡਾਹ ਕੁਰਸੀ, ਰਾਜਾ ਨਲ ਨੂੰ ਆਣ ਬਿਠਾਇਆ ਏ।
ਚਾਤ੍ਰਿਕ ਸਖੀਆਂ ਝਮਰਾ ਪਾ ਗਿਰਦੇ, ਗੀਤ ਮੰਗਲਾਂਚਾਰ ਦਾ ਗਾਇਆ ਏ।

ਮੰਗਲਾਚਾਰ ਗਾਉਣਾ ਸਖੀਆਂ ਦਾ

ਬੋਲ ਕਾਨੜਾ[2], ਤਾਲ ਝੱਪ[3], ਲੈ ਦਰਮਿਆਨੀ।
ਵਜ਼ਨ[4]—ਸ਼ੁਭ ਘੜੀ ਸੁਭ ਲਗਨ ਮਹੂਰਤ।

ਟੇਕ-ਗਾਵੇ: ਸਖੀ ਮਿਲ ਮੰਗਲਚਾਰਾ। ਜੁਗ ਜੁਗ ਜੀਵੇ ਯੇਹ[5] ਦੂਲੋ ਹਮਾਰਾ।
ਸੁਖੀ ਵਸੇ ਜੋੜੀ, ਵਧੇ ਪ੍ਰੀਤ ਦਿਨ ਦਿਨ, ਏਕਮ ਕੇ ਚੰਦ੍ਰ ਕੀ ਨਯਾਈ ਪਯਾਰਾ।
ਅਨ ਧਨ ਸੁਖ ਚੈਨ, ਰਾਗ ਰੰਗ ਦਿਨ ਰੈਨ, ਮਾਨੀ ਪ੍ਰਤਾਪੀ ਹੋ ਵੰਡ ਪਰਵਾਰਾ।
ਚੰਦਕੀ[6] ਕਮਲਨੀ[7] ਵੂਹ ਫੁਲੋਂ ਕਾ ਭੰਵਰਾ, ਪ੍ਰੀਤ ਰੀਤ ਚਿਤ ਮੇਂ ਹੋ ਇਨਕੇ ਅਪਾਰਾ।
ਸੀਲਵੰਤੀ ਪਤਨੀ ਹੋ ਚੱਕ੍ਰ ਪਤੀ ਸਵਾਮੀ, ਦੇਵੇ ਅਸੀਸਾਂ ਏਹ ਚਾਤ੍ਰਿਕ ਵਿਚਾਰਾ।

(ਗਜ਼ਲ)

ਤਰਜ਼—ਅੰਗਰੇਜੀ[8], ਤਾਲ ਤੀਨ[9] ਵਾ ਦਾਦਰਾ[10]।
ਵਜ਼ਨ-ਦਿਲੇ ਨਾਦਾਂ ਕੋ ਹਮ ਸਮਝਾਏ ਜਾਏਂਗੇ।

ਟੇਕ-ਮੋਰੇ ਬਾਂਕੇ ਬਿਹਾਰੀ ਘਰ ਆਏ ਸਖੀਆ। ਮੋਰ ਨੈਨਾਂ ਮੋਹਿਨ ਸਿਯਰਾਏ ਸਖੀਆਂ।
ਗੋਰਾ ਗੋਰਾ ਮੁਖੜਾ, ਕਾਰੇ ਕਾਰੇ ਨੈਨਾਂ-ਭੋਰੀ ਸੂਰਤ ਬਨਾਏ ਸਖੀਆਂ, ਮੋਰੇ...

---

1. ਦੇਵਤਿਆਂ ਦੀ ਭੇਟ ਕੀਤਾ ਭੋਜਨ (ਪ੍ਰਸ਼ਾਦ)।
2. ਇਕ ਰਾਗ ਦਾ ਨਾਂ ਹੈ ਜੋ ਆਮ ਕਰਕੇ ਰਾਤ ਨੂੰ ਗਾਇਆ ਜਾਂਦਾ ਹੈ।
3. ਇਕ ਤਾਲ ਦਾ ਨਾਂ ਹੈ, ਤਾਲ ਤੋਂ ਭਾਵ ਵਕਤ ਦੀ ਇਕ ਬੰਦਸ਼ ਹੈ ਜਿਸ ਦੇ ਵਿਚ ਗਵਈਆ ਜਾਂ ਰਾਗੀ ਚਲਦਾ ਹੈ।
4. ਤੋਲ, ਇਥੇ ਭਾਵ ਧਾਰਨਾ ਤੋਂ ਹੈ ਜਿਸ ਉਤੇ ਦਿਤਾ ਹੋਇਆ ਗੀਤ ਆਮ ਗਾਇਆ ਜਾਂਦਾ ਹੈ।
5. ਇਹ, ਇਨ੍ਹਾਂ ਗੀਤਾਂ ਵਿਚ ਅਤੇ ਏਸੇ ਤਰ੍ਹਾਂ ਹੋਰ ਵੀ ਕਈ ਛੰਦਾਂ ਵਿਚ ਕੁਝ ਕੁ ਹਿੰਦੀ ਦੇ ਸ਼ਬਦ ਆ ਜਾਂਦੇ ਹਨ ਜਿਵੇਂ ਕਿ ਇਸ ਗੀਤ ਵਿਚ ਵੀ ਨਿਆਂਈ, ਦਿਨ-ਰੈਨ, ਹੋ ਆਦਿ ਹਨ।
6. ਚੰਦਰਮਾ ਵਰਗੀ। 7. ਕੰਵਲ ਫੁਲ ਵਰਗੀ।
8. ਅੰਗਰੇਜ਼ੀ ਤਰਜ ਤੋਂ ਭਾਵ ਉਸ ਵੇਲੇ ਦੀਆਂ ਥੀਏਟਰੀਕਲ ਕੰਪਨੀਆਂ ਦੀਆਂ ਤਰਜ਼ਾਂ ਤੋਂ ਜਾਪਦਾ ਹੈ, ਜਿਵੇਂ ਅਜ ਕਲ ਸਿਨਮਾ ਦੀਆਂ ਤਰਜ਼ਾਂ ਉਤੇ ਹੋਰ ਗਾਣੇ ਬਣਦੇ ਹਨ, ਤਿਵੇਂ ਹੀ ਉਦੋਂ ਨਾਟਕ ਕਰਨ ਵਾਲੀਆਂ ਕੰਪਨੀਆਂ, ਜਿਨ੍ਹਾਂ ਧਾਰਨੀਆਂ ਉਤੇ ਗੀਤ ਗਾਉਂਦੀਆਂ ਸਨ, ਉਨ੍ਹਾਂ ਧਾਰਨਾ ਉਤੇ ਹੀ ਹੋਰ ਗੀਤ ਬਣਾਇਆ ਜਾਂਦਾ ਸੀ।
9-10. ਦੋ ਤਾਲਾਂ ਦੇ ਨਾਂ ਹਨ ਅਤੇ ਇਹ ਗੀਤ ਦੋਹਾਂ ਤਾਲਾਂ ਵਿਚ ਗਾਇਆ ਜਾਣ ਲਈ ਇਸ਼ਾਰਾ ਹੈ। ਕੁਝ ਸਤਰਾਂ ਤਿੰਨ ਤਾਲ ਵਿਚ ਅਤੇ ਕੁਝ ਦਾਦਰੇ ਤਾਲ ਵਿਚ ਆਦਿ।

(ਦਾਦਰਾ) ਮੰਗਲਾਚਾਰ ਕਰੇਂ ਦੇਤ ਵਧਾਈਆਂ ਆਲੀ।
ਆਸਾਂ ਉਮੈਦਾਂ ਮਹਾਰਾਜ ਪੁਜਾਈਆਂ ਆਲੀ।
ਜੁਗ ਜੁਗ ਰਾਜ ਕਰੇਂ ਚੈਨ ਉਮਾਹੀਆਂ ਆਲੀ।
ਜੋੜੀਆਂ ਜੋੜ ਬਣਾ ਰਾਮ ਰਲਾਈਆਂ ਆਲੀ।
ਦਿਨ ਦਿਨ ਪ੍ਰੀਤ ਵਧੇ ਲੈਨ ਬਲਾਈਆਂ ਆਲੀ।

(ਤਾਲ ੩)

ਮਤਵਾਰੀ ਦੁਲਾਰੀ ਹਮਾਰੀ ਸੁਖ ਸਖੀਆਂ। ਮੋਰੇ ਬਾਂਕੇ ਬਿਹਾਰੀ ਘਰ......
(ਦੋਬਾਰਾ) ਸਭ ਮਿਲ ਮਿਲ ਕੇ ਦੇਤ ਵਧਾਈਆਂ ਜੀ। ਸਭ ਮਿਲ......
ਰਾਮ ਰਲਾਈ ਸੁੰਦਰ ਜੋੜੀ ਸਭ ਆਸਾਂ ਉਮੈਦਾਂ ਪੁਜਾਈਆਂ ਜੀ।

(ਦਾਦਰਾ) ਦੂਲ੍ਹਾ ਦੁਲਹਨ ਕੋ ਸੁਬਹ ਸ਼ਾਮ ਮੁਬਾਰਕ ਹੋਵੇ।
ਐਸੋ ਅਸ਼ਰਤ ਕਾ ਭਰਾ ਜਾਮ[1] ਮੁਬਾਰਕ[2] ਹੋਵੇ।
ਤੇਜ ਪ੍ਰਤਾਪ ਬੜ੍ਹੇ ਨਾਮ ਮੁਬਾਰਕ ਹੋਵੇ।
ਚੈਨ ਸੁਖ ਰੈਨ ਦਿਨ ਅਰਾਮ ਮੁਬਾਰਕ ਹੋਵੇ।
ਹੋਵੇ ਪ੍ਰਣਾਮ ਏਹ ਸੁਖ ਧਾਮ ਮੁਬਾਰਕ ਹੋਵੇ।

(ਤਾਲ ੩) ਚਾਤ੍ਰਿਕ ਆਈਆਂ ਲੁਕਾਈਆਂ ਵਧਾਈਆਂ ਸੁਨਾਏ ਸਖੀਆਂ। ਮੋਰੇ ...

ਬਚਨ ਰਾਜਾ ਨਲ ਦਾ ਰਾਣੀ ਦਮਯੰਤੀ ਨਾਲ

ਪਿਆਰੀ ਜਿਸ ਤਰ੍ਹਾਂ ਸਤ ਨੂੰ ਪਾਲਿਆ ਹੈ, ਏਸੇ ਤਰ੍ਹਾਂ ਤੇਰੀ ਕਦਰ ਕਰਾਂਗਾ ਮੈਂ।
ਜੀਕਨ ਜਾਨ ਤੂੰ ਮੁਝ ਤੋਂ ਵਾਰ ਦਿਤੀ, ਤਿਵੇਂ ਜਾਨ ਤੇਰੀ ਉਤੇ ਮਰਾਂਗਾ ਮੈਂ।
ਤੇਰੇ ਬਾਝ ਨਾ ਜੀਉਂਦਿਆਂ ਵਿਚ ਸੁਪਨੇ, ਕਿਸੇ ਇਸਤ੍ਰੀ ਹੋਰ ਨੂੰ ਵਰਾਂਗਾ ਮੈਂ।
ਛੱਡ ਦੇਵਤੇ ਮੁਝ ਨੂੰ ਚਾਹਿਓ ਈ, ਏਸੇ ਤਰ੍ਹਾਂ ਤੇਰੀ ਹਾਮੀ ਭਰਾਂਗਾ ਮੈਂ।
ਤੇਰੀ ਖੁਸ਼ੀ ਮਤਲੂਬ[3] ਹਰ ਹਾਲ ਹੋਸੀ, ਵੇਖ ਖੁਸ਼ੀ ਤੈਨੂੰ ਸਦਾ ਠਰਾਂਗਾ ਮੈਂ।
ਚਾਤ੍ਰਿਕ ਅਰਧ ਸਰੀਰ[4] ਮੈਂ ਜਾਣ ਤੈਨੂੰ, ਕੋਈ ਗਲ ਨਾ ਜੀਉ ਤੇ ਧਰਾਂਗਾ ਮੈਂ।

ਪ੍ਰਸੰਨ ਹੋਣਾ ਰਾਜਾ ਭੀਮ ਦਾ

ਆ ਲੁਕਾਈ ਵਧਾਈ ਦੇ ਭੀਮ ਤਾਂਈ, ਖੁਸ਼ੀ ਓਸ ਨੂੰ ਦੂਣ ਸਵਾਈ ਹੋਈ।
ਜੈਸੀ ਪੁਤ੍ਰੀ ਅਕਲ ਤੇ ਰੂਪ ਵਾਲੀ, ਮਿਲਿਆ ਤਿਹਾ ਜਵਾਈ, ਵਧਾਈ ਹੋਈ।
ਵਾਹ ਵਾਹ, ਚਹੁੰ ਪਾਸਿਓਂ ਵਾਜ ਆਵੇ, ਸੋਹਣੀ ਜੋੜੀ ਏਹ ਰਾਮ ਰਲਾਈ, ਵਧਾਈ ਹੋਈ।
ਓਧਰ ਵਿਚ ਰਣਵਾਸ ਆਨੰਦ ਹੋਯਾ, ਡਾਢੀ ਖੁਸ਼ੀ ਦਮਯੰਤੀ ਦੀ ਮਾਈ, ਵਧਾਈ ਹੋਈ।
ਰੱਬਾ ਜੀਉਣ ਜਾਗਣ ਜੋੜੀ ਸੁਖੀ ਵੱਸੇ, ਡਾਢੀ ਅਸਾਂ ਤੇ ਮੇਹਰ ਅਲਾਹੀ ਹੋਈ।
ਏਧਰ ਸਵਯੰਬਰੀ ਲੋਕ ਹੈਰਾਨ ਬੈਠੇ, ਏਹ ਕੀ ਅਸਾਂ ਦੇ ਨਾਲ ਹਸਾਈ ਹੋਈ।

---

1. ਪਿਆਲਾ। 2. ਵਧਾਈ। 3. ਮੰਗ। 4. ਅਰਧ ਸਰੀਰ ਤੋਂ ਭਾਵ ਇਸਤਰੀ ਜਾਂ ਪਤਨੀ ਹੈ।

ਟੁਟੇ ਆਸ ਦੇ ਲੱਕ-ਨਿਰਾਸ਼ ਹੋਏ, ਉਚੀ ਨਜ਼ਰ ਨਾ ਹੋਵੇ ਸ਼ਰਮਾਈ ਹੋਈ।
ਉੜਕ ਜਾਣ ਨੂੰ ਹੋਏ ਤਿਆਰ ਸਭੇ, ਮੰਡਲ ਵਿਚ ਯਕਲਖਤ[1] ਸਫਾਈ ਹੋਈ।
ਚੌਹਾਂ ਦਿਉਤਿਆਂ ਧਾਰਿਆ ਰੂਪ ਅਸਲੀ, ਕਰਕੇ ਦੂਰ ਓਹ ਸ਼ਕਲ ਵਟਾਈ ਹੋਈ।
ਚਾਤ੍ਰਿਕ ਚੌਹਾਂ ਨੇ ਉਠ ਏਹ ਵਰ ਦਿਤੇ, ਰਾਜੇ ਨਲ ਉਤੇ ਮੇਹਰ ਆਈ ਹੋਈ।

ਰਾਜਾ ਨਲ ਨੂੰ ਦੇਵਤਿਆਂ ਨੇ ਵਰ ਦੇਣਾ

ਇੰਦ੍ਰ ਕਿਹਾ ਜਦ ਯੱਗ ਤੂੰ ਕਰਨ ਲਗੇਂ, ਮੇਰਾ ਜ਼ਾਹਰ[2] ਤਦੋਂ ਦੀਦਾਰ ਹੋਸੀ।
ਤੇਰਾ ਤੇਜ ਮੇਰੇ ਵਾਂਗ ਚਮਕ ਮਾਰੇ, ਮੇਰੀ ਮਦਦ ਤੇਰੀ ਮਦਦਗਾਰ ਹੋਸੀ।
ਅਗਨੀ ਆਖਿਆ ਤੇਜ ਪ੍ਰਤਾਪ ਹੋਵੇ, ਮੇਰੇ ਵਾਂਗ ਪ੍ਰਚੰਡ ਪਰਵਾਰ ਹੋਸੀ।
ਜਿਥੇ ਕਰੇਂਗਾ ਯਾਦ ਤੂੰ ਮੁਝ ਤਾਂਈ, ਓਸੇ ਵਕਤ ਹਾਜ਼ਰ ਖਿਦਮਤਗਾਰ ਹੋਸੀ।
ਧਰਮਰਾਜ ਨੇ ਇੰਜ ਫੁਰਮਾਨ ਕੀਤਾ, ਸਦਾ ਧਰਮ ਤੇਰਾ ਬਰਕਰਾਰ ਹੋਸੀ।
ਜੇਹੜੇ ਲਾਜ਼ਮੇ ਨੂੰ ਤੇਰਾ ਹਥ ਲਗੇ, ਬਿਨ ਮਸਾਲਿਓਂ ਹੀ ਲਜ਼ਤਦਾਰ ਹੋਸੀ।
ਕਿਹਾ ਵਰਨ ਨੇ ਕਰੇਂ ਜਦ ਯਾਦ ਮੈਨੂੰ, ਪਾਣੀ ਆਨ ਤੇਰਾ ਪਾਣੀ ਹਾਰ ਹੋਸੀ।
ਤੇਰਾ ਤੇਜ ਮੇਰੇ ਵਾਂਗ ਤੇਜ਼ ਹੋਵੇ, ਜਗਤ ਵੇਖ ਬਲਿਹਾਰ ਬਲਿਹਾਰ ਹੋਸੀ।
ਇਕ ਇਕ ਫੂਲ ਮਾਲਾ ਪਾਈ ਗਲੇ ਅੰਦਰ, ਏਹ ਨਾ ਕਦੇ ਕੁਮਲਾਵਣੇ ਹਾਰ ਹੋਸੀ।
ਚਾਤ੍ਰਿਕ ਦੇ ਅਸੀਸ ਉਹ ਵਿਦਾ ਹੋਏ, ਅਗੇ ਚਾਹੇਗਾ ਜੇਹੜੀ ਕਰਤਾਰ ਹੋਸੀ।

ਵਿਵਾਹ ਰਾਜਾ ਨਲ ਤੇ ਰਾਜ ਕੁਮਾਰੀ ਦਮਯੰਤੀ ਦਾ

ਰਾਜੇ ਭੀਮ ਬੜੇ ਆਨੰਦ ਸੇਤੀ, ਲਗਨ ਸ਼ਗਨ ਦਾ ਸ਼ਗਨ ਸੁਧਾਇਆ ਏ।
ਘੜੀ ਵੇਖ ਸੁਲੱਖਣੀ ਸੱਦ ਪਾਂਧੇ, ਬੈਠ ਕੰਨਿਆਂ ਦਾਨ ਕਰਾਇਆ ਏ।
ਰਾਜਾ ਨਲ ਕੁਮਾਰੀ ਦਮਯੰਤੜੀ ਦਾ, ਨਾਲ ਖੁਸ਼ੀ ਦੇ ਜੋੜ ਜੁੜਾਇਆ ਏ।
ਕਈ ਰੋਜ਼ ਘਰ ਰੱਖ ਮਹਿਮਾਨ ਤਾਂਈ, ਨਾਲ ਚਾਉ ਮਲਾਰ ਖੁਲਾਇਆ ਏ।
ਦੇ ਕੇ ਦਾਜ ਦਹੇਜ ਬੇਅੰਤ ਸੋਹਣਾ, ਸੋਹਣੀ ਤੋਰ ਦੇ ਨਾਲ ਤੁਰਾਇਆ ਏ।
ਹਾਥੀ, ਰਥ, ਘੋੜੇ, ਸੈਨਾ, ਦਾਸ, ਦਾਸੀ, ਚਾਂਦੀ ਸੋਨੇ ਦਾ ਅੰਤ ਨਾ ਪਾਇਆ ਏ।
ਮੋਤੀ, ਨਾਲ, ਜਵਾਹਰ, ਜਮੁਰਦ, ਹੀਰਾ, ਬੇਸ਼ੁਮਾਰ ਦਹੇਜ ਧਰਾਇਆ ਏ।
ਚਾਤ੍ਰਿਕ ਨਲ ਰਾਜਾ ਕਰ ਪ੍ਰਣਾਮ ਤੁਰਿਆ, ਨਾਲ ਚਾਉ ਦੇ ਘਰਾਂ ਨੂੰ ਆਇਆ ਏ।
ਫੂਲ ਪਿਆ ਉਮੈਦ ਦੇ ਬੂਟੜੇ ਤੇ, ਆਸਾਂ ਸਭ ਪ੍ਰਮਾਤਮਾ ਪੂਰੀਆਂ ਜੀ।।
ਮਿਲਿਆ ਚੰਦ ਚਕੋਰਨੀ ਸਿਕਦੀ ਨੂੰ, ਦੂਰ ਕੀਤੀਆਂ ਰਬ ਨੇ ਦੂਰੀਆਂ ਜੀ।
ਨਿਤ ਐਬ ਅਰਾਮ ਦਾ ਜਾਮ ਪੀਂਦੇ, ਖਾਂਦੇ ਦੁਧ ਮਲਾਈਆਂ ਚੂਰੀਆਂ ਜੀ।
ਰਾਣੀ ਪਤੀ ਪਰਮਾਤਮਾ ਰੂਪ ਜਾਣੇ, ਦਿਲੋਂ ਛਡ ਕੇ ਮਾਨ ਮਗਰੂਰੀਆਂ ਜੀ।
ਪਤੀ ਓਸ ਨੂੰ ਅਰਧ ਸਰੀਰ ਜਾਣੇ, ਅਰਜ਼ਾਂ ਸਭ ਕਬੂਲ ਮਨਜ਼ੂਰੀਆਂ ਜੀ।

1. ਇਕ ਦਮ, ਝਟ ਪਟ। 2. ਪ੍ਰਗਟ।

ਜੋੜੀ ਚੈਨ ਪਾਵੇ ਦਿਨ ਰੈਨ ਅੰਦਰ, ਅੰਨ ਧਨ, ਲਵੇਰੀਆਂ ਬੂਰੀਆਂ ਜੀ।
ਰਾਜ, ਭਾਗ, ਪ੍ਰਤਾਪ ਤੇ ਹੁਕਮ ਹਾਸਲ, ਦਾਨ ਮਾਨ ਤੇ ਸਿਦਕ ਸਬੂਰੀਆਂ ਜੀ।
ਅਹਿਲਕਾਰ ਸਰਕਾਰ ਦਰਬਾਰ ਚਾਤ੍ਰਿਕ, ਤਾਬੇਦਾਰ ਵਜ਼ੀਰ ਹਜ਼ੂਰੀਆਂ ਜੀ।
ਕਰਦਾ ਅਦਲ[1] ਅਦਾਲਤਾਂ ਵਿਚ ਐਸਾ, ਦੁਧ ਪਾਣੀਓਂ ਅੱਡ ਕਰਾਂਵਦਾ ਏ।
ਸੱਪ ਮੋਰ ਨੂੰ ਵੇਖ ਨਾ ਖਾਰ ਖਾਏ, ਅਜ[2] ਸ਼ੇਰ ਇਕ ਘਾਟ ਪਿਲਾਂਵਦਾ ਏ।
ਬਾਝ ਜੰਦਰੇ ਹੱਟ ਬਾਜ਼ਾਰ ਖੁਲ੍ਹੇ, ਕੋਈ ਆਨ ਕੇ ਹਥ ਨਾ ਲਾਂਵਦਾ ਏ।
ਦੀਨ ਦੁਖੀ ਨਾਂ ਆਂਵਦਾ ਨਜ਼ਰ ਕੋਈ, ਐਸਾ ਧਰਮ ਦਾ ਰਾਜ ਕਮਾਂਵਦਾ ਏ।
ਮਾਲਾ ਮਾਲ ਖਲਕਤ, ਨਾ ਕੰਗਾਲ ਕੋਈ, ਤਲੀ ਅੱਡ ਸਵਾਲ ਨਾ ਪਾਂਵਦਾ ਏ।
ਹੋਮ ਜੱਗ ਭੰਡਾਰੜੇ ਰਹਿਣ ਲਗੇ, ਨਿਤ ਅੰਨ ਤੇ ਧਨ ਬਰਸਾਂਵਦਾ ਏ।
ਜੋੜੀ ਸਤਿਆਵਾਨ ਤੇ ਧਰਮ ਵਾਲੀ, ਸਾਈਂ ਵੇਖ ਕੇ ਮੇਹਰ ਫੁਰਮਾਂਵਦਾ ਏ।
ਜੋੜੀ ਲਾਲਾਂ ਦੀ ਬਖਸ਼ਦਾ ਦਯਾ ਕਰਕੇ, ਬਾਲ ਸੋਹਣੇ ਗੋਦ ਖਿਡਾਂਵਦਾ ਏ।
ਦਿਤਾ ਇਕ ਫਰਜ਼ੰਦ[3] ਦਿਲਬੰਦ[4] ਸੋਹਣਾ, ਇੰਦ੍ਰ ਸੈਨਾ ਜਿਸ ਨਾਮ ਰਖਾਂਵਦਾ ਏ।
ਦੂਜੀ ਕੰਨਿਆਂ ਦੂਜ ਦੇ ਚੰਦ ਵਰਗੀ, ਇੰਦ੍ਰ ਸੈਨ੍ਹਾ ਕਰ ਓਸ ਬੁਲਾਂਵਦਾ ਏ।
ਟੁਕੜੇ ਜਿਗਰ ਦੇ ਹੋਣ ਉਲਾਦ ਸੁਚੀ, ਦੁਨੀਆਂ ਵਿਚ ਏਹ ਬੂਟੜਾ ਛਾਉਂਦਾ ਏ।
ਤਾਰੇ ਅਖੀਆਂ ਦੇ ਆਖੇ ਜੱਗ ਓਹਨੂੰ, ਇਸਦੇ ਬਾਝ ਬੰਦਾ ਕੇਹੜੀ ਥਾਉਂ ਦਾ ਏ।
ਅੰਨ, ਧਨ ਪੁਤਰ, ਦੁਧ, ਲਛਮੀ ਤੇ, ਨਾਰੀ ਆਗਿਆਕਾਰ ਨੂੰ ਪਾਂਵਦਾ ਏ।
ਚਾਤ੍ਰਿਕ ਸਵਰਗ ਸੰਸਾਰ ਦੇ ਮਿਲੇ ਆ ਕੇ, ਦਿਨੇ ਰਾਤ ਆਨੰਦ ਮਨਾਂਵਦਾ ਏ।

ਪੰਜਵਾਂ ਖੰਡ : ਕਿਸਮਤ ਦਾ ਫੇਰ

ਪਿਛਲੇ ਸਿਲਸਿਲੇ ਦੀ ਇਕ ਗਲ ਬਾਕੀ, ਜਦੋਂ ਦੋਹਾਂ ਨੇ ਵਿਆਹ ਕਰਾਇਆ ਸੀ।
ਸਾਰੇ ਹੋਰ ਲੋਕਾਂ ਵਾਂਗ, ਇੰਦ੍ਰ ਰਾਜਾ, ਵਾਪਸ ਸਵਰਗ ਦੇ ਵਲ ਨੂੰ ਆਇਆ ਸੀ।
ਦੁਵਾਪਰ[5] ਨਾਲ ਮਿਲਿਆ ਕਲੂ[6] ਕਾਲ ਅਗੋਂ, ਮੁਲਾਕਾਤ ਕਰ ਫੇਰ ਪੁਛਾਇਆ ਸੀ।
ਇੰਦ੍ਰ ਪੁਛਿਆ ਓਸ ਤੋਂ ਹਾਲ ਅਗੋਂ, ਮਤਲਬ ਆਪਣਾ ਓਸ ਅਲਾਇਆ ਸੀ।
ਅਗੋਂ ਇੰਦ੍ਰ ਨੇ ਹਾਲ ਅਹਿਵਾਲ ਸਾਰਾ, ਸਵਯੰਬਰ ਵਾਲੜਾ ਚਾ ਸੁਣਾਇਆ ਸੀ।
ਓਸ ਵਕਤ ਜੇ ਦੋਹਾਂ ਵਿਚ ਹੋਈ ਚਰਚਾ, ਵਿਚੋਂ ਓਸ ਨੂੰ ਅਸਾਂ ਭੁਲਾਇਆ ਸੀ।
ਸੋ ਹੁਣ ਫੇਰ ਦੁਹਰਾਈਏ ਗਲ ਮੁੜਕੇ, ਕੀਕਰ ਕਲੂ ਨੇ ਰੰਜ ਮਨਾਇਆ ਸੀ।
ਚਾਤ੍ਰਿਕ ਨਾਲ ਕ੍ਰੋਧ ਦੇ ਖਾਰ ਖਾ ਕੇ, ਨਾਲ ਨਲ ਦੇ ਬੁਰਾ ਕਮਾਇਆ ਸੀ।

---

1. ਇਨਸਾਫ। 2. ਬਕਰੀ। 3. ਪੁਤਰ। 4. ਮਨਮੋਹਣਾ। 5. ਚਾਰ ਯੁਗਾਂ ਵਿਚੋਂ ਤੀਜਾ।
6. ਕਲਯੁਗ, ਬਹੁਤ ਸਾਰੇ ਧਾਰਮਕ ਗ੍ਰੰਥਾਂ ਵਿਚ ਕਲਜੁਗ ਨੂੰ ਅਰਥਾਤ ਹੁਣ ਨੂੰ ਬਹੁਤ ਸਾਰੀਆਂ ਬੁਰਿਆਈਆਂ ਤੇ ਦੁਖਾਂ ਦਾ ਕਾਰਨ ਮੰਨਿਆ ਗਿਆ ਹੈ ਅਤੇ ਇਸ ਤਰ੍ਹਾਂ, ਕਲਜੁਗ ਨੂੰ ਇਕ ਮਨੁਖੀ ਰੂਪ ਵਿਚ ਕਲਪਿਆ ਗਿਆ ਹੈ। ਚਾਤ੍ਰਿਕ ਜੀ ਨੇ ਵੀ ਸਮਾਜ ਦੀਆਂ ਸਾਰੀਆਂ ਬੁਰਿਆਈਆਂ ਅਤੇ ਦੁਖਾਂ ਦਾ ਜੁਮੇਵਾਰ ਕਲਜੁਗ ਨੂੰ ਹੀ ਬਣਾਇਆ ਹੈ ਅਤੇ ਓਹੀ ਨਲ ਦਮਯੰਤੀ ਉਤੇ ਆਉਣ ਵਾਲੀਆਂ ਔਕੜਾਂ ਦਾ ਕਾਰਨ ਦਸਿਆ ਗਿਆ ਹੈ। ਗੁਰੂ ਜੀ ਨੇ ਵੀ 'ਕਲ-ਕਾਤੀ' ਹੀ ਆਖਿਆ ਹੈ।

ਸਵਾਲ ਇੰਦ੍ਰ ਦੇਵਤਾ ਦਾ ਕਲੂ ਕਾਲ ਦੇ ਅਗੇ

ਕਲੂ ਕਾਲ ਜੀ ਆਈਏ ਖੁਸ਼ੀ ਹੋਈ, ਫੁਰਮਾਈਏ ਕਿਧਰੋਂ ਆਂਵਦੇ ਹੋ ?
ਕੇਹੜੇ ਕੰਮ ਨੂੰ ਅਜ ਤਿਆਰੀਆਂ ਨੇ, ਕਿਧਰ ਵਲ ਤੁਸੀਂ ਚਲੇ ਜਾਂਵਦੇ ਹੋ ?
ਕੇਹੜੇ ਦੇਸ ਨੂੰ ਕਰਨ ਆਬਾਦ ਚੱਲੇ, ਚਰਨ ਕੌਨ ਨਗਰੀ ਅੰਦਰ ਪਾਂਵਦੇ ਹੋ ?
ਕਿਧਰ ਮੇਹਰ ਦਾ ਮੀਂਹ ਵਰਸਾਨ ਚੱਲੇ, ਕੇਹੜੇ ਸ਼ਹਿਰ ਨੂੰ ਭਖਿਆ ਚਾਂਹਵਦੇ ਹੋ।
ਚਾਤ੍ਰਿਕ ਇਲਤੋਂ ਬਾਝ ਨਾ ਗਲ ਦਿਸੇ, ਜੇਹੜੇ ਅਖੀਆਂ ਅਜ ਮਟਕਾਂਵਦੇ ਹੋ ?

ਜਵਾਬ ਕਲੂ ਕਾਲ ਦਾ

ਮਹਾਰਾਜ ਜੀ ਮੁਝ ਤੋਂ ਪੁਛਦੇ ਹੋ ? ਤੁਸੀਂ ਹਾਲ ਸਾਰੇ ਜਾਣੀ ਜਾਨ ਰਾਜਨ।
ਸੁਣੀ ਦਮਯੰਤੀ, ਮਾਤ ਲੋਕ ਅੰਦਰ, ਲੱਗੀ ਅਜ ਵਿਆਹ ਕਰਾਨ ਰਾਜਨ।
ਸਵਯੰਬਰ ਕਰੇਗੀ ਸਦ ਕੇ ਰਾਜਿਆਂ ਨੂੰ, ਵੇਖ ਭਾਲ ਕੇ ਆਪਣਾ ਹਾਨ ਰਾਜਨ।
ਸਾਨੂੰ ਖਬਰ ਲਗੀ ਚਲੇ ਓਸ ਪਾਸੇ, ਕਢ ਆਪਣੀ ਆਪਣੀ ਸ਼ਾਨ ਰਾਜਨ।
ਜਾਕੇ ਵਰਾਂਗਾ ਓਸ ਨੂੰ ਤਾਣ ਲਾਕੇ, ਓਥੇ ਕੌਣ ਹੋਸੀ ਮੇਰੀ ਸਾਨ ਰਾਜਨ।
ਚਾਤ੍ਰਿਕ ਰਬ ਨੇ ਅਜ ਜੇ ਸੁਖ ਰੱਖੀ, ਸਾਰੇ ਹੋਰ ਕਰਸਾਂ ਪਸ਼ੇਮਾਨ ਰਾਜਨ।

ਬਚਨ ਇੰਦ੍ਰ ਰਾਜਾ ਦਾ

ਮਹਾਰਾਜ ਜੀ ਮੁਖ ਹੁਣ ਧੋਇ ਰਖੋ, ਸੋਇਨ ਚਿੜੀ ਤਾਂ ਉਡ ਹਵਾ ਹੋ ਗਈ।
ਜੇਹੜੀ ਹਿਰਸ ਤੇ ਕੁੰਢੀਆ ਕਰੋ ਮੁੱਛਾਂ, ਓਹ ਤਾ ਪਤੀ ਦੇ ਨਾਲ ਵਿਦਾ ਹੋ ਗਈ।
ਰਾਜਾ ਨਲ ਨੂੰ ਓਸ ਮਨਜ਼ੂਰ ਕੀਤਾ, ਸ਼ਾਦੀ ਓਸ ਦੀ ਵਜ ਵਜਾ ਹੋ ਗਈ।
ਸਾਰੇ ਰਾਓ ਭੀ ਗਏ ਵਲਾਇਤਾਂ ਨੂੰ, ਸਾਡੀ ਆਸ ਉਮੈਦ ਫਨਾ ਹੋ ਗਈ।
ਚਾਰੇ ਦੇਵਤੇ ਅਸੀਂ ਭੀ ਗਏ ਓਥੇ, ਸਾਡੀ ਕੁਝ ਨਾ ਪੇਸ਼ ਚਲਾ ਹੋ ਗਈ।
ਚਾਤ੍ਰਿਕ ਕਰੋਗੇ ਕੀ ਹੁਣ ਜਾਇ ਕੇ ਤੇ ? ਲੈਣ ਵਾਲੜੀ ਚੀਜ਼ ਜੁਦਾ ਹੋ ਗਈ।

ਕ੍ਰੋਧ ਕਰਨਾ ਕਲੂ ਕਾਲ ਦਾ

ਬੁਰਾ ਗਜ਼ਬ ਕੀਤਾ-ਬੇਵਕੂਫ ਔਰਤ ! ਵੇਖੋ ਏਹ ਅੰਧੇਰ ਕੀ ਮਾਰਿਆ ਸੂ ?
ਭਲਾ ਛੱਡ ਕੇ ਦੇਵਤਾ ਆਪ ਜੈਸਾ, ਰਾਜਾ ਨਲ ਤੇ ਪ੍ਰਾਣ ਕਿਉਂ ਹਾਰਿਆ ਸੂ ?
ਉਸਦੀ ਅਕਲ ਤੇ ਕਿਧਰੋਂ ਪਿਆ ਪੜਦਾ, ਛਡ ਦੇਵਤਾ ਮਰਦ ਚਿਤਾਰਿਆ ਸੂ ?
ਮੱਤ ਦੇਣ ਵਾਲਾ ਨਹੀਂ ਸੀ ਕੋਈ ਓਥੇ ? ਕਿਉਂ ਨਾ ਏਸ ਗਲੋਂ ਓਹਨੂੰ ਟਾਰਿਆ ਸੂ ?
ਭਲਾ ਨਲ ਤਾਂਈ ਕੇਹੜੇ ਲਾਲ ਲਗੇ, ਜਿਸ ਦੇ ਰੂਪ ਤੇ ਚਿਤ ਨਿਸਾਰਿਆ ਸੂ ?
ਚਾਤ੍ਰਿਕ ਤੁਸਾਂ ਸੀ ਗਲ ਸਮਝਾ ਦੇਣੀ, ਐਸਾ ਦਿਲੇ ਖਯਾਲ ਕਿਉਂ ਧਾਰਿਆ ਸੂ ?

ਬਚਨ ਰਾਜਾ ਇੰਦ੍ਰ ਦਾ

ਭਾਈ ! ਵੱਸ ਤੇਰਾ ਮੇਰਾ ਕੀ ਚੱਲੇ, ਮਰਜ਼ੀ ਓਸ ਦੀ ਕੌਣ ਹਟਾ ਸਕੇ।
ਅਸੀਂ ਲੱਖ ਤਰਾਣ ਲਗਾ ਥੱਕੇ, ਕਿਸੇ ਤਰ੍ਹਾਂ ਨਾ ਜੀਓ ਭਰਮਾ ਸਕੇ।

ਅਸਾਂ ਨਲ ਦਾ ਰੂਪ ਭੀ ਧਾਰ ਡਿੱਠਾ, ਐਪਰ ਫੇਰ ਮੁਰਾਦ ਨਾ ਪਾ ਸਕੇ।
ਉਸ ਨੇ ਜੀਉ ਦੇ ਵਿਚ ਜੋ ਗੰਢ ਬੱਧੀ, ਫੇਰ ਉਸ ਨੂੰ ਕੌਣ ਖੁਲ੍ਹਾ ਸਕੇ ?
ਰਾਜਾ ਨਲ ਉਤੇ ਜਾਨ ਵੇਚ ਚੁੱਕੀ, ਕੌਣ ਉਸ ਤੋਂ ਮੁਖ ਭਵਾ ਸਕੇ ?
ਚਾਤ੍ਰਿਕ ਧੁਰੋਂ ਜੋ ਗਏ ਸੰਜੋਗ ਗੰਢੇ, ਉਸ ਨੂੰ ਕੌਣ ਵਧਾ ਘਟਾ ਸਕੇ ?

ਜਵਾਬ ਕਲੂ ਕਾਲ ਦਾ

ਬੇਸ਼ਊਰਾ[1], ਬੇਅਕਲ ਮਗਰੂਰ[2] ਔਰਤ, ਦੇਣੀ ਉਸ ਨੂੰ ਕੁਝ ਸਜਾ ਚਾਹੀਏ।
ਹੋਈ ਜਿਸ ਤਰ੍ਹਾਂ ਬਾਵਲੀ ਨਲ ਪਿੱਛੇ, ਦੇਣਾ ਕੁਝ ਸਵਾਦ ਚਖਾ ਚਾਹੀਏ।
ਕੀਤੀ ਉਸ ਨਿਆਦਰੀ ਦਿਉਤਿਆਂ ਦੀ, ਪੌਣੀ ਉਸ ਤੇ ਕੁਝ ਬਲਾ ਚਾਹੀਏ।
ਮੈਂ ਹੁਣ ਲਵਾਂਗਾ ਉਸ ਤੋਂ ਖੂਬ ਬਦਲਾ, ਕਰਨਾ ਆਪ ਤਾਂਈ ਹੌਸਲਾ ਚਾਹੀਏ।
ਏਸ ਕਸਰ ਨੂੰ ਕੱਢ ਕੇ ਠੰਢ ਪੈਸੀ, ਕਰਨਾ ਆਪ ਦਾ ਹੱਕ ਅਦਾ ਚਾਹੀਏ।
ਚਾਤ੍ਰਿਕ ਕਰੇਗੀ ਯਾਦ ਉਸ ਵੇਲੜੇ ਨੂੰ, ਦੇਣਾ ਦੇਸ ਤੋਂ ਬਾਹਰ ਕਢਾ ਚਾਹੀਏ।

*ਸਮਝਾਣਾ ਇੰਦਰ ਰਾਜਾ ਦਾ ਕਲੂ ਕਾਲ ਜੀ ਨੂੰ

ਐਸੀ ਬੁਰੀ ਸਲਾਹ ਦੇ ਦੇਣ ਖਾਤਰ, ਮੈਂ ਨਾ ਹੋਵਸਾਂ ਕਦੇ ਤਿਆਰ ਭਾਈ।
ਸਗੋਂ ਦਿਆਂ ਅਸੀਸ ਅਰਾਮ ਪਾਵੇ, ਪੁਤ੍ਰ ਪੋਤਰੇ ਬਾਗ ਪਰਵਾਰ ਭਾਈ।
ਰੱਬ ਜਿਸ ਤਰ੍ਹਾਂ ਉਸ ਨੂੰ ਸਿਦਕ ਦਿਤਾ, ਹੋਵੇ ਕੁੱਲ ਤੇ ਮੇਹਰ ਕਰਤਾਰ ਭਾਈ।
ਸਾਡਾ ਰੰਜ ਨਾ ਉਸ ਤੇ ਰਤੀ ਜਿੰਨਾ, ਸਗੋਂ ਉਸਦੇ ਸ਼ੁਕਰ ਗੁਜ਼ਾਰ ਭਾਈ।
ਅਸਾਂ ਆਪ ਸਹਾਇਤਾ ਦੇ ਕੇ ਤੇ, ਦਿਤਾ ਉਸ ਦਾ ਕੰਮ ਸਵਾਰ ਭਾਈ।
ਕੀਕਰ ਆਖੀਏ ਉਸਨੂੰ ਦੁੱਖ ਹੋਵੇ, ਓਹ ਤਾਂ ਅਸਲ ਪਤਿਬਰਤਾ ਨਾਰ ਭਾਈ।
ਭਾਵੇਂ ਲਖ ਭੁਲਾਵੜੇ ਪਏ ਉਸਨੂੰ, ਐਪਰ ਧਰਮ ਰਖਿਆ ਬਰਕਰਾਰ ਭਾਈ।
ਐਸੀ ਇਸਤ੍ਰੀ ਧਰਮ ਈਮਾਨ ਵਾਲੀ, ਵਿਰਲੀ ਦਿਸਦੀ ਵਿਚ ਸੰਸਾਰ ਭਾਈ।
ਸਾਡੇ ਵਾਸਤੇ ਨਾ ਕਰੀਂ ਪਾਪ ਕੋਈ, ਅਸੀਂ ਏਸ ਦੇ ਨਾ ਜੁਮੇਵਾਰ ਭਾਈ।
ਸਾਡਾ ਉਸ ਉਤੇ, ਵਾਲ ਵਾਲ ਰਾਜ਼ੀ, ਅਗੋਂ ਗੱਲ ਤੇਰੇ ਅਖਤਿਆਰ ਭਾਈ।
ਸਾਨੂੰ ਕਰੇਂ ਸ਼ਾਮਲ ਏਸ ਪਾਪ ਅੰਦਰ, ਅਸਲ ਆਪਣੇ ਦਿਲ ਦੀ ਖਾਰ ਭਾਈ।
ਏਹ ਦਨਾਈ ਦਾ ਨਹੀਂ ਅਸੂਲ ਹੁੰਦਾ, ਰੋਣੇ ਵੀਰ ਤੇ ਦੁਖੜੇ ਯਾਰ ਭਾਈ।
ਜੇ ਕਰ ਉਸ ਨੂੰ ਕੁਝ ਤਕਲੀਫ ਹੋਈ, ਤੂੰ ਹੇਂ ਆਪ ਹੋਸੇਂ ਗੁਨਾਹਗਾਰ ਭਾਈ।
ਚਾਤ੍ਰਿਕ ਲਹੂ ਨਾ ਨ੍ਹਾ ਬੇਦੋਸ਼ਿਆਂ ਦੇ, ਆਖਾਂ ਫੇਰ ਪੁਕਾਰ ਪੁਕਾਰ ਭਾਈ।

---

1. ਬੇਅਕਲ। 2. ਹੰਕਾਰੀ।

* ਇੰਦ੍ਰ ਤੇ ਕਲੂ ਦੀ ਗਲ-ਬਾਤ ਵਿਚ ਇਕ ਤਰ੍ਹਾਂ ਨਾਲ ਨੇਕੀ ਅਤੇ ਬਦੀ ਦਾ ਟਾਕਰਾ ਹੈ। ਇੰਦ੍ਰ ਦੇਵਤਾ ਹੈ, ਉਹ ਨੇਕੀ ਦੀ ਕਦਰ ਕਰਦਾ ਹੈ, ਨੇਕ ਨੂੰ ਦੁਖ ਹੁੰਦਾ ਨਹੀਂ ਵੇਖ ਸਕਦਾ ਭਾਵੇਂ ਇਹ ਨੇਕੀ ਇੰਦ੍ਰ ਦੀ ਪ੍ਰੀਤ-ਰੀਤ ਵਿਚ ਰੁਕਾਵਟ ਹੀ ਬਣੀ ਸੀ। ਪਰ ਕਲੂ ਉਨ੍ਹਾਂ ਨੂੰ ਦੁਖ ਦੇਣ ਤੇ ਤੁਲਿਆ ਹੋਇਆ ਹੈ। ਕਵੀ ਨੇ ਸਮਾਂ ਉਪਜਾ ਲਿਆ ਹੈ ਜਿਸ ਰਾਹੀਂ ਉਹ ਭਵਿਸ਼ ਵਿਚ ਆਉਣ ਵਾਲੇ ਨਲ ਦਮਯੰਤੀ ਦੇ ਦੁਖਾਂ ਲਈ ਆਪਣੇ ਪਾਠਕਾਂ ਦੇ ਮਨ ਵਿਚ ਹਮਦਰਦੀ ਦਾ ਬੀ ਬੀਜ ਰਿਹਾ ਹੈ ਅਤੇ ਨਾਲ ਹੀ ਭਵਿਸ਼ ਵਲ ਝਾਤੀ ਪਵਾ ਰਿਹਾ ਹੈ। ਇਸ ਤੋਂ ਪਤਾ ਲਗਦਾ ਹੈ ਕਿ ਕਿੱਸਿਆਂ ਵਿਚ ਕਹਾਣੀ ਦਾ ਕੋਈ ਭਾਗ ਓਹਲੇ ਵਿਚ ਨਹੀਂ ਸੀ ਰਖਿਆ ਜਾਂਦਾ, ਸਗੋਂ ਸਭ ਕੁਝ ਸਾਫ਼ ਸਾਫ਼ ਤੇ ਪਹਿਲਾਂ ਹੀ ਦਸ ਦਿਤਾ ਜਾਂਦਾ ਸੀ।

ਜਵਾਬ ਕਲੂ ਕਾਲ ਦਾ

ਤੁਸੀਂ ਕਹੋ ਬੇਸ਼ਕ ਹਜ਼ਾਰ ਵਾਰੀ, ਮੈਂ ਤਾਂ ਪਾਲਣੀ ਆਪਣੀ ਬਾਤ ਰਾਜਨ।
ਮੇਰਾ ਕੰਮ ਹੈ ਦੁਖ ਤਕਲੀਫ ਦੇਣਾ, ਮਸ਼ਹੂਰ ਮੇਰੀ ਕਰਾਮਾਤ ਰਾਜਨ।
ਮੈਂ ਤਾਂ ਕਰਾਂਗਾ ਤੰਗ ਜ਼ਰੂਰ ਉਸਨੂੰ, ਜਿਸ ਨੇ ਛੱਡ ਕੇ ਦੇਵਤਾ ਜ਼ਾਤ ਰਾਜਨ।
ਕੀਤਾ ਆਦਮੀ ਪਤੀ, ਪਛਾੜ ਉਸਨੂੰ, ਇਕੋ ਵਾਰ ਦੇਸਾਂ ਹਵਾਲਾਤ ਰਾਜਨ।
ਸਾਡੀ ਅੱਖੀਆਂ ਦੇ ਵਿਚ ਪਾ ਘੱਟਾ, ਫੇਰ ਸੁਖੀ ਦਿੱਸੇ ਦਿਨ ਰਾਤ ਰਾਜਨ।
ਮੈਥੋਂ ਸਹੀ ਨਾ ਜਾਇਗੀ ਗੱਲ ਹਰਗਿਜ਼, ਪਾਸਾ ਕੋਈ ਜ਼ਰੂਰ ਆਫਾਤ[1] ਰਾਜਨ।
ਏਹ ਭੀ ਯਾਦ ਤਾਂ ਕਰੇ ਵਿਆਹ ਤਾਂਈ, ਪਈ ਗਾਵਸੀ ਤਵਾ ਪਰਾਤ ਰਾਜਨ।
ਪਾਣੀ ਖਣੋਂ ਭੀ ਵਿਲਕਦੀ ਫਿਰੇ ਜੰਗਲ, ਪੁੱਛੇ ਆਣ ਕੇ ਕੋਈ ਨਾ ਵਾਤ ਰਾਜਨ।
ਆਪ ਜਾਓ ਘਬਰਾਓ ਨਾ ਜੀਉ ਅੰਦਰ, ਜੁਮੇਂ ਰਹੀ ਮੇਰੇ ਵਾਰਦਾਤ ਰਾਜਨ।
ਚਾਤ੍ਰਿਕ ਚਣੇ ਚਬਾਵਸਾਂ[2] ਖੂਬ ਇਸਨੂੰ, ਬਾਜ਼ੀ ਕਰਾਂਗਾ ਖੁਸ਼ੀ ਦੀ ਮਾਤ ਰਾਜਨ।

ਚਲਾ ਜਾਣਾ ਰਾਜਾ ਇੰਦ੍ਰ ਦਾ ਦੇਵ ਲੋਕ ਨੂੰ ਅਰ ਨਿਖਧ ਦੇਸ਼ ਵਿਚ ਕਲੂ ਕਾਲ ਦਾ ਪ੍ਰਵੇਸ਼

ਇੰਦਰ ਰਾਜ ਸਮਝਾਇਆ ਢੇਰ ਉਸ ਨੂੰ, ਓੜਕ ਅੱਕ ਸਵਰਗ ਸਿਧਾਇਆ ਏ।
ਕਲੂ ਕਾਲ ਨੇ ਏਧਰੋਂ ਖਾ ਗੁੱਸਾ, ਦੁਖ ਦੇਣ ਦਾ ਮਤਾ ਪਕਾਇਆ ਏ।
ਦਿਲੋਂ ਪਾਪ ਦੀ ਧਾਰ ਦਲੀਲ ਪੱਕੀ, ਨਿਖਧ ਦੇਸ਼ ਦੀ ਤਰਫ ਨੂੰ ਆਇਆ ਏ।
ਮੌਕਾ ਪਾ ਕੇ ਕਰਾਂਗਾ ਤੰਗ ਇਸ ਨੂੰ, ਦਾਉ ਆਪਣਾ ਚਾਹੁੰਦਾ ਲਾਇਆ ਏ।
ਰਾਜਾ ਨਲ ਦੇ ਹੀ ਆਸ ਪਾਸ ਰਹਿੰਦਾ, ਓੜਕ ਮੌਕਿਆ ਓਸ ਨੇ ਪਾਇਆ ਏ।
ਚਾਤ੍ਰਿਕ ਨਲ ਦੀ ਬੁਧਿ ਭ੍ਰਸ਼ਟ ਕਰਕੇ,* ਕਲੂ ਬੜਾ ਅਨੰਦ ਮਨਾਇਆ ਏ।

ਪ੍ਰਵੇਸ਼ ਕਰਨਾ ਕਲੂ ਕਾਲ ਦਾ ਰਾਜਾ ਨਲ ਦੇ ਹਿਰਦੇ ਵਿਚ

ਇਕ ਰੋਜ਼ ਨਲ ਜਲ ਬਾਝੋਂ, ਪਹਿਰ ਤੀਸਰੇ ਕਰਨ ਪੇਸ਼ਾਬ ਲੱਗਾ।
ਪਿਛੋਂ ਸਾਫ ਨਾ ਹਥ ਤੇ ਪੈਰ ਕੀਤੇ, ਰਾਜ ਭਾਗ ਨੂੰ ਦੇਣ ਜਵਾਬ ਲੱਗਾ।
ਵੇਲੇ ਸੰਧਿਆ, ਸੰਧਿਆ ਕਰਨ ਵੇਲੇ, ਦਿਲੋਂ ਆਪਣੇ ਲੈਣ ਸਵਾਬ ਲੱਗਾ।
ਐਪਰ ਦੇਹ ਪਲੀਤ[3] ਸੀ ਓਸ ਵੇਲੇ, ਕਰਨ ਸੰਧਿਆ ਬੈਠ ਸ਼ਤਾਬ ਲੱਗਾ।
ਕਲੂ ਕਾਲ ਨੇ ਮੌਕਿਆ ਖੂਬ ਲੱਭਾ, ਪਿਛਲੀ ਖਾਰ ਥੀਂ ਕਰਨ ਖਰਾਬ ਲੱਗਾ।
ਕੀਤਾ ਆਣ ਪ੍ਰਵੇਸ਼ ਨਿਖਧ ਦੇਸ਼ ਅੰਦਰ, ਉਸਦਾ ਆਤਮਾ ਕਰਨ ਬੇਤਾਬ[4] ਲੱਗਾ।
ਨੇਕੀ ਦਿਲੋਂ ਕਾਫੂਰ ਕਰਾਈਆਂ ਸੂ, ਤੇ ਦਿਖਾਵਦੇ ਬਦੀ ਦੇ ਖਾਬ[5] ਲੱਗਾ।
ਚਾਤ੍ਰਿਕ ਡੋਬਣੇ ਵਿਚ ਗਿਰਦਾਬ[6] ਲੱਗਾ, ਕੇਤੂ[7] ਕਰਨ ਕਾਲਾ ਆਫਤਾਬ[8] ਲੱਗਾ।

---

1. ਬਿਪਤਾ। 2. ਪੂਰਾ ਮੁਹਾਵਰਾ ਲੋਹੇ ਦੇ ਚਣੇ ਚਬਾਉਣਾ ਹੈ। 3. ਗੰਦੀ, ਅਪਵਿਤ੍ਰ। 4. ਬੇਚੈਨ। 5. ਸੁਪਨੇ।
6. ਕਪਰ, ਦਰਿਆਵਾਂ ਵਿਚ ਪੈਣ ਵਾਲੇ ਘੁੰਮਰ।
7. ਰਾਹੂ ਤੇ ਕੇਤੂ ਨਾਮ ਦੇ ਦੋ ਗ੍ਰਹਿ ਸੂਰਜ ਨੂੰ ਫੜ ਲੈਂਦੇ ਮੰਨੇ ਜਾਂਦੇ ਹਨ ਅਤੇ ਇਸ ਲਈ ਗ੍ਰਹਿਣ ਲਗਦਾ ਮੰਨਿਆ ਜਾਂਦਾ ਸੀ।
8. ਸੂਰਜ।

ਪ੍ਰਸੰਗ ਪੁਸ਼ਕਰ ਰਾਜਾ

ਪੁਸ਼ਕਰ ਨਲ ਦਾ ਇਕ ਭਰਾ ਛੋਟਾ, ਜ਼ਰਾ ਓਸ ਦਾ ਕੁਝ ਬਿਆਨ ਕਹੀਏ।
ਦਗੇ ਬਾਜ਼, ਚਾਲਾਕ, ਬੇਸ਼ਰਮ, ਐਸਾ, ਜੈਸਾ ਹੋਰ ਨਾ ਕੋਈ ਇਨਸਾਨ ਕਹੀਏ।
ਓਹ ਇਨਸਾਨ ਕਹੀਏ ਯਾ ਹੈਵਾਨ ਕਹੀਏ, ਇਕੇ ਖਾਸ ਔਤਾਰ ਸ਼ੈਤਾਨ[1] ਕਹੀਏ।
ਉਹ ਮੱਕਾਰ[2] ਅਯਾਰ[3] ਹੁਸ਼ਿਆਰ ਪੂਰਾ, ਕਿਉਂ ਨਾ ਓਸ ਨੂੰ ਪਾਪ ਦੀ ਖਾਨ ਕਹੀਏ।
ਜਿਸਦੇ ਪੇਸ਼ ਪੈ ਜਾਏ ਓਹ ਸ਼ਨੀ[4] ਵਾਂਗਰ, ਕਰਦਾ ਓਸਦੀ ਜਾਨ ਨੁਕਸਾਨ ਕਹੀਏ।
ਘਰ ਘਰ ਕੰਬਦੇ ਓਸਦਾ ਨਾਮ ਸੁਣ ਕੇ, ਜ਼ਾਹਰਾ ਠੱਗ ਸੀ ਵਿਚ ਜਹਾਨ ਕਹੀਏ।
ਥੋੜੀ ਜਿਹੀ ਜਾਗੀਰ ਸੀ ਪਾਸ ਉਸਦੇ, ਕਰਦਾ ਮੁਸ਼ਕਲਾਂ ਨਾਲ ਗੁਜ਼ਰਾਨ ਕਹੀਏ।
ਔਪਰ ਫੇਰ ਮਗਰੂਰ[5] ਦਲੇਰ ਐਡਾ, ਰਖੇ ਕਿਸੇ ਨਾ ਤਲੇ ਧਿਆਨ ਕਹੀਏ।
ਰਬਾ ਰਖ ਲੈ ਉਹਦੇ ਪ੍ਰਛਾਵਿਆਂ ਤੋਂ, ਸਦਾ ਤੀਕ ਹੀ ਨਾਲ ਜ਼ਬਾਨ ਕਹੀਏ।
ਚਾਤ੍ਰਿਕ ਅਦਬ[6] ਲਿਹਾਜ਼ ਹਯਾ ਬਾਝੋਂ, ਨਾਮੁਰਾਦ[7] ਨਾਸ਼ਾਦ[8] ਨਾਦਾਨ[9] ਕਹੀਏ।

ਰਾਜਾ ਨਲ ਦਾ ਪੁਸ਼ਕਰ ਦੇ ਨਾਲ ਜੂਆ ਖੇਡਣ ਦਾ ਪ੍ਰਸੰਗ

ਕਲਜੁਗ ਨਲ ਦੇ ਵਿਚ ਪ੍ਰਵੇਸ਼ ਕਰਕੇ, ਭੜਥੂ ਜਾਂਦਿਆਂ ਸਾਰ ਮਚਾਂਵਦਾ ਏ।
ਤਥਾ ਹੋਰ ਤੋਂ ਹੋਰ ਹੋ ਗਈ ਓਵੇਂ, ਧਰਮ ਕਰਮ ਤੋਂ ਪਰੇ ਹਟਾਂਵਦਾ ਏ।
ਅਗਲਾ ਇਲਮ ਤੇ ਅਕਲ ਭੁਲਾ ਕੇ ਤੇ, ਸਬਕ ਨਵਾਂ ਹੀ ਹੋਰ ਪੜ੍ਹਾਂਵਦਾ ਏ।
ਬੂਟਾ ਪੱਟ ਦਾਨਾਈ[10] ਦਾ ਦੂਰ ਕੀਤਾ, ਥਾਉਂ ਅੰਬ ਦੀ ਅੱਕ[11] ਬਿਜਾਂਵਦਾ ਏ।
ਮਾਇਆ[12] ਪਾ, ਭੁਲਾਈਆਂ ਸਭ ਗੱਲਾਂ, ਸੋਚ ਸਮਝ ਨੂੰ ਦੂਰ ਕਰਾਂਵਦਾ ਏ।
ਜੂਆ ਖੇਡਿਆਂ ਬੜਾ ਸੁਆਦ ਆਵੇ, ਦਿਲੇ ਵਿਚ ਖਿਆਲ ਏਹ ਆਂਵਦਾ ਏ।
ਮਾਇਆ ਪਈ ਤੇ ਭੁਲੀਆਂ ਸਭ ਗੱਲਾਂ, ਓਹਨੂੰ ਉਂਗਲੀ ਚਾੜ੍ਹ ਨਚਾਂਵਦਾ ਏ।
ਰਾਜਾ ਐਬ[13] ਦੇ ਕਰਨ ਖਿਆਲ ਲੱਗਾ, ਪੁਸ਼ਕਰ ਰਾਜ ਨੂੰ ਤੁਰਤ ਬੁਲਾਵਦਾ ਏ।
ਭਾਈ ਆ, ਕੁਝ ਦਾਉ ਲਗਾ ਬਹਿ ਕੇ, ਮੇਰਾ ਖੇਡਣੇ ਨੂੰ ਚਿਤ ਚਾਂਹਵਦਾ ਏ।
ਅੰਨ੍ਹਾ ਭਾਲਦਾ ਅੱਖੀਆਂ ਦੋ ਅਗੇ, ਪੁਸ਼ਕਰ ਬੜਾ ਆਨੰਦ ਮਨਾਂਵਦਾ ਏ।
ਵਾਹਵਾ ਰਬ ਤੁਠਾ ਮੈਨੂੰ ਅਜ ਭਾਵੇਂ, ਅਗੋਂ ਫੂਲ ਕੇ ਇੰਜ ਅਲਾਂਵਦਾ ਏ।
ਬੜੀ ਖੁਸ਼ੀ ਦੇ ਨਾਲ ਮੈਂ ਖੇਡਦਾ ਹਾਂ, ਜੇਕਰ ਤੁਸਾਂ ਦੀ ਤਬਾ[14] ਤੇ ਆਂਵਦਾ ਏ।
ਓਸੇ ਵਕਤ ਮੰਗਾ ਕੇ ਨਰਦ ਪਾਸਾ, ਬੜੇ ਚਾਉ ਦੇ ਨਾਲ ਵਿਛਾਂਵਦਾ ਏ।
ਚਾਤ੍ਰਿਕ ਕਲੂ ਹੁਣ ਬੁਧ ਪਰੇਰ ਕੇ ਤੇ, ਵੇਖ ਕਿਸ ਤਰ੍ਹਾਂ ਦਾਉ ਲਵਾਂਵਦਾ ਏ।

---

1. ਇਬਲੀਸ ਨਾਮ ਦੇ ਇਕ ਫਰਿਸ਼ਤੇ ਨੂੰ ਆਮ ਮੁਸਲਮਾਨੀ ਭਾਸ਼ਾ ਵਿਚ ਸ਼ੈਤਾਨ ਆਖਿਆ ਜਾਂਦਾ ਹੈ। ਕਥਾ ਹੈ ਕਿ ਰਬ ਨੇ ਜਦ ਇਨਸਾਨ ਬਣਾਇਆ ਤਾਂ ਫਰਿਸ਼ਤਿਆਂ ਨੂੰ ਉਸ ਅਗੇ ਝੁਕਣ ਲਈ ਕਿਹਾ। ਉਸ ਵੇਲੇ ਇਬਲੀਸ ਨੇ ਇਹ ਹੁਕਮ ਮੰਨਣ ਤੋਂ ਇਨਕਾਰ ਕਰ ਦਿਤਾ ਤੇ ਉਦੋਂ ਤੋਂ ਉਹ ਲੋਕਾਂ ਨੂੰ ਰਬ ਵਲੋਂ ਹਟਾ ਕੇ ਬਦੀ ਵਲ ਪਰੇਰਦਾ ਮੰਨਿਆ ਜਾਂਦਾ ਹੈ।
2. ਧੋਖਾ ਦੇਣ ਵਾਲਾ। 3. ਮਕਰ ਕਰਨ ਵਾਲਾ ਤੇ ਚਲਾਕ।
4. ਸ਼ਨਿਛਰ ਦੇਵਤਾ, ਇਸ ਨੂੰ ਵੀ ਬਿਪਤਾ ਦਾ ਘਰ ਹੀ ਮੰਨਿਆ ਜਾਂਦਾ ਹੈ। 5. ਹੰਕਾਰੀ। 6. ਇਜ਼ਤ। 7. ਨਿਰਾਸ।
8. ਅਪ੍ਰਸੰਨ। 9. ਅਨਜਾਣਾ। 10. ਅਕਲ। 11. ਅੰਬਾਂ ਦੀ ਥਾਂ ਅੱਕ ਬੀਜਣਾ ਮੁਹਾਵਰਾ ਹੈ ਭਾਵ ਭੈੜੇ ਕੰਮ ਕਰਨੇ।
12. ਭੁਲੇਖਾ ਪਾਉਣ ਵਾਲੀ ਕੁਦਰਤ, ਆਮ ਅਰਥਾਂ ਵਿਚ ਪੈਸਾ, ਪਦਾਰਥ ਭੁਲੇਖਾ। 13. ਪਾਪ। 14. ਮਰਜ਼ੀ।

ਪੁਸ਼ਕਰ ਕਿਹਾ, ਕੀ ਦਾਉ ਤੇ ਰਖਦੇ ਹੋ ? ਜੂਆ ਖੇਲ ਕੇ ਤੇ ਮੇਰੇ ਨਾਲ ਭਾਈ।
ਨਲ ਆਖਿਆ, ਜਿਤ ਤੇ ਗਿਓ ਬਾਜ਼ੀ, ਘੋੜੇ ਰਥ ਹੋਏ ਤੇਰਾ ਮਾਲ ਭਾਈ।
ਨਾਲ ਚਾਤੁਰੀ ਜਿਤ ਲੈ ਗਿਆ ਪੁਸ਼ਕਰ, ਕਹਿੰਦਾ ਹੋਰ ਕੀ ਚੀਜ਼ ਨਿਕਾਲ ਭਾਈ।
ਨਲ ਆਖਿਆ ਮਾਲ ਖਜਾਨਿਆਂ ਦਾ, ਦਾਉ ਰਖ ਕੇ ਕਰਾਂ ਮੈਂ ਚਾਲ ਭਾਈ।
ਜੇਕਰ ਜਿੱਤ ਮੈਂ ਗਿਆ ਇਸ ਵਾਰ ਬਾਜ਼ੀ, ਮੋੜ ਲਵਾਂਗਾ ਮੈਂ ਘੋੜ ਸ਼ਾਲ ਭਾਈ।
ਕਰਨੀ ਰਬ ਦੀ ਫੇਰ ਭੀ ਹਾਰ ਆਈ, ਪੁਸ਼ਕਰ ਖੁਸ਼ੀ ਹੋ ਕਰੇ ਸਵਾਲ ਭਾਈ।
ਇਹ ਭੀ ਜਿਤਯਾ ਗਿਆ ਹੁਣ ਹੋਰ ਕੇਹੜੀ ਚੀਜ਼ ਰੱਖਣੀ ਹੈ ਏਸ ਕਾਲ ਭਾਈ।
ਲਾਯਾ ਨਲ ਨੇ ਦਾਉ ਤੇ ਫੌਜ ਲਸ਼ਕਰ, ਕਹਿੰਦਾ ਰੱਖ ਏਹ ਖੂਬ ਖਿਆਲ ਭਾਈ।
ਜੇਕਰ ਐਤਕੀ ਜਿੱਤ ਮੈਂ ਗਿਆ ਬਾਜ਼ੀ, ਮੇਰਾ ਕਰੀਂ ਵਾਪਸ ਵਾਲ ਵਾਲ ਭਾਈ।
ਨਹੀਂ ਤਾਂ ਮਾਲ ਤੇਰਾ ਸਾਰੀ ਫੌਜ ਤੇਰੀ, ਬਾਕੀ ਰਹਾਂਗਾ ਇਕ ਕੰਗਾਲ ਭਾਈ।
ਏਹ ਭੀ ਚਾਲ ਉਸਦੀ, ਪਏ ਤਿੰਨ ਕਾਣ, ਪੁਸ਼ਕਰ ਖੁਸ਼ੀ ਹੋ ਗਿਆ ਕਮਾਲ ਭਾਈ।
ਫੌਜ, ਰਥ, ਹਾਥੀ, ਘੋੜੇ, ਮਾਲ ਦੌਲਤ, ਸਾਰੇ ਉਸ ਨੇ ਲਏ ਸੰਭਾਲ ਭਾਈ।
ਪੁਸ਼ਕਰ ਅਜ ਹੋਯਾ ਮਾਲਾ ਮਾਲ ਭਾਰਾ, ਆਯਾ ਨਲ ਤੇ ਪੁਜ ਜ਼ਵਾਲ ਭਾਈ।
ਬੁਧ ਕਲੂ ਅਧੀਨ ਮਲੀਨ ਹੋਈ, ਚਾਤ੍ਰਿਕ ਪਾਪ ਦਾ ਵਿਛਿਆ ਜਾਲ ਭਾਈ।

ਰਾਣੀ ਦਮਯੰਤੀ ਤੇ ਅਮੀਰਾਂ ਦਾ ਸਮਝਾਉਣਾ ਰਾਜਾ ਨਲ ਨੂੰ

ਰਾਣੀ ਦਮਯੰਤੀ, ਸੀਲ ਬੁਧਵੰਤੀ, ਰਾਜਾ ਨਲ ਨੂੰ ਬੜਾ ਸਮਝਾਂਵਦੀ ਏ।
ਮਹਾਰਾਜ ਅਕਾਜ[1] ਕੀ ਕਾਜ ਕਰਦੇ ਅਜ ਸਮਝ ਨਾ ਮੁਝ ਨੂੰ ਆਂਵਦੀ ਏ।
ਸਾਰਾ ਹਾਰ ਗਿਆ ਬੈਠ ਕੇ ਮਾਲ ਦੌਲਤ, ਖਬਰੇ ਅਜ ਕੀ ਆਪ ਨੂੰ ਭਾਂਵਦੀ ਏ।
ਐਪਰ ਰਾਉ ਨਾ ਕੁਝ ਪ੍ਰਵਾਹ ਕਰਦਾ, ਖਬਰੇ ਕੌਣ ਏਹ ਖੜੀ ਕੁਰਲਾਂਵਦੀ ਏ।
ਓੜਕ ਹਾਰ ਵਿਚਾਰ ਇਹ ਨਾਰ ਕੀਤੀ, ਸਾਰੇ ਮੰਤ੍ਰੀ ਪਾਸ ਬੁਲਾਂਵਦੀ ਏ।
ਜਾਓ ਤੁਸੀਂ ਸਮਝਾਓ ਮਹਾਰਾਜ ਤਾਂਈ, ਮੇਰੀ ਪੇਸ਼ ਤਾਂ ਕੁਝ ਨਾ ਜਾਂਵਦੀ ਏ।
ਸਾਰੇ ਆਖ ਅਮੀਰ ਵਜ਼ੀਰ ਹਾਰੇ, ਐਪਰ ਕੁਝ ਨਾ ਖੋਹਣ ਖੁਹਾਂਵਦੀ ਏ।
ਚਾਤ੍ਰਿਕ ਕਿਸਮਤਾਂ ਦੀ ਉਲਟ ਗਈ ਬਾਜ਼ੀ ਉਲਟ ਉਲਟ ਕੇ ਬਾਜ਼ੀਆਂ ਖਾਂਵਦੀ ਏ।

ਮਕੂਲਾ ਸ਼ਾਇਰ[2]

ਕਿਸਮਤ ਬੜੀ ਹੈ ਜ਼ੋਰ ਬਲਕਾਰ ਵਾਲੀ, ਪੇਸ਼ ਜਾਣ ਨਾ ਦੇ ਬਲਕਾਰ ਕਿਸਮਤ।
ਆਖੇ ਕਿਸੇ ਦੇ ਮੁੜੀ ਨਾ ਰਹੇ ਮੂਲੇ ਐਸੀ ਸੁਣੀ ਦੀ ਏ ਬੇਮੁਹਾਰ ਕਿਸਮਤ।
ਟਿੰਡ ਹਥ ਫੜਾਂਵਦੀ ਰਾਜਿਆਂ ਦੇ, ਤਖਤੋਂ ਸੁਟ ਦੇਂਦੀ ਸ਼ਹਿਰ ਯਾਰ ਕਿਸਮਤ।

---

1. ਭੈੜਾ ਕੰਮ।
2. ਕਵੀਓ ਵਾਚ, ਚਾਤ੍ਰਿਕ ਜੀ ਨੇ ਬਹੁਤ ਲੰਮਾ ਭਾਸ਼ਨ ਇਥੇ ਦਿਤਾ ਹੈ ਅਤੇ ਇਸ ਵਿਚ ਆਪਣੇ ਸਮਾਜ ਅਤੇ ਆਪਣੇ ਵਿਚਾਰਾਂ ਦਾ ਇਕ ਪ੍ਰਤੱਖ ਚਿਤਰ ਸਾਡੇ ਸਾਹਮਣੇ ਰਖਿਆ ਹੈ। ਇਹ ਪਰਗਟ ਹੈ ਕਿ ਏਸ ਕਿੱਸੇ ਨੂੰ ਲਿਖਣ ਸਮੇਂ ਉਨ੍ਹਾਂ ਦੀ ਵਿਚਾਰਧਾਰਾ ਓਹੀ ਸੀ ਜੋ 'ਸੂਫੀਖਾਨੇ' ਤੱਕ ਪਹੁੰਚੀ ਅਤੇ ਉਸ ਤੋਂ ਪਿਛੋਂ ਵੀ ਕਾਇਮ ਰਹੀ। ਆਮ ਕਿੱਸਿਆਂ ਵਿਚ ਥਾਂ ਥਾਂ ਤੇ ਮਾਕੂਲਾ ਸ਼ਾਇਰ ਆਉਂਦਾ ਹੈ ਤੇ ਕੇਵਲ ਕਹਾਣੀ ਨੂੰ ਜੋੜਨ ਲਏ. ਹੀ ਵਰਤਿਆ ਹੁੰਦਾ ਹੈ ਜਿਸ ਤੋਂ ਪਿਛੋਂ ਫਿਰ ਪਾਤਰ ਆਪਣੇ ਸੰਬਾਦ ਰਾਹੀਂ ਕਹਾਣੀ ਨੂੰ ਤੋਰਦੇ ਹਨ। ਪਰ ਇਥੇ ਚਾਤ੍ਰਿਕ ਜੀ ਨੇ ਆਪਦੇ ਮੱਤ ਤੇ ਵਿਚਾਰਧਾਰਾ ਪ੍ਰਗਟਾਉਣ ਲਈ ਕਵੀਓ ਵਾਚ ਲਿਆਂਦਾ ਹੈ।

ਬੇਨਵਾਂ[1] ਗਦਾ[2] ਨੂੰ ਸ਼ਾਹ ਕਰਦੀ, ਕਰੇ ਸੋਹਦਿਆਂ ਨੂੰ ਸ਼ਾਹੂਕਾਰ ਕਿਸਮਤ।
ਕਿਸਮਤ ਤੋੜ ਵਿਛੋੜਦੀ ਸਕਿਆਂ ਤੋਂ, ਕਰੇ ਜੰਗਲਾਂ ਵਿਚ ਖੁਆਰ ਕਿਸਮਤ।
ਬੇੜਾ ਸ਼ਹੁ ਸਮੁੰਦਰੀਂ ਵਾੜ ਕੇ ਤੇ, ਟੋਟੇ ਕਰੇ ਹਜ਼ਾਰ ਹਜ਼ਾਰ ਕਿਸਮਤ।
ਰੋਲ ਰੋਲ ਕੇ ਸੁਟਦੀ ਮਾਰ ਕਿਸਮਤ, ਨਾ ਉਰਾਰ ਨਾ ਪਾਰ, ਵਿਚਕਾਰ ਕਿਸਮਤ।
ਭਰ ਭਰ ਪੂਰ ਡੁਬਾਂਵਦੀ ਜਾਂਵਦੀ ਏ, ਰੋਜ਼ ਖ਼ੂਨ ਕਰਦੀ ਬੇਸ਼ੁਮਾਰ ਕਿਸਮਤ।
ਮਾਈ ਬਾਪ ਨਿਖੜ ਕੇ ਬਚਿਆਂ ਤੋਂ, ਕਰੇ ਟੁਕਰਾਂ ਥੀਂ ਅਵਾਜ਼ਾਰ[3] ਕਿਸਮਤ।
ਪਿਆਰੇ ਪਤੀ ਵਿਛੋੜ ਕੇ ਨਾਰੀਆਂ ਤੋਂ, ਸੁਟੇ ਜਾਂ ਸਮੁੰਦਰੋਂ ਪਾਰ ਕਿਸਮਤ।
ਢਿਡ ਵਾਸਤੇ ਦੇਸ ਪਰਦੇਸ ਫੇਰੇ, ਦਸ ਦਸ ਕੇ ਤੇ ਰੋਜ਼ਗਾਰ ਕਿਸਮਤ।
ਕਿਸਮਤ ਬੰਨ੍ਹ ਕੇ ਪਾਪ ਕਰਾਂਵਦੀ ਏ, ਬੇਗੁਨਾਹ ਕਰਦੀ ਗੁਨਾਹਗਾਰ ਕਿਸਮਤ।
ਕਈਆਂ ਨਾਰੀਆਂ ਦੇ ਸਿਰੋਂ ਚੁਕ ਸਾਯਾ, ਕਰਕੇ ਰੰਡੀਆਂ ਕਰੇ ਦੁਖਯਾਰ ਕਿਸਮਤ।
ਕਈਆਂ ਮਾਵਾਂ ਦੇ ਸ਼ੀਂਹ ਜਵਾਨ ਪੁਤਰ, ਮਾਰ ਮਾਰ ਕਰਦੀ ਗੜੇ ਮਾਰ ਕਿਸਮਤ।
ਸਾਰੀ ਉਮਰ ਕੁਰਲਾਉਂਦੀਆਂ ਮਰਨ ਆਖਰ, ਖਾਂਦੀ ਤਰਸ ਨਾ ਏਹ ਸਿਤਮਗਾਰ[4] ਕਿਸਮਤ।
ਸ਼ਾਹੂਕਾਰ ਦੇ ਪੁਤ ਹੋ ਜਾਣ ਸੁਥਰੇ[5], ਪੈਸਾ ਮੰਗਦੇ ਹੱਟ ਬਾਜ਼ਾਰ ਕਿਸਮਤ।
ਕਈ ਲੁਟਦੀ ਰਾਤ ਨੂੰ ਚੋਰ ਬਣ ਕੇ, ਕਈ ਪੁਟਦੀ ਵਿਚ ਵਪਾਰ ਕਿਸਮਤ।
ਕੰਜਰ ਅਤੇ ਕਲਾਲ ਦੇ ਜਾ ਸੁਟੇ ਕਿਤੇ ਪਾਂਵਦੀ ਜੂਏ ਦੀ ਹਾਰ ਕਿਸਮਤ।
ਬੰਦੀ ਖਾਨਿਆਂ ਵਿਚ ਪਵਾ ਕੇ ਤੇ, ਕਰੇ ਸਾਊਆਂ ਬੇਏਤਬਾਰ ਕਿਸਮਤ।
ਕਈ ਆਤਮਾ ਘਾਤ ਕਰਾਂਵਦੀ ਏ, ਚੋਭ ਚੋਭ ਕੇ ਦੁਖ ਦੇ ਖਾਰ ਕਿਸਮਤ।
ਮਾਰੇ ਕਈ ਚੁੜਾ ਚੁੜਾ ਕੇ ਤੇ ਸਾਰੀ ਉਮਰ ਦੇ ਲਾ ਆਜ਼ਾਰ[6] ਕਿਸਮਤ।
ਕਈ ਸ਼ਾਹ ਉਠਾਲ ਕੇ ਗੱਦੀਆਂ ਤੋਂ, ਜਾ ਬਿਠਾਂਵਦੀ ਵਿਚ ਉਜਾੜ ਕਿਸਮਤ।
ਤਲੀ ਅੱਡਦੇ[7] ਸ਼ੋਹਦਿਆਂ ਵਾਂਗ ਕੋਈ, ਛੱਡ ਛੱਡ ਕੇ ਰਾਜ ਦਰਬਾਰ ਕਿਸਮਤ।
ਕਦੇ ਹਾਰ ਦੀ ਵਿਥ ਨਾ ਪੌਣ ਜੇਹੜੇ, ਚੁਕ ਪਾਂਵਦੀ ਵਿਚ ਪਹਾੜ ਕਿਸਮਤ।
ਯਾਰ ਯਾਰ ਵਿਛੋੜ ਕੇ ਦੂਰ ਸੁਟੇ, ਕਰੇ ਜ਼ਿੰਦਗੀ ਤਈਂ ਬੇਜ਼ਾਰ[8] ਕਿਸਮਤ।
ਪੈਸੇ ਵਾਸਤੇ ਖ਼ੂਨ ਕਰਾਂਵਦੀ ਏ, ਜਾਨ ਹੀਲ ਫੜਾ ਤਲਵਾਰ ਕਿਸਮਤ।
ਭਲਿਆਂ ਜਾਇ ਬਦਨਾਮ ਕਰਾਂਵਦੀ ਏ, ਬੁਰਿਆਂ ਆਣ ਦੇਂਦੀ ਸਤਿਕਾਰ ਕਿਸਮਤ।
ਕਿਸਮਤ ਬੜੀ ਸਮਰਥ ਤੇ ਜ਼ੋਰ ਵਾਲੀ, ਨੱਥ ਰਖਿਆ ਸਭ ਸੰਸਾਰ ਕਿਸਮਤ।
ਇਸ ਦੇ ਵੱਸ ਨੇ ਦੁਖ ਤੇ ਸੁਖ ਸਾਰੇ, ਦੇਵੇ ਡੋਬ ਚਾਹੇ ਦੇਵੇ ਤਾਰ ਕਿਸਮਤ।
ਏਹ ਦੀ ਖੇਡ ਅਵੱਲੜੀ ਦੇਖਕੇ ਤੇ, ਦਾਨੇ ਕਹਿਣ ਬਲਿਹਾਰ, ਬਲਿਹਾਰ ਕਿਸਮਤ।
ਆਪਣੀ ਖੇਡ ਤੂੰ ਆਪ ਹੀ ਜਾਨਨੀ ਏ, ਹੋਰ ਕੌਣ ਪਾਵੇ ਪਾਰਾਵਾਰ ਕਿਸਮਤ।
ਚਾਹੇਂ ਪਲ ਦੇ ਵਿਚ ਨਿਹਾਲ ਕਰਦੇਂ, ਕਰੇਂ ਪਲ ਦੇ ਵਿਚ ਨਾਦਾਰ[9] ਕਿਸਮਤ।
ਦੂਜਾ ਰਬ ਨੂੰ ਅਸਲ ਦੀ ਬਣੀ ਆ ਕੇ, ਦੁਖ ਸੁਖ ਤੇਰੇ ਅਖਤਿਆਰ ਕਿਸਮਤ।

---

1. ਨਿਥਾਵਾਂ। 2. ਫਕੀਰ, ਮੰਗਤਾ। 3. ਦੁਖੀ, ਆਤਰ। 4. ਜ਼ਾਲਮ।
5. ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਵੇਲੇ ਦਾ ਇਕ ਸਿਖ ਸੁਥਰੇਸ਼ਾਹ ਸੀ, ਜੋ ਹਾਸੇ ਵਿਚ ਪਾ ਕੇ ਸਿਖਿਆ ਤੇ ਵਿਅੰਗ ਪ੍ਰਗਟਾਉਂਦਾ ਸੀ। ਉਸ ਦੇ ਨਾਂ ਉਤੇ ਇਕ ਸ਼ਰੇਣੀ ਅਜੇ ਭੀ ਹੈ, ਉਹ ਸੁਥਰੇਸ਼ਾਹ ਦੀਆਂ ਕਵਿਤਾਵਾਂ ਪੜ੍ਹ ਕੇ ਸੁਨਾਉਂਦੇ ਹਨ ਅਤੇ ਪੈਸੇ ਲੈਂਦੇ ਹਨ। ਇਥੇ ਭਾਵ ਫਕੀਰ ਜਾਂ ਗਰੀਬ ਹੈ। 6. ਦੁਖ।
7. ਤਲੀਆਂ ਅਡਣਾ ਮੁਹਾਵਰਾ ਹੈ, ਅਰਥ ਹਨ ਮੰਗਣਾ। 8. ਦੁਖੀ। 9. ਨਖਿਧ।

ਚਾਤ੍ਰਿਕ ਨਾਲ ਗਰੀਬ ਨੂੰ ਘੇਰ ਕੇ ਤੇ, ਕਾਹਨੂੰ ਕਰੇਂ ਅੰਧੇਰ ਦੇ ਵਾਰ ਕਿਸਮਤ।
ਦੇਖੋ ਅਜ ਕੀ ਹੋ ਗਿਆ ਕੰਮ ਉਲਟਾ, ਪਾਸਾ ਕਿਹਾ ਬੇਤੌਰ ਪਲੱਟਿਆ ਏ।
ਜੇਹੜਾ ਨਲ ਸੀ ਵਿਦਿਆਵਾਨ ਪੂਰਾ, ਕਿਹਾ ਵਿਦਿਆ ਦਾ ਬਲ ਘਟਿਆ ਏ।
ਜਿਸਨੂੰ ਕਿਹਾ ਸੀ ਕਰਾਂਗਾ ਕਦਰ ਤੇਰੀ, ਓਸ ਨਾਰ ਦੇ ਕਹੇ ਨਾ ਹਟਿਆ ਏ।
ਸੁਣ ਕੇ ਗਲ ਨਾ ਕੁਝ ਪ੍ਰਵਾਹ ਕਰਦਾ, ਕਿਹਾ ਅੰਦਰੋਂ ਘੇਸ ਨੂੰ ਵੱਟਿਆ ਏ।
ਕਰੇ ਕੰਮ ਨਾ ਜਿਸ ਵਜ਼ੀਰ ਬਾਝੋਂ ਅਜ ਓਸ ਨੂੰ ਭੀ ਪਰੇ ਸੱਟਿਆ ਏ।
ਜਿਹਨੂੰ ਪੁਛ ਕੇ ਤੁਰੇ ਜਹਾਨ ਸਾਰਾ, ਝੁਗਾ ਆਪਣਾ ਓਸ ਨੇ ਪੱਟਿਆ ਏ।
ਜਿਸਦੀ ਅਕਲ ਦੀ ਧਾਂਕ ਜਹਾਨ ਅੰਦਰ, ਹੀਰਾ ਓਸ ਨੇ ਵੇਖ ਕੇ ਚੱਟਿਆ ਏ।
ਜੇਹੜੀ ਬੁਧ ਕਾਰਨ ਪਾਈ ਰਾਜ ਪਦਵੀ, ਓਸੇ ਬੁਧ ਨੇ ਛੱਜ ਪਾ ਛੱਟਿਆ ਏ।
ਲੋਕੀ ਪਏ ਸਮਝਾਨ ਖਪਾਨ ਸਿਰ ਨੂੰ, ਬੇਧਿਆਨ ਓਹ ਖੇਡ ਤੇ ਡੱਟਿਆ ਏ।
ਭਾਵੇਂ ਮਨੂੰ[1] ਮਹਾਰਾਜ ਨੇ ਮਨਾ ਕੀਤਾ, ਜੂਆ ਖੇਡਨੇ ਨੂੰ ਪਾਪ ਰੱਟਿਆ ਏ।
ਐਪਰ ਫੇਰ ਵੀ ਬੁਧ ਤੇ ਗਿਆ ਪੜਦਾ, ਧਰਮ ਆਗਿਆ ਤਾਂਈ ਭੀ ਕੱਟਿਆ ਏ।
ਜੂਆ ਖੇਲ ਕੇ ਹਾਰ ਸਰਬੰਸ ਦਿਤਾ, ਕਹੀ ਮਾਰ ਪੈਰੀਂ ਜਾਂਦਾ ਫੱਟਿਆ ਏ।
ਲੱਗਾ ਕਰਨ ਬਰਬਾਦ ਅਰਾਮ ਸਾਰੇ, ਉਜੜ ਜਾਵਸੀ ਖੱਟਿਆ ਵੱਟਿਆ ਏ।
ਚਾਤ੍ਰਿਕ ਮੂਰਖਾ ਬੰਦਿਆਂ ਵਿਚ ਜੂਏ, ਜਨਮ ਕਾਸ ਨੂੰ ਚੋੜ੍ਹ ਚੁਪੱਟਿਆ ਏ।
ਸਭੋ ਕੁਝ ਏਹ ਕੌਣ ਕਰਾ ਰਹਿਆ ? ਰਾਜਾ ਨਲ ਤੋਂ ਅਜ ਖਰਾਬੀਆਂ ਜੀ।
ਕਿਸ ਨੇ ਬੁਧ ਮਲੀਨ ਅਧੀਨ ਕੀਤੀ, ਕੌਣ ਖੱਸਦਾ ਅਜ ਨਵਾਬੀਆਂ ਜੀ।
ਕਿਸਮਤ ਬਾਝ ਐਸੇ ਜਾਲ ਕੌਣ ਪਾਵੇ ? ਕਿਸਮਤ ਪਾਈਆਂ ਸਭ ਗਰਕਾਬੀਆਂ[2] ਜੀ।
ਨਾਮ ਕਲੂ ਦਾ ਰੱਖ ਕੇ ਆਪ ਲਗੀ, ਪਾਨ ਨਲ ਨੂੰ ਦੁਖ ਅਜ਼ਾਬੀਆਂ[3] ਜੀ।
ਕਿਸਮਤ ਪਲਟਿਆ ਨਲ ਦਾ ਪਲ ਪਾਸਾ, ਗਾਈ ਦੁਖ ਦੀ ਵਾਰ ਰਬਾਬੀਆਂ ਜੀ।
ਕਿਸਮਤ ਚਾੜ੍ਹ ਆਸਮਾਨ ਤੇ ਹੇਠ ਸੁਟੇ, ਪਾਰੇ ਸਾਗਰੀਂ ਸੁਟ ਗਰਕਾਬੀਆਂ ਜੀ।
ਰਾਤੀ ਜੰਦਰੇ ਮਾਰ ਕੇ ਸੌਣ ਦੌਲਤ, ਦਿਨੇ ਮੂਧੀਆਂ ਕਰੇ ਰਕਾਬੀਆਂ[4] ਜੀ।
ਸਾਰੀ ਲੁਟ ਲੈ ਜਾਂਵਦੇ ਰਾਸ ਪੂੰਜੀ, ਵੇਖ ਵੇਖ ਕੇ ਰੋਂਵਦੇ ਚਾਬੀਆਂ ਜੀ।
ਹੋਣੀ ਗੈਬ ਤੋਂ ਤੀਰ ਵਸਾਂਵਦੀ ਏ, ਫੱਟੇ ਤਰਦੀਆਂ ਨੀਰ ਮੁਰਗਾਬੀਆਂ ਜੀ।
ਹੋਣੀ ਤੋੜ ਵਿਛੋੜਦੀ ਭਾਈਆਂ ਨੂੰ, ਵੇਖੋ ਸੁੰਨੀ[5] ਅਤੇ ਵਹਾਂਬੀਆਂ[6] ਜੀ।
ਫੁਟ ਪਾਂਵਦੀ ਘਰਾਂ ਦੇ ਵਿਚ ਐਸੀ, ਪੁਟ ਸੁਟਦੀ ਸਭ ਸ਼ਾਦਾਬੀਆਂ[7] ਜੀ।
ਵੈਰੀ ਬਣੇ ਭਰਾ ਭਰਾ ਸੰਦੇ, ਪਾਇਆ ਫੁਟ ਦੇ ਵੱਸ ਪੰਜਾਬੀਆਂ ਜੀ।
ਲਿਆ ਸਾਂਭ ਫਰੰਗੀਆਂ[8] ਦੇਸ ਸਾਰਾ, ਭਾਂਜ ਪਈ ਮਲਵੱਈ ਦੁਵਾਬੀਆਂ ਜੀ।
ਘਰਾਂ ਵਿਚ ਨਾ ਲੈਣ ਅਰਾਮ ਦੇਂਦੀ, ਸੱਕੇ ਦੇਉਰ ਮਰਵਾਂਦੀਆਂ ਭਾਬੀਆਂ ਜੀ।

---

1. ਮਨੂੰ ਸਿਮਰਤੀ ਦਾ ਲੇਖਕ ਜਿਸਨੇ ਉਸ ਵੇਲੇ ਦੇ ਹਿੰਦੂ ਸਮਾਜ ਦੀ ਨਿਯਮਾਵਲੀ ਤੇ ਪ੍ਰਚਲਤ ਰਿਵਾਜ ਲਿਖੇ ਹਨ। ਇਹ ਭੀ ਮੰਨਿਆ ਜਾਂਦਾ ਹੈ ਕਿ ਹਿੰਦੂ ਸਮਾਜ ਨੂੰ ਚਾਰ ਵਰਣਾਂ ਵਿਚ ਵੰਡਣ ਵਾਲਾ ਮਨੂੰ ਹੀ ਹੈ।
2. ਗਰਕੀ ਜਾਂ ਗਰਕ ਹੋਣ ਤੋਂ ਬਣਾਇਆ ਸ਼ਬਦ ਹੈ, ਭਾਵ ਨਾਸ ਹੋਣਾ। 3. ਦੁਖ, ਅਜ਼ਾਬ ਨੂੰ ਵਿਗਾੜਿਆ ਹੈ।
4. ਰਕੇਬੀ ਨੂੰ ਵਿਗਾੜ ਕੇ ਰਕਾਬੀ ਬਣਾਇਆ ਹੈ, ਭਾਵ ਪਲੇਟ ਜਾਂ ਥਾਲੀ ਤੋਂ ਹੈ। 5. ਇਸਲਾਮ ਦਾ ਫਿਰਕਾ।
6. ਅਬਦੁਲ ਵਹਾਬ ਦੇ ਬੇਟੇ ਮੁਹੰਮਦ ਦਾ ਚਲਾਇਆ ਹੋਇਆ ਇਕ ਮਤ। 7. ਤਾਜ਼ਗੀ ਭਾਵ ਖੁਸ਼ੀਆਂ। 8. ਅੰਗਰੇਜ਼।

ਹੋਣੀ ਬਾਪ ਤੋਂ ਪੁਤ ਮਰਵਾ ਦੇਂਦੀ, ਰੁਸਤਮਾ[1] ਵੱਢਿਆ ਪੁਤ ਸੁਹਰਾਬੀਆਂ[2] ਜੀ।
ਪੂਰਨ ਭਗਤ[3] ਵਢਾ ਕੇ ਖੂਹ ਪਾਇਆ, ਕੀਤਾ ਡੱਕਰੇ ਆਨ ਕਸਾਬੀਆਂ ਜੀ।
ਧਰਮ ਵਾਲਿਆਂ ਆਦਲਾਂ[4] ਆਕਲਾਂ[5] ਨੂੰ, ਵੇਖਣ ਦੇਇ ਨਾ ਐਬ ਸੁਵਾਬੀਆਂ[6] ਜੀ।
ਖੇਤ ਪੱਕਿਆ ਤੇ ਗੜੇ ਮਾਰ ਕਰਦੀ, ਕਰੇ ਰੋੜ ਬਹਾਰ ਗੁਲਾਬੀਆਂ ਜੀ।
ਹੋਣੀ ਖੇਡਦੇ ਮਿਰਗ ਮਰਵਾਉਂਦੀ ਏ, ਚੜ੍ਹੇ ਸੀਖ ਤੇ ਆਨ ਕਬਾਬੀਆਂ ਜੀ।
ਕਿਸਮਤ ਆਂਵਦੀ ਲਾਂਵਦੀ ਢਿਲ ਰੱਤੀ, ਐਪਰ ਜਾਂਦਿਆਂ ਕਰੇ ਸ਼ਿਤਾਬੀਆਂ ਜੀ।
ਪਲ ਵਿਚ ਫੂਕ ਕੇ ਸ਼ਾਹ ਕੰਗਾਲ ਕਰਦੀ, ਕਰੇ ਖਾਕ ਦੇ ਢੇਰ ਕਮਖਵਾਬੀਆਂ[7] ਜੀ।
ਤਾਰੇ ਵਿਚ ਸਵਰਗ ਦੇ ਮੌਜ ਕਰਦੇ, ਚਾ ਗਿੜਾਂਵਦੀ ਧਾਰ ਬੇਤਾਬੀਆਂ[8] ਜੀ।
ਇਸ ਦੇ ਡੰਗ ਦਾ ਨਹੀਂ ਇਲਾਜ ਕੋਈ, ਲੱਭਾ ਰੋਗ ਨਾ ਅਬੂ ਤਰਾਬੀਆਂ[9] ਜੀ।
ਮਾਲਾ ਮਾਲ ਨੂੰ ਕਰੇ ਕੰਗਾਲ ਹੋਣੀ, ਹੋਕੇ ਮਾਰਦੇ ਚੁਕ ਕੇ ਛਾਬੀਆਂ ਜੀ।
ਰੰਗਾ ਰੰਗ ਦੇ ਰੰਗ ਖਿਲਾਰਦੀ ਏ, ਚਾਤ੍ਰਿਕ ਜਿਵੇਂ ਅਨਾਰ ਮਤਾਬੀਆਂ ਜੀ।
ਸਚ ਆਖਦੇ ਲੋਕ ਦਾਨਾ ਜੇਹੜੇ, ਮਿਠੀ ਜਾਣਦੇ ਹਾਰ ਜੁਆਰੀਏ ਜੀ।

ਜਿਉਂ ਜਿਉਂ ਆਂਵਦੀ ਹਾਰ ਜੁਆਰੀਏ ਨੂੰ ਤਿਉਂ ਤਿਉਂ ਚਾਹੁੰਦਾ ਹੋਰ ਭੀ ਹਾਰੀਏ ਜੀ।
ਏਸੇ ਵਾਸਤੇ ਆਖਦੇ ਝੱਸ ਮੰਦਾ, ਨਾ ਜਵਾਰੀਆਂ ਪਾਸ ਖੁਲਿਹਾਰੀਏ ਜੀ।
ਸੁਹਬਤ[10] ਬੁਰੀ ਤੋਂ ਦੂਰ ਹਮੇਸ਼ ਰਹੀਏ, ਹੇਠ ਥੜੇ ਤੋਂ ਝੱਬ ਉਤਾਰੀਏ ਜੀ।
ਜੂਏ ਜਿਹਾ ਨਾ ਐਬ ਜਹਾਨ ਅੰਦਰ, ਜੂਏ ਖੇਡ ਵਾਲਾ ਰੜੇ ਮਾਰੀਏ ਜੀ।
ਹਰ ਇਕ ਐਬ ਦਾ ਹੋਂਵਦਾ ਹੱਦ ਬੰਨਾ, ਏਸ ਐਬ ਦਾ ਵਾਰ ਨਾ ਪਾਰੀਏ ਜੀ।
ਇਕ ਪਲਕ ਦੀ ਝਲਕ ਨਾ ਦੇਰ ਲਗੇ, ਹੋ ਹੋ ਜਾਣ ਸਰਾਫ ਨਿਆਰੀਏ ਜੀ।
ਏਸ ਐਬ ਜਹਾਨ ਤਬਾਹ ਕੀਤਾ, ਟੁਕਰ ਮੰਗਦੇ ਪੰਜ ਹਜ਼ਾਰੀਏ ਜੀ।
ਸਾਡੇ ਸਾਹਮਣੇ ਕਈ ਕੰਗਾਲ ਹੋ ਗਏ, ਅਖੀਂ ਵੇਖਿਆ ਝੂਠ ਨਾ ਮਾਰੀਏ ਜੀ।
ਬਦਰੇ[11] ਚੁਕ ਲੈ ਜਾਂਵਦੇ ਜਾਣ ਲਗੇ, ਆਇਆ ਕਪੜੇ ਹੋਣ ਉਧਾਰੀਏ ਜੀ।
ਗਹਿਣਾ ਨਾਰ ਦਾ ਘਰੋਂ ਚੁਰਾ ਖੜਦੇ, ਰਖਣ ਦਾਉ ਤੇ ਜਾ ਬਾਜ਼ਾਰੀਏ ਜੀ।
ਏਸ ਖੇਡ ਤੋਂ ਕਿਸੇ ਨਾ ਨਫਾ ਪਾਇਆ, ਸਾਰੇ ਕਰਨ ਬੈਠੇ ਗਿਰੀਆ ਜ਼ਾਰੀਏ[12] ਜੀ।
ਕੋਈ ਜੂਏ ਤੋਂ ਸ਼ਾਹ ਨਾ ਕਦੇ ਬਣਿਆ, ਦਰ ਦਰ ਮੰਗਦੇ ਬਹੁਤ ਭਿਖਾਰੀਏ ਜੀ।
ਏਸੇ ਗਲ ਤੋਂ ਮਿਤਰੋ ਸੋਚ ਕਰਕੇ, ਜ਼ਰਾ ਜੀਉ ਦੇ ਵਿਚ ਵਿਚਾਰੀਏ ਜੀ।
ਜੇਹੜੇ ਕੰਮ ਤੋਂ ਸਦਾ ਨੁਕਸਾਨ ਹੋਵੇ, ਕਾਹਨੂੰ ਓਸ ਤੇ ਹਥ ਉਲਾਰੀਏ ਜੀ।
ਜੂਆ ਜ਼ਾਮਨੀ[13] ਅਤੇ ਜ਼ਨਾਹ[14] ਤਿਨੇ, ਨਾਸ ਧਨ ਦਾ ਰੋਜ਼ ਉਚਾਰੀਏ ਜੀ।
ਫੇਰ ਸ਼ਰਮ ਨੂੰ ਰਖਕੇ ਛਿਕਿਆਂ ਤੇ, ਰੋਜ਼ ਧਨ ਨੂੰ ਪਏ ਉਜਾੜੀਏ ਜੀ।

1-2. ਮਹਾਂਬਲੀ ਕਿਉਂਕਿ ਰੁਸਤਮ ਫਾਰਸ ਦਾ ਮਹਾਂ ਬਲਵਾਨ ਵੀਰ ਸੀ ਅਤੇ ਸੁਹਰਾਬ ਉਸ ਦਾ ਪੁਤ੍ਰ ਸੀ ਜੋ ਪਿਉਂ ਦੀ ਹਥੀਂ ਮਰਿਆ। 3. ਸਿਆਲਕੋਟ ਦੇ ਰਾਜੇ ਸ਼ਾਲਿਵਾਹਨ ਦਾ ਪੁਤਰ। 4. ਨਿਆਂਕਾਰੀ।
5. ਅਕਲ ਵਾਲੇ ਭਾਵ ਬੁਧੀਮਾਨ। 6. ਪੁੰਨ। 7. ਕੀਮਖਾਬ ਤੇ ਜ਼ਰੀ ਆਦਿ ਦੇ ਕੀਮਤੀ ਕਪੜੇ ਪਾਉਣ ਵਾਲਿਆਂ ਨੂੰ।
8. ਬੇਚੈਨੀ।
9. ਤਰਾਬੁਸ ਸ਼ਹਿਰ ਦੇ ਰਹਿਣ ਵਾਲੇ ਬਜ਼ੁਰਗਾਂ ਨੂੰ। ਤਰਾਬੁਸ ਜਾਂ ਟਰਫੀ ਅਫਰੀਕਾ ਦੇ ਉਤਰ ਵਲ ਜਾਂ ਅਬੂ=ਬਾਪ (ਬਜ਼ੁਰਗ) ਤਰਾਬ=ਮਿਟੀ, ਭਾਵ ਧਰਤੀ ਦੇ ਬਜ਼ੁਰਗਾਂ ਨੂੰ। 10. ਮੇਲ। 11. ਥੈਲੇ। 12. ਰੁਦਨ ਵਿਰਲਾਪ।
13. ਜ਼ਿਮੇਵਾਰੀ। 14. ਵਿਭਚਾਰ।

ਰਾਜੇ ਨਲ ਨੂੰ ਵੇਖਿਓਂ ਵਖਤ ਪੈਂਦਾ, ਜੇਹੜੀ ਓਸ ਕਰਤੂਤ ਖਿਲਾਰੀਏ ਜੀ।
ਪਾਯਾ ਦੁਖ ਕਿਸ ਤਰ੍ਹਾਂ ਸੀ ਪਾਂਡਵਾਂ ਨੂੰ, ਹੋਸੀ ਸੁਣੀ ਕਹਾਨੜੀ ਸਾਰੀਏ ਜੀ।
ਚਾਤ੍ਰਿਕ ਜਨਮ ਅਮੋਲ ਨਾ ਹਾਰੀਏ ਜੀ, ਸਿਮਰ ਰਾਮ ਨੂੰ ਜੂਨ ਸਵਾਰੀਏ ਜੀ।
ਲੋਕੀ ਆਖਦੇ ਜੂਏ ਦਾ ਝੱਸ ਮੰਦਾ, ਮੱਘਰ ਮਾਂਹ ਦਾ ਜਿਸ ਤਰ੍ਹਾਂ ਕਾਲ ਮੰਦਾ।
ਕਤਕ ਮਾਹ ਹਨੇਰੀ ਤੇ ਔੜ ਮੰਦੀ, ਠੱਕਾ ਮੀਂਹ ਦਾ ਵਿਚ ਸਿਆਲ ਮੰਦਾ।
ਚੜ੍ਹਦੇ ਜੇਠ ਦਾ ਮੀਂਹ ਤੇ ਸੌਣ ਸੋਕਾ, ਪਿਆਰ ਲੁਚ ਲਫੰਗਿਆਂ ਨਾਲ ਮੰਦਾ।
ਬੈਠਕ ਬੁਰੀ ਕਲਾਲ ਤੇ ਕੰਜਰੀ ਦੀ, ਚੋਗਾ ਚੁਗਣਾ ਉਪਰੋਂ ਜਾਲ ਮੰਦਾ।
ਅੜਬ ਰੰਨ, ਬਦਕਾਰ ਔਲਾਦ ਮੰਦੀ, ਨੌਕਰ ਸ਼ੋਖ ਤੇ ਮਾਰਕਾ ਮਾਲ[1] ਮੰਦਾ।
ਕਾਂਜੀ ਦੁਧ, ਵਿਆਹ ਦੇ ਵਿਚ ਰੋਣਾ, ਬੁਢੀ ਉਮਰ ਹੋ ਜਾਣ ਕੰਗਾਲ ਮੰਦਾ।
ਡਿਗਾ ਬੋਟ, ਸ਼ਰਾਬ ਦੀ ਤੋੜ ਮੰਦੀ ਕਰਨਾ ਸੂਮ ਦੇ ਪਾਸ ਸਵਾਲ ਮੰਦਾ।
ਸੁਹਬਤ ਨੀਚ ਦੀ ਚੋਰ ਦਾ ਸੰਗ ਮੰਦਾ, ਮਿਲਿਆਂ ਪਾਵਨਾ ਭੰਗ ਕਮਾਲ ਮੰਦਾ।
ਦੁਨੀਆਂ ਛਡ ਫਕੀਰ ਦੀ ਹਿਰਸ ਮੰਦੀ, ਮਾੜ੍ਹ ਮਾਉਂ ਦੇ ਕੁਛੜੀਂ ਬਾਲ ਮੰਦਾ।
ਸੌਣ ਭਾਦਰੋਂ ਵਿਚ ਵਿਆਹ ਮੰਦਾ, ਲੜਨਾ ਜੰਗ ਅੰਦਰ ਬਿਨਾ ਢਾਲ ਮੰਦਾ।
ਜੰਞ ਲੰਘਦੀ ਵੇਖਣੀ ਖਵਾਬ[2] ਅੰਦਰ, ਤੇ ਅਮਾਨ ਦਾ ਲੈਨ ਸੰਭਾਲ[3] ਮੰਦਾ।
ਚਸਕਾ ਜੀਭ ਦਾ ਅੱਖ ਦਾ ਰੋਗ ਮੰਦਾ, ਗਾਨਾ ਰਾਗ ਦਾ ਬਾਝ ਸੁਰਤਾਲ ਮੰਦਾ।
ਬੁਰੀ ਸੋ[4], ਤੇ ਤੁਰਨ ਦਾ ਸਫਰ ਮੰਦਾ, ਰਾਤੀ ਸੁਤਿਆਂ ਪਿਆ ਭੂਚਾਲ ਮੰਦਾ।
ਅੜੀਅਲ ਪਸ਼ੂ, ਧੋਖੇਬਾਜ ਯਾਰ ਮੰਦਾ, ਮੀਂਹ ਰਾਤ ਦਾ ਵਿਚ ਉਨ੍ਹਾਲ ਮੰਦਾ।
ਤੁਹਮਤ ਕੂੜੀ ਤੇ ਰੂੜੀ ਦਾ ਤਾਉ ਮੰਦਾ, ਜੱਟ ਖਤਰੀ ਦਾ ਭਾਈਵਾਲ ਮੰਦਾ।
ਮੰਦਾ ਝੱਸ ਮੁਕਦਮੇ ਬਾਜ਼ੀਆਂ ਦਾ, ਦੇਣਾ ਤਾਪ ਦੇ ਵਿਚ ਨੁਹਾਲ ਮੰਦਾ।
ਅਸੂ ਓਸ[5] ਤੇ ਸੌਣ ਦੀ ਧੁਪ ਮੰਦੀ, ਸਹੁਰੇ ਜਾਵਣਾ ਮੰਦੜੇ ਹਾਲ ਮੰਦਾ।
ਦਾਨੇ ਕਹਿਣ ਉਜਾੜ ਦਾ ਵਾਸ ਮੰਦਾ, ਦਰੋਂ ਦੇਵਣਾ ਫਕਰ ਨੂੰ ਟਾਲ ਮੰਦਾ।
ਵੇਲਾ ਛੱਡ ਕੁਵੇਲੇ ਦਾ ਰਾਗ ਮੰਦਾ, ਪੁੱਠੇ ਪੈਰ ਦੀ ਚੱਲਣਾ ਚਾਲ ਮੰਦਾ।
ਦਗਾ ਮਿਤ੍ਰਾਂ ਨਾਲ ਕਮਾਲ ਮੰਦਾ, ਚਾਤ੍ਰਿਕ ਭੁੱਲਣਾ ਦੀਨ ਦਿਆਲ ਮੰਦਾ।
ਸਚ ਆਖਦੇ ਜੂਏ ਦੀ ਹਾਰ ਮਿਠੀ, ਜਿਵੇਂ ਓਪਰਾ ਮਾਲ ਤੇ ਨਾਰ ਮਿੱਠੀ।
ਮਿੱਠਾ ਹੋਂਵਦਾ ਮਜ਼ਾ ਪਹਿਮਾਨਗੀ[6] ਦਾ ਅਤੇ ਜੰਗ ਦੇ ਵਿਚ ਤਲਵਾਰ ਮਿੱਠੀ।
ਜਿਵੇਂ ਮੁਫਤ ਦੀ ਕਹਿਨ ਸ਼ਰਾਬ ਮਿੱਠੀ, ਬਾਲ ਉਮਰ ਦੀ ਖੇਡ ਗਵਾਰ ਮਿੱਠੀ।
ਜਾਪੇ ਵਿਚ ਵਿਆਹ ਦੇ ਗਾਲ ਮਿੱਠੀ, ਬਾਲ ਉਮਰ ਦੀ ਖੇਡ ਗਵਾਰ ਮਿੱਠੀ।
ਦੇਵੇ ਮਜ਼ਾ ਪਰਾਇਆ ਲਹੂ ਮਿੱਠਾ, ਲੱਗੇ ਭੁੱਖ ਦੇ ਵਕਤ ਜਵਾਰ ਮਿੱਠੀ।
ਹਾੜ ਛਾਉਂ ਸਿਆਲ ਦੀ ਧੁੱਪ ਮਿੱਠੀ, ਰਕਮ ਮਾਰਨੀ ਚੁਕ ਉਧਾਰ ਮਿੱਠੀ।
ਪੁੱਤਰ ਜੰਮਣੇ ਜੇਡ ਨਾ ਖਬਰ ਮਿੱਠੀ, ਬਾਂਡ[7] ਲਾਵਣੀ ਵਿਚ ਵਿਹਾਰ ਮਿੱਠੀ।
ਨੀਂਦ ਸੁਬਹ ਬੇਫਿਕਰੀ ਤੇ ਥੱਕਿਆਂ ਦੀ, ਤੋਰ ਸੱਖਣਾ ਤੁਰੇ ਕਹਾਰ ਮਿੱਠੀ।
ਅਜ ਕਲ ਦੀਵਾਨੀ[8] ਦੀ ਕੈਦ ਮਿੱਠੀ, ਤੇ ਜਵਾਨੀ ਦੀ ਐਸ਼ ਬਹਾਰ ਮਿੱਠੀ।

---

1. ਟਰੇਡ ਮਾਰਕ ਵਾਲਾ। 2. ਸੁਪਨਾ। 3. ਸਾਂਭਣਾ। 4. ਖਬਰ। 5. ਤਰੇਲ। 6. ਬੇਈਮਾਨੀ।
7. ਕਸਰ ਦਾਅ। 8. ਲੈਣੇ ਦੇਣੇ ਦੇ ਮੁਕੱਦਮੇਂ ਦੀ।

ਅਤੇ ਆਪਣੇ ਵਿਆਹ ਦੀ ਜਾਗ ਮਿੱਠੀ, ਸੁਰ ਸਾਰੰਗੀ ਅਤੇ ਸਤਾਰ ਮਿੱਠੀ।
ਬੁਢੀ ਉਮਰ ਦੀ ਮੌਤ ਦੀ ਸੇਜ ਮਿੱਠੀ, ਯਾਰ ਆਵਣੇ ਦੀ ਇੰਤਜ਼ਾਰ[1] ਮਿੱਠੀ।
ਚਾਤ੍ਰਿਕ ਭਜਨ ਦੇ ਨਸ਼ੇ ਦੀ ਤਾਰ ਮਿੱਠੀ, ਦਿਨ ਰਾਤ ਜਿਉਂ ਯਾਦ ਕਰਤਾਰ ਮਿੱਠੀ।
ਚੌਪਟ ਵਿਚ ਸਿਆਣਿਆਂ ਚਾਰ ਪਾਸੇ, ਦਿਤੇ ਖੇਡ ਦੇ ਲਈ ਬਨਾ ਪਿਆਰੇ।
ਜਿੱਧਰ ਲੱਭਸੂ ਦਾ ਲਗਾ ਵੇਖੇ, ਚਾਰੇ ਮੋਕਲੇ ਓਸ ਨੂੰ ਰਾਹ ਪਿਆਰੇ।
ਚਾਰੇ ਚਾਰ ਨਰਦਾ ਚੋਹਾਂ ਪਾਸਿਆਂ ਤੇ, ਚਾਹੇ ਜਿਸ ਨੂੰ ਲਵੇ ਖਿਡਾ ਪਿਆਰੇ।
ਤਿੰਨ ਡਲ ਭੀ ਅਕਲ ਦੇ ਨਾਲ ਸੁੱਟੇ, ਚੌਥਾ ਨਾਲ ਨਸੀਬ ਰਲਾ ਪਿਆਰੇ।
ਕਿਸਮਤ ਨੇਕ ਤੇ ਨੀਤ ਸਫ਼ਾ ਹੋਵੇ, ਮੂੰਹੋਂ ਮੰਗਿਆ ਆਂਵਦਾ ਦਾ ਪਿਆਰੇ।
ਐਪਰ ਨਲ ਦਾ ਉਲਟਿਆ ਅੱਜ ਪਾਸਾ, ਕੋਈ ਦਾ ਨਾ ਕਰੇ ਵਫਾ ਪਿਆਰੇ।
ਚਾਰੇ ਰਾਸਤੇ ਬੰਦ ਹੋ ਗਏ ਉਸ ਨੂੰ, ਰਿਹਾ ਆਪਣਾ ਜ਼ਰ ਲਗਾ ਪਿਆਰੇ।
ਇਕ ਕਹਿਣ ਜਵਾਰੀ ਦੀ ਹਾਰ ਮੰਦੀ, ਪਵੇ ਹਾਰ ਤਾਂ ਹੱਥ ਉਠਾ ਪਿਆਰੇ।
ਕਲੂ ਕਾਲ ਨੇ ਦੂਸਰੀ ਬੁਧ ਮਾਰੀ, ਸਿੱਧਾ ਦਾ ਭੀ ਦੇ ਉਲਟਾ ਪਿਆਰੇ।
ਤੀਜੇ ਹਾਰ ਨਸੀਬ ਦੀ ਧੁਰੋਂ ਆਈ, ਲਿਖੇ ਨਾ ਸਕੇ ਮਿਟਾ ਪਿਆਰੇ।
ਚੌਥੇ ਪੇਸ਼ ਪੈ ਗਿਆ ਅੱਯਾਰ[2] ਪੁਸ਼ਕਰ, ਨਾਲ ਚਾਤਰੀ ਕਰੇ ਦਗਾ ਪਿਆਰੇ।
ਚਾਰੇ ਚੌੜ ਚੁਪੱਟ ਚੁਰਾਹ ਹੋਏ, ਰਾਜ ਭਾਗ ਨੂੰ ਰਿਹਾ ਲੁਟਾ ਪਿਆਰੇ।
ਮੰਗੇ ਪੌਂ ਬਾਰਾਂ ਪੈਣ ਤਿੰਨ ਕਾਣੇ, ਲੀਤੀ ਡਲਾਂ ਦੀ ਅੱਖ ਚੁਰਾ ਪਿਆਰੇ।
ਚਾਤ੍ਰਿਕ ਚਾਤਰੀ ਪੈ ਗਈ ਖੂਹ ਤੇਰੀ, ਜੇ ਨਾ ਕੀਤੀਆਂ ਯਾਦ ਖੁਦਾ ਪਿਆਰੇ।

ਰਾਜਾ ਨਲ ਦਾ ਜੂਏ ਪਰ ਰਾਜ ਪਾਟ ਲਗਾ ਦੇਣਾ

ਰਾਜੇ ਸੋਚਿਆ ਬੜਾ ਨੁਕਸਾਨ ਹੋਯਾ, ਜਾਂਦੀ ਵਾਰ ਕਿਸਮਤ ਆਜ਼ਮਾ ਲਈਏ।
ਪਾਸਾ ਫਿਰੇ ਜੇ ਭਲਾ ਦਰਗਾਹ ਵਲੋਂ, ਦਿਲੋਂ ਆਪਣੀ ਵਾਹ ਲਗਾ ਲਈਏ।
ਯਾ ਤਾਂ ਤਖਤ ਹੋਇਆ ਯਾ ਨਸੀਬ ਤਖਤਾ, ਬੈਠ ਸਾਹਮਣੇ ਘੋਲ ਕਰਵਾ ਲਈਏ।
ਇਕਦਰ ਭਾਗ ਤੇ ਇਕ ਦਰ ਨਸੀਬ ਖੋਟੇ, ਤੱਕੜ ਚਾੜ੍ਹ ਕੇ ਠੀਕ ਤੁਲਵਾ ਲਈਏ।
ਵੇਖ ਲਿਆ ਹੈ ਸੁਖ ਅਮੀਰੀਆਂ ਦਾ, ਥੋੜਾ ਦੁੱਖ ਦਾ ਮਜ਼ਾ ਉਠਾ ਲਈਏ।
ਜ਼ਰੀ ਬਾਦਲੇ[3] ਬਹੁਤ ਹੰਢਾ ਚੁੱਕੇ, ਲੀਰਾਂ ਗੋਦੜੀ ਜ਼ਰਾ ਹੰਢਾ ਲਈਏ।
ਖਬਰੇ ਯਾਵਰੀ[4] ਕਰਨ ਨਸੀਬ ਮੁੜ ਕੇ, ਡਲ ਸੁੱਟ ਕੇ ਫੇਰ ਪਰਤਾ ਲਈਏ।
ਨਹੀਂ ਤਾਂ ਰਾਜ ਕੰਗਾਲੀ ਦਾ ਕੰਮ ਕੇਹੜੇ ਏਹ ਭੀ ਲਾ ਕੇ ਦਾ ਹਰਾ ਲਈਏ।
ਪਾਸੇ ਹੋਵੇਗੀ ਇਕ ਤਾਂ ਖੇਡ ਮੇਰੀ, ਯਾ ਵਧਾ ਲਈਏ ਯਾ ਘਟਾ ਲਈਏ।
ਚਾਤ੍ਰਿਕ ਚਿੱਤ ਨਾ ਧਾਰਦਾ ਸ਼ਾਂਤ ਮੇਰਾ, ਇਸ ਦੇ ਲੱਗ ਆਖੇ ਠੰਢ ਪਾ ਲਈਏ।
ਓੜਕ ਵਕਤ ਦਾ ਰਹਿ ਗਿਆ ਦਾ ਬਾਕੀ, ਹੋਰ ਹਾਰ ਬੈਠਾ ਸਾਰਾ ਮਾਲ ਮਿਤਰੋ।
ਨਫਾ ਖੱਟਣੇ ਵਾਸਤੇ ਖੇਡ ਖੇਡੀ, ਸਗੋਂ ਮੂਲ ਨੂੰ ਲੈ ਗਈ ਨਾਲ ਮਿਤਰੋ।

---

1. ਉਡੀਕ। 2. ਚਲਾਕ। 3. ਸੋਨੇ ਚਾਂਦੀ ਦੀਆਂ ਤਾਰਾਂ ਤਿਲੇ ਆਦਿ ਨਾਲ ਮਿਲਾ ਕੇ ਬੁਣਿਆ ਹੋਇਆ ਕਪੜਾ।
4. ਸਹਾਇਤਾ।

ਕਿਸਮਤ ਸਾਹਮਣੇ ਬੈਠ ਲੁਟਾ ਦਿਤਾ, ਹਥੋਂ ਹੱਥ ਕਰ ਰਹੀ ਕੰਗਾਲ ਮਿਤਰੋ।
ਪੁਸ਼ਕਰ ਮਾਰ ਤਾਨੇ ਕਹਿੰਦਾ ਨਲ ਤਾਂਈ, ਕੋਈ ਹੋਰ ਭੀ ਚੀਜ਼ ਵਿਖਾਲ ਮਿਤਰੋ।
ਨਲ ਆਖਰੀ ਦਾਉ ਲਗਾਂਵਦਾ ਏ, ਹਿਰਦੇ ਸਿਮਰ ਕੇ ਦੀਨ ਦਿਆਲ ਮਿਤਰੋ।
ਕਹਿੰਦਾ ਡਲਾਂ ਨੂੰ ਆਖਿਆ ਮੰਨਿਓ ਜੇ, ਆਖਰ ਵਕਤ ਦਾ ਕਰਾਂ ਸਵਾਲ ਮਿਤਰੋ।
ਪੈਣ ਪੌਂ ਬਾਰਾਂ ਵਾਰ ਐਤਕੀ ਦੀ, ਸਾਰੇ ਮਾਲ ਨੂੰ ਲਵਾਂ ਮੈਂ ਟਾਲ ਮਿਤਰੋ।
ਜੇ ਕਰ ਜਿੱਤ ਹੋਈ ਚਾਤ੍ਰਿਕ ਚੈਨ ਹੋਸੀ ਨਹੀਂ ਤਾਂ ਹੋਵਸੀ ਮੰਦੜਾ ਹਾਲ ਮਿਤਰੋ।
ਕਹਿੰਦਾ ਪੁਸ਼ਕਰਾ ਆਖਰੀ ਦਾਉ ਮੇਰਾ, ਉਪਰ ਏਸਦੇ ਦੇਵਨਾ ਰਖ ਭਾਈ।
ਰਾਜ ਭਾਗ ਸਮਾਜ ਘਰ ਬਾਰ ਸਾਰਾ, ਉਪਰ ਜਿਦ੍ਹੇ ਹੈ ਤੇਰੜੀ ਅੱਖ ਭਾਈ।
ਜੇ ਕਰ ਜ਼ਿੱਤ ਹੋਈ ਮੇਰੀ, ਹਾਰ ਸਾਰੀ-ਨਾਲ ਹੋਰ ਲੈਸਾਂ ਪੰਝੀ ਲੱਖ ਭਾਈ।
ਜੇ ਕਰ ਹਾਰ ਹੋਈ ਕਿਸਮਤ ਹਾਰ ਹੋਈ, ਤਾਂ ਮੈਂ ਹੋਵਸਾਂ ਰਾਜ ਤੋਂ ਵਖ ਭਾਈ।
ਜਾਂਦੀ ਵਾਰ ਏਹ ਦਾਉ ਲਗਾ ਕੇ ਤੇ, ਲਵਾਂ ਅਜ ਨਸੀਬ ਪਰਖ ਭਾਈ।
ਦਿਲੋਂ ਜਾਣਿਆਂ ਰਾਜ ਨਸੀਬ ਤੇਰਾ, ਲਿਆ ਮਜ਼ਾ ਬਥੇਰੜਾ ਚੱਖ ਭਾਈ।
ਮਹਿਲ ਮਾੜੀਆਂ ਗੱਦੀਆਂ ਹੁਕਮ ਹਾਸਲ, ਵਿਚੋਂ ਇਕ ਨਾ ਰੱਖਸਾਂ ਕੱਖ ਭਾਈ।
ਚਾਤ੍ਰਿਕ ਕਿਸਮਤਾਂ ਦਾ ਘੋਲ ਵੇਖ ਲਈਏ, ਜ਼ਰਾ ਸਾਹਮਣੇ ਬੈਠ ਪ੍ਰਤੱਖ ਭਾਈ।
ਐਪਰ ਏਹ ਖਿਆਲ ਮੁਹਾਲ ਉਸਦਾ, ਪੂਰੀ ਹੋਵਣੀ ਕਦੋਂ ਮੁਰਾਦ ਮਿਤਰੋ।
ਕੋਈ ਗਧੇ ਦੇ ਸਿਰਾਂ ਤੋਂ ਸਿੰਗ ਲੱਭੇ-ਏਸ ਗੱਲ ਦੀ ਕਦੋਂ ਬੁਨਿਯਾਦ ਮਿਤਰੋ।
ਚਿੱਟੀ ਰੌੜ ਨੂੰ ਜੋ ਦੌੜ ਲਏ ਪਾਣੀ, ਉਹ ਜ਼ਰੂਰ ਆਸੀ ਨਾ ਮੁਰਾਦ ਮਿਤਰੋ।
ਜੇਕਰ ਕਹੇ ਅਕਾਸ਼ ਦੇ ਫੁੱਲ ਤੋੜਾਂ, ਅਤੇ ਹਾੜ ਦੇ ਵਿਚ ਕਮਾਦ ਮਿਤਰੋ।
ਮਾਸ ਇਲ ਦੇ ਆਲ੍ਹਣੇ ਵਿਚ ਲਭੇ, ਅਤੇ ਖੁਸਰਿਆਂ ਪਾਸ ਉਲਾਦ ਮਿਤਰੋ।
ਬੇਹਾ ਅੰਨ ਪੁੱਛੇ ਘਰੀਂ, ਲੁੱਧਰਾਂ ਦੇ, ਬਿਨਾਂ ਛਾਉਂ ਦੇ ਆਦਮੀ ਜ਼ਾਦ ਮਿਤਰੋ।
ਮੁਕਤੀ ਗਿਆਨ ਬਗੈਰ ਜੇ ਕੋਈ ਭਾਲੇ, ਅਤੇ ਵਿਦਯਾ ਬਿਨਾਂ ਉਸਤਾਦ ਮਿਤਰੋ।
ਗੱਪਾਂ ਸਾਰੀਆਂ ਨੇ ਲਵੇ ਮਾਰ ਕੋਈ, ਠੀਸਾਂ ਮਾਰਨੇ ਦਾ ਕੀ ਸਵਾਦ ਮਿਤਰੋ।
ਕਦੇ ਹੋ ਭੀ ਜਾਨ ਏਹ ਸਭ ਗੱਲਾਂ, ਤਾਂ ਭੀ ਨਹੀਂ ਕੋਈ ਏਤਮਾਦ[1] ਮਿਤਰੋ।
ਅਗੇ ਜਿਤਿਆ ਨਹੀਂ ਤਾਂ ਜਿੱਤ ਹੋਣੀ, ਹੋਸੀ ਜਿੱਤ ਨਾ ਆਦਿ ਜੁਗਾਦ ਮਿਤਰੋ।
ਡਲਾਂ ਕਸਮ ਖਾਧੀ ਆਖਾ ਮੰਨਣੇ ਦੀ, ਆਖਣ ਕਰਾਂਗੇ ਅਜ ਬਰਬਾਦ ਮਿਤਰੋ।
ਇਕਦਰ ਸਾਫ ਨਸੀਬ ਦੀ ਹਾਰ ਦਿਸੇ, ਇਕਦਰ ਕਲੂ ਹੈ ਵਾਂਗ ਸਯਾਦ[2] ਮਿਤਰੋ।
ਅਜ ਜ਼ੋਰ ਕਰੋੜ ਜੇ ਨਲ ਲਾਵੇ, ਪਾ ਕੇ ਜਿਤ ਨਾ ਹੋਵਸੀ ਸ਼ਾਦ[3] ਮਿਤਰੋ।
ਚਾਤ੍ਰਿਕ ਦੁੱਖ ਤਕਲੀਫ ਦਾ ਪੇਸ਼ ਖੇਮਾ[4], ਅਜ ਚੜ੍ਹੀ ਐਸੀ ਬਾਮਦਾਦ[5] ਮਿਤਰੋ।
ਰਾਜੇ ਹਥ ਉਲਾਰਿਆ ਸੁੱਟਣੇ ਨੂੰ, ਹੋਠਾਂ ਸੁਕਿਆਂ ਤੇ ਜੀਭ ਫੇਰਦਾ ਏ।
ਦਿਲੋਂ ਦੀਨ ਦਿਆਲ ਨੂੰ ਯਾਦ ਕਰਕੇ, ਫੇਰ ਫੇਰ ਕੇ ਡਲਾਂ ਨੂੰ ਗੇਰਦਾ ਏ।
ਮੂੰਹੋਂ ਨਾਲ ਹੀ ਏਹ ਆਵਾਜ਼ ਆਈ, ਡਲੇ ਵਕਤ ਨਾ ਰਿਹਾ ਹੁਣ ਦੇਰ ਦਾ ਏ।
ਪੈਣ ਪੌਂ ਬਾਰਾਂ ਬਾਜ਼ੀ ਜਿਤ ਜਾਵਾਂ, ਵੇਖਾਂ ਮੂੰਹ ਨਾ ਦੁੱਖ ਦੇ ਢੇਰ ਦਾ ਏ।

1. ਤਸੱਲੀ। 2. ਸ਼ਿਕਾਰੀ, ਜ਼ਾਲਿਮ। 3. ਖੁਸ਼। 4. ਅਗਾਊਂ ਪ੍ਰਬੰਧ। 5. ਸਵੇਰ।

ਐਪਰ ਕਦੋਂ ਆਖਾ ਡਲਾਂ ਮੰਨਣਾ ਸੀ, ਪਾਸਾ ਪਲਟਿਆ ਧੁਰੋਂ ਸਵੇਰ ਦਾ ਏ।
ਮੰਗੇ ਪੌਂ ਬਾਰਾਂ ਪਏ ਤਿੰਨ ਕਾਣੇ, ਡਲਾਂ ਵੱਲ ਹੈਰਾਨ ਹੋ ਹੇਰਦਾ[1] ਏ।
ਜਾਹ ਓਇ ਕਿਸਮਤੇ ਦਿਤੋਈ ਅੰਤ ਟੋਆ, ਢਾਯਾ ਹੌਂਸਲਾ ਅਜ ਦਲੇਰ ਦਾ ਏ।
ਕਦੇ ਵੱਧ ਨਾ ਘੱਟ ਨਸੀਬ ਹੋਵੇ, ਬੰਦਾ ਮੁਫਤ ਦਾ ਫਿਕਰ ਸਹੇੜਦਾ ਏ।
ਪੁਸ਼ਕਰ ਭੱਜ ਕੇ ਪਕੜਦਾ ਡਲਾਂ ਤਾਈ, ਜਿਵੇਂ ਬਾਜ ਸ਼ਿਕਾਰ ਬਟਰ ਦਾ ਏ।
ਝੱਟ ਪੱਟ ਡਲ ਸਟ ਚੌਪਟ ਉਤੇ, ਮੁੜ ਕੇ ਫੜਨ ਨੂੰ ਹਥ ਉਲੇਰਦਾ ਏ।
ਪਹਿਲੇ ਪੌਂ ਬਾਰਾਂ, ਬਾਜ਼ੀ ਪਲਾਂ ਦੇ ਵਿਚ ਉਖੇੜਦਾ ਏ।
ਦੂਜੇ ਫੇਰ ਭੀ ਨਲ ਦੇ ਤਿੰਨ ਕਾਣੇ, ਪੁਸ਼ਕਰ ਪੁੱਗਿਆ ਗੇੜ ਚੌਫੇਰਦਾ ਏ।
ਬਾਜ਼ੀ ਜਿੱਤ ਕੇ ਬੜਾ ਖੁਸ਼ਹਾਲ ਹੋਇਆ, ਤਾਨੇ ਮਾਰ ਭਰਾਉ ਨੂੰ ਛੇੜਦਾ ਏ।
ਗੋਯਾ ਹਾਰ ਦੇ ਤਾਉ ਥੀਂ ਪਏ ਛਾਲੇ, ਪੁਸ਼ਕਰ ਨਵ੍ਹਾਂ ਦੇ ਨਾਲ ਉਚੇੜਦਾ ਏ।
ਰਾਜਾ ਗਿਣਤੀਆਂ ਦੇ ਖੂਹ ਜਾ ਡਿਗਾ, ਕਦੇ ਉਣੇ ਤੇ ਕਦੇ ਉਧੇੜਦਾ ਏ।
ਚਾਤ੍ਰਿਕ ਦੋਸ਼ ਨਾ ਕਿਸੇ ਦਾ ਇਕ ਰਤੀ ਬੰਦਾ ਆਪ ਹਥੀਂ ਦੁੱਖ ਸਹੇੜਦਾ ਏ।
ਪੁਸ਼ਕਰ ਜਾਮਿਆਂ ਵਿਚ ਸਮਾਂਵਦਾ ਨਾ, ਕਰੇ ਚਿੱਘੀਆਂ ਅਤੇ ਮਖੌਲ ਭਾਈ।
ਕਹਿੰਦਾ ਨਲ ਨੂੰ ਬੜਾ ਮਗਰੂਰ[2] ਹੋ ਕੇ, ਕੇਹੜੀ ਗੱਲ ਦਾ ਪੈ ਗਿਆ ਹੌਲ[3] ਭਾਈ।
ਹਥੀਂ ਆਪਣੀ ਹਾਰ ਕੇ ਪਾ ਪੈਸਾ, ਮੱਥਾ ਮਾਰਦਾ ਕਾਸ ਨੂੰ ਧੌਲ[4] ਭਾਈ।
ਹੁਣ ਹੋਰ ਦਲੀਲ ਕੀ ਜੀਉ ਅੰਦਰ, ਕੇਹੜੀ ਸੋਚ ਵਿਚਾਰਦਾ ਡੌਲ ਭਾਈ।
ਜੇਹੜੀ ਸੰਪਦਾ ਰਾਜ਼ ਤੇ ਧਨ ਤੇਰਾ, ਸੋ ਤਾਂ ਹਾਰ ਚੁਕਾ ਕਰਕੇ ਕੌਲ ਭਾਈ।
ਚਾਤ੍ਰਿਕ ਚੀਜ਼ ਬਾਕੀ ਇਕ ਪਾਸ ਤੇਰੇ ਰਖ ਓਸ ਨੂੰ ਕਰੀ ਨਾ ਘੌਲ ਭਾਈ।
ਤੇਰੀ ਇਸਤ੍ਰੀ ਸੁੰਦਰੀ ਰੂਪ ਮੱਤੀ, ਹੁਣ ਓਸ ਦਾ ਦਾਉ ਲਗਾ ਭਾਈ।
ਓੜਕ ਵਾਰ ਦਾ ਵੇਖ ਲੈ ਹਥ ਮੇਰਾ, ਕਿਸਮਤ ਓਸਤੇ ਭੀ ਆਜ਼ਮਾ ਭਾਈ।
ਜੇਕਰ ਜਿਤਿਓਂ ਕਰਾਂਗਾ ਰਾਜ ਵਾਪਸ, ਹਾਥੀ ਘੋੜਿਆਂ ਸਣੇ ਸਪਾਹ ਭਾਈ।
ਜੇਕਰ ਗਈ ਤਾਂ ਨਾਰ ਨੂੰ ਜਾਣ ਦੇਂਈ, ਕਰੀਂ ਇਸਤ੍ਰੀ ਤਈਂ ਜੁਦਾ[5] ਭਾਈ।
ਖਬਰੇ ਕਿਸ ਤਰ੍ਹਾਂ ਹੋਵਸੀ ਗੁਜ਼ਰ ਤੇਰੀ, ਏਹਨੂੰ ਨਾਲ ਨਾ ਪਿਆ ਰੁਲਾ ਭਾਈ।
ਜੇਕਰ ਜੰਗਲੋਂ ਜੰਗਲੀਂ ਲਈ ਫਿਰਿਉਂ ਜਾਸੀ ਏਸ ਦਾ ਮੁਖ ਕੁਮਲਾ ਭਾਈ।
ਆਖਾਂ ਸਚ ਮੈਂ ਚਾਲਿਓਂ ਉਕ ਨਾਹੀਂ ਤੇਰੇ ਹਥ ਲਡੂ ਦੋਵੇਂ ਦਾ ਭਾਈ।
ਜਿਥੇ ਰਾਜ ਤੇ ਮੌਜ ਦੀ ਹਾਰ ਹੋਈ, ਜਾਸੇਂ ਨਾਰ ਤੋਂ ਜਾਨ ਛੁਡਾ ਭਾਈ।

ਕ੍ਰੋਧਵਾਨ ਹੋਣਾ ਨਲ ਰਾਜਾ ਦਾ ਪੁਸ਼ਕਰ ਦੀ ਏਸ ਢੀਠਤਾ ਤੇ

ਸੁਣ ਕੇ ਗਲ ਨਾਦਾਨ ਦੀ ਨਲ ਰਾਜਾ, ਗੁਸੇ ਨਾਲ ਐਸਾ ਲਾਲੋ ਲਾਲ ਹੋਯਾ।
ਜਿਵੇਂ ਅਖੀਆਂ ਦੇ ਅੰਦਰ ਖੂਨ ਭਰਿਆ, ਹੋਠ ਚਬਦਾ ਕਹਿਰ ਕਮਾਲ[6] ਹੋਯਾ।
ਐਪਰ ਫੇਰ ਸੰਤੋਖ ਨੂੰ ਧਾਰਦਾ ਏ, ਸੋਚ ਸੋਚ ਕੇ ਦੂਰ ਮਲਾਲ[7] ਹੋਯਾ।

1. ਦੇਖਦਾ। 2. ਅਭਿਮਾਨੀ। 3. ਦਿਲ ਦਾ ਕਾਂਬਾ, ਘਬਰਾਹਟ। 4. ਪਰਬਤ, ਪਹਾੜ। 5. ਵਖਰਾ।
6. ਪੂਰਨ, ਜ਼ਿਆਦਾ। 7. ਉਦਾਸੀ।

ਜੇਕਰ ਹਾਰਿਆ ਰਾਜ ਮੈਂ ਆਪ ਹਥੀਂ, ਤਾਹੀਂ ਏਸਦਾ ਬੁਰਾ ਸਵਾਲ ਹੋਯਾ।
ਹਥੀਂ ਆਪ ਵਿਹਾਝਿਆ ਦੁਖ ਸਾਰਾ, ਮੂੰਹੋ ਆਖ ਕੇ ਅਜ ਕੰਗਾਲ ਹੋਯਾ।
ਮੂੰਹੋਂ ਬੋਲਿਆ ਚਾਲਿਆ ਕੁਝ ਨਹੀਂ, ਐਪਰ ਦੁਖੀ ਵਿਚੋਂ ਵਾਲ ਵਾਲ ਹੋਯਾ।
ਗਹਿਣੇ ਕਪੜੇ ਕੀਮਤੀ ਲਾਹ ਦਿਤੇ, ਬਾਦਸ਼ਾਹ ਤੋਂ ਮੰਦੜੇ ਹਾਲ ਹੋਯਾ।
ਚਾਤ੍ਰਿਕ ਕਲੂ ਦੇ ਵੇਖ ਲਓ ਬੁਰੇ ਕਾਰੇ, ਰਾਜੇ ਨਲ ਦਾ ਕਿਹਾ ਜ਼ਵਾਲ[1] ਹੋਯਾ।
ਵਾਹਵਾ ਕਿਸਮਤੇ ਵਾਰਨੇ ਤੁਧ ਉਤੋਂ, ਬੇਪਰਵਾਹ ਤੈਨੂੰ ਖਾਸੋ ਆਮ[2] ਕਹਿੰਦੇ।
ਤੇਰੀ ਹਾਰ ਨੇ ਦੁਖ ਦਿਖਾਏ ਸਾਰੇ, ਨਿਉਂ ਨਿਉਂ ਵੀਰ ਨੂੰ ਅਜ ਪ੍ਰਣਾਮ ਕਹਿੰਦੇ।
ਪੁਸ਼ਕਰ ਕਦੋਂ ਮਜਾਲ ਏਹ ਰਖਦਾ ਸੀ, ਮੇਰੇ ਸਾਹਮਣੇ ਏਹ ਬਦਕਲਾਮ[3] ਕਹਿੰਦੇ।
ਕਰਦਾ ਓਸ ਨੂੰ ਵਢਕੇ ਚਾਰ ਟੋਟੇ, ਜੇਹੜਾ ਸਾਹਮਣੇ ਨਾਰ ਦਾ ਨਾਮ ਕਹਿੰਦੇ।
ਐਪਰ ਕਰਾਂ ਕੀ ਪੇਸ਼ ਨਾ ਕੁਝ ਜਾਏ, ਝੱਲਾਂ ਸਭ ਜੋ ਅਜ ਕਲਾਮ[4] ਕਹਿੰਦੇ।
ਚਾਤ੍ਰਿਕ ਪੀ ਗਿਆ ਹੰਝੂਆਂ ਆਇਆਂ ਨੂੰ, ਹੋਏ ਸਭ ਅਰਾਮ ਹਰਾਮ ਕਹਿੰਦੇ।

ਮਕੂਲਾ ਸ਼ਾਇਰ

ਕਲੂ[5] ਕਾਲ ਜੀ ਆਖਦੇ ਪੈਰ ਫੜੀਏ, ਮੱਥਾ ਟੇਕੀਏ ਤੇਰੀਆਂ ਚਾਲੀਆਂ ਨੂੰ।
ਗੁਝਾ ਰਹੇਂ ਨਾ ਕਰਨੀਆਂ ਚੰਗੀਆਂ ਤੋਂ, ਜਾਪਣ ਹੋਲੀਆਂ ਵੇਖ ਗੁਲਾਲੀਆਂ ਜੀ।
ਤੇਰਾ ਧਰਮ ਦੇ ਨਾਲ ਤਾਂ ਵੈਰ ਹੋਯਾ, ਫੂਕੇਂ ਕੁਲੀਆਂ ਤੂੰ ਕਰਮਾਂ ਵਾਲੀਆਂ ਨੂੰ।
ਭਲਾ ਦਸ ਖਾਂ ਨਾਲ ਕੀ ਦੁਖ ਦਿਤਾ, ਕਰੇਂ ਹਾਲ ਤੋਂ ਪਿਆ ਬੇਹਾਲੀਆਂ ਨੂੰ।
ਤੈਨੂੰ ਕਿਸੇ ਤੇ ਤਰਸ ਨਾ ਪਲ ਆਵੇ, ਪਾਵੇਂ ਖੈਰ ਨਾ ਕਦੇ ਸਵਾਲੀਆਂ ਨੂੰ।
ਤੂੰ ਜਲਾਦ[6] ਬੇਦਾਦ[7] ਸਯਾਦ[8] ਜ਼ਾਲਮ, ਕਰਕੇ ਕਹਿਰ ਵਜਾਂਵਦਾ ਤਾਲੀਆਂ ਨੂੰ।
ਕਲੂ ਕਾਲ ਅੰਧੇਰ ਹੈ ਨਾਮ ਤੇਰਾ, ਵੇਖ ਵੇਖ ਕੇ ਇਨ੍ਹਾਂ ਐਮਾਲੀਆਂ[9] ਨੂੰ।
ਪਾਰਬਤੀ ਨੇ ਤੁਧ ਦੀ ਸ਼ਾਨ ਅੰਦਰ, ਸ਼ਾਇਦ ਤਦੇ ਸੀ ਕਿਹਾ ਰਮਾਲੀਆਂ[10] ਨੂੰ।
ਹੋਰ ਜੁਗ ਤਾਂ ਕੱਟਣੇ ਸਹਿਲ ਹੋਸਨ, ਐਪਰ ਕਲੂ ਨਾ ਛੱਡਸੀ ਬਾਲੀਆਂ[11] ਨੂੰ।
ਬ੍ਰਹਮ ਚਰਜ[12] ਨਾ ਨਿਭੇਗਾ ਕਲੂ ਅੰਦਰ, ਚਾਤ੍ਰਿਕ ਝਲ ਨਾ ਸਕਸਨ ਝਾਲੀਆਂ ਨੂੰ।
ਪਾਰਬਤੀ ਸੀ ਆਖਿਆ ਪੰਡਤਾਂ ਨੂੰ, ਕਲੂ ਕਾਲ ਜਦ ਅੰਧ ਅੰਧਾਰ ਹੋਸੀ।
ਪਾਪ ਫੈਲਸੀ ਵਿਚ ਜਹਾਨ ਸਾਰੇ, ਕੋਈ ਦੇਵਤਾ ਨਾ ਮਦਦਗਾਰ ਹੋਸੀ।
ਕੱਟੇ ਜਾਣਗੇ ਧਰਮ ਦੇ ਪੈਰ ਤਿੰਨੇ ਖਲਾ ਵਿਲਕਦਾ ਇਕ ਦੇ ਭਾਰ ਹੋਸੀ।
ਘਟ ਜਾਵਸੀ ਸਤਿਆ ਸਾਧੂਆਂ ਦੀ, ਕਰਮ ਧਰਮ ਤੋਂ ਹੀਨ ਸੰਸਾਰ ਹੋਸੀ।
ਰਾਜੇ ਕਰਨਗੇ ਜ਼ੁਲਮ ਰਅਯਤਾਂ ਤੇ, ਦੂਰ ਦਿਲਾਂ ਤੋਂ ਮੋਹ ਪਿਆਰ ਹੋਸੀ।

1. ਅਧੋਗਤੀ। 2. ਹਰ ਕੋਈ। 3. ਮੰਦੇ ਸ਼ਬਦ। 4. ਵਚਨ। 5. ਕਲਜੁਗ ਦਾ ਸਮਾਂ। 6. ਮਾਰਨ ਵਾਲਾ। 7. ਅਨਿਆਈਂ। 8. ਸ਼ਿਕਾਰੀ। 9. ਕਰਤੂਤਾਂ।
10. ਰਮਲ ਵਿਦਿਆ ਦੇ ਪੰਡਤ (ਰੇਤੇ ਤੇ ਲੀਕਾਂ ਕੱਢ ਕੇ ਤੇ ਸਿੱਟੇ ਕੱਢ ਕੇ ਦਸਣ ਵਾਲੇ ਨੂੰ ਰਮਲੀਆ ਕਹਿੰਦੇ ਹਨ)।
11. ਸੁਗਰੀਵ ਦੇ ਭਰਾ ਵਲ ਇਸ਼ਾਰਾ ਹੈ ਜਾਂ ਬੱਚੀਆਂ।
12. ਵਿਚਾਰ ਰੋਕ ਕੇ ਵਿਦਿਆ ਦਾ ਅਭਿਆਸ ਕਰਨਾ ਭਾਵ ਲਿੰਗ ਵਾਸ਼ਨਾਂ ਤੇ ਕਾਬੂ।

ਬ੍ਰਾਹਮਣ ਆਪਣਾ ਧਰਮ ਨਾ ਕਰਨ ਪੂਰਾ, ਅਤੇ ਛੱਤਰੀ ਬਾਝ ਹਥਿਆਰ ਹੋਸੀ।
ਵੈਸ਼ ਚਾਕਰੀ ਕਰਨਗੇ ਸ਼ੂਦਰਾਂ ਦੀ, ਉਤੇ ਊਚ ਦੇ ਨੀਚ ਸਰਦਾਰ ਹੋਸੀ।
ਤੇਜ ਘਟੇਗਾ ਪੂਰਿਆਂ ਭਾਂਡਿਆਂ ਦਾ, ਦੂਰ ਧਰਮ ਦਾ ਸਭ ਬਲਕਾਰ ਹੋਸੀ।
ਲੋਕੀ ਸ਼ਰਮ ਨਾ ਕਰਨਗੇ ਬਦੀ ਕਰਨੋਂ, ਮੱਛੀ, ਮਾਸ, ਸ਼ਰਾਬ ਅਹਾਰ ਹੋਸੀ।
ਬ੍ਰਹਮ ਚਰਜ ਨਾ ਰਹੇਗਾ ਵਿਚੰ ਮਰਦਾਂ, ਪਤੀਬ੍ਰਤ ਨਾ ਸਮਝਦੀ ਨਾਰ ਹੋਸੀ।
ਅਠ ਬਰਸ ਦੀ ਧੀ ਵਿਆਹ ਦੇਸਨ, ਬਾਰਾਂ ਬਰਸ ਅੰਦਰ ਸਮਝਦਾਰ ਹੋਸੀ।
ਗੋਦੀ ਖੇਲਸੀ ਬਾਲੰਕਾ ਬਾਲ ਉਮਰੇ, ਘਰ ਵਿਚ ਇਸਤ੍ਰੀ ਕਾਰ ਮੁਖਤਾਰ ਹੋਸੀ।
ਧੱਕੇ ਮਾਰਸੀ-ਸੱਸ ਨਿਨਾਣ ਤਾਂਈਂ, ਪਤੀ ਨਾਰ ਦਾ ਤਾਬਿਆਦਾਰ ਹੋਸੀ।
ਭਾਈ ਭਾਈ ਦਾ ਲਹੂ ਤਿਹਾਇਆ ਹੋਸੀ, ਖੂਨ ਬੱਗੜਾ[1] ਚਿਤ ਬੁਰਿਆਰ ਹੋਸੀ।
ਗਊਆਂ ਦੂਰ ਕਰ ਦੇਣ ਪਵਿਤ੍ਰਤਾ ਨੂੰ, ਤੇ ਅਹਾਰ[2] ਮਲੀਨ[3] ਆਧਾਰ[4] ਹੋਸੀ।
ਹੋਸੀ ਸ਼ੌਕ ਮੁਕਦਮੇ ਬਾਜ਼ੀਆਂ ਦਾ, ਖਲਕਤ ਵਿਚ ਅਦਾਲਤਾਂ ਖਵਾਰ ਹੋਸੀ।
ਆਪੋ ਵਿਚ ਮਿਲ ਬੈਠਣਾ ਦੂਰ ਹੋਸੀ, ਪ੍ਰਬਲ ਆਨ ਕੇ ਜ਼ਦੋਂ ਹੰਕਾਰ ਹੋਸੀ।
ਉਮਰ ਤੁਛ ਹੋ ਜਾਏਗੀ ਬੰਦਿਆਂ ਦੀ, ਵਿਰਲਾ ਬਰਸ ਚਾਲੀਸ[5] ਤੋਂ ਪਾਰ ਹੋਸੀ।
ਪੁਤਰ ਮਰਨਗੇ ਮਾਪਿਆਂ ਜੀਉਂਦਿਆਂ ਦੇ ਚਾਰੋਂ ਪਾਸਿਓਂ ਹਾਲ ਪੁਕਾਰ ਹੋਸੀ।
ਧਰਮ-ਵਿਦਿਆ ਉਡਕੇ ਦੂਰ ਹੋਸੀ, ਹਰ ਇਕ ਪਾਪ ਸੰਦਾ ਤਲਬਗਾਰ[6] ਹੋਸੀ।
ਘਟ ਜਾਏਗੀ ਸਤਿਆ ਤੀਰਥਾਂ ਦੀ, ਕੋਈ ਮੂਲ ਨਾ ਮੰਨਣੇ ਹਾਰ ਹੋਸੀ।
ਸੋਕਾ, ਔੜ ਤੇ ਕਾਲ, ਭੁਚਾਲ ਆਸੀ, ਪੱਕੀ ਫਸਲ ਤੇ ਗੜੇ ਦੀ ਮਾਰ ਹੋਸੀ।
ਹੋਸੀ ਬੁਧ ਭਰਿਸ਼ਟ ਸੰਸਾਰੀਆਂ ਦੀ, ਤੇ ਕੁਸੱਤ ਦਾ ਵਣਜ ਵਪਾਰ ਹੋਸੀ।
ਕੋਈ ਖਾਣਗੇ ਧੀ ਦਾ ਲੈ ਪੈਸਾ, ਬੁਢਾ ਪਤੀ ਤੇ ਨਾਰ ਮੁਟਿਆਰ ਹੋਸੀ।
ਪਹਿਲੋਂ ਫਲੇਗਾ ਕਰੇਗਾ ਨਾਸ ਪਿਛੋਂ, ਬੇੜਾ ਗਰਕ ਅੰਦਰ ਮੰਝਧਾਰ ਹੋਸੀ।
ਲੋਕੀਂ ਇਕ ਪ੍ਰਮਾਤਮਾ ਛਡ ਦੇਸਨ, ਲਖਾਂ ਰਬ ਘੜ ਘੜ ਨਮਸਕਾਰ ਹੋਸੀ।
ਪੈਸੀ ਕਾਲੜੀ ਬੋਲੜੀ ਰਾਤ ਆ ਕੇ, ਕਲੂ ਕਾਲ ਸੰਦਾ ਅੰਧਕਾਰ ਹੋਸੀ।
ਪੁਤਰ ਕਰਨਗੇ ਮਾਣ ਨਾ ਮਾਪਿਆਂ ਦਾ, ਸਾਰਾ ਅਦਬ ਲਿਹਾਜ਼ ਫਰਾਰ[7] ਹੋਸੀ।
ਅਗ ਕਾਮ, ਕ੍ਰੋਧ ਦੀ ਤੇਜ਼ ਹੋਸੀ, ਲੋਭ, ਮੋਹ, ਹੰਕਾਰ ਅਸਵਾਰ ਹੋਸੀ।
ਆਸਮਾਨ ਦੇ ਵਿਚ ਹਵਾ ਹੋਸੀ, ਭਾਈ ਭਾਈ ਦੇ ਵਿਚ ਨਾ ਪਿਆਰ ਹੋਸੀ।
ਕੋਈ ਸੁਖੀ ਨਾ ਆਵਸੀ ਨਜ਼ਰ ਬੰਦਾ, ਹਰ ਇਕ ਦੁਖ ਦੇ ਨਾਲ ਲਾਚਾਰ ਹੋਸੀ।
ਔਝੜ ਪੈਣਗੇ ਭੁਲ ਪਰਮਾਤਮਾ ਨੂੰ, ਘਰ ਘਰ ਵਖਰਾ ਧਰਮ ਪਰਚਾਰ ਹੋਸੀ।
ਧਰਮ ਅਕਲ ਤੇ ਵਿਦਿਆ ਨਾਸ ਹੋਸੀ, ਚਾਰੋਂ ਤਰਫ ਅੰਧੇਰ ਗੁਬਾਰ ਹੋਸੀ।
ਚਾਤ੍ਰਿਕ ਵੇਖ ਜਹਾਨ ਬਰਬਾਦ ਹੁੰਦਾ, ਨਾਨਕਸ਼ਾਹ ਫਕੀਰ ਅਵਤਾਰ ਹੋਸੀ।
ਸੋਈ ਗਲ ਤੇਰੀ ਹੋਈ ਸਚ ਸਾਰੀ, ਤੇਰਾ ਮੰਨਦੇ ਸਭ ਫੁਰਮਾਨ ਲੋਕੀ।

---

1. ਚਿਟਾ। 2. ਖਾਣਾ। 3. ਮੈਲਾ। 4. ਆਸਰਾ। 5. ਚਾਲੀ (40) ਵਰ੍ਹੇ ਦੀ ਉਮਰ ਤੋਂ। 6. ਚਾਹਵਾਨ।
7. ਉਡ ਜਾਣਾ, ਮੁੱਕ ਜਾਣਾ।

ਤੇਰੀ ਬੰਦਗੀ ਬੰਦਿਆਂ ਫਰਜ਼ ਜਾਤਾ, ਹੋਰ ਰੱਬ ਰਹਮਾਨ[1] ਭੁਲਾਨ ਲੋਕੀ।
ਦਿਲੋਂ ਖ਼ੌਫ ਖ਼ੁਦਾ ਦਾ ਦੂਰ ਹੋਇਆ, ਵਜ ਗਜ ਕੇ ਪਾਪ ਕਮਾਣ ਲੋਕੀ।
ਬੰਦੇ ਹਿਰਸ[2] ਦੇ ਬਣੇ ਜਹਾਨ ਅੰਦਰ, ਵੇਚ ਖਾਂਵਦੇ ਧਰਮ ਈਮਾਨ ਲੋਕੀ।
ਲੈ ਕੇ ਚਾਰ ਆਨੇ ਪਾਸ ਹਾਕਮਾਂ ਦੇ, ਜਾ ਕੇ ਝੂਠੀਆਂ ਸਹੁੰ ਚੁਕਾਣ ਲੋਕੀ।
ਗੰਗਾਜਲੀ, ਕੁਰਾਨ ਤੇ ਹੱਥ ਧਰ ਕੇ, ਦੂਧ ਪੁਤ ਸੌਂਹ ਸੌਗੰਦ ਉਠਾਣ ਲੋਕੀ।
ਉਡੀ ਦਯਾ ਜਹਾਨ ਤੋਂ ਖੰਭ ਲਾ ਕੇ, ਨਜ਼ਰ ਆਂਵਦੇ ਨਾ ਦਯਾਵਾਨ ਲੋਕੀ।
ਇਕ ਦੂਏ ਦਾ ਦਰਦ ਵੰਡਾਵਣਾ ਕੀ, ਸਗੋਂ ਕੱਢਣੀ ਚਾਹੁੰਦੇ ਜਾਨ ਲੋਕੀ।
ਕਈ ਵੇਚਦੇ ਸਰੇ ਬਜ਼ਾਰ ਧੀਆਂ, ਮੁੱਲ ਘੋੜੀਆਂ ਵਾਂਗ ਠਹਿਰਾਣ ਲੋਕੀ।
ਬਦਲੇ ਦਰਬ[3] ਦੇ ਖੂਹ ਵਿਚ ਦੇਣ ਧੱਕਾ, ਨਹੀਂ ਵੇਖਦੇ ਹਾਣ ਕੁਹਾਣ ਲੋਕੀ।
ਪਹਿਲਾਂ ਲੈਣ ਰਖਵਾ ਗਿਣਵਾ ਬਦਰੇ[4], ਪਿਛੋਂ ਆਖਦੇ ਕੰਨਿਆਂ ਦਾਨ ਲੋਕੀ।
ਕਈ ਪੋਤਰੀ ਵਾਂਗ ਵਿਆਹ ਲੈਂਦੇ, ਲੜ ਲਾਂਵਦੇ ਸ਼ਰਮ ਨਾ ਖਾਣ ਲੋਕੀ।
ਪੁਤਰ ਬਾਪ ਦਾ ਅਦਬ[5] ਅਦਾਬ ਭੁਲੇ, ਬੋਲਣ ਸਾਹਮਣੇ ਗੰਦ ਜ਼ਬਾਨ ਲੋਕੀ।
ਕੋਈ ਤੜਫਦਾ ਵਿਚ ਬਜ਼ਾਰ ਹੋਵੇ, ਕੋਲੋਂ ਹਸ ਕੇ ਲੰਘਦੇ ਜਾਣ ਲੋਕੀ।
ਮੂਰਖ ਵਿਦਿਆ ਹੀਨ ਤਰੀਮਤਾਂ ਜੋ, ਵਾਗਾਂ ਉਹਨਾਂ ਦੇ ਹਥ ਫੜਾਣ ਲੋਕੀ।
ਓਹੋ ਕਾਰ ਮੁਖਤਾਰ ਘਰ ਬਾਰ ਅੰਦਰ, ਵਾਂਗ ਨੌਕਰਾਂ ਹੁਕਮ ਬਜਾਣ ਲੋਕੀ।
ਇਲਮ ਅਕਲ ਸਿਖਾਨ ਨਾ ਔਰਤਾਂ ਨੂੰ, ਰਖਣ ਵਾਂਗ ਹੈਵਾਨ ਨਦਾਨ ਲੋਕੀ।
ਰਖਣ ਉਹਨਾਂ ਤੋਂ ਆਸ ਭਲਿਆਈਆਂ ਦੀ, ਐਪਰ ਦੇਣ ਨਾ ਵਿਦਿਆ ਦਾਨ ਲੋਕੀ।
ਖਾ ਸ਼ਰਾਬ ਕਬਾਬ ਨੂੰ ਹੋਣ ਰਾਜ਼ੀ, ਲੁਚ ਮੰਡਲੀ ਰੰਗ ਮਚਾਣ ਲੋਕੀ।
ਅਕਲ ਧਰਮ ਨੂੰ ਰਖ ਕੇ ਛਿਕਿਆਂ ਤੇ, ਪੁੱਠੇ ਰਾਹ ਤੇ ਪੈਰ ਟਿਕਾਣ ਲੋਕੀ।
ਕੰਜਰ ਅਤੇ ਕਲਾਲ ਨੂੰ ਦੇਣ ਪੈਸਾ, ਰਾਹ ਰਬ ਦੇ ਨਹੀਂ ਪਹੁੰਚਾਣ ਲੋਕੀ।
ਜਾ ਪਰਾਈਆਂ ਬੁਕਲਾਂ ਟੋਂਹਦੇ ਨੇ, ਇਜ਼ਤ ਧਰਮ ਨੂੰ ਲੀਕ ਲਵਾਣ ਲੋਕੀ।
ਲਾਲ ਕਪੜਾ, ਕੁੜੀ ਦੀ ਵਾਜ ਸੁਣ ਕੇ, ਵਲਾ ਪਾ ਕੇ ਝਾਤੀਆਂ ਪਾਣ ਲੋਕੀ।
ਪਾਸਾ ਮਾਰ ਖੰਘੂਰਦੇ ਅਗਹਾਂ ਹੋ ਕੇ, ਨਾਲ ਮਕਰ ਦੇ ਨਜ਼ਰ ਲੜਾਨ ਲੋਕੀ।
ਵਿਚ ਹਾਸ ਤਮਾਸੜੇ ਖੁਸ਼ੀ ਹੁੰਦੇ, ਕਥਾ ਕੀਰਤਨ ਵਿਚ ਉਂਘਲਾਣ ਲੋਕੀ।
ਸਾਰ ਗਊ ਗਰੀਬ ਦੀ ਲਏ ਕਿਹੜਾ ? ਭੁੱਲੇ ਭਜਨ ਤੇ ਦਾਨ ਇਸ਼ਨਾਨ ਲੋਕੀ।
ਸਕੇ ਭਾਈਆਂ ਦੇ ਖੂਨ ਸੁਫੈਦ ਹੋਏ, ਨਾਲ ਵੈਰ ਦੇ ਜੰਗ ਮਚਾਣ ਲੋਕੀ।
ਦਿਲੋਂ ਉਠਿਆ ਖੌਫ ਦਰਗਾਹ[6] ਵਾਲਾ, ਝੂਠ ਮੂਠ ਗਵਾਹ ਭੁਗਤਾਣ ਲੋਕੀ।
ਕਰਜ ਚੁੱਕ ਕੇ ਦੇਣ ਜਵਾਬ ਪਿਛੋਂ, ਮਾਰ ਲੈਂਵਦੇ ਧਰੀ ਅਮਾਨ ਲੋਕੀ।
ਵਗੀ ਵਾ ਚੌਤਰਫ ਏਹ ਪਾਪ ਵਾਲੀ, ਵਿਰਲੇ ਦਿਸਦੇ ਸਤਿਆਵਾਨ ਲੋਕੀ।
ਸਾਧੂ ਸਾਧਨਾ ਛੱਡ ਕੇ ਆਤਮਾ ਦੀ, ਆਨ ਫਾਹੁੰਦੇ ਪਏ ਅਨਜਾਨ ਲੋਕੀ।

---

1. ਕਿਰਪਾਲੂ ਕਰਤਾਰ ਭਾਵ ਪ੍ਰਮਾਤਮਾ। 2. ਸ਼ੌਕ ਇਛਾ, ਤ੍ਰਿਸ਼ਨਾ। 3. ਵਸਤੂ ਧਨ ਦੌਲਤ ਆਦਿ।
4. ਧਨ ਦੀਆਂ ਥੈਲੀਆਂ। 5. ਸਨਮਾਨ। 6. ਪ੍ਰਮਾਤਮਾ ਦੀ ਕਚਹਿਰੀ।

ਬ੍ਰਾਹਮਣ ਕਰਮ[1] ਤੇ ਧਰਮ ਨੂੰ ਛੱਡ ਬੈਠੇ, ਦਯਾ ਛੱਡ ਬੈਠੇ ਦਯਾਵਾਨ ਲੋਕੀ।
ਵਰਨ-ਆਸ਼ਰਮ[2] ਮਿਟੇ ਜਹਾਨ ਵਿਚੋਂ, ਸਭੋ ਆਪਣਾ ਪੰਥ ਚਲਾਣ ਲੋਕੀ।
ਡੇਢ ਇਟ ਦੀ ਵਖ ਬਨਾਣ ਮਸਜਿਦ, ਖਿੱਚੜੀ ਆਪਣੀ ਵੱਖ ਪਕਾਣ ਲੋਕੀ।
ਜਤ ਸਤ[3] ਦਾ ਸਤ ਗਵਾਇ ਕੇ ਤੇ, ਕਰਨ ਫੋਗ ਦੇ ਵਾਂਗ ਗੁਜ਼ਰਾਨ ਲੋਕੀ।
ਬੋਲ-ਸਤਿਆ ਘਟੀ ਜ਼ਬਾਨ ਵਿਚੋਂ ਵੱਟੇ ਝੂਠੜੇ ਤੋਲ ਤੁਲਾਨ ਲੋਕੀ।
ਗੁਰੂ ਮਤਲਬੀ, ਖਾਣ ਦੇ ਯਾਰ ਚੇਲੇ, ਨੇਕੀ ਨਾਮ ਦੀ ਅਲਖ ਚੁਕਾਨ ਲੋਕੀ।
ਚਾਤ੍ਰਿਕ ਕਲੂ ਦਾ ਰਾਜ ਅੰਧੇਰ ਨਗਰੀ, ਅਗਾ ਸੋਚਦੇ ਨਾ ਨਾਸਮਾਨ ਲੋਕੀ।
ਜਿਹਾ ਸੁਣੀਦਾ ਸੈਂ ਤਿਹਾ ਵੇਖ ਲੀਤਾ, ਹਥੋ ਹਥ ਕੀ ਹਥ ਵਿਖਾਇਓ ਈ ?
ਰਾਜਾ ਨਲ ਧਰਮਾਤਮਾ ਭਗਤ ਪੂਰਾ, ਭਲਾ ਕਾਸ ਨੂੰ ਚਾ ਦੁਖਾਇਓ ਈ।
ਕੋਮਲ ਅੰਗ ਤੇ ਸੁੰਦਰੀ ਦਮਯੰਤੀ, ਵਖਤ ਉਸ ਤੇ ਕਾਸ ਨੂੰ ਪਾਇਓ ਈ।
ਤੇਰਾ ਕੁਝ ਵਿਗਾੜਿਓ ਨਹੀਂ ਉਨ੍ਹਾਂ ਸਿੱਡਾ ਮੁਫਤ ਦਾ ਆਣ ਕੇ ਚਾਇਓ ਈ।
ਹੈ ਓ ਜ਼ਾਲਮਾ ਹੋਰ ਕੀ ਗਲ ਆਖਾਂ, ਕਿਸੇ ਨਾਲ ਨਾ ਭਲਾ ਕਮਾਇਓ ਈ।
ਡਿਠਾ ਥਾਂਉਂ ਕੁਥਾਉਂ ਨ ਸੋਚ ਸੋਚੀ, ਸਭੋ ਇਕ ਸੇ ਰਾਹ ਲੰਘਾਇਓ ਈ।
ਭਾਵੇਂ ਨੇਕ ਹੋਵੇ ਭਾਵੇਂ ਬੁਰਾ ਹੋਵੇ, ਸਭ ਦੇ ਵਾਸਤੇ ਜਾਲ ਵਿਛਾਇਓ ਈ।
ਐਪਰ ਤੁਧ ਦਾ ਭੀ ਕੋਈ ਵਸ ਨਹੀਂ, ਧੁਰੋਂ ਲੇਖ ਜੋ ਇਹੋ ਲਿਖਾਇਓ ਈ।
ਜਿਥੇ ਤੂੰ ਬਦ ਖੈਰਿਆ, ਖੈਰ ਕਿਥੋਂ ਐਸਾ ਨਾਮ ਮਸ਼ਹੂਰ ਕਰਾਇਓ ਈ।
ਤੂੰ ਸ਼ੈਤਾਨ[4] ਦੇ ਵਾਂਗ ਨਾ ਰਹੇਂ ਗੁੱਝਾ, ਜਿਥੇ ਗਿਓਂ ਅੰਧੇਰ ਮਚਾਇਓ ਈ।
ਪੈਸੇ ਪੈਸੇ ਤੋਂ ਮਾਰਦੇ ਵੀਰ ਸੱਕੇ, ਕੌਡੀ ਇਕ ਤੋਂ ਘੋਲ ਮਚਾਇਓ ਈ।
ਚਾਤ੍ਰਿਕ ਚਰਨ ਚੁੰਮਾਂ ਤੇਰੇ ਲਖ ਵਾਰੀ, ਜੇਕਰ ਮੁਝ ਨੂੰ ਦਿਲੋਂ ਭੁਲਾਇਓ ਈ।

ਕਬਜ਼ਾ ਕਰ ਲੈਣਾ ਪੁਸ਼ਕਰ ਦਾ ਤਖਤ ਨਿਖਧ ਪਰ ਤੇ ਢੰਡੋਰਾ ਫਿਰਵਾ ਦੇਣਾ ਦੇਸ ਵਿਚ

ਰਾਜਾ ਨਲ ਉਦਾਸ ਨਿਰਾਸ ਹੋਇਆ, ਪਿੱਛੇ ਪਰਤ ਕੇ ਘਰਾਂ ਨੂੰ ਆਇਆ ਏ।
ਓਧਰ ਜਿਤ ਦੇ ਨਾਲ ਨਿਹਾਲ ਪੁਸ਼ਕਰ, ਕਬਜ਼ਾ ਤਖਤ ਤੇ ਤੁਰਤ ਕਰਾਇਆ ਏ।
ਵਡੇ ਭਾਈ ਦੇ ਰਾਜ ਨੂੰ ਸਾਂਭ ਕੇ ਤੇ, ਹੋਇਆ ਫੁੱਲ ਕੇ ਦੂਣ ਸਵਾਇਆ ਏ।
ਆਏ ਸਾਹਮਣੇ ਅਹਿਲ ਦਰਬਾਰ[5] ਸਾਰੇ, ਸੀਸ ਅਦਬ ਦੇ ਨਾਲ ਝੁਕਾਇਆ ਏ।
ਐਪਰ ਅੰਦਰੋਂ ਸਾਰੇ ਨਰਾਜ਼ ਦਿਸਣ, ਪੁਸ਼ਕਰ ਰਾਜ ਨਾ ਕਿਸੇ ਨੂੰ ਭਾਇਆ ਏ।
ਪੁਸ਼ਕਰ ਬਹਿੰਦਿਆਂ ਸਾਰ ਖਿਆਲ ਕੀਤਾ, ਰਾਜਾ ਨਲ ਨੇ ਰਾਜ ਹਰਾਇਆ ਏ।
ਉਹ ਦੀ ਨੇਕੀਆਂ ਸਭ ਦੇ ਸਿਰਾਂ ਉੱਤੇ, ਓਸ ਕਦੇ ਨਾ ਕੋਈ ਦੁਖਾਇਆ ਏ।
ਚਾਤ੍ਰਿਕ ਕਰੇ ਨਾ ਕੁਝ ਫਸਾਦ ਪਰਜਾ, ਵਿਗੜੇ ਕੰਮ ਨਾ ਬਣਾ ਬਣਾਇਆ ਏ।
ਸ਼ਾਇਦ ਵਿਗੜੇ ਅਮੀਰ ਵਜ਼ੀਰ ਸਾਰੇ, ਰਾਜੇ ਨਲ ਸੰਦੇ ਤਰਫਦਾਰ ਹੋਵਨ।

1. ਸ਼ੁਭ ਅਮਲ। 2. ਜ਼ਾਤ ਪਾਤ ਦੇ ਭੇਦ ਭਾਵ। 3. ਇੰਦਰੀਆਂ ਨੂੰ ਕਾਬੂ ਰਖਣਾ। 4. ਕੁਰਾਹੇ ਪਾਉਣ ਵਾਲੀ।
5. ਰਾਜ ਦੇ ਦਰਬਾਰੀ।

ਰਈਅਤ ਅਤੇ ਸਿਪਾਹੀ ਨਾ ਚਮਕ ਉਠੇ, ਕਰਦੇ ਓਸਨੂੰ ਦਿਲੋਂ ਪਿਆਰ ਹੋਵਨ।
ਤਦੋਂ ਬੜੀ ਤਕਲੀਫ ਦਾ ਸਾਹਮਣਾ ਹੈ, ਮਤਾਂ ਸੁੱਖ ਆਰਾਮ ਫਰਾਰ ਹੋਵਨ।
ਕਿਤੇ ਵੇਖਦੇ ਰਾਜ ਦੀ ਐਸ਼ ਅਸ਼ਰਤ[1], ਪੁਸ਼ਕਰ ਰਾਜ ਹੋਰੀ ਗ੍ਰਿਫਤਾਰ ਹੋਵਨ।
ਉਗੇ ਸੂਲ ਤਾਂ ਪੁੱਟੀਏ ਜੜ੍ਹੋਂ ਉਸਨੂੰ, ਦਾਨੇ ਆਖਦੇ ਦੂਰ ਆਜ਼ਾਰ[2] ਹੋਵਨ।
ਵਰਨਾ ਪੁੱਟਣਾ ਫੇਰ ਮੁਹਾਲ[3] ਹੋਵੇ, ਜੜ੍ਹਾਂ ਇਕ ਤੋਂ ਫੈਲ ਹਜ਼ਾਰ ਹੋਵਨ।
ਤਾਂਤੇ ਹੁਣੇ ਹੀ ਕਰਾਂ ਇਲਾਜ ਕੋਈ, ਬਾਦ ਵਿਚ ਨਾ ਕੁਝ ਤਕਰਾਰ[4] ਹੋਵਨ।
ਚਾਤ੍ਰਿਕ ਰੋਹਬ ਜਮਾਈਏ ਖਲਕ ਉਤੇ, ਪਿਛੋਂ ਪਏ ਨਾ ਦਾਰ ਮਦਾਰ[5] ਹੋਵਨ।
ਜੇਹੜੀ ਗਲ ਤੇ ਖੌਫ ਫਸਾਦ ਦਾ ਏ, ਮੁਢੋਂ ਓਸ ਦੀ ਅਲਖ ਮੁਕਾ ਦੇਈਏ।
ਮੇਰੇ ਚਿਤ ਨੂੰ ਵਿਸਵਸਾ[6] ਪਏ ਜਿਹੜਾ, ਕਿਉਂ ਨਾ ਓਸਨੂੰ ਹੁਣੇ ਮਿਟਾ ਦੇਈਏ।
ਰਾਜਾ ਨਲ ਨੂੰ ਘਲ ਪੈਗਾਮ ਅਜੋ, ਨਿਖਧ ਦੇਸ਼ ਤੋਂ ਬਾਹਰ ਕਢਾ ਦੇਈਏ।
ਚੋੜ ਚਿਘੜ[7] ਜੇ ਕਰੇ ਓਹ ਜਾਣ ਵਲੋਂ, ਸੂਲੀ ਚਾਹੜ ਕੇ ਤੁਰਤ ਮਰਵਾ ਦੇਈਏ।
ਹੁਕਮ ਚਾਹੜ ਕੇ ਸਖਤ ਰਅੱਯਤਾਂ ਤੇ, ਖਾਣਾ ਓਸਦਾ ਬੰਦ ਕਰਵਾ ਦੇਈਏ।
ਆਪੇ ਜਾਨ ਤੋਂ ਤੰਗ ਆ ਨਿਕਲ ਜਾਸੀ, ਸਫਾ ਇਸ ਤਰ੍ਹਾਂ ਨਾਲ ਉਠਾ ਦੇਈਏ।
ਚਾਤ੍ਰਿਕ ਦੇਰ ਨਾ ਦੇਵਨੀ ਪੈਣ ਚਾਹੀਏ, ਝੱਟ ਪੱਟ ਇਹ ਕੰਮ ਮੁਕਾ ਦੇਈਏ।
ਰਾਜਾ ਨਲ ਨੂੰ ਘੱਲ ਪੈਗਾਮ ਦਿਤਾ, ਇਕ ਗੱਲ ਮੇਰੀ ਸਾਫ ਸਾਫ ਭਾਈ।
ਰਾਜ ਭਾਗ ਦੌਲਤ ਦਿਤੀ ਹਾਰ ਸਾਰੀ, ਫੇਰ ਵਰਤਨੀ ਨਹੀਂ ਇਨਸਾਫ ਭਾਈ।
ਗਹਿਣੇ ਕਪੜੇ ਠਾਠ ਅਮੀਰੀਆਂ ਦੇ, ਤਕੀਏ ਪਲੰਘ ਤੇ ਗਰਮ ਲਿਹਾਫ[8] ਭਾਈ।
ਮੈਹਲ ਮਾੜੀਆਂ ਏਹ ਸਭ ਮੇਰੀਆਂ ਨੇ, ਖਾਲੀ ਕਰ ਦਿਓ ਨਾਲ ਇਲਤਾਫ[9] ਭਾਈ।
ਮੇਰੇ ਸ਼ਹਿਰ ਦੇ ਵਿਚ ਨਾ ਜਾਹ[10] ਕੋਈ, ਖੇਚਲ ਏਸ ਤੋਂ ਕਰੋ ਮੁਆਫ ਭਾਈ।
ਏਸ ਥਾਉਂ ਮੈਂ ਆਪ ਆਬਾਦ ਹੋਣਾ, ਮੇਰਾ ਹੋ ਰਿਹਾ ਬੜਾ ਇਤਲਾਫ[11] ਭਾਈ।
ਡੇਰਾ ਹੋਰਥੇ ਕੱਲ ਸਵੇਰ ਕਰਨਾ, ਖੁਲੇ ਹੋਏ ਨੇ ਚਾਰ ਇਤਰਾਫ[12] ਭਾਈ।
ਵਰਨਾ ਦੂਸਰੀ ਤਰ੍ਹਾਂ ਨਿਕਾਲ ਦੇਸਾਂ, ਚਾਤ੍ਰਿਕ ਮਾਰਦਾ ਨਹੀਂ ਮੈਂ ਲਾਫ[13] ਭਾਈ।
ਓਧਰ ਸ਼ਹਿਰ ਢੰਡੋਰਾ ਫੇਰ ਦਿਤਾ, ਪੁਸ਼ਕਰ ਰਾਜ ਦਾ ਖਾਸ ਫਰਮਾਨ ਲੋਕੋ।
ਰਾਜਾ ਨਲ ਨੇ ਹਾਰਿਆ ਰਾਜ ਸਾਰਾ, ਪੁਸ਼ਕਰ ਰਾਜ ਹੈ ਨਵਾਂ ਸੁਲਤਾਨ ਲੋਕੋ।
ਹਰ ਇਕ ਸ਼ਖਸ ਉਤੇ ਵਾਜਬ ਹੁਕਮ ਉਸ ਦਾ ਜਿਵੇਂ ਆਗਿਆ ਤਿਵੇਂ ਕਮਾਨ ਲੈ ਕੇ।
ਬਾ-ਵਕਾਰ[14] ਓਸੇ ਅਖਤਿਆਰ ਮੂਜਬ, ਸ਼ਹਿਰ ਯਾਰ ਏਹ ਕਰੇ ਐਲਾਨ ਲੋਕੋ।
ਰਾਜਾ ਨਲ ਨੂੰ ਕੋਈ ਨਾ ਪਾਸ ਰਖੇ, ਦੇਣਾ ਰਹਿਣ ਨੂੰ ਨਹੀਂ ਮਕਾਨ ਲੋਕੋ।
ਕੋਈ ਖਾਣ ਨੂੰ ਦੇਇ ਨਾ ਅੰਨ ਪਾਣੀ, ਰਖੇ ਮੂਲ ਨਾ ਸਦ ਮਹਿਮਾਨ ਲੋਕੋ।
ਗਰਜ਼ ਕਿਸੇ ਭੀ ਤਰ੍ਹਾਂ ਦੀ ਮਦਦ ਕੀਤੀ, ਦੇਣੋਂ ਸਭ ਨੂੰ ਸ਼ਾਹ ਰੁਕਾਨ ਲੋਕੋ।
ਜੇਕਰ ਹੁਕਮ ਦੇ ਕੋਈ ਖਿਲਾਫ ਹੋਇਆ ਤਾਂ ਸੁਲਤਾਨ ਹੋਸੀ ਕਹਿਰਵਾਨ ਲੋਕੋ।

---

1. ਧਨ ਪਦਾਰਥ, ਮੌਜ, ਸੁਖ। 2. ਦੁਖ ਕਲੇਸ਼। 3. ਔਖਾ। 4. ਝਗੜਾ। 5. ਨਿਰਭਰ, ਮੁਥਾਜੀ।
6. ਭਰਮ, ਖਤਰਾ, ਸ਼ਕ। 7. ਇਤਰਾਜ਼, ਨਾਂਹ ਨੁਕਰ। 8. ਰਜਾਈ, ਲੇਫ। 9. ਮੇਹਰਬਾਨੀ। 10. ਥਾਂ।
11. ਨੁਕਸਾਨ। 12. ਪਾਸੇ, ਤਰਫਾਂ। 13. ਸ਼ੇਖੀ। 14. ਅਧਿਕਾਰ ਨਾਲ, ਰੋਹਬ ਦਾਬ ਨਾਲ।

ਸਜ਼ਾਵਰ ਹੋਸਨ ਓਹ ਦਰਬਾਰ ਅੰਦਰ, ਮਦਦ ਨਲ ਸੰਦੀ ਜੋ ਕਰਾਨ ਲੋਕੋ।
ਘਰ ਬਾਰ ਤੇ ਹਲ ਚਲਾ ਦੇਸੀ, ਉਸਦਾ ਪੀੜਿਆ ਜਾਵਸੀ ਘਾਨ[1] ਲੋਕੋ।
ਸਾਰਾ ਲੁੱਟ ਕੇ ਮਾਲ ਮਤਾ ਉਸਦਾ, ਬਾਦਸ਼ਾਹੀ ਖਜ਼ਾਨਿਆਂ ਪਾਨ ਲੋਕੋ।
ਉਸ ਨੂੰ ਦੇਸ਼ ਦੀ ਹਦ ਤੋਂ ਕੱਢ ਦੇਸੀ[2], ਹੋਸੀ ਜੰਗਲ ਪਿਆ ਵੀਰਾਨ ਲੋਕੋ।
ਰਾਜੇ ਨਲ ਦੇ ਨਾਲ ਹੀ ਤੋਰ ਦੇਸੀ, ਖਾਨਦਾਨ ਕਰਸੀ[3] ਬੇਨਿਸ਼ਾਨ ਲੋਕੋ।
ਚਾਤ੍ਰਿਕ ਸੋਚ ਕੇ ਕਰੇ ਅਹਿਸਾਨ ਕੋਈ, ਏਸ ਗਲ ਦਾ ਰਖ ਧਿਆਨ ਲੋਕੋ।

ਮੰਕੂਲਾ ਸ਼ਾਇਰ

ਵੇਖੋ ਅਜਬ ਸਲੂਕ ਬਿਰਾਦਰੀ ਦਾ, ਲਾਨਤ ਲਖ ਪੁਸ਼ਕਰ ਸੰਦੀ ਕਾਰ ਉਤੇ।
ਵੱਡੇ ਵੀਰ ਦੀ ਇਸ ਤਰ੍ਹਾਂ ਕਰੇ ਹਤਕ, ਹੈ ਅਫਸੋਸ ਡਾਢਾ ਨਾਬਕਾਰ[4] ਉਤੇ।
ਜੇਹੜੇ ਅਦਬ ਨਾ ਰਖਦੇ ਵਡਿਆਂ ਦਾ, ਨਿਜ਼ ਜੰਮਦੇ ਉਹ ਸੰਸਾਰ ਉਤੇ।
ਵੇਖੋ ਕਿਸ ਤਰ੍ਹਾਂ ਸ਼ੇਖੀਆਂ ਕਰਨ ਲਗਾ, ਬੇਬੁਨਿਆਦ ਇਸ ਰਾਜ ਦੀ ਖਾਰ ਉਤੇ।
ਦੌਲਤ ਰੂ ਸਿਆਹੀ ਦੀ ਕੰਮ ਕਿਹੜੇ, ਡਿਗਾ ਆਨ ਨਿਕੰਮੜੀ ਮਾਰ ਉਤੇ।
ਕਰਕੇ ਬਦੀ ਜੇ ਲਏ ਕਮਾ ਦੌਲਤ, ਬੰਨ ਰਖਣੀ ਨਹੀਂ ਮਜ਼ਾਰ[5] ਉਤੇ।
ਦਾਨੇ ਕਰਨ ਪਸੰਦ ਨਾ ਦਰਬ[6] ਐਸਾ, ਮਾਰਨ ਨਹੀਂ ਪੇਸ਼ਾਬ ਦੀ ਧਾਰ[7] ਉਤੇ।
ਰਬਾ ਦੇਈਂ ਤੌਫੀਕ[8] ਨਾ ਦੁਖਣ ਵਡੇ, ਕਰੀਂ ਕਰਮ[9] ਚਾਤ੍ਰਿਕ ਗੁਨਾਹਗਾਰ ਉਤੇ।
ਜੇਹੜੀ ਗਲ ਤੇ ਪੁਸ਼ਕਰ ਦੁਖ ਦੇਵੇ ਉਡ ਜਾਵਣੀ ਵਾਂਗ ਕਾਫੂਰ ਮਾਯਾ[10]।
ਏਹ ਨਾ ਸਦਾ ਦਾ ਸਾਥ ਨਿਭਾਂਵਦੀ ਏ, ਨੇੜੇ ਕਦੇ ਤੇ ਕਦੇ ਹੈ ਦੂਰ ਮਾਯਾ।
ਜੇਹੜੇ ਇਸਦੇ ਨਾਲ ਪਿਆਰ ਪਾਵਣ, ਉਸ ਨੂੰ ਜਾਣਦੀ ਏ ਬੇਸ਼ਊਰ[11] ਮਾਯਾ।
ਬੜੇ ਬੜੇ ਹੰਕਾਰੀਆਂ ਜ਼ਾਲਮਾਂ ਦਾ, ਦੇਵੇ ਰਹਿਣ ਨਾ ਮਾਣ ਗਰੂਰ ਮਾਯਾ।
ਇਕ ਪਲਕ ਅੰਦਰ ਖਾਕ ਸ਼ਾਹ[12] ਕਰਦੀ, ਕਰੇ ਸੁੱਟ ਕੇ ਚਕਨਾ ਚੂਰ ਮਾਯਾ।
ਛਲ ਵਲ ਕਰੇ ਇਹ ਵਾਂਗ ਛਿਲਾਵਿਆਂ[13] ਦੇ, ਤੇ ਮਚਾਂਵਦੀ ਫਿਰੇ ਫਤੂਰ[14] ਮਾਯਾ।
ਛਾਉਂ ਬਦਲਾਂ ਦੀ ਕੰਧ ਰੇਤ ਸੰਦੀ, ਅਤੇ ਦਿਨਾਂ ਦੀ ਖੇਡ ਮਸ਼ਹੂਰ ਮਾਯਾ।
ਚਾਤ੍ਰਿਕ ਰੱਤੜੇ ਖੂਨ ਸੁਫੈਦ ਕਰਦੀ[15], ਪਈ ਘੋਲਦੀ ਫਿਰੇ ਕਚੂਰ[16] ਮਾਯਾ।
ਜੇਹੜੇ ਲੋਕ ਦਾਨਾ ਸਫਾ ਹੁੰਦੇ, ਮਾਇਆ ਵੇਖ ਕੇ ਕਦੇ ਨਾ ਭੁੱਲਦੇ ਨੇ।
ਮਾਇਆ ਵਾਸਤੇ ਨਹੀਂ ਦੁਖਾਨ ਹੋਰਾਂ, ਉਹ ਸ਼ੈਦਾਂ[17] ਹੁੰਦੇ ਸੁਲਹ ਕੁੱਲ[18] ਦੇ ਨੇ।
ਮਾਇਆ ਜਾਣਦੇ ਸਦਾ ਨਾ ਰਹਿਣ ਵਾਲੀ, ਲੱਭ ਵੇਖ ਨਾ ਹਿਲਦੇ ਜੁੱਲਦੇ ਨੇ।
ਪੁਸ਼ਕਰ ਵਾਂਗ ਨਾਦਾਨੀਆਂ ਕਰਨ ਨਾਹੀਂ, ਸਗੋਂ ਆਪਣਾ ਦੇਖ ਕੇ ਫੁੱਲਦੇ ਨੇ।

---

1. ਘਾਣ ਸਚਾ ਪੀੜਿਆ ਜਾਣਾ ਮੁਹਾਵਰਾ ਹੈ ਅਰਥਾਤ ਮਰਵਾ ਦਿਤਾ ਜਾਏਗਾ। 2. ਦੇਵੇਗਾ। 3. ਕਰੇਗਾ।
4. ਨਿਕੰਮਾ। 5. ਕਬਰ। 6. ਪਦਾਰਥ, ਧਨ। 7. ਗੰਦਾ ਮੁਹਾਵਰਾ ਹੈ, ਇਥੇ ਭਾਵ ਹੈ ਪ੍ਰਵਾਹ ਨਹੀਂ ਕਰਦੇ।
8. ਤਾਕਤ, ਸ਼ਕਤੀ। 9. ਮਿਹਰਬਾਨੀ। 10. ਮਾਇਆ ਮੁਸ਼ਕ ਕਾਫੂਰ ਵਾਂਗ ਉਡ ਜਾਣੀ ਹੈ। 11. ਬੇਸਮਝ।
12. ਗਰੀਬ। 13. ਛਲਣ ਵਾਲੇ। 14. ਉਪੱਦਰ, ਭੜਥੂ। 15. ਪਿਆਰ ਘਟਾਂਦੀ ਹੈ।
16. ਇਕ ਕਿਸਮ ਦੀ ਜੰਗਲੀ ਹਲਦੀ। 17. ਆਸ਼ਕ। 18. ਹਰ ਇਕ ਨਾਲ ਸੁਲਾਹ ਰਖਣ ਦੇ।

ਹੋਵੇ ਆਪਣਾ ਫੇਰ ਭੀ ਛਾਂ ਸੁੱਟੇ, ਯਾਦ ਰਖਦੇ ਵਾਕ ਓਹ ਮੂਲ ਦੇ ਨੇ।
ਜੇਹੜੇ ਕਰਨ ਨਿਰਾਦਰੀ ਭਾਈਆਂ ਦੀ, ਓੜਕ ਖਾਕ ਦੇ ਵਿਚ ਓਹ ਰੁੱਲਦੇ ਨੇ।
ਬੇਈਮਾਨੀਆਂ ਭਾਰੀਆਂ ਹੋਣ ਜ਼ਾਹਿਰ, ਜਦੋਂ ਅਦਲ ਦੀ ਤੱਕੜੀ ਤੁੱਲਦੇ ਨੇ।
ਚਾਤ੍ਰਿਕ ਵਿਚ ਦਰਗਾਹ ਦੇ ਖਾਣ ਚੋਟਾਂ, ਮਾਰ ਲਏ ਸਵਾਦ ਜੋ ਬੁੱਲ੍ਹ ਦੇ ਨੇ।
ਲਛਮਣ[1] ਜਿਹੇ ਭੀ ਹੈਸਨ ਭਰਾ ਹੁੰਦੇ, ਰਾਮ ਚੰਦ[2] ਤੋਂ ਘੋਲ ਘੁਮਾਇਆ ਏ।
ਉਸਨੂੰ ਸਮਝਿਆ ਬਾਪ ਤੇ ਮਾਤ ਸੀਤਾ[3], ਨਾਲ ਵਿਚ ਬਨਬਾਸ ਦੇ ਆਇਆ ਏ।
ਵਡੇ ਵੀਰ ਦੀ ਟਹਿਲ ਕਮਾਨ ਖਾਤਰ, ਚੈਨ ਆਪਣਾ ਸਭ ਗਵਾਇਆ ਏ।
ਭਰਤ[4] ਜੇਹੇ ਭਰਾ ਭੀ ਹੋ ਗੁਜ਼ਰੇ, ਭਾਈ ਬਾਝ ਨਾ ਰਾਜ ਕਮਾਇਆ ਏ।
ਉਸਦਾ ਨਾਮ ਲੈ ਲੈ ਜਾਨ ਠੰਢ ਪਾਵੇ, ਭਗਤ ਰਾਮ ਦਾ ਜਗਤ ਸਦਾਇਆ ਏ।
ਬਿਕ੍ਰਮਾਜੀਤ[5] ਜੇਹੇ ਭੀ ਭਰਾ ਹੈਸਨ, ਕਿਹਾ ਵੀਰ ਨਹੀਂ ਪਰਤਾਇਆ ਏ।
ਭਾਵੇਂ ਨਹੀਂ ਸੀ ਕੁਝ ਕਸੂਰ ਉਸਦਾ, ਦੂਤੀ ਕਿਸੇ ਨੇ ਭਰਤ[6] ਸਿਖਾਇਆ ਏ।
ਐਪਰ ਫੇਰ ਹਜ਼ਾਰ ਸ਼ਾਬਾਸ ਉਸ ਤੇ, ਕੋਈ ਗਿਲਾ ਨਾ ਜੀਉ ਤੇ ਲਿਆਇਆ ਏ।
ਅਰਜਨ ਭੀਮ[7] ਤੇ ਨਕੁਲ ਸਹਿਦੇਵ[8] ਜੈਸੇ, ਜਿਨ੍ਹਾਂ ਭਾਈ ਦਾ ਅਦਬ ਰਖਾਇਆ ਏ।
ਜੋ ਕੁਝ ਵੀਰ ਆਖੇ ਉਹ ਲਕੀਰ ਪੱਥਰ, ਧਰਮ ਰਾਜ ਨੇ ਸਚ ਫੁਰਮਾਇਆ ਏ।
ਬੇਸ਼ੁਮਾਰ[9] ਸਬੂਤ ਬਿਰਾਦਰਾਂ ਦੇ, ਜਿਨ੍ਹਾਂ ਸਤ ਨੂੰ ਪਾਲ ਵਿਖਾਇਆ ਏ।
ਦੁੱਖ ਭਾਈ ਦਾ ਨਹੀਂ ਸਹਾਰ ਸਕਨ, ਕਰਕੇ ਜਾਨ ਕੁਰਬਾਨ ਹਟਾਇਆ ਏ।
ਪਾਣੀ ਡੁੱਲ੍ਹਦਾ ਦੇਖ ਕੇ ਭਾਈਆਂ ਦਾ, ਉਥੇ ਆਪਣਾ ਲਹੂ ਵਗਾਇਆ ਏ।
ਚਾਤ੍ਰਿਕ ਸਾਕ ਨਾ ਹੋਰ ਭਰਾ ਜੇਹਾ, ਲਭੇ ਗਿਆ ਨਾ ਮਾਉਂ ਦਾ ਜਾਇਆ ਏ।
ਅਜ ਕਲ ਭੀ ਬਣੇ ਭਰਾ ਫਿਰਦੇ, ਹੈਂਕੜ ਨਾਲ ਏਹ ਸ਼ੇਖੀਆਂ ਮਾਰਦੇ ਨੇ।
ਹਮੀ[10] ਤਾਬਿਆਦਾਰ ਹੈਂ ਭਾਈਆਂ ਦੇ ਨਖਰੇ ਮਹਿਫਲਾਂ[11] ਵਿਚ ਪੰਘਾਰਦੇ ਨੇ।
ਐਪਰ ਅੰਦਰੋਂ ਫੋਲੀਏ ਕੱਢ ਲੀਰਾਂ, ਨਿਰੇ ਤਾਬਿਆਦਾਰ ਓਹ ਨਾਰ ਦੇ ਨੇ।
ਰਲ ਕੇ ਦੋ ਭਰਾ ਨਾ ਕੱਟ ਸਕਨ, ਸਾਰੇ ਮਤਲਬੀ ਆਪਣੀ ਕਾਰ ਦੇ ਨੇ।
ਜਿਵੇਂ ਨਾਰੀਆਂ ਨਾਚ ਨਚਾਂਦੀਆਂ ਨੇ, ਤਿਵੇਂ ਆਣ ਕੇ ਸਾਂਗ ਉਤਾਰ ਦੇ ਨੇ।
ਦੁਨੀਆਂ ਵਿਚ ਨਾ ਸਾਕ ਭਰਾ ਵਰਗਾ, ਮਤਲਬ ਏਸਦੇ ਉਲਟ ਵਿਚਾਰਦੇ ਨੇ।
ਵੈਰੀ ਨਹੀਂ ਜਹਾਨ ਸ਼ਰੀਕ ਵਰਗਾ, ਜੀਓ ਵਿਚ ਖਿਆਲ ਏਹ ਧਾਰਦੇ ਨੇ।
ਬੈਠ ਵਿਚ ਬਿਗਾਨਿਆਂ ਹੋਣ ਰਾਜ਼ੀ, ਭਾਈ ਵੇਖ ਕੇ ਡਾਂਗ ਉਲਾਰਦੇ ਨੇ।

---

1. ਲਛਮਣ, ਰਾਜਾ ਦਸਰਥ ਦਾ ਪੁਤਰ (ਮਾਤਾ ਸੁਮਿਤਰਾ ਦੇ ਉਦਰ ਤੋਂ)।
2. ਸ੍ਰੀ ਰਾਮ ਚੰਦ੍ਰ, ਰਾਜਾ ਦਸਰਥ ਦਾ ਪੁਤਰ (ਮਾਤਾ ਕੁਸ਼ਲਿਆ ਦੇ ਉਦਰ ਤੋਂ)।
3. ਰਾਜਾ ਜਨਕ ਦੀ ਧੀ ਤੇ ਸ੍ਰੀ ਰਾਮ ਚੰਦ੍ਰ ਜੀ ਦੀ ਸੁਪਤਨੀ।
4. ਭਰਤ, ਰਾਜਾ ਦਸਰਥ ਦਾ ਪੁਤਰ (ਮਾਤਾ ਕਕੇਈ ਦੀ ਉਦਰ ਤੋਂ)।
5. ਈਸਾ ਤੋਂ 51 ਵਰ੍ਹੇ ਪਹਿਲਾਂ ਜਿਸ ਨੇ ਬਿਕ੍ਰਮੀ ਸੰਮਤ ਚਲਾਇਆ ਸੀ। ਉਸ ਧਰਮੀ ਰਾਜੇ ਵਲ ਇਸ਼ਾਰਾ ਹੈ।
6. ਵੇਖੋ ਨੰਬਰ 4 ਉਪਰ।
7. ਰਾਜਾ ਪਾਂਡੂ ਤੇ ਮਾਤਾ ਕੁੰਤੀ ਦੇ ਸਪੁਤਰ ਅਰਜਨ ਨੂੰ ਇੰਦਰ ਤੋਂ ਤੇ ਭੀਮ ਨੂੰ ਪੌਣ ਤੋਂ ਹੋਇਆ ਦਸਿਆ ਹੈ।
8. ਕੁੰਦੀ ਦੀ ਸੌਂਕਣ ਮਾਦਰੀ ਦੀ ਸੰਤਾਨ। 9. ਬਹਿਸਾਬ। 10. ਅਸੀਂ। 11. ਇਕੱਠ।

ਦੂਰੋਂ ਨਸਦੇ ਪਰੇ ਭਰਾ ਕੋਲੋਂ, ਮਤੇ ਹੋਏ ਗਰੂਰ ਹੰਕਾਰ ਦੇ ਨੇ।
ਥੋੜ੍ਹੀ ਗਲ ਤੋਂ ਬੋਲ ਵਿਗਾੜ ਕਰਦੇ, ਭਰਦੇ ਜਾ ਸੰਦੂਕ ਸਰਕਾਰ ਦੇ ਨੇ।
ਕੁਤੇ ਖਾਣ ਤਾਂ ਪਏ ਬੇਸ਼ਕ ਖਾਵਣ, ਐਪਰ ਭਾਈ ਨੂੰ ਪਰੇ ਦੁਰਕਾਰਦੇ ਨੇ।
ਹੋਰ ਜੱਗ ਜਹਾਨ ਦੇ ਬਣੇ ਮਿਤਰ, ਤੇ ਭਰਾ ਦੇ ਨਾਲ ਵਿਗਾੜਦੇ ਨੇ।
ਸਿਰ ਵੱਢਵੇਂ ਵੈਰ ਭਰਾ ਅੰਦਰ, ਅੱਗ ਲਾ ਖਲਵਾੜਿਆਂ ਸਾੜਦੇ ਨੇ।
ਕਈ ਜਾਨ ਤੋਂ ਮਾਰਨੋਂ ਝੱਕਦੇ ਨਾ, ਕੁਲ ਆਪਣੀ ਜੜ੍ਹੋਂ ਉਖਾੜਦੇ ਨੇ।
ਕਈ ਵੈਰ ਪੁਆਂਵਦੇ ਹੋਰਨਾਂ ਦਾ, ਮੁੱਠ ਓਸ ਦੀ ਜਾਏ ਉਘਾੜਦੇ ਨੇ।
ਚੁੱਕ ਹੋਰ ਨੂੰ ਪਾਂਵਦੇ ਗਲ ਉਸ ਦੇ, ਲਾਂਭੇ ਬੈਠ ਕੇ ਮੌਜ ਨਿਹਾਰਦੇ[1] ਨੇ।
ਰੱਜਿਆ ਕੋਈ ਭਰਾ ਨਾ ਵੇਖ ਸਕਣ, ਝੁੱਗਾ ਓਸ ਦਾ ਚਾ ਉਜਾੜਦੇ ਨੇ।
ਵੇਹੜਾ ਮੋਕਲਾ ਹੋਵੇ ਸ਼ਰੀਕ ਮੋਯਾ, ਚੜ੍ਹੇ ਤਾਪ ਤਾਂ ਚੂਰਮਾ[2] ਚਾਹੜਦੇ ਨੇ।
ਖੁਸ਼ੀ ਵੇਖ ਭਰਾ ਦੀ ਅਗ ਲਗੇ ਉਹਦਾ ਸੁਖ ਨਾ ਵੇਖ ਸਹਾਰਦੇ ਨੇ।
ਕਈ ਚਿਣਗ ਚੁਵਾਤੀਏ[3] ਜਾ ਸਾਕੀਂ[4], ਮਿਲੇ ਦਿਲਾਂ ਨੂੰ ਅੰਦਰੋਂ ਪਾੜਦੇ ਨੇ।
ਲਾਨਤ ਲੱਖ ਹੈ ਐਸਿਆਂ ਭਾਈਆਂ ਤੇ, ਜੇਹੜੇ ਵੀਰ ਦੀ ਬਦੀ ਚਿਤਾਰਦੇ ਨੇ।
ਨਿੱਜ ਜੰਮਦੀ ਚਾਤ੍ਰਿਕ ਮਾਊਂ ਤੱਤੀ, ਜੇਹੜੇ ਉਠ ਭਰਾਵਾਂ ਨੂੰ ਸਾੜਦੇ ਨੇ।
ਜਰਾ ਵੇਖੀਏ ਝਾੜ ਜੇ ਮਾਰ ਕੇ ਤੇ, ਕੋਈ ਸਾਕ ਨਾ ਹੋਰ ਭਰਾ ਜੇਹਾ।
ਦਯਾ ਜੇਡ ਨਾ ਧਰਮ ਜਹਾਨ ਅੰਦਰ, ਅਤੇ ਪਾਪ ਨਾ ਜੀਉ ਦੁਖਾ ਜੇਹਾ।
ਬੁਰਾ ਵਧ ਨਾ ਕੋਈ ਸ਼ੈਤਾਨ ਕੋਲੋਂ, ਦਯਾਵਾਨ ਨਾ ਕੋਈ ਖੁਦਾ ਜੇਹਾ।
ਨੇਕੀ ਹੋਰ ਨਾ ਜਗ ਤੇ ਸਚ ਵਰਗੀ, ਬੁਰਾ ਕੰਮ ਨਾ ਬੋਲ ਫਿਰਾ[5] ਜੇਹਾ।
ਬੇਬੁਨਿਆਦ ਨਾ ਉਮਰ ਖਿਆਮ[6] ਨਾਲੋਂ, ਦਿਲ ਦਰਯਾ ਨਾ ਹੋਰ ਦਰਯਾ ਜੇਹਾ।
ਖੇਤੀ ਜੇਹਾ ਨਾ ਹੋਰ ਵਿਹਾਰ ਕੋਈ, ਬੁਰਾ ਕਸਬ ਨਾ ਹੋਰ ਗਦਾ[7] ਜੇਹਾ।
ਗਹਿਣਾ ਹੋਰ ਨਾ ਵਿਦਿਆ ਜੇਡ ਕੋਈ, ਪੜਦਾ ਹੋਰ ਨਾ ਕੋਈ ਹਯਾ[8] ਜੇਹਾ।
ਸੁੱਖ ਨਹੀਂ ਔਲਾਦ ਦੇ ਸੁਖ ਵਰਗਾ, ਅਤੇ ਅਸਰ ਗਰੀਬ ਦੀ ਹਾ[9] ਜੇਹਾ।
ਲੋਈ ਕਰੇ ਪਿਆਰ ਨਾ ਮਾਂ ਵਰਗਾ, ਅਤੇ ਚਾਉ ਨਾ ਹੋਰ ਵਿਆਹ ਜੇਹਾ।
ਚਾਤ੍ਰਿਕ ਰਾਉ ਨਾ ਬਿਕ੍ਰਮਾਜੀਤ ਵਰਗਾ, ਤੇ ਫਕੀਰ ਨਾਹੀਂ ਨਾਨਕ ਸ਼ਾਹ ਜੇਹਾ।
ਇਕਾ ਗੋਦੜੀ ਦਸ ਫਕੀਰ ਮੇਉਣ, ਨਾਲ ਖੁਸ਼ੀ ਦੇ ਰਾਤ ਲੰਘਾਂਵਦੇ ਨੇ।
ਬਾਦਸ਼ਾਹ ਦੋ ਇਕ ਵਲੈਤ ਅੰਦਰ, ਨਾਲ ਚੈਨ ਦੇ ਨਹੀਂ ਸਮਾਂਵਦੇ ਨੇ।
ਟੁਕੜਾ ਮੰਗ ਕੇ ਫਕਰ ਲਿਆ ਧਰਦੇ, ਖੰਨੀ ਖਾਇਕੇ ਪੇਟ ਭਰਾਂਵਦੇ ਨੇ।
ਖੰਨੀ ਦੂਸਰੀ ਰਬ ਦੇ ਰਾਹ ਉਪਰ, ਕਿਸੇ ਹੋਰ ਦੇ ਮੁੱਖ ਚਾ ਪਾਂਵਦੇ ਨੇ।

---

1. ਮਾਣਦੇ। 2. ਰੋਟੀ ਨੂੰ ਘਿਓ ਤੇ ਖੰਡ ਜਾਂ ਸ਼ਕਰ ਵਿਚ ਕੁਟ ਕੇ ਬਣਾਈ ਚੂਰੀ, ਜਾਂ ਪੰਜੀਰੀ। 3. ਅਗ, ਸ਼ਰਾਰਤੀ।
4. ਰਿਸ਼ਤੇਦਾਰਾਂ ਦੇ। 5. ਮੁਕਰ ਜਾਣ ਵਾਲਾ।
6. ਨਾਸ ਹੋਣ ਵਾਲੀ, ਉਮਰ ਖਿਆਮ ਨਾਂ ਦਾ ਇਕ ਪ੍ਰਸਿਧ ਰੁਬਾਈ ਲੇਖਕ ਕਵੀ ਭੀ ਹੋਇਆ ਹੈ। 7. ਮੰਗਣਾ।
8. ਸ਼ਰਮ। 9. ਦੁਖੀ ਦਿਲ ਦੀ ਹਵਾੜ।

ਬਾਦਸ਼ਾਹ ਪਰ ਸਾਂਭ ਵਲੈਤ[1] ਸਾਰੀ, ਪੈਰ ਅਗਹਾਂ ਦੇ ਵਲ ਫੈਲਾਂਵਦੇ ਨੇ।
ਬਿਨਾ ਸਬਰ ਸੰਤੋਖ ਨਾ ਕੋਈ ਰਜੇ, ਅਗੋਂ ਹੋਰ ਹੀ ਹੋਰ ਨੂੰ ਚਾਂਹਵਦੇ ਨੇ।
ਪੁਸ਼ਕਰ ਜਿਹੇ ਭੀ ਲਾਨਤੀ ਬਹੁਤ ਹੁੰਦੇ, ਅੱਖੀਂ ਵੇਖ ਨਾ ਕਿਸੇ ਸੁਖਾਂਵਦੇ ਨੇ।
ਉਲੂ ਵਾਂਗ ਉਜਾੜ ਨੂੰ ਭਾਲਦੇ ਨੇ, ਸੁੰਞੇ ਸੁੰਞ ਹੀ ਸਦਾ ਵਰਤਾਂਵਦੇ ਨੇ।
ਏਥੇ ਧਰੀ ਦੀ ਧਰੀ ਰਹਿ ਜਾਏ ਓੜਕ, ਜੋੜ ਜੋੜ ਕੇ ਢੇਰੀਆਂ ਲਾਂਵਦੇ ਨੇ।
ਚਾਤ੍ਰਿਕ ਚਾਬਕਾਂ ਪੈਣ ਦਰਗਾਹ ਅੰਦਰ, ਜੇਹੜੇ ਰਬ ਦਾ ਨਾਮ ਭੁਲਾਂਵਦੇ ਨੇ।
ਸਚ ਕਹਿਣ ਲੋਕੀ ਇਕ ਦੇਸ ਅੰਦਰ, ਚੰਗਾ ਨਹੀਂ ਦੋ ਰਾਜਿਆਂ ਵਾਸ ਹੁੰਦਾ।
ਦੋ ਤਲਵਾਰ ਤੇ ਇਕ ਮਿਆਨ ਹੋਵੇ, ਕਦੇ ਨਹੀਂ ਨਿਰਬਾਹ ਕਿਆਸ ਹੁੰਦਾ।
ਦੋ ਹਕੀਮ ਤੇ ਇਕ ਮਰੀਜ਼ ਹੋਵੇ, ਖਾਰਾ[2] ਨਾਲ ਬੀਮਾਰ ਦਾ ਨਾਸ ਹੁੰਦਾ।
ਨੌਕਰ ਇਕ ਉਤੇ ਹਾਕਮ ਦੋ ਹੋਵਨ, ਕੰਮ ਏਸ ਦੇ ਵਿਚ ਨਾ ਰਾਸ ਹੁੰਦਾ।
ਇਕ ਇਸਤ੍ਰੀ ਨੂੰ ਚਾਹੁਣ ਵਾਲੜੇ ਦੋ, ਜਾਨ ਜਾਣ ਦਾ ਸਦਾ ਵਿਸਵਾਸ[3] ਹੁੰਦਾ।
ਯਾ ਦੋ ਨਾਰੀਆਂ ਤੇ ਇਕ ਪਤੀ ਹੋਵੇ, ਏਹ ਭੀ ਅਸਲਦਾ ਦੁੱਖ ਦਾ ਫਾਸ[4] ਹੁੰਦਾ।
ਇਕ ਤੀਰ ਨਿਸ਼ਾਨਿਆਂ ਦੋਹ ਉਤੇ, ਪੂਰਾ ਇਕ ਭੀ ਕਦੇ ਨਾ ਪਾਸ ਹੁੰਦਾ।
ਇਕ ਮਜ਼ਬ ਤੇ ਟੋਲੀਆਂ ਦੋ ਹੋਵਨ, ਕਾਮਯਾਬ ਨਾ ਇਕ ਭੀ ਖਾਸ ਹੁੰਦਾ।
ਇਕ ਸਭਾ ਦੇ ਵਿਚ ਦੋ ਗੁਣੀ ਬੈਠਣ, ਝਗੜੇ ਉਨ੍ਹਾਂ ਦੇ ਵਿਚ ਭੀ ਹਾਸ[5] ਹੁੰਦਾ।
ਗੱਦੀ ਇਕ ਤੇ ਦੋ ਮਹੰਤ ਬੈਠਣ, ਦੂਰ ਕਦੀ ਨਾ ਦਿਲੋਂ ਹਰਾਸ[6] ਹੁੰਦਾ।
ਦੋਹਾਂ ਬੇੜੀਆਂ ਦੇ ਵਿਚ ਲੱਤ ਰੱਖੇ, ਉਹ ਭੀ ਨਦੀ ਦੇ ਵਿਚ ਹਿਰਾਸ ਹੁੰਦਾ।
ਚਾਤ੍ਰਿਕ ਕਰੇ ਉਪਾਸ਼ਨਾ ਦੋਹ ਸੰਦੀ, ਉਹ ਭੀ ਅੰਤ ਦੇ ਵਕਤ ਬੇਆਸ ਹੁੰਦਾ।

ਪਰਜਾ ਦਾ ਦੁਖੀ ਹੋਣਾ ਪੁਸ਼ਕਰ ਦੇ ਹੁਕਮ ਨਾਲ

ਪੁਸ਼ਕਰ ਨੀਚ ਨੇ ਜਦੋਂ ਐਲਾਨ ਕੀਤਾ, ਸਾਰੇ ਸ਼ਹਿਰ ਵਾਸੀ ਗਮਗੀਨ[7] ਹੋਏ।
ਬੜੇ ਦੁਖੀ ਹੋਏ ਏਸ ਨੀਚ ਕੋਲੋਂ, ਕਾਹਨੂੰ ਏਸਦੇ ਅਸੀਂ ਅਧੀਨ ਹੋਏ।
ਰਾਜੇ ਨਲ ਦੇ ਪਾਸ ਆ ਅਰਜ਼ ਕਰਦੇ, ਬਾਝ ਆਪ ਤੋਂ ਅਸੀਂ ਗਮਗੀਨ ਹੋਏ।
ਵੇਖੋ ਹੋਰ ਤਾਂ ਕੀ ਸੁਆਰਨਾ ਸੀ ? ਟੈਹਲ ਕਰਨ ਤੋਂ ਭੀ ਅਸੀ ਦੀਨ ਹੋਏ।
ਕੋਈ ਪੁੱਛਦਾ ਨਹੀਂ ਮਗਰੂਰ ਤਾਂਈਂ, ਖਯਾਲ ਏਸ ਦੇ ਕਿਹੇ ਕਮੀਨ ਹੋਏ।
ਮਹਾਰਾਜ ਜੇ ਆਗਿਆ ਦਿਓ ਸਾਨੂੰ, ਸਾਡੇ ਜ਼ੋਰ ਨਾਹੀ ਕੋਈ, ਹੀਨ ਹੋਏ।
ਇਹਨੂੰ ਰਾਜ ਤੋਂ ਬਾਹਰ ਨਿਕਾਲ ਦੇਈਏ, ਅਸੀਂ ਆਪਦੇ ਹਾਂ ਕਮਤ੍ਰੀਨ[8] ਹੋਏ।
ਚਾਤ੍ਰਿਕ ਰਾਜ ਨੂੰ ਆਪ ਸੰਭਾਲ ਬੈਠੋ, ਡਾਢੇ ਏਸ ਵਲੋਂ ਬੇਯਕੀਨ ਹੋਏ।

ਰਾਜਾ ਨਲ ਦਾ ਸਮਝਾਉਣਾ ਪਰਜਾ ਨੂੰ

ਕਰਕੇ ਧਰਮ ਫਿਰ ਓਸ ਤੋਂ ਫਿਰੇ ਜਿਹੜਾ ਜਾਮਾ ਪਹਿਨ ਕੇ ਸ਼ਰਫ[9] ਇਨਸਾਨੀਆਂ ਦਾ।
ਉਸਦੇ ਜਿਹਾ ਨਾ ਨੀਚ ਜਹਾਨ ਅੰਦਰ, ਬੂਟਾ ਫਲੇ ਨਾਂਹੀ ਬੇਈਮਾਨੀਆਂ ਦਾ।

---

1. ਦੇਸ। 2. ਆਪਸ ਵਿਚ ਦੀ ਦੁਸ਼ਮਣੀ। 3. ਵਹਿਮ, ਡਰ ਤੋਂ ਭਾਵ ਹੈ। 4. ਫਾਹੀ। 5. ਠੱਠਾ।
6. ਡਰ। 7. ਦੁਖੀ, ਸ਼ੋਕਾਤੁਰ। 8. ਸੇਵਕ। 9. ਉੱਚਾ।

ਮੇਰੇ ਧਰਮ ਨੂੰ ਵੱਟੜਾ ਲਗਦਾ ਏ, ਏਦੂੰ ਵਧ ਨਾ ਕਮ ਸ਼ੈਤਾਨੀਆਂ ਦਾ।
ਮੇਰੇ ਵਾਸਤੇ ਰੰਜ ਨ ਕਰੋ ਕੋਈ, ਮੈਂ ਮਸ਼ਕੂਰ ਏਨਾ ਮੇਹਰਬਾਨੀਆਂ ਦਾ।
ਜੋ ਕੁਝ ਭੂਪ ਦਾ ਹੁਕਮ ਹੈ ਕਰੋ ਪੂਰਾ, ਕਾਹਨੂੰ ਸ਼ੱਕ ਪਾਓ ਬਦਗੁਮਾਨੀਆਂ[1] ਦਾ।
ਬਾਦਸ਼ਾਹ ਜੋ ਰਬ ਬਣਾ ਦਿਤਾ, ਉਸ ਨੂੰ ਮੰਨਣਾ ਫਰਜ਼ ਜਹਾਨੀਆਂ ਦਾ।
ਉਸਦੀ ਰਜ਼ਾ ਦੇ ਨਾਲ ਰਜ਼ਾ ਰਖੋ, ਪਿਛਾ ਛਡ ਕੇ ਹੋਰ ਕਹਾਨੀਆਂ ਦਾ।
ਮੇਰੇ ਹੋਣਗੇ ਜਦੋਂ ਨਸੀਬ ਚੰਗੇ, ਜਾਸੀ ਦੁਖ ਬੇਸਰੋ-ਸਮਾਨੀਆਂ[2] ਦਾ।
ਦੁਖ ਸੁਖ ਸਰੀਰ ਦੇ ਨਾਲ ਆਹੇ, ਧੁਰੋਂ ਲਿਖਿਆ ਕਲਮ ਰਬਾਨੀਆਂ[3] ਦਾ।
ਮਰਦ ਝੱਲਦੇ ਨਾਲ ਸੰਤੋਖ ਇਸਨੂੰ, ਘਾਬਰ ਜਾਵਣਾ ਕੰਮ ਜ਼ਨਾਨੀਆਂ ਦਾ।
ਸਦਾ ਨਹੀਂ ਬਹਾਰ ਤੇ ਐਸ਼ ਰਹਿੰਦੀ, ਸਦਾ ਸੁਖ ਨਾ ਰਹੇ ਜਵਾਨੀਆਂ ਦਾ।
ਦੌਰ ਚਲਦਾ ਚਰਖ[4] ਦਾ ਸਦਾ ਰਹਿੰਦਾ, ਇਸ ਤੋਂ ਡੋਲਣਾ ਕੰਮ ਅਗਯਾਨੀਆਂ ਦਾ।
ਜੇਹੀ ਬਣੇਗੀ ਝੱਲਸਾਂ ਸਿਰੇ ਉਪਰ, ਤੁਸੀਂ ਕਰੋ ਨਾ ਗਿਲਾ ਗਿਲਾਨੀਆਂ[5] ਦਾ।
ਮਰਜ਼ੀ ਆਪਣੀ ਬਣੇ ਨਾ ਬੰਦਿਆਂ ਦੀ, ਏਹ ਵੱਸ ਹੈ ਦਾਣਿਆਂ ਪਾਨੀਆਂ ਦਾ।
ਜਦੋਂ ਰਿਜ਼ਕ ਮੁਹਾਰ ਨੂੰ ਚੁਕ ਲੈਂਦਾ, ਰਾਹ ਦਸਦਾ ਜੂਹਾਂ ਬਿਗਾਨੀਆਂ ਦਾ।
ਚਾਤ੍ਰਿਕ ਰੰਜ ਕਲੇਸ਼ ਭੁਲਾਇ ਕੇ ਤੇ, ਮੇਰਾ ਕਰੋ ਸਾਮਾਨ ਰਵਾਨੀਆਂ ਦਾ।

ਬੇਨਤੀ ਪਰਜਾ ਦੀ

ਚਿੰਤਾਵਾਨ ਹੋ ਕਹਿਣ ਵਿਰਲਾਪ ਕਰਕੇ, ਮਹਾਰਾਜ ਕੀ ਵਾਕ ਉਚਾਰਿਓ ਜੇ ?
ਤੁਸੀਂ ਕਰੋ ਤਯਾਰੀਆਂ ਤਰਫ ਕੇਹੜੀ, ਸਾਨੂੰ ਜੀਉਂਦੀ ਜਿੰਦ ਹੀ ਮਾਰਿਓ ਜੇ ?
ਦੇਸ ਆਪ ਦਾ ਤੁਸੀਂ ਨਰੇਸ਼ ਸਾਡੇ, ਇਹ ਖਿਆਲ ਕੀ ਅੰਦਰੋਂ ਧਾਰਿਓ ਜੇ ?
ਆਪ ਵਾਸਤੇ ਜਾਨ ਤੇ ਮਾਲ ਹਾਜ਼ਰ, ਹੋਯਾ ਕੀ ਜੇ ਰਾਜ ਨੂੰ ਹਾਰਿਓ ਜੇ ?
ਜੇਹੜੀ ਹੋਵਸੀ ਸਿਰਾਂ ਤੇ ਝੱਲ ਲਾਂਗੇ, ਐਪਰ ਕਦਮ ਨਾ ਬਾਹਰ ਉਲਾਰਿਓ ਜੇ।
ਮੁਢੋਂ ਅਸੀਂ ਗੁਲਾਮ ਬੇਦਾਮ ਸਾਈਂ, ਔਰ ਗੈਰ ਨਾ ਕੋਈ ਚਿਤਾਰਿਓ ਜੇ।
ਪਿਛਾ ਦੇ ਨਾ ਜਾਵਣਾ ਮੂਲ ਸਾਨੂੰ, ਦਿਲੋਂ ਬੰਦਿਆਂ ਨਹੀਂ ਵਿਸਾਰਿਓ ਜੇ।
ਚਾਤ੍ਰਿਕ ਆਪ ਦੇ ਬਾਝ ਹਾਂ ਕੰਮ ਕਿਹੜੇ, ਨਾ ਏਹ ਕਹਿਰ ਦਾ ਹਥ ਉਲਾਰਿਓ ਜੇ।

ਫੁਰਮਾਨ ਰਾਜਾ ਨਲ

ਨਾਲ ਹੌਂਸਲੇ ਬੋਲਿਆ ਨਲ ਰਾਜਾ, *ਤੁਸੀਂ ਕਾਸ ਨੂੰ ਕਰੋ ਵਿਰਲਾਪ ਭਾਈ।
ਧੀਰਜ ਚਾਹੀਏ ਜੀਉ ਦੇ ਵਿਚ ਹੋਣਾ, ਬੇਸੰਤੋਖ ਹੋਣਾ ਬੜਾ ਪਾਪ ਭਾਈ।
ਮੇਰੇ ਵਸ ਨਾ ਤੁਸਾਂ ਦੇ ਹੱਥ ਡੋਰੀ, ਵੇਖੋ ਖਾਸੋ ਪਰਮਾਤਮਾ ਆਪ ਭਾਈ।
ਓਸੇ ਮੇਲ ਵਿਛੋੜੇ ਦਾ ਜੋੜ ਬੱਧਾ, ਮੁਢੋਂ ਓਸ ਨੇ ਛਡਿਆ ਥਾਪ ਭਾਈ।
ਨਜ਼ਰ ਹੋਈ ਸਵੱਲੜੀ ਜਦੋਂ ਉਸਦੀ, ਆਨ ਹੋਵਸੀ ਫੇਰ ਮਿਲਾਪ ਭਾਈ।

---

1. ਬੁਰਿਆਈ। 2. ਗਰੀਬੀ, ਕੰਗਾਲ। 3. ਰਬ ਦਾ ਹੁਕਮ। 4. ਸਮੇਂ ਦਾ ਚੱਕਰ। 5. ਨਫਰਤ, ਘ੍ਰਿਣਾ।

ਕਿਸਮਤ ਫਿਰੀ ਤਾਂ ਫਿਰੇਗਾ ਫੇਰ ਏਧਰ, ਕਰੋ ਰਾਮ ਦੇ ਨਾਮ ਦਾ ਜਾਪ ਭਾਈ।
ਹਾਲੀ ਆਨ ਪੈਰਾਂ ਵਿਚ ਪਿਆਂ ਚੱਕਰ, ਲਿਖਿਆ ਲੇਖ ਦੇ ਵਿਚ ਸੰਤਾਪ ਭਾਈ।
ਜਦੋਂ ਹੋਣਗੇ ਫੇਰ ਨਸੀਬ ਯਾਵਰ[1], ਮਿਲ ਜਾਵਸੀ ਰਾਜ ਪ੍ਰਤਾਪ ਭਾਈ।
ਕਰੋ ਰਬ ਹਵਾਲੜੇ ਨਾਲ ਧੀਰਜ, ਮੇਰਾ ਪ੍ਰਭੂ ਹੋਸੀ ਮਾਈ ਬਾਪ ਭਾਈ।
ਚਾਤ੍ਰਿਕ ਮੰਨਣਾ ਚਾਹੀਏ ਰਬ ਭਾਣਾ, ਨਾਲ ਹੌਂਸਲੇ ਦੇ ਚੁਪ ਚਾਪ ਭਾਈ।

ਰਾਜਾ ਨਲ ਨੇ ਰਾਣੀ ਦਮਯੰਤੀ ਨੂੰ ਆਪਣੇ ਜਾਣ ਦੀ ਖਬਰ ਕਰਨੀ

ਰਾਜੇ ਆਣ ਕੇ ਕਿਹਾ ਦਮਯੰਤੜੀ ਨੂੰ, ਮੈਂ ਹਾਂ ਜਾਣ ਦੇ ਲਈ ਤਿਆਰ ਪਿਆਰੀ।
ਜੋ ਕੁਝ ਕਿਹਾ ਪੁਸ਼ਕਰ ਸੁਣਿਆ ਤੁਧ ਹੋਸੀ, ਮੇਰੇ ਰਹਿਣ ਤੋਂ ਭੀ ਅਵਾਜ਼ਾਰ ਪਿਆਰੀ।
ਰਾਜ ਭਾਗ ਤਮਾਮ[2] ਸੰਭਾਲ ਕੇ ਤੇ, ਅਜੇ ਓਸਨੂੰ ਨਹੀਂ ਕਰਾਰ[3] ਪਿਆਰੀ।
ਦੁਖੇ ਦਿਲਾਂ ਨੂੰ ਹੋਰ ਦੁਖਾਣ ਕਾਰਣ, ਅਜ ਲਾਇਕੇ ਖਾਸ ਦਰਬਾਰ ਪਿਆਰੀ।
ਸਖਤ ਹੁਕਮ ਸੁਣਾਇਆ ਖਲਕ ਤਾਈਂ, ਸਾਨੂੰ ਦੇ ਨਾ ਕੋਈ ਅਹਾਰ[4] ਪਿਆਰੀ।
ਏਸ ਹਾਲ ਅੰਦਰ ਸਾਡਾ ਰਹਿਣ ਮੁਸ਼ਕਲ, ਏਸ ਆਪਣੇ ਸ਼ਹਿਰ ਦਵਾਰ[5] ਪਿਆਰੀ।
ਮੈਂ ਸਲਾਹ ਏਹ ਜੀਉ ਦੇ ਨਾਲ ਕੀਤੀ, ਲਵਾਂ ਹੋਰਕੇ ਵਕਤ ਗੁਜ਼ਾਰ ਪਿਆਰੀ।
ਜਦੋਂ ਤੀਕ ਨਸੀਬ ਨਾ ਵੱਲ ਹੋਵਨ, ਕਰਾਂ ਪੇਟ ਖਾਤਰ ਰੋਜ਼ਗਾਰ ਪਿਆਰੀ।
ਦੇਸ ਭਿਖਿਆ ਅਤੇ ਪਰਦੇਸ ਚੋਰੀ, ਮਸ਼ਹੂਰ ਹੈ ਗੱਲ ਸੰਸਾਰ ਪਿਆਰੀ।
ਚਾਤ੍ਰਿਕ ਹਾਲ ਓਸੇ ਅੰਦਰ ਮਸਤ ਰਹੀਏ, ਰਖੇ ਜਿਸ ਤਰ੍ਹਾਂ ਨਾਲ ਕਰਤਾਰ ਪਿਆਰੀ।

ਰਾਣੀ ਦਮਯੰਤੀ ਦਾ ਕਹਿਣ ਆਪਣੇ ਸਵਾਮੀ ਰਾਜਾ ਨਲ ਨੂੰ

ਰਾਣੀ ਰੰਜ ਥੀਂ ਠੰਢੜਾ ਸਾਹ ਭਰਿਆ, ਕਹਿੰਦੀ ਕਰਾਂ ਕੀ ਅਰਜ ਬਯਾਨ[6] ਸਵਾਮੀ।
ਮੈਂ ਤਾਂ ਵਰਜਦੀ ਸਾਂ ਏਸ ਕੰਮ ਵਲੋਂ, ਕੀਤਾ ਜ਼ਰਾ ਨਾ ਤੁਸਾਂ ਧਿਆਨ ਸਵਾਮੀ।
ਮੇਰੀ ਅਰਜ਼ ਮਨਜ਼ੂਰ ਨਾ ਪਈ ਓਦੋਂ, ਲਾਯਾ ਬੰਦੜੀ ਬੜਾ ਤਰਾਨ[7] ਸਵਾਮੀ।
ਕੀਕਰ ਤੁਸਾਂ ਓਦੋਂ ਜਿਗਰਾ ਸਖਤ ਕੀਤਾ, ਮੈਂ ਹਾਂ ਏਸ ਗਲੋਂ ਪਰੇਸ਼ਾਨ ਸਵਾਮੀ।
ਸ਼ਾਦੀ ਵੇਲੜੇ ਆਪ ਨੇ ਕਿਹਾ ਭੀ ਸੀ, ਮੇਰਾ ਰਖਣੇ ਵਾਸਤੇ ਮਾਣ ਸਵਾਮੀ।
ਸ਼ਾਇਦ ਏਹ ਇਕਰਾਰ ਭੀ ਨਾਲ ਹੀ ਸੀ, ਕਰਸੋ ਕਦਰ ਮੇਰਾ ਕਦਰਦਾਨ ਸਵਾਮੀ।
ਮੈਨੂੰ ਯਾਦ ਸਾਰੇ ਇਕ ਇਕ ਕਰਕੇ, ਕੀਤੇ ਆਪ ਨੇ ਮੂੰਹੋਂ ਫੁਰਮਾਨ ਸਵਾਮੀ।
ਪਰ ਅਫਸੋਸ ਨਾ ਆਪ ਨੇ ਗਲ ਮੰਨੀ, ਕੀਤਾ ਜ਼ਿਦ ਦੇ ਵਿਚ ਨੁਕਸਾਨ ਸਵਾਮੀ।
ਮੈਂ ਤਾਂ ਨਾਰ ਸਾਂ ਭਲਾ ਨਾ ਗਲ ਮੰਨੀ, ਹਾਰ ਗਏ ਵਜ਼ੀਰ ਪਰਧਾਨ ਸਵਾਮੀ।
ਤੁਸਾਂ ਖਬਰ ਨਾਹੀ ਕੀ ਦਲੀਲ ਧਾਰੀ, ਕੀਤਾ ਉਨ੍ਹਾਂ ਨੂੰ ਸਖਤ ਹੈਰਾਨ ਸਵਾਮੀ।
ਬਿਪਤਾ ਵੇਖ ਕੇ ਆਂਵਦਾ ਰੋਣ ਮੈਨੂੰ, ਆਵਨ ਵਾਲੜੇ ਦੁਖ ਡਰਾਨ ਸਵਾਮੀ।

1. ਸਹਾਇਕ। 2. ਸਾਰੇ। 3. ਤਸੱਲੀ, ਚੈਨ। 4. ਭੋਜਨ। 5. ਦਰਵਾਜ਼ੇ। 6. ਕੀ ਬੇਨਤੀ ਕਰਾਂ ? 7. ਜ਼ੋਰ।

ਰਬਾ ਤਤੜੀ ਵਾ ਨਾ ਕਦੇ ਲਗੇ, ਰਬ ਸਦਾ ਹੋਵੇ ਮਿਹਰਬਾਨ ਸਵਾਮੀ।
ਸੂਲ-ਸੂਲੀਓਂ ਕਰੇ ਦਰਗਾਹ ਵਿਚੋਂ, ਗਲਾਂ ਸਾਰੀਆਂ ਏਹ ਭੁਲ ਜਾਨ ਸਵਾਮੀ।
ਸੁਪਨਾ ਸਚ ਦਾ ਕਰੇ ਕੀ ਲਗਦਾ ਏ, ਮੇਹਰਬਾਨ ਹੋਵੇ ਜੇ ਭਗਵਾਨ ਸਵਾਮੀ।
ਉਹਦੇ ਘਰੀਂ ਨਾ ਕਾਸ ਦੀ ਕਮੀ ਆਈ, ਕਰੇ ਅਸਾਂ ਤੇ ਦਯਾ ਦਾ ਦਾਨ ਸਵਾਮੀ।
ਕਰਦੇ ਘੁਗਿਆਂ[1] ਤੋਂ ਮਾਣਕ[2] ਅਜ ਸਾਰੇ, ਚਾਤ੍ਰਿਕ ਕਰੇ ਨੀਵਾਂ ਕੋਈ ਟਾਹਨ ਸਵਾਮੀ।

ਧੀਰਜ ਦੇਣਾ ਰਾਜਾ ਨਲ ਦਾ ਰਾਣੀ ਦਮਯੰਤੀ ਨੂੰ

ਰਾਜੇ ਆਖਿਆ ਗੱਲ ਦਰੁਸਤ ਤੇਰੀ, ਤੂੰ ਬਥੇਰੜਾ ਲਾਇਆ ਜ਼ੋਰ ਪਯਾਰੀ।
ਐਪਰ ਕਿਸੇ ਦਾ ਦੋਸ਼ ਨਾ ਏਸ ਅੰਦਰ, ਕਿਸਮਤ ਚਾਹੁੰਦੀ ਸੀ ਕੁਝ ਹੋਰ ਪਯਾਰੀ।
ਭਾਗਾਂ ਹਥ ਹੈ ਵਾਗ ਪ੍ਰਾਣੀਆਂ ਦੀ, ਜਿਧਰ ਚਾਹੁੰਦੀ ਸਕਦੀ ਟੋਰ ਪਯਾਰੀ।
ਬੰਦਾ ਲਖ ਉਪਾ ਕਮਾ ਥਕੇ, ਜਾਏ ਪੇਸ਼ ਨਾ ਜ਼ੋਰ ਤੇ ਸ਼ੋਰ ਪਯਾਰੀ।
ਜੋ ਕੁਝ ਦੇਖਣਾ ਦੁਖ ਨਸੀਬ ਅੰਦਰ, ਕੀਕਰ ਅਸੀਂ ਹਾਂ ਸਕਦੇ ਮੋੜ ਪਯਾਰੀ।
ਮੇਰੀ ਅਕਲ ਤੇ ਪਿਆ ਅਗਯਾਨ ਪੜਦਾ, ਬਦਲਾ ਲਿਆ ਨਸੀਬ ਦੀ ਖੋਰ[3] ਪਯਾਰੀ।
ਤੇਰੇ ਕਹੇ ਦੀ ਨਹੀਂ ਪਰਵਾਹ ਕੀਤੀ, ਜੂਆ ਖੇਡਦਾ ਰਿਹਾ ਬਾਜ਼ੋਰ ਪਯਾਰੀ।
ਐਪਰ ਲਾਭ ਕੀ ਗਮ ਲਗਾਵਨੇ ਦਾ, ਸੌਂਪਾਂ ਰਬ ਨੂੰ ਆਪਣੀ ਡੋਰ ਪਯਾਰੀ।
ਬੀਤ ਗਈ ਦੀ ਫੇਰ ਘਸੀਟ ਕਰਨੀ, ਮੁੜ ਮੁੜ ਯਾਦ ਕਰਨਾ ਝੋਰ ਝੋਰ ਪਯਾਰੀ।
ਇਹਦੇ ਵਿਚ ਪ੍ਰਾਪਤੀ ਕੁਝ ਨਾਹੀਂ, ਚਿੰਤਾ ਸੁਟਦੀ ਜ਼ਿੰਦਿਆਂ ਗੋਰ[4] ਪਯਾਰੀ।
ਚਿੰਤਾ-ਚਿਖਾ ਬਰੋਬਰੀ ਕਹਿਣ ਲੋਕੀਂ, ਚਿੰਤਾ-ਚਿਖਾ ਨਾਲੋਂ ਦੁਖ ਘੋਰ ਪਯਾਰੀ।
ਚਿੰਤਾ ਕਰਨ ਸਿਆਨੜੇ ਮੂਲ ਨਾਹੀਂ, ਗਮ ਸੁਟਦਾ ਲਹੂ ਨਿਚੋੜ ਪਯਾਰੀ।
ਪਹਿਲੇ ਸੋਚ ਕੇ ਕੰਮ ਜ਼ਰੂਰ ਕਰੀਏ, ਐਪਰ ਫੇਰ ਚਿੰਤਾ ਦਈਏ ਛੋੜ ਪਯਾਰੀ।
ਜੇਹੜੀ ਹੋਈ ਸੋ ਹੋਈ ਨਾ ਰੰਜ ਰਖੋਂ, ਕਰੋ ਬੇਨਤੀ ਏਹ ਹਥ ਜੋੜ ਪਯਾਰੀ।
ਜੀਕਰ ਭਾਗ ਨੇ ਦੁਖ ਆਗਾਜ਼[5] ਕੀਤੇ, ਨਾਲ ਸਿਦਕ ਪਹੁੰਚਾਵੀਏ ਤੋੜ ਪਯਾਰੀ।
ਕੋਈ ਕਰੋ ਤਦਬੀਰ ਜਿਸ ਨਾਲ ਚਾਤ੍ਰਿਕ, ਜਾਏ ਕੱਟਿਆ ਦੁਖ ਅਨਮੋੜ ਪਯਾਰੀ।
ਰਬ ਅਜ ਸਾਡੇ ਉਤੇ ਵਖਤ ਪਾਯਾ, ਅਗੇ ਓਸ ਦੇ ਨਹੀਂ ਹੈ ਵਾਹ ਪਯਾਰੀ।
ਕੀ ਕੀ ਦੇਖੀਏ ਹਾਲ ਵਿਖਾਵਣਾ ਸੂ, ਰਾਜ ਭਾਗ ਤੋਂ ਬਾਹਰ ਤ੍ਰਾਹ[6] ਪਯਾਰੀ।
ਬਹੁਤਾ ਰੰਜ ਤਾਂ ਮੁਝ ਨੂੰ ਤੁਝ ਵਲੋਂ, ਤੂੰ ਨਾ ਵੇਖਿਆ ਸੁਖ ਦਾ ਸਾਹ ਪਯਾਰੀ।
ਅਜੇ ਰਜ ਆਰਾਮ ਨਾ ਪਾਇਆ ਸੀ, ਪਿਆ ਦੁਖ ਦਾ ਆਨ ਕੇ ਫਾਹ ਪਯਾਰੀ।
ਤੇਰੀ ਉਮਰ ਆਹੀ ਕੁਝ ਵੇਖਣੇ ਦੀ, ਹੁੰਦਾ ਅੰਨ ਤੇ ਧਨ ਅਮਾਹ[7] ਪਯਾਰੀ।
ਐਪਰ ਨੇਤ[8] ਭਗਵੰਤ ਦੀ ਉਲਟ ਹੋਈ, ਪਏ ਆਨਕੇ ਦੁਖ ਨਾਗਾਹ[9] ਪਯਾਰੀ।
ਏਹ ਭੀ ਬੜਾ ਅਫਸੋਸ ਤੇ ਰੰਜ ਮੈਨੂੰ, ਮੈਂ ਨਾ ਸਕਿਆ ਬੋਲ ਨਿਬਾਹ ਪਯਾਰੀ।

1. ਸਿਪੀਆਂ। 2. ਮੋਤੀ। 3. ਵੈਰ ਭਾਵ। 4. ਕਬਰ, ਮੜ੍ਹੀ। 5. ਆਰੰਭ। 6. ਧਕਣਾ, ਕਢਣਾ।
7. ਜੋ ਮਾਪਿਆ ਨਾ ਜਾ ਸਕੇ। 8. ਭਾਣਾ। 9. ਬੇਹਿਸਾਬ।

ਤੇਰੀ ਪਾਲਣੀ ਜਿਸ ਤਰ੍ਹਾਂ ਹੋਵਣੀ ਸੀ, ਹੋਯਾ ਉਸ ਤਰ੍ਹਾਂ ਨਹੀਂ ਨਿਰਬਾਹ ਪਯਾਰੀ।
ਐਪਰ ਕਰਾਂ ਕੀ ਵਸ ਨਾ ਮੁਝ ਦੇ ਭੀ, ਬਿਪਤਾ ਗੈਬ ਤੋਂ ਪੈ ਗਈ ਭਾਹ[1] ਪਯਾਰੀ।
ਸੋ ਤੂੰ ਅਜ ਹੀ ਨਾਲ ਲੈ ਬੱਚਿਆਂ ਨੂੰ, ਹਾਲੀ ਭੀਮ ਦੇ ਸ਼ਹਿਰ ਨੂੰ ਜਾਹ ਪਯਾਰੀ।
ਥੋੜੇ ਦਿਨਾਂ ਦੀ ਬਾਤ ਹੈ ਦੁਖ ਸਾਡਾ, ਕਰੀਂ ਸਬਰ ਨਾ ਗਮ ਨੂੰ ਖਾਹ ਪਯਾਰੀ।
ਦੁਖ ਸੁਖ, ਸ਼ਾਦੀ ਗਮੀ ਬਣੀ ਆਈ, ਹਰਖ ਸੋਗ ਸੰਸਾਰ ਦਾ ਰਾਹ ਪਯਾਰੀ।
ਮੈਂ ਹਾਂ ਜਾਂਵਦਾ ਕਿਸੇ ਪ੍ਰਦੇਸ ਅੰਦਰ, ਲੈਸਾਂ ਕਿਸੇ ਦੇ ਪਾਸ ਪਨਾਹ ਪਯਾਰੀ।
ਹੱਛੀ ਕਰੇਗਾ ਰਬ ਗੁਜ਼ਰਾਨ ਆਪੇ, ਚਿੰਤਾ ਕਰੀਂ ਨਾ ਖਾਹਮਖਾਹ ਪਯਾਰੀ।
ਜਿਸਨੇ ਪਾਇਆ ਵਖਤ ਨਸੀਬ ਸਾਡੇ, ਓਹੋ ਦੇਵਸੀ ਅੰਤ ਨੂੰ ਲਾਹ ਪਯਾਰੀ।
ਚਾਤ੍ਰਿਕ ਸ਼ਾਹ ਨੂੰ ਕਰੇ ਕੰਗਾਲ ਓਹੋ, ਓਹੋ ਕਰੇ ਕੰਗਾਲ ਨੂੰ ਸ਼ਾਹ ਪਯਾਰੀ।

ਜਵਾਬ ਰਾਣੀ ਦਮਯੰਤੀ-ਸਵਾਮੀ ਜੀ ਜਾਨ ਤੋਂ ਬਿਨਾ ਸੱਖਣੀ ਖੱਲ ਕਿਸ ਕੰਮ ਹੈ ?

ਰਾਣੀ ਰੋਇ ਕੇ ਚੰਬੜੀ ਨਾਲ ਰਾਜੇ, ਮੇਰਾ ਆਪਦੇ ਬਾਝ ਕੀ ਹਾਲ ਸੁਆਮੀ ?
ਨਾਰ ਪਤੀ ਬਗੈਰ ਹੈ ਕੰਮ ਕਿਹੜੇ, ਜਿਥੇ ਆਪ ਮੈਂ ਆਪਦੇ ਨਾਲ ਸੁਆਮੀ ।
ਨਾਲ ਆਪਦੇ ਦੁਖ ਨੇ ਸੁਖ ਮੈਨੂੰ, ਬਾਝ ਆਪਦੇ ਦੁਖ-ਵਬਾਲ[2] ਸੁਆਮੀ।
ਮੈਨੂੰ ਆਸਰਾ ਆਪਦੇ ਨਾਮ ਦਾ ਏ, ਤੁਸੀਂ ਮੁਝ ਦੇ ਦੀਨ ਦਿਆਲ ਸੁਆਮੀ।
ਪੈਣ ਭੱਠ ਪੇਕੇ, ਜਿਥੇ ਪੀਆ ਨਾਹੀਂ, ਬਾਝ ਕੰਤ ਦੇ ਸੜੇ ਸੁਸਰਾਲ[3] ਸੁਆਮੀ।
ਜੰਗਲ ਪੀਆ ਤਾਂ ਰੰਗ ਮਹੱਲ ਓਹੋ, ਜਿਥੇ ਹੋਂਵਦਾ ਰਹੇ ਜਮਾਲ[4] ਸੁਆਮੀ।
ਨਾਲ ਪੀਆ ਕੰਗਾਲ ਭੀ ਬਣੇ ਰਾਣੀ, ਬਾਝ ਪਤੀ ਦੇ ਖਰੀ ਕੰਗਾਲ ਸੁਆਮੀ।
ਨਾ ਮੈਂ ਸਾੜਨਾ ਉਚਿਆਂ ਮੰਦ੍ਰਾਂ ਨੂੰ ਨਾ ਅਰਾਮ ਦੀ ਕਰਾਂ ਮੈਂ ਭਾਲ ਸੁਆਮੀ।
ਮੈਂ ਤਾਂ ਆਪ ਸੰਦੀ ਟਹਿਲ ਵਾਲੜੀ ਹਾਂ, ਚਾਹੇ ਮਾਰ ਤੇ ਚਾਹੇ ਜਵਾਲ ਸੁਆਮੀ।
ਜਿਥੇ ਰਹੋਗੇ ਰਹਾਂਗੀ ਨਾਲ ਹਰਦਮ, ਰਹਿਣ ਆਪਦੇ ਬਾਝ ਮੁਹਾਲ[5] ਸੁਆਮੀ।
ਜੇਕਰ ਜਾਨ ਹੋ ਗਈ ਅਲੱਗ ਵਿਚੋਂ, ਕੇਹੜੇ ਕੰਮ ਹੈ ਸਖਣੀ ਖਾਲ[6] ਸੁਆਮੀ।
ਏਹ ਮੁਹਾਲ ਹੈ ਗਲ ਜੋ ਆਪ ਆਖੋ, ਛਡੋ ਏਸਦਾ ਦਿਲੋਂ ਖਿਆਲ ਸੁਆਮੀ।
ਹਾਂ ਬੇਸ਼ਕ ਬੱਚੇ ਭੇਜ ਦਿਓ ਓਥੇ, ਰਖੋ ਨਾਲ ਮਾਸੂਮ ਨਾ ਬਾਲ ਸੁਆਮੀ।
ਆਪੇ ਨਾਨਕੇ ਕਰਨਗੇ ਖਬਰਦਾਰੀ, ਖਾਣ ਪੀਣ ਸੰਦੀ ਪ੍ਰਿਤਪਾਲ ਸੁਆਮੀ।
ਐਪਰ ਆਪ ਬਾਝੋਂ ਮੈਂ ਨਾ ਜਾਂ ਓਥੇ, ਬਾਝ ਆਪ ਦੇ ਖਰਾ ਜੰਜਾਲ[7] ਸੁਆਮੀ।
ਚਾਤ੍ਰਿਕ ਕੰਤ ਭਗਵੰਤ ਤਿਆਗ ਕੇ ਤੇ, ਵੇਖੇ ਕੌਣ ਏਹ ਰੰਜ ਮਲਾਲ[8] ਸੁਆਮੀ।

ਰਾਜਾ ਨਲ ਦਾ ਫੇਰ ਟਾਲਣਾ ਰਾਣੀ ਦਮਯੰਤੀ ਨੂੰ ਜੰਗਲ ਦੇ ਦੁਖ ਦੱਸ ਕੇ

ਦੇ ਕੇ ਹੌਂਸਲਾ ਰਾਉ ਫੁਰਮਾਣ ਲਗਾ, ਨਾ ਹੋ ਚਿਤ ਦੇ ਵਿਚ ਉਦਾਸ ਪਿਆਰੀ।
ਕਿਤੇ ਦੂਰ ਨਾ ਸਮਝਨਾ ਮੁਝ ਤਾਈਂ, ਜਾਣੀਂ ਆਪਣੇ ਪਾਸ ਨਿਵਾਸ ਪਿਆਰੀ।

1. ਪੇਸ਼, ਅਗ। 2. ਮੁਸੀਬਤਾਂ। 3. ਸਹੁਰਾ ਘਰ। 4. ਦਰਸ਼ਨ। 5. ਮੁਸ਼ਕਲ। 6. ਖਲੜੀ, ਦੇਹ।
7. ਮੁਸੀਬਤ। 8. ਉਦਾਸੀ।

ਜੇਕਰ ਦੂਰ ਨਾ ਹੋਵੀਏ ਦਿਲਾਂ ਵਿਚੋਂ, ਦੂਰੀ ਫੇਰ ਨਾ ਸਕਦੀ ਭਾਸ ਪਿਆਰੀ।
ਨੇੜੇ ਹੋਵੀਏ ਦਿਲਾਂ ਦੇ ਵਿਚ ਜੇਕਰ, ਫੇਰ ਸਮਝੀਏ ਸਦਾ ਹੀ ਪਾਸ ਪਿਆਰੀ।
ਥੋੜੇ ਦਿਨਾਂ ਦਾ ਕਸ਼ਟ ਸਹਾਰ ਕੇ ਤੇ, ਆਣ ਮਿਲਾਂਗਾ ਰਖ ਧਰਵਾਸ ਪਿਆਰੀ।
ਤੂੰ ਹੈਂ ਕਮਲ ਦੇ ਫੁਲ ਵਾਂਗ ਕੋਮਲ, ਪਲੀ ਨਯਾਮਤੀਂ ਵਿਚ ਰਣਵਾਸ ਪਿਆਰੀ।
ਕਿਥੇ ਫਿਰੇਂਗੀ ਟੱਕਰਾਂ ਮਾਰਦੀ ਤੂੰ ? ਮੇਰੇ ਨਾਲ ਲਿਤਾੜਦੀ ਘਾਸ ਪਿਆਰੀ।
ਕੋਮਲ ਪੈਰ ਜੋ ਮਖਮਲੋਂ ਨਰਮ ਤੇਰੇ, ਕੰਡੇ ਚੁਭਿਆਂ ਹੋਣਗੇ ਨਾਸ ਪਿਆਰੀ।
ਇਕ ਕਦਮ ਨਾ ਤੁਰੀ ਤੂੰ ਪੈਰ ਪੈਦਲ, ਪੌੜੀ ਚੜ੍ਹਦਿਆਂ ਚੜ੍ਹੇ ਸੁਆਸ ਪਿਆਰੀ।
ਸਹੇ ਜਾਣਗੇ ਸਫਰ ਦੇ ਦੁਖ ਕੀਕਰ ? ਕਰੀਂ ਜੀਉ ਦੇ ਵਿਚ ਕਿਆਸ ਪਿਆਰੀ।
ਕਿਧਰ ਕਿਧਰ ਦੀ ਪਏ ਮੁਹਾਰ ਖਬਰੇ, ਬਣਨਾ ਪਏਗਾ ਕਿਸੇ ਦਾ ਦਾਸ ਪਿਆਰੀ।
ਲਈਂ ਫਿਰਾਂਗਾ ਕਿਸ ਤਰ੍ਹਾਂ ਨਾਲ ਤੈਨੂੰ, ਹਾਲੀ ਆਪਣਾ ਬੜਾ ਵਿਸ਼ਵਾਸ[1] ਪਿਆਰੀ।
ਕੋਈ ਥਾਉਂ ਟਿਕਾਨੜਾ ਹੋਇ ਬਣਿਆ, ਕਿਤੇ ਬੈਹਣ ਦੀ ਹੋਏ ਜੇ ਆਸ ਪਿਆਰੀ।
ਤੈਨੂੰ ਨਾਲ ਲੈ ਟੁਰਾਂ ਬੇਸ਼ੱਕ, ਐਪਰ, ਏਥੇ ਕੰਮ ਨਾਹੀਂ ਕੋਈ ਰਾਸ ਪਿਆਰੀ।
ਸੋ ਤੂੰ ਨਾਲ ਆਰਾਮ ਦੇ ਬੈਠ ਪੇਕੇ, ਨਾ ਹੋ ਦੁਖ ਨੂੰ ਵੇਖ ਹਰਾਸ ਪਿਆਰੀ।
ਰਜ ਖਾਹ ਤੇ ਰਾਮ ਧਿਆ ਬੈਠੀ, ਨਾ ਸਹੇੜ ਏਹ ਮੁਫਤ ਦੀ ਫਾਸ ਪਿਆਰੀ।
ਜਦੋਂ ਅਸਾਂ ਤੇ ਰਾਮ ਦਿਆਲ ਹੋਸੀ, ਵੇਖ ਲਵਾਂਗੇ ਫੇਰ ਹੁਲਾਸ ਪਿਆਰੀ।
ਚਾਤ੍ਰਿਕ ਦੁਖ ਤੋਂ ਸੁਖ ਵਟਾ ਦੇਸੀ, ਨਾ ਹੋ ਰਾਮ ਦੇ ਦਰੋਂ ਨਿਰਾਸ ਪਿਆਰੀ।

ਦਿਲ ਦੀ ਸਿਲ ਤੇ ਉਕਰਣ ਵਾਲਾ ਜਵਾਬ ਰਾਣੀ ਦਮਯੰਤੀ ਦਾ ਪਤੀ ਨੂੰ

ਸਵਾਮੀ ਕਰੋ ਵਿਸ਼ਵਾਸ[1] ਨਾ ਰਤੀ ਜਿੰਨਾ, ਬਹੁਤਾ ਆਪ ਨੂੰ ਤੰਗ ਨਾ ਕਰਾਂਗੀ ਮੈਂ।
ਪੈਂਡੇ ਨਾਲ ਮੈਂ ਕਿਧਰੋਂ ਮਰਣ ਲਗੀ ? ਕਦਮ ਆਪਦੇ ਨਾਲ ਤਾਂ ਭਰਾਂਗੀ ਮੈਂ।
ਏਡੀ ਸੁਹਲ ਨਾ ਜਾਣਿਓ ਨਾਥ ਮੈਨੂੰ, ਰਸਤੇ ਵਿਚ ਨਾ ਹੌਂਸਲਾ ਹਰਾਂਗੀ ਮੈਂ।
ਭਲਾ ਦੁਖ ਤਕਲੀਫ ਭੀ ਠੀਕ ਹੋਵਨ, ਤਾਂ ਕੀ ਆਪਦੇ ਆਖਿਆ ਡਰਾਂਗੀ ਮੈਂ।
ਸਦਕੇ ਜਾਨ ਕੀਤੀ ਦਰਸ਼ਨ ਆਪਦੇ ਤੋਂ, ਕਦਮੀਂ ਡਿਗਕੇ ਸਾਹਮਣੇ ਮਰਾਂਗੀ ਮੈਂ।
ਸੱਥਰ ਆਪਦੇ ਨਾਲ ਹੰਡਾਨ ਚੰਗਾ, ਸੂਲਾਂ ਸੇਜ ਤੇ ਕਦਮ ਨਾ ਧਰਾਂਗੀ ਮੈਂ।
ਸਾਂਈ ਨਾਲ ਨਾ ਰਹਿੰਦਿਆਂ ਸੁਖ ਪਾਯਾ, ਕੇੜ੍ਹੀ ਹੋਰ ਥਾਂ ਜਾਇਕੇ ਤਰਾਂਗੀ ਮੈਂ।
ਜਦੋਂ ਹੋਵਸੀ ਕੋਈ ਤਕਲੀਫ ਚਾਤ੍ਰਿਕ, ਪੱਲਾ ਆਪ ਦਾ ਘੁਟ ਕੇ ਫੜਾਂਗੀ ਮੈਂ।

ਰਾਜਾ ਨਲ ਦਾ ਫੇਰ ਟਾਲਣਾ, ਜਵਾਬ ਰਾਣੀ ਦਮਯੰਤੀ ਨੂੰ ਬਣ ਦੇ ਦੁਖ ਜਿਤਾ ਜਿਤਾ ਕੇ

ਜਦੋਂ ਤੀਕ ਨਾ ਦੇਖੀਏ ਦੁਖ ਅੱਖੀਂ, ਰਹਿੰਦਾ ਜੀਉ ਬੇਸ਼ਕ ਦਲੇਰ ਪਿਆਰੀ।
ਐਪਰ ਸਾਹਮਣੇ ਜਦੋਂ ਕਲੇਸ਼ ਆਵਨ, ਕੀਮਤ ਹੌਂਸਲੇ ਦੀ ਪੈਂਦੀ ਫੇਰ ਪਿਆਰੀ।

1. ਡਰ, ਖਤਰਾ।

ਜੇਹੜੇ ਜੰਗਲਾਂ ਦੇ ਵਿਚੋਂ ਗੁਜਰ ਹੋਣਾ, ਓਥੇ ਦੁਖ ਕਲੇਸ਼ ਨੇ ਢੇਰ ਪਿਆਰੀ।
ਵਾਂਗ ਇਜੜਾਂ ਫਿਰਨ ਬਘਿਆੜ ਗਿਦੜ, ਬਾਘ, ਚਿਤ੍ਰੇ ਤੇ ਬੱਬਰ ਸ਼ੇਰ ਪਿਆਰੀ।
ਮਾਰਨ ਜਦੋਂ ਚਿੰਘਾੜ ਪਹਾੜ ਗੂੰਜਨ, ਸੁਣਨ ਵਾਲਿਆਂ ਨੂੰ ਪਏ ਘੇਰ ਪਿਆਰੀ।
ਅੱਖੀ ਫੁਲਦੀ ਸਰ੍ਹੋਂ ਬਹਾਦਰਾਂ ਦੀ, ਹਥੋਂ ਡਿਗਦੀ ਕੰਬ ਸ਼ਮਸ਼ੇਰ ਪਿਆਰੀ।
ਐਸੇ ਰਾਖਸ਼ਾਂ ਦੇ ਵਿਚੋਂ ਲੰਘ ਜਾਣਾ, ਔਰਤ ਵਾਸਤੇ ਬੜਾ ਉਖੇਰ[1] ਪਿਆਰੀ।
ਫੇਰ ਸਫਰ ਦਾ ਬੁਰਾ ਅਹਿਵਾਲ ਐਸਾ, ਪੁਠ ਕੰਡੜੇ, ਭਖੜਾ, ਬੇਰ ਪਿਆਰੀ।
ਫਰਸ਼ ਵਿਛੇ ਜਮੀਨ ਤੇ ਕੰਡਿਆਂ ਦੇ, ਕੋਮਲ ਮਾਸ ਨੂੰ ਦੇਣ ਉਚੇੜ ਪਿਆਰੀ।
ਧੂਪ ਕਹਿਰ ਦੀ ਜ਼ਿਮੀ ਅਸਮਾਨ ਤਾਵੇ, ਤੇ ਅੰਧਰੇੜੀ ਕਰੇ ਅੰਧੇਰ ਪਿਆਰੀ।
ਉਤੋਂ ਸੀਸ ਤੇ ਥਲਿਓਂ ਪੈਰ ਲੂਸਨ, ਘੱਟਾ ਪਏ ਅੱਖੀ ਸੇਰ ਸੇਰ ਪਿਆਰੀ।
ਬਾਜ਼ੇ ਰਾਹ ਨਾ ਤੁਰਨ ਦੀ ਵਾਹ ਕੋਈ, ਬੈਠਨ ਜਾਹ ਨਾ ਰੁਖ ਦੇ ਜ਼ੇਰ[2] ਪਿਆਰੀ।
ਭਲਾ ਅੰਨ ਤੇ ਨਾਲ ਨਸੀਬ ਮਿਲਣਾ, ਪਾਨੀ ਬਾਝ ਮਰਦੇ ਕੇਈ ਵੇਰ ਪਿਆਰੀ।
ਚਾਤ੍ਰਿਕ ਸਫਰ ਦੇ ਦੁਖ ਬੇਅੰਤ ਦਿਸਣ, ਘੇਰਾ ਘਤ ਕੇ ਲੈਣਗੇ ਘੇਰ ਪਿਆਰੀ।

ਜਵਾਬ ਰਾਣੀ ਦਮਯੰਤੀ ਦਾ,
ਪਤੀ ਬਿਨਾਂ ਪੇਕੇ ਰਹਿਣ ਤੇ ਮੇਰੀ ਜ਼ਿੰਦਗੀ ਤੇ ਧ੍ਰਿਗ ਹੈ

ਰਾਣੀ ਆਖਿਆ ਹੌਂਸਲੇ ਨਾਲ ਅਗੋਂ, ਜਾਵਾਂ ਏਸ ਦੁਖੋਂ ਜੇ ਮੈਂ ਡੋਲ ਸੁਆਮੀ।
ਤਾਂ ਕੀ ਧ੍ਰਿਗ ਨਾ ਕਹੇਗਾ ਜਗ ਮੈਨੂੰ, ਕੀ ਦਰਗਾਹ ਅੰਦਰ ਸਕਾਂ ਬੋਲ ਸੁਆਮੀ।
ਤੁਸੀਂ ਇਸ ਤਰ੍ਹਾਂ ਦੇ ਦੁਖ ਪਏ ਝੱਲੋ, ਪੇਕੇ ਬੈਠਕੇ ਮੈਂ ਕਰਾਂ ਕਲੋਲ ਸੁਆਮੀ।
ਲਾਨਤ ਲਖ ਮੇਰੀ ਏਸ ਜ਼ਿੰਦਗੀ ਤੇ, ਭੱਠ ਪੈਣ ਪੇਕੇ ਬਾਝ ਢੋਲ ਸੁਆਮੀ।
ਜਿਹੜੀ ਜਿੰਦ ਚਾਹੇ ਸੁਖ ਆਪ ਬਾਝੋਂ, ਸੁਟਾਂ ਆਪਦੇ ਚਰਨ ਤੋਂ ਘੋਲ ਸੁਆਮੀ।
ਭਾਵੇਂ ਜਾਨ ਤੇ ਲਖ ਅਜ਼ਾਬ[3] ਆਵਨ, ਚਾਤ੍ਰਿਕ ਰਹਾਂਗੀ ਆਪਦੇ ਕੋਲ ਸੁਆਮੀ।
ਜਦੋਂ ਸ਼ੇਰ ਘੜਿਆਲ ਅਵਾਜ਼ ਕਰਸਨ, ਅਗੇ ਹੋਇਕੇ ਜਾਨ ਕੁਰਬਾਨ ਕਰਸਾਂ।
ਦੇ ਕੇ ਆਪਣੀ ਜਿੰਦ ਛੁਡਾ ਲੈਸਾਂ, ਜੁਗੀਂ ਜੀਉ ਮੈਂ ਆਪਦੇ ਥਾਂ ਮਰਸਾਂ।
ਧੁਪ ਆਪ ਦੇ ਪੈਰ ਤਪਾਵਸੀ ਜਾਂ, ਤਲੀਆਂ ਹੇਠ ਮੈਂ ਆਪਣੇ ਹੱਥ ਧਰਸਾਂ।
ਸਦਕੇ ਹਥ ਜੇ ਆਪ ਨੂੰ ਸੁਖ ਹੋਵੇ, ਠੰਢਾ ਆਪ ਨੂੰ ਵੇਖ ਕੇ ਨਿਤ ਠਰਸਾਂ।
ਕੰਡੇ ਪੁੜਨ ਤਾਂ ਅੱਖੀਆਂ ਨਾਲ ਪੁੱਟਾਂ, ਛਾਲੇ ਪੈਣ ਤਾ ਮਿਝ ਪੰਘਾਰ ਭਰਸਾਂ।
-ਜਿੰਦ ਪੀਆ ਤੋਂ ਘੋਲ ਘੁਮਾ ਘੱਤੀ, ਜਨਮ ਸਫਲ ਹੋਸੀ ਮੈਂ ਸੰਸਾਰ ਤਰਸਾਂ।
ਜੇਕਰ ਪੀਆ ਬੇਆਸ ਨਿਰਾਸ ਕਰਸੀ, ਨੈਣ ਝੜੀ ਲਾ ਕੇ ਛਮਾ ਛੱਮ ਬਰਸਾਂ।
ਚਾਤ੍ਰਿਕ ਆਪਦੇ ਹੁੰਦਿਆਂ ਕੋਲ ਸੁਆਮੀ, ਕਿਸੇ ਦੁਖ ਅਜਾਬ ਤੋਂ ਨਾਹਿੰ ਡਰਸਾਂ।

---

1. ਔਖਾ ਦਾ ਬਦਲਿਆ ਰੂਪ। 2. ਹੇਠ। 3. ਮੁਸ਼ਕਲਾਂ ਦੁੱਖ।

ਰਾਜਾ ਨਲ ਫੇਰ ਜੰਗਲ ਦੇ ਦੁਖ ਡਰਾਵੇ ਦਿਖਾ ਦਿਖਾ ਕੇ ਰਾਣੀ ਦਮਯੰਤੀ ਨੂੰ ਹੋੜਦਾ ਹੈ

ਸੁਣ ਕੇ ਪ੍ਰੇਮ ਦੇ ਬੈਨ ਭਰ ਨੈਨ ਆਏ, ਕਹਿੰਦਾ ਬੜੀ ਤੂੰ ਭੋਲੜੀ ਭਾਲੜੀ ਨੀ।
ਤੇਰਾ ਮੁਖ ਗੁਲਾਬ ਦੇ ਫੁਲ ਵਰਗਾਂ, ਦੇਹੀ ਦੁਧ ਮਲਾਈਆਂ ਪਾਲੜੀ ਨੀ।
ਦੁਖ ਬੁਰੇ ਨੇ ਜੰਗਲੀਂ ਜਾਂਵਦੇ ਦੇ, ਰਬਾ ਦੇਣ ਨਾ ਕਿਸੇ ਦਿਖਾਲੜੀ ਨੀ।
ਜਦੋਂ ਧੁਪ ਦੇ ਨਾਲ ਬੇਹਾਲ ਹੋਈਓਂ, ਕੌਣ ਕਰੇਗਾ ਤਦੋਂ ਰਖਵਾਲੜੀ ਨੀਂ ?
ਸੁਕ ਜਾਣਗੇ ਹੋਠ ਪਿਆਸ ਲਗੀ, ਪਾਣੀ ਮਿਲੇਗਾ ਬੁਕ ਹਥਾਲੜੀ[1] ਨੀ।
ਖਿਚ ਲਏਗਾ ਆਂਦਰਾਂ ਸਫਰ ਪੈਂਡਾ, ਕੀਕਰ ਤੁਰੇਂਗੀ ਪੇਟ ਤੋਂ ਖਾਲੜੀ ਨੀ ?
ਖਾਣਾ ਲਭਸੀ ਪੱਤ ਦਰਖਤ ਸੰਦੇ, ਬੁਰਕੀ ਲੰਘਣੀ ਨਹੀਂ ਸੁਖਾਲੜੀ ਨੀ।
ਰੋੜਾਂ ਸੇਜ ਤੇ ਇਟ ਸਿਰ੍ਹਾਣਿਆਂ ਤੇ, ਛੁਟ ਜਾਵਸੀ ਲੇਫ ਨਿਹਾਲੜੀ ਨੀ।
ਓਥੇ ਕਪੜੇ ਰੇਸ਼ਮੀ ਨਹੀਂ ਮਿਲਨੇ, ਹੋਸੀ ਰਖਤ[2] ਦਰਖਤ ਦੀ ਛਾਲੜੀ ਨੀ।
ਜ਼ੇਵਰ ਹੋਣਗੇ ਕੰਕਲ ਪੱਤਿਆਂ ਦੇ, ਗੁਜ਼ਰ ਹੋਵਸੀ ਬੜੀ ਉਖਾਲੜੀ[3] ਨੀ।
ਤੇਰਾ ਰੰਗ ਜੋ ਦੇਵਤੇ ਦੰਗ ਕਰਦਾ, ਸ਼ਕਲ ਧੁਪ ਥੀਂ ਹੋਵਸੀ ਕਾਲੜੀ ਨੀ।
ਰਾਤ ਸ਼ੇਰ ਤੇ ਚਿੜ੍ਹੇ ਬੋਲ ਬੋਲਨ, ਪਏ ਨੀਂਦ ਨਾ ਗਮਾਂ ਦੀ ਝਾਲੜੀ ਨੀ।
ਰਸਤਾ ਸਖਤ ਬੇਡੌਲ ਪਹਾੜ ਵਾਲਾ, ਪੈਰੀਂ ਲੰਘਣਾ ਨਦੀ ਤੇ ਨਾਲੜੀ ਨੀ।
ਸੱਪ, ਬਿਛੂਏ ਫਿਰਨ ਹਜ਼ਾਰ ਚਾਤ੍ਰਿਕ, ਹੋਸੇਂ ਫੇਰ ਸੂਰਮ ਗਮਾਂ ਵਾਲੜੀ ਨੀ।

ਰਾਣੀ ਦਮਯੰਤੀ ਦਾ ਪਤੀ ਨੂੰ ਕਹਿਣਾ ਕਿ ਸੂਰਜ ਸੀਤ ਵੀ ਹੋ ਜਾਵੇ ਤਾਂ ਵੀ ਬੋਲ ਨਿਬਾਹਵਾਂਗੀ

ਜੇਹੜੇ ਦੁਖ ਹੋ ਪੀਆ ਬਿਆਨ ਕਰਦੇ, ਮੈਨੂੰ ਜ਼ਰਾ ਭੀ ਨਹੀਂ ਪ੍ਰਵਾਹ ਸਾਂਈ।
ਪੀਆ ਵੇਖ ਜੀਵਾਂ ਨਹੀਂ ਨੈਨ ਸੀਵਾਂ, ਵਿਛੜ ਨੀਰ ਪੀਵਾਂ ਨਹੀਂ ਵਾਹ ਸਾਂਈ।
ਬ੍ਰਿਹੋਂ ਬੜਾ ਜ਼ਾਲਮ ਮੈਂ ਨਾ ਸਹਿਨ ਜੋਗੀ, ਨਿਕਲ ਜਾਣਗੇ ਵਿਲਕਦੇ ਸਾਹ ਸਾਂਈ।
ਬਦੋ ਬਦੀ ਜੇ ਆਪਨੇ ਜਿਦ ਕਰਕੇ, ਦਿਤੀ ਗਲੋਂ ਨਿਮਾਨੜੀ ਲਾਹ ਸਾਂਈ।
ਰਹਿਸੀ ਦੇਰ ਪਰ ਪ੍ਰਾਨ ਹਮਰਾਹ[4] ਜਾਸਨ, ਕਰਸਨ ਆਪਦਾ ਨਹੀਂ ਵਿਸਾਹ ਸਾਂਈ।
ਆਪ ਬਾਝ ਪਲੰਘ, ਭੁਜੰਗ[5] ਬਣਕੇ, ਮਾਰਨ ਡੰਗ ਤਰਾਹ ਤਰਾਹ[6] ਸਾਂਈ।
ਸੂਰਜ ਬਰਫ ਦਾ ਬਣੇ ਤੇ ਚੰਦ ਤਪੇ, ਸੁਕੇ ਸਿੰਧ[7] ਚੁਗਣ ਸ਼ੇਰ ਘਾਹ ਸਾਂਈ।
ਪੱਥਰ ਮੋਮ ਹੋ ਜਾਣ ਪਹਾੜ ਵਾਲੇ, ਚੜ੍ਹੇ ਪੱਛਮੋਂ ਮਿਹਰ[8] ਤੇ ਮਾਹ[9] ਸਾਂਈ।
ਨਦੀਆਂ ਤੁਰਨ ਪਹਾੜ ਦੇ ਵਲ ਮੁੜਕੇ, ਵਗੇ ਨੀਰ ਅਪੁਠੜੇ ਰਾਹ ਸਾਂਈ।
ਬੇਸ਼ਕ ਹੋਣ-ਪਰ ਮੁੜਾਂ ਨਾ ਜਾਨ ਵਲੋਂ, ਕਰਸਾਂ ਆਪਣਾ ਬੋਲ ਨਿਬਾਹ ਸਾਂਈ।
ਪੱਤ੍ਰ ਖਾਇਕੇ ਕਰਾਂ ਗੁਜ਼ਰਾਨ ਬੇਸ਼ਕ, ਐਪਰ ਰਹਾਂ ਨਾਹੀਂ ਬਾਝ ਨਾਹ[10] ਸਾਂਈ।

---

1. ਹਥਾਂ ਉਪਰ। 2. ਕਪੜਾ। 3. ਔਖੀ। 4. ਇਕੋ ਰਸਤੇ ਜਾਣ ਵਾਲੇ, ਨਾਲ, ਸਾਥ। 5. ਸਪ।
6. ਸ਼ਬਦ ਅਰਥ=ਰਖ ਲਓ, ਬਚਾ ਪਰ ਮੁਹਾਵਰੇ ਵਿਚ ਡਰ। 7. ਦਰਿਆ, ਸਮੁੰਦਰ। 8. ਸੂਰਜ। 9. ਚੰਦ।
10. ਪਤੀ।

ਸੱਪ, ਬਿਛੂਏ, ਡੰਗ ਬੇਸ਼ਕ ਮਾਰਨ, ਕਰਸਾਂ ਆਪਦੇ ਨਾਲ ਨਿਰਬਾਹ ਸਾਂਈ।
ਥੱਕ ਜਾਓ ਤਾਂ ਮੁਠੀਆਂ ਭਰਨ ਲਗਾਂ, ਲਗੇ ਧੁਪ ਤਾਂ ਕਰਾਂਗੀ ਛਾਂਹ ਸਾਂਈ।
ਦੁਖ ਬਣੇ ਵੰਡਾਵਸਾਂ ਨਾਲ ਅਧੇ, ਵਕਤ ਕੱਟਸਾਂ ਨਾਲ ਉਮਾਹ ਸਾਂਈ।
ਜੂਠ ਆਪ ਦੀ ਖਾ ਨਿਹਾਲ ਹੋਸਾਂ, ਮੈਨੂੰ ਹੋਰ ਨਾ ਕਾਸ ਦੀ ਚਾਹ ਸਾਂਈ।
ਦਰਸ਼ਨ ਪਾਇ ਨਵੇਕਲੀ ਹੋ ਬਹਿਸਾਂ, ਠੰਢੀ ਕਰਾਂਗੀ ਹਿਜਰ ਦੀ ਭਾਹ ਸਾਂਈ।
ਵਖਤ ਪਏ ਤੇ ਸਾਥ ਤਿਆਗ ਦੇਣਾ, ਬੜਾ ਇਸਤ੍ਰੀ ਲਈ ਗੁਨਾਹ ਸਾਂਈ।
ਚਾਤ੍ਰਿਕ ਨਾਰ ਹੋ, ਨਾਲ ਨਾ ਦੁਖ ਕੱਟੇ, ਤੀਨ ਲੋਕ ਮੇਂ ਮੁਖ ਸਯਾਹ[1] ਸਾਂਈ।
ਧ੍ਰਿਗ[2] ਜੂਨ ਜੋ ਭਜਨ ਤੋਂ ਸੂਨ ਹੋਵੇ, ਧ੍ਰਿਗ ਧਰਮ ਨਾ ਜਿਸ ਵਿਚ ਦਯਾ ਆਵੇ।
ਧ੍ਰਿਗ ਦਯਾ ਜੋ ਆਂਵਦੀ ਅਰੀ[3] ਉਤੇ, ਬ੍ਰਾਹਮਣ ਧ੍ਰਿਗ ਜੋ ਮਾਸ ਸ਼ਰਾਬ ਖਾਵੇ।
ਸਾਧੂ ਧ੍ਰਿਗ ਜੋ ਹਿਰਸ ਦਾ ਬਣੇ ਬੰਦਾ, ਧ੍ਰਿਗ ਸੂਰਮਾ ਪਿੱਠ ਦਿਖਾ ਜਾਵੇ।
ਧ੍ਰਿਗ ਮਰਦ ਜੋ ਬੋਲ ਨਾ ਕਰੇ ਪੂਰਾ, ਜੋਧਾ ਧ੍ਰਿਗ ਜੋ ਨਾਰ ਤੇ ਕਰੇ ਧਾਵੇ।
ਨਗਰ ਧ੍ਰਿਗ ਨਾ ਮਿਲੇ ਹਕੀਮ ਜਿਥੇ, ਵੈਦ ਧ੍ਰਿਗ ਬੀਮਾਰ ਦਾ ਜੀਉ ਢਾਵੇ।
ਮਿਤਰ ਧ੍ਰਿਗ ਜੋ ਮਤਲਬੀ ਯਾਰ ਹੋਵੇ, ਨਾਰ ਧ੍ਰਿਗ ਜੋ ਪਤੀ ਤਿਆਗ ਜਾਵੇ।
ਧ੍ਰਿਗ ਜੀਵਣਾ ਜਿਦ੍ਹਾ ਨਾ ਜਸ ਹੋਵੇ, ਧ੍ਰਿਗ ਮੌਤ ਜੋ ਆਂਵਦੀ ਨਾਲ ਹਾਵੇ।
ਡੋਬੇ ਨੰਗ[4], ਨੂੰ ਧ੍ਰਿਗ ਔਲਾਦ ਜੈਸੀ, ਰਾਜਾ ਧ੍ਰਿਗ ਜੋ ਖਲਕ ਨਾ ਖੁਸ਼ੀ ਚਾਹਵੇ।
ਨੌਕਰ ਧ੍ਰਿਗ ਜੋ ਨਿਮਕ ਹਰਾਮ ਹੋਵੇ, ਬ੍ਰਿਛ ਧ੍ਰਿਗ ਜੋ ਕਦੇ ਨਾ ਫਲ ਪਾਵੇ।
ਧ੍ਰਿਗ ਧਨ ਜੋ ਵੰਡ ਨਾ ਖਾਏ ਚਾਤ੍ਰਿਕ, ਧ੍ਰਿਗ ਐਸ਼ ਜੋ ਰਬ ਨੂੰ ਭੁਲ ਜਾਵੇ।

ਮਕੂਲਾ ਸ਼ਾਇਰ

ਵਾਹਵਾ ਦੇਵੀਏ-ਲਖ ਸ਼ਾਬਾਸ ਤੈਨੂੰ, ਲੋਕੀ ਤਦੇ ਤੇਰਾ ਜੱਸ ਗਾਂਵਦੇ ਨੇ।
ਏਸੇ ਧਰਮ ਦੀ ਪਾਲਨਾ ਕਰਨ ਕਰਕੇ, ਤੇਰਾ ਸੁਚੜਾ ਨਾਮ ਧਿਆਂਵਦੇ ਨੇ।
ਰੋਸ਼ਨ ਨਾਮ ਸਤਵੰਤੀਆਂ ਵਿਚ ਤੇਰਾ, ਸੀਤਾ ਦਰੋਪਦੀ ਨਾਲ ਸਲਾਂਹਵਦੇ ਨੇ।
ਨਾਰ ਸੋਈ ਜੋ ਦੁਖ ਦੇ ਵਿਚ ਕੱਟੇ, ਪੂਜ ਸੋਈ ਜੋ ਮਾਸ ਨਾ ਖਾਂਵਦੇ ਨੇ।
ਦਾਨਾ ਸੋਈ ਜੋ ਸੋਚ ਕੇ ਗੱਲ ਆਖੇ, ਮਰਦ ਸੋਈ ਜੋ ਬੋਲ ਨਿਭਾਂਵਦੇ ਨੇ।
ਪ੍ਰੇਮੀ ਸੋਈ ਜੋ ਜਾਨ ਨੂੰ ਤਲੀ ਰੱਖੇ, ਚੰਗੇ ਸੋਈ ਜੋ ਰਬ ਨੂੰ ਭਾਂਵਦੇ ਨੇ।
ਨੇਕੀ ਸੋਈ ਜੋ ਬਾਝ ਹੰਕਾਰ ਹੋਵੇ, ਫਕਰ ਸੋਈ ਜੋ ਕ੍ਰੋਧ ਮਿਟਾਂਵਦੇ ਨੇ।
ਸਾਧੂ ਸੋਈ ਜੋ ਸਾਧਦਾ ਪੰਜ ਵੈਰੀ, ਮਿਤ੍ਰ ਸੋਈ ਜੋ ਦੁਖ ਵੰਡਾਂਵਦੇ ਨੇ।
ਸੌਦਾ ਸੋਈ ਜੋ ਰਬ ਦੇ ਰਾਹ ਹੋਵੇ, ਸਾਹਿਬ ਸੋਈ ਜੋ ਨਹੀਂ ਦੁਖਾਂਵਦੇ ਨੇ।
ਕਰੇ ਅੜ੍ਹਬ ਨੂੰ ਠੀਕ ਉਸਤਾਦ ਸੋਈ, ਆਮਲ[5] ਸੋਈ ਜੋ ਰਬ ਨੂੰ ਪਾਂਵਦੇ ਨੇ।
ਸੋਈ ਇਸਤ੍ਰੀ, ਨਹੀਂ ਬੇਅਦਬ ਜੇਹੜੀ, ਨੀਵੇਂ ਨੈਨ ਨਾ ਉਤਾਂਹ ਤਕਾਂਵਦੇ ਨੇ।
ਪਤੀ ਸੋਈ ਜੋ ਜਤੀ ਸਤੀ ਹੋਵੇ, ਗੁਰੂ ਸੋਈ ਜੋ ਨਾਮ ਜਪਾਂਵਦੇ ਨੇ।
ਰਖੇ ਮੇਲ ਮਿਲਾਪ ਨੂੰ, ਸਾਕ ਸੋਈ, ਸੋਈ ਖੂਹ ਜੋ ਸਦਾ ਵਗਾਂਵਦੇ ਨੇ।

1. ਕਾਲਾ। 2. ਫਜ਼ੂਲ, ਨਿਕੰਮੀ, ਲਾਹਨਤ ਯੋਗ। 3. ਵੈਰੀ। 4. ਇਜ਼ਤ, ਪਰਦਾ। 5. ਵਰਤੋਂ ਕਰਨ ਵਾਲੇ, ਸਾਧੂ।

ਸੋਹਣਾ ਸੋਈ ਜੋ ਅੰਦਰੋਂ ਸਾਫ ਹੋਵੇ, ਕੋਝੇ ਸੋਈ ਜੋ ਦਗਾ ਕਮਾਂਵਦੇ ਨੇ।
ਹਾਕਮ ਸੋਈ ਜੋ ਅਦਲ ਕਮਾਂਵਦਾ ਏ, ਬੇਨਸੀਬ ਜੋ ਰਬ ਭੁਲਾਂਵਦੇ ਨੇ।
ਆਵੇ ਵਕਤ ਸਿਰ ਕੰਮ ਹਥਿਆਰ ਸੋਈ, ਰਾਜ਼ੀ ਸੋਈ ਜੋ ਰਜ਼ਾ ਮਨਾਂਵਦੇ ਨੇ।
ਪੁਤਰ ਸੋਈ ਜੋ ਨਾਮ ਨੂੰ ਕਰੇ ਰੋਸ਼ਨ, ਚੌਦਾਂ ਕੁਲਾਂ ਸਵਰਗ ਪਹੁੰਚਾਂਵਦੇ ਨੇ।
ਪਾਪੀ ਸੋਈ ਜੋ ਚਾਤ੍ਰਿਕ ਨੀਚ ਵਰਗੇ, ਵਿਚ ਗਫਲਤਾਂ ਉਮਰ ਲੰਘਾਂਵਦੇ ਨੇ।
ਦੇਵੇ ਸਾਥ ਨਾ ਕਰੇ ਆਰਾਮ ਮਿੱਠਾ, ਨਾਰੀ ਦੁਖ ਦੇ ਵਕਤ ਅਜ਼ਮਾਈਦੀ[1] ਏ।
ਸੋਟਾ ਬਚੇ ਤੇ ਸਪ ਨੂੰ ਮਾਰ ਸੁਟੇ, ਅਕਲ ਓਸ ਵੇਲੇ ਅਜ਼ਮਾਈਦੀ[1] ਏ।
ਦੋਹਾਂ ਧਿਰਾਂ ਦੀ ਕਰੇ ਰਜ਼ਾਮੰਦੀ, ਏਹੋ ਹੋਂਵਦੀ ਪਰਖ ਦਾਨਾਈ ਦੀ ਏ।
ਫਗਣ ਮਾਂਹ ਦੇ ਵਿਚ ਜੋ ਦੁਧ ਦੇਵੇ, ਇਹੋ ਪਰਖ ਚੰਗੀ ਮੱਝ ਗਾਈਂ ਦੀ ਏ।
ਸ਼ਾਹੂਕਾਰ ਪਰਤਾਵੀਏ ਕਾਲ ਅੰਦਰ, ਚਾਂਦੀ ਅਗ ਭਖਾ ਕੇ ਤਾਈਦੀ ਏ।
ਸੋਨਾ ਪਰਖਿਆ ਜਾਂਵਦਾ ਰੰਗ ਵਲੋਂ, ਜਦੋਂ ਦਸ ਘਸਵੱਟੀ ਤੇ ਲਾਈ ਦੀ ਏ।
ਧੂੰਆਂ ਦੇ ਨਾ ਅਗ ਤੇ ਧਾਤ ਮਾਰੀ, ਪਹਿਲੋਂ ਪਰਕ ਪਰਖਾਇਕੇ ਖਾਈਦੀ ਏ।
ਸਾਬਤ ਰਹੇ ਸਫਾਈ ਛਪਾਈ ਅੰਦਰ, ਪਰਖ ਅਸਲ ਦੀ ਏਹੋ ਲਿਖਾਈ ਦੀ ਏ।
ਮਿੱਸੀ ਖਾ ਉਜਾਗਰੀ[2] ਕਰੇ ਬਾਹਰ, ਪਰਖ ਹੋਂਵਦੀ ਨੇਕ ਜਵਾਈ ਦੀ ਏ।
ਲੈ ਅਮਾਨ ਈਮਾਨ ਨਾ ਮੂਲ ਡੋਲੇ, ਪਰਖ ਧਰਮ ਤੇ ਨੀਤ ਸਫਾਈ ਦੀ ਏ।
ਪੁਤਰ ਮਰੇ ਤੇ ਫੇਰ ਨਾ ਸਬਰ ਛੱਡੇ, ਪਰਖ ਗਯਾਨ ਤੇ ਧਯਾਨ ਭਗਤਾਈ ਦੀ[3] ਏ।
ਅਗ, ਚੋਰ ਦੇ ਲਗਿਆਂ ਬਚ ਜਾਵੇ, ਸਚੀ ਪਰਖ ਏਹ ਨੇਕ ਕਮਾਈ ਦੀ ਏ।
ਫਾਹੇ ਮਿਲਦਿਆਂ ਫੇਰ ਨਾ ਝੂਠ ਬੋਲੇ, ਪਰਖ ਕਰੀਦੀ ਤਦੋਂ ਸਚਾਈ ਦੀ ਏ।
ਵਕਤ ਪਏ ਤੇ ਫੇਰ ਨਾ ਬਾਂਹ ਛੱਡੇ, ਪਰਖ ਦੋਸਤੀ ਤੇ ਮਿਤ੍ਰਤਾਈ ਦੀ ਏ।
ਨੰਗ ਹੋਇ ਕੇ ਦਿਲੋਂ ਦਲੇਰ ਹੋਏ, ਖਾਨਦਾਨ ਦੀ ਪਰਖ ਵਡਿਆਈ ਦੀ ਏ।
ਪਿਆਰ ਨਾਲ ਕੰਗਾਲ ਨੂੰ ਦੇਣ ਆਦਰ, ਪਰਖ ਸਾਕ ਸੱਕੇ ਭੈਣ ਭਾਈ ਦੀ ਏ।
ਅੰਦਰ ਜਾਂਦਿਆਂ ਸਾਰ ਆਰਾਮ ਦੇਵੇ, ਪਰਖ ਹੋਂਵਦੀ ਅਸਲ ਦਵਾਈ ਦੀ ਏ।
ਸਵਾਂਤ ਬੂੰਦ ਦੇ ਬਿਨਾਂ ਨਾ ਚੈਨ ਪਾਵੇ, ਪਰਖ ਚਾਤ੍ਰਿਕ ਦੀ ਏਹ ਸੁਣਾਈ ਦੀ ਏ।

ਮਨਜ਼ੂਰ ਕਰਨਾ ਰਾਜਾ ਨਲ ਦਾ ਰਾਣੀ ਦਮਯੰਤੀ ਨੂੰ ਆਪਣੇ ਨਾਲ ਲੈ ਜਾਣਾ

ਵੇਖ ਨਾਰ ਦਾ ਸਿਦਕ ਯਕੀਨ ਪੱਕਾ, ਬੜਾ ਰਬ ਦਾ ਸ਼ੁਕਰ ਮਨਾਂਵਦਾ ਏ।
ਓਹਦਾ ਸਿਦਕ ਤੇ ਆਪਣੀ ਵੇਖ ਗਲਤੀ, ਕੁਝ ਜੀਉ ਦੇ ਵਿਚ ਸ਼ਰਮਾਂਵਦਾ ਏ।
ਦਿਲ ਠੱਲ੍ਹਿਆ ਰਿਹਾ ਨਾ ਵੇਖ ਕੇ ਤੇ, ਅੱਖਾਂ ਕੱਜ ਕੇ ਨੀਰ ਵਹਾਂਵਦਾ ਏ।
ਫੇਰ ਨਾਲ ਪਿਆਰ ਤੇ ਹੌਂਸਲੇ ਦੇ, ਪਿਆਰੀ ਨਾਰ ਨੂੰ ਬਚਨ ਫੁਰਮਾਂਵਦਾ ਏ।
ਪਯਾਰੀ ਬੜੀ ਧਰਮੱਗ ਤੂੰ ਸਤੀ ਰਾਣੀ, ਉਹਦਾ ਸਿਦਕ ਯਕੀਨ ਸਲਾਂਹਵਦਾ ਏ।
ਜੀਕਰ ਤੁਧ ਨੇ ਸਾਥ ਨਿਭਾਇਆ ਏ, ਕੋਈ ਕੋਈ ਹੀ ਇੰਵ ਨਿਭਾਂਵਦਾ ਏ।

---

1. ਇਮਤਿਹਾਨ ਲੈਣਾ, ਪਰਖਣਾ। 2. ਪ੍ਰਸਿਧਤਾ, ਨੇਕਨਾਮੀ। 3. ਭਗਤੀ।

ਜੇ ਤੂੰ ਚਲਣਾ ਨਾਲ ਤਾਂ ਚਲ ਬੇਸ਼ਕ, ਕੋਈ ਤੁਧ ਨੂੰ ਨਹੀਂ ਹਟਾਂਵਦਾ ਏ।
ਜੇਕਰ ਤੁਧ ਮੇਰੇ ਨਾਲ ਸਾਥ ਦਿਤਾ, ਮੇਰਾ ਜੀਉ ਭੀ ਨਹੀਂ ਭੁਲਾਂਵਦਾ ਏ।
ਤੇਰਾ ਮਾਣ ਨਾ ਤੋੜਸਾਂ ਕਦੇ ਮੈਂ ਭੀ, ਫੇਰ ਰੋਇ ਕੇ ਇੰਵ ਅਲਾਂਵਦਾ ਏ।
ਸਾਡੀ ਸੁਖ ਹੈ ਵਕਤ ਗੁਜਾਰ ਲੈਸਾਂ, ਖਯਾਲ ਬਚਿਆਂ ਦਾ ਬੜਾ ਆਂਵਦਾ ਏ।
ਏਹ ਮਸੂਮ ਨੇ ਗੋਦ ਖਿਡਾਨ ਜੋਗੇ, ਹੁੰਦਾ ਆਸਰਾ ਬਾਲ ਨੂੰ ਮਾਉਂ ਦਾ ਏ।
ਭਾਵੇਂ ਨਾਨਕੇ ਲਖ ਮਲਾਰ[1] ਕਰਸਨ , ਐਧਰ ਫੇਰ ਭੀ ਜੀਉ ਡਰਾਂਵਦਾ ਏ।
ਟੁਕਰ ਖੋਹਣਗੇ ਮਾਰ ਝਰਾਟ ਹਥੋਂ ਕਾਉਂ ਮਾਉਂ ਬਗੈਰ ਸਤਾਂਵਦਾ ਏ।
ਮਾਵਾਂ ਬਾਝ ਕੇਹੜਾ ਗੰਦਾ ਸੁਟਦਾ ਏ ਕੁਛੜ ਚੁਕਦਾ ਮੁਖ ਧੁਲਾਂਵਦਾ ਏ ?
ਪਏ ਰੁਲਣਗੇ ਨੌਕਰਾਂ ਪਾਸ ਬਚੇ, ਕੌਣ ਨਾਲ ਪਿਆਰ ਰਖਾਂਵਦਾ ਏ।
ਕੁਦਰਤ ਪਾਲਣਾ ਲਈ ਬਣਾਏ ਮਾਪੇ, ਮਾਉਂ ਬਾਪ ਹੀ ਦੁਖ ਉਠਾਂਵਦਾ ਏ।
ਬਚੇ ਓਪਰੇ ਹਥ ਨਾ ਜਾਨ ਫਿਰਦੀ, ਭਾਵੇਂ ਲਖ ਦੂਜਾ ਟਹਿਲ ਚਾਂਵਦਾ[2] ਏ।
ਓਦਰ ਜਾਣਗੇ ਮਾਉਂ ਬਗੈਰ ਕੱਲੇ, ਰਬ ਅਸਾਂ ਦਾ ਸਾਥ ਛੁਡਾਉਂਦਾ ਏ।
ਜ਼ੇਕਰ ਰਹੇਂ ਤੂੰ ਇਨ੍ਹਾਂ ਦੇ ਕੋਲ ਪਿਆਰੀ, ਦਸ ਰੰਜ ਮੈਨੂੰ ਕੇਹੜੀ ਥਾਉਂ ਦਾ ਏ।
ਐਪਰ ਖੈਰ ਤੂੰ ਹਠ ਏਹ ਧਾਰ ਬੈਠੀ, ਮੇਰਾ ਜੀਉ ਭੀ ਇਹੋ ਹੀ ਚਾਂਹਵਦਾ ਏ।
ਕਰੀਏ ਇਨ੍ਹਾਂ ਹਵਾਲੜੇ ਰਬ ਸੰਦੇ, ਵੇਖੋ ਖੇਲ ਜੋ ਰਬ ਵਿਖਾਂਵਦਾ ਏ।
ਆਪੇ ਕਰੇਗਾ ਪਾਲਣਾ ਆਪ ਸਾਂਈ, ਜੇਹੜਾ ਬੂੰਦ ਤੋਂ ਬੁਤ[3] ਬਣਾਂਵਦਾ ਏ।
ਅਜੇ ਨਾਨਕੇ ਤੋਰੀਏ ਫਿਕਰ ਲਥੇ, ਉਹ ਭੀ ਇਨ੍ਹਾਂ ਨੂੰ ਬੂਟੜਾ ਛਾਉਂਦਾ ਏ।
ਫੇਰ ਚਲੀਏ ਆਪ ਤਯਾਗ ਨਗਰੀ, ਸਾਡਾ ਰਹਿਣ ਨਾ ਵੀਰ ਭਾਉਂਦਾ ਏ।
ਏਹੋ ਸੋਚ ਵਿਚਾਰ ਸਲਾਹ ਕਰਕੇ, ਵਾਰਸਨੇਇ[4] ਨੂੰ ਤੁਰਤ ਬੁਲਾਂਵਦਾ ਏ।
ਭਾਈ ਨਾਨਕੇ ਇਨ੍ਹਾਂ ਨੂੰ ਛਡਕੇ ਤੇ, ਦੇਵੀਂ ਉਨ੍ਹਾਂ ਨੂੰ ਸੁਖ ਸੁਨਾਉਂਦਾ ਏ।
ਪੱਕੀ ਕਰੀਂ ਏਹ ਬਾਲ ਖਿਆਲ ਰਖਣ, ਕੋਈ ਰਹੇ ਉਸਤਾਦ ਪੜ੍ਹਾਂਵਦਾ ਏ।
ਓਦਰ ਜਾਣ ਨਾ ਮਾਉਂ ਬਗੈਰ ਬਚੇ, ਕੋਈ ਟਹਿਲੀਆਂ ਰਹੇ ਪਰਚਾਂਵਦਾ ਏ।
ਖਾ ਕੇ ਹੇਰਵਾ[5] ਕਰਨ ਨਾ ਯਾਦ ਸਾਨੂੰ, ਕੋਈ ਰਹੇ ਖਿਆਲ ਭੁਲਾਂਵਦਾ ਏ।
ਇਨ੍ਹਾਂ ਜਾ ਪਹੁੰਚਾ ਕੇ ਮੌਜ ਤੇਰੀ, ਜਿਥੇ ਤੁਧ ਦਾ ਸਿੰਗ ਸਮਾਂਵਦਾ ਏ।
ਸਾਡੇ ਦਿਨ ਹਾਲੀ ਪੁਠੇ ਪਏ ਆ ਕੇ, ਸੋਈ ਉਘ ਪਾਤਾਲ[6] ਨਾ ਆਂਵਦਾ ਏ।
ਅੰਨ ਜਲ ਦੇ ਵਸ ਹੈ ਫੇਰ ਮਿਲਣਾ, ਰਬ ਵੇਖੀਏ ਕਦੋਂ ਮਿਲਾਂਵਦਾ ਏ।
ਸੁਣ ਕੇ ਸਾਰਥੀ[7] ਭੀ ਜ਼ਾਰੋ ਜ਼ਾਰ ਰੋਯਾ, ਦੁਖੀ ਦਾ ਦਰਦ ਵੰਡਾਂਵਦਾ ਏ।
ਓੜਕ ਆਗਿਆ ਮੰਨ ਤਿਆਰ ਹੋਇਆ, ਝਟ ਜਾਇ ਕੇ ਰਥ ਜੁੜਾਂਵਦਾ ਏ।
ਦੋਨੋਂ ਬਾਲ ਮਸੂਮ ਬਿਠਾਲ ਕੇ ਤੇ, ਰਥ ਸ਼ਹਿਰ ਤੋਂ ਬਾਹਰ ਕਢਾਂਵਦਾ ਏ।
ਚਾਤ੍ਰਿਕ ਪੇਸ਼ ਨਾ ਚਲਦੀ ਕਿਸੇ ਦੀ ਭੀ, ਜਦੋਂ ਰਿਜ਼ਕ ਮੁਹਾਰ ਉਠਾਂਵਦਾ ਏ।

---

1. ਲਾਡ। 2. ਸੇਵਾ ਕਰਦਾ। 3. ਸਰੀਰ (ਇਨਸਾਨੀ ਰੂਪ)। 4. ਰਥਵਾਨ ਦਾ ਨਾਂ। 5. ਵਿਛੋੜੇ ਦਾ ਦੁਖ।
6. ਸੁਰ ਪਤਾ। 7. ਰਥਵਾਨ।

ਤੁਰ ਜਾਣਾ ਨਿਖਧ ਦੇਸ਼ ਨੂੰ ਛੱਡ ਕੇ ਰਾਜਾ ਨਲ ਵਾ ਰਾਣੀ ਦਮਯੰਤੀ ਦਾ ਕਾਫੀਆਂ—ਕਾਫੀ 1 : ਰਾਜ ਤਖਤ ਨੂੰ ਵਿਦਾਇਗੀ

ਉਠ ਤੁਰ ਚੱਲ ਮੁਸਾਫਰ ਜਿੰਦੇ ਕਰ ਲੈ ਝੱਬ ਤਿਆਰੀ ਨੀ।
ਖਾਲੀ ਕਰ ਦੇ ਸ਼ਹਿਰ ਵਲਾਇਤ ਛਡ ਦੇ ਮਹਿਲ ਅਟਾਰੀ ਨੀ।
ਜਾਂਦੀ ਵਾਰੀ ਨਾਲ ਨਾ ਤੁਰਦੀ ਰਾਜ ਮੁਲਕ ਸਰਦਾਰੀ ਨੀ।
ਖਾਲੀ ਹਥੀਂ ਨਿਕਲ ਜਾਣਾ ਓੜਕ ਜਾਂਦੀ ਵਾਰੀ ਨੀ।
ਏਸ ਮੁਸਾਫਰ ਖਾਨੇ ਅੰਦਰ ਇਹੋ ਖੁਆਰੀ ਭਾਰੀ ਨੀ।
ਦੌਲਤ ਬੇਬੁਨਿਆਦੀ[1] ਸੰਦੀ ਭਾਰੀ ਬੇਇਤਬਾਰੀ ਨੀ।
ਰਹਿੰਦੀ ਰਹੇ ਹਜ਼ਾਰਾਂ ਵਰਿਹਾਂ ਜਦੋਂ ਉਦਾਸੀ ਧਾਰੀ ਨੀ।
ਪਲ ਛਿਨ ਦੇ ਵਿਚ ਰੰਗ ਵਟਾਵੇ ਸਫਾ ਵਲ੍ਹੇਟੇ ਸਾਰੀ ਨੀ।
ਤਖਤੋਂ ਸੁਟੇ ਬਖਤਾਂ ਵਾਲੇ ਇਜ਼ਤ ਕਰੇ ਨਿਕਾਰੀ ਨੀ।
ਛੱਡ ਮੁਹੱਬਤ ਕੂੜੀ ਦੀ, ਇਸ ਝੂਠੀ ਖੇਡ ਖਿਲਾਰੀ ਨੀ।
ਛਡ ਚਲ ਫੌਜਾਂ ਭਰੇ ਖਜ਼ਾਨੇ ਹਾਥੀ ਸਣੇ ਅਮਾਰੀ[2] ਨੀ।
ਜੰਗਲ ਦੇ ਵਿਚ ਮੰਗਲ ਹੋਸਨ ਇਹ ਪਾਪ ਦੁਖਿਆਰੀ ਨੀ।
ਢਾਹ ਢੇਰੀ ਇਸ 'ਮੇਰੀ' ਦੀ ਏਹ ਚੀਜ਼ ਨਾ ਵੱਸਣ ਹਾਰੀ ਨੀ।
ਨਾ ਕੋਈ ਤੁਰਿਆ ਨਾਲ ਚੁਕਾ ਕੇ ਨਾ ਏਹ ਨਾਲ ਸਿਧਾਰੀ ਨੀ।
ਵਡ ਵਡੇਰੇ ਧਹ ਹਰ ਧਰ ਤੁਰ ਗਏ ਕੋਈ ਅਗਾੜ ਪਿਛਾੜੀ ਨੀ।
ਚਾਤ੍ਰਿਕ ਵਾਂਗ ਨਾ ਵਿਲਕਨ ਅਗੇ ਭਜਿਆ[3] ਜਿਨ੍ਹਾਂ ਮੁਰਾਰੀ ਨੀ।

ਕਾਫੀ 2 : ਬਾਲ ਬੱਚੇ ਨੂੰ ਵਿਦਾਇਗੀ

ਚਲੋ ਬਾਲ ਮਸੂਮੋ ਵੇ, ਲੜ ਛਡੋ ਇਨ੍ਹਾਂ ਗਿਰਾਵਾਂ ਦੇ।
ਚਾਚੇ ਤਾਏ ਵੈਰੀ ਵੇ ਓਹ ਚੂਸਣ ਲਹੂ ਭਰਾਵਾਂ ਦੇ।
ਖਲਕ ਖੁਦਾਈ ਸਾਰੀ ਵੱਸੇ ਮਾਪੇ ਥੋੜੇ ਥਾਵਾਂ ਦੇ।
ਏਨਾ ਹੱਕ ਨਾ ਰਹਿਆ ਬਾਕੀ ਵੱਸਣ ਵਿਚ ਸਰਾਵਾਂ ਦੇ।
ਜਾਓ ਵੇ ਹੁਣ ਜਾਓ ਵੇ ਸੁਖ ਮਾਣੋ ਠੰਢੀਆਂ ਛਾਵਾਂ ਦੇ।
ਜਾਓ ਝਿੜਕਾਂ ਖਾਓ ਪਰਾਈਆਂ ਟੁਕਰ ਹੱਥ ਉਚਾਵਾਂ ਦੇ।
ਮਾਂ ਮਹਿਟਰ ਬਣ ਕੇ ਬੈਠੇ ਹੁੰਦੇ ਸੁੰਦੇ ਮਾਵਾਂ ਦੇ।
ਹਥੋਂ ਟੁਕਰ ਖੋਹ ਖੋਹ ਖੜਸਨ ਆਕੇ ਝੁਰਮਟ ਕਾਵਾਂ ਦੇ।
ਜੰਮਦਿਆਂ ਰਬ ਪਾਏ ਵਿਛੋੜੇ, ਵੇਲੇ ਚਾਉ ਮਲਾਵਾਂ[4] ਦੇ।
ਗੋਦੋਂ ਚੁਕ ਵਗਾਇਆ ਹੇਠਾਂ ਪਾ ਕੇ ਵਸ ਬਲਾਵਾਂ ਦੇ।

---

1. ਹੱਲਣ ਵਾਲੀ, ਜਿਸ ਦੀ ਆਪਣੀ ਕੋਈ ਨੀਂਹ ਨਹੀਂ। 2. ਹਾਥੀ ਦਾ ਹੌਦਾ, ਅੰਬਾਰੀ। 3. ਭਜਨ ਕੀਤਾ।
4. ਚਾਅ ਮਲ੍ਹਾਰ, ਲਾਡ ਪਿਆਰ।

ਕਿਸਮਤ ਭਰ ਭਰ ਪੂਰ ਡੁਬਾਵੇ ਪੈਂਦੇ ਛੱਲ ਝਨਾਵਾਂ ਦੇ।
ਮੁੜ ਕੇ ਫੇਰ ਨਾ ਪੈਣ ਬਰੇਤੇ ਏਸ ਨਦੀ ਦੀਆਂ ਢਾਵਾਂ ਦੇ।
ਢੱਠੇ ਫੇਰ ਨਾ ਉਠੇ ਬੂਟੇ ਡੇਗੇ ਸਖਤ ਹਵਾਵਾਂ ਦੇ।
ਚਾਤ੍ਰਿਕ ਮੋੜੇ ਰਬ ਮੁਹਾਰਾ ਦਰਸ਼ਨ ਨਾਲ ਰਜ਼ਾਵਾਂ[1] ਦੇ।

ਕਾਫੀ 3 : ਦੇਸ ਵਲਾਇਤ ਤੇ ਰਾਜ ਸਿੰਘਾਸਨ ਨੂੰ ਵਿਦਾਇਗੀ

ਵਿਦਿਆ[2] ਦੇਸ ਵਲਾਇਤ ਨੂੰ ਤੇ ਵਿਦਿਆ ਮੁਲਕੀ ਮਾਲੀ ਨੂੰ।
ਵਿਦਿਆ ਨਗਰ ਖੇੜੇ ਨੂੰ ਤੇ ਰੁਖਸਤ ਅਜ ਖੁਸ਼ਹਾਲੀ ਨੂੰ।
ਵਿਦਿਆ ਸੇਜ ਸਿਰ੍ਹਾਣੇ ਨੂੰ ਤੇ ਵਿਦਿਆ ਲੇਫ-ਨਿਹਾਲੀ ਨੂੰ।
ਵਿਦਿਆ ਬਾਗ ਬਗੀਚੇ ਨੂੰ ਤੇ ਵਿਦਿਆ ਉਸ ਦੇ ਮਾਲੀ ਨੂੰ।
ਵਿਦਿਆ ਮਹਿਲ ਚੁਬਾਰੇ ਨੂੰ ਤੇ ਰੁਖਸਤ ਮਸਨਦ-ਆਲੀ[3] ਨੂੰ।
ਵਿਦਿਆ ਨੌਕਰ ਚਾਕਰ ਨੂੰ ਤੇ ਰੁਖਸਤ ਗੋਲੀ ਗਾਲੀ ਨੂੰ।
ਵਿਦਿਆ ਟਹਿਲਣ ਦਾਈ ਨੂੰ ਇਸ ਬਾਲ ਖਿਡਾਵਨ ਵਾਲੀ ਨੂੰ।
ਰੁਖਸਤ ਅਜ ਸਿੰਘਾਸਨ ਨੂੰ ਤੇ ਰੁਖਸਤ ਮੰਦਰ ਖਾਲੀ ਨੂੰ।
ਮੋਰ, ਮੁਕਟ, ਸਿਰ ਛੱਤਰ ਨੂੰ ਰਥ ਹਾਥੀ ਤੇ ਸੁਖਪਾਲੀ ਨੂੰ।
ਚਾਤ੍ਰਿਕ ਵਿਦਿਆ ਨਗਰੀ ਨੂੰ ਤੇ ਨਗਰੀ ਦੀ ਰਖਵਾਲੀ ਨੂੰ।

ਕਾਫੀ 4 : ਬਾਗ ਤੇ ਚਮਨ ਨੂੰ ਵਿਦਾਇਗੀ

ਵਿਦਿਆ ਚਮਨ ਫੁਹਾਰੇ ਨੂੰ ਤੇ ਵਿਦਿਆ ਹੌਜ ਕਿਨਾਰੇ ਨੂੰ।
ਰਾਖਵਿਆਂ ਜਨੌਰਾਂ ਨੂੰ ਤੇ ਵਿਦਿਆ ਹੰਸ ਵਿਚਾਰੇ ਨੂੰ।
ਤੋਤੇ ਮੈਨਾ ਘੁਗੀ ਨੂੰ ਤੇ ਬੁਲ ਬੁਲ ਸੁਰਖ ਗੁਟਾਰੇ ਨੂੰ।
ਤਿੱਤਰ ਲਵੇ ਬਟੇਰੇ ਨੂੰ ਤੇ ਮੋਰ ਚਕੋਰ ਸ਼ਿਕਾਰੇ ਨੂੰ।
ਤੁਸੀਂ ਪਰੌਹਣੇ ਸਾਡੇ ਸੀ ਹੁਣ ਚਲੇ ਅਸੀਂ ਤੁਹਾਰੇ[4] ਨੂੰ।
ਯਾਦ ਕਰੋ ਕਰਤਾਰੇ ਨੂੰ ਉਸ ਸਚੇ ਸਿਰਜਣ ਹਾਰੇ ਨੂੰ।
ਭੁਲ ਨਾ ਜਾਣਾ ਸਾਨੂੰ ਵੇ ਇਸ ਜੋੜੇ ਔਗੁਣ ਹਾਰੇ ਨੂੰ।
ਚਾਤ੍ਰਿਕ ਰਾਮ ਸੁਆਰੇ ਵੇ ਇਸ ਬਿਗੜੇ ਕਾਰਜ ਸਾਰੇ ਨੂੰ।

ਕਾਫੀ 5 : ਗਹਿਣੇ ਕਪੜੇ ਨੂੰ ਵਿਦਾਇਗੀ

ਵਿਦਿਆ ਪੁਸ਼ਕਰ ਰਾਜੇ ਨੂੰ ਲੈ ਬੈਠਾ ਕਰ ਸਰਦਾਰੀ ਵੇ।
ਮੌਜਾਂ ਲੁਟ ਇਕੱਲਾ ਹੁਣ ਤੂੰ ਸਾਂਭ ਵਲਾਇਤ ਸਾਰੀ ਵੇ।
ਆਹ ਲੈ ਗਹਿਣਾ ਕਪੜੇ ਵੇ ਏਹ ਸਾਡੇ ਕਿਸ ਦਰਕਾਰੀ[5] ਵੇ।

---

1. ਰਬ ਦੀ ਮਰਜ਼ੀ। 2. ਅਲਵਿਦਾ, ਵਿਦਾਇਗੀ, ਛੁੱਟੀ। 3. ਚੰਗੇ ਤਖਤ। 4. ਤੁਹਾਡੇ। 5. ਕੰਮ।

ਇਕ ਇਕ ਲੀਰ ਬਥੇਰੀ ਹੈ ਕੀ ਕਰਨੀ ਜ਼ਰੀ ਕਿਨਾਰੀ ਵੇ।
ਸਾਡੇ ਗਲੋਂ ਲੁਹਾ ਲੈ ਏਹ, ਮਤ ਕੋਈ ਕੰਮ ਸਵਾਰੀ ਵੇ।
ਪੱਲਾ ਝਾੜ ਲਿਚੱਲੇ ਹਾਂ ਹੁਣ ਏਥੋਂ ਜਾਂਦੀ ਵਾਰੀ ਵੇ।
ਲੋੜ ਨਾ ਸਾਨੂੰ ਦੌਲਤ ਦੀ ਏਹ ਦੌਲਤ ਚੀਜ ਨਿਕਾਰੀ ਵੇ।
ਚਾਤ੍ਰਿਕ ਚੰਗੇ ਅਮਲਾਂ ਦੀ ਏਹ ਜਿੰਦ ਬਣੇ ਵਣਜਾਰੀ ਵੇ।

ਕਾਫੀ 6 : ਚੈਨ ਆਰਾਮ ਨੂੰ ਵਿਦਾਇਗੀ

ਵਿਦਿਆ ਚੈਨ ਅਰਾਮੋ ਵੇ ਹੁਣ ਨਾਲ ਨਾ ਸਾਡੇ ਚੱਲੋ ਵੇ।
ਸਾਥ ਅਸਾਡਾ ਛਡ ਦਿਓ ਹੁਣ, ਹੋਰ ਟਿਕਾਣਾ ਮੱਲੋ ਵੇ।
ਜਿਸ ਦਿਲ ਵਿਚ ਸੀ ਵਾਸ ਤੁਸਾਡਾ, ਉਸਨੂੰ ਜੰਗਲ ਘੱਲੋ ਵੇ।
ਦੁਖਾਂ ਛੇਕੋ ਛੇਕ ਬਣਾਇਆ ਹੋਰ ਨਾ ਇਸ ਨੂੰ ਸੱਲੋ ਵੇ।
ਰਾਮ ਰਾਮ ਹੈ ਸਾਡੀ ਵੇ ਹੁਣ ਜਾਓ ਖੇੜੇ ਮੱਲੋ ਵੇ।
ਚੁਲੀ ਪਾਵੇ ਚਾਤ੍ਰਿਕ ਅੜਿਓ ਹੋਰ ਕਿਸੇ ਨਾਲ ਰਲੋ ਵੇ।

ਕਾਫੀ 7 : ਹੇ ਸੁਖੋ ਹੁਣ ਦੂਰ ਹੋ ਜਾਵੋ

ਜਿਥੇ ਵਾਸ ਤੁਸਾਡਾ ਆਹਾ ਓਥੋਂ ਚੁਕੋ ਡੇਰਾ ਵੇ।
ਦੁਖਾਂ ਤੇ ਤਕਲੀਫਾਂ ਤਾਈਂ ਓਥੇ ਦਿਓ ਵਸੇਰਾ ਵੇ।
ਭੋਗ ਭੋਗ ਕੇ ਮਜ਼ਾ ਤੁਸਾਡਾ ਵੇਖ ਲਿਆ ਬਹੁਤੇਰਾ ਵੇ।
ਦੁਖਾਂ ਘੇਰ ਲਿਆ ਚੌਤਰਫੋਂ ਛਾਇਆ ਘੁਪ ਅੰਧੇਰਾ ਵੇ।
ਮੌਜ ਇਨ੍ਹਾਂ ਦੀ ਵੇਖਣ ਦੇਵੇ ਪਾਇਆ ਜਿਨ੍ਹਾਂ ਘੇਰਾ ਵੇ।
ਸ਼ਾਹੀ ਛਡ ਤਬਾਹੀ ਨੇ ਹੁਣ ਪਾਇਆ ਏਧਰ ਫੇਰਾ ਵੇ।
ਚਰਖੀ ਵਾਂਗ ਚਰਖ ਨਿਤ ਭੌਂਦਾ ਆਯਾ ਫੇਰ ਉਖੇਰਾ ਵੇ।
ਚਾਤ੍ਰਿਕ ਦੇ ਦਿਨ ਫੇਰੇਗਾ ਪਰ ਜਰੀਏ ਕਰਕੇ ਜੇਰਾ[1] ਵੇ।

ਕਾਫੀ 8 : ਰਾਜੇ ਤੇ ਰਾਣੀ ਦੀ ਨੰਗੇ ਪੈਰੀਂ ਰਾਜਸੀ ਘਰਾਂ ਤੋਂ ਲੀਰਾਂ ਵਿਚ ਵਿਦਾਇਗੀ

ਸ਼ਹਿਰ ਹੋ ਗਿਆ ਖਾਲੀ ਅੰਦਰੋਂ, ਬਾਹਰ ਜੁੜੀ ਲੁਕਾਈ ਹੈ।
ਰਾਜਾ ਰਾਣੀ ਨੌਕਰ ਚਾਕਰ ਗੋਲੀ ਬਾਂਦੀ ਆਈ ਹੈ।
ਰਥ ਜੁੜਿਆ ਵਿਚ ਭੈਣ ਭਰਾਵਾਂ ਜੋੜੀ ਆਣ ਬਿਠਾਈ ਹੈ।
ਮੈਲੇ ਵੇਸ ਲੁਕਾਈ ਖਲੀ ਕਰਦੀ ਹਾਲ ਦੁਹਾਈ ਹੈ।
ਮਾਤਮ[2] ਹੋਇਆ ਗੋਇਆ ਕੋਈ ਬਰਸ ਰਹੀ ਦੁਖਤਾਈ ਹੈ।

---
1. ਜਿਗਰਾ, ਹੌਸਲਾ। 2. ਸ਼ੋਕ।

ਗਮ ਅਲਮ[1], ਨਮਚਸ਼ਮਾਂ[2] ਵਾਲੀ ਘਟਾ ਚੁਫੇਰੇ ਖਾਈ ਹੈ।
ਆਹੀਂ ਸਰਦ ਉਠਨ ਦਿਲ ਬੁਝੇ ਨੀਵੀਂ ਗਰਦਨ ਪਾਈ ਹੈ।
ਕਰ ਕਰ ਗਿਰੀਆਜ਼ਾਰੀ ਰੋ ਰੋ ਹੋ ਰਹੇ ਸਭ ਸੁਦਾਈ ਹੈ।
ਰਾਜਾ ਰਾਣੀ ਨੰਗੀ ਪੈਰੀਂ ਜੋਗੀ ਸ਼ਕਲ ਬਣਾਈ ਹੈ।
ਇਕ ਇਕ ਲੀਰ ਨ ਚੀਰ[3] ਵਧੇਰੇ ਅੰਗ ਵਿਭੂਤ ਰਮਾਈ ਹੈ।
ਖੁਲੇ ਵਾਲ ਗਲੇ ਵਿਚ ਲਟਕਣ ਅਤਰ ਅੰਬੀਰ ਭੁਲਾਈ ਹੈ।
ਸ਼ਾਹਿਨਸ਼ਾਹ ਸੀ ਨਿਖਧ ਦੇਸ਼ ਦਾ, ਪੈ ਗਈ ਪੇਸ਼ ਗਦਾਈ[4] ਹੈ।
ਰੋਵੇ ਪਰਜਾ ਵੇਖ ਮਲੂਕਾਂ[5] ਨੈਣਾਂ ਨਦੀ ਚਲਾਈ ਹੈ।
ਨਾਜ਼ਕ ਬਦਨ ਗੁਲਾਬੋਂ ਕੂਲੇ ਕਦੇ ਨਾ ਖੇਚਲ ਚਾਈ ਹੈ।
ਨਿਕਲਦਿਆਂ ਹੀ ਸੋਹਣੀ ਸੂਰਤ ਧੁਪਾਂ ਥੀਂ ਕੁਮਲਾਈ ਹੈ।
ਚਾਤ੍ਰਿਕ ਸਾਰੇ ਮਾਰਨ ਨਾਹਰੇ ਸਿਰ ਤੇ ਖੜੀ ਜੁਦਾਈ ਹੈ।

ਕਾਫੀ 9 : ਰਥ ਦਾ ਰਵਾਨਾ ਹੋਣਾ

ਤੁਰਿਆ ਰਥ ਮਸੂਮਾਂ ਵਾਲਾ ਪਈਆਂ ਲੰਮੀਆਂ ਵਾਟੜੀਆਂ।
ਮਾਰਨ ਵਾਜਾਂ ਅੰਮਾਂ, ਬਾਪੂ, ਭੌ ਭੌ ਮਾਰਨ ਝਾਤੜੀਆਂ।
ਨਾਲ ਪਿਆਰ ਪੁਕਾਰਨ ਜਿਸ ਦਮ ਫਿਰਨ ਦਿਲਾਂ ਵਿਚ ਕਾਤੜੀਆਂ।
ਵੇ ਬੱਚਾ, ਤੁਰ ਚਲੋ ਅਗੇਰੇ ਆਨ ਚੁੰਘਾਸਾਂ ਛਾਤੜੀਆਂ।
ਬਚੇ ਸਬਰ ਕਰਾਰ ਨਾ ਲੈਂਦੇ, ਮੁੜ ਮੁੜ ਲੈਨ ਭੁਵਾਟੜੀਆਂ।
ਜਿਉਂ ਜਿਉਂ ਕਰਨ ਪਿਆਰੀਆਂ ਗੱਲਾਂ ਤਿਉਂ ਤਿਉਂ ਚੁਭਨ ਚੁਵਾਤੜੀਆਂ।
ਤੜਨ ਜਿਵੇਂ ਜਿਗਰ ਦੀ ਆਂਦਰ ਤਿਉਂ ਤਿਉਂ ਪੈਂਦੀਆਂ ਘਾਟੜੀਆਂ।
ਨੈਨਾਂ ਆਨ ਲਗਾਈ ਛਹਿਬਰ, ਸਾਵਣ ਮਾਂਹ ਬਰਸਾਤੜੀਆਂ।
ਦੂਰੋਂ ਆਵਨ ਨਜ਼ਰ ਦੁਲਾਰੇ, ਸ਼ਕਲਾਂ ਸੂਰਜ ਮਾਤੜੀਆਂ।
ਜਿਉਂ ਜਿਉਂ ਦੂਰ ਦੁਰਾਡੇ ਹੋਵਨ ਪੈਂਦੀਆਂ ਤਿਵੇਂ ਅਫਾਤੜੀਆਂ।
ਬਾਲਾਂ ਬਾਝ ਨਾ ਦਿਸੇ ਚਾਨਣ ਦਿਨੇ ਅੰਧੇਰੀ ਰਾਤੜੀਆਂ।
ਚਾਤ੍ਰਿਕ ਦਿਸੇ ਰਾਹ ਨਾ ਖਹਿੜਾ ਅੱਖਾਂ ਕਿਤੇ ਗੁਵਾਤੜੀਆਂ।

ਕਾਫੀ 10 : ਪਰਜਾ ਦੀ ਬੇਕਰਾਰੀ

ਮਾਲਕ ਅਤੇ ਸਵਾਮਨੀ ਤਾਈਂ ਪਰਜਾ ਕਹਿੰਦੀ ਜਾਓ ਨਾ।
ਜੀਕਰ ਜਾਣੋ ਆਖਾ ਮੰਨੋ ਦੁਖ ਵਿਛੋੜਾ ਪਾਓ ਨਾ।

---

1. ਦੁਖ ਵਾਲੀ ਹਾਲਤ। 2. ਹੰਝੂਆਂ ਭਰੀਆਂ ਅੱਖਾਂ। 3. ਵਸਤਰ। 4. ਫਕੀਰੀ।
5. ਨਾਜ਼ਕ, ਸੋਹਲ ਜਾਂ ਮੁਲਕ ਦੇ ਮਾਲਕਾਂ।

ਗਲ ਪੱਲਾਂ ਮੂੰਹ ਘਾਹ[1] ਅਸਾਡੇ ਅਗੇ ਕਦਮ ਉਠਾਓ ਨਾ।
ਰੋ ਰੋ ਫਾਵੀ ਹੋ ਗਈ ਖਲਕਤ ਬਹੁਤਾ ਹੋਰ ਰੁਵਾਓ ਨਾ।
ਜਾਨ ਤੁਸੀਂ ਤੇ ਕਾਲਬ[2] ਖਲਕਤ, ਬੱਧੀ ਪ੍ਰੀਤ ਤੁੜਾਓ ਨਾ।
ਦੁਖ ਵਿਛੋੜਾ ਮੌਤੋਂ ਡਾਢਾ ਖੂਨੀ ਸਾਂਗ ਵਗਾਓ ਨਾ।
ਜੇ ਤੁਰ ਜਾਣ ਜ਼ਰੂਰੀ ਦਿਸੇ ਸਾਨੂੰ ਦਿਲੋਂ ਭੁਲਾਓ ਨਾ।
ਨਾਲ ਲਿਚੱਲੋ ਪਰਜਾ ਤਾਈਂ ਭੌਜਲ ਦੁਖ ਵਿਖਾਓ ਨਾ।
ਜਿਧਰ ਚਲੋਂ ਨਾਲ ਚਲਾਂਗੇ ਖੌਫ ਦਿਲੇ ਵਿਚ ਖਾਓ ਨਾ।
ਦੁਖ ਨਾ ਦੇਸਾਂ ਸਾਹਿਬ ਤਾਈਂ ਧੱਕੇ ਮਾਰ ਹਟਾਓ ਨਾ।
ਜੋ ਹੋਸੀ ਸੋ ਝੱਲ ਲਵਾਂਗੇ, ਜੀਉ ਅਸਾਡਾ ਢਾਓ ਨਾ।
ਸਾਯਾ ਮਿਹਰ ਮੁਹਬਤ ਵਾਲਾ ਸਾਡੇ ਸਿਰੋਂ ਉਠਾਓ ਨਾ।
ਪਿਆ ਵਿਛੋੜਾ ਤਨ ਮਨ ਸਾਡੇ ਭਾਂਬੜ ਬਾਲ ਤਪਾਓ ਨਾ।
ਚਾਤ੍ਰਿਕ ਪਾਣੀ ਬਾਝ ਮਛਲੀਆਂ ਵਿਛੜਕੇ ਤੜਫਾਓ ਨਾ।

ਕਾਫੀ 11 : ਰਾਜਾ ਨਲ ਦਾ ਸਭਨਾਂ ਨੂੰ ਸਮਝਾਉਣਾ

ਨਾ ਹੋਵੋ ਜ਼ਿਲਹਾਲ[3] ਡਰਾਓ ਕਰੋ ਨਾ ਗਿਰੀਆ ਜ਼ਾਰੜੀਆਂ[4]।
ਸਾਈਂ ਯਾਦ ਕਰੋ ਦਿਨ ਰਾਤੀਂ ਖੇਡਾਂ ਜਿਨ੍ਹੇ ਖਿਲਾਰੜੀਆਂ।
ਉਹ ਮਾਲਕ ਉਹ ਪਾਲਕ ਸਾਡਾ ਸਾਰਾਂ ਲੈਂਦਾ ਸਾਰੜੀਆਂ।
ਕਿਸਮਤ ਆਨ ਨਿਖੁਟੀ ਸਾਡੀ ਮਤਾਂ ਗਈਆਂ ਮਾਰੜੀਆਂ।
ਰਿਜ਼ਕ ਮੁਹਾਰਾਂ ਚੁਕ ਲਏ ਜਦ ਪੈਨ ਜੁਦਾਈਆਂ ਭਾਰੜੀਆਂ।
ਪੀਰ ਪਿਗੰਬਰ ਦੁਖ ਸਹਾਰੇ ਸਿਧ ਵਲੀ ਅਵਤਾਰੜੀਆਂ।
ਜਿਸ ਦਿਨ ਪੇਸ਼ ਪੈਨ ਆ ਦੁਖੜੇ ਪੇਸ਼ ਨਾ ਜਾਵਨ ਕਾਰੜੀਆਂ।
ਚੁਕ ਜਮੀਨੋਂ ਸੁਟੇ ਸਾਗਰ, ਲੈਂਦੇ ਫਿਰਦੇ ਤਾਰੜੀਆਂ।
ਚਾਤ੍ਰਿਕ ਆਸ ਪ੍ਰਭੂ ਦੀ ਰਖੋ ਕਰਸੀ ਉਹ ਦਿਲ ਦਾਰੜੀਆਂ।[5]

ਕਾਫੀ 12 : ਜਗਤ ਤਾਂ ਗੋਇਲ ਵਾਸਾ ਹੈ

ਜਗਤ ਮੁਸਾਫਰ ਖਾਨਾ ਭਾਈਓ-ਵਾਂਗ ਮੁਸਾਫਰ ਵਾਸਾ ਹੈ।
ਗੋਇਲ[6] ਵਾਸਾ ਚਾਰ ਦਿਨਾਂ ਦਾ ਦਮ ਦਾ ਕੀ ਭਰਵਾਸਾ ਹੈ।
ਆਲ੍ਹਣਿਆਂ ਵਿਚ ਪੰਛੀ ਬੈਠਾ ਕਰਦਾ ਖੇਲ ਤਮਾਸ਼ਾ ਹੈ।
ਕੀ ਜਾਣੇ ਕਿਸੇ ਵੇਲੇ ਨਿਕਲ ਜਾਣ ਸਰੀਰੋਂ ਸਾਸਾ ਹੈ।
ਕੱਚਾ ਘੜਾ ਤਰੇ ਵਿਚ ਨੈਂ ਦੇ ਪਾਣੀ ਵਿਚ ਪਤਾਸਾ ਹੈ।
ਵਿਛੜ ਜਾਣਾ ਸਭਨਾਂ ਕੋਲੋਂ ਹੋਣਾ ਕਾਲ ਗਰਾਸਾ[7] ਹੈ।

---

1. ਮੁਹਾਵਰਾ ਹੈ, ਭਾਵ ਮੈਂ ਤੇਰੀ ਗਊ ਹਾਂ, ਮੇਰੀ ਰਖਿਆ ਕਰ। 2. ਸਰੀਰ, ਜਿਸਮ। 3. ਦੁਖੀ, ਆਤੁਰ। 4. ਵਿਰਲਾਪ। 5. ਹਮਦਰਦੀ, ਧੀਰਜ ਦੇਣਾ। 6. ਸਰਾਂ। 7. ਮੌਤ ਦੀ ਖੁਰਾਕ।

ਕੱਲ੍ਹੇ ਆਏ ਕੱਲ੍ਹੇ ਜਾਣਾ ਪਏ ਜਦੋਂ ਜਮ ਫਾਸਾ ਹੈ।
ਕੋਈ ਨਾ ਤੁਰਦਾ ਨਾਲ ਤਦੋਂ ਜਦ ਹੋਵੇ ਰੂਹ ਉਦਾਸਾ ਹੈ।
ਮਾਈ ਬਾਬਲ[1] ਭਾਈ ਭੈਣਾਂ, ਸਾਲਾ ਸਹੁਰਾ ਸਾਸਾ ਹੈ।
ਪੁਤਰ ਨਾਰੀ ਸਾਕ ਕਬੀਲਾ ਕੁੜਮ ਕੁਟੰਬ ਨਿਵਾਸਾ ਹੈ।
ਸਭਨਾ ਪਾਸੋਂ ਵਿਛੜ ਜਾਣਾ ਭੱਜ ਪਏ ਜਦ ਕਾਸਾ[2] ਹੈ।
ਕਿਉਂ ਨਾ ਕਰ ਸੰਤੋਖ ਦਿਲੇ ਵਿਚ ਕਰ ਲਈਏ ਧਰਵਾਸਾ ਹੈ।
ਮੋਹ ਮੁਸਾਫਰਖਾਨੇ ਦੇ ਵਿਚ ਪਾਣਾ ਪੁਠਾ ਪਾਸਾ ਹੈ।
ਕਰਕੇ ਯਾਦ ਪਯਾਰੇ ਤਾਈਂ ਮਮਤਾ ਕਰਿਓ ਨਾਸਾ ਹੈ।
ਜੋ ਮਿਲਿਆ ਸੋ ਵਿਛੜ ਜਾਣਾ ਕਰਕੇ ਗਯਾਨ ਬਿਲਾਸਾ[3] ਹੈ।
ਚਾਤ੍ਰਿਕ ਮੋਹ ਤਿਆਗੋ ਸਾਡਾ, ਧਾਰ ਪ੍ਰਭੂ ਦੀ ਆਸਾ ਹੈ।

ਕਾਫੀ 13 : ਪਰਜਾ ਦਾ ਵਿਰਲਾਪ

ਰੋ ਰੋ ਅਰਜ਼ਾਂ ਕਰਦੇ ਸਾਰੇ ਮੋੜਨ ਸਿਰ ਦੇ ਵਾਲੀ ਨੂੰ।
ਝੋਲੀ ਅੱਡ ਖਲੋਤੀ ਪਰਜਾ ਪਾਓ ਖੈਰ ਸਵਾਲੀ ਨੂੰ।
ਮੰਨੇ ਕੌਣ ਸਵਾਲ ਅਵੱਲਾ, ਦੇਣ ਤਸੱਲੀ ਖਾਲੀ ਨੂੰ।
ਝੁਰਮਟ ਘੇਰਾ ਘੱਤ ਖਲੋਤਾ, ਮਲ ਮਲ ਕਹਿਣ ਹਥਾਲੀ ਨੂੰ।
ਕੌਣ ਮਨਾਵੇ ਫੇਰ ਲਿਜਾਵੇ ਜੋੜੀ ਕਰਮਾਂ ਵਾਲੀ ਨੂੰ।
ਡੱਕਾ ਪਾਵੇ ਕੇਹੜਾ ਆ ਕੇ ਕਿਸਮਤ ਖਰੀ ਮੁਕਾਲੀ ਨੂੰ।
ਕੌਣ ਫਿਰਾਵੇ ਕੁੰਜੀ ਲਾ ਕੇ ਪੁੱਠੀ ਕਲਾ ਉਠਾਲੀ ਨੂੰ।
ਕੌਣ ਸੁਹਾਗਣ ਆਣ ਬਨਾਵੇ ਫੁਲੋਂ ਟੁਟੀ ਡਾਲੀ ਨੂੰ।
ਸ਼ਰਮਾਂ ਸਾਂਈਂ ਸਚੜਿਆਂ ਸਭ ਤੈਨੂੰ ਮਾਲੀ ਪਾਲੀ ਨੂੰ।
ਚਾਤ੍ਰਿਕ ਮਾਤ ਨਾ ਹੋਵਣ ਦੇਈਂ ਚੰਦ-ਮੁਖਾਂ[4] ਦੀ ਲਾਲੀ ਨੂੰ।

ਕਾਫੀ 14 : ਰੁਖਸਤ[5] ਦਾ ਵੇਲਾ

ਤੀਂਵੀ ਪੁਰਖੇ ਬਾਲਕ ਬੁਢੇ ਰੋਂਦੇ ਤੇ ਕੁਰਲਾਂਦੇ ਨੇ।
ਲਾੜੀ ਲਾੜਾ ਬਾਹਰ ਆ ਕੇ ਵਿਦਿਆ ਪਏ ਕਰਾਂਦੇ ਨੇ।
ਦੁਖਾਂ ਨਾਲ ਸਹੇੜ ਬਣਾਇਆ ਜੰਗਲ ਸਹੁਰੇ ਜਾਂਦੇ ਨੇ।
ਸੁਹਰਾ ਬੰਨ੍ਹ ਮੁਸੀਬਤ ਘੋੜੀ, ਨੀਂਗਰ ਚੰਦ ਚੜ੍ਹਾਂਦੇ ਨੇ।
ਕਸ਼ਟਾਂ ਦਾ ਮੰਗਵਾਇਆ ਡੋਲਾ, ਵਹੁਟੀ ਵਿਚ ਬਿਠਾਂਦੇ ਨੇ।
ਰੋ ਰੋ ਵਿਦਿਆ ਕਰਨੇ ਲਗੇ ਨੈਣੀਂ ਝੜੀਆਂ ਲਾਂਦੇ ਨੇ।
ਗਲੀ, ਗਵਾਂਢੀ, ਸਾਕ, ਕਬੀਲੇ ਮਿਲ ਮਿਲ ਨੀਰ ਵਹਾਂਦੇ ਨੇ।

---
1. ਪਿਤਾ। 2. ਪਿਆਲਾ। 3. ਗਲਬਾਤ ਜਿਵੇਂ ਬਚਨ ਬਿਲਾਸ। 4. ਚੰਦ ਵਰਗੇ ਸੋਹਣੇ ਚੇਹਰੇ। 5. ਵਿਦਾਇਗੀ।

ਦੇਣ ਅਸੀਸਾਂ ਜੋੜੀ ਤਾਈਂ ਧੀਰਜ ਧੀਰ ਬਨ੍ਹਾਂਦੇ ਨੇ।
ਕ਼ਸ਼ਟ ਨਿਵਾਰੇ ਮਾਲਕ ਸੱਚਾ ਫੇਰੇ ਫੇਰ ਦਿਨਾਂ ਦੇ ਨੇ।
ਰੋ ਧੋ ਓੜਕ ਵਿਦਿਆ ਕਰਕੇ ਖਾਲੀ ਹਥੀਂ ਜਾਂਦੇ ਨੇ।
ਸੁੰਞਾ ਸ਼ਹਿਰ ਨਾ ਜੀਉੜਾ ਲਗੇ ਰੋ ਰੋ ਹਾਲ ਵੰਞਾਂਦੇ ਨੇ।
ਚਾਤ੍ਰਿਕ ਖ਼ੂਨ ਜਿਗਰ ਦਾ ਪੀਂਦੇ ਗਮ ਦਾ ਖਾਣਾ ਖਾਂਦੇ ਨੇ।

ਚਲੇ ਜਾਣਾ ਰਾਜਾ ਨਲ ਦਾ ਰਾਣੀ ਸਮੇਤ ਜੰਗਲ ਨੂੰ—ਤਰਜ਼-ਸ਼ਾਹ ਬਹਿਰਾਮ[1]

ਰੋਂਵਦਿਆਂ ਕੁਰਲਾਂਵਦਿਆਂ ਤੋਂ, ਤੁਰ ਗਈ ਲਾਲਾਂ ਜੋੜੀ।
ਕਿਸਮਤ ਆਣ ਵਿਛੋੜੇ ਪਾਏ, ਪ੍ਰੀਤ ਪੁਰਾਣੀ ਤੋੜੀ।
ਪੰਛੀ ਵਾਂਗਰ ਖੰਭ ਲਗਾ ਕੇ ਮਾਰੀ ਅਜ ਉਡਾਰੀ।
ਦੁਖ ਮੁਸੀਬਤ ਕਸ਼ਟਾਂ ਸੰਦੀ ਆਈ ਹੈ ਹੁਣ ਵਾਰੀ।
ਵਸਤੀ ਛਡ ਉਜਾੜੀਂ ਵੜ ਗਏ, ਨਵੀਆਂ ਸਾਂਝਾਂ ਪਈਆਂ।
ਨਾਲ ਜਨੌਰਾਂ ਵਾਹ ਪਿਆ, ਹੁਣ ਓਹ ਪ੍ਰੀਤਾਂ ਗਈਆਂ।
ਮਾਨਸ ਜ਼ਾਤ ਨਾ ਨਜਰੀਂ ਆਵੇ ਦਿਸਨ ਬਾਘ ਬਘੇਲੇ।
ਖਾਣ ਪੀਣ ਨੂੰ ਕੁਝ ਨਾ ਲਭੇ ਅੰਦਰ ਜੰਗਲ ਬੇਲੇ।
ਪੈਰੀਂ ਤੁਰੇ ਨਾ ਕਦਮ ਕਦੀ ਸਨ, ਪੈਂਡੇ ਪਾਏ ਛਾਲੇ।
ਕੰਡੇ ਪੁੜ ਪੁੜ ਵਾਂਗ ਛਾਨਣੀ ਕੀਤੇ ਪੈਦਲ ਚਾਲੇ।
ਚਾਰ ਦਿਨਾਂ ਦੇ ਭੁਖੇ ਭਾਣੇ ਉਤੋਂ ਸਫਰ ਥਕਾਏ।
ਫੁਲਾਂ ਵਰਗੇ ਨਾਜ਼ਕ ਚੇਹਰੇ ਧੁਪਾਂ ਥੀਂ ਕੁਮਲਾਏ।
ਪਹਿਲੀ ਮਜ਼ਲ ਨ ਪੂਰੀ ਹੋਈ ਰਾਤ ਨਾ ਬਾਹਰ ਕੱਟੀ।
ਰੱਤ ਸਰੀਰੋਂ ਅਜੋ ਲੋਕੋ ਵੱਟੀ[2] ਵੱਟੀ ਘਟੀ।
ਐਪਰ ਫੇਰ ਸਹਾਰਾ ਵੇਖੋ ਨਾਰੀ ਕਰਮਾਂ ਵਾਲੀ।
ਹਾਇ ਨਾ ਸੀ ਨਾ ਦੁਖ ਜਤਾਵੇ ਦੱਸੇ ਜਾਨ ਸੁਖਾਲੀ।
ਨਾਲ ਸੁਆਮੀ ਹਸ ਹਸ ਤੁਰਦੀ ਉਸ ਦਾ ਦਿਲ ਪਰਚਾਵੇ।
ਉਸਦੀ ਖਾਤਰ ਡਾਬੂ ਲੈਂਦੀ ਆਪਣਾ ਆਪ ਗਵਾਵੇ।

ਰਾਜਾ ਨਲ ਦਾ ਫੇਰ ਰਾਣੀ ਦਮਯੰਤੀ ਨੂੰ ਸਮਝਾਉਣਾ ਜੰਗਲ ਵਿਚ

ਰਾਜੇ ਕਿਹਾ ਪਿਆਰੀ ਮੇਰੀ ਤੂੰ ਹੈਂ ਭੁਖੀ ਭਾਣੀ।
ਚਾਰ ਦਿਨਾਂ ਤੋਂ ਤੇਰੇ ਅੰਦਰ ਗਿਆ ਨਾ ਦਾਣਾ ਪਾਣੀ।
ਤੂੰ ਇਕ ਘੜੀ ਨਾ ਭੁਖ ਸਹਾਰੀ ਪਲ ਨਾ ਰਹੀ ਤਿਹਾਈ।
ਅਜ ਮੁਸੀਬਤ ਤੇਰੇ ਉਤੇ ਅਣਡਿਠੀ ਏਹ ਆਈ।

1. ਸ਼ਾਹ ਬਸਰਾਮ ਜਾਂ ਬਹਿਰਾਮ ਗੋਰ ਦਾ ਪ੍ਰਸਿਧ ਕਿੱਸਾ ਜੋ ਅਮਾਮ ਬਖਸ਼ ਕਵੀ ਦਾ ਲਿਖਿਆ ਹੈ। ਉਸੇ ਦੀ ਤੋਲ ਉਤੇ ਭਾਵ ਦਵੱਈਆ ਛੰਦ ਜੋ 16+12=28 ਮਾਤਰਾਂ ਦਾ ਹੁੰਦਾ ਹੈ। 2. ਦੋ ਸੇਰ ਦਾ ਤੋਲ, ਭਾਵ ਬਹੁਤ।

ਤੇਰਾ ਵੇਖ ਸਰੀਰ ਮੁਲਾਇਮ ਬਲ ਬਲ ਆਵਨ ਆਹੀਂ।
ਹੇ ਪਰਮੇਸ਼ਰ ਸੁਖ ਵਿਖਾ ਕੇ ਦੁਖ ਨਾ ਪਿਛੋਂ ਪਾਈਂ।
ਹਾਇ ਕਰਾਂ ਕੀ, ਏਥੇ ਮੇਰੀ ਪੇਸ਼ ਨਾ ਕੋਈ ਚੱਲੇ।
ਸਾਰਾ ਦਰਬ ਹਰਾਇਆ ਜੂਏ, ਕੌਡੀ ਰਹੀ ਨਾ ਪੱਲੇ।
ਜੰਗਲ ਬੀਆਬਾਨ ਉਜਾੜੀਂ ਖਾਣਾ ਕੁਝ ਨਾ ਲੱਭੇ।
ਹਾਇ ਨਸੀਬੋ ਸਾਡੇ ਕਾਰਣ ਰਸਤੇ ਰੋਕੇ ਸੱਭੇ।
ਕੀ ਖਾ ਕੇ ਧਰਵਾਸਾ ਪਾਈਏ ਜ਼ਾਲਮ ਪੇਟ ਨਾ ਮੰਨੇ।
ਜੇ ਇਕ ਘੜੀ ਨਾ ਇਸ ਨੂੰ ਦੇਈਏ ਜਾਨ ਕਰੇਂਦਾ ਬੰਨੇ।
ਜੇ ਪਿਆਰੀ ਤੂੰ ਨਾਲ ਨਾ ਹੁੰਦੀ ਐਡਾ ਦੁਖ ਨਾ ਹੁੰਦਾ।
ਤੇਰੀ ਵੇਖ ਮੁਸੀਬਤ ਆਈ ਭੁਬਾਂ ਮਾਰ ਨਾ ਰੋਂਦਾ।
ਜੇ ਤੂੰ ਪੇਕੇ ਚਲੀ ਜਾਂਦੀਓਂ ਨਾਲ ਸੁਖਾਂ ਦੇ ਰਹਿੰਦੀ।
ਇਕ ਪਾਸੇ ਤਾਂ ਤੇਰੇ ਵਲੋਂ ਠੰਢ ਕਲੇਜੇ ਪੈਂਦੀ।
ਆਪਣੀ ਪਈ ਮੁਸੀਬਤ ਤਾਈਂ ਸਿਰ ਤੇ ਝੱਲ ਖਲੋਂਦਾ।
ਸ਼ਾਦੀ ਗਮੀ ਰਲਾ ਕੇ ਓੜਕ ਦਿਲ ਵਿਚ ਰਾਜੀ ਹੋਂਦਾ।
ਹੁਣ ਚੌਪਾਸੇ ਦੁਖਾਂ ਦਰਦਾਂ ਆ ਕੇ ਘੇਰਾ ਪਾਯਾ।
ਤੇਰੇ ਵਲੋਂ ਦੁਖ ਕਲੇਜੇ ਮੇਰੇ ਨੂੰ ਕਲਪਾਯਾ।
ਓਧਰ ਬਾਲ ਮਸੂਮ ਵਿਚਾਰੇ ਜਾਨ ਉਨ੍ਹਾਂ ਵਿਚ ਟੰਗੀ।
ਬਾਲਕ ਛਡ ਪਰਾਏ ਹਥੀਂ ਨਾਲ ਫਿਰੇ ਅਰਧੰਗੀ[1]।
ਰਾਜ ਕਾਜ ਦਾ ਜ਼ਾਯਾ ਹੋਣਾ, ਤੀਜੀ ਗੱਲ ਸਤਾਵੇ।
ਜੰਗਲ ਵਾਸਾ ਚੌਥਾ ਆ ਕੇ ਜੀਆ ਹੋਰ ਜਲਾਵੇ।
ਭੁਖ, ਪਿਆਸ ਸਤਾਵੇ ਪੰਜਵੀਂ ਛੇਵਾਂ ਸਫਰ ਉਖੇਰਾ।
ਸਤਵਾਂ ਧੁੜਕੂ ਸ਼ੇਰਾਂ ਤੇ ਬਘਿਆੜਾਂ ਪਾਇਆ ਘੇਰਾ।
ਹਾਇ, ਨਸੀਬ ਸੜੇ ਅਜ ਸਾਡੇ ਸੱਤੇ ਖੈਰਾਂ[2] ਹੋਈਆਂ।
ਬਿਪਤਾ ਸਭ ਰਲਾ ਕੇ ਕਿਸਮਤ ਸਾਡੇ ਅਗੇ ਢੋਈਆਂ।
ਹੇ ਪਰਮੇਸ਼ਰ ਦੀਨ ਦਿਆਲਾ ਤੂੰ ਹੈ ਵਾਲੀ ਪਾਲੀ।
ਕਰਕੇ ਮੇਹਰ, ਪਈ ਏਹ ਸਿਰ ਤੇ, ਮੁਸ਼ਕਲ ਕਰੀਂ ਸੁਖਾਲੀ।
ਦਰ ਤੇਰੇ ਪਰਵਾਹ ਨਾ ਕੋਈ ਦੇਂਦੇ ਤੋਟ ਨਾ ਆਵੇ।
ਬਖਸ਼ਸ਼ ਦੇ ਦਰਵਾਜ਼ੇ ਖੁਲ੍ਹੇ ਜੋ ਮੰਗੇ ਸੋ ਪਾਵੇ।
ਏਹ ਦੁਖ ਸਹਿਆ ਨਾ ਜਾਵਣ ਵਾਲਾ ਕਰਕੇ ਮਿਹਰ ਹਟਾਈਂ।
ਅਬਲਾ ਨਾਰ ਨਾ ਝੱਲਣ ਜੋਗੀ ਦੁਖ ਨਾ ਇਸ ਤੇ ਪਾਈਂ।
ਜੇਕਰ ਏਹ ਮਨਜ਼ੂਰ ਨਾ ਹੋਵੇ ਦਰ ਤੇਰੇ ਤੋਂ ਮੰਗੀ।
ਤਾਂ ਇਹ ਦੁਖ ਮੁਸੀਬਤ ਮੰਦੇ, ਮੌਤ ਇਨ੍ਹਾਂ ਤੋਂ ਚੰਗੀ।

---

1. ਪਤਨੀ। 2. ਮੁਹਾਵਰਾ ਹੈ ਭਾਵ ਹਰ ਤਰ੍ਹਾਂ ਦਾ ਸੁੱਖ ਇਥੇ ਵਿਅੰਗ ਅਨੁਸਾਰ ਭਾਵ ਦੁਖ ਤੋਂ ਹੈ।

ਸਦ ਬੁਲਾਈਂ ਚਰਨਾਂ ਦੇ ਵਿਚ ਜੀਉਣਾ ਹੋਰ ਨਾ ਲੋੜਾਂ।
ਮਲਕੁਲ ਮੌਤ[1] ਮੁਕਾਵੇ ਕਜ਼ੀਆ ਰਹਿਣ ਨਾ ਬਾਕੀ ਥੋੜਾਂ।

ਜਵਾਬ ਰਾਣੀ ਦਮਯੰਤੀ–ਮੈਂ ਆਪਣੇ ਸੁਆਮੀ ਨੂੰ ਇਸ ਤਰ੍ਹਾਂ ਛਡ ਕੇ ਕਿਸ ਤਰ੍ਹਾਂ ਪੇਕੇ ਚਲੀ ਜਾਵਾਂ

ਸੁਣ ਕੇ ਵਾਕ ਦਰਦ ਦੇ ਰਾਣੀ ਧੀਰਜ ਨਾਲ ਅਲਾਏ।
ਥੋੜੀ ਵੇਖ ਮੁਸੀਬਤ ਸੁਆਮੀ ਕਿਉਂ ਐਡੇ ਘਬਰਾਏ ?
ਮੈਂ ਬੇਸ਼ਕ ਦੁਖਾਂ ਦੀ ਕਾਰਣ, ਨਾਲ ਤੁਸਾਡੇ ਹੋਈ।
ਐਪਰ ਦੁਖ ਵੰਡਾਵਣ ਵਾਲਾ ਚਾਹੀਦਾ ਸੀ ਕੋਈ।
ਇਕ ਇਕੱਲਾ, ਹੁਸੜ ਜਾਂਦਾ, ਦੋ ਹੋਯਾਂ ਜੀ ਲੱਗੇ।
ਆਪਣੇ ਆਪਣੇ ਦਿਲ ਦੀ ਕਹਿੰਦੇ ਇਕ ਦੂਏ ਦੇ ਅਗੇ।
ਦੋ ਹੋਯਾਂ ਦੁਖ ਅੱਧਾ ਹੋਵੇ ਨਾਰੀ ਦੁਖ ਵੰਡਾਵੇ।
ਸਾਬਤ ਕਦਮੀ ਨਾਲ ਪੀਆ ਦੇ ਸਾਥ ਹਮੇਸ਼ ਨਿਭਾਵੇ।
ਮੈਂ ਅਰਧੰਗੀ ਅੰਗ ਤੁਸਾਡਾ, ਛਡ ਕਿਧਰ ਨੂੰ ਜਾਵਾਂ।
ਪਤੀ ਸਹਾਰੇ ਦੁਖ ਇਕੱਲਾ, ਮੈਂ ਪੇਕੇ ਸੁਖ ਪਾਵਾਂ।
ਮੇਰੇ ਵਲੋਂ ਕਰੋ ਤਸੱਲੀ ਭੁਖ ਪਿਆਸ ਨਾ ਕਾਈ।
ਵੇਖ ਤਬਾ ਘਬਰਾਈ ਪੀ ਦੀ ਸ਼ਕਲ ਮੇਰੀ ਕੁਮਲਾਈ।
ਮੈਂ ਬਦਕਿਸਮਤ ਏਹੋ ਸੋਚਾਂ ਟਹਿਲ ਨਾ ਮੈਥੋਂ ਹੋਈ।
ਸੁਆਮੀ ਜੀ ਮੁਰਝਾਏ ਜਾਂਦੇ ਗਲ ਨਾ ਅਹੁੜੇ ਕੋਈ।
ਕੀਕਰ ਕਰਾਂ ਤਬੀਯਤ ਰਾਜੀ, ਰੰਜ ਮਲਾਲ[2] ਹਟਾਵਾਂ।
ਜਾਨ ਕਰਾਂ ਕੁਰਬਾਨ ਪੀਆ ਤੋਂ ਵੇਖ ਨਾ ਦੁਖ ਸੁਖਾਵਾਂ।
ਜਿਕਰ ਕਬਾਬ ਬਨਾ ਕੇ ਰੱਖਾਂ, ਪੀ ਦੇ ਖਾਵਨ ਕਾਰਨ।
ਸਦਕੇ ਕੀਤੇ ਪ੍ਰਾਣ ਪੀਆ ਤੋਂ ਜੇ ਕੁਝ ਕੰਮ ਸਵਾਰਨ।
ਸੁਖ ਸਦਕੇ, ਵਾਰੀ ਜਿੰਦੜੀ, ਖੁਸ਼ੀਆਂ ਘੋਲ ਘੁਮਾਵਾਂ।
ਪਰ ਨਾ ਹਾਇ ਪੀਆ ਦੇ ਦੁਖੜੇ ਅੱਖੀਂ ਵੇਖ ਸੁਖਾਵਾਂ।
ਤਤੀ ਵਾ ਨਾ ਲੱਗੇ ਰਤਾ ਪੀ ਨੂੰ ਸੁਖੀ ਸਾਂਦੀ।
ਮੇਰੇ ਹੁੰਦੇ ਦੁਖ ਸਹਾਰਨ ਕੰਮ ਕੇੜ੍ਹੇ ਇਹ ਬਾਂਦੀ ?
ਜੇ ਮੈਂ ਨਾਲ ਨਾ ਹੁੰਦੀ ਏਥੇ ਇਹ ਦੁਖ ਕੌਣ ਵਿਖਾਂਦਾ।
ਟੰਗੀ ਜਾਨ ਧਿਆਨ ਪੀਆ ਦੇ ਕੇੜ੍ਹਾ ਖਬਰ ਸੁਣਾਂਦਾ।
ਹੁਣ ਮੈਂ ਪਾਸ ਕਰਾਂ ਗਮ ਖਵਾਰੀ ਸਾਂਝਾ ਦੁਖ ਸਹਾਰਾਂ।
ਦਿਲ ਵਿਚ ਨਾ ਅਰਮਾਨ ਕੋਈ, ਨਾ ਕੱਲੀ ਆਹੀਂ ਮਾਰਾਂ।

1. ਮੌਤ ਦਾ ਫਰਿਸ਼ਤਾ, ਜਮਰਾਜ। 2. ਰੰਜੀਦਗੀ, ਉਦਾਸੀਨਤਾ।

ਅਖੀਂ ਉਹਲੇ ਘੱਤ ਭੜੋਲੇ ਓਧਰ ਮੈਂ ਤੜਫਾਂਦੀ।
ਏਧਰ ਆਪ ਮੁਸੀਬਤ ਅੰਦਰ ਕੋਈ ਖਬਰ ਨਾ ਜਾਂਦੀ।
ਧੀਰਜ ਧਰੋ ਹਰੋ ਦੁਖ ਮਨ ਦਾ ਸਬਰ ਕਰੋ ਸੁਖ ਪਾਓ।
ਨਾ ਦੁਖ ਨਾਲ ਜਿਗਰ ਕਲਪਾਓ ਹਿਰਦਾ ਨਾ ਤਪਾਓ।
ਮਰਹਮ, ਸਬਰ ਦੁਖਾਂ ਦੀ ਹੁੰਦੀ ਏਹ ਤਿਰਯਾਕ[1] ਹਜ਼ੂਰੀ।
ਇਸ ਦੇ ਜਿਹਾ ਇਲਾਜ ਨਾ ਕੋਈ ਲਾਜ਼ਮ[2] ਸਿਦਕ ਸਬੂਰੀ।
ਉਹ ਕਿਰਪਾਲ ਦਿਆਲ ਪ੍ਰਭੂ ਉਹ ਸਭ ਦੀ ਪੀੜ ਪਛਾਣੇ।
ਜੀਕਰ ਦੁਖ ਲਗਾਉਣ ਜਾਣੇ, ਓਕਰ ਕੱਟਣ ਜਾਣੇ।
ਏਸੇ ਤਰ੍ਹਾਂ ਪਤੀ ਤੇ ਪਤਨੀ ਦਿਲ ਪਰਚਾਂਦੇ ਜਾਂਦੇ।
ਆਪੋ ਵਿਚ ਦਿਲਾਸਾ ਦੇ ਦੇ ਦਿਲ ਤੋਂ ਦੁਖ ਭੁਲਾਂਦੇ।
ਐਪਰ ਜ਼ਾਲਮ ਪੇਟ ਬਿਦਰਦੀ ਭੁਖਾ ਟਿਕਣ ਨਾ ਦੇਂਦਾ।
ਸਾਰੇ ਹੋਰ ਧਿਆਨ ਭੁਲਾ ਕੇ ਭੁਖੇ ਭੁਖ ਕਰੇਂਦਾ।
ਭੁਖਾ ਕਿਸੇ ਜਮਾਨੇ ਦਾ ਇਹ ਜਾਲਮ ਕਦੀ ਨਾ ਰੱਜੇ।
ਅੱਠੇ ਪਹਿਰ ਸਤਾਂਦਾ ਰਹਿੰਦਾ ਹਰ ਦਮ ਸਿਰ ਤੇ ਗੱਜੇ।
ਭੱਠੀ ਵਾਂਗ ਤਪੇ ਦਿਨ ਰਾਤੀਂ ਖਾਧਾ ਪੀਤਾ ਸਾੜੇ।
ਝੁਲਕਾ ਮੰਗੇ, ਭਾੜੇ ਖਸਰਾ ਚੱਲੇ ਬਾਝ ਨਾ ਭਾੜੇ।
ਰਾਜਾ ਪਿਆ ਦਲੀਲਾਂ ਸੋਚੇ, ਹੇ ਪਰਮੇਸ਼ਰ ਮੇਰੇ।
ਸਾਡੇ ਕਾਰਨ ਸੇਰ ਅੰਨ ਭੀ ਨਹੀਂ ਰਿਹਾ ਦਰ ਤੇਰੇ।
ਅੰਨੋਂ ਭੁਖਾ ਕੋਈ ਨਾ ਮੋਯਾ ਵਿਚ ਤੇਰੀ ਸਰਕਾਰੇ।
ਐਪਰ ਏਥੇ ਖਾਣੇ ਬਾਝੋਂ ਲੱਗੇ ਮਰਨ ਵਿਚਾਰੇ।
ਲੱਗੀ ਝੂਠ ਹੋਣ ਅਜ ਉਹ ਗਲ, ਸ਼ਾਇਦ ਸਾਡੀ ਵਾਰੀ।
ਯਾ ਦਰਵਾਜ਼ੇ ਤੇਰੇ ਵਿਚੋਂ ਚੋਗ ਨਿਖੁਟੀ ਸਾਰੀ।
ਅਗੋਂ ਰਾਣੀ ਧੀਰਜ ਕਰਕੇ ਉਸਦਾ ਦਿਲ ਪਰਚਾਂਦੀ।
ਨਾਲ ਦਿਲਾਸੇ ਦੁਖਾਂ ਸੰਦੇ ਜਖਮੀਂ ਮਰਹਮ ਲਾਂਦੀ।
ਪੇਟ ਪਿਆ ਕੁਰਲਾਵੇ ਭਾਵੇਂ ਐਪਰ ਪੇਸ਼ ਨਾ ਜਾਵੇ।
ਬਰਵਰ[3] ਸੁੰਞ ਉਜਾੜਾ ਅੰਦਰ ਕਿਥੋਂ ਅੰਨ ਲਿਆਵੇ।

ਪੰਛੀਆਂ ਦਾ ਨਜ਼ਰ ਪੈਣਾ ਤੇ ਰਾਜਾ ਨਲ ਨੇ ਪਕੜਨ ਦਾ ਯਤਨ ਕਰਨਾ

ਭੁਖੇ ਭਾਣੇ ਤੁਰੇ ਜਾਂਦਿਆਂ ਡਿਠਾ ਅਜਬ ਨਜ਼ਾਰਾ।
ਰੁੜ੍ਹਦੇ ਜਾਂਦੇ ਭੁਖ ਨਦੀ ਵਿਚ ਮਿਲਿਆ ਇਕ ਸਹਾਰਾ।
ਚੋਗਾ ਚੁਗਣ ਪਰਿੰਦੇ ਬੈਠੇ ਸੁੰਦਰ ਸ਼ਕਲਾਂ ਵਾਲੇ।

1. ਨੌਕਰਾਣੀ, ਗੋਲੀ। 2. ਜ਼ਰੂਰੀ। 3. ਉਜਾੜ ਬਰਬਰ, ਅਫਰੀਕਾ ਦੇ ਉਤਰ ਵਲ ਦਾ ਇਕ ਬਾਗ ਹੈ।

ਵਾਂਗ ਕਬੂਤਰ ਗੁਟਕੂੰ ਗੁਟਕੂੰ ਬੋਲਣ ਉਹ ਮਤਵਾਲੇ।
ਰਾਜੇ ਵੇਖ ਖੁਸ਼ੀ ਦਿਲ ਕੀਤੀ ਰਬ ਸਬੱਬ ਬਣਾਯਾ।
ਪੰਛੀ ਪਕੜ ਕਬਾਬ ਬਣਾਵਾਂ ਖਾਣਾ ਸਾਡਾ ਆਯਾ।
ਕੁਝ ਧਰਵਾਸਾ ਹੋਸੀ ਦਿਲ ਨੂੰ ਆਸੰਗਾ[1] ਹੋਸੀ ਭਾਰੀ।
ਤੁਰਨੋਂ ਫਿਰਨੋਂ ਆਜੰਜ਼[2] ਹੋਈ ਨਾਜ਼ਕ ਜਾਨ ਵਿਚਾਰੀ।
ਮਤਾ ਪਕਾਇਆ ਪਕੜਨ ਦਾ ਪਰ ਸੰਦ ਨਾ ਦਿੱਸੇ ਕੋਈ।
ਨਾ ਬੰਦੂਕ,[3] ਨਾ ਜਾਲ ਨਾ ਦਾਣਾ, ਡਾਢੀ ਮੁਸ਼ਕਲ ਹੋਈ।
ਇਕੋ ਇਕ ਬਦਨੰ ਤੇ ਲੀੜਾ ਜਿਸਨੇ ਬਦਨ ਢਕਾਇਆ।
ਪੰਛੀ ਕਾਬੂ ਆਵਨ ਮੇਰੇ ਕੀਕਰ ਕਰਾਂ ਖੁਦਾਇਆ।
ਗਲ ਨਾ ਕੋਈ ਅਹੁੜੇ ਦਿਲ ਨੂੰ ਮੁਸ਼ਕਲ ਹਲ ਨਾ ਹੋਵੇ।
ਓੜਕ ਖਾਤਰ ਪੇਟ ਭਰਨ ਦੀ ਤੇੜੋਂ ਨੰਗਾ ਹੋਵੇ।
ਧੋਤੀ ਲਾਹ ਖਿਲਾਰੀ ਫੌਰਨ ਹੀਲਾ ਕਰਕੇ ਆਯਾ।
ਚੁਗਦੇ ਚੁਗਦੇ ਜਾਨਵਰਾਂ ਤੇ ਲੀੜਾ ਚਾ ਵਗਾਯਾ।
ਦਿਲ ਵਿਚ ਖੁਸ਼ੀ-ਪੇਟ ਦਾ ਝੁਲਕਾ ਕਰਸਾਂ ਖਾ ਕੇ ਪੂਰਾ।
ਐਪਰ ਕਿਸਮਤ ਵੇਖੋ ਏਹ ਭੀ ਰਿਹਾ ਖਿਆਲ ਅਧੂਰਾ।
ਜਿਸ ਤਿਣਕੇ ਦਾ ਲਿਆ ਸਹਾਰਾ ਓਹ ਭੀ ਵੇਖੋ ਟੁਟਾ।
ਸ਼ਾਇਦ ਨਲ-ਦਮਯੰਤੀ ਦਾ ਦਰਗਾਹੋਂ ਖਾਜ ਨਿਖੁਟਾ।
ਜਿਸ ਦੀਵੇ ਦਾ ਚਾਨਣ ਲੱਭਾ ਉਹ ਭੀ ਵੇਖੋ ਬੁਝਾ।
ਓਹ ਪੰਛੀ ਪੰਖੇਰੂ ਨਾ ਸੀ ਵੈਰੀ ਸੀ ਉਹ ਗੁਝਾ।
ਪੰਛੀ ਉਡੇ ਧੋਤੀ ਲੈ ਕੇ ਉਡ ਚੜ੍ਹੇ ਅਸਮਾਨੀ।
ਵੇਖ ਅਚੰਭਾ ਖੇਲ ਉਨ੍ਹਾਂ ਦਾ ਹੋਈ ਬੜੀ ਹਰਾਨੀ।
ਲੀੜਾ ਲਾਹ ਵਗਾਇਆ ਸੀ ਹੁਣ ਓਹ ਭੀ ਜਾਂਦਾ ਨਾਲੇ।
ਮੂਲ ਵਿਆਜ ਡਬੋਯਾ ਨਾਲੇ, ਊਠ ਨਾ ਊਠਾਂ ਵਾਲੇ।
ਹੋ ਹੈਰਾਨ ਖਲੋਤੇ ਵੇਖਣ ਏਹ ਅਸਚਰਜ ਤਮਾਸ਼ਾ।
ਕੁਦਰਤ ਦੇ ਚਮਕਾਰੇ ਨੇ ਹੁਣ ਤੋੜੀ ਸਾਰੀ ਆਸ਼ਾ।
ਚੜ੍ਹ ਅਸਮਾਨੀ ਬੋਲੇ ਪੰਛੀ ਸੁਣ ਮੂਰਖ ਅਗਯਾਨੀ।
ਅਸੀਂ ਪੁਰਾਣੇ ਦੁਸ਼ਮਨ ਤੇਰੇ ਸ਼ਕਲ ਨਾ ਤੁਧ ਪਛਾਨੀ।
ਓਹੋ ਤੇਰੇ ਯਾਰ ਪੁਰਾਣੇ ਚੌਂਪਟ ਦੇ ਹਾਂ ਪਾਸੇ।
ਪੁਸ਼ਕਰ ਤਾਈਂ ਤੇਰੇ ਪਾਸੋਂ ਜਿਨ੍ਹਾਂ ਲਵਾਏ ਗਾਸ਼ੇ[4]।
ਤੂੰ ਜਦ ਮੰਗੇ ਦਾ ਅਸਾਥੋਂ ਮੂਲ ਨਾ ਆਖੇ ਲਾਗੇ।
ਪਰ ਪੁਸ਼ਕਰ ਦੀ ਵਾਰੀ ਹੋਏ ਪਾਣੀ ਉਸਦੇ ਅੱਗੇ।

1. ਹਿੰਮਤ। 2. ਅਸਮਰਥ।
3. ਉਸ ਸਮੇਂ ਬੰਦੂਕਾਂ ਨਹੀਂ, ਬਾਰੂਦ ਦੀ ਵਰਤੋਂ ਭਾਰਤ ਵਿਚ ਪਹਿਲੀ ਵਾਰ ਬਾਬਰ ਦੇ ਹੱਲੇ ਨਾਲ ਹੋਈ ਮੰਨੀ ਗਈ ਹੈ।
4. ਇਕੱਠ ਇਕ ਰਾਏ।

ਸਭ ਧਨ ਮਾਲ ਹਰਾਯਾ ਤੇਰਾ ਦੌਲਤ ਫੌਜ ਖਜ਼ਾਨਾ।
ਰਾਜ ਰਈਅਤ ਗਹਿਣਾ ਕਪੜਾ ਕੀਤਾ ਤੁਰਤ ਬਿਗਾਨਾ।
ਐਪਰ ਉਸ ਦੌਲਤ ਦੇ ਵਿਚੋਂ ਏਹ ਲੀੜਾ ਬਚ ਰਹਿਆ।
ਲੈ ਕੇ ਨਿਕਲ ਪਿਓਂ ਉਸ ਥਾਉਂ ਸਾਥੋਂ ਗਿਆ ਨਾ ਸਹਿਆ।
ਏਹ ਭੀ ਲੈ ਹੁਣ ਸਾਂਭ ਨਾ ਬੈਠੀਂ, ਅਸੀਂ ਉਡਾ ਲਿਚੱਲੇ।
ਦੁਖ ਦਿਆਂਗੇ ਹੋਰ ਬਥੇਰੇ ਜਾਸਨ ਮੂਲ ਨਾ ਝੱਲੇ।
ਇਹ ਕਹਿ ਮਾਰ ਉਡਾਰੀ, ਲੰਮੀ ਨਜ਼ਰੋਂ ਗਾਇਬ[1] ਹੋਏ।
ਵੇਖ ਉਨ੍ਹਾਂ ਦੀ ਸਮਤੀ[2] ਤਾਈਂ ਰਾਜਾ-ਰਾਣੀ ਰੋਏ।
ਹੇ ਕਰਤਾਰ ! ਅਸਾਂ ਕੀ ਕੀਤਾ ਐਸਾ ਪਾਪ ਹਜ਼ੂਰੀ ?
ਜਿਸਦੇ ਬਦਲੇ ਕੀਤਾ ਸਾਨੂੰ ਐਡਾ ਤੁਧ ਕਸੂਰੀ।
ਪੰਛੀ ਭੀ ਅਜ ਵੈਰੀ ਹੋ ਗਏ ਦਰਦੀ ਰਿਹਾ ਨਾ ਕੋਈ।
ਸਾਇਆ ਮਿਹਰ ਮੁਹੱਬਤ ਵਾਲਾ ਸਾਥੋਂ ਚੁਕ ਲਿਓਈ।
ਖਾਣਾ ਪੀਣਾ ਮੁਕ ਗਿਆ ਸੀ ਜੋ ਸਾਡਾ ਦਰ ਤੇਰੇ।
ਲੀਰ ਨਿਮਾਣੀ ਨੰਗ ਢਕਾਣੀ, ਖੋਹ ਮੰਗਾਈ ਡੇਰੇ।
ਕਾਹਦੇ ਨਾਲ ਸਰੀਰ ਢਕਾਵਾਂ ਹੇਠੋਂ ਉਤੋਂ ਨੰਗਾ ?
ਮੰਦਾ ਹਾਲ ਅਸਾਡਾ ਕਰਨਾ ਤੈਨੂੰ ਲਗੇ ਚੰਗਾ।
ਰੋ ਰੋ ਗਿਰੀਆ ਜ਼ਾਰੀ ਕਰ ਕਰ ਅਪਨਾ ਹਾਲ ਸੁਨਾਂਦੇ।
ਸਾਈਂ ਦੀ ਦਰਗਾਹੇ ਉਚੀ ਕੂਕ ਪੁਕਾਰਾਂ ਪਾਂਦੇ।

ਰਾਜਾ ਨਲ ਨੇ ਰਾਣੀ ਦਮਯੰਤੀ ਨੂੰ ਫੇਰ ਵੀ ਘਰ ਮੁੜਨ ਲਈ ਸਮਝਾਉਣਾ

ਦੁਖਾਂ ਗਮਾਂ ਜਿਗਰ ਵਿਚ ਛਾਲੇ ਰਾਜੇ ਨਲ ਦੇ ਪਾਏ।
ਵੈਰੀ ਵੇਖ ਸ੍ਰਿਸ਼ਟੀ ਸਾਰੀ ਰਾਣੀ ਨੂੰ ਫੁਰਮਾਏ।
ਵੇਖ ਪਿਆਰੀ ਸਾਡੇ ਉਤੇ ਦਿਨ ਪਾਏ ਰਬ ਡਾਢੇ।
ਖਬਰ ਨਹੀਂ ਕੀ ਹੋਰ ਕਰਨਗੇ ਪੇਸ਼ ਪਏ ਜੋ ਸਾਡੇ।
ਤੂੰ ਹੁਣ ਵੇਖ ਲਿਆ ਹੈ ਅਖੀਂ ਜੋ ਅਜ ਕੌਤਕ ਹੋਯਾ।
ਏਹ ਜਾਲਮ ਹੁਣ ਪਏ ਬਦਾਂ ਦੇ ਲਹੂ ਚਾਹੁੰਦੇ ਚੋਯਾ।
ਤੂੰ ਜੇ ਮੇਰੇ ਆਖੇ ਲਗੋਂ ਹੁਣ ਵੀ ਮੋੜ ਨਾ ਕਹਿਆ।
ਜਾਹ ਪੇਕੇ ਬਹੁ ਨਾਲ ਅਰਾਮਾਂ ਦੁਖ ਨਾ ਜਾਸੀ ਸਹਿਆ।
ਚਾਰ ਦਿਨਾਂ ਵਿਚ ਹੁਸੜ ਕੇ ਤੂੰ ਭੁਗੜੀ ਵਾਂਗਣ ਹੋਈ।
ਖਬਰ ਨਹੀਂ ਹੁਣ ਕਿਤਨੀ ਮੁਦਤ ਪਿਛੋਂ ਮਿਲਸੀ ਢੋਈ।
ਤੂੰ ਕਮਜ਼ੋਰ ਨਾ ਰਹਿਸੇਂ ਜਿੰਦੀ, ਏਹ ਦੁਖ ਜਾਨ ਮੁਕਾਸੀ।

1. ਗਫੇ, ਵਡੇ ਵਡੇ ਹਿਸੇ, ਮੌਜਾਂ। 2. ਉਹਲੇ।

ਜਾਨਾਂ ਨਾਲ ਜਹਾਨ ਕਹੀਦਾ ਜਾਨ ਅਮੋਲਕ ਜਾਸੀ।
ਕਿਸਮਤ ਅੰਦਰ ਮੇਲ ਜੇ ਹੋਯਾ ਫੇਰ ਬਹਾਂਗੇ ਰਲ ਕੇ।
ਹਾਲੀ ਤੂੰ ਕਰ ਯਾਦ ਪ੍ਰਭੂ ਨੂੰ ਪਾਸ ਪਿਤਾ ਦੇ ਚਲ ਕੇ।

ਜਵਾਬ ਰਾਣੀ ਦਮਯੰਤੀ ਦਾ ਪਤੀ ਨੂੰ ਤੇ ਹਾਲ ਦੁਖਾਂ ਦੇ

ਰਾਣੀ ਕਹਿਆ ਨੀਰ ਵਹਾ ਕੇ ਕੀਕਰ ਜਾਂ ਸੁਆਮੀ ?
ਬਾਪ ਮੇਰੇ ਨੇ ਦਿਤਾ ਮੈਨੂੰ ਤੇਰੀ ਕਰਾਂ ਗੁਲਾਮੀ।
ਸੇਵਾਦਾਰ ਕਰੇ ਸੁਖ ਮਿਠਾ ਮਾਲਕ ਦੁਖ ਉਠਾਵੇ।
ਉਹ ਹਤਿਆਰਨ ਪਾਪਨ ਮੁਕਤੀ ਕਿਸ ਦਰਗਾਹੋਂ ਪਾਵੇ।
ਮੈਂ ਹਾਂ ਖਿਦਮਤਗਾਰ ਹਜ਼ੂਰੀ ਖਿਦਮਤ ਫਰਜ਼ ਵਧੇਰਾ।
ਖਿਦਮਤ ਦੇ ਵਿਚ ਨਿਕਲੇ ਬੇਸ਼ਕ ਪ੍ਰਾਣ ਸਰੀਰੋਂ ਮੇਰਾ।
ਇਹ ਅਣਹੋਂਦ ਨਾ ਹੋਵਣ ਵਾਲੀ ਛੱਡ ਤੁਸਾਨੂੰ ਜਾਵਾਂ।
ਭੁਖੇ ਥੱਕੇ ਤੁਸੀਂ ਰਹੋ, ਤੇ ਮੈਂ ਘਰ ਬੈਠੀਂ ਖਾਵਾਂ।
ਸਿਦਕ ਸਬੂਰੀ ਦੇਖ ਪੀਆ ਨੇ ਫੇਰ ਨਾ ਗਲ ਦੁਹ੍ਰਾਈ।
ਨੀਯਤ ਨਾਲ ਲਿਜਾਵਨ ਵਾਲੀ ਫੇਰ ਅਗਾਂਹ ਠਰ੍ਹਾਈ।
ਐਪਰ ਨਗਨ ਸਰੀਰੋਂ ਰਾਜਾ ਅਗੇ ਕੀਕਰ ਚੱਲੇ।
ਦਾਮਨਗੀਰ[1] ਸ਼ਰਮ ਭੀ ਹੋਵੇ ਸੋਚਾਂ ਸੋਚਣ ਖੱਲੇ।
ਓੜਕ ਓਹ ਦਮਯੰਤੀ ਵਾਲਾ ਲੀੜਾ ਉਤੇ ਕੀਤਾ।
ਅੱਧਾ ਰਾਣੀ ਉਤੇ ਕੀਤਾ ਅੱਧਾ ਰਾਜੇ ਲੀਤਾ।
ਇਕੋ ਵਿਚ ਸਰੀਰ ਢੱਕ ਕੇ ਹੋਏ ਰਵਾਨਾ ਅੱਗੇ।
ਨੰਗੇ ਹੋ ਹੋ ਜਾਨ ਵਿਚਾਰੇ ਵਾ ਹਨੇਰੀ ਵੱਗੇ।
ਇਕ ਢੱਕੇ ਇਕ ਨੰਗਾ ਹੋਵੇ ਮੁਸ਼ਕਲ ਕਰਨ ਗੁਜ਼ਾਰਾ।
ਦੇਣ ਅਸੀਸਾਂ ਕਿਸਮਤ ਤਾਈਂ ਵਾਹਵਾ ਤੇਰਾ ਕਾਰਾ।
ਹੌਲੀ ਹੌਲੀ ਜਾਂਵਦਿਆਂ ਨੂੰ ਮਿਲਿਆ ਇਕ ਚੁਰਾਹਾ।
ਰਸਤਾ ਸਾਫ ਜਿਨ੍ਹਾਂ ਦਾ ਜਾਂਦਾ ਚਾਰੋਂ ਤਰਫੀਂ ਆਹਾ।
ਇਸਦੇ ਸਿਰ ਤੇ ਬਣੀ ਬਾਵਲੀ ਨਿਰਮਲ ਮਿੱਠਾ ਪਾਣੀ।
ਪਾਣੀ ਵੇਖ ਦਿਲੀ ਸੁਖ ਪਾਏ ਬੈਠੇ ਰਾਜਾ ਰਾਣੀ।
ਨਾਲੋਂ ਨਾਲ ਨਦੀ ਇਕ ਵਗੇ ਜ਼ੋਰੀਂ ਠਾਠਾਂ ਮਾਰੇ।
ਰੌਣਕ ਤੇ ਹਰਿਆਵਲ ਲੱਗੀ ਹਿਰਦਾ ਅੱਖਾਂ ਠਾਰੇ।
ਜਲ ਪੀ ਕੇ ਦਿਲ ਠੰਡਾ ਕੀਤਾ ਨਹਾਤੇ ਧੋਤੇ ਦੋਵੇਂ।
ਘੱਟਾ ਮਿਟੀ ਅਤੇ ਥਕੇਵਾਂ ਦੂਰ ਹੋ ਗਿਆ ਓਵੇਂ।

---

1. ਲੜ ਲਗੇ, ਪੱਲੇ ਲਗੇ।

ਰਾਜਾ ਨਲ ਦਾ ਫੇਰ ਰਾਣੀ ਦਮਯੰਤੀ ਨੂੰ ਘਰ ਵਲ ਮੋੜਨਾ ਚਾਹੁਣਾ

ਰਸਤੇ ਵੇਖ ਚੁਰਸਤੇ ਵਾਲੇ ਰਾਜੇ ਨੇ ਫੁਰਮਾਯਾ।
ਸੁਣ ਪਯਾਰੀ ਏਹ ਵੇਖ ਚੁਰਾਹਾ ਕੈਸਾ ਸੁੰਦਰ ਆਯਾ।
ਆਹ ਜੋ ਰਸਤਾ ਉਤਰ ਵਾਲਾ ਅਸੀਂ ਜਿਦ੍ਹੇ ਤੇ ਆਏ।
ਆਹ ਦੂਜਾ ਵਿੰਧਿਆਚਲ[1] ਪਰਬਤ ਵਿਚੇ ਵਿਚ ਪੁਚਾਏ।
ਤੀਜਾ ਰਾਹ ਆਯੁਧਿਆ[2] ਨਗਰੀ ਰਿਤੂ ਪਰ[3] ਨਦੀ ਵਾਲਾ।
ਚੌਥਾ ਨਦੀ ਕਿਨਾਰੇ ਵਾਲਾ ਵਾਹਵਾ ਰਾਹ ਸੁਖਾਲਾ।
ਏਸ ਨਦੀ ਦਾ ਨਾਮ ਪਯੂਸ਼ਨੀ[4] ਵਿਦਰਭ ਵਿਚੋਂ ਜਾਵੇ।
ਬਾਪ ਤੇਰੇ ਦੀ ਨਗਰੀ ਦੇ ਵਲ ਪੁਛੇ ਬਾਝ ਪੁਚਾਵੇ।
ਖੌਫ ਹਰਾਸ ਨਾ ਰਾਹ ਵਿਚ ਕੋਈ ਸਿੱਧਾ ਤੋੜ ਪੁਚਾਂਦਾ।
ਖਾਣਾ ਪਾਣੀ ਭੀ ਇਸ ਰਸਤੇ ਬੜਾ ਮੁਯੱਸਰ[5] ਆਂਦਾ।

ਜਵਾਬ ਰਾਣੀ ਦਮਯੰਤੀ ਦਾ

ਜਦ ਏਹ ਵਾਕ ਸੁਣੇ ਦਮਯੰਤੀ ਦਿਲ ਵਿਚ ਹੋਈ ਉਦਾਸੀ।
ਪੀਆ ਪਯਾਰੇ ਸ਼ਾਇਦ ਮੈਨੂੰ ਕੀਤਾ ਚਾਹਣ ਨਿਰਾਸੀ।
ਭਰ ਗਏ ਨੈਨ ਗਲੋਡੂ ਆ ਕੇ ਥਰ' ਥਰ ਕੰਬਣ ਲੱਗੀ।
ਰੁਕਿਆ ਕੰਠ ਨਾ ਬੋਲਿਆ ਜਾਵੇ ਛੁਰੀ ਗਮਾਂ ਦੀ ਵਗੀ।
ਹੋ ਹੈਰਾਨ ਪੀਆ ਵਲ ਵੇਖਣ ਅੱਖਾਂ ਹੰਝੂ ਭਰੀਆਂ।
ਨਾ ਉਮੈਦੀ ਛਾਈ ਮੁਖ ਤੇ ਹੰਝੂ ਜਾਣ ਨਾ ਜਰੀਆਂ।
ਡਰੀ, ਉਦਾਸ ਹੋਈ, ਫਿਰ ਕੰਬੀ, ਨਾ ਉਮੈਦ ਹੋ ਬੋਲੀ।
ਹੇ ਸੁਆਮੀ ! ਕੀ ਮੈਂ ਪਾਪਣ ਤੋਂ, ਆਣ ਤ੍ਬੀਯਤ ਡੋਲੀ ?
ਕਿਆ ਮੈਂ ਅਜ ਪੀਆ ਦੇ ਦਿਲ ਤੋਂ ਲੱਥੀ ਤੱਤ ਭੜੱਤੀ ?
ਮਿਹਰ ਮੁਹਬਤ ਪਿਆਰ ਪੀਆ ਦੇ ਵਿਚ ਰਿਹਾ ਨਾ ਰੱਤੀ।
ਕੀ ਸੁਆਮੀ ਮੈਂ ਪਾਪਣ ਹੱਤੀ, ਮੂਲ ਨਾ ਲੱਗਾ ਤੈਨੂੰ ?
ਧੱਕੇ ਦੇਂਦੇ ਮੁੜ ਮੁੜ ਓਹੋ, ਗਲਾਂ ਕਰ ਕਰ ਮੈਨੂੰ।
ਸੌ ਵਾਰੀ ਇਕ ਗਲ ਮੁਕਾਈ, ਮੈਂ ਚਰਨਾਂ ਦੀ ਦਾਸੀ।
ਰੱਖੋ ਮਾਰੋ ਡੋਬੋ ਤਾਰੋ ਚਾਹੇ ਦੇਵੋ ਫਾਸੀ।
ਕੀ ਅਪਰਾਧ ਮੇਰਾ ਹੈ ਸੁਆਮੀ ? ਘੜੀ ਮੁੜੀ ਕਲਪਾਓ।

1. ਉਤਰੀ ਹਿੰਦੁਸਤਾਨ ਨੂੰ ਦਖਣ ਤੋਂ ਵਖ ਕਰਨ ਵਾਲੇ ਪਰਬਤ ਦਾ ਨਾਂ ਹੈ।
2. ਪ੍ਰਸਿਧ ਸ਼ਹਿਰ ਦਾ ਨਾਂ, ਸ੍ਰੀ ਰਾਮ ਚੰਦ੍ਰ ਜੀ ਜਿਥੋਂ ਦੇ ਵਸਨੀਕ ਸਨ।
3. ਇਕ ਨਦੀ ਦਾ ਨਾਂ। 4. ਨਦੀ ਦਾ ਨਾਂ। 5. ਹਾਸਲ ਹੁੰਦਾ ਹੈ, ਪ੍ਰਾਪਤ ਹੋ ਸਕਦਾ ਹੈ।

ਮੈਂ ਬੇਧੀਰ[1] ਇਸਤ੍ਰੀ ਜਾਮਾ ਕਾਹਨੂੰ ਪਏ ਡਰਾਓ ?
ਕਿਆ ਸੁਆਮੀ ਮੈਂ ਆਣ ਆਪ ਨੂੰ ਦੁਖ ਪੁਚਾਯਾ ਕੋਈ।
ਤਬਾ[2] ਹਜ਼ੂਰੀ ਬੰਦੀ[3] ਵਲੋਂ ਕਿਉ ਬਰਗਸ਼ਤਾ[4] ਹੋਈ ?
ਸੁਣ ਸੁਣ ਗਲ ਕਲੇਜਾ ਪਾਟੇ ਉਛਲ ਮੂੰਹ ਨੂੰ ਆਵੇ।
ਹੈਂ ਰੱਬਾ ! ਮਤ ਪੀਆ ਪਯਾਰਾ ਪਾ ਵਿਛੋੜਾ ਜਾਵੇ।
ਖਿੜਕੇ ਜੀਭ ਜਿਸਮ ਪਿਆ ਕੰਬੇ ਅੱਖੋਂ ਵਗਣ ਧਾਰਾ।
ਕੋਲੇ ਹੋਯਾ ਜਿਗਰ ਵਿਚਾਰਾ ਕਰ ਕਰ ਆਹ ਪੁਕਾਰਾਂ।
ਰਾਜ ਗਵਾਯਾ, ਮਾਲ ਗਵਾਯਾ, ਚੈਨ ਆਰਾਮ ਗਵਾਯਾ।
ਸ਼ਾਕ, ਕਬੀਲੇ, ਮਾਪੇ, ਪੁਤਰ, ਸਭ ਕੁਝ ਹੋਯਾ ਪਰਾਯਾ।
ਤਿਣਕਾ ਤੋੜ ਸਭਸ ਦੇ ਵਲੋਂ ਕੀਤਾ ਪੀਆ ਪਿਆਰਾ।
ਦੁਖ ਸੁਖ ਨਾਲ ਪੀਆ ਦੇ ਰਹਿ ਕੇ ਭੋਗਾਂ ਕਰਾਂ ਗੁਜ਼ਾਰਾ।
ਹਾਂਇ ਅਫਸੋਸ, ਪੀਆ ਪਰ ਤੂੰ ਭੀ ਲੱਗੀ ਪ੍ਰੀਤ ਨਾ ਪਾਲੀ।
ਜੰਗਲ ਬਰਵਰ ਵਿਚ ਲਿਆ ਕੇ ਚੰਗੀ ਪਿਠ ਵਖਾਲੀ।
ਇਸ ਸੁੰਨਸਾਨ ਉਜਾੜੇ ਅੰਦਰ ਕਿਸਦੇ ਕਰੋ ਹਵਾਲੇ ?
ਮੇਹਰ ਮੁਹੱਬਤ ਵਾਲੜਿਆਂ ਦੇ ਏਹੋ ਹੁੰਦੇ ਚਾਲੇ ?
ਯਾਦ ਕਰਾਵਾਂ ਅਜ ਪੀਆ ਨੂੰ ਉਹ ਇਕਰਾਰ ਪੁਰਾਣਾ।
ਵਿਚ ਸਵਯੰਬਰ ਕੀਤਾ ਸੀ ਜੋ ਸੁਆਮੀ ਨਾਲ ਜਬਾਨਾ।
ਓਹ ਪਿਆਰ ਗਿਆ ਅਜ ਕਿਥੇ ਮੁੜ ਮੁੜ ਧੱਕੇ ਦੇਂਦੇ ?
ਸ਼ਾਇਦ ਸੂਰਤ ਮੇਰੀ ਤਾਈਂ ਮੂਲ ਨਾ ਵੇਖ ਸਕੇਂਦੇ।
ਜੇ ਪੀਆ ਮੈਂ ਲੱਥੀ ਦਿਲ ਤੋਂ ਕਜ਼ੀਆ ਹੁਣੇ ਮੁਕਾਓ।
ਜਿਸ ਦਰਯਾ ਦਾ ਰਾਹ ਦਸੇਂਦੇ ਓਸੇ ਵਿਚ ਡੁਬਾਓ।
ਨਿਕਲੇ ਜਾਨ ਸੁਰਖਰੂ ਹੋਵਾਂ, ਹੋਵੇ ਬੱਸ ਕਹਾਨੀ।
ਦਫਤਰ ਬੰਦ ਕਰੋ ਖਾਂ ਹੱਥੀਂ ਸਾੜੇ ਨਾਹ ਜਬਾਨੀ।
ਇਕ ਨਿਰਜਨ ਬਨ[5] ਅੰਦਰ ਪੀਆ, ਜੇਕਰ ਸਾਥ ਛੁਡਾਵਾਂ।
ਕਰੋ ਨਿਆਉਂ ਤੁਸੀਂ ਹੀ ਦਸੋ ਕੇਹੜੇ ਪਾਸੇ ਜਾਵਾਂ ?
ਰਾਹ ਪਿਤਾ ਦੀ ਨਗਰੀ ਵਾਲਾ ਦਸੋ ਨਾਲ ਬਹਾਨੇ।
ਹੇ ਕਰਤਾਰ ! ਤੇਰੀ ਇਹ ਕੁਦਰਤ ਤੂੰ ਹੀ ਇਸਨੂੰ ਜਾਨੇਂ।
ਸਭ ਸੁਖ ਚੈਨ ਪੀਆ ਦੇ ਕਦਮਾਂ ਉਤੋਂ ਘੋਲ ਘੁਮਾਏ।
ਸੰਗ ਪੀਆ ਦਾ ਚਾਹਿਆ ਦਿਲ ਥੀਂ ਸਭ ਸੁਖ ਹੋਰ ਭੁਲਾਏ।
ਏਹ ਭੀ ਸ਼ਾਇਦ ਹੇ ਪਰਮੇਸ਼ਰ ਤੈਨੂੰ ਨਾਹੀਂ ਭਾਵੇਂ।
ਸਿਰ ਦਾ ਸਾਈਂ ਭੀ ਅਜ ਮੇਰਾ ਮੈਥੋਂ ਲੜ ਛੁਡਵਾਵੇ।

---

1. ਬੇਹੌਸਲਾ, ਅਧੀਰਜ। 2. ਤਬੀਅਤ। 3. ਦਾਸੀ। 4. ਬੇਮੁਖ ਹੋਣਾ ਅਸਲੀ ਰੂਪ ਬਰਗਸ਼ਤਾਨ ਹੈ।
5. ਬੇਆਬਾਦ, ਸੁੰਨਾ ਜੰਗਲ।

ਮੈਂ ਪਾਪਣ, ਕੀ ਰੋਲ ਰੋਲੇ ਕੇ ਮਾਰੇਂਗਾ ਕਰਤਾਰਾ।
ਚਾਤ੍ਰਿਕ ਖੈਰ ਨਾ ਜਿੰਦੜੀ ਦੀ ਜੇ ਛੁਟਾ ਪੀਆ ਪਿਆਰਾ।

ਰਾਜਾ ਨਲ ਦਾ ਕਹਿਣਾ ਦਮਜੰਤੀ ਨੂੰ

ਹੇ ਪਯਾਰੀ ! ਤੂੰ ਗੁੱਸਾ ਕਰਕੇ ਰੰਜਸ਼ ਕਾਹਨੂੰ ਕੀਤੀ ?
ਮੈਂ ਇਕ ਗੱਲ ਸੁਭਾਵਕ ਕੀਤੀ ਗੱਲ ਮੇਰੀ ਫੜ ਲੀਤੀ।
ਤੇਰੇ ਜੈਸੀ ਕਾਮ ਕੰਦਲਾ[1] ਕੌਣ ਵਿਛੋੜਨ ਚਾਹੇ ?
ਕੇਹੜਾ ਪਾਪੀ ਹੋਵੇਗਾ ਜੋ ਤੈਨੂੰ ਦਿਲ ਤੋਂ ਲਾਹੇ ?
ਸੁਪਨੇ ਵਿਚ ਵਿਛੋੜਨ ਵਾਲਾ ਕਦੇ ਖਿਆਲ ਨਾ ਆਵੇ।
ਹਰ ਦਮ ਨਾਲ ਤੇਰੇ ਦਿਨ ਕੱਟਾਂ ਦਿਲ ਮੇਰਾ ਇਹ ਚਾਹਵੇ।
ਐਪਰ ਦੁਖ ਕਜ਼ੀਏ ਆਏ ਜਦ ਵੇਖਾਂ ਮੂੰਹ ਅਗੇ।
ਤੇਰਾ ਸੁੰਦਰ ਮੁਖੜਾ ਵੇਖਿਆਂ ਅਗ ਦਿਲੇ ਨੂੰ ਲਗੇ।
ਹੇ ਕਰਤਾਰ ! ਨਾਰ ਇਹ ਨਾਜ਼ਕ ਕੀਕਰ ਦੁਖ ਸਹਾਰੇ।
ਢਿਡੋਂ ਭੁਖੀ, ਭੁੰਜੇ ਸੌਂ ਕੇ ਕੀਕਰ ਰਾਤ ਗੁਜ਼ਾਰੇ।
ਤਰਸ ਪਏ ਤੁਧ ਕੋਮਲ ਉਤੇ ਬਲ ਬਲ ਆਵਨ ਆਹੀਂ।
ਹੋਰ ਸਬਬ ਏਸ ਦਾ ਪਿਆਰੀ ਕੋਈ ਰੰਜਸ਼ ਨਾਹੀਂ।
ਤੂੰ ਕਮਜ਼ੋਰ ! ਕਰੇਂ ਹਠ ਮੁੜ ਮੁੜ ਮੈਂ ਮੁੜ ਮੁੜ ਸਮਝਾਵਾਂ।
ਏਥੇ ਕਾਰਣ ਭੀਮ ਨਗਰ ਦਾ ਤੈਨੂੰ ਰਾਹ ਵਸਾਵਾਂ।
ਨਾ ਕਰ ਗੁੱਸਾ ਜਾਨ ਪਿਆਰੀ ਮੰਨ ਅਜੇ ਭੀ ਆਖਾ।
ਜਿਸ ਮਾਲਕ ਨੇ ਪੈਦਾ ਕੀਤਾ ਮੇਰਾ ਹੋਸੀ ਰਾਖਾ।
ਮੇਰੇ ਕਾਰਣ ਦੂਖ ਕਜ਼ੀਏ ਕਾਹਨੂੰ ਪਈ ਸਹਾਰੇਂ ?
ਨਾਲ ਮੇਰੇ ਕਿਉਂ ਪਈ ਟੱਕਰਾਂ ਜੰਗਲ ਦੇ ਵਿਚ ਮਾਰੇਂ।
ਆਦਮੀਆਂ ਨੂੰ ਰਬ ਬਨਾਯਾਂ ਬਡੇ ਜਿਗਰੇਵਾਲਾ।
ਦੁਖ, ਸੁਖ ਕੱਟਨ ਨਾਲ ਸਬਰ ਦੇ ਲੰਘੇ ਵਕਤ ਸੁਖਾਲਾ।
ਔਰਤ ਦਿਲ ਕਮਜ਼ੋਰ ਬਣਾਯਾ ਧੀਰਜ ਦਿਤੀ ਥੋੜੀ।
ਦੁਖਾਂ ਤਾਈਂ ਸਹਾਰ ਨਾ ਸਕੇ ਔਰਤ ਦੀ ਕਮਜ਼ੋਰੀ।
ਤੂੰ ਪੇਕੇ ਜਾ ਬਾਲ ਸੰਭਾਲੇਂ ਮੈਂ ਹਾਂ ਇਸ ਵਿਚ ਰਾਜ਼ੀ।
ਮੇਰੇ ਉਪਰ ਰਬ ਕਰੇਗਾ ਆਪ ਗਰੀਬ ਨਿਵਾਜ਼ੀ।
ਰੰਜ ਕਰਨ ਦਾ ਵਕਤ ਨਾਹੀਂ, ਦੁਖ ਕੱਟਨ ਦਾ ਹੈ ਵੇਲਾ।
ਚਾਤ੍ਰਿਕ ਰਲ ਮਿਲ ਵਕਤ ਲੰਘਾਓ ਚਾਰ ਦਿਨਾਂ ਦਾ ਮੇਲਾ।

1. ਮਾਧਵ ਨਲ ਤੇ ਕਾਮ ਕੰਦਲਾ ਦੀ ਪ੍ਰੀਤ ਕਹਾਣੀ ਦੀ ਨਾਇਕਾ।

ਰਾਣੀ ਦਮਯੰਤੀ ਦਾ ਜਵਾਬ ਪਤੀ ਨੂੰ ਮੈਂ ਕੱਖਾਂ ਨਾਲੋਂ ਭੀ ਹੌਲੀ ਹਾਂ

ਮੈਂ ਕਹਿਆ ਇਕ ਵਾਰ ਸੁਆਮੀ ਮੈਂ ਨਾ ਸੰਗ ਤਿਆਗਾਂ।
ਭੁਖ ਪਿਆਸ ਸਹਾਰਾਂ ਸਿਰ ਤੇ ਰਾਤ ਉਨੀਂਦੇ ਜਾਗਾ।
ਸਾਰੇ ਦੁਖ ਸਹਾਰ ਲਵਾਂ ਪਰ ਸਹਿ ਨਾ ਸਕਾਂ ਵਿਛੋੜਾ।
ਦੁਖ ਵਿਛੋੜਾ ਸਹਿਣ ਨਾ ਜੋਗਾ ਔਰਤ ਦਾ ਦਿਲ ਥੋੜਾ।
ਬਨ ਦੇ ਦੁਖ ਸੁਣਾਏ ਜਿਹੜੇ ਬੇਮਲੂਮੇ ਸਾਰੇ।
ਦੁਖ ਵਿਛੋੜੇ ਨਾਲੋਂ ਹੇਠਾਂ ਸਾਰੇ ਹੈਨ ਵਿਚਾਰੇ।
ਨਾਰੀ ਦਾ ਦਿਲ ਆਪੇ ਦਸੋ ਦੁਖ ਸਹਾਰ ਨਾ ਸਕੇ।
ਦੁਖਾਂ ਦੇ ਵਿਚ ਪਾਵਨ ਖਾਤਰ ਆਪੇ ਦੇਂਦੇ ਧੱਕੇ।
ਦੁਖਾਂ ਦਾ ਸਰਦਾਰ, ਵਿਛੋੜਾ ਮੈਂ ਪਾਪਣ ਨੂੰ ਪਾਂਦੇ।
ਵਾਹਵਾ ਦਯਾ ਪੀਆ ਦੀ ਵੇਖੀ ਤਰਸ ਅਨੋਖਾ ਖਾਂਦੇ।
ਉਸ ਦੁਖੋਂ ਜੋ ਦੁਖ ਵਧੇਰਾ ਦਸ ਦਿਓ ਖਾਂ ਕੇਹੜਾ।
ਸੋਚ ਲਿਆ ਜੇ ਸੁਖ ਦਾ ਕਾਰਣ ਮੇਰੀ ਖਾਤਰ ਜੇਹੜਾ।
ਪੀਆ ਨਾ ਹੋਵੇ ਪਾਸ ਜਿਦ੍ਹੇ ਉਹ ਜੀਉਂਦੀ ਜਿੰਦੋਂ ਮਰਦੀ।
ਉਸ ਕੀ ਸੁਖ ਵਿਚਾਰੀ ਪੌਣਾ ਮਾਰੀ ਹੋਈ ਧੁਰ ਦੀ ?
ਲੇਫ ਸਿਰ੍ਹਾਣੇ ਪਲੰਘ, ਨਿਹਾਲੀ[1] ਖਾਲੀ ਕਟ ਕਟ੍ਹ ਖਾਂਦੇ।
ਮਹਿਲ ਮੁਨਾਰੇ ਉਚ ਚੁਬਾਰੇ ਸੁੰਞੇ ਜਾਨ ਡਰਾਂਦੇ।
ਖਾਣਾ ਪੀਣਾ ਹੱਸਣ ਖੇਡਣ, ਸੁਪਨੇ ਵਿਚ ਨਾ ਆਵੇ।
ਪੀਆ ਵਿਜੋਗ ਵਿਜੋਗਣ ਗਿਣ ਗਿਣ ਤਾਰੇ ਰਾਤ ਲੰਘਾਵੇ।
ਦੁਸ਼ਮਨ ਵੇਹੜਾ, ਦੂਤੀ ਮਾਪੇ ਵੈਰੀ ਸਾਕ ਕਬੀਲੇ।
ਕੱਖੋਂ ਹੌਲੀ ਨਾਰੀ ਹੋਵੇ ਖਾਵੰਦ[2] ਬਾਝ ਵਸੀਲੇ।
ਸੁੰਞੀ ਸੇਜ ਸੁਖਾਂ ਦੀ ਨਾਲੋਂ ਸੱਥਰ ਚੰਗਾ ਤੇਰਾ।
ਵਿਚ ਜੁਦਾਈ ਅੰਮ੍ਰਿਤ ਮੰਦਾ, ਤੇਰਾ ਜ਼ਹਿਰ ਭਲੇਰਾ।
ਦੁਖ ਵਿਛੋੜਾ ਜੇਕਰ ਹੁੰਦੀ ਜਾਨ ਸਹਾਰਨ ਜੋਗੀ।
ਤੁਰਦੀ ਕਾਹਨੂੰ ਨਾਲ ਪੀਆ ਦੇ ਸਾਂਗ ਬਣਾ ਕੇ ਸੋਗੀ।
ਤਾਂ ਤੇ ਛੱਡ ਖਿਆਲ ਸੁਆਮੀ ਦਿਲ ਤੋਂ ਗੱਲ ਭੁਲਾਓ।
ਨਾਲ ਲਏ ਦੀ ਲੱਜਾ ਪਾਲੋ ਮੁੜ ਮੁੜ ਨਾ ਸਮਝਾਓ।
ਲੜ ਲਾਈ ਦੀ ਲਾਜ ਤੁਸਾਨੂੰ ਬਾਂਹ ਪਕੜੀ ਹੈ ਮੇਰੀ।
ਔਖੇ ਹੋ ਯਾ ਸੌਖੇ ਹੋ ਕੇ ਕੱਟ ਲਓ ਇਸ ਵੇਰੀ।
ਮੈਂ ਦਰ ਡਿਗੀ ਜਾਨ ਨਿਮਾਣੀ ਮੁੜ ਮੁੜ ਦਿਓ ਨਾ ਧੱਕੇ।
ਦਿਲ ਬੇਜਿਗਰਾ ਡਰਦਾ ਮੇਰਾ ਦੁਖ ਸਹਾਰ ਨਾ ਸੱਕੇ।

---

1. ਰਜ਼ਾਈ। 2. ਪਤੀ।

ਸ਼ਹੁ ਦਰਵਾਜ਼ੇ ਖੜੀ ਸਵਾਲਣ ਖੈਰ ਦਯਾ ਦਾ ਪਾਓ।
ਅਮਲਾਂ ਬਾਝੋਂ ਜਿੰਦ ਨਿਮਾਣੀ ਬੰਦੀ ਬੰਨੇ ਲਾਓ।
ਹਾਂ ਜੇ ਆਪ ਕਰੋ ਇਹ ਕਿਰਪਾ ਚੱਲੋ ਮੇਰੇ ਪੇਕੇ।
ਨਾ ਦੁਖ ਆਪ ਸਹਾਰੋ ਕੋਈ, ਨਾ ਦੁਖ ਮੈਨੂੰ ਸੇਕੇ।
ਮੰਨੋ ਜੇ ਇਹ ਬਿਨਤੀ ਮੇਰੀ ਲੱਖ ਹਜ਼ਾਰਾਂ ਵੱਟਾਂ।
ਤਾਂ ਫਿਰ ਪੇਕੇ ਜਾਣੋਂ ਮੈਂ ਭੀ ਮੂਲ ਨਾ ਪਿਛੇ ਹਟਾਂ।
ਬਾਲਾਂ ਦਾ ਜਾ ਦਰਸ਼ਨ ਪਾਸਾਂ ਠੰਢ ਕਲੇਜੇ ਪੈਸੀ।
ਜੇਕਰ ਆਪ ਸਿਰੇ ਤੇ ਹੋਸੋ ਫੇਰ ਮੁਸੀਬਤ ਕੈਸੀ ?
ਆਪ ਖੁਸ਼ੀ ਤੇ ਮੈਂ ਭੀ ਰਾਜ਼ੀ ਬੱਚੇ ਭੀ ਖੁਸ਼ ਹੋਸਨ।
ਮਾਈ ਬਾਬਲ ਕਰ ਕਰ ਚੇਤੇ ਓਹ ਮਾਸੂਮ[1] ਨਾ ਰੋਸ਼ਨ।
ਮਾਪੇ ਮੇਰੇ ਧੀ, ਜਵਾਈ ਵੇਖ ਹੋਵਨਗੇ ਰਾਜ਼ੀ।
ਹੱਦੋਂ ਵਧ ਕਰਨਗੇ ਸਾਡੀ ਓਹ ਮਹਿਮਾਨ ਨਿਵਾਜ਼ੀ।
ਚੰਦ ਚੜ੍ਹੇਗਾ ਵੇਖ ਜੁਆਈ, ਪੁਤੋਂ ਵਧ ਪਿਆਰਾ।
ਦੁਖ ਮੁਸੀਬਤ ਵੇਖਦਿਆਂ ਹੀ ਭੁਲ ਜਾਏਗਾ ਸਾਰਾ।
ਛੱਡੋ ਜੰਗਲ, ਮੰਗਲ ਹੋਸਨ ਏਥੋਂ ਕਰੋ ਕਿਨਾਰਾ।
ਏਹ ਤਕਲੀਫ਼ਾਂ ਸੁਪਨੇ ਦੇ ਵਿਚ ਦੇਸਨ ਨਾਹਿ ਨਜ਼ਾਰਾ।
ਮੈਂ ਰਾਜ਼ੀ ਤੇ ਸਾਂਈ ਰਾਜ਼ੀ ਬਚੇ ਰਾਜ਼ੀ ਮੇਰੇ।
ਪਾਲੋ ਮਿਹਰ ਕਰੋ ਇਹ ਕਾਰੀ[2], ਦੁਖ ਨਾ ਇਸ ਵਿਚ ਰਾਈ।
ਚਾਤ੍ਰਿਕ ਚਲੋ ਭੀਮ ਨਗਰ ਨੂੰ ਹੋਸੀ ਦੂਰ ਤਬਾਹੀ।

ਰਾਜਾ ਨਲ ਦਾ ਕਹਿਣਾ ਦਮਯੰਤੀ ਨੂੰ ਕਿ ਮੈਂ ਏਸ ਹਾਲ ਵਿਚ ਨਹੀਂ ਜਾਣਾ

ਜੇ ਪਿਆਰੀ ਤੂੰ ਗੁਸਾ ਮੰਨੇ ਹੱਛੀ ਗਲ ਨਾ ਲੱਗੇ।
ਤਾਂ ਮੈਂ ਗੱਲ ਵਿਛੋੜੇ ਵਾਲੀ ਕਰਾਂ ਨਾ ਤੇਰੇ ਅਗੇ।
ਪੇਕੇ ਤੇਰੇ ਜਾਵਨ ਨੂੰ ਮੈਂ ਨਾਂਹ ਕਦੇ ਨਾ ਕਰਦਾ।
ਜੇਕਰ ਮੇਰਾ ਰਾਜ ਮੁਲਕ ਨਾ ਜੂਏ ਦੇ ਵਿਚ ਹਰਦਾ।
ਐਪਰ ਇਸ ਵੇਲੇ ਕੰਗਾਲੀ ਪੇਸ਼ ਮੇਰੇ ਹੈ ਆਈ।
ਮੰਦੇ ਹਾਲ ਨਾ ਚੰਗੇ ਲਗਣ ਸਹੁਰੇ ਗਏ ਜਵਾਈ।
ਜੀਕਰ ਓਹ ਮੁਲਕ ਦਾ ਵਾਲੀ ਮੈਂ ਭੀ ਓੜਕ ਰਾਜਾ।
ਕੀ ਹੋਇਆ ਜੇ ਬੁਰੇ ਨਸੀਬਾਂ ਭੀੜ ਲਿਆ ਦਰਵਾਜਾ।
ਰਾਜੇ ਅਗੇ ਰਾਜਾ ਜਾਵੇ, ਵਕਤ ਪਏ ਸਿਰ ਭਾਰੇ।
ਸ਼ਰਮ ਨਾ ਅੱਖਾਂ ਪੁਟਣ ਦੇਵੇ ਗੈਰਤ ਜਾਨੋਂ ਮਾਰੇ।

1. ਭਾਵ ਨਿਰਦੋਸ਼ ਬੱਚੇ। 2. ਦਵਾਈ।

ਬੇਸ਼ਕ ਓਹ ਸਤਕਾਰ ਕਰਨਗੇ, ਸ਼ਕ ਨਾ ਇਸ ਵਿਚ ਕੋਈ।
ਮੈਂ ਪਰ ਐਸੀ ਹਾਲਤ ਅੰਦਰ ਲੈਣ ਨਾ ਜਾਸਾਂ ਢੋਈ।
ਜਿਥੇ ਜਾ ਦਿਖਾਈ ਸੀ ਮੈਂ ਰਾਜ ਮੁਲਕ ਸਰਦਾਰੀ।
ਓਥੇ ਜਾ ਦਿਖਾਵਾਂ ਕੀਕਰ ਹਾਲਤ ਏਹ ਨਿਕਾਰੀ।
ਸਹੁਰੇ ਖਾਤਰਦਾਰੀ ਅੰਦਰ ਕਸਰ ਨਾ ਰਖਣ ਬਾਕੀ।
ਮੈਨੂੰ ਯਾਦ ਉਨ੍ਹਾਂ ਦੀ ਆਹੀ ਸਾਰੀ ਖੁਸ਼-ਇਖਲਾਕੀ[1]।
ਐਪਰ ਓਹ ਅਰਾਮ ਤਮਾਮੀ[2] ਇਸ ਤਕਲੀਫੋਂ ਮੰਦੇ।
ਬਿਪਤਾ ਦੇ ਵਿੱਚ ਕੌੜੇ ਲਗਸਨ ਮਿਠੇ ਓਹਨਾਂ ਸੰਦੇ।
ਘੁਟ ਲਹੂ ਦੇ ਪੀ ਪੀ ਕੇ ਮੈਂ ਆਪਣਾ ਆਪ ਗਵਾਸਾਂ।
ਬੈਠ ਪਰਾਏ ਚੁਲ੍ਹੇ ਅਗੇ ਰਤੀ ਅਰਾਮ ਨਾ ਪਾਸਾਂ।
ਬੇਸ਼ਕ ਤੂੰ ਜੇ ਜਾਣਾ ਚਾਹੇਂ ਨਾਲ ਖੁਸ਼ੀ ਦੇ ਤੋਰਾਂ।
ਐਪਰ ਦੇਸ ਪਰਾਏ ਅੰਦਰ ਜਾਸਾਂ ਵਾਂਗ ਨਾ ਚੋਰਾਂ।
ਦਿਨ ਫੇਰੇਗਾ ਜਦੋਂ ਪਿਆਰਾ ਲਸ਼ਕਰ ਫੌਜਾਂ ਲੈਕੇ।
ਜਾਵਾਂਗਾ ਮੈਂ ਖੁਸ਼ੀਆਂ ਕਰਦਾ ਓਦੋਂ ਤੇਰੇ ਪੇਕੇ।
ਜਾ ਪੇਕੇ ਯਾ ਸਹੁ ਦੁਖ ਏਥੇ ਏਹ ਹੁਣ ਮਰਜ਼ੀ ਤੇਰੀ।
ਮੈਂ ਤਾਂ ਤੇਰੀ ਖਾਤਰ ਪਿਆਰੀ ਲਾਈ ਵਾਹ ਬਥੇਰੀ।
ਜੇ ਤੂੰ ਸਾਥ ਨਾ ਛਡੇਂ ਮੇਰਾ, ਮੈਂ ਭੀ ਤੇਰਾ ਸੰਗੀ।
ਕੱਟ ਲਵਾਂਗੇ ਦੋਵੇਂ ਰਲਕੇ ਹਾਲਤ ਮੰਦੀ ਚੰਗੀ।
ਦੇ ਦਿਲਬਰੀਆਂ[3] ਨਾਰੀ ਤਾਈਂ ਉਸਦਾ ਰੰਜ ਹਟਾਇਆ।
ਦੁਖ ਸਹਾਰਨ ਕਾਰਨ ਦੋਹਾਂ ਅਗੇ ਕਦਮ ਉਠਾਇਆ।
ਖਾਲੀ ਪੇਟ, ਸਰੀਰੋਂ ਨੰਗੇ, ਧੁਪਾਂ ਵਿਚ ਹੁਨਾਲੇ।
ਬਾਲੂ ਤੇਰੇ ਪੈਰੋਂ ਨੰਗੇ ਪੈਂਡੇ ਪਾਏ ਛਾਲੇ।
ਨਾਰੀ ਦਾ ਦੁਖ ਦੇਖ, ਪੀਆ ਦਾ ਪਿਆ ਕਲੇਜਾ ਰਿਝੇ।
ਮੁਕੀ ਪਏ ਜਿਗਰ ਵਿਚ ਗੁਝੀ, ਦਾਰੂ ਕੋਈ ਨਾ ਸੁਝੇ।
ਦਿਲ ਦੇ ਅੰਦਰ ਸੋਚਾਂ ਸੋਚੇ ਹੇ ਪਰਮੇਸ਼ਰ ਮੇਰੇ।
ਇਸ ਬੇਦੋਸਨ ਨਾਰੀ ਨੇ ਕੀ ਮਾਂਹ ਉਖੇੜੇ ਤੇਰੇ।
ਮੈਨੂੰ ਮਿਲੀ ਸਜ਼ਾ ਮੁਨਾਸਬ ਕੀਤੇ ਦਾ ਫਲ ਪਾਇਆ।
ਏਸ ਵਿਚਾਰੀ ਨੇ ਪਰ ਰੱਬਾ ਕੇਹੜਾ ਪਾਪ ਕਮਾਇਆ ?
ਹੇ ਸੂਰਜ ਭਗਵਾਨ ! ਸੁਆਮੀ ਤੂੰ ਕੁਝ ਕਰੀਂ ਸਹਾਈ।
ਤੇਰਾ ਤੇਜ਼ ਸਹਾਰ ਨਾ ਸਕੇ ਦਮਯੰਤੀ ਘਬਰਾਈ।
ਸੀਤਲ ਹੋ ਜਾ ਕਿਰਪਾ ਕਰਕੇ ਚੰਦਰਮਾਂ ਦੀ ਨਿਆਈਂ।
ਕੋਮਲ ਫੁਲ ਕਲੀ ਕੁਮਲਾਈ ਇਸਨੂੰ ਠੰਢਕ ਪਾਈਂ।

---

1. ਚੰਗੀ ਮਿਠੀ ਵਰਤੋਂ। 2. ਸਾਰੇ। 3. ਤਸੱਲੀਆਂ।

ਹੇ ਪਰਬਤ ! ਤੂੰ ਮਿਹਰ ਕਰੀਂ ਹੁਣ ਬੇਦਿਲ ਹੋ ਗਈ ਰਾਣੀ।
ਪੱਥਰ ਸਖਤ ਸੁਜਾਵੇ ਪੈਰਾਂ, ਕਰਦੇ ਪਾਣੀ ਪਾਣੀ।
ਹੇ ਕ੍ਰਿਪਾਲੂ ਰਸਤੜਿਆ ! ਕੁਝ ਤੂੰ ਭੀ ਹੋ ਜਾ ਹੌਲਾ।
ਤੁਰਦੀ ਤੁਰਦੀ ਰਾਣੀ ਦਾ ਰੰਗ ਹੁੰਦਾ ਜਾਂਦਾ ਸੌਲਾ।
ਤਿੱਖੀ ਪੌਣੇ, ਤੂੰ ਕਰ ਕਿਰਪਾ, ਧਾਰ ਲਈਂ ਕੁਝ ਨਰਮੀ।
ਠੰਢੀ ਹੋ ਕੇ ਵਗੀਂ, ਨਾ ਪਹੁੰਚਾਵੀਂ ਐਡੀ ਗਰਮੀ।
ਮੱਠੀ ਮੱਠੀ ਹੋ ਕੇ ਚਲੀਂ ਲਥੇ ਸਭ ਥਕੇਵਾਂ।
ਤੂੰ ਨਾਰੀ ਇਸ ਨਾਰੀ ਦਾ ਕੁਝ ਕਰ ਲੈ ਦਰਦ ਵੰਡੇਵਾਂ।
ਧਰਤੀ ਮਾਤਾ, ਕੋਮਲ ਹੋ ਜਾ, ਕੂਲੀ ਰੇਸ਼ਮ ਨਾਲੋਂ।
ਸੁਜੇ ਪੈਰ ਪਿਆਰੀ ਦੇ ਤੂੰ ਨਰਮੀ ਕੱਢ ਪਤਾਲੋਂ।
ਜੇ ਦੁਖ ਪਏ ਪਿਆਰੀ ਨੂੰ ਤਾਂ ਦੇਵੇਂ ਤਾਬ ਸਹਿਣ ਦੀ।
ਮਹਿਲਾਂ ਦੇ ਵਿਚ ਵੱਸਣ ਵਾਲੀ ਹਿੰਮਤ ਕਰੇ ਚਲਣ ਦੀ।
ਜੇਹੜੀ ਕਦਮ ਤੁਰੀ ਨਾ ਪੈਰੀਂ ਬਾਲੂ[1] ਦੇ ਵਿਚ ਰੁਲਦੀ।
ਖਾਰਾਂ ਵਿੰਨ੍ਹ ਛਾਨਣੀ ਕੀਤੀ ਸ਼ਕਲ ਗੁਲਾਬੀ ਫੁਲ ਦੀ।
ਤੁਰਿਆ ਜਾਂਦਾ ਸੋਚਾਂ ਅੰਦਰ ਨਾਲੇ ਹਾੜੇ ਪਾਵੇ।
ਐਪਰ ਵਿਚ ਮੁਸੀਬਤ ਯਾਰੋ ਕੋਈ ਨਾ ਦੁਖ ਵੰਡਾਵੇ।
ਦੇਵਤਿਆਂ ਨੇ ਵਰ ਦੇ ਦੇ ਕੇ ਭਰ ਦਿਤਾ ਸੀ ਪੱਲਾ।
ਅਜ ਮੁਸੀਬਤ ਸਿਰ ਤੇ ਆਈ ਹੋਯਾ ਕੰਮ ਅਵੱਲਾ।
ਕਿਸਮਤ ਜੇਕਰ ਸਿੱਧੀ ਹੋਵੇ ਸਿੱਧੇ ਹੋਵਨ ਸਾਰੇ।
ਦੁਖਾਂ ਤੇ ਤਕਲੀਫਾਂ ਅੰਦਰ ਕੋਈ ਝਾਤ ਨਾ ਮਾਰੇ।
ਉਤੋਂ ਧੁਪਾਂ, ਹੇਠੋਂ ਗਰਮੀ, ਤੱਤੀ ਵਾ ਦੁਵਾਲੇ।
ਤਤੇ ਲੇਖ, ਕਲੇਜਾ ਤੱਤਾ, ਤੱਤਾ ਤਨ ਮਨ ਜਾਲੇ।
ਤੱਤੇ ਦੇ ਘਰ ਤੱਤੇ ਆਏ ਤੱਤੇ ਕਰਮਾਂ ਵਾਲੇ।
ਤੱਤੇ ਤੱਤ ਚੁਫੇਰੇ ਦਿਸੇ, ਠੰਢ ਨਾ ਮੁਖ ਵਿਖਾਲੇ।
ਰੋਂਦੇ ਤੇ ਕੁਰਲਾਂਦੇ ਚਲੇ, ਜਾਂਦੇ ਮਾਰਨ ਢਾਂਹੀ।
ਓਨ੍ਹੀਂ ਓਨ੍ਹੀਂ ਥਾਈਂ ਪਹੁੰਚੇ, ਡਿਠੇ ਨਹੀਂ ਕਦਾਈਂ।
ਜੰਗਲ ਬੇਲਾ ਪਿਆ ਝਮੇਲਾ ਰੁਖਾਂ ਨਾਲ ਅੰਧੇਰਾ।
ਦਿਨ ਦੀਵੀਂ ਭੀ ਜਿਸਦੇ ਅੰਦਰ ਧੁਪ ਨਾ ਪਾਵੇ ਫੇਰਾ।
ਸੂਲਾਂ ਸੇਜ ਜ਼ਿਮੀ ਤੇ ਵਿਛੀ ਅੱਖੀਂ ਨਜ਼ਰ ਨਾ ਆਵੇ।
ਨਾਲ ਅਰਾਮ ਜਿਨ੍ਹਾਂ ਦੇ ਉਤੇ ਕਦਮ ਨਾ ਤੁਰਿਆ ਜਾਵੇ।
ਇਕ ਦਮ ਤੁਰਨ, ਪੁੜਨ[2] ਜਦ ਸੂਲਾਂ, ਪੁਟ ਪੁਟ ਫੇਰ ਚਲੇਂਦੇ।
ਅਗਲੀ ਪੀੜ ਨਾ ਹੁੰਦੀ ਮੱਠੀ ਹੋਰ ਨਵੇਂ ਦੁਖ ਦੇਂਦੇ।

1. ਰੇਤ। 2. ਚੁਭਣ।

ਸੂਲਾਂ ਨਹੀਂ, ਨਾਗ ਸਨ ਕਾਲੇ ਭੌਂ ਭੌਂ ਡੰਗ ਚਲਾਂਦੇ।
ਸਾਂਗਾਂ ਵਾਂਗ ਧਸੇਂਦੇ[1] ਕੰਢੇ ਜ਼ਹਿਰੀ ਕਟ ਕਟ ਖਾਂਦੇ।
ਲਹੂ ਲੁਹਾਣ ਹੋਏ ਪਬ ਦੋਵੇਂ ਵਾਂਗ ਛਾਨਣੀ ਵਿਧੇ।
ਘੁਛਾ ਕਰਨ ਕਲੇਜਾ ਭੀ ਹੁਣ ਪੈਰ ਨਾ ਹੁੰਦੇ ਸਿਧੇ।
ਸਾਰਾ ਦਿਨ ਇਸ ਜੰਗਲ ਦੇ ਵਿਚ ਦੁਖਾਂ ਨਾਲ ਲੰਘਾਇਆ।
ਐਪਰ ਸਫ਼ਰ ਹਨੇਰੇ ਦੇ ਵਿਚ ਥੋਹੜਾ ਜਿਹਾ ਮੁਕਾਇਆ।
ਪੂਰਬ ਦਾ ਸਰਦਾਰ ਦਿਲਾਵਰ ਰੋਸ਼ਨ ਫੌਜਾਂ ਵਾਲਾ।
ਮਾਰੋ ਮਾਰੀ ਕਰਦਾ ਕਰਦਾ ਥੱਕ ਗਿਆ ਮਤਵਾਲਾ।
ਪਛੋਂ ਵਲ ਜਾਏ ਹੁਣ ਡਿਗਦਾ, ਮਾਤ ਹੋਈ ਸ਼ਾਹਜ਼ਰੀ।
ਸਾਰੀ ਰਾਤ ਅਰਾਮ ਕਰਨ ਨੂੰ ਵਾਗ ਘਰਾਂ ਵਲ ਮੋੜੀ।
ਦੋ ਦੁਖੀਏ ਦਿਨ ਸਾਰਾ ਡਿਠੇ, ਛਾਈ ਬੜੀ ਉਦਾਸੀ।
ਵੇਖ ਨਾ ਸਕੇ ਦੁਖ ਇਨ੍ਹਾਂ ਦੇ ਸੂਰਤ ਹੋਈ ਨਿਰਾਸੀ।
ਗਮ ਥੀਂ ਹੋਇਆ ਫਿਕਾ ਚਿਹਰਾ ਜ਼ਰਦੀ ਛਾਈ ਸਾਰੇ।
ਭੁਲ ਗਿਆ ਉਹ ਤੇਜ਼ੀ ਸਾਰੀ ਮਾਰੇ ਜੋ ਚਮਕਾਰੇ।
ਗਮ ਦੇ ਡੂੰਘੇ ਸਾਗਰ ਦੇ ਵਿਚ ਲੱਥਾ ਜਾ ਤਿਕਾਲੀਂ।
ਆਪਣੀ ਮਸਨਦ[2] ਉਪਰ ਰਾਤੀਂ ਕਾਲੀ ਰਾਤ ਬਹਾਲੀ।
ਪਿਛੇ ਪਿਛੇ ਓਸ ਮਰਦ ਦੇ ਤੁਰਿਆ ਉਸਦਾ ਸਾਇਆ।
ਦੂਤੀਆਂ ਦੇ ਦਿਨ ਚੰਦ੍ਰਮਾ ਭੀ ਮਗਰੇ ਮਗਰ ਲੁਕਾਇਆ।
ਜਿਸ ਜੰਗਲ ਵਿਚ ਦਿਨੇ ਨਾ ਦਿਸੇ, ਰਾਤੀਂ ਦਾ ਕੀ ਹਾਲਾ।
ਚੰਦ੍ਰਮਾ ਭੀ ਛੁਪ ਗਿਆ, ਹੁਣ ਦੇਵੇ ਕੌਣ ਉਜਾਲਾ ?
ਰਾਤ ਨਹੀਂ ਆਫਾਤ[3] ਕਹਿਰ ਦੀ, ਅੰਨ੍ਹੀ ਕਾਲੀ ਬੋਲੀ।
ਪਾਪੀ ਦੇ ਦਿਲ ਨਾਲੋਂ ਕਾਲੀ ਪਾਈ ਆਣ ਹਰੋਲੀ।
ਥੱਕੇ ਟੁਟੇ ਦੋ ਪਰਦੇਸੀ ਦੁਖੀਏ ਢਿਡੋਂ ਭੁਖੇ।
ਘਾਇਲ ਹੋਏ ਨੋਕਾਂ ਖਾ ਖਾ ਦਿਲ ਬੇਦੋਸੇ ਦੁਖੇ।
ਕਰਨ ਵਿਚਾਰਾਂ ਦੋਨੋਂ ਖਲੇ ਕਰੀਏ ਕੀ ਉਪਰਾਲਾ।
ਰਾਤ ਪਈ ਹੁਣ ਕਰੋ ਬਸੇਰਾ ਤੁਰਸਾਂ ਹੋਏ ਉਜਾਲਾ।
ਰਾਣੀ ਨਾਲ ਦਰਦ ਦੇ ਕਹਿਆ ਕਰੋ ਅਰਾਮ ਸੁਆਮੀ।
ਥਕ ਗਈ ਅਜ ਵਿਚ ਸਫਰ ਦੇ ਫਿਰਦੀ ਰੋਜ਼ ਤਮਾਮੀ[4]।
ਪੈਰਾਂ ਸੰਦੀ ਹਾਲਤ ਭੀ ਅਜ ਵੇਖੀ ਮੂਲ ਨਾ ਜਾਵੇ।
ਜੇਹਾ ਅਜ ਕਲੇਸ਼ ਉਠਾਇਆ ਫੇਰ ਨਾ ਰੱਬ ਵਿਖਾਵੇ।
ਕੁਦਰਤ ਨਾਲ ਨਜ਼ਰ ਇਕ ਆਈ ਬਾਰਾਂਦਰੀ ਪੁਰਾਣੀ।
ਟੁਟੀ ਫੁਟੀ ਸਦੀਆਂ ਸੰਦੀ ਖੋਲਾ ਪਈ ਨਿਮਾਣੀ।

---

1. ਚੁਭਦੇ। 2. ਤਖਤ, ਗੱਦੀ। 3. ਕਲੇਸ਼ , ਬਿਪਤਾ, ਆਫਤ ਦਾ ਬਹੁਵਚਨ ਹੈ। 4. ਸਾਰੇ।

ਓਥੇ ਠਹਿਰਨ ਦਾ ਮਨਸੂਬਾ[1] ਕਰਕੇ ਅੰਦਰ ਪਾਏ।
ਰਾਣੀ ਰਾਜੇ ਤਾਂਈ ਬਹਿ ਕੇ ਕੋਮਲ ਪੈਰ ਵਿਖਾਏ।
ਲਹੂ ਲੂਹਾਣ ਪੈਰ ਜਦ ਡਿਠੇ ਰਾਜਾ ਭੀ ਸ਼ਰਮਾਇਆ।
ਏਸ ਨਿਮਾਣੀ ਨਾਰੀ ਤਾਂਈ ਮੈਂ ਹੀ ਕਜ਼ੀਆ ਪਾਇਆ।
ਮੈਂ ਨਾ ਅਕਲ ਗਵਾ ਕੇ ਜੇਕਰ ਜੂਏ ਰਾਜ ਹਰਾਂਦਾ।
ਕਿਉਂ ਬੇਦੋਸਨ ਦੀ ਅਜ ਅਖੀਂ ਭਰ ਭਰ ਪਾਣੀ ਆਂਦਾ।
ਦੇ ਦਲੇਰੀ ਕਿਹਾ ਪਿਆਰੀ ਤੂੰ ਹੈਂ ਥੱਕੀ ਮਾਂਦੀ।
ਕਰ ਆਰਾਮ ਰਾਮ ਨੂੰ ਭਜ ਕੇ ਲੰਘੇ ਰਾਤ ਦੁਖਾਂ ਦੀ।
ਸਬਰ ਦਾ ਕਰ ਦੋਹਾਂ ਵਿਛੋਣਾਂ ਇਟਾਂ ਰੱਖ ਸਿਰ੍ਹਾਣੇ।
ਪਲੰਘ, ਨਿਹਾਲੀ ਛਡ ਘਰਾਂ ਦੀ ਕੀਤੇ ਆਣ ਟਿਕਾਣੇ।
ਰੋੜਾਂ ਵਾਂਗ ਜਮੀਨ ਸਤਾਵੇ ਕਰੜੀ ਬਾਝ ਵਿਛਾਈ।
ਖਾਲੀ ਪੇਟ, ਹਨੇਰਾ ਜੰਗਲ, ਰੱਬ ਮੁਸੀਬਤ ਪਾਈ।
ਰਾਤ ਪਈ ਹੁਣ ਹੋਰ ਮੁਸੀਬਤ ਨੇੜੇ ਨੇੜੇ ਆਈ।
ਸ਼ੇਰ, ਚਿਤਰੇ, ਸੂਰ, ਬਘੇਲੇ ਕਰਦੇ ਫਿਰਨ ਲੜਾਈ।
ਗੂੰਜਣ, ਬੁਕਣ, ਟਾਹਰਾਂ ਮਾਰਨ ਆਨ ਦੁਆਲੇ ਘੇਰੇ।
ਸ਼ੋਰ ਕਕਾਰਾ[2] ਜਾਨਵਰਾਂ ਦਾ ਆਨ ਪਿਆ ਚੌਫੇਰੇ।
ਸਹਿਮ ਗਿਆ ਦਿਲ ਰਾਣੀ ਸੰਦਾ ਨੀਂਦ ਨਾ ਮੂਲੋਂ ਆਵੇ।
ਸੁਣ ਸੁਣ ਵਾਜ ਚੁਤਰਫੋਂ ਆਂਦੀ ਦਿਲ ਗੋਤੇ ਵਿਚ ਜਾਵੇ।
ਰਾਣੀ ਚਿੰਤ ਭਰੀ ਭੈ ਖਾਵੇ, ਹੇ ਰੱਬਾ ਮੈਂ ਮੋਈ।
ਹੁਣੇ ਅਸਾਂ ਨੂੰ ਸ਼ੇਰ ਬਘੇਲਾ ਖਾ ਜਾਏਗਾ ਕੋਈ।
ਰਾਜਾ ਦੇ ਦਲੇਰੀ ਅਗੋਂ ਕਿਉਂ ਡਰ ਖਾਵੇਂ ਪਿਆਰੀ।
ਰਾਖਾ ਰੱਬ ਜਦੋਂ ਤਕ ਸਾਡਾ ਕੌਣ ਸਕੇਗਾ ਮਾਰੀ।
ਸਾਡੇ ਤੋਂ ਹੁਣ ਕਾਲ ਬਲੀ ਭੀ, ਡਰਦਾ ਪਾਸ ਨਾ ਆਵੇ।
ਮਤ ਏਹ ਢਿਡੋਂ ਭੁਖੀ ਜੋੜੀ ਮੈਥੋਂ ਅੰਨ ਮੰਗਾਵੇ।
ਦੁਖੀਏ ਕੋਲੋਂ ਸਭੇ ਡਰਦੇ ਮਤ ਸਾਥੋਂ ਕੁਝ ਮੰਗੇ।
ਏਹ ਬਘੇਲੇ ਸਾਡੇ ਨੇੜੇ ਔਣੋਂ ਰੈਹਸਨ ਸੰਗੇ।
ਏਧਰ ਰਾਜਾ ਦੇ ਦਿਲਬਰੀਆਂ ਚਾਹੇ ਖੌਫ ਹਟਾਯਾ।
ਓਧਰ ਨੀਂਦ ਥਕੇਵੇਂ ਆਕੇ ਰਾਣੀ ਤਾਈਂ ਸੁਵਾਯਾ।
ਦੁਖੀਆਂ ਤਾਂਈ ਥਾਪੜ ਥਾਪੜ ਅਖੀਂ ਨੀਂਦਰ ਪਾਈ।
ਖੌਫ ਹਰਾਸ ਬਨਾਂ ਦੀ ਬਿਪਤਾ ਪਲ ਦੇ ਵਿਚ ਭੁਲਾਈ।
ਮਿਠੀ ਲੋਰੀ ਦੇ ਦੇ ਉਤੋਂ ਦੁਖ ਵਿਚ ਸੁਖ ਵਿਖਾਯਾ।
ਇਟ ਸਿਰ੍ਹਾਣੇ ਭੁੰਜੇ ਸੁਤੀ ਸੁਖ ਬੇਹੱਦਾ ਪਾਯਾ।

---

1. ਸਲਾਹ। 2. ਰੌਲਾ।

ਐਸੀ ਸਖਤ ਬੇਹੋਸ਼ੀ ਹੋਈ ਬਾਕੀ ਸੁਰਤ ਨਾ ਕਾਈ।
ਰੌਲਾ ਜੰਗਲ ਦੇ ਵਿਚ ਪੈਂਦਾ ਦੇਇ ਨਾ ਮੂਲ ਸੁਣਾਈ।

ਸੌਂ ਜਾਣਾ ਰਾਣੀ ਦਮਯੰਤੀ ਦਾ ਅਰ ਛੱਡ ਜਾਣਾ ਰਾਜਾ ਨਲ ਦਾ, ਰਾਤੀਂ ਜੰਗਲ ਵਿਚ ਹੀ ਤਰਜ਼—ਬਲੋਚਾ ਜ਼ਾਲਮਾਂ ਸੁਣ ਵੈਣ ਮੇਰੇ*

ਸੁਤੀ ਸੂਲਾਂ ਦੀ ਸੇਜ ਉਤੇ ਜਾ ਰਾਣੀ, ਸਿਰ੍ਹਾਣੇ ਢੀਮ ਤੇ ਪ੍ਰਿਥਵੀਂ ਅਲਾਣੀ।
ਦੁਖਾਂ ਦੀ ਰਾਤ ਚਾਨਣ ਬਾਝ ਕਾਰੀ, ਗੁਜ਼ਾਰਨ ਵਾਸਤੇ ਕਰਮਾਂ ਦੀ ਮਾਰੀ।
ਸਫਰ ਨੇ ਚੂਰ ਕੀਤਾ ਨੀਂਦ ਆਈ, ਦੁਨੀ ਤੇ ਦੀਨ ਦੀ ਸੁਧ ਬੁਧ ਭੁਲਾਈ।
ਖੁਮਾਰੀ ਨੀਂਦ ਦੀ ਚੜ੍ਹ ਕੇ ਪੁਕਾਰੇ, ਪਿਆਰੀ ਮਾਰ ਲੈ ਅਜ ਦਿਨ ਘੁਰਾੜੇ।
ਏਹ ਆਖਰ ਨੀਂਦ ਹੈ ਅਜ ਨੀਂਦ ਕਰ ਲੈ, ਪਤੀਦੇ ਨਾਲ ਸੀਤਲ ਸਾਹ ਭਰ ਲੈ।
ਸਵੇਰ ਹੋਰ ਪਾਸਾ ਪਲਟ ਜਾਣਾ, ਪੀਆ ਪ੍ਰਦੇਸ ਉਠ ਚੋਰੀ ਸਿਧਾਣਾ।
ਰੁਲੇਂਗੀ ਜੰਗਲੀਂ ਮਾਰੇਂਗੀ ਆਹੀਂ, ਪੀਆ ਗਮਖਵਾਰ[1] ਰਹਿਣਾ ਨਾਲ ਨਾਹੀਂ।
ਇਧਰ ਖਾਮੋਸ਼[2] ਤੇ ਬੇਹੋਸ਼ ਸੋਈ, ਉਧਰ ਨਲ ਰਾਉ ਨੂੰ ਇਹ ਸੋਚ ਹੋਈ।
ਪਿਆਰੀ ਗੁਲਬਦਨ[3] ਦਾ ਚੰਦ ਮੁਖੜਾ, ਪਿਆ ਬੇਦੋਸੜੀ ਨੂੰ ਆਨ ਦੁਖੜਾ।
ਪਈ ਸੁਤੀ ਭੀ ਏਹੋ ਹੀ ਬੜਾਵੇ, ਓਹ ਦੁਖੜਾ ਖਵਾਬ[4] ਵਿਚ ਮਗਰੋਂ ਨਾ ਜਾਵੇ।
ਕਰੇ ਹਾੜੇ ਦੁਖਾਂ ਦਰਦਾਂ ਸਤਾਈ, ਪ੍ਰਭੂ ਇਹ ਕੀ ਮੁਸੀਬਤ ਪੇਸ਼ ਆਈ।
ਮੇਰਾ ਦਿਲ ਦੇਖਕੇ ਦੁਖੜੇ ਨਾ ਜਰਦਾ, ਹੋਵਾਂ ਘਾਇਲ ਏਹੋ ਦਿਲ ਚਾਹ ਕਰਦਾ।
ਇਨ੍ਹਾਂ ਸੋਚਾਂ ਦੇ ਅੰਦਰ ਨੀਂਦ ਉਡੀ, ਚੜ੍ਹੀ ਅਸਮਾਨ ਸੋਚਾਂ ਨਾਲ ਗੁਡੀ।
ਵਿਚਾਰਾਂ ਦੇ ਸਮੁੰਦਰ ਵਿਚ ਡੁਬਾ, ਮੁਸੀਬਤ ਦਾ ਦਿਲੇ ਵਿਚ ਖਾਰ ਚੁਭਾ।
ਅੱਖਾਂ ਕੜਪਾਣੀ ਆਂਝੜੀਆਂ ਲਗਾਈਆਂ, ਉਹ ਰੋਵੇ ਯਾਦ ਕਰ ਕਰ ਪੇਸ਼ ਆਈਆਂ।
ਓਹ ਉਠ ਬੈਠਾ ਕਰਨ ਨੂੰ ਏਹ ਵਿਚਾਰਾਂ, ਪ੍ਰਭ ਇਸ ਕਸ਼ਟ ਨੂੰ ਕੀਕਰ ਨਿਵਾਰਾਂ।
ਏਹ ਜੇਕਰ ਮੰਨ ਲੈਂਦੀ ਬਾਤ ਮੇਰੀ, ਨਾ ਇਤਨੀ ਜਾਵਦੀ ਦੁਖ ਨਾਲ ਘੇਰੀ।
ਜੇ ਹੁਣ ਭੀ ਮੰਨ ਕੇ ਤੁਰ ਜਾਇ ਪੇਕੇ, ਤਾਂ ਮੇਰੇ ਨਾਲ ਨਾ ਇਹ ਕਸ਼ਟ ਵੇਖੇ।
ਕਟੇ ਜਾਵਨ ਸਭੇ ਦੁਖ ਏਸ ਸੰਦੇ, ਫਿਰਨ ਦਿਨ ਨਾਰ ਦੁਖਿਆਰ ਦੇ ਮੰਦੇ।
ਮਗਰ ਨਾ ਆਪਣਾ ਹਠ ਛੋੜਦੀ ਏ, ਨਾ ਉਸ ਆਰਾਮ ਨੂੰ ਭੀ ਲੋੜਦੀ ਏ।
ਕਰਾਂ ਕੀ ਹੇ ਪ੍ਰਭੂ ! ਇਸ ਵਕਤ ਚਾਲਾ ਜੋ ਗੁਜਰੇ ਵਕਤ ਇਸਦਾ ਏਹ ਸੁਖਾਲਾ।
ਰਹੇਗੀ ਜਦ ਤਲਕ[5] ਇਹ ਪਾਸ ਮੇਰੇ, ਕਦੇ ਸੁਖ ਏਸ ਦੇ ਆਸੀ ਨਾ ਨੇੜੇ।
ਅੜਬ ਰਾਜਾ ਤੇ ਨਾਰੀ, ਬਾਲ, ਤਿੰਨੇ, ਬਥੇਰਾ ਕਹਿ ਰਿਹਾ ਆਖਾ ਨਾ ਮੰਨੇ।
ਨਾ ਹਛੀ ਲਗਦੀ ਇਸ ਨੂੰ ਜੁਦਾਈ[6], ਕਰੇ ਮਨਜ਼ੂਰ ਜੰਗਲ ਦੀ ਗਦਾਈ[7]।
ਅਗਰ ਮੈਂ ਛੋੜ ਸੁਤੀ ਉਠ ਜਾਵਾਂ, ਬਿਹੋਸ਼ੀ ਵਿਚ ਨਜ਼ਰ ਇਸ ਤੋਂ ਬਚਾਵਾਂ।

---

* ਥੀਏਟਰ ਦਾ ਉਨ੍ਹਾਂ ਦਿਨਾਂ ਵਿਚ ਬੜਾ ਪ੍ਰਸਿਧ ਗੀਤ ਸੀ।
1. ਹਮਦਰਦ। 2. ਚੁਪ ਕੀਤਾ। 3. ਫੁਲ ਜੇਹੇ ਸਰੀਰ ਵਾਲੀ। 4. ਸੁਪਨਾ। 5. ਤਕ, ਤੀਕਰ। 6. ਵਿਛੋੜਾ।
7. ਮੰਗਤਾ ਪਣ, ਫਕੀਰੀ।

ਉਠੀ ਜਿਸ ਵਕਤ ਰੋਵੇਗੀ ਬਿਚਾਰੀ, ਕਰੇਗੀ ਵਾਉ ਵੇਲਾ ਗਿਰੀਆਜ਼ਾਰੀ।
ਪਟਕ ਸਿਰ ਯਾਦ ਕਰ ਕਰ ਗਮ ਕਰੇਗੀ, ਬ੍ਰਿਹੋਂ ਦੀ ਅੱਗ ਦੇ ਵਿਚ ਜਲ ਮਰੇਗੀ।
ਪਈ ਤੜਫੇਗੀ ਮਛਲੀ ਬਾਝ ਪਾਣੀ, ਪਤੀ ਬਿਨ ਕਿਆ ਕਰੇਗੀ ਹਾਲ ਰਾਣੀ।
ਬਣਾਂ ਵਿਚ ਕੂਕਦੀ ਰੋਂਦੀ ਫਿਰੇਗੀ, ਇਨ੍ਹਾਂ ਜੰਗਲ ਦੇ ਜੀਵਾਂ ਤੋਂ ਡਰੇਗੀ।
ਮਗਰ ਮੈਂ ਜਾਣਨਾ ਇਹ ਕਦ ਤਲਕ ਹੈ, ਨਾ ਪੇਕੇ ਪਹੁੰਚ ਜਾਂਦੀ ਜਦ ਤਲਕ ਹੈ।
ਏਹ ਆਖਰ ਰੋਂਦੀ ਧੋਂਦੀ ਤੁਰੇਗੀ, ਕਦਮ ਫਿਰ ਭੀਮ ਨਗਰੀ ਨੂੰ ਭਰੇਗੀ।
ਹੈ ਓਧਰ ਜਾਵਣਾ ਇਸ ਨੇ ਜ਼ਰੂਰੀ, ਹੋਵੇਗੀ ਆਸ ਆਪੇ ਫੇਰ ਪੂਰੀ।
ਜਦੋਂ ਪਹੁੰਚੀ ਪਿਤਾ ਦੇ ਪਾਸ ਜਾ ਕੇ, ਮਿਲਣਗੇ ਚੈਨ ਤੇ ਆਰਾਮ ਆ ਕੇ।
ਹੈ ਬੇਸ਼ਕ ਦੁਖ ਭੀ ਇਸ ਵਿਚ ਬਥੇਰਾ, ਵਿਛੋੜਾ ਦੇਵਸੀ ਤਕਲੀਫ ਮੇਰਾ।
ਮਗਰ ਦਾਰੂ ਵੀ ਨਾ ਕੋਈ ਹੋਰ ਲਭੇ, ਦਲੀਲਾਂ ਸੋਚ ਕੇ ਵੇਖਾਂ ਮੈਂ ਸਭੇ।
ਅਗਰ ਬੀਮਾਰ ਨਾ ਪੀਵੇ ਦਵਾਈ, ਤਾਂ ਬੇਸ਼ਕ ਜ਼ੋਰ ਥੀਂ ਚਾਹੀਏ ਪਿਲਾਈ।
ਅਗਰ ਹੈ ਫਾਇਦਾ ਇਸ ਤੋਰ[1] ਇਸਦਾ, ਤਾਂ ਕੁਛ ਨੁਕਸਾਨ ਨਾ ਛੋੜਨ ਦਾ ਦਿਸਦਾ।
ਸਹੇ ਬੇਸ਼ਕ ਮੁਸੀਬਤ ਕੁਛ ਦਿਨਾਂ ਦੀ, ਨਾ ਇਸਦੇ ਬਾਝ ਕੁਝ ਭੀ ਪੇਸ਼ ਜਾਂਦੀ।
ਹੈ ਆਖਰ ਤਾਂ ਨਤੀਜਾ ਖੈਰ ਵਾਲਾ, ਰਹੇਗਾ ਏਸ ਦਾ ਜੀਣਾ ਸੁਖਾਲਾ।
ਦਿਲੋਂ ਤਾਂ ਸੋਚਦਾ ਹੈ ਫਾਇਦੇ ਦੀ, ਕੀ ਰਾਣੀ ਨਾਲ ਖੁਸ਼ੀਆਂ ਦੇ ਰਹੇਗੀ।
ਮਗਰ ਯਾਰੋ ਏਹ ਦਿਸੇ ਚਾਲ ਪੁਠੀ, ਜੇਹੜੀ ਨਲ ਰਾਉ ਨੂੰ ਹੈ ਸੋਚ ਉਠੀ।
ਇਹ ਬਿਪਤਾ ਨਾਰ ਦੀ ਨਾਹੀ ਹਟਾਂਦਾ, ਏਹ ਦੁਖਾਂ ਤੇ ਮੁਸੀਬਤ ਹੋਰ ਪਾਂਦਾ।
ਜ਼ਹਿਰ ਦੇ ਕੇ ਬਚਾਈ ਜਾਨ ਚਾਹਵੇ, ਮਰਜ਼ ਉਲਟੀ ਦਵਾ ਉਲਟੀ ਖੁਆਵੇ।
ਕਲੂ ਬਣ ਪੂਤ ਕੀਤੀ ਹੈ ਸਵਾਰੀ, ਕਰਾਵੇ ਕਾਰ ਰਾਜੇ ਤੋਂ ਨਿਕਾਰੀ।
ਕਰਨ ਕੀ ਹਾਇ ਉਲਟੀ ਕਾਰ ਲੱਗਾ, ਤਿਆਗਨ ਜੰਗਲਾਂ ਵਿਚ ਨਾਰ ਲੱਗਾ।
ਦਲੀਲਾਂ ਰਾਉ ਦਿਲ ਦੇ ਵਿਚ ਬਣਾਵੇ, ਕਦੇ ਫਿਰ ਸੋਚ ਕੇ ਆਪੇ ਹਟਾਵੇ।
ਕਦੇ ਢਾਹਵੇ ਕਦੇ ਮੁੜ ਕੇ ਉਸਾਰੇ, ਖਿਆਲੀ ਗੁਡੀਆਂ ਚਾੜ੍ਹੇ ਉਤਾਰੇ।
ਕਦੇ ਸੋਚੇ ਉਦੇ ਦੁਖ ਔਣ ਵਾਲੇ, ਇਕੱਲੀ ਕਰ ਚਲਾਂ ਕਿਸ ਦੇ ਹਵਾਲੇ ?
ਕਰੇਗੀ ਵੈਣ ਜੰਗਲ ਵਿਚ ਅਕੇਲੀ, ਨਾ ਹੋਸੀ ਪਾਸ ਕੋਈ ਸਾਕ ਬੇਲੀ ?
ਦੇਵੇਗਾ ਕੌਣ ਦੁਖ ਦੇ ਵਿਚ ਦਿਲਾਸਾ, ਬਨ੍ਹਾਵੇ ਕੌਣ ਆ ਕੇ ਦਿਲ ਨਿਰਾਸਾ।
ਕਦੇ ਫਿਰ ਦੂਸਰੀ ਤਰਫੋਂ ਵਿਚਾਰੇ, ਜਦੋਂ ਮੈਂ ਹੋ ਗਿਆ ਇਸ ਤੋਂ ਕਿਨਾਰੇ।
ਜਾਏਗੀ ਮਾਪਿਆਂ ਦੇ ਪਾਸ ਪਿਆਰੀ, ਕਰੇਗੀ ਚੈਨ ਜਾਂ ਦੁਖਾਂ ਦੀ ਮਾਰੀ।
ਅਕਲ ਆਖੇ ਏ ਕਰਤਬ ਬਹੁਤ ਮਾੜਾ, ਕਹੇ ਦਿਲ ਇਸ ਬਿਨਾਂ ਮੁਸ਼ਕਲ ਗੁਜ਼ਾਰਾ।
ਬੜਾ ਇਸ ਹਾਲ ਵਿਚ ਬੇਤਾਬ ਹੋਯਾ, ਸਖਤ ਕਰ ਦਿਲ ਨੂੰ ਆਖਰ ਉਠ ਖੜੋਯਾ।
ਲਗਾ ਤੁਰਨੇ ਦੀ ਕਰਨੇ ਹੁਣ ਤਿਆਰੀ, ਬਣਾਂ ਵਿਚ ਛਡ ਕੇ ਰਾਣੀ ਪਿਆਰੀ।
ਮਗਰ ਉਠਦੇ ਹੀ ਹੋਰ ਇਕ ਯਾਦ ਆਈ, ਮੇਰੇ ਤਾਂ ਪਾਸ ਭੀ ਕਪੜਾ ਨਾ ਕਾਈ।
ਏਹੋ ਹੈ ਕਪੜਾ ਇਕ ਪਾਸ ਇਸਦਾ, ਹੈ ਮਿਲਯਾ ਆਸਰਾ ਦੋਹਾਂ ਨੂੰ ਜਿਸਦਾ।

1. ਢੰਗ।

ਜੇ ਇਸ ਤੋਂ ਲਾਹ ਕੇ ਮੈਂ ਆਪ ਲੀਤਾ, ਤਾਂ ਇਸ ਤੋਂ ਹੋਰ ਕੀ ਮੈਂ ਪਾਪ ਕੀਤਾ ?
ਨਗਨ ਕਰ ਨਾਰ ਨੂੰ ਬਣ ਛੋਡ ਜਾਵਾਂ, ਤੇ ਮੈਂ ਇਸ ਥੀਂ ਸਰੀਰ ਆਪਨਾ ਢਕਾਵਾਂ।
ਸ਼ਰਮ ਅਫਸੋਸ ਮੇਰੇ ਤੇ ਨਾ ਹੋਸੀ, ਕਰਾਂ ਬੇਪੜਦ ਮੈਂ ਨਾਰੀ ਬਿਦੋਸੀ ?
ਜੇ ਨਾ ਕਪੜਾ ਲਵਾਂ ਤਾਂ ਫਿਰ ਕਰਾਂ ਕੀ ਨਗਨ ਇਸ ਜਿਸਮ ਤੇ ਪੜਦਾ ਧਰਾਂ ਕੀ ?
ਜੇ ਖਿਚਦਾ ਹਾਂ ਤਾਂ ਪਯਾਰੀ ਜਾਗਦੀ ਏ, ਦੁਖਾਂ ਮਾਰੀ ਏਹ ਨਾਰੀ ਜਾਗਦੀ ਏ।
ਹਿਲਾਯਾ ਏਸ ਨੂੰ ਜਾਗੀ ਜੇ ਪਿਆਰੀ, ਪਏਗੀ ਫੇਰ ਮੁੜਕੇ ਆਨ ਖਵਾਰੀ।
ਕਰਾਂ ਤਾਂ ਕੀ ਕਰਾਂ ਸਾ ਰਬ ਤਰੀਕਾ, ਪਿਆ ਹੈ ਆਣਕੇ ਬੇਢਬ ਤਰੀਕਾ।
ਦੁਪੱਟਾ ਪਾਟਿਆਂ ਸੁਣ ਵਾਜ ਜਾਗੇ, ਮਤਾਂ ਦੁਖ ਨਾਲ ਰੋਵਨ ਫੇਰ ਲਾਂਗੇ।
ਦੁਖਾਂ ਵਿਚ ਨੀਂਦ ਮੁਸ਼ਕਲ ਨਾਲ ਆਈ, ਉਠੇਗੀ ਜਾਗ ਜੇਕਰ ਮੈਂ ਹਿਲਾਈ।
ਨਾ ਹੈ ਤਲਵਾਰ ਮੇਰੇ ਪਾਸ ਕੋਈ, ਨਾ ਹੀ ਹਥਿਆਰ ਭੀ ਹੈ ਪਾਸ ਕੋਈ।
ਕਰਾਂ ਜਿਸ ਨਾਲ ਦੋ ਟੁਕੜੇ ਦੁਪੱਟਾ, ਏਹ ਕਿਸ ਤਦਬੀਰ ਥੀਂ ਉਤਰੇ ਦੁਪੱਟਾ ?
ਖੜਾ ਸਿਰ ਤੇ ਪਿਆ ਸੋਚਾਂ ਵਿਚਾਰੇ, ਕਰਾਂ ਕੀਕਰ ਜੋ ਹੋਵਨ ਕੰਮ ਸਾਰੇ।
ਏਹ ਜਗ੍ਹਾ ਤੇ ਬਣੀ ਹੋਈ ਪੁਰਾਣੀ, ਕੋਈ ਹੋਵੇ ਭਲਾ ਇਸ ਵਿਚ ਨਿਸ਼ਾਨੀ।
ਏਹ ਸੋਚਾਂ ਸੋਚਦਾ ਤੁਰਿਆ ਅਗਾੜੀ, ਹਨੇਰੇ ਵਿਚ ਜਗਾਹ ਟੋਲ ਮਾਰੀ।
ਮਿਲੀ ਤਲਵਾਰ ਇਕ ਫੜਕੇ ਲਿਆਯਾ, ਹੋਈ ਆਸਾਨ ਮੁਸ਼ਕਲ ਚੈਨ ਪਾਯਾ।
ਪਕੜ ਵਿਚਕਾਰ ਤੋਂ ਕਪੜਾ ਕਟਾਵੇ, ਬੇਦਰਦੀ ਸਾਂਗ ਦੁਖਾਂ ਦੀ ਵਗਾਵੇ।
ਛੁਰੀ ਫੇਰੇ ਖੜਾ ਜਾਲਮ ਕਸਾਈ, ਤਰਸ ਕਰਦਾ ਨਾ ਦੁਖਯਾਰਨ ਤੇ ਰਾਈ।
ਸਤਮ[1] ਦੀ ਤੇਗ ਫੜ ਕੇ ਤੁਰਤ ਫੇਰੇ, ਸੁਖਾਂ ਦੇ ਆਪ ਹੀ ਕਜ਼ੀਏ ਨਬੇੜੇ।
ਦੁਪੱਟਾ ਚਾਕ[2] ਕਰ, ਦਿਲ ਚਾਕ ਕੀਤਾ, ਕਰਮ ਰਾਜੇ ਨੇ ਹੈਰਤਨਾਕ[3] ਕੀਤਾ।
ਦੁਪੱਟਾ ਕੱਟਿਆ ਨਾਹੀਂ ਤੀਆ[4] ਦਾ, ਕਟਾਇਆ ਚੈਨ ਸਭ ਉਸਦੇ ਜੀਆ ਦਾ।
ਹੋਯਾ ਖੁਸ਼ ਵੇਖਕੇ ਜਾਗੀ ਨਾ ਰਾਨੀ, ਬੜੀ ਹੋਈ ਦਿਲ ਵਿਚ ਸ਼ਾਦਮਾਨੀ[5]।
ਢਕਾ ਕੇ ਜਿਸਮ ਤੁਰਿਆ ਛੋੜ ਸਾਥਨ, ਪਈ ਸੁਤੀ ਬਿਚਾਰੀ ਜੋ ਅਨਾਥਨ।
ਕਦਮ ਦੋ ਚਾਰ ਚਲ ਦਿਲ ਸੋਚ ਆਈ, ਮਨਾਂ ਤੂੰ ਹੋ ਗਿਓਂ ਸ਼ਾਇਦ ਸੁਦਾਈ।
ਏਹ ਔਰਤ ਕੀਤੀਉ ਕਿਸ ਦੇ ਹਵਾਲੇ ? ਕੇਹੜਾ ਇਸ ਨਾਰ ਨੂੰ ਬਨ ਵਿਚ ਸੰਭਾਲੇ।
ਹੁਣੇ ਕੋਈ ਸ਼ੇਰ, ਚੀਤਾ ਜਾਨ ਮਾਰੇ, ਤੇਰੇ ਮਿਟ ਜਾਣਗੇ ਅਰਮਾਨ ਸਾਰੇ।
ਵਿਚਾਰੀ ਕਿਸ ਤਰ੍ਹਾਂ ਜਾਏਗੀ ਪੇਕੇ, ਤੂੰ ਕਿਉਂ ਤੁਰ ਚਲਿਆ ਹੁਣ ਪਿਠ ਦੇ ਕੇ ?
ਏਹ ਓਹੋ ਨਾਰ ਹੈ ਜਿਸ ਵਾਸਤੇ ਤੂੰ, ਵੰਗਾਰੇ ਸਾਨ ਪੰਛੀ ਬਾਗ ਦੇ ਤੂੰ।
ਜਿਦ੍ਹਾ ਸੁਣ ਰੂਪ ਤੂੰ ਰਾਤੀ ਨਾ ਸੌਂਦਾ, ਸ਼ੁਦਾਈ ਵਾਂਗ ਉਸਦੇ ਕਾਣ ਭੌਂਦਾ।
ਭਲਾ ਹੁਣ ਦਸ ਕੀ ਇਸ ਪਾਪ ਕੀਤਾ, ਕਿ ਤੂੰ ਨਾ ਏਸ ਨੂੰ ਹੁਣ ਨਾਲ ਲੀਤਾ।
ਕਿਓਂ ਤੁਰ ਛਡਕੇ ਦੁਖੀਆ ਸੁਤੀ ਨੂੰ, ਦਿਲਾਸਾ ਕੌਣ ਦੇਸੀ ਵਿਲਕਦੀ ਨੂੰ।
ਤੇਰੇ ਤੇ ਹੈਫ[6] ਹੈ ਐ ਬੇਮੁਰੱਵਤ[7], ਨਹੀਂ ਏਹ ਮਰਦ ਦੀ ਅਕਲੋਂ ਹਮੀਅਤ[8]।

---

1. ਜ਼ੁਲਮ। 2. ਪਾੜਨਾ। 3. ਭਿਆਨਕ, ਅਚੰਭਾ। 4. ਇਸਤਰੀ। 5. ਖੁਸ਼ੀ। 6. ਲਾਹਨਤ, ਫਿਟਕਾਰ। 7. ਪ੍ਰੇਮ-ਵਿਹੁਣਾ। 8. ਸ਼ਰਮ, ਪਰਦਾ ਜਾਂ ਵਡਿਆਈ (ਅਹਿਮੀਅਤ)।

ਉਠੇਗੀ ਜਿਸ ਵੇਲੇ ਹੋਇਆ ਸਵੇਰਾ, ਨਜ਼ਰ ਆਸੂਗਾ ਚੌਤਰਫੋਂ ਹਨੇਰਾ।
ਪਈ ਪੁਛੇਗੀ ਬਨ ਦੇ ਪੰਛੀਆਂ ਨੂੰ, ਬਘੇਲੇ, ਸ਼ੇਰ ਹਾਥੀ ਗੈਂਡਿਆਂ ਨੂੰ।
ਮਿਲੇਗਾ ਨਾ ਕੋਈ ਤੇਰਾ ਠਿਕਾਣਾ, ਕਰੇਗੀ ਜਾਨ ਆਪਣੀ ਦਾ ਨਿਸ਼ਾਨਾ।
ਮਰੇਗੀ ਬਾਝ ਤੇਰੇ ਇਹ ਵਿਚਾਰੀ, ਤੇਰੀ ਉਮੈਦ ਮਿਟ ਜਾਵੇਗੀ ਸਾਰੀ।
ਸ਼ਰਮ ਕਰ ਹੋਸ਼ ਕਰ ਦਿਲ ਕਰ ਟਿਕਾਣੇ, ਲਗਾ ਕਰਤੂਤ ਕੀ ਕਰਨੇ ਇਂਞਾਣੇ।
ਆਈ ਏਹ ਸੋਚ ਪੁਠੇ ਪੈਰ ਹੋਏ, ਗਿਆ ਦਿਲ ਕੰਬ ਫੁਟ ਫੁਟ ਨੈਣ ਰੋਏ।
ਉਹ ਖਾ ਕੇ ਜੋਸ਼ ਉਛਲ ਖੂਨ ਆਯਾ, ਸਤੀ ਦੇ ਪ੍ਰੇਮ ਨੇ ਮੁੜਕੇ ਬੁਲਾਯਾ।
ਸਿਰ੍ਹਾਣੇ ਨਾਰ ਦੇ ਆ ਖੜੋਯਾ, ਹੋਯਾ ਬੇਚੈਨ ਭੁਬੀਂ ਮਾਰ ਰੋਯਾ।
ਪਿਆਰੀ ਜਾਗ ਆਗਿਆ ਦੇਹ ਮੈਨੂੰ, ਮੈਂ ਜਾਵਾਂ ਛੋੜ ਜੰਗਲ ਵਿਚ ਤੈਨੂੰ।
ਤੂੰ ਉਠਕੇ ਆਪ ਹੱਥੀਂ ਤੋਰ ਪਿਆਰਾ, ਨਾ ਚੋਰੀ ਦਾ ਲਗੇ ਇਲਜ਼ਾਮ[1] ਭਾਰਾਂ।
ਪਿਆਰੀ ਜ਼ਾਗ ਕਿਉਂ ਮਾਰੇ ਘੁਰਾੜੇ ? ਅਵਾਜ਼ਾਂ ਵੇਖ ਤੇਰਾ ਕੰਤ ਮਾਰੇ।
ਅਗਰ ਚੋਰੀ ਗਿਆ ਮੈਂ ਤੁਰ ਪਿਆਰੀ, ਕਰੇਂਗੀ ਜਾਗਕੇ ਫਿਰ ਆਹੋ ਜ਼ਾਰੀ।
ਨਾ ਹੁਣ ਕਿਉਂ ਜਾਗ ਕੇ ਆਵਾਜ ਦੇਵੇਂ, ਲਿਆ ਅਜ ਜਿਤ ਰਸਤੇ ਦੇ ਥਕੇਵੇਂ।
ਪਿਆਰੀ ਜਾਗ ਕਰ ਕੁਛ ਹੋਸ਼ ਪਿਆਰੀ, ਹੋਈ ਕਿਉਂ ਇਸ ਤਰ੍ਹਾਂ ਖਾਮੋਸ਼ ਪਿਆਰੀ।
ਪਿਆਰੀ ਜਾਗ ਮੁੜ ਮੁੜ ਵਾਜ ਮਾਰਾਂ, ਕਰੇਂਗੀ ਫੇਰ ਤੂੰ ਪਿਛੋਂ ਪੁਕਾਰਾਂ।
ਮੇਰਾ ਦਿਲ ਡੋਲਿਆ ਮੈਂ ਸਾਥ ਛੱਡਾਂ, ਪਕੜਿਆ ਦੁਖ ਦੇ ਵਿਚ ਹਾਥ ਛੱਡਾਂ।
ਮੈਂ ਜਾਵਾਂ ਯਾ ਨਾ ਜਾਵਾਂ ਦਸ ਮੈਨੂੰ, ਤਿਆਗਾਂ ਯਾ ਲਿਜਾਵਾਂ ਨਾਲ ਤੈਨੂੰ ?
ਗਮਾਂ ਨੇ ਖੂਬ ਰਾਜੇ ਨੂੰ ਰੁਵਾਯਾ, ਪਕੜ ਕੇ ਬਾਂਹ ਫਿਰ ਭੁੰਞੇ ਬਿਠਾਯਾ।
ਪਕੜ ਸਿਰ ਨਾਰ ਦਾ ਰੋ ਰੋ ਹਿਲਾਵੇ, ਜਗਾਵਨ ਵਾਸਤੇ ਮੁਖ ਤੋਂ ਬੁਲਾਵੇ।
ਹਿਲਾਂਦੇ ਸਾਰ ਫਿਰ ਇਕ ਲਹਿਰ ਆਈ, ਯਕਾਯਕ ਹੋ ਗਿਆ ਮੁੜਕੇ ਸ਼ਦਾਈ।
ਮਨਾ ਕਰ ਏਸ ਤੋਂ ਜਲਦੀ ਕਿਨਾਰਾ[2] ਹੋਵੇਗਾ ਇਸ ਤਰ੍ਹਾਂ ਮੁਸ਼ਕਲ ਗੁਜ਼ਾਰਾ।
ਫਿਰੇਂਗਾ ਦਰ ਬਦਰ[3] ਲੈਕੇ ਕਿਧਰ ਤੂੰ, ਜ਼ਰਾ ਦਿਲ ਨਾਲ ਡੂੰਘੀ ਸੋਚ ਕਰ ਤੂੰ।
ਸਬਰ ਕਰ ਯਾਦ ਕਰ ਪ੍ਰਮਾਤਮਾ ਨੂੰ, ਅਕਲ ਕਰ ਹੌਂਸਲਾ ਦੇਹ ਆਤਮਾ ਨੂੰ।
ਉਹ ਸਾਈਂ ਆਪ ਇਸਦੀ ਸਾਰ ਲੈਸੀ, ਖਬਰ ਇਸ ਨਾਰ ਦੀ ਕਰਤਾਰ ਲੈਸੀ।
ਕਰੇ ਹਰ ਹਾਲ ਉਹ ਸਭ ਦੀ ਸਹਾਈ, ਫਿਕਰ ਹੈ ਓਸਨੂੰ ਜਿਸ ਨੇ ਬਣਾਈ।
ਇਸੇ ਤਰਕੀਬ[4] ਵਿਚ ਇਸਦੀ ਭਲਾਈ, ਭਲਾਈ ਹੈ ਤਾਂ ਬੇਸ਼ਕ ਪਾ ਜੁਦਾਈ।
ਪੁਜਾਵੇਂਗਾ ਉਹੋ ਪੇਕੇ ਸ਼ਿਤਾਬੀ, ਤੂੰ ਛਡ ਦੇਹ ਦਿਲ ਵਿਚੋਂ ਕਰਨੀ ਬਿਤਾਬੀ[5]।
ਹਟਾਯਾ ਹਥ ਪਿਛੇ ਫਿਰ ਉਠਾਯਾ, ਤਬੀਯਤ ਨੂੰ ਜਗਾਵਨ ਤੋਂ ਹਟਾਯਾ।
ਖੜਾ ਹੋ ਫੇਰ ਕਰ ਕਰ ਆਹੋ ਜਾਰੀ, ਕਹੇ ਲੈ ਚਲਿਆ ਹੁਣ ਤੁਰ ਪਿਆਰੀ।
ਜਗਾਵਨ ਦੀ ਬਥੇਰੀ ਵਾਹ ਲਈ, ਮਗਰ ਹੁਣ ਪੇਸ਼ ਚਲਦੀ ਨਾ ਕਾਈ।
ਤੇਰੀ ਮਰਜ਼ੀ ਨਾ ਬੇਸ਼ਕ ਖੋਲ ਅੱਖੀ, ਮਗਰ ਦਿਲ ਵਿਚ ਮੈਨੂੰ ਯਾਦ ਰੱਖੀ।
ਸਵੇਰੇ ਉਠਦਿਆਂ ਜੋ ਮੈਂ ਨਾ ਹੋਯਾ, ਏਹ ਕਹਿੰਦੇ ਸਾਰ ਫਿਰ ਇਕ ਵਾਰ ਰੋਯਾ।

---

1. ਊਜ, ਦੋਸ਼। 2. ਛੁਟਕਾਰਾ, ਲਾਂਭੇ। 3. ਥਾਂ ਥਾਂ, ਬੂਹੇ ਬੂਹੇ। 4. ਯਤਨ, ਢੰਗ। 5. ਬੇਚੈਨੀ।

ਤਾਂ ਪਯਾਰੀ ਹੌਸਲਾ ਕਰਕੇ ਸਹਾਰੀਂ, ਜੰਗਲ ਸ਼ਮਸ਼ਾਨ ਵਿਚ ਆਹੀਂ ਨਾ ਮਾਰੀਂ।
ਨਾ ਰੋ ਰੋ ਕੇ ਪਈ ਬਣ ਨੂੰ ਸੁਣਾਵੀਂ, ਨਾ ਕਰ ਕਰ ਯਾਦ ਮੈਨੂੰ ਸਿਰ ਖਪਾਵੀਂ।
ਤੂੰ ਮੈਨੂੰ ਵੇਖਦੀ ਜੰਗਲ ਫਿਰੀਂ ਨਾ, ਤੇ ਗਿਰੀਆ ਜ਼ਾਰੀਆ ਰੋ ਰੋ ਕਰੀਂ ਨਾ।
ਸਵੇਰੇ ਜਾਗ ਪੇਕੇ ਵਲ ਜਾਈਂ, ਨਾ ਮੇਰੇ ਹੋਤ ਤਕਲੀਫ਼ਾਂ ਉਠਾਈਂ।
ਮੈਂ ਛੇਤੀ ਹੀ, ਮਿਲਾਂਗਾਂ ਆਣ ਤੈਨੂੰ, ਸੁਕਾਵੀਂ ਖ਼ੂਨ ਨਾ ਕਰ ਯਾਦ ਮੈਨੂੰ।
ਭਲਾ ਹੁਣ ਪਯਾਰੀਏ ਸਾਈਂ ਹਵਾਲੇ, ਰਹੇ ਪਰਮਾਤਮਾ ਹਰ ਹਾਲ ਨਾਲੇ।
ਏ ਕਹਿੰਦੇ ਸਾਰ ਫ਼ਿਰ ਇਕ ਲਹਿਰ ਆਈ, ਝੜੀ ਬਰਸਾਤ ਦੀ ਨੈਣਾਂ ਲਗਾਈ।
ਅਖਾਂ ਨੂੰ ਪੂੰਝ ਕਰ ਦਿਲ ਸਖਤ ਤੁਰਿਆ, ਕਦਮ ਦੋ ਚਾਰ ਚਲਕੇ ਫੇਰ ਮੁੜਿਆ।
ਕਹੇ ਹੁਣ ਫੇਰ ਸਿਰਹਾਣੇ ਖਲੋਕੇ, ਪਿਆਰੀ ਸੁਣ ਜ਼ਰਾ ਹੁਸ਼ਿਆਰ ਹੋ ਕੇ।
ਨਾ ਮੇਰੇ ਬਾਝ ਜੰਗਲ ਵਿਚ ਰਹੀਂ ਤੂੰ, ਸਬਰ ਸੰਤੋਖ ਨੂੰ ਧਾਰਨ ਕਰੀਂ ਤੂੰ।
ਲੈ ਮੈਂ ਹੁਣ ਚਲਿਆ, ਤੂੰ ਜਾਣ ਤੇਰੀ, ਸਵੇਰੇ ਦੀ ਨਾ ਰੱਖੀ ਆਸ ਮੇਰੀ।
ਮੇਰੇ ਤੇ ਰੰਜ ਨਾ ਦਿਲ ਵਿਚ ਲਿਆਵੀਂ, ਸਵੇਰੇਂ ਸਾਰ ਪੇਕੇ ਵਲ ਜਾਵੀਂ।
ਹਛਾ ਹੁਣ ਬਹੁਤ ਠਹਿਰਣ ਜੋਗ ਨਾਹੀਂ, ਪਿਆ ਏਹ ਵਖਤ ਬਹਿ ਪੇਕੇ ਨਿਬਾਹੀ।
ਏਹ ਕਹਿੰਦਾ ਤੁਰ ਪਿਆ ਦਿਲ ਬੇਕਰਾਰੀ, ਕਰੇ ਅਫਸੋਸ ਤੇ ਗਿਰੀਆ ਓ ਜ਼ਾਰੀ।
ਕਰਨ ਦੇ ਵਾਸਤੇ ਇਸਦੀ ਭਲਾਈ, ਜੁਦਾਈ ਸਾਂਗ ਕਰ ਤਿੱਖੀ ਚਲਾਈ।
ਓ ਜਾਲਮ ਕਰਨ ਕੀ ਲਗਾ ਹੈਂ ਕਾਰੇ ?, ਬਿਦਰਦਾ ਉਠਕੇ ਮਾਰੇਗੀ ਨਾਹਰੇ।
ਕਿਦ੍ਹਾ ਮੁਖ ਦਿਨ ਚੜ੍ਹੇ ਵੇਖੇ ਵਿਚਾਰੀ, ਕਸਾਈਆ ਕਿਉਂ ਬੁਰੀ ਏਹ ਨੀਤ ਧਾਰੀ।
ਬੜਾ ਨਾਦਾਨ ਹੋਯੋਂ ਨਿਰਦਈ ਤੂੰ, ਏਹ ਕਿਉਂ ਨਾ ਨਾਲ ਅਰਧੰਗੀ[1] ਲਈ ਤੂੰ।
ਏਹ ਉਹ ਨਾਰੀ ਹੈ ਤੇਰੀ ਨਾ-ਸ਼ਨਾਸਾ[2] ਜਿਨੇ ਕੀਤੀ ਨਾ ਸੀ ਪਰਵਾਹ ਮਾਸਾ।
ਤਿਆਗੇ ਦੇਵਤੇ ਲੜ ਪਕੜ ਤੇਰਾ, ਲਿਆ ਤੁਧ ਨਾਲ ਜੰਗਲ ਦਾ ਬਸੇਰਾ।
ਜੋ ਤੇਰੇ ਬਾਝ ਪਾਣੀ ਪੀਂਵਦੀ ਨਾ, ਬਿਨਾਂ ਦੀਦਾਰ ਇਕ ਪਲ ਜੀਂਵਦੀ ਨਾ।
ਏਹ ਉਹ ਹੈ ਸੀਲਵੰਤੀ ਕੋਰਿਆ ਓ, ਅਕੱਲੇ ਬਾਲਕਾਂ ਨੂੰ ਤੋਰਿਆ ਓ।
ਮੁਸੀਬਤ ਝੱਲਣੀ ਕੀਤੀ ਗਵਾਰਾ[3] ਨਾ ਕੀਤਾ ਸਾਥ ਤੋਂ ਤੇਰੇ ਕਿਨਾਰਾ।
ਜੁਦਾਈ ਮੌਤ ਤੋਂ ਜਿਸ ਨੂੰ ਉਖੇਰੀ, ਏਹ ਉਹ ਹੈ ਭਾਗਵੰਤੀ ਨਾਰ ਤੇਰੀ।
ਓ ਬੇਪਰਵਾਹ ਕਲਜੁਗ ਦੇ ਸਿਖਾਏ, ਨਾ ਆਖੇ ਲਗ ਇਸਦੇ ਤੂੰ ਲਗਾਏ।
ਤੂੰ ਸੋਚੀਂ ਗਲ ਬੁਕਲ ਝਾਤ ਪਾ ਕੇ, ਨਾ ਪਾਸੇਂ ਚੈਨ ਦੁਖੀਆਂ ਨੂੰ ਦੁਖਾ ਕੇ।
ਨਾ ਕਰ ਦਿਲ ਸਖਤ ਤੂੰ ਓ ਸਰਦ ਮੇਹਰਾ[4], ਨਾ ਕਰਤਬ ਠੀਕ ਏਹ ਹੋਵੇਗਾ ਤੇਰਾ।
ਓ ਮੁੜ ਇਕ ਵਾਰ ਮੁੜ ਮੁੜ ਆਣ ਵਾਲੇ, ਓ ਜਾਲਮ ਮੁੜਕੇ ਝਾਤਾਂ ਪਾਣ ਵਾਲੇ।
ਜ਼ਰਾ ਮੁੜ ਆਖਾਂ ਪਹਿਲੇ ਦੀ ਤਰ੍ਹਾਂ ਤੂੰ, ਨਾ ਨੱਠਾ ਬੇਮੁਹਾਰਾ ਵਾਂਗ ਜਾ ਤੂੰ।
ਹਛਾ ਮਰਜ਼ੀ ਘੇਰੀ ਨਾ ਆ, ਚਲਾ ਜਾ, ਮਗਰ ਇਕ ਬਾਤ ਮੇਰੀ ਨਾ ਭੁਲਾ ਜਾ।
ਸੁਖੀ ਤੂੰ ਭੀ ਨਾ ਹੋਵੇਂਗਾ ਸ਼ੁਦਾਈ, ਨਾ ਆਸੀ ਚੈਨ ਤੈਨੂੰ ਪਾ ਜੁਦਾਈ।
ਉਹਦੀ ਕਰਤਾਰ ਕਰ ਦੇਵੇਗਾ ਕਾਰੀ, ਓਹ ਚਾਤ੍ਰਿਕ ਵਾਂਗ ਵਿਲਕੇਗੀ ਵਿਚਾਰੀ।

---

1. ਪਤਨੀ, ਸਾਥਣ। 2. ਨਾ ਪਛਾਨਣ ਵਾਲੇ, ਕਦਰ ਨਾ ਜਾਨਣ ਵਾਲੇ, ਅਣਜਾਣ। 3. ਪਸੰਦ ਕੀਤੀ।
4. ਠੰਢਿਆ, ਰੁਖਿਆ।

ਕਵੀ ਵਾਚ ਕੁੰਡਲੀਆਂ*

ਪੜਦਾ ਪਾਯਾ ਅਕਲ ਤੇ ਦਿੱਤੀ ਹੋਸ਼ ਭੁਲਾ,
ਕਲੂ ਕਾਲ ਨੇ ਨਾਰ ਤੋਂ ਕੀਤਾ ਪੀਆ ਜੁਦਾ।
ਕੀਤਾ ਪੀਆ ਜ਼ੁਦਾ, ਪੁਰਾਣੇ ਵੈਰੀ ਆ ਕੇ,
ਦਿਤਾ ਰਾਜ ਹਰਾ, ਦਿਲੇ ਤੇ ਕਾਬੂ ਪਾ ਕੇ।
ਪਹਿਲੇ ਪੰਛੀ ਭੇਜ ਸਰੀਰੋਂ ਨਗਨ ਕਰਾਇਆ,
ਹੁਣ ਪਾਪੀ ਨੇ ਹੋਰ ਅਕਲ ਤੇ ਪੜਦਾ ਪਾਯਾ।
ਦਿਲ ਪੱਥਰ ਕਰ ਤੁਰ ਪਿਆ ਫੇਰ ਨ ਪਾਈ ਝਾਤ,
ਜੰਗਲ ਸੁਤੀ ਨਾਰ ਦੀ ਆਣ ਨਾ ਪੁਛੀ ਵਾਤ।
ਆਣ ਨਾ ਪੁਛੀ ਵਾਤ ਨਿਰਦਈ ਤੁਰਿਆ ਜਾਵੇ,
ਖੋਟੇ ਦੀ ਲੈ ਮੱਤ ਖੋਟ ਦਾ ਕਰਮ ਕਮਾਵੇ।
ਕਰਸੀ ਜਦੋਂ ਬਿਲਾਪ ਕੌਣ ਪੂੰਝੇਗਾ ਅੱਥਰ ?
ਮਿਹਰ ਮੁਹੱਬਤ ਤੋੜ ਤੁਰ ਪਿਆ ਕਰ ਦਿਲ ਪੱਥਰ।

ਛੇਵਾਂ ਖੰਡ : ਨਵੀਂ ਮੁਸੀਬਤ ਦਾ ਅਰੰਭ

ਮੁਕੀ ਰਾਤ ਅਫਾਤ ਤੇ ਕਹਿਰ ਵਾਲੀ, ਚੜ੍ਹਿਆ ਦਿਨ ਮੁਸੀਬਤਾਂ ਭਾਰੀਆਂ ਦਾ।
ਲਾਲੋ ਲਾਲ ਬਿਕਰਾਲ[1] ਸਰੂਪ ਕਰਕੇ, ਸੂਰਜ ਕਰੇ ਸਾਮਾਨ ਤਿਆਰੀਆਂ ਦਾ।
ਰੱਤ ਵੰਨੀਆਂ ਅੱਖੀਆਂ ਸ਼ਕਲ ਖੂਨੀ, ਮਨਸ਼ਾ ਧਾਰ ਕੇ ਖੂਨ ਗੁਜ਼ਾਰੀਆਂ ਦਾ।
ਗਿਰਦਾ ਗਿਰਦ ਨਾ ਅੰਤ ਸ਼ੁਮਾਰ ਆਵੇ, ਚੜ੍ਹੀਆਂ ਜਾਣ ਤੇ ਤੇਜ਼ ਕਟਾਰੀਆਂ ਦਾ।
ਮਾਰੋ ਮਾਰ ਕਰਦਾ ਸ਼ਾਹ ਸਵਾਰ ਆਵੇ, ਜਿਵੇਂ ਆਂਵਦਾ ਕਟਕ ਕੰਧਾਰੀਆਂ ਦਾ।
ਦੇਂਦਾ ਫਾਸ਼[2] ਸ਼ਿਕਸਤ[3] ਅੰਧੇਰੜੇ ਨੂੰ, ਕਰਦਾ ਨਾਸ ਅੰਧੇਰ ਗੁਬਾਰੀਆਂ ਦਾ।
ਆਸਮਾਨ ਦੇ ਚੌਧਰੀ ਮਾਤ ਹੋ ਗਏ, ਵੇਖ ਜਲ ਜਲੌ[4] ਸਵਾਰੀਆਂ ਦਾ।
ਚਾਤ੍ਰਿਕ ਦਿਨ ਚੜ੍ਹਿਆ ਅਜ ਕਹਿਰ ਵਾਲਾ, ਬਰਸੇ ਨੂਰ ਥੀਂ ਮੀਂਹ ਚੰਗਿਆੜੀਆਂ ਦਾ।
ਕਿਸਮਤ ਖੜੀ ਸਿਰ੍ਹਾਨੜੇ ਕੂਕਦੀਏ, ਸੁਤੀ ਨਾਰ ਨੂੰ ਰਹੀ ਜਗਾ ਵਾਰੀ।
ਘੂਕ ਸੁਤੀਏ ਜਾਗ ਨੀ ਭਾਗ ਭਰੀਏ, ਭਾਗਾਂ ਵਾਲੀਏ ਹੱਥ ਹਿਲਾ ਵਾਰੀ।
ਅੱਖ ਪੱਟ ਬੀਬੀ ਕਰਮਾਂ ਵਾਲੀਏ ਨੀ, ਗਰਦਨ ਸੱਟ ਨਾ ਹੋਸ਼ ਭੁਲਾ ਵਾਰੀ।
ਜਾਗ ਜਾਗ ਮੁਸੀਬਤਾਂ ਵਾਲੀਏ ਨੀ, ਨੀਂਦ ਵਿਚ ਨਾ ਵਕਤ ਲੰਘਾ ਵਾਰੀ।
ਉਠ ਸਾਰ ਲੈ ਮਾਰ ਘੁਰਾਰੜੇ ਨਾ, ਸਾਥੀ ਗਏ ਜੁਦਾਈਆਂ ਪਾ ਵਾਰੀ।
ਵੇਖ ਨਾਲ ਦਾ ਕਾਫਲਾ ਲੱਦ ਗਿਆ, ਨੀ ਮੁਸਾਫਰੇ ਢਿਲ ਨਾ ਲਾ ਵਾਰੀ।

---

* ਕੁੰਡਲੀਆਂ ਛੰਦ ਦੀਆਂ ਛੇ ਤੁਕਾਂ ਹੁੰਦੀਆਂ ਹਨ ਪਹਿਲੀਆਂ ਦੋ ਦੋਹਿਰੇ ਵਾਂਗ 13+11 ਮਾਤਰਾਂ ਦੀਆਂ ਤੇ ਅੰਤਲੀਆਂ 4 ਰੋਲ ਛੰਦ ਵਾਂਗ 11+14 ਮਾਤਰਾਂ ਦੀਆਂ, ਦੂਜੀ ਤੁਕ ਦਾ ਅੰਤਲਾ ਅੱਧ ਤੀਜੀ ਦਾ ਪਹਿਲਾ ਅੱਧ ਹੁੰਦਾ ਹੈ ਤੇ ਸਭ ਤੋਂ ਪਹਿਲਾ ਸ਼ਬਦ ਕੁੰਡਲੀਏ ਦੇ ਅੰਤ ਉੱਤੇ ਆ ਕੇ ਕੁੰਡਲ ਬਣਦਾ ਹੈ।

1. ਭਿਆਨਕ। 2. ਪ੍ਰਗਟ, ਪ੍ਰਤੱਖ, ਵਡੀ। 3. ਹਾਰ। 4. ਤੇਜ ਪ੍ਰਤਾਪ, ਸ਼ਾਨ।

ਮੈਨੂੰ ਸੌਣ ਦੇ ਅਜ ਮੈਂ ਰੱਜ ਜਾਗੀ, ਪਾਯਾ ਨੀਂਦ ਨੇ ਬੜਾ ਘਬਰਾ ਵਾਰੀ।
ਤੂੰ ਹੁਣ ਜਾਗ ਮੈਂ ਸਵਾਂ ਇਸ ਸੇਜ ਉਤੇ, ਮੇਰੇ ਸੁਤਿਆਂ ਦੁਖ ਉਠਾ ਵਾਰੀ।
ਉਠ ਹੋਸ਼ ਕਰ ਵੇਖ ਕੀ ਹਾਲ ਹੋਯਾ, ਹੋਣੀ ਵਰਤ ਗਈਆਂ ਤੇਰੇ ਭਾ ਵਾਰੀ।
ਏਸ ਨੀਂਦ ਨੇ ਕੰਮ ਖਰਾਬ ਕੀਤਾ, ਗਿਆ ਸੁਖ ਦਾ ਵਕਤ ਵਿਹਾ ਵਾਰੀ।
ਲੈ ਹੁਣ ਜਾਗ ਅੜੀਏ ਸਾਨੂੰ ਨੀਂਦ ਆਈ, ਬਹੁਤੀ ਦੇਰ ਨਾ ਖੜਾ ਕਰਾ ਵਾਰੀ।
ਚਾਤ੍ਰਿਕ ਮਹਿਲ ਤੇ ਮਾੜੀਆਂ ਵੇਖ ਲਈਆਂ, ਜ਼ਰਾ ਜੰਗਲਾਂ ਦੀ ਭੱਖਵਾ ਵਾਰੀ।
ਖਬਰੇ ਖਾਬ ਅੰਦਰ ਕੀ ਵੇਖਨੀਏਂ, ਜ਼ਰਾ ਜਾਗ ਕੇ ਭੀ ਝਾਤ ਮਾਰ ਅੜੀਏ।
ਸੀਸ਼ ਮਹਿਲ ਦੇ ਖਾਬ ਤਿਆਗ ਕੇ ਤੇ, ਰੂੜੀ ਏਸ ਦੀ ਵੇਖ ਬਹਾਰ ਅੜੀਏ।
ਕੀਕਰ ਵਿਚ ਜੁਦਾਈਆਂ ਲੰਘਦੀ ਏ, ਏਹ ਭੀ ਵੇਖ ਲੈ ਦੁਖ ਸਹਾਰ ਅੜੀਏ।
ਪਤੀ ਬਾਝ ਕੀਕਰ ਜਿੰਦ ਵਿਲਕਦੀ ਏ, ਮਜ਼ਾ ਚੱਖ ਲੈ ਜਾਗਦੇ ਸਾਰ ਅੜੀਏ।
ਸਾਰੇ ਸੁਖ ਤੇ ਚੈਨ ਤਬਾਹ ਹੋਏ, ਕਰ ਲੈ ਆਪਣਾ ਆਪ ਤਿਆਰ ਅੜੀਏ।
ਦੁਖ ਘਤ ਘੇਰਾ ਖਲੇ ਗਿਰਦ ਤੇਰੇ, ਤੂੰ ਭੀ ਉਠ ਸੰਭਾਲ ਤਲਵਾਰ ਅੜੀਏ।
ਤੂੰ ਹੈਂ ਇਕ, ਏਹ ਦੁਖ ਨਾ ਗਿਣਨ ਜੋਗੇ, ਸਾਰੇ ਕਰਨਗੇ ਆਣ ਕੇ ਵਾਰ ਅੜੀਏ।
ਤੇਰੇ ਨਾਲ ਹੁਣ ਜਾਲਮਾਂ ਅੱਤ ਚਾਈ, ਆਏ ਪੇਸ਼ ਤੇਰੇ ਬੇਸ਼ੁਮਾਰ ਅੜੀਏ।
ਨਾਲ ਸਬਰ ਦੇ ਦੁਖ ਸਹਾਰ ਲੈਣੇ, ਹੋਣਾ ਮੂਲ ਨਾਹੀਂ ਬੇਕਰਾਰ ਅੜੀਏ।
ਚਾਤ੍ਰਿਕ ਜਾਗ ਜੀਵੇਂ ਭਾਗਾਂ ਵਾਲੀਏ ਨੀ, ਤੇਰੇ ਸਿਰ ਤੇ ਰਹੀ ਪੁਕਾਰ ਅੜੀਏ।

ਜਾਗਣਾ ਰਾਣੀ ਦਮਯੰਤੀ ਦਾ ਅਰ ਪਤੀ ਦੇ ਵਿਯੋਗ ਵਿਚ ਬੇਕਰਾਰ ਹੋਣਾ

ਅੱਭੜਵਾਹ ਉਠੀ ਬਹਿ ਗਈ ਮੀਟ ਮੁਠੀ, ਕਿਸਮਤ ਪਈ ਪੁਠੀ ਜਾਗਣਸਾਰ ਯਾਰੋ।
ਅੱਖਾਂ ਖੋਲ੍ਹ ਵੇਖੇ, ਪਿਆਰਾ ਢੋਲ ਵੇਖੇ, ਸਾਰੇ ਕੋਲ ਵੇਖੇ ਨਜਰ ਮਾਰ ਯਾਰੋ।
ਦਿਸੇ ਪੀਆ ਨਾਹੀ ਠਹਿਰੇ ਜੀਆ ਨਾਹੀ, ਤੀਆ ਪੀਆ ਬਾਝੋਂ ਬੇਕਰਾਰ ਯਾਰੋ।
ਬੇਦਿਲ ਜਾਨ ਹੋ ਗਈ, ਨੀਮ, ਜਾਨ[1] ਹੋ ਗਈ, ਬੇਪ੍ਰਾਨ ਹੋ ਗਈ ਗੋਯਾ ਨਾਰ ਯਾਰੋ।
ਗਾਇਬ ਹੋਸ਼ ਹੋ ਗਈ ਬੇਸੰਤੋਸ਼ ਹੋ ਗਈ, ਫਰਾਮੋਸ਼[2] ਹੋ ਗਈ ਸੁਧ ਸਾਰ ਯਾਰੋ।
ਵੱਜਾ ਤੀਰ ਗੋਯਾ[3], ਉਡੀ ਧੀਰ ਗੋਯਾ, ਤੇ ਸਰੀਰ ਹੋਯਾ ਪੱਥਰ ਹਾਰ[4] ਯਾਰੋ।
ਭੁਲੀ ਸੁਧ ਸਾਰੀ, ਗਈ ਬੁਧ ਮਾਰੀ, ਵੱਜੀ ਤੇਗ ਕਾਰੀ, ਗਈ ਪਾਰ ਯਾਰੋ।
ਬੇਹਵਾਸ[5] ਹੋ ਗਈ ਗਾਇਬ[6] ਆਸ ਹੋ ਗਈ, ਆਸ ਪਾਸ ਦਿਸੇ ਨਾ ਦਿਲਦਾਰ ਯਾਰੋ।
ਜਾਨ ਜਾਏ ਸੁਕਦੀ, ਸਵਾਸ ਜਾਏ ਰੁਕਦੀ, ਆਵੇ ਮੌਤ ਢੁਕਦੀ ਨੇੜੇ ਵਾਰ ਯਾਰੋ।
ਜੀਆ ਜਾਏ ਘਿਰਦਾ ਚੱਕਰ ਫਿਰੇ ਸਿਰ ਦਾ ਚਾਤ੍ਰਿਕ ਵਾਂਗ ਹਿਰਦਾ ਬੇਅਧਾਰ[7] ਯਾਰੋ।
ਹੋ ਹੈਰਾਨ ਚਾਰੋਂ ਤਰਫੀਂ ਵੇਖਦੀਏ, ਕਿਧਰ ਪਤੀ ਜੀ ਗਏ ਸਿਧਾ ਰੱਬਾ।
ਚੰਦ ਦਿਸਦਾ ਨਹੀਂ ਚਕੋਰਨੀ ਨੂੰ, ਤੜਫੇ ਮਛਲੀ ਨੀਰ ਗੁਆ ਰੱਬਾ।

---

1. ਅਧੀ ਜਾਨ, ਅਧਮੋਈ। 2. ਭੁੱਲ ਗਈ। 3. ਜਾਣੋਂ, ਮਾਨੋ। 4. ਵਾਂਗੂ। 5. ਸਪਰਸ਼ ਗਿਆਨ ਭੁੱਲ ਗਿਆ। 6. ਅਲੋਪ ਹੋ ਗਈ, ਸੁਕ ਗਈ, ਉਡ ਗਈ। 7. ਬੇਆਸਰਾ।

ਕਿਧਰ ਗਏ ਸਵੇਲੜੇ ਉਠ ਕੇ ਹੀ, ਕੰਨੀ ਪਏ ਨਾ ਕਿਤੋਂ ਸਦਾ ਰੱਬਾ।
ਪੀਆ ਪਲ ਨਾ ਕਦੇ ਵਿਸਾਹ ਕਰਦੇ ਕੀਕਰ ਹੋ ਗਏ ਅਜ ਜੁਦਾ ਰੱਬਾ।
ਖਬਰੇ ਦਿਸ਼ਾ ਪਾਣੀ[1] ਗਏ ਉਠ ਕੇ ਤੇ, ਹੁਣੇ ਜਾਂਵਦੇ ਨੇ ਕਿਤੋਂ ਆ ਰੱਬਾ।
ਐਪਰ ਜੀਉ ਮੇਰਾ ਏਦਾਂ ਧੜਕਦਾ ਏ, ਜੀਕਰ ਗਏ ਜੁਦਾਈਆ ਪਾ ਰੱਬਾ।
ਉਛਲ ਉਛਲ ਕੇ ਬਾਹਰ ਨੂੰ ਦਿਲ ਆਵੇ, ਗਿਆ ਘੜੀ ਦੇ ਵਿਚ ਘਬਰਾ ਰੱਬਾ।
ਹੋਇਆ ਬਾਵਲਾ, ਸਾਵਲੇ ਸ਼ਾਮ ਬਾਝੋਂ, ਹੋ ਉਤਾਵਲਾ ਕਰੇ ਸੌਦਾ ਰੱਬਾ।
ਤਾਬ[2] ਆਬ[3] ਬਿਨ ਜਿਵੇਂ ਮਛਲੀ ਨੂੰ, ਤਿਵੇਂ ਜਿੰਦ ਹੋ ਰਹੀ ਹਵਾ ਰੱਬਾ।
ਥੋੜ੍ਹੀ ਦੇਰ ਅੰਦਰ ਹੁਸੜ ਹੋਈ ਅੱਧੀ, ਕੰਮੀ[4] ਚੰਦ ਬਿਨ ਰਹੀ ਕੁਮਲਾ ਰੱਬਾ।
ਚਾਤ੍ਰਿਕ ਪੇਸ਼ ਕੀ ਆਈਆਂ ਅਜ ਮੇਰੇ, ਸੱਜੀ ਅੱਖ ਫਰਕੇ ਵਾਹੋ ਦਾ ਰੱਬਾ।

ਬੇਕਰਾਰੀ ਵਿਚ ਰਾਣੀ ਦਮਯੰਤੀ ਦਾ ਪਤੀ ਨੂੰ ਅਵਾਜ਼ਾਂ ਮਾਰਨਾ

ਪਜਾਰੇ ਪਤੀ ਜੀ ਪੀਆ ਜੀ ਆਓ ਏਧਰ, ਕਿਉਂ ਨਾ ਬੋਲਦੇ ਹੋ ਏਧਰ ਆਓ ਪੀਆ ?
ਮੇਰੇ ਜੀਉ ਅੰਦਰ ਘਾਟਾਂ ਪੈਣ ਪਲ ਪਲ, ਛੇਤੀ ਆਣ ਕੇ ਮੁਖ ਦਿਖਾਓ ਪੀਆ।
ਸਵਾਮੀ, ਸਵਾਮੀ ਜੀ ਸਵਾਮੀ ਜੀ, ਪਤੀ ਪਜਾਰੇ, ਛੇਤੀ ਬਹੁੜਿਓ ਦੇਰ ਨਾ ਲਾਓ ਪੀਆ।
ਮੈਂ ਬੇਤਾਬ ਹੋ ਰਹੀ ਜੁਦਾਈ ਅੰਦਰ, ਆਓ ਦੌੜ ਕੇ ਜਾਨ ਬਚਾਓ ਪੀਆ।
ਕਿਧਰ ਗਏ ਹੋ ਬੋਲ ਕੇ ਕਹੋ ਕਿਉਂ ਨਾ, ਕਿਉਂ ਬੇਚੈਨ ਨੂੰ ਚੈਨ ਨਾ ਪਾਓ ਪੀਆ।
ਛੇਤੀ ਆਓ ਪੀਆ ਛੇਤੀ ਆਓ ਪੀਆ, ਨਾ ਬੇਦੋਸ਼ੜੀ ਜਾਨ ਕਲਪਾਓ ਪੀਆ।
ਸ਼ਾਇਦ ਹੌਸਲਾ ਨਾਰ ਦਾ ਵੇਖਣੇ ਨੂੰ, ਓਹਲੇ ਬੈਠ ਕੇ ਪਏ ਪਰਤਾਓ ਪੀਆ।
ਬਾਵਾ ਹਾਰ ਖਾਧੀ, ਮੈਂ ਕਮ ਹੌਸਲੀ ਹਾਂ, ਮੈਨੂੰ ਹੋਰ ਨਾ ਪਏ ਅਜ਼ਮਾਓ ਪੀਆ।
ਏਸ ਪਰਖ ਅੰਦਰ ਕੋਝੀ ਠੀਕ ਨਿਕਲੀ, ਲੈ ਹੁਣ ਹੋਰ ਨਾ ਪਏ ਡਰਾਓ ਪੀਆ।
ਆਓ ਦੇਰ ਨਾ ਲਾਓ, ਨਾ ਵਿਥ ਪਾਓ, ਛੇਤੀ ਆਓ ਏਹ ਦੁਖ ਹਟਾਓ ਪੀਆ।
ਮੈਂ ਤਾਂ ਧੁਰੋਂ ਹਾਰੀ, ਸਾਵੀਂ ਬਣਾਂ ਕੀਕਰ ? ਤਕੜ ਕਾਸ ਨੂੰ ਚਾੜ੍ਹ ਤੁਲਾਓ ਪੀਆ।
ਕਦੋਂ ਮਾਰਿਆ ਦਮ ਸੀ ਹੌਸਲੇ ਦਾ ? ਜਿਸਦੇ ਵਾਸਤੇ ਪਏ ਤੜਫਾਓ ਪੀਆ।
ਕੱਖ ਕੰਮ ਆਵਣ ਮੈਂ ਨਾ ਕੰਮ ਆਵਾਂ, ਜਿਚਰ ਆਪ ਨਾ ਸ਼ਾਂਤ ਵਰਤਾਓ ਪੀਆ।
ਆਪ ਸਮਝਦੇ ਹੋ ਅਕਲ ਵਾਲੜੀ ਏ, ਏਸ ਗਲ ਤੇ ਭੁਲ ਨਾ ਜਾਓ ਪੀਆ।
ਝੱਲੀ, ਬਾਵਰੀ ਅਕਲ ਗੁਆ ਬੈਠੀ, ਮੂਰਖ ਨਾਰ ਤੇ ਸਿਤਮ[5] ਨਾ ਢਾਓ ਪੀਆ।
ਅਕਲ ਹੋਸ਼ ਕੀਤਾ ਨਜ਼ਰ ਚਾਤ੍ਰਿਕ ਦੀ, ਕਿਉਂ ਦਿਲ ਖੱਸ ਕੇ ਤਤੜੀ ਤਾਓ ਪੀਆ।

ਮਕੂਲਾ ਸ਼ਾਇਰ

ਕੂਕਾਂ ਮਾਰਦੀ ਵਾਂਗ ਸੌਦਾਇਣਾਂ ਦੇ, ਚਾਰੋਂ ਤਰਫ ਨੂੰ ਝਾਤੀਆਂ ਪਾਂਵਦੀ ਏ।
ਆਵੇ ਨਜ਼ਰ ਨਾ ਬਾਲ-ਮੁਕੰਦ[6] ਕਿਧਰੋਂ, ਵਾਜਾਂ ਮਾਰ ਕੇ ਪਈ ਬੁਲਾਂਵਦੀ ਏ।

---

1. ਜੰਗਲ ਪਾਣੀ ਜਾਣਾ, ਟੱਟੀ ਜਾਣਾ। 2. ਚੈਨ। 3. ਪਾਣੀ।
4. ਇਕ ਫੁੱਲ, ਕੁਮੁਦਨੀ ਜੋ ਚੰਨ ਚਾਨਣੀ ਰਾਤ ਵਿਚ ਖਿੜਦਾ ਹੈ। 5. ਜ਼ੁਲਮ। 6. ਪਤੀ, ਰਾਜਾ ਤੋਂ ਭਾਵ ਹੈ।

ਕਦੇ ਬੂਟਿਆਂ ਦੇ ਵਿਚ ਹੱਥ ਮਾਰੇ, ਪੱਤਰ ਚੁਕ ਕੇ ਪਰੇ ਹਟਾਂਵਦੀ ਏ।
ਸ਼ਾਇਦ ਇਨ੍ਹਾਂ ਅੰਦਰ ਪੀਆ ਛੁਪ ਰਹਿਆ, ਬੂਟੇ ਸੰਘਣੇ ਪਈ ਫੁਲਾਂਵਦੀ ਏ।
ਕਦੇ ਚੜ੍ਹਦਿੰਓਂ ਹਟੇ ਤੇ ਜਾਏ ਦਖਣ, ਪਿਛੋਂ ਵੇਖ ਪਹਾੜ ਨੂੰ ਧਾਂਵਦੀ ਏ।
ਸੌ ਸੌ ਕਦਮ ਫਿਰ ਫਿਰ ਚਾਰੋਂ ਪਾਸਿਆਂ ਤੇ, ਚੱਕਰ ਫੇਰ ਚੌਵੇਰ ਦਾ ਲਾਂਵਦੀ ਏ।
ਨਾਲੇ ਫੌਲਦੀ ਏ, ਨਾਲੇ ਟੋਲਦੀ ਏ, ਨਾਲੇ ਬੋਲ ਕੇ ਪਈ ਸਦਾਂਵਦੀ ਏ।
ਐਪਰ ਵਾਜ ਨਾ ਕਿਤੋਂ ਭੀ ਆਂਵਦੀਏ, ਫਾਵੀ ਹੋਇ ਕੇ ਫੇਰ ਬਹਿ ਜਾਂਵਦੀ ਏ।
ਲੈ ਕੇ ਸਾਹ ਉਠੇ, ਫੇਰ ਲਾਏ ਚਕਰ, ਜਾ ਜਾ ਬੂਟਿਆਂ ਪਾਸ ਕੁਰਲਾਂਵਦੀ ਏ।
ਕਿਧਰੇ ਹੋਵੇ ਤਾਂ ਦੇ ਆਵਾਜ਼ ਅਗੋਂ, ਏਥੇ ਸ਼ਕਲ ਨਾ ਪੀਆ ਦੇ ਨਾਂਵ ਦੀ ਏ।
ਮੁੜ ਮੁੜ ਬਾਵਲੀ[1] ਪਈ ਬੁਲਾਂਵਦੀ ਏ, ਓਸੇ ਪੀਆ ਦੇ ਸੋਹਿਲੇ ਗਾਂਵਦੀ ਏ।
ਦਿਲ ਨਾਲ ਗਮ ਦੇ ਪਾਣੀ ਵਾਂਗ ਹੋਯਾ, ਸਾਰਾ ਅਖੀਆਂ ਰਾਹ ਵਗਾਂਵਦੀ ਏ।
ਦਿਲਦਾਰ[2] ਵੰਜਾ[3] ਕੇ ਅਖੀਆਂ ਥੀਂ, ਇਨ੍ਹਾਂ ਅਖੀਆਂ ਥੀਂ ਪਛੋਤਾਂਵਦੀ ਏ।
ਨਿਜ ਮੀਟ ਦੀ ਅਖੀਆਂ ਤੱਤੀਆਂ ਨੂੰ, ਸ਼ਕਲ ਪੀਆ ਦੀ ਨਹੀਂ ਦਿਸਾਂਵਦੀ ਏ।
ਸ਼ਾਇਦ ਗਏ ਕਿਧਰ ਆਵੇ ਸਮਝ ਨਾਹੀਂ, ਸੋਚਾਂ ਸੋਚਦੀ·ਜੀਉ ਪਰਚਾਂਵਦੀ ਏ।
ਚਾਤ੍ਰਿਕ ਭੋਲੜੀ ਨਾਰ ਨਾ ਸਮਝਦੀ ਏ, ਬਿਪਤਾ ਕਦੇ ਤਨਹਾ[4] ਨਾ ਆਂਵਦੀ ਏ।

ਓਸੇ ਬਿਪਤਾ ਵਿਚ ਤਰ੍ਹਾਂ ਤਰ੍ਹਾਂ ਦੇ ਖਿਆਲ ਦੁੜਾਉਣਾ, ਰਾਣੀ ਦਮਯੰਤੀ ਦਾ

ਓੜਕ ਥਕ ਆਈ ਬਾਰਾਂਦਰੀ ਅੰਦਰ, ਬਹਿਕੇ ਕਹੇ ਸਚੋ ਸਚ ਦਸ ਸਾਈਆਂ।
ਸੁਪਨਾ ਵੇਖਦੀ ਹਾਂ ਯਾ ਮੈਂ ਜਾਗਦੀ ਹਾਂ, ਮੇਰਾ ਜੀਆ ਨਾਹੀ ਮੇਰੇ ਵਸ ਸਾਈਆਂ।
ਮੇਰੀ ਅਖੀਆਂ ਸੱਤ ਕੁਸੱਤ ਵੇਖਣ, ਯਾ ਕੇ ਕੰਤ ਮੇਰਾ ਲੀਤੋ ਖਸ ਸਾਈਆਂ।
ਯਾ ਕੇ ਜਾਨ ਮੇਰੀ ਕਿਤੇ ਕਢੀਓ ਈ, ਹੋਈ ਜ਼ਿੰਦਗਾਨੀ ਮੇਰੀ ਬਸ ਸਾਈਆਂ।
ਕਿਸੇ ਜੰਗਲੀ ਸ਼ੇਰ ਨੇ ਚੁਕ ਖੜਿਆ, ਯਾ ਓਹ ਆਪ ਗਏ ਕਿਧਰੇ ਨਸ ਸਾਈਆਂ।
ਸੌਣ ਲਗਿਆਂ ਪਾਸ ਸੀ ਕੰਤ ਮੇਰੇ, ਕਰਦੇ ਸਾਨ ਗੱਲਾਂ ਹੱਸ ਹੱਸ ਸਾਈਆਂ।
ਕੀ ਏਹ ਵਰਤਿਆ ਖੇਲ ਅਜੀਬ ਤੇਰਾ, ਪਿਆ ਰਸ ਦੇ ਵਿਚ ਕੁਰੱਸ ਸਾਈਆਂ।
ਖਬਰੇ ਮੁਝ ਦੀ ਜਾਨ ਬਚਾਨ ਖਾਤਰ, ਕਿਸੇ ਦੁਖ ਅੰਦਰ ਗਏ ਫਸ ਸਾਈਆਂ।
ਆਏ ਅਜੇ ਨਾ ਚੜ੍ਹੀ ਦੁਪਹਿਰ ਆਵੇ, ਕਿਸੇ ਸ਼ੇਰ ਨੇ ਲਿਆ ਗ੍ਰਸ ਸਾਈਆਂ।
ਰੱਬਾ ਝੂਠ ਕਰ ਦੇ ਸੁਪਨੇ ਵਾਂਗ ਗਲਾਂ, ਆਵੇ ਨਜ਼ਰ ਪੀਆ ਹੱਸ ਹੱਸ ਸਾਈਆਂ।
ਜੇਕਰ ਖਵਾਬ[5] ਹਾਂ ਦੇਖਦੀ ਖਵਾਬ ਅੰਦਰ ਦੇਹ ਜਗਾ ਏਹ ਕਰੀਂ ਤਰਸ ਸਾਈਆਂ।
ਚਾਤ੍ਰਿਕ ਜਾਨ[6] ਬਾਝੋਂ ਜਾਨ ਜਾਣ ਲਗੀ, ਮਾਰੇ ਤੀਰ ਬ੍ਰਿਹੋਂ ਕੱਸ ਕੱਸ ਸਾਈਆਂ।

ਨਿਹਾਇਤ ਬੇਤਾਬ ਹੋ ਜਾਣਾ ਰਾਣੀ ਦਮਯੰਤੀ ਦਾ ਪਾਟਾ ਹੋਇਆ ਕਪੜਾ ਵੇਖ ਕੇ

ਉਠੀ ਫੇਰ ਇਕ ਵੇਰ ਖਾ ਘੇਰ ਦਿਲ ਵਿਚ, ਪੀਆ ਪੀਆ ਪੁਕਾਰ ਬੁਲਾਨ ਲਗ ਪਈ।
ਅਚਣਚੇਤ ਬੇਖੁਦੀ[7] ਵਿਚ ਮਸਤ ਹੋਈ, ਆਪਣੇ ਆਪ ਤੇ ਮਾਰਨ ਧਯਾਨ ਲਗ ਪਈ।

1. ਕਮਲੀ। 2. ਪਿਆਰਾ। 3. ਗਵਾ ਕੇ। 4. ਇਕੱਲੀ। 5. ਸੁਪਨਾ। 6. ਪਤੀ। 7. ਬੇਹੋਸ਼ੀ।

ਸੀਨਾ ਚਾਕ[1] ਹੋਇਆ ਵੇਖ ਚਾਕ ਦਾਮਨ[2], ਢਾਂਹੀ ਮਾਰ ਕੇ ਫੇਰ ਕੁਰਲਾਨ ਲਗ ਪਈ।
ਹਾਇ ਹਾਇ ਰੱਬਾ ਏਹ ਕੀ ਵਰਤ ਗਈਆਂ ! ਬੇਕਰਾਰ ਹੋ ਨੀਰ ਵਹਾਨ ਲਗ ਪਈ।
ਕਰੀਂ ਬਾਹੁੜੀ ਵੇ ਰੱਬਾ ਹਾਇ ਮੈਨੂੰ, ਏਹ ਕੀ ਵਰਤ ਭਾਵੀ ਮੈਨੂੰ ਖਾਨ ਲਗ ਪਈ ?
ਕਿਸਮਤ ਸਚ ਵਿਛੋੜ ਕੇ ਪਤੀ ਮੇਰਾ, ਭਾਵੇਂ ਅਜ ਮੁਕਾਵਣੇ ਜਾਨ ਲਗ ਪਈ।
ਬੇਨਸੀਬ ਦਾ ਆਸਰਾ ਖੋਹਕੇ ਤੇ, ਜੰਗਲ ਵਿਚ ਹੀ ਜਿੰਦ ਮੁਕਾਨ ਲਗ ਪਈ।
ਮੈਂ ਸੀ ਹਾਸੜੇ ਠੱਠੜੇ ਗਲ ਪਾਈ, ਏਹ ਤਾਂ ਸਚ ਵਧਾਨ ਵਧਾਨ ਲਗ ਪਈ।
ਸਚ ਮੁਚ ਮੇਰਾ ਪਤੀ ਗਿਆ ਵਿਛੜ, ਜਿੰਦ ਜਾਨ ਮੇਰੀ ਘਾਟੇ ਖਾਨ ਲਗ ਪਈ।
ਚਾਤ੍ਰਿਕ ਚੰਨ ਉਹਲੇ ਹੋਯਾ ਅਖੀਆਂ ਥੀਂ, ਬ੍ਰਿਹੋਂ ਬ੍ਰਿਹੋਂ ਦੇ ਤੀਰ ਚਲਾਨ ਲਗ ਪਈ।

ਬੇਕੁਲ ਹੋ ਕੇ ਯਾਦ ਕਰਨਾ ਰਾਣੀ ਦਮਯੰਤੀ ਨੇ ਆਪਣੇ ਪਤੀ ਰਾਜਾ ਨਲ ਨੂੰ

ਸਚ ਮੁਚ ਪੀਆ ਏਹੋ ਗਲ ਹੋਈ, ਤੁਸਾਂ ਛਡਿਆ ਸਾਥ ਨਿਮਾਨੜੀ ਦਾ ?
ਸਚ ਮੁਚ ਨਾ ਵੇਖਣਾ ਮੁਖ ਚਾਹੋ, ਏਸ ਬਾਵਰੀ, ਮਸਤ ਦੀਵਾਨੜੀ ਦਾ ?
ਦਿਤਾ ਸਾਥ ਤਿਆਗ ਜੇ ਠੀਕ ਪੀਆ, ਮੈਂ ਬੇ ਆਸਰੀ ਤੇ ਬੇ ਪ੍ਰਾਨੜੀ ਦਾ ?
ਆਯਾ ਤਰਸ ਨਾ ਜ਼ਰਾ ਤਿਆਗ ਦੇ ਨੂੰ, ਸਾਥ ਆਪਣੀ ਪਯਾਰੜੀ ਰਾਨੜੀ ਦਾ।
ਕੀ ਖਿਆਲ ਆਯਾ ਜੋ ਖਿਆਲ ਆਯਾ, ਕੱਲੀ ਛੱਡ ਕੇ ਆਪ ਰਵਾਨੜੀ[3] ਦਾ ?
ਹਾਇ ਬੜੀ ਅਸਚਰਜ ਦੀ ਗਲ ਜਾਣੋ, ਲਗੇ ਪਤਾ ਨਾ ਏਸ ਹੈਰਾਨੜੀ ਦਾ।
ਮੇਰਾ ਪੀਆ ਮੈਨੂੰ ਜਾਵੇ ਛਡ ਕੱਲੀ, ਸਾਂਝੀ ਵਾਲ ਮੇਰੀ ਜ਼ਿੰਦਗਾਨੜੀ ਦਾ।
ਫੇਰ ਏਸ ਜੰਗਲ ਬੀਆਬਾਨ ਅੰਦਰ, ਜਿਥੇ ਘੁਟ ਭੀ ਮਿਲੇ ਨਾ ਪਾਨੜੀ ਦਾ।
ਕੀਕਰ ਕਰਾਂ ਯਕੀਨ ਖਿਆਲ ਅੰਦਰ, ਪਿਆਰੇ ਪੀਆ ਸੰਦੀ ਕਹਿਰਵਾਨੜੀ[4] ਦਾ।
ਉਹ ਬੜੇ ਧਰਮੱਗ[5] ਤੇ ਸੂਝ ਵਾਲੇ, ਸਾਯਾ ਮੁਝ ਤੇ ਸੀ ਮਿਹਰਬਾਨੜੀ ਦਾ।
ਏਸ ਕਹਿਰਵਾਨੀ, ਓਸ ਮਿਹਰਬਾਨੀ, ਅੰਦਰ ਫਰਕ ਜਮੀਨ ਅਸਮਾਨੜੀ ਦਾ।
ਐਪਰ ਫੇਰ ਦੁਪੱਟੜਾ ਕਿਵੇਂ ਪਾਟਾ ? ਦਿਸੇ ਦਾਗ ਜਾਂ ਏਸ ਨਿਸ਼ਾਨੜੀ ਦਾ।
ਕਾਤੀ ਫਿਰੇ ਕਲੇਜੜੇ ਵਿਚ ਮੇਰੇ, ਜਾਂ ਧਿਆਨ ਜਾਏ ਬੇਧਿਆਨੜੀ ਦਾ।
ਸ਼ਾਇਦ ਸਾਥ ਪੀਆ ਛਡ ਦਿਤਾ, ਸਾਥ ਜਾਣ ਅਨਜਾਣ ਸਿਆਨੜੀ ਦਾ।
ਕੀ ਸਬਬ ਹੋਯਾ ਰੱਬਾ ਏਸ ਅੰਦਰ, ਮੇਰੇ ਪੀਆ ਦੀ ਏਸ ਗਿਲਾਨੜੀ[6] ਦਾ।
ਗਏ ਛਡ ਬੇਦੋਸੜੀ ਵਿਚ ਜੰਗਲ, ਮੈਨੂੰ ਪਤਾ ਕੀ ਜੂਹ ਬਿਗਾਨੜੀ ਦਾ।
ਆਈਆਂ ਪੇਸ਼ ਮੁਸੀਬਤਾਂ ਅਜ ਨਵੀਆਂ, ਪਿਆ ਘਾਣ ਕਲੇਸ਼ ਦੀ ਘਾਨੜੀ[7] ਦਾ।
ਨਵੇਂ ਸੂਰਜੋਂ ਨਵੇਂ ਕਲੇਸ਼ ਚਾਤ੍ਰਿਕ, ਵਾਹਵਾ ਲੇਖ ਇਹ ਕਲਮ ਰਬਾਨੜੀ[8] ਦਾ।

ਪਤੀ ਦੀ ਮੁਸੀਬਤ ਨੂੰ ਸੋਚ ਕੇ ਘਬਰਾਉਣਾ, ਰਾਣੀ ਦਮਯੰਤੀ ਦਾ

ਛਾਤੀ ਧੜਕਦੀ ਰੜਕਦੀ ਵਾਂਗ ਸੀਨੇ, ਬਿਜਲੀ ਕੜਕਦੀ ਜਿੰਦ ਹਵਾਈ ਹੋਵੇ।
ਸੁਖ ਸਾਂਦ ਹੋਵੇ ਰਬਾ ਸੁਖ ਰਖੀਂ, ਉਮਰ ਪੀਆ ਦੀ ਦੂਣ ਸਵਾਈ ਹੋਵੇ।

---

1. ਚੀਰਿਆ ਗਿਆ। 2. ਪੱਲਾ। 3. ਚਲੇ ਜਾਣਾ। 4. ਜ਼ੁਲਮ। 5. ਧਰਮਾਤਮਾ, ਧਰਮ ਨੂੰ ਜਾਨਣ ਵਾਲਾ। 6. ਨਫਰਤ, ਘ੍ਰਿਣਾ। 7. ਘਾਣੀ, ਭਾਵ ਮੁਸੀਬਤ। 8. ਪ੍ਰਮਾਤਮਾ ਦੀ।

ਬਹੁਤਾ ਖੌਫ ਤਾਂ ਜਿੰਦ ਨੂੰ ਏਸ ਗਲੇ, ਰਬਾ ਸੁਖ ਦੀ ਪਈ ਜੁਦਾਈ ਹੋਵੇ।
ਡਰਾਂ ਜੰਗਲੀਂ ਸ਼ੇਰ ਅੰਧੇਰ ਮਾਰਨ, ਪੈਂਦੀ ਘੇਰ ਚੌਫੇਰ ਲੜਾਈ ਹੋਵੇ।
ਮਤਾਂ ਏਸ ਕਲੇਸ਼ ਦੀ ਲੇਸ਼ਾ[1] ਬਿਪਤਾ, ਪੇਸ਼ ਦੁਸ਼ਮਨਾਂ ਦੇ ਸਿਰ ਤੇ ਆਈ ਹੋਵੇ।
ਮੇਰੀ ਸੁਖ, ਮੈਂ ਮਰੀ ਜਾਂ ਰਹੀ ਜ਼ਿੰਦੀ, ਮੇਰੇ ਪੀਆ ਦੀ ਰਬ ਵਧਾਈ ਹੋਵੇ।
ਸਦਕੇ ਜਾਨ ਕੁਰਬਾਨ ਮੈਂ ਓਸ ਉਤੋਂ, ਜਾਨ ਪੀਆ ਦੀ ਰਬ ਬਚਾਈ ਹੋਵੇ।
ਘਾਟਾਂ ਪੈਣ ਤੇ ਨੈਣ ਨਾ ਚੈਨ ਪਾਵਨ, ਬਿਪਤਾ ਹੋਰ ਨਸੀਬ ਨਾ ਪਾਈ ਹੋਵੇ।
ਰਬਾ ਸੁਤਿਆਂ ਹੋਵੇ ਨਾ ਦੇਰ ਰੱਤੀ, ਤੇਰੀ ਮਿਹਰ ਹਰ ਹਾਲ ਸਹਾਈ ਹੋਵੇ।
ਜੇੜ੍ਹੇ ਕੰਮ ਨੂੰ ਉਠ ਕੇ ਗਏ ਪੀਆ, ਮਿਹਨਤ ਉਨ੍ਹਾਂ ਦੀ ਤੋੜ ਪੌਚਾਈ ਹੋਵੇ।
ਖਬਰੇ ਮੁਝ ਨਿਮਾਨੜੀ ਤੱਤੜੀ ਦੇ, ਕਾਰਨ ਪੀਆ ਤਕਲੀਫ ਉਠਾਈ ਹੋਵੇ।
ਚਾਤ੍ਰਿਕ ਪਈ ਜੇ ਪੇਸ਼ ਉਖਿਆਈ ਹੋਵੇ, ਧੱਪਾ ਮਾਰ ਕੇ ਪਰੇ ਹਟਾਈ ਹੋਵੇ।

ਪਤੀ ਨੂੰ ਸਨਮੁਖ ਰਖ ਕੇ ਰਾਣੀ ਦਮਯੰਤੀ ਦਾ ਵਿਰਲਾਪ

ਪੀਆ ਛੱਡ ਕਿਉਂ ਗਏ ਨਿਮਾਨੜੀ ਨੂੰ, ਕਿਹਾ ਸਖਤ ਖਯਾਲ ਇਹ ਧਾਰਿਓ ਜੇ।
ਮੈਂ ਤਾਂ ਅਜੇ ਕਰਾਂ ਯਕੀਨ ਨਾਹੀ, ਖਬਰੇ ਕਿਸ ਤਰ੍ਹਾਂ ਹੌਸਲਾ ਹਾਰਿਓ ਜੇ।
ਆਲੇ ਟੋਲਿਆਂ[2] ਵਿਚ ਮੈਂ ਗੱਲ ਪਾਵਾਂ, ਆ ਕੇ ਅਜੇ ਭੀ ਝਾਤੜੀ ਮਾਰਿਓ ਜੇ।
ਮੈਂ ਬੇਆਸਰੀ ਘਾਬਰੀ ਵਿਚ ਜੰਗਲ, ਛੇਤੀ ਆਣ ਕੇ ਦੁਖ ਨਿਵਾਰਿਓ ਜੇ।
ਮੈਂ ਤਾਂ ਘੜੀ ਦੀ ਵਿਥ ਨਾ ਸਹਿਨ ਜੋਗੀ, ਨਾ ਏਹ ਬ੍ਰਿਹੋਂ ਕਟਾਰੜੀ ਮਾਰਿਓ ਜੇ।
ਮੇਰੇ ਉਹੋ ਰਹੀਮ[3] ਕਰੀਮ[4] ਰਹਿਓ, ਨਾ ਇਹ ਜ਼ੁਲਮ ਦਾ ਹਥ ਉਲਾਰਿਓ ਜੇ।
ਸ਼ਹੁ ਦਰਯਾ ਅੰਦਰ ਗੋਤੇ ਪਈ ਖਾਵਾਂ, ਡੁੱਬ ਬਹੁੜ ਕੇ ਪਾਰ ਉਤਾਰਿਓ ਜੇ।
ਜਾਨ ਤਨ ਪਾਸੋਂ ਅਵਾਜ਼ਾਰ ਹੋਈ, ਆਪ ਆਨ ਕੇ ਜਿੰਦ ਖੁਲਹਾਰਿਓ ਜੇ।
ਦਿਲ ਬੇਦਿਲ ਹੋਯਾ ਤਪਤ ਹਿਜਰ[5] ਦੀ ਥੀਂ, ਦਰਸ਼ਨ ਦੇ ਕੇ ਏਸ ਨੂੰ ਠਾਰਿਓ ਜੇ।
ਬੇਹਵਾਸ ਸੁਵਾਸ ਨਾ ਚਾਤ੍ਰਿਕ ਦੇ, ਵਿਗੜੇ ਆਨ ਕੇ ਕੰਮ ਸਵਾਰਿਓ ਜੇ।
ਮੁੜ ਮੁੜ ਖਲੀ ਪੁਕਾਰਦੀ ਵਿਚ ਜੰਗਲ, ਛੇਤੀ ਆ ਸਾਂਈ ਛੇਤੀ ਆ ਸਾਂਈ।
ਹਿਜਰ[6] ਜਾਨ ਬੇਜਾਨ ਹੁਣ ਕਰੀ ਜਾਂਦਾ, ਛੇਤੀ ਆਣ ਕੇ ਮੁਖ ਵਿਖਾ ਸਾਂਈ।
ਤਪੇ ਤਾਉ ਤਨੂਰ ਦੇ ਵਾਂਗ ਜੀਆ, ਰਹਿਆ ਜੀਉ ਦੀ ਰੱਤ ਸੁਕਾ ਸਾਂਈ।
ਟੁਟੇ ਨੈਣ ਪ੍ਰਾਣ ਤਰਾਣ ਬਾਝੋਂ, ਹੋਵੇ ਚੰਦਰੀ ਜਿੰਦ ਹਵਾ ਸਾਂਈ।
ਰਹੀਆਂ ਮਾਰ ਆਹੀ, ਕਰ ਕਰ ਖਲੀ ਬਾਂਹੀਂ, ਨਹੀਂ ਚੈਨ ਆਰਾਮ ਦਾ ਸਾਂਈ।
ਨੈਣਾਂ ਬਦਲਾਂ ਦੇ ਵਾਂਗ ਝੜੀ ਲਾਈ, ਨੀਰ ਵਗਦਾ ਵਾਂਗ ਦਰਿਆ ਸਾਂਈ।
ਸਾਨੂੰ ਤੋੜ ਮੁਹੱਬਤਾਂ ਛੋੜ ਚਲੇ, ਕੀ ਗੁਨਾਹ ਸਾਂਈ ਕੀ ਖਤਾ[7] ਸਾਂਈ।
ਮੁਖ ਮੋੜ ਪ੍ਰੀਤ ਦੀ ਰੀਤ ਤੋੜੀ, ਗਏ ਸੁਤਿਆਂ ਮੁਖ ਭਵਾ ਸਾਂਈ।

1. ਥੋੜੀ ਜੇਹੀ। 2. ਟਾਲਮ ਟੋਲੇ। 3. ਤਰਸ ਕਰਨ ਵਾਲਾ। 4. ਮੇਹਰ ਕਰਨ ਵਾਲਾ। 5-6. ਵਿਛੋੜਾ।
7. ਕਸੂਰ, ਦੋਸ਼, ਗਲਤੀ।

ਫਿਰਾਂ ਬਾਵਲੀ ਢੂੰਡਦੀ ਸਾਵਲੇ ਨੂੰ, ਖੂਹੇ ਬਾਵਲੀ ਅਤੇ ਤਲਾ ਸਾਂਈ।
ਜੰਗਲ ਛਾਨਿਆਂ ਅਖੀਆਂ ਵਿਚ ਸਾਰਾ, ਆਵੇ ਨਜ਼ਰ ਨਾ ਉਹ ਬੇਵਫਾ[1] ਸਾਂਈ।
ਮੈਂ ਖਤਾ ਕੀਤੀ ਬੇਵਫਾ ਕਹਿਆ, ਤੁਸੀਂ ਮੁਝ ਦੇ ਹੋ ਬਾਵਫਾ[2] ਸਾਂਈ।
ਐਪਰ ਏਹ ਕੀ ਖੇਡ ਖਿਲਾਰੀਓ ਜੇ, ਜ਼ਰਾ ਮੁਝ ਨੂੰ ਦਿਓ ਸਮਝਾ ਸਾਂਈ ?
ਕਰਨਾ ਜਾਨ ਹੈਰਾਨ ਵੈਰਾਨ ਅੰਦਰ, ਹਛੀ ਲਗਦੀ ਨਹੀਂ ਅਦਾ[3] ਸਾਂਈ ?
ਛੇਤੀ ਆ ਦਿਖਾ ਦੀਦਾਰ ਛੇਤੀ, ਹੋਈ ਢੇਰ ਹੁਣ ਦੇਰ ਨਾ ਲਾ ਸਾਂਈ।
ਅੱਖਾਂ ਥਕੀਆਂ ਤੱਕੀਆਂ ਜਾਣ ਨਾਹੀ, ਰੋ ਰੋ ਮੁਕੀਆਂ ਨੀਰ ਵਹਾ ਸਾਂਈ।
ਅਖੀਂ ਸੁਜੀਆਂ ਭੁਜੀਆਂ ਕਾਲਜੇ ਤੋਂ, ਤੇਗਾਂ ਗੁਝੀਆਂ ਨਾਹਿ ਚਲਾ ਸਾਂਈ।
ਫਿਰਾਂ ਲਭਦੀ ਸਭ ਦੀ ਕਰਾਂ ਮਿੰਨਤ, ਕਸਮ ਰਬ ਦੀ ਹੋਰ ਨਾ ਵਾਹ ਸਾਂਈ।
ਹੋਈਆਂ ਝਲੜੀ ਕਲੜੀ ਤੁਧ ਬਾਝੋਂ, ਦੂਖਾਂ ਸਲੜੀ ਰਹੀ ਕੁਰਲਾ ਸਾਂਈ।
ਹੋਜਾ ਛਾਨਣੀ, ਛਾਨਣੀ ਵਾਂਗ ਹਿਰਦਾ, ਹੋਏ ਜਦੋਂ ਦੇ ਆਪ ਜੁਦਾ ਸਾਂਈ।
ਘਾਇਲ ਹੋਈਆਂ ਮੋਈਆਂ ਜਾਨ ਜਿੰਦੀ, ਦੇ ਦੇ ਦੋਹੀਆਂ ਰਹੀ ਬੁਲਾ ਸਾਂਈ।
ਤੱਤੀ ਤੱਤ ਭਲੱਤੜੀ ਭੁਲ ਬੈਠੀ, ਬੈਠੀ ਭੁਲ ਕੇ ਅਖੀਆਂ ਲਾ ਸਾਂਈ।
ਜੇ ਮੈਂ ਭੁਲਿਆਂ ਚੁਕਿਆਂ ਅੱਖ ਲਾਈ, ਜ਼ਰਾ ਆਪਣਾ ਬੋਲ ਨਿਭਾ ਸਾਂਈ।
ਨਿਜ ਲਾਂਵਦੀ ਅੱਖੀਆਂ ਸੌਣ ਕਾਰਣ, ਨਿਜ ਦੁਖੜੇ ਪੈਂਦੜੇ ਭਾ ਸਾਂਈ।
ਭੁਲ ਚੁਕੀਆਂ ਉਕੀਆਂ ਚਾਲਿਆ ਤੋਂ, ਰੋ ਰੋ ਮੁਕੀਆਂ ਚੁਪ ਕਰਵਾ ਸਾਂਈ।
ਕੀਹ ਖਤਾ ਹੋਈ ਏਹ ਹਵਾ ਜਿੰਨੀ ? ਲਿਆ ਐਡੜਾ ਰੰਜ ਮਨਾ ਸਾਂਈ।
ਚਾਤ੍ਰਿਕ ਭੁਲਣੇਹਾਰ ਹਮੇਸ਼ ਬੰਦਾ, ਬਖਸ਼ਣਹਾਰ ਓਹ ਆਪ ਖੁਦਾ ਸਾਂਈ।
ਕਾਹਨੂੰ ਜਿੰਦ ਨਿਮਾਨੜੀ ਮਾਰੀਓ ਈ, ਰੋਲ ਰੋਲ ਪੀਆ ਰੋਲ ਰੋਲ ਪੀਆ।
ਫਾਵੀ ਹੋਈਆਂ ਜੰਗਲਾਂ ਵਿਚ ਤੈਨੂੰ, ਭਾਲ ਭਾਲ ਪੀਆ ਟੋਲ ਟੋਲ ਪੀਆ।
ਆ ਕੇ ਕੋਲ ਮੇਰੇ ਬੈਠ ਕੋਲ ਮੇਰੇ, ਵੇਖ ਜਿੰਦ ਤੇ ਹਿਜਰ ਦੇ ਘੋਲ ਪੀਆ।
ਓਹਲੇ ਬੈਠ ਕੇ ਵੇਖ ਤਮਾਸ਼ੜੇ ਨਾ ਕੋਲ ਬੈਠ ਮੇਰੇ ਦੁਖ ਫੋਲ ਪੀਆ।
ਏਸ ਹਿਜਰ ਥੀਂ ਮੌਤ ਚੰਗੇਰੜੀ ਏ, ਪੀਵਾਂ ਜ਼ਹਿਰ ਪਿਆਲੜੀ ਘੋਲ ਪੀਆ।
ਘਾਇਲ ਬਾਝ ਸ਼ਮਸ਼ੇਰ ਦੇ ਕੀਤੀਓ ਈ, ਪੈਂਦੀ ਘੇਰ ਪੀਆ ਪੈਂਦੀ ਡੋਲ ਪੀਆ।
ਤੇਗ ਕਪੜੇ ਵਿਚ ਕੀ ਫੇਰੀਓ ਈ, ਬੰਨੇ ਕੀਤੀਓ ਜਾਨ ਅਨਮੋਲ ਪੀਆ।
ਨੀਂਦਰ ਪਾ ਕੇ ਦਗਾ ਕਮਾ ਗਿਓਂ, ਅਨਭੋਲ ਪੀਆ ਅਨਭੋਲ ਪੀਆ।
ਤੇਰੇ ਬਾਝ ਉਜਾੜ ਦੇ ਵਿਚ ਫਿਰਦੀ, ਡਾਵਾਂ ਡੋਲ ਪੀਆ ਡਾਵਾਂ ਡੋਲ ਪੀਆ।
ਚਾਤ੍ਰਿਕ ਵਾਂਗ ਨਾ ਜਿੰਦ ਤੜਫਾ ਮੇਰੀ, ਆ ਕੇ ਕੋਲ ਮੇਰੇ ਹੱਸ ਬੋਲ ਪੀਆ।
ਪੀਆ ਆ, ਨਾ ਪਿਆ ਵਿਖਾ ਭੌਜਲ, ਤੇਰੇ ਬਾਝ ਬੰਦੀ ਕੇਹੜੇ ਕੰਮ ਸਾਈਆਂ।
ਤੇਰੇ ਬਾਝ ਨਾ ਦਮ ਅਰਾਮ ਆਵੇ, ਪੀਆ ਬਾਝ ਔਖਾ ਦਮ ਦਮ ਸਾਂਈਆਂ।
ਤੂੰ ਸਰਦਾਰ ਮੈਂ ਤਾਬਿਆਦਾਰ ਤੇਰੀ, ਤੇਰੀ ਜੁਤੀਆਂ ਸਾਡੜਾ ਚੰਮ ਸਾਈਆਂ।

---

1. ਪ੍ਰਣ ਤੋੜਨ ਵਾਲਾ। 2. ਪ੍ਰਣ ਨਿਭਾਉਣ ਵਾਲਾ। 3. ਤਰਜ਼ ਢੰਗ, ਨਖਰਾ।

ਤੇਰੇ ਡਿਠਿਆਂ ਬਾਝ ਅੰਧੇਰ ਦਿਸੇ, ਖ਼ੂਨ ਚੂਪਿਆ ਗਮ ਅਲਮ[1] ਸਾਈਆਂ।
ਦਿਸੇ ਕਾਲੜੀ ਬੋਲੜੀ ਰਾਤ ਸੁਞੀ, ਅਖਾਂ ਬਰਸ ਰਹੀਆਂ ਛਮ ਛਮ ਸਾਈਆਂ।
ਪਈ ਆਸ਼ ਤੇ ਓਸ[1] ਜੁਦਾਈਆਂ ਦੀ, ਤੇ ਉਮੈਦ ਉਤੇ ਸ਼ਬਨਮ[2] ਸਾਈਆਂ।
ਆ ਕੇ ਸਾਰ ਬੀਮਾਰ ਦੀ ਕਰੋ ਪੀਆ, ਕਰੋ ਆਨ ਕੇ ਝਬ ਕਰਮ[3] ਸਾਈਆਂ।
ਲਾ-ਦਵਾ[4] ਦੀ ਕਰੋ ਦਵਾ ਆਕੇ, ਹੁੰਦੀ ਚਾਤ੍ਰਿਕ ਦੀ ਬਾਜ਼ੀ[5] ਤਮ ਸਾਈਆਂ।

ਬੇਕਰਾਰੀ ਵਿਚਂ ਰਾਣੀ ਦਮਯੰਤੀ ਦਾ ਸਹੇਲੀਆਂ ਨੂੰ ਯਾਦ ਕਰਨਾ, ਜੰਗਲ ਵਿਚ

ਰਾਣੀ ਵੱਤ[6] ਪੁਕਾਰਦੀ ਸਖੀਆਂ ਨੂੰ, ਮੇਰਾ ਆਣ ਕੇ ਵੇਖਿਓ ਹਾਲ ਸਈਓ।
ਮੈਂਡਾ ਮੀਤ ਪਰੀਤ ਤਰੋੜ ਗਿਆ, ਮੁਖ ਮੋੜ ਗਿਆ ਸਾਂਝੀਵਾਲ ਸਈਓ।
ਬੋਲੇ ਵਿਚ ਅੜੀਓ, ਵੰਜੀ[7] ਛਡ ਮਾਪੇ, ਜੈਂਦੇ ਨਾਲ ਸਈਓ ਜੈਂਦੇ ਨਾਲ ਸਈਓ।
ਮੰਦੇ ਹਾਲ ਨਿਮਾਨੜੀ ਛਡ ਤੁਰਿਆ, ਕੀਤੀ ਮੂਲ ਨਾ ਓਸ ਸੰਭਾਲ ਸਈਓ।
ਹੋਈ ਬਾਵਰੀ[8] ਵੱਤਦੀ ਫਿਰਾਂ ਝੱਲੀ, ਪੀਆ ਬਾਝ ਕੂਕੇ ਵਾਲ ਵਾਲ ਸਈਓ।
ਕਲੀ ਵਾਂਗ ਸ਼ੁਦਾਇਨਾਂ ਕੂਕ ਮਾਰਾਂ, ਮੇਰਾ ਬੋਲਦਾ ਨਾ ਨੰਦ ਲਾਲ[9] ਸਈਓ।
ਕੀਕਰ ਚੈਨ ਲਵਾਂ ਪੀਆ ਬਾਝ ਅੜੀਓ, ਕੋਈ ਆਨ ਕਰਿਓ ਕੀਲ ਕਾਲ[10] ਸਈਓ।
ਕੋਈ ਕਰੋ ਦਾਰੂੰ ਦਿਰਮਾਂ[11] ਆਣ ਮੇਰਾ, ਮੇਰੇ ਮੀਤ ਸੰਦੀ ਕੋਈ ਭਾਲ ਸਈਓ।
ਲੱਗੀ ਅਗ ਸੀਨੇ ਗਈ ਵਗ ਕਾਤੀ, ਗਿਆ ਹਿਜਰ ਦੀ ਢਾਂਡੜੀ ਬਾਲ ਸਈਓ।
ਢੂੰਡਾਂ ਚਾਤ੍ਰਿਕ ਨੂੰ ਵਿਚ ਜੰਗਲਾਂ ਦੇ, ਪਾਤ ਪਾਤ ਸਈਓ ਡਾਲ ਡਾਲ ਸਈਓ।
ਤੁਸਾਂ ਤੋਰਿਆ ਸੀ ਜੈਂਦੇ ਨਾਲ ਅੜੀਓ, ਪੀਆ ਅਜ ਜੁਦਾਈਆਂ ਪਾ ਗਿਆ ਨੀ।
ਜੈਂਦੇ[12] ਨਾਲ ਅੜੀਓ ਤੁਸਾਂ ਗੰਢ ਪਾਈ, ਅਜ ਸੁਤਿਆਂ ਗੰਢ ਤੁੜਾ ਗਿਆ ਨੀ।
ਜੈਂਦੇ ਹਥ ਫੜਾਈ ਸੀ ਡੋਰ ਮੇਰੀ, ਅਜ ਹੋਰ ਹੀ ਰੰਗ ਵਟਾ ਗਿਆ ਨੀ।
ਵੇਦੀ ਵਿਚ ਵਿਆਹ ਦੇ ਕੌਲ ਕੀਤੇ, ਸਾਰੇ ਕੌਲ ਇਕਰਾਰ ਭੁਲਾ ਗਿਆ ਨੀ।
ਸੁਤੀ ਪਈ ਦੀ ਵਾਤ ਨਾ ਪੁਛੀਓ ਸੂ ਜਾਂਦਾ ਤੀਰ ਵਿਛੋੜੇ ਦਾ ਲਾ ਗਿਆ ਨੀ।
ਮੇਰੀ ਜਿੰਦ ਨਿਮਾਨੜੀ ਤੜਫਦੀ ਏ, ਜੀਂਦੀ ਜਿੰਦ ਹੀ ਜਿੰਦ ਮੁਕਾ ਗਿਆ ਨੀ।
ਜੈਂਦੇ ਆਸਰੇ ਤੁਰੀ ਸਾਂ ਜੰਗਲਾਂ ਨੂੰ, ਅਜ ਚੰਦ ਓਹ ਮੁਖ ਛਪਾ ਗਿਆ ਨੀ।
ਪਾ ਕੇ ਅੰਧ ਅੰਧੇਰੜੀ ਰਾਤ ਕਾਲੀ, ਹਾਲੀ ਆਪਣੀ ਕੰਡ ਵਲਾ[13] ਗਿਆ ਨੀ।
ਮੇਰੇ ਵਾਸਤੇ ਦੁਖ ਕਲੇਸ਼ ਸੰਦੇ, ਓਹ ਉਸਾਰ ਪਹਾੜ ਬਣਾ ਗਿਆ ਨੀ।
ਨਾ ਉਰਾਰ ਜੋਗੀ ਨਾ ਮੈਂ ਪਾਰ ਜੋਗੀ, ਮੰਝਧਾਰ ਦੇ ਵਿਚ ਡੁਬਾ ਗਿਆ ਨੀ।
ਚਾਤ੍ਰਿਕ ਵਾਂਗ ਜ਼ਹੀਰ[14] ਸਰੀਰ ਹੋਯਾ ਤੀਰ ਬ੍ਰਿਹੋਂ ਦਾ ਤਾਣ ਚਲਾ ਗਿਆ ਨੀ।

---

1. ਦੁਖੀ, ਹਾਲਤ। 2. ਤ੍ਰੇਲ। 3. ਮਿਹਰ। 4. ਲਾ-ਇਲਾਜ, ਅਸਾਧ ਰੋਗ। 5. ਖੇਡ। 6. ਫੇਰ।
7. ਗਈ ਹੋਈ। 8. ਪਾਗਲ। 9. ਪਤੀ, ਸ੍ਰੀ ਕ੍ਰਿਸ਼ਨ। 10. ਢੰਗ, ਸਕੀਮ।
11. ਦਿਰਮ, ਇਕ ਚਾਂਦੀ ਦੇ ਪੁਰਾਣੇ ਸਿੱਕੇ ਦਾ ਨਾਂ ਹੈ ਪਰ ਇਥੇ ਅਰਥ ਹਨ : ਦਰਮਲ ਇਲਾਜ। 12. ਜਿਸ ਦੇ।
13. ਫੇਰ ਗਿਆ ਏ। 14. ਗਮਗੀਨ, ਰੋਗ ਨਾਲ ਕਮਜ਼ੋਰ।

ਰਾਤ ਨੂੰ ਸਨਮੁਖ ਕਰਕੇ ਰਾਣੀ ਦਮਯੰਤੀ ਦਾ ਰੁਦਨ ਕਰਨਾ

ਅਨੀ ਸੁੰਞੀਏ ਸੁੰਞ ਵਰਤਾਣੀਏ ਨੀ, ਕੇਹੀ ਕੀਤੀਓ ਈ ਅਜ ਰਾਤ ਰਾਤੇ।
ਰਾਤੋ ਰਾਤ ਆ ਪਈ ਆਫਾਤ[1] ਸਿਰ ਤੇ, ਦਿਤੀ ਮੂਲ ਨਾ ਹੋਣ ਪਰਭਾਤ ਰਾਤੇ।
ਦੀਦੇ ਚੰਦਰੇ ਨਾ ਅਜੇ ਅੱਖ ਲਾਈ, ਪਾਈ ਬਿਜ ਅਨਭੋਲ ਆਫਾਤ ਰਾਤੇ।
ਸੜੇ ਲੇਖ ਮੱਥਾ-ਸੜੀ ਤੱਤੜੀ ਦੇ, ਵਰਤ ਗਈ ਸਿਰ ਤੇ ਵਾਰਦਾਤ ਰਾਤੇ।
ਵਿਚ ਜੰਗਲਾਂ ਸ਼ੇਰ ਬਘੇਲਿਆਂ ਦੇ, ਕੀਤਾ ਜਿੰਦ ਨਿਮਾਣੀ ਦਾ ਘਾਤ ਰਾਤੇ।
ਕੀਕਰ ਸੁਤਿਆਂ ਪਿਆ ਭਰਮਾ ਲੀਤੋ ? ਕਰਕੇ ਸਿਹਰ[2] ਜਾਦੂ ਕਰਾਮਾਤ ਰਾਤੇ।
ਸਾਂਈ ਸਿਰੇ ਦਾ ਸੁਟਿਓ, ਦੂਰ ਜਾ ਕੇ, ਪਾਈ ਵੱਤ ਨਾ ਓਸ ਨੇ ਝਾਤ ਰਾਤੇ।
ਰਾਤੋ ਰਾਤ ਹਨੇਰ ਵਰਤਾਇਓ ਈ, ਲੈਣ ਦਿਤੀਓ ਨਾ ਫੇਰ ਵਾਤ ਰਾਤੇ।
ਪੀਆ ਟੋਲਦੀ ਫਿਰਾਂ ਮੈਂ ਚਾਰ ਪਾਸੇ, ਡਾਲ ਡਾਲ ਰਾਤੇ ਪਾਤ ਪਾਤ ਰਾਤੇ।
ਚਾਤ੍ਰਿਕ ਚੰਦ ਮੇਰਾ ਕਿਥੇ ਸੁਟਿਓ ਈ ? ਸੁੰਞੀ ਨਜ਼ਰ ਆਵੇ ਕਾਇਨਾਤ[3] ਰਾਤੇ।
ਅਨੀ ਭੈੜ ਭੜੱਥੀਏ, ਤੱਤੀਏ ਨੀ, ਦੁਖੇ ਹੋਏ ਦੁਖਾਵਣੇ ਹਾਰੀਏ ਨੀ।
ਖ਼ੂਨੀ, ਪਾਪੀਆਂ, ਦੋਖੀਆਂ, ਦੂਤੀਆਂ ਤੇ, ਚੋਰਾਂ ਡਾਕੂਆਂ ਦੀਏ ਪਿਆਰੀਏ ਨੀ।
ਦੁਸ਼ਟ ਦੁਖ ਦੇ ਸੂਲ ਚੁਭਾਣੀਏਂ ਨੀ, ਨੀ ਬੇਦੀਦੀਏ ਨੀ ਹੈਂਸਿਆਰੀਏ ਨੀ।
ਸਾਰੇ ਜੱਗ ਦੀ ਪਾਪ ਕਰਾਣ ਵਾਲੀ, ਕਾਲੀ ਕੰਬਲੀ ਦੇ ਵਾਂਗ ਕਾਰੀਏ ਨੀ।
ਰਾਹੀ ਸੁਤੜੇ ਲੁਟ ਲੈ ਜਾਵਨੀ ਏਂ, ਕਰਕੇ ਖ਼ੂਨ ਹਾਏ ਹੈਂਸਿਆਰੀਏ ਨੀ।
ਸਾੜੇ ਕੇਈ ਖਲਵਾਲਰੜੇ ਸੁਤਿਆਂ ਦੇ, ਅਨੀ ਤੱਤੀਏ ਅਗ ਚਿੰਗਾੜੀਏ ਨੀ।
ਲੱਖਾਂ ਹੋਂਵਦੇ ਖ਼ੂਨ ਅੰਧੇਰ ਧਾੜੇ, ਤੇਰੇ ਵਿਚ ਅੰਧੇਰ ਅੰਧਾਰੀਏ ਨੀ।
ਤੇਰਾ ਅੰਧ ਅੰਧੇਰ, ਅੰਧੇਰ ਮਾਰੇ, ਮਾਰੇ ਘੇਰ ਕੇ ਜੰਗਲੀਂ ਬਾਰੀਏ ਨੀ।
ਅਨੀ ਰੰਡੀਏ, ਚੰਦ ਬਗੈਰ ਰਾਤੇ, ਕਾਲੀ ਬੋਲੜੀ ਤੇ ਲੋਹੜ ਮਾਰੀਏ ਨੀ।
ਮੇਰਾ ਚੰਦ ਗਵਾਇਓ ਈ ਚੰਦ ਵਰਗਾ, ਨੀ ਨਚੰਦੀਏ ਰਬ ਦੀਏ ਮਾਰੀਏ ਨੀ।
ਇਕੋ ਚੰਦ ਬਾਝੋਂ ਤੈਨੂੰ ਰਾਤ ਆਵੇ, ਹੁੰਦੀ ਸਾਰੜੀ ਸ਼ਾਨ ਨਿਕਾਰੀਏ ਨੀ।
ਜੀਕਰ ਚੰਦ ਬਗੈਰ ਨਿਕਾਰੜੀ ਤੂੰ, ਇਸੇ ਤਰ੍ਹਾਂ ਜਹਾਨ ਵਿਚਾਰੀਏ ਨੀ।
ਤੂੰ ਬੇਪਤ[4], ਬੇਪਤੀ[5] ਕੀ ਝਲਨੀਏ ? ਮੈਂ ਬੇ-ਪਤੀ ਦੀ ਦੱਸ ਵਿਚਾਰੀਏ ਨੀ।
ਕੀਕਰ ਪੀਆ ਬਾਝੋਂ ਜਿੰਦ ਚੈਨ ਪਾਵੇ, ਕੀਕਰ ਜੀਉ ਨੂੰ ਬੰਨ ਖਲਯਾਰੀਏ ਨੀ।
ਤੂੰ ਜੇ ਆਪ ਨਿਖਸਮੜੀ ਹੋ ਬੈਠੀ, ਕਾਹਨੂੰ ਹੋਰ ਦਾ ਬੁਰਾ ਚਿਤਾਰੀਏ ਨੀ।
ਜੇਕਰ ਆਪਣਾ ਕਾਲੜਾ ਮੂੰਹ ਹੋਵੇ, ਕਾਹਨੂੰ ਹੋਰਨਾਂ ਨਾਲ ਵਿਗਾੜੀਏ ਨੀ।
ਸੜਿਆ ਆਪਣਾ ਜੇ ਤੇਰਾ ਅਜ ਹਿਰਦਾ, ਕਾਹਨੂੰ ਹੋਰ ਗਰੀਬਣੀ ਸਾੜੀਏ ਨੀ।
ਕੋਈ ਦੀਨ ਨਿਖਸਮੜਾ ਦੁਖੀ ਹੋਵੇ, ਕਾਹਨੂੰ ਓਸ ਤੇ ਹੱਥ ਉਲਾਰੀਏ ਨੀ।
ਭਲਾ ਵੇਖ ਕੇ ਭਲਾ ਕਮਾਈਏ ਨੀ, ਨਾ ਬੇਦੋਸੜਾ ਖ਼ੂਨ ਗੁਜ਼ਾਰੀਏ ਨੀ।
ਸਗੋਂ ਹੋ ਸਕੇ ਜਿੰਨਾ ਆਪ ਪਾਸੋਂ, ਕਿਸੇ ਹੋਰ ਦਾ ਕੰਮ ਸਵਾਰੀਏ ਨੀ।

1. ਮੁਸੀਬਤ। 2. ਜਾਦੂ। 3. ਦੁਨੀਆਂ। 4. ਜਿਸ ਦਾ ਪਤੀ ਨਾ ਹੋਵੇ। 5. ਨਿਰਾਦਰੀ।

ਮੇਰਾ ਚੰਦ ਦੱਸੀਂ ਕਿਥੇ ਘੱਲਿਓ ਈ ? ਜਾਨ ਘੋਲ ਘੱਤੀ ਜਿੰਦ ਵਾਰੀਏ ਨੀ।
ਚਾਤ੍ਰਿਕ ਵਾਂਗ ਮੈਂ ਕਰਾਂ ਵਿਰਲਾਪ ਅੜੀਏ, ਏਹ ਲਭਾ ਪੀਆ ਜਿੰਦ ਠਾਰੀਏ ਨੀ।

ਬੇਕਰਾਰੀ ਵਿਚ ਰਾਣੀ ਦਮਯੰਤੀ ਦਾ ਜੰਗਲ ਦੇ ਰੁੱਖਾਂ ਪਾਸੋਂ ਰਾਜਾ ਨਲ ਦਾ ਪਤਾ ਪੁਛਣਾ ਅਰ ਬੇਹੋਸ਼ ਹੋ ਜਾਣਾ

ਤਰਜ਼—ਲੈਲੀ ਲੈਲੀ ਪੁਕਾਰ ਮੈਂ ਬਨ ਮੇਂ

ਹੋ ਕੇ ਬੇਦਿਲ ਪੀਆ ਨੂੰ ਪੁਕਾਰੇ, ਉਚੀ ਕੂਕੇ ਅਵਾਜ਼ਾਂ ਓਹ ਮਾਰੇ।
ਜੰਗਲ ਬੇਲੇ ਦੇ ਵਿਚ ਉਹ ਵਿਚਾਰੀ, ਡਾਬੂ ਲੈ ਲੈ ਕਰੇ ਆਹੋ ਜ਼ਾਰੀ।
ਲੈਂਦੀ ਫਿਰਦੀ ਏ ਝਾਟ ਕਲਾਵੇ, ਪੀਆ ਪਿਯਾਰਾ ਕਦੋਂ ਨਜ਼ਰ ਆਵੇ।
ਰੁਖਾਂ ਬਿਛਾਂ ਨੂੰ ਪੁਛਦੀ ਫਿਰੇਂਦੀ, ਯਾਦ ਦਮ ਦਮ ਪੀਆ ਨੂੰ ਕਰੇਂਦੀ।
ਵੇ ਅਸ਼ੋਕਾ[1] ਤੂੰ ਹਰ ਸ਼ੌਕ[2] ਮੇਰਾ, ਸ਼ੌਕ-ਹਰ ਨਾਮ ਮਸ਼ਹੂਰ ਤੇਰਾ।
ਵੇ ਨਿਮਾਣੀ ਨੂੰ ਏਹ ਖੈਰ ਪਾ ਦੇ, ਮੇਰਾ ਪੀਆ ਪਿਆਰਾ ਲਭਾ ਦੇ।
ਜੇ ਤੂੰ ਪੱਤਾਂ ਦੇ ਵਿਚ ਲੁਕਾਇਆ, ਠੰਢੀ ਛਾਵਾਂ ਦੇ ਹੇਠਾਂ ਸੁਵਾਇਆ।
ਜੇ ਸੁਵਾਯਾ ਤਾਂ ਪਲ ਭਰ ਜਗਾ ਦੇ, ਮੇਰਾ ਦੁਖੀਆ ਦਾ ਦੁਖੜਾ ਸੁਣਾ ਦੇ।
ਉਚੀ ਟੀਸੀ ਤੋਂ ਮਾਰੀਂ ਖਾਂ ਝਾਤੀ, ਮੇਰੀ ਜਾਨ ਕਿਧਰ ਹੈ ਗੁਆਚੀ ?
ਹਾਇ ਕਿਉਂ ਨਾ ਸੁਣੇ ਬਾਤ ਮੇਰੀ, ਕਰ ਕਰ ਹਾਰੀ ਮਿੰਨਤ ਲਖ ਤੇਰੀ।
ਕਰਕੇ ਕੋਈ ਵੇ ਵੀਰਾ ! ਤੂੰ ਹੀਲਾ, ਮੇਰੇ ਪੀਆ ਦਾ ਬਣ ਜਾ ਵਸੀਲਾ।
ਹੋਈ ਆਜਜ਼ ਏਹ ਜਿੰਦੜੀ ਨਿਮਾਣੀ, ਸੁਝੇ ਦੁਖੀਆਂ ਨੂੰ ਦਾਨਾ ਨਾ ਪਾਣੀ।
ਚਾਰੋਂ ਤਰਫੀਂ ਪਿਆ ਹੈ ਅੰਧੇਰਾ, ਹੋਇਆ ਉਹਲੇ ਕਿਧਰ ਚੰਦ ਮੇਰਾ।
ਸੁਣ ਕੇ ਵਾਜਾਂ ਨਾ ਭਰਦਾ ਹੁੰਗਾਰਾ, ਤੁਰ ਗਿਆ ਹਾਇ ਕਿਧਰੇ ਪਿਆਰਾ।
ਵੇ ਪਿਆਰੇ ਤੁਸੀਂ ਪੰਛੀਓ ਵੇ, ਮੇਰੇ ਦੁਖੜੇ ਦਾ ਦਾਰੂ ਕਰੋ ਵੇ ।
ਤੁਸੀਂ ਸਾਈਂ ਦੇ ਸਚੇ ਪਿਆਰੇ, ਮੇਰੇ ਕਾਰਣ ਕਰੋ ਵਿਰਦ[3] ਸਾਰੇ।
ਮਿੱਠੀ ਬੋਲੀ ਦੇ ਨਾਲ ਬੁਲਾਓ, ਮੇਰਾ ਬਾਲਮ ਪਿਆਰਾ ਮਿਲਾਓ।
ਦਰਦ ਦਿਲ ਦੇ ਦੁਖਾਂ ਨੇ ਨਪੀੜੀ, ਕੋਹਲੂ ਪਾ ਕੇ ਜੁਦਾਈਆਂ ਦੇ ਪੀੜੀ।
ਰਾਧਾਂ ਫਿਰਦੀ ਬਿਨਾਂ ਸ਼ਾਮ ਕੱਲੀ, ਕੂਕਾਂ ਬਨ ਬਨ ਮੈਂ ਬਣ ਝੱਲੀ।
ਵੇ ਤੂੰ ਬੂਟੇ, ਹਰੇ ਮਾਲਤੀ ਦੇ, ਵੇ ਪਿਆਰੇ, ਮੇਰੇ ਲਾਲ ਜੀ ਦੇ।
ਤੇਰੇ ਫੁਲਾਂ ਦਾ ਸ਼ੌਕੀ ਪੀਆ ਸੀ, ਤੇਰੀਆਂ ਕਲੀਆਂ ਗਲੇ ਲਾਂਵਦਾ ਸੀ।
ਤੂੰ ਤਾਂ ਡਿਠਾ ਹੋਵੇਗਾ ਪੀਆ ਨੂੰ, ਲੈਣ ਲੱਗਾ ਤੇਰੀ ਬਾਸਨਾ ਨੂੰ।
ਤੂੰਹੇਂ ਦੱਸੀਂ ਕਿਧਰ ਨੂੰ ਗਿਆ ਹੈ, ਕੇਹੜੇ ਪਾਸੇ ਦਾ ਰਸਤਾ ਲਿਆ ਹੈ ?
ਜੇ ਨਾ ਬੋਲੇਂ ਤਾਂ ਤੁਰ ਨਾਲ ਮੇਰੇ, ਵੇ ਮੈਂ ਸਦਕੇ ਗਈ ਵੀਰ, ਤੇਰੇ।
ਜੇਹੜੇ ਰਾਹੀਂ ਗਿਆ ਹੈ ਪਿਆਰਾ, ਉਹਨੀਂ ਰਾਹੀਂ ਕਰਾ ਦੇ ਨਜ਼ਾਰਾ।

1. ਦੁੱਖ ਰਹਿਤ, ਇਥੇ ਇਕ ਰੁਖ ਦਾ ਨਾਂ ਹੈ। 2. ਦੁਖ ਦੂਰ ਕਰ। 3. ਭਜਨ ਜਾਂ ਜਾਪ ਕਰੋ।

ਖਵਰੇ ਮੈਂ ਹੀ ਗਵਾਚੀ ਪੀਆ ਤੋਂ, ਭੁਲੀ ਭੁਲੀ ਪੀਆ ਦਿਲਰੁਬਾ[1] ਤੋਂ।
ਮੈਂ ਗਵਾਚੀ ਨੂੰ ਉਹ ਢੂੰਡਦਾ ਹੈ, ਉਹਨੂੰ ਮਿਲਦਾ ਨਾ ਮੇਰਾ ਪਤਾ ਹੈ।
ਹਾਏ ਮੈਂ ਹਾਲ ਤੱਤੀ ਕੀ ਜਾਣਾ, ਕੇਹੜੇ ਪਾਸੇ ਪਈ ਖਾਕ ਛਾਣਾਂ ?
ਮੈਂ ਅਵਾਜ਼ਾਂ ਬਥੇਰੀਆਂ ਮਾਰਾਂ, ਪੀਆ ਪਯਾਰੇ ਨੂੰ ਮੁੜ ਮੁੜ ਪੁਕਾਰਾਂ।
ਖਬਰੇ ਕੇਹੜੀ ਥਾਂਈ ਢੂੰਡਦਾ ਹੈ, ਕੇਹੜੀ ਕੇਹੜੀ ਜੂਹੀਂ ਟੋਲਦਾ ਹੈ ?
ਸਾਰੇ ਜੰਗਲ ਦੀ ਮੈਂ ਖਾਕ ਛਾਣੀ, ਹਾਇ ਹੁਣ ਕੀ ਕਰਾਂ ਮੈਂ ਨਿਮਾਣੀ ?
ਕੇਹੜੇ ਪਾਸੇ ਪੀਆ ਪਾਸ ਜਾਵਾਂ, ਹਥ ਕਿਸ ਦੇ ਸੁਨੇਹਾ ਪੁਚਾਵਾਂ ?
ਲੈ ਵੇ ਵਾਰੀ ਮੈਂ ਹੁਣ ਜਾਂਵਦੀ ਹਾਂ, ਹੋਰ ਥਾਂ ਜਾ ਕੇ ਕੁਰਲਾਂਵਦੀ ਹਾਂ ?
ਜੇ ਤੇਰੇ ਪਾਸ ਮੁੜ ਕੇ ਉਹ ਆਵੇ, ਮੈਂ ਨਿਮਾਣੀ ਦਾ ਰਸਤਾ ਪੁਛਾਵੇ।
ਤਾਂ ਤੂੰ ਦਸੀ ਦੁਖੀ ਦਮਯੰਤੀ, ਅੱਧਾ ਲੀੜਾ ਉਤੇ ਸੂ ਬਸੰਤੀ।
ਆਪ ਨੂੰ ਹੀ ਪਈ ਢੂੰਡਦੀ ਸੀ, ਵਿਲਕਦੀ ਏਸ ਪਾਸੇ ਗਈ ਸੀ।
ਮੇਰੇ ਦੁਖੜੇ ਏਹ ਸਾਰੇ ਸੁਣਾਵੀਂ, ਹਾੜਾ ਕਰਕੇ ਵੀ ਮੈਨੂੰ ਮਿਲਾਵੀਂ।
ਆਖੀਂ ਰੋ ਰੋ ਹੋਈ ਨਾਰ ਫਾਵੀ, ਵਰਤ ਗਈਏ ਜਦੋਂ ਦੀ ਏਹ ਭਾਵੀ।
ਬਾਝ ਸਾਂਈ ਹੋਈ ਰੱਤ ਪੀਲੀ, ਦਰਦ ਗਮ ਨੇ ਮੇਰੀ ਜਾਨ ਕੀਲੀ।
ਯਾ ਹੈ ਰੋਣਾ ਤੇ ਯਾ ਮੈਂ ਵਿਚਾਰੀ, ਰਾਤ ਦਿਨ ਕਾਰ ਗਿਰੀਆ ਓ ਜ਼ਾਰੀ[2]।
ਲੈਂ ਮੈਂ ਚਲੀ ਨਾ ਚੇਤਾ ਭੁਲਾਵੀਂ, ਹਾਲ ਸਾਰਾ ਪੀਆ ਨੂੰ ਸੁਣਾਵੀਂ।
ਬਾਕੀ ਗਲਾਂ ਮੈਂ ਮਿਲ ਕੇ ਕਰਾਂਗੀ, ਅਗੇ ਚਲ ਮੈਂ ਦਾਮਨ ਫੜਾਂਗੀ।
ਦੇ ਸੁਨੇਹਾ ਏਹ ਹੋਈ ਰਵਾਨਾ, ਗਾਉਣ ਲੱਗੀ ਪੀਆ ਤਰਾਨਾ।
ਵੇ ਪੀਆ ਕਿੱਥੇ ਲੁਕ ਬੈਠਿਆ ਹੈਂ, ਢੂੰਢ ਨਾਰੀ ਨੂੰ ਕਿਥੇ ਰਿਹਾ ਹੈਂ ?
ਮੈਂ ਤਾਂ ਆਹ ਹਾਂ ਖੜੀ ਦੁਖ ਦਰਦੀ, ਗਿਰੀਆਜ਼ਾਰੀ ਕਦੋਂ ਦੀ ਹਾਂ ਕਰਦੀ।
ਵਾਜਾਂ ਮਾਰਾਂ ਤੁਸੀਂ ਕੁਝ ਸੁਣੋ ਨਾ, ਅਗੋਂ ਉਤਰ ਭੀ ਮੈਨੂੰ ਦਿਓ ਨਾ।
ਖਬਰੇ ਕੇਡੀ ਕੁ ਪਹੁੰਚੇ ਹੋ ਦੂਰੀਂ, ਵਾਜ ਮਾਰੀ ਨਾ ਪਹੁੰਚੇ ਹਜੂਰੀਂ।
ਮੈਂ ਸਵੇਰੇ ਦੀ ਢੂੰਡਣ ਚੜ੍ਹੀ ਹਾਂ, ਹੋਈ ਹਾਵੀ ਮੈਂ ਲੇਖਾਂ ਸੜੀ ਹਾਂ।
ਆਈ ਮੂੰਹ ਰਾਤ, ਮੈਂ ਢੂੰਢਦੀ ਨੂੰ, ਪੈਣ ਘਾਟਾਂ ਮੈਨੂੰ ਵਿਲਕਦੀ ਨੂੰ।
ਹਾਇ ਰੱਬਾ, ਕਰਾਂ ਕੀ ਮੈਂ ਚਾਰਾ, ਕਿਧਰੋਂ ਬੋਲੇ ਨਾ ਬਾਲਮ ਪਿਆਰਾ।
ਕੇਹੜੇ ਖੂਹ ਜਾ ਕੇ ਮੈਂ ਛਾਲ ਮਾਰਾਂ, ਕੇਹੜੀ ਥਾਈਂ ਪੀਆ ਨੂੰ ਪੁਕਾਰਾਂ ?
ਖਬਰੇ ਕੀ ਧਾਰ ਲੀਤਾ ਸੂ ਰੋਸਾ, ਖੂਨ ਲੱਗਾ ਕਰਨ ਹੈ ਬਿਦੋਸਾ।
ਵੇ ਮਜਾਜੀ, ਨਾ ਕਰ ਹੁਣ ਰੁਸੇਵਾਂ, ਮੈਂ ਨਿਮਾਣੀ ਨੂੰ ਹੈਸੀ ਥਕੇਵਾਂ।
ਰੰਜ ਕਿਸ ਗਲ ਦਾ ਤੂੰ ਮਨਾਇਆ, ਆਪੇ ਰਾਤੀ ਤਾਂ ਸੀ ਤੂੰ ਸੁਵਾਇਆ।
ਆਓ ਜਲਦੀ ਕਰਾਂ ਮੈਂ ਤਾਂ ਹਾੜੇ, ਹਾਏ ਨੀਂਦਰ ਨੇ ਪਾਏ ਪੁਵਾੜੇ।
ਨਾ ਮੈਂ ਸੌਂਦੀ ਨਾ ਏ ਦੁਖ ਪੈਂਦੇ, ਨਾ ਏਹ ਬਦਲੇ ਪੀਆ ਅੱਜ ਲੈਂਦੇ।
ਮੌਤ ਸਾਡੀ ਪੀਆ ਦਾ ਏ ਹਾਸਾ, ਉਹਲੇ ਹੋਕੇ ਤੇ ਵੇਖੇ ਤਮਾਸ਼ਾ।

---

1. ਪਿਆਰਾ, ਮਨਮੋਹਨ ਵਾਲਾ। 2. ਰੁਦਨ ਵਿਰਲਾਪ।

ਵਾਹ ਬੇਦਰਦਾ, ਤੇਰੇ ਖੂਬ ਕਾਰੇ, ਸਖਤ ਦਿਲ ਕਰ ਸੁਣ ਆਹ ਨਾਰੇ[1]।
ਹਾਏ ਜਿੰਦੇ ਕਰੇਂ ਕਾਹਨੂੰ ਹਾੜੇ, ਏਹ ਉਮਰ ਦੇ ਪਏ ਨੀ ਪੁਵਾੜੇ।
ਪੀਆ ਬਾਝੋਂ ਕੇਹੀ ਜਿੰਦਗਾਨੀ, ਜਲਦ ਹੋ ਜਾ ਤੂੰ ਐ ਜਾਨ ਫਾਨੀ।
ਨਾ ਤੂੰ ਹੋਵੇਂ ਤੇ ਨਾ ਦੁਖ ਪਾਵੇਂ, ਕਾਹਨੂੰ ਰੋ ਰੋ ਕੇ ਅੱਖਾਂ ਸੁਜਾਵੇਂ ?
ਧਰਤੀ ਮਾਤਾ, ਤੂੰ ਕਰ ਹੁਣ ਸਹਾਈ, ਆਸ ਮਿਲਨੇ ਦੀ ਰਹੀਆ ਨਾ ਕਾਈ।
ਖੋਲ ਮੁਖੜਾ ਤੇ ਮੈਨੂੰ ਛੁਪਾ ਲੈ, ਰਸਤਾ ਦੇ ਕੇ ਜ਼ਿਮੀ ਵਿਚ ਸਮਾ ਲੈ।
ਤੂੰ ਹੈਂ ਮਾਤਾ, ਮੈਂ ਬੇਟੀ ਹਾਂ ਤੇਰੀ, ਵੇਖੀ ਜਾਸੀ ਨਾ ਬਿਪਤਾ ਏ ਮੇਰੀ।
ਦੇ ਦੇ ਬੇਟੀ ਨੂੰ ਸੋਹਣਾ ਟਿਕਾਣਾ, ਹੋਵੇ ਫਿਰ ਨਾ ਜਿਥੋਂ ਔਣ ਜਾਣਾ।
ਮਿੱਠੀ ਨੀਂਦੇ ਸੁਵਾ ਇਕ ਵਾਰੀ, ਮੁਕ ਜਾਵੇ ਅਲਖ ਅਜ ਸਾਰੀ।
ਓਸ ਨੀਂਦੇ ਮੈਂ ਦੁਖੜੇ ਸਹਾਰੇ, ਏਸ ਨੀਂਦੇ ਖਤਮ ਹੋਣ ਸਾਰੇ।
ਕਾਹਨੂੰ ਦੁਖਾਂ ਨੂੰ ਨਾਲ ਦੁਖਾਵਾਂ, ਨਾਲ ਆਪਣੇ ਉਨ੍ਹਾਂ ਨੂੰ ਰੁਲਾਵਾਂ।
ਨੀ ਕੁਮੌਤੇ, ਤੂੰ ਕਰ ਖਾਂ ਸਹਾਈ, ਜਾਨ ਚਾਹਵਾਂ ਪੀਆ ਬਿਨ ਮੁਕਾਈ।
ਮੈਂ ਸਵਾਂ ਤੇ ਤੂੰ ਥਾਪੜ ਸੁਆਵੀਂ, ਏਸ ਨੀਂਦੋਂ ਨਾ ਮੁੜ ਕੇ ਜਗਾਵੀਂ।
ਰਾਤ ਸਿਰ ਤੇ ਆਈ ਦੁਖਾਂ ਵਾਲੀ, ਪੀਆ ਪਯਾਰੇ ਨਾ ਦਿਤੀ ਦਿਖਾਲੀ।
ਤੂੰ ਪਿਆਰੀ ਏਹ ਕਜ਼ੀਆ ਮੁਕਾ ਦੇ, ਸੇਜ, ਆਖਰ ਦੀ ਉਪਰ ਸੁਆ ਦੇ।
ਨਾ ਮੈਂ ਜਾਗਾਂ ਤੇ ਨਾ ਦੁਖ ਪਾਵਾਂ, ਨਾ ਸਤਾਂ ਤੇ ਨਾ ਲੋਕਾਂ ਸਤਾਵਾਂ।
ਅੜੀਏ ਠਹਿਰੀਂ ਜ਼ਰਾ, ਯਾਦ ਆਯਾ, ਜੇਕਰ ਜਿੰਦੜੀ ਨੂੰ ਤੈਨੇ ਮੁਕਾਯਾ।
ਕਿਧਰ ਜਾਸਨ ਭਲਾ ਪ੍ਰਾਣ ਮੇਰੇ, ਪੀਆ ਪਿਆਰੇ ਤਾਂ ਮਿਲਨੇ ਉਖੇਰੇ।
ਮੈਂ ਤਾਂ ਮੋਈ ਭੀ ਉਥੇ ਹੀ ਜਾਣਾ, ਮੇਰਾ ਉਸ ਬਿਨ ਹੈ ਕਿਥੇ ਟਿਕਾਣਾ ?
ਏਥੇ ਓਥੇ ਹੈ ਦੋਹੀਂ ਜਹਾਨੀਂ, ਉਸੇ ਪਿਆਰੇ ਦੀ ਹੀ ਮਾਨ ਤਾਨੀ।
ਸੋ ਤੂੰ ਪਹਿਲੇ ਹੀ ਪੀਆ ਲਭਾ ਦੇ, ਜਾਨ ਦਿਲ ਜਾਨ ਤਾਂਈ ਮਿਲਾ ਦੇ।
ਫੇਰ ਪਿਛੋਂ ਛੁਰੀ ਏਹ ਚਲਾਵੀਂ, ਜਾਨ ਐਵੇਂ ਨਾ ਮੇਰੀ ਕਢਾਵੀਂ।
ਪਹਿਲੇ ਦਰਸ਼ਨ ਕਰਾਂ ਫੇਰ ਮਾਰੀਂ, ਜਾਨ ਪਿਆਰੇ ਦੇ ਅਗੇ ਖੁਲ੍ਹਾਰੀ।
ਚਰਨ ਪਰਸਨ ਮੇਰੇ ਪ੍ਰਾਣ ਉਸਦੇ, ਵਿਚ ਮਗਰੋਂ ਸਮਾ ਜਾਣ ਉਸਦੇ।
ਉਹ ਹੈ ਮੇਰਾ ਮੈਂ ਉਸ ਦੀ ਕਹਾਵਾਂ, ਫੇਰ ਦੁਨੀਆਂ ਤੇ ਆਵਾਂ ਨਾ ਜਾਵਾਂ।
ਨੀ ਪਯਾਰੀ ਏਹੋ ਅਹਿਸਾਨ ਕਰ ਲੈ, ਫੇਰ ਪਿਛੋਂ ਕਬਜ਼[2] ਜਾਨ ਕਰ ਲੈ।
ਵਿਲਕਦੀ ਨਾਰ ਦੁਖੀਆ ਵਿਚਾਰੀ, ਕਰ ਰਹੀ ਇਸ ਤਰ੍ਹਾਂ ਆਹੋ ਜ਼ਾਰੀ।
ਹਾਇ ਪੱਥਰ ਭੀ ਢਲ ਮੋਮ ਹੋਏ, ਬ੍ਰਿਛ, ਬੂਟੇ ਭੀ ਸੁਣ ਸੁਣ ਕੇ ਰੋਏ।
ਪੰਛੀ ਗਸ਼ ਖਾ ਕੇ ਬੇਹੋਸ਼ ਹੋਏ, ਮਿਰਗ ਸ਼ੇਰਾਂ ਨੇ ਭੀ ਹੰਝੂ ਪਰੋਏ।
ਰੋ ਰੋ ਦਾਰੀ[3] ਕਰੇ ਖਲਕ ਸਾਰੀ, ਦੀਨ ਦੁਖੀਆਂ ਨਾ ਪਰਚੇ ਵਿਚਾਰੀ।
ਰੋਵੇ ਧਰਤੀ ਤੇ ਆਕਾਸ਼ ਰੋਵੇ, ਰੋ ਰੋ ਹੰਝੂ ਦੇ ਹਾਰ ਪਰੋਵੇ।
ਆਂਸੂ ਲਗੇ ਕਿਰਨ ਬਣ ਕੇ ਸ਼ਬਨਮ[4], ਹੋ ਰਹੇ ਸਾਰੇ ਤਾਰੇ ਭੀ ਪੁਰ-ਨਮ[5]।

1. ਵਿਰਲਾਪ। 2. ਕਬਜ਼ੇ ਵਿਚ, ਭਾਵ ਮਾਰ ਦੇਹ। 3. ਹਮਦਰਦੀ ਲਈ। 4. ਤਰੇਲ। 5. ਸਿਲ੍ਹੇ, ਭਿਜੇ।

ਰਾਤ ਕਾਲੀ ਭੀ ਰੋਈ ਚਿਲਾਈ, ਸਾਂਏ ਸਾਂਏ ਚੁਤਰਫੋਂ ਸੁਣਾਈ।
ਹੋਇਆ ਦੁਨੀਆਂ ਤੇ ਘੁਪ ਅੰਧੇਰਾ, ਪਸ਼ੂ ਪੰਛੀ ਨੇ ਕੀਤਾ ਬਸੇਰਾ।
ਬੀਆ ਬਾਣਾਂ ਦੀ ਰਾਤ ਅੰਧੇਰੀ, ਦੁਖੀਆ ਨਾਰੀ ਨੂੰ ਕੱਟਣ ਉਖੇਰੀ।
ਦੁਖਾਂ ਮਾਰੀ ਪੀਆ ਤੋਂ ਵਿਛੁੰਨੀ, ਰਾਤ ਸਿਰ ਤੇ ਆਈ ਵੇਖ ਰੁੰਨੀ।
ਹਾਇ ਰਾਤੇ ਮੈਂ ਕੀਕਰ ਗੁਜ਼ਾਰਾਂ, ਬਾਝ ਪਿਆਰੇ ਦੇ ਅੰਦਰ ਉਜਾੜਾ।
ਸ਼ੇਰ, ਚੀਤੇ, ਬਘੇਲੇ ਸਤਾਣੇ, ਆਣ ਪਹੁੰਚੇ ਮੇਰੀ ਜਾਨ ਖਾਣੇ।
ਰਾਤੀਂ ਪੀਆ ਸੀ ਜਿੰਦੜੀ ਬਚੀ ਸੀ, ਜਾਨ ਮੇਰੀ ਸਲਾਮਤ ਰਹੀ ਸੀ।
ਅਜ ਰਾਖੀ ਕਰੇ ਕੌਣ ਮੇਰੀ, ਰਾਤ ਸਿਰ ਤੇ ਏਹ ਆਈ ਅੰਧੇਰੀ।
ਜਾਨ ਮੇਰੀ ਨੂੰ ਖਾ ਜਾਣਗੇ ਏਹ, ਸਾਰਾ ਕਜ਼ੀਆ ਮੁਕਾ ਜਾਣਗੇ ਏਹ।
ਹਾਇ ਪੀਆ, ਕਰੋ ਆ ਸਹਾਈ, ਹੁਣ ਤਾਂ ਮੁੜ ਕੇ ਉਹ ਰਾਤ ਆਈ।
ਤੇਰੀ ਪਿਆਰੀ ਨੂੰ ਦੁਖ ਪੇਸ਼ ਆਏ, ਸ਼ੇਰ, ਚੀਤੇ ਨਾ ਹਟਦੇ ਹਟਾਏ।
ਕਿਸ ਨੂੰ ਵੇਖੇਂਗਾ ਆ ਕੇ ਸਵੇਰੇ, ਬੇਰੇ ਕਰ ਲੈਣਗੇ ਏਹ ਤਾਂ ਮੇਰੇ।
ਜਾਨ ਮੇਰੀ ਅਮਾਨਤ ਹੈ ਤੇਰੀ, ਹੁਣ ਨਾ ਚਲੇ ਕੋਈ ਪੇਸ਼ ਮੇਰੀ।
ਡਾਵਾਂ ਡੋਲੀ ਦੀ ਸੂਰਤ ਹੈ ਆਈ, ਹੁਣ ਨਾ ਜਾਵੇ ਮੇਰੀ ਵਾਹ ਕਾਈ।
ਕਹਿੰਦੀ ਕਹਿੰਦੀ ਏ ਗਸ਼ ਖਾ ਵਿਚਾਰੀ, ਡਿਗੀ ਧਰਤੀ ਤੇ ਦੁਖਾਂ ਦੀ ਮਾਰੀ।
ਨਾਲ ਮਿੱਟੀ ਦੇ ਮਿੱਟੀ ਗਈ ਹੋ, ਹੋਸ਼ ਉਡੀ ਬੇਹੋਸ਼ੀ ਗਈ ਹੋ।
ਦੇਖ ਹਾਲਤ ਕਲਮ ਚਾਕ[1] ਹੋਈ, ਚਸ਼ਮ[2] ਚਾਤ੍ਰਿਕ ਦੀ ਭਰ ਨੈਣ ਰੋਈ।

ਸਾਰਾ ਦਿਨ ਢੂੰਡੇਂਦਰੀ ਥੱਕ ਲਥੀ, ਥੱਕ ਹੁਟ ਕੇ ਜਾਨ ਬੇਜਾਨ ਹੋਈ।
ਦਿਲ ਵਿਚ ਹਿਜਰ ਸਰੀਰ ਦੇ ਦੁਖ ਦੂਣੇ, ਅੱਖ ਰੋਂਦਿਆਂ ਲਹੂ ਲੁਹਾਨ ਹੋਈ।
ਨਾਜਕ ਪੈਰ ਦਿਤੇ ਵਿੰਨ੍ਹ ਕੰਡਿਆਂ ਨੇ, ਉਤੋਂ ਸਫਰ ਦੇ ਨਾਲ ਥਕਾਨ ਹੋਈ।
ਕੋਮਲ ਫੁਲ ਵਰਗੀ ਖਾਰ ਚਾਰ ਪਾਸੀਂ, ਚੁਭ ਚੁਭ ਕੇ ਤੇ ਨੀਮ ਜਾਨ ਹੋਈ।
ਡਿਗੀ ਧਰਤ ਤੇ ਧਰਤ ਦਾ ਰੂਪ ਹੋ ਕੇ, ਡਿਗਦੇ ਸਾਰ ਹੀ ਹੋਸ਼ ਰਵਾਨ ਹੋਈ।
ਹੋਈ ਹੋਸ਼ ਦੇ ਨਾਲ ਵਿਦਾ ਹਿੰਮਤ, ਹਿੰਮਤ ਹਾਰ ਕੇ ਤੇ ਬੇਪਰਾਨ ਹੋਈ।
ਬੇਪਰਾਨ ਨੂੰ ਜਾਨ ਦੀ ਹੋਸ਼ ਕਿਥੋਂ ? ਦੁਨੀਆਂ ਦੀਨ ਵਲੋਂ ਬੇਧਿਆਨ ਹੋਈ।
ਬੇਧਿਆਨ ਨੂੰ ਸੁਧ ਸਰੀਰ ਦੀ ਕੀ ? ਗੋਯਾ ਵੇਖ ਸਰੀਰ ਤੇ ਜਾਨ ਹੋਈ।
ਹੋਈ ਜਾਨ ਬੇਜਾਨ ਤਰਾਨ[3] ਟੁਟਾ, ਗੋਯਾ[4] ਖਵਾਬ[5] ਡੂੰਘੀ ਤਾਰੀ[6] ਆਨ ਹੋਈ।
ਹੋਈ ਖਵਾਬ ਤਾਰੀ ਭੁਲੀ ਸੁਧ ਸਾਰੀ, ਗਈ ਹੋਸ਼ ਮਾਰੀ, ਹਿੰਮਤ ਹਾਨ ਹੋਈ।
ਹਿੰਮਤ ਹੌਸਲਾ ਹਾਰ ਬੇਵੱਸ ਹੋਈ, ਵਸ ਨੀਂਦ ਦੇ ਨਾਰ ਨਾਦਾਨ ਹੋਈ।
ਚਾਤ੍ਰਿਕ ਨੀਂਦ ਦੇ ਵਸ ਪਰਵੱਸ ਰਾਣੀ, ਪੀਆ ਖੱਸ ਕੇ ਤੇ ਲੰਬੀ ਤਾਨ ਹੋਈ।
ਨੀਂਦਰ ਚੀਜ਼ ਹੈ ਬੜੀ ਬਲਕਾਰ ਵਾਲੀ, ਏਹ ਨਾ ਵਕਤ ਵੇਲਾ ਤੇ ਮਕਾਨ ਵੇਖੇ।
ਸੂਲੀ ਚੜ੍ਹੇ ਭੀ ਟਲੇ ਨਾ ਆਵਣੋ ਇਹ, ਵਿਛੀ ਸੇਜ ਨਾ ਰੋੜ ਮੈਦਾਨ ਵੇਖੇ।

---

1. ਕਲਮ ਦਾ ਦਿਲ ਚੀਰਿਆ ਗਿਆ, ਵਿੰਨਿਆ ਗਿਆ। 2. ਨੈਣ, ਅੱਖੀਆਂ। 3. ਸਾਹ, ਜ਼ੋਰ। 4. ਜਾਣੋ। 5. ਸੁਪਨਾ। 6. ਬੇਹੋਸ਼ੀ।

ਸੂਲੀ ਏਸ ਨਾਲੋਂ ਕਦੋਂ ਵਧ ਹੁੰਦੀ ? ਏਹਦੇ ਦੁਖ ਨਾ ਮਾਰ ਧਿਆਨ ਵੇਖੇ।
ਜਿਵੇਂ ਇਸ਼ਕ ਨਾ ਵੇਖਦਾ ਜਾਤ ਉਚੀ, ਅਤੇ ਭੁਖ ਨਾ ਲਾਜ਼ਮਾ ਖਾਨ ਵੇਖੇ।
ਸਥਰ ਮੌਤ ਨਾ ਲਭਦੀ ਅੰਤ ਵੇਲੇ, ਸੁਖੀ ਦੁਖੀ ਨਾ ਨਿਕਲਦੀ ਜਾਨ ਵੇਖੇ।
ਫਸਿਆ ਚੋਰ ਕਰਦਾ ਸੱਟ ਜਾਨ ਲੱਗਾ, ਨਾ ਓਹ ਕਿਸੇ ਦੀ ਜਾਨ ਦਾ ਜਾਨ[1] ਵੇਖੇ।
ਦਾਤਾ ਐਬ[2] ਸਵਾਬ[3] ਨੂੰ ਫੋਲਦਾ ਨਾ, ਨੀਚ ਊਚ ਨਾਹੀ ਦਯਾਵਾਨ ਵੇਖੇ।
ਧਰਮੀ ਧਰਮ ਨੂੰ ਪਾਲ ਵਿਖਾਂਵਦਾ ਏ, ਹੁੰਦਾ ਆਪਣਾ ਨਹੀਂ ਨੁਕਸਾਨ ਵੇਖੇ।
ਥੱਕ ਹੁਟ ਨੀਂਦਰ ਅੰਦਰ ਗੁਟ ਹੋਈ, ਰਾਣੀ ਖੁਸ਼ੀ ਦਾ ਹੋਰ ਸਾਮਾਨ ਵੇਖੇ।
ਚਾਤ੍ਰਿਕ ਸੇਜ ਸੂਲਾਂ ਉਤੇ ਦਮਯੰਤੀ, ਵਿਚ ਖਵਾਬ ਦੇ ਪੀਆ ਦਿਲਜਾਨ ਵੇਖੇ।

ਸੁਪਨੇ ਵਿਚ ਦਰਸ਼ਨ ਹੋਣਾ ਰਾਣੀ ਦਮਯੰਤੀ ਨੂੰ ਰਾਜਾ ਨਲ ਦਾ

ਸੁਤੀ ਪਈ ਬਰੜਾਂਵਦੀ ਕਰੇ ਗੱਲਾਂ, ਪੀਆ ਨਾਲ ਗੋਯਾ ਬੋਲ ਚਾਲ ਹੋਈ।
ਕਹਿੰਦੀ ਪੀਆ ਜੀ ਛਡ ਕੇ ਮੁਝ ਤਾਈਂ, ਕਿਧਰ ਆਪ ਸੰਦੀ ਅਜ ਚਾਲ ਹੋਈ ?
ਮੈਂ ਤਾਂ ਆਪ ਨੂੰ ਲਭਦੀ ਥੱਕ ਲਥੀ, ਦੁਖੀ ਆਪ ਬਾਝੋਂ ਵਾਲ ਵਾਲ ਹੋਈ।
ਸਾਈਆਂ ਅਜ ਜੇਹੜੀ ਮੇਰੇ ਨਾਲ ਹੋਈ, ਹੋਣੀ ਸਚ ਮੁਚ ਬੇਮਿਸਾਲ ਹੋਈ।
ਤੁਸਾਂ ਲੁਕ ਕਿਉਂ ਗਏ ਸੌ ਰੁਖ ਓਹਲੇ, ਹਾਸੇ ਆਪਦੇ ਥੋਂ ਮੰਦੇ ਹਾਲ ਹੋਈ।
ਡਾਢੀ ਹੋਈ ਲਾਚਾਰ ਕਰਤਾਰ ਜਾਣੇ, ਤਾਲੋਂ ਘੁਸ ਕੇ ਬੜੀ ਬੇਤਾਲ ਹੋਈ।
ਬੜੀ ਆਜਜ਼ੀ ਦੇ ਨਾਲ ਅਰਜ ਏਹ, ਮੈਥੋਂ ਨਹੀਂ ਏਹ ਹਿਜਰ ਦੀ ਝਾਲ ਹੋਈ।
ਮੁੜ ਕੇ ਫੇਰ ਏਹ ਮਸ਼ਕਰੀ ਨਾਹ ਕਰਿਓ, ਏਸੇ ਨਾਲ ਮੈਂ ਬੜੀ ਬੇਹਾਲ ਹੋਈ।
ਡਿਠਾ ਆਪ ਨੂੰ ਪਈ ਹੈ ਠੰਢ ਸੀਨੇ, ਦਰਸ਼ਨ ਪਾਇਕੇ ਖੁਸ਼ੀ ਕਮਾਲ ਹੋਈ।
ਰੱਬਾ ਫੇਰ ਨਾ ਵੇਖਣਾ ਪਏ ਭਉਜਲ, ਜੈਸੀ ਅਜ ਬਾਝੋਂ ਨੰਦ ਲਾਲ[4] ਹੋਈ।
ਬੈਠੋ ਪੀਆ ਖਲੋ ਕਿਉਂ ਰਹੇ ਸਿਰ ਤੇ, ਗੁਸੇ ਨਾਲ ਕਾਹਨੂੰ ਅੱਖ ਲਾਲ ਹੋਈ ?
ਤੁਸੀਂ ਆਪ ਪਰੋਖੜੇ ਹੋ ਬੈਠੇ, ਮੈਂ ਤਾਂ ਆਪ ਨੂੰ ਭਾਲ ਨਿਢਾਲ ਹੋਈ।
ਮੈਂ ਤਾਂ ਘਾਬਰੀ ਸਾਬਰੀ ਛਡ ਬੈਠੀ, ਕੀ ਮਲੂਮ ਹਾਸੀ ਮੇਰੇ ਨਾਲ ਹੋਈ।
ਹਾਸਾ ਤੁਸਾਂ ਦਾ ਸਾਡੜੀ ਮੌਤ ਚਾਤ੍ਰਿਕ, ਹੱਛਾ ਲਖ ਵਟਾਂ ਪੂਰੀ ਘਾਲ ਹੋਈ।

ਸਵੇਰ ਵੇਲੇ ਜਾਗਣਾ ਰਾਣੀ ਦਮਯੰਤੀ ਦਾ

ਨਾਰ ਪਈ ਬਰੜਾਂਵਦੀ ਖਵਾਬ ਅੰਦਰ, ਪੀਆ, ਆਣ ਕੇ ਮੁਖ ਵਿਖਾਇਆ ਏ।
ਸੁਪਨੇ ਸ਼ਾਹ ਸੁਲਤਾਨ ਦੀ ਮੇਹਰ ਹੋਈ, ਲਭਾ ਕੱਲ ਦਾ ਲਾਲ ਗਵਾਇਆ ਏ।
ਦੁਖ, ਭੁਖ, ਭੁਲੇ, ਸੁਖ, ਚੈਨ ਆਏ, ਰੱਬ ਸੁਤਿਆਂ ਸੁਖ ਵਿਖਾਇਆ ਏ।
ਜ਼ਾਲਮ ਰਾਤ ਦੀ ਨਜਰ ਪੈ ਗਈ ਏਧਰ, ਏਹਦਾ ਸੁਖ ਨਾ ਵੇਖ ਸੁਖਾਇਆ ਏ।
ਝੂਠੇ ਖਵਾਬ ਨੂੰ ਸਚ ਖਿਆਲ ਜਾਤਾ, ਜਾਤਾ ਸਚ ਰਾਜਾ ਨਲ ਆਇਆ ਏ।

1. ਨੁਕਸਾਨ, ਹਾਨੀ। 2. ਗੁਨਾਹ, ਦੋਸ਼। 3. ਪੁੰਨ, ਨੇਕੀ। 4. ਸ੍ਰੀ ਕ੍ਰਿਸ਼ਨ ਜੀ, ਪਰ ਇਥੇ ਪਾਵ ਰਾਜਾ ਨਲ (ਪਤੀ) ਤੋਂ ਹੈ।

ਹੈਂਸਿਆਰੜੀ ਵੇਖ ਕੇ ਹੋਈ ਕੋਲੇ, ਹਾਇ ਏਸ ਨੇ ਚੈਨ ਕਿਉਂ ਪਾਇਆ ਏ।
ਪਿਆ ਸੂਲ ਕਲੇਜੜਾ ਪਾਟਿਆ ਸੂ, ਏਸ ਸੁਖ ਨੂੰ ਨਹੀਂ ਪਚਾਇਆ ਏ।
ਚੜ੍ਹਦੇ ਪਾਸਿਓਂ ਛੇਕ ਪੈ ਗਿਆ ਸੀਨੇ, ਗੋਲਾ ਗਜਬ ਦਾ ਆਣ ਬਰਸਾਇਆ ਏ।
ਸੜ ਕੇ ਵਾਂਗ ਅੰਗਿਆਰ ਦੇ ਲਾਲ ਹੋਈ, ਲਾਲੋ ਲਾਲ ਆਕਾਸ਼ ਕਰਾਇਆ ਏ।
ਦਰਦ ਵੰਡਦੀ ਸੀ ਫੌਜ ਤਾਰਿਆਂ ਦੀ, ਇਕ ਪਲਕ ਵਿਚ ਮਾਤ ਕਰਾਇਆ ਏ।
ਸ਼ੇਰ, ਬਾਘ, ਜੋ ਦਾਰੀਆਂ[1] ਕਰਨ ਵਾਲੇ, ਕਿਸੇ ਖੂੰਜ ਸਭਨਾਂ ਨੂੰ ਲੁਕਾਇਆ ਏ।
ਦਰਦੀ ਦਰਦ ਵੰਡਨ ਵਾਲੇ ਦੂਰ ਕਰਕੇ, ਮੱਥਾ ਆਪਣਾ ਖੂਬ ਖਿੜਾਇਆ ਏ।
ਲੈ ਨੀ ਤੱਤੀਏ ਦੁਖ ਸਹਾਰ ਮੁੜ ਕੇ, ਮੈਨੂੰ ਤੁਧ ਦਾ ਸੁਖ ਨਾ ਭਾਇਆ ਏ।
ਚਾਤ੍ਰਿਕ ਖਿਚ ਕੇ ਬਾਂਹ ਦਿਲਦਾਰ ਪਾਸੋਂ, ਹੂਣਾ ਮਾਰ ਕੇ ਚੁਕ ਜਗਾਇਆ ਏ।
ਹੂਣਾ ਮਾਰਿਆ ਠੰਢੜੀ ਵਾ ਆ ਕੇ, ਸੁਤੀ ਨਾਰ ਨੂੰ ਆਣ ਜਗਾਇਆ ਸੂ।
ਜੇਹੜਾ ਖਵਾਬ ਸੀ ਸਚ ਉਹ ਝੂਠ ਕੀਤਾ, ਉਹੋ ਦੁਖੜਾ ਸਚ ਕਰਾਇਆ ਸੂ।
ਅੱਖਾਂ ਪੱਟੀਆਂ, ਪੱਟੀਆਂ ਮੇਸ ਕੇ ਤੇ, ਪੀਆ ਸਿਰੇ ਤੇ ਨਜ਼ਰ ਨਾ ਆਇਆ ਸੂ।
ਰਾਣੀ ਸੁੰਞ ਨੂੰ ਵੇਖ ਕੇ ਸਹਿਮ ਘਤੀ, ਅਖਾਂ ਮੀਟ ਕੇ ਮੁਖ ਛਪਾਇਆ ਸੂ।
ਜਾਗਣ ਵਾਸਤੇ ਚਿਤ ਨਾ ਚਾਹੁੰਦਾ ਏ, ਮਿੱਠੀ ਨੀਂਦ ਨੂੰ ਫੇਰ ਬੁਲਾਇਆ ਸੂ।
ਚਾਤ੍ਰਿਕ ਬਾਦਿ-ਸਬਾ[2] ਜਗਾਂਵਦੀ ਨੂੰ, ਹੱਥ ਜੋੜ ਕੇ ਵਾਸਤਾ ਪਾਇਆ ਸੂ।
ਖੁਸ਼ਬੋ ਭਿੰਨੀਏ ਰੁਤ ਬਸੰਤ ਦੀ ਏ, ਤੇਰਾ ਮਿਠੜਾ ਸ਼ਹਿਦ ਸੁਭਾ ਵਾਏ।
ਝੋਕੇ ਬਾਦਿ-ਸਬਾ ਦੇ ਨਾਲ ਰਲ ਕੇ, ਡਾਢੀ ਦਿਤੀਉ ਠੰਢ ਵਰਤਾ ਵਾਏ।
ਸਾਨੂੰ ਨਾਲ ਅਰਾਮ ਦੇ ਸੁਤਿਆਂ ਨੂੰ, ਛੇੜ ਛੇੜ ਅੜੀਏ ਨਾ ਅਕਾ ਵਾਏ।
ਕਾਹਨੂੰ ਨਾਲ ਅਠਖੇਲੀਆਂ ਛੇੜਨੀ ਏ, ਸਾਨੂੰ ਨੀਂਦ ਆਈ ਨਾ ਜਗਾ ਵਾਏ।
ਨੀਂਦ ਕੀਤਿਆਂ ਦਿਸਦਾ ਪੀਆ ਮੈਨੂੰ, ਹੁੰਦਾ ਜਾਗਿਆਂ ਪਾ ਜੁਦਾ ਵਾਏ।
ਮੰਨ ਵਾਸਤਾ, ਵਾਸਤਾ ਰੱਬ ਦਾ ਈ, ਓਹੋ ਮਿਠੜਾ ਖਵਾਬ ਦਿਖਾ ਵਾਏ।
ਵੇਦਨ[3] ਅਜ ਹੋ ਗਈ ਮਲੂਮ ਮੈਨੂੰ, ਖਵਾਬ ਵਿਚ ਮਿਲਦਾ ਦਿਲਰੁਬਾ[4] ਵਾਏ।
ਸਦਕੇ ਜਾਗ, ਜੇ ਸੁਤਿਆਂ ਭਾਗ ਜਾਗੇ, ਲੈਣਾ ਜਾਗ ਕੀ ਅਸਾਂ ਬਣਾ ਵਾਏ।
ਅੱਖਾਂ ਮੀਟਿਆਂ ਦਿਸਦਾ ਰਹੇ ਪੀਆ, ਸੌ ਸੌ ਵਾਰ ਮੀਟਾਂ ਨਾਲ ਚਾ ਵਾਏ।
ਪਰਲੋ ਤੀਕ ਨਾ ਪੱਟ ਕੇ ਅੱਖ ਵੇਖਾਂ, ਦੁਨੀਆਂ ਵਸਦੀ ਏ ਕੇੜ੍ਹੀ ਜਾ ਵਾਏ।
ਭਾਵੇਂ ਸਚ ਭਾਵੇਂ ਏਸ ਖਵਾਬ ਅੰਦਰ, ਹੋਵੇ ਪਲਕ ਨਾ ਪੀਆ ਜੁਦਾ ਵਾਏ।
ਚਾਤ੍ਰਿਕ ਜੀਉ ਨਾ ਹੋਰ ਡਰਾ ਮੇਰਾ, ਪੜਦਾ ਪੀਆ ਚੋਂ ਏਹ ਉਠਾ ਵਾਏ।
ਅਖਾਂ ਮੀਟਦੀ ਹਥ ਦੇ ਨਾਲ ਘੁਟੇ, ਐਪਰ ਨਜ਼ਰ ਨਾ ਆਂਵਦਾ[5] ਫੇਰ ਪੀਆ।
ਨੀਂਦ ਵਿਚ ਛਲਾਵੜੀ ਦਸ ਗਿਆ, ਓਹਲੇ ਹੋ ਗਿਆ ਚੜ੍ਹੀ ਸਵੇਰ ਪੀਆ।
ਖੁਸ਼ੀ ਖੁਸ਼ੀ ਜੋ ਪੀਆ ਬੁਲਾਂਵਦੀ ਸੀ, ਜਾਂਦਾ ਦਿਸਿਆ ਨਾ ਜਾਂਦੀ ਵੇਰ ਪੀਆ।
ਅੱਖਾਂ ਮੀਟਦੀ ਲੇਟਦੀ ਢੀਠ ਬਣ ਕੇ, ਐਪਰ ਦਿਸਿਆ ਨਾ ਢੇਰ ਦੇਰ ਪੀਆ।
ਪਸ਼ੇਮਾਨ ਹੋ ਉਠ ਕੇ ਫੇਰ ਵੇਖੇ, ਅੱਖਾਂ ਖੋਲ੍ਹਿਆਂ ਹੀ ਸਕਾਂ ਹੇਰ[6] ਪੀਆ।

---

1. ਹਮਦਰਦੀ। 2. ਸਵੇਰ ਦੀ ਹਵਾ। 3. ਦੁਖ, ਵੇਦਨਾ। 4. ਮਸ਼ੂਕ, ਪਿਆਰਾ। 5. ਧੋਖਾ, ਛਲ। 6. ਵੇਖ।

ਐਪਰ ਜਤਨ ਅਕਾਰਥੇ ਜਾਨ ਸਭੇ, ਸੁਤੇ ਜਾਗਿਆਂ ਹੋਵੇ ਨਾ ਜ਼ੋਰ[1] ਪੀਆ।
ਜਿਥੇ ਕਲ ਆਹਾ ਉਥੇ ਅਜ ਹੋਸੀ, ਕਿਥੋਂ ਸੁਣੇ ਆਕੇ ਤੇਰੀ ਟੇਰ[2] ਪੀਆ।
ਚਾਤ੍ਰਿਕ ਜਾਂਦੜੀ ਵਾਰ ਉਸਾਰ ਟੁਰਿਆ, ਤੇਰੇ ਵਾਸਤੇ ਦੁਖਾਂ ਦੇ ਢੇਰ ਪੀਆ।
ਰਾਤੇ, ਦੋਖਣੇ ਨੀ, ਹੈਂਸਿਆਰੀਏ ਨੀ, ਮੇਰਾ ਸਕੀਓਂ ਸੁਖ ਨਾ ਵੇਖ ਅੜੀਏ।
ਮਾਰੀ ਰੇਖ ਮੇਰੀ ਅੰਦਰ ਮੇਖ ਮੁੜ ਕੇ, ਕਿਹੇ ਸਾੜਿਓ ਨੀ ਮੇਰੇ ਲੇਖ ਅੜੀਏ।
ਰਾਤੋਂ ਚੁਕ ਪਰਭਾਤ ਬਣਾਈਓ ਈ, ਜ਼ਰਾ ਪੁਕਰੀ ਸੀ ਕਰਮ ਰੇਖ ਅੜੀਏ।
ਓਹੋ ਮੈਂ ਤੇ ਓਹੋ ਕਲੇਸ਼ ਚਾਤ੍ਰਿਕ, ਓਹੋ ਜੋਗਨਾਂ ਵਾਲੜਾ ਭੇਖ ਅੜੀਏ।
ਕਿਧਰ ਗਏ ਇਕ ਪਲਕ ਦੀ ਝਲਕ ਅੰਦਰ ? ਹੁਣੇ ਖੜੇ ਸਾਓ ਮੇਰੇ ਪਾਸ ਬਾਲਮ।
ਰਾਤੀ ਲੱਭਣਾ ਦਿਨੇ ਗੁਆਚ ਜਾਣਾ, ਵਾਹਵਾ ਆਪਦਾ ਹਾਸ ਬਿਲਾਸ ਬਾਲਮ।
ਜਿਵੇਂ ਚੰਦ ਚੜ੍ਹਿਆ ਕਦੀ ਉਠ ਬਹਿੰਦੀ, ਹੋਵੇ ਸੁਬਹ ਨੂੰ ਫੇਰ ਉਦਾਸ ਬਾਲਮ।
ਏਸੇ ਤਰ੍ਹਾਂ ਮੁਆਮਲਾ ਪਿਆ ਏਹ ਭੀ, ਰਾਤੀ ਸੁਖੀ ਤੇ ਦਿਨੇ ਨਿਰਾਸ ਬਾਲਮ।
ਕੀਹ ਏਹ ਆਪ ਦੇ ਵਾਸਤੇ ਗਲ ਚੰਗੀ ? ਕਰੋ ਨਾਰ ਤਾਈਂ ਬੇਹਵਾਸ ਬਾਲਮ।
ਦੂਜਾ ਦਿਨ ਆਯਾ ਏਸੇ ਤਰ੍ਹਾਂ ਮੈਨੂੰ, ਕਿਥੇ ਲਓ ਜਾ ਸੁਬਹ ਹੀ ਵਾਸ ਬਾਲਮ।
ਛੇਤੀ ਹੋਵੇ ਪ੍ਰਤੱਖ ਤੇ ਦਿਓ ਦਰਸ਼ਨ, ਮੇਰੇ ਸੁਖਾਂ ਸੰਦੀ ਪੂੰਜੀ ਰਾਸ ਬਾਲਮ।
ਚਾਤ੍ਰਿਕ ਦੇਰ ਹੁੰਦੀ ਜਿਉਂ ਜਿਉਂ ਵੇਖਿਆਂ ਨੂੰ, ਤਿਉਂ ਤਿਉਂ ਆਸ, ਤੋੜੀ ਆਸ ਬਾਲਮ।

ਚੰਦਨ ਬਨ ਵਿਚ ਰਾਣੀ ਦਮਯੰਤੀ ਦਾ ਜਾਣਾ ਤੇ ਚੰਦਨ ਪਾਸੋਂ ਪੁਛਣਾ

ਸੱਪੀਂ ਵੇੜ੍ਹਿਆ ਚੰਦਨਾ, ਚੰਦ ਮਾਹੀਆ, ਡਿਠਾ ਕਿਤੇ ਮੇਰਾ ਦਿਲਰੁਬਾ ਹੋਵੀ।
ਜੀਕਰ ਨਾਲ ਖੁਸ਼ਬੋ ਦੇ ਭਿੰਨਿਓਂ[3] ਵੇ, ਰੱਬਾ ਏਸ ਤੋਂ ਤੇਜ਼ ਹਵਾ ਹੋਵੀ।
ਦੇਈਂ ਪਤਾ ਨਿਸ਼ਾਨੜੀ ਪੀਆ ਸੰਦੀ, ਕਿਤੇ ਲੰਘਦਾ ਨਜ਼ਰ ਜੇ ਪਿਆ ਹੋਵੀ।
ਚਾਤ੍ਰਿਕ ਚੂਲੀਆਂ ਦੁਧ ਪਾ ਸਿੰਜਦੀ ਹਾਂ, ਜੇਕਰ ਵੇਖਿਆ ਉਹ ਮਾਹਲਕਾ[4] ਹੋਵੀ।

ਚੰਦਨ ਬ੍ਰਿਛ ਤੋਂ ਅਜਦਹਾ[5] ਨੇ ਨਿਕਲ ਕੇ ਰਾਣੀ ਦਮਯੰਤੀ ਨੂੰ ਮੂੰਹ ਵਿਚ ਨਿਗਲਣਾ

ਹਾੜੇ ਕਰਦਿਆਂ ਕਰਦਿਆਂ ਹਾਰ ਚੁਕੀ, ਐਪਰ ਪੀਆ ਨਾ ਆਣ ਬੁਲਾਇਆ ਏ।
ਸਗੋਂ ਦੁਖੀ ਨੂੰ ਹੋਰ ਦੁਖਾਣ ਖਾਤਰ, ਅਯਦਹਾ ਬਣ ਕੇ ਦੁਖ ਆਇਆ ਏ।
ਰਾਖਸ਼ ਵਾਂਗ ਪਸਾਰਿਆ ਮੁਖ ਉਸਨੇ, ਰੂਪ ਵਾਂਗ ਅਸਰਾਲ[6] ਬਣਾਇਆ ਏ।
ਅੱਖਾਂ ਲਾਲ ਕਰੋਧ ਦੇ ਨਾਲ ਤੱਤਾ, ਤੱਤੀ ਨਾਰ ਨੂੰ ਆਣ ਕੇ ਤਾਇਆ ਏ।
ਬੇਮੁਹਾਰ, ਬੇਯਾਰ, ਦੁਖਿਆਰ[7] ਤਾਈਂ, ਖਾਵਣ ਕਾਰਨੇ ਮੁਖ ਫੈਲਾਇਆ ਏ।
ਜ਼ਾਲਮ ਤਰਸ ਨਾ ਕਰੇ ਵਿਚਾਰੜੀ ਤੇ, ਮੱਖਣ ਵਾਂਗ ਤੜਕੇ ਮੁਖ ਪਾਇਆ ਏ।
ਚੀਕਾਂ ਮਾਰਕੇ ਕਰੇ ਵਿਰਲਾਪ ਰਾਣੀ, ਜ਼ਾਲਮ ਚਾਹੁੰਦਾ ਜਾਨ ਮੁਕਾਇਆ ਏ।
ਚਾਤ੍ਰਿਕ ਚਲਦੀ ਕੁਝ ਨਾ ਪੇਸ਼ ਉਸਦੀ, ਅੰਦਰ ਹੁਣੇ ਕਿ ਹੁਣੇ ਲੰਘਾਇਆ ਏ।

1. ਅਧੀਨ। 2. ਪੁਕਾਰ, ਸੱਦ। 3. ਭਿਜਿਆ। 4. ਚੰਨ। 5. ਵੱਡਾ ਸੱਪ। 6. ਅਜਗਰ ਸੱਪ, ਭਿਆਨਕ। 7. ਦੁਖੀ ਹੋਈ।

ਅਜਦਹਾ ਦੇ ਨਿਗਲਣ ਵੇਲੇ ਰਾਣੀ ਦਮਯੰਤੀ ਦਾ ਵਿਰਲਾਪ

ਹਾਇ ਤੱਤਿਆਂ ਤੱਤ ਭਲੱਤਿਆ ਵੇ, ਤੱਤੀ ਨਾਰ ਨੂੰ ਕਾਸਨੂੰ ਖਾਣ ਲਗੋਂ ?
ਮੈਨੂੰ ਪੀਆ ਨੂੰ ਤਾਂ ਲਭ ਲੈਣ ਦੇਂਦੋ, ਕਾਹਨੂੰ ਜਿੰਦ ਨੂੰ ਹੁਣੇ ਮੁਕਾਣ ਲਗੋਂ ?
ਵੇ ਨਿਆਸਰੀ ਵੇਖ ਕੇ ਵਿਚ ਜੰਗਲ, ਮੇਰੀ ਜਾਨ ਦੀ ਅਲਖ ਚੁਕਾਣ ਲਗੋਂ ?
ਮੇਰਾ ਆਸਰਾ ਹੁਣੇ ਕਿ ਹੁਣੇ ਆਵੇ, ਕਿਉਂ ਦਲੇਰ ਹੋਕੇ ਮੁਖ ਪਾਣ ਲਗੋਂ ?
ਹਾਇ ਹਾਇ ਕਸਾਈਆ ਜ਼ਾਲਮਾ ਵੇ, ਪੀਆ ਬਾਝ ਕਿਉਂ ਜਿੰਦ ਤੜਫਾਣ ਲਗੋਂ ?
ਨਾਜ਼ਕ ਹਡੀਆਂ ਕੜਕ ਕੇ ਟੁਟ ਜਾਸਨ, ਦੰਦਾਂ ਵਿਚ ਕਿਉਂ ਘੁਟ ਘੁਟਾਣ ਲਗੋਂ ?
ਤੇਰੀ ਗਰਮ ਹਵਾੜ ਨੇ ਸਾੜ ਦਿਤਾ, ਸੜੀ ਹੋਈ ਨੂੰ ਹੋਰ ਸੜਾਣ ਲਗੋਂ ?
ਰਹਿਮ ਕਰੀਂ ਮਜ਼ਲੂਮ ਤੇ ਜਾਲਮਾ ਵੇ, ਕਿਉਂ ਮੁਕਾਣ ਬੇਦੋਸੜੀ ਜਾਨ ਲਗੋਂ ?
ਮੈਨੂੰ ਸਿੱਕ ਸੀ ਪੀਆ ਦੇ ਦਰਦ ਸੰਦੀ, ਬਿਨਾਂ ਡਿਠਿਆਂ ਜਿੰਦ ਕਢਾਣ ਲਗੋਂ ?
ਠੈਹਰ ਜਾ ਅਜੇ ਨਾ ਦੰਦ ਮੀਟੀਂ, ਜਿੰਦੀ[1] ਰੈਹਣ ਦੇਵੀਂ ਥੋੜੀ ਦੇਰ ਅੜਿਆ।
ਪੀਆ ਪੀਆ ਪੁਕਾਰ ਦੀ ਜਿੰਦ ਮੇਰੀ, ਵੇਖ ਲੈਣ ਦੇਵੀਂ ਇਕ ਵੇਰ ਅੜਿਆ।
ਜਾਂਦੀ ਵੇਰ ਦੀਦਾਰ ਤਾਂ ਕਰੀ ਜਾਵਾਂ, ਵੇਖਣ ਆਵਣਾ ਕਦੋਂ ਮੈਂ ਫੇਰ ਅੜਿਆ।
ਕਰਕੇ ਮੇਹਰ ਉਘਾੜ ਲੈ ਮੁਖ ਰਤੀ, ਨਾ ਸ਼ਮਸ਼ੇਰ ਇਹ ਦੁਖ ਦੀ ਫੇਰ ਅੜਿਆ।
ਸਦਕੇ, ਵਾਰੀਆਂ ਮੰਨ ਸਵਾਲ ਮੇਰਾ, ਮੇਰੀ ਸੁਣੀਂ ਬੇਵੱਸ ਦੀ ਟੇਰ[2] ਅੜਿਆ।
ਚਾਤ੍ਰਿਕ ਚਾਹੀਏ ਤਰਸ ਨਿਮਾਣਿਆਂ ਤੇ, ਲਗੋਂ ਕਾਸਨੂੰ ਪਾਨ ਅੰਧੇਰ ਅੜਿਆ।

ਰਾਣੀ ਦਮਯੰਤੀ ਦਾ ਜਾਨ ਤੋਂ ਤੰਗ ਆ ਕੇ ਪਤੀ ਨੂੰ ਯਾਦ ਕਰਨਾ

ਪਿਆਰੇ ਪੀਆ ਜੀ ਵੇਖ ਲੈ ਆਣ ਕੇ ਤੇ, ਨਾ ਮੁਰਾਦ ਮੈਨੂੰ ਨਹੀਂ ਛੱਡਦਾ ਜੇ।
ਜਿਉਂ ੨ ਆਖਨੀ ਹਾਂ ਤਿਉਂ ੨ ਚਿਪ ਚੜ੍ਹਿਆ[3], ਨਾਲ ਰੋਹ ਦੇ[4] ਅਖੀਆਂ ਕੱਢਦਾ ਜੇ।
ਆਖਾਂ ਮੁਖ ਉਘਾੜ ਤਾਂ ਰਾੜ[5] ਕਰਕੇ, ਸਗੋਂ ਦੰਦ ਛੁਰੀਆਂ ਵਾਂਗ ਕਢਦਾ ਜੇ।
ਚਾਤ੍ਰਿਕ ਨੇਜ਼ਿਆਂ ਵਾਂਗ ਵਰਾਛ ਇਸਦੇ, ਨਾਜਕ ਜਿਸਮ ਅੰਦਰ ਪਿਆ ਗਡਦਾ ਜੇ।
ਛੇਤੀ ਬਹੁੜ ਥੰਮਾਂ ਵਿਚੋਂ ਆਣ ਕੇ ਤੇ, ਆਓ ਨੱਸ ਕੇ ਕਰੋ ਨਾ ਦੇਰ ਬਾਲਮ।
ਜੇਕਰ ਏਸ ਵੇਲੇ ਆ ਕੇ ਬਹੁੜਿਓਂ ਨਾ, ਕੇਹੜੇ ਵੇਲੜੇ ਆਵਸੋ ਫੇਰ ਬਾਲਮ।
ਜਦੋਂ ਜਾਨ ਨਿਮਾਨੜੀ ਵਗ ਜਾਸੀ ਬਾਕੀ ਰਹੇਗਾ ਖਾਕ ਦਾ ਢੇਰ ਬਾਲਮ।
ਫੇਰ ਆਏ ਨਾ ਆਏ ਹੋ ਇਕ ਜੈਸੇ, ਚੁਕ ਜਾਵਸੀ ਮੇਰ ਤੇ ਤੇਰ ਬਾਲਮ।
ਨਾ ਮੁਰਾਦ ਤੁਰ ਜਾਵਸਾਂ ਜੱਗ ਵਿਚੋਂ, ਅੱਖੀਂ ਵੇਖਿਆ ਨਾ ਜਾਂਦੀ ਵੇਰ ਬਾਲਮ।
ਚਾਤ੍ਰਿਕ ਚਾਰ ਦਿਹਾੜੀਆਂ ਜਿੰਦਗੀ ਸੀ, ਦੁਖਾਂ ਮੌਤ ਆਂਦੀ ਘੇਰ ਘੇਰ ਬਾਲਮ।
ਝੱਬ ਬਹੁੜ ਕੇ ਕਰੀਂ ਇਮਦਾਦ ਆ ਕੇ, ਛੇਤੀ ਆ ਪਿਆਰਿਆ ਵੇਲੜਾ ਈ।
ਅਜਰਾਈਲ ਨੇ ਕੀਲ ਕੇ ਬੰਨ੍ਹ ਲਈਆਂ, ਬੇ-ਖਤਾ ਪਿਆਰਿਆ ਵੇਲੜਾ ਈ।
ਆਈ ਮੌਤ ਬਹਾਨਿਆਂ ਨਾਲ ਬਣ ਕੇ ਅਜਦਹਾ, ਪਿਆਰਿਆ ਵੇਲੜਾ ਈ।
ਝੱਪੀ[6] ਜਾਂਵਦੀ ਜਾਨ, ਨਿਮਾਨੜੀ ਨੂੰ, ਆ ਛੁਡਾ ਪਿਆਰਿਆ ਵੇਲੜਾ ਈ।

---

1. ਜੀਉਂਦੀ। 2. ਬੇਨਤੀ। 3. ਚਿੜ ਚੜ੍ਹਨੀ, ਗੁੱਸਾ ਵਧਣਾ। 4. ਗੁੱਸੇ ਨਾਲ। 5. ਜਿਦ, ਅੜੀ।
6. ਖਾਧੀ ਜਾ ਰਹੀ, ਕਬਜ਼ੇ ਕੀਤੀ ਜਾ ਰਹੀ।

ਮੇਰਾ ਵੱਸ ਨਾ ਚਲਦਾ ਏਸ ਅਗੇ, ਬੇਹਮਰਾਹ ਪਿਆਰਿਆ ਵੇਲੜਾ ਈ।
ਹੋਈ ਚਾਹੁੰਦੀ ਏ ਜਿੰਦ ਘੜੀ ਅੰਦਰ, ਏਹ ਹਵਾ ਪਿਆਰਿਆ ਵੇਲੜਾ ਈ।
ਏਹੋ ਘੜੀ ਸੁਲੱਖਣੀ ਆਖਰੀ ਏ, ਨਾ ਤਰਸਾ ਪਿਆਰਿਆ ਵੇਲੜਾ ਈ।
ਜਾਂਦੀ ਵਾਰ ਦਾ ਮੁਖ ਮੁਹਤਾਬ ਵਰਗਾ, ਆ ਦਿਖਾ ਪਿਆਰਿਆ ਵੇਲੜਾ ਈ।
ਮਿੱਟੀ ਵੇਖਕੇ ਕਰੇਂਗਾ ਯਾਦ ਪਿਛੋਂ, ਏਹ ਗੁਵਾ ਪਿਆਰਿਆ ਵੇਲੜਾ ਈ।
ਅਗ ਬਲ਼ੇਗੀ ਸੀਨਿਆਂ ਵਿਚ ਭਾਂਬੜ, ਦੋਵੇਂ ਦਾ[1] ਪਿਆਰਿਆ ਵੇਲੜਾ ਈ।
ਪਿਛੋਂ ਫਾਇਦਾ ਰੋਣ ਕੁਰਲਾਣ ਦਾ ਕੀ ? ਹੁਣ ਛੁਡਾ ਪਿਆਰਿਆ ਵੇਲੜਾ ਈ।
ਮੇਰਾ ਤੁਧ ਦੇ ਬਾਝ ਹੈ ਹੋਰ ਕਿਹੜਾ, ਆਸਰਾ ਪਿਆਰਿਆ ਵੇਲੜਾ ਈ।
ਪਿਛਾ ਦੂਰ ਰਿਹਾ ਮੈਂ ਨਿਮਾਨੜੀ ਦਾ, ਤੇਰੇ ਚਾ ਪਿਆਰਿਆ ਵੇਲੜਾ ਈ।
ਭੌਜਲ[2] ਇਕ ਦੇ ਵਿਚ ਇਹ ਹੋਰ ਭੌਜਲ, ਨਾ ਵਿਖਾ ਪਿਆਰਿਆ ਵੇਲੜਾ ਈ।
ਤੂੰ ਹੁਣ ਦੁਖ ਵੇਲੇ ਗਿਓਂ ਮੁਖ ਸਾਂਈਆਂ, ਕਿਉਂ ਭਵਾ ਪਿਆਰਿਆ ਵੇਲੜਾ ਈ।
ਚਾਤ੍ਰਿਕ ਆਂਨ ਅਮਾਨ ਸੰਭਾਲ ਅਪਨੀ, ਨਾ ਵੰਜਾ ਪਿਆਰਿਆ ਵੇਲੜਾ ਈ।
ਬੇਹਵਾਸ, ਉਦਾਸ, ਨਿਰਾਸ ਰਾਣੀ, ਦੁਖ ਪੀੜ ਨੂੰ ਪਈ ਸਹਾਰਦੀ ਏ।
ਨਾ ਮਰਾਦ ਅਸਰਾਲ ਜਦ ਮੂੰਹ ਘੁੱਟੇ, ਹੋ ਕੇ ਤੰਗ ਸਾਈਂ ਨੂੰ ਪੁਕਾਰਦੀ ਏ।
ਦਰਦ ਨਾਲ ਜਮੀਨ ਕੰਬਾ ਦੇਵੇ, ਜਦੋਂ ਜ਼ੋਰ ਦੀਆਂ ਚਾਂਗਰਾਂ ਮਾਰਦੀ ਏ।
ਪਏ ਗੂੰਜ ਅਕਾਸ਼ ਦੇ ਵਿਚ ਚਾਤ੍ਰਿਕ, ਜਦੋਂ ਆਹ ਨਿਕਲੇ ਦੁਖੀਆ ਨਾਰ ਦੀ ਏ।
ਅਯਦਹਾ ਜਾਲਮ ਆਪਣੇ ਆਹਰ ਲਗਾ, ਉਸਨੂੰ ਪੇਟ ਦੇ ਵਿਚ ਲੰਘਾਈ ਜਾਵੇ।
ਇਸ ਬੇਵੱਸ ਦਾ ਹੋਰ ਜੋਰ ਚਲੇ, ਉਚੀ ਹਾਲ ਪੁਕਾਰ ਮਚਾਈ ਜਾਵੇ।
ਬੀਆਬਾਨ ਦੇ ਵਿਚ ਨਾ ਸੁਣਨ ਵਾਲੇ, ਨਾ ਆਬਾਦੀਆਂ ਵਿਚ ਸੁਹਾਈ ਹੋਵੇ।
ਚਾਤ੍ਰਿਕ ਮਦਦ ਖ਼ੁਦਾਈ ਨਾ ਮਿਲੇ ਜਦ ਤਕ, ਕੀਕਰ ਕਾਲ ਦਾ ਮੂੰਹ ਛੁਡਾਈ ਜਾਵੇ।
ਐਪਰ ਵਧੀ ਨੂੰ ਕੌਣ ਘਟਾਨ ਵਾਲਾ ? ਰਾਖਾ ਰਬ ਸਭ ਦਾ ਸਭਨੀ ਥਾਈਂ ਹੋਵੇ।
ਉਹਦੇ ਰਾਜ ਅੰਦਰ ਭਲਾ ਬਾਝ ਮਰਜ਼ੀ, ਕੀਕਰ ਇਸ ਤਰ੍ਹਾਂ ਦੀ ਬੇਨਯਾਈ ਹੋਵੇ।
ਜਿਸਨੇ ਸਾਸ ਦਿਤੇ ਓਹੋ ਆਸ ਪੂਰੇ, ਸਾਸ ਸਾਸ ਅੰਦਰ ਰਾਖਾ ਸਾਈਂ ਹੋਵੇ।
ਚਾਤ੍ਰਿਕ ਜਿਸ ਮਾਲਕ ਕੀਤਾ ਜਗ ਪੈਦਾ, ਫਿਕਰ ਰਖਣੇ ਦਾ ਉਸੇ ਤਾਈਂ ਹੋਵੇ।

ਸਬੱਬ ਨਾਲ ਇਕ ਸ਼ਿਕਾਰੀ ਦਾ ਓਥੇ ਅਪੜਨਾ ਤੇ ਰਾਣੀ ਦਮਯੰਤੀ ਨੂੰ ਬਚਾਉਣਾ

ਢੁਕਾ ਆ ਢੋ ਗੈਬ ਥੀਂ ਵਿਚ ਜੰਗਲ, ਇਕ ਫੰਧਕੀ[3] ਸੈਲ ਸ਼ਿਕਾਰ ਆਯਾ।
ਕਰਦਾ ਭਾਲ ਸ਼ਿਕਾਰ ਦੀ ਫਿਰੇ ਭੌਂਦਾ, ਸੁਣ ਕੇ ਦਰਦ ਦੀ ਹਾਲ ਪੁਕਾਰ ਆਯਾ।
ਕਾਲ ਰੂਪ ਅਸਰਾਲ ਇਕ ਨਾਰ ਤਾਂਈ, ਆ ਕੇ ਵੇਖਿਆ ਕਰਨ ਅਹਾਰ ਆਯਾ।
ਚਾਤ੍ਰਿਕ ਰਹਿਮ ਖਾ ਨਾਰ ਮਜ਼ਲੂਮ ਉਤੇ, ਮਦਦ ਕਰਨ ਖਾਤਰ ਉਰੇਵਾਰ ਆਯਾ।
ਚਿੱਲਾ ਚਾਹੜ ਕੇ ਤਾਣ ਕਮਾਨ ਲੀਤੀ, ਤੀਰ ਜੋੜ ਕੇ ਝੱਬ ਤਿਆਰ ਹੋਯਾ।

---

1. ਦੋਵੇਂ ਪਾਸੇ। 2. ਮੁਸੀਬਤ, ਭਵਜਲ ਦਾ ਬਦਲਿਆ ਰੂਪ ਹੈ। 3. ਸ਼ਿਕਾਰੀ।

ਮਾਰੇ ਬਾਣ ਧਿਆਨ ਨਿਸ਼ਾਨ ਕਰਕੇ, ਲਗਨ ਸਾਰ ਫੌਰਨ ਦੂਸਰ ਪਾਰ[1] ਹੋਯਾ।
ਉਹ ਬਲਕਾਰ ਵਾਲਾ ਮਾਰ[2], ਮਾਰ ਖਾ ਕੇ, ਇਕ ਪਲਕ ਦੇ ਵਿਚ ਮੁਰਦਾਰ ਹੋਯਾ।
ਚਾਤ੍ਰਿਕ ਅਹਿਲ ਸ਼ਿਕਾਰ[3] ਉਪਕਾਰ ਕੀਤਾ ਦੁਖੀਆ ਨਾਰ ਦਾ ਤੁਰੰਤ ਛੁਟਕਾਰ ਹੋਯਾ।

ਮੋਹਿਤ ਹੋ ਜਾਣਾ ਸ਼ਿਕਾਰੀ ਦਾ ਰਾਣੀ ਦਮਯੰਤੀ ਪਰ

ਇਕ ਦੁਖ ਤੋਂ ਰੱਬਾ ਨਜਾਤ ਦਿਤੀ, ਆਇਆ ਦੂਸਰਾ ਹੋਰ ਤਿਆਰ ਹੋ ਕੇ।
ਦੁਖੀ ਜੀਵ ਨੂੰ ਸੁਖ ਦਾ ਸਾਹ ਔਖਾ, ਇਕ ਇਕ ਸਾਹ ਆਵੇ ਅਵਾਜ਼ਾਰ[4] ਹੋ ਕੇ।
ਜੇਹੜੇ ਫੰਧਕੀ ਜਾਨ ਦਾ ਜਾਣ[5] ਕੀਤਾ, ਚੰਬੜ ਗਿਆ ਉਹ ਗਲੇ ਦਾ ਹਾਰ ਹੋ ਕੇ।
ਚਾਤ੍ਰਿਕ ਧਰਮ ਈਮਾਨ ਤੋਂ ਅਖ ਫੇਰੀ, ਲਗਾ ਲਲ੍ਹੀਆਂ ਲਾਣ[6] ਬੁਰਿਆਰ ਹੋ ਕੇ।

ਸਵਾਲ ਸ਼ਿਕਾਰੀ ਦਾ

ਕਹਿੰਦਾ ਸਚ ਦਸੀਂ ਭਾਗਾਂ ਵਾਲੀਏ ਨੀ, ਕੀ ਕੋਈ ਪਰੀ ਪੈਕਰ[7] ਅਪਸਰਾ ਹੈ ਤੂੰ ?
ਜਾਂ ਗੰਧਰਬਨੀ,[8] ਜੱਛਨੀ ਰੂਪਵਾਲੀ[9] ਆਦਮਜ਼ਾਦ[10] ਹੈਂ ਯਾ ਦੇਵਤਾ ਹੈਂ ਤੂੰ ?
ਤੇਰਾ ਰੂਪ ਸੁੰਦਰ ਵੇਖ ਹੋਸ਼ ਉਡੇ, ਸ਼ਾਇਦ ਮੇਨਕਾ[11] ਯਾ ਰੰਧਰਾ[12] ਹੈਂ ਤੂੰ।
ਚਾਤ੍ਰਿਕ ਇਸ ਤਰ੍ਹਾਂ ਦੀ ਰੂਪਵਾਨ ਹੋ ਕੇ, ਪਹੁੰਚੀ ਜੰਗਲੀਂ ਕਿਸ ਤਰ੍ਹਾਂ ਹੈਂ ਤੂੰ ?

ਜਵਾਬ ਰਾਣੀ ਦਮਯੰਤੀ

ਰਾਣੀ ਆਖਿਆ ਠੀਕ ਹਵਾਸ ਕਰਕੇ, ਨਾ ਮੈਂ ਪਰੀ ਚੁੜੇਲ ਨਾ ਡੈਣ ਵੀਰਾ।
ਆਦਮਜ਼ਾਦ ਨਾਸਾਰ[13] ਮੁਰਾਦ ਬਾਝੋਂ, ਫਿਰਾਂ ਜੰਗਲੀਂ ਪਾਂਵਦੀ ਵੈਣ ਵੀਰਾ।
ਭੁਲੀ ਰਾਹ ਪਿਆਰੜਾ ਨਾਹ ਛੁਟਾ, ਭਰਦੀ ਆਹ ਲੰਘਨ ਦਿਨ ਰੈਣ ਵੀਰਾ।
ਜੇਕਰ ਤੁਧ ਨਾ ਆਣ ਛੁਡਾਈ ਹੁੰਦੀ, ਲਗਾ ਹੁਣੇ ਸੀ ਜਿੰਦੜੀ ਲੈਣ ਵੀਰਾ।
ਤੂੰ ਉਪਕਾਰੀਆ ਪੁਜ ਉਪਕਾਰ ਕੀਤਾ, ਜੀਉ ਦਾਨ ਦਿਤਾ ਮੈਨੂੰ ਐਨ ਵੀਰਾ।
ਵਿਚ ਦਰਗਾਹ ਪਰਮਾਤਮਾ ਸਚੜੇ ਦੀ, ਤੇਰੀ ਮੇਹਰ ਸੰਦੇ ਮੁਲ ਪੈਣ ਵੀਰਾ।
ਮੈਂ ਨਿਮਾਨੜੀ ਇਵਜ਼[14] ਕੀ ਦੇਣ ਜੋਗੀ, ਤੈਨੂੰ ਦੇਵਸੀ ਇਵਜ਼ ਨਾਰੈਣ[15] ਵੀਰਾ।
ਚਾਤ੍ਰਿਕ ਉਮਰ ਸਾਰੀ ਤੇਰੀ ਯਾਦਗਾਰੀ, ਕਦੀ ਭੁਲਸੀ ਨਾ ਤੇਰੀ ਭੈਣ ਵੀਰਾ।

ਕਵੀਓ ਵਾਚ

ਧਰਮ ਡੋਲ ਗਿਆ ਪਾਪੀ ਫੰਧਕੀ ਦਾ, ਬੋਲਣ ਮੁਖ ਥੀਂ ਬੁਰੀ ਜ਼ਬਾਨ ਲਗਾ।
ਸ਼ੀਸ਼ਾ ਧਰਮ ਦਾ ਸਾਫ ਸ਼ਫਾਫ[16] ਚਮਕੇ, ਠੋਕਰ ਮਾਰਕੇ ਨੀਚ ਤੁੜਾਨ ਲਗਾ।

---

1. ਦੂਸਰੇ ਪਾਸੇ ਨਿਕਲ ਗਿਆ। 2. ਸੱਪ। 3. ਵੱਡਾ ਸ਼ਿਕਾਰੀ। 4. ਤੰਗ। 5. ਨੁਕਸਾਨ। 6. ਪਿਆਰ ਲਈ ਤਰਲੇ ਲੈਣਾ। 7. ਪਰੀ। 8. ਦੇਵਤਿਆਂ ਦੀਆਂ ਗਾਇਕਾਂ। 9. ਖੂਬਸੂਰਤ। 10. ਇਸਤ੍ਰੀ।
11. ਰਿਗਵੇਦ ਅਨੁਸਾਰ ਮੇਨਕਾ ਰਾਜੇ ਇੰਦਰ ਦੀ ਪ੍ਰੇਮਿਕਾ ਸੀ। 12. ਇਕ ਪਰੀ ਦਾ ਨਾਂ। 13. ਦੁਖੀ।
14. ਬਦਲਾ। 15. ਪ੍ਰਮਾਤਮਾ। 16. ਸ਼ੀਸ਼ੇ ਵਾਂਗ ਚਮਕਦਾ।

ਦੇਵੀ ਰੂਪ ਦੀ ਮੂਰਤੀ ਧਰਮ ਸੰਦੀ, ਵੇਖ ਧਰਮ ਈਮਾਨ ਭੁਲਾਨ ਲਗਾ।
ਬੀਆਬਾਨ ਅੰਦਰ ਬੇਹਮਰਾਹ ਨਾਰੀ, ਦੁਖੀਆ ਵੇਖ ਕੇ ਹੋਰ ਦੁਖਾਨ ਲਗਾ।
ਪਾਪੀ ਆਪਣੇ ਆਪ ਨੂੰ ਵੇਖਦਾ ਨਾ, ਜੱਫੇ ਨਾਲ ਸ਼ਤੀਰੀਆਂ ਲਾਨ ਲਗਾ।
ਜਦੋਂ ਮੌਤ ਆਵੇ, ਵਿਚ ਵਰਮੀਆਂ[1] ਦੇ, ਬੰਦਾ ਝਕਦਾ ਨਾ ਹਥ ਪਾਨ ਲਗਾ।
ਜਿਸ ਨੇ ਦੇਵਤੇ ਪਤੀ ਤੋਂ ਵਾਰ ਸੁਟੇ, ਉਸਨੂੰ ਫੰਧਕੀ ਨੀਚ ਭਰਮਾਣ ਲਗਾ।
ਚਾਤ੍ਰਿਕ ਨਜਰ ਕਰਦਾ ਖੋਟੀ ਨੀਤ ਕਰਕੇ, ਪੁਠੇ ਰਾਹ ਤੇ ਕਦਮ ਟਿਕਾਨ ਲਗਾ।

ਕੁੰਡਲੀਆ ਸ਼ਿਕਾਰੀ ਦਾ

ਪਯਾਰੀ ਦੁਖੀਆ ਨਾਰੀਏ ਐਸੇ ਮੰਦੇ ਹਾਲ।
ਪਈ ਗੁਵਾਵੇਂ ਉਮਰ ਕਿਉਂ ਤੁਰ ਚਲ ਮੇਰੇ ਨਾਲ।
ਤੁਰ ਚਲ ਮੇਰੇ ਨਾਲ ਸ਼ਹਿਰ ਵਿਚ ਬਾਗ ਬਹਾਰਾਂ।
ਮੈਂ ਭਰਤਾ, ਤੂੰ ਨਾਰ ਕਰਾਂਗੇ ਚੈਨ[2] ਹਜ਼ਾਰਾਂ।
ਚਾਤ੍ਰਿਕ ਜਾਨ ਗਵਾ ਨਾ ਕਰ ਕਰ ਗਿਰੀਆ ਜ਼ਾਰੀ।
ਸੁਖ ਵਿਚ ਉਮਰ ਗੁਜਾਰ ਨਾਰ ਬਣ ਮੇਰੀ ਪਯਾਰੀ।

ਕੁੰਡਲੀਆ ਰਾਣੀ ਦਮਯੰਤੀ ਦਾ

ਜਾਨ ਬਚਾਈ ਆਣ ਕੇ ਕੀਤਾ ਪਰਉਪਕਾਰ।
ਪਹਿਲੇ ਭਲਾ ਕਮਾਇ ਕੇ ਫੇਰ ਨਾ ਬੁਰਾ ਚਿਤਾਰ।
ਫੇਰ ਨਾ ਬੁਰਾ ਚਿਤਾਰ ਪ੍ਰਾਣ-ਰੱਖਕ ਤੂੰ ਮੇਰਾ।
ਮੈਨੂੰ ਲਾਜ਼ਮ ਵਾਂਗ ਪਿਤਾ ਦੇ ਆਦਰ ਤੇਰਾ।
ਚਾਤ੍ਰਿਕ ਭੌਜਲ[3] ਵਿਚ ਹੋਇਓਂ ਜਦ ਆਣ ਸਹਾਈ।
ਤੂੰ ਪਰਮੇਸ਼ਵਰ ਰੂਪ ਪਿਤਾ ਬਣ ਜਾਨ ਬਚਾਈ।

ਕੁੰਡਲੀਆ ਸ਼ਿਕਾਰੀ ਦਾ

ਚੰਦਰ ਬਦਨੀ[4] ਸੁੰਦਰੀ, ਮ੍ਰਿਗ ਨੈਨੀ, ਪਿਕ ਬੈਨ[5]।
ਤੂੰ ਹੈਂ ਮੇਰੀ ਇਸਤ੍ਰੀ, ਨਾ ਬੇਟੀ ਨਾ ਭੈਣ।
ਨਾ ਬੇਟੀ ਨਾ ਭੈਣ ਨਾ ਮੋੜੀਂ ਮੇਰਾ ਕਹਿਣਾ।
ਇਸ ਬਿਪਤਾ ਨੂੰ ਤਯਾਗ ਪਹਿਨ ਚਲ ਕਪੜਾ ਗਹਿਣਾ।
ਚਾਤ੍ਰਿਕ ਐ ਦਿਲਦਾਰ ਪਿਆਰੀ ਚੰਪਕ-ਰਦਨੀ[6]।
ਨਾ ਕਰ ਇਹ ਇਨਕਾਰ ਸੁੰਦਰੀ ਚੰਦਰ-ਬਦਨੀ।

1. ਸੱਪ ਦੀ ਖੁੱਡ। 2. ਸੁੱਖ ਆਰਾਮ। 3. ਮੁਸੀਬਤ। 4. ਚੰਦ ਵਾਂਗ ਖੂਬਸੂਰਤ। 5. ਕੋਇਲ ਵਰਗੇ ਬੋਲਾਂ ਵਾਲੀ। 6. ਚੰਬੇ ਦੀਆਂ ਕਲੀਆਂ ਵਰਗੇ ਦੰਦਾਂ ਵਾਲੀ।

ਕੁੰਡਲੀਆ ਰਾਣੀ ਦਮਯੰਤੀ ਦਾ

ਰਾਜਾ ਨਲ ਮੇਰਾ ਪਤੀ, ਮੈਂ ਉਸਦੀ ਪਾਖਾਕ[1]।
ਕੌਣ ਹੋਵੇਂ ਤੂੰ ਪਾਪੀਆ, ਬੋਲੇਂ ਐਸੇ ਵਾਕ।
ਬੋਲੇਂ ਐਸੇ ਵਾਕ, ਸ਼ਰਮ ਨਾ ਦਿਲ ਵਿਚ ਖਾਵੇਂ ?
ਪਹਿਲੇ ਜਾਨ ਬਚਾਇ ਫੇਰ ਹੁਣ ਧਰਮ ਭੁਲਾਵੇਂ।
ਚਾਤ੍ਰਿਕ ਆਖਾਂ ਫੇਰ ਅਜ ਭੀ ਕੁਲ ਤੇ ਆ ਜਾ।
ਦੁਨੀਆਂ ਪਿਤਾ, ਭਰਾ, ਪਤੀ ਮੇਰਾ ਨਲ ਰਾਜਾ।

ਕੁੰਡਲੀਆ ਸ਼ਿਕਾਰੀ ਦਾ

ਨਲ ਰਾਜਾ ਕੰਗਾਲ ਹੋ ਬਨ ਵਿਚ ਗਿਆ ਤਿਆਗ।
ਐਸੇ ਹੋਛੇ ਮਰਦ ਦੇ ਮਗਰ ਰਹੀ ਕਿਉਂ ਲਾਗ ?
ਮਗਰ ਰਹੀ ਕਿਉਂ ਲਾਗ ਛੋੜ ਲੜ ਓਸ ਪਤੀ ਦਾ।
ਸਾਥ ਨਿਭਾਯਾ ਨਾਹਿ ਜਿਨੇ ਤੁਧ ਨਾਰ ਸਤੀ ਦਾ।
ਚਾਤ੍ਰਿਕ ਦੁਖ ਭੁਲਾ ਕੋਈ ਦਿਨ ਸੁਖ ਹੰਡਾ ਜਾ।
ਕੀ ਜਾਣੇ ਕਿਸ ਤਰਫ ਗਿਆ ਹੈ ਮਰ ਨਲ ਰਾਜਾ।

ਕੁੰਡਲੀਆ ਰਾਣੀ ਦਮਯੰਤੀ ਦਾ

ਪਾਪੀ ਵੇ ਅਪਰਾਧੀਆ ਕਰ ਲੈ ਬੰਦ ਜਬਾਨ।
ਸੁਣ ਸੁਣ ਜਾਂ ਸਹਾਰਦੀ ਸ਼ਰਮ ਨਾ ਕਰੇਂ ਨਾਦਾਨ[2]।
ਸ਼ਰਮ ਨਾ ਕਰੇਂ ਨਦਾਨ ਜਾਨ ਦੀ ਸੁਖ ਨਾ ਚਾਹੇਂ।
ਮੈਂ ਕਰ ਰਹੀ ਲਿਹਾਜ ਸਗੋਂ ਤੂੰ ਪੱਥਰ ਡਾਹੇਂ।
ਚਾਤ੍ਰਿਕ ਉਸ ਦਰਗਾਹ ਬਣੇਂ ਕਿਉਂ ਜਾਇ ਸਰਾਪੀ।
ਕਰਦੇ ਦੂਰ ਖਿਆਲ ਦਿਲੋਂ ਹੈ ਮੂਰਖ ਪਾਪੀ।

ਕੁੰਡਲੀਆ ਕਵੀ ਦਾ

ਫਾਂਧੀ ਮੂਰਖ ਨਿਰਦਈ ਹੋਛੀ ਜਾਤ ਗਵਾਰ।
ਕੀ ਜਾਣੇ ਇਸ ਬਾਤ ਨੂੰ ਏਹ ਸਤਵੰਤੀ[3] ਨਾਰ।
ਏਹ ਸਤਵੰਤੀ ਨਾਰ ਪੀਆ ਬਿਨ ਜਿਸ ਦੇ ਭਾਣੇ।
ਪੈਰਾਂ ਦੀ ਪਾਖਾਕ ਜਗਤ ਦੇ ਰਾਜੇ ਰਾਣੇ।

---

1. ਪੈਰਾਂ ਦੀ ਧੂੜ। 2. ਅਣਜਾਣ। 3. ਸਤੀ, ਸਤ ਧਾਰਨ ਵਾਲੀ।

ਚਾਤ੍ਰਿਕ ਪੀਆ ਬਗੈਰ ਫਿਰੇ ਬਨ ਵਿਚ ਕੁਰਲਾਂਦੀ।
ਜਾਣੇ ਇਹ ਨਿਰਦਈ ਸਾਰ ਕੀ ਮੂਰਖ ਫਾਂਧੀ।
ਦੁਖੀਆ ਵੇਖ ਪਸੀਜਣਾ ਜਾਣੇ ਕੋਈ ਅਸੀਲ[1]।
ਕੀ ਜਾਣੇ ਏਹ ਸੰਗ ਦਿਲ ਮੂੜ੍ਹ ਸ਼ਿਕਾਰੀ ਭੀਲ।
ਮੂੜ੍ਹ ਸ਼ਿਕਾਰੀ ਭੀਲ, ਹਮੇਸ਼ ਕਾਰ ਜਿਨ੍ਹਾਂ ਦੀ।
ਖ਼ੂਨ ਗੁਜ਼ਾਰਨ ਰੋਜ਼, ਜਾਨ ਕੁਝ ਤਰਸ ਨਾ ਖਾਂਦੀ।
ਚਾਤ੍ਰਿਕ ਦੁਖੀਆ ਵੇਖ ਸਗੋਂ ਏਹ ਹੋਵੇ ਸੁਖੀਆ।
ਦੁਖੀਏ ਸੰਦੀ ਸਾਰ ਸਮਝਦਾ ਕੋਈ ਦੁਖੀਆ।
ਅਬਲਾ ਨਾਰੀ ਦੁਖ ਭਰੀ ਲਗਾ ਹੋਰ ਦੁਖਾਨ।
ਸੁਤੀ ਮੌਤ ਜਗਾਨ ਦਾ ਹੀਲਾ ਕਰੇ ਨਦਾਨ।
ਹੀਲਾ ਕਰੇ ਨਦਾਨ ਪਾਸ ਆ ਫੜਦਾ ਵੀਣੀ।
ਮੂੰਹੋਂ ਕਰੇ ਪਿਆਰ ਚਾਹੁੰਦਾ ਇਜ਼ਤ ਛੀਣੀ[2]।
ਚਾਤ੍ਰਿਕ ਕਹੇ ਉਚਾਰ, ਨਾਲ ਤੁਰ ਚੱਲ ਪਿਆਰੀ।
ਮੂਰਖ ਪਿਆ ਖਿਆਲ ਜਾਣ ਕੇ ਅਬਲਾ ਨਾਰੀ।

ਕੁੰਡਲੀਆ ਰਾਣੀ ਦਮਯੰਤੀ ਦਾ

ਰਾਣੀ ਝਟਕਾ ਮਾਰ ਕੇ ਵੀਣੀ ਲਈ ਛੁਡਾ।
ਹਟ ਜਾ ਪਿਛੇ ਪਾਪੀਆ ਮੈਨੂੰ ਹਥ ਨਾ ਲਾ।
ਮੈਨੂੰ ਹਥ ਨਾ ਲਾ ਦੁਸ਼ਟ ਕੀ ਮੈਨੂੰ ਜਾਤੋ ?
ਸ਼ੋਹਦੀ[3] ਕੋਈ ਕੰਗਾਲ ਦੁਖੀ ਨੂੰ ਵੇਖ ਪਛਾਤੋ ?
ਚਾਤ੍ਰਿਕ ਹੋ ਜਾ ਦੂਰ ਚਾਹੇਂ ਜੇ ਕਰ ਜਿੰਦਗਾਨੀ।
ਵੀਣੀ ਲਈ ਛੁਡਾ ਮਾਰ ਕੇ ਝਟਕਾ ਰਾਣੀ।

ਕੁੰਡਲੀਆ ਸ਼ਿਕਾਰੀ ਦਾ

ਕਿਉਂ ਧਤਕਾਰੇਂ[4] ਪਿਆਰੀਏ ਬਾਰ ਬਾਰ ਝੁੰਝਲਾ[5]।
ਜੋ ਹੋਣਾ ਸੋ ਹੋ ਰਿਹਾ ਨਾ ਕਰ ਪਈ ਟਲਾਂ।
ਨਾ ਕਰ ਪਈ ਟਲਾਂ ਛੱਡ ਨਾ ਜਾਵਾਂ ਤੈਨੂੰ।
ਮੈਂ ਭਰਤਾ ਤੂੰ ਨਾਰ ਪਈ ਕਿਉਂ ਝਿੜਕੇਂ ਮੈਨੂੰ ?
ਚਾਤ੍ਰਿਕ ਇਸ ਬੇਹਾਲ ਅਜੇ ਨਾ ਹਠ ਨੂੰ ਹਾਰੇਂ।
ਬਾਰ ਬਾਰ ਝੁੰਝਲਾ ਪਿਆਰੀ ਕਿਉਂ ਧਤਕਾਰੇਂ ?

1. ਨੇਕ, ਚੰਗਾ। 2. ਖੋਹਣੀ। 3. ਨਿਮਾਣੀ, ਗਰੀਬਣੀ। 4. ਦੁਰਕਾਰਦੀ ਹੈ। 5. ਘਬਰਾ ਕੇ, ਹਲੂਣ ਕੇ।

ਕੁੰਡਲੀਆ ਕਵੀ ਦਾ

ਨੀਂਦ ਜਲਾਵੇ ਜਿੰਦ ਨੂੰ ਮੁੜ ਮੁੜ ਆਖੇ ਨਾਰ।
ਪੇਸ਼ ਮੁਸੀਬਤ ਪੈ ਗਈ ਕੋਈ ਨਾ ਸੁਣੇ ਪੁਕਾਰ।
ਕੋਈ ਨਾ ਸੁਣੇ ਪੁਕਾਰ ਕੌਣ ਹੁਣ ਆਣ ਛੁਡਾਵੇ।
ਜਾਲਮ ਏਹ ਬੇਦੀਨ ਧਰਮ ਬਿਨ ਹੁੰਦਾ ਜਾਵੇ।
ਚਾਤ੍ਰਿਕ ਦੁਖ ਵਿਚ ਦੁਖ ਪ੍ਰਾਣ ਕਰ ਦਿਤੇ ਫਾਵੇ।
ਨਾਰੀ ਨਾਰੀ ਆਖ ਫੰਧਕੀ ਨੀਚ ਜਲਾਵੇ।
ਜਿਸਦਾ ਕੋਈ ਹੈ ਨਹੀਂ, ਉਸਦਾ ਉਹ ਕਰਤਾਰ।
ਤੀਨ ਲੋਕ[1] ਚੌਦਾਂ ਭਵਨ[2] ਪਲ ਪਲ ਸੁਣੇ ਪੁਕਾਰ।
ਪਲ ਪਲ ਸੁਣੇ ਪੁਕਾਰ ਬਹੁੜ ਕੇ ਆਨ ਬਚਾਵੇ।
ਦ੍ਰੁਪਤ ਸੁਤਾ[3] ਪ੍ਰਹਿਲਾਦ[4] ਗਜ[5] ਮ੍ਰਿਗੀ[6] ਬਿਪਤ ਹਟਾਵੇ।
ਚਾਤ੍ਰਿਕ ਗਿਣਗਿਣ ਨਾਮ ਸੁਣਾਵਾਂ ਮੈਂ ਕਿਸ ਕਿਸ ਦਾ।
ਤਿਸ ਦਾ ਉਹ ਕਰਤਾਰ ਰਿਹਾ ਨਾ ਕੋਈ ਜਿਸਦਾ।

ਕੁੰਡਲੀਆ ਰਾਣੀ ਦਮਯੰਤੀ ਦੀ ਪ੍ਰਾਰਥਨਾ ਈਸ਼ਵਰ ਅਗੇ

ਮਨ ਕੇ ਭੀਤਰ ਪ੍ਰਭੂ ਕੋ ਹਾਥ ਜੋੜ ਸਿਰ ਨਯਾਇ।
ਆਖੇ ਕਰ ਕਰ ਬੇਨਤੀ ਹੇ ਪ੍ਰਭੂ ਕਰੋ ਸਹਾਇ।
ਹੇ ਪ੍ਰਭੂ ਕਰੋ ਸਹਾਇ ਨੀਚ ਪਾਪੀ ਨੇ ਘੇਰੀ।
ਪੀਆ ਨਾ ਮੇਰੇ ਪਾਸ ਸ਼ਰਨ ਚਲ ਆਈ ਤੇਰੀ।
ਚਾਤ੍ਰਿਕ ਕਾਟਨਹਾਰ ਕਸ਼ਟ ਦੀਨਨ ਦੁਖੀਅਨ ਕੇ।
ਬੇਗ[7] ਬਚਾਓ ਆਣ ਧਿਆਵੇ ਭੀਤਰ ਮਨ ਕੇ।

ਰਾਣੀ ਦਮਯੰਤੀ ਦੀ ਪ੍ਰਾਰਥਨਾ ਈਸ਼ਵਰ ਨੂੰ ਸਾਮਰਤਖ ਰਖਕੇ

ਸੁਣੀ ਕੂਕ ਪਰਮਾਤਮਾ ਸਚਿਆ ਵੇ, ਤੇਰੀ ਸੁਣਦੀ ਰੋਜ਼ ਵਡਿਆਈ ਰੱਬਾ।
ਜਿਥੇ ਭੀੜ ਹੋਵੇ ਤੇਰੇ ਬੰਦਿਆਂ ਨੂੰ, ਹੁੰਦਾ ਰਹਿਆ ਤੂੰ ਆਣ ਸਹਾਈ ਰੱਬਾ।
ਜਿਥੇ ਤੰਗ ਹੋਯਾ ਤੇਰਾ ਭਗਤ ਕੋਈ, ਆਪ ਦੌੜ ਕੇ ਮਦਦ ਪਹੁੰਚਾਈ ਰੱਬਾ।
ਜਦੋਂ ਦੈਂਤ ਪ੍ਰਹਿਰਾਦ ਨੂੰ ਤੰਗ ਕੀਤਾ, ਤਦੋਂ ਜਾਹਿਰਾ ਕਲਾ[8] ਵਿਖਾਈ ਰੱਬਾ।
ਗਜ-ਗਰਾਹ ਹਥੋਂ ਹੋਯਾ ਤੰਗ ਆ ਕੇ, ਪੈਰੀਂ ਦੌੜ ਕੇ ਜਾਨ ਬਚਾਈ ਰੱਬਾ।
ਹਰਨੀ[9] ਫੰਧਕੀ ਘੇਰ ਚਹੁੰ ਪਾਸਿਆਂ ਤੋਂ, ਜਾਲ ਤਾਣ ਕੇ ਅਗ ਲਗਾਈ ਰੱਬਾ।

---

1. ਤਿੰਨ ਲੋਕ, ਅਕਾਸ਼, ਪ੍ਰਿਥਵੀ ਤੇ ਪਾਤਾਲ। 2. ਸਤ ਅਕਾਸ਼ ਤੇ ਸਤ ਪਤਾਲ, ਅਥਵਾ ਚੌਦਾਂ ਲੋਕ।
3. ਦਰੋਪਦੀ ਜਿਸ ਦੀ ਲਾਜ ਸ੍ਰੀ ਕ੍ਰਿਸ਼ਨ ਜੀ ਨੇ ਰਖੀ ਸੀ।
4. ਹਰਨਾਕਸ਼ ਦਾ ਪੁਤਰ ਜਿਸ ਨੂੰ ਤਤੇ ਥੰਮ ਨਾਲ ਲਗਣ ਤੇ ਵੀ ਮੌਤ ਨਾ ਆਈ।
5. ਹਾਥੀ ਜਿਸ ਨੂੰ ਤੰਦੂਏ ਨੇ ਫੜ ਲਿਆ ਸੀ ਤੇ ਉਸ ਰਬ ਨੂੰ ਯਾਦ ਕੀਤਾ ਤਾਂ ਬਚਿਆ।
6. ਇਕ ਹਿਰਨੀ ਜੋ ਚਾਰੇ ਪਾਸੇ ਅਗ, ਸਪ, ਜਾਲ ਆਦਿ ਵਿਚ ਫਸੀ ਭੀ ਬਚ ਗਈ ਸੀ। 7. ਛੇਤੀ।
8. ਪ੍ਰਤਖ ਸ਼ਕਤੀ। 9. ਪਿਛਲੇ ਸਫੇ ਵਿਚ ਇਸੇ ਨੂੰ ਮ੍ਰਿਗੀ ਕਿਹਾ ਹੈ।

ਕੋਈ ਰਾਹ ਨਾ ਰਿਹਾ ਨਿਮਾਨੜੀ ਨੂੰ, ਤਦੋਂ ਤੁਧ ਨੇ ਆਣ ਛੁਡਾਈ ਰੱਬਾ।
ਹੋਰ ਲੋਕ ਅਨੇਕ ਜਹਾਨ ਅੰਦਰ, ਤੂੰ ਹੈਂ ਬਹੁੜ ਕੇ ਮਦਦ ਘਲਾਈ ਰੱਬਾ।
ਅਜੇ ਹੁਣੇ ਸਾਂ ਆਪ ਮੈਂ ਦੁਖ ਅੰਦਰ, ਤੂੰ ਹੈਂ ਬਹੁੜਕੇ ਮੰਦਦ ਘਲਾਈ ਰੱਬਾ।
ਮਸਾਂ ਛਿਕ ਮੁਸੀਬਤ ਤੋਂ ਨਿਕਲੀ ਸਾਂ, ਦੂਜੀ ਹੋਰ ਮੇਰੇ ਸਿਰ ਤੇ ਆਈ ਰੱਬਾ।
ਜਿਸ ਨੇ ਜਾਨ ਬਚਾਈ ਸੀ ਆਨ ਕਰਕੇ, ਮੇਰੇ ਪੇਸ਼ ਪੈ ਗਿਆ ਸੌਦਾਈ ਰੱਬਾ।
ਏਹਨੂੰ ਆਪਣੇ ਆਪਂ ਦਾ ਸੁਖ ਦਿਸੇ, ਮੇਰੇ ਦੁਖ ਦੀ ਖਬਰ ਨਾ ਕਾਈ ਰੱਬਾ।
ਮੇਰੇ ਧਰਮ ਨੂੰ ਤੋੜਿਆ ਚਾਹੁੰਦਾ ਏ, ਇਸ ਬੇਧਰਮ ਨੇ ਸ਼ਰਮ ਉਡਾਈ ਰੱਬਾ।
ਮੈਂ ਬੇਵੱਸ ਦਾ ਵੱਸ ਨਾ ਕੁਝ ਚਲੇ, ਏਹ ਨਿਰਦਈ ਆਵੇ ਕਰ ਕਰ ਧਾਈ ਰੱਬਾ।
ਤੂੰ ਸਹਾਈ ਕਰ ਆਣ ਕੇ ਏਸ ਵੇਲੇ, ਏਹ ਨਾ ਛਡਦਾ ਹੈ ਨੀਚਤਾਈ ਰੱਬਾ।
ਚਾਤ੍ਰਿਕ ਬਹੁੜ ਥੰਮਾਂ ਵਿਚੋਂ ਆਣ ਕੇ ਤੇ, ਦੁਸ਼ਟ ਫੰਧਕੀ ਅੱਖ ਭਵਾਈ ਰੱਬਾ।

ਰਾਣੀ ਦਮਯੰਤੀ ਦਾ ਦੁਖੀ ਹੋ ਕੇ ਫੰਧਕੀ ਨੂੰ ਸਰਾਪ ਦੇਣਾ

ਸਾਰੀ ਪ੍ਰਿਥਵੀ ਦੇ ਵਿਚੋਂ ਟੋਲ ਲੱਭਾ, ਰਾਜਾ ਨਲ ਮੇਰਾ ਸਵਾਮੀ ਪਤੀ ਰੱਬਾ।
ਓਹ ਹੈ ਪਤੀ ਪਰਮਾਤ੍ਮਾ ਰੂਪ ਮੇਰਾ, ਤੇ ਮੈਂ ਓਸਦੀ ਇਸਤ੍ਰੀ ਸਤੀ ਰੱਬਾ।
ਜੇਕਰ ਓਸ ਤੋਂ ਛੁਟ ਜਹਾਨ ਅੰਦਰ, ਮੈਂ ਧਿਆਨ ਅੰਦਰ ਧਰਮੋਂ ਹਤੀ[1] ਰੱਬਾ।
ਖਵਾਬ ਵਿਚ ਭੀ ਭਾਵਨਾ ਪਤੀ ਬਾਝੋਂ, ਹੋਰ ਹੋਈ, ਤਾਂ ਕਰੀਂ ਨਾ ਗਤੀ ਰੱਬਾ।
ਐਪਰ ਧਰਮ ਜੇ ਰਿਹਾ ਸਬੂਤ ਮੇਰਾ, ਰਹੀ ਉਮਰ ਸਾਰੀ ਸੀਲਵਤੀ[2] ਰੱਬਾ।
ਤਾਂ ਉਸ ਸਤਿਆ ਨਾਲ ਵਿਖਾਲ ਕੌਤਕ, ਪਾਵੇ ਮੌਤ ਫਾਂਧੀ ਮੰਦਮਤੀ[3] ਰੱਬਾ।
ਖਾ ਕੇ ਗਸ਼ ਜ਼ਮੀਨ ਤੇ ਹੁਣੇ ਡਿਗੇ, ਲਗੇ ਮਰਦਿਆਂ ਫੇਰ ਨਾ ਰਤੀ ਰੱਬਾ।
ਚਾਤ੍ਰਿਕ ਬੁਰਾ ਨਾ ਮੰਗਦੀ ਕਦੇ ਇਸ ਦਾ ਐਪਰ ਦੁਖੀ ਹੋਈ ਇਸਤੋਂ ਅਤੀ ਰੱਬਾ।

ਸੱਪ ਦਾ ਫੰਧਕੀ ਨੂੰ ਡੰਗਣਾ ਤੇ ਉਸਦਾ ਤਤਕਾਲ ਹੀ ਮਰ ਜਾਣਾ

ਕਾਲ ਨਿਕਲਿਆ ਸਰਪ ਦਾ ਰੂਪ ਬਣਕੇ, ਆ ਕੇ ਫੰਧਕੀ ਦਾ ਪੈਰ ਡੰਗਿਆ ਏ।
ਲੱਗਾ ਡੰਗ ਧਾਇਆ ਅੰਗ ਅੰਗ ਅੰਦਰ, ਢੰਗਾ ਪਾਇ ਕੇ ਮੌਤ ਨੇ ਢੰਗਿਆ[4] ਏ।
ਡਿੱਗਾ ਜ਼ਿਮੀਂ ਤੇ ਸੜੇ ਦਰਖਤ ਵਾਂਗੂੰ, ਪਾਣੀ ਉਠ ਕੇ ਫੇਰ ਨਾ ਮੰਗਿਆ ਏ।
ਤੁਰਤ ਮਾਰ[5] ਨੇ ਮਾਰ ਮੁਰਦਾਰ ਕੀਤਾ, ਪਾਰ ਮੌਤ ਦੇ ਘਾਟ ਤੋਂ ਲੰਘਿਆ ਏ।
ਬਾਲਣ ਬਣ ਗਿਆ ਦੋਜ਼ਖੀ ਭੱਠਿਆਂ ਦਾ, ਧਰਮਰਾਇ ਨੇ ਦਾਰ[6] ਤੇ ਟੰਗਿਆ ਏ।
ਜਦੋਂ ਲੈਣ ਜਮਦੂਤ ਅਵਧੂਤ ਆਏ, ਮਾਰ ਬਰਛੀਆਂ ਜਿਸਮ ਉੜੰਗਿਆ ਏ।
ਏਹੋ ਹਾਲ ਹੋਸੀ ਅਸਾਂ ਬੰਦਿਆਂ ਦਾ, ਜਿਨ੍ਹਾਂ ਨਾਲ ਕਾਲਕ[7] ਦਾਮਨ ਰੰਗਿਆ ਏ।
ਚਾਤ੍ਰਿਕ ਸੂਰਖਰੂ ਜਾਇ ਦਰਗਾਹ ਅੰਦਰ, ਜੇਹੜਾ ਪਾਪ ਅਪਰਾਧ ਤੋਂ ਸੰਗਿਆ ਏ।

1. ਨਾਸ ਹੋਈ, ਖਿੜਕੀ। 2. ਜਤ ਸਤ ਵਾਲੀ ਨੇਕ। 3. ਘਟ ਸਮਝ ਵਾਲਾ। 4. ਕਾਬੂ ਕੀਤਾ। 5. ਸੱਪ। 6. ਸੂਲੀ, ਫਾਂਸੀ। 7. ਕਲੰਕ।

ਕਵੀਓ ਵਾਚ

ਧਰਮ ਪਾਲਿਆ ਜਿਨ੍ਹਾਂ ਸਤਵੰਤੀਆਂ ਨੇ, ਰਬਾ ਸਤਿਆ ਦੇ ਜ਼ਬਾਨ ਅੰਦਰ।
ਜੋ ਕੁਛ ਕਹਿਣ ਓਹ ਝੂਠ ਭੀ ਸਚ ਹੋਵੇ, ਬੇਇਮਕਾਨ ਭੀ ਹੋਇ ਇਮਕਾਨ[1] ਅੰਦਰ।
ਜੇਕਰ ਸਤਿਆ ਧਰਮ ਹੋਇ ਕਾਇਮ ਜੋ ਕੁਛ ਚਾਹਨਾ ਸੋ ਕਰਨ ਜਹਾਨ ਅੰਦਰ।
ਜਿਮੀਂ ਫਲਕ[2] ਦੀ ਚਾਲ ਨੂੰ ਰੋਕ ਸਕਨ, ਚਲਨ ਚੰਦ ਤੇ ਸੂਰ ਫੁਰਮਾਨ ਅੰਦਰ।
ਵਿਰਲੇ ਸਤਿਆਵਾਨ ਸੰਸਾਰ ਦੇ ਵਿਚ, ਕਿਤੇ ਆਂਵਦੇ ਨਜ਼ਰ ਇਨਸਾਨ ਅੰਦਰ।
ਲੱਖਾਂ ਦੁਖ ਸਹਾਰ ਕੇ ਰਹਿਣ ਕਾਇਮ, ਪਵੇ ਡੋਲ ਨਾ ਧਰਮ ਈਮਾਨ ਅੰਦਰ।
ਪਾਪੀ ਫੰਧਕੀ ਪਾਪ ਦਾ ਫਲ ਪਾਯਾ, ਪਿਆ ਤੌਕ[3] ਲਾਨਤ ਗਿਰੇਬਾਨ[4] ਅੰਦਰ।
ਚਾਤ੍ਰਿਕ ਰਖਿਆ ਧਰਮ ਨੂੰ ਹਥ ਦੇ ਕੇ, ਮੇਹਰ ਪਈ ਮਹਾਰਾਜ ਭਗਵਾਨ ਅੰਦਰ।

ਰਾਣੀ ਦਮਯੰਤੀ ਦਾ ਪਰਮਾਤਮਾ ਦੇ ਅਗੇ ਧੰਨਵਾਦ ਕਰਨਾ

ਰਾਣੀ ਰੱਬ ਦਾ ਸ਼ੁਕਰ ਬਚਾ ਆਂਦਾ, ਨਾਲ ਆਜਜ਼ੀ ਬੜੀ ਖੁਸ਼ਹਾਲ ਹੋਕੇ।
ਮਾਈ ਬਾਪ ਤੂੰ ਆਪ ਹੈਂ ਬੰਦਿਆਂ ਦਾ, ਸਾਰ ਰਖਦਾ ਦੀਨ ਦਿਆਲ ਹੋਕੇ।
ਏਨ੍ਹਾਂ ਭੌਜਲਾਂ ਤੋਂ ਜੀਕਰ ਰਖਿਆ ਈ, ਇਕ ਮੇਹਰ ਕਰ ਹੋਰ ਕ੍ਰਿਪਾਲ ਹੋਕੇ।
ਮੇਰਾ ਮਾਲ ਦੌਲਤ ਜਿੰਦ ਜਾਨ ਮੇਰੀ, ਜੀਕਰ ਰੁਸ ਤੁਰਿਆ ਬੇਖਿਆਲ ਹੋਕੇ।
ਲੁਟੀ ਗਈ ਮੈਂ ਜੰਗਲਾਂ ਵਿਚ ਕੱਲੀ, ਬਾਝ ਓਸ ਦੇ ਫਿਰਾਂ ਕੰਗਾਲ ਹੋਕੇ।
ਦੇਹ ਲਭਾ ਮੇਰਾ ਦਿਲਰੁਬਾ ਮੈਨੂੰ, ਫਿਰਾਂ ਇਸਤ੍ਰੀ, ਪਤੀ ਦੇ ਨਾਲ ਹੋਕੇ।
ਦੁਖ ਪਏ ਸਹਾਰ ਲਾਂ ਸਬਰ ਕਰਕੇ, ਘੜੀ ਘੜੀ ਜੋ ਲੰਘਦੀ ਸਾਲ ਹੋਕੇ।
ਓਹਦੇ ਨਾਲ ਹੋਯਾਂ ਹੌਲਾ ਜੀ ਹੋਵੇ, ਭਾਸਨ ਦੁਖ ਏਹ ਸੁਖ ਦੇ ਨਾਲ ਹੋਕੇ।
ਮੱਥਾ ਟੇਕਿਆ ਜਿਨ੍ਹਾਂ ਦਲੀਜ਼ ਉਤੇ, ਓਹ ਕੰਗਾਲ ਆਵਨ ਮਾਲਾਮਾਲ ਹੋਕੇ।
ਚਾਤ੍ਰਿਕ ਮੁਝ ਕਰੀਂ ਸਵਾਲ ਪੂਰਾ, ਰੱਖੀਂ ਮਾਨ ਮੇਰਾ ਬਿਰਦਪਾਲ ਹੋਕੇ।

ਰਾਣੀ ਦਮਯੰਤੀ ਦਾ ਸ਼ੇਰ ਦੇ ਬਨ ਵਿਚ ਪਹੁੰਚਣਾ

ਏਥੋਂ ਉਠ ਕੇ ਫੇਰ ਤਿਆਰ ਹੋਈ, ਪੀਆ ਆਪਦੇ ਦੀ ਕਰਨ ਭਾਲ ਭਾਈ।
ਵਾਜਾਂ ਮਾਰਦੀ ਫਿਰੇ ਚੋਫੇਰੜੇ ਹੀ, ਰੋਇ ਰੋਇ ਕੇ ਹੋਇ ਜਿਲਹਾਲ[5] ਭਾਈ।
ਆਵੇ ਨਜ਼ਰ ਨਾ ਕਿਤੋਂ ਅਵਾਜ਼ ਆਵੇ, ਨਾ ਪੈਗਾਮ ਜਵਾਬ ਸਵਾਲ ਭਾਈ।
ਭਾਲ ਕਰਦਿਆਂ, ਖਿਲੀ ਗੁਲਜ਼ਾਰ ਜਿਥੇ, ਪਹੁੰਚੀ ਆਣ ਸਬੱਬ ਦੇ ਨਾਲ ਭਾਈ।
ਰੰਗਾ ਰੰਗ ਦੇ ਮੇਵਿਆਂ ਨਾਲ ਲੱਦੇ, ਲਹਿ ਲਹਾਂਵਦੇ ਡਾਲੀਆਂ ਡਾਲ ਭਾਈ।
ਅੰਮ੍ਰਿਤ ਫਲ ਪੱਕੇ ਹੋਏ ਬੂਟਿਆਂ ਤੇ, ਫੁਲਾਂ ਨਾਲ ਹੋਏ ਲਾਲੋ ਲਾਲ ਭਾਈ।
ਲਗੀ ਭੁਖ ਸੀ ਕਈ ਜਮਾਨਿਆਂ ਤੋਂ, ਪਾਯਾ ਆਂਦਰਾਂ ਝਟ ਸੁਆਲ ਭਾਈ।
ਤੋੜ ਇਕ ਦੋ ਫਲ ਅਹਾਰ ਕੀਤਾ, ਕੀਤਾ ਖਾਇ ਕੇ ਸ਼ੁਕਰ ਅਕਾਲ ਭਾਈ।

---

1. ਸੰਭਵ। 2. ਅਸਮਾਨ। 3. ਲੋਹੇ ਦਾ ਕੜਾ। 4. ਗਲ੍ਹਾ, ਗਰਦਨ। 5. ਬੁਰੇ ਹਾਲ।

ਅਗੇ ਵਧਨ ਨੂੰ ਦੁਖ ਉਠਾਨ ਕਾਰਨ, ਹਿੰਮਤ ਹੋਈ ਸੀ ਰਤੀ ਰਵਾਲ ਭਾਈ।
ਚਾਤ੍ਰਿਕ ਦੁਖ ਉਤੇ ਦੁਖ ਹੋਰ ਆਯਾ, ਕੀਤਾ ਨਾਰ ਨੂੰ ਆਣ ਨਿਢਾਲ ਭਾਈ।
ਏਸ ਫੂਲੇ ਫਲੇ ਗੁਲਿਸਤਾਲ[1] ਉਤੇ, ਬੱਬਰ ਸ਼ੇਰ ਜ਼ਾਲਮ ਹੁਕਮਰਾਨ ਆਹਾ।
ਜਿਸਦੇ ਸ੍ਹਾਮਣੇ ਕੋਈ ਨਾ ਠੈਹਰ ਸੱਕੇ, ਗਰਜ ਨਾਲ ਸੁਕਾਂਵਦਾ ਜਾਨ ਆਹਾ।
ਏਸੇ ਵਾਸਤੇ ਸਾਰਿਆਂ ਜੰਗਲਾਂ ਥੀਂ, ਬੀਆਬਾਨ ਏਹੋ ਅਵਾਦਾਨ ਆਹਾ।
ਘਾਸ ਨਾਲ ਸਬਜ਼ਾਜ਼ਾਰ[2] ਚਾਰ ਪਾਸੀਂ, ਕੋਈ ਪਸ਼ੂ ਭੀ ਚਰੇ ਨਾ ਆਨ ਆਹਾ।
ਬੇਨਸੀਬ ਔਰਤ ਕੀ ਮਲੂਮ ਇਸਨੂੰ, ਮਾਲਕ ਚਮਨ ਦਾ ਦੁਸ਼ਮਨੇ ਜਾਨ ਆਹਾ।
ਅੰਨ੍ਹੇਵਾਹ ਫਿਰਦੀ ਵਿਚ ਜੰਗਲਾਂ ਦੇ, ਬਾਝ ਪੀਆ ਨਾ ਹੋਰ ਧਿਆਨ ਆਹਾ।
ਖਤਰਾ ਜਾਨ ਹਰਾਸ ਦਾ ਦੁਸ਼ਮਨਾਂ ਦਾ, ਪੀਆ ਪੀਆ ਹੀ ਵਿਰਦ[3] ਜਬਾਨ ਆਹਾ।
ਉਹੋ ਹੋਵੇਗਾ ਆਣ ਸਹਾਈ ਚਾਤ੍ਰਿਕ, ਜੇਹੜਾ ਸਦਾ ਤੋਂ ਹੀ ਮੇਹਰਬਾਨ ਆਹਾ।

ਬੱਬਰ ਸ਼ੇਰ ਦਾ ਰਾਣੀ ਦਮਯੰਤੀ ਵਲ ਆਉਣਾ

ਆਦਮਜ਼ਾਦ ਦੀ ਪਈ ਅਵਾਜ਼ ਕੰਨੀ, ਬੱਬਰ ਸ਼ੇਰ ਭਬਕਾਰ ਕੇ ਆਇਆ ਏ।
ਤਲਬਗਾਰ ਬੈਠਾ ਕਈਆਂ ਮੁਦਤਾਂ ਦਾ, ਏਹ ਸ਼ਿਕਾਰ ਕਰਤਾਰ ਲਭਾਇਆ ਏ।
ਗਈ ਜਾਨ ਜਾਂ ਪਈ ਅਵਾਜ ਕੰਨੀਂ, ਰਾਣੀ ਆਪਣਾ ਆਪ ਭੁਲਾਇਆ ਏ।
ਜੰਮੀ ਰਤ ਸਰੀਰ ਦੀ ਬਰਫ ਵਾਂਗੂੰ, ਸਾਹ ਸੁਕਿਆ ਰੰਗ ਵਟਾਇਆ ਏ।
ਅੱਖਾਂ ਪੱਥਰਾਂ ਵਾਂਗ ਪਥਰਾ ਗਈਆਂ, ਜ਼ਬਾਂ[4] ਬੋਲਣਾ ਬੰਦ ਕਰਾਇਆ ਏ।
ਤੋਤੇ ਹੱਥਾਂ ਦੇ ਉਡ ਗਏ ਵੇਖ ਕੇ ਤੇ, ਲਬਾਂ[5] ਖੁਸ਼ਕ, ਸਰੀਰ ਸੁਕਾਇਆ ਏ।
ਐਪਰ ਦਿਲ ਦੀ ਹੋਈ ਹਵਾ ਉਚੀ, ਸਗੋਂ ਧੜਕਦਾ ਦੂਣ ਸਵਾਇਆ ਏ।
ਖੂੰਨੀ ਸ਼ੇਰ ਨੇ ਆਣ ਕੇ ਵਾਰ ਕੀਤਾ, ਐਪਰ ਵਧੀ[6] ਨੇ ਪਰੇ ਹਟਾਇਆ ਏ।
ਕਾਹਨੂੰ ਜਾਲਮਾਂ ਜਾਨ ਮੁਕਾਨ ਲਗੋਂ, ਅਜੇ ਰੱਬ ਨਾ ਅੰਨ ਮੁਕਾਇਆ ਏ।
ਜੇਕਰ ਦੁਖ ਦੀ ਸੁਣੇਂਗਾ ਗਲ ਬਹਿਕੇ, ਜੀਕਰ ਏਸ ਨੇ ਦੁਖ ਉਠਾਇਆ ਏ।
ਆਪ ਸ਼ਰਮ ਆਸੀ ਤੈਨੂੰ ਖਾਣ ਵਲੋਂ, ਕਦੇ ਦੁਖੀ ਨਾ ਕਿਸੇ ਦੁਖਾਇਆ ਏ।
ਚਾਤ੍ਰਿਕ ਝਿੜਕ ਕੇ ਵਧੀ ਨੇ ਸ਼ੇਰ ਤਾਈਂ, ਗੱਲਾਂ ਸੁਣ ਨੂੰ ਖਲਾ ਕਰਾਇਆ ਏ।

ਸ਼ੇਰ ਦੇ ਪਾਸ ਵਿਰਲਾਪ ਕਰਨਾ ਰਾਣੀ ਦਮਯੰਤੀ ਦਾ

ਆ ਵੇ ਡੱਬ-ਖੜੱਬਿਆ ਛੈਲ ਚੰਦਾ, ਮੇਰੇ ਕਪੜੇ ਦੇ ਰੰਗ ਵਾਲਿਆ ਵੇ।
ਅੱਖਾਂ ਲਾਲ ਬਿਕਰਾਲ[7] ਸਰੂਪ ਕਰਕੇ ਕਾਹਨੂੰ ਨਾਰ ਉਤੇ ਹੱਕ ਚਾ ਲਿਆ ਵੇ।
ਮੇਰਾ ਖੂਨ ਸਰੀਰ ਦਾ ਸੁਕ ਘੱਤਾ, ਜਦੋਂ ਆਣ ਕੇ ਮੁਖ ਵਿਖਾਲਿਆ ਵੇ।
ਕੀ ਹਨੇਰ ਆਯਾ ਤੇਰੇ ਬਾਗ ਵਿਚੋਂ, ਇਕ ਤੋੜ ਕੇ ਫਲ ਜੇ ਖਾ ਲਿਆ ਵੇ।
ਲੋਕੀਂ ਖੂਹ, ਤਲਾਉ, ਛਬੀਲ ਲਾਂਦੇ, ਤੂੰ ਇਹ ਬਾਗ ਹੀ ਜਾਣ ਲਗਾ ਲਿਆ ਵੇ।

1. ਫੁਲਾਂ ਦਾ ਬਗੀਚਾ, ਫੁਲਵਾੜੀ, ਬਾਗ। 2. ਹਰਿਆਵਲ। 3. ਜਾਪ। 4. ਜੀਭ। 5. ਬੁਲ੍ਹ।
6. ਮੁਹਾਵਰਾ ਹੈ ਵਧੀ ਉਮਰ ਨੂੰ ਗਮ ਨਹੀਂ, ਘਟੀ ਦਾ ਦਾਰੂ ਨਹੀਂ। 7. ਡਰਾਉਣਾ।

ਚਾਤ੍ਰਿਕ ਜਾਨ ਨੁਕਸਾਨ ਨਾ ਕੁਝ ਕੀਤਾ, ਗੁਸਾ ਕਾਸਨੂੰ ਮੁਫਤ ਚੜ੍ਹਾ ਲਿਆ ਵੇ।
ਸੜ ਬਲ ਚੁਕੀਆਂ ਸਲ ਦੇ ਨਾਲ ਮੈਂ ਤਾਂ, ਸੜੀ ਹੋਈ ਨੂੰ ਆਯੋਂ ਖਾਣ ਕਾਹਨੂੰ।
ਜਿਗਰਾ ਜਿਗਰ ਦਾ ਚਿੜੀ ਦੇ ਬੋਟ ਜਿੰਨਾ, ਡਰੀ ਹੋਈ ਨੂੰ ਸਗੋਂ ਡਰਾਨ ਕਾਹਨੂੰ ?
ਨਿਰਾ ਹੱਡੀਆਂ ਦਾ ਬੁਕ ਦੇਹ ਮੇਰੀ, ਲਗੋਂ ਏਸ ਨੂੰ ਖੇਹ ਰੁਲਾਨ ਕਾਹਨੂੰ ?
ਤੇਰਾ ਪੇਟ ਕੀ ਭਰੇਗਾ ਨਾਲ ਮੇਰੇ, ਲਗੋਂ ਭੁਖ ਦਾ ਨਾਸ ਕਰਾਨ ਕਾਹਨੂੰ ?
ਮੈਂ ਤਾਂ ਪੀਆ ਨੂੰ ਢੂੰਡਦੀ ਆ ਨਿਕਲੀ, ਨਹੀਂ ਆਵਣਾ ਸੀ ਅਸਾਂ ਜਾਨ ਕਾਹਨੂੰ ?
ਸਾਨੂੰ ਲੱਗੜੀ ਸਿੱਕ ਪਿਆਰਿਆਂ ਦੀ, ਬਾਝ ਡਿਠਿਆਂ ਜਾਣ ਪ੍ਰਾਣ ਕਾਹਨੂੰ ?
ਤੇਰਾ ਕੁਝ ਨਾ ਸੌਰਨਾ ਖਾਧਿਆ ਭੀ, ਬਣਿਆ ਲਗੋਂ ਐਹਸਾਨ ਗਵਾਨ ਕਾਹਨੂੰ ?
ਚਾਤ੍ਰਿਕ ਵੈਹਨ ਦੇ ਵਾਹ ਮੁੜ ਜਾਹ ਪਿਛੇ, ਬੇਹਮਰਾਹ[1] ਸੰਦੀ ਕਢੇ ਜਾਨ ਕਾਹਨੂੰ ?

ਰਾਣੀ ਦਮਯੰਤੀ ਦਾ ਪਤੀ ਨੂੰ ਪੁਕਾਰਨਾ

ਆਵੀਂ ਪੀਆ ਪਿਆਰਿਆ ਝੱਬ ਏਧਰ, ਰੱਬ ਵਾਸਤੇ ਮੰਨ ਸਵਾਲ ਸਾਡਾ।
ਤੁਸਾਂ ਬਾਝ ਨਾ ਕਿਸੇ ਭੀ ਥਾਉਂ ਜੋਗੀ, ਆ ਕੇ ਵੇਖ ਕੀ ਹੋ ਰਿਹਾ ਹਾਲ ਸਾਡਾ।
ਸੱਚ ਮੁਚ ਹੈ ਬੁਰਾ ਹਵਾਲ ਅੜਿਆ, ਕੌਣ ਤੁਸਾਂ ਬਾਝੋਂ ਸਾਂਝੀਵਾਲ ਸਾਡਾ।
ਏਹ ਦਲੇਰ ਦਿਲ ਸ਼ੇਰ ਹੁਣ ਘੇਰ ਖਲਾ, ਪਿਆ ਵਾਹ ਬੇਤਰਸ ਦੇ ਨਾਲ ਸਾਡਾ।
ਪੰਜਾ ਅਜਲ[2] ਤੋਂ ਘਟ ਨਾ ਏਹ ਪੰਜਾ, ਏਥੋਂ ਨਿਕਲਣਾ ਬੜਾ ਮੁਹਾਲ ਸਾਡਾ।
ਜੇਕਰ ਤੁਸਾਂ ਦੀ ਨਾਲ ਹਮੈਤ ਹੁੰਦੀ, ਕਰਦਾ ਕੌਣ ਸੀ ਵਿੰਗੜਾ ਵਾਲਾ ਸਾਡਾ।
ਆਓ ਲਓ ਛੁਡਾ ਬੇਦੀਦ ਕੋਲੋਂ, ਨਹੀਂ ਕਰੇਗਾ ਹੁਣੇ ਏਹ ਕਾਲ ਸਾਡਾ।
ਚਾਤ੍ਰਿਕਾ ਤੁਸਾਂ ਤੋਂ ਪਰੇ ਹੈ ਕੌਣ ਬੇਲੀ, ਇਕੋ ਰਹਿ ਗਿਆ ਰੱਬ ਕ੍ਰਿਪਾਲ ਸਾਡਾ।

ਦੂਸਰੀ ਬੇਨਤੀ ਰਾਣੀ ਦਮਯੰਤੀ ਦੀ ਸ਼ੇਰ ਅੱਗੇ

ਵੇ ਸਰਦਾਰੂਆ ! ਸਾਰੜੀ ਬਾਰ ਦਿਆਂ[3], ਮਿਰਗਪਤੀ ਸਰਦਾਰ ਤੂੰ ਸਾਰਿਆਂ ਦਾ।
ਤੇਰੇ ਰਾਜ ਦੇ ਵਿਚ ਨਾ ਜੁਲਮ ਹੋਵੇ, ਇਕ ਆਖਿਆ ਮੰਨ ਨਿਕਾਰਿਆਂ ਦਾ।
ਇਕ ਜਾਨ ਬਖਸ਼ੀਂ ਲੱਖਾਂ ਰੱਬ ਬਖਸ਼ੇ, ਬੇਗੁਨਾਹ ਗੁਨਾਹੀਆਂ ਭਾਰਿਆਂ ਦਾ।
ਤੀਵੀਂ ਜ਼ਾਤ ਤੇ ਕਾਸ ਦੀ ਕੈਹਰਵਾਨੀ, ਕਰੀਂ ਕੰਮ ਨਾ ਏਹ ਹੈਂਸਿਆਰਿਆਂ ਦਾ।
ਲੰਘ ਜਾਣ ਦੇ ਆਪਣੀ ਜੂਹ ਵਿਚੋਂ, ਜਾ ਕੇ ਵੇਖੀਏ ਮੁਖ ਪਿਆਰਿਆਂ ਦਾ।
ਚਾਤ੍ਰਿਕ ਜੀਉ ਕੇ ਜ਼ਰਾ ਪਰਤਾ ਲਈਏ, ਸੱਚ ਝੂਠ ਦਿਲਦਾਰ[3] ਦੇ ਲਾਰਿਆ ਦਾ।

ਤਰਸ[4] ਖਾ ਕੇ ਸ਼ੇਰ ਦਾ ਰਾਣੀ ਦਮਯੰਤੀ ਨੂੰ ਛਡ ਜਾਣਾ

ਕਿਸੇ ਦੁਖੀ ਦੀ ਸ਼ਕਲ ਨੂੰ ਤਾੜ ਜਾਣਾ, ਸਾਦਾ[5] ਪਸ਼ੂ ਭੀ ਏਸ ਦਾ ਰਖਦੇ ਨੇ।
ਬੱਬਰ ਸ਼ੇਰ ਜੈਸੇ ਬੇਮੁਹਾਰ ਜ਼ਾਲਮ, ਹਾਲ ਸਮਝ ਜਾਂਦੇ ਨਾਲ ਅੱਖ ਦੇ ਨੇ।

1. ਸਾਥ ਤੋਂ ਬਿਨਾਂ। 2. ਅਜ਼ਲ ਦਾ ਪੰਜਾ ਅਰਥਾਤ ਮੌਤ ਦਾ ਸਮਾਂ। 3. ਸਾਰੇ ਜੰਗਲ ਦਿਆ। 4. ਪਿਆਰਾ।
4. ਇਹ ਵਿਚਾਰ ਭੀ ਪ੍ਰਚਲਤ ਹੈ ਕਿ ਸ਼ੇਰ ਇਸਤ੍ਰੀ ਉਤੇ ਵਾਰ ਨਹੀਂ ਕਰਦਾ, ਜਿਵੇਂ ਇਕ ਕਵੀ ਨੇ ਲਿਖਿਆ ਹੈ 'ਨਾਰੀ ਦੀ ਲਜ ਸ਼ੀਂਹ ਪੇਂਦੇ'। 5. ਸੁਭਾਅ, ਅਕਲ।

ਜਦੋਂ ਦੀਨ ਹੋ ਕੇ ਕੋਈ ਸ਼ਰਨ ਆਵੇ, ਕਰਨ ਰੱਖਿਆ ਮੂਲ ਨਾ ਭੱਖਦੇ[1] ਨੇ।
ਚਾਤ੍ਰਿਕ ਨਾਰ ਜਦ ਆਜਜ਼ੀ ਨਾਲ ਬੋਲੀ, ਬੋਲੀ ਸ਼ੇਰ ਸਾਹਿਬ ਭੀ ਪਰਖਦੇ ਨੇ।
ਆਯਾ ਤਰਸ ਨਿਮਾਨੜੀ ਜਿੰਦ ਉਤੇ, ਪੁਠੇ ਪੈਰ ਹੀ ਪਿਛ੍ਹਾਂ ਰਵਾਨ ਹੋਯਾ।
ਗੁੱਸਾਂ ਦੂਰ ਕਰਕੇ ਗਰਦਨ ਸੁਟ ਲੀਤੀ, ਨੀਵੀਂ ਪੂਛ ਦਾ ਜਾਹਰ ਨਿਸ਼ਾਨ ਹੋਯਾ।
ਸੂਲੀ ਆਈ ਸੀ ਸੂਲ ਭਗਵਾਨ ਕੀਤੀ, ਨਵਾਂ ਜਨਮ ਮੁੜਕੇ ਗੋਯਾ[2] ਆਨ ਹੋਯਾ।
ਸੜਦੀ ਆਵ੍ਹੀਓਂ ਬਚੀ ਬਲੂਗੜੀ ਏਹ, ਕਾਰਸਾਜ਼[4] ਸੱਚਾ ਮੇਹਰਬਾਨ ਹੋਯਾ।
ਓਧਰ ਸ਼ੇਰ ਮੁੜਿਆ, ਏਧਰ ਪੈਰ ਤੁਰਿਆ, ਸ਼ੁਰੂ ਫੇਰ ਓ ਆਹੋ ਫਗਾਨ[4] ਹੋਯਾ।
ਚਾਤ੍ਰਿਕ ਚਲਦਿਆਂ ਚਲਦਿਆਂ ਵਿਚ ਜੰਗਲ, ਗੁਜ਼ਰ[5] ਸਾਧੂਆਂ ਭਰੇ ਅਸਥਾਨ ਹੋਯਾ।

ਤਪੋਬਨ ਵਿਚ ਪਹੁੰਚਣਾ ਰਾਣੀ ਦਮਯੰਤੀ ਦਾ

ਤਪੋ ਬਨ ਧਰਤੀ ਪੂਰੇ ਭਾਂਡਿਆਂ ਦੀ, ਠੰਢੀ ਠਾਰ ਬਹਾਰ ਗੁਲਜ਼ਾਰ ਵਾਲੀ।
ਅੱਲਾ ਵਾਲਿਆਂ ਮੌਜ ਬਹਾਰ ਲਾਈ, ਜੱਗ ਹੋਮ ਤੇ ਭਜਨ ਕਰਤਾਰ ਵਾਲੀ।
ਆਵੇ ਵਾਜ ਚੌਪਾਸਿਓਂ ਰਸ ਭਿੰਨੀ, ਰਾਮ ਨਾਮ ਦੀ ਮਸਤ ਸਤਾਰ ਵਾਲੀ।
ਮੋਨ ਧਾਰ ਸੰਸਾਰ ਤੋਂ ਮੀਟ ਅੱਖਾਂ, ਮੌਜ ਮਾਣਦੇ ਦਸਮ ਦੁਆਰ[6] ਵਾਲੀ।
ਸੋਹਣੇ ਪੇਚ ਖਾਂਦੀ ਪਾਸੋਂ ਵਗੀ ਜਾਂਦੀ ਨਦੀ ਨੀਰ ਨਿਰਮਲ ਠੰਢੇਠਾਰ ਵਾਲੀ।
ਅਵਾਦਾਨ[7] ਹੋਈ ਨਾਲ ਆਸਣਾਂ ਦੇ ਕੁਦਰਤ ਨਜ਼ਰ ਆਵੇ ਸਿਰਜਣਹਾਰ ਵਾਲੀ।
ਬ੍ਰਿਛ ਬੂਟਿਆਂ ਨਾਲ ਨਿਹਾਲ ਹੋਈ, ਕੇਲੇ ਅੰਬ ਕਤਾਰੋ ਕਤਾਰ ਵਾਲੀ।
ਚਾਤ੍ਰਿਕ ਇੰਦਰਾਪੁਰੀ ਨੂੰ ਮਾਤ ਪਾਵੇ, ਏਹ ਬਹਾਰ ਸਾਧਾਂ ਭਰੀ ਬਾਰ ਵ਼ਾਲੀ।
ਲਿਸ਼ਕਨ ਸਿਲਾਂ ਬਲੌਰ ਵਾਂਗ ਦੂਰੋਂ ਜੋ ਚੰਨਾਠੀਆਂ ਨਾਲ ਘਸਾਈਆਂ ਹੋਈਆਂ।
ਧੂੰਏ ਯੱਗ ਦੇ ਨਾਲ ਧੁਆਂਖ ਕੇ ਤੇ, ਹਰੀਆਂ ਕੂਮਲਾਂ ਰੰਗ ਵਟਾਈਆਂ ਹੋਈਆਂ।
ਨਿਰਮਲ ਨੀਰ ਝਕੋਲਿਆਂ ਨਾਲ ਦਿਸਨ, ਰੁਖਾਂ ਸੰਦੀਆਂ ਜੜ੍ਹਾਂ ਧੁਵਾਈਆਂ ਹੋਈਆਂ।
ਹਰਨ ਫਿਰਨ ਬਖੌਫ[8] ਹਰਾਸ[9] ਹੋ ਕੇ, ਦਿਸਨ ਹਰਨੀਆਂ ਪਾਲ ਗਿਝਾਈਆਂ ਹੋਈਆਂ।
ਮੈਨਾਂ ਤੋਤਿਆਂ ਕੋਇਲਾਂ ਮੌਜ ਲਾਈ, ਮਹਕਾਂ ਜੱਗ ਦੇ ਧੂੰਏਂ ਖਿੰਡਾਈਆਂ ਹੋਈਆਂ।
ਚਾਤ੍ਰਿਕ ਅਖੀਆਂ ਠੰਢੀਆਂ ਵੇਖ ਹੋਵਨ ਕੁਟੀਆ ਸਾਧੂਆਂ ਖੂਬ ਬਨਾਈਆਂ ਹੋਈਆਂ।
ਬੇਸ਼ੁਮਾਰ ਏਥੇ ਸਾਈਂ ਲੋਕ ਬੈਠੇ, ਜੋ ਸੰਸਾਰ ਨੂੰ ਸਮਝਦੇ ਖਾਕ ਭਾਈ।
ਦੂਰ ਜਗ ਦੀ ਅਗ ਤੋਂ ਆਣ ਬੈਠੇ, ਯਾਦ ਕਰਨ ਹਰਦਮ ਜ਼ਾਤ-ਪਾਕ[10] ਭਾਈ।
ਭ੍ਰਿਗੂ,[11] ਅਤ੍ਰੀ[12] ਅਤੇ ਵਸ਼ਿਸਟ[13] ਆਦਿਕ, ਆਏ ਛਡ ਕੇ ਤੇ ਅੰਗ ਸਾਕ ਭਾਈ।

---

1. ਖਾਂਦੇ। 2. ਸਮਝੋ। 3. ਸਹਾਇਕ। 4. ਵਿਰਲਾਪ। 5. ਲੰਘਣਾ।
6. ਯੋਗੀ ਲੋਕ ਸਮਾਧੀ ਲਾ ਕੇ ਸਵਾਸ ਰੋਕ ਕੇ ਸਿਰ ਵਿਚ ਸਵਾਸਾਂ ਦੇ ਟਿਕਣ ਉਤੇ ਸ਼ਰੀਰ ਦੇ 9 ਦਰਵਾਜ਼ਿਆਂ 1. ਅੱਖ, 2. ਨਾਸਾਂ, 3. ਕੰਨ, 4. ਮੂੰਹ, 5. ਪਿਸ਼ਾਬ ਤੇ ਟੱਟੀ ਲਈ ਰਾਹ ਤੋਂ ਵਖਰਾ ਇਕ ਦਰਵਾਜ਼ਾ ਦਿਮਾਗ ਦਾ ਖੁਲ੍ਹਦਾ ਮੰਨਏ ਹਨ ਤੇ ਉਥੇ ਬਹੁਤ ਅਨੋਖੀ ਸੁਰੀਲੀ ਭਾਂਤ ਦਾ ਰਾਗ ਹੁੰਦਾ ਕਹਿੰਦੇ ਹਨ। 7. ਵੱਸੀ ਹੋਈ, ਰੌਣਕ ਲਗੀ।
8=9. ਬਿਨਾਂ ਡਰ ਤੋਂ। 10. ਰਬ ਦੀ ਪਵਿਤਰ ਹਸਤੀ।
11=12=13 ਪ੍ਰਸਿੱਧ ਰਿਸ਼ੀਆਂ ਦੇ ਨਾਂ ਹਨ, ਇਸ ਪ੍ਰਕਾਰ 6 ਭ੍ਰਿਗੂ ਸੰਹਿਤਾ ਦਾ ਕਰਤਾ, ਭਾਰਗੋ ਵੰਸ਼ ਦਾ ਮੋਢੀ ਰਿਸ਼ੀ, ਪਰਸਰਾਮ ਭੀ ਇਸੇ ਦੀ ਵੰਸ਼ ਵਿਚੋਂ ਸੀ। ਇਸੇ ਨੇ ਬ੍ਰਹਮਾ ਤੇ ਸ਼ਿਵ ਜੀ ਨੂੰ ਪੂਜਣ ਯੋਗ ਨਾਂ ਮੰਨ ਕੇ ਵਿਸ਼ਨੂੰ ਨੂੰ ਪੂਜ ਦੇਵਤਾ ਸਿੱਧ ਕੀਤਾ ਸੀ। 7 ਅਤ੍ਰੀ—ਇਕ ਰਿਸ਼ੀ, ਜੋ ਬ੍ਰਹਮਾ ਦਾ ਪੁੱਤਰ ਤੇ ਪ੍ਰਸਿੱਧ ਸਤ ਰਿਸ਼ੀਆਂ ਵਿਚੋਂ ਇਕ ਮੰਨਿਆ ਜਾਂਦਾ ਹੈ, ਦਤਾ ਤ੍ਰੇਉ, ਦੁਰਵਾਸ਼ਾ ਤੇ ਸੋਮ ਇਸੇ ਦੇ ਪੁੱਤਰ ਸਨ। 8 ਵਿਸ਼ਿਸਟ—ਰਿਗਵੇਦ ਦੇ ਕਈ ਮੰਤ੍ਰਾਂ ਦਾ ਕਰਤਾ, ਇਸਨੂੰ ਮਿਤ੍ਰਾ ਵਰੁਣ ਨੇ ਧਰਤੀ ਵਿਚੋਂ ਉਤਪਤ ਕੀਤਾ ਮੰਨਿਆ ਜਾਂਦਾ ਹੈ। ਇਹ ਸ੍ਰੀ ਰਾਮ ਚੰਦ੍ਰ ਜੀ ਦਾ ਗੁਰੂ ਤੇ ਵੇਦਾਂਤ ਦਾ ਪ੍ਰਚਾਰਕ ਸੀ।

ਚਾਰ ਦਿਨਾਂ ਦੀ ਜ਼ਿੰਦਗੀ ਜਗ ਅੰਦਰ ਕ੍ਰੋਧ ਤੋਂ ਚਿਤ ਨੂੰ ਠਾਕ ਭਾਈ।
ਆਏ ਜਨਮ ਸਵਾਰਨੇ ਬਨਾਂ ਅੰਦਰ, ਦਿਤੀ ਛਡ ਜਹਾਨ ਦੀ ਝਾਕ ਭਾਈ।
ਚਾਤ੍ਰਿਕ ਜਿਨ੍ਹਾਂ ਕਮਾਈਆਂ ਕੀਤੀਆਂ ਨੇ, ਲੋਕ ਯਾਦ ਕਰਦੇ ਅਜ ਤਾਕ ਭਾਈ।
ਠੰਢੀ ਹੋਇ ਕੇ ਠੰਢੜਾ ਸਾਹ ਭਰਿਆ, ਰਾਣੀ ਦਮਯੰਤੀ ਦੁਖਾਂ ਵਾਲੜੀ ਨੇ।
ਕਈਆਂ ਦਿਨਾਂ ਪਿਛੋਂ ਰੂਪ ਆਦਮੀ ਦਾ, ਡਿਠਾ ਸ਼ਾਮ ਦੀ ਮਸਤ ਗਵਾਲੜੀ ਨੇ।
ਪਾਈ ਤਾਬ ਬੇਤਾਬ ਨੇ ਖਾਬ[1] ਪਿਛੋਂ, ਅਜ ਚਿਰਾਂ ਪਿਛੋਂ ਗਮਾਂ[2] ਜਾਲੜੀ ਨੇ।
ਹੋਈ ਪੀਲੜੀ ਜ਼ਰਦ[3] ਨੁਹਾਰ[4] ਸਾਰੀ, ਮਾਰੀ ਝਲਕ ਰੁਖਸਾਰ[5] ਤੇ ਲਾਲੜੀ ਨੇ।
ਨਿਕਲੇ ਉਘ ਮੁਹਾਰ ਦਿਲਦਾਰ ਸੰਦੀ, ਮੋੜੀ ਹੋਸ਼ ਮੁਹਾਰ ਜੇ ਵਾਲੜੀ ਨੇ।
ਚਾਤ੍ਰਿਕ ਸਾਧੂਆਂ ਦੀ ਭਰੀ ਮੰਡਲੀ ਨੂੰ, ਪਾਇਆ ਝਬ ਸਵਾਲ ਸਵਾਲੜੀ ਨੇ।

ਸਾਧੂਆਂ ਪਾਸੋਂ ਰਾਣੀ ਦਮਯੰਤੀ ਨੇ ਰਾਜਾ ਨਲ ਦਾ ਪਤਾ ਪੁਛਣਾ

ਅੱਲਾ ਵਾਲਿਓ ! ਰੱਬ ਸਵਾਰਿਓ ਵੇ ਮੇਰਾ ਮੰਨਿਓਂ ਇਕ ਸਵਾਲ ਸਾਧੋ।
ਮੈਂ ਅਨਾਥਨੀ, ਨਾਥ ਗੁਆ ਬੈਠੀ, ਕੋਈ ਦਸਿਓ ਓਸ ਦਾ ਹਾਲ ਸਾਧੋ।
ਕਈ ਦਿਨਾਂ ਤੋਂ ਪਈ ਖਵਾਰ ਹੁੰਦੀ, ਕਰਾਂ ਓਸ ਦਿਲਦਾਰ ਦੀ ਭਾਲ ਸਾਧੋ।
ਕਿਤੇ ਲੰਘਦੇ ਰਾਹੀਆਂ ਵਾਂਗ ਬਹਿ ਕੇ, ਕੀਤੀ ਗਲ ਹੰਸੂ ਤੁਸਾਂ ਨਾ ਸਾਧੋ।
ਪਾਇਓ ਦੱਸ ਦੇ ਕੁਝ ਮਲੂਮ ਹੋਵੇ, ਗਿਆ ਲੁਕ ਕਿਧਰ ਨੰਦ ਲਾਲ ਸਾਧੋ।
ਗੋਰਾ ਰੰਗ ਸੂ ਚੰਦ ਦੇ ਵਾਂਗ ਸੋਹਣਾ, ਵਾਂਗ ਦਿਉਤਿਆਂ ਦੇ ਖਤੋ ਖਾਲ[6] ਸਾਧੋ।
ਅੱਧਾ ਕਪੜਾ ਜ਼ਰਦ[7] ਸਰੀਰ ਉਤੇ, ਕਾਲੇ ਭੌਰ ਵਰਗੇ ਸਿਰ ਤੇ ਵਾਲ ਸਾਧੋ।
ਮੱਥਾ ਫੁਲ ਵਰਗਾ ਅੱਖਾਂ ਸ਼ਰਬਤੀ ਨੇ, ਉਮਰ ਵਿਚ ਬੱਤੀ ਚੌਤੀ ਸਾਲ ਸਾਧੋ।
ਨਾਲ ਨਲ ਰਾਜਾ, ਨਿਖਧ ਦੇਸ਼ ਵਾਲਾ, ਫਿਰਦਾ ਜੰਗਲੀਂ ਹੋਇ ਕੰਗਾਲ ਸਾਧੋ।
ਕਿਤੋ ਪੁਛਦਾ ਗਿਛਦਾ ਹੋਇ ਫਿਰਦਾ, ਕਰਦਾ ਦਮਯੰਤੀ ਥੀਂ ਸੰਭਾਲ ਸਾਧੋ।
ਤੁਸਾਂ ਵੇਖਿਆ ਚਾਖਿਆ ਕਿਤੇ ਹੋਵੇ, ਮੈਨੂੰ ਦਸ ਕੇ ਕਰੋ ਨਿਹਾਲ ਸਾਧੋ।
ਮੈਂ ਨਿਮਾਣੜੀ ਢੂੰਢਦੀ ਥੱਕ ਲੱਥੀ, ਲਗੇ ਪਤਾ ਨਾ ਉਤ ਪਾਤਾਲ ਸਾਧੋ।
ਤੁਸੀਂ ਰਬ ਦੀ ਰਾਹ ਦੀ ਖੇਡ ਖੇਡੋ ਸਦਾ ਸਿਮਰਦੇ ਦੀਨ ਦਿਆਲ ਸਾਧੋ।
ਮੇਰੇ ਦੀਨ ਦਿਆਲ ਦਾ ਹਾਲ ਦਸੋ, ਕੋਈ ਭਜਨ ਦੀ ਕਲਾ ਦਿਖਾਲ ਸਾਧੋ।
ਖੋਲ੍ਹ ਪੱਤਰੀ ਲਗਨ ਵਿਚਾਰਿਓ ਜੇ, ਸੁਟ ਸੰਗਲੀ ਪਾਵਿਓ ਫਾਲ ਸਾਧੋ।
ਮੈਂ ਤਾਂ ਮੁਕ ਗਈਆਂ ਕਰਦੀ ਭਾਲ ਉਸਦੀ, ਜੰਗਲ ਫਲ ਮਾਰੇ ਪਤਾ ਡਾਲ ਸਾਧੋ।
ਪਯਾਰੇ ਪਤੀ ਬਾਝੋਂ ਜਾਨ ਰਤੀ ਜਿੰਨੀ, ਡਾਢੀ ਸਤੀ ਹੁੰਦੀ ਜਾਂਦੀ ਕਾਲ ਸਾਧੋ।
ਚਾਤ੍ਰਿਕ ਕਰੋ ਅਹਿਸਾਨ ਨਿਮਾਨੜੀ ਤੇ, ਦੂਣਾ ਕਰੇ ਜੇ ਰਬ ਇਕਬਾਲ ਸਾਧੋ।

---

1. ਸੁਪਨਾ। 2. ਗਮਾਂ ਵਿਚ ਸੜੀ। 3. ਪੀਲੀ। 4. ਸ਼ਕਲ ਸੂਰਤ। 5. ਗਲ੍ਹ।
6. ਭਾਵ ਸ਼ਕਲ ਸੂਰਤ ਤੋਂ ਹੀ ਹੈ ਸ਼ਬਦ ਅਰਥ ਹਨ :- ਬੁਲ੍ਹਾਂ ਤੋਂ ਗਲਾਂ ਤਕ ਦੀ ਨੀਲੀ ਲਕੀਰ ਤੇ ਤਿਲ।
7. ਪੀਲਾ।

ਉਤਰ ਸਾਧੂਆਂ ਦਾ

ਸਾਧੂ ਲੋਕ ਪੁਕਾਰ ਸੁਣ ਨਾਰ ਸੰਦੀ, ਕਹਿੰਦੇ ਬਹੁਤ ਨਾ ਹੋ ਬਕਰਾਰ[1] ਰਾਣੀ।
ਸਾਲ ਸਬਰ ਦੇ ਝਲ ਲੈ ਪਈ ਬਿਪਤਾ, ਕਰਕੇ ਸ਼ੁਕਰ ਕਰਤਾਰ ਚਿਤਾਰ ਰਾਣੀ।
ਜਿਸ ਦਿਨ ਪਾਏ ਕੱਟਣ ਹਾਰ ਓਹ, ਓਹੋ ਵਿਛੜੇ ਮੇਲਨੇ ਹਾਰ ਰਾਣੀ।
ਨਾ ਜ਼ਿਲਹਾਲ[2] ਹੋਕੇ ਮੰਦਾ ਹਾਲ ਤੂੰ, ਸਬਰ ਛੱਡਣਾ, ਪਾਪ ਦਾ ਭਾਰ ਰਾਣੀ।
ਉਹਦੀ ਜਾਨ ਅਮਾਨ[3] ਸਲਾਮਤੀ ਹੈ, ਕਿਧਰੇ ਭਾਲਦਾ ਹੈ ਰੋਜ਼ਗਾਰ ਰਾਣੀ।
ਏਹ ਭੀ ਸੁਣੀ. ਅਵੰਾਜ ਦਰਗਾਹ ਵਿਚੋਂ, ਸ੍ਵਾਸ ਚਾੜ੍ਹਕੇ ਦਸਮ ਦਵਾਰ ਰਾਣੀ।
ਥੋੜੇ ਦਿਨਾਂ ਦੀ ਕਸ਼ਟਨੀ ਰਹੀ ਬਾਕੀ, ਛੇਤੀ ਹੋਵਸੀ ਦੁਖ ਫਰਾਰ[4] ਰਾਣੀ।
ਤੇਰਾ ਪਤੀ ਭੀ ਮਿਲੇਗਾ ਝੱਬ ਤੈਨੂੰ, ਅਤੇ ਰਾਜ ਹੋਸੀ ਬਰਕਰਾਰ ਰਾਣੀ।
ਦੁਖ, ਸੁਖ ਤੋਂ ਛੁਟਿਆ ਜਾਂਵਦਾ ਨਾ, ਧੁਪ-ਛਾਉਂ ਸੰਸਾਰ ਦੀ ਕਾਰ ਰਾਣੀ।
ਏਥੇ ਰਹੇਂ ਤਾਂ ਬੜੀ ਪ੍ਰਸੰਨਤਾ ਹੈ, ਨਾਲ ਖੁਸ਼ੀ ਦੇ ਵਕਤ ਗੁਜਾਰ ਰਾਣੀ।
ਤੂੰ ਪ੍ਰਮਾਤਮਾ ਇਸਤ੍ਰੀ ਅਸੀਂ ਤੇਰੇ ਬਿਨਾਂ ਆਖਿਆਂ ਤੋਂ ਖਿਦਮਤਗਾਰ ਰਾਣੀ।
ਚਾਤ੍ਰਿਕ ਦੁਖ ਪਾਏ ਆਪੇ ਸੁਖ ਦੇਸੀ, ਘਾਟਾ ਨਹੀਂ ਮਹਾਰਾਜ ਦੇ ਦਵਾਰ ਰਾਣੀ।

ਨਿਰਾਸ ਹੋਕੇ ਰਾਣੀ ਦਮਯੰਤੀ ਦਾ ਤਪੋਬਨ ਵਿਚੋਂ ਅਗੇ ਜਾਣਾ

ਰਾਣੀ ਆਖਿਆ ਠੰਢੜਾ ਸਾਹ ਲੈਕੇ, ਏਥੇ ਰਹਾਂ ਦਸੋ ਕੇਹੜੇ ਹਾਲ ਸਾਧੋ।
ਰੁਲਾਂ ਜੰਗਲੀਂ ਵਾਂਗ ਫਕੀਰਨੀ ਦੇ, ਅਤੇ ਪਤੀ ਨਹੀਂ ਮੇਰੇ ਨਾਲ ਸਾਧੋ।
ਏਧਰ ਅਸੀਂ ਦੋਵੇਂ ਪਏ ਵਿਲਕਦੇ ਹਾਂ, ਓਧਰ ਵਿਲਕਦੇ ਹੋਣਗੇ ਬਾਲ ਸਾਧੋ।
ਲਗੀ ਅਗ ਚੁਪਾਸੜੇ ਸਾਰਿਆਂ ਦੀ, ਕੀਤਾ ਦੁਖੀ ਮੇਰਾ ਵਾਲ ਵਾਲ ਸਾਧੋ।
ਕਿਤੇ ਜਾਏ ਕੇ ਵਿਚ ਅਬਾਦੀਆਂ ਦੇ, ਓਸ ਪੀਆ ਦੀ ਕਰਾਂਗੀ ਭਾਲ ਸਾਧੋ।
ਏਥੇ ਬੈਠਿਆਂ ਸੌਰਨਾ ਕੁਝ ਨਾਹੀਂ, ਬਾਝ ਪੀਆ ਦੇ ਰਹਿਣ ਮੁਹਾਲ[5] ਸਾਧੋ।
ਕਰੋ ਤੁਸੀਂ ਦੁਆ ਕਰਤਾਰ ਅਗੇ, ਲਭੇ ਮੁਝ ਦਾ ਦੀਨ ਦਿਆਲ ਸਾਧੋ।
ਚਾਤ੍ਰਿਕ ਆਖ ਕੇ ਗੱਲ ਵਿਦਾ ਹੋਈ, ਮੇਰਾ ਭੁਲਿਓ ਨਹੀਂ ਖਿਆਲ ਸਾਧੋ।

ਸੁਦਾਗਰਾਂ ਦਾ ਕਾਫਲਾ ਵੇਖ ਕੇ ਰਾਣੀ ਦਮਯੰਤੀ ਨੇ ਨਦੀ ਵਿਚ ਛਾਲ ਮਾਰਨੀ

ਅੱਲਾ ਵਾਲਿਆਂ ਤੋਂ ਤੁਰੀ ਫੇਰ ਰਾਣੀ, ਕੰਢੇ ਨਦੀ ਦੇ ਵਲ ਰਵਾਨ ਹੋਈ।
ਤੀਰੋ ਤੀਰ[6] ਦਿਲਗੀਰ[7] ਜ਼ਹੀਰ[8] ਰਾਣੀ, ਯਾਦ ਪੀਆ ਦੀ ਵਿਚ ਮਸਤਾਨ ਹੋਈ।
ਕਦੇ ਰੋਂਵਦੀ ਏ ਕਦੇ ਚੁਪ ਕਰਦੀ, ਜਿੰਦੀ ਜਾਨ ਗੋਇਆ ਬੇਪਰਾਨ ਹੋਈ।
ਚਾਤ੍ਰਿਕ ਵਖਤ ਨਾ ਪਏ ਏਹ ਦੁਸ਼ਮਨਾਂ ਨੂੰ, ਜੇੜ੍ਹੀ ਨਾਲ ਤ੍ਰਿਯਾ ਬੇਜ਼ਬਾਨ ਹੋਈ।

---

1. ਬੇਚੈਨ। 2. ਦੁਖੀ। 3. ਠੀਕ ਠਾਕ, ਰਾਜ਼ੀ ਬਾਜ਼ੀ। 4. ਦੂਰ ਨੱਠ ਜਾਣਾ। 5. ਔਖਾ।
6. ਕਿਨਾਰੇ ਜਾਂ ਦੁਖ ਨਾਲ ਛਾਨਣੀ ਹੋਈ। 7. ਉਦਾਸ। 8. ਦੁਖੀ।

ਇਕ ਕਾਫਲਾ ਸ਼ਾਹ ਬਪਾਰੀਆਂ ਦਾ, ਤੁਰਿਆ ਆਂਵਦਾ ਏਸ ਨੂੰ ਨਜ਼ਰ ਆਯਾ।
ਊਠਾਂ ਹਾਥੀਆਂ ਖੱਚਰਾਂ ਘੋੜਿਆਂ ਤੇ ਬੇਸ਼ੁਮਾਰ ਸੀ ਮਾਲ ਅਸਬਾਬ ਆਯਾ।
ਵਾਂਗ ਫੌਜ ਦੇ ਡੰਗ ਦੁਆਲ ਬਣਿਆ, ਜਿਵੇਂ ਆਂਵਦਾ ਕਟਕ[1] ਮਹਾਰ[2] ਚਾਯਾ।
ਰਾਣੀ ਵੇਖਕੇ ਖੌਫ ਹਰਾਸ[3] ਖਾਧਾ, ਚਾਤ੍ਰਿਕ ਕਰਨ ਲਗੀ ਅਪਨੀ ਜਾਨ ਜਾਯਾ।
ਕੰਢੇ ਨਦੀ ਤੇ ਤੁਰੀ ਤਾਂ ਜਾਂਵਦੀ ਸੀ, ਇਕ ਜੀਉ ਦੇ ਵਿਚ ਦਲੀਲ ਧਾਰੀ।
ਕਿਉਂ ਨਾ ਨਦੀ ਦੀ ਨਜ਼ਰ ਮੈਂ ਜਾਨ ਦੇਵਾਂ, ਜਾਵੇ ਜਾਨ-ਮੁਕੇ ਮੇਰੀ ਅਲਖ ਸਾਰੀ।
ਪੀਆ ਪੀਆ ਪੁਕਾਰਦੀ ਥਕ ਗਈ ਆਂ, ਜਣੇ ਖਣੇ ਨੂੰ ਪਤਾ ਮੈਂ ਪੁਛ ਹਾਰੀ।
ਚਾਤ੍ਰਿਕ ਵਾਂਗ ਪੱਥਰ ਜਿਗਰਾ ਸਖਤ ਕਰਕੇ, ਰਾਣੀ ਨਦੀ ਦੇ ਵਿਚ ਜਾ ਛਾਲ ਮਾਰੀ।

ਸੌਦਾਗਰਾਂ ਨੇ ਰਾਣੀ ਦਮਯੰਤੀ ਨੂੰ ਬਚਾ ਲੈਣਾ

ਦੂਰੋਂ ਮਾਰਦੀ ਵੇਖ ਕੇ ਛਾਲ ਰਾਣੀ, ਲੋਕ ਕਾਫਲੇ ਦੇ ਖਬਰਦਾਰ ਹੋਏ।
ਹਾਹਾ ਕਾਰ ਕੀਤੀ ਆਏ ਨੱਸ ਕੇ ਤੇ, ਕੱਢਣ ਵਾਸਤੇ ਜਲਦ ਤਿਆਰ ਹੋਏ।
ਇਕ ਦੋਹਾਂ ਨੇ ਦੌੜ ਕੇ ਛਾਲ ਮਾਰੀ, ਓਹਨੂੰ ਪਕੜ ਕੇ ਨਦੀ ਤੋਂ ਪਾਰ ਹੋਏ।
ਰੂਪ ਵੇਖ ਕੇ ਸੁੰਦਰੀ ਇਸਤ੍ਰੀ ਦਾ, ਸੌ ਸੌ ਜਾਨ ਥੀਂ ਸਭ ਬਲਿਹਾਰ ਹੋਏ।
ਕਈ ਸਖਤ ਜਿਗਰੇ ਵਾਲੇ ਵੇਖ ਹਾਲਤ, ਸਾਥ ਕਰਨ ਨੂੰ ਰੁਜੂ[4] ਗਵਾਰ ਹੋਏ।
ਕਈ ਰੂਪ ਨੂੰ ਵੇਖ ਅਨੂਪ ਸੋਹਣਾ ਹਾਲ ਪੁਛਣੇ ਨੂੰ ਬੇਕਰਾਰ[5] ਹੋਏ।
ਹਾਲਤ ਜ਼ਾਰ[6] ਮੁਟਿਆਰ ਦੀ ਵੇਖ ਕੇ ਤੇ, ਕਈ ਤਰਸ ਖਾ ਕੇ ਅਸ਼ਕਾਬਾਰ[7] ਹੋਏ।
ਚਾਤ੍ਰਿਕ ਜੋਗਨਾਂ ਦੇ ਭੇਸ਼ ਅਪਸਰਾ ਏਹ, ਪਰੇਸ਼ਾਨ ਸਭ ਕਾਫਲੇਦਾਰ ਹੋਏ।

ਪ੍ਰਸ਼ਨ ਸੌਦਾਗਰ ਦਾ

ਤੂੰ ਹੈਂ ਕੌਣ ਸਚੋ ਸਚ ਦਸ ਬੀਬੀ, ਫਿਰਦੀ ਜੰਗਲੀਂ ਕਿਉਂ ਮੰਦੇ ਹਾਲ ਹੈਂ ਤੂੰ ?
ਕੋਈ ਪਰੀ ਅਪੱਛਰਾਂ ਹੂਰ ਸ਼ਾਇਦ, ਜੀਵੇਂ, ਰੂਪ ਅੰਦਰ ਬੇਮਿਸਾਲ ਹੈ ਤੂੰ।
ਸ਼ਾਇਦ ਮੇਨਕਾ[8], ਰੰਧ੍ਰਾ,[9] ਉਰਵਸ਼ੀ[10] ਦੀ ਅਫਸਰ ਹੁਸਨ[11] ਸੰਦੀ ਮਾਲਾਮਾਲ ਹੈਂ ਤੂੰ ?
ਯਾ ਕੇ ਦੇਵਤਾ ਕਿਸੇ ਦੀ ਇਸਤ੍ਰੀ ਹੈਂ, ਕਾਹਨੂੰ ਇਸ ਤਰ੍ਹਾਂ ਹੋਈ ਬੇਹਾਲ ਹੈਂ ਤੂੰ ?
ਆਦਮਜ਼ਾਦ[12] ਯਾ ਮੰਦੜੇ ਹਾਲ ਹੋਈ, ਫਿਰਦੀ ਜੰਗਲੀਂ ਹੋਈ ਕੰਗਾਲ ਹੈਂ ਤੂੰ ?
ਯਾ ਹੈਂ ਤੂੰ ਭੂਤ ਪ੍ਰੇਤਨੀ ਜੰਗਲਾਂ ਦੀ, ਯਾ ਚੁੜੇਲ ਯਾ ਪਰੀ ਤਮਸਾਲ[13] ਹੈਂ ਤੂੰ ?
ਕਾਹਦੇ ਵਾਸਤੇ ਏਸ ਦਰਿਆ ਅੰਦਰ, ਜਾਣ ਬੁਝ ਕੇ ਮਾਰਦੀ ਛਾਲ ਹੈਂ ਤੂੰ ?
ਜ਼ਾਯਾ ਜਾਨ ਗਵਾਉਂਦੀ ਕਿਸ ਗਲੇ, ਬਾਗ-ਹੁਸਨ[14] ਸੰਦੀ ਨੌ ਨਿਹਾਲ ਹੈਂ ਤੂੰ ?
ਚਾਤ੍ਰਿਕ ਦਸ ਸਾਨੂੰ ਕੇਹੜੇ ਦੁਖ ਬਦਲੇ, ਦੁਖੀ ਨਜ਼ਰ ਆਵੇਂ ਵਾਲ ਵਾਲ ਹੈਂ ਤੂੰ ?

---

1. ਫੌਜ। 2. ਵਾਗਾਂ। 3. ਡਰ। 4. ਚਾਹਵਾਨ। 5. ਕਾਹਲੇ। 6. ਦੁਖੀ। 7. ਹੰਝੂ ਭਰ ਆਏ।
8-9-10. ਤਿੰਨ ਅਪਛਰਾਂ ਦੇ ਨਾਂ ਹਨ—੧. ਮੇਨਕਾ ਇੰਦਰ ਦੇਵਤੇ ਦੀ ਪ੍ਰੇਮਕਾ, ਸਵਰਗਾਂ ਦੀ ਅਪਛਰਾਂ, ੨ ਰੰਧਰਾ ਸਵਰਗਾਂ ਦੀ ਇਕ ਹੋਰ ਅਪਛਰਾਂ, ੩ ਉਰਵਸ਼ੀ ਰਿਸ਼ੀ ਦੇ ਪੇਟ ਤੋਂ ਉਪਜੀ ਅਪਛਰਾਂ ਜੋ ਪਰੂਰਵਸ ਨਾਲ ਵਿਆਹੀ ਗਈ।
11. ਸੁਹੱਪਣ। 12. ਆਦਮੀ ਦੀ ਸੰਤਾਨ। 13. ਸੂਰਤ, ਸ਼ਕਲ। 14. ਸੁਹੱਪਣ ਦੇ ਬਾਗ ਦੀ।

ਜਵਾਬ ਰਾਣੀ ਦਮਯੰਤੀ ਦਾ

ਮੈਂ ਨਾ ਭੂਤ, ਪਰੇਤ, ਚੁੜੇਲ ਕੋਈ, ਨਾ ਅਕਾਸ਼ ਤੋਂ ਉਤਰ ਕੇ ਆਈਆਂ ਮੈਂ।
ਆਦਮਜ਼ਾਦ ਵਖਤ੍ਹਾਂ ਮਾਰੀ ਨਾਰ ਹਾਂ ਮੈਂ, ਦੁਖ ਦੇਖਕੇ ਬਹੁਤ ਘਬਰਾਈਆਂ ਮੈਂ।
ਇਕ ਰਾਉ ਦੀ ਇਸਤ੍ਰੀ ਤੱਤੜੀ ਮੈਂ, ਉਹਦੇ ਬਾਝ ਮੁਸੀਬਤਾਂ ਪਾਈਆਂ ਮੈਂ।
ਵਿਛੜ ਗਏ ਹਾਂ ਜੰਗਲਾਂ ਵਿਚ ਦੋਵੇਂ, ਫਾਵੀ ਹੋਈਆਂ ਵਿਚ ਜੁਦਾਈਆਂ ਮੈਂ।
ਓਸੇ ਪਤੀ ਨੂੰ ਢੂੰਡ੍ਹਦੀ ਹਾਰ ਥੱਕੀ, ਮੁਕੀ ਪੁਛਦੀ ਖਲਕ ਖੁਦਾਈਆਂ[1] ਮੈਂ।
ਨਾ ਉਹ ਮਿਲੇ ਨਾ ਦੁਖ ਕਲੇਸ਼ ਘਟੇ, ਫਿਰਾਂ ਢੂੰਡਦੀ ਵਾਂਗ ਸੌਦਾਈਆਂ ਮੈਂ।
ਓੜਕ ਜ਼ਿੰਦਗੀ ਥੀਂ ਅਵਾਜ਼ਾਰ[2] ਹੋ ਕੇ, ਵਾਗਾਂ ਮੌਤ ਦੇ ਵਲ ਉਠਾਈਆਂ ਮੈਂ।
ਮਾਰੀ ਛਾਲ ਕੰਗਾਲ ਦੇ ਨਾਲ ਗੁੱਸੇ, ਅਲਖਾਂ ਚਾਹੀਆਂ ਸਭ ਮੁਕਾਈਆਂ ਮੈਂ।
ਯਾ ਓਹ ਮਿਲੇ, ਯਾ ਜਾਨ ਫਨਾਹ ਹੋਵੇ, ਖਾਕਾਂ ਜੰਗਲੀਂ ਬਹੁਤ ਉਡਾਈਆਂ ਮੈਂ।
ਚਾਤ੍ਰਿਕ ਮੌਤ ਹੀ ਕਰੇਗੀ ਪਾਰ ਬੇੜਾ, ਹੋਰ ਸਾਰੀਆਂ ਢੇਰੀਆਂ ਢਾਹੀਆਂ ਮੈਂ।
ਜੇਕਰ ਜ਼ਿੰਦਗੀ ਵੇਖਣੀ ਚਾਹੁੰਦੇ ਹੋ, ਕਰੋ ਮੁਝ ਤੇ ਇਕ ਉਪਕਾਰ ਵੀਰੋ।
ਮੇਰੇ ਪੀਆ ਦਾ ਪਤਾ ਨਿਸ਼ਾਨ ਦਸੋ, ਹੋਵਾਂ ਓਸਨੂੰ ਵੇਖ ਸਰਸ਼ਾਰ[3] ਵੀਰੋ।
ਲਾਦਵਾ ਦੀ ਰਹੀ ਦਵਾ ਇਕੋ, ਜਾਸੀ ਓਸ ਦੇ ਨਾਲ ਆਜ਼ਾਰ[4] ਵੀਰੋ।
ਕਿਤੇ ਵੇਖਿਆ ਪਾਲਿਆ ਕੰਤ ਹੋਜੇ, ਵਿਚ ਫਿਰਦਿਆਂ ਜੰਗਲੀਂ ਬਾਰ ਵੀਰੋ।
ਜੇਹੜੇ ਰਾਹ ਤੁਸਾਡੜਾ ਵਾਹ ਪਿਆ, ਕਿਤੇ ਪੀਆ ਹੋਵੇ ਬਾਝ ਨਾਰ ਵੀਰੋ।
ਚਾਤ੍ਰਿਕ ਓਸ ਬਗੈਰ ਹਰਾਮ ਜੀਣਾ, ਹੋਸੀ ਚੰਦਰੀ ਜਾਨ ਫਰਾਰ ਵੀਰੋ।

ਜਵਾਬ ਸੌਦਾਗਰ ਦਾ

ਰੋ ਰੋ ਕਾਸਨੂੰ ਨੀਰ ਵਹਾਵਨੀਏਂ, ਕੀ ਸੁਨਾਵਨੀ ਏਂ ਫੋਲ ਫੋਲ ਬੀਬੀ ?
ਦੁਖ ਪਏ ਸਹਾਰ ਲੈ ਸਬਰ ਕਰਕੇ, ਨਾ ਕੁਮੌਤ ਮਰ ਕੇ ਜਿੰਦ ਰੋਲ ਬੀਬੀ।
ਅਸਾਂ ਰਾਹੀਆਂ ਦੇ ਅਗੇ ਰੋਇ ਕੇ ਤੇ, ਨਹੀਂ ਲੱਭ ਪੈਣਾ ਤੇਰਾ ਢੋਲ ਬੀਬੀ।
ਦੁਖ ਚੀਜ਼ ਨਾ ਵੰਡ ਕੇ ਖਾਣ ਵਾਲੀ, ਜਿਨੂੰ ਵੰਡ ਕੇ ਪੀਵੀਏ ਘੋਲ ਬੀਬੀ।
ਕੋਈ ਵੰਡ ਨਾ ਲੈਂਵਦਾ ਦੁਖ ਰਤੀ, ਐਵੇਂ ਭਰਮ ਦੀ ਗੰਢ ਨਾ ਖੋਲ੍ਹ ਬੀਬੀ।
ਅਸੀਂ ਜਦੋਂ ਦੇ ਜੰਗਲੀਂ ਵੜੇ ਆ ਕੇ, ਆਯਾ ਮਰਦ ਨਾ ਸਾਡੜੇ ਕੋਲ ਬੀਬੀ।
ਆਦਮਜ਼ਾਦ ਦਾ ਰੂਪ ਹੈਂ ਤੂੰ ਡਿਠੀ, ਹੋਣਾ ਨਾਲ ਤੇਰੇ ਸਾਂਝਾ ਬੋਲ ਬੀਬੀ।
ਜੇ ਤੂੰ ਸਬਰ ਸੰਤੋਖ ਨੂੰ ਰਖ ਕੇ ਤੇ, ਕਿਸੇ ਹੋਰ ਪਾਸੇ ਪਤੀ ਟੋਲ ਬੀਬੀ।
ਜਿਚਰ ਸਾਸ ਤਿਚਰ ਤੀਕ ਆਸ ਚਾਹੀਏ, ਨਾ ਗੁਆ ਏਹ ਜਾਨ ਅਨਮੋਲ ਬੀਬੀ।
ਐਸ ਨਦੀ ਦੇ ਵਿਚ ਨਾ ਪਤੀ ਬੈਠਾ, ਜਿਹਨੂੰ ਫੜੇਂਗੀ ਜਾਇ ਅਡੋਲ ਬੀਬੀ।
ਹਿੰਮਤ ਹਾਰ ਵਿਸਾਰੀਏ ਰਬ ਨੂੰ ਨਾ, ਹਿੰਮਤ ਹੌਸਲਾ ਰਖ ਨਾ ਡੋਲ ਬੀਬੀ।
ਚਾਤ੍ਰਿਕ ਹਿੰਮਤੋਂ ਬਾਝ ਦਿਲਦਾਰ ਕਿਥੇ, ਮੱਖਣ ਕਢੀਏ ਛਾਹ[5] ਫਰੋਲ ਬੀਬੀ।

---

1. ਰਬ ਦੀ ਸ੍ਰਿਸ਼ਟੀ। 2. ਦੁੱਖੀ। 3. ਖੁਸ਼, ਮਸਤ। 4. ਦੁੱਖ। 5. ਲੱਸੀ।

ਉਤਰ ਰਾਣੀ ਦਮਯੰਤੀ ਦਾ

ਵੇ ਬਪਾਰੀਓ ਸ਼ਾਹ ਸੁਦਾਗਰੋ ਵੇ, ਕਰਿਓ ਰਬ ਦੇ ਰਾਹ ਅਹਿਸਾਨ ਵੀਰੋ।
ਜੇਕਰ ਜੰਗਲਾਂ ਵਿਚ ਨਾ ਵੇਖਿਓ ਜੇ, ਮੈਂ ਅਨਾਥ ਦਾ ਸ਼ਾਹ ਸੁਲਤਾਨ ਵੀਰੋ।
ਤਾਂ ਏਹ ਕਰੋ ਉਪਕਾਰ ਅਨਾਥਨੀ ਤੇ, ਸੌਦਾ ਰਬ ਦੇ ਰਾਹ ਦਾ ਜਾਣ ਵੀਰੋ।
ਮੈਨੂੰ ਆਪਣੇ ਨਾਲ ਲੈ ਚਲਿਓ ਜੇ, ਜੰਗਲ ਵਿਚ ਹੋ ਰਹੀ ਹੈਰਾਨ ਵੀਰੋ।
ਜਾ ਕੇ ਕਿਤੇ ਅਬਾਦੀਆਂ ਵਿਚ ਢੂੰਡਾਂ, ਮਿਲੇ ਪੀਆ ਦਾ ਪਤਾ ਨਿਸ਼ਾਨ ਵੀਰੋ।
ਪਵੇ ਠੰਢ ਤਪੇਂਦੜੀ ਜਾਨ ਤਾਈਂ, ਪਾਵੇ ਸੁਖ ਦਾ ਸਾਹ ਏਹ ਜਾਨ ਵੀਰੋ।
ਵਸਤੀ ਵਿਚ ਪਹੁੰਚਾ ਦਿਓ ਇਕ ਵਾਰੀ, ਏਹ ਛੁਡਾ ਕੇ ਤੇ ਬੀਆਬਾਨ ਵੀਰੋ।
ਭਾਵੇਂ ਫੇਰ ਨਾ ਸਾਥ ਨਿਭਾਵਿਓ ਜੇ, ਆਪੇ ਲਵਾਂਗੀ ਮੈਂ ਖਾਕ ਛਾਨ ਵੀਰੋ।
ਏਥੇ ਕੋਈ ਮੇਰਾ ਖਬਰਗੀਰ ਨਾਹੀਂ, ਸਦਾ ਸੁਕਦੇ ਰਹਿਣ ਪ੍ਰਾਣ ਵੀਰੋ।
ਆਦਮਜ਼ਾਦ ਦਾ ਕਿਤੇ ਜਾ ਮੂੰਹ ਵੇਖਾਂ, ਚਾਤ੍ਰਿਕ ਜੰਗਲੀਂ ਸ਼ੇਰ ਡਰਾਣ ਵੀਰੋ।

ਸੌਦਾਗਰਾਂ ਨੇ ਰਾਣੀ ਦਮਯੰਤੀ ਨੂੰ ਆਪਣੇ ਨਾਲ ਲੈ ਜਾਣਾ

ਤਰਸ ਆ ਗਿਆ ਕਾਫਲੇ ਵਾਲਿਆਂ ਨੂੰ, ਆਖਾ ਓਸਦਾ ਮੂਲ ਨਾ ਮੋੜਿਆ ਏ।
ਕਹਿੰਦੇ ਚਲ ਬੀਬੀ ਬੇਸ਼ਕ ਨਾਲ ਸਾਡੇ, ਤੇਰਾ ਜੀਉ ਨਾ ਜਾਂਵਦਾ ਤੋੜਿਆ ਏ।
ਤੁਰੀ ਮਗਰ ਮੁਸਾਫਰਾਂ ਰਾਹੀਆਂ ਦੇ, ਲੀੜਾ ਕਪੜਾ ਸਭ ਨਚੋੜਿਆ ਏ।
ਥੋੜੀ ਰਖਦੀ ਵਿੱਥ ਮੁਸਾਫਰਾਂ ਤੋਂ, ਚਾਤ੍ਰਿਕ ਨਾਲ ਤੁਰਨਾ ਨਹੀਂ ਲੋੜਿਆ ਏ।

ਜੰਗਲਾਂ ਵਿਚ ਰਾਤੀਂ ਹਾਥੀਆਂ ਦੀ ਲੜਾਈ ਹੋਣੀ

ਮੁਕਾ ਸਫਰ ਅੰਦਰ ਰੋਜ਼ ਵਖਤ ਵਾਲਾ, ਆਈ ਫੇਰ ਦੁਖਾਂ ਵਾਲੀ ਰਾਤ ਯਾਰੋ।
ਕਿਸਮਤ ਉਲਟ ਹੋਵੇ ਜਦੋਂ ਆਦਮੀ ਦੀ ਕੋਈ ਬਣੇ ਨਾ ਚੈਨ ਦੀ ਬਾਤ ਯਾਰੋ।
ਲੱਭਾ ਸਾਥ ਮਕਸੂਮ[1] ਦੇ ਨਾਲ ਹੈਸੀ, ਪਈ ਹੋਰ ਇਕ ਆਨ ਅਫਾਤ[2] ਯਾਰੋ।
ਚਾਤ੍ਰਿਕ ਕਿਸ ਤਰ੍ਹਾਂ ਦੁਖ ਤੇ ਦੁਖ ਆਵਣ ਸੁਣਿਓ ਗੌਰ[3] ਕਰਕੇ ਵਾਰਦਾਤ[4] ਯਾਰੋ।
ਪਈ ਰਾਤ ਤਾਂ ਕਾਫਲੇ ਵਾਲਿਆਂ ਨੇ, ਡੇਰਾ ਇਕ ਤਾਲਾਬ ਤੇ ਲਾਇਆ ਏ।
ਹਾਥੀ ਘੋੜਿਆਂ ਤੋਂ ਮਾਲ ਸੁਟ ਕੇ ਤੇ, ਦਾਣਾ ਘਾਸ ਸਭਨਾਂ ਤਾਈਂ ਪਾਇਆ ਏ।
ਖਾ ਕੇ ਅੰਨ ਪਾਣੀ ਨਾਲ ਚੈਨ ਸੁਤੇ, ਦੀਨ ਦੁਨੀ ਦਾ ਫਿਕਰ ਭੁਲਾਇਆ ਏ।
ਚਾਣ ਚੱਕ ਆ ਪਈ ਇਕ ਬਿੱਜ[5] ਚਾਤ੍ਰਿਕ ਭੌਜਲ ਰੱਬ ਨੇ ਹੋਰ ਵਿਖਾਇਆ ਏ।
ਜਿਨ੍ਹਾਂ ਜੰਗਲਾਂ ਦਾ ਅਜ ਵਾਸ ਆਹਾ, ਜੇਹੜੇ ਤਾਲ ਤੇ ਖਾਸ ਮੁਕਾਮ[6] ਆਹਾ।
ਜੰਗਲ ਜੰਗਲੀ ਹਾਥੀਆਂ ਵਾਲੜਾ ਸੀ, ਫੇਰਾ ਹਾਥੀਆਂ ਦਾ ਏਥੇ ਆਮ ਆਹਾ।
ਅੱਧੀ ਰਾਤ ਤਲਾਬ ਤੇ ਪੀਣ ਪਾਣੀ, ਆਯਾ ਹਾਥੀਆਂ ਦਾ ਅਜਦਹਾਮ[7] ਆਹਾ।

1. ਕਿਸਮਤ, ਭਾਗ। 2. ਬਿਪਤਾ। 3. ਧਿਆਨ। 4. ਹਾਲਤ, ਵਰਨਣ। 5. ਬਿਜਲੀ, ਏਥੇ ਬਿਪਤਾ ਤੋਂ ਭਾਵ ਹੈ।
6. ਟਿਕਾਣਾ। 7. ਵੱਡਾ ਝੁੰਡ।

ਅਗੋਂ ਵੇਖ ਕੇ ਸਰੇ-ਤਾਲਾਬ[1] ਲਗੀ, ਨਵੇਂ ਹਾਥੀਆਂ ਦੀ ਧੂਮ ਧਾਮ ਆਹਾ।
ਵੇਖ ਓਪਰੇ ਹਾਥੀਆਂ ਬੜਿਆਂ ਨੂੰ, ਹੋਏ ਨਾਲ ਗੁੱਸੇ ਬੇ ਲਗਾਮ ਆਹਾ।
ਭੜਥੂ ਪਾਇਆ ਆਣ ਕੇ ਚਾਤ੍ਰਿਕ ਨੇ,ਰਾਣੀ ਲਈ ਫੈਲਾਇਆ ਦਾਮ ਆਹਾ।
ਦੋਹਾਂ ਪਾਸਿਆਂ ਤੋਂ ਸ਼ੁਰੂ ਜੰਗ ਹੋਇਆ, ਚੀਕਾਂ ਮਾਰ ਕੇ ਟਕਰਾਂ ਲਾਂਵਦੇ ਨੇ।
ਧਾੜ ਧਾੜ ਚਿੰਘਾੜ ਚਿੰਘਾੜ ਆਵੇ, ਬੋਲ ਬੋਲ ਕੇ ਸ਼ੋਰ ਮਚਾਂਵਦੇ ਨੇ।
ਨਾਲ ਕ੍ਰੋਧ ਚੰਡਾਲ ਬਿਕ੍ਰਾਲ ਹੋ ਕੇ, ਭਾਈ ਭਾਈਆਂ ਦੀ ਅਲਖ ਲਾਂਹਵਦੇ ਨੇ।
ਸਾਰੇ ਕਾਫਲੇ ਵਾਲਿਆਂ ਸੁਤਿਆਂ ਨੂੰ, ਪੈਰਾਂ ਹੇਠ ਲਿਤਾੜ ਮਰਾਂਵਦੇ ਨੇ।
ਸੱਥਰ ਲਾਹ ਦਿਤੇ ਕਈਆਂ ਰਾਹੀਆਂ ਦੇ, ਕਈ ਨੱਸ ਕੇ ਜਾਨ ਬਚਾਂਵਦੇ ਨੇ।
ਸੱਟ ਪੇਟ ਤੇਂ ਰਿਹਾ ਨਾ ਇਕ ਖਾਲੀ, ਆਪੋ ਆਪਣਾ ਦੁਖ ਸੁਣਾਂਵਦੇ ਨੇ।
ਬਾਰੇ[2] ਰਬ ਨੇ ਠੰਢ ਵਰਤਾ ਦਿਤੀ, ਹਾਥੀ ਜੰਗਲੀਂ ਜੰਗਲੀਂ ਜਾਂਵਦੇ ਨੇ।
ਚਾਤ੍ਰਿਕ ਵੇਖ ਕੇ ਅਮਨ ਹੋਯਾ, ਅਹਿਲ-ਕਾਫਲਾ[3] ਮਤਾ ਪਕਾਂਵਦੇ ਨੇ।

ਸੌਦਾਗਰਾਂ ਨੇ ਰਾਣੀ ਦਮਯੰਤੀ ਨੂੰ ਮਾਰ ਦੇਣ ਦੀ ਸਲਾਹ ਕਰਨੀ

ਰਲੀ ਜਦੋਂ ਦੀ ਨਾਲ ਚੁੜੇਲ ਸਾਡੇ, ਏਸ ਸਬਜ਼ ਕਦਮੀ[4] ਵਖਤ ਪਾਇਆ ਏ।
ਦਿਸੀ ਜਦੋਂ ਦੀ ਚੰਦਰੇ ਮੂੰਹ ਵਾਲੀ, ਕੋਈ ਸੁਖ ਦਾ ਸਾਹ ਨਾ ਆਇਆ ਏ।
ਜੀਕਰ ਆਪ ਸੀ ਰਬ ਦੀ ਮਾਰ ਵਗੀ, ਤੀਕਰ ਆਪਣੇ ਨਾਲ ਬਣਾਇਆ ਏ।
ਅਗੇ ਕਦੀ ਏਹ ਹਾਲ ਨਾ ਵੇਖਿਆ ਸੀ, ਜੇਹਾ ਏਸ ਨੇ ਅਜ ਵਿਖਾਇਆ ਏ।
ਹਾਥੀ ਹਾਥੀਆਂ ਨਾਲ ਲੜਵਾਇ ਕੇ ਤੇ, ਪੈਰਾਂ ਹੇਠ ਲਿਤਾੜ ਮਰਵਾਇਆ ਏ।
ਲੇਖਾਂ ਸੜੀ ਨੇ ਸਾੜਿਆ ਨਾਲ ਸਾਨੂੰ, ਜ਼ਖਮੀ ਸੁਤਿਆਂ ਪਿਆ ਕਰਵਾਇਆ ਏ।
ਇਹਦੇ ਅਮਲ[5] ਦਾ ਮਜ਼ਾ ਚਖਾ ਦੇਈਏ ਜਿਹਾ ਏਸ ਨੇ ਮਜ਼ਾ ਚਖਾਇਆ ਏ।
ਮਾਰੋ ਜਾਨ ਤੋਂ ਏਸ ਬਦਜ਼ਾਤ ਤਾਈਂ ਡਾਢਾ ਏਸ ਕਲੇਸ਼ ਦਿਵਾਇਆ ਏ।
ਫੜੋ ਤੇਗ ਤੇ ਕਰੋ ਜੁਦਾ[6] ਗਰਦਨ, ਏਸ ਚੰਦਰੀ ਬੁਰਾ ਸਤਾਇਆ ਏ।
ਚਾਤ੍ਰਿਕ ਭੂਤ ਯਾ ਜਿੰਨ ਹੈ ਜੰਗਲਾਂ ਦੀ, ਨਾਲ ਮਕਰ ਦੇ ਮਾਰ ਮੁਕਾਇਆ ਏ।
ਲੋਕੀ ਸਚ ਅਖਾਣ ਏਹ ਪਾਂਵਦੇ ਨੇ, ਜਿਥੇ ਤਤ ਭਲੱਤੜੀ ਜਾਂਵਦੀ ਏ।
ਅਗੋਂ ਤਾਂਦਲੇ ਦਾ ਉਹੋ ਹਾਲ ਹੋਵੇ, ਜ਼ਰਬੁਲ ਮਿਸਲ[7] ਏਥੇ ਠੀਕ ਆਂਵਦੀ ਏ।
ਦਾਰੂ ਥੁੜੇ[8] ਦਾ ਲਖ ਹਜਾਰ ਹੋਵੇ, ਐਪਰ ਥਿੜੀ[9] ਹੋਈ ਠੇਡੇ ਖਾਂਵਦੀ ਏ।
ਜਿਧਰ ਜਾਂਵਦੀ ਓਧਰੋਂ ਮਿਲਨ ਧੱਕੇ, ਖਲਕਤ ਥਿੜੇ ਨੂੰ ਮੁਖ ਨਾ ਲਾਂਵਦੀ ਏ।
ਇਕ ਕੰਤ ਗਿਆ ਦੂਜੀ ਬਣੀ ਝੱਲੀ, ਪਤੀ ਬਾਝ ਨਾਹੀਂ ਕਿਸੇ ਥਾਂਵਦੀ ਏ।
ਕਰਮਾਂ ਮਾਰੀਆਂ ਦਾ ਕੌਣ ਬਣੇ ਵਾਹਰੂ[10], ਕਿਸੇ ਦਾਅ ਅਰਾਮ ਨਾ ਪਾਂਵਦੀ ਏ।

---

1. ਤਲਾ ਉਤੇ। 2. ਜੰਗਲ ਵਿਚ। 3. ਕਾਫਲੇ ਵਿਚ।
4. ਸ਼ਬਦ ਅਰਥ ਹਰੇ ਪੈਰਾਂ ਵਾਲੀ, ਮੁਹਾਵਰੇ = ਭੈੜੇ ਪੈਰਾਂ ਵਾਲੀ, ਕੁਲੱਛਣੀ। 5. ਕੰਮ। 6. ਵਖਰੀ।
7. ਮੁਹਾਵਰੇ, ਅਖਾਉਤ, ਭਾਵ ਜਿਥੇ ਜਾਵੇ ਤੱਤ ਭਲੱਤੀ ਤਾਂਦਲਾ ਵਿਕੇ ਓਸੇ ਦੀ ਹੱਟੀ। 8. ਜਿਸ ਕੋਲ ਕੋਈ ਚੀਜ ਨਾ ਹੋਵੇ।
9. ਥਿੜਕੀ, ਖੁੰਝੀ, ਭੁੱਲੀ। 10. ਸਹਾਇਤਾ ਕਰਨ ਵਾਲਾ।

ਲੋਕਾਂ ਆਉਂਦਿਆਂ ਵੇਖ ਕੇ ਲਾਲ ਗੁੱਸੇ, ਖੌਫ ਖਾ ਅਗੇ ਉਠ ਧਾਂਵਦੀ ਏ।
ਹਾਲ ਹਾਲ ਕਰ ਲਾਠੀਆਂ ਨਾਲ ਆਏ, ਪਈ ਧਾੜ ਏਹ ਸ਼ੋਰ ਮਚਾਂਵਦੀ ਏ।
ਮਾਰੋ, ਮਾਰ ਘੱਤੋ, ਜਾਣ ਦਿਓ ਨਹੀਂ ਏਹ ਚੁੜੇਲ ਜਾਨ ਮੁਕਾਂਵਦੀ ਏ।
ਰਾਣੀ ਦੌੜ ਨਾ ਵੇਖਿਆ ਰਾਹ ਖੇਹੜਾ, ਨੱਸ ਭੱਜ ਕੇ ਜਾਨ ਬਚਾਂਵਦੀ ਏ।
ਨੱਸੇ ਆਂਵਦੇ ਕਰਨ ਨੂੰ ਘਾਤ ਇਸ ਦਾ, ਕਰਾਮਾਤ, ਪਰ ਰਾਤ ਵਿਖਾਂਵਦੀ ਏ।
ਪਾ ਕੇ ਅੰਧ ਅੰਧੇਰ ਦੇ ਵਿਚ ਪੜਦਾ, ਆਈ ਸ਼ਰਨ ਨੂੰ ਤੁਰਤ ਛਪਾਂਵਦੀ ਏ।
ਓਹਲੇ ਹੋ ਗਈ ਭਜ ਕੇ ਅੱਖੀਆਂ ਤੋਂ, ਸ਼ੁਕਰ ਰੱਬ ਦਾ ਫੇਰ ਮਨਾਂਵਦੀ ਏ।
ਚਾਤ੍ਰਿਕ ਬੈਠਕੇ ਕਰਨ ਵਿਰਲਾਪ ਲੱਗੀ, ਭਾਗ ਆਪਣੇ ਪਈ ਸਲਾਂਹਵਦੀ ਏ।
ਹਾਇ ਕਿਸਮਤੇ ਮੁਢ ਦੀ ਵੈਰਨੇ ਨੀ, ਮੇਰੇ ਨਾਲ ਕਾਹਦਾ ਤੇਰਾ ਵੈਰ ਅੜੀਏ।
ਜਿਥੇ ਜਾਂ ਅਰਾਮ ਨਾ ਥਾਂ ਲੱਭਣ, ਓਥੇ ਧਰਨ ਦਾ ਦੇਨੀ ਏਂ ਪੈਰ ਅੜੀਏ।
ਸੜੀ ਸਾੜ ਕੇ ਬੜੀ ਪਰਸੰਨ ਹੋਵੇਂ ਹੋਵੇ ਖੈਰ ਤਾਂ ਕਰੇਂ ਬਦਖੈਰ ਅੜੀਏ।
ਪਈਓਂ ਕਾਸ ਨੂੰ ਟੁਟ ਕੇ ਮਗਰ ਮੇਰੇ, ਕੋਈ ਰਿਹਾ ਨਾ ਮੁਝ ਬਗੈਰ ਅੜੀਏ।
ਮੈਂ ਬੇਪਰੀ[1] ਤੇ ਕਹੀ ਬੇਦੀਨ[2] ਹੋ ਕੇ, ਕਰੇਂ ਸਖਤੀਆਂ ਦੇ ਪਈ ਫੇਰ* ਅੜੀਏ।
ਚਾਤ੍ਰਿਕ ਮੇਹਰ ਕਰ ਜਾਨ ਨਿਮਾਨੜੀ ਤੇ, ਢੂੰਡ ਹੋਰ ਜਾਕੇ ਐਰ ਗੈਰ ਅੜੀਏ।

ਕਵੀਓ ਵਾਚ

ਅਧੀ ਰਾਤ ਤੇ ਮਗਰ ਅਫਾਤ[3] ਲਗੀ, ਜੰਗਲ ਵਾਸਤੇ ਸਾਥ ਨਾ ਨਾਲ ਕੋਈ।
ਛੁਟਾ ਰਾਜ ਤੇ ਸੜੇ ਨਸੀਬ ਹੋਏ, ਦਸੇ ਪਤੀ ਦਾ ਨਾ ਆ ਕੇ ਹਾਲ ਕੋਈ।
ਵਾਜੀ ਹੋਈ ਮਾਸੂਮ ਅੰਞਾਣਿਆਂ ਤੋਂ, ਕਿਤੇ ਲੱਭਦਾ ਨਾ ਹਮ-ਖਿਆਲ[4] ਕੋਈ।
ਏਧਰ ਸ਼ੇਰ ਓਧਰ ਦੁਸ਼ਮਨ ਜਿੰਦੜੀ ਦੇ ਦਿਸੇ ਦੁਖ ਦਾ ਨਾ ਸਾਂਝੀਵਾਲ ਕੋਈ।
ਸਾਰੇ ਪਾਸਿਓਂ ਚੌੜ ਚੁਪੱਟ ਹੋਈ, ਲਭੇ ਸੁਖ ਨਾ ਰਤੀ ਰਵਾਲ ਕੋਈ।
ਏਸ ਦੁਖ ਦਾ ਠੀਕ ਅੰਦਾਜ ਕਰਨਾ, ਹੈ ਮੁਹਾਲ ਕੀ ਕਰੇ ਖਿਆਲ ਕੋਈ।
ਹਾਲ ਜੰਗਲਾਂ ਦੇ ਕੀਕਰ ਜਾਣ ਸਕੇ, ਬੈਠਾ ਮੌਜ ਥੀਂ ਵਿਚ ਅਯਾਲ ਕੋਈ।
ਕਿਸੇ ਅਹਿਲ ਇਕਬਾਲ[5] ਨੂੰ ਖਬਰ ਕਾਹਦੀ ਕੀਕਰ ਭੋਗਦਾ ਦੁਖ ਕੰਗਾਲ ਕੋਈ।
ਤੰਦਰੁਸਤ ਕੀ ਦੁਖ ਦੀ ਸਾਰ ਜਾਣੇ, ਕੀਕਰ ਝਲਦਾ ਰੋਗ ਦੀ ਝਾਲ ਕੋਈ।
ਜਿਨੂੰ ਲਗਦੀ ਪਏ ਮਲੂਮ ਉਸ ਨੂੰ ਰਬਾ ਪਏ ਨਾ ਦੁਖ ਦੇ ਜਾਲ ਕੋਈ।
ਕੌਣ ਪੀੜ ਪਰਾਈ ਨੂੰ ਜਾਣ ਸਕੇ, ਸਮਝੇ ਦੁਖੀ ਦਾ ਹਾਲ ਬੇਹਾਲ ਕੋਈ।
ਚਾਤ੍ਰਿਕ ਕਿਸੇ ਦੇ ਦੁਖ ਤੇ ਰੋਣ ਵਾਲਾ, ਵਿਰਲਾ ਦਿਸਦਾ ਗੁਰੂ ਦਾ ਲਾਲ ਕੋਈ।

---

* ਅੰਗਰੇਜ਼ੀ ਸ਼ਬਦ ਫਾਇਰ (ਗੋਲੀ ਚਲਾਉਣੀ) ਦਾ ਪੰਜਾਬੀ ਰੂਪ ਹੈ।
1. ਟੁੱਟੇ ਖੰਭਾਂ ਵਾਲੀ। 2. ਧਰਮ ਰਹਿਤ। 3. ਬਿਪਤਾ। 4. ਆਪਣੇ ਵਾਂਗੂੰ ਸੋਚਣ ਵਾਲਾ, ਸਾਥੀ।
5. ਇਕਬਾਲ ਵਾਲਾ (ਤੇਜ ਪ੍ਰਤਾਪ ਵਾਲਾ)।

ਰੁਦਨ ਕਰਨਾ ਰਾਣੀ ਦਮਯੰਤੀ

ਹੁਣ ਤਾਂ ਪਿਆਰਿਆਂ ਕਰੀਂ ਕੁਝ ਤਰਸ ਦਿਲ ਵਿਚ,
ਰੈਹ ਗਈ ਹੋਰ ਬਾਕੀ ਕੇੜ੍ਹੀ ਗੱਲ ਸਾਂਈਆਂ।
ਵਿਛੜ ਤੁਧ ਤੋਂ ਬਹੁਤ ਖੁਵਾਰ ਹੋਈ, ਬੇਸ਼ੁਮਾਰ ਚੁਕੀ ਦੁਖ ਝੱਲ ਸਾਂਈਆਂ।
ਹੁਣ ਤਾਂ ਮੋੜ ਮੁਹਾਰ ਇਕ ਵਾਰ ਮੁੜ ਕੇ, ਦੁਖੀ ਬੀਤਦਾ ਏ ਇਕ ਇਕ ਪਲ ਸਾਂਈਆਂ।
ਕੇਹੜਾ ਸੱਲ ਰਹਿਆ ਬਾਕੀ ਦੇਣ ਵਾਲਾ, ਮਾਰ ਸੁਟਣਾ ਈਂ ਸੱਲ ਸੱਲ ਸਾਂਈਆਂ।
ਰੋਂਦੇ ਰੋਂਦਿਆਂ ਦਰਦ ਫ਼ਿਰਾਕ[1] ਅੰਦਰ, ਰਿਹਾ ਅੱਖੀਆਂ ਵਿਚ ਨਾ ਜਲ ਸਾਂਈਆਂ।
ਤੂੰ ਨਾ ਸੁਣੇ ਜੇ ਬਾਹੁੜੀ ਦੁਖੀਆਂ ਦੀ, ਮੈਂ ਪੁਕਾਰ ਪਾਵਾਂ ਕਿਥੇ ਚਲ ਸਾਂਈਆਂ।
ਕੋਈ ਕਰੇ ਨਾ ਸਾਥ ਨਿਮਾਨੜੀ ਦਾ, ਕੀਕਰ ਪਹੁੰਚ ਸਕਾਂ ਤੇਰੇ ਵਲ ਸਾਂਈਆਂ।
ਸਕਾਂ ਉਡ ਨਾ ਰਬ ਨੇ ਖੰਭ ਦਿਤੇ, ਲੱਤਾਂ ਵਿਚ ਨਾ ਰਹਿ ਗਿਆ ਬਲ ਸਾਂਈਆਂ।
ਪਿੱਛਾ ਦੂਰ ਰਹਿਆ ਪਿਛੇ ਮੁੜਾਂ ਕੀਕਰ, ਪਿਛੇ ਮੁੜੀ ਦੀ ਰਹੇ ਨਾ ਭੱਲ ਸਾਂਈਆਂ।
ਅੱਗ ਦਿਸਦਾ ਵਾਂਗ ਖਜਰ ਉਚਾ, ਨਾਲ ਕਿਸ ਤਾਂ ਦੇ ਮਿਲੇ ਫਲ ਸਾਂਈਆਂ।
ਤੇਰੀ ਮੋਹਰ ਬਗੈਰ ਨਾ ਵਾਹ ਕੋਈ, ਤੇਰੇ ਹੱਥ ਸਾਰੀ ਸਾਡੀ ਗੱਲ ਸਾਂਈਆਂ।
ਭਾਵੇਂ ਮਾਰ ਸੁਟੀਂ ਭਾਵੇਂ ਰਖ ਲੇਵੀਂ, ਭਾਵੇਂ ਕਰੀਂ ਗੁਸਾ ਭਾਵੇਂ ਢਲ ਸਾਂਈਆਂ।
ਛੇਤੀ ਬਹੁੜ ਨਾ ਜਿੰਦ ਨਿਰਾਸ ਰਖੀਂ, ਆਈ ਤੁਧ ਦੇ ਬਾਝ ਤਰਥੱਲ ਸਾਂਈਆਂ।
ਏਸ ਹਿਜਰ ਦੇ ਸੱਲ ਨਾ ਸੈਹਣ ਜੋਗੀ, ਜਾਨ ਨਿਕਲ ਜਾਸੀ ਅਜ ਠਲ ਸਾਂਈਆਂ।
ਸਿੱਕਾ ਸਿੱਕਦੀ ਜਿੰਦ ਦੀਦਾਰ ਤਾਂਈ, ਕਿਸੇ ਪਾਸਿਓਂ ਪਏ ਨਾ ਕੱਲ ਸਾਂਈਆਂ।
ਠੰਢ ਪਏ ਨਿਮਾਨੜੀ ਜਿੰਦ ਤਾਈਂ, ਕੋਈ ਸੁਖ ਸੁਨੇਹੜਾ ਘੱਲ ਸਾਂਈਆਂ।
ਰੋੜ੍ਹੀ ਜਾਂਵਦੀ ਰੋਜ਼ ਬਰੋਜ਼ ਮੈਨੂੰ ਏਸ ਹਿਜਰ ਦਰਯਾ ਦੀ ਛੱਲ ਸਾਂਈਆਂ।
ਚਾਤ੍ਰਿਕ ਪਿਆ ਪਰੇਮ ਦਾ ਵਹਿਣ ਵੱਗੇ, ਹੋਵੇ ਅੱਖੀਆਂ ਥੀਂ ਜਲ ਥਲ ਸਾਂਈਆਂ।

ਗਜ਼ਲ ਰਾਗ ਆਸ, ਤਾਲ ਚੰਚਲ ਲੈ ਦਰਮਿਆਨੀ
ਤਰਜ਼—ਖੇਡਨ ਦੇ ਦਿਨ ਚਾਰ ਨੀ ਮਾਏ

ਦੁਖੀਆਂ ਨੂੰ ਲੈ ਚਲ ਨਾਲ ਵੇ ਪੀਆ, ਦੁਖੀਆਂ ਨੂੰ ਲੈ ਚਲ ਨਾਲ—ਵੇ ਪੀਆ।
ਦਰਦਾਂ ਵੰਞਾਣੀ ਮੈਂ ਹੋਈ ਦੀਵਾਨੀ ਫਕਰਾਂ ਮਲੰਗਾਂ ਦੇ ਹਾਲ—ਵੇ ਪੀਆ।
ਹੋਈ ਸੁਦਾਇਣ ਮੈਂ ਢੂੰਡਾਂ ਖੁਦਾਈ, ਹਿਜਰ ਤੇਰੇ ਨੇ ਜਾਨ ਜਲਾਈ।
ਬਿਰਹੋਂ ਦੇ ਭਾਂਬੜ ਬਾਲ—ਵੇ ਪੀਆ।
ਦੋਹਰਾ—ਕੋਇਲ ਕੂਕੇ ਅੰਬ ਨੂੰ ਮੈਂ ਕੂਕਾਂ ਦਿਲਦਾਰ।
ਜੰਗਲ ਬੇਲਾ ਕੂਕਦਾ ਮੇਰੀ ਸੁਣ ਸੁਣ ਹਾਲ ਪੁਕਾਰ, —ਵੇ ਪੀਆ।
ਵਿਰਦ ਕਰਾਂ ਵਿਚ ਜੰਗਲਾਂ ਬਾਰਾਂ, ਪੀਆ ੨ ਕਰ ਵਾਜਾਂ ਮੈਂ ਮਾਰਾਂ।
ਬਨ ਬਨ ਰਹੀਆਂ ਮੈਂ ਭਾਲ—ਵੇ ਪੀਆ।
ਦੋਹਰਾ—ਬੁਲਬੁਲ ਗੁਲ ਨੂੰ ਤਰਸਦੀ, ਮੈਂ ਤਰਸਾਂ ਗੁਲਫਾਮ[2]।
ਬ੍ਰਿਹੋਂ ਕੀਤਾ ਬਾਵਰੀ ਸ਼ਾਮ ਪਈ ਬਿਨ ਸ਼ਾਮ,—ਵੇ ਪੀਆ।

---
1. ਵਿਛੋੜਾ। 2. ਫੁੱਲ ਦੇ ਰੰਗ ਦੀ।

ਨੈਨ ਕਰੇਂਦੇ ਗਿਰੀਆਂ ਜ਼ਾਰੀ, ਆਈ ਲਬਾਂ ਤੇ ਜਾਨ ਵਿਚਾਰੀ।
ਇਕ ਵਾਰ ਮੁਖੜਾ ਵਿਖਾਲ—ਵੇ ਪੀਆ।
ਦੋਹਰਾ—ਘਨਹਰ ਆਏ ਵੇਖ ਕੇ ਮੋਰ ਮਚਾਵਨ ਸ਼ੋਰ।
ਬ੍ਰਿਹੋਂ ਜਲਾਈ ਜਾਲਦੇ ਬਾਲਮ[1] ਬਿਨ ਘਨਘੋਰ,—ਵੇ ਪੀਆ।
ਸਫਰ ਦੁਰਾਡਾ ਜੂਹ ਬਿਗਾਨੀ, ਛਡ ਤੁਰਿਆ ਮੈਨੂੰ ਪੀਆ ਗੁਮਾਨੀ।
ਚਾਤ੍ਰਿਕ ਵਾਂਗ ਨਿਢਾਲ,—ਵੇ ਪੀਆ।
ਦੁਖੀਆਂ ਨੂੰ ਲੈ ਚਲ ਨਾਲ।

ਬਾਰਾਂਮਾਹ, ਵਿਜੋਗ, ਜ਼ਬਾਨੀ ਰਾਣੀ ਦਮਯੰਤੀ

ਚੇਤਰ

ਚੇਤਰ ਮਾਂਹ ਚਿਤਾਰਦੀ ਸਜਣਾਂ ਨੂੰ, ਲੱਗੀ ਭਾਹ ਨਾ ਵਾਹ ਬੁਝਾਨ ਦੀ ਏ।
ਸਾੜ ਸੁਟਿਆ ਹਿਜਰ ਤੰਦੂਰ ਪਾ ਕੇ, ਟੁਟੀ ਆਸ ਨਿਮਾਨੜੀ ਜਾਨ ਦੀ ਏ।
ਬੁਕ ਹੱਡੀਆਂ ਬਾਝ ਨਾ ਵਿਚ ਜੁਸੇ, ਗਈ ਹੋਸ਼ ਮਾਰੀ ਪੀਣ ਖਾਣ ਦੀ ਏ।
ਨੈਨ ਤਰਸਦੇ ਬਰਸਦੇ ਦਿਨ ਰਾਤੀ, ਚਾਤ੍ਰਿਕ ਯਾਦ ਹਰਦਮ ਮੇਹਰਬਾਨ ਦੀ ਏ।
ਦੋਹਰਾ— ਚੇਤਰ ਚਿੱਤ ਉਦਾਸੀਆਂ ਆਵਨ ਉਭੇ ਸਾਹ।
ਜਿੰਦ ਨਿਮਾਣੀ ਤੜਫਦੀ ਪੀਆ ਮਿਲਨ ਦੀ ਚਾਹ।
ਹੁਣ ਚੇਤਰ ਚਿੰਤਾ ਰੋਗ ਲਗਾਇਆ, ਕਾਲ ਦੀ ਚੋਗ ਮੈਂ ਹੁੰਦੀ ਜਾਨੀਆਂ।
ਮੈਂ ਉਠ ਉਠ ਝਾਤ ਪਾਵਾਂ, ਸਗਨ ਮਨਾਵਾਂ, ਕਾਗ ਉਡਾਵਾਂ, ਔਸੀਆਂ ਪਾਨੀਆਂ।
ਮੇਰੇ ਦਿਲ ਵਿਚ ਘਾਟਾ ਪੈਣ, ਨ ਆਵੇ ਚੈਨ, ਵਜਦੀਆਂ ਰੈਹਨ ਹਿਜਰ ਦੀਆਂ ਕਾਨੀਆਂ।
ਏਹ ਚਾਤ੍ਰਿਕ ਬ੍ਰਿਹੋਂ ਤੀਰ, ਗਏ ਦਿਲ ਚੀਰ, ਨਾ ਬਾਕੀ ਧੀਰ ਵੇ ਬਹੁੜ ਗੁਮਾਨੀਆਂ।

ਵਿਸਾਖ

ਚੜ੍ਹਦੇ ਮਾਂਹ ਵਿਸਾਖ ਵਿਸਾਰ ਕੇ ਤੇ, ਪੀਆ ਸੁਤੜੀ ਛੱਡ ਸਿਧਾ ਗਏ।
ਜਾਨ ਸੂਲੜੀ ਦੇ ਉਤੇ ਟੰਗ ਕੇ ਤੇ ਫੇਰ ਅੱਖੀਆਂ ਕੰਡ ਵਲਾ ਗਏ।
ਵਿਚ ਝੱਲ ਦੇ ਸੁਟ ਨਿਮਾਨੜੀ ਨੂੰ, ਜਾਂਦੇ ਸੱਲ ਜੁਦਾਈ ਦਾ ਲਾ ਗਏ।
ਚਾਤ੍ਰਿਕ ਰੋਗ ਵਿਜੋਗ ਦਾ ਲਾ ਗਏ, ਬਿਨਾਂ ਮੁੰਦਰਾ ਜੋਗ ਦਿਵਾ ਗਏ।
ਦੋਹਰਾ—ਚੜ੍ਹੇ ਵਿਸਾਖ ਵਿਜੋਗ ਵਿਚ ਹੋਈਆਂ ਜੋਗਨ ਵਾਂਗ।
ਹਿਰਦਾ ਹੋਇਆ ਛਾਨਣੀ ਬਿਰਹੋਂ ਮਾਰੀ ਸਾਂਗ।
ਹੁਣ ਚੜ੍ਹੇ ਵਿਸਾਖੀ ਮਾਸ, ਅਟਕ ਰਹੇ ਸਾਸ, ਲਗੀ ਤਨ ਆਸ ਮਿਲਾਂ ਦਿਲਦਾਰ ਨੂੰ।
ਮੈਂ ਰੋ ਰੋ ਹਾਲ ਵੰਜਾਵਾਂ, ਹਾੜੇ ਪਾਵਾਂ, ਦੁਖ ਸੁਣਾਵਾਂ, ਜ਼ੰਗਲ ਬਾਰ ਨੂੰ।

1. ਪਿਆਰੇ।

ਮੇਰਾ ਕੋਈ ਨਾ ਦਰਦ ਵੰਡਾਵੇ, ਚੈਨ ਨਾ ਪਾਵੇ, ਪੀਆ ਮਿਲਾਵੇ ਦੁਖੀਆ ਨਾਰ ਨੂੰ।
ਮੈਂ ਚਾਤ੍ਰਿਕ ਹਾੜੇ ਪਾ, ਰਹੀ ਕੁਰਲਾ, ਨਾ ਮਿਲੇ ਦਵਾ ਤੇਰੀ ਬੀਮਾਰ ਨੂੰ।

ਜੇਠ

ਜੇਠ ਮਾਹ ਹਨੇਰ ਦਾ ਲੋ ਚੱਲੇ; ਨਾਲ ਬ੍ਰਿਹੋਂ ਦੀ ਅੱਗ ਨੇ ਤਾਈਆਂ ਮੈਂ।
ਬੇਲੇ ਵਿਚ ਪੁਕਾਰਦੀ .ਹਾਰੰ ਗਈਆਂ, ਕੂਕਾਂ ਮਾਰਦੀ ਵਾਂਗ ਸ਼ੌਦਾਈਆਂ ਮੈਂ।
ਕੇਹੜੇ ਤਾਪ ਦਾ ਪਿਆ ਸਰਾਪ ਆ ਕੇ ਝੱਲੀ ਹੋਈਆਂ ਵਿਚ ਜੁਦਾਈਆਂ ਮੈਂ।
ਚਾਤ੍ਰਿਕ ਚੈਨ ਨਾ ਪਾਂਵਦੇ ਨੈਨ ਪਾਪੀ, ਰੋ ਰੋ ਅੱਖੀਆਂ ਚਾ ਸੁਜਾਈਆਂ ਮੈਂ।
ਦੋਹਰਾ—ਜੇਠ ਜੁਦਾਈਆਂ ਪਾ ਗਏ ਤਰਸ ਨਾ ਆਇਆ ਮੂਲ।
ਬ੍ਰਿਹੋਂ ਬ਼ਾਲਣ ਕੀਤੀਆਂ ਸੀਨੇ ਰੜਕੇ ਸੂਲ।
ਹੁਣ ਚੜ੍ਹਦੇ ਜੇਠ ਜੁਦਾਈਆਂ ਜਦ ਦੀਆਂ ਪਾਈਆਂ, ਵਾਂਗ ਸ਼ੁਦਾਈਆਂ ਕੂਕਾਂ ਮਾਰਦੀ।
ਮੈਂ ਲੈ ਲੈ ਉਭੇ ਸਾਂਹ, ਰਹੀ ਕੁਰਲਾ ਬ੍ਰਿਹੋਂ ਦੀ ਭਾਹ ਮੇਰਾ ਤਨ ਸਾੜਦੀ।
ਮੇਰੇ ਫਿਰੇ ਜਿਗਰ ਵਿਚ ਕਾਤੀ, ਫਟਦੀ ਛਾਤੀ, ਆਈ ਨਾ ਪਾਤੀ ਸ਼ਾਮ ਮੁਰਾਰ ਦੀ।
ਮੈਂ ਚਾਤ੍ਰਿਕ ਕਰ ਕਰ ਯਾਦ ਕਰਾਂ ਫਰਯਾਦ, ਨਾ ਦੇਵੇ ਦਾਦ ਕੋਈ ਦੁਖਯਾਰ ਦੀ।

ਹਾੜ

ਚੜ੍ਹਦੇ ਹਾੜ ਹਾੜੇ ਕਰਦੀ ਜਿੰਦ ਹਾਰੀ ਹੋਈਆਂ ਬਾਵਰੀ ਵਾਸਤੇ ਪਾਨੀਆਂ ਮੈਂ।
ਜਾਨ ਗੁਲਾਂ[1] ਦੀ ਗੁਲ ਗਵਾਇ ਕੇ ਤੇ, ਬੁਲ ਬੁਲ ਵਾਂਗ ਹਮੇਸ਼ ਕੁਰਲਾਨੀਆਂ ਮੈਂ।
ਆਂਹੀ ਭਰਦਿਆਂ ਹਿਜਰ ਦੇ ਰੋਜ਼ ਲੰਘਨ, ਤਾਰੇ ਗਿਣਦਿਆਂ ਰਾਤ ਲੰਘਾਨੀਆਂ ਮੈਂ।
ਆਵੇ ਠੰਢੜੀ ਵਾ ਪਿਆਰਿਆਂ ਦੀ, ਚਾਤ੍ਰਿਕ ਪੀਰ ਫਕੀਰ ਮਨਾਨੀਆਂ ਮੈਂ।
ਦੋਹਰਾ—ਰਾਤ ਹਨੇਰੀ ਕਹਿਰ ਦੀ ਪਾਇਆ ਕਿਹਾ ਹਨੇਰ।
ਪੀਆ ਨਾ ਸੁਣੇ ਪੁਕਾਰ ਨੂੰ ਕੂਕਾਂ ਸੰਝ ਸਵੇਰ।
ਹੁਣ ਚੜ੍ਹੇ ਮਹੀਨੇ ਹਾੜ, ਬ੍ਰਿਹੋਂ ਨੇ ਸਾੜ, ਚਿਖਾ ਤੇ ਚਾੜ੍ਹ ਮੈਂ ਬਾਲਣ ਕੀਤੀਆਂ।
ਓਹ ਰੁਠਾ ਜਾਂਦਾ ਲਾਲ ਤਰਲਿਆਂ ਨਾਲ, ਰਹੀ ਮੈਂ ਟਾਲ ਨਾ ਤੋੜ ਪ੍ਰੀਤੀਆਂ।
ਬਣ ਗਏ ਪੀਆ ਨਿਰਮੋਹ ਕਮਾ ਕੇ ਧ੍ਰੋਹ ਨਿਮਾਣੀ ਕੋਹ ਵਿਦਾਈਆਂ ਲੀਤੀਆਂ।
ਚਾਤ੍ਰਿਕ ਬਿਨ ਦਿਲਦਾਰ ਹੋਈ ਦੁਖਯਾਰ ਨਾ ਉਸਨੂੰ ਸਾਰ ਜੋ ਸਿਰ ਤੇ ਬੀਤੀਆਂ।

ਸਾਵਣ

ਸਾਵਣ ਸੱਜਣਾਂ ਸਾਡਿਆਂ ਖਿਚ ਪਾਈ ਕੰਨੀ ਆਪਣੇ ਗਏ ਕਤਰਾ ਸਾਥੋਂ।
ਬੰਦੀ ਵਾਸਤੇ ਪਾਇ ਮਨਾਇ ਰਹੀ ਚੋਰੀ ਉਠ ਕੇ ਗਏ ਸਿਧਾ ਸਾਥੋਂ।

1. ਫੁੱਲਾਂ।

ਇਕ ਹਾਰ ਦੀ ਵਿਥ ਨਾ ਜਾਇ ਝੱਲੀ, ਗਏ ਵਿਥ ਪਹਾੜਾਂ ਦੀ ਪਾ ਸਾਥੋਂ।
ਚਾਤ੍ਰਿਕ ਰੁਸ ਕੇ ਮੁਖ ਮਰੋੜ ਬੈਠੇ ਜਾਣੇ ਰੱਬ ਕੀ ਹੋਈ ਖਤਾ[1] ਸਾਥੋਂ ?
ਦੋਹਰਾ— ਸਾਵਣ ਆਵਣ ਮੇਘਲੋ ਰੋਵਣ ਜ਼ਾਰੋ ਜ਼ਾਰ।
ਪਾਣੀ ਰੋ ਰੋ ਬਰਸਦੇ ਮੇਰੀ ਸੁਣ ਸੁਣ ਹਾਲ ਪੁਕਾਰ।
ਹੁਣ ਚੜ੍ਹੇ ਮਹੀਨੇ ਸੌਣ ਬਦਲੀਆਂ ਔਣ ਛਮਾਛਮ ਲੌਣ ਝੜੀ ਬਰਸਾਤ ਦੀ।
ਮੈਂ ਹੋਈ ਨਾ ਸੁਖਿਆਰੀ ਕਰ ਕਰ ਜ਼ਾਰੀ ਕਰਾਂ ਗੁਜ਼ਾਰੀ ਦਿਨ ਤੇ ਰਾਤ ਦੀ।
ਸੜ ਬਾਲਣ ਗਈਆਂ ਹੋ ਰੈਨ ਦਿਨ ਰੋ ਰਹੀ ਮੁਖ ਧੋ ਖਬਰ ਨਾ ਗਾਤ[2] ਦੀ।
ਏਹ ਚਾਤ੍ਰਿਕ ਬ੍ਰਿਹੋਂ ਬਲਾ ਪਈ ਆ ਭਾ ਰਹੀ ਤੜਫਾ ਏਹ ਭਾਂਤੋ ਭਾਂਤ ਦੀ।

ਭਾਦਰੋਂ

ਚੜ੍ਹੇ ਭਾਦਰੋਂ ਭੜਕਦੀ ਭਾਹ ਸੀਨੇ, ਜਾਂਦੇ ਸੁਕਦੇ ਨੈਨ ਪਰਾਨ ਮੇਰੇ।
ਪਾਂਧਾ ਪੱਤਰੀ ਵੇਖ ਮਹੂਰਤਾਂ ਦੀ, ਕਦੋਂ ਆਂਵਦੇ ਸ਼ਾਹ ਸੁਲਤਾਨ ਮੇਰੇ।
ਪੈਂਦੀ ਦੱਸ ਨਾ ਚਲਦਾ ਵੱਸ ਕੋਈ ਬਣੇ ਮੌਤ ਦੇ ਸਭ ਸਾਮਾਨ ਮੇਰੇ।
ਦੁਖ ਹਿਜਰ ਦੇ ਚਾਤ੍ਰਿਕ ਚੂਰ ਕੀਤੀ ਬੈਠੇ ਸੁਤਿਆਂ ਪਰਾਨ ਤੜਫਾਨ ਮੇਰੇ।
ਦੋਹਰਾ— ਭਾਦਰੋਂ ਭਉਜਲ ਆ ਗਿਆ ਹੰਝੂ ਦਾ ਦਰਿਯਾ।
ਕਾਂਗ ਚੜ੍ਹੀ ਵਿਚ ਲੈ ਗਿਆ 'ਮੇਰੇ' ਦਿਲ ਦਾ ਚੈਨ ਰੁੜ੍ਹਾ।
ਹੁਣ ਭਾਦੋਂ ਆਯਾ ਛੀਵਾਂ ਕੀਕਰ ਜੀਵਾਂ ਰਾਜ਼ੀ ਥੀਵਾਂ ਬਾਝ ਪਿਆਰਿਆਂ।
ਹੁਣ ਬੈਠਾ ਹੋ ਕਿਨਾਰੇ ਝਾਤ ਨਾ ਮਾਰੇ ਅਸੀਂ ਵਿਚਾਰੇ ਔਗਣਹਾਰਿਆਂ।
ਮੈਂ ਖਲੀ ਉਡੀਕਾਂ ਰਾਹ ਰਹੀ ਕੁਰਲਾ ਕਰਾਂ ਨਿਰਬਾਹ ਮੈਂ ਗਿਣ ਗਿਣ ਤਾਰਿਆਂ।
ਹੁਣ ਚਾਤ੍ਰਿਕ ਇਕ ਦਿਨੇ ਆ ਭੜਕ ਦੀ ਭਾਹ ਸ਼ਾਹ ਵਰਤਾ ਹਿਜਰ ਦਿਆ ਸਾੜਿਆ।

ਅਸੂ

ਅਸੂ ਮਾਹ ਉਡੀਕਦੀ ਸਜਣਾਂ ਨੂੰ, ਚੇਟਕ ਲਾ ਕੇ ਪੀਆ ਦਿਲਦਾਰ ਤੁਰ ਗਏ।
ਪੁਛੀ ਵਾਤ ਨਾ ਆਨ ਕੇ ਫੇਰ ਮੇਰੀ, ਚੇਤਾ ਯਾਰ ਦਾ ਦਿਲੋਂ ਵਿਸਾਰ ਤੁਰ ਗਏ।
ਘਾਇਲ ਹੋਈਆਂ ਦਰਦ ਫਿਰਾਕ ਅੰਦਰ ਖੂਨੀਂ ਹਿਜਰ ਦੀ ਫੇਰ ਤਲਵਾਰ ਤੁਰ ਗਏ।
ਚਾਤ੍ਰਿਕ ਆਨ ਕੇ ਵੇਖਸੇਂ ਖਾਕ ਮੁੜ ਕੇ ਤੇਰੇ ਹਿਜਰ ਦੇ ਜਦੋਂ ਬੀਮਾਰ ਤੁਰ ਗਏ।
ਦੋਹਰਾ— ਅਸੂ ਆਸਾਂ ਲੱਗੀਆਂ ਖੜੀ ਉਡੀਕਾਂ ਕਾਗ।
ਗਿਣ ਗਿਣ ਪਾਵਾਂ ਔਸੀਆਂ ਪੀਆ ਮਿਲਨ ਦੀ ਆਸ।
ਹੁਣ ਚੜ੍ਹਦੇ ਅਸੂ ਮਾਸ, ਪੀਆ ਨਹੀਂ ਪਾਸ, ਜੰਗਲ ਦਾ ਵਾਸ ਮੈਂ ਖੇਹ ਉਡਾਨੀਆਂ।
ਉਡ ਦਸ ਦਰਖਤੋਂ ਕਾਵਾਂ, ਚੂਰੀ ਪਾਵਾਂ, ਘੋਲ ਘੁਮਾਵਾਂ ਸਦਕੇ ਜਾਨੀਆਂ।

---
1. ਗਲਤੀ, ਭੁੱਲ। 2. ਹਾਲਤ, ਗਤੀ।

ਕਦ ਮੋੜੇਂ ਪੀਆ ਮੁਹਾਰ, ਮੈਂ ਵਿਚ ਬਾਰ, ਹਾਲ ਪੁਕਾਰ ਹਾੜੇ ਪਾਨੀਆਂ।
ਮੈਂ ਚਾਤ੍ਰਿਕ ਨਿਤ ਉਡੀਕਾਂ, ਪੀਆ ਰਫੀਕਾ[1], ਮਾਰਾਂ ਚੀਕਾਂ ਬਾਝੋਂ ਜਾਨੀਆਂ।

ਕੱਤਕ

ਕੱਤਕ ਕੂਕਦੀ ਫਿਰਾਂ ਮੈਂ ਵਾਂਗ ਜੋਗਨ, ਲਗੇ ਪਤਾ ਨਾ ਕਿਤੇ ਪਿਆਰਿਆਂ ਦਾ।
ਜੁਲਫਾਂ ਕਾਲੀਆਂ ਵਿਚ ਬਿਭੂਤ ਪਾਈ, ਅਲਫੀ ਗਲੇ ਤੇ ਭੇਸ ਵਿਚਾਰਿਆਂ ਦਾ।
ਦਰ ਦਰ ਅਲਖ ਜਗਾਨੀਆਂ ਸ਼ਾਮ ਬਾਝੋਂ, ਮੰਗਾਂ ਖੈਰ ਦਿਲਦਾਰ ਦਵਾਰਿਆਂ ਦਾ।
ਚਾਤ੍ਰਿਕ ਝੋਲਤੀ ਖੈਰ ਨਾ ਪਾਵਨਾ ਏਂ, ਕੀ ਗੁਨਾਹ ਸਾਂਈਆਂ ਔਗਣਹਾਰਿਆਂ ਦਾ।
ਦੋਹਰਾ— ਕੱਤਕ ਕਰਮਾਂ ਵਾਲਿਆਂ ਰਹੀਆਂ ਚੋਜ ਮਨਾ।
ਰਾਵਣ ਕੰਤ ਪਿਆਰੀਆਂ ਗਲ ਵਿਚ ਬਾਂਹੀ ਪਾ।
ਹੁਣ ਕੱਤਕ ਕਰਾਂ ਪੁਕਾਰ ਮੇਰੇ ਦਿਲਦਾਰ[2] ਛੋਡ ਘਰ ਬਾਰ ਦਿਸਾਵਰ ਵਸਦੇ।
ਮੈਨੂੰ ਲੋਕੀ ਤਾਨੇ ਮਾਰ, ਚੁਭਾਵਨ ਖਾਰ[3], ਨਿਮਾਣੀ ਨਾਰ ਨੂੰ ਮੁੜ ਮੁੜ ਵਸਦੇ।
ਮੇਰੇ ਪਈ ਜੁਦਾਈ ਭਾਹ ਨਿਕਲਦੀ ਆਹ, ਨੈਨੇ ਝੜ ਲਾ ਛਮਾ ਛਮ ਵਸਦੇ।
ਚਾਤ੍ਰਿਕ ਸੰਦੀ ਤਾਂਘ ਲਗੀ ਤਨ ਸਾਂਗ, ਬ੍ਰਿਹੋਂ ਦੇ ਨਾਗ ਨਿਮਾਣੀ ਡਸਦੇ।

ਮੱਘਰ

ਮੱਘਰ ਮਾਹ ਢੂੰਡਦੀ ਹਾਰ ਗਈਆਂ, ਬਿੰਦ੍ਰਾਬਨ ਦੀਆਂ ਸਾਰੀਆਂ ਕੂੰਜ ਗਲੀਆਂ।
ਸੁੰਞ ਵਸਦੀ ਬਾਰ ਦਿੱਲਦਾਰ ਬਾਝੋਂ, ਵਾਜਾਂ ਮਾਰਨੀ ਹਾਂ ਕਰ ਕਰ ਬਾਂਹ ਖਲੀਆਂ।
ਕੇਹੜੀ ਜਾਹ[4] ਪਿਆਰਿਆ ਲੁਕ ਬੈਠੋਂ, ਰਾਤਾਂ ਰਾਹ ਤਕਾਂਦਿਆਂ ਜਾਨ ਢਲੀਆਂ।
ਚਾਤ੍ਰਿਕ ਪਰਤ ਨਾ ਲਈ ਸੂ ਵਾਤ ਮੁੜ ਕੇ, ਪੀਆ ਗਏ ਜੁਦਾਈਆਂ ਪਾ ਭਲੀਆਂ।
ਦੋਹਰਾ— ਮੱਘਰ ਮਲਦੀ ਹਥ ਹੁਣ ਹਥੋਂ ਪੀਆ ਗੁਆ।
ਦਾਰੂ ਕੋਈ ਨਾ ਸੁਝਦਾ ਬ੍ਰਿਹੋਂ ਬੁਰੀ ਬੁਲਾ।
ਹੁਣ ਮੱਘਰ ਵਜਦਾ ਮਾਰੂ, ਹੋਈਆਂ ਭਾਰੂ, ਕੋਈ ਨਾ ਦਾਰੂ ਪਾਸ ਤਬੀਬ[5] ਦੇ।
ਹੁਣ ਅੱਖਾਂ ਪਲ ਪਲ ਤਰਸਨ, ਛਮ ਛਮ ਵਰਸਨ, ਹੋਸਨ ਦਰਸ਼ਨ ਨਾਲ ਨਸੀਬ ਦੇ।
ਮੈਂ ਫਿਰਾਂ ਬਨਾਂ ਵਿਚ ਕੱਲੀ, ਹੋਈ ਝੱਲੀ, ਦੁਖਾਂ ਸੱਲੀ ਹਿਜਰ[6] ਹਬੀਬ[7] ਦੇ।
ਹੁਣ ਚਾਤ੍ਰਿਕ ਫੇਰਾ ਪਾਵੀਂ ਮੁਖ ਵਿਖਾਵੀਂ ਲਹੂ ਨਾ ਨ੍ਹਾਂਵੀ ਮੁਝ ਗਰੀਬ ਦੇ।

ਪੋਹ

ਚੜ੍ਹਦੇ ਪੋਹ ਪਿਆਰਿਆਂ ਵਿਥ ਪਾਈ ਜਿਸਮ ਹਿਜ਼ਰ ਥੀਂ ਹੋ ਗਿਆ ਨੀਲੜਾ ਏ।
ਨੀਂਦਰ ਭੁਖ ਅਰਾਮ ਹਰਾਮ ਹੋਏ, ਹੋਇਆ ਰੰਗ ਵਿਸਾਰ ਥੀ ਪੀਲੜਾ ਏ।

---

1. ਪਿਆਰਿਆਂ। 2. ਕੰਡੇ। 3. ਥਾਂ। 4. ਹਕੀਮ। 5. ਵਿਛੋੜਾ। 6. ਪਿਆਰਾ। 7. ਦੁਖੀ।

ਹਾੜੇ ਕਢਦੀ ਫਿਰਾ ਜਹਾਨ ਅਗੇ, ਕੋਈ ਬਣੇ ਨਾ ਮੂਲ ਵਸੀਲੜਾ ਏ।
ਚਾਤ੍ਰਿਕ ਹਿਜਰ ਦੇ ਤੀਰ ਜ਼ਹੀਰ[1] ਕੀਤਾ, ਕੇਹੜੀ ਕਰਾਂ ਤਦਬੀਰ ਤੇ ਹੀਲੜਾ ਏ।
ਦੋਹਰਾ— ਪੋਹ ਪੀਆ ਦਿਲਦਾਰ ਬਿਨ ਪਾਲੇ ਪਾਯਾ ਜ਼ੋਰ।
ਪਲ ਪਲ ਸਿਮਰਾਂ ਸੱਜਨਾ ਲਗੀ ਪਰੇਮ ਦੀ ਡੋਰ।
ਹੁਣ ਚੜ੍ਹੇ ਮਹੀਨੇ ਪੋਹ ਲਈ ਤਨ ਖੋਹ, ਕਮਾ ਕੇ ਧਰੋਹ ਗਏ ਉਠ ਰਾਤ ਨੂੰ।
ਉਠ ਗਏ ਪੀਆ ਮੁਖ ਮੋੜ, ਮੁਹੱਬਤ ਤੋੜ ਵਿਲਕਦੀ ਛੋੜ ਨ ਸੁਣਿਆ ਬਾਤ ਨੂੰ।
ਛਡੀ ਸੁਤੀ ਦੁਖੀਆ ਨਾਰ ਤੁਰੇ ਦਿਲਦਾਰ, ਜਾਂਵਦੀ ਵਾਰ ਨਾ ਪਾਯਾ ਝਾਤ ਨੂੰ।
ਮੈਂ ਚਾਤ੍ਰਿਕ ਪੀਆ ਗੁਆ ਕੇ ਮਾਰ ਰਹੀ ਫਾਕੇ, ਕੋਈ ਨਾ ਆ ਕੇ ਪੂਛੇ ਵਾਤ ਨੂੰ।

ਮਾਘ

ਚੜ੍ਹਦੇ ਮਾਘ ਮੈਂ ਓਸ ਦਿਲਦਾਰ ਬਾਝੋਂ, ਕਲੀ ਧੁਪ ਦੇ ਵਿਚ ਕੁਮਲਾ ਗਈਆਂ।
ਗਏ ਰੁਠ ਕੇ ਉਠ ਗਮਰੁਠ ਹੋ ਕੇ, ਮੇਰੇ ਪੇਸ਼[2] ਜੁਦਾਈਆਂ ਆ ਗਈਆਂ।
ਅੱਖਾਂ ਲਗੀਆਂ ਵੱਗੀਆਂ ਹਿਜਰ ਤੇਗਾਂ, ਗਈਆਂ ਠੱਗੀਆਂ ਪੀਆ ਗਵਾ ਗਈਆਂ।
ਚਾਤ੍ਰਿਕ ਦਿਲਾਂ ਦੀਆਂ ਦਿਲ ਵਿਚ ਰਹੀਆਂ, ਜਾਂਦੀ ਵਾਰ ਨਾ ਗੱਲ ਕਰਾ ਗਈਆਂ।
ਦੋਹਰਾ— ਮਾਘ ਮਾਹੀ ਬਿਨ ਦਿਸਦੀ ਦਿਨੇ ਅੰਧੇਰੀ ਰਾਤ।
ਜਾਨ ਲਬਾਂ[3] ਪਰ ਆ ਗਈ ਪੀਆ ਨਾ ਪੂਛੀ ਵਾਤ।
ਹੁਣ ਮਾਘ ਮਹੀਨਾ ਆਯਾ ਬ੍ਰਿਹੋਂ ਸਤਾਯਾ, ਜਿਗਰ ਜਲਾਯਾ ਹੋਈਆਂ ਬਾਵਰੀ।
ਕਿਤੋਂ ਪਯਾਰਾ ਨਜ਼ਰ ਨਾ ਆਵੇ ਆਨ ਬਚਾਵੇ, ਦਰਸ ਦਿਖਾਵੇ ਸੂਰਤ ਸਾਵਰੀ।
ਮੈਂ ਵਿਚ ਹਿਜਰ ਦੇ ਮਰਾਂ, ਦਰਦ ਭਰਾਂ, ਬਨਾਂ ਵਿਚ ਡਰਾਂ ਨਾ ਦੇ ਦਿਲਾਵਰੀ[4]।
ਹੁਣ ਚਾਤ੍ਰਿਕ ਜਾਨ ਨਿਰਾਸੀ, ਫੜੀ ਉਦਾਸੀ, ਮੁੜ ਆਸੀ ਕੰਤ ਦਿਸਾਵਰੀ[5]।

ਫਗਣ

ਫਗਣ ਮਾਹ ਦੇ ਪਿਆਰਿਆਂ ਦੀ ਲਗੀ ਸਿਕ ਨਾ ਮਿਲੇ ਦਿਲਦਾਰ ਆ ਕੇ।
ਅਸੀਂ ਵਿਲਕਦੇ ਵਿਲਕਦੇ ਹੋਏ ਫਾਵੇ, ਲਈ ਸਾਰ ਨਾ ਮੋੜ ਮੁਹਾਰ ਆ ਕੇ।
ਹਿਜਰ ਜਾਨ ਸੁਕਾਇ ਕੇ ਕਢਦਾ ਏ, ਨਹੀਂ ਮਾਰਦਾ ਸਾਫ ਤਲਵਾਰ ਆ ਕੇ।
ਚਾਤ੍ਰਿਕ ਬੀਤਿਆਂ ਸਾਲ ਜਮਾਲ[6] ਬਾਝੋਂ, ਚੋਭੇ ਹਿਜਰ ਜੁਦਾਈ ਦੇ ਖਾਰ[7] ਆ ਕੇ।
ਦੋਹਰਾ— ਬਾਗ ਫਲੇ ਫੂਲ ਨਿਖੜੇ ਫਗਣ ਰੁਤ ਬਸੰਤ।
ਸਈਆਂ ਖੇਲਣ ਹੋਲੀਆਂ ਪਾਸ ਨਾ ਮੇਰੇ ਕੰਤ।
ਹੁਣ ਫਗਣ ਫਿਰਾਂ ਇਕਲੀ ਬਨ ਵਿਚ ਝਲੀ, ਅੱਲਵਲੱਲੀ ਪੀਆ ਵਿਛੁੰਨੀਆਂ।
ਹੁਣ ਸਈਆਂ ਕੰਤਾਂ ਨਾਲ ਉਡੋਣ ਗੁਲਾਲ, ਵੇਖ ਮੈਂ ਹਾਲ ਲੁਕਾਈਆਂ ਰੁੰਨੀਆਂ।
ਮੈਂ ਹਿਜਰ ਢਾਂਡਰੀ ਬਾਲ ਰਹੀ ਤਨ ਜਾਲ, ਸੇਕ ਦੇ ਨਾਲ ਵਿਛੋੜੇ ਭੁੰਨੀਆਂ।
ਸੁਣ ਚਾਤ੍ਰਿਕ ਬਾਰਾਂਮਾਹ ਗੁਜਰ ਗਏ ਆਹ, ਰਹੀ ਦਿਲਚਾਹ ਨਾ ਆਸਾਂ ਪੁੰਨੀਆਂ।

1. ਦੁਖੀ। 2. ਭਾਗ ਵਿਚ, ਸਾਹਮਣੇ। 3. ਬੁੱਲ੍ਹਾਂ। 4. ਧੀਰਜ। 5. ਪਰਦੇਸੀ। 6. ਸੁੰਦਰ ਦਰਸ਼ਨ। 7. ਕੰਡੇ।

ਕਵੀਓ ਵਾਚ

ਰੋਂਦੀ ਵਿਲਕਦੀ ਕੀਰਨੇ ਕਰੀ ਜਾਂਦੀ, ਤੁਰੀ ਜਾਇ ਸੌਦਾਇਨਾਂ ਵਾਂਗ ਯਾਰੋ।
ਬੇ ਹਮਰਾਹ[1] ਬੇਆਸ, ਨਿਰਾਸ ਚੇਹਰਾ, ਤੇ ਬੈਰਾਗਨਾਂ ਵਾਲੜਾ ਸਾਂਗ ਯਾਰੋ।
ਮਿੱਟੀ ਨਾਲ ਭਰੀਆਂ ਪਰੇਸ਼ਾਨ ਜ਼ੁਲਫਾਂ ਲੜਿਆ ਹਿਜਰ ਦਾ ਕਾਲੜਾ ਨਾਗ ਯਾਰੋ।
ਲਾਗਰ[2] ਜਿਸਮ, ਸੀਨਾ ਬਿਰੀਆਂ[3] ਦਸ਼ਮ[4] ਗਿਰਿਆ[5], ਚਾਤ੍ਰਿਕ ਵਾਂਗ ਕੀਤੀ ਬ੍ਰਿਹੋਂ ਤਾਂਘ ਯਾਰੋ।
ਤੁਰੀ ਜਾਂਵਦੀ ਵਲ ਆਬਾਦੀਆਂ ਦੇ, ਐਪਰ ਰਾਹ ਖਹਿੜਾ, ਨਾ ਮਲੂਮ ਇਸ ਨੂੰ।
ਬੇਮੁਹਾਰ ਕਿਧਰ ਚਲੀ ਜਾਂਵਦੀ ਏ, ਏਸ ਗੱਲ ਦਾ ਨਹੀਂ ਮਫਹੂਮ[6] ਇਸ ਨੂੰ।
ਖਬਰੇ ਕਿਦ੍ਹਾ ਦਰਵਾਜ਼ੜਾ ਤੱਕਿਆ ਸੂ, ਕਿਥੇ ਸੁਟਸੀ ਜਾ ਮਕਸੂਮ[7] ਇਸ ਨੂੰ।
ਕਦੋਂ ਹੋਵਸੀ ਮੇਲ ਪਿਆਰਿਆਂ ਦਾ, ਕਿੱਦਨ ਮਿਲਨਗੇ ਬਾਲ ਮਾਸੂਮ ਇਸ ਨੂੰ।
ਕਦੋਂ ਸੁਖਾਂ ਦਾ ਵੇਖਣਾ ਮੂੰਹ ਹੋਸੀ, ਕਦੋਂ ਮਿਲੇਗੀ ਚੈਨ ਦੀ ਭੂਮ ਇਸ ਨੂੰ।
ਚਾਤ੍ਰਿਕ ਅਜੇ ਓਹ ਵਕਤ ਦੁਰਾਡੜਾ ਹੈ ਹਾਲੀ ਫਿਰਨ ਦੇਈਏ ਝੂਮ ਝੂਮ ਇਸ ਨੂੰ।

ਵਿਰਲਾਪ ਰਾਣੀ ਦਮਯੰਤੀ ਦਾ

ਰੱਬਾ ! ਕਿਸ ਤਕਸੀਰ ਨੂੰ ਫੜੀ ਬੰਦੀ, ਮੈਂ ਅਨਾਥ ਦਾ ਨਾਥ ਰੁਸਾਇਆ ਈ।
ਮੇਰੇ ਭਾ ਦੀ ਕਿਤੇ ਨਾ ਰਹੀ ਢੋਈ, ਚੌਂਕਾ ਸਫਨ ਸਫਾਈ ਦਾ ਪਾਇਆ ਈ।
ਜਿਧਰ ਜਾਵਨੀ ਹਾਂ ਓਧਰ ਦੁਖ ਦਿਸਣ, ਭਾਂਬੜ ਚਾਰ ਚੁਫੇਰਯੋਂ ਲਾਇਆ ਈ।
ਖਬਰੇ ਮੇਰੇ ਨਸੀਬ ਦਰਗਾਹ ਵਲੋਂ, ਮੇਰੇ ਵਾਸਤੇ ਦੁਖ ਬਨਾਇਆ ਈ।
ਜੇਕਰ ਕਾਫਲੇ ਵਾਲਿਆਂ ਤਰਸ ਕੀਤਾ, ਨਾਸ ਓਹਨਾਂ ਦਾ ਜਾਨ ਕਰਾਇਆ ਈ।
ਟਿੰਘ ਮਿਲੀ ਸੀ ਇਕ ਉਮੈਦ ਵਾਲੀ, ਉਹ ਭੀ ਜੀਉ ਨਾ ਵੇਖ ਸੁਖਾਇਆ ਈ।
ਖਬਰੇ ਉਮਰ ਦਾ ਦੁਖ ਦਰਗਾਹ ਵਲੋਂ, ਇਕੋ ਵਾਰ ਹੀ ਸਭ ਘਲਾਇਆ ਈ।
ਮੈਂ ਪਸੰਦ ਨਾ ਸਨ ਲੋਕ ਪਾਲ ਕੀਤੇ, ਸ਼ਾਇਦ ਏਸ ਤੋਂ ਰੰਜ ਮਨਾਇਆ ਈ।
ਰੱਬਾ ! ਬਖਸ਼ ਗੁਨਾਹ ਤਕਸੀਰ ਮੇਰੀ, ਦੁਖਾਂ ਬੜਾ ਅੰਧੇਰ ਮਚਾਇਆ ਈ।
ਚਾਤ੍ਰਿਕ ਬਖਸ਼ਣੇਹਾਰ ਤੂੰ ਬੰਦਿਆਂ ਦਾ ਬੰਦਾ ਸਦਾ ਤੋਂ ਭੁਲਦਾ ਆਇਆ ਈ।

ਦੁਖੀ ਹੋ ਕਰ ਕਲੂ ਕਾਲ ਨੂੰ ਸਰਾਪ ਦੇਣਾ ਰਾਣੀ ਦਮਯੰਤੀ ਦਾ

ਸੜੀ ਹੋਈ ਦੀ ਜੀਭ ਨਾ ਰੁਕੇ ਮੇਰੀ, ਨਹੀਂ ਸੀ ਆਖਣੀ ਕਹਾਂ ਕਲਾਮ ਓਹ ਭੀ।
ਜਿਸਨੇ ਤਾਇਆ ਜਾਨ ਬੇਦੋਸੜੀ ਨੂੰ, ਰਬਾ ਬਹੇ ਨਾ ਨਾਲ ਅਰਾਮ ਓਹ ਭੀ।
ਜਿਸਨੇ ਪੀਆ ਵਿਛੋੜਿਆ ਮੁਝ ਪਾਸੋਂ, ਰਹੇ ਤਰਸਦਾ ਉਮਰ ਤਮਾਮ[8] ਓਹ ਭੀ।
ਮੇਰੇ ਪਤੀ ਨੂੰ ਜਿਨੇ ਕੰਗਾਲ ਕੀਤਾ, ਵੇਖੇ ਬੁਰੇ ਦਾ ਬੁਰਾ ਅੰਜਾਮ[9] ਓਹ ਭੀ।
ਪਾਯਾ ਵਖਤ ਸੂ ਅਸਾਂ ਬੇਦੋਸਿਆਂ ਨੂੰ, ਪਾਵੇ ਪਾਪ ਦਾ ਬੁਰਾ ਇਨਾਮ ਓਹ ਭੀ।

---

1. ਬਿਨਾਂ ਸਾਥੀ। 2. ਦੁਬਲੇ, ਮਾੜਾ ਸਰੀਰ। 3. ਸੀਨਾ ਛਾਤੀ ਭੁਜੀ। 4. ਅਖਾਂ। 5. ਰੋਂਦੀਆਂ।
6. ਗਿਆਨ, ਸੋਝੀ। 7. ਕਿਸਮਤ, ਭਾਗ। 8. ਸਾਰੀ। 9. ਨਤੀਜਾ।

ਬੇਕਸੂਰਿਆਂ ਤਾਂਈਂ ਬਦਨਾਮ ਕੀਤਾ, ਹੋਵੇ ਜੱਗ ਦੇ ਵਿਚ ਬਦਨਾਮ ਓਹ ਭੀ।
ਜੀਕਰ ਜਾਨ ਤੜਫੇ ਮੇਰੀ ਹਿਜਰ ਅੰਦਰ, ਤੜਫੇ ਰਬ ਕਰਕੇ ਸੁਬ੍ਹਾ ਸ਼ਾਮ ਓਹ ਭੀ।
ਚਾਤ੍ਰਿਕ ਵਿਲਕਦਾ ਜਿਸ ਤਰ੍ਹਾਂ ਮੇਘ[1] ਬਾਝੋਂ, ਵਿਲਕੇ ਉਮਰ ਸਾਰੀ ਤਿਸ਼ਨਾ ਕਾਮ ਓਹ ਭੀ।

ਕਵਿਓ ਵਾਚ—ਸਮੇਂ ਦਾ ਬਲ, ਜਿਸਨੂੰ ਲੈਣਾ ਦੇਵਤੇ ਵੀ ਲੋਚਦੇ ਸੀ ਅਤੇ ਜਿਸਦੇ ਬੂਹੇ ਤੇ ਹਾਥੀ ਝੂਲਦੇ ਸਨ, ਹੁਣ ਲੀਰ ਕਪੜੇ ਤੋਂ ਵਿਰਵੀ ਰਹਿਕੇ ਵੀ ਆਪਣਾ ਸਤਿ ਨਿਬਾਹ ਰਹੀ ਹੈ

ਵਿਚ ਰੰਗ ਮਹਲ ਦੇ ਰਹਿਣ ਵਾਲੀ, ਵਿਚ ਜੰਗਲਾਂ ਅਜ ਖਵਾਰ ਹੋ ਰਹੀ।
ਰਹਿੰਦੀ ਧੂਮ ਸੀ ਜਿਦੇ ਦਵਾਰਿਆਂ ਤੇ, ਅਜ ਟੁਕਰਾਂ ਖੁਣੋਂ ਲਾਚਾਰ ਹੋ ਰਹੀ।
ਲਖਾਂ ਗੋਲੀਆਂ ਜੀ ਬਹਿਲਾਨ ਜਿਸਦਾ, ਅਜ ਦਾਨ ਤੋਂ ਉਹ ਅਵਾਜਾਰ[2] ਹੋ ਰਹੀ।
ਜਿਨੂੰ ਪਤੀ ਨਾ ਕਦੀ ਵਿਛੋੜਿਆ ਸੀ, ਅਜ ਓਸ ਬਾਝੋਂ ਬੇਕਰਾਰ ਹੋ ਰਹੀ।
ਰੰਗ ਰੰਗ ਦੇ ਕਪੜੇ ਲੈਣ ਵਾਲੀ, ਅਜ ਲੀਰ ਹਥੋਂ ਸ਼ਰਮਸਾਰ ਹੋ ਰਹੀ।
ਅੱਧੀ ਲੀਰ ਸਰੀਰ ਤੇ ਰਹੀ ਬਾਕੀ, ਉਹ ਭੀ ਪਾਟ ਕੇ ਚਾਰ ਲੰਗਾਰ ਹੋ ਰਹੀ।
ਚਿਹਰਾ ਚਮਕਦਾ ਚੰਦ ਸੀ ਮਾਤ ਕਰਦਾ, ਦਿਲ ਫਰੇਬ ਸੂਰਤ[3] ਹਾਲ ਜ਼ਾਰ ਹੋ ਰਹੀ।
ਗੁਲ ਅੰਦਾਮ ਸੀ[4] ਪੀਆ ਗੁਲਫਾਮ[5] ਸੰਦੀ, ਅਜ ਸ਼ਕਲ ਗੁਲ ਦੀ ਵਾਂਗ ਖਾਰ ਹੋ ਰਹੀ।
ਕਦਮ ਦੇਵਤੇ ਚੁੰਮਦੇ ਸਨ ਜਿਸਦੇ, ਖਲਕਤ ਓਸ ਤੋਂ ਅਜ ਬੇਜ਼ਾਰ ਹੋ ਰਹੀ।
ਹਾਥੀ ਝੂਲਦੇ ਜਿਦੇ ਦਰਵਾਜ਼ਿਆਂ ਤੇ, ਪੈਂਡੇ ਨਾਲ ਉਹ ਅਜ ਮੁਰਦਾਰ ਹੋ ਰਹੀ।
ਜੇੜ੍ਹੀ ਚਸ਼ਮ ਚਰਾਗ[6] ਸੀ ਜਗ ਅੰਦਰ ਅਜ ਨਾਲ ਗਮ ਦੇ ਗਿਰੀਆਜ਼ਾਰ[7] ਹੋ ਰਹੀ।
ਚਾਤ੍ਰਿਕ ਕਿਸ ਤਰ੍ਹਾਂ ਪਲਟਿਆ ਆਨ ਪਾਸਾ ਬੇਗੁਨਾਹ ਰਾਣੀ ਗੁਨਾਹਗਾਰ ਹੋ ਰਹੀ।
ਹਰੀ ਚੰਦ ਰਾਜੇ ਸਚ ਬੋਲ ਕੇ ਤੇ, ਪਾਈ ਸਚ ਦੀ ਹੱਦ ਸੰਸਾਰ ਅੰਦਰ।
ਧਰਮ ਰਾਜ ਨੇ ਧਰਮ ਦੀ ਹੱਦ ਕੀਤੀ, ਹਦ ਰਹਿਮ ਦੀ ਹੋਈ ਕਰਤਾਰ ਅੰਦਰ।
ਮਹਾਂ ਦੇਵ[8] ਤੇ ਦੇਵ ਦੀ ਹੱਦ ਹੋਈ, ਸੂਰਜ ਹਦ ਕੀਤੀ ਚਮਤਕਾਰ ਅੰਦਰ।
ਕੀਤੀ ਦਾਨ ਦੀ ਹਦ ਪਾਤਾਲ ਰਾਜੇ, ਹਰਨ ਕਸ਼ਪ[9] ਨੇ ਹਦ ਹੰਕਾਰ ਅੰਦਰ।
ਹਦ ਪੰਛੀਆਂ ਦੀ ਹੋਈ ਗਰੁੜ੍ਹ ਉਤੇ, ਚੰਦ ਹਦ ਪਾਈ ਠੰਡ ਠਾਰ ਅੰਦਰ।
ਹਦ ਰੂਪ ਦੀ ਮੋਹਨੀ ਰੂਪ ਉਤੇ, ਹਦ ਸੁਖਾਂ ਦੀ ਦਸਮ ਦੁਆਰ ਅੰਦਰ।
ਹਦ ਬਾਗ ਸੁਹਾਗ ਦੀ ਲਛਮੀ[10] ਹੈ, ਭੀਮ ਸੈਨ[11] ਦੀ ਹਦ ਬਲਕਾਰ ਅੰਦਰ।
ਹੋਈ ਦੁਖ ਦੀ ਹਦ ਦਮਯੰਤੜੀ ਤੇ, ਚਾਤ੍ਰਿਕ ਹਦ ਕੀਤੀ ਗੁਨਾਹਗਾਰ ਅੰਦਰ।

ਪਹੁੰਚਣਾ ਰਾਣੀ ਦਮਯੰਤੀ ਦਾ ਆਬਾਦੀ ਵਿਚ

ਪਿਆਰੀ ਪੀਆ ਦੀ ਸਿਮਰਦੀ ਨਾਮ ਮਾਲਾ, ਪਹੁੰਚੀ ਵਿਚ ਆਬਾਦੀਆਂ ਆਨ ਯਾਰੋ।
ਸਾਥ ਛਡਿਆ ਸ਼ੇਰ ਬਘੇਲਿਆਂ ਦਾ, ਪਿਆ ਵਾਹ ਹੁਣ ਨਾਲ ਇਨਸਾਨ ਯਾਰੋ।

---

1. ਮੀਂਹ, ਬਦਲ। 2. ਦੁਖੀ, ਤੰਗ। 3. ਮਨਮੋਹਨੀ ਸੂਰਤ। 4. ਫੁਲ ਵਰਗੀ ਨਾਜ਼ਕ ਸੀ।
5. ਫੁਲ ਦੇ ਰੰਗ ਵਾਲੇ ਪਿਆਰੇ ਦੀ। 6. ਅਖਾਂ ਦਾ ਦੀਵਾ, ਨੈਣਾਂ ਦੀ ਜੋਤ। 7. ਦੁਖੀ, ਰੋਣ-ਹਾਕੀ। 8. ਸ਼ਿਵ ਜੀ।
9. ਭਗਤ ਪ੍ਰਹਿਲਾਦ ਦਾ ਪਿਉ, ਰਾਜਾ। 10. ਪਾਰਬਤੀ ਜਾਂ ਧਨ ਦੀ ਦੇਵੀ। 11. ਮਹਾਂਬਲੀ ਭੀਮ ਸੈਨ।

ਦਿਸੀ ਆਦਮੀ ਜੂਨ ਹਮ ਜਿਨਸ ਅਖੀਂ ਛੁਟਾ ਬਾਦ ਮੁਦਤ ਬੀਆਬਾਨ ਯਾਰੋ।
'ਚੇਤਾ ਪੁਹਾ' ਸੁਬਾਹੂ ਦੀ ਰਾਜਧਾਨੀ ਪਹੁੰਚੀ ਆਨ ਬੇ-ਸਰੋ ਸਾਮਾਨ ਯਾਰੋ।
ਹਾਲ-ਇ-ਜ਼ਾਰ ਦੁਖਿਆਰੜੀ ਨਾਰ ਸੰਦੀ, ਬੇ-ਹਵਾਸ[1] ਸੂਰਤ ਪਰੇਸ਼ਾਨ ਯਾਰੋ।
ਅੱਧੀ ਲੀਰ ਸਰੀਰ ਤੇ ਬੁਰੀ ਹਾਲਤ, ਖੁਲੇ ਵਾਲ ਚਿਹਰੇ ਮੁਰਦੇਹਾਨ ਯਾਰੋ।
ਟੁਕੜਾ ਚੰਦ ਦਾ ਰਲ ਗਿਆ ਖਾਕ ਅੰਦਰ, ਗਈ ਉਡ ਕਿਧਰੇ ਆਨਬਾਨ ਯਾਰੋ।
ਨਾ ਓਹ ਰੰਗ ਨਾ ਢੰਗ ਨਾ ਚਮਕ ਦਿਸੇ, ਨਾ ਓਹ ਸ਼ਾਨ ਖੁਦਾਈ ਦੀ ਸ਼ਾਨ ਯਾਰੋ।
ਆਈ ਸ਼ਹਿਰ ਦੇ ਵੱਲ ਜਾਂ ਏਸ ਹਾਲੇ, ਲੋਕੀ ਵੇਖ ਕੇ ਹੋਏ ਹੈਰਾਨ ਯਾਰੋ।
ਮੁੰਡੇ ਖੇਡਦੇ ਵੇਖ ਕੇ ਮਗਰ ਲਗੇ, ਇਸ ਦੀ ਸ਼ਕਲ ਅਨੋਖੜੀ ਜਾਨ ਯਾਰੋ।
ਆਪੇ ਵਿਚ ਮਖੌਲ ਦੇ ਨਾਲ ਹੱਸਨ ਦੁਖੀ ਹੋਈ ਨੂੰ ਹੋਰ ਦੁਖਾਨ ਯਾਰੋ।
ਕਈ ਟਿਚਕਰਾਂ ਕਰਨ ਨਿਮਾਨੜੀ ਨੂੰ, ਕਈ ਕੋਲ ਆ ਕੇ ਸੋਖਤ[2] ਲਾਨ ਯਾਰੋ।
ਰੋੜਾ ਇੱਟ ਉਠਾਇ ਕੇ ਕੋਈ ਮਾਰਨ, ਕੋਈ ਛਿਬੀਆਂ ਨਾਲ ਸਤਾਨ ਯਾਰੋ।
ਮੁੰਡੇ ਖੁੰਡਿਆਂ ਨੂੰ ਮਗਰ ਵੇਖ ਲਗੇ, ਲੋਕੀ ਹੋਰ ਭੀ ਕਰਨ ਧਿਆਨ ਯਾਰੋ।
ਹੋਏ ਹੋਏ ! ਪਿਛੇ ਹੁੰਦੀ ਜਾਂਵਦੀ ਏ, ਝੱਲੇ ਹੋਏ ਜਵਾਨ ਜਹਾਨ ਯਾਰੋ।
ਕੁਝ ਬਾਵਲੀ ਬ੍ਰਿਹੋਂ ਬਣਾਏ ਛਡੀ, ਬਾਕੀ ਬਾਵਲੀ ਲੋਕ ਬਨਾਣ ਯਾਰੋ।
ਇਸ ਬੇਬਸ ਦਾ ਵੱਸ ਨਾ ਕੁਝ ਚਲੇ, ਖੋਹੇ ਕੁਝ ਨਾ ਰੋਣ ਚਿਚਲਾਨ ਯਾਰੋ।
ਬੇਮੁਹਾਰ ਸ਼ੈਤਾਨ ਦੀ ਫੌਜ ਮੁੰਡੇ, ਭਾਂਤੋ ਭਾਂਤ ਦੇ ਬਚਨ ਸੁਨਾਣ ਯਾਰੋ।
ਜਦੋਂ ਜੰਗਲੀਂ ਕੂਕ ਪੁਕਾਰਦੀ ਸੀ, ਮੇਹਰਬਾਨ ਸਨ ਤਦੋਂ ਹੈਵਾਨ ਯਾਰੋ।
ਪਰ ਅੰਧੇਰ ਨਗਰੀ ਏਹ ਇਨਸਾਨ ਦੀ ਵਿਚ, ਲਗੇ ਆਦਮੀ ਆਦਮੀ ਖਾਨ ਯਾਰੋ।
ਕਿਸਮਤ ਦੁਸ਼ਮਨਾਂ ਦੇ ਵਾਂਗ ਮਗਰ ਲਗੀ, ਕੁਝ ਪੇਸ਼ ਨਾ ਦੇਂਵਦੀ ਜਾਨ ਯਾਰੋ।
ਚਾਤ੍ਰਿਕ ਬਣੇ ਬੰਦਾ ਮੇਹਰਬਾਨ ਓਦੋਂ, ਜਦੋਂ ਰੱਬ ਹੋਵੇ ਮੇਹਰਬਾਨ ਯਾਰੋ।
ਹੋਰ ਸਭ ਖੁਆਰੀਆਂ ਝੱਲ ਬੈਠੀ ਬਾਕੀ ਰਹੀ ਸੀ ਏਹ ਰਿਸਵਾਈ[3] ਹੋਣੀ।
ਕਿਸਮਤ ਵਿਚ ਤਕਲੀਫ ਜੋ ਵੇਖਣੀ ਸੀ ਜਾਂਦੀ ਵਾਰ ਏਹ ਸਭ ਦਿਖਾਈ ਹੋਣੀ।
ਛੁਰੀਆਂ ਤੇਜ਼ ਜ਼ਬਾਨ ਜੋ ਮੁੰਡਿਆਂ ਦੀ, ਅਸਲ ਵਿਚ ਸੀ ਆਪ ਕਸਾਈ ਹੋਣੀ।
ਚਾਤ੍ਰਿਕ ਜਗ ਨੂੰ ਮਤ ਸਿਖਾਨ ਵਾਲੀ, ਰਾਣੀ ਪਾਗਲਾਂ ਵਾਂਗ ਬਣਾਈ ਹੋਣੀ।

ਰਾਜੇ ਸੁਬਾਹੂ ਦੀ ਮਾਤਾ ਨੇ ਵੇਖ ਕੇ ਰਾਣੀ ਦਮਯੰਤੀ ਨੂੰ ਆਪਣੇ ਘਰ ਬੁਲਾਉਣਾ

ਰੋਂਦੀ ਜਾਂਵਦੀ ਇਕ ਮਜ਼ਲੂਮ ਔਰਤ, ਮਗਰ ਮੁੰਡਿਆਂ ਨੇ ਵਾਹਰ ਲਾਈ ਹੋਈ।
ਰਾਜ ਮੰਦਰਾਂ ਦੇ ਹੇਠ ਆਣ ਪਹੁੰਚੀ, ਬਾਰਗਾਹ ਦੇ ਵਿਚ ਸੁਨਵਾਈ ਹੋਈ।
ਰੌਲਾ ਪਿਆ ਬਾਜ਼ਾਰ ਦੇ ਵਿਚ ਸੁਣ ਕੇ, ਬਾਖਿਆਲ[4] ਸੁਬਾਹੂ ਦੀ ਮਾਈ ਹੋਈ।
ਮਾਰੀ ਬਾਰੀਓਂ ਝਾਤ ਬਜ਼ਾਰ ਵੱਲੇ, ਲਗੀ ਮਗਰ ਕਸੈਣ ਲੁਕਾਈ ਹੋਈ।

1. ਬਿਨਾਂ ਸੋਝੀ। 2. ਚੋਭ, ਟੋਕ। 3. ਖਵਾਰੀ, ਦੁਖ। 4. ਧਿਆਨ ਕਰਨਾ।

ਕਰਦੀ ਜਾਂਵਦੀ ਇਕ ਵਿਰਲਾਪ ਅਗੇ, ਸ਼ਕਲ ਫੁਲ ਦੇ ਵਾਂਗ ਕੁਮਲਾਈ ਹੋਈ।
ਮੰਦਾ ਹਾਲ ਬਿਕ੍ਰਾਲ ਕਮਾਲ ਸੂਰਤ, ਤਾਰ ਅਖੀਆਂ ਦੀ ਝੜੀ ਲਾਈ ਹੋਈ।
ਟੁਕੜਾ ਚੰਦ ਦਾ ਗਮਾਂ ਨੇ ਮਾਤ ਕੀਤਾ, ਜ਼ਰਦੀ[1] ਮੁਖ ਮਹਿਤਾਬ[2] ਤੇ ਛਾਈ।
ਆਇਆ ਤਰਸ ਗਰੀਬ ਬੇਆਸਰੀ ਤੇ, ਨਾਰ, ਨਾਰ ਤੇ ਆਣ ਸ਼ੈਦਾਈ ਹੋਈ।
ਦਬਕਾ ਮਾਰਿਆ ਉਪਰੋਂ ਨਾਲ ਗੁਸੇ, ਬਾਰੋਂ ਪਰੇ ਬੇਦੀਦ[3] ਖੁਦਾਈ ਹੋਈ।
ਚਾਤ੍ਰਿਕ ਰੱਬ ਨੇ ਢੋ ਢੁਕਾ ਦਿੱਤਾ, ਹੱਥੋਂ ਜ਼ਾਲਮਾਂ ਦਿਓਂ ਰਿਹਾਈ ਹੋਈ।
ਮਾਈ ਰਾਉ ਦੀ ਲਖਿਆ[4] ਅਖੀਆਂ ਤੋਂ ਕਿਸਮਤ ਵਾਲੜੀ ਏਹ ਨਜ਼ਰ ਆਂਵਦੀ ਏ।
ਰੱਬ ਵਾਇਦਾ ਪਾਇਆ ਦਿਸਦਾ ਏ, ਤਰਸ ਨਾਰ ਮਜ਼ਲੂਮ ਤੇ ਖਾਂਵਦੀ ਏ।
ਓਹਦੇ ਹਾਲ ਅਹਿਵਾਲ ਪੁਛਾਣ ਖਾਤਰ, ਗੋਲੀ ਘੱਲ ਕੇ ਪਾਸ ਬੁਲਾਂਵਦੀ ਏ।
ਚਾਤ੍ਰਿਕ ਖਾਸ ਖਿਦਮਤਗਾਰ ਆਣ ਕੇ ਤੇ, ਮਾਈ ਸਾਹਿਬ ਦਾ ਹੁਕਮ ਸੁਨਾਂਵਦੀ ਏ।

ਬਾਂਦੀ ਦਾ ਆ ਕੇ ਰਾਣੀ ਦਮਯੰਤੀ ਨੂੰ ਏਸ ਮੁਸੀਬਤ ਵਿਚੋਂ ਰਾਜ ਮਹਿਲ ਵਿਚ ਪੁਚਾਣਾ

ਕਿਸਮਤ ਮਾਰੀਏ ਦੁਖੀਆ ਨਾਰੀਏ ਨੀ ! ਤੈਨੂੰ ਆਪ ਹੈ ਯਾਦ ਸਰਕਾਰ ਕੀਤਾ।
ਚਲ ਰੰਗ ਮਹੱਲ ਤੇ ਨਾਲ ਮੇਰੇ, ਲੋਕਾਂ ਬੜਾ ਤੈਨੂੰ ਅਵਾਜ਼ਾਰ[5] ਕੀਤਾ।
ਸ਼ਾਇਦ ਹੋਵਸੀ ਦੂਰ ਏਹ ਦੁਖ ਤੇਰਾ, ਫਜ਼ਲ[6] ਤੁਧ ਤੇ ਪਰਵਦਗਾਰ[7] ਕੀਤਾ।
ਚਾਤ੍ਰਿਕ ਕਰੇਗੀ ਮਦਦ ਜ਼ਰੂਰ ਤੇਰੀ, ਜਦ ਤੂੰ ਆਪਣਾ ਹਾਲ ਇਜ਼ਹਾਰ[8] ਕੀਤਾ।
ਪਿਆ ਰੰਗ ਮਹੱਲ ਦਾ ਨਾਮ ਕੰਨੀਂ, ਆਯਾ ਸੁਣਦਿਆਂ ਸਾਰ ਉਬਾਲ ਦਿਲ ਵਿਚ।
ਮੈਂ ਭੀ ਕਦੇ ਮੈਹਲਾਂ ਵਾਲੀ ਹੋਂਵਦੀ ਸਾਂ, ਪਿਛਲੇ ਸੁਖਾਂ ਦਾ ਪਿਆ ਖਯਾਲ ਦਿਲ ਵਿਚ।
ਦਰਦ ਭਰੀ ਨਿਕਲੀ ਚੀਕ ਚੀਰ ਸੀਨਾ, ਗਿਆ ਫੇਰ ਕਾਤੀ ਏਹ ਜ਼ਵਾਲ ਦਿਲ ਵਿਚ।
ਚਾਤ੍ਰਿਕ ਅਖੀਆਂ ਵਸੀਆਂ ਲਾ ਛੈਹਬਰ, ਐਪਰ ਰਖਯਾ ਦਿਲੇ ਦਾ ਹਾਲ ਦਿਲ ਵਿਚ।

ਰਾਣੀ ਦਮਯੰਤੀ ਦਾ ਰਾਜ ਮਹੱਲ ਉਪਰ ਜਾਣਾ ਅਰ ਰਾਣੀ ਨੇ ਹਾਲ ਪੁਛਣਾ

ਮਾਈ ਸਾਹਿਬਾਂ ਪਾਸ ਲੈ ਆਈ ਗੋਲੀ, ਮਾਈ ਪੁਛਿਆ ਪਾਸ ਬੈਠਾਲ ਬੀਬੀ।
ਤੂੰ ਹੈਂ ਕੌਣ ਇਸ ਦੇਸ਼ ਦੇ ਰਹਿਣ ਵਾਲੀ, ਫਿਰੇਂ ਕਿਸ ਤਰ੍ਹਾਂ ਮੰਦੜੇ ਹਾਲ ਬੀਬੀ।
ਕੀ ਖਿਜ਼ਾਂ ਆਈ ਤੇਰੇ ਬਾਗ ਅੰਦਰ, ਗਿਆ ਸੁਕ ਤੇਰਾ ਡਾਲ ਡਾਲ ਬੀਬੀ।
ਤੇਰਾ ਰੰਗ ਬਦਰੰਗ ਤੇ ਜਿਸਮ ਸੁਕਾ, ਰੋ ਰੋ ਅੱਖੀਆਂ ਹੋਈਆਂ ਲਾਲ ਬੀਬੀ।
ਭਾਣਾ ਵਰਤਿਆ ਕੀ ਤੇਰੇ ਸੀਸ ਉਤੇ, ਮੈਨੂੰ ਖੋਲ ਕੇ ਦਸ ਅਹਿਵਾਲ ਬੀਬੀ।
ਭਲਾ ਸਰੇ ਜੇ ਤੁਧ ਨਿਮਾਨੜੀ ਦੀ, ਸੇਵਾ ਮੁਝ ਤੋਂ ਰਤੀ ਰਵਾਲ ਬੀਬੀ।
ਤੇਰੀ ਵੇਖ ਨੁਹਾਰ ਚਮਕਾਰ ਵਾਲੀ, ਆਵੇ ਦਿਲੇ ਦੇ ਵਿਚ ਖਿਆਲ ਬੀਬੀ।

---

1. ਪੀਲੱਤਣ। 2. ਚੰਨ। 3. ਬੇਲਿਹਾਜ, ਅੰਨ੍ਹੀ। 4. ਜਾਣ ਲਿਆ। 5. ਦੁਖੀ। 6. ਕਿਰਪਾ।
7. ਪਾਲਣ ਵਾਲਾ, ਰੱਬ। 8. ਪ੍ਰਗਟ।

ਕਿਸੇ ਅਰਸ਼ ਤੋਂ ਡਿਗੀਓਂ ਨਾਲ ਕਿਸਮਤ, ਹੋਈ ਪੀਲੜੀ ਗਮਾਂ ਦੇ ਨਾਲ ਬੀਬੀ।
ਦਿਖਣ ਨਕਸ਼ ਤੇਰੇ ਭਾਗਾਂ ਵਾਲੀਆਂ ਦੇ, ਕੀਕਰ ਹੋ ਗਈ ਐਡ ਕੰਗਾਲ ਬੀਬੀ।
ਚਾਤ੍ਰਿਕ ਕਰੀਂ ਲੁਕਾਉ ਨਾ ਸੰਗ ਰਖੀਂ, ਮੇਰੇ ਪਾਸ ਤੂੰ ਖੋਲ੍ਹ ਖਿਆਲ ਬੀਬੀ।

ਉੱਤਰ ਰਾਣੀ ਦਮਯੰਤੀ ਦਾ

ਰੱਬ ਏਸ ਤੋਂ ਕਰੀ ਇਕਬਾਲ ਦੂਣਾ, ਮੇਹਰਬਾਨ ਮੇਰੀ ਦਯਾਵਾਨ, ਮਾਤਾ।
ਮੈਂ ਬੇਪਰੀ, ਬੇ-ਆਸਰਾ ਰੱਬ ਮਾਰੀ, ਭਾਗ ਹੀਨ ਬੇਸਰੋ-ਸਾਮਾਨ[1] ਮਾਤਾ।
ਕੀ ਗੁਮਨਾਮ ਦਾ ਹਾਲ ਐਹਵਾਲ ਹੋਣਾ, ਜਿਸਦਾ ਕਰਾਂ ਮੈਂ ਖੋਲ੍ਹ ਬਯਾਣ ਮਾਤਾ।
ਕਿਸਮਤ ਮਾਰਿਆਂ ਆਜਜਾਂ ਰਾਹੀਆਂ ਦਾ, ਨਾ ਕੋਈ ਥਾਉਂ ਨਾ ਕੋਈ ਮਕਾਨ ਮਾਤਾ।
ਮੰਗ ਖਾਵਣਾਂ ਵਿਚ ਸ਼ਮਸ਼ਾਨ ਰਹਿਣਾ, ਕਰਨੀ ਰੋਂਦਿਆਂ ਰੈਨ ਗੁਜਰਾਨ ਮਾਤਾ।
ਦਸਨ ਲਗਿਆ ਹਾਲ ਮੁਸੀਬਤਾਂ ਦਾ, ਹੋਵੇ ਦੁਖ ਥੀਂ ਬੰਦ ਜਬਾਨ ਮਾਤਾ।
ਇਕ ਸ਼ਾਹ ਦੇ ਸਾਂ ਅਸੀਂ ਟਹਿਲ ਵਾਲੇ, ਮੇਹਰਬਾਨ ਸੀ ਬੜਾ ਸੁਲਤਾਨ ਮਾਤਾ।
ਮੇਰਾ ਪਤੀ ਸ਼ੌਕੀਨ ਸੀ ਪਾਸਿਆਂ ਦਾ, ਬੜਾ ਖੇਡ ਦੇ ਵਿਚ ਧਿਆਨ ਮਾਤਾ।
ਕੁਦਰਤ ਨਾਲ ਕਿਸਮਤ ਪੁਠਾ ਫੇਰ ਖਾਧਾ, ਹੋਈ ਹਾਰ ਜੂਏ ਅੰਦਰ ਆਨ ਮਾਤਾ।
ਸਾਰਾ ਮਾਲ ਅਸਬਾਬ ਤੇ ਨਗਦ ਜ਼ੇਵਰ[2], ਕੀਤਾ ਖੇਡ ਦੇ ਮੂੰਹ ਨੁਕਸਾਨ ਮਾਤਾ।
ਮਾਲ ਹਾਰ ਕੇ ਬਾਹਰ ਉਠ ਤੁਰਿਆ, ਮੈਂ ਭੀ ਹੋਈ ਉਸ ਨਾਲ ਰਵਾਨ ਮਾਤਾ।
ਜੰਗਲ ਬਾਰ ਉਜਾੜ ਦੇ ਵਿਚ ਆ ਗਏ ਜਿਥੇ ਨਜਰ ਨਾ ਪਏ ਇਨਸਾਨ ਮਾਤਾ।
ਸਿਰਫ ਸ਼ੇਰ ਬਘਿਆੜ ਖੂੰਖਾਰ ਦਿਸਨ, ਨਿਤ ਖੌਫ ਥੀਂ ਲਹੂ ਸੁਕਾਨ ਮਾਤਾ।
ਉਹ ਭੀ ਸਬਰ ਦਾ ਘੁਟ ਮੈਂ ਦੁਖ ਕੀਤੇ, ਨਾਲ ਪਤੀ ਹੁੰਦੇ ਮੇਹਰਬਾਨ ਮਾਤਾ।
ਐਪਰ ਹਾਇ ਅੰਧੇਰ ਮੈਂ ਲੁਟ ਘਤੀ, ਸੁਤੀ ਛੱਡ ਅੰਦਰ ਬੀਆਬਾਨ ਮਾਤਾ।
ਤੁਰਿਆ ਛਡ ਨਿਮਾਨੜੀ ਜਿੰਦੜੀ ਨੂੰ, ਜਿਥੇ ਕੋਈ ਨਾ ਜਾਨ ਪਹਿਚਾਨ ਮਾਤਾ।
ਉਠੀ ਜਦੋਂ ਧਬਕ ਪੈ ਗਿਆ ਸੀਨੇ, ਹਾਲ ਬਾਹੁੜੀ ਲਗੀ ਮਚਾਨ ਮਾਤਾ।
ਜੰਗਲ ਛਾਣਿਆ ਅਖੀਆਂ ਵਿਚ ਸਾਰਾ ਲਭਾ ਕਿਤੇ ਨਾ ਸ਼ਾਹ ਸੁਲਤਾਨ ਮਾਤਾ।
ਓੜਕ ਆਈਆਂ ਵਿਚ ਅਬਾਦੀਆਂ ਦੇ, ਤੇਰਾ ਸ਼ਹਿਰ ਡਿਠਾ ਅਵਾਦਾਨ[3] ਮਾਤਾ।
ਏਹ ਖਿਆਲ ਸੀ ਕਰਾਂਗੀ ਪੁਛ ਏਥੇ, ਲਗੇ ਲੋਕ ਮੁਕਾਵਣੇ ਜਾਨ ਮਾਤਾ।
ਮੇਹਰ ਪਈ ਤੁਸਾਡੜੇ ਜੀਉ ਅੰਦਰ, ਗੋਲੀ ਘਲੀਓ ਤੁਰਤ ਬੁਲਾਨ ਮਾਤਾ।
ਏਹੋ ਹਾਲ ਅਹਿਵਾਲ ਨਿਮਾਨੜੀ ਦਾ, ਏਹੋ ਚਾਤ੍ਰਿਕ ਦੀ ਦਾਸਤਾਨ[4] ਮਾਤਾ।

ਪ੍ਰਸ਼ਨ ਮਾਈ ਸਾਹਿਬ ਦਾ

ਗਮਾਂ ਮਾਰੀਏ, ਧੀਏ ਵਿਚਾਰੀਏ ਨੀ, ਰੋ ਰੋ ਨੈਨ ਨਾ ਪਈ ਸੁਜਾ ਵਾਰੀ।
ਫੇਰ ਦਿਨਾਂ ਦਾ ਝੱਲ ਲੈ ਸਬਰ ਕਰਕੇ, ਰੱਬ ਦੇਵਸੀ ਦੁਖ ਹਟਾ ਵਾਰੀ।

---

1. ਖਾਲੀ ਹਥ। 2. ਗਹਿਣਾ। 3. ਅਬਾਦ, ਵਸਦਾ। 4. ਕਥਾ।

ਜਿਚਰ ਤੀਕ ਨਾ ਲੱਭਦਾ ਪਤੀ ਤੇਰਾ, ਏਥੇ ਬੈਠ ਕੇ ਝੱਟ ਲੰਘਾ ਵਾਰੀ।
ਮੈਂ ਭੀ ਕਰਾਂਗੀ ਮਦਦ ਇਮਦਾਦ ਤੇਰੀ, ਤੂੰ ਭੀ ਆਪਣਾ ਜ਼ੋਰ ਲਗਾ ਵਾਰੀ।
ਤੇਰੇ ਪਤੀ ਦੀ ਭਾਲ ਕਰਾਵਸਾਂਗੀ, ਦੇਸਾਂ ਆਦਮੀ ਬਹੁਤ ਦੁੜਾ ਵਾਰੀ।
ਘਰ ਆਪਣਾ ਜਾਣ ਕੇ ਬੈਠ ਏਥੇ, ਕੋਈ ਦਿਲੇ ਨਾ ਰਖ ਸੰਗਾ ਵਾਰੀ।
ਮੇਹਰਬਾਨ ਹੋਸੀ ਜਦੋਂ ਰੱਬ ਸੱਚਾ, ਪਤੀ ਮਿਲੇਗਾ ਤੁਧ ਨੂੰ ਆ ਵਾਰੀ।
ਚਾਤ੍ਰਿਕ ਰੱਬ ਦੇ ਦਰੋਂ ਨਿਰਾਸ ਨਾ ਹੋ, ਰਖ ਆਸ ਤੇ ਰਾਮ ਧਿਆ ਵਾਰੀ।

ਉੱਤਰ ਰਾਣੀ ਦਮਯੰਤੀ ਦਾ

ਧੰਨਵਾਦ ਹੈ ਇਨ੍ਹਾਂ ਇਨਾਇਤਾਂ[1] ਦਾ, ਮੈਨੂੰ ਰਹਿਣ ਤੋਂ ਨਹੀਂ ਇਨਕਾਰ ਮਾਤਾ।
ਇਕ ਗੱਲ ਜਰੂਰ ਹੈ ਏਸ ਅੰਦਰ, ਜੇਕਰ ਸੁਣੋ ਤਾਂ ਕਰਾਂ ਇਜ਼ਹਾਰ[2] ਮਾਤਾ।
ਮੇਰਾ ਰਹਿਣ ਹੋ ਸਕਦਾ ਤਦੇ ਏਥੇ, ਸ਼ਰਤਾਂ ਹੋਣ ਮਨਜ਼ੂਰ ਜੇ ਚਾਰ ਮਾਤਾ।
ਜੂਠਾ ਕਿਸੇ ਦਾ ਮੂਲ ਨਾ ਖਾਵਸਾਂਗੀ, ਹੋਸਾਂ ਕਿਸੇ ਦੀ ਨਾ ਖਿਦਮਤਗਾਰ[3] ਮਾਤਾ।
ਕੋਈ ਮਰਦ ਬੇਗਾਨੜਾ ਆਣ ਕੇ ਤੇ, ਮੇਰੇ ਨਾਲ ਨਾ ਕਰੇ ਗੁਫਤਾਰ[4] ਮਾਤਾ।
ਜੇਹੜਾ ਕਰੇ ਮਖੌਲ ਨਿਮਾਨੜੀ ਨੂੰ, ਹੋਵੇ ਮੌਤ ਦਾ ਉਹ ਸਜ਼ਾਵਾਰ ਮਾਤਾ।
ਇਲਤਮਾਸ[5] ਜੇ ਕਰੇਂ ਮਨਜ਼ੂਰ ਮੇਰੀ, ਰਹਾਂ ਪਾਸ ਤੇਰੇ ਲਖ ਵਾਰ ਮਾਤਾ।
ਚਾਤ੍ਰਿਕ ਰੱਖ ਯਾ ਦੇਹ ਜਵਾਬ ਮੈਨੂੰ, ਏਹ ਹੈ ਗੱਲ ਤੇਰੇ ਅਖਤਿਆਰ ਮਾਤਾ।

ਉੱਤਰ ਮਾਈ ਸਾਹਿਬਾਂ

ਸ਼ਰਤਾਂ ਕੀਤੀਆਂ ਪੇਸ਼ ਜੋ ਭਾਗਭਰੀਏ, ਨਾਲ ਖੁਸ਼ੀ ਦੇ ਕਰਾਂ ਮਨਜ਼ੂਰ ਬੱਚੀ।
ਰਖ ਜੀਉ ਦੇ ਵਿਚ ਨਾ ਖੌਫ ਖਤਰਾ, ਕੋਈ ਹੋਵਸੀ ਨਹੀਂ ਕਸੂਰ ਬੱਚੀ।
ਤੇਰੇ ਨਾਲ ਜੋ ਕਰੇਗਾ ਛੇੜ ਖਾਨੀ, ਸਜ਼ਾਵਾਰ ਮੈਂ ਕਰਾਂ ਜ਼ਰੂਰ ਬੱਚੀ।
ਚਾਤ੍ਰਿਕ ਚੱਲਦੀ ਵਾਹ ਆਰਾਮ ਦੇਸਾਂ, ਨਾ ਉਦਾਸ ਹੋ ਜੀਉ ਵਿਚ ਝੂਰ ਬੱਚੀ।
ਈਨਾਂ ਸਾਰੀਆਂ ਮੰਨ ਮਨਾਇ ਕੇ ਤੇ, ਰਾਣੀ ਆਪਣੇ ਪਾਸ ਬਿਠਾਇਆ ਏ।
ਅਤੇ ਆਪਣੀ ਲਾਡਲੀ ਬੱਚੜੀ ਨੂੰ, ਪਾਸ ਸਦ ਕੇ ਬਚਣ ਫ਼ੁਰਮਾਇਆ ਏ।
ਨੀ ਸੁਨੰਦਾ ਸਹੇਲੜੀ ਸਾਂਭ ਅਪਨੀ, ਏਨੂੰ ਤੁਧ ਦਾ ਭਾਗ ਲੈ ਆਇਆ ਏ।
ਏਹ ਸੁਚੱਜੜੀ, ਸੁਚਿਆਂ ਗੁਣਾਂ ਵਾਲੀ, ਮੈਨੂੰ ਨਜਰ ਪੇਸ਼ਾਨੀਓਂ[6] ਆਇਆ ਏ।
ਇਹ ਨੂੰ ਭੈਣ ਦੇ ਵਾਂਗ ਖਿਆਲ ਰਖੀਂ, ਰੱਬ ਏਸ ਨੂੰ ਵਾਇਦਾ[7] ਪਾਇਆ ਏ।
ਏਹ ਦੇ ਗੁਣਾਂ ਨੂੰ ਵੇਖ ਕੇ ਮੱਤ ਸਿਖੀਂ, ਪਏ ਤੁਧ ਤੇ ਏਸ ਦਾ ਸਾਇਆ ਏ।
ਗੁਣ, ਸੁਭਾ, ਸੁਹਣੇ ਏਹਦੇ ਬੰਨ੍ਹ ਪੱਲੇ, ਹੋਵੇ ਚਾਨਣਾ ਦੂਣ ਸਵਾਇਆ ਏ।
ਚਾਤ੍ਰਿਕ ਦੋਹਾਂ ਨੂੰ ਮੇਲ ਮਿਲਾਇ ਕੇ ਤੇ, ਰਾਣੀ ਏਸ ਨੂੰ ਵਿਦਾ ਕਰਾਇਆ ਏ।
ਨਾਲ ਅਦਬ ਅਦਾਬ ਤੇ ਆਜਜ਼ੀ ਦੇ, ਰਾਣੀ ਪਾਸ ਸੁਨੰਦਾ ਦੇ ਰਹਿਣ ਲਗੀ।

---

1. ਕਿਰਪਾ, ਮੇਹਰਬਾਨੀਆਂ। 2. ਪ੍ਰਗਟ। 3. ਸੇਵਕ, ਨੌਕਰ। 4. ਗਲ ਬਾਤ। 5. ਬੇਨਤੀ। 6. ਮਥੇ ਤੋਂ।
7. ਵਧਕ ਜੱਸ।

ਵਖਤ ਪਏ ਸਨ ਨਾਲ ਨਸੀਬ ਜੇਹੜੇ, ਨਾਲ ਸਬਰ ਸੰਤੋਖ ਦੇ ਸਹਿਣ ਲਗੀ।
ਛੱਡ ਆਪਣੇ ਮਹਿਲ ਮੁਨਾਰਿਆਂ ਨੂੰ, ਬੂਹੇ ਜਾਇ ਕੇ ਓਪਰੇ ਬਹਿਣ ਲਗੀ।
ਚਾਤ੍ਰਿਕ ਸੀਲ ਸੁਭਾ ਸੁਵਾਣੀਆਂ ਦੇ, ਬੀਬੀ ਓਸ ਤੋਂ ਕਰਨ ਗਰਹਿਣ ਲਗੀ।

ਸੱਤਵਾਂ ਖੰਡ : ਪਰਾਈ ਸੇਵਾ

ਸਾਕੀ, ਦੇਰ ਹੋਈ ਏਸੇ ਵ਼ਹਿਣ ਅੰਦਰ, ਭੁਲੀ ਨਾਰ ਦਾ ਦੁਖ ਸੁਣਾਂਦਿਆਂ ਨੂੰ।
ਜੀ ਉਦਾਸ ਹੋਯਾ ਮੁੱਦਤ ਢੇਰ ਗੁਜ਼ਰੀ, ਏਸੇ ਹਾਲ ਤੇ ਕਲਮ ਘਸਾਂਦਿਆਂ ਨੂੰ।
ਛਡ ਨਾਰ ਦੁਖਿਆਰੀ ਨੂੰ ਏਸ ਪਾਸੇ, ਏਥੋਂ ਰੋਂਦਿਆਂ ਅਤੇ ਕੁਰਲਾਂਦਿਆਂ ਨੂੰ।
ਚਾਹੜ ਰੰਗ ਦੀ ਭਰੀ ਤਰੰਗ[1] ਕੋਈ ਫੜੀਏ ਜਾਇਕੇ ਨਸਿਆਂ ਜਾਂਦਿਆਂ ਨੂੰ।
ਸੁਤੀ ਛਡ ਕੇ ਤੁਰੇ ਜੋ ਨਾਰ ਤਾਈਂ, ਚਲ ਦੇਖੀਏ ਦੁਖ ਉਠਾਂਦਿਆਂ ਨੂੰ।
ਖੋਜ ਕਢੀਏ ਓਸ ਦਾ ਗਿਆ ਕਿਧਰ ਚਲ ਲਭੀਏ ਖੇਹ ਉਡਾਂਦਿਆਂ ਨੂੰ।
ਖੁਰਾ ਪਕੜ ਕੇ ਪੁਛੀਏ ਹਾਲ ਸਾਰਾ ਵਿਚ ਫਿਕਰ ਦੇ ਵਕਤ ਲੰਘਾਂਦਿਆਂ ਨੂੰ।
ਚਾਤ੍ਰਿਕ ਦੇਖੀਏ ਜਾਨ ਸੁਕਾਂਦਿਆਂ ਨੂੰ ਸੁਤੀ ਛਡ ਕੇ ਪਛਤਾਂਦਿਆਂ ਨੂੰ।

ਰਾਜੇ ਨਲ ਦਾ ਰਾਣੀ ਦਮਯੰਤੀ ਨੂੰ ਇਕੱਲੇ ਜੰਗਲ ਵਿਚ ਛਡ ਕੇ ਪਛਤਾਉਣਾ

ਪੱਥਰ ਰਖਕੇ ਜਿਗਰ ਤੇ ਸਬਰ ਵਾਲਾ, ਤੁਰਿਆ ਮੋੜ ਕੇ ਮੁਖ ਪਿਆਰਿਆ ਤੋਂ।
ਸੁਤੀ ਛਡ ਕੇ ਜੰਗਲਾਂ ਵਿਚ ਰਾਣੀ, ਰਾਜੇ ਵਧ ਕੀਤੀ ਹੈਂਸਿਆਰਿਆਂ ਤੋਂ।
ਪਯਾਰੀ ਨਾਰ ਨੂੰ ਪਰੇ ਦੁਰਕਾਰ ਦਿਤਾ, ਧੱਕਾ ਦੇ ਕੇ ਖਾਸ ਦੁਆਰਿਆਂ ਤੋਂ।
ਸੁਝੇ ਹੋਰ ਨਾ ਕੁਝ ਖਿਆਲ ਚਾਤ੍ਰਿਕ, ਬਾਝ ਆਹ ਫਰਯਾਦ ਤੇ ਨਾਹਰਿਆਂ[2] ਤੋਂ।
ਚਾਲ ਚੱਲ ਤਾਂ ਚੁਕਿਆ, ਚੁਕ ਕੇ ਤੇ, ਐਪਰ ਫੇਰ ਡਾਢਾ ਪਸ਼ੇਮਾਨ ਹੋਵੇ।
ਏਹ ਕੀ ਕਹਿਰ ਮੇਰੇ ਹਥੋਂ ਹੋ ਗਿਆ ਏ ? ਕਰ ਕਰ ਯਾਦ ਕਰਤੂਤ ਹੈਰਾਨ ਹੋਵੇ।
ਐਪਰ ਛੁਟਿਆ ਤੀਰ ਨਾ ਹਥ ਆਵੇ, ਕਰਕੇ ਹੌਸਲਾ ਫੇਰ ਰਵਾਨ ਹੋਵੇ।
ਚਾਤ੍ਰਿਕ ਪੈਰ ਨਾ ਚੁਕਿਆ ਜਾਂਵਦਾ ਏ, ਪਿਛੇ ਕਿਸੇ ਦਾ ਜਦੋਂ ਧਿਆਨ ਹੋਵੇ।

ਜੰਗਲ ਵਿਚੋਂ ਅਵਾਜ਼ ਆਉਣੀ ਇਕ ਸੜੇ ਹੋਏ ਦਰਖਤ ਦੀ

ਜਾਂਦਾ ਗੀਟੀਆਂ ਗਾਲਦਾ ਜੀਉ ਅੰਦਰ, ਕਦੇ ਖੁਸ਼ੀ ਤੇ ਕਦੇ ਬੇਜ਼ਾਰ ਹੋਵੇ।
ਕਦੇ ਸੋਚਦਾ ਓਸ ਨੂੰ ਸੁਖ ਹੋਸੀ, ਕਦੇ ਦਿਲ ਅੰਦਰ ਬੇਕਰਾਰ ਹੋਵੇ।
ਤੁਰਿਆ ਜਾਂਵਦਾ ਜੰਗਲਾਂ ਵਿਚ ਰਾਜਾ, ਸੁਣ ਕੇ ਇਕ ਅਵਾਜ਼ ਹੁਸ਼ਯਾਰ ਹੋਵੇ।
ਰਾਜਾ ਨਲ, ਰਾਜਾ ਨਲ, ਵਾਜ ਆਵੇ, ਕਿਸੇ ਦੁਖੀ ਦੀ ਪਈ ਪੁਕਾਰ ਹੋਵੇ।
ਦੇਖਣ ਵਾਸਤੇ ਗਿਆ ਨਜ਼ਦੀਕ ਰਾਜਾ, ਕੌਣ ਦੁਖ ਦੇ ਨਾਲ ਲਾਚਾਰ ਹੋਵੇ।
ਆਵੇ ਗੂੰਜ ਕੁਰਲਾਟ[3] ਦਰਖਤ ਵਿਚੋਂ, ਚਾਤ੍ਰਿਕ ਮਦਦ ਨੂੰ ਤੁਰਤ ਤਯਾਰ ਹੋਵੇ।

1. ਲਹਿਰ। 2. ਪੁਕਾਰ ਕਰਨ ਤੋਂ। 3. ਕੁਰਲਾਉਣ, ਰੋਣ ਦੀ।

ਰਾਜੇ ਨਲ ਦਾ ਆਵਾਜ਼ ਮਾਰਕੇ ਧੀਰਜ ਦੇਣਾ

ਰਾਜੇ ਨਲ ਨੇ ਕਿਹਾ ਪੁਕਾਰ ਕੇ ਤੇ, ਨਾ ਕਰ ਦੁਖ ਦੇ ਨਾਲ ਪੁਕਾਰ ਮਿਤ੍ਰਾ।
ਜੋ ਤਕਲੀਫ ਦਰਪੇਸ਼[1] ਹੈ ਦਸ ਮੈਨੂੰ, ਤੇਰਾ ਦੇਵਸਾਂ ਕਸ਼ਟ ਨਿਵਾਰ ਮਿਤ੍ਰਾ।
ਦਿਤੀ ਵਾਜ ਦਰਖਤ ਨੇ ਪਰਤ ਅਗੋਂ, ਮੈਂ ਅਨਾਥ ਤੇ ਕਰੀਂ ਉਪਕਾਰ ਮਿਤ੍ਰਾ।
ਜ਼ਹਿਰੀ ਨਾਗ ਨੇ ਅਗ ਲਗਾ ਰਖੀ, ਮੈਨੂੰ ਸਾੜ ਰਿਹਾ ਫੂਕਾਂ ਮਾਰ ਮਿਤ੍ਰਾ।
ਸਾੜੀ ਜਾਂਵਦਾ ਏ ਤਨ ਬਦਨ ਮੇਰਾ, ਏਹਨੂੰ ਪਕੜ ਕੇ ਹੇਠ ਉਤਾਰ ਮਿਤ੍ਰਾ।
ਮੇਰਾ ਕਰੇਂਗਾ ਭਲਾ ਜੇ ਤਰਸ ਖਾ ਕੇ, ਤੇਰਾ ਕਰੂਗਾ ਭਲਾ ਕਰਤਾਰ ਮਿਤ੍ਰਾ।
ਰਾਜੇ ਨਾਲ ਧਿਆਨ• ਜਾਂ ਨਾਗ ਡਿੱਠਾ, ਕਹਿੰਦਾ ਸਾੜ ਨਾ ਏਸ ਨੂੰ ਮਾਰ ਮਿਤ੍ਰਾ।
ਆ ਜਾ ਹੇਠ ਗਰੀਬ ਸਤਾ ਨਾਹੀਂ, ਆਖਾ ਮੰਨ ਲੈ ਭਲਾ ਚਿਤਾਰ ਮਿਤ੍ਰਾ।
ਜੇਕਰ ਜੰਗ ਦੇ ਵਾਸਤੇ ਤੰਗ ਕਰਸੇਂ, ਤਾਂ ਭੀ ਮੁਝ ਨੂੰ ਸਮਝ ਤਿਆਰ ਮਿਤ੍ਰਾ।
ਇਕ ਵਾਰ ਤਲਵਾਰ ਦਾ ਬਸ ਮੇਰਾ, ਚਾਤ੍ਰਿਕ ਹੋਵਸੈਂ ਮੁਰਦਿਆਂ ਹਾਰ ਮਿਤ੍ਰਾ।

ਪ੍ਰਸੰਗ ਕਰਕੋਟਕ ਨਾਗ ਦਾ

ਨਾਗ ਬੋਲਿਆ ਅਦਬ ਦੇ ਨਾਲ ਅਗੋਂ, ਖਫਾ ਹੋਂਵਦੇ ਕਾਸਨੂੰ ਆਪ ਰਾਜਨ।
ਮੈਂ ਤਾਂ ਆਪਦੀ ਆਸ ਤੇ ਉਮਰ ਕੱਟੀ, ਕੀਤਾ ਸ਼ੁਕਰ ਹੈ ਮੁਕਿਆ ਪਾਪ ਰਾਜਨ।
ਮੈਂ ਸ੍ਵਰਗ ਤੋਂ ਡਿਗਿਆ ਮੁਦਤਾਂ ਦਾ, ਨਾਰਦ[2] ਮੁਨੀ ਦੇ ਨਾਲ ਸਰਾਪ ਰਾਜਨ।
ਚਾਤ੍ਰਿਕ ਚੰਦ ਚੜ੍ਹਿਆ ਮੈਂ ਚਕੋਰ ਤਾਈਂ, ਤੇਰਾ ਦੇਖ ਕੇ ਰੂਪ ਪ੍ਰਤਾਪ ਰਾਜਨ।
ਨਾਰਦ ਮੁਨੀ ਨੇ ਬਚਨ ਫੁਰਮਾਯਾ ਸੀ, ਹੋਸੀ ਨਲ ਰਾਜੇ ਥੀਂ ਉਧਾਰ ਤੇਰਾ।
ਜਦੋਂ ਚੁਕ ਉਤਾਰਸੀ ਹੇਠ ਤੈਨੂੰ, ਦੂਰ ਹੋਵਸੀ ਪਾਪ ਦਾ ਭਾਰ ਤੇਰਾ।
ਏਸ ਰਾਹ ਥੀਂ ਲੰਘਸੀ ਰੋਜ਼ ਜੇਹੜੇ, ਦੂਰ ਕਰੇਗਾ ਰੋਗ ਆਜ਼ਾਰ ਤੇਰਾ।
ਓਸੇ ਰੋਜ਼ ਤੋਂ ਏਸ ਦਰਖਤ ਉਤੇ, ਕਰਨਾ ਮੁਦਤਾਂ ਦਾ ਇੰਤਜ਼ਾਰ ਤੇਰਾ।
ਸ਼ੁਕਰ ਰੱਬ ਦਾ ਅਜ ਬਜਾ[3] ਆਂਦਾ, ਪਾਇਆ ਕਿਸਮਤਾਂ ਨਾਲ ਦੀਦਾਰ ਤੇਰਾ।
ਮੈਨੂੰ ਹੇਠ ਉਤਾਰ ਲੈ ਚੁਕ ਕੇ ਤੇ, ਯਾਦ ਰਖਸਾਂ ਸਦਾ ਉਪਕਾਰ ਤੇਰਾ।
ਥੋੜੀ ਦੂਰ ਪਹੁੰਚਾ ਉਠਾ ਮੋਢੇ, ਬਦਲਾ ਦਿਆਂਗਾ ਹੁਣੇ ਉਤਾਰ ਤੇਰਾ।
ਜੇਕਰ ਕਰੇਂਗਾ ਅਜ ਕਲਯਾਨ ਮੇਰਾ, ਮੈਂ ਭੀ ਦਿਆਂਗਾ ਕੰਮ ਸਵਾਰ ਤੇਰਾ।
ਮੇਰਾ ਨਾਮ ਕਰ ਕੋਟਕੀ ਨਾਗ ਲੈਂਦੇ, ਮਸ਼ਹੂਰ ਹੈ ਤਾਬਿਆਦਾਰ ਤੇਰਾ।
ਚਾਤ੍ਰਿਕ 'ਰੁਖ' ਤੇ 'ਨਾਗ' ਨਿਹਾਲ ਹੋਸਨ, ਦੂਣਾ ਫਾਇਦਾ ਇਕਸੇ ਵਾਰ ਤੇਰਾ।

ਸਵਾਲ ਜਵਾਬ ਰਾਜੇ ਦਾ ਤੇ ਕਰਕੋਟਕ ਨਾਗ ਦਾ

ਰਾਜੇ ਆਖਿਆ ਤੂੰ ਅਜ਼ਦਹਾ ਭਾਰਾ, ਕੀਕਰ ਤੁਧ ਦਾ ਬੋਝ ਉਠਾਵਸਾਂ ਮੈਂ।
ਨਾਗ ਬੋਲਿਆ ਜ਼ਰਾ ਤਿਆਰ ਤਾਂ ਹੋ, ਛੋਟਾ ਆਪਣਾ ਰੂਪ ਬਣਾਵਸਾਂ ਮੈਂ।

1. ਸਾਹਮਣੇ, ਪੇਸ਼ ਪਈ। 2. ਨਾਰਦ—ਇਕ ਪ੍ਰਸਿੱਧ ਰਿਸ਼ੀ ਜੋ ਵਿਦਵਾਨ, ਤੇ ਵੀਣਾ ਵਜਾਉਣ ਵਿਚ ਸਿਆਣਾ ਹੋਣ ਦੇ ਨਾਲ ਨਾਲ ਲਾਊ-ਬੁਝਾਊ ਭੀ ਹੈ। ਇਸੇ ਨੇ ਧਰੂਅ ਭਗਤ ਨੂੰ ਉਪਦੇਸ਼ ਦਿੱਤਾ ਸੀ। 3. ਮੰਨਿਆ, ਪੂਰਾ ਕੀਤਾ।

ਕਈ ਮਣਾਂ ਦੀ ਦੇਹ ਸਮੇਟ ਕੇ ਤੇ, ਸੂਖਮ ਵਾਂਗ ਅੰਗੂਠ ਹੋ ਜਾਵਸਾਂ ਮੈਂ।
ਰਾਜੇ ਆਖਿਆ ਗੱਲ ਮਨਜ਼ੂਰ ਮੈਨੂੰ, ਜੇਕਰ ਸੀਸ ਤੇ ਕਹੇਂ ਤਾਂ ਚਾਵਸਾਂ ਮੈਂ।
ਤੇਰਾ ਭਲਾ ਜੇ ਏਸ ਦੇ ਵਿਚ ਕੋਈ, ਟੈਹਲ ਕਰਦਿਆਂ ਨਹੀਂ ਸ਼ਰਮਾਵਸਾਂ ਮੈਂ।
ਚਾਤ੍ਰਿਕ ਤੂੰਧ ਦਾ ਦੂਰ ਸਰਾਪ ਹੋਸੀ, ਨਾਲੋਂ ਠੰਢ ਦਰੱਖਤ ਨੂੰ ਪਾਵਸਾਂ ਮੈਂ।

ਰਾਜੇ ਨਲ ਦਾ ਨਾਗ ਨੂੰ ਚੁਕ ਲੈਣਾ ਤੇ ਨਾਗ ਨੇ ਰਾਜੇ ਨੂੰ ਡੰਗ ਮਾਰਨਾ

ਰਾਜੇ ਨਾਗ ਨੂੰ ਹੇਠ ਉਤਾਰ ਕੇ ਤੇ, ਮੋਢੇ ਇਕ ਤੇ ਚਾ ਬਿਠਾਇਆ ਏ।
ਠੰਢੇ ਹੋ ਦਰਖਤ ਅਸੀਸ ਦਿਤੀ, ਰਾਜੇ ਅਗਾਂਹ ਨੂੰ ਕਦਮ ਉਠਾਇਆ ਏ।
ਨਾਗ ਰਾਜ ਆਕਾਰ ਘਟਾ ਲੀਤਾ, ਰੂਪ ਉਂਗਲੀ ਵਾਂਗ ਬਣਾਇਆ ਏ।
ਤੁਰਨ ਲਗਿਆਂ ਫੇਰ ਖਲਿਹਾਰ ਕੇ ਤੇ, ਨਾਗ ਰਾਜੇ ਨੂੰ ਵਾਕ ਸੁਣਾਇਆ ਏ।
ਰਾਜਾ ਜਿਸ ਤਰ੍ਹਾਂ ਤੁਧ ਨੇ ਭਲਾ ਕੀਤਾ, ਮੈਂ ਭੀ ਚਾਹੁੰਨਾ ਫੈਜ਼[1] ਪੁਚਾਇਆ ਏ।
ਕਦਮ ਰਖਦਾ ਜਾਹ ਸ਼ੁਮਾਰ[2] ਕਰਕੇ, ਜਿਥੋਂ ਤੀਕ ਤੈਂ ਹੇਠ ਤਰਾਇਆ ਏ।
ਮੈਂ ਭੀ ਕਰਾਂ ਮਲੂਮ ਤੇ ਯਾਦ ਰਖਾਂ, ਕਿੰਨੇ ਕਦਮ ਤੂੰ ਭਲਾ ਕਮਾਇਆ ਏ।
ਰਾਜੇ ਓਸਦੀ ਗਲ ਮਨਜ਼ੂਰ ਕੀਤੀ, ਕਦਮ ਪੁਟ ਕੇ ਇਕ ਗਿਣਾਇਆ ਏ।
ਦੂਆ, ਤੀਸਰਾ ਆਖਦਾ ਗਿਆ ਏਵੇਂ, ਗਿਣਕੇ ਨੌਂ ਜਾਂ ਦਸਾਂ ਤੇ ਆਇਆ ਏ।
ਦਸ ਨਿਕਲਦੇ ਸਾਰ ਜ਼ਬਾਨ ਵਿਚੋਂ, ਜ਼ੈਹਰੀ ਨਾਗ ਨੇ ਡੰਗ ਚਲਾਇਆ ਏ।
ਦਸ, ਡੱਸ ਦੇ ਵਿਚ ਨਾ ਫਰਕ ਕੋਈ, ਹੁਕਮ ਡਸ ਦਾ ਮੂੰਹੋਂ ਅਖਵਾਇਆ ਏ।
ਆਪ ਮੋਢਿਓਂ ਉਡ ਅਕਾਸ਼ ਚੜ੍ਹਿਆ, ਰਾਜੇ ਨਲ ਦਾ ਰੰਗ ਵਟਾਇਆ ਏ।
ਚੰਦ ਚਮਕਦਾ ਚੌਧਵੀਂ ਰਾਤ ਵਾਲਾ, ਕਾਲੇ ਬਦਲਾਂ ਹੇਠ ਲੁਕਾਇਆ ਏ।
ਪਰੇਸ਼ਾਨ ਹੈਰਾਨ ਹੋ ਨਲ ਵੇਖੇ, ਚਾਤ੍ਰਿਕ ਕਿਹਾ ਅੰਧੇਰ ਵਰਤਾਇਆ ਏ।

ਗੁਸੇ ਹੋਣਾ ਰਾਜੇ ਨਲ ਦਾ ਆਪਣਾ ਰੰਗ ਵੇਖ ਕੇ

ਰਾਜੇ ਨਲ ਨੂੰ ਬੜਾ ਕ੍ਰੋਧ ਆਇਆ, ਕਹਿੰਦਾ ਪਾਪੀਆਂ ਬੁਰਾ ਕਮਾਇਓ ਈ।
ਬਦਲਾ ਬਦੀ ਪੁਚਾਇਓ ਈ ਨੇਕੀਆਂ ਦਾ, ਕੀਤੇ ਕੌਲ ਨੂੰ ਦਿਲੋਂ ਭੁਲਾਇਓ ਈ।
ਸਿਰ ਤੇ ਚੁਕ ਉਤਾਰਿਆ ਹੇਠ ਤੈਨੂੰ, ਅਗੋਂ ਜ਼ਾਲਮਾ ਡੰਗ ਚਲਾਇਓ ਈ।
ਕੇਹੜੇ ਜੁਗ ਦਾ ਵੈਰੀਆ ਵੈਰ ਸਾਈ ? ਚਾਤ੍ਰਿਕ ਚੰਦ ਨੂੰ ਦਾਗ ਲਗਾਇਓ ਈ।
ਲੋਕੀਂ ਸਚ ਅਖਾਣ ਏਹ ਪਾਂਵਦੇ ਨੇ, ਪਾਸ ਸੱਪ ਦੇ ਕਦੇ ਨਾ ਜਾਈਏ ਈ।
ਪੁਤਰ ਸੱਪ ਦਾ ਕਦੇ ਨਾ ਮਿਤ ਬਣਦਾ, ਭਾਵੇਂ ਚੂਲੀਆਂ ਦੁਧ ਪਿਲਾਈਏ ਈ।
ਵੈਰੀ ਮਾਰਦਾ ਸਦਾ ਵਿਸਾਹ ਕੇ ਤੇ, ਵਾਹ ਲਗਦੇ ਦਾਉ ਨਾ ਖਾਈਏ ਜੀ।
ਦੁਸ਼ਮਨ ਕਦੇ ਕਮਜ਼ੋਰ ਨਾ ਸਮਝ ਬਹੀਏ, ਮਾੜਾ ਵੇਖ ਕੇ ਭੁਲ ਨਾ ਜਾਈਏ ਜੀ।
ਗਧੇ ਕਦੇ ਨਾ ਹੋਂਵਦੇ ਭੌਰ ਤਾਜ਼ੀ[3], ਭਾਵੇਂ ਸਾਬਨਾਂ ਨਾਲ ਨੁਹਾਈਏ ਜੀ।

1. ਫ਼ਾਇਦਾ, ਲਾਭ। 2. ਗਿਣਤੀ। 3. ਚੰਗੀ ਨਸਲ ਦੇ।

ਕਾਉਂ ਹੰਸ ਦੀ ਬਾਣ ਨਾ ਸਿਖ ਸਕੇ, ਭਾਵੇਂ ਮੋਤੀਆਂ ਚੋਗ ਚੁਗਾਈਏ ਜੀ।
ਅਸਲੋਂ ਬੁਰੇ ਨਾ ਕਦੇ ਅਸੀਲ ਹੁੰਦੇ, ਭਾਵੇਂ ਤੀਰਥੀਂ ਪਏ ਫਿਰਾਈਏ ਜੀ।
ਚਾਤ੍ਰਿਕ ਆਂਵਦਾ ਵੇਖੀਏ ਜਦੋਂ ਵੈਰੀ, ਦੂਰੋਂ ਆਪਣੀ ਜਾਨ ਬਚਾਈਏ ਜੀ।

ਸਵਾਲ ਜਵਾਬ ਕਰਕੋਟਕ ਨਾਗ ਦਾ ਤੇ ਰਾਜਾ ਨਲ ਦਾ

ਅਗੋਂ ਨਾਗ ਅਕਾਸ਼ ਤੋਂ ਵਾਜ ਦਿਤੀ, ਰਾਜਾ ਭੋਲਯਾ ਭਰਮ ਕਿਉਂ ਪਾਇਆ ਈ।
ਦਾਨੇ ਸੋਚ ਕੇ ਕਢਦੇ ਗੱਲ ਮੂੰਹੋਂ, ਬਿਨਾਂ ਸੋਚਿਆ ਬੁਰਾ ਮਨਾਇਆ ਈ।
ਤੇਰਾ ਫਾਇਦਾ ਸਮਝਿਆ ਏਸ ਅੰਦਰ, ਤਾਹੀ ਡੰਗ ਕੇ ਰੰਗ ਵਟਾਇਆ ਈ।
ਤੇਰੇ ਵਾਂਗ ਸਾਰੇ ਬੇਵਕੂਫ ਨਾਹੀਂ, ਕੁਝ ਸੋਚ ਕੇ ਡੰਗ ਚਲਾਇਆ ਈ।
ਚਾਤ੍ਰਿਕ ਕੋਠੀਓਂ ਮੁਕ ਜੁ ਗਏ ਦਾਣੇ, ਬੇਵਕੂਫ ਤੂੰ ਤਦੇ ਸੁਣਾਇਆ ਈ।
ਨਾਗ ਆਖਿਆ ਸੋਚ ਕਿਆਸ ਕਰਕੇ, ਪਏ ਦੁਖ ਜੋ ਤੁਧ ਦੇ ਭਾਹ ਮਿਤ੍ਰਾ।
ਏਸ ਹਾਲ ਜੇ ਕਿਤੇ ਜੰਗਾਲ ਫਿਰਦੋਂ, ਸ਼ਰਮ ਆਂਵਦੀ ਖਾਹਮਖਾਹ ਮਿਤ੍ਰਾ।
ਰੰਗ ਵੱਟਿਆ ਕੌਣ ਪਛਾਣ ਸਕੇ ? ਭਾਵੇਂ ਟੁਕੜੇ ਮੰਗ ਕੇ ਖਾਹ ਮਿਤ੍ਰਾ।
ਦੂਰ ਹੋਵਸੀ ਰੋਜ਼-ਸਿਆਹ[1] ਜਿਸ ਦਿਨ, ਰੰਗ ਹੋਵਸੀ ਦੂਰ ਸਿਆਹ ਮਿਤ੍ਰਾ।
ਏਸ ਵਕਤ ਤੈਨੂੰ ਬੜਾ ਸੁਖ ਹੋਸੀ, ਮੰਨ ਲਏਂ ਜੇ ਇਕ ਸਲਾਹ ਮਿਤ੍ਰਾ।
ਮਦਰ ਦੇਸ ਅਜੁਧਿਆ ਨਗਰ ਰਾਜਾ, ਰਿਤੂ ਪਰਣ ਦੇ ਪਾਸ ਤੂੰ ਜਾਹ ਮਿਤ੍ਰਾ।
ਰਾਜੇ ਆਖਿਆ ਕਰਾਂ ਕੀ ਜਾ ਓਥੇ ? ਮੈਂ ਕੀ ਓਸ ਦੀ ਕਰਾਂ ਪ੍ਰਵਾਹ ਮਿਤ੍ਰਾ।
ਬਾਦਸ਼ਾਹ ਸਾਂ ਜਿਸ ਤਰ੍ਹਾਂ ਮੁਲਕ ਦਾ ਮੈਂ, ਮੇਰੇ ਵਾਂਗ ਓਹ ਭੀ ਬਾਦਸ਼ਾਹ ਮਿਤ੍ਰਾ।
ਮੇਰਾ ਓਸਨੇ ਕੰਮ ਸਵਾਰਨਾ ਕੀ ? ਕੀ ਸਵਾਲ ਪਾਵਾਂ ਤਲੀ ਡਾਹ ਮਿਤ੍ਰਾ।
ਸਦਾ ਮੰਗੀਏ ਓਸ ਮਹਾਰਾਜ ਪਾਸੋਂ, ਜਿਸਦੀ ਸਦਾ ਅਟੁਟ ਦਰਗਾਹ ਮਿਤ੍ਰਾ।
ਚਾਤ੍ਰਿਕ ਭਲੀ ਨਾਹੀਂ ਏਹ ਸਲਾਹ ਤੇਰੀ, ਕੋਈ ਹੋਰ ਨਿਕਾਲ ਦੇ ਰਾਹ ਮਿਤ੍ਰਾ।

ਜਵਾਬ ਕਰਕੋਟਕ ਨਾਗ ਦਾ

ਕਹਿਆ ਨਾਗ ਨੇ ਗਲ ਨਾ ਸੁਟ ਮੇਰੀ, ਉਹਦੇ ਪਾਸ ਤੂੰ ਪਹੁੰਚ ਜ਼ਰੂਰ ਰਾਜਾ।
ਤੂੰ ਜਿਸ ਤਰ੍ਹਾਂ ਹੈਂ ਅਕਲ ਦੇ ਵਿਚ ਕੋਤਾ[2] ਤੇਰੇ ਵਾਂਗ ਨਾਹੀਂ ਬੇਸ਼ਊਰ[3] ਰਾਜਾ।
ਜੇਹੜੀ ਗਲ ਨੇ ਮਾਰਿਆ ਰੜੇ ਤੈਨੂੰ, ਉਹਦੇ ਵਿਚ ਉਹ ਨਹੀਂ ਕਸੂਰ ਰਾਜਾ।
ਏਸ ਵਾਸਤੇ ਰੰਗ ਵਟਾਇਆ ਮੈਂ, ਤੇਰੇ ਵਿਚ ਨਾ ਰਹੇ ਗਰੂਰ[4] ਰਾਜਾ।
ਖਾਵੀਂ ਸ਼ਰਮ ਨਾ ਜਾਂਦਿਆਂ ਪਾਸ ਉਹਦੇ, ਉਹਦੀ ਨੌਕਰੀ ਕਰੀਂ ਮਨਜ਼ੂਰ ਰਾਜਾ।
ਏਹਦੇ ਵਿਚ ਹੈ ਤੁਧ ਦਾ ਭਲਾ ਚਾਤ੍ਰਿਕ, ਸਾਰੇ ਦੁਖ ਹੋ ਜਾਣਗੇ ਦੂਰ ਰਾਜਾ।

---

1. ਕਾਲਾ ਦਿਨ, ਦੁਖ ਦਾ ਦਿਨ। 2. ਬੇਅਕਲ। 3. ਮੱਤਿ ਹੀਨ। 4. ਹੰਕਾਰ।

ਜਵਾਬ ਰਾਜਾ ਨਲ ਦਾ

ਰਾਜੇ ਨਲ ਨੇ ਫੇਰ ਸਵਾਲ ਕੀਤਾ, ਮੈਨੂੰ ਖੋਲ੍ਹ ਕੇ ਗੱਲ ਸਮਝਾ ਨਾਗਾ।
ਬੇਸ਼ਊਰ ਕੀਕਰ ਮੈਨੂੰ ਸਮਝਿਓ ਈ ? ਸ਼ਾਇਦ ਤੁਧ ਨੂੰ ਲਿਆ ਉਠਾ ਨਾਗਾ।
ਕੇਹੜੀ ਗਲ ਮੈਨੂੰ ਰੜੇ ਮਾਰਿਆ ਸੀ ? ਜਿਸ ਦੇ ਵਿਚ ਉਹ ਬੜਾ ਦਾਨਾ ਨਾਗਾ।
ਮੇਰੇ ਰੰਗ ਅੰਦਰ ਭੰਗ ਪਾਇ ਕੇ ਤੇ, ਗੱਲਾਂ ਨਾਲ ਹੁਣ ਰਹਿਓਂ ਪਰਚਾ ਨਾਗਾ।
ਮੇਰਾ ਰੰਗ ਇਸ ਰੰਗ ਤੇ ਕਦੋਂ ਆਸੀ ? ਕੀ ਉਹ ਉਤਰਿਆ ਕਿਤੋਂ ਖੁਦਾ ਨਾਗਾ।
ਉਹਦੀ ਨੌਕਰੀਂ ਵਿਚ ਕੀ ਲਾਲ ਰਖੇ ? ਜੇਹੜੇ ਦੇਇਗਾ ਹੱਥ ਫੜਾ ਨਾਗਾ।
ਮੇਰੇ ਨਾਲ ਹੁਣ ਛੱਡ ਮਖੌਲ ਬਾਜ਼ੀ, ਕੋਈ ਕੰਮ ਦੀ ਗੱਲ ਸੁਣਾ ਨਾਗਾ।
ਗੋਲ ਮੋਲ ਗੱਲਾਂ ਦੀ ਕੀ ਸਮਝ ਆਵੇ, ਚਾਤ੍ਰਿਕ ਦੱਸ ਦੇ ਗਲ ਸਫਾ ਨਾਗਾ।

ਉੱਤਰ ਕਰਕੋਟਕ ਨਾਗ ਦਾ

ਅਗੋਂ ਨਾਗ ਨੇ ਬੋਲ ਜਵਾਬ ਦਿਤਾ, ਕੀ ਮਖੌਲ ਕੀਤੇ ਤੇਰੇ ਨਾਲ ਰਾਜਾ।
ਜੇਹੜੀ ਗਲ ਦਸਾਂ ਤੇਰੇ ਫਾਇਦੇ ਦੀ, ਓਹਦੇ ਵਲ ਨਾ ਕਰੇਂ ਖਿਆਲ ਰਾਜਾ।
ਤੈਨੂੰ ਹੁਣੇ ਓਹ ਗਲ ਨਾ ਯਾਦ ਆਵੇ, ਜੇਹੜੀ ਗਲ ਕੀਤਾ ਬੁਰੇ ਹਾਲ ਰਾਜਾ।
ਜਿਸਨੇ ਤਖਤ ਤੋਂ ਮਾਰਿਆ ਚੁਕ ਥਲੇ, ਮੂਧਾ ਪਾਯਾ ਰਾਜ ਇਕਬਾਲ ਰਾਜਾ।
ਜੂਆ ਖੇਡਿਆਂ ਖੇਡ ਪੈ ਗਈ ਉਲਟੀ, ਮਿਲਿਆ ਵੇਖਣਾ ਏਹ ਜ਼ਵਾਲ[1] ਰਾਜਾ।
ਰਿਤੂਪਰਣ ਰਾਜਾ ਬੁਧਵਾਨ ਪੂਰਾ, ਜੂਏ ਵਿਚ ਸੂ ਬੜਾ ਕਮਾਲ ਰਾਜਾ।
ਓਹਦੀ ਚਾਲ ਅਗੇ ਮਾਤ ਹੋਣ ਸਭੇ, ਨਾ ਖਿਡਾਰੀਆਂ ਦੀ ਗਲੇ ਦਾਲ ਰਾਜਾ।
ਜੇਹੜੀ ਢਾਲ ਤੇ ਢਾਲਦੇ ਪਾਸਯਾਂ ਨੂੰ, ਮੰਨਣ ਆਖਯਾ ਨਾ ਕੀ ਮਜਾਲ ਰਾਜਾ।
ਓਹਨੂੰ ਸ਼ੌਕ ਰਥਵਾਹੀ ਦੇ ਸਿਖਣੇ ਦਾ, ਓਹਨੂੰ ਜਾਇਕੇ ਜਾਚ ਸਿਖਾਲ ਰਾਜਾ।
ਤੇਰੇ ਪਾਸ ਏਹ ਵਿਦਯਾ ਬਹੁਤ ਚੰਗੀ, ਕੋਈ ਆਪਣਾ ਹਥ ਵਿਖਾਲ ਰਾਜਾ।
ਜਦੋਂ ਕਰੇਂ ਪ੍ਰਸੰਨ ਵਿਖਾਲ ਕਰਤਬ, ਪਾਵੀਂ ਓਸ ਦੇ ਪਾਸ ਸਵਾਲ ਰਾਜਾ।
ਕੱਢੀਂ ਆਪਣਾ ਕੰਮ ਹਲੀਮ ਬਣਕੇ, ਸਿੱਖੀਂ ਓਸ ਤੋਂ ਡੱਲਾਂ ਦੀ ਚਾਲ ਰਾਜਾ।
ਨੁਕਤਾ ਖੇਡ ਦਾ ਓਸ ਨੂੰ ਯਾਦ ਸਾਰਾ, ਦਸ ਦੇਵਸੀ ਹੋਇ ਦਿਆਲ ਰਾਜਾ।
ਸਿਖ ਜਾਏਂਗਾ ਓਸ ਤੋਂ ਇਲਮ ਜੇਕਰ, ਤੇਰਾ ਕਟਿਆ ਜਾਵਸੀ ਕਾਲ ਰਾਜਾ।
ਪੁਸ਼ਕਰ ਨਾਲ ਜਾ ਕੇ ਫੇਰ ਖੇਡ ਖੇਡੀਂ, ਪਰਤ ਪਏਗਾ ਫੇਰ ਇਕਬਾਲ ਰਾਜਾ।
ਤੈਨੂੰ ਰੰਗ ਦਾ ਬੜਾ ਵੈਰਾਗ ਲੱਗਾ, ਏਹ ਭੀ ਨਹੀਂ ਹੈ ਕੁਝ ਮੁਹਾਲ ਰਾਜਾ।
ਜਦੋਂ ਫਿਰਨਗੇ ਬੁਰੇ ਨਸੀਬ ਤੇਰੇ, ਓਦੋਂ ਰੰਗ ਲਵੀਂ ਬਹਾਲ ਰਾਜਾ।
ਆਹ ਲੈ ਕੁੰਜ ਮੈਂ ਆਪਣੀ ਦੇਂਵਦਾ ਹਾਂ, ਰਖੀਂ ਆਪਣੇ ਪਾਸ ਸੰਭਾਲ ਰਾਜਾ।
ਫੇਰੀਂ ਆਪਣੇ ਤਦੋਂ ਸਰੀਰ ਉਤੇ, ਗੋਰਾ ਰੰਗ ਹੋਸੀ ਤਤਕਾਲ ਰਾਜਾ।
ਰਾਮ ਰਾਮ ਹੁਣ ਰਾਜਿਆ ਚਾਤ੍ਰਿਕ ਦੀ, ਹੋਵੇ ਰੱਬ ਹਰ ਹਾਲ ਦਿਆਲ ਰਾਜਾ।

1. ਘਾਟਾ, ਅਵਨਤੀ।

ਤੁਰ ਪੈਣਾ ਰਾਜੇ ਨਲ ਦਾ ਅਜੁਧਯਾ ਨੂੰ

ਐਨ ਗੱਲ ਸਮਝਾ ਤੇ ਕੁੰਜ ਦੇ ਕੇ, ਨਾਗ ਰਾਜ ਸੀ ਅੰਤਰ ਧਯਾਨ ਹੋ ਗਏ।
ਏਧਰ ਨਲ ਰਾਜਾ ਹੋਰੀ ਗੱਲ ਸੁਣ ਕੇ, ਰਿਤੂਪਰਣ ਦੇ ਵਲ ਰਵਾਨ ਹੋ ਗਏ।
ਜਾ ਕੇ ਸਿਖ ਸਿਖਾਇ ਕੇ ਕੰਮ ਲਾਈਏ, ਰੁਜੂ ਖੇਡ ਦੀ ਤਰਫ ਧਿਆਨ ਹੋ ਗਏ।
ਰਾਣੀ ਯਾਦ ਵਿਚੋਂ ਭੁਲੀ ਏਸ ਵੇਲੇ, ਸਾਰੇ ਸਫਰ ਦੇ ਦੂਰ ਥਕਾਨ ਹੋ ਗਏ।
ਗੋਯਾ ਮਿਲੀ ਇਮਦਾਦ ਏਹ ਗੈਬ ਵਲੋਂ, ਦੂਜੇ ਚਾ ਥੀਂ ਨੈਣ ਪ੍ਰਾਣ ਹੋ ਗਏ।
ਚਾਤ੍ਰਿਕ ਝਲਕ ਉਮੈਦ ਦੀ ਪਈ ਆ ਕੇ, ਦਿਲੋਂ ਸਮਝਿਆ ਕੰਮ ਅਸਾਨ ਹੋ ਗਏ।

ਪਹੁੰਚਣਾ ਰਾਜਾ ਨਲ ਦਾ ਰਿਤੂ ਪਰਣ ਦੇ ਸ਼ਹਿਰ ਅਜੁਧਯਾ ਵਿਚ

ਮਾਰ ਲੰਮੀਆਂ ਮੰਜ਼ਲਾਂ ਆਸ ਬੱਧਾ, ਪਹੁੰਚਾ ਸ਼ਹਿਰ ਅਜੁਧਯਾ ਆਇ ਰਾਜਾ।
ਅੰਦਰ ਲੰਘਿਆ ਬਾਹਰ ਨਿਵਾ ਗੋਡਾ, ਸ਼੍ਰੀ ਰਾਮ ਦਾ ਨਾਮ ਧਿਆਇ ਰਾਜਾ।
ਨਗਰ ਖੇੜਿਆਂ ਆਇ ਦੀ ਲਾਜ ਰਖੀਂ, ਕਰਦਾ ਬੇਨਤੀ, ਵਾਸਤਾ ਪਾਇ ਰਾਜਾ।
ਰਿਤੂ ਪਰਣ ਮਹਾਰਾਜ ਦੀ ਸਭਾ ਲਗੀ, ਅੰਦਰ ਲੰਘਿਆ ਹੁਕਮ ਮੰਗਵਾਇ ਰਾਜਾ।
ਅੰਦਰ ਤਖਤ ਤੇ ਜਾਗਦੀ ਜੋਤ ਬੈਠੀ, ਮੱਥਾ ਟੇਕ ਕੇ ਸੀਸ ਨਿਵਾਇ ਰਾਜਾ।
ਲਗਾ ਵੇਖਦਾ ਫੇਰ ਦਰਬਾਰ ਸਾਰਾ, ਹਸਰਤ ਭਰੀ ਨਿਗ੍ਹਾ ਉਠਾਇ ਰਾਜਾ।
ਕਾਤੀ ਫਿਰੀ ਫਿਰ ਆਪਣੇ ਹਾਲ ਵਲੋਂ, ਸੰਭਲ ਗਿਆ ਪਰ ਘੇਰਨੀ ਖਾਇ ਰਾਜਾ।
ਚਾਤ੍ਰਿਕ ਆਪ ਕਮਾਇਕੇ ਰਾਜ ਹਥੀਂ, ਕਰਦਾ ਹੋਰ ਅਗੇ ਇਲਤਜਾਇ[1] ਰਾਜਾ।

ਬਚਨ ਕਵੀ

ਰਬ ਵਖਤ ਨਾ ਕਿਸੇ ਤੇ ਪਾ ਦੇਵੇ, ਜੇਹੜੇ ਵੇਖਦੇ ਨੇ ਉਹੋ ਜਾਣਦੇ ਨੇ।
ਕੀਕਰ ਹੋਂਵਦਾ ਦੁਖ ਮੁਹਤਾਜ ਹੋਯਾਂ ? ਏਸ ਪੀੜ ਨੂੰ ਉਹੋ ਪਛਾਣਦੇ ਨੇ।
ਤਲੀ ਅੱਡਣੀ ਆਪਣੇ ਜਿਹੇ ਅਗੇ, ਜੇਹੜੇ ਮੰਗਦੇ ਉਹੋ ਸਿਆਣਦੇ ਨੇ।
ਬਣਿਆ ਉਖੜੇ ਜਦੋਂ ਇਕਬਾਲ ਆ ਕੇ, ਮੂਧੇ ਹੋਂਵਦੇ ਭਾਗ ਇਨਸਾਨ ਦੇ ਨੇ।
ਤਦੋਂ ਸੱਟ ਜੋ ਦਿਲਾਂ ਤੇ ਵਜਦੀ ਏ, ਦੀਦੇ ਖੁਲ੍ਹਦੇ ਤਦੋਂ ਅਗਯਾਨ ਦੇ ਨੇ।
ਓਹੋ ਏਸ ਦਾ ਪਾਂਵਦੇ ਮੁਲ ਚਾਤ੍ਰਿਕ, ਜੇਹੜੇ ਖਾਕ ਤਬਾਹੀ ਦੀ ਛਾਣਦੇ ਨੇ।

ਪ੍ਰਸ਼ਨ ਰਾਜੇ ਰਿਤੂ ਪਰਣ ਦਾ

ਰਿਤੂ ਪਰਣ ਨੇ ਪੁਛਿਆ ਨਲ ਤਾਂਈ, ਕੇਹੜੀ ਗਲ ਦਾ ਹੈ ਤਲਬਗਾਰ[2] ਭਾਈ।
ਕੀ ਸਵਾਲ ਕਰਨਾ ਚਾਹੇਂ ਪਾਸ ਮੇਰੇ, ਮਨਸਾ ਕੀ ਆਯੋਂ ਦਿਲੇ ਧਾਰ ਭਾਈ।
ਕੋਈ ਗੁਣੀ, ਪੰਡਤ ਯਾ ਤੂੰ ਜੋਤਸ਼ੀ ਹੈਂ, ਯਾ ਹੈਂ ਖੇਡਦੇ ਵਿਚ ਖਿਡਾਰ ਭਾਈ।

---
1. ਬੇਨਤੀ। 2. ਚਾਹਵਾਨ।

ਯਾ ਹੈਂ ਕਵੀ ਤੂੰ ਸ਼ਾਇਰੀ ਵਿਚ ਚਾਤਰ, ਸੁਚਾ ਹਥ ਦਾ ਯਾ ਦਸਤਕਾਰ ਭਾਈ।
ਯਾ ਸਲੋਤ੍ਰੀ, ਵੈਦ, ਜੱਰਾਹ ਕੋਈ, ਕੇਹੜੀ ਵਿਦਯਾ ਵਿਚ ਚਮਤਕਾਰ ਭਾਈ।
ਚਾਤ੍ਰਿਕ ਆਪਣਾ ਹਾਲ ਇਜ਼ਹਾਰ ਕਰਕੇ, ਦਸ ਵਿਦਯਾ ਵਿਚ ਹੁਸ਼ਿਆਰ ਭਾਈ।

ਉੱਤਰ ਰਾਜੇ ਨਲ ਦਾ

ਮਹਾਰਾਜ, ਮਹਾਰਾਜ ਨੂੰ ਸ਼ਾਦ ਰਖੇ, ਜੋ ਕੁਛ ਜਾਣਦਾ ਤਾਬਿਆਦਾਰ ਬੰਦਾ।
ਓਹ ਦਰਬਾਰ ਹਜ਼ੂਰ ਦੇ ਅਰਜ਼ ਕਰਨਾ, ਰਬ ਵਿਦਯਾ ਵਿਚ ਹੁਸ਼ਿਆਰ ਬੰਦਾ।
ਜੋ ਕੁਛ ਸਿਖਿਆ ਵਡ-ਵਡੇਰਿਆਂ ਤੋਂ, ਓਹਦਾ ਮੂਲ ਨਾ ਕਰੇ ਹੰਕਾਰ ਬੰਦਾ।
ਕਰਨ ਆਪ ਸਰਕਾਰ ਮੁਲਾਹਿਜ਼ਾ[1] ਜੇ, ਦਸਣ ਵਾਸਤੇ ਸਦਾ ਤਿਆਰ ਬੰਦਾ।
ਦੂਜੀ ਵਿਦਿਆ ਅੰਨ ਪਕਾਵਣੇ ਦੀ, ਮਾਰੇ ਲਾਫ[2] ਨਾ ਸਰੇ ਦਰਬਾਰ ਬੰਦਾ।
ਏਸ ਇਲਮ ਰਸੋਈ ਰਸੈਣ ਅੰਦਰ, ਮੇਰੇ ਜਿਹਾ ਨਾ ਵਿਚ ਸੰਸਾਰ ਬੰਦਾ।
ਮੇਰੇ ਹਥ ਦੀ ਖਾਇਕੇ ਇਕ ਵਾਰੀ, ਜੇਕਰ ਭੁਲ ਨਾ ਜਾਇ ਅਹਾਰ ਬੰਦਾ।
ਤਾਂ ਫਿਰ ਕਾਸਨੂੰ ਅੰਨ ਪਕਾਵਣਾ ਹੈ, ਸਚੋ ਸਚ ਇਹ ਕਰੇ ਇਜ਼ਹਾਰ[3] ਬੰਦਾ।
ਜੇ ਦਰਕਾਰ[4] ਹੋਵੇ ਖਿਦਮਤ ਟੈਹਲੀਏ ਦੀ, ਤਾਂ ਖਯਾਲ ਕਰੀਏ ਖਿਦਮਤਗਾਰ ਬੰਦਾ।
ਚਾਤ੍ਰਿਕ ਜਾਨ ਹਜ਼ੂਰ ਦੀ ਸੁਖ ਮੰਗਾਂ, ਕਾਰੇ ਲਾਓ ਜੇ ਬੇਰੋਜ਼ਗਾਰ ਬੰਦਾ।
ਰਿਤੂ ਪਰਣ ਨੇ ਕਹਿਆ ਪ੍ਰਸੰਨ ਹੋ ਕੇ, ਜੇ ਤੂੰ ਘੋੜਿਆਂ ਦਾ ਵਿਦਵਾਨ ਭਾਈ।
ਘੋੜਸ਼ਾਲ ਸਾਡੀ ਲੋਕੜ ਬਾਹੁਕਾਂ[5] ਦੀ, ਬੁਧਵਾਨ ਜੋ ਹੋਣ ਰਥਵਾਨ ਭਾਈ।
ਤੂੰ ਜੇ ਕਰੇਂ ਪਸੰਦ ਇਸ ਨੌਕਰੀ ਨੂੰ, ਜਮ ਜਮ ਰਹੋ ਅਨੰਦ ਨੂੰ ਮਾਣ ਭਾਈ।
ਸਾਨੂੰ ਕਾਹਲ ਨਾ ਕੋਈ ਪ੍ਰੀਖਯਾ ਦੀ, ਕਿਸੇ ਵਕਤ ਕਰਸਾਂ ਇਮਤਿਹਾਨ ਭਾਈ।
ਘੋੜਸ਼ਾਲ ਦਾ ਖਾਸ ਪ੍ਰਧਾਨ ਹੋਯੋਂ, ਨੌਕਰ ਸਾਡੜਾ ਅਜ ਤੋਂ ਜਾਨ ਭਾਈ।
ਕਦੇ ਏਹ ਭੀ ਲਵਾਂਗੇ ਦੇਖ ਚਾਤ੍ਰਿਕ, ਕਰੇਂ ਕਿਸ ਤਰ੍ਹਾਂ ਨਾਲ ਪਕਵਾਨ ਭਾਈ।

ਯਾਦ ਕਰਨਾ ਰਾਣੀ ਦਮਯੰਤੀ ਨੂੰ ਰਾਜੇ ਨਲ ਦਾ

ਰਾਜੇ ਸੀਸ ਨਿਵਾ ਤਸਲੀਮ[6] ਕੀਤਾ ਅਤੇ ਆਪਣੀ ਕਾਰ ਤੇ ਜਾਇ ਲੱਗਾ।
ਤਖਤੋਂ ਉਠ ਕੇ ਵਿਚ ਤਬੇਲਿਆਂ ਦੇ, ਜਾ ਕੇ ਲਿੱਦ ਦੀ ਖਾਨ ਹਵਾਇ ਲੱਗਾ।
ਦਿਨਾਂ ਪਿਆਂ ਦੀ ਅਉਧ ਗੁਜ਼ਾਰਨੇ ਨੂੰ, ਨਾਲ ਸਿਦਕ ਦੇ ਕਰਨ ਨਿਭਾਇ ਲੱਗਾ।
ਚਾਤ੍ਰਿਕ ਉਪਰੋਂ ਤਾਂ ਸਾਵਧਾਨ ਦਿਸੇ, ਐਪਰ ਦਿਲ ਦੇ ਵਿਚ ਸੌਦਾਇ ਲੱਗਾ।
ਦੁਖੀਆ ਨਾਰ ਨੂੰ ਸੁਤਿਆਂ ਛਡ ਆਣਾ, ਚੇਤੇ ਜਦੋਂ ਮਹਾਰਾਜ ਨੂੰ ਆਂਵਦਾ ਏ।
ਖਾਰਾਂ ਵਾਂਗ ਹੋ ਜਾਂਵਦੇ ਵਾਲ ਤਿਖੇ, ਜੀਉ ਯਾਦ ਕਰਕੇ ਤਲਮਲਾਵਦਾ ਏ।
ਪੈਣ ਬਰਛੀਆਂ ਗੁਝੀਆਂ ਵਿਚ ਸੀਨੇ ਗਰਦਨ ਸੱਟ ਕੇ ਬੜਾ ਪਛਤਾਂਵਦਾ ਏ।

---

1. ਪੜਤਾਲ, ਪ੍ਰੀਖਿਆ। 2. ਗੱਪ। 3. ਪ੍ਰਗਟ। 4. ਲੋੜ। 5. ਵਾਹਕ, ਰਥਵਾਨ।
6. ਮੰਨ ਲੈਣਾ, ਅਦਬ ਕਰਨਾ।

ਡੂੰਘੇ ਵੈਹਣ ਦੇ ਵਿਚ ਖਿਆਲ ਜਾਵੇ, ਹੋਰ ਹਾਸ ਬਿਲਾਸ ਨਾ ਭਾਂਵਦਾ ਏ।
ਰੋਵੇ ਅੰਦਰੇ, ਚੋਰ ਦੀ ਮਾਂ ਵਾਂਗੂੰ, ਉਚੀ ਬੋਲ ਨਾ ਕਿਸੇ ਸੁਨਾਂਵਦਾ ਏ।
ਉਠੇ ਦਰਦ ਕਲੇਜਿਓਂ ਚੀਰਵੀਂ ਜਾਂ, ਹੂਕਰ ਮਾਰ ਕੇ ਚੁਪ ਹੋ ਜਾਂਵਦਾ ਏ।
ਏਸ ਪੀੜ ਨੂੰ ਉਹੋ ਹੀ ਜਾਣ ਸਕੇ, ਜਿਸ ਨੂੰ ਰੱਬ ਮੁਸੀਬਤਾਂ ਪਾਂਵਦਾ ਏ।
ਚਾਤ੍ਰਿਕ ਜਾਨ ਟੰਗੀ ਹੋਈ ਓਸ ਪਾਸੇ, ਚਿੰਤਾ ਵਿਚ ਇਹ ਝੱਟ ਲੰਘਾਂਵਦਾ ਏ।

ਬਚਨ ਕਵੀ

ਹਾਇ ਰਾਣੀਏ ! ਪ੍ਰੇਮ ਪਿਆਰ ਭਰੀਏ, ਤੇਰਾ ਜੰਗਲਾਂ ਵਿਚ ਕੀ ਹਾਲ ਹੋਸੀ ?
ਜਾਗੀ ਹੋਵਸੇਂ ਜਦੋਂ ਸਵੇਰ ਵੇਲੇ, ਹੋਇਆ ਤੁਧ ਨੂੰ ਦੁਖ ਕਮਾਲ ਹੋਸੀ।
ਮੈਨੂੰ ਢੂੰਡਦੀ ਜੰਗਲਾਂ ਵਿਚ ਹੋਸੇਂ, ਬੁਰੇ ਹਾਲ ਪੁਕਾਰ ਦੇ ਨਾਲ ਹੋਸੀ।
ਖਬਰੇ ਅੰਨ ਬਾਝੋਂ ਤੇਰਾ ਫੁਲ ਚੇਹਰਾ, ਜ਼ਰਦ ਪੈ ਗਿਆ ਵਾਂਗ ਹਰਤਾਲ ਹੋਸੀ।
ਮੈਨੂੰ ਆਪਣੇ ਪਾਸ ਨਾ ਦੇਖ ਕੇ ਤੇ, ਜੀਉ ਦੁਖ ਦੇ ਨਾਲ ਨਿਢਾਲ ਹੋਸੀ।
ਨਾ ਉਮੈਦ ਹੋ ਕੇ ਖਬਰੇ ਮੇਲ ਵਲੋਂ, ਮਾਰੀ ਵਿਚ ਦਰਯਾਇ ਦੇ ਛਾਲ ਹੋਸੀ।
ਸ਼ੇਰ, ਚਿਤਰੇ, ਇਜੜਾਂ ਵਾਂਗ ਫਿਰਦੇ, ਖਬਰੇ ਹੋ ਗਿਆ ਤੁਧ ਦਾ ਕਾਲ ਹੋਸੀ।
ਕੀ ਮਲੂਮ ਤੂੰ ਮੋਈ ਕਿ ਜੀਂਵਦੀ ਹੈਂ, ਹਲ ਕਿਸ ਤਰ੍ਹਾਂ ਏਹ ਸਵਾਲ ਹੋਸੀ।
ਦਸੇ ਕੌਣ ਐਹਵਾਲ ਹੁਣ ਆਇ ਪਯਾਰੀ, ਕਰਦਾ ਕੌਣ ਤੇਰੀ ਪ੍ਰਿਤਪਾਲ[1] ਹੋਸੀ।
ਮੈਨੂੰ ਤੁਧ ਦਾ ਫਿਕਰ ਬੇਤਾਬ ਕਰਦਾ, ਤੇਰਾ ਮੁਝ ਦੇ ਵਿਚ ਖਿਆਲ ਹੋਸੀ।
ਆਪੋ ਆਪਣੀ ਥਾਂ ਗਮਗੀਨ ਦੋਵੇਂ, ਪੈਂਦੀ ਉਘ ਨਾ ਕਰਦਿਆਂ ਭਾਲ ਹੋਸੀ।
ਪਹੁੰਚ ਗਈ ਹੋਸੇਂ ਚਾਤ੍ਰਿਕ ਪੇਕਿਆਂ ਦੇ, ਜੇਕਰ ਹੋ ਗਿਆ ਰਬ ਕ੍ਰਿਪਾਲ ਹੋਸੀ।
ਦਿਨ ਰਾਤ ਵੈਰਾਗੀਆਂ ਵਾਂਗ ਰਾਜਾ, ਰਾਣੀ ਵਿਛੜੀ ਦੇ ਗੀਤ ਗਾਂਵਦਾ ਏ।
ਉਸ ਦੀ ਯਾਦ ਦੇ ਵਿਚ ਬੇਤਾਬ ਹੋਇਆ, ਇਕ ਖਾਸ ਸਲੋਕ ਬਣਾਂਵਦਾ ਏ।
ਰੋਜ਼ ਏਸ ਸ਼ਲੋਕ ਨੂੰ ਵਾਚਦਾ ਏ, ਦੀਵਾ ਸ਼ਾਮ ਨੂੰ ਜਦੋਂ ਜਗਾਂਵਦਾ ਏ।
ਚਾਤ੍ਰਿਕ ਸ਼ਮਾ ਜਲਾ ਕੇ ਸ਼ਾਮ ਵੇਲੇ, ਓਸ ਸ਼ਮਾ ਦਾ ਨਾਮ ਧਿਆਂਵਦਾ ਏ।

ਸ਼ਲੋਕ ਦਾ ਅਨੁਵਾਦ–ਮੁਕੰਦ ਛੰਦ

ਭੁਖੀ ਤੇ ਤਿਰਹਾਈ ਪੈਂਡੇ ਮਾਰੀ ਦਾ, ਕੀ ਹੋਵੇਗਾ ਹਾਲ ਇਕੱਲੀ ਨਾਰੀ ਦਾ।
ਜੰਗਲ ਦੇ ਵਿਚ ਕਿਥੇ ਰਹਿੰਦੀ ਹੋਵੇਗੀ ? ਸੁਣਸੀ ਕੌਣ ਅਵਾਜ਼ਾ ਗਿਰੀਆਜ਼ਾਰੀ ਦਾ।
ਕਰ ਕਰ ਯਾਦ ਅਭਾਗੀ ਮੈਂ ਬਦ ਕਿਸਮਤ ਨੂੰ ਵਕਤ ਲੰਘਾਂਦੀ ਹੋਸੀ ਇਹ ਦੁਸ਼ਵਾਰੀ[2] ਦਾ।
ਕਿਸ ਦੇ ਪਾਸ ਗੁਜ਼ਾਰੇ ਇਹ ਦਿਨ ਵਖਤਾਂ, ਕੌਣ ਹੋਵੇਗਾ ਦਰਦੀ ਨਾਰ ਵਿਚਾਰੀ ਦਾ।

---
1. ਪਾਲਣਾ। 2. ਔਖ।

ਪੁਛਣਾ ਰਾਜਾ ਨਲ ਦਾ ਹਾਲ ਜੀਵਲ ਨਾਮ ਬਾਹੁਕ ਨੇ

ਜੀਵਲ ਨਾਮ ਇਕ ਹੋਰ ਸੀ ਪਾਸ ਬਾਹੁਕ ਸੁਣ ਸ਼ਲੋਕ ਇਹ ਪੁਛਦਾ ਗੱਲ ਸਾਰੀ।
ਕੀ ਸ਼ਲੋਕ ਤੂੰ ਬਾਹੁਕਾ ਨਿਤ ਪੜ੍ਹਦਾ ਕੇਹੜੀ ਨਾਰ ਇਕੱਲੜੀ ਦੁਖ ਮਾਰੀ।
ਜਿਸਦਾ ਗੀਤ ਗਾਵੇਂ ਦੀਵਾ ਬਾਲ ਕੇ ਤੇ, ਰੋਵੇ ਜੰਗਲਾਂ ਦੇ ਵਿਚ ਕੌਣ ਪਯਾਰੀ।
ਚਾਤ੍ਰਿਕ ਸਮਝ ਨਾ ਆਂਵਦੀ ਕੁਝ ਸਾਨੂੰ, ਸਾਰੀ ਗਲ ਸੁਣਾ ਖਾਂ ਇਕ ਵਾਰੀ।

ਉੱਤਰ ਰਾਜਾ ਨਲ ਦਾ

ਰਾਜੇ ਆਖਿਆ ਗੱਲ ਤਾਂ ਕੁਛ ਨਾਹੀਂ, ਮੈਂ ਸੀ ਵੇਖਿਆ ਇਕ ਦਾ ਹਾਲ ਮਿਤ੍ਰਾ।
ਕਿਸਮਤ ਮਾਰਿਆ ਇਕ ਇਨਸਾਨ ਹੈਸੀ, ਓਹਦਾ ਹੋ ਗਿਆ ਗੁੰਮ ਇਕਬਾਲ ਮਿਤ੍ਰਾ।
ਨਾਰ ਖੂਬਸੂਰਤ ਅਤੇ ਖਾਨਦਾਨੀ, ਫਿਰਦਾ ਲਈ ਸੀ ਜੰਗਲੀਂ ਨਾਲ ਮਿਤ੍ਰਾ।
ਦੁਖਾਂ ਵਿਚ ਇਸ ਨਾਰ ਨੂੰ ਦੇਖ ਕੇ ਤੇ, ਆਯਾ ਜੀਉ ਦੇ ਵਿਚ ਉਬਾਲ ਮਿਤ੍ਰਾ।
ਸੁਤੀ ਛਡ ਕੇ ਤੁਰ ਪਿਆ ਬਨਾਂ ਅੰਦਰ, ਕੀ ਓਸਦਾ ਨਹੀਂ ਖਿਆਲ ਮਿਤ੍ਰਾ।
ਓਹ ਬੇਆਸਰੀ ਓਸ ਨਿਰਦਈ ਤਾਈਂ, ਰਹੀ ਜੰਗਲਾਂ ਦੇ ਵਿਚ ਭਾਲ ਮਿਤ੍ਰਾ।
ਏਧਰ ਓਸ ਨਿਰਮੋਹ ਨੂੰ ਸੋਚ ਆਵੇ, ਰੋ ਰੋ ਕਰ ਰਿਹਾ ਬੁਰਾ ਅਹਿਵਾਲ ਮਿਤ੍ਰਾ।
ਚਾਤ੍ਰਿਕ ਓਸਦੇ ਹਾਲ ਨੂੰ ਯਾਦ ਕਰਕੇ, ਮੈਂ ਸ਼ਲੋਕ ਬੋਲਾਂ ਦੀਵਾ ਬਾਲ ਮਿਤ੍ਰਾ।

ਉੱਤਰ ਜੀਵਲ ਬਾਹੁਕ ਦਾ

ਬੇਵਕੂਫ ਅੱਵਲ ਦਰਜਾ ਹੋਯਾ ਓਹ ਭੀ, ਪਹਿਲਾਂ ਛਡ ਕੇ ਫੇਰ ਪਛੁਤਾਂਵਦਾ ਏ।
ਪਹਿਲਾਂ ਸੋਚਣਾ ਸੀ ਅੰਨ੍ਹੇ ਹੋਣ ਲਗੇ, ਪਿਛੋਂ ਕਾਸਨੂੰ ਮਗਜ਼ ਖਪਾਂਵਦਾ ਏ।
ਜੇਹੜੀ ਹੋਈ ਸੀ ਹੋ ਗਈ ਕਰੇ ਜਿਗਰਾ, ਕਾਹਨੂੰ ਆਪਣੀ ਖੇਹ ਉਡਾਂਵਦਾ ਏ।
ਚਾਤ੍ਰਿਕ ਸੋਚ ਕੇ ਕਰੇ ਨਾ ਗਲ ਜੇਹੜਾ ਪਿਛੋਂ ਠੀਕ ਉਹ ਦੁਖ ਉਠਾਂਵਦਾ ਏ।

ਉੱਤਰ ਰਾਜੇ ਨਲ ਦਾ

ਰਾਜੇ ਕਿਹਾ ਇਹ ਗੱਲ ਹੈ ਸੱਚ ਤੇਰੀ, ਉਹ ਭੀ ਯਾਦ ਕਰਕੇ ਪਛੋਤਾਂਦਾ ਹੋਸੀ।
ਪਿਆ ਅਕਲ ਤੇ ਜਦੋਂ ਅਗਯਾਨ ਪੜਦਾ ਮੂਰਖ ਯਾਦ ਕਰਕੇ ਸ਼ਰਮ ਖਾਂਦਾ ਹੋਸੀ।
ਖਬਰੇ ਆਸ ਉਮੈਦ ਦੇ ਆਸਰੇ ਤੇ, ਕਰਕੇ ਸਬਰ ਹੀ ਵਕਤ ਲੰਘਾਦਾ ਹੋਸੀ।
ਮਿਲਸੀ ਕਦੋਂ ਕੀ ਜਾਣੀਏ ਨਾਰ ਮੁੜਕੇ, ਨਾਲ ਗਮਾਂ ਦੇ ਜਾਨ ਸੁਕਾਂਦਾ ਹੋਸੀ।
ਜਾਨ ਟੰਗ ਸੂਲੀ ਉਤੇ ਆਪ ਹਥੀਂ, ਉਹਦੇ ਹਿਜਰ ਦੇ ਦੁਖ ਉਠਾਂਦਾ ਹੋਸੀ।
ਖਾਣ ਪੀਣ ਭੀ ਸੁਝਦਾ ਹੋਵਸੂਗਾ, ਯਾ ਕਿ ਚਾਤ੍ਰਿਕ ਵਾਂਗ ਕੁਰਲਾਂਦਾ ਹੋਸੀ।

ਬਚਨ ਕਵੀ

ਮਨਾਂ ਬਸ ਕਰ ਦੇ ਦਾਸਤਾਨ[1] ਲੰਮੀ, ਏਸ ਤੂਲ[2] ਦਾ ਦਿਲੋਂ ਖਿਆਲ ਛਡ ਦੇ।
ਰਾਣੀ ਦਮਯੰਤੀ ਜੀਕਰ ਵਖਤ ਕਟੇ, ਰਾਜੇ ਨਲ ਨੂੰ ਭੀ ਏਸੇ ਹਾਲ ਛਡ ਦੇ।
ਬੜਾ ਵਕਤ ਗੁਜ਼ਾਰਿਆ ਏਸ ਪਾਸੇ, ਰੁਲਨਾ ਆਪਣਾ ਉਨ੍ਹਾਂ ਦੇ ਨਾਲ ਛਡ ਦੇ।
ਚਾਤ੍ਰਿਕ ਰੋਂਦਿਆਂ ਉਮਰ ਨਾ ਮੁਕ ਜਾਵੇ, ਕਰਨ ਕਿਸੇ ਨੂੰ ਇਨ੍ਹਾਂ ਦੀ ਭਾਲ ਛਡ ਦੇ।
ਜਿਗਰ ਪਾਟ ਕਲਮ ਦੋ ਫਾੜ ਹੋ ਗਈ, ਪੁਰ ਅਸਰ ਲਿਖ ਲਿਖ ਦਾਸਤਾਨ ਚਾਤ੍ਰਿਕ।
ਤੇਰਾ ਦਿਲ ਵੀ ਛਾਨਣੀ ਵਾਂਗ ਹੋਯਾ, ਕਰ ਕਰ ਦਰਦ ਦੇ ਹਾਲ ਬਯਾਨ ਚਾਤ੍ਰਿਕ।
ਮਤਾਂ ਪੜ੍ਹਨ ਵਾਲੇ ਦਾਸਤਾਨ ਗਮ ਦੀ, ਰੰਜ ਨਾਲ ਉਦਾਸ ਹੋ ਜਾਨ ਚਾਤ੍ਰਿਕ।
ਬਹੁਤਾ ਤੂਲ ਫਜ਼ੂਲ ਖਿਆਲ ਕਰਕੇ ਹੋਵੇ ਪੜ੍ਹਨ ਥੀਂ ਬੰਦ ਜ਼ਬਾਨ ਚਾਤ੍ਰਿਕ।
ਸੁਣਨ ਵਾਲਿਆਂ ਦੇ ਮਤਾਂ ਜਿਗਰ ਹਿਲਨ, ਸੁਣ ਕੇ ਦਰਦ ਦੀ ਆਹੋ, ਫਗਾਨ[3] ਚਾਤ੍ਰਿਕ।
ਨਕਸ਼ਾਂ ਦੁਖ ਦਾ ਖਿਚ ਦਿਖਾਇਓ ਈ, ਹੋਈ ਛੇਰ, ਸਮੇਟ ਸਾਮਾਨ ਚਾਤ੍ਰਿਕ।
ਜੀਕਰ ਮਿਲੇ ਦੋ ਸਿਰਾਂ ਵਿਛੋੜਿਓ ਈ, ਮੇਲਣ ਵਾਸਤੇ ਕਰੀਂ ਤਰਾਨ ਚਾਤ੍ਰਿਕ।
ਕੋਈ ਸੁਖ ਦਾ ਸਾਹ ਭੀ ਆਣ ਦੇਵੀਂ, ਦੁਖੀ ਨਿਕਲ ਨਾ ਜਾਨ ਪ੍ਰਾਨ ਚਾਤ੍ਰਿਕ।
ਕੋਈ ਢੰਗ ਐਸਾ ਇਖਤਿਆਰ ਕਰ ਲੈ ਮਿਲ ਕੇ ਚੈਨ ਆਰਾਮ ਹੁਣ ਪਾਨ ਚਾਤ੍ਰਿਕ।
ਸੋਭਾ ਉਨ੍ਹਾਂ ਦੀ ਵਿਚ ਜਹਾਨ ਹੋਵੇ, ਜੇਹੜੇ ਵਿਛੜੇ ਮੀਤ ਮਿਲਾਨ ਚਾਤ੍ਰਿਕ।
ਰਾਜੇ ਭੀਮ ਦੇ ਸ਼ਹਿਰ ਕੀ ਹਾਲ ਗੁਜ਼ਰੇ, ਉਠ ਚਲਕੇ ਮਾਰ ਧਿਆਨ ਚਾਤ੍ਰਿਕ।
ਚਾਤ੍ਰਿਕ ਢੂੰਢ ਕੇ ਦੇਹ ਮਿਲਾ ਸਾਰੇ, ਝੁਗਾ ਫੇਰ ਹੋਵੇ ਆਵਾਦਾਨ ਚਾਤ੍ਰਿਕ।
ਏਧਰ ਸਹਿਣ ਦੇ ਦੁਖ ਸਿਆਣਿਆਂ ਨੂੰ, ਉਧਰ ਚੱਲ ਕੇ ਵੇਖ ਅੰਞਾਣਿਆਂ ਨੂੰ।
ਜੇਹੜੇ ਛਾਤੀਓਂ ਤੋੜ ਕੇ ਮਾਂ ਸੁਟੇ, ਸੁਝੇ ਅੰਧ ਅੰਧੇਰ ਨਿਮਾਣਿਆਂ ਨੂੰ।
ਮਾਪੇ ਜੀਉਂਦਿਆਂ ਵਾਂਗ ਮਹਿੱਟਰਾਂ ਦੇ, ਪਿਆ ਵੇਖਣਾ ਦੁਖ ਨਿਤਾਣਿਆਂ ਨੂੰ।
ਚਾਤ੍ਰਿਕ ਕਿਸ ਤਰ੍ਹਾਂ ਕਰਨ ਵਿਰਲਾਪ ਬਚੇ, ਓਸ ਤਰਫ ਭੀ ਮੋੜ ਮੁਹਾਣਿਆਂ ਨੂੰ।
ਕੂੰਜਾਂ ਵਿਚ ਪਹਾੜ ਦੇ ਦੇਣ ਬਚੇ, ਆਪ ਕਰਨ ਪ੍ਰਵਾਜ਼[4] ਅਸਮਾਨ ਅੰਦਰ।
ਰੱਖਣ ਯਾਦ ਔਲਾਦ ਦੀ ਦਿਲ ਅੰਦਰ, ਆਪ ਚੁਗਦੀਆਂ ਫਿਰਨ ਜਹਾਨ ਅੰਦਰ।
ਉਨ੍ਹਾਂ ਬੱਚਿਆਂ ਦੀ ਕਰੇ ਕੌਣ ਰਾਖੀ, ਚੋਗਾ ਕੌਣ ਦੇਵੇ ਬੀਆਬਾਨ ਅੰਦਰ।
ਚਾਤ੍ਰਿਕ ਰੱਬ ਸੱਚਾ ਪ੍ਰਿਤਪਾਲ ਕਰਦਾ, ਮਾਵਾਂ ਰਖਦੀਆਂ ਸਿਰਫ ਧਿਆਨ ਅੰਦਰ।
ਏਹ ਹਾਲ ਸੀ ਇਨ੍ਹਾਂ ਨਿਮਾਣਿਆਂ ਦਾ, ਮਾਪੇ ਜੀਉਂਦਿਆਂ ਆਪ ਯਤੀਮ ਹੋ ਗਏ।
ਕਿਸਮਤ ਆਣ ਅਜੇਹੀ ਤਲਵਾਰ ਫੇਰੀ, ਟੁਕੜੇ ਜਿਗਰ ਦੇ ਕੱਟ ਤਕਸੀਮ[5] ਹੋ ਗਏ।
ਹੀਰੇ ਟੁਟ ਕੇ ਗਲੇ ਦੇ ਹਾਰ ਵਿਚੋਂ, ਰੁਲਦੇ ਜੰਗਲਾਂ ਦੇ ਵਿਚ ਨੀਮ[6] ਹੋ ਗਏ।
ਚਾਤ੍ਰਿਕ ਦੇਖਣਾ ਮਾਪਿਆਂ ਨਾਲ ਕਿਸਮਤ, ਜੇਕਰ ਰੱਬ ਰਹਿਮਾਨ ਰਹੀਮ[7] ਹੋ ਗਏ।

---

1. ਕਹਾਣੀ। 2. ਲੰਮਾਈ। 3. ਵਿਰਲਾਪ। 4. ਉਡਾਰੀ। 5. ਵੰਡੇ। 6. ਅਧੇ।
7. ਤਰਸ ਵਾਲਾ, ਕ੍ਰਿਪਾਲੂ।

ਅਠਵਾਂ ਖੰਡ : ਵਿਛੜਿਆਂ ਦੀ ਢੂੰਡ, ਰਾਜੇ ਨਲ ਦੇ ਬੱਚਿਆਂ ਦਾ ਹਾਲ

ਤੁਰੇ ਰਥ ਤੇ ਬੈਠ ਕੇ ਲਾਂਡਲੇ ਜਾਂ, ਮਾਈ ਬਾਪ ਦੇ ਵਿਚ ਖਿਆਲ ਆਹਾ।
ਜਿਸਮ ਰਥ ਦੇ ਵਿਚ ਅਸਵਾਰ ਹੋਏ, ਦਿਲ ਮਾਉਂ ਦੀ ਹਿੱਕ ਦੇ ਨਾਲ ਆਹਾ।
ਥੋੜੀ ਦੂਰ ਤਾਂ ਦਿਸਦੇ ਰਹੇ ਮਾਪੇ, ਗਿਆਂ ਦਰ ਪਰ ਬੁਰਾ ਐਹਵਾਲ ਆਹਾ।
ਹੁਸੜ ਗਏ ਗੁਲਾਬ ਦੇ ਫੁਲ ਚੇਹਰੇ, ਚਾਤ੍ਰਿਕ ਚਿੱਤ ਬੇਚੈਨ ਕਮਾਲ ਆਹਾ।
ਘੜੀਆਂ ਦੋਂਹ ਦੇ ਵਿਚ ਹਰਾਸ[1] ਘੱਤੇ ਅੰਮਾਂ ਜਾਨ ਬਾਝੋਂ ਬੇਕਲ ਜਾਨ ਹੋ ਗਈ।
ਬੱਗੇ ਫਟਕ ਉਦਾਸ ਨਿਰਾਸ ਚੇਹਰੇ, ਸੂਰਜ ਚੰਦ ਸੰਦੀ ਮੱਧਮ ਸ਼ਾਨ ਹੋ ਗਈ।
ਮੁੜ ਮੁੜ ਘੂਰਦੇ ਵੇਖਕੇ ਸਾਰਥੀ ਨੂੰ, ਤਬਾ[2] ਓਸ ਵਲੋਂ ਬਦਗੁਮਾਨ ਹੋ ਗਈ।
ਅਰੇ ਸਾਰਥੀ ਹਮੇਂ ਬਤਲਾਤ ਕਿਉਂ ਨਾ, ਕੌਣ ਤਰਫ ਕੋ ਮਾਤ ਰਵਾਨ ਹੋ ਗਈ।
ਕੌਣ ਤਰਫ ਹਮ ਕੋ ਲੀਏ ਜਾਵਤੇ ਹੈਂ, ਚਾਰੋਂ ਤਰਫ ਉਜਾੜ ਸੁਨਸਾਨ ਹੋ ਗਈ।
ਚਾਤ੍ਰਿਕ ਸਾਰਥੀ ਹੋ ਗਿਆ ਮੋਮ ਸੁਣ ਕੇ, ਰੁਕਿਆ ਕੰਠ ਤੇ ਬੰਦ ਜਬਾਨ ਹੋ ਗਈ।
ਝੂਠ ਸੱਚ ਬਨਾਇ ਕੇ ਸਾਰਥੀ ਨੇ, ਰੋਂਦੇ ਬਾਲਕਾਂ ਚੁਪ ਕਰਾਇਆ ਏ।
ਬੀਬਾ ਨਾਨਕੇ ਚੱਲ ਕੇ ਮਾਂ ਮਿਲਸੀ, ਲਾਰਾ ਦੇਇ ਕੇ ਚਿੱਤ ਪਰਚਾਇਆ ਏ।
ਓੜਕ ਬਾਲ ਮਾਸੂਮ ਸਨ ਜ਼ੋਰ ਕਾਹਦਾ, ਬੜੇ ਜ਼ੋਹਦ[3] ਦੇ ਨਾਲ ਪੁਚਾਇਆ ਏ।
ਚਾਤ੍ਰਿਕ ਆਨ ਪਹੁੰਚਾ ਭੀਮ ਨਗਰ ਅੰਦਰ, ਲੈ ਕੇ ਵਿਚ ਦਰਬਾਰ ਦੇ ਆਇਆ ਏ।

ਦਸਣੀ ਸਾਰੀ ਗੱਲ ਸਾਰਥੀ ਨੇ ਰਾਜੇ ਭੀਮ ਨੂੰ

ਬਾਲਕ ਹੁਸੜੇ ਦੇਖਕੇ ਭੀਮ ਰਾਜੇ, ਗੋਦੀ ਚੁਕਿਆ ਬੜਾ ਪਿਆਰ ਕਰਕੇ।
ਕੌਲ ਖਿਲੇ ਪਰ ਸੁਕਿਆ ਨੀਰ ਹੇਠਾਂ, ਹਸੇ ਬਾਲ ਪਰ ਬੜਾ ਬਲਕਾਰ ਕਰਕੇ।
ਅੰਦਰ ਭੁਜਿਆ ਆਂਦਰਾਂ ਖਿੱਚ ਕੀਤੀ, ਨਿਕਲੇ ਬੋਲ ਪਰ ਦਿਲਾਂ ਤੇ ਵਾਰ ਕਰਕੇ।
ਰਾਜੇ ਪੁਛਿਆ ਹਾਲ ਐਹਵਾਲ ਸਾਰਾ, ਸਾਰਥੀ ਰੋ ਪਿਆ ਹਾਲ ਇਜ਼ਹਾਰ ਕਰਕੇ।
ਮੂੰਹੋਂ ਗੱਲ ਨਾ ਨਿਕਲੇ ਸਾਫ ਹੋ ਕੇ, ਹਾਲ ਜ਼ਾਰ[4] ਦਸੇ ਅਸ਼ਕਬਾਰ[5] ਕਰਕੇ।
ਛਾਈ ਸੁਨਸੁਨੀ ਵਿਚ ਦਰਬਾਰ ਸਾਰੇ, ਚਾਤ੍ਰਿਕ ਜੀਅ ਨਾ ਟਿਕੇ ਕਰਾਰ ਕਰਕੇ।
ਜੂਆ ਖੇਲਣਾ ਰਾਉ ਦਾ ਨਾਲ ਪੁਸ਼ਕਰ, ਚਲਾ ਜਾਵਣਾ ਮਾਲ ਅਸਬਾਬ ਕਰਕੇ।
ਨਾਲ ਤਰਲਿਆਂ ਰੋਕਣਾ ਇਸਤ੍ਰੀ ਦਾ, ਆਖਾ ਮੋੜਨਾ ਰਾਉ ਦਾ ਜਿੱਦ ਕਰਕੇ।
ਕਰਨਾ ਮਨ੍ਹਾ ਦੀਵਾਨ ਮੁਤੱਸਦੀਆਂ[6] ਦਾ, ਸੁਣਨੀ ਗੱਲ ਨਾ ਜ਼ਰਾ ਧਯਾਨ ਧਰਕੇ।
ਓੜਕ ਹਾਰਨਾ ਰਾਜ ਸਮਾਨ ਸਾਰਾ, ਪੁਸ਼ਕਰ ਕਢਣਾ ਨਗਰੋਂ ਬਾਹਰ ਫੜਕੇ।
ਟੁਰਨਾ ਨਾਲ ਲੈ ਜੰਗਲੀਂ ਇਸਤ੍ਰੀ ਨੂੰ, ਬਾਲਕ ਤੋਰਨੇ ਨਾਨਕੇ ਦੁਖ ਜਰਕੇ।
ਪਹਿਰਾਂ ਵਿਚ ਇਕ ਘੜੀ ਦੀ ਗਲ ਮੁਕੀ, ਚਾਤ੍ਰਿਕ ਸਾਰਥੀ ਦਸਯਾ ਹਾਲ ਮਰਕੇ।

1. ਡਰ। 2. ਮਨ। 3. ਤਪੱਸਿਆ, ਕਠਨਾਈ। 4. ਦੁਖ। 5. ਰੋਂਦਿਆਂ। 6. ਅਹਿਲਕਾਰ।

ਬਚਨ ਕਵੀ ਦਾ

ਯਾਰੋ ਆਂਦਰਾਂ ਦਾ ਦੁਖ ਬੁਰਾ ਹੁੰਦਾ, ਫੁਲਾਂ ਵਿਚ ਏਹ ਦੁਖ ਹੈ ਖਾਰ ਅਸਲੀ।
ਦੁਖ ਬੇਟੀਆਂ ਦਾ ਫੇਰ ਹਾਏ ਰੱਬਾ ! ਘੋਰ ਨਰਕ ਹੈ ਵਿਚ ਸੰਸਾਰ ਅਸਲੀ।
ਏਸ ਦੁਖ ਵਲੋਂ ਜੇਕਰ ਸੱਚ ਪੁਛੋ, ਸੂਲੀ ਚੜ੍ਹੇ ਰਹਿੰਦਾ ਦੁਨੀਆਂ ਦਾਰ ਅਸਲੀ।
ਕਿਸਮਤ ਵਾਲਿਆਂ ਨੂੰ ਠੰਢੀ ਵਾ ਆਵੇ, ਵਰਨਾ ਜਗਤ ਸਾਰਾ ਅਵਾਜ਼ਾਰ[1] ਅਸਲੀ।
ਰੱਬ ਦੇ ਔਲਾਦ ਤਾਂ ਸੁਖ ਦੇਵੇ, ਬਿਨਾਂ ਸੁਖ ਉਜਾੜ ਗੁਲਜ਼ਾਰ[2] ਅਸਲੀ।
ਧੀਆਂ ਹੋਣ ਪਰ ਲੇਖ ਭੀ ਹੋਣ ਚੰਗੇ, ਵਰਨਾ ਔਤ ਰੈਹਣਾ ਖੁਸ਼ਗਵਾਰ[3] ਅਸਲੀ।
ਰਾਜਾ ਨਾਮ ਨੂੰ ਤਾਂ ਸਾਵਧਾਨ ਬੈਠਾ, ਅੰਦਰ ਜਿਗਰ ਦੇ ਫਿਰੀ ਤਲਵਾਰ ਅਸਲੀ।
ਚਾਤ੍ਰਿਕ ਕੈਹਨ ਨੂੰ ਐਹਲ ਦਰਬਾਰ ਜਿੰਦੇ, ਐਪਰ ਹੋ ਰਹੇ ਨਕਸ਼-ਦੀਵਾਰ[4] ਅਸਲੀ।

ਪਹੁੰਚਣਾ ਏਸ ਬੁਰੀ ਖਬਰ ਦਾ ਰਾਜੇ ਦੇ ਮਹਿਲਾਂ ਵਿਚ

ਏਹੋ ਖਬਰ ਰਣਵਾਸ ਦੇ ਵਿਚ ਪਹੁੰਚੀ, ਰਾਣੀ ਰਾਉ ਦੀ ਹੋਈ ਬੇਜਾਨ ਸੁਣ ਕੇ।
ਛਾਯਾ ਅੱਖੀਆਂ ਵਿਚ ਅੰਧੇਰ ਜੇਹਾ, ਮੁਰਦਾ ਹੋ ਗਏ ਨੈਣ ਪਰਾਨ ਸੁਣ ਕੇ।
ਖੂਨ ਵਗ ਤੁਰਿਆ ਪਾਣੀ ਵਾਂਗ ਹੋ ਕੇ, ਅੱਖਾਂ ਨੀਰ ਦੀ ਝੜੀ ਲਗਾਨ ਸੁਣ ਕੇ।
ਦੁਨੀਆਂ ਵਸਦੀ ਵਾਂਗ ਉਜਾੜ ਦਿਸੇ, ਹੋ ਗਈ ਨਾਲ ਮਮਤਾ ਨੀਮ ਜਾਣ ਸੁਣ ਕੇ।
ਮਹਿਲਾਂ ਵਿਚ ਇਕ ਸੋਗ ਦਾ ਸਮਾਂ ਹੋਯਾ, ਗੋਲੀ ਬਾਂਦੀਆਂ ਨੀਰ ਵਹਾਨ ਸੁਣ ਕੇ।
ਕੇਹੜਾ ਦਿਸਦਾ ਜਿਗਰ ਜਹਾਨ ਅੰਦਰ, ਜਿਗਰਾ ਕਰੇ ਜੋ ਦੁਖੀ ਸੰਤਾਨ ਸੁਣ ਕੇ।
ਪੀੜ ਧੀਆਂ ਦੀ ਜਾਣਦੀ ਮਾਂ ਅਸਲੀ, ਹੱਸ ਦੇਣਗੇ ਹੋਰ ਨਾਦਾਨ ਸੁਣ ਕੇ।
ਚਾਤ੍ਰਿਕ ਸੇਕ ਲਗਾ ਹਾਇ ਆਂਦਰਾਂ ਨੂੰ, ਛੇਕ ਪਿਆ ਸੀਨੇ ਦਾਸਤਾਨ ਸੁਣ ਕੇ।

ਰਾਣੀ ਦਾ ਮੰਗਵਾਉਣਾ ਬਾਲਾਂ ਨੂੰ ਦਰਬਾਰ ਵਿਚੋਂ

ਰਾਣੀ ਆਦਮੀ ਘਲ ਦਰਬਾਰ ਵਿਚੋਂ, ਦੋਵੇਂ ਬਾਲ ਮਸੂਮ ਮੰਗਵਾਂਵਦੀ ਏ।
ਲਾਏ ਹਿਕ ਦੇ ਨਾਲ ਓਹ ਲਾਲ ਦੋਵੇਂ ਘੁਟ ਘੁਟ ਕੇ ਜਫੀਆਂ ਪਾਂਵਦੀ ਏ।
ਬੱਚੀ ਓਸ ਦੇ ਮਿਲੇ ਨਿਸ਼ਾਨ ਬੱਚੇ, ਪਟਾਂ ਦੋਹਾਂ ਤੇ ਫੇਰ ਬਿਠਾਂਵਦੀ ਏ।
ਮੂੰਹੋਂ ਪਿਆਰ ਤੇ ਅਖੀਓਂ ਧਾਰ ਵਗੇ, ਰੋਵੇ ਆਪ ਤੇ ਉਨ੍ਹਾਂ ਪਰਚਾਂਵਦੀ ਏ।
ਛੇਤੀ ਨਾਲ ਮੰਗਵਾਉਂਦੀ ਫੇਰ ਖਾਣਾ, ਬੁਰਕੀ ਭੰਨ ਕੇ ਆਪ ਖਵਾਂਵਦੀ ਏ।
ਐਪਰ ਬਾਲ ਕੁਮਲਾ ਗਏ ਵੇਖ ਰੋਂਦੀ, ਵੇਖ ਹੁਸੜੇ ਚੁਪ ਕਰ ਜਾਂਵਦੀ ਏ।
ਏਸ ਪੀੜ ਨੂੰ ਆਦਮੀ ਕੌਣ ਜਾਣੇ ? ਕੋਈ ਮਾਂ ਹੀ ਕੀਮਤਾਂ ਪਾਂਵਦੀ ਏ।
ਚਾਤ੍ਰਿਕ ਧੀ, ਮਹਿਮਾਨ[5] ਦੀ ਭਾਲ ਖਾਤਰ, ਇੰਤਜ਼ਾਮ ਬਿਨ ਦੇਰ ਕਰਾਂਵਦੀ ਏ।

---

1. ਦੁੱਖੀ। 2. ਫੁਲਵਾੜੀ। 3. ਚੰਗਾ, ਸੁਖ ਵਾਲਾ। 4. ਕੰਧ ਦੀ ਤਸਵੀਰ। 5. ਪ੍ਰਾਹੁਣਾ, ਭਾਵ ਜਵਾਈ।

ਭੇਜਣਾ ਭੀਮ ਰਾਜੇ ਨੇ ਬ੍ਰਾਹਮਣਾਂ ਨੂੰ ਵਾਸਤੇ ਰਾਜਾ ਨਲ ਤੇ ਰਾਣੀ ਦਮਯੰਤੀ

ਰਾਜੇ ਭੀਮ ਨੇ ਸਦ ਬ੍ਰਾਹਮਣਾਂ ਨੂੰ, ਭਾਲ ਵਾਸਤੇ ਤੁਰਤ ਤਿਆਰ ਕੀਤਾ।
ਲੱਭ ਲਿਆਵਸੀ ਬੜਾ ਇਨਾਮ ਪਾਸੀ, ਬਖਸ਼ਾਂ ਬਖਸ਼ਨ ਦਾ ਇਸ਼ਤਿਹਾਰ ਕੀਤਾ।
ਧੀ, ਜਵਾਈ, ਗਦਾਈ ਦੇ ਭੇਸ ਫ਼ਿਰਦੇ, ਏਸ ਦੁਖ ਡਾਢਾ ਅਵਾਜ਼ਾਰ ਕੀਤਾ।
ਚਾਤ੍ਰਿਕ ਦੋਹਾਂ ਦੀ ਕਰੇ ਤ਼ਲਾਸ਼ ਛੇਤੀ, ਏਸ ਸੱਲ ਬੇਕਲ ਪਰਵਾਰ ਕੀਤਾ।
ਜੇਕਰ ਖਬਰ ਲਿਆ ਦੇ ਬੱਚੜੀ ਦੀ, ਗਊ ਇਕ ਹਜ਼ਾਰ ਇਨਾਮ ਪਾਸੀ।
ਜੇਹੜਾ ਨਾਲ ਹੀ ਆਪਣੇ ਲਈ ਆਵੇ, ਨਾਲ ਦਛਣਾ ਇਕ ਗਰਾਮ ਪਾਸੀ।
ਰਾਜੇ ਨਲ ਦੀ ਖਬਰ ਯਾ ਟੋਲ ਬਾਬਤ ਏਸੇ ਤਰ੍ਹਾਂ ਇਨਾਮ ਤਮਾਮ ਪਾਸੀ।
ਚਾਤ੍ਰਿਕ ਮੋਤੀਆਂ ਦਾ ਹਾਰ ਨਾਲ ਦੇਸਾਂ ਜਦੋਂ ਦੇਖ ਕੇ ਜੀਉ ਆਰਾਮ ਪਾਸੀ।
ਸੁਣੀ ਬ੍ਰਾਹਮਣਾਂ ਗਲ ਇਨਾਮ ਵਾਲੀ ਬੰਨ੍ਹ ਟੋਲੀਆਂ ਚੜ੍ਹ ਪਏ ਟੋਲਣੇ ਨੂੰ।
ਉਤਰ ਦਖਣੋਂ, ਪੂਰਬੋਂ ਵਲ ਪੱਛਮ, ਚਾਰੇ ਦਿਸ਼ਾ ਤੁਰ ਪਏ ਕਿਸਮਤ ਖੋਲ੍ਹਣੇ ਨੂੰ।
ਕਈ ਢੂੰਡਦੇ ਸ਼ਹਿਰ ਦਵਾਰ ਅੰਦਰ, ਕਈ ਵਿਚ ਜੰਗਲ ਗਏ ਫੋਲਣੇ ਨੂੰ।
ਚਾਤ੍ਰਿਕ ਵਾਹਰ ਪੈ ਗਈ ਗਵਾਚਿਆਂ ਦੀ, ਕਰਨ ਦੂਰ ਜੁਦਾਈ ਦੇ ਓਹਲਣੇ ਨੂੰ।

ਪਛਾਣਨਾ ਸੁਦੇਵ ਬ੍ਰਾਹਮਣ ਦਾ ਰਾਣੀ ਦਮਯੰਤੀ ਨੂੰ ਰਾਜਾ ਸੁਬਾਹੂ ਦੇ ਸ਼ਹਿਰ ਵਿਚ

ਰਜ਼ਾ ਨਾਲ ਇਕ ਬਿਪ੍ਰ[1] ਸੁਦੇਵ ਨਾਮੀ, ਚੇਤ ਪੁਰੇ ਸੁਬਾਹੂ ਦੇ ਆਇ ਗਿਆ।
ਲਾਲਚ ਪੇਟ ਦੇ ਮੁਲਕ ਨੂੰ ਛਾਣ ਥੱਕਾ, ਕਰਦਾ ਪੁਛ ਤੇ ਭਾਲ ਘਬਰਾਇ ਗਿਆ।
ਏਸ ਸ਼ਹਿਰ ਦੇ ਵਿਚ ਜਾਂ ਆਨ ਲੱਥਾ, ਸ਼ੌਕ ਜੀਉ ਦੇ ਵਿਚ ਸਮਾਇ ਗਿਆ।
ਘਰ ਘਰ ਤਾੜਦਾ ਤਕਦਾ ਫਿਰੇ ਚਾਤ੍ਰਿਕ, ਕੂਚੇ ਗਲੀ ਦੀਆਂ ਫੇਰੀਆਂ ਲਾਇ ਗਿਆ।
ਦ੍ਵਾਰ ਦ੍ਵਾਰ ਬਾਜ਼ਾਰ ਬਾਜ਼ਾਰ ਫਿਰਿਆ, ਸੋਨਾ ਨਜ਼ਰ ਸਰਾਫ ਦੀ ਚੜ੍ਹੇ ਸ਼ਾਇਦ।
ਲਭੇ ਜੌਹਰੀ ਕਾਨ ਜਵਾਹਰਾਂ ਦੀ, ਦਾਮਨ[2] ਆਸ ਉਮੈਦ ਦਾ ਭਰੇ ਸ਼ਾਇਦ।
ਹੋਵੇ ਸਾਈਂ ਦੀ ਨਜ਼ਰ ਸਵੱਲੜੀ ਜੇ, ਨਾਲ ਤਾਲਿਆਂ[3] ਯਾਵਰੀ[4] ਕਰੇ ਸ਼ਾਇਦ।
ਚਾਤ੍ਰਿਕ ਨਲ ਰਾਜਾ ਯਾ ਦਮਯੰਤੀ ਰਾਣੀ, ਹੋਣ ਲੁਕੇ ਬੈਠੇ ਕਿਸੇ ਘਰੇ ਸ਼ਾਇਦ।
ਤੱਕਾਂ ਤੱਕਦੇ ਨੂੰ ਸਿੱਕਾਂ ਸਿੱਕਦੇ ਨੂੰ ਢੋ ਰੱਬ ਨੇ ਆਨ ਢੁਕਾਇਆ ਏ।
ਫੇਰੀ ਵਾਲਿਆਂ ਵਾਂਗ ਸਦਾ ਕਰਦਾ, ਚਲ ਮਹਿਲ ਸੁਬਾਹੂ ਦੇ ਆਇਆ ਏ।
ਸੈਨ ਨਾਲ ਸੁਨੰਦਾ ਦੇ ਕਰੇ ਗੱਲਾਂ, ਟੁਕੜਾ ਚੰਦ ਦਾ ਰੱਬ ਵਿਖਾਇਆ ਏ।
ਚਾਤ੍ਰਿਕ ਰੰਗ ਤੇ ਰੂਪ ਪਛਾਨ ਲੀਤਾ, ਚਿਰੀਂ ਲਾਲ ਗਵਾਚਿਆ ਪਾਇਆ ਏ।
ਗੌਰ[5] ਫਿਕਰ ਧਿਆਨ ਨਜ਼ੀਰ[6] ਲਾ ਕੇ, ਵਾਸੁਦੇਵ ਨੇ ਖੂਬ ਪਛਾਨ ਕੀਤੀ।
ਮਥੇ ਚੰਦ ਦੀ ਡਲ੍ਹਕ ਜੋ ਕੁਦਰਤੀ ਸੀ, ਬਦਲੀ ਹੇਠ ਛੁਪੀ ਦੀ ਸਿਆਨ ਕੀਤੀ।
ਕੀਤਾ ਸ਼ੁਕਰ ਪ੍ਰਮਾਤਮਾ ਸਚ ਦੇ ਦਾ, ਪੂਰੀ ਘਾਲ ਸਾਈਂ ਮੇਹਰਬਾਨ ਕੀਤੀ।

---

1. ਬ੍ਰਾਹਮਣ। 2. ਪੱਲਾ। 3. ਭਾਗ। 4. ਸਾਥ ਨਿਭਾਉਣਾ, ਮਦਦ ਕਰਨਾ। 5. ਧਿਆਨ। 6. ਨੀਝ।

ਚਾਤ੍ਰਿਕ ਚੰਦ ਨੂੰ ਦੇਖ ਆਨੰਦ ਹੋਇਆ ਫੇਰ ਬੇਨਤੀ ਖੋਲ੍ਹ ਜਬਾਨ ਕੀਤੀ।

ਸੁਦੇਵ ਬ੍ਰਾਹਮਣੇ ਵਾਚ

ਬੀਬੀ ਧੀਏ ਧਿਆਣੀਏ ! ਭਾਗ ਲੱਗੀ, ਦੇਸਾਂ ਵਿਚ ਹੋ ਰਹੀ ਹੈ ਭਾਲ ਤੇਰੀ।
ਮੁਦਤ ਢੇਰ ਹੋਈ ਸਾਨੂੰ ਫਿਰਦਿਆਂ ਨੂੰ, ਡਿੱਠੀ ਸ਼ਕਲ ਅਜ ਕਿਸਮਤਾਂ ਨਾਲ ਤੇਰੀ।
ਤੇਰੇ ਬਾਪ ਨੂੰ ਤੜਫਦੇ ਸਮਾਂ ਗੁਜ਼ਰੇ, ਦੁਖੀ ਅੰਬੜੀ ਹੋਈ ਕਮਾਲ ਤੇਰੀ।
ਚਾਤ੍ਰਿਕ ਚਲਕੇ ਕਰੀਂ ਨਿਹਾਲ ਉਨ੍ਹਾਂ, ਕੀਤੀ ਭਾਲ ਆਕਾਸ਼ ਪਾਤਾਲ ਤੇਰੀ।
ਮੇਰਾ ਨਾਮ ਵਸਦੇਵ[1] ਤੇ ਜ਼ਾਤ ਬ੍ਰਾਹਮਣ, ਤੇਰੇ ਵੀਰ ਦਾ ਖਾਸ ਗਮਖ੍ਵਾਰ ਹਾਂ ਮੈਂ।
ਰਾਜੇ ਭੀਮ ਦਾ ਘਲਿਆ ਫਿਰਾਂ ਭੌਂਦਾ, ਹੋਯਾ ਭਾਲ ਦੇ ਵਿਚ ਲਾਚਾਰ ਹਾਂ ਮੈਂ।
ਡਿਠਾ ਅਜ ਰਾਜੇ ਤੇ ਧਰਵਾਸ ਆਇਆ, ਤੁਠਾ ਸਮਝਦਾ ਅਜ ਕਰਤਾਰ ਹਾਂ ਮੈਂ।
ਚਾਤ੍ਰਿਕ ਚਲ ਹੁਣ ਵਕਤ ਨਾ ਠੈਹਰਨੇ ਦਾ, ਅਜੇ ਚਲਣੇ ਲਈ ਤਿਆਰ ਹਾਂ ਮੈਂ।
ਸੁਣ ਕੇ ਨਾਮ ਨਿਸ਼ਾਨੜੀ ਪੇਕਿਆਂ ਦੀ, ਦੁਖਾਂ ਵਾਲੜੀ ਦੁਖ ਚਿਤਾਰਦੀ ਏ।
ਆਏ ਯਾਦ, ਮਾਈ, ਬਾਪ, ਵੀਰ, ਅੰਮਾਂ, ਪਈ ਸੱਟ ਯਕਲਖਤ[2] ਤਲਵਾਰ ਦੀ ਏ।
ਦੁਖਾਂ ਵਿਚ ਅਖੋਂ ਖੂਨ ਵਗ ਤੁਰਿਆ, ਬਰਖਾ ਹੋਣ ਲਗੀ ਮੋਹਲ ਧਾਰ ਦੀ ਏ।
ਕਰਕੇ ਹੌਸਲਾਂ ਦੁਖ ਸਹਾਰਦੀ ਏ, ਆਏ ਵੀਰ ਨੂੰ ਫੇਰ ਸਤਕਾਰਦੀ ਏ।
ਸੁਖ, ਸਾਂਦ ਫਿਰ ਪੁਛਦੀ ਓਸ ਪਾਸੋਂ, ਇਕ ਇਕ ਨਾਮ ਲੈ ਸਭ ਪ੍ਰਵਾਰ ਦੀ ਏ।
ਚਾਤ੍ਰਿਕ ਚਿਰੀਂ ਵਿਛੁੰਨਿਆਂ ਸਾਰ ਆਈ, ਕਿਸਮਤ ਫਿਰੀ ਸ਼ਾਇਦ ਦੁਖੀਆ ਨਾਰ ਦੀ ਏ।

ਰਾਜਾ ਸੁਬਾਹੂ ਦੀ ਮਾਤਾ ਨੂੰ ਰਾਣੀ ਦਮਯੰਤੀ ਦਾ ਅਸਲੀ ਹਾਲ ਮਲੂਮ ਹੋਣਾ ਤੇ ਓਸ ਦਾ ਪੁਛਣਾ

ਪਾਸ ਖਲੀ ਸੁਨੰਦਾ ਨੇ ਗੱਲ ਸੁਣ ਕੇ, ਜਾਕੇ ਮਾਉਂ ਨੂੰ ਹਾਲ ਸੁਣਾਇਆ ਏ।
ਮਾਈ ਸਾਹਿਬ ਨੇ ਗਲ ਅਸਚਰਜ ਸੁਣ ਕੇ, ਵਾਸਦੇਵ ਨੂੰ ਪਾਸ ਸਦਵਾਇਆ ਏ।
ਏਹ ਹੈ ਕੌਣ, ਕਿਸ ਦੀ ਜਾਈ, ਨਾਰ ਕਿਸ ਦੀ, ਵਖਤ ਕਿਸ ਤਰ੍ਹਾਂ ਰਬ ਨੇ ਪਾਇਆ ਏ।
ਚਾਤ੍ਰਿਕ ਹਾਲ ਬਯਾਨ ਕਰ ਖੋਲ੍ਹ ਕੇ ਤੇ, ਇਸਦਾ ਪਤਾ ਤੈਨੂੰ ਕਿਸ ਨੇ ਲਾਇਆ ਏ।

ਉੱਤਰ ਸੁਦੇਵ ਬ੍ਰਾਹਮਣ ਦਾ

ਕਰਕੇ ਅਦਬ ਅਦਾਬ ਸੁਦੇਵ ਕਹਿੰਦਾ, ਦਸਾਂ ਹਾਲ ਸਰਕਾਰ ਨੂੰ ਖੋਲ੍ਹ ਮਾਤਾ।
ਰਾਜੇ ਭੀਮ ਵਿਦਰਭ ਦੇ ਸ਼ਾਹ ਸੰਦੀ, ਲਖਤਿ-ਜਿਗਰ[3] ਹੈ ਆਪ ਦੇ ਕੋਲ ਮਾਤਾ।
ਰਾਜਾ ਨਲ ਨਿਖਧ ਦੇਸ਼ ਦੀ ਪ੍ਰਾਣ ਪਜਾਰੀ, ਕਿਸਮਤ ਮਾਰਯਾ ਦੁਖ ਥੀਂ ਰੋਲ ਮਾਤਾ।
ਰਾਜਾ ਹਾਰ ਕੇ ਰਾਜ ਲੈ ਨਾਲ ਤੁਰਿਆ, ਘਲੇ ਨਾਨਕੇ ਬਾਲ ਅਨਭੋਲ ਮਾਤਾ।
ਜਦੋਂ ਖਬਰ ਹੋਈ ਮਾਤਾ ਪਿਤਾ ਤਾਈਂ, ਭੁਲੇ ਐਸ਼ ਅਰਾਮ ਕਲੋਲ ਮਾਤਾ।

1. ਜਿਵੇਂ ਨਾਵਾਂ ਦੀ ਹਾਲਤ ਵਿਚ ਆਮ ਹੁੰਦਾ ਹੈ, ਵਾਸਦੇਵ ਨੂੰ ਹੀ ਉਪਰ ਛੋਟਾ ਕਰਕੇ ਸੁਦੇਵ ਤੇ ਇਥੇ ਵਾਸਦੇਵ ਕੀਤਾ ਹੈ।
2. ਇਕ ਦਮ, ਅਚਨਚੇਤ। 3. ਦਿਲ ਦਾ ਟੋਟਾ, ਸੰਤਾਨ।

ਸ਼ਹਿਰ ਸ਼ਹਿਰ, ਵਲੈਤ ਵਲੈਤ ਅੰਦਰ, ਚਾਤ੍ਰਿਕ ਹੋ ਰਹੀ ਇਨ੍ਹਾਂ ਦੀ ਟੋਲ ਮਾਤਾ।
ਇਕ ਦਰ ਮਾਊਂ ਨੂੰ ਕੁਝ ਨਾ ਸੁਝਦਾ ਏ, ਇਕ ਦਰ ਓਦਰੇ ਚਿਤ ਅੰਞਾਣਿਆਂ ਦੇ।
ਰਾਹ ਤਕਦਿਆਂ ਅਖੀਆਂ ਪੱਕ ਗਈਆਂ, ਹਾਲ ਪੁਛਦਿਆਂ ਦਰਦ ਰੰਞਾਣਿਆਂ ਦੇ।
ਕੇਹੜੀ ਘੜੀ ਮੁਹਾਰ ਕਰਤਾਰ ਮੋੜੇ, ਮੋੜੇ ਪੈਣਗੇ ਕਦੋਂ ਮੁਹਾਣਿਆਂ ਦੇ।
ਏਹਨੂੰ ਲਭਿਆ ਨਾਲ ਤਕਦੀਰ ਏਥੋਂ, ਚਾਤ੍ਰਿਕ ਪ੍ਰਾਣ ਲਭੇ ਬੇਪ੍ਰਾਣਿਆਂ ਦੇ।
ਅਧਾ ਦੁਖ ਕਰਤਾਰ ਘਟਾ ਦਿਤਾ ਹੋਯਾ ਜੀਉ ਨੂੰ ਬੜਾ ਹੁਲਾਸ[1] ਮਾਤਾ।
ਰਾਜਾ ਨਲ ਦੀ ਰਹੀ ਤਲਾਸ਼ ਬਾਕੀ, ਉਹ ਭੀ ਰਬ ਕਰਸੀ ਕੰਮ ਰਾਸ ਮਾਤਾ।
ਚਲਕੇ ਠੰਢ ਪਾਵਣ ਸੜਦੇ ਦਿਲਾਂ ਅੰਦਰ, ਔਣ ਸੁਖੀ ਦੇ ਉਨ੍ਹਾਂ ਨੂੰ ਸਵਾਸ ਮਾਤਾ।
ਲਾਵੇ ਹਿਕ ਦੇ ਨਾਲ ਅੰਞਾਣਿਆਂ ਨੂੰ ਆਵੇ ਓਨ੍ਹਾਂ ਦੇ ਜੀਉ ਧਰਵਾਸ ਮਾਤਾ।
ਖੁਸ਼ੀ ਕਰੋ ਤੇ ਏਸ ਨੂੰ ਵਿਦਾ ਕਰਿਓ ਲਗ ਰਹੀ ਚਰੋਕਣੀ ਆਸ ਮਾਤਾ।
ਚਾਤ੍ਰਿਕ ਦੂਰ ਜੁਦਾਈ ਦਾ ਦੁਖ ਹੋਵੇ, ਜਾ ਕੇ ਬਹੇ ਸੰਤਾਨ ਦੇ ਪਾਸ ਮਾਤਾ।

ਮਾਈ ਦਾ ਆਪਣੀ ਭਣੇਵੀਂ ਨੂੰ ਪਛਾਣ ਕੇ ਪਿਆਰ ਕਰਨਾ

ਸੁਣ ਕੇ ਹਾਲ ਬੇਵਸੀ ਇਕ ਚੀਕ ਨਿਕਲੀ, ਮਾਈ ਪਕੜ ਜਲਦੀ ਹਿਕ ਨਾਲ ਲਾਯਾ।
ਹਾਏ ਬੱਚੀਏ ! ਬੜਾ ਅਪਰਾਧ ਹੋਯਾ, ਮੈਂ ਨਾ ਤੇਰੜੇ ਹਾਲ ਦਾ ਭੇਤ ਪਾਯਾ।
ਜਿੰਦ ਜਾਨ ਮੇਰੀ ਤੂੰ ਤਾਂ ਭਾਗ ਭਰੀਏ, ਤੇਰਾ ਮੁਝ ਨੂੰ ਨਹੀਂ ਖਿਆਲ ਆਯਾ।
ਚਾਤ੍ਰਿਕ ਰੋਣ ਲਗੀ ਗੋਦ ਵਿਚ ਲੈ ਕੇ, ਹੋਈ ਹੋਰ ਦੀ ਪਲਟ ਕੇ ਹੋਰ ਮਾਯਾ।
ਕਹਿੰਦੀ ਮਾਉਂ ਤੇਰੀ ਦੀ ਮੈਂ ਭੈਣ ਸਕੀ, ਮਾਸੀ ਤੁਧ ਦੀ ਹਾਂ, ਮੇਰੀ ਜਾਨ ਬਚੀ।
ਅਸੀਂ ਸਦਾਨਮ ਦੇਸ਼ ਦੀਆਂ ਜਾਈਆਂ ਹਾਂ, ਵਿਸਰਨ ਰਾਜੇ ਦੀ ਸੰਤਾਨ ਬਚੀ।
ਮੈਂ ਵਿਆਹੀ ਰਾਜੇ ਵੀਰ ਥਾਹੂ ਜਾ ਕੇ, ਰਾਜੇ ਭੀਮ ਤੇਰੀ ਅੰਮਾਂ ਜਾਨ ਬਚੀ।
ਬੜੀ ਦੇਰ ਹੋਈ ਤੈਨੂੰ ਵੇਖਿਆ ਸੀ, ਤੂੰ ਸੈਂ ਗੋਦ ਦੇ ਵਿਚ ਨਾਦਾਨ ਬਚੀ।
ਐਨੀ ਦੇਰ ਹੋਈ ਤੈਨੂੰ ਰਹਿੰਦਿਆਂ ਨੂੰ, ਤੈਨੂੰ ਮੂਲ ਨਾ ਸਕੀ ਪਛਾਣ ਬਚੀ।
ਹੋ ਕੇ ਧੀ ਤੂੰ ਚਾੜ੍ਹਿਆ ਭਾਰ ਸਿਰ ਤੇ, ਕੀਤੀ ਚਾਕਰੀ ਬੜੀ ਅੰਜਾਨ ਬਚੀ।
ਤੇਰਾ ਦੇਣੀਆ ਕਿਸ ਤਰ੍ਹਾਂ ਦਿਆਂਗੀ ਮੈਂ, ਕੀਕਰ ਲਹੇਗਾ ਪਾਪ ਮਹਾਨ ਬਚੀ।
ਚਾਤ੍ਰਿਕ ਟਹਿਲ ਨਾ ਕੁਝ ਭੀ ਹੋ ਸਕੀ, ਭੁਲੀ ਰਹੀ ਮੈਂ ਓਪਰੀ ਜਾਨ ਬਚੀ।

ਰਾਣੀ ਦਮਯੰਤੀ ਨੇ ਧੰਨਵਾਦ ਕਰਨਾ ਮਾਸੀ ਦਾ

ਬੋਲੀ ਦਮਨ[2] ਗਲਵੱਕੜੀ ਪਾਇ ਕੇ ਤੇ, ਕਾਹਨੂੰ ਹੁੰਦੇ ਹੋ ਆਪ ਹਰਾਸ ਮਾਸੀ।
ਮੈਂ ਬਥੇਰੜੇ ਚਾਉ ਮਲ੍ਹਾਰ ਕੀਤੇ, ਜਿਚਰ ਰਹੀ ਮੈਂ ਆਪ ਦੇ ਪਾਸ ਮਾਸੀ।
ਭਾਵੇਂ ਆਪ ਨੂੰ ਕੁਝ ਮਾਲੂਮ ਨਾ ਸੀ, ਤਾਂ ਭੀ ਹਰ ਤਰ੍ਹਾਂ ਰਖਿਆ ਪਾਸ ਮਾਸੀ।
ਏਦੂੰ ਵਧ ਕੀ ਹੋਰ ਸੀ ਟੈਹਲ ਹੋਣੀ, ਦਿਤਾ ਹੋਣ ਨਾ ਮੂਲ ਉਦਾਸ ਮਾਸੀ।

---

1. ਖੁਸ਼ੀ। 2. ਦਮਯੰਤੀ ਦਾ ਲਾਡਲਾ ਤੇ ਛੋਟਾ ਨਾਂ ਦਮਨ ਬਣਾਇਆ ਹੈ ਜਿਵੇਂ ਪਿਛਲੇ ਦੋ ਸਫਿਆਂ ਵਿਚ ਵਾਸਦੇਵ ਦਾ ਸੁਦੇਵ ਤੇ ਵਸਦੇਵ ਰੂਪ ਹੀ ਵਰਤਿਆ ਹੈ।

ਮੇਰੀ ਭੈਣ ਸੁਨੰਦਾ ਨੇ ਨਾਲ ਮੇਰੇ, ਭੈਣਾਂ ਵਾਂਗ ਹੀ ਰਖਿਆ ਵਾਸ ਮਾਸੀ।
ਮੈਂ ਪਰਸੰਨ ਹਾਂ ਆਪ ਦੀ ਟੈਹਲ ਉਤੇ, ਲੰਘੇ ਸੁਖ ਦੇ ਬੜੇ ਸਵਾਸ ਮਾਸੀ।
ਹੁਣ ਆਗਿਆ ਦਿਓ ਮੈਂ ਜਾਂ ਪੇਕੇ, ਓਧਰ ਹੋ ਰਹੇ ਨੇ ਬੇਹਵਾਸ ਮਾਸੀ।
ਮੇਰਾ ਜੀਉ ਹੈ ਵਿਚ ਅੰਞਾਣਿਆਂ ਦੇ, ਅੱਖੀ ਵੇਖ ਕੇ ਕਰਾਂ ਧਰਵਾਸ ਮਾਸੀ।
ਮਾਈ ਬਾਪ ਉਡੀਕਦੇ ਦਿਨੇ ਰਾਤੀਂ, ਪੂਰੀ ਉਨ੍ਹਾਂ ਦੀ ਹੋਵਸੀ ਆਸ ਮਾਸੀ।
ਚਾਤ੍ਰਿਕ ਪਤੀ ਜੀ ਕਰਨ ਹੁਣ ਮੇਹਰ ਛੇਤੀ, ਕਰਿਓ ਰਬ ਦੇ ਪਾਸ ਅਰਦਾਸ ਮਾਸੀ।

ਵਿਦਿਆ ਹੋਣਾ ਰਾਣੀ ਦਮਯੰਤੀ ਦਾ ਮਾਸੀ ਪਾਸੋਂ

ਓੜਕ ਰੋਕਣਾ ਹੋਰ ਨਾ ਠੀਕ ਜਾਤਾ, ਰਾਜ਼ੀ ਤੋਰਨੇ ਨੂੰ ਹੋਈ ਆਨ ਰਾਣੀ।
ਲਦ ਪਥ ਕੇ ਤੋਰਿਆ ਭਾਣਜੀ ਨੂੰ ਇਕ ਨਾਲ ਦਿਤਾ ਰਥਵਾਨ ਰਾਣੀ।
ਰਥ ਵਿਚ ਬਿਠਾਇ ਕੇ ਵਿਦਾ ਕੀਤਾ, ਨਾਲ ਖੁਸ਼ੀ ਦੇ ਘਰੋਂ ਮਹਿਮਾਨ ਰਾਣੀ।
ਚਾਤ੍ਰਿਕ ਤੁਰਨ ਲਗੀ ਜਦੋਂ ਘਰੋਂ ਬੇਟੀ, ਲਗੀ ਰੁਦਨ ਕਰਨੇ ਦਯਾਵਾਨ ਰਾਣੀ।
ਲਗੀ ਪ੍ਰੀਤ ਸੁਨੰਦਾ ਦੀ ਇਸ ਤਰ੍ਹਾਂ ਸੀ, ਕਾਲਬ[1] ਦੋ ਤੇ ਜਾਨ ਸੀ ਇਕ ਗੋਯਾ[2]।
ਲਗਾ ਟੁਟਣੇ ਫੁਲ ਗੁਲਾਬ ਨਾਲੋਂ, ਸਦਮੇ ਨਾਲ ਪਾਟੀ ਇਸ ਦੀ ਹਿਕ ਗੋਯਾ।
ਚੰਬੜ ਭੈਣ ਦੇ ਨਾਲ ਇਕ ਜਾਨ ਹੋ ਗਈ, ਉਸਦੇ ਪਯਾਰ ਉਤੇ ਗਈ ਵਿਕ ਗੋਯਾ।
ਅੱਖਾਂ ਰੋਣ ਗਲਵਕੜੀ ਪਾਣ ਬਾਹਾਂ, ਨਾਲ ਚੰਬੜੇ ਰਹਿਣ ਦੀ ਸਿਕ ਗੋਯਾ।
ਟੁਟੀ ਅੰਤ ਜਫੀ, ਵਿਦਾ ਭੈਣ ਕੀਤੀ, ਅਖਾ ਟਿਕਟਿਕੀ ਲਾ ਲਈ ਇਕ ਗੋਯਾ।
ਚਾਤ੍ਰਿਕ ਚੰਦ ਓਹਲੇ ਜਦੋਂ ਇਕ ਹੋਯਾ, ਦੂਜੇ ਚੰਦ ਨੂੰ ਵਰਤਿਆ ਫਿਕ ਗੋਯਾ।

ਤੁਰਨਾ ਰਥ ਦਾ

ਚਲੇ ਰਥ ਅਗਥ ਦੀ ਵਾਇ ਵਾਂਗੂੰ, ਚਿਰੀਂ ਵਿਛੜੇ ਫੇਰ ਮਿਲਾਵਣੇ ਨੂੰ।
ਪਹੀਏ ਫਿਰਨ ਜਿਉਂ ਚਰਖ ਦੇ ਫੇਰ ਫਿਰਦੇ ਗੋਯਾ ਕਿਸੇ ਦੇ ਲੇਖ ਫਿਰਾਵਨੇ ਨੂੰ।
ਘੋੜੇ ਚਲਦੇ ਪੌਣ ਦੇ ਨਾਲ ਰਲ ਕੇ, ਵਖਤਾਂ ਵਾਲੜੀ ਤੋੜ ਪਹੁੰਚਾਵਨੇ ਨੂੰ।
ਤੇਜ਼ੀ ਕਰੇ ਰਥਵਾਨ ਪਹੁੰਚਾਨ ਸੰਦੀ, ਦੁਖੀਆ ਨਾਰ ਦੇ ਦੁਖ ਮਿਟਾਵਨੇ ਨੂੰ।
ਬੈਠੀ ਵਿਚ ਦੁਖਿਆਰ ਚਿਤਾਰਦੀਏ, ਡਿਗੇ ਗੋਦੀਓਂ ਲਾਲ ਉਠਾਵਨੇ ਨੂੰ।
ਕਿਸਮਤ ਰੰਗ ਵਟਾ ਲਿਆ ਹੋਰ ਗੋਯਾ ਕਾਲੀ ਰਾਤ ਤੋਂ ਸੁਬਾਹ ਕਰਾਵਨੇ ਨੂੰ।
ਦੁਖਾਂ ਪਿਠ ਦਿਤੀ ਮੋੜੇ ਮੁਖ ਵਖਤਾਂ, ਭਾਗਾਂ ਫੇਰ ਖਾਧਾ ਪਰਤ ਆਵਨੇ ਨੂੰ।
ਬੁਰੇ ਦਿਨਾਂ ਤਿਆਰੀਆਂ ਕੀਤੀਆਂ ਨੇ, ਆਏ ਜਿਧਰੋਂ ਓਧਰੇ ਜਾਵਨੇ ਨੂੰ।
ਓਧਰ ਲਗੀ ਉਡੀਕ ਸੀ ਮਾਪਿਆਂ ਨੂੰ, ਪਾਨ ਔਸੀਆਂ ਕਾਗ ਉਡਾਵਨੇ ਨੂੰ।
ਚਾਤ੍ਰਿਕ ਆਣ ਪਹੁੰਚਾ ਰਥ ਭੀਮ ਨਗਰੀ, ਏਹ ਜੁਦਾਈ ਦੇ ਦੁਖ ਹਟਾਵਨੇ ਨੂੰ।

ਭੀਮ ਨਗਰੀ ਵਿਚ ਪਹੁੰਚਣਾ ਰਾਣੀ ਦਮਯੰਤੀ ਦਾ ਤੇ ਆਪਣੀ ਮਾਂ ਤੇ

1. ਸਰੀਰ। 2. ਇਉਂ ਜਾਣੋ, ਸਮਝੋ, ਅਰਥਾਤ।

ਬਚਿਆਂ ਨੂੰ ਮਿਲਣਾ

ਬੱਚੀ ਆਣ ਕੇ ਚੰਬੜੀ ਅੰਬੜੀ ਨੂੰ, ਬੱਚੇ ਚੰਬੜੇ ਆਪਣੀ ਅੰਮੜੀ ਨੂੰ।
ਅੱਖੀ ਨੀਰ ਤੇ ਦਿਲੀਂ ਉਬਾਲ ਆਵੇ, ਕਰ ਕਰ ਯਾਦ ਪਿਛਲੀ ਵਾਟ ਲਮੜੀ ਨੂੰ।
ਦਿਲ ਦੇ ਦੁੱਖ ਗੁਬਾਰ ਨੂੰ ਧੋਣ ਅਖਾਂ, ਵਖੋ ਵਖ ਕਰਦੇ ਫੇਰ ਚੰਮੜੀ ਨੂੰ।
ਹੋਈ ਖੁਸ਼ੀ ਪ੍ਰਵਾਰ ਨੂੰ ਪੁਜ ਚਾਤ੍ਰਿਕ, ਮਾਤਾ ਵੇਖਿਆ ਕੁਖ ਥੀਂ ਜੰਮੜੀ ਨੂੰ।
ਬਾਲਾਂ ਆਪਣੀ ਹਿਕ ਸੰਭਾਲ ਲੀਤੀ, ਨਜ਼ਰਾ ਉੜ੍ਹਾਂ ਤੇ ਗਲੇ ਵਿਚ ਬਾਹੀਆਂ ਨੇ।
ਡਡੋਲਿਕੀਆਂ ਅੱਖੀਆਂ ਨੀਰ ਭਰੀਆਂ, ਬੁਲ ਇਟਰੇ ਜਫੀਆਂ ਪਾਈਆਂ ਨੇ।
ਉਪਰ ਨਜ਼ਰ ਸਚੀ ਦਰਗਾਹ ਵਲੇ ਬੂੰਦਾਂ ਅਬਰ ਥੀਂ ਉਪਰੋਂ ਆਈਆਂ ਨੇ।
ਲਾਈ ਝੜੀ ਬ੍ਰਸਾਤ ਦੀ ਅੰਮੜੀ ਨੇ, ਬਾਝ ਬਦਲਾਂ ਘਟਾਂ ਬਰਸਾਈਆਂ ਨੇ।
ਹੇਠੋਂ ਸੋਮਿਆਂ ਦੇ ਵਿਚੋਂ ਨੀਰ ਉਛਲੇ ਉਤੇ ਅਖੀਆਂ ਛੈਹਬਰਾਂ ਲਾਈਆਂ ਨੇ।
ਦਸਨ ਪਿਆਰ ਤੇ ਦਿਲੋਂ ਗੁਬਾਰ ਧੋਵਨ, ਦੂਰ ਹੋਈਆਂ ਦਿਲੋਂ ਜੁਦਾਈਆਂ ਨੇ।
ਬੱਚੀ ਬਚਿਆਂ ਨੂੰ ਪਈ ਠੰਡ ਸੀਨੇ, ਗੱਲਾਂ ਮਿਠੀਆਂ ਫੇਰ ਸੁਣਾਈਆਂ ਨੇ।
ਚਾਤ੍ਰਿਕ ਚੰਦ ਚੜ੍ਹਿਆ ਏਧਰ ਮਾਉਂ ਤਾਂਈਂ, ਅਖਾਂ ਖੁਥੀਆਂ[1] ਰਬ ਦਿਵਾਈਆਂ ਨੇ।

ਰਾਜੇ ਭੀਮ ਨੂੰ ਰਾਣੀ ਦਮਯੰਤੀ ਦੇ ਆਉਣ ਦਾ ਹਾਲ ਮਲੂਮ ਹੋਣਾ

ਦੁਖ ਸੁਖ ਬੈਠ ਕੇ ਫੋਲਣੇ ਸ਼ੁਰੂ ਕੀਤੇ, ਘਲੀ ਖਬਰ ਏਹ ਰਾਜ ਦਰਬਾਰ ਪਯਾਰੇ।
ਬਾਬਲ ਸੁਣੀ ਜਾਂ ਖਬਰ ਪ੍ਰਸੰਨ ਹੋ ਕੇ, ਆਯਾ ਮਿਲਨ ਸਭ ਕਾਰ ਵਿਸਾਰ ਪਯਾਰੇ।
ਸ਼ਾਦੀ ਗਮੀ ਜੋ ਦਿਲਾਂ ਤੇ ਹੋਵਣੀ ਸੀ, ਕੀਤਾ ਵਾਰ ਉਸ ਸਮੇਂ ਅਨੁਸਾਰ ਪਯਾਰੇ।
ਨਾਲ ਖੁਸ਼ੀ ਦੇ ਸਦ ਸੁਦੇਵ ਤਾਂਈ, ਦਿਤਾ ਦਰਬ[2] ਉਸਨੂੰ ਬੇਸ਼ੁਮਾਰ ਪਯਾਰੇ।
ਦਿਤਾ ਦਾਨ ਇਕਰਾਰ ਤੋਂ ਵਧ ਕੇ ਤੇ, ਨਾਲ ਕਈ ਹਜ਼ਾਰ ਦੀਨਾਰ[3] ਪਯਾਰੇ।
ਨਾਲ ਹੁਕਮ ਸੁਨਾਇਆ ਪੰਡਤਾਂ ਨੂੰ, ਲਭੋ ਨਲ ਮੇਰਾ ਬਰਖੁਰਦਾਰ ਪਯਾਰੇ।
ਵੇਖਾਂ ਓਸ ਨੂੰ ਨਾ ਜਦੋਂ ਤੀਕ ਅਖੀਂ, ਨਹੀਂ ਆਂਵਦਾ ਸਬਰ ਕਰਾਰ ਪਯਾਰੇ।
ਫੇਰ ਬੈਠ ਨਵੇਕਲੇ ਦੁਖ ਫੋਲੇ, ਆਪੋ ਆਪਣਾ ਕਰਨ ਇਜ਼ਹਾਰ[4] ਪਯਾਰੇ।
ਸੁਣ ਕੇ ਦੁਖ ਬਚੀ ਦੁਖ ਵਾਲੜੀ ਦੇ, ਉਛਲ ਦਿਲ ਆਵੇ ਬਾਹਰਵਾਰ ਪਯਾਰੇ।
ਦਾਸਤਾਨ ਨੂੰ ਫੇਰ ਦੁਹਰਾਵਨਾ ਕੀ ? ਓਹੋ ਗਲ ਦੂਜੀ ਵਾਰ ਪਯਾਰੇ।
ਜੀਕਰ ਪਈ ਸੀ ਸਿਰੇ ਬਲਾ ਉਸਦੇ, ਇਕ ਇਕ ਕੀਤੀ ਆਸ਼ਕਾਰ[5] ਪਯਾਰੇ।
ਚਾਤ੍ਰਿਕ ਦੁਖ ਜੋ ਹੋ ਰਿਹਾ ਓਸ ਵੇਲੇ, ਲਿਖਦੀ ਕਲਮ ਹੋਵੇ ਆਸ਼ਕਬਾਰ[6] ਪਯਾਰੇ।

ਸਲਾਹ ਕਰਨੀ ਰਾਣੀ ਦਮਯੰਤੀ ਦੀ ਰਾਜੇ ਨਲ ਨੂੰ ਲੱਭਣ ਵਾਸਤੇ ਆਪਣੀ ਮਾਂ

1. ਖੁੱਸੀਆਂ ਅੱਖਾਂ (ਬਚਿਆਂ ਬਿਨ੍ਹਾਂ ਮਾਂ ਅੰਨ੍ਹੀ ਕਹੀ ਜਾਂਦੀ ਹੈ)। 2. ਧਨ। 3. ਇਕ ਸਿਕਾ (ਰੁਪਈਆਂ ਵਾਂਗ)।
4. ਪ੍ਰਗਟਾਇਆ। 5. ਪ੍ਰਗਟ। 6. ਹੰਝੂ ਭਿੰਨੀ।

ਦੇ ਨਾਲ

ਸਾਰਾ ਹਾਲ ਸੁਣਾ ਦਮਯੰਤ ਬੋਲੀ, ਖਬਰੇ ਹੈਨ ਸਵਾਮੀ ਕੇਹੜੇ ਹਾਲ ਅੰਮਾਂ।
ਜੇਹੜੇ ਵਕਤ ਦੀ ਉਨ੍ਹਾਂ ਤੋਂ ਵਿਛੜੀ ਹਾਂ, ਕਰਦੀ ਰਹੀ ਬਥੇਰੜੀ ਭਾਲ ਅੰਮਾਂ।
ਉਘ ਸੁਘ ਪਰ ਪਈ ਨਾ ਮੂਲ ਕੋਈ, ਡਾਵਾਂ ਡੋਲ ਹਿਰਦਾ ਫਿਕਰਾਂ ਨਾਲ ਅੰਮਾਂ।
ਜਦੋਂ ਤੀਕ ਨਾ ਸੁਖ ਦੀ ਖਬਰ ਆਵੇ, ਹੋਵੇ ਦੂਰ ਨਾ ਦਿਲੋਂ ਖਿਆਲ ਅੰਮਾਂ।
ਜੀਕਰ ਬਣੇ ਤਲਾਸ਼ ਕਰਵਾ ਛੇਤੀ, ਇਕ ਇਕ ਘੜੀ ਗੁਜ਼ਰੇ ਸਾਲ ਸਾਲ ਅੰਮਾਂ।
ਚਾਤ੍ਰਿਕ ਬ੍ਰਾਹਮਣਾਂ ਨੂੰ ਮੈਂ ਸਮਝਾਉਂਦੀ ਹਾਂ, ਜਗ੍ਹਾ ਜਗ੍ਹਾ ਜਾ ਕਰਨ ਸਵਾਲ ਅੰਮਾਂ।
ਮਾਈ ਤੁਰਤ ਸਦਵਾਇਆ ਪੰਡਤਾਂ ਨੂੰ, ਲਭੋ ਨਲ ਨੂੰ ਕਿਤੋਂ ਸ਼ਿਤਾਬ ਜਾ ਕੇ।
ਜੇਹੜੀ ਗੱਲ ਬੱਚੀ ਮੇਰੀ ਦਸਦੀ ਏ, ਓਹਦਾ ਪੁਛਿਓ ਕਿਤੋਂ ਜਵਾਬ ਜਾ ਕੇ।
ਜੇਹੜਾ ਕਰੇ ਸਵਾਲ ਖਿਆਲ ਰਖੋ, ਹਰ ਇਕ ਜਗ੍ਹਾ ਏਹ ਖੋਲ੍ਹਿਓ ਬਾਬ ਜਾ ਕੇ।
ਚਾਤ੍ਰਿਕ ਸ਼ਹਿਰ ਬਸ਼ਿਹਰ ਤਲਾਸ਼ ਕਰਿਓ, ਏਹੋ ਫੋਲਿਓ ਪਰੇਮ ਕਿਤਾਬ ਜਾ ਕੇ।
ਕਹਿੰਦੀ ਦਮਯੰਤੀ ਫੇਰ ਬ੍ਰਾਹਮਣਾਂ ਨੂੰ, ਇਹ ਕਬਿਤ ਹਰ ਜਗ੍ਹਾ ਸੁਨਾਵਿਓ ਜੇ।
ਜੇਹੜਾ ਸੁਣੇ ਤੇ ਦਏ ਜਵਾਬ ਅਗੋਂ, ਓਹਦਾ ਹਾਲ ਅਹਿਵਾਲ ਪੁਛਾਵਿਓ ਜੇ।
ਉਸਨੂੰ ਸਮਝਨਾ ਹੋਵਸੀ ਪੀਆ ਮੇਰਾ, ਜੀਕਰ ਬਣੇ ਇਸ ਸ਼ਹਿਰ ਲੈ ਆਵਿਓ ਜੇ।
ਚਾਤ੍ਰਿਕ ਹੋਰ ਜੇ ਕੁਝ ਪੇਸ਼ ਚਲੇ, ਮੇਰੇ ਪਾਸ ਪੈਗਾਮ ਪਚਾਵਿਓ ਜੇ।
ਕਬਿਤ— ਕਿਧਰ ਸਿਧਾਰੇ ਪੀਆ, ਹੋ ਗਏ ਕਿਨਾਰੇ ਕਾਹਨੂੰ,
ਛੱਲੀ ਵਾਂਗ ਛਲ ਕੇ ਵਿਸਾਰਿਆ ਪਜਾਰ ਨੂੰ।
ਚੀਰ ਅਧਾ ਪਾੜ, ਛਡ ਸੁਤੀ ਨੂੰ ਉਜਾੜ ਵਿਚ,
ਦੇ ਗਏ ਜਵਾਬ ਇਕ ਨਾਰ ਦੁਖਿਆਰ ਨੂੰ।
ਜੈਸੀ ਛਡ ਆਏ ਪੀਆ, ਤੈਸੀ ਕੁਰਲਾਏ ਖਲੀ,
ਪੀਆ ਪੀਆ ਕੂਕ ਕੇ ਸੁਣਾਏ ਪਈ ਬਾਰ ਨੂੰ।
ਅੱਧਾ ਚੀਰ, ਚੀਰਦਾ ਸਰੀਰ ਨਾ ਖੁਲ੍ਹੀਰ ਪਾਏ
ਆਪ ਦੇ ਦੀਦਾਰ ਬਿਨਾ ਧੀਰ ਨਹੀਂ ਨਾਰ ਨੂੰ।

ਤੁਰ ਪੈਣਾ ਬ੍ਰਾਹਮਣਾਂ ਦਾ ਤਲਾਸ਼ ਕਰਨ ਰਾਜੇ ਨਲ ਦੀ

ਬ੍ਰਾਹਮਣ ਤੁਰੇ ਸ਼ਲੋਕ ਨੂੰ ਕੰਠ ਕਰਕੇ, ਜਿਥੇ ਜਾਨ ਇਹ ਬਚਨ ਸੁਨਾਂਵਦੇ ਨੇ।
ਕੂੰਜ ਵਾਂਗ ਕੁਰਲਾਂਵਦੇ ਫਿਰਨ ਸਾਰੇ, ਐਪਰ ਕਿਤੋਂ ਜਵਾਬ ਨਾ ਪਾਂਵਦੇ ਨੇ।
ਕਈ ਸ਼ਹਿਰ, ਸਰਾਂ, ਗਰਾਂ ਢੂੰਢਨ, ਕਈ ਜੰਗਲਾਂ ਦੇ ਵਿਚ ਜਾਂਵਦੇ ਨੇ।
ਜਿਥੇ ਆਦਮੀ ਹੋਣ ਦੋ ਚਾਰ ਬੈਠੇ, ਕੋਲ ਬੈਠ ਸ਼ਲੋਕ ਏਹ ਗਾਂਵਦੇ ਨੇ।
ਐਪਰ ਦਰਦ ਵਾਲਾ ਕੋਈ ਸੁਣੇ ਨਾਹੀਂ, ਘਰ ਘਰ ਜਾਇਕੇ ਫੇਰੀਆਂ ਪਾਂਵਦੇ ਨੇ।
ਚਾਤ੍ਰਿਕ ਸਬਰ ਸਬੂਰੀਆਂ ਫੜੋ ਲੋਕੋ, ਸਾਰੇ ਕੰਮ ਸਿਦਕੀਂ ਰਾਸ ਆਂਵਦੇ ਨੇ।

ਦੇਖਣਾ ਰਾਜੇ ਨਲ ਨੂੰ, ਅਜੁਧਯਾ ਵਿਚ ਪ੍ਰਨਾਦ ਨਾਮ ਬ੍ਰਾਹਮਣ ਨੇ

ਬ੍ਰਾਹਮਣ ਇਕ ਦਾਨਾ ਪ੍ਰਨਾਦ ਨਾਮੀ, ਪਹੁੰਚਾ ਨਗਰ ਅਜੁਧਯਾ ਆ ਪਯਾਰੇ।
ਰਿਤੂ ਪਰਣ ਮ੍ਹਹਾਰਾਜ ਦੀ ਸਭਾ ਲਗੀ, ਰਵਾਂ ਰਵੀਂ ਏਹ ਪਹੁੰਚਿਆ ਜਾ ਪਯਾਰੇ।
ਸ਼ਾਹੀ ਅਦਬ ਅਦਾਬ ਬਜਾ ਕੇ ਤੇ, ਦਿਤਾ ਫੇਰ ਸ਼ਲੋਕ ਸੁਣਾ ਪਯਾਰੇ।
ਇਕ ਵੇਰ ਸ਼ਲੋਕ ਸੁਣਾ ਸਾਰਾ, ਦਿਤਾ ਦੂਸਰੀ ਵਾਰ ਦੁਹਰਾ ਪਯਾਰੇ।
ਐਪਰ ਕਿਸੇ ਨਾ ਦੰਰਦ ਮਾਲੂਮ ਕੀਤਾ, ਨਾ ਜਵਾਬ ਦਿਤਾ ਮੋੜਾ ਪਾ ਪਯਾਰੇ।
ਓੜਕ ਨਿਕਲਿਆ ਬਾਹਰ ਮਾਯੂਸ ਹੋ ਕੇ, ਤੁਰਿਆ ਸ਼ਹਿਰ ਨੂੰ ਕਦਮ ਉਠਾ ਪਯਾਰੇ।
ਜਾ ਕੇ ਫੌਜ ਦੇ ਵਿਚ ਉਚਾਰ ਕੀਤਾ, ਦਰਦਾਂ ਵਾਲੜੀ ਕਰੇ ਅਦਾ ਪਯਾਰੇ।
ਫੌਰਨ ਨਿਕਲਿਆ ਇਕ ਰਥਵਾਨ ਵਿਚੋਂ, ਸੁਣ ਕੇ ਗਲ ਏਹ ਗਿਆ ਘਬਰਾ ਪਯਾਰੇ।
ਅੱਖਾਂ ਤੇਜ, ਦਾਨਾ ਤੇ ਰੰਗ ਕਾਲਾ, ਨੌਜਵਾਨ ਤੇ ਕਦ ਸਫਾ ਪਯਾਰੇ।
ਬਾਹੋਂ ਪਕੜ ਖਲਿਹਾਰ ਪ੍ਰਨਾਦ ਤਾਈਂ, ਕਹਿੰਦਾ ਫੇਰ ਉਹ ਗੀਤ ਤਾਂ ਗਾ ਪਯਾਰੇ।
ਬ੍ਰਾਹਮਣ ਫੇਰ ਸ਼ਲੋਕ ਉਚਾਰ ਕੀਤਾ, ਗਿਆ ਕਾਲਜੇ ਸਾਂਗ ਵਗਾ ਪਯਾਰੇ।
ਸੁਣ ਦੇ ਸਾਰ ਇਕ ਅਖੀਓਂ ਧਾਰ ਛੁਟੀ, ਨਿਕਲੇ ਸੋਮਿਓਂ ਜਿਵੇਂ ਦਰਯਾ ਪਯਾਰੇ।
ਬ੍ਰਾਹਮਣ ਤਾੜਿਆ ਹੋਵਸੀ ਨਲ ਏਹੋ, ਸਾਰਾ ਓਹਦਾ ਹਾਲ ਪੁਛਾ ਪਯਾਰੇ।
ਚਾਤ੍ਰਿਕ ਆਯਾ ਪਾਸ ਦਮਯੰਤੜੀ ਦੇ, ਸਾਰੀ ਦਸਦਾ ਗਲ ਸਮਝਾ ਪਯਾਰੇ।

ਪ੍ਰਨਾਦ ਦਾ ਪਹੁੰਚਣਾ ਪਾਸ ਰਾਣੀ ਦਮਯੰਤੀ ਦੇ ਤੇ ਸੁਨਾਵਣਾ ਰਾਜੇ ਨਲ ਦਾ ਹਾਲ

ਕਹਿੰਦਾ ਸ਼ਹਿਰ ਅਜੁਧਯਾ ਦੇਖ ਆਯਾ, ਸੁਨ ਸਲੋਕ ਹੋਇਆ ਸ਼ੋਕਵਾਨ ਬੀਬੀ।
ਕਾਲਾ ਧੂਤ ਸੂ ਰੰਗ ਤੇ ਕੱਦ ਲੰਮਾ, ਸੁਹਣੇ ਨਕਸ਼ ਤੇ ਉਮਰ ਜਵਾਨ ਬੀਬੀ।
ਰਾਜਾ ਨਲ ਸੀ ਵੇਖਿਆਂ ਬਹੁਤ ਵਾਰੀ, ਆਈ ਮੂਲ ਨਾ ਕੁਝ ਪਛਾਨ ਬੀਬੀ।
ਓਹਦਾ ਕਾਰ ਵਿਹਾਰ ਭੀ ਪੁਛ ਆਯਾ, ਰਿਤੂ ਪ੍ਰਣ ਦੇ ਪਾਸ ਰਥਵਾਨ ਬੀਬੀ।
ਥੋੜੇ ਚਿਰਾਂ ਤੋਂ ਚਾਕਰੀ ਕਰੇ ਉਸਦੀ, ਪਿਛਾ ਖਬਰ ਨਾਹੀਂ ਕੇਹੜੇ ਥਾਨ ਬੀਬੀ।
ਇਕੋ ਇਕ ਇਕੱਲੜਾ ਰਹੇ ਓਥੇ, ਨਾ ਘਰ ਬਾਰ ਤੇ ਨਾਹੀ ਸੰਤਾਨ ਬੀਬੀ।
ਜਦੋਂ ਕਹਿਆ ਸ਼ਲੋਕ ਮੈਂ ਪਾਸ ਉਸਦੇ, ਸੁਣ ਕੇ ਹੋ ਗਿਆ ਬੜਾ ਹੈਰਾਨ ਬੀਬੀ।
ਚਾਤ੍ਰਿਕ ਅਸਾਂ ਦੀ ਸਮਝ ਨਾ ਕੁਝ ਆਯਾ, ਤੂੰ ਵਿਚਾਰ ਲੈ ਕੌਣ ਇਨਸਾਨ ਬੀਬੀ।

ਉੱਤਰ ਰਾਣੀ ਦਮਯੰਤੀ ਦਾ

ਰਾਣੀ ਕਹਿਆ ਜਿਸ ਏਹ ਸ਼ਲੋਕ ਸੁਣ ਕੇ, ਕੀਤਾ ਰੰਜ ਉਹ ਪਤੀ ਜ਼ਰੂਰ ਹੋਸੀ।
ਹੋਰ ਕਿਸੇ ਨੂੰ ਸਮਝ ਕੀ ਏਸ ਦੀ ਸੀ, ਜਿਸ ਨੂੰ ਖਬਰ ਹੈ ਸੋਈ ਰੰਜੂਰ[1] ਹੋਸੀ।
ਇਕ ਰੰਗ ਦੀ ਗਲ ਹੈ ਭਰਮ ਵਾਲੀ, ਕਿਸੇ ਤਰ੍ਹਾਂ ਦਾ ਪਿਆ ਫਤੂਰ[2] ਹੋਸੀ।
ਚਾਤ੍ਰਿਕ ਦਸ ਤਾਂ ਸਹੀ ਤੂੰ ਅੰਤ ਹੋਣੀ, ਜੇਹੜੀ ਰੱਬ ਨੂੰ ਗੱਲ ਮਨਜ਼ੂਰ ਹੋਸੀ।

1. ਦੁਖੀ। 2. ਭੜਥੂ, ਗੜਬੜ।

ਉੱਤਰ ਪ੍ਰਨਾਦ ਪੰਡਿਤ

ਸੁਣ ਲੈ ਹਾਲ ਜੋ ਬੀਤਿਆ ਓਸ ਵੇਲੇ, ਖੋਲ੍ਹ ਦਸਨਾਂ ਹਾਂ ਵਾਲ ਵਾਲ ਬੀਬੀ।
ਜਦੋਂ ਕਿਹਾ ਸ਼ਲੋਕ ਓਹ ਪਾਸ ਆਹਾ, ਡਿਠਾ ਚੇਹਰਿਓਂ ਸਾਫ ਮਲਾਲ[1] ਬੀਬੀ।
ਓਹੋ ਫੇਰ ਸ਼ਲੋਕ ਦੁਹਰਾਨ ਖਾਤਰ, ਪਾਯਾ ਆਨ ਕੇ ਝਟ ਸਵਾਲ ਬੀਬੀ।
ਮੈਂ ਸੁਨਾਇਆ ਫੇਰ ਜਾਂ ਰੋਣ ਲਗਾ, ਚਾਤ੍ਰਿਕ ਵਾਂਗ ਹੋ ਗਿਆ ਨਿਢਾਲ ਬੀਬੀ।
ਫੇਰ ਬੋਲਿਆ ਠੀਕ ਉਸ ਦੁਖ ਦਿਤਾ, ਐਪਰ ਨਾਰ ਨੇ ਧਰਮ ਨਿਭਾਵਨਾ ਸੀ।
ਭਲੀਆਂ ਕੁਲਾਂ ਜਿਸ ਤਰ੍ਹਾਂ ਨਿਭਾਂਦੀਆਂ ਨੇ, ਉਸਨੂੰ ਹੁਣੇ ਘਬਰਾ ਨਾ ਜਾਵਨਾ ਸੀ।
ਭਲਾ ਓਸਨੇ ਸੀ ਜੇ ਕਸੂਰ ਕੀਤਾ, ਉਹ ਨਾਰ ਨੇ ਹੀ ਢੱਕਨ ਪਾਵਨਾ ਸੀ।
ਕੇਹੜੀ ਅਕਲ ਦੀ ਗੱਲ ਉਸ ਨਾਰ ਕੀਤੀ, ਐਡਾ ਕਾਸਨੂੰ ਸ਼ੋਰ ਮਚਾਵਨਾ ਸੀ।
ਛੱਜ ਛਾਨਣੀ ਓਸ ਨੂੰ ਪਾ ਕਾਹਨੂੰ, ਸ਼ਹਿਰ ਸ਼ਹਿਰ ਦੇ ਵਿਚ ਉਡਾਵਨਾ ਸੀ।
ਦੇ ਢੰਢੋਰੜਾ ਪਤੀ ਦੀ ਆਬਰੂ[2] ਨੂੰ, ਲੋਕਾਂ ਸਾਰਿਆਂ ਵਿਚ ਘਟਾਵਨਾ ਸੀ।
ਥੋੜੀ ਦੇਰ ਤਾਂ ਹੋਰ ਉਡੀਕ ਕਰਦੀ, ਪੇਕੇ ਬੈਠ ਕੇ ਝੱਟ ਲੰਘਾਵਨਾ ਸੀ।
ਆਪੇ ਆਨ ਕੇ ਗਲ ਸਮਝਾ ਦੇਂਦਾ, ਓੜਕ ਓਸ ਨੇ ਘਰੀਂ ਹੀ ਆਵਨਾ ਸੀ।
ਜੇਕਰ ਤੁਰੀ ਸੀ ਨਾਲ ਦਲੇਰ ਹੋਕੇ, ਪਿਛੋਂ ਇਸ ਤਰ੍ਹਾਂ ਕਿਉਂ ਢਿੱਗੀ ਢਾਵਨਾ ਸੀ।
ਕੀਤੀ ਰਬ ਦੀ ਸਹੀ ਦੀ ਲਖ ਚਾਤ੍ਰਿਕ, ਕੀਤੀ ਓਸ ਦੀ ਭੀ ਸਹਿ ਦਿਖਾਵਨਾ ਸੀ।

ਸਲਾਹ ਕਰਨੀ ਰਾਣੀ ਦਮਯੰਤੀ ਨੇ ਮਾਤਾ ਨਾਲ ਰਾਜੇ ਨਲ ਨੂੰ ਸਦਣ ਵਾਸਤੇ

ਕਹਿੰਦੀ ਮਾਉਂ ਨੂੰ ਤੋਰ ਪਰਨਾਦ ਤਾਈਂ, ਓਹੋ ਪਤੀ ਜੀ ਨੇ ਮੇਰੇ ਠੀਕ ਮਾਤਾ।
ਏਹ ਜਵਾਬ ਨਾ ਸਕੇ ਸੁਨਾ ਕੋਈ, ਓਹੋ ਜਾਣਦੇ ਰਮਜ਼[3] ਬਰੀਕ ਮਾਤਾ।
ਬਾਕੀ ਸ਼ੱਕ ਦੀ ਰਹੀ ਨਾ ਗੱਲ ਕੋਈ, ਲਿਆ ਸਮਝ ਮੈਂ ਅਜ ਤਹਕੀਕ[4] ਮਾਤਾ।
ਚਾਹੀਏ ਝੱਟ ਹੁਣ ਕੋਈ ਤਦਬੀਰ ਕਰਨੀ, ਜੀਕਨ ਪਹੁੰਚ ਸੱਕਨ ਏਥੋਂ ਤੀਕ ਮਾਤਾ।
ਕੋਈ ਹੀਲੜਾ ਕਰੋ ਤੇ ਸਦ ਘਲੋ, ਬਹੁਤੀ ਹੋਰ ਨਾ ਕਰੋ ਉਡੀਕ ਮਾਤਾ।
ਆਪੇ ਆਵਨਾ ਨਜ਼ਰ ਮੁਹਾਲ ਦਿਸੇ, ਚਾਤ੍ਰਿਕ ਕਢੀਏ ਕੋਈ ਤਰੀਕ[5] ਮਾਤਾ।

ਬਚਨ ਕਵੀ

ਓੜਕ ਬੈਠਕੇ ਮਤਾ ਪਕਾਇਆ ਨੇ, ਸੋਹਣਾ ਖੂਬ ਖਿਆਲ ਦੌੜਾਇਆ ਨੇ।
ਕਰਕੇ ਪੱਕ ਸਲਾਹ ਸੁਦੀਪ ਨਾਮੀ, ਪੰਡਤ ਆਪਣੇ ਪਾਸ ਸਦਵਾਇਆ ਨੇ।
ਖੁਫੀਆ ਭੀਮ ਤੋਂ ਜਾ ਕੇ ਗਲ ਰਖੀ, ਆਪੋ ਵਿਚ ਹੀ ਭੇਦ ਰਖਾਇਆ ਨੇ।
ਸਾਰੀ ਗਲ ਸਿਖਾ ਸਮਝਾ ਚਾਤ੍ਰਿਕ, ਰਸਤੇ ਸ਼ਹਿਰ ਅਜੁਧਯਾ ਪਾਇਆ ਨੇ।

---

1. ਉਦਾਸੀ। 2. ਇਜ਼ਤ, ਸ਼ਾਨ। 3. ਰਮਜ਼ ਬਰੀਕ=ਸੂਖਮ ਭੇਤ। 4. ਸੱਚ। 5. ਤਰੀਕਾ, ਢੰਗ।

ਸੁਦੀਪ ਬ੍ਰਾਹਮਣ ਨੇ ਅਜੁਧਯਾ ਵਿਚ ਜਾ ਕੇ ਰਾਣੀ ਦਮਯੰਤੀ ਦੇ ਸ੍ਵਯੰਬਰ ਦੀ ਖਬਰ ਕਰਨੀ

ਲੱਕ ਬੰਨ੍ਹ ਤੁਰ ਪਿਆ ਸੁਦੀਪ ਪੰਡਤ, ਝੱਟ ਨਗਰ ਅਜੁਧਯਾ ਆਇਆ ਏ।
ਰਿਤੂ ਪਰਣ ਦੀ ਸਭਾ ਦੇ ਵਿਚ ਜਾ ਕੇ, ਝੂਠ ਮੂਠ ਪੈਗਾਮ ਸੁਣਾਇਆ ਏ।
ਅਕਲ ਨਾਲ ਏਹ ਕੰਮ ਨਿਕਾਲਨੇ ਨੂੰ, ਡਾਢਾ ਸੋਹਣਾ ਮਕਰ ਬਣਾਇਆ ਏ।
ਚਾਤ੍ਰਿਕ ਲੋਭ ਬੇਕੀਮਤਾ ਦਸ ਕੇ ਤੇ, ਰਿਤੂ ਪਰਣ ਦਾ ਚਿਤ ਭਰਮਾਇਆ ਏ।

ਦੋਹਰਾ— ਭੀਮ ਰਾਜ ਦੀ ਬੇਨਤੀ ਸਭ ਰਾਜਨ ਕੇ ਪਾਸ।
ਦੂਤੀ ਸਵ੍ਯੰਬਰ ਕਰੇਗੀ ਦਮਯੰਤੀ ਸੁਖ ਰਾਸ।

ਕਬਿੱਤ— ਰਾਜ ਪਾਟ ਹਾਰ ਸੁਤੀ ਛਡਕੇ ਉਜਾੜ ਨਾਰ,
ਆਪ ਕਿਸੇ ਵਲ ਰਾਜਾ ਨਲ ਉਠ ਧਾਯਾ ਹੈ।
ਫੇਰ ਕੀਤੀ ਭਾਸ ਅਸਾਂ ਕੋਸ਼ਸ਼ਾਂ ਦੇ ਨਾਲ,
ਬੀਤ ਗਏ ਕਈ ਸਾਲ ਅਜੇ ਤੀਕ ਨਹੀਂ ਆਯਾ ਹੈ।
ਦਸ ਭੀ ਨਾ ਪਈ ਕਿਥੇ ਗਿਆ ਨਿਰਦਈ,
ਹੁਣ ਅੱਕ ਦਮਯੰਤੀ ਨੇ ਸਵਯੰਬਰ ਰਚਾਯਾ ਹੈ।
ਓਸੇ ਤਰ੍ਹਾਂ ਕਰੇਗੀ ਓਹ ਡਿਠਾ ਵਰ ਵਰੇਗੀ,
ਸ਼ਿਤਾਬੀ ਤੁਰ ਚਲੋ ਦਿਨ ਕੱਲ ਦਾ ਠਰ੍ਹਾਯਾ ਹੈ।

ਤਿਆਰ ਹੋਣਾ ਰਾਜੇ ਰਿਤੂ ਪਰਣ ਦਾ ਜਾਣ ਵਾਸਤੇ ਸ੍ਵਯੰਬਰ ਵਿਚ

ਰਿਤੂ ਪਰਣ ਨੇ ਸੁਣੀ ਜਾਂ ਗਲ ਉਸ ਤੋਂ, ਬੜਾ ਜੀਉ ਦੇ ਵਿਚ ਖੁਸ਼ਹਾਲ ਹੋਯਾ।
ਰਾਜੇ ਨਲ ਦੀ ਇਸਤ੍ਰੀ ਦਮਯੰਤੀ, ਜਿਸ ਦਾ ਜੱਸ ਆਕਾਸ਼ ਪਾਤਾਲ ਹੋਯਾ।
ਵਰਨੀ ਚਾਹੀਏ ਜਤਨ ਜ਼ਰੂਰ ਕਰਕੇ, ਐਪਰ ਬੜਾ ਕਲੇਸ਼ ਏਹ ਨਾਲ ਹੋਯਾ।
ਏਥੋਂ ਚਾਰ ਸੌ ਕੋਸ ਤੋਂ ਵਧ ਪੈਂਡਾ, ਓਥੇ ਪਹੁੰਚਨਾ ਬਹੁਤ ਮੁਹਾਲ ਹੋਯਾ।
ਰਾਤੋਂ ਰਾਤ ਕਿਸ ਤਰ੍ਹਾਂ ਮੈਂ ਪਹੁੰਚ ਸੱਕਾਂ, ਏਸ ਗਲ ਦਾ ਬੜਾ ਖ਼ਿਆਲ ਹੋਯਾ।
ਚਾਤ੍ਰਿਕ ਸਦ ਕੇ ਫੇਰ ਰਥਵਾਨ ਤਾਈਂ, ਰਿਤੂ ਪਰਣ ਦਾ ਏਹ ਸਵਾਲ ਹੋਯਾ।

ਹੁਕਮ ਰਾਜੇ ਰਿਤੂ ਪਰਣ ਦਾ ਰਾਜੇ ਨਲ-ਰਥਵਾਹੀ ਨੂੰ

ਰਾਜੇ ਨਲ ਦੀ ਇਸਤ੍ਰੀ ਦਮਯੰਤੀ, ਸਵਯੰਬਰ, ਓਸ ਨੇ ਕੱਲ ਰਚਾਇਆ ਹੈ।
ਰਾਤੋ ਰਾਤ ਓਥੇ ਜਾਣਾ ਲਾਜ਼ਮੀ ਹੈ, ਬ੍ਰਾਹਮਣ ਅਜ ਹੀ ਭੀਮ ਦਾ ਆਇਆ ਹੈ।
ਜੀਕਰ ਬਣੇ ਪਹੁੰਚਾ ਸਵੇਰ ਤੋੜੀ, ਮੇਰਾ ਰੱਬ ਨੇ ਕੰਮ ਬਣਾਇਆ ਹੈ।
ਜੇਕਰ ਬਣ ਗਈ ਡੌਲ ਵਿਆਹ ਵਾਲੀ, ਹੋਸੀ ਸੁਖ ਤਾਂ ਦੂਣ ਸਵਾਇਆ ਹੈ।
ਤੂੰ ਤਾਰੀਫ ਰਥਵਾਨੀ ਦੀ ਬੜੀ ਕੀਤੀ, ਅਜ ਤੀਕ ਨਾ ਹਥ ਵਿਖਾਇਆ ਹੈ।
ਚਾਤ੍ਰਿਕ ਵਕਤ ਸਿਰ ਜੇ ਓਥੇ ਪਹੁੰਚ ਜਾਵੇਂ, ਜਾਣੀ ਬੜਾ ਐਹਸਾਨ ਕਮਾਯਾ ਹੈ।

ਉੱਤਰ ਰਾਜੇ ਨਲ ਦਾ

ਸੁਣ ਕੇ ਗਲ ਰਾਜੇ ਰਿਤੂ ਪਰਣ ਪਾਸੋਂ, ਰਾਜਾ ਗਮਾਂ ਦੇ ਆਣ ਕੇ ਜੇਰ[1] ਹੋਯਾ।
ਘੁੰਮਨਘੇਰ ਪੈ ਗਿਆ ਦਰਯਾ ਦਿਲ ਵਿਚ, ਗੋਯਾ[2] ਚਾਰ ਚੌਫੇਰ ਅੰਧੇਰ ਹੋਯਾ।
ਐਪਰ ਗਲ ਮਾਲੂਮ ਨਾ ਹੋਣ ਦਿਤੀ, ਕਹਿਣ ਵਾਸਤੇ ਬੜਾ ਦਲੇਰ ਹੋਯਾ।
ਕੀ ਪਰਵਾਹ ਜੇ ਰਾਤ ਹੈ ਵਿਚ ਬਾਕੀ, ਓਥੇ ਪਹੁੰਚ ਕੇ ਲਿਓ ਸਵੇਰ ਹੋਯਾ।
ਜਾ ਕੇ ਦੇਖਣਾ ਕੋਈ ਚਾਲਾਕ ਜੋੜੀ, ਘੋੜਾ ਮਤਲਬੀ ਜੇ ਇਕ ਵੇਰ ਹੋਯਾ।
ਚਾਤ੍ਰਿਕ ਗਲ ਦਲੇਰ ਹੋ ਨਲ ਆਖੀ, ਰਿਤੂ ਪਰਣ ਦਾ ਹੌਸਲਾ ਸੇਰ ਹੋਯਾ।

ਉਦਾਸ ਹੋ ਜਾਣਾ ਰਾਜੇ ਨਲ ਦਾ

ਓਧਰ ਨਲ ਰਾਜਾ ਸੁਣ ਕੇ ਹਾਲ ਐਸਾ, ਡਾਢਾ ਜੀਉ ਦੇ ਵਿਚ ਗਮਨਾਕ[3] ਹੋਯਾ।
ਏਹ ਤਾਂ ਸੁਣੀ ਅਸਚਰਜ ਦੀ ਗਲ ਯਾਰੋ, ਏਹ ਮਖੌਲ ਹੋਯਾ ਕਾਹਦਾ ਸਾਕ ਹੋਯਾ।
ਪਤੀ ਜਰਾ ਹੋਵੇ ਓਹਲੇ ਅਖੀਆਂ ਤੋਂ ਸਮਝੋ ਨਾਰ ਵਲੋਂ ਤਾਂ ਤਲਾਕ ਹੋਯਾ।
ਜਾਣੇ ਰੱਬ ਅੰਧੇਰ ਕੀ ਆਉਣ ਲਗਾ, ਡਾਢਾ ਨਾਰੀਆਂ ਵਿਚ ਤਪਾਕ ਹੋਯਾ।
ਓਹ ਤਾਂ ਜਾਨ ਮੇਰੇ ਉਤੇ ਵਾਰਦੀ ਸੀ ਏਹ ਪਿਆਰ ਉਸਦਾ ਭਲਾ ਖਾਕ ਹੋਯਾ।
ਮੈਨੂੰ ਜੀਊਂਦਾ ਜਾਗਦਾ ਛਡ ਕੇ ਤੇ, ਸ਼ਾਦੀ ਕਰਨ ਕਾਰਨ ਇਸ਼ਤਿਆਕ[4] ਹੋਯਾ।
ਐਡਾ ਸਬਰ ਕੀ ਆਖ ਤੇ ਫੇਰ ਐਡਾ, ਆਖੇ ਕੀ ਏਹ ਚਿਤ ਬੇਬਾਕ[5] ਹੋਯਾ।
ਮੈਨੂੰ ਸਮਝ ਨਾ ਪਏ ਕੁਪੇਚ ਐਸਾ, ਕੀਕਰ ਹੌਸਲਾ ਏਹ ਏਥੋਂ ਤਾਕ ਹੋਯਾ।
ਮੈਂ ਹਾਂ ਜਾਣਦਾ ਕੋਈ ਹੈ ਗਲ ਇਸ ਵਿਚ, ਨਹੀਂ ਓਸ ਦਾ ਜੀਉ ਨਾਪਾਕ[6] ਹੋਯਾ।
ਚਾਤ੍ਰਿਕ ਦਿਲ ਨਾ ਫੜੇ ਯਕੀਨ ਮੇਰਾ, ਕੀਕਰ ਕੰਮ ਐਸਾ ਹੈਰਤਨਾਕ[7] ਹੋਯਾ।
ਖਬਰੇ ਮਰ ਗਿਆ ਹੀ ਸਮਝ ਲਿਆ ਹੋਸੂ, ਸੁਤੀ ਛਡ ਕੇ ਚਲਾ ਮੈਂ ਆਇਆ ਸਾਂ।
ਘਰੀਂ ਪਹੁੰਚ ਭੀ ਗਈ ਓਹ ਪੇਕਿਆਂ ਦੇ, ਜੇੜ੍ਹੀ ਗਲ ਤੋਂ ਬਹੁਤ ਘਬਰਾਯਾ ਸਾਂ।
ਐਪਰ ਏਹ ਅੰਧੇਰ ਕੀ ਹੋਣ ਲਗਾ, ਏਸੇ ਵਾਸਤੇ ਛਡ ਸਿਧਾਇਆ ਸਾਂ।
ਚਾਤ੍ਰਿਕ ਗਜਬ ਕੀ ਪੈ ਗਿਆ ਓਸ ਉਤੇ, ਜੀਉਂਦੀ ਜਿੰਦ ਹੋ ਗਿਆ ਪਰਾਯਾ[8] ਸਾਂ।
ਮੇਰੇ ਦਿਲ ਦਾ ਸ਼ੱਕ ਨਾ ਦੂਰ ਹੁੰਦਾ, ਭੇਦ ਏਸ ਦੇ ਵਿਚ ਜ਼ਰੂਰ ਕੋਈ।
ਰਖਣਾ ਰਖ ਕੇ ਏਸ ਵਿਆਹ ਵਾਲਾ, ਅਸਲੀ ਗਲ ਹੈ ਹੋਰ ਮਨਜ਼ੂਰ ਕੋਈ।
ਸ਼ਾਇਦ ਮੁਝ ਦੀ ਪੈ ਗਈ ਦਸ ਹੋਸੂ, ਪਾਇਆ ਹੋਵਸੂ ਤਦੇ ਫਤੂਰ[9] ਕੋਈ।
ਅਸਲੀ ਗਲ ਵਿਆਹ ਦੀ ਬਣੇ ਨਾਹੀਂ, ਏਹ ਦੇ ਵਿਚ ਹੈ ਹੋਰ ਕਸੂਰ ਕੋਈ।
ਸ਼ਾਇਦ ਦੁਸ਼ਮਨਾਂ ਖੇਹ ਉਡਾਨ ਖਾਤਰ, ਏਥੇ ਘੋਲਿਆ ਆਨ ਕਚੂਰ ਕੋਈ।
ਚਾਤ੍ਰਿਕ ਕੁਦਰਤਾਂ ਖੇਲ ਖਿਲਾਰ ਰੱਖੀ, ਕੋਈ ਖੁਸ਼ੀ ਤੇ ਫਿਰੇ ਰੰਜੂਰ[10] ਕੋਈ।
ਹੱਛਾ ਰੱਬ ਸਬੱਬ ਬਣਾ ਦਿਤਾ, ਅਖੀਂ ਸਚ ਤੇ ਝੂਠ ਨਿਤਾਰ ਆਈਏ।

---

1. ਹੇਠਾਂ ਕਾਬੂ। 2. ਮਾਨੋ, ਸਮਝੋ। 3. ਦੁਖੀ। 4. ਸ਼ੌਕ, ਚਾਅ। 5. ਸਾਫ। 6. ਅਪਵਿਤ੍ਰ। 7. ਅਚੰਭਾ। 8. ਓਪਰਾ। 9. ਰੌਲਾ, ਭੜਥੂ। 10. ਦੁਖੀ।

ਚਲੋ ਵੇਖੀਏ ਕਿਸ ਤਰ੍ਹਾਂ ਕਰੇ ਸ਼ਾਦੀ, ਪਾਸ ਖੜੇ ਹੋਕੇ ਝਾਤ ਮਾਰ ਆਈਏ।
ਓਹ ਪਤਿਬ੍ਰਤਾ ਕਿਸ ਤਰ੍ਹਾਂ ਧਰਮ ਹਾਰੇ ? ਹੱਥੀਂ ਆਪਣੇ ਤਿਆਗ ਕੇ ਨਾਰ ਆਈਏ।
ਜੀਉਂਦੇ ਜੀ ਮਰ ਗਏ ਜਹਾਨ ਵਿਚੋਂ, ਬਾਕੀ ਉਮਰ ਦਾ ਭਾਰ ਉਤਾਰ ਆਈਏ।
ਜੇਕਰ ਹੋਰ ਕੋਈ ਦਾਉ ਪੇਚ ਹੋਯਾ, ਤਾਂ ਭੀ ਓਸ ਦਾ ਪਰਖ ਪਜਾਰ ਆਈਏ।
ਸਚ ਮੁਚ ਜੇ ਹੋਰ ਵਿਆਹ ਹੋਇਆ, ਤਾਂ ਭੀ ਬੱਚਿਆਂ ਦੀ ਲੈ ਕੇ ਸਾਰ ਆਈਏ।
ਨਾਲੇ ਏਸ ਦੀ ਕਰਾਂ ਮੁਰਾਦ ਪੂਰੀ, ਨਾਲੇ ਆਪਣਾ ਕੰਮ ਸਵਾਰ ਆਈਏ।
ਰਾਜ ਪਾਟ ਤਾਂ ਚਾਤ੍ਰਿਕ ਹਾਰ ਬੈਠੇ, ਏਹ ਭੀ ਚਲ ਕੇ ਤੇ ਬਾਜੀ ਹਾਰ ਆਈਏ।

ਤਿਆਰ ਹੋਣਾ ਭੀਮ ਨਗਰੀ ਨੂੰ ਜਾਣ ਵਾਸਤੇ ਰਾਜਾ ਰਿਤੂ ਪਰਣ ਤੇ ਰਾਜੇ ਨਲ ਦਾ

ਘੋੜੇ ਆਪਣੀ ਜਾਚ ਦੀ ਤਾੜ ਜੋੜਾ, ਰਥ ਜੋੜ ਕੇ ਤੁਰਤ ਲਿਆਇਆ ਏ।
ਸਾਰਾ ਸਫ਼ਰ ਦਾ ਨਾਲ ਸਾਮਾਨ ਕਰਕੇ, ਰਿਤੂ ਪ੍ਰਣ ਨੂੰ ਵਿਚ ਬਿਠਾਇਆ ਏ।
ਰਾਮ ਨਾਮ ਧਿਆ ਕੇ ਚੁਕ ਵਾਗਾਂ, ਅਗੇ ਤੁਰਨ ਨੂੰ ਰਥ ਚਲਾਇਆ ਏ।
ਐਪਰ ਗੋਡਿਆਂ ਭਾਰ ਜਾ ਪਏ ਘੋੜੇ ਹੇਠ ਉਤਰ ਕੇ ਝਟ ਉਠਾਇਆ ਏ।
ਥਾਪੀ ਮਾਰ ਪੁਸ਼ਕਾਰ ਕੇ ਫੇਰ ਤੋਰੇ, ਰਥ ਪੌਣ ਦੇ ਵਾਂਗ ਉਡਾਇਆ ਏ।
ਕਰਦਾ ਜਾਏ ਹਵਾ ਦੇ ਨਾਲ ਗਲਾਂ, ਗੋਯਾ ਰਥ ਆਕਾਸ਼ ਚੜ੍ਹਾਇਆ ਏ।
ਰਿਤੂ ਪਰਣ ਨੇ ਦੇਖ ਕੇ ਚਾਲ ਐਸੀ, ਬੜਾ ਜੀਉ ਦੇ ਵਿਚ ਸਲਾਹਿਆ ਏ।
ਏਹ ਸਾਰਥੀ ਬੜਾ ਹੁਸ਼ਿਆਰ ਦਿਸੇ, ਕਿਥੋਂ ਵਿਦਿਆ ਸਿਖ ਕੇ ਆਇਆ ਏ।
ਇੰਦ੍ਰ ਜੀਤ ਦਾ ਸਾਰਥੀ ਮਾਦਲੀ ਹੈ, ਦੂਜਾ ਸ਼ਾਲ ਹੋਤ੍ਰ ਅਜ਼ਮਾਇਆ ਏ।
ਐਸਾ ਰਥ ਨੂੰ ਤੇਜ਼ ਚਲਾਨ ਵਾਲਾ, ਸ਼ਾਇਦ ਨਲ ਨੇ ਵੱਲ ਸਿਖਾਇਆ ਏ।
ਨਦੀ ਨਾਲਿਆਂ ਚੀਰਦਾ ਚਲਾ ਜਾਵੇ, ਰੁਖਾਂ ਪਰਬਤਾਂ ਸਭ ਟਪਾਇਆ ਏ।
ਚਾਤ੍ਰਿਕ ਚਾਲ ਨੂੰ ਦੇਖ ਹੈਰਾਨ ਹੋ ਕੇ, ਰਿਤੂ ਪਰਣ ਇਹ ਬਚਨ ਫੁਰਮਾਇਆ ਏ।

ਪ੍ਰਸ਼ਨ ਰਾਜਾ ਰਿਤੂ ਪਰਣ ਦਾ

ਬੜਾ ਤੇਜ਼ ਹੋਯਾ ਵੇਗ ਘੋੜਿਆਂ ਦਾ, ਵਾਗਾਂ ਢਿੱਲੀਆਂ ਕਰਦਿਆਂ ਨਾਲ ਬਾਹਕ।
ਕਹੀਆਂ ਵੇਖ ਕਨੌਤੀਆਂ ਦਬ ਲਈਆਂ, ਉਡਨ ਵਾਸਤੇ ਕਰਨ ਬਲਕਾਰ ਬਾਹਕ।
ਨਹੀਂ ਕਲਗੀਆਂ ਹਿਲਦੀਆਂ ਜੁਲਦੀਆਂ ਨੇ, ਗੋਯਾ ਜੰਮੀਆਂ ਇਕ ਸੇਤਾਰ ਬਾਹਕ।
ਪਿਛਲੇ ਪੈਰ ਨਾ ਟਿਕਦੇ ਜ਼ਮੀਨ ਉਤੇ, ਅਗਲੇ ਉਠਣੇ ਲਈ ਤਿਆਰ ਬਾਹਕ।
ਸੁੰਬਾਂ ਨਾਲ ਜ਼ਮੀਨ ਜੇ ਉਠਦੀ ਏ, ਉਹਨੂੰ ਛੋਹਣ ਨਾ ਦੇਣ ਉਡਾਰ ਬਾਹਕ।
ਚੀਜਾਂ ਨਿਕੀਆਂ ਆਉਂਦੀਆਂ ਨਜਰ ਜੋ ਸਨ, ਵਡਾ ਹੋ ਗਿਆ ਤੁਰਤ ਆਕਾਰ ਬਾਹਕ।
ਜੇਹੜੀਆਂ ਕੱਟੀਆਂ ਕੱਟੀਆਂ ਸਮਝਦੇ ਸਾਂ, ਦਿਸਣ ਸਾਫ ਆਕੇ ਕੋਲਵਾਰ ਬਾਹਕ।
ਦਿਸੇ ਵਿੰਗ ਤੜਿੰਗੜੇ ਰੁਖ ਜੇਹੜੇ, ਸਿਧੇ ਤੀਰ ਦਿਸਨ ਡਾਰੋ ਡਾਰ ਬਾਹਕ।
ਦੂਰੋਂ ਨੇੜੇ ਤੇ ਨੇੜਿਓਂ ਦੂਰ ਹੁੰਦੇ, ਲਗੇ ਅਖ ਦਾ ਨਹੀਂ ਪਲਕਾਰ ਬਾਹਕ।
ਸੂਰਜ ਦੇਵਤਾ ਦਾ ਰਥ ਯਾਦ ਆਵੇ, ਚਾਤ੍ਰਿਕ ਦੇਖ ਕੇ ਤੇਜ਼ ਰਫਤਾਰ ਬਾਹਕ।

ਰਥ ਤੋਂ ਰਾਜੇ ਰਿਤੂ ਪਰਣ ਦਾ ਦੁਪੱਟਾ ਗਿਰ ਜਾਣਾ-ਤਰਜ਼ ਸ਼ਾਹ ਬਹਿਰਾਮ

ਉਡਦਾ ਜਾਵੇ ਰਥ ਰਿਤੂ ਦਾ ਦੁਪੱਟਾ ਨਦੀਆਂ ਨਾਲੇ।
ਦੁਨੀਆਂ ਪਿਛੇ ਉਡਦੀ ਜਾਂਦੀ ਆਵੇ ਨਜ਼ਰ ਦੁਆਲੇ।
ਕੁਦਰਤ ਨਾਲ ਹਵਾ ਦੀ ਤੇਜ਼ੀ ਆਪਣਾ ਤੇਜ਼ ਵਿਖਾਯਾ।
ਲਾਹ ਦੁਪੱਟਾ ਰਿਤੂ ਪਰਣ ਦਾ ਰਥ ਤੋਂ ਹੇਠ ਗਿਰਾਯਾ।
ਜਲਦੀ ਨਾਲ ਬੋਲਿਆ ਰਾਜਾ ਠਹਿਰ ਜ਼ਰਾ ਰਥਵਾਨਾ।
ਮੇਰਾ ਲਥ ਦੁਪੱਟਾ ਡਿਗਾ ਫੜ ਕੇ ਲਿਆ ਜਵਾਨਾ।
ਨਲ ਨੇ ਕਿਹਾ ਸੁਆਮੀ ਮੇਰੇ ਦੂਰ ਰਿਹਾ ਦੁਪੱਟਾ।
ਚਾਰ ਕੋਹਾਂ ਦਾ ਪਿਆ ਫਾਸਲਾ ਛਡੋ ਉਸਦਾ ਰਟਾ।
ਰਿਤੂ ਪਰਣ ਕਹਿਆ ਐ ਬਾਲਕ ! ਤੂੰ ਹੈਂ ਬੜਾ ਹਿਸਾਬੀ।
ਪੈਂਡਾ ਭੀ ਮਲੂਮ ਕਰ ਗਿਆ ਪਿਛਲਾ ਐਡ ਸ਼ਿਤਾਬੀ।
ਏਹ ਗੁਣ ਰਥ ਚਲਾਵਨ ਵਾਲਾ ਕਿਥੋਂ ਸੀ ਤੈਂ ਪਾਯਾ।
ਐਸਾ ਲਾਇਕ ਬਾਹਕ ਅਗੇ ਕਦੇ ਨਾ ਨਜ਼ਰੀਂ ਆਯਾ।
ਵਾਹਵਾ ਤੇਰੀ ਕਸਬ ਕਮਾਲੀ[1] ਵਾਹਵਾ ਬੁਧੀ ਤੇਰੀ।
ਤੇਜ਼ੀ ਵੇਖ ਤੁਰੰਗਾਂ[2] ਸੰਦੀ ਵਧੀ ਹਰਾਨੀ ਮੇਰੀ।
ਨਲ ਨੇ ਕਿਹਾ ਠੀਕ ਮਹਾਰਾਜ, ਸਚ ਤੁਸੀਂ ਫੁਰਮਾਓ।
ਐਪਰ ਏਸ ਚਲਾਕੀ ਉਤੇ ਐਡੇ ਭੁਲ ਨਾ ਜਾਓ।
ਰਾਤ ਅੰਧੇਰੀ ਫਿਕਰ ਨਾ ਕੋਈ ਬਹੁਤਾ ਨਹੀਂ ਚਲਾਵਾਂ।
ਵਰਨਾ ਜੇਕਰ ਚਾਹੋ ਤਾਂ ਮੈਂ ਵਿਚ ਅਕਾਸ਼ ਉਡਾਵਾਂ।
ਥਾਪ ਮਾਰ ਜ਼ਰਾ ਪੁਚਕਾਰਾਂ ਦੂਣੀ ਫੜਨ ਚਲਾਕੀ।
ਆਖੇ ਬਾਝੋਂ ਮੇਰੇ ਅਗੇ ਪਾਣੀ ਹੋਣ ਅਰਾਕੀ[3]।
ਸੁਣ ਕੇ ਰਿਤੂ ਪਰਣ ਨੇ ਕਹਿਆ ਵਾਹਵਾ ਖੂਬ ਪਿਆਰੇ।
ਇਸ ਤੇਰੀ ਰਥਵਾਨੀ ਉਤੇ ਮੈਂ ਜਾਵਾਂ ਬਲਿਹਾਰੇ।
ਖੁਸ਼ ਕੀਤਾ ਤੂੰ ਅਜ ਵਧੇਰਾ ਰਥ ਚਲਾ ਕੇ ਮੈਨੂੰ।
ਪਰ ਹੁਣ ਦੇਖ ਦਨਾਈ ਮੇਰੀ ਜ਼ਰਾ ਵਿਖਾਵਾਂ ਤੈਨੂੰ।

ਰਿਤੂ ਪਰਣ ਰਾਜਾ ਨੇ ਆਪਣੀ ਗਣਿਤ ਵਿਦਯਾ ਦਿਖਾਉਣੀ

ਗਿਣਤੀ ਅਤੇ ਹਿਸਾਬਾਂ ਅੰਦਰ ਮੈਂ ਹਾਂ ਲਾਇਕ ਐਸਾ।
ਹਲ ਸਵਾਲ ਕਰਾਂ ਮੈਂ ਫੌਰਨ ਹੋਵੇ ਮੁਸ਼ਕਲ ਕੈਸਾ।
ਪੱਤੇ ਗਿਣਾਂ ਦਰਖਤਾਂ ਦੇ ਮੈਂ ਫਲ ਫੁਲ ਅੱਖੀਂ ਤਾੜਾਂ।

---
1. ਕਸਬ ਕਮਾਲੀ = ਆਪਣੇ ਕੰਮ ਵਿਚ ਉਚ ਦਰਜੇ ਦੀ ਪੂਰਨਤਾ। 2-3. ਘੋੜੇ।

ਜ਼ਰਾ ਨਾ ਏਸ ਹਿਸਾਬੋਂ ਚੁਕਾਂ ਵੱਟੇ ਬਾਝੋਂ ਹਾੜਾਂ[1]।
ਵੇਖ ਦਰਖਤ ਨਜ਼ਰ ਜੋ ਆਵੇ ਇਸ ਦਾ ਲੇਖਾ ਸਾਰਾ।
ਪੰਜ ਕਰੋੜ ਲਗੇ ਹਨ ਪੱਤੇ ਕਰ ਲੈ ਆਪ ਨਿਤਾਰਾ।
ਦੋ ਹਜ਼ਾਰ ਪਚਾਨਵੇਂ ਇਸਨੂੰ ਫੁਲ ਲਗੇ ਹਨ ਸਾਰੇ।
ਦੋ ਸੌ ਤੋਂ ਕੁਝ ਬਹੁਤੇ ਪੱਤਰ ਹੇਠਾਂ ਡਿਗ ਖਿਲਾਰੇ।
ਨਲ ਨੇ ਕਿਹਾ ਠਹਿਰ ਮੈਂ ਵੇਖਾਂ ਗਿਣਕੇ ਕਰਾਂ ਤਸੱਲੀ।
ਕੀਕਰ ਤਾੜ ਲਈ ਹੈ ਗਿਣਤੀ ਅਕਲ ਨਾ ਮੇਰੀ ਚਲੀ।
ਰਿਤੂ ਪਰਣ ਨੇ ਅਗੋਂ ਕਹਿਆ ਠਹਿਰਨ ਦਾ ਨਾ ਵੇਲਾ।
ਜਾਣਾ ਅਸਾਂ ਜ਼ਰੂਰ ਸਵੇਰੇ ਹੁੰਦਾ ਪਿਆ ਕੁਵੇਲਾ।
ਤੂੰ ਜੌਂਕੀ ਰਹੁ ਗਿਣਤੀ ਕਰਦਾ ਮੈਂ ਕੰਮੋਂ ਰਹਿ ਜਾਵਾਂ।
ਏਸ ਤਸੱਲੀ ਤੇਰੀ ਤਾਈਂ ਕੇਹੜੇ ਖੂਹੇ ਪਾਵਾਂ ?
ਨਲ ਨੇ ਕਿਹਾ ਖੜੇ ਕਰ ਘੋੜੇ ਬੇਸ਼ਕ ਦੇਰ ਨਾ ਲਾਓ।
ਆਹ ਰਸਤਾ ਹੈ ਭੀਮ ਨਗਰ ਦਾ ਘੋੜੇ ਤੋਰੀ ਜਾਓ।
ਮੈਂ ਹਾਲੀ ਏਹ ਗਿਣਤੀ ਕਰਕੇ ਪਿਛੋਂ ਆਣ ਮਿਲਾਂਗਾ।
ਦੇਰ ਨਾ ਕਰੋ ਚਲਾਓ ਘੋੜੇ ਮੈਂ ਨਾ ਨਾਲ ਤੁਰਾਂਗਾ।
ਰਿਤੂ ਪਰਣ ਨੇ ਆਜਜ਼ ਹੋਕੇ ਕਹਿਆ ਬਾਹਕ ਪਿਆਰੇ।
ਤੇਰੇ ਬਾਝ, ਭਲਾ ਤੂੰ ਦਸੀਂ ਕੇਹੜਾ ਕੰਮ ਸਵਾਰੇ।
ਕੌਣ ਪੁਚਾਵੇ ਐਡੀ ਛੇਤੀ ਭੀਮ ਨਗਰ ਪਰਭਾਤੇ ?
ਤਲਖ[2] ਨਾ ਹੋ, ਤਸੱਲੀ ਕਰ ਪਰ ਪਹੁੰਚੀ ਰਾਤੋ ਰਾਤੇ।
ਟਾਹਣੀ ਤੋੜ ਲਿਆਂਦੀ ਨਲ ਨੇ ਗਿਣਿਆ ਇਕ ਇਕ ਪੱਤਾ।
ਜੋ ਕੁਝ ਰਿਤੂ ਪਰਣ ਸੀ ਕਹਿਆ ਫਰਕ ਨਾ ਹੋਇਆ ਰਤਾ।
ਬੜੀ ਤਰੀਫ ਕਰੇਂਦਾ ਬਾਹਕ ਵਾਹ ਰਾਜਾ ਚਾਲਾਕੀ।
ਇਲਮ ਰਿਆਜ਼ੀ[3] ਸਿਖਣ ਅੰਦਰ ਕਸਰ ਨਾ ਛੱਡੀ ਬਾਕੀ।
ਪਰ ਏਹ ਦਸੋ ਇਲਮ ਅਜੇਹਾ ਕਿਸ ਨੇ ਤੁਸਾਂ ਸਿਖਾਯਾ ?
ਕਿਸ ਵਿਦਯਾ ਦੀ ਬਰਕਤ ਪਾ ਕੇ ਐਡਾ ਚਾਨਣ ਪਾਯਾ।
ਰਾਜੇ ਕਹਿਆ ਹਰਾਨ ਨਾ ਹੋ ਏਹ ਡਾਢਾ ਕੰਮ ਸੁਖਾਲਾ।
ਜੋ ਜੂਆ ਮੈਂ ਖੇਡਣ ਜਾਣਾ ਉਸਦਾ ਹੈ ਇਹ ਚਾਲਾ।
ਜਿਸਨੂੰ ਐਸਾ ਜੂਆ ਆਵੇ ਐਸੇ ਲੱਖਾਂ ਚਾਲੇ।
ਪਾਣੀ ਹੁੰਦੇ ਉਸਦੇ ਅਗੇ ਹਾਰਨ ਖੇਡਨ ਵਾਲੇ।
ਜੂਏ ਦਾ ਸਰਦਾਰ ਇਲਮ ਇਹ ਯਾਦ ਕਿਸੇ ਨੂੰ ਹੋਵੇ।
ਜੋ ਜਾਣੇ ਸੋ ਹਾਰੇ ਨਾਹੀਂ ਬਾਜ਼ੀ ਜਿੱਤ ਖਲੋਵੇ।

1. ਤੋਲਾਂ, ਮਿਣਾਂ। 2. ਗੁੱਸੇ। 3. ਗਣਿਤ-ਵਿਦਿਆ।

ਬਾਹਕ ਕਿਹਾ ਵਾਹ ਮਹਾਰਾਜਾ ਮੈਨੂੰ ਚਾਲ ਸਿਖਾਓ।
ਰਥਵਾਨੀ ਦੀ ਵਿਦਯਾ ਮੈਥੋਂ ਇਸ ਦੇ ਨਾਲ ਵਟਾਓ।
ਜੋ ਮੈਂ ਜਾਣਾ ਦੱਸ ਦਿਆਂਗਾ ਜੋ ਜਾਣੋ ਸੋ ਦਸੋ।
ਮੇਰਾ ਭਲਾ ਤੁਸਾਡੀ ਕਿਰਪਾ ਸੁਖੀ ਵੱਸੋ, ਰਸੋ।
ਰਿਤੂ ਪਰਣ ਨੇ ਮੰਨ ਲਿਆ ਮੈਂ ਦਸ ਦਿਆਂਗਾ ਸਾਰੀ।
ਐਪਰ ਚਿੱਤ ਟਿਕਾਣੇ ਕਰਕੇ ਅਕਲ ਹਾਲ ਤਾਂ ਮਾਰੀ।
ਏਸੇ ਤਰ੍ਹਾਂ ਕਰੇਂਦੇ ਗਲਾਂ ਪੈਂਡਾ ਕਟੀ ਜਾਂਦੇ।
ਸਫਰ ਦੁਰੇਡਾ ਵਾਟ ਉਖੇਰੀ ਜਾਂਦੇ ਜੀ ਪਰਚਾਂਦੇ।
ਛੱਡ ਮਨਾਂ ਹੁਣ ਤੁਰਿਆ ਤਾਈਂ, ਸਾਂਈ ਤੋੜ ਪੁਚਾਸੀ।
ਜਿਸਨੇ ਸ਼ੌਹ ਦਰਿਆ ਵਿਚ ਠੇਲ੍ਹੀ, ਸੋਈ ਬੰਨੇ ਲਾਸੀ।
ਚੱਲ ਜ਼ਰਾ ਹੁਣ ਅਗਲੇ ਪਾਸੇ ਮਿਲੀਏ ਚਲ ਰਰੀਕਾਂ[1]।
ਯਾਦ ਪੀਆ ਦੀ ਦਮ ਦਮ ਅੰਦਰ, ਬੈਠੀ ਕਰੇ ਉਡੀਕਾਂ।
ਕੀ ਹੈ ਹਾਲਤ ਪੇਕੇ ਬੈਠੀ ਦੁਖੀਆ ਦਮਯੰਤੀ ਦੀ।
ਹਾਲਤ ਦੱਸ ਜ਼ਰਾ ਦਿਲ ਲਾ ਕੇ ਓਸ ਦੁਖੀ ਦੇ ਜੀ ਦੀ।
ਵਿਚ ਉਡੀਕ ਪੀਆ ਦੇ ਪਲ ਪਲ ਕੀਕਰ ਪਈ ਗੁਜ਼ਾਰੇ।
ਚਾਤ੍ਰਿਕ ਕੀਕਰ ਝਾਤਾਂ ਮਾਰੇ ਨਾਰੀ ਚੜ੍ਹੀ ਚੁਬਾਰੇ।

ਨੌਵਾਂ ਖੰਡ : ਵਿਛੜਿਆਂ ਦਾ ਮਿਲਾਪ
ਭੀਮ ਨਗਰ ਰਾਜ-ਮਹਿਲ, ਅੰਮ੍ਰਿਤ ਵੇਲਾ

ਭਿਨੀ ਰੈਣ ਨੇ ਠੰਢੜੀ ਵਾ ਛੱਡੀ, ਝੋਕੇ ਬਾਦ[2] ਨਸੀਮ[3] ਦੇ ਲਾਵਨੇ ਨੂੰ।
ਮੋਤੀ ਖਿਲਰੇ ਜ਼ੁਲਫ[4] ਸਿਆਹ ਉਤੇ, ਮੱਥਾ ਡਲ੍ਹਕਦਾ ਚੰਦ ਖਿੜਾਵਨੇ ਨੂੰ।
ਲਗੀ ਸਭਾ ਮੁਸਾਹਿਬਾਂ[5] ਸਾਰਿਆਂ ਦੀ, ਚਲੀ ਉਨ੍ਹਾਂ ਨੂੰ ਵਿਦਾ ਕਰਾਵਨੇ ਨੂੰ।
ਪਖਾ ਕੁਦਰਤੀ ਝਲਿਆ ਠੰਢ ਵਾਲਾ, ਭਾਗਾਂ ਭਰੀ ਦੇ ਭਾਗ ਫਿਰਾਵਨੇ ਨੂੰ।
ਲਗੀ ਲੋਅ ਜਹਾਨ ਨੂੰ ਵੇਖ ਕੇ ਤੇ, ਏਹ ਦੇ ਜਾਵਨੇ ਸੁਬਹ ਦੇ ਆਵਨੇ ਨੂੰ।
ਬੈਠੇ ਉਠ ਰਿਯਾਜ਼[6] ਤਾਂ ਕਰਨ ਵਾਲੇ, ਸਚੇ ਰਬ ਦਾ ਨਾਮ ਧਿਆਵਨੇ ਨੂੰ।
ਜਾਗ ਪੰਛੀਆਂ ਨੇ ਰਾਗ ਰੰਗ ਛੋਹਿਆ, ਜੱਸ ਓਸ ਕਰਤਾਰ ਦਾ ਗਾਵਨੇ ਨੂੰ।
ਮਥਾ ਖਿੜ ਗਿਆ ਜ਼ਿਮੀਂ ਅਕਾਸ਼ ਸੰਦਾ, ਅਜ ਵਿਛੜੇ ਮੀਤ ਮਿਲਾਵਨੇ ਨੂੰ।
ਬਾਗੀਂ ਕੋਇਲਾਂ ਕੁਮਰੀਆਂ, ਮੋਰ ਬੋਲਣ, ਦੂਰ ਵਿਛੜੇ ਮੀਤ ਬੁਲਾਵਨੇ ਨੂੰ।
ਚਾਤ੍ਰਿਕ ਰੋਜ਼ ਸੁਲੱਖਣਾ ਅਜ ਚੜ੍ਹਿਆ, ਸੁਖ ਪਾਵਣੇ, ਦੁਖ ਹਟਾਵਨੇ ਨੂੰ।

---

1. ਪਿਆਰਿਆਂ। 2. ਹਵਾ। 3. ਸਵੇਰ ਦੀ। 4. ਰਾਤ ਨੂੰ ਕਾਲੇ ਵਾਲ ਉਤੇ ਪਈ ਤਰੇਲ ਨੂੰ ਮੋਤੀ ਬਣਾਇਆ ਹੈ।
5. ਦਰਬਾਰੀ (ਭਾਵ ਤਾਰੇ)। 6. ਅਭਿਆਸ, ਮਸਕ (ਭਾਵ ਨਿਤਨੇਮ)।

ਜਾਗਣਾ ਰਾਣੀ ਦਮਯੰਤੀ ਦਾ

ਜਾਗੀ ਆਪ ਤੇ ਭਾਗ ਭੀ ਨਲ ਜਾਗੇ, ਤੇ ਸੰਜੋਗ ਭੀ ਨਾਰ ਦੇ ਖੁਲ੍ਹ ਗਏ।
ਅੱਖਾਂ ਚਮਕੀਆਂ ਮੱਥਿਓਂ ਨੂਰ ਬਰਸੇਂ, ਕੌਲ ਦਿਲਾਂ ਦੇ ਅੰਦਰੋਂ ਫੁਲ ਗਏ।
ਆਸਾਂ ਨਾਲ ਨਿਹਾਲ ਕੰਗਾਲ ਹੋਏ, ਸੁਖ ਯਾਦ ਆਏ ਦੁਖ ਭੁਲ ਗਏ।
ਚਾਤ੍ਰਿਕ ਦੁਖ ਜੁਦਾਈ ਦੇ ਪਏ ਝੋਲੀ, ਅਜ ਨਾਲ ਤਕਦੀਰ ਦੇ ਡੁਲ੍ਹ ਗਏ।

ਰਾਣੀ ਦਮਯੰਤੀ ਦਾ ਮਾਤਾ ਨੂੰ ਕਹਿਣਾ

ਭਾਗੇ ਭਰੀ ਸਵੇਰ ਨੂੰ ਦੇਖ ਕੇ ਤੇ, ਮੇਰਾ ਜੀਉ, ਦੇ ਰਿਹਾ ਗਵਾਹੀ ਅੰਮਾਂ।
ਦਿਸੇ ਅਜ ਸਵੇਰ ਦਾ ਰੰਗ ਫਿਰਿਆ, ਹੁੰਦੀ ਦਿਸਦੀ ਦੂਰ ਸਿਆਹੀ ਅੰਮਾਂ।
ਖਾਨਾ ਨਹੀਂ ਉਮੈਦ ਦਾ ਅਜ ਖਾਲੀ, ਅਜ ਹੋਵਸੀ ਦੂਰ ਤਬਾਹੀ ਅੰਮਾਂ।
ਮੈਂ ਕੰਗਾਲ ਦੇ ਦੂਰ ਜ਼ਵਾਲ[1] ਹੋਸਨ, ਮਿਲਸੀ ਅਜ ਮੁੜਕੇ ਬਾਦਸ਼ਾਹੀ ਅੰਮਾਂ।
ਅਜ ਸ਼ਗਨ ਸੁਲਖਣੇ ਹੋਣ ਜੇਹੜੇ, ਜੇਕਰ ਫੁਰੇ, ਕਰਸਨ ਬੇਪ੍ਰਵਾਹੀ ਅੰਮਾਂ।
ਚਾਤ੍ਰਿਕ ਅੰਗ ਸਾਰੇ ਖੱਬੇ ਫਰਕਦੇ ਨੇ, ਅਗੇ ਕੁਦਰਤਾਂ ਰਖ ਅਲਾਹੀ ਅੰਮਾਂ।
ਐਪਰ ਅਜ ਭੀ ਰਹੀ ਨਿਰਾਸ ਹੀ ਜੇ, ਜਾਣੀ ਫੇਰ ਨਾ ਮੁੜ ਦੀ ਖੈਰ ਮਾਏ।
ਏਹ ਸ਼ਰੀਰ ਨਾ ਰਹੇਗਾ ਅਜ ਕਾਇਮ, ਪ੍ਰਾਣ ਪਤੀ ਦੇ ਦਰਸ ਬਗੈਰ ਮਾਏ।
ਪੰਛੀ ਰੂਹ ਦਾ ਪਿੰਜਰਾ ਛੱਡ ਜਾਸੀ, ਕਰਸੀ ਝੱਟ ਆਕਾਸ਼ ਦੀ ਸੈਰ ਮਾਏ।
ਚਾਤ੍ਰਿਕ ਪ੍ਰਾਣ ਤੁਰ ਜਾਣਗੇ ਏਸ ਅੰਦਰ, ਪਾਯਾ ਪੀਆ ਜੇ ਨਾ ਬੂਹੇ ਪੈਰ ਮਾਏ।

ਵੇਖਣਾ ਰਾਣੀ ਦਮਯੰਤੀ ਦਾ ਬੱਚਿਆਂ ਨੂੰ ਨਾਲ ਲੈ ਕੇ ਰਾਜ ਮਹੱਲ ਦੇ ਉਪਰ ਜਾ ਕੇ

ਏਹੋ ਆਖਦੀ ਦਿਲੇ ਉਬਾਲ ਆਯਾ, ਹੰਝੂ ਜੋਸ਼ ਦੇ ਨਾਲ ਵਹਾਨ ਲਗੀ।
ਲਾਲਾਂ ਸੁਤਿਆਂ ਨੂੰ ਫੇਰ ਹੂਣ ਕੇ ਤੇ, ਨਾਲ ਪਿਆਰ ਦੇ ਆਨ ਜਗਾਨ ਲਗੀ।
ਮੂੰਹ ਧੁਆ ਪਹਿਨਾ ਪੁਸ਼ਾਕ ਸਾਰੀ, ਚੰਦ ਮੁਖੜੇ ਫੇਰ ਸਲਾਹਨ ਲਗੀ।
ਲਾ ਕੇ ਉਂਗਲੀ ਚੜ੍ਹੀ ਮਹੱਲ ਉਤੇ, ਚਾਰੋਂ ਤਰਫ ਨੂੰ ਝਾਤੀਆਂ ਪਾਨ ਲਗੀ।
ਤਕੋ ਐਧਰੋਂ ਆਂਵਦੇ ਬਾਪ ਤਾਂਈ, ਨਾਲ ਉਂਗਲੀ ਰਾਹ ਵਿਖਾਨ ਲਗੀ।
ਮੇਰੀ ਨਜ਼ਰ ਕਮਜ਼ੋਰ ਹੈ ਤੁਸੀਂ ਵੇਖੋ, ਓਸ ਪਾਸੜੇ ਲਾਨ ਧਿਆਨ ਲਗੀ।
ਜਿਉਂ ਜਿਉਂ ਚੜ੍ਹੇ ਸਵੇਰ ਏਹ ਘੇਰ ਖਾਵੇ, ਘਾਟੇ ਜਿੰਦ ਨਿਮਾਨੜੀ ਖਾਣ ਲਗੀ।

1. ਘਾਟੇ, ਅਵ੍ਨਤੀ।

ਚਾਤ੍ਰਿਕ ਪੀਆ ਪਰੇਮ ਵਿਜੋਗ ਅੰਦਰ, ਬਾਰਾਂ ਮਾਹ ਬਣਾ ਕੇ ਗਾਨ ਲਗੀ।
ਬਾਰਾਂਮਾਹ ਵਿਜੋਗ—ਧਾਰਨਾ 'ਡਾਚੀ ਵਾਲਿਆ ਮੋੜ ਮੁਹਾਰ ਵੇ'

ਚੇਤਰ

ਹੁਣ ਚੇਤ ਮਹੀਨਾ ਆਯਾ, ਸਾਡੇ ਸੱਜਨਾਂ ਕਿਉਂ ਚਿਰ ਲਾਯਾ।
ਮੈਂ ਮੁੜ ਮੁੜ ਝਾਤਾਂ ਮਾਰਦੀ, ਹੋਵੇ ਮੇਹਰ ਕਦੋਂ ਕਰਤਾਰ ਦੀ।
ਚੜ੍ਹ ਕੋਠੇ ਕਾਂਗ ਉਡਾਨੀਆਂ, ਆ ਹੇਠਾਂ ਔਸੀਆਂ ਪਾਨੀਆਂ।
ਬਹਿ ਉਹਲੇ ਤੀਰ ਨਾ ਮਾਰ ਵੇ, ਪੀਆ ਕਦੇ ਤਾਂ ਮੋੜ ਮੁਹਾਰ ਵੇ।

ਵਿਸਾਖ

ਹੁਣ ਚੜ੍ਹੇ ਵਿਸਾਖੀ ਮਾਹ ਵੇ, ਮੇਰੀ ਕੌਣ ਫੜੇ ਆ ਬਾਂਹ ਵੇ।
ਮੈਨੂੰ ਦਿਸੇ ਜੱਗ ਹਨੇਰ ਵੇ, ਮੇਰੇ ਜੀ ਵਿਚ ਪੈਂਦੀ ਘੇਰ ਵੇ।
ਮੇਰੇ ਨੈਣ ਛਮਾ ਛਮ ਵਸਦੇ, ਮੈਨੂੰ ਵੇਖ ਗਵਾਂਢੀ ਹੱਸਦੇ।
ਆ ਦੇਖ ਕਦੇ ਦੁਖਿਆਰ ਵੇ, ਪੀਆ ਕਦੇ ਤਾਂ ਮੋੜ ਮੁਹਾਰ ਵੇ।

ਜੇਠ

ਹੁਣ ਜੇਠ ਸਿਰੇ ਤੇ ਕੂਕਦਾ, ਮੇਰਾ ਬ੍ਰਿਹੋਂ ਤਨ ਮਨ ਫੂਕਦਾ।
ਸੜ ਬਾਲਣ ਗਈਆਂ ਹੋਇ ਵੇ, ਨਾ ਦਰਦ ਵੰਡਾਵੇ ਕੋਇ ਵੇ।
ਇਕ ਗਰਮੀ ਲੋੜ੍ਹਾ ਮਾਰਿਆ, ਇਕ ਹਿਜਰ ਤੇਰੇ ਨੇ ਸਾੜਿਆ।
ਕਰ ਚੇਤੇ ਕੌਲ ਕਰਾਰ ਵੇ, ਪੀਆ ਕਦੇ ਤਾਂ ਮੋੜ ਮੁਹਾਰ ਵੇ।

ਹਾੜ

ਹੁਣ ਚੌਥਾ ਚੜ੍ਹਿਆ ਹਾੜ ਵੇ, ਛੱਡ ਤੁਰਿਓਂ ਜਦ ਉਜਾੜ ਵੇ।
ਮੈਂ ਬਨ ਬਨ ਸੱਥਾਂ ਪਾਈਆਂ, ਕੋਈ ਲਭ ਲਿਆਵੇ ਸਾਈਆਂ।
ਮੈਂ ਕੂਕਾਂ ਸੰਝ ਸਵੇਰ ਵੇ, ਕਦੀ ਨਜ਼ਰ ਇਧਰ ਵਲ ਫੇਰ ਵੇ।
ਲੈ ਆ ਦੁਖੀਆ ਦੀ ਸਾਰ ਵੇ, ਪੀਆ ਕਦੇ ਤਾਂ ਮੋੜ ਮੁਹਾਰ ਵੇ।

ਸਾਵਣ

ਹੁਣ ਸਾਵਣ ਆਯਾ ਸੋਹਣਾ, ਬਿਨ ਤੇਰੇ ਕਿਸ ਕੰਮ ਮੋਹਣਾ।
ਮੇਰਾ ਹੱਸਣ-ਖੇਡਣ ਛੁਟਿਆ, ਬਿਨ ਤੇਰੇ ਅੰਨ ਨਿਖੁਟਿਆ।
ਨਾ ਨੀਂਦਰ ਭੁਖ ਅਰਾਮ ਵੇ, ਪਲ ਲਾਵਣ ਅੱਖ ਹਰਾਮ ਵੇ।
ਨਿਤ ਰਹਿੰਦੀ ਗਿਰੀਆਜ਼ਾਰ ਵੇ, ਪੀਆ ਕਦੇ ਤਾਂ ਮੋੜ ਮੁਹਾਰ ਵੇ।

ਭਾਦਰੋਂ

ਹੁਣ ਭਾਦਰੋਂ ਛੀਵਾਂ ਆ ਗਿਆ, ਮੈਨੂੰ ਜ਼ੋਰ ਹਿਜਰ ਦਾ ਪਾ ਗਿਆ।
ਬਹਿ ਓਹਲੇ ਛਮ ਛਮ ਰੋਨੀਆਂ, ਨਿਤ ਹੰਝੂ ਹਾਰ ਪਰੋਨੀਆਂ।
ਮੇਰੇ ਅੰਦਰ ਫਿਰਦੀਆਂ ਕਾਤੀਆਂ, ਜਿਸ ਦਿਨ ਦੀ ਦਿਲੋਂ ਗ੍ਰਾਤੀਆਂ।
ਮੈਨੂੰ ਦਿਸੇ ਅੰਧ ਗੁਬਾਰ ਵੇ, ਪੀਆ ਕਦੇ ਤਾਂ ਮੋੜ ਮੁਹਾਰ ਵੇ।

ਅਸੂ

ਹੁਣ ਅਸੂ ਆਸਾਂ ਰੱਖੀਆਂ, ਮੈਨੂੰ ਦੇਣ ਦਿਲਾਸਾ ਸਖੀਆਂ।
ਪਰ ਮੈਂ ਨਾ ਮੰਨਾਂ ਸੱਚ ਵੇ, ਰਹਿ ਰਹਿ ਕੇ ਆਵੇ ਗੱਚ ਵੇ।
ਨਿਤ ਤੜਫਾਂ ਮੱਛਲੀ ਵਾਂਗ ਵੇ, ਇਕ ਫਿਰੇ ਕਲੇਜੇ ਸਾਂਗ ਵੇ।
ਹੁਣ ਆ ਮੈਂ ਖਾਧੀ ਹਾਰ ਵੇ, ਪੀਆ ਕਦੇ ਤਾਂ ਮੋੜ ਮੁਹਾਰ ਵੇ।

ਕਤਕ

ਹੁਣ ਕਤਕ ਕੰਤ ਉਡੀਕਦੀ, ਨਿਤ ਜਿੰਦ ਨਿਮਾਣੀ ਚੀਕਦੀ।
ਉਡ ਕਾਵਾਂ ਕਰਮਾਂ ਵਾਲਿਆ, ਮੇਰਾ ਰੁਠੜਾ ਕੰਤ ਮਨਾ ਲਿਆ।
ਮੈਂ ਸਹਿਣ ਨਾ ਜੋਗੀ ਸੱਲ ਵੇ, ਕੋਈ ਸੁਖ ਸੁਨੇਹਾ ਘੱਲ ਵੇ।
ਨਾ ਚੋਭ ਹਿਜਰ ਦੇ ਖਾਰ ਵੇ, ਪੀਆ ਕਦੇ ਤਾਂ ਮੋੜ ਮੁਹਾਰ ਵੇ।

ਮਘਰ

ਹੁਣ ਮਘਰ ਮੋਈਆਂ ਜੀਂਵਦੀ, ਤੁਧ ਬਾਝ ਨਾ ਪਾਣੀ ਪੀਵਦੀ।
ਮੈਂ ਅੰਦਰ ਅੰਦਰ ਧੁਖਦੀ, ਕੀ ਖਬਰ ਕਿਸੇ ਨੂੰ ਦੁੱਖ ਦੀ ?
ਤੈਨੂੰ ਤਰਸ ਨਾ ਆਵੇ ਕੋਰਿਆ, ਬੇਦੋਸਾ ਖੂਨ ਨਿਚੋੜਿਆ ?
ਪਾ ਫੇਰਾ ਮੁੜ ਇਕ ਵਾਰ ਵੇ, ਪੀਆ ਕਦੇ ਤਾਂ ਮੋੜ ਮੁਹਾਰ ਵੇ।

ਪੋਹ

ਹੁਣ ਪੋਹ ਪਾਲੇ ਦਾ ਜੋਰ ਵੇ, ਪੀਆ ਆਨ ਮੁਹਾਰਾਂ ਮੋੜ ਵੇ।
ਸੁਖੀ ਸੌਂਦੀਆਂ ਕਰਮਾਂ ਵਾਲੀਆਂ, ਅਸਾਂ ਰੋ ਰੋ ਰਾਤਾਂ ਜਾਲੀਆਂ।
ਮੇਰੇ ਪੈਣ ਕਲੇਜੇ ਮੁਕੀਆਂ, ਵਿਚ ਹਿਜਰ ਤੇਰੇ ਦੇ ਸੁਕੀਆਂ।
ਆ ਗੱਲਾਂ ਕਰ ਲੈ ਚਾਰ ਵੇ, ਪੀਆ ਕਦੇ ਤਾਂ ਮੋੜ ਮੁਹਾਰ ਵੇ।

ਮਾਘ

ਹੁਣ ਮਾਘ ਮਾਹੀ ਬਿਨ ਚੱਲੀਆਂ, ਨਾ ਜਾਣ ਜੁਦਾਈਆਂ ਝੱਲੀਆਂ।
ਆ ਦੇਖਣ ਨਾਲ ਤਬੀਬ[1] ਵੇ, ਪਰ ਮੋੜ ਨਹੀਂ ਨਸੀਬ ਵੇ।
ਤੂੰ ਆਪ ਪਰੋਖੇ ਹੋ ਰਹਿਓਂ, ਜਿੰਦ ਸਾਡੀ ਤੇ ਦੁਖ ਢੋ ਰਹਿਓਂ।
ਮੈਂ ਰੋ ਰਹੀ ਜ਼ਾਰੋ ਜ਼ਾਰ ਵੇ, ਪੀਆ ਕਦੇ ਤਾਂ ਮੋੜ ਮੁਹਾਰ ਵੇ।

ਫਗਣ

ਹੁਣ ਫਗਣ ਫੇਰਾ ਪਾ ਵੇ, ਨਾ ਜਿੰਦੜੀ ਨੂੰ ਤਰਸਾ ਵੇ।
ਮੇਰੇ ਲੂੰ ਲੂੰ ਦੇ ਵਿਚ ਵਸਨਾ ਏਂ, ਪਰ ਭੇਤ ਨਾ ਆਪਣਾ ਦਸਨਾ ਏਂ।
ਵਿਚ ਵਸ ਕੇ ਓਹਲੇ ਹੋ ਰਹਿਓਂ, ਇਕ ਪਰਦੇ ਹੇਠ ਖਲੋ ਰਹਿਓਂ।
ਹੋ ਪ੍ਰਤੱਖ ਦੇਹ ਦੀਦਾਰ ਵੇ, ਪੀਆ ਕਦੇ ਤਾਂ ਮੋੜ ਮੁਹਾਰ ਵੇ।

---

1. ਹਕੀਮ।

ਲੌਂਦ[1]

ਹੁਣ ਲੌਂਦ[2] ਪੁਜਾਈ ਆਸ ਵੇ, ਸਭ ਕੀਤੇ ਕਾਰਜ ਰਾਸ ਵੇ।
ਔਹ ਰਥ ਪੀਆ ਦਾ ਆ ਗਿਆ, ਮੇਰੇ ਅੰਦਰ ਖੁਸ਼ੀਆਂ ਪਾ ਗਿਆ।
ਏਹ ਓਸੇ ਦਾ ਖੜਕਾਰ ਹੈ, ਜਿਸ ਲਾਈ ਅਜਬ ਬਹਾਰ ਹੈ।
ਆ ਬੂਹੇ ਤੇ ਖਲਿਹਾਰ ਵੇ, ਪੀਆ ਕਦੇ ਤਾਂ ਮੋੜ ਮੁਹਾਰ ਵੇ।

ਪਹੁੰਚਣਾ ਰਥ ਦਾ ਭੀਮ ਨਗਰ ਵਿਚ

ਵੱਗੀ ਠੰਢੜੀ ਵਾ ਪਿਆਰ ਵਾਲੀ, ਸਫ਼ਰ ਕਟਦੀ ਆਂਵਦੀ ਰਾਹੀਆਂ ਦੇ।
ਆਯਾ ਅੰਬਰ ਥੀਂ ਮੀਂਹ ਪਰੇਮ ਵਾਲਾ, ਬੂੰਦਾਂ ਹਸਦੀਆਂ ਨਾਲ ਉਮਾਹੀਆਂ ਦੇ।
ਮੋਰ ਬੋਲਦੇ ਬਾਗ ਮੁਰਾਦ ਅੰਦਰ, ਮੁਖ ਵੇਖ ਕੇ ਸਜਨਾਂ ਰਾਹੀਆਂ ਦੇ।
ਬੂਟਾ ਫਲ ਲੈ ਆਇਆ ਆਸ ਵਾਲਾ, ਦਿਲ ਅੰਦਰੋਂ ਖਾ ਗਵਾਹੀਆਂ ਦੇ।
ਰਬਾ ਸਚ ਦਾ ਸਚ ਏਹ ਰਹਿਣ ਦੇਵੀਂ, ਪੂਰੇ ਹੋਣ ਮਤਲਬ ਆਸਾਂ ਚਾਹੀਆਂ ਦੇ।
ਚਾਤ੍ਰਿਕ ਮਿਲੇ ਮੁਰਾਦ ਦਿਲ ਸ਼ਾਦ[2] ਹੋਵੇ ਖਤਮ ਹੋਣ ਏਹ ਰੋਜ਼ ਸਿਆਹੀਆਂ ਦੇ।
ਚੜ੍ਹਦੇ ਪਾਸਿਓਂ ਇਕ ਸੁਆ[3] ਉਠੀ, ਕਰਦੀ ਦੂਰ ਅੰਧੇਰੜਾ ਆਂਵਦੀ ਏ।
ਰਥ ਝੂਲਦਾ ਆਂਵਦਾ ਤੇਜ ਵਾਲਾ, ਜਾਨ ਵਾਜ ਸੁਨ ਸੁਨ ਚੈਨ ਪਾਂਵਦੀ ਏ।
ਰਬਾ ਝੂਠ ਨਾ ਕਰੀਂ ਏਹ ਰਥ ਗੱਡੀ, ਮੈਨੂੰ ਪੀਆ ਦੀ ਵਾਜ ਸੁਨਾਂਵਦੀ ਏ।
ਜੇਕਰ ਝੂਠ ਭੀ ਹੈ ਤਾਂ ਸਚ ਕਰਦੇ, ਚਾਤ੍ਰਿਕ ਰਬ ਦਾ ਨਾਂ ਧਿਆਂਵਦੀ ਏ।
ਜੇਹੜੀ ਖਲਕ ਨੂੰ ਹਾਲ ਮਲੂਮ ਨਾ ਸੀ, ਓਹ ਵੀ ਸੁਣਦਿਆਂ ਕਰ ਖਿਆਲ ਹੋਏ।
ਰਾਜਾ ਨਲ ਜੀਕਰ ਰਥ ਲਿਆਉਂਦਾ ਸੀ, ਓਸੇ ਤਰ੍ਹਾਂ ਆਏ ਸ਼ੌਕ ਨਾਲ ਹੋਏ।
ਇਹੋ ਸ਼ਾਨ, ਅਦਾ, ਅਵਾਜ਼ ਉਸ ਦੀ, ਭੌਰ ਤਾਜੀਆਂ[4] ਦੀ ਦਿਸੇ ਚਾਲ ਹੋਏ।
ਦੂਰ ਸੁਣੀਂਦੇ ਆ ਗਏ ਕੋਲ ਓੜਕ, ਰਿਤੂ ਪਰਣ ਰਾਜਾ ਨਜ਼ਰ ਆਇਆ ਏ।
ਝੱਟ ਪੱਟ ਸਿਪਾਹੀਆਂ ਦੌੜ ਅਗੋਂ, ਨਾਲ ਖਾਤਰਾਂ ਦੇ ਹੇਠ ਲਾਹਿਆ ਏ।
ਰਾਜੇ ਭੀਮ ਦੇ ਪਾਸ ਪੈਗਾਮ ਦਿਤਾ, ਰਿਤੂ ਪਰਣ ਰਾਜੇ ਚਰਨ ਪਾਇਆ ਏ।
ਚਾਤ੍ਰਿਕ ਹੋਰਨਾਂ ਨੂੰ ਲਗਨ ਹੋਰ ਕੋਈ, ਰਿਤੂ ਪ੍ਰਣ ਪਰ ਦਿਲੋਂ ਘਬਰਾਇਆ ਏ।
ਏਹ ਕੀ ਗਲ ਹੈ ਬੜਾ ਹੈਰਾਨ ਹਾਂ ਮੈਂ ? ਏਥੇ ਦਿਸਦੀ ਨਾ ਆਨ ਬਾਨ ਕੋਈ।
ਨਾ ਸਵਯੰਬਰਾਂ ਦਾ ਕੋਈ ਢੰਗ ਦਿਸੇ, ਨਾਹੀ ਸ਼ਹਿਰ ਦੀ ਦਿਸਦੀ ਸ਼ਾਨ ਕੋਈ।
ਰਾਜੇ ਕਿਸੇ ਦਾ ਦਿਸਦਾ ਨਾਮ ਨਾਹੀਂ, ਤੰਬੂ ਕਿਸੇ ਨਾ ਛਡਿਆ ਤਾਨ ਕੋਈ।
ਅਗੇ ਵਾਂਗ ਕੋਈ ਚੈਹਲ ਪੈਹਲ ਨਾਹੀਂ, ਨਾ ਹੀ ਖੁਸ਼ੀ ਦਾ ਸਾਜ਼ ਸਮਾਨ ਕੋਈ।
ਐਵੇਂ ਮੁੜ ਕਿਸੇ ਖਰਾਬ ਕੀਤਾ, ਹਾਸਾ ਕਰਨ ਨੂੰ ਗਿਆ ਸ਼ੈਤਾਨ ਕੋਈ।
ਚਾਤ੍ਰਿਕ ਨਾਲ ਮੇਰੇ ਹੋਯਾ ਠੀਕ ਧੋਖਾ, ਨਾ ਸਵਯੰਬਰਾਂ ਜਿਹਾ ਘਮਸਾਨ ਕੋਈ।

---

1. ਵਾਧੂ ਮਹੀਨਾ, ਤੀਜ ਵਰ੍ਹੇ ਦਾ ਤੇਰ੍ਹਵਾਂ ਮਹੀਨਾ, ਪਿੰਡਾਂ ਵਿਚ ਚੇਤਰ ਨੂੰ ਆਮ ਤੇਰ੍ਹਵਾਂ ਮਹੀਨਾ ਕਹਿੰਦੇ ਹਨ।
2. ਖੁਸ਼। 3. ਕਿਰਨ। 4. ਚੰਗੇ ਚਾਰ ਘੋੜਿਆਂ ਦੀ ਕਿਸਮ।

ਮਿਲਾਪ ਰਾਜੇ ਰਿਤੂ ਪ੍ਰਣ ਦਾ

ਐਨੈ ਚਿਰਾਂ ਨੂੰ ਭੀਮ ਭੀ ਆਨ ਪਹੁੰਚਾ, ਮੁਲਾਕਾਤ ਕਰ ਬੜੇ ਖੁਰਸੰਦ[1] ਹੋਏ।
ਬੜੀ ਮੇਹਰਬਾਨੀ ਕੀਤੀ ਚਰਨ ਪਾਏ, ਜੀਉ ਅਸਾਂ ਦੇ ਬੜੇ ਆਨੰਦ ਹੋਏ।
ਨਦੀ ਨਾਮ ਸੰਜੋਗ ਦਾ ਮੇਲ ਦੁਨੀਆ, ਸ਼ੁਕਰ ਰੱਬ ਦਾ ਅਜ ਪੈਵੰਦ[2] ਹੋਏ।
ਕੋਈ ਖਿਦਮਤਾਂ ਦਸਿਓ ਟੈਹਲੀਆਂ ਨੂੰ, ਚਾਤ੍ਰਿਕ ਖੁਸ਼ੀ ਸਾਡੇ ਬੰਦ ਬੰਦ ਹੋਏ।

ਉੱਤਰ ਰਾਜਾ ਰਿਤੂ ਪ੍ਰਣ ਦਾ

ਮਹਾਰਾਜ ਦਾ ਸ਼ੁਕਰ ਗੁਜ਼ਾਰ ਹਾਂ ਮੈਂ, ਜੇਹੜੇ ਰਖਦੇ ਮਾਣ ਨਿਮਾਣਿਆਂ ਦਾ।
ਅਸੀਂ ਆਸਰੇ ਆਪ ਦੀ ਮੇਹਰ ਦੇ ਹਾਂ, ਤੁਸੀਂ ਤਾਣ ਹੋ ਅਸਾਂ ਨਿਤਾਣਿਆਂ ਦਾ।
ਸਿਰਫ ਚਾਹ ਸੀ ਆਪ ਦੇ ਦਰਸ਼ਨਾਂ ਦੀ, ਕੋਈ ਹੋਰ ਸਬਬ ਨਾ ਆਣਿਆਂ ਦਾ।
ਮਿਲ ਬੈਠਣਾ ਜਗ ਦੇ ਵਿਚ ਲਾਹਾ, ਚਾਤ੍ਰਿਕ ਪਤਾ ਨਾ ਰਬ ਦੇ ਭਾਣਿਆਂ ਦਾ।

ਉਤਾਰਾ ਦੇਣਾ ਰਾਜਾ ਰਿਤੂ ਪ੍ਰਣ ਨੂੰ ਰਾਜਾ ਭੀਮ ਸੈਨ ਨੇ ਤਰਜ—ਧਾਰਨਾ ਸ਼ਾਹ ਬਹਿਰਾਮ*

ਰਾਜੇ ਭੀਮ ਕਹਿਆ ਦਿਲ ਅੰਦਰ ਕੱਲ ਪਤਾ ਲਗ ਜਾਸੀ।
ਕਿਸ ਕਾਰਣ ਏਹ ਏਥੇ ਆਇਆ ਆਪੇ ਨਜ਼ਰੀਂ ਆਸੀ।
ਥਕ ਗਿਆ ਕਰ ਪੈਂਡਾ ਹੋਸੀ ਹਾਲੀ ਦਿਓ ਉਤਾਰਾ।
ਸਦ ਵਜ਼ੀਰ ਉਤਾਰੇ ਕਾਰਨ ਕੀਤਾ ਤੁਰਤ ਇਸ਼ਾਰਾ।
ਆਦਰ ਨਾਲ ਕਰਾ ਦੇ ਡੇਰਾ ਦਿਸ਼ਾ ਸੋਚ[3] ਕਰਵਾਯਾ।
ਜਲ ਪਾਣੀ ਇਸ਼ਨਾਨ ਕਰਨ ਦਾ ਸਭ ਸਾਮਾਨ ਪੁਚਾਯਾ।
ਉਧਰੋਂ ਹੁਕਮ ਵਜ਼ੀਰ ਸਾਹਿਬ ਨੂੰ ਖਾਸ ਮਹਿਲ ਥੀਂ ਆਯਾ।
ਮਾਤਾ ਸਾਹਿਬ ਕਹਿਆ ਸੁਨੇਹਾ ਨੌਕਰ ਆਣ ਸੁਨਾਯਾ।
ਰਿਤੂ ਪਰਣ ਮਹਾਰਾਜ ਜੋ ਆਏ ਦਿਤਾ ਗਿਆ ਉਤਾਰਾ।
ਪਰ ਰਥਵਾਹੀ ਨਾਲ ਜਰੂਰੀ ਮਤਲਬ ਖਾਸ ਹਮਾਰਾ।
ਮਹਿਲਾਂ ਦੇ ਨਜ਼ਦੀਕ ਏਸ ਦਾ ਤੁਸੀਂ ਕਰਾਓ ਡੇਰਾ।
ਰਥ ਸਮੇਤ ਟਿਕੋ ਜੇ ਏਥੇ ਸਾਡੇ ਲਈ ਚੰਗੇਰਾ।
ਐਪਰ ਨਾਲ ਕਰੋ ਏਹ ਪਕੀ ਬਾਹਰ ਗੱਲ ਨਾ ਜਾਵੇ।
ਪਿਛੋਂ ਪਰਗਟ ਹੋਸੀ ਆਪੇ ਜੋ ਕਰਤੇ ਨੂੰ ਭਾਵੇ।
ਓਸੇ ਤਰ੍ਹਾਂ ਵਜ਼ੀਰ ਕਰਾਯਾ ਮਹਿਲਾਂ ਹੇਠ ਉਤਾਰਾ।
ਚਾਤ੍ਰਿਕ ਵੇਖ ਅਗਾਂਹ ਕੀ ਹੋਵੇ ਭੇਦ ਨਿਕਲਸੀ ਸਾਰਾ।

---

* ਭਾਵ ਦਵਈਏ ਛੰਦ ਤੋਂ ਹੈ (ਜੋ 16+12 ਮਾਤਰਾ ਹਰ ਤੁਕ ਵਿਚ ਰਖ ਕੇ ਬਣਦਾ ਹੈ) ਜਿਸ ਵਿਚ ਅਮਾਮ ਬਖਸ਼ ਕਵੀ ਨੇ ਬਹਿਰਾਮ ਗੌਰ (ਪ੍ਰਚਲਤ ਨਾਂ ਸ਼ਾਹ ਬਹਿਰਾਮ) ਦਾ ਕਿੱਸਾ ਲਿਖਿਆ ਹੈ। ਦ੍ਰਿਸ਼ਟਾਂਤ ਵਜੋਂ ਉਸ ਦੀਆਂ ਤੁਕਾਂ ਹਨ : ਅਵਲ ਪਤਰ ਸਾਵੇ ਲਾਵੇ, ਫੁਲ ਕਢੇ ਵੱਤ ਸੂਹੇ। ਇਕਸ ਫੁਲ ਜਿਨ੍ਹਾਂ ਨੂੰ ਸੁੰਘਿਆ ਰਾਹਤ ਪਹੁੰਚੇ ਰੂਹੇ।

1. ਖੁਸ਼। 2. ਮੇਲ। 3. ਸੋਚ ਇਸ਼ਨਾਨ, ਟਟੀ ਪਾਣੀ ਤੇ ਇਸ਼ਨਾਨ ਆਦਿ।

ਬਚਨ ਕਵੀ

ਏਹ ਭੀ ਦੇਖ ਲੌ ਖੇਲ ਇਕ ਕੁਦਰਤਾਂ ਦਾ, ਛੁਟੀ ਸ਼ਾਹੀ[1] ਤੇ ਆਈ ਗਦਾਈ[2] ਯਾਰੋ।
ਜੇਹੜੇ ਲਾਲ ਨੂੰ ਵੇਖ ਖੁਸ਼ਹਾਲ ਹੁੰਦੇ, ਘਰ ਘਰ ਵਜਦੀ ਆਣ ਵਧਾਈ ਯਾਰੋ।
ਪੈਰ ਧਰਨ ਨਾ ਦੇਣ ਜਮੀਨ ਉਤੇ, ਮੱਥੇ ਟੇਕਦੀ ਖਲਕ ਖੁਦਾਈ ਯਾਰੋ।
ਜੇਹੜੇ ਰੰਗ ਮਹਲ ਤੇ ਗੂੰਜਦਾ ਸੀ, ਅਜ ਪੇਸ਼ ਆਈ ਖਾਕ ਪਾਈ ਯਾਰੋ।
ਅਜ ਵਾਂਗ ਗੁਲਾਮ ਦੇ ਠਾਹਰ ਲੱਭੀ, ਹੋਯਾ ਓਪਰਾ ਉਹੋ ਜਵਾਈ ਯਾਰੋ।
ਸੰਗ ਸੰਗ ਕੇ ਮਾਰਦਾ ਝਾਤ ਡਰਦਾ, ਬਣਿਆ ਚੋਰ ਦੇਖੋ ਬੇਗੁਨਾਹੀ ਯਾਰੋ।
ਬਾਦਸ਼ਾਹ ਤੋਂ ਚਾਕਰਾਂ ਵਾਂਗ ਹੋਯਾ, ਪਿਛਾ ਮੋੜ ਬੈਠੀ ਬਾਦਸ਼ਾਹੀ ਯਾਰੋ।
ਚਾਤ੍ਰਿਕ ਚੰਦ ਮੁਕੰਦ ਜਵਾਈ ਉਤੇ, ਬੁਰੇ ਲੇਖ ਵਰਤਾਈ ਸਿਹਾਈ ਯਾਰੋ।
ਚਕਵਾ ਚਕਵੀਓਂ ਰਬ ਵਿਛੋੜ ਦਿਤਾ, ਭਾਗਾਂ ਮੰਦਿਆਂ ਪਾ ਕੇ ਰਾਤ ਯਾਰੋ।
ਸਕੀ ਨਾਰ ਤੇ ਪਤੀ ਬਦਜ਼ਨ[3] ਕੀਤਾ, ਕੋਈ ਮੇਲ ਦੀ ਬਣੇ ਨਾ ਬਾਤ ਯਾਰੋ।
ਓਧਰ ਰੰਗ ਵਿਚ ਰੰਗ ਨੇ ਭੰਗ ਪਾਯਾ, ਏਧਰ ਜ਼ੰਨ[4] ਕੀਤੀ ਬਾਜੀ ਮਾਤ ਯਾਰੋ।
ਦੋਹਾਂ ਸੀਨਿਆਂ ਦੇ ਵਿਚ ਵਾਢ ਲਗੀ, ਪੇਸ਼ ਪਏ ਅਜੀਬ ਹਾਲਾਤ ਯਾਰੋ।
ਪਰਦਾ ਆ ਗਿਆ ਕੁਦਰਤੀ ਦਿਲਾਂ ਅੰਦਰ, ਕੁਦਰਤ ਖੂਬ ਕੀਤੀ ਕਰਾਮਾਤ ਯਾਰੋ।
ਏਧਰ ਖੌਫ ਉਤਾਹਾਂ ਨਾ ਵੇਖ ਸਕੇ, ਓਧਰ ਸ਼ਰਮ ਨਾ ਪਾਂਵਦੀ ਝਾਤ ਯਾਰੋ।
ਸ਼ਮਾ ਬਲੇ, ਪਤੰਗ ਭੀ ਖਾਸ ਹਾਜਰ ਐਪਰ ਫੇਰ ਨਾ ਪੁਛਦੀ ਵਾਤ ਯਾਰੋ।
ਚਾਤ੍ਰਿਕ ਸੂਰਮੇ ਪਏ ਸ਼ਹੀਦ ਹੁੰਦੇ, ਪਾਸ ਹੁੰਦਿਆਂ ਆਬਹਯਾਤ[5] ਯਾਰੋ।

ਭੇਜਣਾ ਰਾਣੀ ਦਮਯੰਤੀ ਦਾ ਕੇਸ਼ਨੀ ਗੋਲੀ ਨੂੰ

ਗੋਲੀ ਕੇਸ਼ਨੀ ਨੂੰ ਸਦ ਦਮਯੰਤੀ, ਕਹਿਆ ਮਲਕੜੇ ਹੇਠ ਤੂੰ ਜਾ ਅੜੀਏ।
ਕੌਣ ਆਦਮੀ ਹੈ ਜੇਹੜਾ ਹੇਠ ਆਯਾ, ਝਾਤ ਮਾਰ ਕੇ ਵੇਖ ਤਾਂ ਆ ਅੜੀਏ।
ਓਹਦੀ ਚਾਲ ਤੇ ਹਾਲ ਮਲੂਮ ਕਰਕੇ, ਪਰਖੀਂ ਰੰਗ ਤੇ ਰੂਪ ਸੁਭਾ ਅੜੀਏ।
ਓਹ ਸ਼ਲੋਕ ਭੀ ਕਹੀਂ ਪ੍ਰਨਾਦ ਵਾਲਾ, ਪੁਛੀਂ ਗਲ ਸਾਰੀ ਸਿਰੋਂ ਪਾ ਅੜੀਏ।
ਜੋ ਜੋ ਕਰੇਗਾ ਗੱਲ ਉਹ ਨਾਲ ਤੇਰੇ ਸਾਰੀ ਆਣ ਕੇ ਤੁਰਤ ਸੁਣਾ ਅੜੀਏ।
ਹਿਕਮਤ ਨਾਲ ਨਿਕਾਲ ਕੇ ਹਾਲ ਚਾਤ੍ਰਿਕ, ਛੇਤੀ ਆ ਨਾ ਦੇਰ ਲਗਾ ਅੜੀਏ।

ਪ੍ਰਸ਼ਨ ਤੇ ਉਤਰ ਕੇਸ਼ਨੀ ਗੋਲੀ ਤੇ ਰਾਜਾ ਨਲ ਦਾ—ਪ੍ਰਸ਼ਨ ਕੇਸ਼ਨੀ

ਦੋਹਰਾ— ਥੱਲੇ ਆਈ ਕੇਸ਼ਨੀ ਬੋਲੀ ਨਲ ਦੇ ਨਾਲ।
ਹੇ ਰਥਵਾਹੀ ਰਿਤੂ ਦੇ ਮੇਰਾ ਇਕ ਸ਼ਵਾਲ।
ਕਬਿਤ—ਨਗਰ ਅਜੁਧਿਆ ਦੇ ਵਿਚ ਤੂੰ ਰਹਿਣ ਵਾਲਾ,
ਦਸ ਇਕ ਗੱਲ, ਹੋਵੇ ਵੇਖਿਆ ਜੇ ਹਾਲ ਵੇ।

---

1. ਰਾਜ। 2. ਫਕੀਰੀ, ਮੰਗਤਾ ਪਣ, ਗਰੀਬੀ। 3. ਸ਼ੱਕੀ ਘ੍ਰਿਣਾ ਨਾਲ ਭਰਿਆ। 4. ਸ਼ੱਕ। 5. ਅੰਮ੍ਰਿਤ।

ਬਾਹਮਣ ਪ੍ਰਨਾਦ ਸਾਡੇ ਸ਼ਹਿਰ ਤੋਂ ਸਿਧਾਯਾ ਓਥੇ,
ਬੋਲ ਕੇ ਸ਼ਲੋਕ ਕਰੇ ਸਭ ਨੂੰ ਸਵਾਲ ਵੇ।
ਰਾਜਾ ਨਲ ਚਿਰਾਂ ਦਾ ਸਿਧਾਰ ਗਿਆ ਨਾਰ ਛਡ,
ਓਸ ਨਿਰਮੋਹੀ ਦੀ ਕਰੇਂਦਾ ਕਿਤੇ ਭਾਲ ਵੇ।
ਕਿਸੇ ਉਹਦੀ ਪੁੱਛੀ ਹੋਵੇ ਵਾਤ ਭਲਾ ਚਾਤ੍ਰਿਕ,
ਦਸ ਕੁਝ ਹਾਲ ਅਸੀਂ ਹੋ ਰਹੇ ਨਿਢਾਲ ਵੇ।

ਉੱਤਰ ਰਾਜਾ ਨਲ ਰਥਵਾਹੀ

ਦੋਹਰਾ— ਦਸੇ ਬਾਝੋਂ ਸੁੰਦਰੀ ਕੌਣ ਕਹੇ ਏਹ ਗੱਲ ?
ਕਿਸ ਨੂੰ ਇਹ ਮਲੂਮ ਹੈ ਕਿਥੇ ਰਾਜਾ ਨਲ।
ਕਬਿਤ— ਕੌਣ ਜਾਣੇ ਹਾਲ ਭਲਾ ਕਿੱਧਰ ਸਿਧਾਰ ਗਿਆ,
ਕਿਸ ਤਰ੍ਹਾਂ ਕਲੇਸ਼ ਆਏ ਪੇਸ਼ ਦੁਖਿਆਰੇ ਨੂੰ।
ਆਪ ਜਦੋਂ ਤੀਕ ਉਹ ਮਲੂਮ ਨਾ ਕਰਾਵੇ ਗੱਲ,
ਕੌਣ ਸਮਝਾਵੇ ਓਸ ਬ੍ਰਾਹਮਣ ਵਿਚਾਰੇ ਨੂੰ।
ਰਾਜਾ ਨਲ ਛੁਪ ਰਿਹਾ ਦਸਦਾ ਨਾ ਹਾਲ ਕੁਝ,
ਆਂਵਦੀ ਹੈ ਸੰਗ ਏਥੇ ਆਂਵਦੇ ਨਿਕਾਰੇ ਨੂੰ।
ਲੋਕਾਚਾਰ ਤੁਸਾਂ ਤਾਂ ਬਥੇਰੀ ਕੀਤੀ ਚਾਤ੍ਰਿਕ,
ਅੱਖੀਆਂ ਦੇ ਵਿਚ ਛਾਣ ਲਿਆ ਜਗ ਸਾਰੇ ਨੂੰ।

ਪ੍ਰਸ਼ਨ ਕੇਸ਼ਨੀ ਗੋਲੀ

ਦੋਹਰਾ— ਜਾਨ ਬੁਝ ਕੇ ਚਾਤਰਾ ਕਾਹਨੂੰ ਕਰੇਂ ਲੁਕਾ ?
ਸੱਚੀ ਗੱਲ ਸੁਣਾਂਦਿਆਂ ਕਾਹਦਾ ਸ਼ਰਮ ਹਯਾ।
ਕਬਿਤ— ਕੌਣ ਸੀ ਉਹ ਆਦਮੀ ਸ਼ਲੋਕ ਜਿਨ ਸੁਣ ਕੇ ਤੇ,
ਬੜੇ ਅਫਸੋਸ ਨਾਲ ਅਥਰੂ ਵਗਾਯਾ ਸੀ ?
ਨਾਰਾਂ ਸਤਵੰਤੀਆਂ ਨਾ ਭੰਡਦੀਆਂ ਆਦਮੀ ਨੂੰ,
ਏਹੋ ਜਿਹਾ ਵਾਕ ਦੱਸ ਕਿਸ ਨੇ ਸੁਨਾਇਆ ਸੀ ?
ਕੌਣ ਸੀ ਉਹ ਓਪਰਾ, ਬਗਾਨੀ ਸੁਣ ਗੱਲ ਭਲਾ,
ਰਾਹ ਤੁਰੇ ਜਾਂਦਿਆਂ ਨੂੰ ਗੱਚ ਜਿਨੂੰ ਆਯਾ ਸੀ।
ਤੂੰ ਹੀ ਸਾਏਂ ਪਾਸ ਯਾ ਓਹ ਹੋਰ ਸੀ ਕਹਿਣ ਵਾਲਾ,
ਦੂਜੀ ਵਾਰ ਕਹਿਣ ਦਾ ਸਵਾਲ ਜਿਨ ਪਾਯਾ ਸੀ ?

ਉੱਤਰ ਰਾਜਾ ਨਲ, ਰਥਵਾਹੀ ਦਾ

ਦੋਹਰਾ— ਬੇਸ਼ਕ ਏਹ ਗਲ ਠੀਕ ਹੈ ਸਤੀਆਂ ਕਰਨ ਨਾ ਰੋਸ।
ਆਖੀ ਹੋਵੇ ਕਿਸੇ ਨੇ, ਇਸ ਵਿਚ ਕਾਹਦਾ ਦੋਸ।

ਕਬਿਤ— ਕਿਸੇ ਆਖੀ ਗੱਲ ਏਹਦੇ ਵਿਚ ਨਾ ਲੁਕਾ ਕੋਈ,
ਸੱਚੀ ਗੱਲ ਆਖਦੇ ਤੇ ਗੁੱਸਾ ਕਾਹਦਾ ਭੋਲੀਏ।
ਰਿੰਜਗੀ ਮਨਾ ਨਾਹੀਂ, ਐਵੇਂ ਘਬਰਾ ਨਾਹੀਂ,
ਫੜ ਲੈ ਜ਼ਬਾਨ ਜਦੋਂ ਝੂਠ ਕੁਝ ਬੋਲੀਏ।
ਨਾਰਾਂ ਸਤਵੰਤੀਆਂ ਦਾ ਮੁਢ ਤੋਂ ਅਸੂਲ ਏਹੋ,
ਪਤੀਆਂ ਦੀ ਕੀਤੀਆਂ ਦੇ ਫੋਲਨੇ ਨਾ ਫੋਲੀਏ।
ਦੁਖ ਨੂੰ ਸਹਾਰੀਏ, ਨਾ ਚੜ੍ਹ ਕੇ ਪੁਕਾਰੀਏ ਤੇ,
ਮਨ ਤਾਈਂ ਮਾਰੀਏ, ਧਰਮ ਤੋਂ ਨਾ ਡੋਲੀਏ।

ਕਬਿਤ— ਛਡ ਗਿਆ ਨਾਰ ਨੂੰ ਵਿਸਾਰ ਕੇ ਪਿਆਰ ਨੂੰ ਜੇ,
ਚਾਹੀਦਾ ਸੀ ਨਾਰ ਨੂੰ ਕਲੇਸ਼ ਨੂੰ ਸਹਾਰਦੀ।
ਪੈ ਗਿਆ ਕੀ ਧਾੜਾ ਕੇਹੜਾ ਕੰਮ ਕੀਤਾ ਮਾੜਾ ਉਸ,
ਦੁਖ ਦਾ ਦਿਹਾੜਾ ਸੀ ਏਹ ਬੈਠ ਕੇ ਗੁਜ਼ਾਰਦੀ।
ਓਹ ਭੀ ਸੀ ਲਾਚਾਰ ਕਿਥੇ ਲਈ ਜਾਂਦਾ ਨਾਰ,
ਤੂੰ ਹੀ ਕਰੀਂ ਖਾਂ ਵਿਚਾਰ ਕਿਥੇ ਟੱਕਰਾਂ ਏ ਮਾਰਦੀ।
ਲਿਆ ਕਪੜਾ ਭੀ ਕੱਟ, ਗਿਆ ਜੰਗਲੀਂ ਭੀ ਸੱਟ,
ਪਰ ਏਹੋ ਸਤ ਵਾਲੀ ਜ਼ਰਾ ਸਤਯਾ ਸਹਾਰਦੀ।

ਮੁੜ ਜਾਣਾ ਗੋਲੀ ਕੇਸ਼ਨੀ ਦਾ ਰਾਣੀ ਦਮਯੰਤੀ ਦੇ ਪਾਸ

ਦੋਹਰਾ— ਗੱਲਾਂ ਕਰੇ ਜ਼ਬਾਨ ਪਰ, ਅੰਦਰ ਫਿਰੇ ਕਟਾਰ।
ਦਿਲ ਨੂੰ ਰੋਕ ਨਾ ਸਕਿਆ ਅੱਖਾਂ ਲਾਈ ਤਾਰ।

ਕਬਿਤ— ਛਮਾ ਛਮ ਵੱਸੀਆਂ ਨੇ ਅੱਖਾਂ ਰਥਵਾਹੀ ਦੀਆਂ,
ਕੰਠ ਦੀ ਰੁਕਾਵਟ ਜ਼ਬਾਨ ਬੰਦ ਪਾਈ ਹੈ।
ਦੇਖ ਐਹਵਾਲ[1] ਬਸ ਕਰਕੇ ਸਵਾਲ ਗੋਲੀ,
ਕਾਹਲੀ ਨਾਲ ਮੁੜ ਦਮਯੰਤੀ ਪਾਸ ਆਈ ਹੈ।
ਜੋ ਜੋ ਕੁਝ ਪੁਛਿਆ ਤੇ ਦਸਿਆ ਸੀ ਬਾਹਕ ਨੇ,
ਇਕ ਇਕ ਗੱਲ ਸਭ ਖੋਲ੍ਹ ਕੇ ਸੁਣਾਈ ਹੈ।
ਕਾਲਾ ਜਿਹਾ ਰੂਪ ਤੇ ਕਰੂਪ ਜੇਹੀ ਮੂਰਤ ਭੀ,
ਦਸ ਕੇ ਤੇ ਸਾਂਗ ਵਿਚ ਕਾਲਜੇ ਚਲਾਈ ਹੈ।

ਰਾਣੀ ਦਮਯੰਤੀ ਵਾਚ

ਦੋਹਰਾ— ਹੇ ਪਰਮੇਸ਼ਰ ਸਚਿਆ ! ਕੀ ਹੈ ਤੇਰਾ ਖੇਲ ?
ਇਕ ਪੀਆ ਦੇ ਰੰਗ ਬਿਨ ਮਿਲਦੇ ਸਭੇ ਮੇਲ।

1. ਹਾਲ।

ਕਬਿਤ— ਦਸ ਰੱਬਾ ਸਚਿਆ, ਅੰਧੇਰ ਕੀ ਏਹ ਮਚਿਆ,
ਏਹ ਦੇਖ ਭਾਲ ਆਈ ਸਭੇ ਠੀਕ ਨੇ ਨਿਸ਼ਾਨੀਆਂ।
ਗੱਲਾਂ ਦੇ ਜਵਾਬ ਅਤੇ ਗੱਲਾਂ ਵਿਚ ਰੋਵਣਾ ਏਹ,
ਪੀਆ ਦਾ ਹੀ ਠੀਕ ਪਰ, ਰੂਪ ਵਲੋਂ ਜਾਨੀਆਂ।
ਜਾ ਖਾਂ ਭਲਾ ਗੋਲੀਏ ਤੂੰ ਫੇਰ ਇਕ ਵਾਰ ਹੇਠ,
ਹੋਰ ਇਕ ਗੱਲ ਵਲੋਂ ਪੀਆ ਪਰਤਾਨੀਆਂ।
ਜੇਕਰ ਉਹ ਠੀਕ ਹੋਈਆਂ ਚਾਤ੍ਰਿਕ ਨਿਸ਼ਾਨੀਆਂ ਤਾਂ,
ਘੱਲ ਕੇ ਸੁਨੇਹਾ ਪਾਸ ਆਪਣੇ ਸਦਾਨੀਆਂ।

ਦੋਹਰਾ— ਦੇਵਤਿਆਂ ਪ੍ਰਸੰਨ ਹੋ ਏਹ ਵਰ ਦਿਤੇ ਸਾਨ।
ਪਾਣੀ, ਅਗਨੀ ਤੁਰਤ ਹੀ ਹਾਜ਼ਰ ਹੋਸਣ ਆਨ।

ਕਬਿਤ— ਜਾ ਕੇ ਜਰਾ ਪਾਸ ਏਹ ਧਯਾਨ ਰਖ ਖਾਸ,
ਭਲਾ ਕਰੇ ਇਸ਼ਨਾਨ ਪਾਣੀ ਕਿਸ ਤਰ੍ਹਾਂ ਲਿਆਵੇ ਨੀ।
ਕਰੇ ਜਾਂ ਰਸੋਈ ਤਾਂ ਖਯਾਲ ਰਖੀਂ ਗੌਰ ਨਾਲ,
ਕੇਹੜੀ ਤਦਬੀਰ ਨਾਲ ਅਗ ਨੂੰ ਜਲਾਵੇ ਨੀ।
ਮੰਗਿਆਂ ਨਾ ਦੇਈਂ ਅਗੋਂ ਚੁਪ ਰਹੀਂ ਘੇਸ ਮਾਰ,
ਤੇਰੇ ਪਾਸੋਂ ਆਖ ਜਲ ਅਗ ਜੇ ਮੰਗਾਵੇ ਨੀ।
ਹੀਜ[1] ਤੇ ਪਿਆਜ਼ ਸਾਰਾ ਖੁਲ੍ਹ ਜਾਸੀ ਝੂਠ ਸੱਚ,
ਨਿਕਲੇ ਸਬੂਤ ਜਦੋਂ ਏਸ ਪਰਤਾਵੇ ਨੀ।

ਗੋਲੀ ਕੇਸ਼ਨੀ ਦਾ ਆ ਕੇ ਸਾਰਾ ਹਾਲ ਰਾਣੀ ਦਮਯੰਤੀ ਨੂੰ ਦਸਣਾ

ਕਬਿਤ— ਜੇਹੋ ਜੇਹਾ ਆਦਮੀ ਮੈਂ ਏਹਨੂੰ ਡਿਠਾ ਅਜ ਥਾਈ,
ਅਜ ਤੀਕ ਦੇਖਿਆ ਨਾ ਹੋਰ ਇਨਸਾਨ ਮੈਂ।
ਹਥ ਜਾਂ ਉਲਾਰਿਆ ਤੇ ਮੂੰਹੋਂ ਜਾ ਉਚਾਰਿਆ ਤਾਂ,
ਕੁੰਭ ਗਏ ਭਰ ਵੇਖ ਹੋ ਗਈ ਹੈਰਾਨ ਮੈਂ।
ਅਗ ਦੀ ਸੀ ਲੋੜ ਫੜ ਘਾਸ ਨੂੰ ਮਰੋੜ,
ਜਦ ਚੁਲ੍ਹੇ ਵਿਚ ਰਖਿਆ ਤਾਂ ਮਾਰਿਆ ਧਿਆਨ ਮੈਂ।
ਅਗ ਬਲੀ ਆਪ ਏਹ ਹੈਰਾਨੀ ਜੇਹੀ ਜਾਪੇ,
ਹਥ ਪਾਏ ਨਾ ਜਲਾਵੇ ਡਿਠਾ ਬੜਾ ਗੁਣਵਾਨ ਮੈਂ।

ਰਾਣੀ ਦਮਯੰਤੀ ਵਾਚ

ਦੋਹਰਾ— ਨਿਸਚਾ ਮੈਨੂੰ ਆ ਗਿਆ ਏਹੋ ਪੀਆ ਸੁਜਾਨ।
ਐਪਰ ਭੇਦ ਉਚਾਰਦਾ[2] ਇਸ ਗਲੋਂ ਹੈਰਾਨ।

1. ਹੀਜ ਪਿਆਜ = ਭੇਤ। 2. ਭਾਵ ਕਿ ਸਾਫ ਨਹੀਂ ਦਿਸਦਾ।

ਕਬਿਤ— ਜਾਈਂ ਇਕ ਵਾਰ ਫੇਰ ਪਾਸ ਜ਼ਰਾ ਓਸਦੇ ਤੂੰ,
ਪੀਆ ਦੀ ਰਸੋਈ ਦਾ ਅਲਾਹੀ ਮਜ਼ਾ ਆਵੇ ਨੀ।
ਮੰਗਦੀ ਨਾ ਸੰਗੀਂ ਪਕਵਾਨ ਜਰਾ ਮੰਗੀਂ ਆਖੀਂ,
ਦੱਸ ਖਾਂ ਸਵਾਦ ਜਦੋਂ ਅੰਨ ਉਹ ਪਕਾਵੇ ਨੀ।
ਓਸ ਨੂੰ ਮੈਂ ਖਾਵਾਂ ਤੇ ਸਵਾਦ ਅਜ਼ਮਾਵਾਂ ਓਹ,
ਅਲਾਹੀ ਮਜ਼ਾ ਰਬ ਜੇ ਰਸੋਈ ਦਾ ਚਖਾਵੇ ਨੀ।
ਕੰਮ ਹੋਣ ਰਾਸ ਸਭੇ ਹੋਣ ਵਿਸ਼ਵਾਸ[1] ਦੂਰ,
ਆਵੇ ਮੇਰੇ ਪਾਸ ਕਾਹਨੂੰ ਆਪ ਨੂੰ ਛੁਪਾਵੇ ਨੀ ?

ਗੋਲੀ ਕੇਸ਼ਨੀ ਦਾ ਪਕਵਾਨ ਮੰਗਣਾ ਰਾਜਾ ਨਲ ਰਥਵਾਹੀ ਕੋਲੋਂ

ਦੋਹਰਾ— ਹੇ ਚੰਚਲ ਰਥਵਾਹੀ ! ਗੋਲੀ ਬੋਲੀ ਆ।
ਕੀ ਕੁਝ ਤੁਧ ਪਕਾਇਆ ? ਸਾਨੂੰ ਜ਼ਰਾ ਵਿਖਾ।

ਕਬਿਤ— ਦਾਸੀ ਭਾਗਵਾਨ ਸਾਡਾ ਕਾਹਦਾ ਪਕਵਾਨ ਭਲਾ,
ਕਰੇਂ ਤੂੰ ਮਖੌਲ ਦੇਖ ਓਪਰਾ ਨਿਮਾਣਾ ਨੀ।
ਥੱਕ ਗਏ ਆਂਵਦੇ ਤੇ ਰਥ ਨੂੰ ਚਲਾਂਵਦੇ,
ਮੁਸਾਫਰੀ ਦੇ ਵਿਚ ਕੀ ਪਕਾਣਾ ਅਸਾਂ ਖਾਣਾ ਨੀ।
ਹੋਈਏ ਜੇ ਟਿਕਾਣੇ ਤਾਂ ਪਕਾਈਏ ਐਸੇ ਖਾਣੇ,
ਜੇਹੜਾ ਖਾਵੇ ਓਹੋ ਜਾਣੇ, ਨਾ ਸੁਆਦ ਦਾ ਠਿਕਾਣਾ ਨੀ।
ਆਹ ਲੈ ਜ਼ਰਾ ਚੱਖ ਲੈ ਸ੍ਵਾਦ, ਪਰ ਯਾਦ ਰਖੀਂ,
ਛੇਤੀ ਦੀ ਰਸੋਈ ਦਾ ਸ੍ਵਾਦ ਕਾਹਦਾ ਆਣਾ ਨੀ।

ਰਾਣੀ ਦਮਯੰਤੀ ਦਾ ਸੁਆਦ ਚੱਖ ਕੇ ਤਸੱਲੀ ਕਰਨੀ

ਦੋਹਰਾ— ਅੰਮ੍ਰਿਤ ਦਿਤਾ ਚੰਦ ਨੇ ਆਯਾ ਕਵੀਆਂ[2] ਪਾਸ,
ਖਿੜਿਆ ਹਿਰਦਾ ਨਾਰ ਦਾ, ਪਾਯਾ ਜਦੋਂ ਗਿਰਾਸ[3]।

ਕਬਿਤ— ਪੀਆ ਪਿਆ ਬਿਨ ਹੋਰ ਕੌਣ ਜੰਮਿਆਂ ਬਨਾਣ ਵਾਲਾ,
ਐਸਾ ਮਜ਼ੇਦਾਰ ਜੇਹਾ ਏਹੋ ਹੇ ਗਿਰਾਸ ਨੀ।
ਏਹੋ ਮੇਰਾ ਮੀਤ ਗਿਆ ਤੋੜ ਕੇ ਪ੍ਰੀਤ ਜੇਹੜਾ,
ਆਈ ਪ੍ਰਤੀਤ ਮੇਰਾ ਬੱਝਾ ਵਿਸ਼ਵਾਸ ਨੀ।
ਚੁਕ ਲੈ ਜਾ ਥਾਲ ਹੇਠ ਆਪਣੇ ਤੂੰ ਨਾਲ ਜ਼ਰਾ,
ਰਖ ਕੇ ਖਿਆਲ, ਏਹ ਖਿਡਾਵੀਂ ਉਹ ਦੇ ਪਾਸ ਨੀ।

---

1. ਸ਼ਕ ਜਾਂ ਭੁਲੇਖੇ ਦੇ ਅਰਥਾਂ ਵਿਚ ਵਰਤਿਆ ਹੈ।
2. ਕੁਮੁਦਨੀਆਂ ਦੇ ਫੁਲਾਂ ਤੋਂ ਭਾਵ ਹੈ, ਜੋ ਚੰਦ ਦੇ ਨਾਲ ਖਿੜਦੇ ਹਨ, ਏਥੇ ਭਾਵ ਰਾਣੀ ਤੇ ਉਸ ਦੀ ਮਾਂ ਤੋਂ ਹੈ।
3. ਗਰਾਹੀ।

ਰਖ ਕੇ ਬਚਾਵੀਂ ਅੱਖ ਤਾੜੀ ਖਾਂ ਧਿਆਨ ਨਾਲ,
ਕਿਸ ਤਰ੍ਹਾਂ ਬੁਲਾਵੇ ਕਢੇ ਦਿਲ ਦੀ ਭੜਾਸ ਨੀ।

ਗੋਲੀ ਕੇਸ਼ਨੀ ਦਾ ਬਚਿਆਂ ਨੂੰ ਲਿਆਉਣਾ ਤੇ ਰਾਜੇ ਨਲ ਰਥਵਾਹੀ ਦਾ ਛਾਤੀ ਨਾਲ ਲਾਉਣਾ

ਦੋਹਰਾ— ਸੂਰਜ ਚੰਦੋਂ ਸੋਹਣੇ ਬਾਲਕ ਹੇਠ ਲਿਆ।
ਪਾਸ ਪਿਤਾ ਦੇ ਛੱਡ ਕੇ ਪਰੇ ਖਲੋਤੀ ਜਾ।

ਕਬਿਤ—ਅੱਖੀਆਂ ਦੇ ਤਾਰੇ ਮਨ ਮੋਹਣੇ ਦੁਲਾਰੇ ਲਾਲ,
ਚਿਰਾਂ ਦੇ ਵਿਛੁੰਨੇ ਅਜ ਰੱਬ ਨੇ ਮਿਲਾਏ ਨੇ।
ਆਂਦਰਾਂ ਨੇ ਖਿੱਚਿਆ ਧਰੀਕ ਕੇ ਲਿਆਂਦਾ ਪਾਸ
ਛੇਤੀ ਨਾਲ ਚੁਕ ਕੇ ਤੇ ਛਾਤੀ ਨਾਲ ਲਾਏ ਨੀ।
ਛਾਤੀ ਸਿਯਰਾਨੀ[1] ਦਿਲ ਹੋਯਾ ਪਾਣੀ ਪਾਣੀ,
ਉਤੋਂ ਅਖੀਆਂ ਨੇ ਠੰਢ ਪਾ ਕੇ ਅਥਰੂ ਕਿਰਾਏ ਨੇ।
ਨਲ ਦੀ ਜ਼ਬਾਨੀ ਇਕ ਨਿਕਲੀ ਏਹ ਬਾਣੀ ਫੇਰ,
ਨਲ ਦੇ ਨੇ ਅਜ, ਕਲ੍ਹ ਹੋਣਗੇ ਪਰਾਏ ਨੀ।

ਸਵਾਲ ਕੇਸ਼ਨੀ ਗੋਲੀ ਦਾ

ਦੋਹਰਾ— ਬਾਹਕ ਵੇ ਪ੍ਰਦੇਸੀਆ ! ਦੇਖ ਬਿਗਾਨੇ ਬਾਲ।
ਕਿਉਂ ਹੋਵੇਂ ਜ਼ਿਲਹਾਲ ਤੂੰ ਲਾ ਲਾ ਛਾਤੀ ਨਾਲ ?

ਕਬਿਤ—ਕੋਰੇ ਦਿਲ ਵਾਲੇ ਵੇ ਕੀ ਕਰੇਂ ਪਿਆ ਚਾਲੇ,
ਭਲਾ ਦਸ ਖਾਂ ਬਿਗਾਨੇ ਬਾਲ ਵੇਖ ਘਬਰਾਵੇਂ ਕਿਉਂ ?
ਨਲ ਦੇ ਨੇ ਬਾਲ ਤੈਨੂੰ ਆਯਾ ਕਿਉਂ ਉਬਾਲ,
ਘੁਟ ਲਾਏ ਹਿੱਕ ਨਾਲ ਅਖੋਂ ਅਥਰੂ ਕਿਰਾਵੇਂ ਕਿਉਂ ?
ਕੋੜਕੂ ਦੇ ਵਾਂਗ ਤੇਰਾ ਪੱਥਰ ਸੁਭਾ ਜੇੜ੍ਹਾ,
ਦੇਖ ਦੇ ਮਸੂਮ ਵਾਂਗ ਮੋਮ ਪੰਘਰਾਵੇਂ ਕਿਉਂ ?
ਕਾਹਦੀ ਲੱਗੀ ਚੋਟ ਹੁੰਦਾ ਜਾਵੇਂ ਲੋਟਪੋਟ,
ਮੈਨੂੰ ਸਚੋ ਸਚ ਦਸ ਭੇਦ ਦਿਲੇ ਦਾ ਛਪਾਵੇਂ ਕਿਉਂ ?

ਉੱਤਰ ਰਾਜਾ ਨਲ ਰਥਵਾਹੀ ਦਾ

ਦੋਹਰਾ— ਬਾਗ ਲਗੇ ਫੁਲ ਦੇਖ ਦੇ ਕਿਦ੍ਹਾ ਨਾ ਜਾਇ ਖਿਆਲ।
ਬਾਲ ਪਿਆਰੇ ਸਭਸ ਨੂੰ ਏਹ ਅਨਮੁਲੇ ਲਾਲ।

---

1. ਠੰਢੀ ਹੋਈ।

ਕਬਿਤ— ਸੱਕਾਂ ਦੀਏ ਲੱਦੀਏ ਤੂੰ ਪਈ ਕੀ ਖਯਾਲ ਮੇਰੇ,
ਰਬ ਦੀ ਏ ਦਾਤ ਵਸੇ ਜਗ ਏਦੇ ਨਾਲ ਨੀ।
ਜੈਸੇ ਮਨ ਮੋਹਣੇ ਤੇ ਸੋਹਣੇ ਨੇ ਲਾਲ ਦੋਵੇਂ,
ਏਸੇ ਤਰ੍ਹਾਂ ਰੱਬ ਦਿਤੇ ਮੇਰੇ ਘਰ ਬਾਲ ਨੀ।
ਅੰਨ ਜਲ ਰਬ ਨੇ ਨਿਖੇੜਿਆ ਇੰਞਾਣਿਆਂ ਦਾ,
ਖੇਡਦੇ ਅੰਞਾਣੇ ਵੇਖ ਆ ਗਿਆ ਖਿਆਲ ਨੀ।
ਚਿਰਾਂ ਦੀ ਜੁਦਾਈ ਮਕਸੂਮਾਂ[1] ਵਿਥ ਪਾਈ,
ਮੈਨੂੰ ਗਲ ਯਾਦ ਆਈ ਤਾਂਹੀ ਆ ਗਿਆ ਉਬਾਲ ਨੀ।

ਗੋਲੀ ਕੇਸ਼ਨੀ ਵਾਚ

ਦੋਹਰਾ— ਨਲ ਨਿਰਮੋਹੀ ਵਰਗਿਆ ! ਹਛੀ ਤਰ੍ਹਾਂ ਪਛਾਨ।
ਬੋਟੀ ਕਿਸ ਦੇ ਜਿਗਰ ਦੀ ਇਹ ਬਾਲਕ ਨਾਦਾਨ।
ਕਬਿਤ—ਤੇਰੇ ਹੀ ਨਾ ਲਾਲ ਮਤਾਂ ਹੋਣ ਏਹ ਮਸੂਮ ਬਾਲ,
ਵੇਖ ਲੈ ਧਯਾਨ ਨਾਲ ਕਰ ਲੈ ਨਿਤਾਰਾ ਵੇ।
ਚੰਗੀ ਤਰ੍ਹਾਂ ਨਿਗ੍ਹਾ ਮਾਰ ਵੇਖ ਲੈ ਮੁਹਾਂਦਰੇ ਭੀ,
ਤੇਰੇ ਖੂੰਨ ਨਾਲ ਹੋਵੇ ਸਿੰਜਿਆ ਕਿਆਰਾ ਵੇ।
ਜੇ ਕਰ ਏਹ ਠੀਕ, ਤੇਰੇ ਚਾਨਣ ਨੇ ਅਖੀਆ ਦੇ,
ਮੁਕਰੀਂ ਨਾ ਫੇਰ ਕਰੀਂ ਦੂਰ ਨਾ ਕਿਨਾਰਾ ਵੇ।
ਤੇਰੇ ਜੇਹੇ ਕੋਰੇ ਨਾਲ, ਨੇਹੁੰ ਪਾਲ ਦੁਖ ਜਾਲ,
ਸਾਡੀ ਦਮਯੰਤੀ ਨੇ ਕਲੇਸ਼ ਪਾਯਾ ਭਾਰਾ ਵੇ।

ਉੱਤਰ ਰਾਜਾ ਨਲ ਰਥਵਾਹੀ ਦਾ

ਦੋਹਰਾ— ਮੁੜ ਮੁੜ ਛੇੜ ਨ ਸੁੰਦਰੀ, ਦੁਖਿਆ ਦਿਲ ਨਾ ਦੁਖਾ।
ਬਾਰ ਬਾਰ ਹੇ ਕੇਸ਼ਨੀ ! ਮੇਰੇ ਪਾਸ ਨਾ ਆ।
ਕਬਿਤ—ਆਖਾਂ ਇਕ ਗਲ ਦਿਲ ਰੰਜ ਨਾ ਮਨਾਵੀਂ, ਪਰ
ਬਾਰ ਬਾਰ ਆਵਣਾ ਨਾ ਠੀਕ ਭਾਗਾਂ ਵਾਲੀਏ।
ਆਰਸੀ[2] ਜਹਾਨ ਜਰਾ ਵੇਖਣ ਸੁਣਾਨ ਲੋਕ,
ਕਾਨੂੰ ਫੇਰ ਐਬ ਵਾਲੀ ਚਾਲੀਆਂ ਵਿਖਾਲੀਏ।
ਆਖੇਗੀ ਲੁਕਾਈ, ਕਾਹਨੂੰ ਮੇਰੇ ਪਾਸ ਆ,
ਏਸ ਜਗ ਰਿਸਵਾਈ[3] ਕੋਲੋਂ ਦਾਮਨ[4] ਛਾਪੇ,

1. ਭਾਗਾਂ ਨੇ। 2. ਸ਼ੀਸ਼ਾ। 3. ਉਲਾਂਭਾ, ਬਦਨਾਮੀ। 4. ਪੱਲਾ।

ਅਸੀਂ ਹਾਂ ਪਰਾਹੁਣੇ ਨਾ ਉਡਦੇ ਚਮੋੜੀਂ ਛਾਪੇ,
ਆਖੇ ਤਾਂ ਟਿਕਾਣਾ ਅਸੀਂ ਹੋਰ ਕੋਈ ਭਾਲੀਏ।

ਗੋਲੀ ਕੇਸ਼ਨੀ ਦਾ ਵਾਪਸ ਆਣ ਕਰ ਰਾਣੀ ਦਮਯੰਤੀ ਨੂੰ ਹਾਲ ਸੁਨਾਉਣਾ

ਦੋਹਰਾ— ਲੈ ਬਾਲ ਮੁੜ ਆ ਗਈ ਦਮਯੰਤੀ ਦੇ ਪਾਸ।
ਗਲਾਂ ਸਭ ਸੁਨਾਈਆਂ ਜੋ ਜੋ ਹੋਏ ਬਿਲਾਸ।

ਕਬਿਤ—ਡਿਠੇ ਜਦੋਂ ਬਾਲ ਦੌੜ ਲਾਏ ਹਿੱਕ ਨਾਲ,
ਦਿਲੋਂ ਆ ਗਿਆ ਉਬਾਲ ਗਈਆਂ ਠਲ੍ਹੀਆਂ ਨਾ ਅਖੀਆਂ।
ਪੁਛੀ ਜਦੋਂ ਗੱਲ ਅਗੋਂ ਪਾ ਲਿਓ ਸੂ ਵਲ,
ਭਾਵੇਂ ਅੰਦਰੋਂ ਪ੍ਰੀਤਾਂ, ਗਈਆਂ ਅਖੀਆ ਲਖੀਆ।
ਰੋ ਕੇ ਦਮਯੰਤੀ ਕਹੇ ਭੈਣ ਸੀਲਵੰਤੀ ਹੁਣ,
ਪੀਆ ਦੀਆਂ ਸਾਰੀਆਂ ਨਿਸ਼ਾਨੀਆਂ ਪਰਖੀਆਂ।
ਛਿਪੇ ਕਿਉਂ ਸ੍ਵਾਮੀ ਹੋਈ ਬੰਦੀ ਤੋਂ ਖੁਨਾਮੀ[1] ਕਾਹਦੀ,
ਡਰੇ ਬਦਨੀਮੀ ਤੋਂ ਏਹ ਸੰਗਾਂ ਕਾਹਨੂੰ ਰਖੀਆਂ।

ਦੋਹਰਾ— ਮਾਤਾ ਮੈਂ ਪਰਤਾ ਲਿਆ, ਰਿਹਾ ਨਾ ਕੋਈ ਲੁਕਾ।
ਘਰ ਨਾਰਾਇਣ ਆ ਗਏ ਦਰਸ਼ਨ ਜਲਦ ਕਰਾ।

ਕਬਿਤ—ਸੁਣੀਂ ਮੇਰੀ ਮਾਤਾ ਚੰਗੀ ਤਰ੍ਹਾਂ ਮੈਂ ਪਛਾਤਾ,
ਏਨ੍ਹਾਂ ਬਾਲਕਾਂ ਦਾ ਤਾਤਾ[2] ਠੀਕ ਏਹੋ ਰਥਵਾਹੀ ਹੈ।
ਰੰਗ ਦਾ ਭੁਲੇਵਾਂ ਹੋਰ ਕੋਈ ਨਾ ਭੁਲੇਵਾਂ ਸੋ ਭੀ,
ਪੀਆ ਨੇ ਮਲੂਮ ਹੁੰਦਾ ਖੇਡ ਏਹ ਬਣਾਈ ਹੈ।
ਕੋਈ ਨਾ ਪਛਾਣ ਸਕੇ ਦੁਖਾਂ ਦੇ ਸਤਾਏ ਤਾਈਂ,
ਸ਼ਾਇਦ ਬਨਾਵਟੀ ਏਹ ਕਾਲਕ ਲਗਾਈ ਹੈ।
ਹੋਰ ਕੋਈ ਸ਼ੱਕ ਤੇ ਨਾ ਝੱਕ ਰਿਹਾ ਜ਼ਰਾ ਜਿੰਨਾ,
ਝੂਠ ਕਾਹਨੂੰ ਬੋਲਾਂ ਸਚੇ ਰਬ ਦੀ ਦੁਹਾਈ ਹੈ।

ਦੋਹਰਾ— ਦੇਵੋ ਮੈਨੂੰ ਆਗਿਆ ਜਾਵਾਂ ਕਰਾਂ ਸ਼ਨਾਸ[3]।
ਯਾ ਮੰਗਵਾਉ ਓਸ ਨੂੰ ਏਥੋਂ ਮੇਰੇ ਪਾਸ।

ਕਬਿਤ—ਮੈਨੂੰ ਦੇਵੋ ਆਗਿਆ ਮੈਂ ਜਾਵਾਂ ਜ਼ਰਾ ਹੇਠ ਤੀਕ,
ਥੋੜੀ ਦੇਰ ਵਾਸਤੇ ਯਾ ਏਥੇ ਮੰਗਵਾ ਦਿਉ।
ਜੇੜ੍ਹੀ ਗਲ ਚੰਗੀ ਲਗੇ ਆਪ ਨੂੰ ਮੈਂ ਮੰਨ ਲਵਾਂ,
ਕਿਸੇ ਤਰ੍ਹਾਂ ਮੈਨੂੰ ਮੇਰੇ ਪੀਆ ਨੂੰ ਮਿਲਾ ਦਿਉ।
ਵੇਖਾਂ, ਪਰਤਾਵਾਂ ਭਰਮ ਜੀਉ ਦਾ ਗਵਾਵਾਂ,
ਤੁਸੀਂ ਰੁਠੇ ਹੋਏ ਪੀਆ ਨੂੰ ਸਵਾਲ ਮੇਰਾ ਪਾ ਦਿਉ।
ਸੁੰਞਾ ਰਣਵਾਸ[4] ਜ਼ਰਾ ਆਵੇ ਮੇਰੇ ਪਾਸ,
ਮੈਨੂੰ ਆਵੇ ਧਰਵਾਸ ਸਈਓ ਤੁਸੀਂ ਹੀ ਬੁਲਾ ਦਿਉ।

---

1. ਭੁੱਲ, ਗਲਤੀ। 2. ਪਿਤਾ। 3. ਪਛਾਣ। 4. ਰਾਣੀਆਂ ਦੇ ਰਹਿਣ ਦੀ ਥਾਂ।

ਰਾਜਾ ਭੀਮ ਨੂੰ ਖਬਰ ਕਰਨੀ ਨਲ ਦੇ ਆਉਣ ਦੀ

ਦੋਹਰਾ— ਵਿਚ ਕਚਹਿਰੀ ਘਲਿਆ ਨੌਕਰ ਤੁਰਤ ਦੁੜਾ।
ਏਹੋ ਸਾਰਾ ਮਾਜਰਾ[1] ਕੰਨੀਂ ਜਾ ਕੇ ਪਾ।
ਕਬਿਤ—ਕੀਤੀ ਅਰਜ਼ੋਈ[2], ਜੀ ਮੁਰਾਦ ਪੂਰੀ ਹੋਈ,
ਰਥਵਾਹੀ ਆਯਾ ਜੋਈ ਸੋਈ ਨਲ ਮਹਾਰਾਜ ਜੀ।
ਪੈਂਦਾ ਹੈ ਭੁਲੇਖਾ ਜ਼ਰਾ ਸੂਰਤ ਹੀ ਸਵਾਰੀ ਦਾ,
ਏਹੋ ਇਕ ਗਲ ਤਸੱਲੀ ਦੀ ਮੁਥਾਜ ਜੀ।
ਯਾ ਉਹ ਘਰ ਆਵੇ, ਰਾਜ ਕੰਨਯਾ ਯਾ ਜਾਵੇ ਓਥੇ,
ਵੇਖਿਆਂ ਬਗੈਰ ਏਹਦਾ ਉਘੜੇ ਨਾ ਪਾਜ ਜੀ।
ਆਪ ਫੁਰਮਾਉ ਰਣਵਾਸ[3] ਭਿਜਵਾਓ, ਅੱਖਾਂ
ਸਾਹਮਣੇ ਕਰਾਓ, ਹੋਰ ਕੋਈ ਨਾ ਇਲਾਜ ਜੀ।

ਰਾਜੇ ਭੀਮ ਨੇ ਰਾਜੇ ਨਲ ਨੂੰ ਘਰ ਭੇਜਣਾ

ਦੋਹਰਾ— ਗਦ ਗਦ[4] ਹੋ ਕੇ ਰਾਉ ਨੇ ਦਿਤਾ ਤੁਰਤ ਜਵਾਬ।
ਲੈ ਜਾਓ ਰਥਵਾਨ ਨੂੰ ਨਫਰੋ[5] ਮਹਿਬ ਸ਼ਿਤਾਬ।
ਕਬਿਤ—ਨਫਰਾ ਨੇ ਆਣ ਕੇ ਆਜਜ਼ੀ ਦੇ ਨਾਲ ਕਿਹਾ,
ਚਲੋ ਮਹਾਰਾਜ, ਮਹਾਰਾਜ ਫੁਰਮਾਯਾ ਹੈ।
ਥੋੜੀ ਦੇਰ ਵਾਸਤੇ ਏਂਹ ਖੇਚਲ ਕਬੂਲ ਕਰੋ,
ਸਾਡੀ ਮਹਾਰਾਣੀ ਜ਼ਰਾ ਆਪ ਨੂੰ ਸੁਲਾਯਾ ਹੈ।
ਕੀਤਾ ਮਨਜ਼ੂਰ ਜਾਂ ਸਵਾਲ ਤਾਂ ਉਠਾਲ ਕੇ ਤੇ,
ਆਦਰ ਦੇ ਨਾਲ ਰਣਵਾਸ 'ਚ ਪਹੁੰਚਾਯਾ ਹੈ।
ਧੌਲਰੀ[6] ਲੈ ਜਾ, ਦਮਯੰਤੀ ਨੂੰ ਸਦਾ, ਵਿਚ
ਓਹਲਣਾ ਕਰਾ, ਪਾਸ ਓਸ ਦੇ ਬਿਠਾਯਾ ਹੈ।

ਪ੍ਰਸ਼ਨ ਰਾਣੀ ਦਮਯੰਤੀ ਦਾ

ਦੋਹਰਾ— ਬਾਹਕ ਜੀ ! ਇਕ ਅਰਜ਼ ਹੈ ਸੁਣਿਓ ਨਾਲ ਧਿਆਨ।
ਨਲ ਰਾਜਾ ਕਿਸ ਵਾਸਤੇ ਖਬਰ ਨਾ ਲੈਂਦਾ ਆਨ ?
ਕਬਿਤ—ਆਪ ਨੇ ਅਜੁਧਯਾ ਦੇ ਵਿਚ ਫੁਰਮਾਯਾ ਸੀ,
ਜੋ ਵੇਖ ਲਿਆ ਸਤ ਤੇ ਧਰਮ ਓਸ ਨਾਰੀ ਦਾ।
ਤੁਸੀਂ ਇਨਸਾਫ ਕਰ ਆਪ ਹੀ ਸੁਣਾਓ ਜ਼ਰਾ,

---

1. ਕਥਾ, ਕਹਾਣੀ। 2. ਅਰਜ਼, ਬੇਨਤੀ। 3. ਰਾਣੀਆਂ ਦੇ ਮਹਲ ਵਿਚ। 4. ਖੁਸ਼ੀ ਵਿਚ ਖਿੜ ਕੇ।
5. ਨੌਕਰ। 6. ਧਉਲਹਰ = ਮਹਲ।

ਏਸ ਗਲ ਵਿਚ ਕੀ ਕਸੂਰ ਮੈਂ ਵਿਚਾਰੀ ਦਾ।
ਜੰਗਲਾਂ ਦੇ ਵਿਚ ਸੁੱਤੀ, ਛਡ ਉਠ ਨੱਸਿਆ ਉਹ,
ਕਪੜਾ ਭੀ ਛਡਿਆ ਨਾ, ਓਸ ਦੁਖਿਆਰੀ ਦਾ।
ਏਹੋ ਕੁਝ ਸਤੀਆਂ ਤੇ ਪਤੀ ਦੇ ਸਲੂਕ ਹੋਣ,
ਏਸੇ ਤਰ੍ਹਾਂ ਜੰਗਲੀਂ ਰੁਲਾਇ ਕੇ ਤੇ ਮਾਰੀਦਾ।

ਉੱਤਰ (ਰਾਜਾ ਨਲ) ਰਥਵਾਹੀ ਦਾ

ਦੋਹਰਾ— ਜੈਸੀ ਤੂੰ ਬੇਦੋਸ਼ ਹੈਂ ਤੈਸਾ ਉਹ ਨਿਰਦੋਸ਼।
ਮੈਂ ਹੁਣ ਇਸ ਵਿਚ ਰਾਣੀਏ ਕਿਸ ਤੇ ਲਾਵਾਂ ਦੋਸ਼ ?

ਕਬਿਤ— ਨਗਰ ਅਜੁਧਿਆ ਦੇ ਵਿਚ ਪ੍ਰਣਾਦ ਤਾਈਂ,
ਆਖਿਆ ਮੈਂ ਠੀਕ ਕੋਈ ਗਲ ਨਹੀਂ ਚੋਰੀ ਦੀ।
ਰਾਜਾ ਨਲ ਬੇਸ਼ੱਕ ਕਸੂਰ ਵਾਰ ਆਖਦਾ ਮੈਂ,
ਨੀਯਤ ਖਰਾਬ ਹੁੰਦੀ ਅੰਦਰੋਂ ਜੇ ਜ਼ੋਰੀ ਦੀ।
ਤੇਰੇ ਭਲੇ ਵਾਸਤੇ ਤਿਆਗਿਆ ਸੀ ਓਸ ਨੇ ਤਾਂ,
ਬੁਧ ਗਈ ਮਾਰੀ ਕੀਤੀ ਗੱਲ ਕਮਜ਼ੋਰੀ ਦੀ।
ਹੱਛਾ ਹੁਣ ਬੀਤੀ ਦੀ ਘਸੀਟ ਦੀ ਕੀ ਲੋੜ,
ਜਦੋਂ ਕੱਲ ਨੂੰ ਹੋ ਜਾਵਣਾ ਤੂੰ ਨਾਰ ਕਿਸੇ ਹੋਰੀ ਦੀ ?

ਰਾਣੀ ਦਮਯੰਤੀ ਵਾਚ

ਦੋਹਰਾ— ਸ਼ਾਇਦ ਏਸੇ ਵਾਸਤੇ ਭੇਦ ਛੁਪਾਓ ਆਪ।
ਬਿਰਥਾ ਦੋਸ਼ ਲਗਾਵਣਾ ਡਾਢਾ ਹੁੰਦਾ ਪਾਪ।

ਕਬਿਤ— ਕੌਣ ਕਹੇ ਕਲ ਨੂੰ ਮੈਂ ਹੋਰ ਦੀ ਹੋ ਜਾਵਣਾ ਹੈ,
ਰਾਜਾ ਨਲ ਬਾਝ ਐਸਾ ਕੌਣ ਇਨਸਾਨ ਹੈ?
ਕੇੜ੍ਹੀ ਗਲੋਂ ਜਾਪਿਆ ਜੇ ਝੂਠਾ ਕਿਉਂ ਅਲਾਪਿਆ ਜੇ,
ਕੇੜ੍ਹਾ ਏਹ ਸ੍ਵਯੰਬਰ ਦਾ ਦਿਸਦਾ ਸਮਾਨ ਹੈ ?
ਕਿਥੇ ਲਗੇ ਤੰਬੂ ਤੇ ਕਨਾਤ ਜ਼ਰਾ ਝਾਤ ਮਾਰੋ,
ਕੇੜ੍ਹਾ ਕੇੜ੍ਹਾ ਆਯਾ ਏਥੇ ਸ਼ਾਹ ਸੁਲਤਾਨ ਹੈ ?
ਝੂਠਾ ਜੰਨ ਪਾਵਨਾ ਰੁਲਾਵਨਾ ਬੇਦੋਸ਼ਿਆਂ ਨੂੰ,
ਐਵੇਂ ਨਾ ਮੁਨਾਸਬ ਏਹ ਮਾਰਨਾ ਤੂਫਾਨ ਹੈ।

ਜਵਾਬ (ਰਾਜਾ ਨਲ) ਰਥਵਾਹੀ ਦਾ

ਦੋਹਰਾ— ਬਿਨ ਅਗਨੀ ਧੂੰਆਂ ਕਹਾਂ ਬਿਨ ਦਹੀਂ ਕਹਾਂ ਛਾਹ ?
ਡਿੱਠਾ ਮੂੰਹੋਂ ਗਾਖਣਾ, ਏਹ ਦੁਨੀਆਂ ਦਾ ਰਾਹ।

ਕਬਿਤ— ਕਲ ਕੀ ਹੈ ਗਲ ਅਜੇ ਸਾਡੇ ਮਹਾਰਾਜ ਤਾਂਈ,

ਏਥੋਂ ਦੇ ਬ੍ਰਾਹਮਣ ਸੁਨੇਹਾ ਜਾ ਸੁਨਾਯਾ ਸੀ।
ਏਥੋਂ ਦਾ ਬ੍ਰਾਹਮਣ ਤੇ ਏਥੋਂ ਦੀ ਹੀ ਗਲ ਬਾਤ,
ਹੋਰ ਸਾਨੂੰ ਸੁਤਿਆਂ ਤਾਂ ਸੁਪਨਾ ਨਾ ਆਯਾ ਸੀ।
ਰਾਤੋ ਰਾਤ ਚਲ ਕੇ ਸਵੇਰ ਨੂੰ ਪਹੁੰਚ ਜਾਣਾ,
ਓਸੇ ਵੇਲੇ ਜੋੜ ਅਸਾਂ ਰਥ ਨੂੰ ਚਲਾਯਾ ਸੀ।
ਹੋਰ ਕਿਹਨੂੰ ਲੋੜ ਸੀ ਫਜ਼ੂਲ ਏਸ ਪਿਟਣੇ ਦੀ,
ਤੇਰੀ ਹੀ ਵਯਾਹ ਨੇ ਏਹ ਭੌਜਲ ਪਵਾਯਾ ਸੀ।

ਪ੍ਰਸ਼ਨ ਰਾਣੀ ਦਮਯੰਤੀ

ਦੋਹਰਾ— ਜਿਸ ਕਾਰਣ ਸਦਵਾਇਆ ਇਸ ਦਾ ਮਤਲਬ ਹੋਰ।
ਗੁਡੀ ਚਾੜ੍ਹ ਪਰੇਮ ਦੀ ਅਸਾਂ ਖਿਚਾਈ ਡੋਰ।
ਕਬਿਤ— ਸੋਚ ਨਾ ਦੁੜਾਈ ਐਵੇਂ ਤੁਹਮਤ ਲਗਾਈ,
ਤੁਸਾਂ ਏਥੇ ਕੇਹੜੀ ਤਤੜੀ ਦਾ ਦੂਸਰਾ ਵਿਆਹ ਹੈ।
ਪਰ ਸੀ ਯਕੀਨ ਸਾਨੂੰ ਰਾਜਾ ਨਲ ਬਾਝ ਕੋਈ,
ਰਾਤੋ ਰਾਤ ਆਵਣੇ ਦੀ ਰਖਦਾ ਨਾ ਵਾਹ ਹੈ।
ਦੇਵਤੇ ਨਾ ਮੰਨੇ ਮੈਂ ਤਾਂ ਓਸਦੇ ਪਰੇਮ ਵਿਚ,
ਅਜ ਭਰਮਾਣ ਵਾਲਾ ਕੌਣ ਬਾਦਸ਼ਾਹ ਹੈ।
ਮੇਰੇ ਜਤ ਸਤ ਨੂੰ ਨਾ ਆਂਚ ਲਗੀ ਰਤਾ ਜਿੰਨੀ,
ਸਤਿਆ ਦਾ ਵਾਯੂ, ਚੰਦ, ਸੂਰਜ ਗਵਾਹ ਹੈ।

ਰਾਣੀ ਦਮਯੰਤੀ ਦੀ ਵਾਯੂ ਦੇਵਤਾ ਨੇ ਗਵਾਹੀ ਦੇਣੀ

ਦੋਹਰਾ— ਹਰ ਵੇਲੇ ਦੇ ਸਾਥੀਓ ਮੇਰੀ ਭਰਿਓ ਸਾਖ।
ਹੇ ਵਾਯੂ ਸਤ ਬਚਨੀਏ ਰਤੀ ਝੂਠ ਨਾ ਆਖ।
ਕਬਿਤ— ਉਸੇ ਵੇਲੇ ਆਈ ਏਹ ਅਵਾਜ਼ ਰਾਜੇ ਨਲ ਤਾਂਈ,
ਗੂੰਜ ਕੇ ਅਕਾਸ਼ ਵਿਚੋਂ ਵਾਯੂ ਨੇ ਉਚਾਰਿਆ।
ਰਾਣੀ ਦਮਯੰਤੀ, ਸਤਵੰਤੀ ਤੇ ਰਾਜਿਆ ਓ !
ਝਲ ਕੇ ਅਨੇਕ ਦੁਖ ਸਤ ਨੂੰ ਨਾ ਹਾਰਿਆ।
ਨਾਮ ਲਿਆਂ ਏਸ ਦਾ ਪਵਿਤ੍ਰ ਜ਼ਬਾਨ ਹੋਵੇ,
ਏਹੋ ਜੇਹੀਆਂ ਦੇਵੀਆਂ ਹੀ ਜਗ ਖਲਿਹਾਰਿਆ।
ਚਿਤ ਵਿਚੋਂ ਦੂਰ ਕਰੀਂ ਝੂਠਾ ਏਹ ਖਿਆਲ ਰਾਜਾ,
ਤੇਰੀ ਹੀ ਪਰੇਮ ਨੇ ਏਹ ਖੇਲ ਸੀ ਖਿਲਾਰਿਆ।

ਰਾਜਾ ਨਲ ਦਾ ਪ੍ਰਸੰਨ ਹੋਕੇ ਆਪਣਾ ਆਪ ਪ੍ਰਗਟ ਕਰਨਾ

ਦੋਹਰਾ— ਜੈ ਜੈ ਅਵਾਜ਼ ਹੋ ਵਰ੍ਹੇ ਅਕਾਸ਼ੋਂ ਫੂਲ।
ਨਲ ਰਾਜੇ ਨੂੰ ਭਰਮ ਦਾ ਝੋਲਾ ਰਿਹਾ ਨਾ ਮੂਲ।

ਕਬਿਤ—ਗੱਲ ਸਾਰੀ ਜਾਣ ਕੇ ਏਹ ਹਾਲਤ ਪਛਾਣ ਕੇ ਤੇ,
ਜੰਨ[1] ਵਾਲਾ ਜਿੰਨ ਦਿਲੋਂ ਰਾਜੇ ਨੇ ਉਠਾ ਲਿਆ।
ਕੁੰਟਕ ਦੀ ਕੁੰਜ ਫੇਰ, ਆਪਣੀ ਨੁਹਾਰ ਉਤੇ,
ਚੰਦ ਉਤੋਂ ਬੱਦਲਾਂ ਦਾ ਘੁੰਘਟ ਉਠਾ ਲਿਆ।
ਆਈ ਸੀਂ ਤਬਾਹੀ ਦੀ ਸਿਆਹੀ ਜੇੜ੍ਹੀ ਰੂਪ ਉਤੇ,
ਓਸ ਨੂੰ ਹਟਾ, ਠਾਠ ਸ਼ਾਹੀ[2] ਦਾ ਬਣਾ ਲਿਆ।
ਓਲ੍ਹਣਾ ਹਟਾਯਾ ਤੇ ਪਿਆਰ ਕੀਤਾ ਨਾਰ ਤਾਈਂ,
ਬੱਚਿਆਂ ਨੂੰ ਘੁਟ ਕੇ ਤੇ ਹਿੱਕ ਨਾਲ ਲਾ ਲਿਆ।

ਦੋਹਰਾ— ਘਨ ਘਨਘੋਰਾਂ ਲਾਈਆਂ ਬਰਸਨ ਨੈਨ ਤਮਾਮ।
ਘਨਹਰ ਰੂਪ ਬਨਾਇ ਕੇ ਘਰ ਆਏ ਘਨ-ਸ਼ਾਮ।

ਕਬਿਤ—ਵਿਛੜੇ ਮਿਲਾਏ ਰੱਬ ਅਜ ਕਿਰਪਾਲ ਹੋ ਕੇ,
ਦੁਖਾਂ ਵਾਲੇ ਚਾਰ ਸਾਲ ਬੀਤੇ ਕੁਰਲਾਂਦਿਆਂ।
ਅਜ ਹੁਣ ਮਿਲਿਆ ਵਿਛੋੜਨਾ ਮੁਹਾਲ ਗੱਲ,
ਬੁਤ ਬਣ ਚੰਬੜੇ ਨਾ ਛਡਦੇ ਛਡਾਂਦਿਆਂ।
ਦੋਹਾਂ ਦੇ ਪਹਾੜ ਸੋਮੇਂ ਅਖੀਆਂ ਦੇ ਫੁਟ ਰਹੇ,
ਥੱਕ ਗਈ ਮਾਈ ਚੁਪ ਦੋਹਾਂ ਨੂੰ ਕਰਾਂਦਿਆਂ।
ਦੁਖ ਪਿਛੋਂ ਸੁਖ ਜੇ ਨਸੀਬ ਹੋਵੇ ਚਾਤ੍ਰਿਕ,
ਰਬ ਆਵੇ ਯਾਦ ਤੇ ਸਵਾਦ ਆਵੇ ਖਾਂਦਿਆਂ।

ਸਖੀਆਂ ਅਰ ਪਰਵਾਰੀਆਂ ਦਾ ਮੰਗਲਾਚਾਰ ਗਾਣਾ
ਵਜ਼ਨ ਹੋਲੀ, ਤਾਲ ਚੰਚਲ, ਲੈ ਕੜੀ

ਸਖੀ ਆਜ ਹੋਲੀ ਮਨਾਓ ਹਮ ਘਰ ਆਏ ਮੁਰਾਰ।
ਗੋਕੁਲ ਗਾਉਂ ਮੈਂ ਰੰਗ ਬਨਯੋ ਫਿਰ, ਘਰ ਘਰ ਮੇਂ ਆਈ ਬਹਾਰ ਰੀ।
ਸਾਂਵਰੇ ਕੀ ਬਾਵਰੀ ਕੋ ਬਲਮਾ ਕਾ ਮੁਖ ਦੇਖ, ਮਨ ਮੇਂ ਖਿੜੀ ਗੁਲਜ਼ਾਰ ਰੀ। ਆਜ...
ਮੋਹਨੇ ਪੀਆ ਮੇਰਾ ਮਨ ਹਰ ਲੀਨੋ, ਹਰ ਲੀਨੋ ਸਗਰੋ ਕਰਾਰ ਰੀ।
ਬਾਂਸਰੀ ਕੀ ਧੁਨ ਸੁਨ, ਸੁਧ ਬਿਸਰੀ, ਨਿਕਰੀ ਅੰਚਰੂਆਂ[3] ਬਿਸਾਰ ਰੀ। ਆਜ...
ਚਲੋ ਰੀ ਸਜਨੀਆਂ ਮੋਹਨੀਆਂ ਜੂ ਆਏ ਹੈਂ ਜਮਨਾ ਨਦਰੀਆ ਕੇ ਵਾਰ[4] ਰੀ।
ਰਾਸ ਬਨਯੋ ਬ੍ਰਿਜਵਾਸ ਕੇ ਧੋਰੇ ਰਾਧੇ ਸੋਂ ਕਰਤ ਬਿਹਾਰ[5] ਰੀ। ਆਜ...
ਅੰਬੀਰ ਗੁਲਾਲ ਉਡੇ ਔ ਚੁਨਰੀਆਂ ਭਿਗੋਈ[6] ਮੋਹਨ ਰੰਗ ਡਾਰ ਰੀ।
ਵਿਛੜੇ ਪੀਆ ਆਜ ਚਾਤ੍ਰਿਕ ਮਿਲਾਏ ਗਾਵਤ ਹੈਂ ਮੰਗਲਾਚਾਰ ਰੀ।
ਸਖੀ ਆਜ ਹੋਰੀ ਮਨਾਓ, ਹਮ ਘਰ ਆਏ ਮੁਰਾਰ।

---

1. ਸ਼ਕ। 2. ਰਾਜੇ ਹੋਣ ਦਾ। 3. ਪੱਲਾ, ਦੁਪੱਟਾ। 4. ਕਿਨਾਰੇ। 5. ਮੌਜ ਮੇਲਾ। 6. ਭਿਉਂ ਦਿੱਤੀ।

ਕਵੀਓ ਵਾਚ

ਸਾਂਈ ਵਿਛੜੇ ਮੀਤ ਮਿਲਾ ਦਿਤੇ, ਜ਼ਰਦ ਚੇਹਰਿਆਂ ਪਕੜੀਆਂ ਲਾਲੀਆਂ ਨੇ।
ਜਾਮੇ ਵਿਚ ਨਾ ਜੀਉ ਸਮਾ ਸਕੇ, ਹੋਈਆਂ ਦਿਲਾਂ ਦੇ ਵਿਚ ਖੁਸ਼ਹਾਲੀਆਂ ਨੇ।
ਪਿਆ ਫਲ ਉਮੈਦ ਦੇ ਬੂਟੜੇ ਤੇ, ਰੰਗ ਰਤੀਆਂ ਝੂਲੀਆਂ ਡਾਲੀਆਂ ਨੇ।
ਖੜਕੀ ਢੋਲਕੀ ਸ਼ੁਕਰ ਵਧਾਈਆਂ ਦੀ, ਗਾਏ ਸੋਹਿਲੇ ਖੁਸ਼ੀ ਦੇ ਆਲੀਆਂ ਨੇ।
ਰਾਣੀ ਰਾਉ ਨੂੰ ਖੁਸ਼ੀ ਬੇਹੱਦ ਹੋਈ, ਅੱਖਾਂ ਫੇਰ ਗਵਾਚੀਆਂ ਭਾਲੀਆ ਨੇ।
ਪਈ ਖੁਸ਼ੀ ਦੀ ਚੋਟ ਨਗਾਰਿਆਂ ਤੇ, ਜਸ ਗਾਵਿਆ ਆਨ ਕਵਾਲੀਆਂ ਨੇ।
ਰੱਯਤ ਸ਼ਾਦ[1] ਮੁਰਾਦ ਨੂੰ ਪਾ ਹੋਈ, ਪਈਆਂ ਰੱਬ ਮੁਸੀਬਤਾਂ ਟਾਲੀਆਂ ਨੇ।
ਰੰਗ ਰਾਗ ਤਮਾਸ਼ੜੇ ਹੋਣ ਲਗੇ, ਦਿਤੇ ਰੋਕ ਬਾਜ਼ਾਰ ਨਕਾਲੀਆਂ[2] ਨੇ।
ਸ਼ਹਿਰ ਸ਼ਹਿਰ, ਫਿਰਦੌਸ[3] ਦੇ ਵਾਂਗ ਹੋਯਾ, ਕੀਤਾ ਜਸ਼ਨ[4] ਬਹਾਰ ਅਹਾਲੀਆਂ[5] ਨੇ।
ਚੰਦ ਈਦ ਦਾ ਵੇਖ ਕੇ ਚੰਦ ਚੜ੍ਹਿਆ, ਰੰਗ ਕਢਿਆ ਨੰਗ ਦਵਾਲੀਆਂ ਨੇ।
ਗੁੰਚੇ ਖੋਲ੍ਹੀਆਂ ਅਖੀਆਂ ਬਾਗ ਅੰਦਰ, ਪਾਯਾ ਗਲੇ ਮਕਸੂਦ[6] ਨੂੰ ਮਾਲੀਆਂ ਨੇ।
ਚਾਤ੍ਰਿਕਾ ਅਤਰ ਅੰਬੀਰ ਨੇ ਰੰਗ ਲਾਇਆ, ਉਡਨ ਹੋਲੀਆਂ ਬਾਝ ਗੁਲਾਲੀਆਂ ਨੇ।
ਰਾਜੇ ਭੀਮ ਦੀ ਹੋਈ ਮੁਰਾਦ ਪੂਰੀ, ਜਾਮੇ ਵਿਚ ਨਾ ਫੂਲਿਆਂ ਮੇਂਵਦਾ ਏ।
ਸਦ ਬ੍ਰਾਹਮਣਾ, ਸ਼ੋਹਦਿਆਂ[7] ਲੋੜਵੰਦਾਂ, ਮੂੰਹੋਂ ਮੰਗੀਆਂ ਦੌਲਤਾਂ ਦੇਂਵਦਾ ਏ।
ਪਤਾ ਲਾਵਣੇ ਵਾਲਿਆਂ ਪੰਡਤਾਂ ਨੂੰ, ਮਾਲਾ ਮਾਲ[8] ਜ਼ਰ[9] ਨਾਲ ਕਰੇਂਵਦਾ ਏ।
ਲੰਗਰ ਸ਼ੈਹਰ ਦੇ ਵਿਚ ਲੁਆ ਦਿਤੇ, ਆਏ ਗਏ ਦੀ ਲੋੜ ਪੁਜੇਂਵਦਾ ਏ।
ਰੱਬ ਦੂਸਰੀ ਵਾਰ ਦਾਮਾਦ[10] ਦਿਤਾ, ਕੁੰਗੂ ਘੋਲ ਕੇ ਕਪੜੇ ਭੇਂਵਦਾ ਏ।
ਚਾਤ੍ਰਿਕ ਚੈਨ ਉਮਾਹ ਉਤਸ਼ਾਹ ਭਰਿਆ, ਬਾਦਸ਼ਾਹ ਫਕੀਰਾਂ ਨੂੰ ਸੇਂਵਦਾ ਏ।

ਰਾਜਾ ਰਿਤੂ ਪਰਣ ਨੂੰ ਰਾਜਾ ਨਲ ਦਾ ਹਾਲ ਮਲੂਮ ਹੋਣਾ

ਘਮਾ ਘਮੀ ਬਜ਼ਾਰ ਦੇ ਵਿਚ ਮਚੀ, ਰਿਤੂ ਪਰਣ ਦੇ ਤੀਕ ਭੀ ਆਈ ਏ ਜੀ।
'ਰਾਜਾ ਨਲ ਆਯਾ ਰਾਜਾ ਨਲ ਆਯਾ', ਵੇਖ ਆਖਦੀ ਫਿਰੇ ਲੁਕਾਈ ਏ ਜੀ।
ਪਾਣੀ ਫਿਰ ਗਿਆ ਆਸ ਉਮੈਦ ਉਤੇ, ਤਰੇਲ ਦਿਲੀ ਮੁਰਾਦ ਤੇ ਪਾਈ ਏ ਜੀ।
ਐਪਰ ਫੇਰ ਵੀ ਦਿਲੋਂ ਨਾ ਰੰਜ ਕੀਤਾ, ਨਲ ਔਣ ਦੀ ਖੁਸ਼ੀ ਮਨਾਈ ਏ ਜੀ।
ਥੋੜੀ ਦੇਰ ਦੇ ਵਿਚ ਹੀ ਭੇਦ ਖੁਲ੍ਹਾ, ਰਾਜਾ ਨਲ ਤਾਂ ਉਹੋ ਰਥਵਾਈ ਏ ਜੀ।
ਜਿਸ ਨੇ ਅਜ ਪਹੁੰਚਾਯਾ ਰਥ ਏਥੇ, ਵਾਂਗ ਗੋਲਿਆਂ ਟਹਿਲ ਕਮਾਈ ਏ ਜੀ।
ਰਿਤੂ ਪਰਣ ਦੀ ਗਲ ਅਜੀਬ ਸੁਣ ਕੇ, ਖੁਸ਼ੀ ਜੀਉ ਦੇ ਵਿਚ ਸਮਾਈ ਏ ਜੀ।
ਮੇਰੇ ਆਪਦੇ ਨਾਲ ਭੀ ਨਲ ਆਂਦਾ, ਰਬ ਇਨ੍ਹਾਂ ਦੀ ਆਸ ਪੁਜਾਈ ਏ ਜੀ।
ਮੈਂ ਵਸੀਲੜਾ ਮੇਲ ਦਾ ਅਜ ਬਣਿਆ, ਜੋੜੀ ਵਿਛੜੀ ਫੇਰ ਮਿਲਾਈ ਏ ਜੀ।
ਚਾਤ੍ਰਿਕ ਚਲੀਏ ਨਲ ਨੂੰ ਫੇਰ ਮਿਲੀਏ, ਖੁਸ਼ੀ ਖੁਸ਼ੀ ਦਲੀਲ ਠਹਿਰਾਈ ਏ ਜੀ।

1. ਖੁਸ਼। 2. ਨਕਲਾਂ ਲਾਉਣ ਵਾਲੇ, ਭੰਡ। 3. ਸਵਰਗ। 4. ਬਸੰਤ ਜਾਂ ਖੁਸ਼ੀ ਦਾ ਮਨਾਉਣਾ।
5. ਜਿਨ੍ਹਾਂ ਦਾ ਹਾਲ ਪਹਿਲਾਂ ਭੈੜਾ ਸੀ। 6. ਆਪਣੇ ਆਸ਼ੇ ਦੀ ਪੂਰਤੀ ਦਾ ਫੁੱਲ। 7. ਵਿਚਾਰੇ।
8. ਮਾਲੋ ਮਾਲ ਕਰਨਾ, ਲੱਦ ਦੇਣਾ। 9. ਧਨ। 10. ਜਵਾਈ।

ਰਾਜਾ ਭੀਮ ਦੇ ਆਮ ਦਰਬਾਰ ਅੰਦਰ, ਭੀੜ ਭਾੜ ਲੱਗੀ ਬੇਸ਼ੁਮਾਰ ਯਾਰੋ।
ਵਿਚ ਈਦ ਦਾ ਚੰਦ ਮੁਕੰਦ ਰਾਜਾ, ਪਾਯਾ ਤਾਰਿਆਂ ਗਿਰਦ ਪਰਵਾਰ ਯਾਰੋ।
ਭਖਣ ਲਾਲੀਆਂ ਸਾਰਿਆਂ ਚੇਹਰਿਆਂ ਤੇ, ਕੀ ਕੰਗਾਲ ਤੇ ਕੀ ਸ਼ਾਹੂਕਾਰ ਯਾਰੋ।
ਆਪੋ ਵਿਚ ਵਧਾਈਆਂ ਦੇਣ ਲੋਕੀ, ਹਰ ਜ਼ਬਾਨ ਤੇ ਏਹੋ ਗੁਫਤਾਰ[1] ਯਾਰੋ।
ਰਿਤੂ ਪਰਣ ਮਹਾਰਾਜ ਭੀ ਆਨ ਪਹੁੰਚੇ ਅਗੋਂ ਭੀਮ ਕੀਤੀ ਨਮਸਕਾਰ ਯਾਰੋ।
ਆਦਰ ਨਾਲ ਬਿਠਾਯਾ ਤਖਤ ਉਤੇ, ਲਗਾ ਹੋਣ ਏਹ ਜ਼ਿਕਰ ਅਜ਼ਕਾਰ[2] ਯਾਰੋ।
ਭੀਮ, ਰਿਤੂ ਦਾ ਸ਼ੁਕਰ ਗੁਜ਼ਾਰ ਦਿਸੇ, ਰਿਤੂ, ਭੀਮ ਕੋਲੋਂ ਸ਼ਰਮਸਾਰ ਯਾਰੋ।
ਓਧਰ ਨਲ ਦੇ ਰੰਗ ਨੇ ਦੰਗ ਕੀਤਾ, ਦਿਸੇ ਚੰਦ ਦੇ ਵਾਂਗ ਨੁਹਾਰ ਯਾਰੋ।
ਮੇਰਾ ਸਾਰਥੀ ਕੌਣ ਸੀ ਔਣ ਵਾਲਾ ? ਜਿਨੂੰ ਆਖਦੇ ਰਾਜਕੁਮਾਰ ਯਾਰੋ।
ਬੜੀ ਜਾਂਚ ਪੜਤਾਲ ਦੇ ਚਾਤ੍ਰਿਕ, ਅਸਲ ਭੇਦ ਹੋਯਾ ਆਸ਼ਕਾਰ[3] ਯਾਰੋ।

ਖਿਮਾ ਕਰਾਉਣੀ ਰਾਜਾ ਨਲ ਤੋਂ ਰਾਜਾ ਰਿਤੂ ਪਰਣ ਨੇ

ਮੈਨੂੰ ਕਰੀਂ ਕਸੂਰ ਮੁਆਫ ਮੇਰਾ, ਸਖਤੀ ਬੜੀ ਕੀਤੀ ਤੇਰੇ ਨਾਲ ਸਜਨ।
ਲੈਂਦਾ ਖਿਦਮਤਾਂ ਰਿਹਾਂ ਮੈਂ ਨਫਰ[4] ਵਾਂਗੂੰ ਨ ਮਲੂਮ ਕੀਤਾ ਅਸਲੀ ਹਾਲ ਸਜਨ।
ਤੂੰ ਰਫੀਕ[5] ਸ਼ਫੀਕ[6] ਸਿਰ ਤਾਜ ਹੋ ਕੇ, ਬਣਿਆ ਰਿਹੋਂ ਗਰੀਬ ਕੰਗਾਲ ਸਜਨ।
ਬੇਮਲੂਮ ਚੜ੍ਹਾਇਓ ਈ ਭਾਰ ਸਿਰ ਤੇ, ਸੇਵਾ ਕੀਤੀਓ ਈ ਚਾਰ ਸਾਲ ਸਜਨ।
ਮੈਨੂੰ ਦਸ ਮੈਂ ਕਿਸ ਤਰ੍ਹਾਂ ਭਾਰ ਲਾਹਵਾਂ ? ਸੁਬਕ ਦੋਸ਼[7] ਕਰਕੇ ਕਰ ਨਿਹਾਲ ਸਜਨ।
ਜੇਕਰ ਕਹੇਂ ਗੁਲਾਮ ਹੋ ਰਹਾਂ ਤੇਰਾ, ਤੇਰੀ ਚਲ ਸਾਂਭਾਂ ਘੋੜ ਸ਼ਾਲ ਸਜਨ।
ਰਾਜੇ ਨਲ ਨੇ ਕਿਹਾ ਪਿਆਰ ਕਰਕੇ, ਦਿਲ ਤੇ ਰਖ ਨਾ ਜ਼ਰਾ ਖਿਆਲ ਸਜਨ।
ਜੇੜ੍ਹੀ ਮੇਹਰਬਾਨੀ ਤੇ ਅਹਿਸਾਨ ਕੀਤੇ, ਮੇਰਾ ਧੰਨਵਾਦੀ ਵਾਲ ਵਾਲ ਸਜਨ।
ਭਾਵੇਂ ਨਹੀਂ ਮਾਲੂਮ ਸੀ ਹਾਲ ਮੇਰਾ, ਕੀਤੀ ਫੇਰ ਮੇਰੀ ਪ੍ਰਿਤਪਾਲ ਸਜਣ।
ਜੇਕਰ ਬੜਾ ਪ੍ਰਸੰਨ ਹੈਂ ਮੁਝ ਉਤੇ, ਮੇਰਾ ਮੰਨ ਲੈ ਇਕ ਸਵਾਲ ਸਜਨ।
ਜੇਹੜੀ ਰਾਹ ਦੇ ਵਿਚ ਸੀ ਗਲ ਹੋਈ, ਕੀਤੇ ਕੌਲ ਇਕਰਾਰ ਨੂੰ ਪਾਲ ਸਜਨ।
ਮੈਥੋਂ ਸਿਖ ਲੈ ਵਲ ਰਥਵਾਨੀਆਂ ਦਾ, ਮੈਨੂੰ ਜੂਏ ਦੀ ਜਾਚ ਸਿਖਾਲ ਸਜਨ।
ਤਿੰਨਾਂ ਕਾਣਿਆਂ ਤੋਂ ਪੈਣ ਪੌਂ ਬਾਰਾਂ, ਐਸੀ ਸੋਹਣੀ ਦੱਸ ਦੇ ਚਾਲ ਸਜਨ।
ਪੁਸ਼ਕਰ ਜਿਸ ਤਰ੍ਹਾਂ ਜਿਤਿਆ ਦੇਸ ਮੇਰਾ, ਲਵਾਂ ਓਸ ਤੋਂ ਚਲ ਤੇ ਟਾਲ ਸਜਨ।
ਮੇਰਾ ਵੇਖ ਲੈ ਸਾਹਮਣੇ ਹੱਥ ਕੋਈ, ਮੈਨੂੰ ਆਪਣਾ ਹੱਥ ਵਿਖਾਲ ਸਜਨ।
ਚਾਤ੍ਰਿਕ ਕਰੇਂ ਅਹਿਸਾਨ ਜੇ ਮੁੱਝ ਉਤੇ, ਰਾਜ਼ੀ ਰਖਸੀ ਦੀਨ ਦਿਆਲ ਸਜਨ।

ਰਾਜਾ ਰਿਤੂ ਪਰਣ ਨੇ ਜੂਏ ਦੀ ਜਾਚ ਦਸਣੀ ਰਾਜਾ ਨਲ ਨੂੰ

ਰਿਤੂ ਪਰਣ ਨੇ ਕਹਿਆ ਪ੍ਰਸੰਨ ਹੋ ਕੇ, ਮੈਨੂੰ ਦਸਣੋਂ ਨਹੀਂ ਇਨਕਾਰ ਕੋਈ।
ਜੇਕਰ ਟਹਿਲ ਮੈਥੋਂ ਕੋਈ ਹੋਇ ਆਵੇ, ਹੋਵੇ ਮੁਝ ਤੋਂ ਅਗਰ ਉਪਕਾਰ ਕੋਈ।

1-2. ਗਲ ਬਾਤ। 3. ਪ੍ਰਗਟ। 4. ਨੌਕਰ। 5. ਦੋਸਤ। 6. ਮਿਹਰਬਾਨ। 7. ਖਿਮਾਂ, ਦੋਸ਼ ਤੋਂ ਬਰੀ।

ਸੌਰੇ ਏਸ ਥੀਂ ਕੁਝ ਜੇ ਮਿਤਰਾਂ ਦਾ, ਮੇਰਾ ਏਸ ਥੀਂ ਨਹੀਂ ਵਿਗਾੜ ਕੋਈ।
ਢਾਈ ਫਟ ਨੇ ਜੂਏ ਦੀ ਖੇਡ ਮੰਦੇ, ਚਾਤ੍ਰਿਕ ਸਮਝਣਾ ਨਹੀਂ ਦੁਸ਼ਵਾਰ[1] ਕੋਈ।
ਦਿਲੋਂ ਸਾਫ ਤੇ ਨੀਯਤੋਂ ਰਾਸ ਰਾਸ ਹੋ ਕੇ, ਸਜੇ ਹਥ ਧੀਂ ਡਲਾਂ ਨੂੰ ਗੇਰ ਦੇਈਏ।
ਲੇਖਾਂ ਨਾਲ ਜੋ ਨਿਕਲੇ ਦਾ ਅਗੋਂ, ਨਾਲ ਅਕਲ ਦੇ ਨਰਦ ਨੂੰ ਫੇਰ ਦੇਈਏ।
ਨਰਦ ਪਕਦੀ ਜਦੋਂ ਮਲੂਮ ਹੋਵੇ, ਚਾਤ੍ਰਿਕ ਪਕਦਿਆਂ ਹੋਣ ਨਾ ਦੇਰ ਦੇਈਏ।
ਇਸਦੇ ਬਾਦ ਹਿਸਾਬ ਸਮਝਾਯਾ ਸੂ, ਜਿਸਦੇ ਨਾਲ ਮੁਸ਼ਕਲ ਸਾਰੀ ਹਲ ਹੋਵੇ।
ਜੇਹੜੀ ਗਿਣਤੀ ਦੇ ਨਾਲ ਚਾਲ ਚਲੇ, ਨਰਦ ਪਕਣੇ ਵਿਚ ਸੁਖੱਲ ਹੋਵੇ।
ਡੂੰਘੀ ਸੋਚ ਦੇ ਨਾਲ ਓਹ ਚਾਲ ਚਲੇ, ਮਨ ਮੰਨਿਆ ਓਸ ਥੀਂ ਫਲ ਹੋਵੇ।
ਚਾਤ੍ਰਿਕ ਰਮਜ ਬਾਰੀਕ[2] ਸਮਝਾਇ ਕੇ ਤੇ, ਰਿਤੂ ਪਰਣ ਫਿਰ ਦੂਸਰੀ ਵਲ ਹੋਵੇ।

ਰਾਜੇ ਰਿਤੂ ਪਰਣ ਨੇ ਜਗਤ ਰੂਪੀ ਜੂਏ ਦੇ ਜਿਤਣ ਦੀ ਚਾਲ ਦਸਣੀ ਸੰਸਾਰ ਨੂੰ

ਜੂਆ ਰਾਜਿਆ ! ਅਸਲ ਮਨੁਖ ਜੂਨੀ, ਕੋਈ ਜਿਤ ਲੈਂਦੇ ਕੋਈ ਹਾਰ ਜਾਂਦੇ।
ਬੇੜਾ ਪਿਆ ਹੈ ਵਸ ਮੁਹਾਣਿਆਂ ਦੇ, ਕੋਈ ਡੋਬ ਜਾਂਦੇ ਕੋਈ ਤਾਰ ਜਾਂਦੇ।
ਰਾਮ ਨਾਮ ਦੇ ਨਾਲ ਜੋ ਕਾਮ ਰਖਣ, ਉਹ ਤਾਂ ਆਪਣਾ ਜਨਮ ਸਵਾਰ ਜਾਂਦੇ।
ਜਿਨ੍ਹਾਂ ਪਾਪ ਕੁਸੱਤ ਤੇ ਲਕ ਬਥਾ, ਹਥੀਂ ਆਪਦੇ ਜੰਦਰੇ ਮਾਰ ਜਾਂਦੇ।
ਕਹਿੰਦੇ ਫੇਰ ਨਾ ਆਵਣਾ ਜਗ ਅੰਦਰ, ਚਾਰ ਦਿਨਾਂ ਦੀ ਵੇਖ ਬਹਾਰ ਜਾਂਦੇ।
ਉਕ ਚਾਲਿਓਂ ਖਿੜਕਿਆਂ ਪੈਰ ਥਲੇ, ਸਿਖਰੋਂ ਡਿਗ ਕੇ ਹੇਠ ਨਿਘਾਰ ਜਾਂਦੇ।
ਰਸੇ ਗਲੀਂ ਤੇ ਪੈਰ ਜ਼ੰਜੀਰ ਬਧੇ, ਖਾਂਦੇ ਜਮਾਂ ਦੀ ਅੰਤ ਨੂੰ ਮਾਰ ਜਾਂਦੇ।
ਜੇਹੜੇ ਸੋਚ ਵਿਚਾਰ ਕੇ ਪੈਰ ਰਖਣ, ਓਹ ਆਰਾਮ ਦੇ ਨਾਲ ਹੋ ਪਾਰ ਜਾਂਦੇ।
ਤਿਲਕਣ ਬਾਜ਼ੀਓਂ ਸੰਭਲੇ ਸਫਰ ਅੰਦਰ, ਆਪ ਤਰੇ ਤੇ ਤਾਰ ਸੰਸਾਰ ਜਾਂਦੇ।
ਸਤੋ, ਰਜੋ ਤੇ ਤਮੋ ਦੇ ਤਿੰਨ ਪਾਸੇ, ਤਿੰਨ ਗੁਣਾਂ ਨੂੰ ਛਡ ਉਰਾਰ ਜਾਂਦੇ।
ਤੀਨੋਂ ਤਾਪ ਸਰੀਰ ਦੇ ਦੂਰ ਕਰਦੇ, ਤੀਨੋ ਲੋਕ ਦੇ ਭਾਰ ਨਿਵਾਰ ਜਾਂਦੇ।
ਤੀਨੋਂ ਕਾਲ ਮੇਂ ਦੀਨ ਦਿਆਲ ਸਿਮਰਨ, ਤੀਨੋਂ ਤਰ੍ਹਾਂ ਦੀ ਅਗਨ[3] ਨਿਵਾਰ ਜਾਂਦੇ।
ਨਰਦਾਂ ਚਾਰ ਬਨਾਂਵਦੇ ਪੈਹਰ ਚਾਰੇ, ਚੌਸਠ ਘੜੀ ਵਿਚ ਭਜਨ ਗੁਜ਼ਾਰ ਜਾਂਦੇ।
ਚਾਰੇ ਬਾਣੀਆਂ, ਖਾਣੀਆਂ ਵਿਚ ਚਾਰੇ, ਚਾਰੋ ਦਿਸ਼ਾ ਦੇ ਵਿਚ ਪ੍ਰਚਾਰ ਜਾਂਦੇ।
ਵਰਨ ਆਸ਼੍ਰਮ, ਅੰਗ ਉਪਾ ਚਾਰੇ, ਕਰਕੇ ਸੁਰਖਰੂ ਵਿਚ ਦਰਬਾਰ ਜਾਂਦੇ।
ਲਗੇ ਦਾ ਤਾਂ ਖੇਡੀਏ ਨਾਮ ਜੂਆ, ਜਿਦ੍ਹੇ ਜਿੱਤਿਆਂ ਲੋਭ ਹੰਕਾਰ ਜਾਂਦੇ।
ਖੇਡਾਂ ਹੋਰ ਬਥੇਰੀਆਂ ਖੇਡ ਲਈਆਂ, ਇਸ ਘੇਰ ਘੁੰਮਣੀ ਦੀ ਲੈਂਦੇ ਸਾਰ ਜਾਂਦੇ।
ਚਾਤ੍ਰਿਕ ਵਾਂਗ ਜੋ ਗਾਫਲੀ ਵਿਚ ਸੁਤੇ, ਡਿਠੇ ਹਥ ਮਲਦੇ ਜਾਂਦੀ ਵਾਰ ਜਾਂਦੇ।

---

1. ਔਖਾ। 2. ਸੂਖਮ ਭੇਤ। 3. ਤਿੰਨ ਤਰ੍ਹਾਂ ਦੀ ਅੱਗ।

ਰਾਜੇ ਨਲ ਦੇ ਸਰੀਰ ਵਿਚੋਂ ਕਲੂ ਕਾਲ ਦਾ ਨਿਕਲਣਾ

ਰਾਮ ਨਾਮ ਦੀ ਖੇਡ ਦੀ ਸੋਚ ਆਈ, ਰਾਜਾ ਨਲ ਹੋ ਗਿਆ ਨਿਹਾਲ ਯਾਰੋ।
ਕਾਲਾ ਧੂਤ ਇਕ ਨਿਕਲਿਆ ਪੇਟ ਵਿਚੋਂ,[1] ਲੰਬਾ ਕੱਦ ਤੇ ਰੂਪ ਬਿਕ੍ਰਾਲ ਯਾਰੋ।
ਕਈ ਚਿਰਾਂ ਤੋਂ ਕਰੇ ਖਰਾਬ ਜਿਹੜਾ, ਨਾਮੁਰਾਦ ਓਹੋ ਕਲੂ ਕਾਲ ਯਾਰੋ।
ਮਗਜ਼ ਛਡਿਆ ਅਜ ਹਜ਼ਾਰ ਪਾਏ, ਅਫਲਾਤੂਨ[2] ਕੀਤੀ ਜਦੋਂ ਭਾਲ ਯਾਰੋ।
ਨਿਕਲ ਵਰਮੀਓ[3] ਸੱਪ ਨੇ ਰਾਹ ਪਕੜੀ, ਰਿਤੂ ਪ੍ਰਣ ਦੇ ਮੰਤਰਾਂ ਨਾਲ ਯਾਰੋ।
ਧਰਮੀ ਰਾਉ ਨੂੰ ਪਾਪ ਸਿਖਾਨ ਵਾਲਾ, ਪਾਨ ਵਾਲੜਾ ਦੁਖ ਦੇ ਜਾਲ ਯਾਰੋ।
ਏਸ ਭੂਤ ਨੂੰ ਵੇਖ ਨਲ ਰਾਜਾ, ਗੁਸੇ ਨਾਲ ਹੋਇਆ ਲਾਲੋ ਲਾਲ ਯਾਰੋ।
ਚਾਤ੍ਰਿਕ ਕਲੂ ਦਾ ਰੂਪ ਮਾਲੂਮ ਕਰਕੇ, ਨਾਲ ਕਰੋਧ ਦੇ ਕਰੇ ਸਵਾਲ ਯਾਰੋ।

ਰਾਜਾ ਨਲ ਦਾ ਕ੍ਰੋਧ ਵਿਚ ਆ ਕੇ ਕਲੂ ਕਾਲ ਨੂੰ ਲਲਕਾਰਨਾ

ਤੂੰ ਬੇਦੋਸ਼ ਨੂੰ ਬੜਾ ਖਰਾਬ ਕੀਤਾ, ਕੀਤੇ ਨਾਲ ਮੇਰੇ ਘੋਰ ਪਾਪ ਪਾਪੀ।
ਸਜ਼ਾਵਾਰ ਤੂੰ ਮੁਝ ਦਾ ਬਹੁਤ ਸਾਰਾ, ਮੌਤ ਆਪਣੀ ਦਸ ਦੇ ਆਪ ਪਾਪੀ।
ਆਖੇਂ ਸਾੜ ਕੇ ਕਰਾਂ ਸਵਾਹ ਤੈਨੂੰ, ਜੇਕਰ ਕਹੇਂ ਤਾਂ ਦਿਆਂ ਸਰਾਪ ਪਾਪੀ।
ਬੇਗੁਨਾਹ ਬੰਦੇ ਘੇਰ ਘੇਰ ਕੇ ਤੇ, ਚਾਹੜੇਂ ਓਹਨਾਂ ਨੂੰ ਪਾਪ ਦਾ ਤਾਪ ਪਾਪੀ।
ਤੂੰ ਨਾ ਵੇਖ ਸੁਖਾਂਵਦਾ ਸੁਖੀ ਕੋਈ, ਕਰਨ ਦੇ ਨਾ ਰਬ ਦਾ ਜਾਪ ਪਾਪੀ।
ਕਲਜੁਗ ਵਰਤ ਜਾਵੇ ਓਸੇ ਵਕਤ ਓਥੇ, ਜਿਥੇ ਆਣ ਢਾਲੇਂ ਟੀਪਟਾਪ ਪਾਪੀ।
ਕਰੇਂ ਵਸਦੇ ਖੇਹ ਸੁਰੈਣ ਬੰਜਰ, ਨੇਕੀ ਕਢ ਬਦੀਆਂ ਦੇਵੇਂ ਥਾਪ ਪਾਪੀ।
ਚਾਤ੍ਰਿਕ ਰਹੇਂ ਵੈਰੀ ਨੇਕ ਬੰਦਿਆਂ ਦਾ, ਅਤੇ ਪਾਪੀਆਂ ਦਾ ਮਾਈ ਬਾਪ ਪਾਪੀ।

ਅਧੀਨਤਾ ਨਾਲ ਬਖਸ਼ਾਉਣਾ ਕਲੂ ਕਾਲ ਨੇ ਆਪਣੇ ਗੁਨਾਹ ਨੂੰ

ਹੱਥ ਜੋੜ ਕੇ ਸਾਹਮਣੇ ਕਲੂ ਹੋਯਾ, ਬਖਸ਼ਾਂ ਬਖਸ਼ ਦੇਵੀਂ ਬਖਸ਼ਨਹਾਰ ਰਾਜਨ।
ਬੁਰੇ ਕਰਨ ਹਮੇਸ਼ ਬੁਰਿਆਈਆਂ ਹੀ, ਨੇਕ ਮਰਦ ਨਾ ਕਰਨ ਤਕਰਾਰ[4] ਰਾਜਨ।
ਵਾਦੀ ਪਈ ਜਮਾਂਦਰੂ ਮੁਝ ਤਾਂਈ, ਸੁਖੀ ਵਸਦਾ ਕਰਾਂ ਖੁਆਰ ਰਾਜਨ।
ਦਸ ਕਰਾਂ ਕੀ ਜਾਇ ਨਾ ਪੇਸ਼ ਮੇਰੀ ? ਮੈਂ ਸੁਭਾਉ ਥੀਂ ਆਪ ਲਾਚਾਰ ਰਾਜਨ।
ਬਦਲਾ ਬਦੀ ਦਾ ਬਦੀ ਪੁਚਾਈਏ ਨਾ, ਨੇਕੀ ਨਾਲ ਕਰੀਏ ਸ਼ਰਮਸਾਰ ਰਾਜਨ।
ਮੈਥੋਂ ਹੋਈ ਤੂੰ ਰਖ ਨਾ ਜੀਉ ਉਤੇ, ਕਰਸੀ ਤੁਧ ਤੇ ਮਿਹਰ ਕਰਤਾਰ ਰਾਜਨ।
ਜਿਥੇ ਜਾਲ ਫੈਲਾਇਆ ਹੋਵਸੀ ਮੈਂ, ਹੋਵੇ ਤੁਧ ਦਾ ਜ਼ਿਕਰ ਜ਼ਕਾਰ[5] ਰਾਜਨ।
ਏਹੋ ਛਿੜੇ ਪ੍ਰਸੰਗ ਜਦ ਆਣ ਕੇ ਤੇ, ਓਥੋਂ ਹੋਵਸਾਂ ਤੁਰਤ ਫਰਾਰ[6] ਰਾਜਨ।

---

1. ਜਠਰਾਗਨ-ਪੇਟ ਵਿਚਲੀ ਗਰਮੀ, ਦਾਵਾਨਲ-ਜੰਗਲ ਦੀ ਅਗ, ਬੜਵਾ ਨਲ-ਧਰਤੀ ਵਿਚਲਾ ਸੇਕ ਜੋ ਸਮੁੰਦਰ ਨੂੰ ਭੀ ਸਾੜਨ ਦੇ ਸਮਰਥ ਮੰਨਿਆ ਜਾਂਦਾ ਹੈ।
2. ਪਲੇਟੋ ਪ੍ਰਸਿਧ, ਯੂਨਾਨੀ ਦਾਰਸ਼ਨਿਕ, ਭਾਵ ਦਰਸ਼ਨ ਫ਼ਿਲਾਸਫੀ ਆ ਗਈ ਤਾਂ ਕਲੂ ਲੇ ਬੁੱਧੀ ਦਾ ਖਹਿੜਾ ਛਡ ਦਿੱਤਾ। 3. ਖੁਡ। 4. ਝਗੜਾ। 5. ਗਲਬਾਤ, ਨਾ ਲੈਣਾ। 6. ਭਜਣਾ।

ਚਾਨਣ ਪਹੁੰਚਿਆ ਜਿਵੇਂ ਅੰਧੇਰ ਜਾਵੇ, ਤਿਵੇਂ ਦੌੜ ਜਾਸਾਂ ਬਾਹਰਵਾਰ ਰਾਜਨ।
ਤੇਰੀ ਕਥਾ ਜੋ ਪੜੇ ਤੇ ਸੁਣੇ ਬਹਿਕੇ, ਕਲੂ ਕਾਲ ਨਾ ਕਰੇਗਾ ਵਾਰ ਰਾਜਨ।
ਮੈਂ ਭੀ ਚਾਤ੍ਰਿਕ ਨਿਤ ਸਜ਼ਾ ਪਾਸਾਂ, ਤੇਰਾ ਜੱਸ ਭੀ ਕਰੇ ਸੰਸਾਰ ਰਾਜਨ।

ਬਖਸ਼ ਦੇਣਾ ਕਲੂ ਕਾਲ ਨੂੰ ਰਾਜਾ ਨਲ ਨੇ

ਨੇਕੀ ਬਦਾਂ ਦੇ ਨਾਲ ਕਮਾਣ ਐਸੀ, ਜੈਸੀ ਬਦੀ ਨੇਕਾਂ ਨਾਲ ਕਰੀ ਦੀ ਏ।
ਐਪਰ ਫੇਰ ਅਸੂਲ ਏਹ ਯਾਦ ਆਵੇ, ਦਿਲ ਤੇ ਬਦੀ ਨਾ ਬਦਾਂ ਦੀ ਧਰੀ ਦੀ ਏ।
ਮਾਰੇ ਡੰਗ ਜੇ ਬਿਛੂਆ ਜ਼ਹਿਰ ਭਰਿਆ, ਪੀੜ ਹੌਂਸਲੇ ਦੇ ਨਾਲ ਜਰੀ ਦੀ ਏ।
ਕੰਡੇ ਹੋਣ ਤਾਂ ਪਾਈਏ ਪੈਰ ਜੁਤੀ, ਸਚੀ ਸਿਖਿਆ ਭਰਥਰੀ ਹਰੀ ਦੀ ਏ।
ਜਿਹਨੂੰ ਲੱਬ ਜਮਾਂਦਰੂ ਪਾਪ ਵਾਲਾ, ਚੱਟੀ ਕਾਸ ਦੀ ਓਸ ਤੋਂ ਭਰੀ ਦੀ ਏ।
ਚਾਤ੍ਰਿਕ ਜਾਹ ਪਰ ਸਿਖਿਆ ਯਾਦ ਰਖੀਂ, ਲੱਤ ਸੱਪ ਤੇ ਸੋਚ ਕੇ ਧਰੀ ਦੀ ਏ।
ਕਲੂ ਕਾਲ ਜਾਂ ਨਿਕਲ ਕੇ ਦਫਾ ਹੋਯਾ, ਸ਼ਾਦੀ[1] ਨਲ ਰਾਜੇ ਤਾਂਈ ਅੱਤ ਹੋਈ।
ਦਿਲੋਂ ਸਮਝਿਆ ਇਸੇ ਦੀ ਚਾਲ ਕਰਕੇ, ਉਲਟੀ ਓਸ ਵੇਲੇ ਮੇਰੀ ਮੱਤ ਹੋਈ।
ਹਛਾ ਟਲੀ ਬਲਾ ਮੈਂ ਲਖ ਵਟਾਂ, ਹਰੀ ਫੇਰ ਮੇਰੀ ਸੁਕੀ ਰਤ ਹੋਈ।
ਚਾਤ੍ਰਿਕ ਓਸ ਵੇਲੇ ਸਚ ਰੋਕਦੀ ਸੀ, ਆਖੀ ਇਸਤਰੀ ਦੀ ਗਲ ਸਤ ਹੋਈ।

ਰਾਜੇ ਨਲ ਦਾ ਰਾਜੇ ਰਿਤੂ ਪਰਣ ਨੂੰ ਘੋੜਿਆਂ ਦੀ ਵਿਦਯਾ ਸਿਖਾਉਣਾ

ਰਿਤੂ ਪ੍ਰਣ ਨੇ ਪਾਲਿਆ ਬਚਨ ਅਪਣਾ, ਰਾਜਾ ਨਲ ਭੀ ਕਲ ਨਿਭਾਨ ਲਗਾ।
ਰਥ ਜੋੜ ਜੜਾਇ ਕੇ ਬਾਹਰ ਖੜਿਆ, ਵਾਗਾਂ ਫੜਨ ਦੀ ਜਾਚ ਸਿਖਾਨ ਲਗਾ।
ਘੋੜੇ ਤੋਰਨੇ, ਫੇਰਨਾ ਹੱਥ ਮਿਠਾ, ਚਾਲੇ ਸੁਟਣਾ ਫੇਰ ਸਮਝਾਨ ਲਗਾ।
ਸ਼ਾਲਹੋਤਰੀ, ਵਿਦਯਾ ਦੱਸ ਕੇ ਤੇ, ਦਸਣ ਪਸ਼ੂ ਦੀ ਠੀਕ ਸਿਆਨ ਲਗਾ।
ਕੇਹੜਾ ਭੌਰ ਤਾਜ਼ੀ ਐਸੀ ਕਾਢ ਕਢੇ, ਉਹਦੀ ਠੀਕ ਪਹਿਚਾਨ ਕਰਾਨ ਲਗਾ।
ਚਾਤ੍ਰਿਕ ਦਸ ਕੇ ਵਿਦਯਾ ਘੋੜਿਆਂ ਦੀ, ਫੇਰ ਗਯਾਨ ਦੀ ਗਲ ਸੁਣਾਨ ਲਗਾ।

ਰਾਜਾ ਨਲ ਨੇ ਮਨ ਦੇ ਘੋੜਿਆਂ ਨੂੰ ਚਲਾਉਣ ਦੀ ਜਾਚ ਦਸਣੀ ਸੰਸਾਰ ਨੂੰ

ਰਾਜਾ ਭੌਰ ਤਾਜ਼ੀ ਅਸਲ ਮਨ ਆਪਣਾ, ਵਾਗਾਂ ਇਸ ਦੀਆਂ ਪੰਜ ਸੁਨਾਂਵਦੇ ਨੀ।
ਕਾਮ, ਕ੍ਰੋਧ, ਮੋਹ, ਲੋਭ ਹੰਕਾਰ ਤਾਈਂ, ਜੇਹੜੇ ਠਲ ਕੇ ਚਾਲ ਚਲਾਂਵਦੇ ਨੀ।
ਤੁਰਤ ਸੂਤ ਏਹ ਭੂਤ ਅਵਧੂਤ[2] ਹੋਵੇ, ਚਾਬਕ ਗਯਾਨ ਵਾਲਾ ਜਦੋਂ ਲਾਂਵਦੇ ਨੀ।
ਖੋਟੇ ਰਸਤਿਓਂ ਚਲਦਾ ਮੋੜ ਲੈਂਦੇ, ਟੋਏ ਟਿੱਬਿਓਂ ਪਰੇ ਹਟਾਂਵਦੇ ਨੀ।
ਅਲ੍ਹੜ ਟਪਦਾ ਰਹੇ ਨਾ ਚੈਨ ਪਾਵੇ, ਗਯਾਨ ਗੁਰੂ ਅਸਵਾਰ ਚੜ੍ਹਾਂਵਦੇ ਨੀ।

1. ਖੁਸ਼ੀ। 2. ਚੰਗੀ ਨਸਲ ਦਾ ਘੋੜਾ।

ਸੰਜਮ ਸਾਧਨਾ ਚਾਹੜ ਲਗਾਮ ਤਿਖੀ, ਧਯਾਨ ਧਾਰਨਾ ਫੇਰ ਸਿਖਾਂਵਦੇ ਨੀ।
ਚਲ ਪਏ ਜਾਂ ਛਡ ਖਿਆਲ ਸਾਰੇ, ਸੜਕ ਫੇਰ ਸਮਾਧ ਦੀ ਪਾਂਵਦੇ ਨੀ।
ਅੱਖਾਂ ਬੰਨ੍ਹ ਕੇ ਰਾਗ[1] ਦਵੈਖ[2] ਵਲੋਂ, ਤੋੜ ਮੰਜ਼ਲ ਚਾਹੜ ਪੁਚਾਂਵਦੇ ਨੀ।
ਜੇਹੜੇ ਪਹੁੰਚਦੇ ਤੋੜ ਨਾ ਖਾਣ ਮੋੜਾ, ਸਫਰ ਸਦਾ ਦੇ ਫੇਰ ਚੁਕਾਂਵਦੇ ਨੀ।
ਜੰਮਣ ਮਰਨ ਤੇ ਆਵਣਾ ਜਾਣ ਮੁਕੇ, ਬੈਠ ਭਜਨ ਗੋਬਿੰਦ ਦਾ ਗਾਂਵਦੇ ਨੀ।
ਸਦਾ ਸਚਦਾਨੰਦ[3] ਦਾ ਰੂਪ ਵੇਖਣ, ਕਿਧਰੇ ਫੇਰ ਨਾ ਆਂਵਦੇ ਜਾਂਵਦੇ ਨੀ।
ਐਸੀ ਚਾਲ ਜੋ ਸਿਖਦੇ ਮਨ ਘੋੜੇ, ਮੌਜ ਨਾਲ ਨਿਹਾਰੀਆਂ ਖਾਂਵਦੇ ਨੀ।
ਸਾਰੀ ਉਮਰ ਦੇ ਜੋਤਰੇ ਪੁਗ ਜਾਵਨ, ਸਦਾ ਲਈ ਖਲਾਸੀਆਂ ਪਾਂਵਦੇ ਨੀ।
ਉਹ ਅਸਵਾਰ ਭੀ ਫੇਰ ਨਾ ਪਰਤ ਆਵਨ, ਦਸਮ ਦੁਆਰ ਤੋਂ ਪਰੇ ਹੋ ਜਾਂਵਦੇ ਨੀ।
ਸ਼ਾਲਹੋਤ੍ਰੀ ਅਸਲ ਅਸਵਾਰ ਓਹੋ, ਜੇਹੜੇ ਰਬ ਦਾ ਨਾਮ ਧਿਆਂਵਦੇ ਨੀ।
ਚਾਤ੍ਰਿਕ ਮਨ ਨੂੰ ਤੋਰਦੇ ਨੇਕੀਆਂ ਤੇ, ਭਲਾ ਬੀਜਦੇ ਭਲਾ ਕਮਾਂਵਦੇ ਨੀ।

ਵਿਦਿਆ ਕਰਨਾ ਰਾਜਾ ਰਿਤੂ ਪਰਣ ਨੂੰ ਰਾਜਾ ਭੀਮ ਨੇ

ਰਿਤੂ ਪਰਣ ਮਹਾਰਾਜ ਨੂੰ ਨਾਲ ਖਾਤਰ, ਭੀਮ ਰਾਜੇ ਤੇ ਨਲ ਨੇ ਤੋਰਿਆ ਏ।
ਏਧਰ ਐਸ਼ ਬਹਾਰ ਦਾ ਦੌਰ ਛਟਾ, ਸਾਰੇ ਗਮਾਂ ਨੂੰ ਦਿਲੋਂ ਵਿਛੋੜਿਆ ਏ।
ਦਿਨੇ ਈਦ ਤੇ ਰਾਤ ਸ਼ਬਰਾਤ[4] ਉਡੇ, ਰਾਗ ਰੰਗ ਅਨੰਗ[5] ਨੇ ਲੋੜਿਆ ਏ।
ਚਾਤ੍ਰਿਕ ਮਾਹ ਮੁਬਾਰਕੀ[6] ਇਕ ਮੁਕਾ, ਐਸ ਅਸ਼ਰਤਾਂ[7] ਤੋਂ ਮੁਖ ਮੋੜਿਆ ਏ।

ਰਾਜਾ ਨਲ ਦਾ ਆਪਣੀ ਰਾਜਧਾਨੀ ਵਲ ਤਿਆਰ ਹੋਣਾ

ਚੱਲ ਚੱਲ ਮੁਸਾਫਰਾ ਜਾਹ, ਨਾਹੀਂ ਤੇਰਾ ਕੰਮ, ਕੀ ਕਰੇਂ ਖਿਆਲ ਕਾਹਦੇ।
ਵਜੇ ਤਾਰ ਦਿਲਦਾਰ ਦੇ ਵਿਚ ਤੇਰੀ, ਰਾਗ ਰੰਗ ਜਹਾਨ ਦੇ ਨਾਲ ਕਾਹਦੇ।
ਸਿਖੀ ਖੇਡ ਤਾਂ ਖੇਡ ਲੈ ਹਈ ਵੇਲਾ, ਏਸ ਉਮਰ ਖਿਆਮ[8] ਦੇ ਸਾਲ ਕਾਹਦੇ।
ਅਸਲੀ ਚੱਲ ਟਿਕਾਨੜਾ ਮੱਲ ਸੱਜਨ, ਏਹ ਪ੍ਰਦੇਸ ਅੰਦਰ ਕਰਨੇ ਤਾਲ ਕਾਹਦੇ।
ਕਿਚਰ ਰੁਲੇਂ ਬੇਗਾਨਿਆਂ ਬੂਹਿਆਂ ਤੇ, ਏਹ ਸ਼ਰੀਕ ਤੇਰੇ ਸਾਂਝੀਵਾਲ ਕਾਹਦੇ।
ਚਾਤ੍ਰਿਕ ਭੁਲ ਨਾ ਵੇਖ ਕੇ ਰੰਗ ਲਗਾ, ਡੂੰਘੀ ਸੋਚ ਕਰ ਏਹ ਖਤੋ ਖਾਲ[9] ਕਾਹਦੇ।
ਹੋਯਾ ਏਧਰੋਂ ਚਿੱਤ ਉਦਾਸ ਅਸਲੀ, ਦੂਜੀ ਤਰਫ ਦੀ ਲਗੜੀ ਆਸ ਪਯਾਰੇ।
ਚਲੋ ਚਲੀਏ ਖੇਡੀਏ ਦਾਅ ਕੋਈ, ਕਰੀਏ ਆਪਣੇ ਦੇਸ ਦਾ ਵਾਸ ਪਯਾਰੇ।
ਕਈ ਦਿਨ ਗੁਜ਼ਰੇ ਏਥੇ ਬੈਠਿਆਂ ਨੂੰ, ਆਯਾ ਜ਼ਰਾ ਨਾ ਦਿਲੇ ਕਿਆਸ[10] ਪਯਾਰੇ।
ਇਕ ਦਿਨ 'ਪਰਾਹੁਣਾ' ਕੈਹਣ ਲੋਕੀ, ਦੂਜੇ 'ਖਾਵਨਾ' ਕਰਨ ਬਿਲਾਸ ਪਯਾਰੇ।

---

1. ਪਿਆਰ। 2. ਵੈਰ। 3. ਰਬ ਜੋ ਸਤ, ਚਿਤ ਅਨੰਦ ਹੈ।
4. ਮੁਸਲਮਾਨਾਂ ਦਾ ਇਕ ਪਵਿਤਰ ਦਿਨ ਸ਼ਬੇ ਬਰਾਤ (ਜੰਵ ਦੀ ਰਾਤ)। 5. ਪ੍ਰੇਮ ਦਾ ਦੇਵਤਾ।
6. ਵਧਾਈਆਂ ਖੁਸ਼ੀਆਂ ਦਾ ਮਹੀਨਾ। 7. ਮੌਜ, ਮੇਲੇ। 8. ਨਾਸਵੰਤ।
9. ਨਿਸ਼ਾਨ, ਚਿੰਨ੍ਹ, ਚੇਹਰੇ ਉੱਤੇ ਤਿਲ ਦਾ ਦਾਗ਼। 10. ਖ਼ਿਆਲ।

ਤੀਜੇ ਰੋਜ਼ 'ਡਰਾਵਨਾ' ਕੈਹਣ ਲੋਕੀ, ਖਸਮਾਂ ਖਾਵਨਾ ਚੌਥੜੇ ਖਾਸ ਪਯਾਰੇ।
ਚਾਤ੍ਰਿਕ ਠੈਹਰਨਾ ਠੀਕ ਨਾ ਹੋਰ ਏਥੇ, ਕਰੀਏ ਹੋਰਥੇ ਚੱਲ ਨਿਵਾਸ ਪਯਾਰੇ।
ਕੁਤਾ ਕਹੋ ਜਹਾਨ ਜੋ ਬਣੇ ਕੁਤਾ, ਨਾਨਾ-ਦੋਹਤਰੇ ਦੀ ਕਰੇ ਵਾਹੀ ਕੁਤਾ।
ਬੈਠੇ ਭੈਣ ਦੇ ਬੂਹੇ ਭਰਾ ਕੁਤਾ, ਸੌਹਰੇ ਬਹੇ ਜੇ ਕਹਿਣ ਜਵਾਈ ਕੁਤਾ।
ਸੌਹਰਾ ਫਿਰੇ ਜਵਾਈ ਦੇ ਨਾਲ ਜੇਕਰ, ਤਾਂ ਭੀ ਉਸਨੂੰ ਕਹੇ ਲੁਕਾਈ ਕੁਤਾ।
ਜਾਣ ਬੁਝ ਕਿਉਂ ਚਾਤ੍ਰਿਕ ਖਤਾ[1] ਖਾਵੇਂ, ਹੁਣੇ ਕੈਹਣਗੇ ਲੋਕ ਸ਼ੁਦਾਈ ਕੁਤਾ।

ਬੇਨਤੀ ਰਾਜੇ ਨਲ ਦੀ ਰਾਜੇ ਭੀਮ ਦੇ ਪਾਸ

ਕੀਤੀ ਨਲ ਨੇ ਬੇਨਤੀ ਭੀਮ ਅਗੇ, ਏਥੇ ਆਏ ਨੂੰ ਹੋ ਗਈ ਦੇਰ ਬਾਬਾ।
ਕਦਮਾਂ ਵਡਿਆਂ ਦੇ ਵਿਚ ਵਕਤ ਲੰਘੇ, ਬੜੇ ਭਾਗ ਸਮਝਾਂ ਐਪਰ ਫੇਰ ਬਾਬਾ।
ਜੇਹੜੇ ਕੰਮ ਦੇ ਵਿਚ ਧਿਆਨ ਹੋਵੇ, ਚਿੰਤਾ ਓਸ ਦੀ ਸੰਝ ਸਵੇਰ ਬਾਬਾ।
ਦਿਲ ਤਾਂ ਚਾਹੁੰਦਾ ਵਿਥ ਨਾ ਕੰਧ ਦੀ ਭੀ, ਐਪਰ ਆਤਮਾ ਰਿਹਾ ਪਰੇਰ ਬਾਬਾ।
ਬਖਸ਼ੋ ਖੁਸ਼ੀ ਜੇ ਖੁਸ਼ੀ ਪ੍ਰਸੰਨ ਹੋ ਕੇ, ਕਰਾਂ ਜਤਨ ਕਈ ਦੂਜੀ ਵੇਰ ਬਾਬਾ।
ਚਾਤ੍ਰਿਕ ਸਿਖਯਾ ਇਲਮ ਜੋ ਰਿਤੂ ਪਾਸੋਂ, ਜਿਤਾਂ ਮੁਲਕ ਮੈਂ ਡਲਾਂ ਨੂੰ ਗੇਰ ਬਾਬਾ।
ਰਾਜੇ ਭੀਮ ਨੇ ਕਿਹਾ ਪ੍ਰਸੰਨ ਹੋ ਕੇ, ਏਥੇ ਕਾਸ ਦੀ ਪਈ ਪ੍ਰਵਾਹ ਬੇਟਾ?
ਚਾਰ ਰੋਜ਼ ਜੇ ਬੈਠਦੋਂ ਹੋਰ ਏਥੇ, ਹੁੰਦਾ ਅਸਾਂ ਨੂੰ ਬੜਾ ਉਤਸ਼ਾਹ ਬੇਟਾ।
ਐਪਰ ਦਿਲੋਂ ਉਠੀ ਜੇਹੜੀ ਗੱਲ ਤੇਰੇ, ਇਸ ਤੋਂ ਰੋਕਨੇ ਦੀ ਨਹੀਂ ਵਾਹ ਬੇਟਾ।
ਜੋ ਕੁਝ ਮਾਲ ਅਸਬਾਬ ਤੇ ਲਾਉ-ਲਸ਼ਕਰ, ਮੇਰੇ ਪਾਸ ਹੈ ਨਾਲ ਲੈ ਜਾਹ ਬੇਟਾ।
ਏਹ ਭੀ ਤੇਰੜਾ ਹੀ ਸਾਰਾ ਮਾਲ ਦੌਲਤ, ਕੋਈ ਸੰਗ ਸੰਗਾ ਨਾ ਖਾਹ ਬੇਟਾ।
ਜਿੰਨੀ ਲੋੜ ਹੋਵੇ ਹਮਰਾਹ[2] ਲੈ ਜਾ, ਮਥਾ ਓਸ ਦੇ ਨਾਲ ਜਾ ਡਾਹ ਬੇਟਾ।
ਜੀਕਰ ਬਣੇ ਬਣਾ ਲੈ ਗੱਲ ਮੁੜ ਕੇ, ਜਿਹੜਾ ਨਿਕਲੇ ਕਢ ਕੇ ਰਾਹ ਬੇਟਾ।
ਚਾਤ੍ਰਿਕ ਰਾਮ ਦੇ ਨਾਮ ਤੇ ਰਖ ਡੋਰੀ, ਚਾਉ ਆਪਣੇ ਜੀਉ ਦਾ ਲਾਹ ਬੇਟਾ।
ਲੋਕਾਂ ਸਮਝਿਆ ਉਪਰੋਂ ਰਬ ਤੁਠਾ ਰਹੀ ਕੋਈ ਨਾ ਤੋਟ ਪਰਵਾਹ ਬੇਲੀ।
ਦਿਨੇ ਰਾਤ ਆਨੰਦ ਦੇ ਲੈਣ ਝੂਟੇ, ਕਰਨ ਸ਼ੁਕਰੀਏ ਰਬ ਦਰਗਾਹ ਬੇਲੀ।
ਸਈਆਂ ਸਾਵਣੋਂ ਬਾਝ ਮਨਾਣ ਸਾਂਵੇਂ, ਨਾਲ ਦਮਯੰਤੀ ਆਲੀ ਜਾਹ ਬੇਲੀ।
ਹੋਣ ਰੰਗ ਤਮਾਸ਼ੜੇ ਇਸ ਤਰ੍ਹਾਂ ਦੇ, ਗੋਇਆ ਹੋ ਰਹੇ ਲਖ ਵਿਆਹ ਬੇਲੀ।
ਜੇਹੜੀ ਤਰਫ ਜਾਓ ਲਗਾ ਰੰਗ ਦਿਸੇ, ਰੰਗਾ ਰੰਗ ਦੇ ਹੋਣ ਉਤਸ਼ਾਹ ਬੇਲੀ।
ਏਸ ਖੁਸ਼ੀ ਥੀਂ ਸ਼ਾਹ ਪ੍ਰਸੰਨ ਹੋਕੇ, ਕੀਤਾ ਖਲਕ ਤੇ ਰਹਿਮ ਦਾ ਰਾਹ ਬੇਲੀ।
ਇਕ ਸਾਲ ਦਾ ਮਾਮਲਾ ਕਰਜ਼ ਸਾਰਾ, ਦਿਤਾ ਰਯਤਾਂ ਦੇ ਸਿਰੋਂ ਲਾਹ ਬੇਲੀ।
ਬੇਸ਼ੁਮਾਰ ਭੰਡਾਰੜੇ ਦੌਲਤਾਂ ਦੇ, ਦਿਤੇ ਵੰਡ ਖਜ਼ਾਨਚੀ ਡਾਹ ਬੇਲੀ।
ਸ਼ੋਹਦਾ ਮੰਗਤਾ ਕਿਤੇ ਨਾ ਨਜ਼ਰ ਆਵੇ, ਕੀਤੇ ਪੀਰ ਫਕੀਰ ਭੀ ਸ਼ਾਹ ਬੇਲੀ।

---

1. ਗ਼ਲਤੀ। 2. ਨਾਲ।

ਲਗੇ ਵਸਨੇ ਰਸਨੇ ਚੈਨ ਸੇਤੀ, ਆਇਆ ਸਭਸ ਨੂੰ ਸੁਖ ਦਾ ਸਾਹ ਬੇਲੀ।
ਦਿਨ ਫੇਰ ਕੇ ਰਬ ਵਿਖਾਲ ਦਿਤੇ, ਆਲੀਜਾਹ[1] ਉਸ ਦੀ ਬਾਰਗਾਹ[2] ਬੇਲੀ।
ਚਾਤ੍ਰਿਕਾ ਓਸ ਦੇ ਖੇਲ ਅਜੀਬ ਹੁੰਦੇ, ਦਾਨੇ ਵੇਖ ਆਖਣ ਵਾਹ ਵਾਹ ਬੇਲੀ।

ਬਚਨ ਬਿਹਦਸ਼ ਰਿਸ਼ੀ ਜੀ ਦਾ ਯੁਧਿਸ਼ਟਰ ਰਾਜਾ ਪਾਸ

ਏਹੋ ਕਥਾ ਆਹੀ ਰਾਜਾ ਨਲ ਵਾਲੀ, ਕੀਤੀ ਤੁਧ ਅਗੇ ਆਸ਼ਕਾਰ[3] ਰਾਜਨ।
ਜੀਕਰ ਓਸ ਦੇ ਹੋ ਗਏ ਦਿਨ ਪੁਠੇ, ਸਿਧੇ ਫੇਰ ਕੀਤੇ ਸਿਰਜਨਹਾਰ ਰਾਜਨ।
ਏਸੇ ਤਰ੍ਹਾਂ ਹੀ ਰਖ ਖਿਆਲ ਪੱਕਾ, ਕੋਈ ਵਕਤ ਨਾਹੀਂ ਇਕਸਾਰ ਰਾਜਨ।
ਖੁਸ਼ੀ ਬਾਦ ਗਮੀਆਂ, ਗਮੀ ਬਾਦ ਸ਼ਾਦੀ, ਰਹੇ ਵੇਖਦਾ ਨਿਤ ਸੰਸਾਰ ਰਾਜਨ।
ਸਾਰੀ ਉਮਰ ਨਾ ਕੋਈ ਕੰਗਾਲ ਰਹਿੰਦਾ, ਨਾ ਏਹ ਧਨ ਹੀ ਫੜੇ ਕਰਾਰ ਰਾਜਨ।
ਏਹੋ ਗੱਲ ਵਿਚਾਰ ਕੇ ਸੋਚ ਕਰ ਲੈ, ਹਾਲ ਆਪਣੇ ਤੇ ਝਾਤ ਮਾਰ ਰਾਜਨ।
ਤੇਰੇ ਦਿਨਾਂ ਭੀ ਇਸ ਤਰ੍ਹਾਂ ਮੁਕ ਜਾਣਾ, ਉਹੋ ਹੋਵਸੀ ਫੇਰ ਬਹਾਰ ਰਾਜਨ।
ਗੇੜਾ ਚਰਖ ਦਾ ਹੈ ਦਿਨ ਰਾਤ ਵਾਂਗੂੰ, ਕਦੇ ਰੋਸ਼ਨੀ ਕਦੇ ਅੰਧਾਰ ਰਾਜਨ।
ਜੇਹੜੇ ਏਸ ਦੇ ਭੇਦ ਤੋਂ ਹੋਣ ਵਾਕਫ, ਓਹ ਹਮੇਸ਼ ਰਹਿੰਦੇ ਮੋਨ ਧਾਰ ਰਾਜਨ।
ਆਵੇ ਖੁਸ਼ੀ ਤਾਂ ਚਾਉ ਨਾ ਰਖਦੇ ਨੇ, ਆਵੇ ਗਮੀ ਤਾਂ ਲੈਣ ਸਹਾਰ ਰਾਜਨ।
ਮਾਯਾ ਬਦਲਾਂ ਦੀ ਛਾਂਉ ਜਾਣ ਕੇ ਤੇ, ਰਹਿੰਦੇ ਏਸ ਦੇ ਮੋਹ ਤੋਂ ਪਾਰ ਰਾਜਨ।
ਤੂੰ ਭੀ ਏਸ ਖਿਆਲ ਨੂੰ ਰਖ ਕੇ ਤੇ, ਕੀਤਾ ਕਰੀਂ ਨਾ ਸੋਚ ਵਿਚਾਰ ਰਾਜਨ।
ਜਦੋਂ ਫਿਰਨਗੇ ਆਪ ਹੀ ਆਣ ਮਿਲਸੀ, ਰੰਜ ਰਖ, ਨਾ ਜਿਗਰ ਨੂੰ ਖਾਰ ਰਾਜਨ।
ਜੈਸੇ ਵਕਤ ਆਏ ਰਾਜਾ ਨਲ ਉਤੇ, ਤੂੰ ਹੈਂ ਓਸ ਤੋਂ ਬੜਾ ਸੁਖਿਆਰ ਰਾਜਨ।
ਜੀਕਰ ਓਸ ਸਹਾਰ ਕੇ ਦਿਨ ਕਟੇ ਤੂੰ ਭੀ ਬਣੀ ਸਹਾਰ, ਨਾ ਹਾਰ ਰਾਜਨ।
ਰਾਜਾ ਨਲ ਦੀ ਕਥਾ ਸੁਨਾਈ ਜੇਹੜੀ ਕਰਸੀ ਹੋਰ ਹਜ਼ਾਰ ਉਪਕਾਰ ਰਾਜਨ।
ਪੜ੍ਹੇ ਸੁਣੇਗਾ ਨਾਲ ਧਿਆਨ ਜੇਹੜਾ ਭਰੇ ਰਹਿਣਗੇ ਸਦਾ ਭੰਡਾਰ ਰਾਜਨ।
ਨਾਲ ਸਿਦਕ ਦੇ ਪੜ੍ਹੇ ਸੁਣਾਏ ਜੇਹੜਾ, ਪਾਏ ਚੈਨ ਪਦਾਰਥੀਂ ਚਾਰ[4] ਰਾਜਨ।
ਧਨ ਲਛਮੀ ਦੁਧ ਲਵੇਰਿਆਂ ਦਾ, ਪੁਤਰ ਪੋਤਰੇ ਬਾਗ ਪਰਵਾਰ ਰਾਜਨ।
ਧਨ ਆਪਣਾ ਚਿਤ ਸੰਤੋਖ ਪਾਵੇ, ਪੁਤਰ ਇਸਤਰੀ ਆਗਿਆਕਾਰ ਰਾਜਨ।
ਏਹ ਸੁਣਾਇ ਕੇ ਮੁਨੀ ਜੀ ਉਠ ਚਲੇ, ਦੇ ਅਸੀਸ ਹੋ ਪਏ ਤਿਆਰ ਰਾਜਨ।
ਚਾਤ੍ਰਿਕ ਸਿਦਕ ਯਕੀਨ ਦੇ ਨਾਲ ਬੈਠਾ ਕਰੀ ਦਿਨਾਂ ਸੰਦੀ ਇੰਤਜ਼ਾਰ[5] ਰਾਜਨ।

ਸਿਧਾਂਤ ਪ੍ਰਸੰਗ ਦਾ ਕਵੀ ਵਲੋਂ

ਕਬਿੱਤ— ਸਾਹਿਬੋ ਮੈਂ ਕਿੱਸਾ ਰਾਜਾ ਨਲ ਦਮਯੰਤੀ ਦਾ,
ਕੱਢ ਮਹਾਂ ਭਾਰਤ ਵਿਚੋਂ ਆਪ ਨੂੰ ਸੁਨਾਯਾ ਹੈ।

1. ਵੱਡੀ ਅਤੇ ਉੱਚੀ। 2. ਦਰਗਾਹ। 3. ਪ੍ਰਗਟ।
4. ਚਾਰ ਪਦਾਰਥ ਧਰਮ (ਫਰਜ਼) ਅਰਥ (ਪੈਸਾ) ਕਾਮ ਇਛਿਆ ਪੂਰਤੀ ਤੇ ਮੋਖ (ਮੁਕਤੀ)। 5. ਉਡੀਕ।

ਆਪ ਨੇ ਏਹ ਹਾਲ ਸਾਰਾ ਵਾਚਿਆ ਈ ਹੋਣਾ ਹੈ,
ਕਿਸ ਤਰ੍ਹਾਂ ਦਾ ਰਾਜੇ ਨਲ ਦੁਖੜਾ ਉਠਾਯਾ ਹੈ।
ਰਾਣੀ ਦਮਯੰਤੀ ਦਾ ਭੀ ਸਾਰਾ ਹਾਲ ਦੇਖਿਆ ਜੇ,
ਸਿਦਕ ਯਕੀਨ ਉਸ ਕੈਸਾ ਕੁ ਨਿਭਾਯਾ ਹੈ।
ਸਾਰਾ ਹਾਲ ਦਸ ਕੇ ਤੇ ਚਾਤ੍ਰਿਕ ਨੀਚ ਤਾਈਂ,
ਕੱਢਣੇ ਸਿਧਾਂਤ ਦਾ ਖਿਆਲ ਇਕ ਆਯਾ ਹੈ।

ਕਬਿਤ– ਨਿਰਾ ਪੂਰਾ ਕਿੱਸਾ ਹੀ ਖਿਆਲ ਵਿਚ ਰਖਣਾ ਨਾ,
ਸਿਖਿਆ ਭੀ ਏਸ ਪਾਸੋਂ ਸਿਖੀਦੀ ਬਥੇਰੀ ਹੈ।
ਗੱਲ ਗੱਲ ਫੋਲੀਏ ਤਾਂ ਸਿਖਿਆ ਅਨੇਕ ਦੇਣ,
ਪਲੇ ਬੰਨ੍ਹ ਲਈਏ ਜੇਹੜੀ ਸਿਖਿਆ ਭਲੇਰੀ ਹੈ।
ਨਲ ਦੀ ਕੰਗਾਲੀ ਖੁਸ਼ਹਾਲੀ ਏਹੋ ਦਸਦੀ ਏ
ਦੌਲਤ ਦੀ ਜਗ ਉਤੇ ਜੋਗੀ ਵਾਲੀ ਫੇਰੀ ਹੈ।
ਪਲ ਵਿਚ ਰੰਗ ਉਡੇ ਘੜੀ ਵਿਚ ਭੰਗ ਭੁਜੇ,
ਖਾਕ ਦੀ ਏਹ ਢੇਰੀ ਹੈ ਨਾ ਤੇਰੀ ਹੈ ਨਾ ਮੇਰੀ ਹੈ।

ਕਬਿਤ– ਕਲੂ ਦਾ ਸਲੂਕ ਏਹ ਸਿਖਾਲਦਾ ਸਬਕ ਸਾਨੂੰ,
ਬੁਰੇ ਲੋਕ ਸਦਾ ਬੁਰਿਆਈ ਹੀ ਕਮਾਂਵਦੇ।
ਠੂੰਹੇਂ ਦਾ ਸੁਭਾ ਡੰਗ ਮਾਰਨਾ ਹੀ ਮਾਰਨਾ ਹੈ,
ਛੇੜ ਜਾਂ ਨਾ ਛੇੜ ਓਹ ਨਾ ਆਦਤਾਂ ਤੋਂ ਜਾਂਵਦੇ।
ਬੁਰੇ ਪਾਸੋਂ ਡਰਦੇ ਹਮੇਸ਼ ਪਰੇ ਹੋਏ ਰਹੀਏ,
ਕੰਡੇ ਵੇਖ ਦਾਨੇ ਜੁਤੀ ਪੈਰਾਂ ਵਿਚ ਪਾਂਵਦੇ।
ਬੁਰੇ ਪਾਸੋਂ ਨਸੀਏ ਹਮੇਸ਼ ਦੂਰ ਚਾਤ੍ਰਿਕ ਜੀ,
ਭਲੇ ਦੀ ਭਲਾਈ ਬੁਰੇ ਵੇਖ ਨਾ ਸੁਖਾਂਵਦੇ।

ਕਬਿਤ– ਰਾਣੀ ਦਮਯੰਤੀ ਦਾ ਪਰੇਮ ਦੇਂਦਾ ਸਿਖਿਆ ਏਹ,
ਇਸਤਰੀ ਦਾ ਪਤੀ ਨਾਲ ਐਸਾ ਹੀ ਪਿਆਰ ਹੋ।
ਪਤੀ ਬਿਨਾਂ ਮਰੇ, ਓਹਦੀ ਸੇਵਾ ਕਰੇ ਚਾਉ ਨਾਲ,
ਖੁਸ਼ੀ ਵਿਚ ਰਾਜੀ, ਗਮੀ ਵਿਚ ਗਮਵਾਰ[1] ਹੋ।
ਪਤੀ ਭਾਵੇਂ ਸਖਤੀਆਂ ਭੀ ਕਰੇ ਪਰ ਸਹੇ ਅਗੋਂ,
ਐਸੀ ਭਾਗਵੰਤੀ ਜੋ ਸਹਾਰੇ ਵਾਲੀ ਨਾਰ ਹੋ।
ਸਿਦਕ ਯਕੀਨ ਜੇਹੜੀ ਰਖਦੀ ਏ ਪਤੀ ਉਤੇ।
ਦੁਖ ਹੋਣ ਦੂਰ ਤੇ ਜ਼ਰੂਰ ਬੇੜਾ ਪਾਰ ਹੋ।

ਕਬਿਤ– ਪੁਸ਼ਕਰ ਨੀਚ ਦੀ ਕਰਤੂਤ ਏਹ ਸਿਖਾਂਵਦੀ ਏ,
ਉਚਾ ਹੋ ਕੇ ਨੀਵਿਆਂ ਤੇ ਹੱਥ ਨਾ ਉਲਾਰੀਏ।

1. ਦੁਖ ਦੀ ਭਾਈਵਾਲ।

ਰਬ ਜੇ ਵਧਾਵੇ, ਨਾ ਖ਼ੁਦਾਈਆਂ ਦੇ ਦਾਵੇ ਬੰਨ੍ਹੇ,
ਡਿਗਿਆਂ ਨੂੰ ਦੇਖ ਕੇ ਤੇ ਠੋਕਰਾਂ ਨਾ ਮਾਰੀਏ।
ਬੱਦਲਾਂ ਦੀ ਛਾਉਂ ਏਹ ਦੌਲਤ ਜਹਾਨ ਵਾਲੀ,
ਏਹਦੇ ਉਤੇ ਭੁਲ ਕੇ ਧਰਮ ਨੂੰ ਨਾ ਹਾਰੀਏ।
ਰਬ ਜਾਣੇ ਚਾਤ੍ਰਿਕ ਫੇਰ ਕੀ ਹਵਾਲ ਹੋਣਾ,
ਏਹੋ ਗਲ ਸੋਚ ਜੀਉ ਵਿਚ ਨਾ ਹੰਕਾਰੀਏ।

———

ਕਬਿਤ— ਇਕ ਹੋਰ ਸਿਖਿਆ ਭੀ ਏਸ ਵਿਚੋਂ ਦਿਸਦੀ ਏ,
ਦੌਲਤ ਹੀ ਸਾਰਿਆਂ ਨੂੰ ਅੰਦਰੋਂ ਹੈ ਪਾੜਦੀ।
ਦੌਲਤ ਹੀ ਰਾਜ ਤੇ ਬਿਠਾਵੇ ਫੇਰ ਆਣ ਕੇ ਤੇ,
ਦੌਲਤ ਹੀ ਡਿਗਿਆਂ ਨੂੰ ਠੋਕਰਾਂ ਹੈ ਮਾਰਦੀ।
ਦੌਲਤ ਨੇ ਨਲ ਨੂੰ ਖਰਾਬ ਕੀਤਾ ਜੰਗਲੀਂ,
ਤੇ ਦੌਲਤ ਹੀ ਗਤਿ ਏਹ ਬਣਾਈ ਭੋਲੀ ਨਾਰ ਦੀ।
ਪੈਸੇ ਨੇ ਜਹਾਨ ਵਿਚ ਬੜੇ ਪੁੰਨ ਕੀਤੇ ਹੈਨ,
ਚਾਤ੍ਰਿਕ ਪੈਸਾ ਜਿੰਦ ਜਾਨ ਹੈ ਸੰਸਾਰ ਦੀ।

ਸਮਾਪਤੀ

ਦੋਹਰਾ— ਨਲ ਦਮਯੰਤੀ ਵਾਰਤਾ, ਭਈ ਸਮਾਪਤ ਆਜ।
ਲਾਜ ਰਖੀਂ ਮੈਂ ਨੀਚ ਦੀ, ਸ਼੍ਰੀ ਭਗਵਾਨ ਮਹਾਰਾਜ।

ਧੰਨਵਾਦ ਪ੍ਰਮਾਤਮਾ ਸੱਚੜੇ ਦਾ, ਚਾਹੜੀ ਤੋੜ ਏਹ ਕਲਮ ਉਠਾਈ ਮੇਰੀ।
ਬਰਕਤ ਪਾਈ ਜਹਾਨ ਤੇ ਹੱਥ ਅੰਦਰ, ਬੇੜੀ ਨਦੀ ਵਿਚੋਂ ਪਾਰ ਲਾਈ ਮੇਰੀ।
ਮੇਹਰ ਆਪਣੀ ਸ਼ਾਮਲੇ-ਹਾਲ[1] ਕੀਤੀ, ਮੁਸ਼ਕਲ ਆਨ ਆਸਾਨ[2] ਕਰਾਈ ਮੇਰੀ।
ਚਾਤ੍ਰਿਕ ਓਸਦੇ ਹਥ ਹੈ ਡੋਰ ਸਾਰੀ, ਕਾਹਦੀ ਏਸਦੇ ਵਿਚ ਵਡਿਆਈ ਮੇਰੀ ?

ਛਪਯ ਛੰਦ— ਹੁਕਮੀ ਹੋਵੇ ਕਾਰ, ਹੁਕਮ ਬਿਨ ਪਾਤ ਨਾ ਝੂਲੇ।
ਹੁਕਮੀ ਪਾਏ ਠੋਰ, ਹੁਕਮ ਬਿਨ ਬਨ ਬਨ ਭੂਲੇ।
ਹੁਕਮੀ ਸੂਰਜ ਚੰਦ, ਰਾਤ ਤਦਿਨ ਚੱਕਰ ਲਾਵੇ।
ਪਾਣੀ-ਪੌਣ ਆਕਾਸ਼, ਧਰਤ ਹੁਕਮੀ ਗਤ ਪਾਵੇ।
ਉਸ ਕਰਤੇ ਦੇ ਸਭ ਹੁਕਮ ਵਿਚ, ਵਰਤੇ ਖੇਲ ਅਪਾਰੜਾ।
ਉਸ ਮਾਲਕ ਦੀ ਆਗਿਆ, ਚਾਤ੍ਰਿਕ ਕੌਣ ਵਿਚਾਰੜਾ।

੨ —ਸ਼ਿਵ ਨੇਤ੍ਰ[3] ਦ੍ਵਿਜ-ਕਰਮ[4] ਖੰਡ[5] ਅਰ ਬ੍ਰਹਮ[6] ਪਛਾਨੋ। (1963)
ਮੇਖ ਰਾਸ, ਬੁਧਵਾਰ, ਕ੍ਰਿਸ਼ਨ ਪਖ[7], ਦਸਮੀਜਾਨੋ।

---

1. ਮੇਰੀ ਹਾਲਤ ਨਾਲ ਰਲਾਈ। 2. ਸੌਖੀ। 3. ਸ਼ਿਵ ਜੀ ਦੀਆਂ ਅਖਾਂ, ਭਾਵ ਤਿੰਨ। 4. ਬ੍ਰਾਹਮਣਾਂ ਦੇ ਕਰਮ 6, 1।
5. ਬ੍ਰਹਮ (ਰਬ) ਇਕ ਹੈ। 6. ਖੰਡ 8 ਹੁੰਦੇ ਹਨ। ਸੋ ਪੁਠਾ ਪੜ੍ਹ ਕੇ ਇਹ ਬਣਿਆ ਸੰਨ 1663 ਬਿਕ੍ਰਮੀ।
7. ਹਨੇਰਾ ਪਖ ਪੂੰਨਿਆ ਦੇ ਦਿਨ ਤੋਂ ਅਮਾਵਸ ਦੇ ਦਿਨਾਂ ਵਿਚੋਂ ਦਸਵਾਂ ਦਿਨ।

ਖਟ[1] ਦਿਨ ਗਤ[2] ਵਿਸਾਖ, ਸ਼ੁਧ ਘੜੀ ਪੂਰਨ ਕੀਨੋ।
ਠਾਰਾਂ ਦਿਨ ਅਪਰੈਲ, ਉੱਨੀ ਸੌ ਛੇ ਪਰਬੀਨੋ।
ਸੁਨ ਸੰਮਤ ਬਿਕ੍ਰਮਾਜੀਤ ਕਾ, ਅੰਕ ਪਲੀ[3] ਮਰਯਾਦ ਸੇ।
ਕਾਵਿ ਚਾਤ੍ਰਿਕ ਭਯੋ ਸਮਾਪਤੀ, 'ਦਮਯੰਤੀ ਸੰਬਾਦ' ਯੇ।

ਬੇਨਤੀ ੩— ਕਵਿਜਨ ਪਹਿ ਕਰ[4] ਜੋੜ, ਨਯਾਇ ਸਿਰ, ਬਿਨੈਂ ਅਲਾਊਂ।
ਮੈਂ ਮੂਰਖ ਅਨਜਾਣ, ਬੁਧਿ ਬਲ ਕੌਣ ਦਿਖਾਊਂ।
ਖਿਮਾ ਕਰੋ ਹਮ ਭੂਲ, ਫੂਲ ਸੋਂ ਕੰਟਕ[5] ਲਗੇ।
ਕਵਿਤਾ ਹਾਸਨ[6] ਜੋਗ, ਕਵੀ ਰਾਜਨ ਕੇ ਆਗੇ।
ਜਹਿ ਭੂਲ ਹੋਇ ਸੁਧਾਰੀਓ, ਕਵਿਤਾ ਅਖਰ ਮਾਤਰਕ[7]।
ਬਣ ਗੁਣ ਗ੍ਰਾਹੀ ਗੁਣ ਕਾਢੀਓ, ਮਮ ਦੂਸ਼ਨ ਤਜ ਕਰ ਚਾਤ੍ਰਿਕ।

ਇਤਿ ਪ੍ਰਸੰਗ ਰਾਜਾ ਨਲ ਤੇ ਪਤਿਬ੍ਰਤਾ ਰਾਣੀ ਦਮਯੰਤੀ—ਰਚਿਤ ਚਾਤ੍ਰਿਕ :

ਕਾਲ ਚੱਕਰ

ਹੁਣ ਬੀਤ ਗਿਆ, ਉਹ ਨੇਕੀ ਦਾ ਸਤਜੁਗੀ ਜ਼ਮਾਨਾ।
ਜੋ ਕੁਝ ਆਪਣਾ ਸੀ ਤਦੋਂ,ਅੱਜ ਹੋ ਗਿਆ ਬਿਗਾਨਾ।
ਉਹ ਭਾਰਤ ਹੈ ਅਜ ਹੋਰ,ਹੋਰ ਹਨ ਰੁਤ ਬਹਾਰਾਂ,
ਉਹ ਬਦਲ ਗਏ ਜਲ ਪੌਣ ਨਹੀਂ ਉਹ ਜੰਗਲ ਬਾਰਾਂ।
ਚੱਕਰ ਖਾ ਗਿਆ ਅਕਾਸ਼ ਧਰਤਿ ਭੀ ਵਟ ਗਈ ਹੈ,
ਭਾਰਤ ਦੀ ਉਹ ਮਹਿਕਾਰ, ਅਧੋਗਤੀ ਮਚ ਗਈ ਹੈ,
ਇਸ ਕਾਲ ਚੱਕਰ ਨੇ ਰੂਪ, ਵਾਂਗ ਨਲ ਰਾਜ ਵਟਾਇਆ,
ਅਪਣਾ ਹੋ ਕੇ ਘਰ ਬਾਰ ਜਾਪ ਹੈ ਰਿਹਾ ਪਰਾਇਆ।
ਨਾ ਪਹਿਲੇ ਰਹੇ ਸੁਭਾਉ, ਧਰਮ ਆਚਰਣ ਵਟ ਗਏ।
ਹੋ ਗਿਆ ਪ੍ਰੇਮ ਨਿਰਮੂਲ, ਤੇਜ ਤਪ ਦੂਰ ਹਟ ਗਏ।
ਸੁਪਨਾ ਹੋਯਾ ਐਸ਼ਵਰਯ ਸਵਾਸਥ ਦਾ ਨਾਸ ਹੋ ਗਿਆ।
ਉਨਤੀ ਫੇਰਿਆ ਮੂੰਹ ਵਾਂਗ ਆਕਾਸ਼ ਹੋ ਗਿਆ।
ਸ਼ੁਧਾ ਦੀ ਢਲੀ ਦੁਪਹਿਰ, ਪ੍ਰੇਮ ਦੀ ਰਾਤ ਪੈ ਗਈ,
ਦ੍ਰੋਹੀ ਅਸਤ ਦੀ ਫਿਰੀ, ਸਚਾਈ ਮਾਤ ਪੈ ਗਈ।
ਮਰ ਗਿਆ ਪੁਰਾਤਨ ਸਮਾਂ, ਨਿਸ਼ਾਨੀ ਨਾਮ ਮਿਟ ਗਏ।
ਖੰਡਰ ਭੀ ਬਾਕੀ ਨਹੀਂ, ਸ਼ਿਲਾਂ ਦੇ ਲੇਖ ਘਿਸ ਗਏ।
ਜਦ ਭਾਰਤ ਦੇ ਕਾਨੂੰਨ, ਸੱਭਯਤਾ, ਚੱਲ ਰਹੇ ਸਨ।

1. ਛੇ। 2. ਲੰਘਿਆ। 3. ਅਖਰਾਂ ਵਿਚ ਸੰਨ ਲਿਖਣ ਦੇ ਢੰਗ ਨਾਲ ਜੀਕਰ ਉਪਰ 1963 ਬਣਾਇਆ ਹੈ।
4. ਹਥ। 5. ਕੰਡੇ। 6. ਹਾਸੋ ਹੀਣੀ। 7. ਮਾਤਰਾਂ ਤਕ।

ਪਾਤਾਲ ਤੀਕ ਸਾਡੇ ਹੀ, ਝੰਡੇ ਝੁਲ ਰਹੇ ਸਨ।
ਭਾਰਤ ਦਾ ਲਾਈਟ ਹਾਊਸ, ਚਾਨਣਾ ਦੇਇ ਚੁਫੇਰੇ,
ਤਕਸਿਲਾ ਵਿਖੇ ਸੰਸਾਰ ਲਾਉਂਦਾ ਸੀਗਾ ਡੇਰੇ।
ਕਾਂਸ਼ੀ ਤੋਂ ਵਿਦਿਆ ਲੈਣ ਵਾਸਤੇ ਪੱਛਮ ਆਵੇ।
ਅਰ ਜੋਤਸ਼ ਵਿਚ ਅਜ ਤੀਕ ਭੀ ਕੋਈ ਸਿਰ ਨਾ ਉਠਾਵੇ।
ਭਾਰਤ ਦੇ ਕਾਰਾਗਾਰ ਜਗਤ ਸ਼ਾਗਿਰਦ ਬਣਾਯਾ,
ਇੰਜੀਨੀਅਰ ਨੇ ਲੰਕਾ ਨੂੰ ਭਾਰਤ ਨਾਲ ਮਿਲਾਇਆ।
ਜਿਨ ਕੋਟ ਅਲੋਰਾ ਵਿਚ ਛੈਣੀਆਂ ਨਾਲ ਬਣਾਯਾ,
ਗੰਗਾ ਨੂੰ ਗੋਡਾ ਡਾਹ ਬਜ਼ੁਰਗਾਂ ਪੂਰੇਂ ਲੰਘਾਇਆ।
ਜਿਸ ਦਾ ਨਜ਼ਾਮ ਸੀ ਰਾਜ ਕਾਜ ਦਾ ਧਰਮ ਸਹਾਰੇ।
ਅਰ ਚਾਲਾਕੀ ਤੋਂ ਰਾਜਨੀਤਿ ਸੀ ਦੂਰ ਕਿਨਾਰੇ।
ਰਾਜਾ ਰਾਣੀ ਦਸ ਨਵ੍ਹੀਂ ਕਮਾਈ ਕਰ ਖਾਂਦੇ ਸਨ,
ਅਰ ਸਮਾਂ ਆਪਣਾ ਪਰਜਾ ਵਾਸਤੇ ਦੇ ਜਾਂਦੇ ਸਨ
ਪੁਤ੍ਰ ਵਤ ਪਰਜਾ ਪਾਲ, ਰਾਉ ਦਿਲ ਖਿੜ ਜਾਂਦਾ ਸੀ,
ਪਰਜਾ ਦੇ ਸ਼ਤ੍ਰ ਨਾਲ, ਜਾਨ ਦੇ ਭਿੜ ਜਾਂਦਾ ਸੀ।
ਜਾਗੇ ਕਰ ਫਿਰ ਫਿਰ ਰਾਤ, ਪਰਜਾ ਦੀਆਂ ਸੋਆਂ ਲੈਂਦਾ।
ਦੀਨਾਂ ਦੁਖੀਆਂ ਦੇ ਹੇਤ, ਆਪ ਖਤਰੇ ਵਿਚ ਪੈਂਦਾ।
ਪੈ ਜਾਏ ਜੇ ਕਰ ਕਾਲ, ਖਜ਼ਾਨੇ ਖੋਹਲ ਲੁਟਾਵੇ।
ਔੜਾਂ ਵਿਚ ਰਗੜੇ ਨੱਕ, ਹਲਾਂ ਨੂੰ ਆਪ ਚਲਾਵੇ।
ਜ਼ਾਲਮ ਡਾਕੂ, ਬਦਮਾਸ਼, ਧਾੜਵੀ ਚੁਣ ਚੁਣ ਮਾਰੇ,
ਪਰਜਾ ਵਿਚ ਦੇਖ ਅਸ਼ਾਂਤਿ, ਆਪਣੀ ਨੀਂਦ ਵਿਸਾਰੇ।
ਪੰਚੈਤੀ ਸਨ ਬੰਧਾਨ, ਆਪ ਵਿਚ ਕੋਈ ਲੜੇ ਨਾ,
ਅਰ ਲੜੇ ਤੇ ਲੈਣ ਨਜਿਠ, ਕਚਹਿਰੀ ਕੋਈ ਚੜੇ ਨਾ,
ਪਰ ਦੇਵ ਨੇਤ ਜੇ ਕੋਈ,ਝਗੜਾ ਆ ਹੀ ਜਾਵੇ,
ਤਦ ਦੁਧੋਂ ਨੀਰ ਨਖੇੜ, ਧਰਮ ਦੀ ਅਦਲ ਕਮਾਵੇ।
ਕੌਂਸਲ ਵਿਚ ਬਹਿਣ ਵਜ਼ੀਰ, ਪਰਜਾ ਦੇ ਪ੍ਰਤੀਨਿਧ ਪਿਆਰੇ।
ਨਾ ਦੇਣ ਉਕਾਈ ਆਣ, ਕਰਾਉਣ ਸੋਚ ਨਿਤਾਰੇ।
ਪਰਜਾ ਸੀ ਸ਼੍ਰਧਾ ਭਰੀ, ਰਾਉ ਤੋਂ ਜਾਨ ਘੁਮਾਂਦੀ,
ਰਾਜਾ ਪਰਮੇਸ਼ਰ ਰੂਪ, ਸਮਝ ਕੇ ਟਹਿਲ ਕਮਾਂਦੀ।
ਰਾਜਾ ਦੀ ਜੇ ਕਰ ਜਾਨ, ਪਏ ਖਤਰੇ ਵਿਚ ਆ ਕੇ,
ਰਖਯਾ ਕਰਨਾ ਸੀ ਧਰਮ, ਹਜ਼ਾਰਾਂ ਸੀਸ ਕਟਾ ਕੇ।
ਰਿਖੀਆਂ ਦੇ ਸਨ ਆਧੀਨ, ਰਾਉ ਦੀਆਂ ਵਾਗਾਂ ਡੋਰਾਂ,
ਜੋ ਤਪ-ਬਲ ਆਪਣੇ ਨਾਲ, ਤੋਰਦੇ ਸਨ ਗੇ ਤੋਰਾਂ।
ਨਿਰਵਾਸ਼-ਦੇਸ਼ ਦੇ ਭਗਤ, ਅਚਾਰਯ ਕੌਂਸਲ ਕਰਦੇ,
ਇਕ ਰੰਚ ਅਧਰਮੀ ਦੇਖ, ਨਹੀਂ ਸਨ ਮੂਲੋਂ ਜਰਦੇ।

ਇਉਂ ਰਾਜ ਨੀਤਿ ਅਰ, ਧਰਮ ਇਕੱਠੇ ਨਿਭਦੇ ਜਾਂਦੇ।
ਸਵਾਰਥ ਵਸ ਰਾਜੇ ਕਦੇ, ਨਹੀਂ ਸਨ ਪਰਜਾ ਕਟਾਂਦੇ।
ਰਾਜਾ ਪਰਜਾ ਦਾ ਨਾਥ, ਪ੍ਰਜਾ ਰਾਜਾ ਦੀ ਦਾਸੀ,
ਇਕ ਪਰੇਮ ਜਕੜ ਵਿਚ ਜੁੜੇ, ਪੁਰਿੰਦਰ ਅਰ ਪੁਰ ਵਾਸੀ।
ਹੁੰਦੇ ਸਨ ਜਗ ਹਮੇਸ਼, ਖੁਲ੍ਹੇ ਹੀ ਰਹਿਣ ਭੰਡਾਰੇ।
ਰਾਹੀ, ਅਤਿਥੀ ਅਰ ਸਾਧੂ, ਰਜਾਏ ਜਾਂਦੇ ਸਾਰੇ।
ਫਸਲਾਂ ਹੋਵਣ ਭਰਪੂਰ, ਜੰਗਲੀਂ ਘਾਹ ਬਥੇਰਾ।
ਦੁਧਾਂ ਘੇਵਾਂ ਦੀ ਲਹਿਰ,ਹਰਿਕ ਘਰ ਵਿਚ ਲਵੇਰਾ।
ਸੀ ਪ੍ਰੇਮ ਪ੍ਰੀਤ ਇਸ ਡੌਲ, ਇਕ ਦਾ ਕੰਨ ਦੁਖਾਵੇ।
ਤਦ ਰਾਜਾ ਤਕ ਭੀ ਆਪ, ਆਣ ਕੇ, ਦਰਦ ਵੰਡਾਵੇ।
ਇਖਲਾਕ ਪਵਿਤਰ ਇਹਾ, ਬਚਨ ਜੋ ਦਿਤਾ ਜਾਵੇ,
ਉਸ ਦੇ ਨਿਭਾਣ ਹਿਤ, ਪ੍ਰਾਣ ਜਾਣ ਪਰ ਜੀ ਨਾ ਚੁਰਾਵੇ।
ਉਹ ਗੈਰਤ ਅਣਖ ਕਿ ਲਹੂ, ਵੀਟ ਕੇ ਸਵੱਸਥ ਬਚਾਣਾ,
ਅਰ ਸੱਚ ਵਾਸਤੇ, ਲਖ, ਕਸ਼ਟ ਤੋਂ ਨਾ ਘਬਰਾਣਾ।
ਬਲ, ਪਰਾਕ੍ਰਮ[1], ਤੇਜ-ਚੰਡ, ਸੂਰਜੋਂ ਦੂਣ ਸਵਾਏ,
ਦੁਨੀਆਂ ਨੂੰ ਚਾਨਣ ਦੇਣ ਲਾਲ ਭਾਰਤ ਦੇ ਜਾਏ।
ਹਰਿ ਚੰਦ, ਜਨਕ ਅਰ ਮੌਰ-ਧਵਜ[2] ਜੇਹੇ ਧਰਮ ਵਤਾਰੀ
ਮਰਯਾਦਾ ਪਾਲਕ ਰਾਮ, ਭਰਤ ਜੇਹੇ ਆਗਯਾਕਾਰੀ,
ਪ੍ਰਹਿਲਾਦ ਜੇਹੇ ਹਠ ਸੀਲ, ਭੀਸ਼ਮ ਜੈਸੇ ਸੱਤ-ਧਾਰੀ[3]।
ਉਹ ਦੈਵੀ ਜੀਵਨ ਅਜ ਨਮੂਨੇ ਮਾਤ੍ਰ ਨਾ ਮਿਲਦੇ,
ਜੋ ਮਿਲਦੇ ਉਤੋਂ ਹੋਰ ਅੰਦਰੋਂ ਖੋਟੇ ਦਿਲ ਦੇ।
ਆਚਰਣ-ਭ੍ਰਸ਼ਟ, ਭੁਖ ਮਰੇ, ਸਵਾਰਥੀ ਕ੍ਰਿਪਣ[4], ਕਸਾਈ,
ਕਾਮੀ, ਕਪਟੀ, ਅਰ ਕੁਟਿਲ ਇਨ੍ਹਾਂ ਦੀ ਕਮੀ ਨਾ ਕਾਈ।
ਐਸ਼ਵਰਜ, ਵਿਦਿਆ ਖਾਹਸ਼ ਨਸ਼ਟ ਹੋਏ ਆਪਣੇ ਸਾਰੇ।
ਦਰ ਦਰ ਤੋਂ ਧੱਕੇ ਖਾਣ ਭਾਰਤੀ ਕੀਰ ਨਿਕਾਰੇ।
ਰੀਤਾਂ ਰਸ਼ਮਾਂ ਹੋ ਨਸ਼ਟ, ਸਭਯਤਾ ਮਿਲੀ ਉਧਾਰੀ।
ਆਪਣੇ ਭਾਈਆਂ ਦੇ ਗਲੇ ਆਪਣੀ ਫਿਰੇ ਕਟਾਰੀ।
ਓਹ ਸਮੇਂ ਪੁਰਾਣੇ ਗਏ, ਨਵੇਂ ਹੁਣ ਸਿਰ ਤੇ ਆਏ,
ਪਰ ਓੜਕ ਚਾਤ੍ਰਿਕ ਇਹ ਭੀ ਹੋਸਨ ਕਦੇ ਪਰਾਏ।

॥ ਸਮਾਪਤ ॥

---

1. ਉੱਦਮ। 2. ਮੌਰੀਆ ਵੰਸ ਦੇ ਰਾਜੇ। 3. ਬਹਾਦਰ। 4. ਕੰਜੂਸ।

ੴ ਸਤਿਨਾਮੁ ਕਰਤਾਂ ਪੁਰਖੁ ਨਿਰਭਉ ਨਿਰਵੈਰੁ
ਅਕਾਲ ਮੂਰਤਿ ਅਜੂਨੀ ਸੈਭੰ ਗੁਰ ਪ੍ਰਸਾਦਿ॥

ਧਰਮ ਬੀਰ

ਮੰਡਲ ਪਹਿਲਾ

ਦੇਹ ਅਨਿੱਤ ਨ ਨਿਤ ਰਹੈ ਜਸ ਨਾਵ ਚੜੈ ਭਵਸਾਗਰ ਤਾਰੈ॥

ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸੱਚ ਪਰ ਕੁਰਬਾਨੀ

One who never turned his back, but marched breast forward,
Never doubted clouds would break,
Never dreamed, though right were worsted, wrong would triumph.
Held we fall to rise, are baffled to fight better sleep to wake.*

ਕਲੂ ਕਾਲ[1] ਦਾ ਪਹਿਰਾ[2] ਆਯਾ, ਜਗ ਵਿਚ ਛਾਇਆ ਧੁੰਦੂਕਾਰ[3]।
ਕਾਲੀ ਬੋਲੀ ਰਾਤ ਪੈ ਗਈ, ਹੋਯਾ ਪਾਪਾਂ ਦਾ ਵਿਸਥਾਰ।
ਸਚ ਚੰਦ੍ਰਮਾਂ ਉਹਲੇ ਹੋਇਆ, ਕੂੜ ਅਮਾਵਸ ਦਾ ਬਲਕਾਰ[4]।
ਦਯਾ ਧਰਮ ਅਰ ਭਗਵਤ ਭਗਤੀ, ਉਡੇ ਕਿਧਰੇ ਪੰਛੀ ਹਾਰ।
ਰਾਜਾ ਪਰਜਾ ਖਚਿਤ[5] ਹੋ ਗਏ, ਪਾਪਾਂ ਅਪਕਰਮਾਂ ਵਿਚਕਾਰ।
ਡੋਲ ਖਲੋਤਾ ਧਰਮ ਧੌਲ, ਧਰਤੀ ਨੇ ਪਾਈ ਹਾਲ ਪੁਕਾਰ।
ਧੁਨ ਪਹੁੰਚੀ ਕਰਤਾਰ ਪਾਸ, ਦੁਨੀਆਂ ਵਿਚ ਹੋਈ ਹਾਹਾਕਾਰ।
ਕ੍ਰਿਪਾ ਕਰੋ ਦੁਖ ਹਰੋ ਨਾਥ, ਵਧ ਗਿਆ ਬਹੁਤ ਪਾਪਾਂ ਦਾ ਭਾਰ।
ਸੁਣ ਪੁਕਾਰ ਦਾਤਾਰ ਪ੍ਰਭੂ ਗੁਰੂ ਨਾਨਕ ਜੀ ਭੇਜੇ ਅਵਤਾਰ।
ਜਿਨ ਅਪਨੇ ਉਪਦੇਸ਼ ਨਾਲ, ਅੰਧੇਰੇ ਦਾ ਕੀਤਾ ਪਰਹਾਰ[6]।
ਸੱਤਯ ਧਰਮ ਦਾ ਸੂਰ[7] ਚੜ੍ਹਾ ਕੇ, ਭਗਤਿ ਭਾਵ ਕੀਤਾ ਪਰਚਾਰ।
ਸਤ ਮਾਰਗ ਵਿਚ ਪਾਈ ਖਲਕਤ, ਸਤਿਨਾਮ ਦਾ ਮੰਤ੍ਰ ਉਚਾਰ।

---

* ਉਹ ਜਿਸ ਕਦੇ ਨਾ ਪਿਠ ਵਿਖਾਈ ਸਗੋਂ ਛਾਤੀ ਦੇ ਤਾਣ ਚਲਿਆ ਅੱਗੇ, ਜਿਸ ਨੂੰ ਕਦੇ ਨਾ ਸ਼ਕ ਪਿਆ ਕਿ ਬੱਦਲ ਪਾਟਣਗੇ, ਨਾ ਉਸ ਏਦਾਂ ਸੋਚਿਆ ਭਾਵੇਂ ਸੱਚ ਤੇ ਯੋਗ ਨੂੰ ਹਾਨੀ ਪੁੱਜੀ, ਝੂਠ ਤੇ ਅਯੋਗ ਭਾਵੇਂ ਜਿੱਤੇ। ਜਿਸ ਸਦਾ ਮੰਨਿਆ ਕਿ ਡਿਗੀਦਾ ਹੈ ਉਠਣ ਲਈ, ਘਬਰਾਈਦਾ ਹੈ ਹੋਰ ਚੰਗੀ ਤਰ੍ਹਾਂ ਲੜਨ ਲਈ ਜਿਵੇਂ ਸੌਵੀਂਦਾ ਹੈ ਜਾਗਣ ਲਈ।

1. ਕਲਯੁਗ ਦਾ ਸਮਾਂ। 2. ਵਕਤ। 3. ਹਨੇਰਾ। 4. ਜ਼ੋਰ ਵਾਲਾ। 5. ਲਗ ਜਾਣਾ। 6. ਨਾਸ।
7. ਸੂਰਜ।

ਸਤਯ ਧਰਮ ਦਾ ਬਾਗ ਲਗਾ ਕੇ, ਸਿੰਜਨ ਦੀ ਸਿਰ ਚਾਈ ਕਾਰ।
ਫਿਰ ਫਿਰ ਦੇਸ ਦਸੰਤਰ ਅੰਦਰ, ਸਭ ਸੁਖ ਚੈਨ ਆਪਣੇ ਵਾਰ।
ਲਹੂ ਵੀਟਕੇ ਆਪਣਾ ਉਸਨੂੰ, ਸਿਚਨ ਕੀਤਾ ਬਾਰੰਬਾਰ।
ਦਸਵੇਂ ਜਾਮੇ[1] ਧਰਮ ਬਚਾਯਾ, ਸਮੇਂ ਸਮੇਂ ਦੀ ਲੋੜ ਵਿਚਾਰ।
ਪੰਜਵੇਂ ਜਾਮੇ ਸ੍ਰੀ ਗੁਰੂ ਅਰਜਨ ਜਦ ਆਏ ਦੁਨਯਾਂ ਵਿਚਕਾਰ।
ਉਨ੍ਹੀ ਦਿਨੀਂ ਸੀ ਅਕਬਰ ਸ਼ਾਹ ਦਾ ਸਿੱਕਾ ਚਲਦਾ ਦੇਸ ਮਝਾਰ[2]।
ਰਾਜ ਸ਼ਾਸਨਾਂ-ਅਗਨਿ ਕੁਛਕ ਸੀ, ਮੰਦ[3], ਬੰਦ ਸੀ ਮਾਰੋ ਮਾਰ।
ਲੋੜ ਸਮੇਂ ਦੀ ਲਖ[4] ਸਤਿਗੁਰੂ ਨੇ, ਕੀਤਾ ਸ਼ੁਰੂ ਧਰਮ ਪਰਚਾਰ।
'ਸਤਿਨਾਮ' ਦਾ ਲੰਗਰ ਲਾਯਾ, ਮੁਕਤਿ ਭੁਗਤਿ[5] ਦਾ ਖੋਲ੍ਹ ਦੁਆਰ।
ਖੂਹੇ ਤਾਲ ਬਾਵਲੀ ਲਾਏ, ਭੋਜਨ ਦੇ ਖੋਹਲੇ ਭੰਡਾਰ।
ਸ੍ਰੀ ਅੰਮ੍ਰਿਤਸਰ ਹਰਿਮੰਦਰ ਰਚ, ਥਾਪਿਆ ਸਚੇ ਦਾ ਦਰਬਾਰ।
ਤਰਨ ਤਾਰਨ ਦਾ ਤਾਲ ਲਵਾ ਵਿਚ, ਮੰਦਰ ਪਾਇਆ ਦੂਖ ਨਿਵਾਰ।
ਜਗ ਤਾਰ ਵਿਚ ਬੋਹਿਥ[6] ਰਚਿਆ, ਅਨੁਭਵ[7] ਬਾਨੀ ਮੁਖੋਂ ਉਚਾਰ।
ਸ੍ਰੀ ਗੁਰੂ ਗ੍ਰੰਥ ਪੰਥ ਦੇ ਵਾਲੀ, ਦੀਨ ਦੁਨੀ ਦੇ ਮਦਦਗਾਰ।
ਭਾਰਤ ਦੀ ਕਲਯਾਣ ਵਾਸਤੇ, ਹੋਰ ਬਿਅੰਤ ਕਰੇ ਉਪਕਾਰ।
ਇਕ ਦਿਨ ਸਤਿਗੁਰ ਬੈਠੇ ਸੀ, ਸ੍ਰੀ ਹਰਿਮੰਦਰ ਵਿਚ ਲਾਇ ਦੀਵਾਨ।
ਅਕਬਰ ਦੇ ਦਰਬਾਰੀ ਚੰਦੂ,* ਦੇ ਦੋ ਲਾਗੀ ਪਹੁੰਚੇ ਆਨ।
ਸਾਹਿਬਜ਼ਾਦੇ ਹਰਿਗੋਬਿੰਦ ਜੀ ਲਾਇਕ ਵਰ ਕਰਕੇ ਅਨੁਮਾਨ।
ਸਾਕ ਵਾਸਤੇ ਅਰਜ ਗੁਜ਼ਾਰੀ, ਸਤਿਗੁਰ ਕਰ ਲੀਤੀ ਪਰਵਾਨ।
ਜਾ ਦਿੱਲੀ ਤਿਨ ਖਬਰ ਪੁਚਾਈ, ਸੁਣ ਸੜਿਆ ਚੰਦੂ ਦੀਵਾਨ।
ਸ੍ਰੀ ਗੁਰੂ ਅਰਜਨ ਇਕ ਸਾਧੂ ਹੈ, ਅਰ ਮੈਂ ਸ਼ਾਹੀ ਦੀਵਾਨ ਮਹਾਨ।
ਇੱਟ ਚੁਬਾਰੇ ਦੀ ਲਾ ਆਏ, ਮੋਰੀ[8] ਨੂੰ ਮੂਰਖ ਨਾਦਾਨ।
ਦਿਲੀ ਦੀ ਸੰਗਤ ਨੇ ਸੁਣਿਆਂ, ਸਤਿਗੁਰ ਨੂੰ ਨਿੰਦੇ ਦੀਵਾਨ।
ਲਿਖ ਘੱਲੀ ਅਰਦਾਸ ਗੁਰੂ ਪਹਿ, ਚੰਦੂ ਖਾਧੀ ਬੜੀ ਗਿਲਾਨ[9]।
ਸਾਕ ਓਹਦਾ ਮਨਜ਼ੂਰ ਨਾ ਕਰਨਾ, ਸੰਗਤ ਦਾ ਰਖ ਲੈਣਾ ਮਾਨ।
ਸਤਿਗੁਰੂ ਬੋਲੇ ਸੋਈ ਹੋਸੀ, ਜੋ ਸੰਗਤ ਕੀਤਾ ਫੁਰਮਾਨ।
ਪਹੁੰਚੀ ਖਬਰ ਜਦੋਂ ਏਹ ਦਿਲੀ, ਚੰਦੂ ਲਗਾ ਖੇਹ ਉਡਾਨ।

---

* ਡਾ. ਗੰਡਾ ਸਿੰਘ ਦੀ ਖੋਜ ਜੋ ਤੋਜ਼ਕਿ ਜਹਾਂਗੀਰੀ ਉੱਤੇ ਅਧਾਰਤ ਹੈ-ਅਨੁਸਾਰ ਸ੍ਰੀ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਦੀ ਸਾਰੀ ਜ਼ਿੰਮੇਵਾਰੀ ਜਹਾਂਗੀਰ ਬਾਦਸ਼ਾਹ ਦੇ ਸਿਰ ਹੈ ਤੇ ਉਸ ਦੇ ਕਾਰਨ ਰਾਜਸੀ ਹਨ। ਇਸ ਲਈ ਚੰਦੂ ਦੀ ਲੜਕੀ ਦੇ ਸਾਕ ਮੋੜਨ ਵਾਲੀ ਕਥਾ ਨੂੰ ਆਧੁਨਿਕ ਇਤਿਹਾਸਕਾਰ ਹੁਣ ਵਧੇਰੇ ਮਾਨਤਾ ਨਹੀਂ ਦਿੰਦੇ ਪਰ ਅੱਗੇ ਏਹੋ ਕਥਾ ਪ੍ਰਚੱਲਿਤ ਸੀ।

1. ਰੂਪ (ਸ਼ਬਦ ਅਰਥ ਲਿਬਾਸ)। 2. ਵਿਚ। 3. ਰਾਜ ਪ੍ਰਬੰਧ ਕਰਕੇ ਅੱਗ ਕੁਝ ਮੱਧਮ ਸੀ।
4. ਸਮਝ। 5. ਵਰਤੋਂ, ਭਾਵ ਦੁਨਿਆਵੀ ਚੀਜ਼ਾਂ ਦੀ ਵਰਤੋਂ। 6. ਜਹਾਜ਼।
7. ਅਨੁਭਵੀ ਬਾਣੀ ਅਰਥਾਤ ਧੁਰ ਕੀ ਬਾਣੀ (ਸੁਹਿਰਦ)।
8. ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣਾ ਇਕ ਅਖਾਣ ਹੈ। ਭਾਵ ਉਚੀ ਪਦਵੀ ਦੇ ਪੁਰਸ਼ ਦਾ ਨਾਤਾ ਕੰਗਾਲ ਨਾਲ ਜੋੜਨਾ।
9. ਗਿਲਾਨੀ, ਨਫਰਤ।

ਮੇਰਾ ਨਾਤਾ ਮੋੜ ਗੁਰੂ, ਬੈਠੇਗਾ ਕਰ ਉਚੀ ਸ਼ਾਨ ?
ਇਉਂ ਵੈਰੀ ਬਣ ਗਿਆ ਗੁਰਾਂ ਦਾ ਸੋਚਾਂ ਵਿਚ ਰਹੇ ਗਲਤਾਨ।
ਪ੍ਰਿਥੀ ਚੰਦ ਗੁਰੂ ਦਾ ਵਡ ਭ੍ਰਾਤਾ, ਜੋ ਹੰਕਾਰੀ ਸੀਗ ਮਹਾਨ।
ਉਸਦੇ ਨਾਲ ਧਮੋਕਾਂ[1] ਪਾਇਆ, ਦੋਨੋਂ ਲਗੇ ਮਤਾ ਪਕਾਨ।
ਰਲ ਕੇ ਕੋਈ ਵਾਰ ਚਲਾਏ, ਥੱਪੇ ਕੋਈ ਝੂਠ ਤੂਫਾਨ।
ਪਰ ਕਰਤਾਰ ਜਿਦ੍ਹੇ ਵਲ ਹੋਵੇ, ਕੌਣ ਓਹਦਾ ਕਰ ਸਕੇ ਜਾਨ।
ਜੋ ਦੁਖ ਆਯਾ ਮਾਰ ਹਟਾਯਾ, ਆਪ ਪ੍ਰਭੂ ਨੇ ਹੋ ਮਿਹਰਵਾਨ।
ਅਕਬਰ ਤੀਕ ਮੁਰੀਦ ਹੋ ਗਏ, ਪਚ ਪਚ ਮਰੇ ਨੀਚ ਸ਼ੈਤਾਨ।
ਆਂਚ[2] ਨਾ ਲਗੀ ਸਤ ਧਰਮੀ ਨੂੰ, ਵਧਦੀ ਗਈ ਦਿਨੋ ਦਿਨ ਸ਼ਾਨ।
ਜਿਉਂ ਜਿਉਂ ਪਾਪੀ ਕਰਨ ਈਰਖਾ, ਤਿਉਂ ਤਿਉਂ ਮਹਿਮਾਂ ਹੋਏ ਮਹਾਨ।
ਅਕਬਰ ਦੇ ਦਮ ਹੋਏ ਬਰਾਬਰ[3], ਜਹਾਂਗੀਰ ਦਾ ਆਯਾ ਰਾਜ।
ਇਸ ਦਾ ਛੋਟਾ ਭਾਈ ਖਿਸਰੋ, ਲੜ ਭਿੜ ਕੇ ਹੋਯਾ ਨਾਰਾਜ।
ਜਾਨ ਬਚਾ ਕਾਬਲ ਨੂੰ ਨੱਠਾ, ਤਜਾਗ ਪਿਤਾ ਦਾ ਰਾਜ ਸਮਾਜ।
ਰਸਤੇ ਵਿਚ ਸਤਿਗੁਰ ਦੇ ਦਵਾਰੇ, ਅਰਜ ਗੁਜ਼ਾਰੀ ਹੋ ਮਹਾਰਾਜ।
ਕ੍ਰਿਪਾ ਕਰੋ ਮੈਂ ਦੁਖੀਏ ਪਰ ਪ੍ਰਭੂ, ਦਰ ਦਰ ਦਾ ਹੋਯਾ ਮੁਹਤਾਜ।
ਸਤਿਗੁਰ ਨੇ ਧੀਰਜ ਦੇ ਉਸ ਨੂੰ ਧਨ ਦੇ ਸਰਬ ਸੁਆਰੇ ਕਾਜ*।
ਸ਼ਾਹ, ਫਕੀਰ, ਸੰਤ, ਦਰ ਇਕੋ, ਸੰਤ ਸਭਸ ਦੇ ਹੇਤ ਜਹਾਜ।
ਪਰ ਚੰਦੂ ਨੂੰ ਗੱਲ ਮਿਲ ਗਈ, ਪ੍ਰਿਥੀ ਚੰਦ ਨੂੰ ਮਾਰੀ ਵਾਜ।
ਆ ਭਾਈ, ਹੁਣ ਗੁਰੂ ਅਰਜਨ ਦਾ, ਕਰੀਏ ਚੰਗੀ ਤਰ੍ਹਾਂ ਇਲਾਜ।
ਜਹਾਂਗੀਰ ਲਾਹੌਰ ਤਜਾਰ ਹੈ, ਹੋਇ ਰਿਹਾ ਹੈ ਸਾਜ ਸਮਾਜ।
ਬਦਲੇ ਖੂਬ ਲਵਾਂਗੇ ਓਥੇ, ਗਿਣ ਗਿਣ ਸਾਰਾ ਮੂਲ ਬਿਆਜ।

ਚੰਦੂ ਦੀਵਾਨ ਦੀ ਬਾਦਸ਼ਾਹ ਪਾਸ ਚੁਗਲੀ ਕਰਨੀ।

ਜਹਾਂਗੀਰ ਕਸ਼ਮੀਰ ਜਾਂਦਿਆਂ ਫਿਰ ਲਾਹੌਰ ਕੀਤਾ ਇਜਲਾਸ।
ਚੰਦੂ ਸ਼ਾਹ ਨੇ ਸਮਾਂ ਤਾੜ ਕੇ ਚੁਗਲੀ ਕੀਤੀ ਇਸ ਦੇ ਪਾਸ।
ਅੰਮ੍ਰਿਤਸਰ ਵਿਚ ਗੁਰੂ ਅਰਜਨ ਹੈ ਰੱਯਤ ਵਿਚ ਫਸਾਦੀ ਖਾਸ।
ਖਿਸਰੋ ਨਠੇ ਜਾਂਦੇ ਨੂੰ ਉਨ ਆਪਣੇ ਡੇਰੇ ਦਿਤਾ ਵਾਸ।
ਧਨ ਅਸਬਾਬ ਢੇਰ ਕੁਝ ਦਿਤਾ, ਪ੍ਰੇਮ ਨਾਲ ਕਰ ਬਚਨ ਬਿਲਾਸ।
ਵਡੇ ਭਾਈ ਪ੍ਰਿਥੀ ਚੰਦ ਦਾ ਖੋਹ ਅਧਿਕਾਰ ਲਵੇ ਅਰਦਾਸ।
ਅਰ ਇਕ ਰਚੀ ਕਿਤਾਬ ਓਸ ਨੇ ਪੰਥ ਚਲਾਇਆ ਆਪਣਾ ਖਾਸ।

* ਡਾ. ਭਾਈ ਵੀਰ ਸਿੰਘ ਜੀ ਦੀ ਖੋਜ ਅਨੁਸਾਰ ਜਹਾਂਗੀਰ ਨੇ ਸੁਣੇ ਸੁਣਾਏ ਤੇ ਭਰੋਸਾ ਕੀਤਾ ਹਾਲਾਂ ਕਿ ਇਹ ਸੱਚ ਨਹੀਂ।
1. ਸਾਂਝ। 2. ਸੇਕ, ਹਾਨੀ। 3. ਦਮ ਬਰਾਬਰ ਹੋਏ ਮੁਹਾਵਰਾ ਹੈ ਭਾਵ ਸਵਾਸ ਪੂਰੇ ਹੋ ਗਏ।

ਹਜ਼ਰਤ ਪੈਗੰਬਰ[1] ਦੀ ਉਸ ਵਿਚ ਲਿਖ ਨਿੰਦਾ ਕੀਤੇ ਉਪਹਾਸ[2]।
ਰਹੇ ਸਦਾ ਹੰਕਾਰ ਮਤਿਆ, ਮੂਲ ਨਾ ਰਖੇ ਰਾਜ ਤਰਾਸ[3]।
ਉਸ ਦਾ ਬੰਦੋਬਸਤ ਚਾਹੀਏ ਨਹਿ ਤਾਂ ਕਰਸੀ ਢੇਰ ਵਿਣਾਸ[4]।
ਜਹਾਂਗੀਰ ਕੰਨਾਂ ਦਾ ਕੱਚਾ, ਸਚ ਸਮਝਿਆ ਇਹ ਬਕਵਾਸ।
ਹੁਕਮ ਚੜ੍ਹਾਯਾ ਸੂਬੇ ਨੂੰ ਜਾ ਤੁਰਤ ਲਿਆਓ ਮੇਰੇ ਪਾਸ।
ਹਜ਼ਰਤ ਦੀ ਹੱਤਕ ਜਿਨ ਕੀਤੀ, ਉਸ ਦਾ ਕਰਨਾ ਚਾਹੀਏ ਨਾਸ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਰਾਜ ਦਰਬਾਰ ਵਿਚ ਪਹੁੰਚ ਕੇ ਸੱਚ ਪ੍ਰਗਟਾਣਾ

ਆਯਾ ਧੁਰ ਦਰਗਾਹੀਂ ਸਦਾ, ਜਹਾਂਗੀਰ ਦਾ ਨਾਮ ਰਖਾਇ।
ਸਤਿਗੁਰ ਨੇ ਲਖ ਲੀਤਾ ਮਨ ਵਿਚ, ਪਿਤਾ ਪ੍ਰਭ ਦੀ ਇਹੋ ਰਜ਼ਾਇ।
ਭਾਣਾ ਮੰਨ ਤਿਆਰੀ ਕੀਤੀ, ਸਾਰੀ ਸੰਗਤ ਲਈ ਬੁਲਾਇ।
ਸਾਹਿਬਜ਼ਾਦੇ ਹਰਿ ਗੋਬਿੰਦ ਜੀ, ਗੁਰ ਗੱਦੀ ਪਰ ਦਏ ਬਿਠਾਇ।
ਸਭ ਸੰਗਤ ਨੂੰ ਧੀਰਜ ਦੇ ਕੇ, ਮਹਿਲਾਂ ਨੂੰ ਸੰਤੋਸ਼ ਦ੍ਰਿੜਾਇ।
ਅੰਤ ਸਮੇਂ ਸ੍ਰੀ ਹਰਿਮੰਦਰ ਦੇ ਵਿਚ, ਬੈਠੇ ਆਣ ਸਮਾਧੀ ਲਾਇ।
ਅਗਲੇ ਰੋਜ਼ ਤਿਆਰੀ ਕੀਤੀ, ਪਿਤਾ ਪ੍ਰਭੂ ਦਾ ਹੁਕਮ ਵਜਾਇ।
ਉਪਦੇਸ਼ਾਂ ਦਾ ਮੀਂਹ ਵਸਾਂਦੇ, ਵਿਚ ਲਾਹੌਰ ਦੇ ਪਹੁੰਚੇ ਆਇ।
ਸੁਣ ਸੁਣ ਨਾਮ ਗੁਰੂ ਦਾ ਦੂਰੋਂ, ਖਲਕਤ ਆਈ ਹੁੰਮ ਹੁਮਾਇ।
ਲਗੇ ਨਿਹਾਲ ਕਰਨ ਦੁਨੀਆਂ ਨੂੰ, ਸਤਿਨਾਮ[5] ਲੰਗਰ ਵਰਤਾਇ।
ਚਾਰ ਦਿਨਾਂ ਤਕ ਠੰਡਕ ਪਾਈ, ਉਪਦੇਸ਼ਾਂ ਦਾ ਮੀਂਹ ਵਰਸਾਇ।
ਜਹਾਂਗੀਰ ਨੂੰ ਚੰਦੂ ਨੇ ਜਾ ਖਬਰ ਪੁਚਾਈ ਚੁਗਲੀ ਖਾਇ।
ਚਾਰ ਦਿਨਾਂ ਦਾ ਗੁਰੂ ਅਰਜਨ ਆਯਾ, ਬੈਠਾ ਹੈ ਜੋ ਥੜਾ ਜਮਾਇ।
ਪਰ ਹਜ਼ੂਰ ਦੇ ਪਾਸ ਨਾ ਆਯਾ, ਬਣਿਆ ਬੈਠਾ ਆਪ ਖੁਦਾਇ।
ਗੁੱਸਾ ਚਾੜ੍ਹ ਹੁਕਮ ਚੜ੍ਹਾਯਾ, ਸਤਿਗੁਰ ਨੂੰ ਲੀਤਾ ਸਦਵਾਇ।
ਅਰ ਹਜ਼ਰਤ ਦੀ ਨਿੰਦਾ ਵਾਲੀ, ਪੋਥੀ[6] ਭੀ ਭੇਜੀ ਮੰਗਵਾਇ।
ਸ੍ਰੀ ਸਤਿਗੁਰ ਨੇ ਸੱਦਾ ਸੁਣ ਕੇ, ਦਰਸ਼ਨ ਦਿਤਾ ਸ਼ਾਹ ਨੂੰ ਆਇ।
ਗ੍ਰੰਥ ਸਾਹਿਬ ਦੇ ਵਾਕ ਸੁਣਨ ਦਾ, ਸ਼ਾਹ ਨੂੰ ਸੀਗਾ ਵਡਾ ਚਾਇ।
ਜਿਉਂ ਜਿਉਂ ਵਾਕ ਸੁਣੇ ਸਤਿਗੁਰ ਦੇ, ਤਿਉਂ ੨ ਬਝਦਾ ਜਾਇ ਧਿਆਇ।
ਅੰਮ੍ਰਿਤ ਬਰਸੇ ਬਚਨ ਤੋਂ ਹਿਰਦਾ ਸੀਤਲ ਹੁੰਦਾ ਜਾਇ।
ਹਜ਼ਰਤ ਦੀ ਨਿੰਦਾ ਦਾ ਦੂਸ਼ਨ, ਨਾਮ ਮਾਤ੍ਰ ਨਾ ਨਜ਼ਰੇ ਆਇ।
ਸਮਝ ਗਿਆ ਇਹ ਝੂਠੀ ਤੁਹਮਤ, ਵੈਰੀ ਲੋਕਾਂ ਦਿਤੀ ਲਾਇ।

---

1. ਮੁਸਲਮਾਨ ਮੱਤ ਦੇ ਬਾਨੀ ਹਜ਼ਰਤ ਮੁਹੰਮਦ ਸਾਹਿਬ ਤੋਂ ਭਾਵ ਹੈ। ਜੋ ਅਰਬ ਵਿਚ 6ਵੀਂ ਸਦੀ ਵਿਚ ਹੋਏ।
2. ਮਖੌਲ। 3. ਡਰ। 4. ਹਾਨੀ, ਨੁਕਸਾਨ। 5. ਭਾਵ ਰਬ ਦੀ ਯਾਦ ਦਾ ਪ੍ਰਚਾਰ ਕੀਤਾ।
6. ਆਦਿ ਗੁਰੂ ਗ੍ਰੰਥ ਤੋਂ ਭਾਵ ਹੈ।

ਹੋ ਸੰਤੁਸ਼ਟ ਇਧਰ ਤੋਂ ਕਹਿੰਦਾ, ਮੇਰਾ ਖਿਸਰੋ ਨੀਚ ਭਿਰਾਇ।
ਪਾਸ ਤੁਹਾਡੇ ਆਯਾ ਸੀ ਜਦ, ਕਿਉਂ ਕੀਤੀ ਸੀ ਉਦ੍ਹੀ ਸਹਾਇ ?
ਇਸ ਅਪ੍ਰਾਧ ਹੇਤ ਮੈਂ ਚੱਟੀ, ਦੋ ਲੱਖ ਦਿਤੀ ਹੈ ਠਹਿਰਾਇ।
ਪਾਸੋਂ ਚੰਦੂ ਸਵਾਹ਼ੀ ਨੇ ਉਠ, ਇਹ ਸੁਰ ਦਿਤੀ ਨਾਲ ਮਿਲਾਇ।
ਅਰ ਹਜ਼ਰਤ* ਦੀ ਉਪਮਾ ਵੀ, ਕੁਝ ਇਸ ਪੋਥੀ ਵਿਚ ਦਿਓ ਚੜ੍ਹਾਇ।
ਸ਼ਾਹ ਨੂੰ ਭੀ ਇਹ ਗਲ ਭਾ ਗਈ, 'ਹਾਂ' ਕਹਿ ਦਿਤਾ ਸੀਸ ਹਿਲਾਇ।
ਪਰ ਸਤਿਗੁਰ ਨੇ ਬਚਨ ਕਿਹਾ, ਇਹ ਦੋਵੇਂ ਬਾਤਾਂ ਹਨ ਅਨਿਆਇ।
ਖਿਸਰੋ ਇਕ ਅਤਿਥੀ[1] ਜਾਣ ਕੇ, ਅਸਾਂ ਲਿਆ ਸੀ ਤਦੋਂ ਠਰ੍ਹਾਇ।
ਸੰਤ ਸਭਸ ਦੀ ਸੇਵਾ ਕਰਦੇ, ਊਚ ਨੀਚ ਦਾ ਭਰਮ ਮਿਟਾਇ।
ਜੋ ਸੰਗਤ ਦੀ ਚੜ੍ਹਤ ਆਇ, ਸੋ ਸੰਗਤ ਜਾਂਦੀ ਹੈ ਖਾਇ।
ਸਾਡੇ ਪਾਸ਼ ਰੁਪਯਾ ਕਿਥੋਂ ? ਦੋ ਲੱਖ ਚੱਟੀ ਭਰੀ ਨਾ ਜਾਇ।
ਇਹ ਬਾਣੀ ਹੈ ਕੰਚਨ[2] ਰੂਪੀ ਲਿਖਵਾਈ ਹੈ ਆਪ ਖੁਦਾਇ।
ਮੈਂ ਇਸ ਦੇ ਵਿਚ ਆਪਣੇ ਵੱਲੋਂ, ਰੱਤੀ ਖੋਟ ਨਾ ਸਕਾਂ ਰਲਾਇ।
ਜੋ ਹੋਯਾ ਸੋ ਹੁਕਮੀ ਹੋਯਾ, ਹੋ ਨਾ ਸਕੇ ਹੁਣ ਵਾਧ ਘਟਾਇ।
ਚੰਦੂ ਨੇ ਸੁਰ ਭਰੀ ਸ਼ਾਹ ਨੂੰ, ਮੇਰੇ ਜਿੰਮੇ ਦਿਉ ਲਗਾਇ।
ਚੱਟੀ ਭੀ ਭਰ ਲਵਾਂ ਅਤੇ ਉਸਤਤ ਵੀ ਛਡਾਂਗਾ ਲਿਖਵਾਇ।
ਥੋੜੇ ਦਿਨ ਤਕਲੀਫ ਪੁਚਾ ਕੇ, ਸਭ ਕੁਝ ਹੀ ਲੈਸਾਂ ਕਰਵਾਇ।
'ਬੇਹਤਰ'[3] ਕਹਿ ਕੇ ਜਹਾਂਗੀਰ ਤਾਂ, ਆਪ ਗਿਆ ਕਸ਼ਮੀਰ ਸਿਧਾਇ।
ਪਿਛੋਂ ਚੰਦੂ ਸਵਾਹੀ ਨੂੰ, ਬਦਲਾ ਕਢਣ ਦਾ ਲਭਾ ਦਾਇ।
ਆਪਣੇ ਡੇਰੇ ਸਤਿਗੁਰ ਜੀ ਨੂੰ, ਕੈਦੀ ਕਰ ਦਿਤਾ ਪਹੁੰਚਾਇ।

ਚੰਦੂ ਸਵਾਹੀ ਦਾ ਨੀਚ ਵਰਤਨ

ਆ ਗੁਰੂ ਦੇ ਪਾਸ ਬੈਠ ਪੁਛੇ, ਹੁਣ ਦਸੋ ਕੀ ਹੈ ਹਾਲ ?
ਜਾਣ ਬੁਝ ਪਰਤਾਪ ਮਿਰਾ, ਕਿਉਂ ਵੈਰ ਵਧਾਇਆ ਮੇਰੇ ਨਾਲ ?
ਹੁਣ ਵੀ ਜੇਕਰ ਮੰਲ ਲਵੋ ਤਾਂ, ਏਸ ਬਲਾ ਨੂੰ ਦੇਵਾਂ ਟਾਲ।
ਸਾਕ ਮੇਰਾ ਮਨਜ਼ੂਰ ਕਰੋ ਤੇ ਉਪਮਾ ਲਿਖ ਕੇ ਦੇਵੋ ਡਾਲ[4]।
ਨਹੀਂ ਤੇ ਸੋਚ ਲਵੋ ਮੈਂ ਖਿਝਿਆ, ਸਾਰੀ ਸ਼ੇਖੀ ਦਿਊਂ ਨਿਕਾਲ।
ਸੁਣ ਸਤਿਗੁਰ ਬੋਲੇ, ਹੇ ਭਾਈ ! ਇਹ ਹੈ ਤੇਰਾ ਖਾਮ ਖਿਆਲ।
ਸਾਡਾ, ਵੈਰ ਵਿਰੋਧ, ਮਿਤ੍ਰਤਾ, ਉੱਕਾ ਨਹੀਂ ਕਿਸੇ ਦੇ ਨਾਲ।
ਸੰਗਤ ਨੇ ਜੋ ਹੁਕਮ ਭੇਜਿਆ, ਉਸਨੂੰ ਮੈਂ ਨਾ ਸਕਾਂ ਹੁਣ ਟਾਲ।
ਅੰਮ੍ਰਿਤ ਬਾਣੀ ਵਿਚ ਮਿਲਾਣੀ ਵਿਹੁ ਦੀ ਸਿਪੀ ਬੜੀ ਮੁਹਾਲ[5]।

---

* ਮੁਸਲਮਾਨਾਂ ਦੇ ਪੈਗੰਬਰ (ਗੁਰੂ) ਹਜ਼ਰਤ ਮੁਹੰਮਦ ਸਾਹਿਬ ਤੋਂ ਭਾਵ ਹੈ।

1. ਪ੍ਰਾਹੁਣਾ। 2. ਸੋਨਾ। 3. ਚੰਗਾ ਹੈ। 4. ਪਾ ਦਿਓ, ਲਿਖ ਦਿਓ। 5. ਔਖੀ।

ਅਰ ਜੋ ਡਰ ਦਿਖਲਾਵੇਂ ਸਾਨੂੰ, ਇਸ ਦਾ ਭੀ ਕੁਝ ਨਹੀਂ ਖਯਾਲ।
ਜੋ ਕੁਝ ਪਿਤਾ ਪ੍ਰਭੂ ਦਾ ਭਾਣਾ, ਉਸ ਵਿਚ ਸਾਡੀ ਕਿਹੀ ਮਜਾਲ।
ਕਰਤੇ ਦੇ ਭਾਣੇ ਵਿਚ ਰਹਿਣਾ, ਇਹ ਸਾਡੇ ਵਡਿਆਂ ਦੀ ਚਾਲ।
ਇਹ ਸੁਣ ਚੰਦੂ ਖੁਣਸ ਖਾਇਕੇ, ਅਖਾਂ ਕਰਦਾ ਲਾਲੋ ਲਾਲ।
ਪਹਿਰੇ ਦਾਰ ਬੁਲਾ ਕੇ ਕਹਿੰਦਾ, ਇਸ ਨੂੰ ਰਖੋ ਪਾਸ ਬਿਠਾਲ।
ਨਾ ਖਾਏ ਨਾ ਪੀਏ ਅਰ ਨਾ ਅੱਖ ਲਗਾਵੇ ਰੰਚਕ[1] ਕਾਲ।
ਕਸ਼ਟ ਪਾਇ ਕੇ ਫੂਲ ਸੇਜ ਪਰ ਜਾ ਕੇ ਸੁਤਾ ਆਪ ਚੰਡਾਲ।
ਸਤਿਗੁਰ ਭਾਣੇ ਦੇ ਵਿਚ ਬੈਠੇ ਰਹੇ ਸਿਮਰਦੇ ਦੀਨ ਦਿਆਲ।
ਦੁਖ ਵਿਚ ਸੁਖ ਮਨਾਵਣ ਵਾਲੇ, ਮਗਨ ਰਹੇ ਪਜਾਰੇ ਦੇ ਨਾਲ।

ਕਸ਼ਟਾਂ ਦਾ ਕੁੜੱਲ

ਦੇਹੁੰ ਚੜੇ ਚੰਦੂ ਚੜ੍ਹ ਆਯਾ, ਆ ਛੋਹੀ ਓਹੋ ਤਕਰੀਰ[2]।
ਪਰ ਅਗੋਂ ਪਰਵਾਹ ਨਾ ਹੋਈ, ਨਾ ਚੱਲੀ ਇਹ ਭੀ ਤਦਬੀਰ[3]।
ਹੁਕਮ ਚੜਾਯਾ ਭੱਠ ਤਪਾ ਕੇ ਦੇਗਾਂ ਚਾੜ੍ਹ ਉਬਾਲੋ ਨੀਰ।
ਉਬਲਦੇ ਜਲ ਵਿਚ ਬਿਠਾਓ ਭਲੀ ਤਰ੍ਹਾਂ ਭੁਗਤੇ ਤਕਸੀਰ[4]।
ਅੱਗ ਬਲੀ ਜਲ ਤੱਤਾ ਹੋਯਾ, ਵਿਚ ਬਿਠਾਏ ਸਿਖਨ ਪੀਰ।
ਛਾਲੇ ਛਾਲੇ ਹੁੰਦਾ ਜਾਵੇ, ਫੁੱਲਾਂ ਵਰਗਾ ਸੋਹਲ ਸਰੀਰ।
ਪਰ ਮੂੰਹੋਂ 'ਸੀ' 'ਹਾਇ' ਨਾ ਨਿਕਲੀ, ਭਾਣੇ ਅੰਦਰ ਰਹੇ ਸਧੀਰ[5]।
ਕਸ਼ਟਾਂ ਦੇ ਵਿਚ ਦਿਹੁੰ ਗੁਜਰਿਆ, ਅੱਧੀ ਰਾਤ ਗਈ ਦਿਲ ਚੀਰ।
ਉਸ ਵੇਲੇ ਹਿਕ ਬਾਲਾ[6] ਆਈ, ਲੈ ਭੋਜਨ ਤੇ ਛੰਨਾ ਖੀਰ।
ਆਣ ਕਿਹਾ ਹੇ ਪਿਤਾ ਗੁਰੂ ਜੀ, ਸੁਣ ਕੇ ਕਸ਼ਟ ਲਗਾ ਦਿਲ ਤੀਰ।
ਮਾਤਾ ਪਿਤਾ ਮੇਰੇ ਗੁਰ ਨਾਨਕ ਦੀ ਸਿੱਖੀ ਦੇ ਸਿਦਕ ਸਰੀਰ।
ਮੈਂ ਭੀ ਗੁਰਸਿੱਖੀ ਦੀ ਪ੍ਰੇਮਣ, ਬਚਪਨ ਦੇ ਵਿਚ ਰਹੀ ਸਧੀਰ।
ਨਿਹਕਰਮਣ ਚੰਦੂ ਘਰ ਆਈ, ਬਣ ਕੇ ਨੂੰਹ ਬੁਰੀ ਤਕਦੀਰ[7]।
ਪ੍ਰਾਣ ਪ੍ਰਾਣ ਮੈਂ ਦੁਖੀਆ ਹਾਂ, ਕੁਝ ਕਰੋ ਬਚਾਉਣ ਦੀ ਤਦਬੀਰ।
ਭੁੱਖੇ ਭਾਣੇ ਆਪ ਕਦੋਂ ਦੇ, ਅੰਨ ਛਕੋ ਕੁਝ ਪੀਵੋ ਨੀਰ।
ਅਰ ਇਸ ਕਸ਼ਟ ਭਰੇ ਦ੍ਰਿਸ਼ਯ ਨੂੰ, ਆਪ ਸਮੇਟੋ ਆਵੇ ਧੀਰ।
ਸਤਿਗੁਰ ਬੋਲੇ ਪਜਾਰੀ ਪੁਤ੍ਰੀ, ਨਾ ਹੋ ਤੂੰ ਐਡੀ ਦਿਲਗੀਰ[8]।
ਪਿਤਾ ਪ੍ਰਭੂ ਦਾ ਭਾਣਾ ਹੈ ਇਹ, ਸਾਨੂੰ ਨਹੀਂ ਰਤਾ ਭਰ ਪੀਰ[9]।
ਤੂੰ ਆਪਣੀ ਚਿੰਤਾ ਭੀ ਨਾ ਕਰ, ਸਾਈਂ ਕਰ ਦੇਸੀ ਤਦਬੀਰ।

---

1. ਥੋੜਾ ਜੇਹਾ। 2. ਭਾਸ਼ਨ, ਗੱਲ ਬਾਤ। 3. ਵਿਉਂਤ। 4. ਗਲਤੀ। 5. ਧੀਰਜਵਾਨ। 6. ਲੜਕੀ। 7. ਕਿਸਮਤ। 8. ਉਦਾਸ। 9. ਪੀੜ, ਦੁਖ।

ਜਿਸ ਦਿਨ ਅਸੀਂ ਪਯਾਨ[1] ਕਰਾਂਗੇ, ਤੇਰਾ ਭੀ ਛੁਟ ਜਾਗੁ ਸਰੀਰ।
ਇਹ ਭੋਜਨ ਚੰਦੂ ਦੇ ਘਰ ਦਾ, ਜੁੜਿਆ ਪਾਪੀਂ[2] ਚੋ ਚੋ ਸੀਰ[3]।
ਯੋਗ ਨਾ ਅੰਗੀਕਾਰ ਕਰਨ ਦੇ, ਮੋੜ ਲਿਜਾ ਇਹ ਭੋਜਨ ਨੀਰ।
ਉਸਨੂੰ ਤੋਰ ਆਪ ਹੋ ਬੈਠੇ, ਯੋਗਾਸਨ ਪਰ ਗਹਿਰ ਗੰਭੀਰ।
ਦਿਨ ਚੜ੍ਹਿਆ ਅਰ ਚੰਦੂ ਆਯਾ, ਲੈ ਨਾਜ਼ਮ[4] ਦੀ ਨਾਲ ਵਹੀਰ[5]।
ਉਹੋ ਸਵਾਲ ਦੁਹਰਾਯਾ ਦੋਹਾਂ, ਕਰ ਕਰ ਕੇ ਮਿਠੀ ਤਕਦੀਰ।
ਪਰ ਸਤਿਗੁਰ ਦਾ ਅੱਚਲ ਹ੍ਰਿਦਾ, ਪਰਬਤ ਸਮ ਬੋਲੇ ਬਚਨ ਸਧੀਰ।
ਸੰਤ ਬਚਨ ਉਲਟਾਵਨ ਦੀ ਨਾ ਕਰੋ ਬ੍ਰਿਥਾ ਭਾਈ ਤਦਬੀਰ।
ਮੌਤ ਝੂਠ ਤੋਂ ਮਿੱਠੀ ਸਾਨੂੰ, ਮੌਤੋਂ ਨਾ ਇਹ ਡਰੇ ਫਕੀਰ।
ਖਿਝ ਕੇ ਕਿਹਾ ਦੋਹਾਂ ਨੇ ਜੇਕਰ, ਇਉਂ ਨਹੀਂ ਹੁੰਦੀ ਕੁਝ ਤਾਸੀਰ[6]।
ਤੱਤੀ ਰੇਤ ਵਰ੍ਹਾਓ ਉਪਰ, ਛਾਲੇ ਹੋਵੇ ਸਰਬ ਸਰੀਰ।
ਇਹ ਕਹਿ ਆਪ ਅਰਾਮ ਕਰਨ ਨੂੰ, ਚਲੇ ਗਏ ਇਹ ਦੋਵੇਂ ਕੀਰ[7]।

ਪੀਰ ਮੀਆਂ ਮੀਰ ਜੀ ਦਾ ਗੁਰਾਂ ਦੇ ਕਸ਼ਟਾਂ ਤੇ ਦ੍ਰਵਨਾ[8]

ਫੁੱਲੋਂ ਸੈਹਲ ਸਰੀਰ, ਛਾਲਿਆਂ ਭਰਿਆ, ਪੀੜਾ ਨਾਲ ਨਿਢਾਲ।
ਸਤਿਨਾਮੁ ਅਰ ਧੰਨਜਵਾਦ, ਬਿਨ ਗਿਲਾਹ-ਗੁਜ਼ਾਰੀ[9] ਬੋਲਨ ਚਾਲ।
ਹਾਇ, ਓਸ ਦੁਖ ਪੱਛੇ ਤਨ ਪਰ, ਵਰ੍ਹਨ ਲਗੀ ਇਕ ਹੋਰ ਜੁਆਲ[10]।
ਭਰ ਭਰ ਛਾਲੇ ਫਿਸਣ ਲਗੇ, ਵਗਨ ਲਗੀ ਸੜ ਸੜ ਕੇ ਰਾਲ।
ਪਰ ਸੰਤੋਸ਼ੀ ਹਿਰਦਾ ਫਿਰ ਭੀ, ਸਿਮਰ ਰਿਹਾ ਹੈ ਦੀਨ ਦਿਆਲ।
ਕਸਟਾਂ ਵਿਚ ਦਿਨ ਰਾਤ ਬੀਤ ਗਿਆ, ਲਿਵ ਜੁੜਿਆ ਪ੍ਰਮਾਤਮ ਨਾਲ।
ਤਿਸ ਪਰ ਹੋਰ ਕਲੇਸ਼ ਦੇਣ ਨੂੰ, ਆਯਾ ਫਿਰ ਚੰਡਾਲ।
ਨਾਜ਼ਮ ਸੁਣੋ ਆਣ ਕੇ ਸਾਹਵੇਂ, ਕੀਤਾ ਓਹੋ ਸਵਾਲ।
ਅਗੋਂ ਓਹੋ ਉੱਤਰ ਸੁਣ ਕੇ ਅਖਾਂ ਕਰਦਾ ਲਾਲੋ ਲਾਲ।
ਕਹਿਣ ਲਗਾ ਹੁਣ ਲੋਹ ਤਪਾ ਕੇ, ਉਪਰ ਉਸਦੇ ਦਿਉ ਬਿਠਾਲ।
ਭਾਣੇ ਦੇ ਪ੍ਰਿਤਪਾਲਕ ਸਤਿਗੁਰ, ਬੈਠ ਗਏ ਉਸ ਪਰ ਤਤਕਾਲ[11]।
ਮਨ ਪ੍ਰਸੰਨ ਅਰ ਧੰਨਜਵਾਦ ਵਿਚ ਦੁਖ ਸਹੇ ਸਭ ਧੀਰਜ ਨਾਲ।
ਪਰ ਦੇਖਣ ਵਾਲਿਆਂ ਦੇ ਜੀ ਵਿਚ ਕਸ਼ਟ ਦੇਖ ਕੇ ਆਇ ਉਬਾਲ।
ਮੀਆਂ ਮੀਰ ਫਕੀਰ ਹਾਲ ਲਖ[12], ਦਰਸ਼ਨ ਨੂੰ ਆਯਾ ਤਤਕਾਲ।
ਹਿੱਕ ਪਾਟ ਗਈ ਵੇਖ ਕਸ਼ਟ ਨੂੰ, ਹਿਰਦਾ ਹੁੰਦਾ ਜਾਇ ਨਿਢਾਲ।
ਕਹਿੰਦਾ ਕਿਰਪਾ ਕਰੋ ਗੁਸਾਈਂ, ਡਿਠਾ ਜਾਵੇ ਨਾ ਇਹ ਹਾਲ।

---

1. ਤੁਰਨਾ, ਚਲਾਣਾ, ਭਾਵ ਦੇਹਾਂਤ। 2. ਪਾਪਾਂ ਨਾਲ। 3. ਦੁਧ, ਲਹੂ। 4. ਪ੍ਰਬੰਧਕਾਂ ਅਧਿਕਾਰੀਆਂ।
5. ਝੁੰਡ, ਭੀੜ। 6. ਅਸਰ। 7. ਕੰਗਾਲ, ਨੀਚ। 8. ਪੰਘਰਨਾ, ਹਮਦਰਦੀ ਵਿਚ ਆਉਣਾ।
9. ਸ਼ਕਾਇਤ ਕਰਨੀ, ਅਫਸੋਸ ਕਰਨਾ, ਗਿਲਾ ਕਰਨਾ। 10. ਅੱਗ। 11. ਛੇਤੀ। 12. ਜਾਣ ਕੇ।

ਨਸ਼ਟ ਕਰ ਦਿਉ ਦੁਸ਼ਟ ਸਭਾ ਦਾ, ਪਲ ਵਿਚ ਜ਼ਾਹਰ[1] ਕਲਾ[2] ਵਿਖਾਲ।
ਸਤਿਗੁਰ ਬੋਲੇ ਸਾਈਂ ਜੀ, ਇਹ ਕਸ਼ਟ ਸਹਾਰਨ ਨਹੀਂ ਮੁਹਾਲ।
ਪਯਾਰੇ ਦੇ ਭਾਣੇ ਵਿਚ ਸਾਨੂੰ, ਹੋਇ ਰਿਹਾ ਹੈ ਬੜਾ ਸੁਖਾਲ।
ਜਿਥੇ ਬੈਠਾਵੇ ਓਹ ਸੁਆਮੀ, ਓਥੇ ਹੈ ਆਰਾਮ ਕਮਾਲ।
ਧਰਮ ਅਸਾਡਾ ਹੈ ਪ੍ਰਭ ਦੇ ਭਾਣੇ ਵਿਚ ਝੱਲ ਗੁਜ਼ਰਨੀ ਝਾਲ।
ਪਿਖ[3] ਸੰਤੋਖ ਧੰਨ ਧੰਨ ਕਹਿ ਕੇ, ਮੀਰਾਂ ਮੀਰ ਮੁੜੇ ਤਤਕਾਲ।
ਰਾਤ ਪੈ ਗਈ ਕਸ਼ਟਾਂ ਦੇ ਵਿਚ, ਅਧੀ ਰਾਤ ਵਜੇ ਘੜਿਆਲ।
ਆਈ ਫੇਰ ਨੂੰਹ ਚੰਦੂ ਦੀ, ਕਹਿੰਦੀ ਹੈ ਗੁਰ ਦੀਨ ਦਿਆਲ।
ਏਹ ਦੁਖ ਸਹਜਾ ਨ ਜਾਵਣ ਵਾਲਾ, ਕਦ ਤਕ ਰਖਸੋ ਏਹੋ ਹਾਲ।
ਕ੍ਰਿਪਾ ਕਰੋ ਹੁਣ ਬਸ ਕਰਾਓ, ਝੱਲੀ ਜਾਇ ਨ ਪਿਖ ਕੇ ਝਾਲ।
ਸਤਿਗੁਰ ਬੋਲੇ ਭਲਾ ਪੁੱਤਰੀ, ਦੇਖੀ ਜਾਸੀ ਪ੍ਰਾਤਾਕਾਲ।
ਮੁੜਕੇ ਹੋਰ ਸਵੇਰ ਦੁਖਾਂ ਦੀ, ਨਾ ਲਯਾਵੇਗਾ ਪੁਰਖ ਅਕਾਲ।
ਦੇ ਸੰਤੋਸ਼ ਵਿਦਾ ਕਰ ਉਸਨੂੰ ਲਿਵ ਲਾਈ ਪਯਾਰੇ ਦੇ ਨਾਲ।

ਚੰਦੂ ਦੀ ਕ੍ਰੂਰਤਾ[4] ਤੇ ਅੰਤਲੀ ਦਸ਼ਾ

ਵਿਚ ਸਮਾਧ ਸਵੇਰ ਹੋ ਗਈ, ਫਿਰ ਆਇਆ ਚੰਦੂ ਸ਼ੈਤਾਨ।
ਕਹਿੰਦਾ ਅਜੇ ਭੀ ਹੈ ਹਠ ਬਾਕੀ, ਯਾ ਆਯਾ ਹੈ ਸੋਚ ਧਿਆਨ ?
ਹੁਣ ਭੀ ਮੰਨ ਲੌ ਜੇ ਆਖਾਂ, ਕਸ਼ਟਾਂ ਤੋਂ ਬਚ ਜਾਏ ਜਾਨ।
ਬਚਨ ਭਯਾ ਹੇ ਨੀਚ ਤੇਰਾ, ਅਪਵਿਤ੍ਰ ਮਨੋਰਥ ਨੀਚ ਮਹਾਨ।
ਕਦੇ ਨਾ ਪੂਰਾ ਹੋਇ ਸਕੇਗਾ, ਛਡ ਦੇ ਇਸ ਦਾ ਦਿਲੋਂ ਧਿਆਨ।
ਹੋ ਕੇ ਲਾਲ ਬੋਲਿਆ ਚੰਦੂ, ਲਹਿ ਜਾਸੀ ਹੰਕਾਰ ਗੁਮਾਨ।
ਖੱਲ ਗਊ ਦੀ ਦੇ ਵਿਚ ਪੈ ਕੇ ਸੀਤੇ ਜਾਓਗੇ ਜਿਸ ਆਨ[5]।
ਸਤਿਗੁਰ ਬੋਲੇ, ਜੇ ਭਾਣਾ ਹੈ ਉਸ ਤੇ ਸਾਨੂੰ ਨਹੀਂ ਗਿਲਾਨ[6]।
ਪਰ ਪਹਿਲੇ ਤਾਂ ਅਜ ਅਸਾਂ, ਰਾਵੀ ਵਿਚ ਕਰਨਾ ਹੈ ਇਸ਼ਨਾਨ*।
ਇਸਦੇ ਪਿਛੋਂ ਹੁਕਮ ਕਰਤੇ ਦਾ, ਜਿਵ ਹੋਸੀ ਤਿਵ ਕਰਸਾਂ ਆਨ।
ਚੰਦੂ ਨੇ ਭੀ ਸੋਚ ਲਿਆ ਫਿਸੇ ਹਨ ਛਾਲੇ ਸਰਬ ਸਥਾਨ।
ਜਦ ਪਾਣੀ ਲਗ ਚੀਸ ਵਧੇਗੀ, ਦੁਖ ਝਾਗਣਗੇ ਹੋਰ ਮਹਾਨ।
ਰਾਵੀ ਦੇ ਇਸ਼ਨਾਨ ਵਾਸਤੇ, ਜਾਣਾ ਕਰ ਲੀਤਾ ਪਰਵਾਨ।
ਪੈਰੀਂ ਛਾਲੇ ਹੱਥੀਂ ਛਾਲੇ, ਸਰਬ ਸਰੀਰੋਂ ਲਹੂ ਲੁਹਾਨ।
ਤੁਰ ਨਾ ਸਕਨ, ਨਾ ਬੈਠ ਸਕਨ, ਨਾ ਸੁਖ ਹੋਵੇ ਜਦ ਸਿੱਖ ਉਠਾਨ।

---

* ਆਧੁਨਿਕ ਇਤਿਹਾਸਕਾਰਾਂ ਦਾ ਵਿਚਾਰ ਹੈ ਕਿ ਛਾਲਿਆਂ ਵਾਲੇ ਸਰੀਰ ਨੂੰ ਇਸ਼ਨਾਨ ਲਈ ਭੇਜਣਾ ਇਕ ਹੋਰ ਕਰੜੀ ਸਜ਼ਾ ਹੈ ਤੇ ਇਹ ਗੁਰੂ ਜੀ ਦੀ ਮੰਗ ਨਹੀਂ ਸੀ।

1. ਪ੍ਰਗਟ। 2. ਸ਼ਕਤੀ। 3. ਵੇਖ ਕੇ। 4. ਕ੍ਰੋਧ, ਕਰੜਾਈ। 5. ਵੇਲੇ। 6. ਨਫਰਤ।

ਬੜੇ ਕਸ਼ਟ ਦੇ ਨਾਲ ਨਦੀ ਤਕ, ਪਹੁੰਚੇ ਪ੍ਰਭੂ ਦਾ ਕਰੀ ਧਿਆਨ।
ਧੰਨਜਵਾਦ ਅਰ ਭਜਨ ਕਰਦਿਆਂ ਰਾਵੀ ਵਿਚ ਕੀਤਾ ਇਸ਼ਨਾਨ।
ਪਰਮ ਸ਼ਾਂਤਿ ਦੇ ਨਾਲ ਬਹ ਕੰਢੇ, ਪਰ ਲਿਵ ਪਜਾਰੇ ਵਿਚ ਲਾਨ।
ਜਪੁਜੀ ਦਾ ਕਰ ਪਾਠ, ਬੁਲਾ ਕੇ ਸਿਖਾਂ ਨੂੰ ਕੀਤਾ ਫੁਰਮਾਨ।
ਪਰਮ ਪਿਤਾ ਨੇ ਸਦ ਬੁਲਾਯਾ, ਸਾਡਾ ਹੈ ਤਯਾਰ ਪਯਾਨ[1]।
ਛੇਵੇਂ ਗੁਰ ਹਰਿ ਗੋਬਿੰਦ ਜੀ, ਮੀਰੀ ਪੀਰੀ ਦੇ ਸੁਲਤਾਨ।
ਸਿਖੀ ਸਾਂਭ ਨੀਤਿ ਸਿਰ ਚਲ ਕੇ, ਸੰਗਤ ਦੇ ਅਧਿਕਾਰ ਬਚਾਨ।
ਸਤਜ ਧਰਮ ਦੀ ਵਾੜੀ ਨੂੰ ਸਿੰਜਨ ਹਿਤ ਸਾਰਾ ਸਮਾਂ ਲਗਾਨ।
ਇਹ ਕਰ ਹੁਕਮ ਨਦੀ ਦੇ ਕੰਢੇ ਲੇਟ ਲਗੇ ਭਾਣਾ ਵਰਤਾਨ।
ਪਰਮ ਪਿਤਾ ਦੀ ਜਜੋਤੀ ਦੇ ਵਿਚ, ਜੋਤ ਸਮਾਈ ਕੀਆ ਪਯਾਨ।
ਠੀਕ ਉਸ ਵੇਲੇ ਓਧਰ ਨੂੰਹ ਚੰਦੂ ਦੀ ਤਿਆਗੀ ਜਾਨ।
ਦੁਸ਼ਟ ਨੀਚ ਇਤ ਹਸ ਰਿਹਾ ਸੀ ਘਰੋਂ ਸੁਣੌਣੀ ਪਹੁੰਚੀ ਆਨ।
ਇਉਂ ਪਾਪੀ ਨੂੰ ਪਾਪ ਕਰਮ ਦੇ ਰੰਚਕ[2] ਫਲ ਦਾ ਹੋਯਾ ਗਯਾਨ।
ਵਰਤ ਗਈ ਫਿਟਕਾਰ ਮੁਖੇ ਤੇ, ਜੀ ਵਿਚ ਲਗਾ ਪਛੋਤਾਨ।
ਆਪਨੇ ਦੁਸ਼ਟ ਕਰਮ ਪਰ, ਆਉਣ ਲਗੀ ਮੀਚ[3] ਗਿਲਾਨ[4]।
ਦੁਨਯਾਂ ਵਲੋਂ ਸਵਾਹ ਪਈ ਸਿਰ, ਸਵਾਹੀ[5] ਨਾਮ ਹੋਯਾ ਪਰਵਾਨ।
ਲੋਕ ਅਤੇ ਪਰਲੋਕ ਦੁਹਾਂ ਵਿਚ ਕੰਡੇ ਬੀਜ ਬਨ੍ਹਾਈ ਜਾਨ।
ਨਰਕਾਂ ਦੇ ਵਿਚ ਸਦਾ ਰਹਿਣ ਦਾ ਆਪੇ ਹੀ ਕੀਤਾ ਸਮਿਆਨ।
ਸੰਤ ਸਦਾ ਨਿਰਬੰਧ, ਨਿਰੋਧੀ[6] ਦੁਖ ਆਏ ਭੀ ਸੁਖ ਮਨਾਨ।
ਸੰਤਾਂ ਦਾ ਕੁਝ ਵਿਗੜ ਗਿਆ ਨਹੀਂ, ਨਿੰਦਕ ਆਪਨਾ ਕੀਤਾ ਪਾਨ[7]।
ਸੋਲਾਂ ਸੌ ਅਰ ਤਰੇਹਠ ਬਿਕ੍ਰਮੀ ਜੇਠ ਸ਼ੁਕਲ[8] ਪਖੁ ਚੌਥ ਤਿਥਾਇ।
ਕਿਲ੍ਹੇ ਪਾਸ ਲਾਹੌਰ ਸ਼ਹਿਰ ਵਿਚ ਸਤਿਗੁਰ ਜੋਤੀ ਜੋਤ ਸਮਾਇ।
ਸਤਯ ਧਰਮ ਦੀ ਰਾਖੀ ਕੀਤੀ, ਕਸ਼ਟ ਝੱਲੇ ਅਰ ਲਹੂ ਵਹਾਇ।
ਸਚ ਦਵਾਰ ਪਰ ਪਹਿਰਾ ਦਿਤਾ, ਕੁਰਬਾਨੀ ਦੀ ਖੜਗ ਉਠਾਇ।
ਛਾਲੇ ਛਾਲੇ ਦੇਹ ਕਰਾਈ, ਸਚਿਆਈ ਨੂੰ ਲਿਆ ਬਚਾਇ।
ਅੰਮ੍ਰਿਤ ਬਾਣੀ ਭਵ ਸੇਤੂ[9] ਵਿਚ ਹੋਣ ਨਾ ਦਿਤਾ ਮੇਲ ਮਿਲਾਇ।
ਬਲ ਹੁੰਦੇ ਹੋ ਨਿਰਬਲ ਲੀਤੇ ਭਾਣੇ ਦੇ ਵਿਚ ਕਸ਼ਟ ਉਠਾਇ।
ਸਤ ਸੰਗਤ ਦਾ ਮਾਨ ਰਖ ਲਿਆ, ਆਪਣੇ ਉਪਰ ਬਿਪਤਾ ਪਾਇ।
ਗੁਰ ਨਾਨਕ ਦੀ ਵਾੜੀ ਦੇ ਵਿਚ, ਸਚੇ ਸਚੇ ਫੁੱਲ ਖਿੜਾਇ।
ਨਾਮ ਪਵਿਤਰ ਜਗ ਵਿਚ ਰੋਸ਼ਨ, ਕਰਕੇ ਦਰਗਾਹ ਗਏ ਸਿਧਾਇ।

---

1. ਚਲਣਾ। 2. ਕੁਝ ਕੁ। 3. ਮੌਤ, ਹੋ ਸਕਦਾ ਹੈ ਕਿ ਇਥੇ ਸ਼ਬਦ ਨੀਚ ਹੋਵੇ। 4. ਨਫਰਤ, ਸੂਗ।
5. ਸਵਾਈ, ਇਤਿਹਾਸਕਾਰਾਂ ਅਨੁਸਾਰ ਖਤ੍ਰੀਆਂ ਦੀ ਉਪ ਜਾਤ ਹੈ। 6. ਜਿਸ ਦਾ ਆਪਣੇ ਆਪ ਤੇ ਕਾਬੂ ਹੈ।
7. ਭੁਗਤਦੇ ਹਨ, ਪਾਉਂਦੇ ਹਨ। 8. ਚਾਨਣਾ ਪੱਖ (ਸਦੀ)। 9. ਚਿੱਟੇ ਸਮੁੰਦਰ।

ਪਰੁਪਕਾਰ ਅਰ ਧੀਰ ਧਰਮ ਦੀ, ਸਿਖਯਾ ਸਭ ਨੂੰ ਗਏ ਸਿਖਾਇ।
ਧੀਰਯਤਾ ਦੀ ਸੋਭਾ ਲੈ ਕੇ, ਪਿਤਾ ਪ੍ਰਭੂ ਪਹਿ ਪਹੁੰਚੇ ਜਾਇ।
ਧੰਨ ਧੰਨ ਦੀ ਧੁਨੀ ਉਚਾਰੀ, ਦੇਵਤਿਆਂ ਨੇ ਫੂਲ ਬਰਸਾਇ।
ਹਾਹਾਕਾਰ ਜਗਤ ਵਿਚ ਹੋਯਾ, ਦ੍ਰਵੀ-ਭੂਤਿ[1] ਗਮ ਚਿੰਤਾ ਖਾਇ।
ਸੰਤ ਹਿਰਦੇ ਰੁਖਾਂ ਵਤ ਡੋਲੇ, ਹੁਣ ਗੁਰ ਗਮਨ[2] ਗਏ ਅਕੁਲਾਇ।
ਸਿਖ ਸੰਗਤ ਨੇ ਜਲ ਪਰਵਾਹੇ, ਜਿਉਂ ਗੁਰ ਆਪ ਗਏ ਫੁਰਮਾਇ।
ਕਿਲ੍ਹੇ ਪਾਸ ਇਕ ਯਾਦਗਾਰ ਹੈ,* ਦੇਖ ਜਿਨ੍ਹੂੰ ਗੁਰ ਚੇਤੇ ਆਇ।
ਜੇਠ ਸ਼ੁਕਲ ਪਖ ਚੌਥ ਹਰ ਵਰ੍ਹੇ, ਸੰਗਤ ਜੋੜੇ ਕਰੇਂਦੀ ਆਇ।

ਸਾਡੀ ਵਿਚਾਰ ਯੋਗ ਦਸ਼ਾ

ਹੇ ਮਨ ! ਪੜ੍ਹ ਇਹ ਪਾਵਨ[3] ਜੀਵਨ, ਬੁਕਲ ਦੇ ਵਿਚ ਝਾਤੀ ਮਾਰ।
ਜਿਸ ਪਵਿਤ੍ਰ ਬੂਟੇ ਦਾਫਲ ਹੈਂ, ਉਸਦਾ ਕੀ ਹੈ ਗੁਣ ਬਲਕਾਰ ?
ਜਿਸ ਧਰਤੀ ਦੀ ਮਿਟੀ ਹੈਂ ਤੂੰ, ਕੀ ਉਸਦਾ ਗੁਣ ਲੀਤਾ ਧਾਰ ?
ਵਡੇ ਵਡੇਰੇ ਸਾਡੇ ਜਿਸ ਸਚਿਆਈ ਪਰ ਹੋ ਗਏ ਨਿਸਾਰ[4]।
ਅਸੀਂ ਓਸ ਸਚਿਆਈ ਦਾ ਕੀ ਕਰਦੇ ਹਾਂ ਆਦਰ ਸਤਿਕਾਰ ?
ਪ੍ਰਣ ਪਾਲਣ ਵਿਚ ਪਿਤਾ ਪਿਤਾਮਾ, ਸਾਡੇ ਕੈਸੇ ਸਨ ਤਯਾਰ।
ਅਸੀਂ ਉਨ੍ਹਾਂ ਦੀ ਅੰਸਾਂ ਹੋ ਕੇ, ਕੀ ਗੁਣ ਕੀਤੇ ਅੰਗੀਕਾਰ ?
ਡੁੱਬ ਮਰਨ ਦੀ ਥਾਉਂ ਨਹੀਂ ? ਜੋ ਸਾਡੇ ਹਨ ਆਚਾਰ[5] ਵਿਹਾਰ।
ਟਕੇ ਟਕੇ ਪਰ ਧਰਮ ਵੇਚਦੇ ਆਇ ਨ ਮਨ ਵਿਚ ਰਤਾ ਵਿਚਾਰ।
ਧ੍ਰਿਗ ਹੈ ਐਸੇ ਜੀਵਨ ਉੱਪਰ ਜੋ ਡੋਬੇ ਵਡਿਆਂ ਦੀ ਕਾਰ।
ਕਦਮ ਕਦਮ ਪਰ ਠੇਡੇ ਖਾ ਖਾ ਡਿਗਦੇ ਫਿਰੀਏ ਮੂੰਹ ਦੇ ਭਾਰ।
ਧਰਮ, ਭਾਵ, ਅਰ ਧੀਰ, ਸਚਾਈ, ਉੱਡ ਗਏ ਹਨ ਪੰਛੀ ਹਾਰ[6]।
ਵਡਿਆ ਨੇ ਜੋ ਪਾਏ ਪੂਰਨੇ ਮੇਟੀ ਜਾਈਏ, ਧਰਮ ਵਿਸਾਰ।
ਸੱਚ ਜੇੜ੍ਹੇ ਨੂੰ ਦਸਾਂ ਗੁਰਾਂ ਨੇ ਲਹੂ ਵੀਟ[7] ਰਖਿਆ ਸੰਭਾਰ।
ਓਸ ਸਚ ਨੂੰ ਅਸੀਂ ਰੁਲਾਈਏ, ਪੈਰਾਂ ਹੇਠ ਨਾ ਲਈਏ ਸਾਰ।
ਸਾਡੇ ਜੈਸਾ ਨੀਚ ਕੌਣ ਹੈ ? ਵਡਿਆਂ ਦੇ ਕੀਤੇ ਉਪਕਾਰ।
ਦਿਨ ਦਿਨ ਦਿਲੋਂ ਭੁਲਾਂਦੇ ਜਾਈਏ, ਪੈ ਪੈ ਮਨਮਤ ਜੂਹ ਮਝਾਰ।

---

* ਲਾਹੌਰ (ਹੁਣ ਪਾਕਿਸਤਾਨ) ਵਿਚ ਕਿਲੇ ਦੇ ਨਾਲ ਹੀ ਗੁਰਦੁਆਰਾ ਡੇਹਰਾ ਸਾਹਿਬ ਹੈ ਜਿਥੇ ਜੂਨ ਦੇ ਮਹੀਨੇ ਵਿਚ ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਉਤੇ ਬੜਾ ਭਾਰੀ ਮੇਲਾ ਲਗਦਾ ਸੀ, ਜਿਸ ਨੂੰ ਜੋੜ ਮੇਲਾ ਹੀ ਆਖਦੇ ਸਨ, ਹੁਣ ਭੀ ਉਚੇਚੀ ਆਗਿਆ ਨਾਲ ਕੁਝ ਸਿੰਘ, ਪੰਜਾਬ ਤੋਂ ਉਸ ਦਿਨ ਲਾਹੌਰ ਜਾਂਦੇ ਹਨ, ਲਾਹੌਰ, ਅੰਮ੍ਰਿਤਸਰ ਤੋਂ ਕੇਵਲ 35 ਮੀਲ ਪੱਛਮ ਵਲ ਹੈ। (55 ਕਿਲੋ ਮੀਟਰ)

1. ਪੰਘਰ ਜਾਣਾ, ਹਮਦਰਦੀ ਵਿਚ ਆਉਣਾ। 2. ਜਾਣਾ। 3. ਪਵਿੱਤਰ। 4. ਕੁਰਬਾਨ।
5. ਆਚਰਨ, ਚਾਲ ਚਲਣ, ਲਛਣ। 6. ਵਾਂਗ। 7. ਡੋਲ੍ਹ।

ਚਾਤ੍ਰਿਕ ਰਚਨਾਵਲੀ

ਸੰਪਾਦਕ

ਸ. ਸ. ਅਮੋਲ

PUNJABI UNIVERSITY PATIALA

ਪਬਲੀਕੇਸ਼ਨ ਬਿਊਰੋ
ਪੰਜਾਬੀ ਯੂਨੀਵਰਸਿਟੀ, ਪਟਿਆਲਾ

ਸ੍ਰੀ ਗੁਰੂ ਤੇਗ ਬਹਾਦਰ ਜੀ ਦਾ ਦੀਨ ਰਖਿਆ ਹਿਤ ਬਲੀਦਾਨ
'ਤੇਗ ਬਹਾਦਰ ਸੀ ਕ੍ਰਿਆ ਕਰੀ ਨਾ ਕਿਨਹੂੰ ਆਨ॥ '*

Illustrious spirits have conversed with love,
Have in her school been taught, as are are enough,
To consecrate distress and make ambition,
Even wish the frown beyond the smile of fortune, #

ਅਸ਼ਟਮ ਗੁਰ ਹਰਿ ਕ੍ਰਿਸ਼ਨ ਜੀ, ਜਬ ਕਰਜੋ ਤਿਆਰਾ।
'ਬਾਬਾ ਗੁਰੂ ਬਕਾਲੜੇ' ਇਹ ਵਾਕ ਉਚਾਰਾ।
ਸੰਗਤ ਭੇਵ[1] ਨਾ ਪਾਇਆ ਕੌਣ ਰਖਣ ਹਾਰਾ ?
ਵਿਚ ਬਕਾਲੇ ਸੋਢੀਆਂ ਪਾਖੰਡ ਖਿਲਾਰਾ।
ਬਾਈ ਮੰਜੇ ਡਾਹ ਕੇ, ਲੈਣ ਲਗੇ ਪੁਜਾਰਾ[2]।
ਸਚ ਨਾ ਕਿਧਰੇ ਦਿਸਦਾ ਸਭ ਕੂੜ ਪਸਾਰਾ।
ਸੰਗਤ ਤਰਸੇ ਗੁਰੂ ਨੂੰ, ਕਿਤ ਹੋਏ ਨਜ਼ਾਰਾ ?
ਪੋਲੇ ਢੋਲਾਂ ਨਾਲ ਨਾ ਕੁਝ ਹੋਏ ਸਹਾਰਾ।
ਮਖਣ ਸ਼ਾਹ ਸੁਦਾਗਰੀ ਕਰ ਘਰ ਨੂੰ ਆਯਾ।
ਦੇਣੀ ਸੀ ਜੋ ਸੁਖਣਾ ਸੋ ਨਾਲ ਲਿਆਯਾ।
ਵੇਖ ਗੁਰੂ ਅਣਗਣਵੇਂ ਡਾਢਾ ਘਬਰਾਯਾ।
ਅਸਲੀ ਗੁਰੂ ਪਛਾਣ ਹਿਤ ਤਬ ਖੇਲ ਬਣਾਯਾ।
ਦੋ ਦੋ ਮੋਹਰਾਂ ਰਖ ਕੇ ਜਾ ਸੀਸ ਨਿਵਾਇਆ।
ਕਿਸੇ ਨਾ ਅਗੋਂ ਪਰਤਿਆ ਨਾ ਹਾਲ ਸੁਣਾਯਾ।
ਫੋਕੇ ਮੰਜੇ ਵੇਖ ਕੇ ਮੁੜ ਪਿਛੇ ਆਇਆ।
ਲਾਂਭੇ ਬੈਠੇ ਸੰਤ ਇਕ ਸੁਣ ਪਾਸ ਸਿਧਾਯਾ।
ਦੋ ਮੋਹਰਾਂ ਕਰ ਨਮਸਕਾਰ ਜਾ ਭੇਟ ਚੜਾਂਦਾ।
'ਬਾਬਾ ਤੇਗਾ' ਬੋਲਿਆ ਭਈ ਗੁਰ ਦਾ ਛਾਂਦਾ[3]।

---

* ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਤੁਕ।

ਚਮਕਦੀਆਂ ਉੱਚੀਆਂ ਰੂਹਾਂ ਨੇ ਦੁੱਖਾਂ ਨਾਲ ਗੱਲਾਂ ਕੀਤੀਆਂ ਹਨ। ਉਨ੍ਹਾਂ ਨੂੰ ਸਕੂਲ ਵਿਚ ਪੜ੍ਹਾਇਆ ਹੀ ਏਹੋ ਗਿਆ ਹੈ ਕਿ ਕਾਫ਼ੀ ਹੈ ਜੋ ਉਦਾਸੀ ਨੂੰ ਪਵਿੱਤਰ ਮੰਨੋ ਤੇ ਉਚੇ ਆਸ਼ੇ ਰਖੋ। ਘ੍ਰਿਣਾ ਨੂੰ, ਕਿਸਮਤ ਦੀ ਹਾਸੀ ਤੋਂ ਪਾਰ ਭੀ, ਜੀਉ ਆਇਆਂ ਕਹੋ।

1. ਭੇਤ। 2. ਪੂਜਾ। 3. ਹਿੱਸਾ।

ਪੰਜ ਸੌ ਮੋਹਰ ਨਿਕਲਦੀ, ਜੋ ਚੁਕ ਲਿਆਂਦਾ।
ਬੇੜਾ ਸ਼ਹੁ ਦਰਯਾ ਵਿਚ ਜਦ ਰੁੜ੍ਹਦਾ ਜਾਂਦਾ।
ਤਦ ਤੂੰ ਸੁੱਖੀ ਸੁਖਣਾ ਹੁਣ ਮੁਕਰ ਜਾਂਦਾ।
ਸੁਣ ਕੇ ਸ਼ਾਹ ਪਤੀਜਿਆ ਝੁੱਲਾਂ ਬਖਸ਼ਾਂਦਾ।
ਪੰਜ ਸੌ ਮੋਹਰ ਚੜ੍ਹਾਇ ਕੇ ਚੜ ਕੋਠੇ ਆਂਹਦਾ,
'ਗੁਰ ਲਾਧੋ ਰੇ ਸਚੜਾ' ਮੈਂ ਸਚ ਸੁਣਾਂਦਾ।
ਤੇਗ ਬਹਾਦਰ ਸਤਿਗੁਰੂ ਦੀਨ ਦੁਨੀ ਸਹਾਈ।
ਬੈਠੇ ਵਿਚ ਇਕਾਂਤ ਦੇ ਇਕ ਝੁੱਗੀ ਪਾਈ।
ਹੋਰਾਂ ਡਾਹੀਆਂ ਮੰਜੀਆਂ ਏਹ ਬਣੇ ਖ਼ੁਦਾਈ।
ਸੁਣ ਕੇ ਮੱਖਣ ਸ਼ਾਹ ਤੋਂ ਝੁਕ ਪਈ ਲੁਕਾਈ।
ਸੰਗਤ ਹੁੰਮ ਹੁਮਾਇ ਕੇ ਦਰਸ਼ਨ ਨੂੰ ਆਈ।
ਪਿਛਲੀ ਰੀਤੇ ਹਥ ਜੋੜ ਦਿਤੀ ਗੁਰਿਆਈ।
ਗਦੀ ਬੈਠੇ ਗੁਰੂ, ਉਠ ਗਏ ਮੰਜੇ ਬਾਈ।
ਭਟਕਦਿਆਂ ਨੂੰ ਮਿਲ ਗਏ ਸੰਗਤ ਪਤਿਆਈ।
ਵਧਦਾ ਵੇਖ ਪ੍ਰਤਾਪ ਨੂੰ ਸੋਢੀ ਖਣਸਾਏ[1]।
ਧੀਰ ਮਲ ਨੇ ਗੁਰੂ ਤੇ ਕਈ ਵਾਰ ਚਲਾਏ।
ਪਰ ਆਤਮ ਬਲ ਨਾਲ ਹੀ ਗੁਰ ਪਰੇ ਹਟਾਏ।
ਸੰਗਤ ਨੂੰ ਉਪਦੇਸ਼ ਦੇ ਸਤ ਮਾਰਗ ਪਾਏ।
ਜੋ ਚਲ ਆਯਾ ਨਾਮ ਦੇ ਉਪਦੇਸ਼ ਸੁਣਾਏ।
ਸਤ ਧਰਮ ਨਿਰਮਾਣਤਾ ਦੀ ਚਾਲ ਸਿਖਾਏ।
ਚੜ੍ਹਤ ਚੜ੍ਹਾਵਾ ਆਇ ਜੋ, ਸੋ ਸੰਗਤ ਖਾਏ।
ਸਤਿਗੁਰ ਗਹਿਰ ਗੰਭੀਰ ਜੀ ਨਾ ਹਥ ਲਗਾਏ।
ਉਠੇ ਗੁਰੂ ਬਕਾਲਿਓਂ ਅੰਮ੍ਰਿਤਸਰ ਚਲੇ।
ਮੰਦਰ ਦਿਆਂ ਪੁਜਾਰੀਆਂ ਦੇ ਅੰਦਰ ਹੱਲੇ।
ਸਭ ਪੂਜਾ ਦਰਬਾਰ ਦੀ ਇਹ ਆ ਕੇ ਮੱਲੇ।
ਬੂਹੇ ਮਾਰੇ ਅੰਦਰੋਂ ਵੜ ਬੈਠੇ ਕੱਲੇ।
ਆਏ ਸਨਗੇ ਸਤਿਗੁਰੂ ਦਰਸ਼ਨ ਦੀ ਖਾਤਰ,
ਪਰ ਡਿੱਠਾ ਜਦ ਸੜ ਗਏ, ਲੋਭੀ ਇਹ ਧਨ ਦੇ।
'ਅੰਦਰ ਸੜੀਏ ਸੜਨਗੇ ਸਦ ਹੀ ਵਿਚ ਮਨ ਦੇ।'[2]
ਕਹਿ ਬਾਹਰ ਬਹਿ, ਤੁਰ ਗਏ ਵਲ 'ਵੱਲੇ'[3] ਬਨ ਦੇ।

---

1. ਗੁੱਸੇ ਵਿਚ ਆਏ। 2. ਨਵੀਨ ਇਤਿਹਾਸਕਾਰ ਇਸ ਸਰਾਪ ਨੂੰ ਭਰੋਸੇ ਯੋਗ ਨਹੀਂ ਸਮਝਦੇ।
3. ਵੱਲਾ (ਵੇਰਕਾ) ਨਾਂ ਦਾ ਨਗਰ, ਅੰਮ੍ਰਿਤਸਰ ਦੇ ਪਾਸ ਹੀ ਹੈ ਉਥੇ ਬਸੰਤ ਪੰਚਮੀ ਤੋਂ 10 ਦਿਨ ਪਿਛੋਂ ਪੂਰਨਮਾਸ਼ੀ ਨੂੰ ਕੋਠੇ ਸਾਹਿਬ ਦਾ ਮੇਲਾ ਲਗਦਾ ਹੈ।

ਫਿਰ ਏਥੋਂ ਕੀਰਤ ਪੁਰੇ ਵੱਲ ਕਰੀ ਚੜ੍ਹਾਈ।
ਨਗਰੀ ਫੇਰ ਅਨੰਦ ਪੁਰ ਦੀ ਜਾਇ ਵਸਾਈ।
ਦੇ ਛਟੇ ਉਪਦੇਸ਼ ਦੇ ਠੰਡਕ ਵਰਤਾਈ।
ਬੀਜ ਧਰਮ ਦਾ ਬੀਜਿਆ, ਵਿਚ ਸੜੀ ਲੁਕਾਈ।
ਲੰਗਰ ਲਾਯਾ ਨਾਮ ਦਾ ਜੋ ਆਵੇ ਖਾਵੇ।
ਦੁਨੀਆਂ ਦੀ ਅਗ ਸਾੜਿਆਂ ਆ ਤ੍ਰਿਪਤੀ ਪਾਵੇ।
ਬਾਣੀ ਅੰਮ੍ਰਿਤ ਰੂਪ ਸੁਣ ਦੁਖ ਸਾਰਾ ਜਾਵੇ।
ਦੇਸ਼ ਦਿਸੌਰੋਂ ਹੁੰਮਦੀ ਸੰਗਤ ਚਲ ਆਵੇ।
ਦੇ ਛੱਟੇ ਪੰਜਾਬ ਵਿਚ ਪੂਰਬ ਵਲ ਆਏ।
ਕਾਸ਼ੀ, ਮਥਰਾ, ਆਗਰਾ, ਪਰਯਾਗ, ਸਿਧਾਏ।
ਬੱਦਲ ਸਤ-ਉਪਦੇਸ਼ ਦੇ ਸਭ ਥਾਉਂ ਵਸਾਏ।
ਪਟਣੇ ਰਾਜੇ ਬਿਸ਼ਨ ਸਿੰਘ ਦੇ ਪਾਸ ਗਵਾਏ[1]।
ਏਥੋਂ ਤੁਰੇ ਅਸਾਮ ਨੂੰ ਸਤਿਗੁਰ ਕ੍ਰਿਪਾਲਾ।
ਤੁਰਿਆਂ ਜਾਂਦਿਆਂ ਤਾਰਿਆ ਢਾਕਾ—ਬੰਗਾਲਾ।
ਰਾਮ ਰਾਇ ਅਸਾਮ ਪਤੀ ਨੂੰ ਨਦਰ ਨਿਹਾਲਾ।
ਬਿਸ਼ਨ ਸਿੰਘ ਦੇ ਜੁਧ ਵਿਚ ਕਰਵਾਯਾ ਟਾਲਾ।
ਲਖਾਂ ਬੰਜਰ ਹਿਰਦਿਆਂ ਵਿਚ ਪ੍ਰੇਮ ਉਗਾਯਾ।
ਲੱਖਾਂ ਮੂਰਖ ਪਾਪੀਆਂ ਨੂੰ ਰਾਹੇ ਪਾਯਾ।
ਲੱਖਾਂ ਨੀਚ ਕੁਕਰਮੀਆਂ ਨੂੰ ਧਰਮ ਸਿਖਾਯਾ।
ਝੰਡਾ ਸਚੇ ਧਰਮ ਦਾ ਸਰਬਤ੍ਰ ਝੁਲਾਯਾ।
ਜਿੱਧਰ ਬਾਬਾ ਜਾ ਵੜੇ ਨਾਮ ਲੰਗਰ ਲਗੇ।
ਨਦੀ ਵਹੇ ਉਪਦੇਸ਼ ਦੀ ਖਲਕਤ ਦੇ ਅਗੇ।
ਪੱਲੇ ਬੰਨ੍ਹਣ ਨਾਮ ਨੂੰ ਪਾਪਾਂ ਦੇ ਠੱਗੇ।
ਕਾਲੇ ਆਵਣ ਹਿਰਦਿਓਂ ਹੋ ਜਾਵਣ ਬੱਗੇ।
ਏਨੀਂ ਦਿਨੀਂ ਔਰੰਗਜ਼ੇਬ ਦੀ ਸੀ ਪਾਤਿਸ਼ਾਹੀ।
ਜਿਸ ਆਂਦੀ ਸੀ ਦੇਸ ਦੇ ਸਿਰ ਘੋਰ ਤਬਾਹੀ।
ਦੀਨ ਵਧਾਉਣ ਵਾਸਤੇ ਫੜ ਕਾਤੀ ਵਾਹੀ।
ਦੇਸ਼ੀਂ ਇਸਦੇ ਕਹਿਰ ਦੀ ਫਿਰ ਰਹੀ ਦੁਹਾਈ।
ਸਕੇ ਵੀਰ ਫੜਾਇ ਕੇ ਜਾਨੋ ਮਰਵਾਏ।
ਪਿਉ ਨੂੰ ਕੈਦ ਪਾਇ ਕੇ, ਖੁਦ ਹੁਕਮ ਚਲਾਏ।
ਖੂਨੀ ਹਿਰਦਾ ਖੂਨ ਨੂੰ, ਹਰ ਵੇਲੇ ਚਾਹੇ।
ਪਾਇ ਬਹਾਨਾ ਧਰਮ ਦਾ ਹਿੰਦੂ ਮਰਵਾਏ।

1. ਗਏ।

ਮਣ ਮਣ ਜੰਞੂ ਲਾਹ ਕੇ ਤਦ ਰੋਟੀ ਖਾਂਦਾ।
ਜੋ ਨਾ ਮੰਨੇ ਦੀਨ ਨੂੰ, ਤਿਸ ਕਤਲ ਕਰਾਂਦਾ।
ਜੀਉਂਦੇ ਚਰਖੀਂ ਚਾੜ੍ਹ ਕੇ ਵਡ ਕਸ਼ਟ ਦਿਵਾਂਦਾ।
ਦੇਸ਼ ਨਿਮਾਣਾ ਹੋ ਗਿਆ ਰੋਂਦਾ ਕੁਰਲਾਂਦਾ।
ਢਾਹ ਲਗੀ ਹਿੰਦਵਾਣ ਨੂੰ ਕੁਝ ਪੇਸ਼ ਨਾ ਜਾਏ।
ਲਖਾਂ ਹਿੰਦੂ ਪਕੜ ਕੇ ਮੁਸਲਮ ਬਣਵਾਏ।
ਧਰਮ ਜਿਨ੍ਹਾਂ ਨੇ ਰਖਿਆ ਤੇਗੀਂ ਕਟਵਾਏ।
ਬਲ ਬਲ ਆਹੀਂ ਉਠਦੀਆਂ ਰਬ ਕਜ਼ੀਏ ਪਾਏ।
ਲਖਾਂ ਬਾਲਕ ਵਿਲਕਦੇ, ਪਿਉ ਸਿਰ ਤੋਂ ਮੋਯਾ।
ਲਖਾਂ ਰੋਵਣ ਤੀਵੀਆਂ ਸਿਰ ਨੰਗਾ ਹੋਇਆ।
ਲਖਾਂ ਮਾਵਾਂ ਬੁਢੀਆਂ ਦਾ ਬੱਚਾ ਕੋਹਿਆ।
ਧਰਮ ਸਭਸ ਦਾ ਰਾਉ ਨੇ ਦੇ ਡੰਡਾ ਖੋਹਿਆ।
ਪਾਪ ਅਗਨ ਪਰਚੰਡ ਹੋ ਛੱਡੇ ਫਰਲਾਟੇ।
ਵੇਖ ਦਿਸ਼ਾ ਹਿੰਦਵਾਣ ਦੇ ਹੁਣ ਹਿਰਦੇ ਪਾਟੇ।
ਰੋਵਣ ਬਾਲਕ ਤੀਵੀਆਂ ਕਰ ਨੰਗੇ ਝਾਟੇ।
ਕਿਥੋਂ ਪੂਰੇ ਹੋਣਗੇ ? ਏਹ ਰੱਬਾ ਘਾਟੇ।
ਦੁਖੀ ਸਤਾਈ ਸ਼ਾਹ ਦੀ ਪਰਜਾ ਮੌਤਾਣੀ।
ਤੜਫ ਰਹੀ ਬਿਨ ਆਸਰੇ ਜਿਉਂ ਮੱਛੀ ਪਾਣੀ।
ਪੀਪੂੰ ਕੀਤਾ ਜੁਲਮ ਨੇ ਜਿਉਂ ਕੋਲੂ ਘਾਣੀ।
ਮਿਲੇ ਨਾ ਨਾਲ ਆਰਾਮ ਦੇ, ਬਹਿ ਰੋਟੀ ਖਾਣੀ।
ਤੇਗ ਬਹਾਦਰ ਗੁਰੂ ਪਹਿ, ਚਲ ਖਲਕਤ ਆਈ।
ਦੀਨ ਦੁਨੀ ਦੇ ਥੰਮ ਹੋ ਕੁਝ ਕਰੋ ਸਹਾਈ।
ਇਸ ਜਰਵਾਣੇ ਰਾਜ ਨੇ ਹੁਣ ਅੱਤ ਉਠਾਈ।
ਕਿਥੋਂ ਜਾਈਏ ਭੱਜ ਕੇ ਥਾਂ ਰਹੀ ਨਾ ਕਾਈ ?
ਲਖਾਂ ਧਰਮੀ ਤਲੀ ਤੇ ਧਰ ਜਿੰਦ ਖਲੋਤੇ।
ਨੇਜੇ ਸ਼ਾਹ ਔਰੰਗ ਦੇ ਵਿਚ ਗਏ ਪਰੋਤੇ।
ਉਡੇ ਜਾਵਣ ਹਿੰਦੂਆਂ ਦੇ ਹੱਥੋਂ ਤੋਤੇ।
ਕੇਹੜੀ ਜਾਹਰੀ[1] ਬੰਨੀਏ ਦੁਖ ਜਾਵਣ ਧੋਤੇ ?
ਸੁਣ ਕੇ ਬੋਲੇ ਸਤਿਗੁਰੂ ਦੇ ਧੀਰ ਸਹਾਰਾ।
ਹੁਣ ਖਲਕਤ ਦਾ ਇਸ ਤਰ੍ਹਾਂ ਨਹਿ ਹੋਗ ਗੁਜ਼ਾਰਾ।
ਸਿਰ ਦੇਵੇਗਾ ਕੌਮ ਤੋਂ ਜਦ ਕੋਈ ਪਿਆਰਾ।

1. ਬਾਹਰੋਂ ਕੀ ਭੇਸ ਬਣਾਈਏ।

ਤਦ ਹੋਵੇਗਾ ਦੇਸ ਦਾ ਪਾਪੋਂ ਛੁਟਕਾਰਾ।
ਸਦਕੇ ਹੋ ਕੇ ਦੇਸ ਤੋਂ ਮੈਂ ਧਰਮ ਬਚਾਊਂ।
ਆਈ ਬਿਪਤਾ ਦੇਸ਼ ਤੇ ਸਿਰ ਆਪਣੇ ਚਾਊਂ।
ਦੁਨੀਆਂ ਖਾਤਰ ਆਪਣਾ ਮੈਂ ਲਹੂ ਵਹਾਊਂ
ਸਚ ਬਚਾਉਣ ਵਾਸਤੇ ਸਿਰ ਬਲੀ ਚੜ੍ਹਾਊਂ।
ਜਾਣ ਰਪੋਟਾਂ ਸ਼ਾਹ ਪਾਸ ਇਕ ਸਿਖ ਫਕੀਰ।
ਸਾਰੇ ਦੇਸ਼ੀਂ ਮੰਨਿਆਂ ਪੀਰਾਂ ਦਾ ਪੀਰ।
ਜਿਥੇ ਜਾ ਉਪਦੇਸ਼ ਦਾ ਛਡ ਦੇਵੇ ਤੀਰ।
ਓਥੇ ਸਾਡੀ ਵਾਅਜ਼[1] ਦੀ ਛੁੱਟੇ ਤਦਬੀਰ।
ਵਾਹ ਬਥੇਰੀ ਲਾਵੀਏ, ਪਰ ਕੋਈ ਨਾ ਮਾਨੇ।
ਲਖਾਂ ਉਸਦੇ ਧਰਮ ਤੋਂ ਹੋ ਰਹੇ ਦਿਵਾਨੇ।
ਚੜ੍ਹ ਚੜ੍ਹ ਚਰਖੀ ਮਰ ਗਏ, ਸੜ ਸੜ ਪਰਵਾਨੇ।
ਪਰ ਨਾ ਦੀਨ ਕਬੂਲਿਆਂ ਦੇ ਜਿੰਦ ਸਿਧਾਨੇ[2]।
ਇਸਦੀ ਅਲਖ ਮੁਕਾ ਦਿਓ ਤਦ ਚੱਲੂ ਚਾਰਾ।
ਦੇਸ ਨਹੀਂ ਤਾਂ ਮੌਤ ਤੇ ਮੂੰਹ ਜਾਸੀ ਸਾਰਾ।
ਜਾਂ ਏਹ ਮੁਸਲਮ ਹੋਇ ਜਾਇ ਤਦ ਹੋਗੁ ਗੁਜ਼ਾਰਾ।
ਸਾਰਾ ਜਗ ਇਸਲਾਮ ਦਾ ਆ ਫੜੂ ਸਹਾਰਾ।
ਚੜ੍ਹਿਆ ਰੋਹ ਉਰੰਗਜ਼ੇਬ ਨੇ ਕਢ ਡੇਲੇ।
ਕੇਹੜਾ ਮੇਰੇ ਰਾਜ ਵਿਚ ਨਿਰਭਉ ਹੋ ਖੇਲੇ।
ਦਿਨ ਦਿਨ ਜਾਇ ਵਧਾਉਂਦਾ ਜੋ ਆਪਣੇ ਚੇਲੇ।
ਲਹੂ ਪੀਆਂਗਾ ਓਸ ਦਾ ਮੈਂ ਏਸੇ ਵੇਲੇ।
ਰਹੀ ਹੱਯਾਤੀ[3] ਜੇ ਮੇਰੀ ਭਾਰਤ ਦੇ ਅੰਦਰ।
ਖੁਰਾ ਨਾ ਛਡੂੰ ਹਿੰਦ ਦਾ ਢਾਹ ਦੇਸਾਂ ਮੰਦਰ।
ਕਿੰਗਰੇ ਕਿੰਗਰੇ ਨਚਦਾ ਦਿਸੇਗਾ ਬੰਦਰ।
ਖੱਲ ਉਧੇੜੂੰ ਦੇਸ਼ ਦੀ ਜੀਉਂ ਝੋਨਾ ਜੰਦਰ।
ਲਿਖ ਪਰਵਾਨਾ ਘਲਿਆ ਢਿਲ ਜ਼ਰਾ ਨਾ ਲਾਓ।
ਤੇਗ ਬਹਾਦਰ ਗੁਰੂ ਨੂੰ ਦਰਬਾਰ ਪੁਚਾਓ।
ਐਸਾ ਮੁਫੱਸਦ[4] ਆਦਮੀ ਫੜ ਤੁਰਤ ਲਿਆਓ।
ਯਾ ਵਿਚ ਦੀਨ ਰਲਾ ਲਓ ਯਾ ਅਲਖ ਮੁਕਾਓ।
ਸਤਿਗੁਰ ਬੂਟੇ ਧਰਮ ਦੇ ਸਨ ਲਾਂਦੇ ਫਿਰਦੇ।
ਕਰ ਦਿਤੇ ਹਰਿਆਉਲੇ ਸਭ ਬੰਜਰ ਹਿਰਦੇ।

---

1. ਉਪਦੇਸ਼। (ਮੁਸਲਮਾਨੀ ਲਫਜ਼ ਹੈ) 2. ਤੁਰ ਗਏ, ਮਰ ਗਏ। 3. ਜੀਵਨ। 4. ਫ਼ਸਾਦੀ, ਝਗੜੇ ਦੀ ਜੜ੍ਹ।

ਵਾਹਰ ਫਿਰੇ ਉਰੰਗ ਦੀ ਹੁਣ ਇਰਦੇ ਗਿਰਦੇ।
ਜਾਇ ਮਿਲੇ ਵਿਚ ਆਗਰੇ ਓਹ ਵੈਰੀ ਸਿਰ ਦੇ।
ਪਹਿਰੇ ਦੇ ਵਿਚ ਸਤਿਗੁਰ ਦਿਲੀ ਪਹੁੰਚਾਏ।
ਜਗ ਦੇ ਬੰਧਨ ਤੋੜ ਜੀ ਬੰਧਨ ਵਿਚ ਆਏ।
ਧਰਮੋਂ ਸਦਕੇ ਹੋਣ ਨੂੰ ਹਥ ਪੈਰ ਬੰਨ੍ਹਾਏ।
ਦੁਨੀਆਂ ਦੇ ਸੁਖ ਵਾਸਤੇ ਦੁਖ ਆਪ ਉਠਾਏ।

ਗੁਰ ਜੀ ਦੀ ਬਾਦਸ਼ਾਹ ਔਰੰਗਜ਼ੇਬ ਨਾਲ ਮੁਲਾਕਾਤ

ਬੈਠ ਇਕੱਲੇ ਸ਼ਾਹ ਨੇ ਗੁਰ ਦਰਸ਼ਨ ਪਾਏ।
ਅਦਬ ਅਦਾਬਾਂ ਨਾਲ, ਸੱਦ ਕੇ ਪਾਸ ਬਿਠਾਏ।
ਤਿਖੀ ਛੁੱਰੀ ਵਿਰੋਧ ਦੀ ਵਿਚ ਬਗਲ ਛੁਪਾਏ।
ਦਿਲ ਕੌੜੇ ਮੂੰਹ ਮਿਠਿਓਂ ਏਹ ਵਾਕ ਅਲਾਏ।
ਸਾਡਾ ਦੀਨ ਮੁਹੰਮਦੀ ਹੈ ਮਜ਼ਹਬ ਖੁਦਾਈ।
ਜਿਨ ਕਰ ਸਿਦਕ ਕਬੂਲਿਆ ਤਿਨ ਮੁਕਤੀ ਪਾਈ।
ਨਹੀਂ ਬਰਾਬਰ ਏਸ ਦੇ ਹੋਰ ਮਜ਼ਹਬ ਕਾਈ।
ਤੁਸੀਂ ਕੁਰਾਹੀਂ ਭੁੱਲ ਕੇ ਕਿਉਂ ਉਮਰ ਗਵਾਈ ?
ਲੜ ਹਜ਼ਰਤ ਦਾ ਫੜ ਲਉ, ਹੋਊ ਨਿਸਤਾਰਾ।
ਰਾਜ ਸਭਾ ਵਿਚ ਆਪ ਦਾ ਹੋਊ ਆਦਰ ਭਾਰਾ।
ਵਿਚ ਬਹਿਸ਼ਤਾਂ ਮਿਲੇਗਾ ਆਰਾਮ ਅਧਾਰਾ।
ਹੂਰਾਂ[1] ਤੇ ਗਿਲਮਾਨ[2] ਦਾ ਅਸਚਰਜ ਨਜ਼ਾਰਾ।
ਮੁੱਲਾਂ[3] ਕਾਜ਼ੀ[4] ਮੁਫਤੀਆਂ[5] ਸਭ ਦੀ ਸਰਦਾਰੀ।
ਮਿਲ ਜਾਵੇਗੀ ਆਪ ਨੂੰ ਇਜ਼ਤ ਦਰਬਾਰੀ।
ਪੀਰ[6] ਮੁਰੀਦੀ[7] ਵਧੇਗੀ ਇਸ ਤੋਂ ਭੀ ਭਾਰੀ।
ਦੌਲਤ ਹੁਕਮ ਆਰਾਮ ਭੀ ਮਿਲ ਜਾਸੀ ਸਾਰੀ।
ਸਤਿਗੁਰ ਨੇ ਫੁਰਮਾਇਆ ਸੁਣ ਭੋਲੇ ਸ਼ਾਹ।
ਅਸਾਂ ਪਕੜਿਆ ਸਚ ਦਾ ਸੁਲਤਾਨੀ ਰਾਹੀ।
ਸਾਨੂੰ ਤੇਰੇ ਸੁਰਗ ਦੀ ਨਹੀਂ ਮੂਲੋਂ ਚਾਹ।
ਚੰਗੇ ਅਸੀਂ ਗਰੀਬ ਹਾਂ, ਤੂੰ ਚੂਰੀ ਖਾਹ।

---

1. ਸੁੰਦਰੀਆਂ, ਸਵਰਗੀ ਪਰੀਆਂ। 2. ਬਹੁਤ ਸੁੰਦਰ ਲੜਕੇ।
3-4-5. ਮੁਸਲਮਾਨ ਮਤ ਦੇ ਧਾਰਮਿਕ ਮਨੁੱਖ-ਮੁਫਤੀ=ਫੱਤਵਾ, ਨਿਰਣਾ ਦੇਣ ਵਾਲਾ, ਕਾਜ਼ੀ=ਜੱਜ, ਮੁੱਲਾਂ=ਵਿਦਵਾਨ।
6. ਗੁਰੂ। 7. ਸਿਖੀ ਸੇਵਕ।

ਠੇਕਾ ਨਹੀਂ ਬਹਿਸ਼ਤ ਦਾ ਹੈ ਤੇਰੇ ਪਾਸ।
ਜਿਸ ਦੀ ਖਾਤਰ ਖਲਕ ਨੂੰ ਦੇ ਰਿਹੋਂ ਤਰਾਸ[1]।
ਸਾਡਾ ਇਕ ਅਕਾਲ ਹੀ ਹੈ ਪੂੰਜੀ ਰਾਸ।
ਸਾਡੇ ਲੇਖੇ ਓਸ ਨੇ ਕਰ ਛੱਡੇ ਰਾਸ।
ਹੂਰਾਂ ਤੇ ਗਿਲਮਾਨ ਦਾ ਦਸੇਂ ਲਿਸ਼ਕਾਰਾ।
ਕਾਮੀ ਪੁਰਸ਼ਾਂ ਵਾਸਤੇ ਓਹ ਹੋਗੁ ਪਿਆਰਾ।
ਸੰਤ ਉਨ੍ਹਾਂ ਤੇ ਰਖਦੇ ਨਹੀਂ ਮੂਲ ਸਹਾਰਾ।
ਨਰਕ ਸੁਰਗ ਤੋਂ ਅਸਾਂ ਨੇ ਕਰ ਲਿਆ ਕਨਾਰਾ।
ਦੁਨੀਆਂ ਦੀ ਸੁਖ ਸੰਪਦਾ ਦੀ ਚਾਹ ਰਤੀ ਨਾ।
ਧਰਮ ਵਿਚ ਸੁੱਖ ਭੋਗਣੇ ਏ ਕੰਮ ਕਮੀਨਾਂ।
ਲਾਲੋਂ ਕੱਚ ਵਿਹਾਝ ਕੇ ਕੰਮ ਕੇਹੜੇ ਜੀਨਾਂ ?
ਸੱਚਾ ਨਾਮ ਅਸਾਡੜਾ ਹੈ ਮਾਲ ਖਜੀਨਾਂ।
ਧਰਮ ਛੋੜ ਧਨ ਜੋੜਿਆ ਕਿਸ ਕੰਮ ਕਮਾਇਆ ?
ਅਗੇ ਜਾਂਦਿਆਂ ਤੁਰੇਗੀ ਇਹ ਨਾਲ ਨਾ ਮਾਯਾ।
ਧਰਮ ਸਹਾਈ ਹੋਇਗਾ, ਜਦ ਸਦ ਬੁਲਾਇਆ।
ਭੋਗਾਂ ਹੇਤ ਨਾ ਜਾਇਗਾ ਏਹ ਧਰਮ ਗਵਾਯਾ।
ਸਤਿਗੁਰ ਨਾਨਕ ਦੇਵ ਨੇ ਜੋ ਲਾਈ ਵਾੜੀ।
ਉਸਦੀ ਕਰਨੀ ਪਾਲਣਾ ਏਹ ਕਾਰ ਅਸਾੜੀ।
ਸਿਰ ਤਕ ਉਸ ਤੋਂ ਵਾਰ ਕੇ ਕਰਨੀ ਰਖਵਾਰੀ।
ਝੰਡਾ ਅਟੱਲ ਝੁਲਾਵਣਾ ਸੰਸਾਰ ਮਝਾਰੀ।
ਸੰਗਤ ਦੀ ਬਾਂਹ ਫੜ ਲਈ, ਛੱਡੀ ਨਾ ਜਾਏ।
ਕਰਨ ਉਨ੍ਹਾਂ ਦੀ ਰਖਿਆ, ਦੁਨੀਆਂ ਵਿਚ ਆਏ।
ਸਤਜ ਧਰਮ ਦੇ ਵਾਸਤੇ ਕਰਤਾਰ ਘਲਾਏ।
ਸੱਚੇ ਬੂਟੇ ਸਿੰਜਣੇ, ਗੁਰੂ ਨਾਨਕ ਲਾਏ।
ਤੂੰ ਐਡੀ ਕਿਉਂ ਭੋਲਿਆ ! ਹੈ ਅਤਿ ਉਠਾਈ ?
ਪਰਜਾ ਕੋਹ ਕੋਹ ਲਹੂ ਦੀ ਤੂੰ ਨਦੀ ਵਹਾਈ
ਤੇਰੀ ਤਿੱਖੀ ਛੁਰੀ ਦੀ ਫਿਰ ਰਹੀ ਦੁਹਾਈ।
ਤੋਬਾ ਤੋਬਾ[2] ਪੁਕਾਰਦੀ ਹੈ ਖਲਕ ਖੁਦਾਈ।
ਰਾਜੇ ਹੁੰਦੇ ਮਾਪਵੇ ਪਰਜਾ ਔਲਾਦ।
ਮਾਪੇ ਕਰਨ ਉਲਾਦ ਨੂੰ, ਜੇਕਰ ਬਰਬਾਦ।

---

1. ਡਰ। 2. ਤੋਬਾ ਤੋਬਾ ਕਰਨੀ=ਪਛਤਾਵਾ ਕਰਨਾ, ਅਗੋਂ ਲਈ ਕੰਨਾਂ ਨੂੰ ਹੱਥ ਲਾਉਣੇ, ਅਰਥਾਤ ਤ੍ਰਾਹ ਤ੍ਰਾਹ ਕਰਨਾ।

ਵਿਚ ਸਚੀ ਦਰਗਾਹ ਦੇ ਕੀ ਹੋਸੀ ਦਾਦ[1] ?
ਪੈਰ ਕੁਹਾੜਾ ਮਾਰਨਾ, ਏਹ ਛਡ ਦੇ ਵਾਦ[2]।
ਅਕਬਰ ਦਾਦਾ ਤੁਧ ਦਾ ਸੀ ਮੁਸਲਮਾਨ।
ਹਿੰਦੂ ਮੁਸਲਮਾਨ ਦਾ ਕਰਦਾ ਸੀ ਮਾਨ।
ਤੂੰ ਭੀ ਓਸੇ ਵਾਂਗ ਹੀ ਰੱਯਤ ਨੂੰ ਜਾਣ।
ਛੱਡ ਦੇ ਏਹ ਦੁਖ ਦੇਣ ਦੀ, ਤੂੰ ਭੈੜੀ ਬਾਣ।
ਵਿਚ ਸਚੀ ਦਰਗਾਹ ਦੇ ਜਦ ਲੇਖਾ ਹੋਸੀ।
ਏਸ ਕੁਮੱਤੇ ਪਾਪ ਦਾ ਠਹਿਰੇਂਗਾ ਦੋਸੀ।
ਪੁਨ ਪਾਪ ਸਭ ਸਾਹਮਣੇ ਜਦ ਆਣ ਖਲੋਸੀ।
ਪੱਲਾ ਪਾਊ ਗਲੇ ਵਿਚ ਖਲਕਤ ਨਿਰਦੋਸੀ।
ਸੜ ਕੇ ਕੋਲੇ ਹੋ ਗਿਆ ਸੁਣ ਸ਼ਾਹ ਉਰੰਗ।
ਖਾਹ ਸਿਖਯਾ ਦਾ ਕੋਰੜਾ, ਹੋਯਾ ਬਦਰੰਗ।
ਉੱਤਰ ਕੋਈ ਨਾ ਆਹੁੜੇ ਦਿਲ ਹੋਯਾ ਤੰਗ।
ਹੋਰ ਨਵਾਂ ਇਕ ਛੇੜਦਾ, ਓੜਕ ਪ੍ਰਸੰਗ।
ਤੁਸੀਂ ਗੁਰ ਹਿੰਦਵਾਨ ਦੇ ਕਰਦੇ ਨਿਸਤਾਰਾ।
ਮੈਨੂੰ ਭੀ ਦਿਖਲਾ ਦਿਓ ਕੋਈ ਚਮਕਾਰਾ।
ਕਰਾਮਾਤ[3] ਕੁਝ ਦੇਖ ਕੇ ਦੇਸਾਂ ਛੁਟਕਾਰਾ।
ਨਹਿ ਤਾਂ ਦੀਨ ਮੁਹੰਮਦੀ ਦਾ ਲਓ ਸਹਾਰਾ।
ਬੋਲੇ ਸਤਿਗੁਰ, ਪਾਤਸ਼ਾਹ, ਏਹ ਭੀ ਦੁਸ਼ਵਾਰ[4]।
ਕਰਾਮਾਤ ਦਿਖਲਾਵਣੀ ਨਹੀਂ ਸਾਡੀ ਕਾਰ।
ਸਾਈਂ ਨਾਲ ਬਰਾਬਰੀ ਇਹ ਕਹਿਰ ਕਹਾਰ।
ਭਾਣੇ ਨੂੰ ਉਲਟਾਣ ਹਿਤ ਮੈਂ ਨਹੀਂ ਤਿਆਰ।
ਆਪਣਾ ਧਰਮ ਤਿਆਗਣਾ ਭੀ ਖਰਾ ਉਖੇਰਾ।
ਸਿਧ ਮਨੋਰਥ ਹੋਵਣਾ ਨਹੀਂ ਕੋਈ ਤੇਰਾ।
ਤੂੰ ਇਸ ਹਠ ਨੂੰ ਤਜਾਗ ਦੇ ਏਹ ਨਹੀਂ ਚੰਗੇਰਾ।
ਇਹ ਦੁਨੀਆਂ ਹੈ ਨਾਸਮਾਨ ਜਿਉਂ ਜੋਗੀ ਫੇਰਾ।
ਫੇਰ ਕਿਹਾ ਔਰੰਗਜ਼ੇਬ ਕਰ ਲਓ ਵਿਚਾਰ।
ਇਹ ਸਰੀਰ ਨਹੀਂ ਆਵਣਾ, ਹਥ ਦੂਜੀ ਵਾਰ।
ਭਲੀ ਤਰ੍ਹਾਂ ਹੋ ਜਾਣਦੇ ਮੇਰੀ ਤਲਵਾਰ।
ਨਾ ਮੰਨੋ ਤਦ ਮਰਨ ਹਿਤ, ਹੋ ਰਹੋ ਤਿਆਰ।

---

1. ਮਦਦ, ਨਿਆਂ। 2. ਵਾਦੀ ਜਾਂ ਝਗੜਾ।
3. ਮੁਸਲਮਾਨ ਮਤ ਅਨੁਸਾਰ ਕਰਾਮਾਤ (ਰਿਧੀ ਸਿਧੀ, ਅਨੋਖੀ ਸ਼ਕਤੀ) ਪੈਗੰਬਰੀ ਜਾਂ ਰਬ ਦੇ ਬੰਦੇ ਤੇ ਸੰਦੇਸ਼ਾ ਲਿਆਉਣ ਵਾਲੇ ਦੀ ਨਿਸ਼ਾਨੀ ਤੇ ਸਬੂਤ ਹੈ। 4. ਔਖਾ।

ਸਤਿਗੁਰ ਬੋਲੇ ਭੋਲਿਆ ਇਹ ਤੁੱਛ ਡਰਾਵਾ।
ਸੰਤਾਂ ਨੂੰ ਇਹ ਦੇਹ ਦਾ ਨਹੀਂ ਕੋਈ ਹਾਵਾ।
ਜੋ ਭਾਣੇ ਵਿਚ ਹੋ ਰਹੇ, ਸੋ ਸੁਖ ਸੁਹਾਵਾ।
ਤੂੰ ਮੌਤੋਂ ਡਰ, ਬੰਨ੍ਹਿਆਂ ਜਿਸ ਕੂੜਾ ਦਾਵਾ।
ਪਿਤਾ ਪ੍ਰਭੂ ਪਹਿ ਜਾਂਦਿਆਂ, ਡਰ ਕਾਹਦਾ ਲਗੇ ?
ਦੇਹ ਅਨਿਸਥਰ ਚੀਜ ਹੈ ਇਹ ਨਿਤ ਨਾ ਤੱਗੇ।
ਸਦਕੇ ਹੋਈਏ ਧਰਮ ਤੋਂ ਪਯਾਰੇ ਦੇ ਅੱਗੇ।
ਕੂੜੀ ਦੁਨੀਆਂ ਵਾਸਤੇ ਨਹੀਂ ਜਾਈਏ ਠੱਗੇ।
ਏਸ ਤਰ੍ਹਾਂ ਜਦ ਕੋਈ ਨਾ, ਚਲੀ ਤਦਬੀਰ।
ਸੜ ਸੜ ਕੇ ਉੱਠ ਤੁਰ ਗਿਆ, ਔਰੰਗਾ ਕੀਰ।
ਪਹਿਰੇ ਦੇ ਵਿਚ ਹੋ ਗਏ ਸਤਿਗੁਰ ਸੁਖ ਧੀਰ।
ਪਯਾਰੇ ਪ੍ਰਭੂ ਦੇ ਧਯਾਨ ਵਿਚ ਹੋ ਰਹੇ ਗੰਭੀਰ।

ਚਾਂਦਨੀ ਚੌਂਕ ਦਿੱਲੀ ਵਿਚ ਅੰਤ ਸਮਾਂ

ਰਾਤ ਬੀਤੀ ਦਿਨ ਚੜ੍ਹ ਪਿਆ ਹੁਣ ਕਹਿਰਾਂ ਵਾਲਾ।
ਸੂਰਜ ਖੂਨੀ ਨਿਕਲਯਾ, ਸੂਰਤ ਬਿਕਰਾਲਾ।
ਕੀਤਾ ਵੇਸ ਅਕਾਸ਼ ਨੇ ਅਜ ਕਾਲਾ ਕਾਲਾ।
ਧੌਲ ਧਰਮ ਦਾ ਡੋਲਿਆ ਆਇਆ ਭੁੱਚਾਲਾ।
ਸ੍ਰੀ ਸਤਿਗੁਰ ਇਸ਼ਨਾਨ ਕਰ ਲਿਵ ਪ੍ਰਭ ਵਿਚ ਲਾਈ।
ਜਪੁਜੀ ਸਾਹਿਬ ਉਚਾਰਿਆ ਵਿਚ ਸੀਤਲਾਈ।
ਪਾਠ ਮੁਕਾਇ ਅਕਾਲ ਦਾ ਜਦ ਧੌਣ ਝੁਕਾਈ।
ਕਾਤਲ ਨੇ ਉਸ ਵੇਲੜੇ ਤਲਵਾਰ ਚਲਾਈ।
ਕੰਬਣ ਲਗੀ ਪ੍ਰਿਥਵੀ ਨਾ ਦੁੱਖ ਸਹਾਰੇ।
ਸ਼ਾਹੀ ਵਰਤੀ ਗਗਨ ਤੇ ਅਰ ਟੁੱਟੇ ਤਾਰੇ।
ਅੰਧ ਹਨੇਰੀ ਝੁਲਦੀ ਦਿੱਲੀ ਵਿਚਕਾਰੇ।
ਮਾਤਮ ਸਾਰੇ ਵਰਤਿਆ ਇਸ ਦੁਖ ਦੇ ਮਾਰੇ।
ਧਰਮੀ ਹਿੱਕਾਂ ਪਾਟੀਆਂ ਛਾਇਆ ਅੰਧਯਾਰਾ।
ਅੱਖਾਂ ਵਿਚੋਂ ਨਿਕਲੀ ਲੋਹੂ ਦੀ ਧਾਰਾ।
ਹੋਣ ਲਗਾ ਸੰਸਾਰ ਵਿਚ, ਵਡ, ਹਾਹਾ ਕਾਰਾ।
ਹੋਇਆ ਵਿਚ ਅਕਾਸ਼ ਦੇ, ਜੈ ਜੈ ਜੈਕਾਰਾ।
ਹਿੰਦੂ ਧਰਮ ਨੂੰ ਰਖ ਲਿਆ, ਹੋਕੇ ਕੁਰਬਾਨ।
ਬਲੀ ਚੜ੍ਹਾ ਕੇ ਆਪਣੀ ਰਖ ਲੀਤੀ ਆਨ।
ਪਾਈ ਮੁਰਦਾ ਕੌਮ ਵਿਚ, ਮੁੜ ਕੇ ਜਿੰਦ ਜਾਨ।
ਗੁਰੂ ਨਾਨਕ ਦਾ ਬੂਟੜਾ, ਚੜਿਆ ਪਰਵਾਨ।

ਇਕ ਪਜਾਰੇ ਸਿਖ ਨੇ ਜਾ ਸੀਸ ਉਠਾਯਾ।
ਲੈ ਕੇ ਵਿਚ ਅਨੰਦ ਪੁਰ ਓਵੇਂ ਪਹੁੰਚਾਯਾ।
ਧੜ ਲੈ ਇਕ ਲੁਬਾਨੜੇ ਸਸਕਾਰ ਕਰਾਯਾ।
ਸਿਰ ਤਲੀਆਂ ਤੇ ਰਖ ਕੇ ਇਹ ਸਿਦਕ ਕਮਾਯਾ।
ਸਤਿਗੁਰ ਰੱਛਕ ਹਿੰਦ ਦੇ, ਕੀਤਾ ਉਪਕਾਰ।
ਸਾਕਾ ਕੀਤਾ ਕਲੂ ਵਿਚ ਸਿਰ ਅਪਨਾ ਵਾਰ।
ਦਿੱਲੀ ਦੇ ਵਿਚ ਆਪ ਦੀ ਹੈ ਯਾਦਸੁਗਾਰ[1]।
ਸੀਸ ਗੰਜ* ਰਕਾਬ ਗੰਜ* ਲਗਦੇ ਨੇ ਦਰਬਾਰ।

ਸਿਖਯਾ

ਹੇ ਮਨ ਮੁੱਖੀਂ ਰੁੱਝਿਆ, ਉੱਠ ਝਾਤੀ ਮਾਰ।
ਅਪਨੇ ਰਖਕ ਗੁਰੂ ਦੇ ਉਪਕਾਰ ਚਿਤਾਰ।
ਕਿਸ ਖਾਤਰ ਓਹ ਤੁਰ ਗਏ ਸਨ ਜਿੰਦਾਂ ਵਾਰ ?
ਅਸੀਂ ਕਿਵੇਂ ਅਲਮਸਤ ਹਾਂ ਓਹ ਧਰਮ ਵਿਸਾਰ।
ਦੀਨਾਂ ਦੀ ਪ੍ਰਿਤਪਾਲ ਹਿਤ ਧਨ ਧਾਮ ਲੁਟਾਏ।
ਪਰੁਪਕਾਰ ਦੇ ਵਾਸਤੇ, ਸਰਬੰਸ ਗਵਾਏ।
ਦੁਖੀਆਂ ਦੇ ਦੁੱਖ ਕੱਟਣੇ ਹਿਤ ਸੀਸ ਕਟਾਏ।
ਪਰ ਤੂੰ ਹਾਇ ਅਕ੍ਰਿਤਘਣ, ਗੁਣ ਸਰਬ ਭੁਲਾਏ।
ਅਪਸਵਾਰਥ[2] ਦੇ ਵਾਸਤੇ, ਹਾਂ ਪਾਪ ਕਮਾਂਦੇ।
ਦੁਖੀਆ ਦਰਦੀ ਵੇਖ ਕੇ ਕੁਝ ਤਰਸ ਨਾ ਖਾਂਦੇ।
ਰੋਗੀ ਦੀ ਦਾਰੀ ਵਿਖੇ, ਇਕ ਪਲ ਨਾ ਲਾਂਦੇ।
ਲੀਕਾ ਵਡ ਵਡੇਰੀਆਂ ਛੱਡ, ਔਝੜ ਜਾਂਦੇ।
ਅਗੇ ਦੇ ਵੀ ਵਾਸਤੇ ਕੁਝ ਖਰਚੀ ਬੰਨ੍ਹੋਂ।
ਆਖੀ ਵਡ ਵਡੇਰਿਆਂ, ਦੀ ਦਿਲ ਦੇ ਮੰਨੋਂ।
ਆਣ ਜਮਾਂ ਜਦ ਘੇਰਿਆ ਫੜ ਖੜਿਆ ਕੰਨੋਂ।
ਓਦੋਂ ਨਾਲ ਨਾ ਤੁਰੇਗੀ ਏਹ ਮਾਈਂ ਧੰਨੋਂ[3]।

---

* ਦਿੱਲੀ ਵਿਚ ਦੋ ਪ੍ਰਸਿੱਧ ਗੁਰਦੁਵਾਰੇ ਸੀਸ ਗੰਜ ਚਾਂਦਨੀ ਚੌਂਕ ਵਿਚ ਹੈ ਤੇ ਰਕਾਬ ਗੰਜ ਪਾਰਲੀਮੈਂਟ ਹਾਊਸ ਦੇ ਨੇੜੇ ਹੈ।

1. ਯਾਦਗਾਰ। 2. ਆਪਣਾ ਮਤਲਬ, ਖੁਦਗਰਜ਼ੀ। 3. ਮਾਇਆ, ਧਨ।

ਜਉ ਤਉ ਪ੍ਰੇਮ ਖੇਲਣ ਕਾ ਚਾਉ॥
ਸਿਰੁ ਧਰਿ ਤਲੀ ਗਲੀ ਮੇਰੀ ਆਉ॥ *

One never knows himself till he has denied himself.
The altar of sacrifice is the touchstone of character.#

—O.P. Giffard

ਭਾਈ ਮਤੀ ਦਾਸ ਜੀ ਦਾ ਔਰੰਗਜ਼ੇਬੀ ਰਾਜ ਵੇਲੇ ਦਿੱਲੀ ਸ਼ਹਿਰ ਵਿਚ ਆਰੇ ਨਾਲ ਚੀਰਿਆ ਜਾਣਾ ਤੇ ਧਰਮ ਨੂੰ ਨਾ ਤਿਆਗਣਾ

ਕਲਜੁਗਿ ਕਹਿਰ ਕਹਾਰ ਵਰਤਿਆ, ਭਯਾ ਜਗਤ ਵਿਚ ਧੁੰਦੂਕਾਰ।
ਪਾਪ ਅਗਨਿ ਨੂੰ ਮੰਦ ਮੰਦ ਕਰਨ ਹਿਤ, ਆਏ ਗੁਰ ਨਾਨਕ ਅਵਤਾਰ।
ਸੱਤਯ ਧਰਮ ਦੀ ਲਾਈ ਬਗੀਚੀ, ਚੈਨ[1] ਵਾਰ, ਕੀਤੀ ਪ੍ਰਿਤਪਾਲ।
ਮੁਰਦਾ ਦੇਸ਼ ਜਿਵਾਯਾ ਮੁੜ ਕੇ, ਆਪਣੇ ਸਤ-ਉਪਦੇਸ਼ਾਂ ਨਾਲ।
ਪਾਪ ਹਨੇਰਾ ਦੂਰ ਹਟਾਯਾ, ਧਰਮ ਭਗਤਿ ਦਾ ਦੀਵਾ ਬਾਲ।
ਫਿਰ ਫਿਰ ਦੇਸ਼ ਦਿਸੰਤਰ ਅੰਦਰ, ਕੀਤੇ, ਪਾਪੀ ਪੁਰਸ਼ ਨਿਹਾਲ।
ਨੌਵੇਂ ਜਾਮੇ ਦੇ ਵਿਚ ਆ ਕੇ, ਤੇਗ ਬਹਾਦਰ ਨਾਮ ਰਖਾਇ।
ਹਿੰਦੂ ਧਰਮ ਦੀ ਲੱਜਾ ਰੱਖੀ, ਸੀਸ ਆਪਣਾ ਬਲੀ ਚੜ੍ਹਾਇ।
ਸਤ-ਉਪਦੇਸ਼ਾਂ ਨਾਲ ਜਗਤ ਵਿਚ ਧਰਮ ਭਾਵ ਫੈਲਾਯਾ ਸੀ।
ਪਾਪ ਰਾਜ ਦੇ ਤ੍ਰਾਸ[2] ਗ੍ਰਸੀ[3] ਪਰਜਾ ਨੂੰ ਧੀਰ ਬਨ੍ਹਾਯਾ ਸੀ।
ਜੋ ਸਤਿਗੁਰ ਦੀ ਚਰਨੀ ਪਰਸੇ ਧਰਮ ਭਾਵ ਵਿਚ ਸ਼ੇਰ ਭਏ।
ਸਤ-ਉਪਦੇਸ਼ ਜਿਨ੍ਹਾਂ ਨੇ ਪਾਏ, ਮੈਂ ਸ਼ੇਰੀ ਨੂੰ ਤਯਾਗ ਗਏ।
ਭਾਈ ਮਤੀ ਦਾਸ ਇਕ ਗੁਰੂ ਦਾ ਡਾਢਾ ਸਿਖ ਪਿਆਰਾ ਸੀ।
ਸ੍ਰੀ ਸਤਿਗੁਰ ਨੂੰ ਦੀਨ ਦੁਨੀ ਦਾ, ਲਖਦਾ[4] ਇਕ ਸਹਾਰਾ ਸੀ।
ਘਰ ਦੇ ਸੁਖ ਅਰ ਚੈਨ ਤਯਾਗ ਕੇ, ਗੁਰ ਚਰਨਾਂ ਵਿਚ ਆਣ ਪਿਆ।
ਦਰਸ਼ਨ ਦੇ ਵਿਚ ਪ੍ਰਾਣ ਮੇਰੇ ਹਨ, ਏਹ ਨਿਸ਼ਚੇ ਕਰ ਜਾਣ ਲਿਆ।

---

* ਜੇ ਪ੍ਰੇਮ ਦੀ ਖੇਡ ਖੇਡਣ ਦਾ ਸ਼ੌਕ ਹੈ ਤਾਂ ਮੇਰੀ ਗਲੀ ਵਿਚ ਸਿਰ ਤਲੀ ਤੇ ਧਰ ਕੇ ਆ (ਗੁਰਬਾਣੀ)।
ਕੋਈ ਵੀ ਆਪਣੇ ਆਪ ਨੂੰ ਗਵਾਏ ਬਿਨ੍ਹਾਂ ਆਪੇ ਨੂੰ ਨਹੀਂ ਜਾਣ ਸਕਦਾ। ਆਚਰਣ ਦੀ ਕਸਵੱਟੀ, ਕੁਰਬਾਨੀ ਦਾ ਥੜਾ ਹੈ।
1. ਆਪਣਾ ਸੁਖ ਸ਼ਾਂਤੀ ਕੁਰਬਾਨ ਕਰਕੇ। 2. ਡਰ। 3. ਫਸੀ, ਕਾਬੂ ਆਈ। 4. ਸਮਝਦਾ।

ਔਰੰਗਜ਼ੇਬ ਦੇ ਝੂਠ ਬਹਾਨੇ ਟੋਲਣੇ ਤੇ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਚਿਰਾ ਦੇਣ ਦਾ ਹੁਕਮ

ਸ਼ਾਹ ਔਰੰਗਜ਼ੇਬ ਜਦ ਡਿਠਾ, ਰੰਗ ਪਲਟਦਾ ਜਾਂਦਾ ਹੈ।
ਸਤਿਗੁਰ ਤੇਗ ਬਹਾਦਰ, ਰੋਕਾਂ ਦੀਨ ਵਧਣ ਵਿਚ ਪਾਂਦਾ ਹੈ।
ਤਦ ਸ੍ਰੀ ਗੁਰ ਨੂੰ ਵੈਰ ਲੈਣ ਹਿਤ ਆਪਣੇ ਪਾਸ ਬੁਲਾਇਆ ਸੀ।
ਪ੍ਰੇਮ ਬੰਧਾਯਾ ਮਤੀਦਾਸ ਭੀ, ਨਾਲ ਗੁਰਾਂ ਦੇ ਆਯਾ ਸੀ।
ਸ਼ਾਹ ਉਰੰਗੇ ਗੁਰੂ ਸਾਹਿਬ ਨੂੰ ਚਾਹਿਆ ਮੁਸਲਮ ਲਏ ਬਣਾਇ।
ਪਰ ਗੰਭੀਰ ਸਤਿਗੁਰਾਂ ਅਗੇ, ਪੇਸ਼ ਨਾ ਉਸਦੀ ਚੱਲੀ ਕਾਇ।
ਅੰਤ ਡਰਾਵਾ ਦੇਣ ਵਾਸਤੇ, ਸਿਖ ਨਾਲ ਦੇ ਫੜ ਲੀਤੇ।
ਨਾਮ ਮਾਤ੍ਰ ਦੇ ਦੂਸ਼ਣ ਲਾ ਕੇ, ਫਾਹੀ ਦੇ ਵਿਚ ਕੜ ਲੀਤੇ।
ਭਾਈ ਮਤੀ ਦਾਸ ਭੀ ਉਸ ਵਿਚ, ਕੈਦੀ ਗਏ ਬਣਾਏ ਸੇ।
ਐਸੇ ਮੁਫਸਿਦ[1] ਗੁਰੂ ਨਾਲ ਕਿਸ ਕਾਰਨ ਰਲਕੇ ਆਏ ਸੇ।
ਪਾਪੀ ਮਨ ਔਰੰਗੇ ਦੇ ਵਿਚ, ਦਵੈਸ਼[2], ਅਗਨ ਨਿਤ ਬਲਦੀ ਸੀ।
ਤੁੱਛ ਬਹਾਨੇ ਢੂੰਡ ਢੂੰਡ ਕੇ ਛੁੱਰੀ ਜੁਲਮ ਦੀ ਚਲਦੀ ਸੀ।
ਹੁਕਮ ਚੜ੍ਹਾਯਾ ਇਸ ਮੂਜ਼ੀ[3] ਨੂੰ ਦੀਨ ਕਬੂਲ ਕਰਾ ਦੇਵੋ।
ਨਹੀਂ ਤਾਂ ਬੜੀ ਬੇਦਰਦੀ ਕਰਕੇ, ਆਰੇ ਨਾਲ ਚਿਰਾ ਦੇਵੋ।

ਭਾਈ ਜੀ ਨੂੰ ਬਾਦਸ਼ਾਹੀ ਹੁਕਮ ਤੇ ਲਾਲਚ ਜਰਵਾਣਿਆਂ ਵਲੋਂ ਸੁਣਾਏ ਗਏ

ਮੁੱਲਾਂ ਕਾਜ਼ੀ ਘੇਰ ਖਲੋਤੇ, ਦੀਨ ਕਬੂਲ ਕਰਾਣੇ ਨੂੰ।
ਧਰਮ ਭਾਵ ਦੇ ਚੰਦਰਮਾਂ ਨੂੰ, ਪਾਪ ਕਲੰਕ ਲਗਾਣੇ ਨੂੰ।
ਮਤੀ ਦਾਸ ਜੀ ਮਨ ਦੇ ਕੋਈ ਐਸੇ ਵੈਸੇ ਸਿਖ ਨਾ ਸੇ।
ਇਨ੍ਹਾਂ ਪਾਜੀਆਂ[4] ਦੇ ਭਰਮਾਉਣ ਨਾਲ ਜੋ ਧਰਮ ਗੁਆ ਦੇਂਦੇ।
ਖੜੇ ਰਹੇ ਗੰਭੀਰ ਪ੍ਰੇਮ ਵਿਚ ਰਤਾ ਨਹੀਂ ਘਬਰਾਏ ਨੇ।
ਮਾਨੋ ਇਹ ਦੁਰਵਾਕ ਉਨ੍ਹਾਂ ਨੇ ਸੁਣਨੇ ਭੀ ਨਹੀਂ ਪਾਏ ਨੇ।
ਮੁੱਲਾਂ ਬੋਲੇ ਸੁਣ ਓ ਕਾਫਰ[5] ਦੁੱਖਾਂ ਤੋਂ ਛੁੱਟ ਜਾਵੇਂਗਾ।
ਕਲਮਾ[6] ਪੜ੍ਹ ਕੇ ਹਜ਼ਰਤ ਦੇ ਝੰਡੇ ਹੇਠ ਜਿ ਆਵੇਂਗਾ।
ਦੁਨੀਆਂ ਦੇ ਆਰਾਮ ਮਿਲਣਗੇ, ਦੌਲਤ ਖਾਣ ਹੰਡਾਉਣ ਨੂੰ।
ਆਖਰ ਵੇਲੇ ਵਿਚ ਬਹਿਸ਼ਤਾਂ[7] ਹੂਰਾਂ[8] ਮਿਲਣ ਲੁਭਾਉਣ ਨੂੰ।
ਪਰ ਜੇ ਕਾਫਰ ਬਣਿਆ ਰਹਿਓਂ, ਵਡ ਅਜ਼ਾਬ[9] ਭੀ ਪਾਵੇਂਗਾ।
ਅਰ ਦਰਗਾਹੇ ਦੋਜ਼ਖ[10] ਭੋਗਣ, ਨਾਲ ਜ਼ਮਾਂ ਦੇ ਜਾਵੇਂਗਾ।

---

1. ਫਸਾਦੀ। 2. ਦੂਜਾ ਭਾਵ, ਅਰਥਾਤ ਵੈਰ। 3. ਮੂਜ਼ੀ=ਦੁਖ ਦੇਣ ਵਾਲੇ। 4. ਪਾਜੀ=ਕਮੀਨਾ, ਨੀਚ। 5. ਪਾਪੀ, ਝੂਠਾ। 6. ਮੁਸਲਮਾਨ ਮੱਤ ਦਾ ਮੂਲ ਮੰਤ੍ਰ। 7. ਸਵਰਗਾਂ। 8. ਅਪਛਰਾਂ। 9. ਦੁੱਖ। 10. ਨਰਕ।

ਆਪਣਾ ਭਲਾ ਬੁਰਾ ਹੁਣ ਆਪੇ, ਬੁੱਧੀ ਨਾਲ ਵਿਚਾਰ ਲਈਂ।
ਇਹ ਤਨ ਬਾਰ ਬਾਰ ਨਹੀਂ ਮਿਲਣਾ, ਇਹ ਭੀ ਝਾਤੀ ਮਾਰ ਲਈਂ।

ਭਾਈ ਮਤੀ ਦਾਸ ਜੀ ਦਾ ਬਾਦਸ਼ਾਹੀ ਜਰਵਾਣਿਆਂ ਨੂੰ ਕੋਰਾ ਜਵਾਬ

ਬੋਲੇ ਭਾਈ ਮਤੀ ਦਾਸ ਜੀ, ਬਹੁਤਾ ਸਿਰ ਨਾ ਖਾਓ ਜੀ।
ਜੋ ਕੁਝ ਮਿਲਿਆ ਹੁਕਮ ਆਪ ਨੂੰ, ਉਸ ਨੂੰ ਤੁਰਤ ਬਜਾਓ ਜੀ।
ਦੀਨ[1] ਆਪ ਦਾ ਭਲੀ ਤਰ੍ਹਾਂ ਮੈਂ, ਸਮਝ ਲਿਆ ਸੁਣ ਲੀਤਾ ਹੈ।
ਪਰ ਮੈਂ ਆਪਣੇ ਸਤਿਗੁਰ ਪਾਸੋਂ ਪ੍ਰੇਮ ਪਿਆਲਾ ਪੀਤਾ ਹੈ।
ਉਸ ਨਸ਼ੇ ਵਿਚ ਮਨ ਕੁਝ ਐਸਾ, ਬੇਖੁਦ[2] ਹੋਯਾ ਜਾਂਦਾ ਹੈ।
ਤ੍ਰੈ ਲੋਕਾਂ ਦੀ ਸੰਪਦ[3] ਵਲ, ਤੱਕਣ ਨੂੰ ਜੀ ਨਾ ਚਾਂਹਦਾ ਹੈ।
ਨਾਸਮਾਨ ਪੁਤਲੇ ਦੀ ਖਾਤਰ, ਯਾਂ ਜਗ ਦੇ ਸੁਖ ਹੇਤ ਭਲਾ।
ਧਰਮ ਜਿਹੀ ਅਨਮੁੱਲੀ ਵਸਤੂ, ਕੌਣ ਤਜੇ, ਏਹ ਸੋਚ ਜ਼ਰਾ।
ਧਨ ਜਾਏ, ਸੁਖ ਸੰਪਦ ਜਾਏ, ਅਰ ਸਾਰਾ ਪਰਵਾਰ ਤਜਾਂ।
ਤਨ ਟੁਕੜੇ ਕਰ ਵਾਰ ਦਿਆਂ, ਸਦ ਸੰਗੀ ਧਰਮ ਬਚਾਇ ਲਵਾਂ।
ਧਰਮ ਬਿਨਾਂ ਸੰਸਾਰ ਵਿਖੇ, ਜੀਉਣ ਪਰ ਹੈ ਸੌ ਸੌ ਫਿੱਟਕਾਰ।
ਧਰਮ ਵਿਖੇ ਜੇ ਮੌਤ ਮਿਲੇ, ਗਲ ਲਾਵਾਂ ਉਸਨੂੰ ਸੌ ਸੌ ਵਾਰ।

ਬਾਦਸ਼ਾਹੀ ਜਰਵਾਣਿਆਂ ਦੇ ਜ਼ੁਲਮ ਦਾ ਕਹਿਰ

ਗਲੀ ਦਾ ਦਾਲ ਕਾਜ਼ੀਆਂ ਦੀ ਜਦ, ਕ੍ਰੋਧ ਨਾਲ ਮੁਖ ਲਾਲ ਭਏ।
ਮਾਰੋ ਖੂਬ ਅਜ਼ਾਬ[4] ਨਾਲ ਇਸ ਮੂਜ਼ੀ[5] ਨੂੰ ਇਸ ਖਜਾਲ ਪਏ।
ਪ੍ਰੇਮ ਸਿਖ ਖੜਾ ਕਰ ਬੱਧਾ, ਖੌਫ ਖੁਦਾ ਦਾ ਮਨੋ ਵਿਸਾਰ।
ਉੱਪਰ ਸਿਰ ਦੇ ਆਰਾ ਧਰ ਕੇ, ਲਗੇ ਦੇਵਨ ਕਸ਼ਟ ਅਪਾਰ।
ਗੋਲੀ ਵਾਂਗਰ ਸਿਰ ਦੇ ਉਪਰ ਆਰਾ ਫਿਰੇ ਜਿਵੇਂ ਤਲਵਾਰ!
ਪਰ ਪ੍ਰੇਮੀ ਦੇ ਮੂੰਹ ਦੇ ਵਿਚੋਂ, ਧਨ ਨਿਕਲੇ ਧੰਨ ਧੰਨ ਕਰਤਾਰ।
ਸਿਰ ਚਿਰਿਆ ਫਿਰ ਗਲ ਭੀ ਚਿਰਿਆ, ਛਾਤੀ ਉਪਰ ਆਯਾ ਚੀਰ।
ਪ੍ਰੇਮੀ ਪੰਛੀ ਨਿਕਲ ਤੁਰਿਆ, ਖਾਲੀ ਕਰਕੇ ਤੁੱਛ ਸਰੀਰ।
ਪਾਪਾਂ ਵਿਚ ਪਰਵਿਰਤ ਹਿਰਦੇ, ਪਰ ਅਜੇ ਨਹੀਂ ਕੁਝ ਖੌਫ ਕਰਨ।
ਮਰੇ ਸਰੀਰ ਨਾਲ ਭੀ ਓਵੇਂ ਬੇਦਰਦੀ ਹੀ ਪਏ ਕਰਨ।
ਛਾਤੀ ਚੀਰ ਪੇਟ ਵਿਚ ਧਸਿਆ, ਪਾਪੀ ਹੱਥਾਂ ਦਾ ਹਥਿਆਰ।
ਪੇਟ ਚੀਰ ਹੱਥਾਂ ਤੋਂ ਛੁਟ ਕੇ ਚਰਨਾਂ ਤੇ ਢੱਠਾ ਇਕ ਵਾਰ।

---

1. ਧਰਮ। 2. ਮਸਤ। 3. ਸੰਪਤੀ, ਧਨ ਪਦਾਰਥ। 4. ਦੁੱਖ। 5. ਦੁੱਖ ਦੇਣ ਵਾਲਾ।

ਮੂਧਾ ਹੋ ਧਰਤੀ ਪਰ ਡਿੱਗਾ, ਜੱੜ੍ਹ ਵਸਤੂ ਲੱਜਾ ਨੂੰ ਖਾਇ।
ਪਰ ਨਹੀਂ ਦ੍ਰਵੇ ਕੁਸੱਤੀ ਹਿਰਦੇ ਐਸਾ ਘੋਰ ਕੁਕਰਮ ਕਮਾਇ।
ਰੱਸੇ ਖੋਲ੍ਹ ਫਾੜੀਆਂ ਦੋਨੋਂ ਧਰਤੀ ਉਪਰ ਦੇਣ ਵਿਛਾਇ।
ਇਕ ਧੰਰਮੀ ਦੀ ਜਾਨ ਮੁਕਾ ਕੇ, ਛੰਨਾ ਪੀਵਣ ਦੂਧ ਮੰਗਾਇ।

ਭਾਈ ਮਤੀ ਦਾਸ ਜੀ ਦੀ ਉਡਾਰੀ ਤੇ ਤਿਆਗ

ਖੇਲ ਗਿਆ ਇਕ ਚਤੁਰ ਖਿਲਾਰੀ, ਆਪਣਾ ਧਰਮ ਨਿਭਾਇ ਗਿਆ।
ਦੁਨੀਆਂ ਦੇ ਵਿਚ ਧਰਮ ਭਾਵ ਦੀ ਜਿੰਦ ਨਵੀਂ ਇਕ ਪਾਇ ਗਿਆ।
ਕੀਕੁਰ ਸਦਕੇ ਹੋਣ ਸਚ ਤੋਂ ? ਲੋਕਾਂ ਨੂੰ ਦਿਖਲਾਇ ਗਿਆ।
ਆਪਣੀ ਦੇਹੀ ਖੇਹ ਰੁਲਾ ਕੇ ਸੁਖ ਦੀ ਨੀਂਹ ਰਖਾਇ ਗਿਆ।
ਲਾਲ ਅਮੁੱਲ ਪੱਲੇ ਲੈ ਗਿਆ, ਕੱਚ ਪਰੇ ਪਟਕਾਇ ਗਿਆ।
ਸਦਕੇ ਕਰਕੇ ਜਿੰਦ ਧਰਮ ਤੋਂ, ਸੌਦਾ ਖਰਾ ਕਮਾਇ ਗਿਆ।
ਨਸ਼ਟ ਕਰ ਗਿਆ ਆਪੇ ਨੂੰ, ਪਿਛਲਾ ਥੇਹ ਵਸਾਇ ਗਿਆ।
ਆ ਕੇ ਆਪ ਦਾਤਰੀ ਅਗੇ, ਵਾੜੀ ਹੋਰ ਬਚਾਇ ਗਿਆ।
ਸਾਂਈਂ ਸਚੇ ਦੇ ਦਰਵਾਜ਼ੇ, ਮੱਥੇ ਟਿੱਕਾ ਲਾਇ ਗਿਆ।
ਵਾਰ ਗਿਆ ਤਨ ਨਾਸ਼ਮਾਨ ਅਰ ਅਟੱਲ ਮਰਤਬਾ ਪਾਇ ਗਿਆ।

ਭਾਈ ਦਿਆਲਾ ਜੀ ਦਾ ਦਿੱਲੀ ਸ਼ਹਿਰ ਵਿਚ ਤੱਤੇ ਪਾਣੀ ਦੀ ਉਬਲਦੀ ਦੇਗ ਵਿਚ ਬਲੀਦਾਨ ਤੇ ਆਤਮ ਗਿਆਨ

Though losses and crosses he lessons right severe.
There's wit there ye'll get there, you will find no other where.

—Burns*

ਗੁਰੂ ਘਰ ਦਾ ਸ਼ਰਧਾਲੂ ਸਿਦਕੀ ਪ੍ਰੇਮੀ ਭਾਈ ਦਿਆਲਾ।
ਗੁਰ ਉਪਦੇਸ਼ ਨਦੀ ਤੋਂ ਜਿਸ ਨੇ ਪੀਤਾ ਪ੍ਰੇਮ ਪਿਆਲਾ।
ਨਾਮ ਰੰਗ ਦੇ ਪਿਆ ਕੜਾਹੇ ਰੰਗ ਮਜੀਠੀ ਚੜ੍ਹਿਆ।
ਦੁਨੀਆ ਮਦ ਮੋਹ ਤਿਆਗ ਕੇ ਸਤਿਸੰਗਤ ਵਿਚ ਵੜਿਆ।
ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਦਰਸ਼ਨ ਦਾ ਵਣਜਾਰਾ।
ਸਤਿਨਾਮ ਦਾ ਭਜਨ ਕਰੇ ਅਰ ਧਰਮ ਕਿਰਤ ਦਾ ਪਜਾਰਾ।
ਝਾਕ ਜਗਤ ਦੀ ਕੂੜੀ ਤਜ ਕੇ ਸੱਚ ਵਿਹਾਝਣ ਆਯਾ।
ਜੀਉਂਦੇ ਜੀ ਮੁਰਦਾ ਹੋ ਰਹਿਆ ਆਪਨਾ ਆਪ ਗਵਾਯਾ।
ਦਯਾ ਗਰੀਬੀ ਸੇਵਾ ਦਾ ਸੀ ਮਨ ਵਿਚ ਚਾਉ ਘਨੇਰਾ।
ਖਿਮਾਂ, ਸ਼ੀਲ, ਸੰਤੋਸ਼ ਵਿਖੇ ਸੀ ਸੂਰਤ ਜਮਾਯਾ ਡੇਰਾ।
ਸਤਿਗੁਰ ਦੇ ਉਪਦੇਸ਼ਾਂ ਵਿਧਾ ਮਾਲਾ ਗਿਆ ਪਰੋਤਾ।
ਜਨਮ ਜਨਮ ਦੀ ਪਾਪ ਮੈਲ ਨੂੰ ਨਾਮ ਸਬੂਣੀ ਧੋਤਾ।
ਸ਼ੀਸ਼ੇ ਵਾਂਗਰ ਨਿਰਮਲ ਹਿਰਦਾ ਮਥੇ ਲਾਲੀ ਲਸਦੀ।
ਸੁਰਤ ਗੁਰੂ ਦੇ ਚਰਨਾਂ ਦੇ ਵਿਚ ਰਹੇ ਹਮੇਸ਼ਾਂ ਵਸਦੀ।
ਪ੍ਰੇਮ ਨਦੀ ਦੇ ਵਹਿਣੀਂ ਪੈ ਕੇ ਆਪਾ ਸਾਰਾ ਭੁੱਲਾ।
ਸੰਗਤ ਦੇ ਚਰਨਾਂ ਵਿਚ ਰਹਿੰਦਾ, ਬਣ ਗੋਲਾ ਅਣਮੁਲਾ।
ਟਹਿਰ ਕਮਾਵੇ ਪਾਪ ਗਵਾਵੇ, ਪਾਵੇ ਪਦ ਨਿਰਬਾਣੀ।
ਹੱਥ ਕਰਨ ਸੰਗਤ ਦੀ ਸੇਵਾ ਮੁਖੋਂ ਉਚਰੇ ਗੁਰਬਾਣੀ।
ਲੱਭਾ ਆਪਣਾ ਆਪ ਗੁਆਚਾ, ਗੁਰੂ ਕਪਾਟ[1] ਖੁਲਾਏ।
ਸੇਵਾ, ਨਾਮ, ਦੁਹਾਂ ਬਿਨ ਮਨ ਨੂੰ ਹੋਰ ਨਾ ਕੁਝ ਭੀ ਭਾਵੇ।

---

*ਭਾਵੇਂ ਵਡੇ ਨੁਕਸਾਨ ਤੇ ਸੂਲੀਆਂ ਦਾ ਉਹ ਕਰੜਾ ਸਬਕ ਸਿਖਦਾ ਹੈ ਪਰ ਉਥੇ ਭੀ ਉਸ ਵਿਚ ਉਹ ਸੋਝੀ ਤੇ ਹਾਜ਼ਰ ਜ਼ਵਾਬੀ ਹੁੰਦੀ ਹੈ ਜੋ ਕਿਤੇ ਨਹੀਂ ਲਭਦੀ (ਬਰਨਜ਼)।

1. ਦਰਵਾਜ਼ਾ ਭਾਵ ਬੁਧੀ ਵਿਚ ਅਗੰਮੀ, ਦੈਵੀ ਚਾਨਣ ਹੋਣਾ।

ਰੁੱਖੀ ਮਿਸੀ ਜੋ ਮਿਲ ਜਾਵੇ, ਉਸ ਨੂੰ ਵੰਡ ਛਕੇਂਦਾ।
ਤੰਗੀ ਤੁਰਸ਼ੀ[1] ਦੁਖ ਬਣੇ ਵਿਚ ਸ਼ੁਕਰ ਅਕਾਲ ਕਰੇਂਦਾ।

ਭਾਈ ਦਿਆਲਾ ਜੀ ਦਾ ਦਿੱਲੀ ਜਾਣਾ।

ਸ੍ਰੀ ਗੁਰੂ ਤੇਗ ਬਹਾਦਰ ਜੀ ਜਦ ਸ਼ਾਹ ਉਰੰਗ ਬੁਲਾਏ।
ਬਲੀ ਚੜ੍ਹਾਵਣ ਸੀਸ ਗੁਰੂ ਦੀ ਦਿਲੀ ਦੇ ਵਿਚ ਆਏ।
ਸਿਦਕੀ ਸਿਖ ਨਾਲ ਬਹੁ ਆਏ ਗੁਰ ਚਰਣਾਂ ਦੇ ਪਜਾਰੇ।
ਭਾਈ ਦਿਆਲਾ ਬਹੁਤਾ ਸੀਗਾ ਓਹਨਾਂ ਦੇ ਵਿਚਕਾਰੇ।
ਸ਼ਾਹ ਉਰੰਗੇ ਅੱਤ ਉਠਾਈ, ਦੇਸ਼ ਬੜਾ ਕਲਪਾਯਾ।
ਹਿੰਦੂ ਧਰਮ ਨੂੰ ਨਾਸ ਕਰਨ ਦਾ ਬੀੜਾ ਦਿਲੋਂ ਉਠਾਯਾ।
ਗੱਲੇ ਕੱਥੇ ਫੜ ਫੜ ਮਾਰੇ ਡਾਢੇ ਕਸ਼ਟ ਦਿਵਾ ਕੇ।
ਧੱਕੇ ਜ਼ੋਰੀ ਦੀਨ ਮਨਾਵੇ ਧਰਮੋਂ ਪਤਿਤ ਕਰਾ ਕੇ।
ਭਾਈ ਦਿਆਲਾ ਜੀ ਵੀ ਆਏ, ਵਿਚ ਧਰਮ ਪਰਤਾਵੇ।
ਹੁਕਮ ਚੜ੍ਹਾਯਾ ਭਾਈ ਜੀ ਬਹਿ ਨਾਲ ਅਸਾਡੇ ਖਾਵੇ।
ਨਹੀਂ ਤਾਂ ਡਾਢੇ ਕਸ਼ਟ ਪੁਚਾ ਕੇ ਇਸ ਦੀ ਜਾਨ ਮੁਕਾਓ।
ਦੇਗ ਉਬਲਦੀ ਪਾਣੀ ਦੇ ਵਿਚ ਪਾਇ ਅਜ਼ਾਬ[2] ਪੁਚਾਓ।

ਮੁਲਾਂ ਦੀ ਹੀਲੇਬਾਜੀ ਤੇ ਭਾਈ ਦਿਆਲਾ ਜੀ ਨੂੰ ਲਾਲਚ ਦੇਣਾ

ਇਕ ਪੁਰਾਣਾ ਮੁੱਲਾਂ ਆਯਾ ਲਗਾ ਵਾਅਜ਼[3] ਸੁਣਾਏ।
ਸਾਗਰ ਦੇ ਤਾਰੂ ਨੂੰ ਲਗਾ ਛੱਪੜ ਛੰਭ ਵਿਖਾਏ।
ਸੁਣ ਸਿਖਾ, ਜੇ ਹੁਕਮ ਸ਼ਾਹ ਨੇ ਤੇਰੇ ਲਈ ਸੁਣਾਯਾ।
ਤੇਰੀ ਖਾਸ ਭਲਾਈ ਦਾ ਹੈ ਬੀੜਾ ਅਸੀਂ ਉਠਾਯਾ।
ਤੂੰ ਇਕ ਔਝੜ ਦੇ ਵਿਚ ਫਸ ਕੇ ਬਿਰਥਾ ਉਮਰ ਗਵਾਈ।
ਕੁਫਰ[4] ਅਤੇ ਬੇਖਬਰੀ ਦੇ ਵਿਚ ਅਸਲੀ ਰਾਹ ਭੁਲਾਈ।
ਬਾਦਸ਼ਾਹ ਦਇਆਲੂ ਸਾਡਾ ਜਾਲ ਕੁਫਰ ਦਾ ਤੋੜੇ।
ਰਾਹ ਖੁਦਾਈ ਦੇ ਵਲ ਖਲਕਤ, ਬਦੋ ਬਦੀ ਫੜ ਮੋੜੇ।
ਖੀਰ ਖੁਆਈ[5] ਬੰਨ੍ਹ ਤੁਹਾਨੂੰ, ਖੇਚਲ ਆਪ ਉਠਾ ਕੇ।
ਰਾਹ ਖੁਦਾਈ ਦਸਦੇ ਫਿਰੀਏ, ਰੋਟੀ ਘਰ ਤੋਂ ਖਾ ਕੇ।
ਐਸੇ ਆਦਲ ਸ਼ਾਹ ਦਾ ਚਾਹੀਏ, ਦਿਲ ਥੀਂ ਸ਼ੁਕਰ ਬਜਾਯਾ[6]।
ਜਿਸਨੇ ਤੁਸਾਂ ਜਹਨਮੀਆਂ[7] ਹਿਤ ਸ਼ਾਹੀ ਰਾਹ ਖੁਲ੍ਹਾਯਾ।
ਦੀਨ ਮੁਹੰਮਦੀ[8] ਦੇ ਜੋ ਵਾਧੇ, ਕੀ ਕੀ ਦੱਸ ਸੁਣਾਵਾਂ ?
ਇਕ ਖੂਬੀ ਨਾ ਵਰਣਨ ਹੋਵੇ ਲੱਖ ਜੀਭ ਜੇ ਪਾਵਾਂ।

---

1. ਕੁੜਤਣ, ਤੰਗੀ ਤੁਰਸ਼ੀ ਮੁਹਾਵਰਾ ਹੈ, ਭਾਵ ਔਖਾ ਸਮਾਂ ਵਿਸ਼ੇਸ਼ ਕਰਕੇ ਗਰੀਬੀ ਦਾ। 2. ਦੁੱਖ। 3. ਉਪਦੇਸ਼। 4. ਪਾਪ, ਝੂਠ। 5. ਰੱਬ ਦਾ। 6. ਧੰਨਵਾਦ ਕਰਨਾ। 7. ਨਰਕਾਂ ਦੇ ਜੀਆਂ। 8. ਮੁਸਲਮਾਨ ਧਰਮ।

ਜੋ ਚਲ ਆਵੇ ਝੰਡੇ ਹੇਠਾਂ ਤੋਬਾ[1] ਮੁਖੋਂ ਉਚਾਰੇ।
ਉਸ ਦੇ ਪਾਪ ਕਮਾਣੇ ਪਿਛਲੇ ਬਖਸ਼ੇ ਜਾਵਨ ਸਾਰੇ।
ਅੱਲਾ ਅਗੇ ਭਰੇ ਸ਼ਫਾਇਤ[2] ਆਪ ਰਸੂਲ[3] ਖਲੋ ਕੇ।
ਵਿਚ ਬਹਿਸ਼ਤਾਂ[4] ਉੱਮਤ[5] ਤਾਈਂ ਵਾੜੇ ਅਗੇ ਹੋ ਕੇ।
ਜਿਨ੍ਹਾਂ ਬਹਿਸ਼ਤਾਂ ਦੇ ਵਿਚ ਹਾਜ਼ਰ ਹੂਰਾਂ[6] ਤੇ ਗਿਲਮਾਨਾਂ[7]।
ਪੱਖਾਂ ਝੱਲਣ ਟਹਿਲ ਕਮਾਵਣ, ਸੁਖ ਦੇਵਣ ਮਨ ਭਾਨਾ।
ਮੇਵੇਦਾਰ ਦਰੱਖਤ ਬਹਿਸ਼ਤਾਂ ਦੇ ਵਿਚ ਐਸੇ ਲਗੇ।
ਜਿਸ ਫਲ ਦੇ ਵਲ ਨਜ਼ਰ ਉਠਾਓ ਡਿਗੇ ਆ ਕੇ ਅਗੇ।
ਸੇਬ, ਖਜੂਰ, ਅੰਗੂਰ, ਸਾਉਗੀ, ਐਸੀ ਲਜ਼ਤ[8] ਦੇਂਦੇ।
ਨਾ ਵਿਚ ਗਿਟਕ ਨਾ ਉਪਰ ਛਿਲੜ, ਘਿਉ, ਦੇ ਘੁਟ ਭਰੇਂਦੇ।
ਨਹਿਰਾਂ ਵਗਣ ਸ਼ਰਾਬ ਦੀਆਂ ਕੰਢੇ ਤੇ ਧਰੀ ਸੁਰਾਹੀ।
ਜਦ ਜੀ ਆਵੇ ਭਰ ਭਰ ਪੀਵੇ ਕੋਈ ਨਹੀਂ ਮਨਾਹੀ।
ਹੋਰ ਆਰਾਮ ਜਗਤ ਵਿਚ ਜੇਹੜੇ ਇਸਤੋਂ ਸੌ ਗੁਣ ਚੰਗੇ।
ਮੋਮਨ ਹੋਯਾਂ ਵਿਚ ਬਹਿਸ਼ਤਾਂ, ਆ ਮਿਲਦੇ ਅਣਮੰਗੇ।
ਪਰ ਜੋ ਕਾਫਰ ਹੋ ਕੇ, ਮੁਰਦਾ, ਦੋਜ਼ਕ ਦੇ ਵਿਚ ਜਾਵੇ।
ਸ਼ੋਰ ਕੁਕਾਰਾ ਦੂਰੋਂ ਸੁਣ ਕੇ, ਲੋਹੂ ਸੁਕਦਾ ਜਾਵੇ।
ਕਈ ਹਜ਼ਾਰਾਂ ਮਣ ਦੇ ਪੱਥਰ, ਉਪਰ ਉਸਦੇ ਪੈਂਦੇ।
ਬਾਰੰ ਬਾਰ ਜਿਵਾ ਕੇ ਉਸ ਨੂੰ ਵੈਰ ਫਰਿਸ਼ਤੇ ਲੈਂਦੇ।
ਸੋ ਤੂੰ ਦੀਨ ਕਬੂਲ ਅਸਾਡਾ, ਦੁਨੀਆਂ ਦਾ ਸੁਖ ਪਾਸੈਂ।
ਵਿਚ ਇਮਾਨ[9] ਮੌਤ ਜਦ ਆਸੀ, ਸਿਧਾ ਜੰਨਤ ਜਾਸੇਂ।

ਸਿਦਕ ਦੇ ਪੁੰਜ ਭਾਈ ਦਿਆਲਾ ਜੀ ਦਾ ਤਿਆਗ ਭਰਿਆ ਜਵਾਬ

ਭਾਈ ਦਇਆਲਾ ਜੀ ਬੋਲੇ, ਸੁਣ ਮੁੱਲਾਂ ਉਪਕਾਰੀ।
ਜਾਣ ਲਈ ਮੈਂ ਤੇਰੀ ਤੇ ਇਸ ਸ਼ਾਹ ਦੀ ਸੋਭਾ ਭਾਰੀ।
ਠੇਕਾ ਤੁਸਾਂ ਮੰਗਾਯਾ ਹੈ, ਜੰਨਤ ਦਾ ਕੋਈ ਜਾਣੇ।
ਜਾਇਦਾਦ ਹੈ ਘਰ ਦੀ ਬਣੀ ਬਹਿਸ਼ਤ ਤੁਹਾਡੇ ਭਾਣੇ।
ਜਿਸ ਨੂੰ ਜੀ ਚਾਹੇ ਲੰਘਵਾਓ, ਚਾਹੇ ਪਰੇ ਹਟਾਓ।
ਚਾਹੇ ਵਿਚ ਬਹਿਸ਼ਤਾਂ ਘੱਲੋ, ਚਾਹੇ ਦੋਜ਼ਖ ਪਾਓ।
ਪਰਉਪਕਾਰ ਤੁਹਾਡੇ ਦਾ ਮੈਂ ਕਰਦਾ ਸ਼ੁਕਰ ਜ਼ਰੂਰੀ।
ਪਰ ਮੈਨੂੰ ਤੇਰੇ ਵਾਕਾਂ ਪਰ ਨਹੀਂ ਤਸੱਲੀ ਪੂਰੀ।

---

1. ਪਸ਼ਚਾਤਾਪ। 2. ਸਿਫਾਰਸ਼, ਦਯਾ ਕਰਨੀ, ਕਿਸੇ ਦੀ ਮੁਕਤੀ ਚਾਹੁਣੀ। 3. ਮੁਹੰਮਦ ਸਾਹਿਬ। 4. ਸਵਰਗਾਂ। 5. ਸੰਗਤ, ਆਪਣੇ ਚੇਲੇ। 6. ਅਪੱਛਰਾਂ। 7. ਸੁੰਦਰ ਲੜਕੇ। 8. ਸਵਾਦ। 9. ਧਰਮ।

ਦੀਨ ਵਧਾਉਣ ਹੇਤ ਤੁਸਾਂ ਜੋ ਚਾਈ ਧੱਕੜ ਸ਼ਾਹੀ।
ਦੇਸ਼ ਨਿਮਾਣੇ ਦੇ ਸਿਰ ਉਪਰ ਆਂਦੀ ਘੋਰ ਤਬਾਹੀ।
ਜੇ ਹੈ ਦੀਨ ਤੁਹਾਡਾ ਚੰਗਾ, ਕਰੋ ਪਏ ਤਲਕੀਨ[1]।
ਜਿਸ ਨੂੰ ਚੰਗਾ ਲੱਗੇਗਾ ਓਹ ਲਾਊ ਦੇਰ ਰਤੀ ਨਾ।
ਸਿਦਕ ਯਕੀਨ ਭਰੋਸਾ ਕਰਕੇ, ਜੋ ਇਸਲਾਮ ਕਬੂਲੇ।
ਉਸਨੂੰ ਨਾਲ ਰਲਾਓ ਪਰ ਨਾ ਪਾਓ ਫੜ ਫੜ ਜੂਲੇ।
ਲਹੂ ਵਹਾ ਕੇਂ, ਡਰ ਦਿਖਲਾ ਕੇ ਜੇ ਕਰ ਦੀਨ ਵਧਾਯਾ।
ਓਹ ਮੋਮਨ ਕਾਹਦਾ ਹੋਵੇਗਾ, ਸਿਦਕ ਨਾ ਜਿਸਨੂੰ ਆਯਾ ?

ਹਉਮੈਂ ਤਿਆਗੀ ਦੇ ਲੱਛਣ

ਹੂਰਾਂ[2] ਗਿਲਮਾਨਾਂ[3] ਅਰ ਜੰਨਤ ਦੇ ਫਲ ਮੇਵੇ ਸਾਰੇ।
ਬੇਸ਼ਕ ਜੇਹੜਾ ਲੋਭੀ ਹੋਵੇ ਉਸਨੂੰ ਲੱਗਣ ਪਯਾਰੇ।
ਪਰ ਮੈਂ ਤਾਂ ਮੁਰਦਾਂ ਹਾਂ ਮਨ ਦਾ, ਰਸ ਕਸ ਸਾਰੇ ਭੁੱਲੇ।
ਤ੍ਰਿਪਤੀ ਆਈ ਗੁਰ ਚਰਨਾਂ ਦੇ ਪੀ ਕੇ ਅੰਮ੍ਰਿਤ ਚੂਲੇ।
ਸੁਰਗ ਨਰਕ, ਦੋਜ਼ਖ ਅਰ ਜੰਨਤ ਸਭੇ ਲੱਥੇ ਜੀ ਤੋਂ।
ਵਾਰ ਛਡੀ ਤ੍ਰਿਭਵਣ ਦੀ ਮਾਯਾ, ਫੜ ਕੇ ਗੁਰ ਸਿਖੀ ਤੋਂ।
ਗੁਰ ਸਿੱਖੀ ਦੇ ਤੁੰਮੇ ਲਗਨ ਖਰਬੂਜੇ ਤੋਂ ਮਿੱਠੇ।
ਜੰਨਤ ਦੇ ਸੁਖ ਤੁੱਛ ਦਿੱਸਣ, ਜੋ ਸਿਖੀ ਦੇ ਸੁਖ ਡਿੱਠੇ।
ਆਤਮ ਮਦ ਦੀ ਮਸਤੀ ਦੇ ਵਿਚ ਆਵਣ ਇਹੋ ਹੁਲਾਰੇ।
ਅੱਖ ਪਰਤ ਨਾ ਵੇਖਣ ਨੂੰ ਜੀ ਚਾਹੇ ਸੁਰਗ ਦੁਆਰੇ।
ਤਾਂ ਤੇ ਕ੍ਰਿਪਾ ਕਰੋ ਅਰ ਮੈਨੂੰ ਹੋਰ ਨਾ ਬਹੁਤ ਅਕਾਓ।
ਆਤਮ ਰਸ ਮੇਰੇ ਵਿਚ ਗੱਲਾਂ ਕਰਕੇ ਭੰਗ ਨਾ ਪਾਓ।
ਵਾਹਿਗੁਰੂ ਓਹ ਘੜੀ ਨਾ ਲਜਾਵੇ ਧਰਮ ਤਜਾਗ ਕੇ ਜੀਵਾਂ।
ਨਾਮ ਅੰਮ੍ਰਿਤ ਦੇ ਬਾਝ ਅਧਰਮੀ, ਪਾਣੀ ਭੀ ਜੋ ਪੀਵਾਂ।
ਪਿਤਾ ਪ੍ਰਭੂ ਦੇ ਭਾਣੇ ਵਿਚ ਦੁਖ ਭੀ ਜੇਕਰ ਆਵੇ।
ਗੁਰ ਸਿਖਾਂ ਨੂੰ ਉਸ ਸਮੇਂ ਭੀ ਸੁਖ ਹੀ ਪਿਆ ਦਿਸਾਵੇ।

ਮੁੱਲਾਂ ਦੀ ਅਨੀਤੀ ਤੇ ਜ਼ੁਲਮ ਅਤੇ ਭਾਈ ਜੀ ਦੀ ਧਰਮ ਵਲੋਂ ਅਡੋਲਤਾ

ਖੱਟੇ ਦੰਦ ਹੋਏ ਮੁੱਲਾਂ ਦੇ, ਸ਼ੋਲ ਨਾ ਅਗੋਂ ਸੱਕੇ।
ਡੇਲੇ ਕੱਢ ਲਾਲ ਕਰ ਚੇਹਰਾ, ਬਿਟ ਬਿਟ ਸਾਹਵੇਂ ਤੱਕੇ।
ਖਿੱਝ ਕੇ ਕਿਹਾ ਜਲਾਦਾਂ ਨੂੰ, 'ਪਾਣੀ ਦੀ ਦੇਗ ਉਬਾਲੋ'।
ਅਰ ਇਸ ਮੂਜ਼ੀ[4] ਕਾਫਰ[5] ਨੂੰ, ਉਸਦੇ ਵਿਚ ਤੁਰਤ ਬਿਠਾਲੋਂ।

1. ਸਿੱਖਿਆ ਦਿਓ, ਸਮਝਾਓ। 2. ਅਪੱਛਰਾਂ। 3. ਸੁੰਦਰ ਲੜਕੇ। 4. ਦੁੱਖ ਦੇਣ ਵਾਲਾ। 5. ਝੂਠਾ, ਪਾਪੀ।

ਓਧਰ ਅੱਗ ਬਲੀ ਅਰ ਲੱਗਾ, ਤੱਤਾ ਹੋਵਣ ਪਾਣੀ।
ਏਧਰ ਭਾਈ ਦਿਆਲਾ ਜੀ ਨੇ, ਛੋਹੀ ਅੰਮ੍ਰਿਤ ਬਾਣੀ।
ਸ਼ਾਂਤ ਅਤੇ ਇਕਾਂਤ ਚਿੱਤ ਥੀਂ, ਜਪੁਜੀ ਸਾਹਿਬ ਉਚਾਰੀ।
ਕਰ ਅਰਦਾਸ ਅਕਾਲ ਪਾਸ ਚਲਣ ਹਿਤ ਕਰੀ ਤਿਆਰੀ।
ਏਨੇ ਚਿਰ ਨੂੰ ਪਾਣੀ ਓਧਰ ਲੱਗਾ ਖਾਣ ਉਬਾਲਾ।
ਫੜ ਜੱਲਾਦਾਂ ਵਿਚ ਬਿਠਾਯਾ, ਸਿਦਕੀ ਸਿਖ ਦਿਆਲਾ।
ਉਪਰ ਉਸਦੇ ਢੱਕਣ ਦੇ ਕੇ ਆਪਣਾ ਪਾਪ ਛੁਪਾਂਦੇ।
ਮਤ ਅਕਾਸ਼ ਨਾ ਦੇਖ ਲਏ ਨਿਰਦਈ ਕੁਕਰਮ ਅਸਾਂ ਦੇ।
'ਸੀ' ਨਾ 'ਹਾਇ' ਅਵਾਜ਼ਾ ਆਯਾ ਨਾ ਕੁਝ ਵਾਹਰ ਪਾਈ।
'ਵਾਹਿਗੁਰੂ' ਦੀ ਦੋ ਤਿੰਨ ਵਾਰੀ ਦਿਤੀ ਵਾਜ ਸੁਣਾਈ।
ਤਰਵਰ[1] ਬੈਠਾ ਪੰਛੀ ਸੀ ਇਕ ਗੁਟਕੂੰ ਗੁਟਕੂੰ ਕਰਦਾ।
ਪਜਾਰੀ ਪਜਾਰੀ ਬੋਲ ਬੋਲੀਆਂ ਮਨ ਸਭ ਦੇ ਸੀ ਹਰਦਾ।
ਉੱਡ ਗਿਆ ਅਜ ਤਜਾਗ ਆਲ੍ਹਣਾ ਲੰਮੀ ਮਾਰ ਉਡਾਰੀ।
ਮੋਹ ਮੁਸਾਫਰਖਾਨੇ ਦਾ ਤਜ, ਚੜ੍ਹਿਆ ਉੱਚ ਅਟਾਰੀ।
ਖਿੜਿਆ ਫੁੱਲ ਬਗੀਚੇ ਦਾ ਇਕ ਹੋਯਾ ਪੱਤਾ ਪੱਤਾ।
ਆਪਾ ਵਾਰ ਸੁਗੰਧੀ ਦੇ ਗਿਆ ਕੁਰਬਾਨੀ ਵਿਚ ਮੱਤਾ।
ਦੁਨੀਆਂ ਨੂੰ ਸਿਖਲਾਇ ਤੁਰ ਗਿਆ ਕੁਰਬਾਨੀ ਦੀ ਰੀਤੀ।
ਜਿੰਦੜੀ ਵਾਰ ਨਿਬਾਹੋ ਆਪਣੇ ਧਮ ਨੇਸ਼ਠਾ[2] ਪ੍ਰੀਤੀ।
ਲੀਹਾਂ ਪਾਈਆਂ ਹੋਰਾਂ ਖਾਤਰ ਆਪਣਾ ਆਪ ਗੁਆ ਕੇ।
ਖੇਡ ਪ੍ਰੇਮ ਦੀ ਖੇਡ ਗਿਆ ਤਲੀਆਂ ਪਰ ਸੀਸ ਟਿਕਾ ਕੇ।
ਆਪ ਪਾ ਗਿਆ ਪਦ ਅਬਿਨਾਸੀ ਛੋੜ ਗਿਆ ਜਸ ਬਾਕੀ।
ਗੁਰ ਸਿੱਖੀ ਦੇ ਸਿਦਕ ਭਰੋਸੇ ਦੀ ਦਿਖਲਾ ਕੇ ਝਾਕੀ।
ਵਾਹਿਗੁਰੂ ਦਰ ਪੈਧਾ ਪਹੁੰਚਾ, ਸੱਚਾ ਸਿਦਕ ਕਮਾ ਕੇ।
ਜੋਤ ਵਿਚ ਜਾ ਜੋਤ ਸਮਾਈ ਚੋਲਾ ਪਰੇ ਹਟਾ ਕੇ।

---

1. ਰੁੱਖ, ਬ੍ਰਿਛ। 2. ਟਿਕਾਅ, ਲਗਾਉ।

The hero is not fed on sweets.
Daily his own heart he eats.
Chambers of the great are jails.
And head-winds right for royal sails.
Then welcome each rebuff,
That turns earth's smoothness rough.
Each sting, that bids, not sit nor stand but go.*

—Browning.

**Truth crushed to earth will rise again;
The eternal years of God are hers;
But error wounded, whither with pain,
And dies among her worshipper.

God give us men, a time like this demands
strong minds, great hearts, true faith and ready hands,
Men whom the spoils of office cannot buy
Men who possess opinions and a will;
Men who have honour-men who will not lie;
Men who can stand before a demagogue
And scorn his treacherous flatteries without winking;

---

*ਮਹਾਨ ਪੁਰਸ਼ ਨਾ ਖਾਏ ਮਠਿਆਈਆਂ, ਨਿਤ ਉਹ ਖਾਵੇ ਆਪਣਾ ਦਿਲ।
ਵਡਿਆਂ ਲਈ ਮਹੱਲ ਨੇ ਜੇਲ੍ਹਾਂ, ਤੇ ਸ਼ਾਹੀ ਜ਼ਹਾਜਾਂ ਦੀ ਥਾਂ ਝਖੜ।
ਉਹ ਜੀ ਆਇਆਂ ਆਖਣ ਹਰ ਝਾੜ ਝਪਾੜ ਤੇ ਹਾਰ ਨੂੰ,
ਕਰੇ ਜੋ ਕੋਮਲ ਧਰਤੀ ਤਾਈਂ ਟੋਏ ਟਿਬੇ; ਹਰ ਚੋਭ ਉਨ੍ਹਾਂ ਨੂੰ ਆਖੀ ਜਾਏ,
ਬੈਠੋ ਨਾ, ਖਲੋਵੋ ਨਾ, ਸਗੋਂ ਤੁਰੇ ਚਲੋ।

—ਬ੍ਰਾਊਨਿੰਗ।

**ਸਚ ਕੁਚਲ ਕੇ ਧਰਤ ਮਿਲਾਇਆ, ਫਿਰ ਭੀ ਉਠੇ ਉਹ।
ਰਹੂ ਅਟਲ, ਰੱਬ ਦੇ ਵਾਂਗੂ, ਸਚ ਸਦਾ ਹੀ ਜੀਵੇ।
ਪਰ ਭੁਲੜ ਫਟੜ, ਪੀੜ ਨਾਲ ਬੇਹਾਲ।
ਮਰ ਜਾਵਣ ਆਪਣੀ ਪੂਜਾ ਕਰਨ ਵਾਲਿਆਂ ਵਿਚ।

Tall men sun-crowned, who live above the fog
In public duty and in private thinking*.

–Anon.

ਪੁਸ਼ਪ ਰਵੇਲਾਂ ਖਿੜ ਕੇ ਤਾਂ ਦੋ ਦਿਨ ਆਨੰਦ ਵਿਖਾ ਗਈਆਂ।
ਸ਼ੋਕ ਉਨ੍ਹਾਂ ਕਲੀਆਂ ਪਰ ਹੈ ਜੋ ਬਿਨ ਖਿੜਿਆ ਮੁਰਝਾ ਗਈਆਂ।

ਸਾਹਿਬਜ਼ਾਦੇ ਜੋਰਾਵਰ ਸਿੰਘ ਜੀ ਤੇ ਫਤਹ ਸਿੰਘ ਜੀ ਦੀ ਨਵਾਬ ਸਰਹੰਦ ਦੇ ਦਰਬਾਰ ਵਿਚ ਪੇਸ਼ੀ ਤੇ ਧਰਮ ਹੇਤ ਕੁਰਬਾਨੀ

ਆ ਧਰਮ ਬਗੀਚੀ। ਸੰਤ ਜਨਾਂ ਦੀ ਮਾਤ ਪਜਾਰੀ।
ਭਗਤਾਂ ਦੇ ਲੋਹੂ ਨਾਲ ਸਿੰਜਾਈ ਹੋਈ ਕਿਆਰੀ।
ਆ ਦੇਵਤਿਆਂ ਨੂੰ ਗੋਦੀ ਵਿਚ ਖਿਡਾਵਨ ਵਾਲੀ।
ਹਾਂ ! ਵਖਤ ਪਏ ਪਰ ਪਜਾਰੇ, ਪੁੱਤ੍ਰ ਕੁਹਾਵਨ ਵਾਲੀ।
ਉਹ ਤੇਰਾ ਦੁੱਖ ਦਾ ਸਮਾਂ, ਯਾਦ ਜਦ ਆ ਪੈਂਦਾ ਹੈ।
ਤਦ ਪਾਣੀ ਪਾਣੀ ਹੋਇ ਹ੍ਰਿਦਾ ਬਿਲੱਲਾ ਪੈਂਦਾ।
ਓਹ ਅੱਤਯਾਚਾਰ ਮਹਾਨ ਤੇਰੇ ਪਰ ਆ ਚੁੱਕੇ ਹਨ।
ਜੋ ਤੇਰੇ ਲੱਖਾਂ ਪੁਤ੍ਰ ਡੈਣ ਵਤ ਖਾ ਚੁੱਕੇ ਹਨ।
ਅਜ ਅਮਨ ਚੈਨ ਦੇ ਰਾਜ ਵਿਖੇ ਦੁੱਖ ਭੁੱਲ ਗਏ ਹਨ।
ਕਿਸਮਤ ਦੇ ਪਾਏ ਕਸ਼ਟ ਝੋਲੀਓਂ ਡੁੱਲ੍ਹ ਗਏ ਹਨ।
ਪਰ ਲਹੂ ਭਰੇ ਇਤਿਹਾਸ ਉਨ੍ਹਾਂ ਨੂੰ ਯਾਦ ਕਰਾਂਦੇ।
ਅਰ ਦੁਸ਼ਮਨ ਦੇ ਭੀ ਨੇਤ੍ਰੋਂ, ਹੰਝੂ ਕਿਰ ਕਿਰ ਜਾਂਦੇ।
ਜਦ ਬੈਠਾ ਸੀ ਔਰੰਗਜ਼ੇਬ ਚੜ੍ਹ ਤੇਰੀ ਛਾਤੀ।
ਅਰ ਗਰਦਨ ਪਰ ਸੀ ਫੇਰ ਰਿਹਾ ਜ਼ੁਲਮ ਦੀ ਕਾਤੀ।
ਅੱਖਾਂ ਤਿਰੀਆਂ ਦੇ ਲਾਲ, ਗਾਜਰਾਂ ਵਾਂਗ ਕਟੀਂਦੇ।
ਤੇਰੇ ਹਿਤ ਸਨ ਫਰਮਾਨ, ਕਟਾਰੀ ਨਾਲ ਲਿਖੀਂਦੇ।

---

* ਹੇ ਰੱਬਾ, ਸਮੇਂ ਦੀ ਲੋੜ ਹੈ ਕਿ ਸਾਨੂੰ ਉਹ ਪੁਰਸ਼ ਦੇਹ,
ਜਿਨ੍ਹਾਂ ਦੇ ਮਨ ਪਕੇ, ਦਿਲ ਵੱਡੇ, ਸਿਦਕ ਸੱਚੇ ਤੇ ਹੱਥ ਤਿਆਰ ਹੋਣ;
ਮਨੁੱਖ ਜਿਨ੍ਹਾਂ ਨੂੰ ਪਦਵੀ ਦਾ ਲਾਲਚ ਮਾਰ ਨਾ ਸੱਕੇ;
ਮਨੁੱਖ ਜਿਨ੍ਹਾਂ ਨੂੰ ਅਧਿਕਾਰਾਂ ਦੀ ਲੁਟ ਖਰੀਦ ਨਾ ਸੱਕੇ;
ਮਨੁੱਖ ਜਿਨ੍ਹਾਂ ਦਾ ਆਪਣਾ ਕੋਈ ਮੱਤ ਹੋਵੇ ਤੇ ਦ੍ਰਿੜ੍ਹ ਇਰਾਦਾ;
ਮਨੁੱਖ ਜਿਨ੍ਹਾਂ ਦੀ ਇਜ਼ਤ ਹੋਵੇ, ਤੇ ਜੋ ਝੂਠ ਨਾ ਬੋਲਣ;
ਮਨੁੱਖ ਜੋ ਭੀੜਾ ਦੇ ਦੈਂਤ ਅੱਗੇ ਡਟ ਸਕਣ;
ਤੇ ਉਸ ਦੀਆਂ ਠਗੀਆਂ ਭਰੀਆਂ ਖੁਸ਼ਾਮਦਾਂ ਨੂੰ ਝਕਣ ਬਿਨਾਂ ਘ੍ਰਿਣਾ ਕਰ ਸਕਣ
ਉਚੇ ਮਨੁੱਖ ਜਿਨ੍ਹਾਂ ਦੇ ਸਿਰ ਤੇ ਸੂਰਜ ਦਾ ਤਾਜ ਹੋਵੇ, ਜੋ ਧੁੰਦ ਤੋਂ ਉਪਰ ਰਹਿਣ,
ਸਮਾਜ ਦੇ ਧਰਮ ਵਿਚ ਤੇ ਜਾਤੀ ਸੋਚਾਂ ਵਿਚ— (ਕਵੀ ਦਾ ਨਾਂ ਪਤਾ ਨਹੀਂ)

ਲੁਟ ਗਿਆ ਤੇਰਾ ਧਨ, ਧਾਮ, ਧਰਮ ਭੀ ਖੁਸਦਾ ਜਾਏ।
ਅਜ ਓਹ ਦਿਨ ਕਰਕੇ ਯਾਦ ਕਲੇਜਾ ਮੂੰਹ ਨੂੰ ਆਏ।
ਉਹ ਤੇਰਾ ਉੱਘਾ ਧਰਮ ਬਗੀਚਾ ਮਹਿਕਣ ਵਾਲਾ।
ਚਟ ਗਈ ਖਿਜ਼ਾਂ[1] ਦੀ ਪੌਣ ਅਤੇ ਜੁਲਮਾਂ ਦਾ ਪਾਲਾ।
ਕੁਝ ਤੇਰੇ ਧਰਮੀ ਪੁਤ੍ਰ ਪਕੜ ਵਿਚ ਦੀਨ ਰਲਾਏ।
ਕੁਝ ਬੀਰ ਨਾਲ ਤਲਵਾਰ ਧਰਮ ਦੀ ਬਲੀ ਚੜ੍ਹਾਏ॥
ਹਾਂ, ਦੇਵ ਭੂਮਿ ! ਉਸ ਸਮੇਂ ਕੌਣ ਸੀ ਤੇਰਾ ਵਾਲੀ ?
ਜਦ ਛਾਇ ਰਹੀ ਸੀ ਘਟਾ ਕਸ਼ਟ ਦੀ ਸਿਰ ਪਰ ਕਾਲੀ।
ਤਦ ਕੌਣ ਬੀਰ ਸੀ ਜਿਸ ਨੇ ਤੇਰੇ ਸੰਕਟ ਕੱਟੇ ?
ਓਹ ਕੀ ਸੀਗਾ ਬਲਕਾਰ ਜਿਦੇ ਬਲ ਦੁਖੜੇ ਘਟੇ ?
ਨਿਰਮੂਲ ਹੋਣ ਤੋਂ ਜਿਸ ਨੇ ਤੈਨੂੰ ਰੱਖ ਦਿਖਾਇਆ ?
ਜੋ ਰਾਖਸ਼ ਦੇ ਮੂੰਹ ਵਿਚੋਂ ਤੈਨੂੰ ਖਿੱਚ ਲਿਆਯਾ ?
ਹਾਂ ਮਾਤਾ, ਉਹ ਸੀ–ਸੱਤਯ ਧਰਮ ਗੁਰ ਨਾਨਕ ਵਾਲਾ।
ਜੋ ਹੋਯਾ ਤੇਰਾ ਵਾਲ ਵਾਲ ਦੁੱਖ ਵਿਚ ਰਖਵਾਲਾ।
ਜਿਸ ਧਰਮ ਪੁਰੋਂ ਕੁਰਬਾਨ ਹੋ ਗਏ ਤੇਰੇ ਜਾਏ।
ਸਿਰ ਦਿਤੇ ਭੇਟ ਚੜ੍ਹਾਏ ਪਰੰਤੂ ਦਿਲ ਨਾ ਹਿਲਾਏ।
ਰਖ ਲਿਆ ਧਰਮ ਸਿਰ ਨਾਲ–ਹੋਰ ਸਰਬੰਸ ਲੁਟਾ ਕੇ।
ਇਜ਼ਤ ਤੇਰੀ ਰਖ ਲਈ ਆਪਣਾ ਗਲਾ ਕਟਾ ਕੇ।
ਇਕ ਉਠਿਆ ਤੇਰਾ ਲਾਲ ਗੁਰੂ ਗੋਬਿੰਦ ਸੂਰਾ।
ਤੁਧ ਧਸੀ ਰਸਾਤਲ ਦੇਖ, ਦੁੱਖਾਂ ਵਿਚ ਹੁੰਦੀ ਚੂਰਾ।
ਉਸ ਤੇਰੀ ਮੁਕਤੀ ਹੇਤ ਖਾਲਸਾ ਪੰਥ ਸਜਾ ਕੇ।
ਮਰ ਚੁੱਕੀ ਕੌਮ ਵਿਚ ਮੁੜ ਕੇ ਅੰਮ੍ਰਿਤ ਸ਼ਕਤੀ ਪਾ ਕੇ।
ਦੁਖੀਆਂ ਦੀ ਰੱਖ ਸਹਾਇ ਕਰਨ ਦੀ ਜਾਚ ਸਿਖਾਈ।
ਇਕ ਇਕ ਵਿਚ ਸੌ ਸੌ ਨਾਲ ਲੜਨ ਦੀ ਸ਼ਕਤੀ ਪਾਈ।
ਲੈ ਨਾਲ ਗੇਣਵੇਂ ਸੇਰ, ਉਤਰਿਆ ਰਣ ਵਿਚ ਆ ਕੇ।
ਦਿਖਲਾਯਾ ਇਕ ਇਕ ਬੀਰ ਦਲਾਂ ਦੇ ਨਾਲ ਲੜਾ ਕੇ।
ਇਸ ਦਰਜੇ ਦੀ ਅਣਹੋਂਦ, ਟਾਕਰਾ ਐਸਾ ਭਾਰਾ।
ਪਰ ਤੇਰਾ ਕਸ਼ਟ ਅਪਾਰ ਕਰਨ ਨਾ ਦੇਇ ਸਹਾਰਾ।
ਅਖਾਂ ਸਾਹਵੇਂ ਲਾਲ ਆਪਣੇ ਆਪ ਕੁਹਾਏ।
ਅਰ ਹੋ ਕੇ ਨੰਗੇ ਬੋਟ ਪਿਛਾਂਹ ਨਹੀਂ ਪੈਰ ਹਟਾਏ।
ਦੋ ਛੋਟੇ ਛੋਟੇ ਲਾਲ, ਹਾਇ, ਹੁਣ ਕਲਮ ਚਲੇ ਨਾ।
ਜੋ ਕੋਮਲ ਕਲੀਆਂ ਵਾਂਗ, ਅਜੇ ਕੁਝ ਵਧੇ ਫਲੇ ਨਾ।

1. ਪਤਝੜ।

ਉਹ ਤੇਰੀ ਰਖਜਾ ਹੇਤ ਧਰਮ ਤੋਂ ਸਦਕੇ ਹੋਏ।
ਕੰਧਾਂ ਵਿਚ ਤਨ ਚਿਣਵਾਇ ਮੌਤ ਦੀ ਸੇਜੇ ਸੋਏ।
ਅਖਾਂ ਤੋਂ ਨਿਕਲੇ ਧਾਰ ਲਹੂ ਦੀ ਸੁਣ ਕਰੜਾਈ।
ਜਿਸ ਬੇਦਰਦੀ ਦੇ ਹਾਲ ਉਨ੍ਹਾਂ ਪਰ ਵਿਪਦਾ ਆਈ।

ਦੋਹਰਾ

ਕੀਕੁਰ ਹੋਏ ਸ਼ਹੀਦ ਉਹ ਦਸਮ ਗੁਰੂ ਦੇ ਲਾਲ ?
ਹ੍ਰਿਦਾ ਚੀਰਵੇਂ ਕਸ਼ਟ ਦਾ ਕੁਝ ਕੁ ਸੁਨਾਵਾਂ ਹਾਲ।
ਕਲਗੀ ਧਰ ਤੁਰਕਾਂ ਨਾਲ ਟਾਕਰਾ ਕਰਦੇ ਫਿਰਦੇ।
ਗਿਣਤੀ ਦੇ ਸਿੰਘਾਂ ਨਾਲ, ਘੇਰਦੇ, ਕਿਧਰੇ ਘਿਰਦੇ।
ਆਨੰਦ ਪੁਰੇ ਦੀ ਗੜ੍ਹੀ ਮੋਰਚਾ ਆਣ ਲਗਾਯਾ।
ਅਰ ਗਿਰਦੇ ਉਸਦੇ ਤੁਰਕ ਫੌਜ ਦਲ ਬਾਦਲ ਛਾਯਾ।
ਨਾ ਅੰਦਰ ਦਿਸੇ ਅੰਨ-ਨਾ ਬਾਹਰ ਮਿਲਦਾ ਜਾਣਾ।
ਨਾ ਇਤਨੀ ਫੌਜ ਸਮਾਨ ਕਿ ਸੰਭਵ ਹੋਇ ਉਠਾਣਾ।
ਪਰ ਏਸ ਅਣਹੋਂਦ ਵਿਚ ਭੀ ਕੌਣ ਡਰ ਸਕਦਾ ਸੀ।
ਜਦ ਸਵਾ ਲੱਖ ਸੌਂ ਟਾਕਰਾ ਹਰ ਇਕ ਕਰ ਸਕਦਾ ਸੀ।
ਭੁੱਖੇ ਤਿਰਹਾਏ ਸ਼ੇਰ ਫੌਜ ਵਿਚ ਜਾ ਵੜਦੇ ਸਨ।
ਸੌ ਸੌ ਦੇ ਲੋਹੂ ਵਿਚ ਖੜਗ ਨੂੰ ਭਿਉਂ ਖੜਦੇ ਸਨ।
ਤੁਰਕਾਂ ਦਾ ਦਲ ਛੇ ਮਾਹ ਅੱਡੀਆਂ ਰਿਹਾ ਰਗੜਦਾ।
ਪਰ ਬੀਰ ਖਾਲਸੇ ਨਹੀਂ ਦਿਖਾਯਾ ਬੂਹਾ ਗੱੜ੍ਹ ਦਾ।
ਹੋ ਗਏ ਤੁਰਕ ਹੈਰਾਨ ਦਾਲ ਕੁਝ ਗਲਦੀ ਨਾ ਸੀ।
ਪਰ ਕੁਝ ਦਿਖਲਾਵੇ ਬਾਝ ਨੌਕਰੀ ਫਲਦੀ ਨਾ ਸੀ।
ਓੜਕ ਇਕ ਘਾਤਕ ਚਾਲ, ਚੱਲਣ ਦਾ ਮਤਾ ਪਕਾ ਕੇ।
ਇਕ ਜਾਲ ਬਨਾਯਾ, ਗਊ ਪਹਾੜੀ ਅੱਗੇ ਲਾ ਕੇ।
ਚਿੱਠੀ ਲਿਖਵਾਈ ਆਪ ਕਿਲਾ ਜੇਕਰ ਛੱਡ ਜਾਓ।
ਤਦ ਰਤੀ ਨ ਹੋਗਾ ਕਲੇਸ਼, ਅਸਾਂ ਤੋਂ ਕਸਮ ਚੁਕਾਓ।
ਕੁਝ ਕੰਮ ਦਿਖਾ ਕੇ ਅਸੀਂ ਆਪਣੀਆਂ ਤਲਬਾਂ[1] ਪਾਈਏ।
ਬੇ ਫਿਕਰ ਹੋਹੁ ਗੇ ਆਪ, ਅਸੀਂ ਭੀ ਘਰ ਨੂੰ ਜਾਈਏ।
ਕਲਗੀਧਰ ਜਾਣੀਜਾਣ ਚਾਲ ਏਹ ਸਮਝ ਗਏ ਸਨ।
ਵਿਸ਼ਵਾਸ਼ਘਾਤ ਜਿਸ ਹੇਤ ਤੁਰਕ ਰਿਪੁ[2] ਖਜਾਲ ਪਏ ਸਨ।
ਉਹ ਲਖਦੇ ਸਨ ਸੌਗੰਧ ਇਨ੍ਹਾਂ ਦੀ ਤੋੜ ਦੇਣਗੇ।
ਜਦ ਨਿਕਲੇ ਬਾਹਰ ਅਸੀਂ ਧਰਮ ਇਹ ਛੋੜ ਦੇਣਗੇ।

---
1. ਤਨਖਾਹ। 2. ਵੈਰੀ।

ਘਿਰੇ ਹੋਏ ਕਿਲੇ ਵਾਸੀਆਂ ਨੂੰ ਰਸਦ ਦੀ ਅਣਹੋਂਦ ਤੇ ਵੈਰੀਆਂ ਦੇ ਦੁੱਖ

ਪਰ ਸਿਖਾਂ ਕੀਤੀ ਅਰਜ਼ ਰਸਦ ਕੁਝ ਪਾਸ ਨਹੀਂ ਹੈ,
ਅਰ ਬਿਨਾਂ ਸੁਲਹ ਦੇ ਬੱਚ ਨਿਕਲਣ ਦੀ ਆਸ ਨਹੀਂ ਹੈ,
ਕਿਸ ਕਠਨਾਈ ਦੇ ਨਾਲ. ਦਿਹਾੜੇ ਬੀਤ ਰਹੇ ਹਨ,
ਅਰ ਭੁੱਖ ਤ੍ਰੇਹ ਦੇ ਕਸ਼ਟ ਕਿਵੇਂ ਬੇਅੰਤ ਸਹੇ ਹਨ,
ਇਹ ਬਣੀ ਬਣਾਈ ਬਾਤ ਮਤਾਂ ਕੁਝ ਵਿਗੜ ਨਾ ਜਾਵੇ,
ਇਹ ਹਠ ਵਿਚ ਫੌਜ ਨਾ ਹੋਰ ਨਵੀਂ ਸਿਰ ਪਰ ਚੜ੍ਹ ਆਵੇ,
ਤਾਂ ਤੇ ਇਹ ਰਖੋ ਸਲਾਹ ਕਿਲ੍ਹੇ ਨੂੰ ਚੁਲੀ ਪਾ ਕੇ।
ਕੁਝ ਕੱਠੀ ਕਰੀਏ ਹੋਰ ਫੌਜ ਕਿਤੇ ਲਾਂਭੇ ਜਾ ਕੇ।
ਸ੍ਰੀ ਕਲਗੀਧਰ ਪਰ ਇਸ ਸਲਾਹ ਪਰ ਚਲਦੇ ਨਾ ਸੇ।
ਅਰ ਕੁਝ ਕੁ ਡਰਾਕਲ ਸਿਖ ਜਾਣ ਤੋਂ ਟਲਦੇ ਨਾ ਸੇ।
ਇਸ ਪਰ ਚਾਲੀ ਸਿਖਾਂ ਨੇ ਗੁਰ ਇਛਾ ਤੋਂ ਮੂੰਹ ਮੋੜਿਆ।
ਅਰ ਬੇਦਾਵਾ ਲਿਖ ਦੇਇ ਕਿਲ੍ਹੇ ਨੂੰ ਤੁਰਤ ਛੋੜਿਆ।
ਹੁਣ ਗਿਣਤੀ ਦੇ ਹੀ ਸ਼ੇਰ ਗੁਰੂ ਦੇ ਪਾਸ ਰਹਿ ਗਏ।
ਅਰ ਚਾਲੀ ਜਾਂਦੇ ਦੇਖ ਅਧੀਰਜ ਹੋਇ ਬਹਿ ਗਏ।
ਸਤਿਗੁਰ ਚੋਜ ਵਿਡਾਣ[1], ਅਹਿਦ[2] ਸ਼ਾਹ ਪਰਖਣ ਲਗੇ।
ਦੀਆਂ ਕਿਲ੍ਹੇ ਨੂੰ ਛੋੜ ਕਰਨ ਹਿਤ ਜ਼ਾਲਤ ਲਜੇ[3]।

ਦੋਹਰਾ

ਸਤਿਗੁਰ ਸਿਖੀ ਦੇ ਕਹੇ ਨਿਕਲੇ ਬਾਹਰ ਵਾਰ।
ਪਿਛੇ ਵੈਰੀ ਪੈ ਗਏ ਕੌਲ ਕਰਾਰ ਵਿਸਾਰ।

ਬਾਦਸ਼ਾਹੀ ਦਲ ਨੇ ਕਸਮਾਂ ਖਾ ਖਾ ਕੇ ਕੀਤੇ ਹੋਏ ਅਹਿਦ ਨੂੰ ਤਤਕਾਲ ਹੀ ਤੋੜ ਦਿੱਤਾ।

ਕਿਲਿਓਂ ਨਿਕਲੇ ਦਸ਼ਮੇਸ਼ ਸਣੇ ਪਰਵਾਰ ਸਵੇਰੇ।
ਸੱਚ ਝੂਠ ਦੇ ਹੁੰਦੇ ਵੇਖੋ ਕਹੇ ਨਬੇਰੇ।
ਕੁਝ ਦੂਰ ਨਿਕਲ ਜਦ ਗਏ ਇਨ੍ਹਾਂ ਨੂੰ ਪਤਾ ਮਿਲ ਗਿਆ।
ਅਰ ਕੀਤੇ ਕੌਲ ਕਰਾਰ ਅਹਿਦ ਦਾ ਪੈਰ ਹਿਲ ਗਿਆ।
ਦਿਲ ਇਹ ਫੁਰਿਆ ਪਾਪ ਇਸ ਸਮੇਂ ਨੰਗ ਧੜੰਗੇ।
ਨੱਸੇ ਜਾਂਦੇ ਵਿਚ ਰੌੜ, ਔਣਗੇ ਕਾਬੂ ਚੰਗੇ।
ਥੋੜੀ ਹਿੰਮਤ ਦੇ ਨਾਲ ਦੌੜ ਕੇ ਸਾਰ ਲਵਾਂਗੇ।

---

1. ਅਸਚਰਜ। 2. ਇਕਰਾਰ। 3. ਭੁੱਲੇ ਹੋਇਆਂ ਨੂੰ ਸ਼ਰਮਿੰਦਾ ਕਰਨ ਲਈ।

ਅਰ ਜਾ ਔਰੰਗੇ ਪਾਸ ਬੜਾ ਸਤਿਕਾਰ ਲਵਾਂਗੇ।
ਝਟ ਪਟ ਹੀ ਕਾਲੇ ਹ੍ਰਿਦੇ ਕਸਮ ਸੌਗੰਦ ਭੁਲਾਈ।
ਅਰ ਹੋ ਕੇ ਤੁਰਤ ਤਿਆਰ ਮਗਰ ਕਰ ਦਿਤੀ ਧਾਈ।
ਮੁੱਠੀ ਭਰ ਸਿਖਾਂ ਨਾਲ ਸਤਿਗੁਰ ਅਗੇ ਅਗੇ।
ਅਰ ਮਗਰ ਕਸਾਈ ਤੁਰਕ ਜਾਨ ਦੇ ਵੈਰੀ ਲਗੇ।
ਹੁਣ ਦੁੱਖ ਵਿਚ ਦੁੱਖ ਇਕ ਹੋਰ ਇਨ੍ਹਾਂ ਦੇ ਅਗੇ ਆਯਾ।
ਰਸਤੇ ਵਿਚ ਸਰਸਾ ਨਦੀ ਆਨ ਕੇ ਰਾਹ ਰਕਾਯਾ।
ਪਾਣੀ ਦੇ ਹੜ੍ਹ ਦੇ ਜ਼ੋਰ-ਤੁਲ੍ਹਾ ਨਾ ਬੇੜੀ ਕੋਈ।
ਅਰ ਸਿਰ ਤੇ ਪਹੁੰਚੀ ਫੌਜ ਅਸ਼ਾਂਤੀ ਡਾਢੀ ਹੋਈ।
ਜਲਦੀ ਵਿਚ ਮਾਤਾ ਸਾਹਿਬ ਅਤੇ ਦੋ ਲਾਲ ਅੰਞਾਣੇ।
ਇਕ ਸਿਖ ਲੰਘਾਏ ਪਾਰ ਨਾਲ ਇਕ ਨਫਰ[1] ਪੁਰਾਣੇ।
ਏਨੇ ਨੂੰ ਓਧਰ ਫੌਜ ਆਣ ਕੇ ਭੜਥੂ ਪਾਯਾ।
ਅਰ ਖਟਾ ਖਟੀ ਤਲਵਾਰ ਨਾਲ ਘਮਸਾਨ ਮਚਾਯਾ।
ਅਰ ਥੱਕੇ ਸਿਖ-ਨਾ ਕੋਈ ਓਟ ਸਹਾਰਾ।
ਇਹ ਨਾਮ ਮਾਤ੍ਰ ਦੀ ਫੌਜ-ਓਧਰ ਦਲ ਤੁਰਕੀ ਭਾਰਾ।
ਇਕ ਦਰ ਸੁਕੇ ਦਰਯਾਉ, ਦੂਸਰੀ ਤਰਫ ਕਸਾਈ।
ਉਸ ਵੇਲੇ ਦੀ ਤਕਲੀਫ, ਕਿਸ ਤਰ੍ਹਾਂ ਜਾਇ ਸੁਣਾਈ ?
ਪਰ ਇਸ ਵੇਲੇ ਭੀ ਬੀਰ ਖਾਲਸੇ ਬਣੇ ਨਾ ਗੀਦੀ[2]।
ਇਕ ਇਕ ਨੇ ਸੌ ਸੌ ਮਾਰ, ਅੰਤ ਨੂੰ ਲਈ ਸ਼ਹੀਦੀ।
ਦੇ ਦਿਤੇ ਆਪਣੇ ਪ੍ਰਾਣ, ਪ੍ਰੰਤੂ ਮੂੰਹ ਨਾ ਭਵਾਏ।
ਅਰ 'ਸੇਵਕ ਧਰਮ ਨਿਬਾਹ'[3] ਅੰਤ ਪਰਲੋਕ ਸਿਧਾਏ।

ਦੋਹਰਾ

ਇਕ ਪਾਸੇ ਦੇ ਜੁੱਧ ਦਾ ਲਿਖਸਾਂ ਫੇਰ ਹਵਾਲ।
ਪਹਿਲਾਂ ਜਾਕੇ ਦੇਖੀਏ ਛੋਟੇ ਛੋਟੇ ਲਾਲ।

ਵਡੇ ਮਾਤਾ ਸਾਹਿਬ ਜੀ ਤੇ ਸਾਹਿਬਜ਼ਾਦੇ ਜੋਰਾਵਰ ਸਿੰਘ ਤੇ ਫਤਹ ਸਿੰਘ ਜੀ ਨੂੰ ਗੰਗੂ ਬ੍ਰਾਹਮਣ ਨੇ ਧੋਖੇ ਨਾਲ ਪ੍ਰੇਰਨਾ

ਉਸ ਪਾਸੇ ਦੋ ਸੁਕੁਮਾਰ ਕਲੀ ਤੋਂ ਕੋਮਲ ਮੁਖੜੇ।
ਡਿਠੇ ਨਾ ਸੁਪਨੇ ਵਿਚ ਭਾਜੜਾਂ ਵਾਲੇ ਦੁਖੜੇ।
ਇਹ ਮੂਹ ਆਯਾ ਦੁਖ, ਦੇਖ ਕੁਝ ਸਹਿਮ ਗਏ ਸਨ।

1. ਨੌਕਰ। 2. ਕਾਇਰ, ਡਰਪੋਕ, ਗਿੱਦੜ।
3. ਸ਼ਾਇਦ ਸੰਕੇਤ ਗੁਰਬਾਣੀ ਦੀ ਤੁਕ ਵਲ ਹੈ : ਸੇਵਕ ਕੀ ਓੜਕ ਨਿਬਹੀ ਪ੍ਰੀਤਿ।

ਜੰਗਲ ਵਿਚ ਡਾਰੋਂ ਟੁੱਟ ਇਕੱਲੇ ਆਣ ਪਏ ਸਨ।
ਪਿਛਲੇ ਪਾਸੇ ਤਲਵਾਰ ਖਟਾ ਖਟ ਚੱਲ ਰਹੀ ਸੀ।
ਵਹਿੰਦੇ ਸਨ ਲੋਹੂ ਘਾਣ, ਪ੍ਰਿਥਵੀ ਹਿਲ ਰਹੀ ਸੀ।
ਇਹ ਦੋ ਦੂਤ੍ਰੀਆਂ ਦੇ ਚੰਦ ਤੀਸਰੀ ਦਾਦੀ ਪਜਾਰੀ।
ਇਕ ਗੰਗੂ ਬ੍ਰਾਹਮਣ* ਨਾਲ 'ਪੁਰਾਣਾ ਸੀ ਇਤਬਾਰੀ'।
ਸੰਗ਼ਤ ਦੇ ਵਿਚ ਬੈਠ ਸੇਵ ਕਿਛ ਹਥੋਂ ਕਰਦਾ।
ਅਰ਼ ਮੁਦਤ ਤੋਂ ਸੀ ਪੇਟ ਲੂਣ ਖਾ ਗੁਰ ਦਾ ਭਰਦਾ।
ਇਸ ਕਸ਼ਟ ਕਾਲ ਵਿਚ ਮਾਤਾ ਬਾਲ ਸੰਭਾਲ ਖੜੀ ਸੀ।
ਹੱਥਾਂ ਦੇ ਵਿਚ ਹਨ ਲਾਲ ਸੁਰਤ ਆਕਾਸ਼ ਚੜ੍ਹੀ ਸੀ।
ਕੀ ਕਰੀਏ ਹੇ ਕਰਤਾਰ ! ਇਸ ਸਮੇਂ ਕਿਥੇ ਜਾਈਏ।
ਕਿਸ ਤਿਣਕੇ ਦੀ ਲੈ ਓਟ ਵਖਤ ਦਾ ਵਕਤ ਲੰਘਾਈਏ ?
ਰਸ ਰੂਪ ਭਰੇ ਏਹ ਫੁੱਲ, ਕਿਤੇ ਕੁਮਲਾਇ ਨਾ ਜਾਵਣ।
ਅਰ ਪਾਪੀ ਫੁੱਲ ਤੋੜੇ ਦੀਆਂ, ਅੱਖਾਂ ਖਾਇ ਨਾ ਜਾਵਣ੍ਹ।
ਵਿਚਾਰੀ ਮਾਤਾ ਵੇਖ, ਬਿਨੇ ਏਹ ਗੰਗੂ ਕੀਤੀ।
ਮਾਤਾ ਜੀ ! ਕਰੋ ਨਾ ਸੋਚ, ਡੌਲ ਮੈਂ ਗਿਣ ਹੈ ਲੀਤੀ।
ਨੇੜੇ ਹੈ ਮੇਰਾ ਪਿੰਡ, ਆਪਣੇ ਘਰ ਚਲ ਬਹੀਏ।
ਅਰ ਜਦ ਤਕ ਸਤਿਗੁਰ ਆਣ, ਓਸ ਥਾਂ ਲੁਕ ਕੇ ਰਹੀਏ।
ਸੁਣ ਕੇ ਗੰਗੂ ਦੀ ਅਰਜ਼ ਬ੍ਰਿਧ ਮਾਤਾ ਨੇ ਮੰਨੀ।
ਹੋ ਖੱਚਰ ਪਰ ਅਸਵਾਰ ਤੁਰੇ ਸਹੇੜੀ[1] ਵੰਨੀ।
ਸੋਨਾ ਚਾਂਦੀ ਅਰ ਜਵਾਹਰਾਤ ਜੋ ਨਾਲ ਅਹੇ ਸਨ।
ਓਹ ਮਾਤਾ ਦੇ ਹੀ ਪਾਸ ਛੱਟ ਦੇ ਵਿਚ ਪਏ ਸਨ।
ਚੁਪ ਕੀਤੇ ਸਹੇੜੀ ਪਹੁੰਚ ਸ਼ੁਕਰ ਦਾ ਸਾਹ ਲਿਆ ਹੁਣ।
ਅਰ ਚਿੰਤਾ ਦਾ ਓਹ ਭਾਰ ਹੁਲੇਰਾ ਹੋਇ ਗਿਆ ਹੁਣ।
ਕਰ ਧੰਨਜਵਾਦ ਲਾਲਾਂ ਨੂੰ ਥੋੜ੍ਹਾ ਅੰਨ ਛਕਾਇਆ।
ਅਰ ਲਾ ਛਾਤੀ ਦੇ ਨਾਲ ਦੋਹਾਂ ਨੂੰ ਪਾਸ ਸੁਵਾਯਾ।
ਪਜਾਰੇ ਪੁੱਤਰ ਦੇ ਯਾਦ ਵਿਚ ਗਲਤਾਨ ਪਈ ਸੀ।
ਪਰ ਨਾਲ ਥਕੇਵੇਂ ਅੱਖ ਫੇਰ ਭੀ ਲਗ ਗਈ ਸੀ।

ਗੰਗੂ ਬ੍ਰਾਹਮਣ ਦੀ ਨੀਤ ਬਦਲਣੀ

ਗੰਗੂ ਸੇਵਕ ਦਾ ਚਿਤ ਦਰਬ[2] ਨੂੰ ਦੇਖ ਚਲ ਗਿਆ।
ਅਰ 'ਧਰਮ ਭਾਵ ਖਲਵਾੜਾ' ਲੋਭ ਦੇ ਭੱਠ ਜਲ ਗਿਆ।
ਮਨ ਇਤਨਾ ਘਰ ਵਿਚ ਦਰਬ ਆਇ ਕੇ ਫਿਰ ਮੁੜੇਗਾ ?

---

* ਕੁਛ ਆਧੁਨਿਕ ਵਿਚਾਰਵਾਨ ਇਸ ਨੂੰ ਪਹਾੜੀ ਰਾਜਪੂਤ ਦੱਸਦੇ ਹਨ।

1. ਇਕ ਪਿੰਡ ਦਾ ਨਾਂ ਜੋ ਸਰਹੰਦ ਤੋਂ 11 ਮੀਲ ਈਸਾਨ ਕੋਲ ਹੈ। ਇਥੇ ਭੀ ਗੁਰਦੁਵਾਰਾ ਹੈ। 2. ਧਨ।

ਜਨਮ ਜਨਮਾਂਤ੍ਰਾਂ ਵਿਚ ਨਾ ਇਤਨਾ ਢੇਰ ਜੁੜੇਗਾ।
'ਜਾਂਦਾ ਹੈ ਧਰਮ' ਪਰੰਤੂ 'ਧਨ ਬੇਅੰਤ ਮਿਲੇਗਾ'।
ਅਰ ਇਹ ਅਵਕਾਸ਼[1] ਗਵਾਇ ਨਾ ਫੇਰ ਕਦੰਤ[2] ਮਿਲੇਗਾ।
ਉੱਠ ਹੱਲਾ ਕਰ ਹੱਥ ਮਾਰ ਕੇ ਦਰਬ ਕਮਾ ਲੈ।
ਇਹ ਉਮਰ ਗੁਲਾਮੀ ਵਿਚ ਭੋਗਣੋਂ ਜਿੰਦ ਬਚਾ ਲੈ।
ਏਹ ਬਿਪਤਾ ਦੇ ਵਿਚ ਪਏ ਮੇਰਾ ਕੁਝ ਖੋ ਨਾ ਸਕਣਗੇ।
ਇਸ ਸਮੇਂ ਇਹਨਾਂ ਦੇ ਵਾਰ ਮੇਰੇ ਪਰ ਪੋਹ ਨਾ ਸਕਣਗੇ।
ਮੈਂ ਨੌਕਰ ਤਾਂ ਫਿਰ ਜਾ ਇਨ੍ਹਾਂ ਦੇ ਘਰ ਨਹੀਂ ਰਹਿਣਾ।
ਗੁਰੂ ਗੋਬਿੰਦ ਸਿੰਘ ਦਾ ਤ੍ਰਾਸ[3] ਨਹੀਂ ਹੁਣ ਪੈਣਾ ਸਹਿਣਾ।
ਇਸ ਨੀਚ ਖਯਾਲ ਨੇ ਨੀਚ, ਵਿਪ੍ਰ[4] ਦੀ ਬੁੱਧ ਫਿਰਾਈ।
ਅਰ 'ਸਵਾਮ ਘਾਤ'[5] ਦੀ ਉਲਟੀ ਪੱਟੀ ਨਾਲ ਪੜ੍ਹਾਈ।
ਅੱਧੀ ਕੁ ਰਾਤੋਂ ਉੱਠ ਛੱਟ ਦਾ ਦਰਬ ਲੁਕਾ ਕੇ।
ਕਰ ਚੋਰ ਚੋਰ ਘਰ ਸਿਰ ਤੇ ਚਾਯਾ ਰੌਲਾ ਪਾ ਕੇ।
ਜਾਗੋ ਮੀਟ ਸੀ ਮਾਤਾ, ਸੁਣ ਕੇ ਰੌਲਾ ਬੋਲੀ।
ਕੋਈ ਨਹੀਂ ਆਯਾ ਚੋਰ ਬ੍ਰਿਥਾ ਕਿਉਂ ਪਾਇ ਹਰੋਲੀ[6] ?
ਪਰ ਜਦ ਮਾਤਾ ਨੇ ਦੌਲਤ ਆਪਣੀ ਗਾਇਬ[7] ਡਿੱਠੀ।
ਤਦ ਸੋਚਿਆ ਇਸ ਦੀ ਨੀਤ ਆਪ ਹੀ ਹੋਈ ਪੁੱਠੀ।
ਪਰ ਬੇ ਪਰ ਸੀ ਇਸ ਵਕਤ, ਚੁੱਪ ਦੀ ਚੁੱਪ ਰਹਿ ਗਈ।
ਘਰ ਦੇ ਨੌਕਰ ਦਾ ਵਾਰ ਹੌਸਲੇ ਨਾਲ ਸਹਿ ਗਈ।
ਕੇਵਲ ਮਿੱਠਤ ਦੇ ਨਾਲ ਕਿਹਾ 'ਹੇ ਪੁੱਤ੍ਰ ਪਿਆਰੇ।'
ਸਭ ਕੁਝ ਸੀ ਤੇਰੀ ਵਸਤ ਆਏ ਜਦ ਚੱਲ ਦੁਆਰੇ।
ਜੇ ਦਿਨ ਨੂੰ ਲੈਂਦੇ ਸਾਂਭ ਅਸਾਂ ਤਦ ਕਹਿਣਾ ਕੀ ਸੀ ?
ਰਾਤੀ ਇਸ ਛੱਲ ਦੇ ਨਾਲ ਲੈਣ ਦੀ ਲੋੜ ਕਹੀ ਸੀ ?
ਹੱਛਾ ਹੁਣ ਭੀ ਨਹੀਂ ਰੋਸ ਅਸਾਡਾ ਉੱਪਰ ਤੇਰੇ।
ਹੱਥਾਂ ਦੀ ਮੈਲ ਰੁਪਏ, ਜੀਉਂਦਿਆਂ ਹੋਰ ਬਥੇਰੇ।
ਇਹ ਸੁਣ ਕੇ ਲਾਲੋ ਲਾਲ ਹੋਇ ਕੇ ਵਿਪ੍ਰ[8] ਬੋਲਿਆ।
ਮਾਤਾ ਇਹ ਝੂਠ ਤੂਫਾਨ ਮੇਰੇ ਸਿਰ ਬ੍ਰਿਥਾ ਤੋਲਿਆ।
ਮੈਂ ਲੈ ਆਯਾ ਸਾਂ ਨਾਲ ਜਾਨ ਖਤਰੇ ਵਿਚ ਪਾ ਕੇ।
ਫਲ ਪਹੁੰਚਾਯਾ ਜੋ ਖੂਬ ਦੁਖਾਂ ਤੋਂ ਜਾਨ ਬਚਾ ਕੇ ?
ਇਸ ਦਰਬ[9] ਤੁਹਾਡੇ ਨਾਲ ਮੇਰੇ ਘਰ ਮਿਲੀ ਬਹਾਰੀ[10]।
ਅਰ ਤੁਸਾਂ ਹੋਰ ਇਕ ਊਜ ਲਗਾਈ ਬਿਨਾਂ ਵਿਚਾਰੀ।

---

1. ਅਵਸਰ, ਮੌਕਾ। 2. ਕਦੇ ਭੀ। 3. ਡਰ। 4. ਬ੍ਰਾਹਮਣ। 5. ਸਵਾਮੀ (ਮਾਲਕ) ਦਾ ਹੀ ਘਾਤ ਕਰਨਾ।
6. ਰੌਲਾ, ਭੜਥੂ। 7. ਅਲੋਪ। 8. ਬ੍ਰਾਹਮਣ। 9. ਧਨ। 10. ਝਾੜੂ ਫਿਰ ਗਿਆ, ਅਰਥਾਤ ਮੈਂ ਭੀ ਲੁੱਟਿਆ ਗਿਆ।

ਏਹੋ ਬਦਲਾ ਉਪਕਾਰ ਮੇਰੇ ਦਾ ਦੇਣਾ ਸੀਗਾ ?
ਹੱਛਾ ਹੁਣ ਰਹੋ ਤਿਆਰ ਇਦ੍ਹਾ ਫਲ ਖੂਬ ਮਿਲੀਗਾ।
ਮਾਤਾ ਤਾਂ ਚੁੱਪ ਦੀ ਚੁੱਪ ਰਹਿ ਗਈ ਜੀਉ ਭਿਆਣੀ[1]।
ਪਰ ਮਿਸ਼ਰ ਹੁਰਾਂ ਦਾ ਨਿਕਲੇ ਧੂੰਆਂ ਨਾਸਾਂ ਥਾਣੀਂ[2]।
ਮਨ ਵਿਚ ਹੋਵੇ ਪਰਸੰਨ ਉੱਪਰੋਂ ਕ੍ਰੋਧ ਜਿਤਾਵੇ।
ਅਰ ਪਾਪ ਲੁਕਾਵਣ ਹੇਤ ਅਨੇਕਾਂ ਤਾਲ ਬਣਾਵੇ।
ਮਨ ਵਿਚ ਇਹ ਫੁਰੀ ਵਿਚਾਰ, ਸਮਾਂ ਹੈ ਇਹ ਕਿਹਾ ਸੁਹੇਲਾ,
ਇਹ ਕਜ਼ੀਆ ਹੀ ਮੁਕ ਜਾਇ ਅੱਜ ਤਾਂ ਸੋਹਣਾ ਵੇਲਾ।
ਦੁਸ਼ਮਨ ਹਨ ਚਾਰ ਚੁਫੇਰ ਇਨ੍ਹਾਂ ਦੀ ਮੁਸ਼ਕ ਭਾਲਦੇ।
ਜੇਕਰ ਮੈਂ ਦਿਆਂ ਫੜਾਇ ਹੋਣਗੇ ਗ੍ਰਾਸ[3] ਕਾਲ[4] ਦੇ।
ਨਾ ਘਰ ਲਯਾਵਣ ਦਾ ਦੋਸ਼ ਮੇਰੇ ਸਿਰ ਕੋਈ ਲਾਇਗਾ।
ਨਾ ਇਸ ਚੋਰੀ ਦਾ ਖੋਜ ਕਿਸੇ ਦੇ ਹੱਥ ਆਇਗਾ।
ਇਕ ਪਾਪ ਕਮਾ ਕੇ ਮੂੜ੍ਹ ਸੀਸ ਤੇ ਭਾਰ ਉਠਾਯਾ।
ਇਕ ਘੋਰ ਪਾਪ ਦੇ ਨਾਲ ਓਸ ਨੂੰ ਚਾਹੇ ਲਾਹਿਆ।
ਇਸ ਫੁਰਨੇ ਮਨ ਨੂੰ ਅਤਿ ਮਲੀਨਤਾ ਨਾਲ ਘੇਰਿਆ।
ਅਰ ਚਾਹੇ ਆਪਣੀ ਸਵਾਮੀ-ਬੰਸ[5] ਪੁਰ ਛੁਰਾ ਫੇਰਿਆ।
ਘਰ ਵਿਚ ਹੋਈ ਚੁਪ ਚਾਪ, ਪਾਪ ਦਾ ਮਨ ਅਕੁਲਾਯਾ[6]।
ਅਰ ਨਗਰ ਦੇ ਇਕ ਤੁਰਕ ਪੈਂਚ ਦੇ ਘਰ ਚਲ ਆਯਾ।
ਭਾਂਡਾ ਸਭ ਦਿਤਾ ਫੋੜ ਓਸ ਨੂੰ ਪਾਸ ਬਿਠਾ ਕੇ।
ਪੈਰਾਂ ਪਰ ਮਾਰੀ ਕਹੀ ਨੀਚ ਨੇ ਹੱਥੀਂ ਜਾ ਕੇ।
ਅਰ ਕਿਹਾ ਕਿ ਤੜਕੇ ਤੁਸਾਂ ਆਣ ਕੇ ਫੜ ਲੈ ਜਾਣਾ।
ਮੈਨੂੰ ਭੀ ਕੁਝ ਇਨਾਮ ਪਾਤਸ਼ਾਹ ਤੋਂ ਦਿਲਵਾਣਾ।

ਨਵਾਬ ਸਰਹੰਦ ਦੀ ਤੱਦੀ ਤੇ ਅਨੀਤੀ

ਸਹੇੜੀ ਦੇ ਨੰਬਰਦਾਰ, ਉਸੇ ਦਮ ਸ਼ੇਰ ਹੋ ਗਏ।
ਗੁਰ ਅੰਸ ਫੜਾਵਨ ਹੇਤ ਤੁਰਤ ਦਲੇਰ ਹੋ ਗਏ।
ਮਾਨੋ ਇਕ ਆਈ ਈਦ, ਅਨੰਦ ਮਹਾਨ ਕਰਣ ਨੂੰ।
ਭਾਰਤ ਦੇ ਲੈ ਦੋ ਲਾਲ ਅੱਜ ਕੁਰਬਾਨ ਕਰਣ ਨੂੰ।
ਘਰ ਗਿਰਦੇ ਘੇਰਾ ਪਾਇ ਪਕੜ ਲਏ ਬਾਲ ਅਞਾਣੇ।
ਅਰ ਬਹਿਲੀ ਵਿਚ ਬਿਠਾਇ ਤੁਰੇ ਲੈ ਕੇ ਜਰਵਾਣੇ।
ਚਹੁੰ ਕੋਹਾਂ ਪਰ ਸਰਹੰਦ ਘੜੀ ਵਿਚ ਜਾ ਪਹੁੰਚਾਯਾ।

1. ਘਬਰਾਈ। 2. ਬਹੁਤ ਗੁੱਸੇ ਵਿਚ ਆਉਣਾ। 3. ਗਰਾਹੀ। 4. ਮੌਤ। 5. ਆਪਣੇ ਮਾਲ ਦੀ ਉਲਾਦ।
6. ਵਿਆਕੁਲ ਹੋਇਆ।

ਨਵਾਬ ਪਾਸ ਇਹ ਸਦ ਖੁਸ਼ੀ ਦਾ ਜਾਇ ਸੁਣਾਯਾ।
ਗੁਰੂ ਗੋਬਿੰਦ ਸਿੰਘ ਦੇ ਪੁਤ੍ਰ ਨਾਲ ਹੈ ਬੁਢੀ ਮਾਈ।
ਸਾਈਂ ਨੇ ਆਪਣੇ ਆਪ ਅਸਾਡੇ ਫਹੇ ਚੜ੍ਹਾਈ।
ਇਹ ਸੁਣ ਖਿੜਿਆ ਨਵਾਬ ਨਾ ਜਾਮੇ ਵਿਚ ਸਮਾਵੇ।
ਅਰ ਪਾਪ ਮਨੋਰਥ ਸਿਧ ਕਰਨ ਦਾ ਮਤਾ ਪਕਾਵੇ।
ਮਾਤਾ ਦੋਨੋ ਲਾਲ ਬੁਰਜ ਦੇ ਵਿਚ ਉਤਰਾਏ।
ਭਲਕੇ ਏਨ੍ਹਾਂ ਦੇ ਪੇਸ਼ ਹੋਣ ਦੇ ਲਗਨ ਠਰ੍ਹਾਏ।
ਮਾਤਾ ਜੀ ਚਿਤ ਤਾਰ ਅਕਾਲ ਵਿਚ ਜੋੜ ਰਹੇ ਸਨ।
ਭਾਣੇ ਨੂੰ ਸਿਰ ਮੰਨ ਮੁਖੋਂ 'ਗੁਰ ਵਾਹਿ' ਰਹੇ ਸਨ।
ਪਰ ਫੁੱਲਾਂ ਵਰਗੇ ਲਾਲ ਦੁਖਾਂ ਨੂੰ ਨਹੀਂ ਜਾਣਦੇ।
ਓਹ ਏਸ ਸਮੇਂ ਭੀ ਖੇਲ ਖੇਲ ਹਨ ਮੌਜ ਮਾਣਦੇ।
ਅਤਿ ਮ੍ਰਿਦੁਲ[1] ਤੋਤਲੇ ਵਾਕ ਬੋਲ ਕੇ ਮਨ ਹਨ ਹਿਰਦੇ।
ਫਿਰਦੇ ਹਨ ਸ਼ੇਰਾਂ ਵਾਂਗ ਮਾਤ ਦੇ ਇਰਦੇ ਗਿਰਦੇ।
ਇਕ ਪਾਸੇ ਦੋ ਸੁਕੁਮਾਰ ਪਾਇਲਾਂ ਪਾਇ ਰਹੇ ਹਨ।
ਅਰ ਇਕ ਪਾਸੇ ਦੋ ਨੇਤ੍ਰ ਝੜੀ ਬਰਸਾਇ ਰਹੇ ਹਨ।
ਪੁਛਦੇ ਹਨ ਦੋਨੋ ਲਾਲ ਗਲੇ ਵਿਚ ਬਾਹਾਂ ਪਾ ਕੇ।
ਮਾਤਾ ਜੀ ! ਕੀ ਹੈ ਸੋਚ ਵਿਚਾਰ ਖਿਆਲ ਏਹ ਨੇਤ੍ਰ ਲੁਕਾਕੇ ?
ਹਾਂ ! ਇਸ ਵੇਲੇ ਇਕ ਬ੍ਰਿਧ ਹਿਰਦੇ ਵਿਚ ਬਰਛੀ ਚੱਲੇ।
ਅਰ ਰੋਕਦਿਆਂ ਬਲ ਨਾਲ ਅੱਥਰੂ ਰਹਿਣ ਨਾ ਠੱਲ੍ਹੇ।
ਪਰ ਹਾਇ ! ਇਸ ਸਮੇਂ ਕੌਣ ਸੁਣਾਵੇ ਵੇਦਨ[2] ਦਿਲ ਦੀ।
ਅਰ ਕਹੇ, ਲਾਲ ! ਅੱਜ ਧਰਨਿ ਭਿ ਹੈ ਦੁਖ ਨਾਲ ਦਹਿਲ[3] ਦੀ।
ਜਿੰਦਾਂ ਅਜ ਹਨ ਮਾਸੂਮ ਪਾਪੀਆਂ ਦੇ ਹੱਥ ਆਈਆਂ।
ਵਾਹਿਗੁਰੂ ਜਾਣੇ ਕੀ ਕਹਿਰ ਕਮਾਣਾ ਇਨ੍ਹਾਂ ਕਸਾਈਆਂ ?
ਉੱਠਦੇ ਹਨ ਦੋਨੋ ਹੱਥ ਪ੍ਰੇਮ ਦੀ ਡੋਰ ਉਠਾਏ।
ਘੁਟਦੇ ਹਨ ਦੋਨੋ ਲਾਲ ਗਲੇ ਵਿਚ ਬਾਹਾਂ ਪਾਏ।
ਰੁਕ ਰੁਕ ਜਾਂਦਾ ਹੈ ਕੰਠ ਉੱਤਰ ਜਦ ਦੇਣਾ ਚਾਹੇ।
'ਕੁਝ ਨਹੀਂ ਲਾਲ', ਏਹ ਆਖ ਜੀਭ ਫਿਰ ਚੁਪ ਹੋ ਜਾਏ।
ਇਸ ਦਸ਼ਾ ਵਿਚ ਦਿਨ ਬੀਤ, ਸੰਝ ਹੋ ਰਾਤ ਪੈ ਗਈ।
ਚਿੰਤਾ ਮਾਤਾ ਦਾ ਚਿੱਤ ਉਡਾਇ ਅਕਾਸ਼ ਲੈ ਗਈ।
ਗੋਦੀ ਵਿਚ ਸੁਤੇ ਲਾਲ ਆਪ ਹਰਿ ਨਾਮ ਉਚਾਰੇ।
ਹਰਿ ਸਿਮਰਨ ਦੇ ਵਿਚ ਚਾਰ ਵਖਤ ਦੇ ਪਹਿਰ ਗੁਜ਼ਾਰੇ।
ਬੀਤੀ ਚਿੰਤਾ ਦੀ ਰਾਤ ਦਿਹੁੰ ਵਖਤਾਂ ਦਾ ਚੜ੍ਹਿਆ।
ਲੋਹੂ ਵਤ ਨੇਤਰ ਲਾਲ ਕ੍ਰੋਧ ਵਿਚ ਸੂਰਜ ਭਰਿਆ।

---
1. ਮਿਠੇ। 2. ਪੀੜਾਂ। 3. ਕੰਬਦੀ।

ਦੋ ਪਹਿਰਾਂ ਦੇ ਮਹਿਮਾਨ[1] ਕਮਲ ਖਿੜ ਖਿੜ ਕੇ ਜਾਗੇ।
ਅਰ ਅੰਤ ਸਮੇਂ ਦੀ ਮੌਜ, ਬੁਰਜ ਚੜ੍ਹ ਦੇਖਣ ਲਾਗੇ।
ਬਸਤੀ, ਬਨਰਾ[2], ਆਕਾਸ਼, ਤਿਹਾਂ ਪਰ ਛਾਈ ਨਿਰਾਸੀ।
ਜਿਸ ਪਾਸੇ ਮਾਰਨ ਝਾਤ ਜਾਪਦੀ ਘੋਰ ਉਦਾਸੀ।

ਧਰਮ ਪਰ ਕੁਰਬਾਨ ਹੋਣ ਲਈ ਦੋਹਾਂ ਸਾਹਿਬਜ਼ਾਦਿਆ ਦਾ ਨਿਰਭਯਤਾ ਨਾਲ ਜਾਣਾ

ਇਤਨੇ ਨੂੰ ਨੌਕਰ ਦੋਇ ਬੁਰਜ ਦੇ ਉਪਰ ਆਏ।
ਮਾਤਾ ਨੇ ਸੁਣ ਖੜਕਾਰ ਲਾਲ ਲੈ ਗੋਦ ਬਿਠਾਏ।
'ਮਾਤਾ ਕਿਥੇ ਹਨ ਬਾਲ ? ਅਸਾਂ ਹੈ ਨਾਲ ਲਿਜਾਣਾ।
ਚਾਹੁੰਦੇ ਹਨ ਜ਼ਰਾ ਨਵਾਬ, ਇਨ੍ਹਾਂ ਦਾ ਦਰਸ਼ਨ ਪਾਣਾ'।
ਇਸ ਸਮੇਂ, ਹਾਇ ! ਕੀ ਦਸ਼ਾ ਬ੍ਰਿਧ ਮਾਤਾ ਦੀ ਹੋਈ।
ਲੱਖ ਸਕੇ ਇਨ੍ਹੂੰ ਮਾਸੂਮ ਪੁਤਰਾਂ ਵਾਲਾ ਕੋਈ।
ਸੁਣ ਮਾਤਾ ਜੀ ਇਹ ਵਾਕ ਸੁੰਨ ਦੇ ਸੁੰਨ ਬਹਿ ਗਏ।
ਉੱਪਰ ਦੇ ਉੱਪਰ ਸਾਸ ਹੇਠ ਦੇ ਹੇਠ ਰਹਿ ਗਏ।
ਅੱਖਾਂ ਅਗੇ ਅੰਧੇਰ ਛਾ ਗਿਆ ਹਿਰਦਾ ਡੋਲਿਆ।
ਅਰ ਰੁਕੇ ਕੰਠ ਦੇ ਨਾਲ ਮੂੰਹੋ ਨਾ ਜਾਇ ਬੋਲਿਆ।
ਨੇਤਰ ਨਿਰਾਸਤਾ ਭਰੇ ਉਤਾਹਾਂ ਨੂੰ ਹਨ ਤਕਦੇ।
ਅਰ ਹੱਥ ਹੋਏ ਭੈ ਭੀਤ ਮਸੂਮ ਨੂੰ ਹਨ ਢਕਦੇ।
ਪਰ ਸ਼ੇਰ ਪਿੰਜਰੇ ਵਿਚ ਕਹੈ ਘਬਰਾਇ ਰਹੇ ਹਨ।
ਪਰਦੇ ਨੂੰ ਪਰ੍ਹੇ ਹਟਾਇ ਬਾਹਰ ਨੂੰ ਆਇ ਰਹੇ ਹਨ।
ਮਾਤਾ ਭਾਣੇ ਪ੍ਰਸੰਨ ਮੂੰਹੋਂ ਕੁਝ ਗੱਲ ਨਾ ਆਵੇ।
ਅਰ ਪਯਾਦੇ[3] ਅਤਿ ਨਿਰਦਈ ਹੋ ਪਏ ਪੀਲੇ ਸਾਵੇ।
ਜਿਉਂ ਡਾਲੀ ਨਾਲੋਂ ਫੁੱਲ ਤੋੜਦੇ ਹਨ ਫੁਲ ਤੋੜੇ।
ਤਿਉਂ ਛਾਤੀ ਨਾਲੋਂ ਲਾਲ ਇਨ੍ਹਾਂ ਨੇ ਤੁਰਤ ਵਿਛੋੜੇ।
ਮਾਤਾ 'ਹੁਕਮੀ' ਖੇਲ, ਨਿਰਦਈ ਲਾਲ ਲੈ ਤੁਰੇ।
ਬਲਿਦਾਨ ਹੇਤ ਮਾਸੂਮ ਲਾਲ ਚੰਡਾਲ ਲੈ ਤੁਰੇ।
ਪਰ ਨਿਕੇ ਨਿਕੇ ਫੁੱਲ ਕੰਵਲ ਕੁਮਲਾਇ ਗਏ ਹਨ ?
ਯਾ ਨਿਰਦਈਆਂ ਦੇ ਪਾਸ ਜਾਇ ਘਬਰਾਇ ਗਏ ਹਨ।
ਨਹੀਂ ਸ਼ੇਰ ਬਬਰ ਦੇ ਪੁਤ੍ਰ ਵਾਂਗ ਨਿਰਭੈ ਖੁਰਦੇ ਹਨ।
ਅਰ ਸ਼ਾਹੀ ਠਾਠਾਂ ਨਾਲ ਬਜ਼ਾਰਾਂ ਵਿਚ ਤੁਰਦੇ ਹਨ।
ਪਲ ਦੀ ਪਲ ਵਿਚ ਦਰਬਾਰ ਨਵਾਬੀ ਦੇ ਵਿਚ ਆਏ।
ਉੱਚੀ ਸੁਰ ਫਤਹ ਗਜਾਇ, ਸਭਸ ਦੇ ਹ੍ਰਿਦੇ ਕੰਬਾਇ।

---

1. ਪ੍ਰਾਹੁਣੇ। 2. ਜੰਗਲ। 3. ਸਿਪਾਹੀ ਪੈਦਲ ਤੁਰ ਕੇ ਆਉਣ ਵਾਲੇ, ਘੋੜ ਸਵਾਰ ਦੇ ਟਾਕਰੇ ਉੱਤੇ।

ਇਹ ਉਮਰਾ ਅਰ ਇਹ ਬੀਰ ਰਸ ਭਰ ਉੱਚ ਬੋਲੇ।
ਨਿਰਦਈ ਘੋਰ ਨਵਾਬ ਹੋ ਗਿਆ ਸੁਣ ਕੇ ਕੋਲੇ।

ਪਾਪੀ ਨਵਾਬ ਵਜੀਦ ਖਾਨ ਦੀ ਨੀਚ ਚਾਲ

ਸੱਪਾਂ ਦੇ ਪੁਤਰ ਜੰਮਦਿਆਂ ਹੀ ਹਨ ਜ਼ਹਿਰੀਲੇ।
ਹੁਣ ਹੀ ਕਰ ਦੋਵੇ ਨਾਸ[1], ਜਾਣਗੇ ਫੇਰ ਨਾ ਕੀਲੇ।
ਮੁਫਤੀ ਕਾਜ਼ੀ ਦੇ ਨਾਲ ਬੈਠ ਕੇ ਫ਼ਤਵਾ[2] ਲਾਯਾ।
ਅਰ ਮਾਸੂਮਾਂ ਦੀ ਜਾਨ ਲੈਣ ਦਾ ਮਤ ਪਕਾਯਾ।
ਯਾ ਹੋਵਣ ਮੁਸਲਮਾਨ, ਨਹੀਂ ਤਾਂ ਮਾਰੇ ਜਾਵਣ।
ਗੁਰੂ ਗੋਬਿੰਦ ਸਿੰਘ ਦੇ ਪੁਤ੍ਰ ਮਾਰ-ਮਨ ਠਾਰੇ ਜਾਵਣ।
ਨੇੜੇ ਆਪਣੇ ਸਦਵਾਇ ਦਿਲਾਸਾ ਦਮ ਦਿਖਲਾ ਕੇ।
ਪੰਜਰ ਪਰ ਖੰਡ ਚੜਾਇ ਉੱਪਰੋਂ ਪਜਾਰ ਜਤਾ ਕੇ।
ਕਹਿੰਦਾ ਹੇ ਸੁੰਦਰ ਲਾਲ ! ਕੱਲ੍ਹ ਦਾ ਪਿਤਾ ਤੁਹਾਡਾ।
ਘੇਰੇ ਸਾਡੇ ਵਿਚ ਆਇ, ਹੋ ਚੁੱਕਾ ਕੈਦੀ ਸਾਡਾ।
ਹੁਣ ਉਸ ਤਾਂ ਮੁਸਲਮਾਨ ਸ਼ੀਘਰ ਹੀ ਬਣ ਜਾਣਾ ਹੈ।
ਅਰ ਬਲ ਬਹਾਦਰੀ ਧਰਮ ਭਾਵ ਸਭ ਛਡ ਜਾਣਾ ਹੈ।
ਜੇ ਤੁਸੀਂ ਭਿ ਚਾਹੁ ਅਰਾਮ ਤਾਂ ਦੀਨ ਕਬੂਲ ਲਵੋ ਹੁਣ।
ਸਾਡੇ ਹਜ਼ਰਤ[3] ਦੀ ਸ਼ਰਨ ਆਨ ਕੇ ਤੁਰਤ ਪਵੋ ਹੁਣ।
ਨਹੀਂ ਤਾਂ ਤਲਵਾਰਾਂ ਨਾਲ ਸੀਸ ਕਟਵਾਇ ਜਾਣਗੇ।
ਬਿਨ ਡਿੱਠੇ ਜਗਤ ਬਹਾਰ ਫੁੱਲ ਕੁਮਲਾਇ ਜਾਣਗੇ।

ਬਾਦਸ਼ਾਹੀ ਦਰਬਾਰ ਵਿਚ ਸਾਹਿਬਜ਼ਾਦਿਆਂ ਦਾ ਸਾਹਸ ਭਰਿਆ ਉਤਰ

ਦੋਹਰਾ

ਫਰ ਅਰ ਪਜਾਰ ਨਵਾਬ ਦਾ ਦੇਖ ਗੁਰੂ ਦੇ ਲਾਲ।
ਆਪੋ ਵਿਚ ਦੀ ਹੱਸ ਕੇ ਬੋਲੇ ਧੀਰਜ ਨਾਲ।
ਜੋਰਾਵਰ ਸਿੰਘ ਵਡ ਬੀਰ ਬੋਲਿਆ, ਸੁਣੋ ਖ਼ਾਨ ਜੀ।
ਜਨਮੇ ਹਾਂ ਕੇਵਲ ਅਸੀਂ ਤਾਂ ਖਾਤਰ ਸਤ ਬਚਾਨ ਦੀ।
ਦੀਨਾਂ ਦੀ ਰਖਯਾ ਕਰਨ ਅਤੇ ਸਤ ਧਰਮ ਬਚਾਵਣ।
ਅਰ ਪਾਪ ਰਾਜ ਦੀ, ਭਾਰਤ ਵਿਚੋਂ ਮੁਸ਼ਕ ਉਡਾਵਣ।
ਉਸ ਪਿਤਾ ਗੁਰੂ ਦੇ ਪੁਤ੍ਰ ਅਸੀਂ ਹਾਂ ਬਾਲ ਅਵਾਂਣੇ।

1. ਖਤਮ। 2. ਹੁਕਮ। 3. ਸਤਿਕਾਰ ਦਾ ਸ਼ਬਦ ਹੈ, ਇਥੇ ਭਾਵ ਹਜ਼ਰਤ ਮੁਹੰਮਦ ਸਾਹਿਬ ਤੋਂ ਹੈ।

ਜਿਸ ਅਗੇ ਭੇਡਾਂ ਵਾਂਗ ਨਸਦੇ ਤੁਸੀਂ ਮੁਤਾਣੇ।
ਕੀ ਹੋਯਾ ? ਜੇ ਅਜ ਅਸੀਂ ਆ ਗਏ ਕਾਬੂ ਤੇਰੇ।
ਕਦ ਘਬਰਾਂਦੇ ਹਨ ਸ਼ੇਰ ਆਣ ਗਿਦੜ ਦੇ ਘੇਰੇ ?
ਉਹ ਧਰਮ ਜ਼ਿਦੀ ਰਖਜਾ ਹਿਤ ਪਜਾਰੇ ਪਿਤਾ ਅਸਾਡੇ।
ਸੁਖ ਚੈਨ ਆਪਣੇ ਵਾਰ ਮਗਰ ਪੈ ਰਹੇ ਤੁਹਾਡੇ।
ਉਹ ਧਰਮ ਪਜਾਰਾ, ਅਸੀਂ ਕਿਸ ਤਰ੍ਹਾਂ ਤਜ ਸਕਦੇ ਹਾਂ ?
ਫੜ ਬ੍ਰਾਂਹ ਦੇਸ਼ ਦੀ, ਪਿੱਛੇ ਕਿੱਧਰ ਭਜ ਸਕਦੇ ਹਾਂ।
ਜੋ ਖੇਤੀ ਸਾਡੇ ਵਡ ਵਡੇਰੇ ਬੀਜ ਗਏ ਹਨ।
ਅਰ ਜਿਸ ਨੂੰ ਸਾਡੇ ਪਜਾਰੇ ਸਿੰਜ ਰਹੇ ਹਨ।
ਉਹ ਸਤਯ ਧਰਮ ਦਾ ਬਾਗ ਅਸੀਂ ਜੇ ਕੱਟ ਵਗਾਈਏ।
ਤਦ ਜੀਵਨ ਹੈਂ ਕਿਸ ਕੰਮ, ਕਿਉਂ ਨਾ ਫਿਰ ਮਰ ਹੀ ਜਾਈਏ।
ਇਹ ਮੌਤ ਖਾਲਸੇ ਵਿਚ, ਖ਼ੁਸੀ ਦੀ ਮੌਤ ਕਹੀਦੀ।
ਡਰਦੇ ਹਨ ਇਸ ਤੋਂ, ਸੁਖ ਦੇ ਲੋਭੀ ਕਾਇਰ[1], ਗੀਦੀ[2]।

ਧਰਮ ਦੇਸ਼ ਹਿਤ ਅਸੀਂ ਤਾਂ ਬਲੀਆਂ ਚੜ੍ਹਦੇ ਆਏ ਹਾਂ

ਸਾਡੇ ਤਾਂ ਵਡ ਵਡੇਰੇ, ਬਲੀਆਂ ਚੜ੍ਹਦੇ ਆਏ।
ਅਰ ਸਤਜ ਧਰਮ ਦੀ ਖਾਤਰ ਆਪਣੇ ਪ੍ਰਾਣ ਘੁਮਾਏ।
ਅਜ ਅਸੀਂ ਭੀ ਜੇ ਬਲਿਦਾਨ ਧਰਮ ਤੋਂ ਹੋ ਜਾਵਾਂਗੇ।
ਤਦ ਧੰਨਜ ਭਾਗ ਕਹਿ ਸੁਖ ਦੀ ਨੀਂਦੇ ਸੌਂ ਜਾਵਾਂਗੇ।
ਛੋਟੇ ਛੋਟੇ ਹਨ ਸਰੀਰ, ਜਿਗਰ ਪਰ ਬੜੇ ਬੜੇ ਹਨ।
ਇਹ ਸਮਝ ਰਖੋ ਦੋ ਸ਼ੇਰ ਤੁਹਾਡੇ ਪਾਸ ਖੜੇ ਹਨ।
ਦੋ ਦਿਨ ਦੇ ਜੀਵਣ ਹੇਤ, ਸਦਾ ਦਾ ਧਰਮ ਸਹਾਈ।
ਸੁਪਨੇ ਵਿਚ ਭੀ ਨਾ ਏਸ ਧਰਮ ਦੀ ਹੋਗੁ ਜੁਦਾਈ[3]।
ਜਦ ਤਕ ਕਾਇਮ ਹੈ ਸਰੀਰ, ਸਰੀਰ ਵਿਚ ਜਾਨ ਰਹੇਗੀ।
ਤਦ ਤਕ ਇਹ ਸਿਰ ਦੇ ਨਾਲ, ਧਰਮ ਦੀ ਆਣ ਰਹੇਗੀ।
ਸ਼ੇਰਾਂ ਦੇ ਬੱਚੇ ਘੇਰ ਜਿ ਸਜਾਲ[4] ਬਣਾਏ ਚਾਹੋ।
ਅਨਹੋਣੀ ਹੈ ਇਹ ਬਾਤ, ਖਜਾਲ ਇਹ ਦਿਲ ਤੋਂ ਲਾਹੋ।
ਹੁਣ ਓਹ ਦਿਹਾੜੇ ਗਏ ਜਦੋਂ ਤਲਵਾਰ ਵਿਖਾ ਕੇ।
ਲੈਂਦੇ ਸਓ ਧਰਮੋਂ ਡੇਗ ਮੌਤ ਦੀ ਮਿਰਗੀ ਪਾ ਕੇ।
ਹੁਣ ਗੁਰੂ ਗੋਬਿੰਦ ਹਰਿ[5] ਸ਼ੇਰ ਜਗਤ ਪਰ ਜਾਗ ਪਏ ਹਨ।
ਅਰ ਦੇਸ਼ ਬਚਾਵਣ ਹੇਤ ਟਹਿਲ ਪਰ ਲਾਗ ਪਏ ਹਨ।

---

1. ਡਰਪੋਕ। 2. ਡਰਾਕਲ। 3. ਵਿਛੋੜਾ। 4. ਗਿੱਦੜ। 5. ਸਿੰਘ।

ਉਹ ਡੂੰਮ ਡਰਾਵੈ ਗਏ, ਦਾਲ ਹੁਣ ਨਹੀਂ ਗਲੇਗੀ।
ਬਲਬੀਰ ਖਾਲਸੇ ਪਾਸ, ਪੇਸ਼ ਕੁਝ ਨਹੀਂ ਚਲੇਗੀ।

ਸਰਹੰਦ ਦੇ ਜ਼ਾਲਮ ਨਵਾਬ ਵਜੀਦ ਖਾਨ ਦੀ ਦੂਜੀ ਘਾਤੀ ਚਾਲ

ਦੋਹਰਾ

ਦੇਖ ਦਲੇਰੀ ਬਾਲ ਦੀ ਰਹੀ ਕਚਹਿਰੀ ਦੰਗ।
ਛੋਟਾ ਜੇਹਾ ਸਰੀਰ ਪਰ, ਹਿਰਦਾ ਸ਼ੇਰ ਨਿਹੰਗ[1]।
ਇਹ ਜਿਗਰਾ ਦੇਖ ਨਵਾਬ ਚੁੱਪ ਦਾ ਚੁੱਪ ਰਹਿ ਗਿਆ।
ਖੱਟੇ ਕਰਵਾ ਕੇ ਦੰਦ, ਝੱਗ ਦੇ ਵਾਂਗ ਬਹਿ ਗਿਆ।
ਮੂੰਹ ਉਸ ਪਾਸੇ ਤੋਂ ਮੋੜ ਦੂਏ ਵੱਲ ਅੱਖ ਉਠਾਈ।
ਅਰ ਦੰਦ ਦੁੱਧ ਦੇ ਦੇਖ ਚਾਹੁੰਦਾ ਮਾਯਾ ਪਾਈ।
ਤੁੰਮੇ ਦੇ ਉੱਪਰ ਖਰਬੂਜੇ ਦਾ ਰੰਗ ਚੜ੍ਹਾ ਕੇ।
ਲਗਾ ਬਾਲਕ ਭਰਮਾਣ ਜੀਭ ਪਰ ਚਰਬੀ ਲਾ ਕੇ।
ਕਿਉਂ ਬੀਬਾ ਬਰਖੁਰਦਾਰ, ਸਲਾਹ ਕੀ ਹੈ ਕੀਕੁਰ ਤੇਰੀ ?
ਇਸ ਦੇ ਵਾਂਗਰ ਨਾ ਤੂੰ ਭੀ ਕਿਧਰੇ ਕਰੀਂ ਦਲੇਰੀ।
ਇਹ ਤਾਂ ਦੋ ਘੜੀਆਂ ਤੀਕ ਤੇਰੇ ਸਾਹਵੇਂ ਮਰ ਜਾਸੀ।
ਧੜ ਤੋਂ, ਤਿੱਖੀ ਤਲਵਾਰ, ਸੀਸ ਨੂੰ ਵੱਖ ਕਰਾਸੀ।
ਪਰ ਤੂੰ ਜੇ ਮੇਰਾ ਕਹਿਆ ਮੰਨ ਕੇ ਦੀਨ ਫੜੇਂਗਾ।
ਤਦ ਸ਼ਾਹੀ ਮਹੱਲਾਂ ਵਿਚ ਅਜ ਹੀ ਜਾਇ ਵੜੇਂਗਾ।
ਲੱਡੂ ਮਿਠਿਆਈ ਖੀਰ ਕੜਾਹ ਪੁਲਾਓ ਖਾਣ ਨੂੰ।
ਗੋਟੇ ਤਿੱਲੇ ਦੇ ਮੜ੍ਹੇ ਕਪੜੇ ਗਲ ਹੰਢਾਣ ਨੂੰ।
ਖੇਡਣ ਨੂੰ ਖਿੱਦੋ ਅਰ ਖਿਡਾਉਣੇ ਅਤਿ ਮਨ ਮੋਹਣੇ।
ਚੜ੍ਹਨੇ ਨੂੰ ਪੀਣਸ[2], ਘੋੜੇ, ਪੰਘੂੜੇ, ਸੋਹਣੇ ਸੋਹਣੇ।
ਨੌਕਰ ਲੌਂਡੀ ਮੌਜੂਦ ਰਹਿਣਗੇ ਟਹਿਲ ਕਰਣ ਨੂੰ।
ਅਰਬੀ ਘੋੜੇ ਤਯਾਰ ਮਿਲਣਗੇ ਸੈਲ ਕਰਣ ਨੂੰ।
ਮਹਿਲਾਂ ਵਿਚ ਮੋਤੀ ਜੜੇ ਮਿਲਣਗੇ ਨਿਤ ਰਹਿਣ ਨੂੰ।
ਰੇਸ਼ਮ ਦੇ ਉਣੇ ਪਲੰਘ ਮਿਲਣਗੇ ਸੌਣ ਬਹਿਣ ਨੂੰ।
ਫਲ ਫੁੱਲ ਦੇ ਲਦੇ ਬਾਗ, ਫੁਹਾਰੇ ਜਲ ਦੇ ਚਲਦੇ।
ਤੋਤੇ ਅਰ ਮੋਰ ਚਕੋਰ ਫਿਰਨਗੇ ਵਿਚ ਟਹਿਲਦੇ।
ਨੌਕਰ ਆ ਕੇ ਹਥ ਜੋੜ ਹਜ਼ੂਰ ਹਜ਼ੂਰ ਕਹਿਣਗੇ।
ਖਰਚਣ ਨੂੰ ਮੋਹਰਾਂ ਨਾਲ ਜੇਬ ਭਰੇ ਰਹਿਣਗੇ।
ਜਿਸ ਗਲ ਦੀ ਹੋਸੀ ਲੋੜ ਆਪ ਤੋਂ ਆਪ ਮਿਲੇਗੀ।

---

1. ਨਿਚਿੰਤ, ਦਲੇਰ ਜਾਂ ਮਗਰ ਮੱਛ। 2. ਪਾਲਕੀ।

ਨਿਤ ਨਵੀਂ ਸੰਝ ਇਕ ਨਵੀਂ ਹੋਰ ਪੋਸ਼ਾਕ ਮਿਲੇਗੀ।
ਤੂੰ ਏਹ ਖੁਸ਼ੀਆਂ ਆਨੰਦ ਭੋਗਣੇ ਹਨ ਜਹਾਨ ਦੇ,
ਯਾ ਕਰਣੀ ਮੌਤ ਕਬੂਲ ਸੋਚ ਲੈ ਨਾਲ ਧਜਾਨ ਦੇ।

ਕਚਹਿਰੀ ਵਿਚ ਛੋਟੇ ਸਾਹਿਬਜ਼ਾਦੇ ਦਾ ਕੋਰਾ ਜਵਾਬ

ਨਵਾਬ ਸਾਹਿਬ ਨੇ ਸੋਨੇ ਦੀ ਇਕ ਚਿੜੀ ਵਿਖਾ ਕੇ,
ਹੁਣ ਡਿਠਾ ਬਾਲਕ ਵਲ ਜਰਾ ਕੁ ਘੂਰੀ ਪਾ ਕੇ।
ਪਰ ਇਸ ਪਾਸੇ ਇਕ ਸ਼ੇਰ ਖੜ੍ਹਾ ਸੀ ਚੁੱਪ ਚੁੱਪਾਤਾ।
ਨਾ ਏਸ ਲੋਭ ਨੂੰ ਨੋਕ ਬਰਾਬਰ ਮਨ ਵਿਚ ਜਾਤਾ।
ਸੰਤੋਸ਼ ਭਰੀ ਗੰਭੀਰ ਤੋਤਲੀ ਉਚਰੀ ਬਾਣੀ।
ਨਵਾਬ ਸਾਹਿਬ ! ਨਹੀਂ ਤੁਹਾਡੀ ਏਥੇ ਜਾਣੀ।
ਜਿਸ ਪਾਠਸ਼ਾਲਾ ਵਿਚ ਬਹਿ ਕੇ ਵਿਦਯਾ ਅਸਾਂ ਸਿੱਖੀ ਹੈ,.
ਓਥੇ ਤਾਂ ਸਭ ਤੋਂ ਸਰੇਸ਼ਟ ਚੀਜ਼ ਇਕ 'ਧਰਮ' ਲਿਖੀ ਹੈ।
ਦਾਦਾ ਜੀ ਸਾਡੇ ਧਰਮ, ਵਾਸਤੇ ਸੀਸ ਲਾ ਗਏ।
ਅਰ ਹੋਰ ਅਨੇਕਾਂ ਸਿਖ ਸ਼ਹੀਦੀ ਨਾਲ ਪਾ ਗਏ।
ਇਸ ਧਰਮ ਵਾਸਤੇ ਰੋਜ਼ ਪਿਤਾ ਜੀ ਲੜਦੇ ਰਹਿੰਦੇ।
ਧਰਮੋਂ ਜੋ ਕਰਦੇ ਪਤਿਤ ਉਨ੍ਹਾਂ ਨੂੰ ਫੜਦੇ ਰਹਿੰਦੇ।
ਉਹ ਧਰਮ ਭਲਾ ਮੈਂ ਸੁਖਾਂ ਵਾਸਤੇ ਕੀਕੁਰ ਛੋੜਾਂ ?
ਅਰ ਪਿਤਾ ਪ੍ਰਭੂ ਤੋਂ ਮੂੰਹ ਕਾਸ ਦੀ ਖਾਤਰ ਮੋੜਾਂ ?
ਜੋ ਰਾਗ ਤਮਾਸ਼ੇ ਅਰ ਖਿਡਾਉਣੇ ਤੁਸਾਂ ਸੁਣਾਏ।
ਮੇਰੇ ਜੀ ਨੂੰ ਤਾਂ ਰਤੀ ਨਹੀਂ ਪਸਿੰਦ ਆਏ।
ਇਕ ਤੀਰ ਕਮਾਨੋਂ ਬਾਝ, ਹੋਰ ਕੁਝ ਖੇਡ ਨਾ ਭਾਵੇ,
ਸੋ ਸਾਡੇ ਘਰ ਬੇਅੰਤ ਪਏ ਹਨ ਸੂਹੇ ਸਾਵੇ।
ਜੇ ਧਰਮ ਤਯਾਗ ਕੇ, ਦੁਨੀਆਂ ਦੀ ਭੀ ਸੰਪਦ ਲੱਭੇ,
ਤਦ ਲੱਤ ਮਾਰ ਕੇ ਕਹਾਂ, ਪਰੇ ਲੈ ਜਾਓ ਸਭੇ।
ਏਹ ਖੁਸ਼ੀਆਂ ਦੇ ਸਾਮਾਨ ਸਮਝਦੇ ਤੁਸੀਂ ਨਿਆਮਤ।
ਪਰ ਮੈਂ ਕਹਿੰਦਾ ਹਾਂ, ਧਰਮ ਚਾਹੀਏ ਸਦਾ ਸਲਾਮਤ।
ਇਕ ਧਰਮ ਰਿਹਾ, ਸਭੇ ਗਲਾਂ ਵਿਚ ਆਈਆਂ।
ਪਰ 'ਧਰਮ' ਨਹੀਂ ਤਾਂ ਫਿੱਟ ਅਜੇਹੀਆਂ ਖੁਸ਼ੀਆਂ ਪਾਈਆਂ।
ਜੋ ਮੇਰੇ ਵਡੇ ਵੀਰ ਤੁਹਾਨੂੰ ਕਹਿ ਛਡਿਆ ਹੈ।
ਬਸ ਉਸੇ ਧਰਮ ਦਾ ਸਮਝੋ ਮੈਂ ਭੀ ਲੜ ਫੜਿਆ ਹੈ।
ਇਹ ਜਾਨ ਰਹੇ ਯਾ ਜਾਇ, ਪ੍ਰੰਤੂ 'ਧਰਮ' ਰਹੇਗਾ।
ਇਸ 'ਧਰਮ' ਵਾਸਤੇ ਕਸ਼ਟ ਸਰੀਰ ਬੇਅੰਤ ਸਹੇਗਾ।
ਸਿਖਾਂ ਵਿਚ ਜੀਵਣ ਮਰਣ ਕਹੀਦੇ ਇਕੋ ਜੈਸੇ।
ਜੀਵਣ ਵਿਚ ਭੀ ਆਨੰਦ ਮਰਣ ਵਿਚ ਸੁਖੀਏ ਵੈਸੇ।

ਜੇ ਜੀਉਂਦੇ ਰਹੇ ਤਾਂ ਪ੍ਰੇਮ ਨਾਲ ਉਪਕਾਰ ਕਰਾਂਗੇ।
ਮਰ ਗਏ ਤਾਂ ਪਜਾਰੇ ਪਿਤਾ ਪਾਸ ਦੀਦਾਰ ਕਰਾਂਗੇ।

ਦੋਹਰਾ

ਫੜਕ ਗਿਆ ਨਵਾਬ ਸੁਣ, ਬਾਲਕ ਦੀ ਤਕਰੀਰ।
ਫੁੱਲਾਂ ਵਾਂਗ ਸਰੀਰ ਹੈ, ਜਿਗਰਾ ਅਤਿ ਗੰਭੀਰ।
ਇਹ ਵੇਖ ਬੀਰਤਾ ਬਲ, ਨਵਾਬ ਦੇ ਜੀ ਵਿਚ ਆਈ।
ਇਸ ਬਾਲ ਉਮਰ ਵਿਚ 'ਧਰਮ' ਵਿਖੇ ਐਸੀ ਪਕਿਆਈ।
ਜੇ ਕਿਸੇ ਤਰੀਕੇ ਨਾਲ ਦੀਨ ਵਿਚ ਰਲ ਇਹ ਜਾਵਣ।
ਤਦ ਵਡੇ ਹੋਇ ਬਿਅੰਤ ਅਸਾਡਾ ਦੀਨ ਵਧਾਵਣ।
ਲੋਹੇ ਨੂੰ ਕਰਸਣ ਮੋਮ ਪ੍ਰੇਮ ਉਪਦੇਸ਼ ਇਨ੍ਹਾਂ ਦੇ।
ਇਸਲਾਮ ਫੈਲਾਵਣ ਦੇਸ਼ ਵਿਖੇ ਵਿਚ ਚਾਰ ਦਿਨਾਂ ਦੇ।
ਉਸ ਰੀਤ ਦਿਆਂ ਤਕਲੀਫ, ਜਿਸ ਤਰ੍ਹਾਂ ਡਰ ਭੀ ਜਾਵਣ।
ਅਰ ਮੌਤ ਨਾ ਕਰਨ ਕਬੂਲ, ਅਸਾਡੀ ਸ਼ਰਨੀਂ ਆਵਣ।
ਇਸ ਫੁਰਨੇ ਨੇ ਚੰਡਾਲ ਚਿੱਤ ਤੋਂ ਤਰਸ ਹਟਾਯਾ।
ਅਰ ਕੰਧ ਵਿਚ ਖੁਲਿਹਾਰ ਚਿਣਨ ਦਾ ਹੁਕਮ ਸੁਣਾਯਾ।

ਕੁੰਡਲੀਆ*

ਹੁਕਮ ਕਸਾਈ ਦੇਂਵਦਾ ਕਾਤਲ ਨੂੰ ਸਦਵਾਇ।
ਦੋਹਾਂ ਨੂੰ ਖੁਲਿਹਾਰ ਕੇ ਕੰਧਾਂ ਦਿਉ ਚਿਣਾਇ।
ਕੰਧਾਂ ਦਿਓ ਚਿਣਾਇ, ਵਿਚਾਲੇ ਬਾਲਕ ਗੱਡੋ।
ਗਲ ਗਲ ਆਵੇ ਜਦ ਕੰਧ ਤਦੋਂ ਸਿਰ ਦੋਵੇਂ ਵੱਢੋ।
ਦੇਣਾਂ ਕਸ਼ਟ ਅਪਾਰ ਨਾ ਸੁਣਨੀ ਹਾਲ ਦੁਹਾਈ।
ਦਿਓ ਤਸੀਹਾ ਤੁਰਤ, ਦੇਂਵਦਾ ਹੁਕਮ ਕਸਾਈ।

ਏਸ ਦੁਖ ਮਈ ਸਮੇਂ ਦਾ ਦ੍ਰਿਸ਼ਜ

ਆਕਾਸ਼ ਤੇਰਾ ਭੀ ਗੇੜ ਕਿਹਾ ਅਸਚਰਜ ਮਈ ਹੈ !
ਦੋ ਮਸੂਮਾਂ ਤੋਂ ਅੱਖ ਕਿਵੇਂ ਤੂੰ ਫੇਰ ਲਈ ਹੈ।
ਏਹ ਫੁੱਲਾਂ ਵਰਗੇ ਲਾਲ ਫੜੇ ਹਨ ਬੰਨ੍ਹ ਕਸਾਈਆਂ।

---

* ਕੁੰਡਲੀਆ ਇਕ ਛੰਦ (ਕਾਵਿ ਪ੍ਰਬੰਧ ਜਾਂ ਤੋਲ) ਦਾ ਨਾਂ ਹੈ। ਇਸ ਵਿਚ 6 ਤੁਕਾਂ ਹੁੰਦੀਆਂ ਹਨ, ਪਹਿਲੀਆਂ ਦੋ ਤੁਕਾਂ ਦੋਹਰੇ ਦੀਆਂ (13+11 ਮਾਤਰਾਂ ਹਰ ਤੁਕ) ਅਤੇ ਅਗਲੀਆਂ ਚਾਰ ਰੋਲੇ ਛੰਦ (11+13 ਮਾਤਰਾਂ) ਦੀਆਂ। ਦੋਹਰੇ ਦੀ ਦੂਜੀ ਤੁਕ ਦਾ ਛੇਕੜਲਾ ਅੱਧ ਤੀਜੀ ਤੁਕ ਵਿਚ ਦੁਹਰਾਇਆ ਜਾਂਦਾ ਹੈ ਅਤੇ ਇਹ ਯਤਨ ਭੀ ਹੁੰਦਾ ਹੈ ਕਿ ਕੁੰਡਲੀਏ ਦਾ ਪਹਿਲਾ ਸ਼ਬਦ ਹੀ ਕੁੰਡਲੀਏ ਦੇ ਅੰਤ ਤੇ ਆਵੇ ਤਾਂ ਜੋ ਪੂਰਾ ਕੁੰਡਲ ਬਣੇ। ਦ੍ਰਿਸ਼ਟਾਂਤ ਲਈ ਏਹੋ ਕੁੰਡਲੀਆਂ ਵੇਖੋ।

ਮਾਂ ਬਾਪ ਨਹੀਂ ਹਨ ਪਾਸ ਖੜੇ ਜੋ ਲੈਣ ਬਲਾਈਆਂ।
ਇਕ ਦਰ ਹੈ ਬੁੱਢੀ ਮਾਤ ਬੁਰਜ ਵਿਚ ਰਾਹ ਤਕੇਂਦੀ।
ਕੂੰਜਾਂ ਵਤ ਕਰ ਕਰ ਯਾਦ ਅਸੀਸਾਂ ਦੂਰੋਂ ਦੇਂਦੀ।
ਤੂੰ ਦਸ ਕਦਮਾਂ ਦੀ ਵਿਥ ਅਜੇਹੀ ਆ ਕੇ ਪਾਈ।
ਏਧਰ ਕੀ ਹੋਵੇ ਕਹਿਰ, ਮਾਤ ਨੂੰ ਖਬਰ ਨਾ ਕਾਈ।
ਮਾਤਾ ਦੇ ਭਾਣੇ ਬਾਲ ਕਚਹਿਰੀ ਗਏ ਹੋਏ ਹਨ।
ਪਰ ਏਧਰ ਏਹ ਤਾਂ ਗੋਦ ਮੌਤ ਦੀ ਪਏ ਹੋਏ ਹਨ।
ਹਾਂ, ਕੌਣ ਸੁਣਾਵੇ ਜਾਇ ਮਾਤਾ ਜੀ ! ਲਾਲ ਤੁਹਾਡੇ।
ਕਰ ਕੂਚ ਜਗਤ ਤੋਂ ਪੈਣ ਲਗੇ ਹਨ ਪੰਧ ਦੁਰਾਡੇ।
ਹਾਂ ਕੌਣ ਕਹੇ, ਆ ਮਾਤ, ਸੀਸ ਚੁੰਮੋ ਜਾਂਦੀ ਵਾਰੀ।
ਲਾਲਾਂ ਦੀ ਹੈ ਤਯਾਰ ਗੁਰਪੁਰੀ[1] ਨੂੰ ਅਸਵਾਰੀ।
ਸਭ ਬੰਨ੍ਹ ਬੰਨ੍ਹਾ ਕੇ ਭਾਰ ਤੁਰ ਪਏ ਹਨ ਵਣਜਾਰੇ।
ਹੋਏ ਹਨ ਭੌਰ ਤਿਆਰ ਲਟਾਕੇ ਲਾਹ ਕੇ ਸਾਰੇ।
ਹੁਣ ਧਰਮ ਬਚਾਵਣ ਲਗੇ, ਦੇਣੀਆਂ ਜਿੰਦਾਂ ਕਰਕੇ।
ਹੁਣ ਪ੍ਰੇਮ ਗਲੀ ਵਿਚ ਖੜੇ, ਤਲੀ ਪਰ ਸਿਰ ਨੂੰ ਧਰ ਕੇ।
ਮਾਸੂਮ ਦਿਲਾਂ ਵਿਚ ਬੀਜ ਧਰਮ ਦਾ ਫੁੱਲ, ਫਲ ਪਿਆ।
ਬਾਲਾਂ ਵਿਚ ਬੀਰਾਂ ਵਾਂਗ, ਪ੍ਰੇਮ ਪਰਵਾਹ ਚਲ ਪਿਆ।
ਆ ਮਾਤਾ ! ਆ ਕੇ ਦੇਖ, ਪੋਤਰੇ ਛੋਟੇ ਤੇਰੇ।
ਆ ਬੇਦਰਦਾਂ ਦੇ ਹਥ, ਲਗੇ ਹੁਣ ਚੁਕਣੇ ਡੇਰੇ।
ਭਾਰਤ ਦੀ ਪਤ ਅਬਰੋਇ[2], ਕੌਮ ਦੀ ਲਾਜ ਰਖਣ ਨੂੰ।
ਲਕ ਬੱਧੀ ਹੋਣ ਤਿਆਰ ਮੌਤ ਦਾ ਜਾਮ[3] ਚਖਣ ਨੂੰ।
ਜਾਂਦੀ ਵਾਰ ਦੀ ਝਾਤੀ ਚੁੰਮ ਲੈ ਸਾਹਵੇਂ ਆ ਕੇ।
ਕਰਨਾ ਹੈ ਫਿਰ ਪਰਕਾਸ਼, ਇਨ੍ਹਾਂ ਆਕਾਸ਼ੀਂ ਜਾ ਕੇ।

ਕੁੰਡਲੀਆ

ਛੋਟੇ ਛੋਟੇ ਲਾਲ ਦੋ ਤੁਰੇ ਜਲਾਦਾਂ ਨਾਲ।
ਜਿੱਧਰ ਜਿੱਧਰ ਲੰਘਦੇ ਹੁੰਦੀ ਜਾ ਹਟਤਾਲ।
ਹੁੰਦੀ ਜਾ ਹਟਤਾਲ ਮਚ ਗਈ ਹਾਹਾਕਾਰੀ।
ਤ੍ਰਾਸ ਤ੍ਰਾਸ ਕਰਨ ਸ਼ਹਿਰ ਦੇ ਪੁਰਖੇ ਨਾਰੀ।
ਨੇਤ੍ਰ ਵਹਾਂਦੇ ਤੁਰੇ ਮਗਰ ਸਭ ਛੋਟੇ ਮੋਟੇ।
ਤੁਰੇ ਜਲਾਦਾਂ ਨਾਲ ਲਾਲ ਜਦ ਛੋਟੇ ਛੋਟੇ।

1. ਸਵਰਗ। 2. ਇਜ਼ਤ। 3. ਪਿਆਲਾ।

ਰਾਜ ਦੀ ਤੇਸੀ ਤੇ ਇੱਟਾਂ ਸਾਹਿਬਜ਼ਾਦਿਆਂ ਦੇ ਕੋਮਲ ਸਰੀਰਾਂ ਨੂੰ ਨਪੀੜੀ ਜਾਂਦੀਆਂ ਹਨ

ਨਗਰ ਤੋਂ ਬਾਹਰ ਲਿਜਾਇ ਜਲਾਦਾਂ ਕੋਮਲ ਕਲੀਆਂ।
ਭਾਰਤ ਮਾਤਾ ਤੋਂ ਲਗੇ ਚੜ੍ਹਾਵਣ ਸੁੰਦਰ ਬਲੀਆਂ।
ਇੱਟਾਂ ਗਾਰਾ ਲੈ ਰਾਜ ਲਗੇ ਇਕ ਕੰਧ ਉਸਾਰਨ।
ਨੀਂਹ ਉੱਪਰ ਫੜ ਜਲਾਦ, ਗੁਰੂ ਦੇ ਲਾਲ ਖੁਲ੍ਹਾਰਨ।
ਉਸਰਦੀ ਜਾਵੇ ਕੰਧ, ਵਿਚ ਏਹ ਧੱਸਦੇ ਜਾਵਣ।
ਪਰ ਬੀਰ ਹਿੰਦ, ਇਸ ਕਸ਼ਟ ਵਿਖੇ ਭੀ ਹਸਦੇ ਜਾਵਨ।
ਦੁਖ ਦੇਣਾ ਸੀ ਮਨਜ਼ੂਰ, ਇਸ ਲਈ ਰਾਜ ਕਸਾਈ।
ਇੱਟਾਂ ਨੂੰ ਤੇਸੀ ਨਾਲ ਬਦਨ ਵਿਚ ਜਾਇ ਧਸਾਈ।
ਛਿੱਲੀਂਦੇ ਜਾਵਣ ਅੰਗ, ਹੱਡੀਆਂ ਖਾਣ ਕੜਾਕੇ।
ਪਰ ਬਾਲ ਜੋ ਹਿਰਦੇ ਬੀਰ ਨਾ ਦੇਖਣ ਅੱਖ ਉਠਾ ਕੇ।
ਹਿਰਦੇ ਵਿਚ ਹਰਿ ਧਜਾਨ, ਮੁਖਾਂ ਵਿਚ ਹੈ ਗੁਰਬਾਣੀ।
ਅੱਖਾਂ ਵਿਚ ਪ੍ਰੇਮ ਖੁਮਾਰ, ਚਿਤ ਵਿਚ ਖੁਸ਼ੀ ਮਹਾਨੀ।
ਲੱਤਾਂ ਹੋ ਲਹੂ ਲੁਹਾਨ, ਕੰਧ ਦੇ ਅੰਦਰ ਆਈਆਂ।
ਛੱਡੀ ਨਾ ਕੋਈ ਕਸਰ, ਸਤਾਉਣ ਵਿਚ ਕਸਾਈਆਂ।
ਏਨੇ ਨੂੰ ਆਪ ਨਵਾਬ ਤਮਾਸ਼ਾ ਵੇਖਣ ਆਯਾ।
ਪਰ ਬੀਰਾਂ ਨੂੰ ਹੁਣ ਉਸੇ ਹੀ ਹਠ ਵਿਚ ਪਾਯਾ।
ਨਾ ਕਰਦੇ ਹਨ 'ਸੀ' 'ਹਾਇ' ਨਾ ਮੂੰਹ ਪਰ ਗਿਲਹ ਗੁਜ਼ਾਰੀ।
ਸੁਖ ਸਾਗਰ ਦੇ ਵਿਚ ਲਾਇ ਰਹੇ ਹਨ ਮਾਨੋ ਤਾਰੀ।
ਇਹ ਜਿਗਰਾ ਦੇਖ ਨਵਾਬ, ਰਹਿ ਗਿਆ ਹੱਕਾ ਬੱਕਾ।
ਅਰ ਮਾਸੂਮਾਂ ਦਾ ਕਸ਼ਟ ਦੇਖ ਕੇ ਲੱਗਾ ਧੱਕਾ।

ਨਿਰਦਈ ਨਵਾਬ ਵਜੀਦ ਖਾਂ ਦੇ ਲਾਲਚ

ਝੱਟ ਪਾਸ ਆਣ ਕੇ ਕਿਹਾ, ਸੁਣਾਓ ਬਰਖੁਰਦਾਰੋ,
ਹੁਣ ਦੇਖ ਲਿਆ ਜੇ ਕਸ਼ਟ ਅਜੇ ਭੀ ਹਠ ਨੂੰ ਹਾਰੋ।
ਹੋ ਜਾਓ ਮੁਸਲਮਾਨ ! ਮੰਨ ਕੇ ਮੇਰੀ ਆਖੀ।
ਮੈਂ ਪੁੱਤਰ ਲਊਂ ਬਣਾਇ ਲੈ ਲਓ ਅੱਲਾ ਸਾਖੀ[1]।
ਹੁਣ ਭੀ ਹੈ ਵਕਤ ਤੁਹਾਨੂੰ ਬਾਹਰ ਕਢਾਇ ਲਵਾਂਗਾਂ।
ਅਰ ਕਾਲ ਬਲੀ ਦੇ ਮੂੰਹੋਂ ਹੁਣੇ ਛੁੜਾਇ ਲਵਾਂਗਾ।

1. ਗਵਾਹ।

ਹੇ ਪਾਪੀ ਨਵਾਬ ਸਾਡੀ ਅਕਾਲ ਪੁਰਖ ਦੇ ਚਰਨਾਂ ਦੀ ਲਿਵ ਵਿਚ ਹੁਣ ਭੰਗ ਨਾ ਪਾ

ਏਹ ਸੁਣ ਕੇ ਬੋਲੇ ਬੀਰ, 'ਪਾਪੀਆ' ਹੱਟ ਜਾ ਅਗੋਂ।
ਕਿਉਂ ਸਾਡੀ ਲਿਵ ਦੇ ਵਿਚ ਭੰਗ ਆ ਪਾਵਣ ਲਗੋਂ ?
ਜਿੰਦਾ ਏਹ ਧਰਮ ਤਿਆਗ, ਜੀਉਣਾ ਕਦੇ ਨਾ ਚਾਹੁਣ।
ਏਹ ਤੇਰੇ ਕਪਟੀ ਵਾਕ ਅਸਾਡਾ ਚਿੱਤ ਦੁਖਾਉਣ।
ਏਹ ਦੁੱਖ ਅਸਾਂ ਨੂੰ ਸੁੱਖ ਹੋਇ ਕੇ ਭਾਸ ਰਿਹਾ ਹੈ।
ਅਰ ਵਾਹਿਗੁਰੂ ਦਾ ਪ੍ਰੇਮ ਪੀੜ ਨੂੰ ਖਾਇ ਗਇਆ ਹੈ।
ਇਹ ਧਰਮ ਪਵਿਤਰ ਬਲੀ, ਦੇਸ਼ ਦੀ ਜਾਨ ਬਚਾਊ।
ਅਰ ਦੁਸ਼ਟ ਦਾ ਰਾਜ, ਮੂਲ ਉਖਾੜਨ ਦੇ ਕੰਮ ਆਊ।
ਏਨ੍ਹਾਂ ਹੀ ਪਾਪਾਂ ਨਾਲ, ਸ਼ਤਾਬੀ ਪੂਰ ਭਰੇਗਾ।
ਅਰ ਪਾਪ ਰਾਜ ਦਾ ਭਾਰਤ ਵਿਚੋਂ ਨਾਸ ਕਰੇਗਾ।
ਓਹ ਸ਼ਾਂਤ ਦਿਹਾੜੇ ਆਇ ਰਹੇ ਹਨ ਨੇੜੇ ਨੇੜੇ।
ਹੋਵਣਗੇ ਜਿਸ ਦਿਨ ਗਰਕ ਤੁਹਾਡੇ ਭਰ ਭਰ ਬੇੜੇ।
ਸੁਣ ਕੇ ਨਵਾਬ ਫਿਟਕਾਰ, ਹੋ ਗਿਆ ਪਾਣੀ ਪਾਣੀ।
ਸ਼ਰਮਿੰਦਾ ਹੋ ਕੇ ਤੱਕ ਨਾ ਸੱਕੇ ਅੱਖੀਂ ਕਾਣੀ।
ਫਿਰ ਕੰਧ ਉਸਾਰਣ ਹੇਤ, ਹੁਕਮ ਦੇ ਘਰ ਨੂੰ ਆਯਾ।
ਹੁਣ ਰਾਜਾਂ ਮੁੜ ਕੇ ਓਹੋ ਇੱਟ ਖੜੱਕਾ ਲਾਯਾ।
ਲੱਤਾਂ ਤੋਂ ਆਯਾ ਪੇਟ, ਪੇਟ ਤੋਂ ਹਿੱਕ ਆ ਗਈ।
ਇਹ ਕਸ਼ਟ ਦੁਹਾਂ ਦਾ ਦੇਖ, ਲੁਕਾਈ ਬਿਲਬਿਲਾ ਗਈ।
ਸ੍ਰੀ ਫਤਹ ਸਿੰਘ ਦੀ ਹਿੱਕ ਨਾਲ ਜਦ ਇੱਟ ਢੁੱਕ ਗਈ।
ਛਾਤੀ ਪਰ ਆ ਕੇ ਭਾਰ ਲਹੂ ਦੀ ਚਾਲ ਰੁੱਕ ਗਈ।
ਖਿਚ ਖਿਚ ਕੇ ਔਖੇ ਸਾਹ ਲਮੇਰੇ ਆਉਣ ਲਗੇ।
ਵਡੇ ਭ੍ਰਾਤਾ ਵਲ ਵੇਖ ਧੌਣ ਲਮਕਾਉਣ ਲਗੇ।

ਹੇ ਰਾਜ ਪਹਿਲੇ ਮੈਨੂੰ ਇੱਟਾਂ ਲਾ ਕੇ ਏਸ ਕੰਧ ਵਿਚ ਚਿਣਨ ਦਾ ਹਸਾਨ ਚਾੜ੍ਹ ਦੇ

ਸ੍ਰੀ ਜ਼ੋਰਾਵਰ ਸਿੰਘ ਦੇਖ, ਵੀਰ ਦੀ ਦਸ਼ਾ ਉਖੇਰੀ।
ਰਾਜਾਂ ਨੂੰ ਦਿਤਾ ਹੁਕਮ ਗਲ ਇਕ ਮੰਨੋ ਮੇਰੀ।
'ਪਹਿਲੇ ਹੁਣ ਦੋ ਤਿੰਨ ਵਾਰ ਮੇਰੇ ਵੱਲ ਤੁਰਤ ਬਣਾਓ।'
'ਛੋਟੇ ਭ੍ਰਾਤਾ ਦੀ ਕਸ਼ਟ ਦਸ਼ਾ ਨਾ ਹੋਰ ਦਿਖਾਓ।'
ਮੈਂ ਪਹਿਲੋਂ ਹੋਵਾਂ ਕਾਲ, ਜਾਇ ਇਹ ਪਿਛੋਂ ਮੇਰੇ।
ਇਹ ਕਰਦੇ ਇਕ ਹਸਾਨ, ਕਰਾਂ ਮੈਂ ਤਰਲੇ ਤੇਰੇ।
ਹਾਂ, ਇਸ ਜਿਗਰੇ ਨੂੰ ਦੇਖ ਕਿਦ੍ਹਾ ਦਿਲ ਰਹੇ ਠਲ੍ਹਿਆ ?
ਹੋ ਮੋਮ ਢੱਲ ਗਿਆ ਰਾਜ, ਨੇਤ੍ਰ ਤੋਂ ਨੀਰ ਚਲਿਆ।
ਹੱਥਾਂ ਨੂੰ ਕਾਂਬਾ ਆਇ, ਡਿਗ ਪਈ ਤੇਸੀ ਕਾਂਡੀ।
ਡਿੱਗਾ ਧਰਤੀ ਤੇ ਆਪ ਰਹੀ ਨਾ ਸੁਰਤ ਇਨ੍ਹਾਂ ਦੀ।

ਪੱਥਰ ਦਾ ਦਿਲ ਜਲਾਦ, ਖੜਾ ਸੀ ਇਕ ਕਿਨਾਰੇ।
ਨੇੜੇ ਆ ਧੂਹ ਤਲਵਾਰ ਦੁਹਾਂ ਦੇ ਸੀਸ ਉਤਾਰੇ।
ਇਹ ਜੁਲਮ ਦੇਖ ਮਹਾਨ ਧਰਤ ਦੀ ਧੀਰ ਬਹਿ ਗਈ।
ਕੰਬਣ ਲਗੀ ਦੁਖ ਨਾਲ, ਪਾਪ ਦੀ ਕੰਧ ਢਹਿ ਗਈ।
ਇਕ ਚੜ੍ਹੀ ਹਨੇਰੀ ਲਾਲ, ਛਾ ਗਿਆ ਘੁੱਪ ਹਨੇਰਾ।
ਇਕ ਪ੍ਰਲੈ ਕਾਲ ਨੇ ਆਣ, ਪਾ ਲਿਆ ਮਾਨੋ ਘੇਰਾ।
ਆਕਾਸ਼ਾਂ ਦੇ ਵਿਚ ਮੇਘ ਨੌਬਤਾਂ ਲਗੇ ਬਜਾਵਨ।
ਕਰ ਸੱਤਜ ਧਰਮ ਜੈਕਾਰ ਦੇਵਤੇ ਫੁੱਲ ਬਸਾਵਣ।
ਦੋ ਛੋਟੇ ਛੋਟੇ ਲਾਲ ਧਰਮ ਤੋਂ ਬਲੀ ਹੋ ਗਏ।
ਅਰ ਪਾਵਨ[1] ਲਹੂ ਵਹਾਇ, ਦੇਸ਼ ਦੇ ਕਸ਼ਟ ਧੋ ਗਏ।
ਲਾ ਗਏ ਧਰਮ ਦਾ ਬਾਗ, ਸੱਤਜ ਦੀ ਜੜ੍ਹ ਬਨ੍ਹਾ ਗਏ।
ਆਪਣੇ ਸੀਸਾਂ ਨੂੰ ਵਾਰ, ਅਨੇਕਾਂ ਸਿਰ ਬਚਾ ਗਏ।

ਸਵੈਯਾ*

ਭਾਰਤ ਦੀ ਆਨ ਬਚਾਇ ਗਏ, ਦੋ ਸੀਸ ਸਮੂਹ ਸਿਧਾਰ ਗਏ।
ਨਹਿੰ ਆਂਚ ਧਰਮ ਨੂੰ ਆਣ ਦਿਤੀ, ਆਪਣੇ ਪਰ ਕਸ਼ਟ ਸਹਾਰ ਗਏ।
ਦੁਨੀਆਂ ਨੂੰ ਚਾਨਣ ਦੇਣ ਲਈ ਆਕਾਸ਼ ਉਡਾਰੀ ਮਾਰ ਗਏ।
ਸੋਭਾ ਦੀ ਸਿਰ ਪਰ ਧਰ ਕਲਗੀ, ਕਲਗੀਧਰ ਸੁਤ[2] ਤਨ ਵਾਰ ਗਏ।

ਮਾਤਾ ਜੀ ਨੇ ਅਕਾਲ ਪੁਰਖ ਦਾ ਸ਼ੁਕਰ ਮਨਾਯਾ

ਇਹ ਪਾਇ ਸ਼ਹੀਦੀ ਲਾਲ, ਗੁਰਪੁਰੀ ਕਰੇ ਚਲਾਣੇ।
ਉਹ ਮਾਤਾ ਰਹੀ ਉਡੀਕ ਬੁਰਜ ਵਿਚ, ਬਾਲ ਇਞਾਂਣੇ।
ਪਲ ਪਲ ਕਰਦੀ ਹੈ ਯਾਦ ਬੜਾ ਚਿਰ ਬੀਤ ਗਿਆ ਹੈ।
ਲਾਲਾਂ ਨਹਿੰ ਮੁੜ ਕੇ ਆਣ ਆਪਣਾ ਹਾਲ ਕਿਹਾ ਹੈ।
ਵਾਟਾਂ ਤਕਦੀ ਨੂੰ ਇਕ ਸਿਪਾਹੀ ਆਣ ਸੁਣਾਯਾ।
ਮਾਤਾ, ਅਜ ਤੇਰੇ ਨਾਲ ਦੁਸ਼ਮਨਾਂ ਧ੍ਰੋਹ ਕਮਾਯਾ।
ਕਲੀਆਂ ਨੂੰ ਡਾਲੋਂ ਤੋੜ ਕਰਾਯਾ ਟੋਟੇ ਟੋਟੇ।
ਪ੍ਰਿਥਵੀ ਪਰ ਦਿਤੇ ਡੇਗ ਬ੍ਰਿਛ ਦੋ ਛੋਟੇ ਛੋਟੇ।
ਦਿਨ ਦੀਵੀਂ ਲੀਤਾ ਲੁੱਟ ਇਨ੍ਹਾਂ ਅੰਧੇਰ ਮਚਾ ਕੇ।
ਤੇਰੇ ਦੋ ਲਾਲ ਮਸੂਮ, ਕੁਹਾਏ ਕੰਧ ਚਿਣਾ ਕੇ।

---

* ਸਵੱਈਆ ਭੀ ਇਕ ਕਾਵਿ ਤੋਲ ਹੈ ਜਿਸ ਦੇ ਅੱਗੇ ਕਈ ਭੇਤ ਹਨ, ਇਹ ਸਵਈਆ 16+15 ਮਾਤਰਾਂ ਹਰ ਤੁਕ ਵਿਚ ਰਖ ਕੇ ਬਣਿਆ ਹੈ ਤੇ ਮਾਤ੍ਰਕ ਸਵੱਈਆ ਕਹਾਉਂਦਾ ਹੈ।

1. ਪਵਿਤ੍ਰ। 2. ਪੁੱਤਰ।

ਇਹ ਸੁਣ ਕੇ ਬੁੱਢੀ ਮਾਤ ਚੁੱਪ ਦੀ ਚੁੱਪ ਰਹਿ ਗਈ।
ਖਾਂ ਗ਼ਮ ਦੀ ਜਿਗਰ ਕਟਾਰ ਕਲੇਜਾ ਪਕੜ ਬਹਿ ਗਈ।
ਅੱਖੀਂ ਛਾਯਾ ਅੰਧੇਰ ਕੁਝ ਨਾ ਦਿਸੇ ਤਾਲੇ।
ਡਾਲੋਂ ਟੁੱਟੇ ਜਿਉਂ ਪੱਤ ਮਾਰਦਾ ਖੂਨ ਉਛਾਲੇ।
ਵਾਹਿਗੁਰੂ ਮੁਖੋਂ ਉਚਾਰ ਪ੍ਰਭੂ ਦਾ ਸ਼ੁਕਰ ਅਲਾਯਾ।
ਹੈਂ ਪਿਤਾ ਧੰਨਜ ! ਜਿਸ ਬਾਲ ਮਸੂਮਾਂ ਨੂੰ, ਬਲ ਪਾਯਾ।

ਦਾਦੀ ਤੇ ਦੋਹਾਂ ਪੋਤ੍ਰਿਆਂ ਦਾ ਇਕੋ ਅੰਗੀਠੇ ਵਿਚ ਹੀ ਸਸਕਾਰ

ਇਸ ਧੰਨਜਵਾਦ ਵਿਚ ਪ੍ਰਾਣ ਇਜੇਹੇ ਸ਼ਾਂਤ ਹੋ ਗਏ।
ਮਾਤਾ ਜੀ ਦੁਨੀਆਂ ਤਿਆਗ ਤੁਰਤ ਦੇਹਾਂਤ ਹੋ ਗਏ।
ਵਿਚ ਸੱਚਖੰਡ ਦੇ ਲਾਲ ਪੁਚਾਏ ਗੋਦੀ ਪਾ ਕੇ।
ਅਰ ਬੈਠੇ ਵਿਚ ਵਿਮਾਨ ਪੋਤਰੇ ਨਾਲ ਬਿਠਾ ਕੇ।
ਪ੍ਰੇਮੀ ਸਿੱਖਾਂ ਨੇ ਆਣ ਧਰਮ ਦੇ ਬੀਰ ਉਠਾਏਂ।
ਪਜਾਰੀ ਦਾਦੀ ਦੀ ਗੋਦ-ਚਿਖਾ ਦੇ ਵਿਚ ਬਿਠਾਏ।
ਕਠਾ ਕੀਤਾ ਸੰਸਕਾਰ ਇਕ ਅੰਗੀਠਾ ਲਾ ਕੇ।
ਗੁਰਦਵਾਰਾ ਕੀਤਾ ਤਯਾਰ, 'ਫਤਹ ਗੜ੍ਹ'[1] ਨਾ ਰਖਾ ਕੇ।
ਦਸ਼ਮੇਸ਼ ਗੁਰੂ ਦੇ ਲਾਲ, ਜਗਤ ਦੁਖ ਟਾਰ ਸਿਧਾਏ।
ਅਰ ਪਿਤਾ ਪ੍ਰਭੂ ਪਹਿ ਜਾਇ ਆਕਾਸ਼ੀਂ ਚੰਦ ਚੜ੍ਹਾਏ।

ਜਗਤ ਨੂੰ ਰਸਤਾ ਜਤਾਣ ਵਾਲਾ ਲਾਈਟ ਹਾਊਸ

ਉਸਰਿਆ 'ਲਾਈਟ ਹਾਊਸ'[2] ਜਗਤ ਨੂੰ ਰਾਹ ਵਿਖਾਣ ਦਾ।
ਅਰ 'ਧਰਮ, ਪੂਰੇ ਕੁਰਬਾਨ ਹੋਇ ਕੇ ਮੁਕਤ ਪਾਣ ਦਾ।'
ਲੱਗੇ ਮੇਲਾ ਹਰ ਸਾਲ ਫਤਹਗੜ੍ਹ ਸਾਹਿਬ ਦਵਾਰੇ।
ਜੁੜ ਸੰਗਤ ਤੇਰਾ ਪੋਹ, ਉਨ੍ਹਾਂ ਦਾ ਨਾਮ ਚਿਤਾਰੇ।
ਜਿਨ੍ਹਾਂ ਨੇ ਧਰਮ ਬਚਾਇ ਜਿੰਦ ਨੂੰ ਘੋਲ ਘੁਮਾਯਾ।
ਆਪਣੇ ਪਰ ਕਸ਼ਟ ਸਹਾਰ ਦੇਸ਼ ਨੂੰ ਰੱਖ ਵਿਖਾਯਾ।

ਦੋਹਰਾ

ਤਨ ਛੋਟੇ ਸਾਹਸ ਵਡੇ, ਦਸਮ ਗੁਰੂ ਦੇ ਲਾਲ।
ਜਾਨਾਂ ਉੱਪਰ ਖੇਡ ਕੇ, ਧਰਮ ਲੈ ਗਏ ਨਾਲ।

1. ਇਹ ਗੁਰਦੁਵਾਰਾ ਸਰਹੰਦ ਨਾਂ ਦੇ ਕਸਬੇ ਦੇ ਕੋਲ ਹੈ। ਉਥੇ ਹੁਣ ਮਾਤਾ ਗੁਜਰੀ ਕਾਲਜ ਭੀ ਹੈ ਅਤੇ ਫ਼ਤਹ ਗੜ੍ਹ ਸਾਹਿਬ ਨਾਂ ਦਾ ਰੇਲਵੇ ਸਟੇਸ਼ਨ ਸਰਹੰਦ ਤੋਂ ਰੋਪੜ ਜਾਣ ਵਾਲੀ ਲਾਈਨ ਉਪਰ ਹੈ। ਹਰ ਸਾਲ 27 ਦਸੰਬਰ ਨੂੰ ਬੜਾ ਭਾਰੀ ਮੇਲਾ ਲਗਦਾ ਹੈ। 2. ਚਾਨਣ ਮੁਨਾਰਾ।

*Life is an arrow, therefore you must know,
what mark to aim at, how to use the bow,
Then draw it to the head and let it go.[1]

—Henry Wan Dyke

ਸੱਯਾਦ[2]—ਤੇਰਾ ਦਿਲ ਹੈ ਪੱਥਰ ਕਿਹੋ ਜੇਹਾ ?
ਗਰਮੀ ਨਾ ਠੰਢ, ਜਲ ਨਾ ਪਸੀਨਾ ਹੈ ਸਿੰਮਦਾ।
ਫੁੱਲਾਂ ਨੇ ਖਿੜ ਬਹਾਰ ਦਿਖਾਈ ਸੀ ਚਾਰ ਦਿਨ,
ਤੂੰ ਪਤਝੜੀ ਤੋਂ ਪ੍ਰਿਥਮ ਹੀ ਬਰਬਾਦ ਕਰ ਲਿਆ।

Storms may howl around thee,
Foes may hunt and hound thee
Shall they over-power thee ?
Never never, never,[3]

ਸਾਹਿਬ ਅਜੀਤ ਸਿੰਘ ਤੇ ਜੁਝਾਰ ਸਿੰਘ ਜੀ ਦੀ ਧਰਮ ਜੁੱਧ ਵਿਚ ਧਰਮ ਦੀ ਆਨ ਰਖਣ ਵਾਲੀ ਬੀਰਤਾ ਭਰੀ ਸ਼ਹਾਦਤ

ਕੌਮ, ਜਰਾ ਹੁਣ ਦੂਜੇ ਪਾਸੇ ਝਾਤ ਮਾਰੀਏ।
ਅਰ ਭਾਰਤ ਦੇ ਪ੍ਰਤਿਪਾਲ ਗੁਰੂ ਦੇ ਦੁਖ ਨਿਹਾਰੀਏ[4]।
ਆਨੰਦਪੁਰੋਂ ਪਰਵਾਰ ਸਣੇ ਜਦ ਸਤਿਗੁਰ ਚੱਲੇ।
ਤੁਰਕਾਂ ਨੇ ਤੋੜ ਸੁਗੰਧ[5] ਮਗਰ ਕਰ ਦਿਤੇ ਹੱਲੇ।
ਗਿਣਤੀ ਦੇ ਜੋਧੇ ਨਾਲ, ਚਿਰਾਂ ਤੋਂ ਭੁੱਖੇ ਭਾਣੇ।
ਅਰ ਪਿਛਲੇ ਪਾਸੇ ਤੁਰਕ ਫੌਜ ਦੇ ਕਟਕ ਮੁਹਾਣੇ[6]।
ਇਕ ਪਾਸੇ ਉੱਚ ਸੁਮੇਰ[7] ਦੂਸਰੇ ਪਾਸੇ ਰਾਈ।
ਮੁੱਠੀ ਭਰ ਸਿੱਖਾਂ ਨਾਲ ਕਿਸ ਤਰ੍ਹਾਂ ਨਿਭੈ ਲੜਾਈ।

---

1. ਜੀਵਨ ਹੈ ਇਕ ਤੀਰ, ਏਸ ਲਈ, ਪਕੀ ਲਈਓ ਜਾਣ,
ਕੀ ਨਿਸ਼ਾਨਾ ਤੁਸਾਂ ਦਾ, ਖਿਚਣੀ ਕਿਵੇਂ ਕਮਾਨ ?
ਫਿਰ ਚਿਲਾ ਚੜਾਉਂ ਸਿਰੇ ਤਕ, ਛਡੋ ਲਾ ਕੇ ਤਾਣ। (ਹੈਨਰੀ ਵੈਨ ਡਾਈਕ)
2. ਜ਼ਾਲਮ, ਉਪਦਰਵੀ।
3. ਆਲੇ ਦੁਆਲੇ ਤੇਰੇ ਭਾਵੇਂ ਆਉਣ ਤੂਫਾਨ।
ਵੈਰੀ ਲਾਗੂ ਹੋਣ ਪਏ, ਰਜਕੇ ਪਏ ਸਤਾਨ।
ਕੀ ਉਹ ਤੈਨੂੰ ਜਿਤ ਲੈਣਗੇ ?
ਕਦੇ ਨਾ, ਕਦੇ ਨਾ, ਕਦੇ ਨਾ।
4. ਵੇਖੀਏ। 5. ਸਹੁੰ। 6. ਅਣਗਿਣਤ ਫੌਜਾਂ। 7. ਇਕ ਪਰਬਤ ਦਾ ਨਾਂ।

ਪਰ ਕਲਗੀਧਰ ਨੇ ਸ਼ੇਰ, ਇਜੇਹੇ ਸਾਨ ਬਣਾਏ।
ਜੋ ਸਵਾ ਲੱਖ ਪਰ, ਇਕ ਇਕ ਭਾਰੂ ਹੋਇ ਵਿਖਾਇ।
ਇਸ ਹਿੰਮਤ ਪਰ ਦਸ਼ਮੇਸ਼, ਡਟ ਗਏ ਸਾਂਹਵੇਂ ਹੋ ਕੇ।
ਅਰ ਦਿਤੇ ਓਹ ਜਵਾਬ ਵਿਚ ਮੈਦਾਨ ਖਲੋ ਕੇ।
ਰਹਿ ਗਏ ਤੁਰਕ ਹੈਰਾਨ, ਬੀਰ ਸ਼ੇਰਾਂ ਦੇ ਅੱਗੇ।
ਜੋ ਇਕ ਇਕ, ਸੌ ਸੌ ਨਾਲ ਜੁੱਧ ਵਿਚ ਪੂਰਾ ਤੱਗੇ।
ਅੰਧੇਰ ਵਿਚ ਤਲਵਾਰ, ਦਿਸਦੀ ਇਵੇਂ ਚਿਲਕਦੀ।
ਸਾਵਣ ਮਾਹ ਮੇਘਾਂ ਵਿਚ ਦਾਮਨੀ[1] ਜਿਵੇਂ ਲਿਸ਼ਕਦੀ।
ਤੀਰਾਂ ਦਾ ਵੱਸੇ ਮੀਂਹ, ਲਾਹੁੰਦਾ ਸੱਥਰ ਜਾਵੇ।
ਬੰਦੂਕਾਂ ਦੀ ਬੁਛਾੜ ਸੂਰਮੇਂ ਭੁੰਜੇ ਲਿਟਾਵੇ।
ਲੜ ਲੜ ਹੋ ਹੋ ਜਿਲਹਾਲ[2] ਖਾਲਸੇ ਰੰਗ ਮਚਾਯਾ।
ਭੁੱਖੇ ਢਿੱਡਾਂ ਦੇ ਨਾਲ ਰੜੇ ਵਿਚ ਜੰਗ ਮਚਾਯਾ।
ਇਤਨੇ ਨੂੰ ਰਸਤਾ ਰੋਕ ਖਲੋਤਾ ਸਰਸਾ ਨਾਲਾ।
ਜਲ ਨਿਕਲੇ ਹੜ ਦੇ ਨਾਲ ਕੰਢਿਓਂ ਮਾਰ ਉਛਾਲਾ।
ਇਸ ਸਮੇਂ ਬੜਾ ਘਮਸਾਨ ਖਾਲਸੇ ਬੀਰ ਮਚਾਯਾ।
ਅਰ ਲੜ ਭਿੜ ਕੇ ਸਾਮਾਨ ਨਦੀ ਤੋਂ ਪਾਰ ਕਰਾਯਾ।
ਹੋ ਬਹੁਤੇ ਗਏ ਸ਼ਹੀਦ ਅਨੇਕਾਂ ਲਹੂ ਵਹਾ ਕੇ।
ਰੋਕੀ ਰੱਖੀ ਪਰ ਫੌਜ ਸਾਹਮਣੇ ਪੱਗ੍ਹਾ ਜਮਾ ਕੇ।
ਖਾਂਦੇ ਹਨ ਹਿੱਕਾਂ ਠੋਕ ਬਰਛੀਆਂ ਅਰ ਤਲਵਾਰਾਂ।
ਹੁੰਦੇ ਹਨ ਅੰਤ ਸ਼ਹੀਦ ਮਾਰ ਕੇ ਕਈ ਸਵਾਰਾਂ।
ਸਤਿਗੁਰੂ ਹੋ ਗਏ ਪਾਰ ਨਦੀ ਤੋਂ ਏਨੇ ਤਾਂਈਂ।
ਅਰ ਡੋਲੇ ਦਿਤੇ ਭੇਜ ਹੋਰਨੀਂ ਪਿੰਡੀਂ ਥਾਂਈਂ।
ਹੁਣ ਨਾਲ ਰਹਿ ਗਏ ਕੁੱਲ, ਗੁਰੂ ਦੇ ਸੂਰੇ 'ਚਾਲੀ'।
ਬਾਕੀ ਦੇ ਹੋਏ ਸ਼ਹੀਦ, ਦੇਸ਼ ਦੀ ਰੱਖ ਵਿਖਾਲੀ।
ਚਾਲੀ ਬੀਰਾਂ ਦੇ ਨਾਲ, ਸਤਿਗੁਰੂ ਤੁਰੇ ਅਗੇਰੇ।
ਅਰ ਹੱਲਾ ਕਰ ਚਮਕੌਰ ਜਾਇ ਕੇ ਪਾਏ ਡੇਰੇ।
ਇਕ ਉੱਚੀ ਗੜ੍ਹੀ ਸੰਭਾਲ ਦੀਆਂ ਗੁਰ ਡੇਰਾ ਲਾਈ।
ਕਰ ਪ੍ਰਬੰਧ ਤਤਕਾਲ ਛੇੜ ਦਈ ਤੁਰਤ ਲੜਾਈ।

ਸਿੱਖ ਬੀਰਾਂ ਦੀਆਂ ਔਕੜਾਂ ਤੇ ਗੁਰ ਉਪਕਾਰ

ਓਧਰ ਤੁਰਕੀ ਫੌਜ 'ਦਸ ਲੱਖ'[3] ਤੋਂ ਬਾਹਲੀ।
ਅਰ ਏਹ ਆਟੇ ਵਿਚ ਲੂਣ ਗੇਣਵੇਂ 'ਸੂਰੇ ਚਾਲੀ'।

---
1. ਬਿਜਲੀ। 2. ਦੁੱਖੀ, ਬੁਰੀ ਦਸ਼ਾ।
3. ਜ਼ਫ਼ਰ ਨਾਮਾ ਨਾਮੀ ਲੰਬੀ ਫ਼ਾਰਸੀ ਕਵਿਤਾ ਵਿਚ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਇਹੀ ਗਿਣਤੀ ਔਰੰਗਜ਼ੇਬ ਦੀ ਤੇ ਚਾਲੀ ਆਪਣੀ ਫੌਜ ਦੀ ਲਿਖੀ ਹੈ।

ਇਸ ਵੇਲੇ ਡਾਢੀ ਔਖ ਆਣ ਕੇ ਘੇਰਾ ਪਾਯਾ।
ਪਰ ਇਸ ਦੁੱਖ ਵਿਚ ਭੀ ਦੇਸ਼ ਰਖਜਕਾਂ ਜੀ ਨਾ ਢਾਯਾ।
ਇਕ ਸੂਰਾ ਤੇਗਾਂ ਧੂਹ ਵੈਰੀਆਂ ਸਾਂਹਵੇਂ ਆਵੇ।
ਅਰ ਵੜ ਤੁਰਕਾਨੀ ਖੇਤ ਗਾਜਰਾਂ ਵਾਂਗ ਮੁਕਾਵੇ।
ਸੌ ਸੌ ਦੋ ਦੋ ਸੌ ਮਾਰ ਅੰਤ ਨੂੰ ਪਾਣ ਸ਼ਹੀਦੀ।
ਜਾ ਪਹੁੰਚਣ ਸੱਚੇ ਧਾਮ ਪਾਲ ਕੇ ਪੀਰ ਮੁਰੀਦੀ।
ਅੰਦਰ ਸਤਿਗੁਰ ਜੀ ਆਪ ਬੈਠ ਕੇ ਵਿਚ ਮੁਨਾਰੇ।
ਆਪਣੇ ਹੱਥਾਂ ਦੇ ਨਾਲ ਚਲਾਵਣ ਤੀਰ ਕਰਾਰੇ।
ਬਾਣਾਂ ਦੀ ਛਿੜੀ ਫੁਹਾਰ ਸੌਣ ਦੀ ਘਟਾ ਭੁਲਾਵੇ।
ਛੁੱਟੇ ਜੋ ਬਾਣੋਂ ਤੀਰ ਵਿੰਨ੍ਹਦਾ ਦਸ ਦਸ ਜਾਵੇ।
ਪਰ ਉਧਰ ਭੀ ਤੁਰਕ ਫੌਜ ਅਣਗਿਣਤ ਖਲੋਤੀ।
ਤੀਰਾਂ ਦੀ ਵਰਖਾ ਨਾਲ ਨਾ ਸਾਰੀ ਜਾਇ ਪਰੋਤੀ।
ਵੀਹ ਪੰਝੀ ਗੁਰੂ ਦੇ ਸ਼ੇਰ ਕਿਲ੍ਹੇ ਤੋਂ ਬਾਹਰ ਨਿਕਲ ਕੇ।
ਹੋ ਚੁੱਕੇ ਸਨ ਸ਼ਹੀਦ ਅਨੇਕ ਤੁਰਕ ਕੁਚਲ ਕੇ।
ਪਰ ਤੁਰਕੀ ਦਲ ਦਾ ਜ਼ੋਰ ਪਲੋ ਪਲ ਵਧਦਾ ਜਾਵੇ।
ਅਰ ਹੱਲਾ ਗੱਲਾ ਬੋਲ ਇਨ੍ਹਾਂ ਪਰ ਚੜ੍ਹਦਾ ਆਵੇ।

ਸਾਹਿਬਜ਼ਾਦੇ ਅਜੀਤ ਸਿੰਘ ਜੀ ਨੇ ਪਿਤਾ ਜੀ ਤੋਂ ਰਣਭੂਮੀ ਵਿਚ ਜਾ ਕੇ ਸਨਮੁਖ ਸ਼ਹੀਦ ਹੋਣ ਦੀ ਆਗਿਆ ਮੰਗਣੀ

ਸਾਹਿਬ ਅਜੀਤ ਸਿੰਘ ਲਾਲ ਗੁਰੂ ਸਾਹਿਬ ਦੇ ਵੱਡੇ।
ਇਹ ਦੇਖ ਮਚੀ ਘਮਸਾਨ ਪ੍ਰੇਮ ਦੇ ਹੰਝੂ ਛੱਡੇ।
ਉੱਠ ਖੜੇ ਹੋਇ ਹੱਥ ਜੋੜ ਆਗਿਆ ਲੈਣੀ ਚਾਹੀ।
'ਹੇ ਪਿਤਾ ! ਹੁਕਮ ਜੇ ਹੋਇ, ਤਾਂ ਮੈਂ ਭੀ ਬਣਾਂ ਸਿਪਾਹੀ।'
ਦਿਖਲਾ ਕੇ ਆਪਣਾ ਹੱਥ ਇਨ੍ਹਾਂ ਦੀ ਗਰਦਨ ਤੋੜਾਂ।
ਅਰ ਵਧੀ ਆਉਂਦੀ ਫੌਜ ਆਪਣੇ ਅਗੋਂ ਹੋੜਾਂ।

ਸਤਿਗੁਰਾਂ ਦੀ ਸਾਹਿਬਜ਼ਾਦੇ ਨੂੰ ਪ੍ਰਵਾਨਗੀ ਦੇਣੀ

ਸਤਿਗੁਰ ਸੁਣ ਕੇ ਇਹ ਵਾਕ ਹੱਸ ਕੇ ਹੁਕਮ ਸੁਣਾਯਾ।
'ਹੇ ਪੁਤ੍ਰ ! ਬੀਰ ਬਣ ਚਾਹੀਏ ਏਥੇ ਜ਼ੋਰ ਦਿਖਾਯਾ।
ਹਈ ਖਾਲਸੇ ਫਰਜ਼, ਧਰਮ ਹਿਤ ਤੇਗ ਚਲਾਵੇ।
ਸੀਸ ਦੁਖੀ ਹਿਤ ਵਾਰ, ਦੁਖੀ ਦੀ ਜਾਨ ਬਚਾਵੇ।
ਤੂੰ ਧੰਨ ਭਾਗ ਲਖ, ਜਾਹੁ, ਸ਼ੇਰ ਬਣ ਹੱਲਾ ਕਰ ਲੈ।
ਅਰ ਭੇਡਾਂ ਦਾ ਦਲ, ਗਰਸ ਮਾਰ ਕੇ ਅੱਗੇ ਧਰ ਲੈ।'
ਇਹ ਪਾਇ ਪਿਤਾ ਦਾ ਹੁਕਮ ਸਾਹਿਬ ਨੇ ਕਰੀ ਤਿਆਰੀ।
ਬਰਛੀ, ਨੇਜਾ, ਤਲਵਾਰ, ਢਾਲ ਸੰਭਾਲ ਸਵਾਰੀ।

ਦੋ ਚਾਰ ਬਹਾਦੁਰ ਸਿੰਘ ਆਪਣੇ ਪਿਛੇ ਲਾਏ।
ਅਰ ਉੱਚੀ ਫਤਹ ਗਜਾਇ ਜੁੱਧ ਭੂਮੀ ਵਿਚ ਆਏ।
ਸ਼ੇਰ੍ਹਾਂ ਵਤ ਗਰਜਾਂ ਮਾਰ, ਆਣ ਇਉਂ ਖੰਡੇ ਵਾਹੇ।
ਇਕ ਪਲਕ ਵਿਚ ਅਣਗਿਣਤ ਤੁਰਕ ਦੇ ਆਹੂ ਲਾਹੇ।
ਜਿਉਂ ਖੇਤੀ ਦੀ ਕਿਰਸਾਣ ਥੱਲਿਉਂ ਕਰੇ ਸਫਾਈ।
ਤਿਉਂ ਤੁਰਕਾਂ ਦੀ ਇਸ ਬੀਰ ਬਾਂਕੁਰੇ ਘਿਟੀ ਲਾਹੀ।

ਖਾਲਸਾ ਧਰਮ ਦੀ ਸਰੇਸ਼ਟਤਾ ਨਿਬਾਹ ਦਿੱਤੀ

ਮੁਰਦਯਾਂ ਦੇ ਢੇਰਾਂ ਵਿਚ ਆਪ ਸੇ ਰੁਕ ਰੁਕ ਤੁਰਦੇ।
ਲਹੂ ਦੇ ਵਹਿਣਾਂ ਵਿਚ, ਤਾਰੀਆਂ ਲੈਂਦੇ ਮੁਰਦੇ।
ਇਹ ਦੇਖ ਬਹਾਦਰ 'ਗੁਰ ਪੁੱਤ੍ਰ' ਦਾ ਹੱਲਾ ਗੱਲਾ।
ਤੁਰਕੀ ਦਲ ਇਕ ਜ਼ਬਾਨ ਪੁਕਾਰੇ ਤੋਬਾ ਅੱਲਾ।
ਜਿਸ ਪਾਸੇ ਨੂੰ ਇਹ ਲਾਲ ਉਠਾਂਦਾ ਤੇਗਾਂ ਜਾਵੇ।
ਉਸ ਪਾਸੇ ਤੇਗ ਚਲਾਇ ਲਹੂ ਦੇ ਵਹਿਣ ਵਗਾਵੇ।
ਵੈਰੀ ਦੇ ਵਾਰਾਂ ਨਾਲ, ਫੁੱਟ ਹੁਣ ਪਏ ਬਥੇਰੇ।
ਪਰ ਫਿਰ ਭੀ ਮਾਰੋ ਮਾਰ ਕਰੇਂਦਾ ਜਾਇ ਅਗੇਰੇ।
ਜਾ ਪਹੁੰਚਾ ਦਲ ਵਿਚਕਾਰ, ਤੇਗ ਦੀ ਪਯਾਸ ਬੁਝਾਂਦਾ।
ਵੈਰੀ ਦੇ ਲਹੂ ਨਾਲ ਧਰਨਿ ਪਰ ਰੰਗ ਖਿੰਡਾਂਦਾ।
ਹੁਣ ਰੱਜ ਗਈ ਤਲਵਾਰ-ਲਹੂ ਨੂੰ ਵੀਟ ਵੀਟ ਕੇ।
ਤੁਰਕਾਂ ਨੇ ਲੀਤਾ ਘੇਰ ਦੰਦੀਆਂ ਮੀਟ ਮੀਟ ਕੇ।
ਫੌਜਾਂ ਦਾ ਸੂਬੇਦਾਰ ਆ ਗਿਆ ਵੈਰੀ ਘੇਰੇ।
ਛਾ ਗਿਆ ਬਦਲਾਂ ਘੁੰਡ, ਚੰਦ ਦੇ ਚਾਰ ਚੁਫੇਰੇ।
ਕੱਲਾ ਕਰਦਾ ਹੈ ਵਾਰ ਅਨੇਕਾਂ ਵਾਰਾਂ ਅਗੇ।
ਪਰ ਕਦ ਤੱਕ ਇਕ ਤਲਵਾਰ ਲੱਖਾਂ ਅਗੇ ਤਗੇ।
ਹੋ ਗਿਆ ਬੀਰ ਕੁਰਬਾਨ ਦੇਸ਼ ਦੀ ਰਖਯਾ ਕਰਦਾ।
ਗੁਰ ਗੋਬਿੰਦ ਸਿੰਘ ਦਾ ਲਾਲ ਟੁ ਗਿਆ ਲੜਦਾ ਲੜਦਾ।
ਸ੍ਰੀ ਕਲਗੀਧਰ ਜੀ ਪਾਸ ਖਬਰ ਜਦ ਪਹੁੰਚੀ ਆ ਕੇ।
ਤਦ ਕੀਤਾ ਸ਼ੁਕਰ ਅਕਾਲ, ਉਨ੍ਹਾਂ ਨੇ ਹੱਥ ਉਠਾ ਕੇ।
ਹੋ ਗਿਆ ਲਾਲ ਕੁਰਬਾਨ ਦੇਸ਼ ਦੀ ਟਹਿਲ ਕਮਾਈ।
ਅਰ ਪਾਲ ਖਾਲਸਾ ਧਰਮ ਪਿੱਠ ਨਹੀਂ ਪਰਤ ਦਿਖਾਈ।
ਉਹ ਵਿਚ ਗਗਨ ਦੇ ਜਾਇ ਬੜਾ ਪਰਕਾਸ਼ ਕਰੇਗਾ।
ਅਰ ਦੇਸ਼ ਸੀਸ ਪਰ ਪਿਆ, ਪਾਪ ਅੰਧੇਰ ਹਰੇਗਾ।
ਕਰ ਗਿਆ ਸੁਰਖਰੂ ਜਿੰਦ, ਸੀਸ ਸੇਵਾ ਪਰ ਲਾ ਕੇ।
ਅਰ ਪਿਤਾ ਪ੍ਰਭੂ ਦੇ ਭਾਣੇ ਅੰਦਰ ਜਿੰਦ ਘੁਮਾ ਕੇ।

Waiting the world of the Master,
Watching the Hidden Light,
Listening to catch His orders
In the every midst of the fight,
Seeing His slightest signal
Across the heads of the throng,
Hearing His faintest whisper
Abover earth's loudest song#,

ਛੋਟੇ ਸਾਹਿਬਜ਼ਾਦੇ ਜੀ ਦੀ ਪਿਤਾ ਅਗੇ ਅਰਦਾਸ ਤੇ ਯੁੱਧ ਦੀ ਪਰਵਾਣਗੀ ਲਈ ਅਰਜੋਈ

ਦੋਹਰਾ : ਛੋਟੇ ਲਾਲ ਜੁਝਾਰ ਸਿੰਘ ਲਾਡ ਪਲੇ ਸੁਕੁਮਾਰ।
ਬਲੀਦਾਨ ਹਿਤ ਗੁਰੂ ਜੀ ਹਥੀਂ ਕਰਨ ਤਿਆਰ।

ਸ੍ਰੀ ਗੁਰੂ ਸਾਹਿਬ ਜੁਝਾਰ ਸਿੰਘ ਵਲ ਦੇਖਣ ਲੱਗੇ।
ਇਤਨੇ ਤਾਈਂ ਹੱਥ ਜੋੜ ਖੜੋਤੇ ਓਹ ਆ ਅੱਗੇ।
ਕੀਤੀ ਨਿਉਂ ਕੇ ਅਰਦਾਸ ਪਿਤਾ ਪਹਿ[1] ਪ੍ਰੇਮੀ ਹਿਰਦੇ।
'ਹੇ ਨਾਥ ! ਸ਼ੱਤ੍ਰ[2] ਹੁਣ ਆ ਪਹੁੰਚੇ ਹਨ ਉੱਪਰ ਸਿਰ ਦੇ।
ਤੁਰ ਗਏ ਅਜੀਤ ਸਿੰਘ ਬੀਰ ਇਨ੍ਹਾਂ ਦੇ ਸੀਸ ਕੱਟ ਕੇ।
ਅਰ ਹੋ ਗਏ ਸਿੰਘ ਸ਼ਹੀਦ ਬੀਰਤਾ ਨਾਮ ਖੱਟ ਕੇ।
ਹੁਣ ਬਾਕੀ ਹਨ ਦਸ ਸਿੰਘ, ਅਸਾਡੇ ਨਾਲ ਰਹਿ ਗਏ।
ਬਾਕੀ ਦਿਆਂ ਦੇ ਘਮਸਾਨ ਵਿਖੇ ਹਨ ਘਾਣ ਲਹਿ ਗਏ।
ਜੇ ਹੁਕਮ ਦਿਓ, ਤਦ ਮੈਂ ਭੀ ਕਰਨ ਲੜਾਈ ਜਾਵਾਂ।

ਸਵਾਮੀ ਦੀ ਆਗਿਆ, ਦੀ ਉਡੀਕ ਵਿਚ,
ਲੁਕਵੀਂ ਜੋਤ ਦੀ ਕਿਰਨ ਵੇਖਦਿਆਂ,
ਉਸ ਦੇ ਹੁਕਮ ਸੁਣਨ ਲਈ ਕੰਨ ਲਾਈ,
ਘਮਸਾਨ ਜੰਗ ਦੇ ਐਨ ਵਿਚਕਾਰ,
ਉਸ ਦਾ ਮਧਮ ਤੋਂ ਮਧਮ ਇਸ਼ਾਰਾ ਤਕਦਿਆਂ,
ਭੀੜਾਂ ਦੇ ਸਿਰਾਂ ਦੇ ਉਪਰੋਂ,
ਉਸਦੀ ਮੱਠੀ ਤੋਂ ਮੱਠੀ ਅਵਾਜ਼ ਸੁਣਦਿਆਂ,
ਧਰਤੀ ਦੇ ਉਚੇ ਤੋਂ ਉਚੇ ਗੀਤ ਦੇ ਉਪਰੋਂ।
1. ਪਾਸ। 2. ਵੈਰੀ।

ਅਰ ਮਾਰ ਮਾਰ ਕੇ ਵੈਰੀ ਦਲ ਨੂੰ ਪਰੇ ਹਟਾਵਾਂ।
ਮੈਂ ਬਾਲਕ ਹਾਂ, ਪਰ ਜੁੱਧ ਵਿਚ ਨਹਿੰ ਮੂਲ ਡਰਾਂਗਾ।
ਇਹ ਬਰਛੀ ਵਾਹ ਕੇ ਕਈਆਂ ਦਾ ਸੰਘਾਰ[1] ਕਰਾਂਗਾ।
ਅਰ ਰਣ ਵਿਚ ਬਹੁਤੇ ਮਾਰ ਜੇ ਕਦੀ ਆਪ ਮਰ ਗਿਆ।
ਤਦ ਸਮਝ ਲਿਓ ਇਕ ਪੁਤ੍ਰ ਜਿੰਦ ਕੁਰਬਾਨ ਕਰ ਗਿਆ।
ਆਏ ਹਾਂ ਓੜਕ ਅਸੀਂ ਜਗਤ ਤੇ ਟਹਿਲ ਵਾਸਤੇ।
ਫਿਰ ਮਰਨੇ ਦਾ ਅਫਸੋਸ ਕਰੋਗੇ ਆਪ ਕਾਸ ਤੇ।
ਆਗਜਾ ਬਖਸ਼ੋ, ਕਿਰਪਾਲ ਹੋਇ ਕੇ ਜੁੱਧ ਕਰਨ ਦੀ।
ਸਦਕੇ ਕਰਕੇ ਇਹ ਜਿੰਦ, ਦੇਸ਼ ਦਾ ਕਸ਼ਟ ਹਰਨ ਦੀ।'
ਬਾਰਾਂ ਬਰਸਾਂ ਦੇ ਲਾਲ ਬੀਰ ਦੀ ਸੁਭ ਅਰਜੋਈ।
ਸੁਣ ਬੀਰ ਪਿਤਾ ਨੂੰ ਅਤਿ ਪ੍ਰਸੰਨਤਾ ਮਨ ਵਿਚ ਹੋਈ।

From the unreal lead me to the Real
From darkness lead me to Light.
From death lead me to Immortality.*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੇ ਹੱਥੀਂ ਆਪਣੇ ਛੋਟੇ ਸਾਹਿਬਜ਼ਾਦੇ ਨੂੰ ਮੌਤ ਦਾ ਲਾੜਾ ਬਣਾ ਕੇ ਤਿਆਰ ਕੀਤਾ

ਬੋਲੇ—'ਹਾਂ ਲਾਲ, ਜ਼ਰੂਰ ਯੁੱਧ ਵਿਚ ਜਾਣਾ ਚਾਹੀਏ।
ਰਿਪੁ[2] ਦਲ ਤਲਵਾਰੀਂ ਘਾਟ ਪਾਰ ਉਤਰਾਣਾ ਚਾਹੀਏ।
ਇਹ ਕਹਿ ਕੇ ਕੀਤਾ ਤਯਾਰ ਆਪਣੇ ਪਾਸ ਬਿਠਾ ਕੇ।
ਲਾੜੇ ਦਾ ਰੂਪ ਬਣਾਇ, ਪਿਨ੍ਹਾਏ ਨਵੇਂ ਪੁਸ਼ਾਕੇ।
ਛੋਟੀ ਜੇਹੀ ਤਲਵਾਰ ਹੱਥ ਦੇ ਵਿਚ ਫੜਾਈ।
ਅਰ ਬੜੇ ਪਿਆਰ ਦੇ ਨਾਲ ਕਿਹਾ ਲੌ ਕਰੋ ਚੜ੍ਹਾਈ।'
ਹਾਂ! ਐਸ ਸਮੇਂ ਕੋਈ ਪਿਤਾ ਹੌਸਲਾ ਕਰ ਸਕਦਾ ਹੈ ?
ਕੋਈ ਬੀਰ ਹ੍ਰਿਦਾ ਇਸ ਤਰਾਂ ਦੁਖ ਨੂੰ ਜਰ ਸਕਦਾ ਹੈ ?
ਇਹ ਦਿਸਦਾ ਸੀ ਪਰਤੱਖ, ਵਰਤ ਜਾਵੇਗਾ ਭਾਣਾ।
ਇਸ ਬੱਚੇ ਰਣ ਵਿਚ ਜਾਇ ਪਰਤ ਕੇ ਮੁੜ ਨਹੀਂ ਆਣਾ।
ਪਰ ਦੇਸ਼ ਪਜਾਰ ਦੀ ਅਗਨਿ, ਲਗਨ ਸੀ ਐਸੀ ਲਾਈ।
ਦੀਨਾ ਦੀ ਰੱਖਯਾ ਹੇਤ, ਤਲੀ ਪਰ ਜਾਨ ਟਿਕਾਈ।

---

* ਇਸ ਅਸੱਤਿ ਤੋਂ ਮੈਨੂੰ ਸੱਤਿ ਦਾ ਰਾਹ ਵਿਖਾਓ,
ਅੰਧੇਰੇ ਤੋਂ ਮੈਨੂੰ ਜੋਤੀ ਵਲ ਲਿਜਾਓ,
ਮੌਤ ਤੋਂ ਮੈਨੂੰ ਅਮਰਤਾ ਤਕ ਪੁਚਾਓ।

1. ਨਾਸ। 2. ਵੈਰੀ।

ਇਹ ਮਨ ਵਿਚ ਸੀ ਅਭਿਲਾਖ[1], ਆਪਣਾ ਸਰਬਸ[2] ਲਾ ਕੇ।
ਲੈਣਾ ਹੈ ਦੇਸ਼ ਬਚਾਇ, ਪੁੱਤ੍ਰ, ਵਿਚ ਜੰਗ ਕਟਾ ਕੇ।
ਇਸ ਪਰੁਪਕਾਰ ਦੇ ਚਾਉ, ਚਿੱਤ ਵਿਚ ਡੇਰਾ ਪਾਯਾ।
ਅਰ ਲਾਲ ਤੋਰਦਿਆਂ ਗੁਰੂ ਰਤਾ ਨਹਿੰ ਮਨ ਭਰਮਾਯਾ।
ਐਉਂ ਸਾਜ ਸਜਾਇ ਕੁਮਾਰ ਕਰਾਈ ਤੁਰਤ ਚੜ੍ਹਾਈ।
ਅਰ ਪੰਜ ਸਿੰਘਾਂ ਦੀ ਫੌਜ, ਤਾਬਿਆ ਨਾਲ ਕਰਾਈ।
ਇਹ ਸਮਾਂ ਭੀ ਕਿਹਾ ਸਚਰਜ[3] ਜਿਹਾ ਅਰ ਦਰਦ ਮਈ ਸੀ।
ਇਕ ਪਿਤਾ ਪੁੱਤ੍ਰ ਦੀ ਆਂਦਰ ਮਾਨੋ ਟੁੱਟ ਰਹੀ ਸੀ।
ਸਤ ਧਰਮ ਵਾਸਤੇ, ਪਿਤਾ ਪੁਤ੍ਰ ਨੂੰ ਤੋਰ ਰਿਹਾ ਸੀ।
ਕੁਰਬਾਨ ਕਰਨ ਹਿਤ, ਜਿਗਰੋਂ ਬੋਟੀ ਤੋੜ ਰਿਹਾ ਸੀ।
ਸਾਹਿਬ ਜੁਝਾਰ ਸਿੰਘ ਲਾੜਾ ਬਣ ਕੇ ਘੋੜੇ ਚੜ੍ਹਿਆ।
ਹਥ ਗਾਨਾ ਮੌਤ ਬਨ੍ਹਾਇ, ਯੁੱਧ ਭੂਮੀ ਵਿਚ ਵੜਿਆ।
ਸੂਰੇ ਹਨ ਜਾਂਵੀਂ ਨਾਲ, ਜਾ ਰਹੇ ਕਾਜ ਕਰਾਵਣ।
ਅਰ 'ਕੁਰਬਾਨੀ ਦੀ ਮੌਤ' ਬਹੂ' ਦੇ ਨਾਲ ਵਿਆਹੁਣ।

ਕੁਰਬਾਨੀ ਦਾ ਲਹੂ ਪਾ ਕੇ ਲਾਜ ਰਖ ਲਈ

ਜਗ ਵੇਦੀ ਸੀ ਤਯਾਰ ਦੇਸ਼ ਦੇ ਕਸ਼ਟਾਂ ਵਾਲੀ।
ਇਹ ਹਵਨ ਹੋਣ ਨੂੰ ਚਲੇ ਚਿੱਤ ਵਿਚ ਧਾਰ ਖੁਸ਼ਾਲੀ।
ਮਨ ਰਿਹਾ ਉਛਾਲੇ ਮਾਰ ਭੁਜਾਂ[4] ਵਿਚ ਜੋਸ਼ ਭਰ ਗਿਆ।
ਅੱਖਾਂ ਵਿਚ ਪ੍ਰੇਮ ਖੁਮਾਰ ਭਵਾਂ ਪੁਰ ਰੋਹ ਚੜ੍ਹ ਗਿਆ।
ਨਿਕਲੇ ਕਿਲਕਾਰੇ ਮਾਰ ਬੀਰ ਰਸ ਮੱਤੇ ਸੂਰੇ।
ਹਿਰਦੇ ਹਨ ਬੇਪਰਵਾਹ ਪ੍ਰੇਮ ਦੀ ਮਦ[5] ਵਿਚ ਪੂਰੇ।
ਹੋਲੀ ਇਕ ਦਈ ਮਚਾਇ ਵਿਚ ਮੈਦਾਨ ਉਤਰ ਕੇ।
ਲੋਥਾਂ ਦੇ ਲਾਏ ਢੇਰ ਤੇਗ ਨੇ ਟੋਟੇ ਕਰ ਕੇ।
ਵੈਰੀ ਦੇ ਹਿਰਦੇ ਜਾਇ ਖੁਭੇ ਤੇਜ਼ ਕਟਾਰੀ।
ਇਉਂ ਨਿਕਲੇ ਲੋਹੂ ਧਾਰ, ਫਾਗ[6] ਦੀ ਜਿਉਂ ਪਿਚਕਾਰੀ।
ਬਿਜਲੀ ਵਤ ਚਿਲਕ ਕਟਾਰ ਪਏ ਵੈਰੀ ਪਰ ਜਾ ਕੇ।
ਅਰ ਉਠੇ ਹੋ ਕੇ ਨਾਲ ਲਹੂ ਵਿਚ ਪਯਾਸ ਬੁਝਾ ਕੇ।
ਇਕ ਪਲਕ ਝਲਕ ਵਿਚ ਰੰਗ ਬੀਰ ਨੇ ਉਹ ਦਿਖਲਾਯਾ।
ਲਹੂ ਦਾ ਇਕ ਦਰਯਾਇ ਧਰਤ ਤੇ ਚਾਇ ਵਗਾਯਾ।
ਵੈਰੀ ਦਲ ਤੋਬਾ ਤੋਬਾ ਪੁਕਾਰੇ ਦੇਖ ਲੜਾਈ।

---

1. ਇਛਿਆ। 2. ਸਾਰਾ ਪਰਿਵਾਰ। 3. ਅਸਚਰਜ ਨੂੰ ਛੋਟਾ ਕੀਤਾ ਹੈ। 4. ਬਾਹਾਂ। 5. ਮਸਤੀ। 6. ਫੱਗਣ, ਹੋਲੀਆਂ।

ਇਕ ਮਧਰੀ ਜਿਹੀ ਕਟਾਰ ਕਿਸ ਤਰ੍ਹਾਂ ਕਰੇ ਸਫਾਈ।
ਕਰ ਲਿਆ ਮਦਾਨ ਸਫਾਇ ਬੀਰ ਨੇ ਜਬਾਹ[1] ਜਮਾ ਕੇ।
ਹੁਣ ਵੈਰੀ ਅੜੇ ਨਾ ਕੋਈ ਬੀਰ ਦੇ ਸਾਹਵੇ ਆ ਕੇ।
ਭਾਵੇਂ ਸੀਗਾ ਇਕ ਬਾਲ, ਯੁੱਧ ਬਹੁ ਕੀਆ ਕਰਾਰਾ।
ਵੈਰੀ ਆਵੇ ਦੌੜ ਮਚਿਆ ਅਤਿ ਸ਼ੋਰ ਕਰਾਰਾ।
ਅਗੇ ਛੇੜੀ ਜਾਇ ਵਾਗ ਵਾਹਿਗੁਰੂ ਫਤੇ ਗਜਾ ਕੇ।
ਜਿਤ ਲਈਏ ਮੈਦਾਨ ਵੈਰੀ ਨੂੰ ਭਾਂਜ ਵਿਖਾ ਕੇ।
ਦੋਹਰਾ—ਨਿੱਕੀ ਜੇਹੀ ਜਿੰਦ ਨੇ, ਆਪਣਾ ਆਪ ਵਿਸਾਰ।
ਲੱਖਾਂ ਦੇ ਵਿਚ ਜਾਇ ਕੇ, ਮਾਰੇ ਕਈ ਹਜਾਰ।
ਉਮਰਾ ਸੀ ਬਾਰਾਂ ਬਰਸ ਅੰਗ ਸਨ ਕੋਮਲ ਸਾਰੇ।
ਖੇਡਣ ਦੀ ਸੀਗ ਵਰੇਸ, ਚੰਦ ਵਤ ਚਮਕ ਨੁਹਾਰੇ।
ਵੈਰੀ ਸਨ ਲੱਖਾਂ ਤੀਕ, ਇਕ ਦੋ ਚਾਰ ਨਹੀਂ ਸਨ।
ਪਰ ਇਕ ਬਾਲਕ ਇਕ ਜਾਨ, ਨਾਲ ਅਸਵਾਰ ਨਹੀਂ ਸਨ।
ਕੀ ਚੀਜ ਸਿਗੀ ਇਸ ਵਿਚ ਕਰਾਮਾਤ ਜਿਨ ਦਿਖਲਾਈ ?
ਐਡੇ ਵੈਰੀ ਦਲ ਵਿਚ, ਜਾਨ ਜਿਨ੍ਹ ਨਹੀਂ ਸੁਕਾਈ।
ਡਰ ਦੀ ਥਾਂ ਧੀਰਜ ਧਾਰ, ਟਾਕਰਾ ਪਈ ਕਰਾਵੇ।
ਅਰ ਇਕ ਹਥ ਦੇ ਨਾਲ ਹਜ਼ਾਰਾਂ ਘਾਣ ਲਹਾਵੇ।
ਉਹ ਕੀ ਵਸਤੂ ਸੀ, ਜਿਨ੍ਹੇ ਬਾਲ ਨੂੰ ਸ਼ੇਰ ਬਣਾਯਾ ?
ਉਹ ਕੀ ਜਾਦੂ ਸੀ, ਜਿਨ੍ਹੇ ਚਿੜੀ ਤੋਂ ਬਾਜ ਤੁੜਾਯਾ।
ਅੰਮ੍ਰਿਤ[2] ਦਾ ਸੀ ਬਲਕਾਰ, ਜਿਨ੍ਹੇ ਏਹ ਹਿੰਮਤ ਪਾਈ।
ਅਰ ਪਰੁਪਕਾਰ ਦਾ ਪਯਾਰ, ਜਿਨ੍ਹੇ ਇਹ ਕਾਰ ਕਰਾਈ।
ਲਾਹੀ ਜਾਂਦਾ ਹੈ ਘਾਣ, ਇਕੱਲਾ ਤੇਗ ਚਲਾ ਕੇ।
ਰੋਹੇ ਚੜ੍ਹਦਾ ਹੈ ਸ਼ੇਰ, ਵਾਰ ਤਨ ਪਰ ਖਾ ਕੇ।
ਛਾਨਨੀ[3] ਹੋਯਾ ਹੈ ਸਰੀਰ ਪੈਰ ਭੀ ਥਿੜਕ ਰਹੇ ਹਨ।
ਪਰ ਹਥ ਅਜੇ ਤਲਵਾਰ ਫੇਰਦੇ ਜਾਇ ਰਹੇ ਹਨ।
ਲਹੂ ਦੀ ਧਾਰਾ ਕਈ ਜਗਹ ਤੋਂ ਚਲ ਰਹੀ ਹੈ।
ਪਰ ਖੜਗ ਅਜੇ ਤਕ ਸ਼ੱਤ੍ਰ ਜਹੰਨਮ[4] ਘੱਲ ਰਹੀ ਹੈ।
ਇਕ ਤਰਫ ਦੇਹ ਹੋ ਸਿਥਲ ਸ਼ਾਂਤ ਹੋ ਜਾਣ ਲਗੀ ਹੈ।

---

1. ਰੋਹਬ।
2. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਖਾਲਸਾ ਪੰਥ ਸਾਜਣ ਵੇਲੇ ਪਾਣੀ ਵਿਚ ਪਤਾਸੇ ਪਾ ਕੇ ਬਾਣੀ ਪੜ੍ਹਦਿਆਂ ਖੰਡਾ ਫੇਰ ਕੇ ਜੋ ਪਾਣੀ ਸਿੱਖਾਂ ਨੂੰ ਪਿਆਇਆ ਤੇ ਫੇਰ ਉਨ੍ਹਾਂ ਪਹਿਲੇ ਪੰਜਾਂ ਤੋਂ ਆਪ ਪੀਤਾ, ਇਸ ਨੂੰ ਸਿੱਖਾਂ ਵਿਚ ਅੰਮ੍ਰਿਤ ਕਹਿੰਦੇ ਹਨ। ਅਨਮਤੀ ਨੂੰ ਸਿੱਖ ਬਣਨ ਲਈ ਇਹ ਅੰਮ੍ਰਿਤ ਛਕਣਾ ਪੈਂਦਾ ਹੈ ਤੇ ਸਿੰਘ ਦੇ ਘਰ ਜੰਮੇ ਨੂੰ ਭੀ ਪੂਰਾ ਸਿੰਘ ਬਣਨ ਲਈ ਅੰਮ੍ਰਿਤਧਾਰੀ ਹੋਣਾ ਤੇ ਉਸ ਵੇਲੇ ਦੱਸੇ ਜਾਂਦੇ ਨਿਯਮਾਂ ਦੀ ਪਾਲਣਾ ਕਰਨੀ ਪੈਂਦੀ ਹੈ ਜਿਨ੍ਹਾਂ ਵਿਚ ਪੰਜ ਕਕਾਰ (ਕੇਸ, ਕੰਘਾ, ਕਛ, ਕੜਾ, ਕ੍ਰਿਪਾਨ) ਰਖਣੇ ਜ਼ਰੂਰੀ ਹਨ ਤੇ ਚਾਰ ਕੁਰਹਿਤਾਂ (ਕੇਸਾਂ ਦੀ ਬੇਅਦਬੀ, ਪਰ ਇਸਤ੍ਰੀ ਗਮਨ, ਤਮਾਕੂ ਦੀ ਵਰਤੋਂ, ਕੁੜੀਮਾਰ ਨੜੀ ਮਾਰ ਨਾਲ ਵਰਤਣਾ) ਵਿਵਰਜਿਤ ਹਨ। 3. ਛਾਨਣੀ ਵਾਂਗ ਛੇਕੋ ਛੇਕ ਜਾਪਣਾ। 4. ਨਰਕ।

ਇਕ ਤਰਫ ਨਾਮ ਦੀ ਵਾਜ ਜੀਭ ਤੋਂ ਆਣ ਲਗੀ ਹੈ।
ਇਕ ਤਰਫ ਆਤਮਾਂ ਸ਼ਾਂਤਿ ਰਸ ਵਿਚ ਰਸਣ ਲਗੀ ਹੈ।
ਇਕ ਤਰਫ ਕਟਾਰੀ ਸਤ੍ਰ ਹਿਰਦੇ ਵਿਚ ਧੱਸਣ ਲਗੀ ਹੈ।
ਛਾਤੀ ਵਿਚ ਧਸੀ ਕਟਾਰ, ਹਥ ਹੈ ਉਸ ਕਬਜ਼ੇ ਪਰ।
ਠੰਢਾ ਹੋ ਗਿਆ ਸਰੀਰ, ਇਸੇ ਸੁੰਦਰ ਨਕਸ਼ੇ ਪਰ।
ਆਹਾ ! ਕੈਸਾ ਹੈ ਦ੍ਰਿਸ਼ਯ ? ਸੁਖ ਅਤੇ ਸਿਖਯਾ ਵਾਲਾ।
ਕੈਸੀ ਸੁੰਦਰ ਹੈ ਮੌਤ, ਚਿੱਤ ਹੈ ਕਿਹਾ ਸੁਖਾਲਾ ?
ਸਦਕੇ ਹੁੰਦੀ ਹੈ ਜਿੰਦ ਧਰਮ ਰਖਯਾ ਹੁੰਦੀ ਹੈ।
ਬਚਦਾ ਹੈ ਦੁਖੀਆ ਦੇਸ਼ ਪਿਤਾ ਆਗਯਾ ਪਲਦੀ ਹੈ।
ਸਫਲਾ ਹੁੰਦਾ ਹੈ ਜਨਮ ਆਪਣਾ ਫਰਜ਼ ਪਾਲ ਕੇ।
ਦੇਂਦਾ ਹੈ ਸਿਖਯਾ ਬਾਲ, ਦੂਜਿਆਂ ਨੂੰ ਵਿਖਾਲ ਕੇ।

ਦੇਸ਼ ਦਾ ਧਰਮ ਤੇ ਸੱਤਿਆ ਆਪਣੀਆਂ ਜਾਨਾਂ ਵਾਰ ਕੇ ਬਚਾ ਲਈ

ਕਬਿੱਤ*

ਜੂਝ[1] ਗਏ ਯੁੱਧ ਵਿਚ ਲਾਲ ਦਸ਼ਮੇਸ਼ ਜੀ ਦੇ,
ਦੇਸ਼ ਦਾ ਧਰਮ ਅਤੇ ਸੱਤਿਆ ਬਚਾਇ ਕੇ।
ਗਏ ਪਰਲੋਕ ਮੁਖ ਉੱਜਲ ਦੀਦਾਰ ਦੇਣ,
ਜੱਸ ਤੇ ਬਹਾਦਰੀ ਦਾ ਟਿੱਕਾ ਮੱਥੇ ਲਾਇ ਕੇ।
ਪੋਹ ਦਿਨ ਅੱਠਵੀਂ[2] ਦੀ ਯਾਦਗਾਰ ਅਜ ਤੀਕ,
ਵਿਚ ਚਮਕੌਰ ਦੇ ਲੁਕਾਈ ਜੁੜੇ ਆਇ ਕੇ।
ਧਰਮੀਆਂ ਦੀ ਯਾਦ ਸਦਾ ਜੱਗ ਤੇ ਅਟੱਲ ਰਹੇ,
ਢੁੱਕਦੀਆਂ ਸੰਗਤਾਂ ਨੂੰ ਵੇਖ ਲਵੋ ਜਾਇ ਕੇ।

ਦੋਹਰਾ

ਧਰਮ ਯੁੱਧ ਵਿਚ ਜੂਝ ਕੇ ਦਸਮ ਗੁਰੂ ਦੇ ਲਾਲ।
ਜੱਸ ਦਾ ਟਿੱਕਾ ਲੈ ਗਏ ਜਗ ਤੋਂ ਆਪਣੇ ਨਾਲ।

ਸਤਿਗੁਰੂ ਜੀ ਨੇ ਅਕਾਲ ਪੁਰਖ ਦਾ ਧੰਨਵਾਦ ਕੀਤਾ

ਸ੍ਰੀ ਕਲਗੀਧਰ ਜਦ ਸੁਣੀ ਜੂਝ ਗਿਆ ਪੁੱਤ੍ਰ ਪਿਆਰਾ।
ਤਦ ਧੰਨਜਵਾਦ ਅਕਾਲ ਪੁਰਖ ਦੇ ਪਾਸ ਉਚਾਰਾ।

* ਅੱਖਰਾਂ ਦੇ ਹਿਸਾਬ ਵਾਲਾ ਇਕ ਕਾਵਿ ਛੰਦ ਹੈ ਜਿਸ ਦੀਆਂ 4 ਤੁਕਾਂ ਵਿਚੋਂ ਹਰ ਇਕ ਵਿਚ 31 ਜਾਂ 32 ਅੱਖਰ ਹੁੰਦੇ ਹਨ ਅਤੇ 8, 8, 8, 7, ਜਾਂ 8 ਉੱਤੇ ਬਿਸਰਾਮ ਹੁੰਦਾ ਹੈ। ਇਹ ਬਹੁਤ ਛੇਤੀ ਪੜ੍ਹਨ ਵਾਲਾ ਤੇਜ਼ ਚਾਲ ਦਾ ਛੰਦ ਹੈ।

1. ਯੁੱਧ ਵਿਚ ਲੜਦਿਆਂ ਜਾਨ ਦੇਣੀ।
2. 22-23 ਦਸੰਬਰ ਜਿਸ ਦਿਨ ਚਮਕੌਰ ਸਾਹਿਬ ਨਾਂ ਦੇ ਗੁਰਦਵਾਰੇ ਮੇਲਾ ਲਗਦਾ ਹੈ।

ਹੇ ਕਰੁਣਾਮਯ[1] ਇਹ ਦਾਤ ਆਪ ਦੀ ਬਖਸ਼ੀ ਹੋਈ।
ਸਾਡੇ ਪਹਿ ਸੀਗ ਅਮਾਨ ਨਹੀਂ ਸੀ ਦਾਵਾ ਕੋਈ।
ਚੰਗਾ ਹੋਯਾ ਇਹ ਜੂਝ ਜੰਗ ਵਿਚ ਜਾਇ ਰਹੇ ਹਨ।
ਅਪਨਾ ਕਰ ਸੁਫਲਾ ਜਨਮ ਆਪ ਪਹਿ ਆਇ ਰਹੇ ਹਨ।
ਬਖਸ਼ਸ਼ ਇਨ੍ਹਾਂ ਪਰ ਕਰੋ ਆਪਣੇ ਚਰਨੀਂ ਲਾਣਾ।
ਅਰ ਦੁਖੀ ਦੇਸ਼ ਪਰ ਸ਼ੀਘਰ ਆਪਣੀ ਮੇਹਰ ਵਸਾਣਾ।

ਇਕ ਪਾਸੇ ਸਤਿਗੁਰੂ ਗੋਬਿੰਦ ਸਿੰਘ ਜੀ ਆਪਣੇ ਪੰਜ ਪਿਆਰੇ ਸਿੰਘਾਂ ਨਾਲ ਹੀ ਦੂਜੇ ਵੱਲ ਦੇ ਸਾਰੇ ਬਾਦਸ਼ਾਹੀ ਦਲ ਦਾ ਮੁਕਾਬਲਾ ਕਰਦੇ ਹਨ

ਹੁਣ ਮੁੱਕੀ ਆਪਣੀ ਫੌਜ ਰਹਿ ਗਏ ਪੰਜ ਪਿਆਰੇ।
ਸ੍ਰੀ ਕਲਗੀਧਰ ਨੇ ਆਪ ਲੜਨੇ ਦੇ ਕਰੇ ਤਿਆਰੇ।
ਪਰ ਸਿੰਘਾਂ ਕੀਤੀ ਬਿਨੈ ਸਮਾਂ ਇਹ ਨਹੀਂ ਲੜਨ ਦਾ।
ਕਰਨਾ ਹੈ ਅਜੇ ਉਪਾਉ ਆਪਣੇ ਕਸ਼ਟ ਹਰਨ[2] ਦਾ।
ਇਸ ਸਮੇਂ ਤੁਰ ਗਏ ਆਪ ਜਿ ਸਿਖੀ ਛੋੜ ਨਿਮਾਣੀ।
ਤਦ ਦੇਸ਼ ਹੋਗੁ ਨਿਰਮੂਲ[3] ਕਿਸੇ ਨਹੀਂ ਦੇਣਾ ਪਾਣੀ।
ਇਹ ਬਿਨਤੀ ਸੁਣ ਦਸ਼ਮੇਸ਼ ਕਲਾ ਆਪਣੀ ਵਰਤਾਈ।
ਮਾਛੀਵਾੜੇ[4] ਬਣ ਪੀਰ ਉੱਚ ਦੇ ਕਰੀ ਚੜ੍ਹਾਈ।
ਏਨੇ ਨੂੰ ਸਤਿਗੁਰ ਪਾਸ ਸਿਖ ਇਕ ਖਬਰ ਲਿਆਯਾ।
ਅਰ ਛੋਟੇ ਛੋਟੇ ਲਾਲਾਂ ਦਾ ਆ ਹਾਲ ਸੁਨਾਯਾ।
ਇਹ ਸੁਣ ਕੇ ਫਿਰ ਦਸ਼ਮੇਸ਼ ਰਤਾ ਨਹੀਂ ਸ਼ੋਕ ਮਨਾਯਾ।
ਈਸ਼ਵਰ ਦੀ ਬਖਸ਼ੀ ਦਾਤ ਸੌਂਪ ਕੇ ਸ਼ੁਕਰ ਅਲਾਯਾ।
ਅਰ ਕੀਤਾ ਇਹ ਫੁਰਮਾਣ ਕਿ ਸਾਡੇ ਪੁਤ੍ਰ ਪਿਆਰੇ।
ਇਹ ਬੀਰ ਬਹਾਦੁਰ ਸਿੰਘ ਜਗਤ ਪਰ ਹੋਸਣ ਸਾਰੇ।

ਦੇਸ਼ ਦੇ ਕਲੇਸ਼ ਹਟਾਉਣ ਲਈ ਅਖੀਆਂ ਦੇ ਸਾਂਹਵੇਂ ਸੱਕੇ ਪੁੱਤਾਂ ਨੂੰ ਕੁਹਾਯਾ ਕਿਨ ?

ਕਬਿਤ

ਸੁਖਾਂ ਦੇ ਪੰਘੂੜੇ ਦੇ ਹੁਲਾਰੇ ਜ਼ਰਾ ਰੋਕ ਕੇ ਤੇ,
ਦੇਸ਼ ਦੇ ਓ ਭੈੜੇ ਦਿਨ, ਦੁੱਖ ਦੇ ਚਿਤਾਰੋ ਮਨ।
ਹਿੰਦੂ ਦੁਖਿਆਈ, ਪਾਪ ਰਾਜ ਦੀ ਸਤਾਈ,
ਕੀਕੂੰ ਬਾਹੁੜੀ ਮਚਾਈ, ਰੋਇ ਰੋਇ ਜ਼ਾਰ ਮਨ।

1. ਕ੍ਰਿਪਾਲੂ। 2. ਨਾਸ ਕਰਕੇ, ਦੂਰ ਕਰਕੇ। 3. ਜੜ੍ਹਾਂ ਤੋਂ ਬਿਨ੍ਹਾਂ। 4. ਲੁਧਿਆਣੇ ਨੇੜੇ ਇਕ ਨਗਰ।

ਦੇਸ਼ ਦੇ ਕਲੇਸ਼ ਦਸ਼ਮੇਸ਼ ਨੇ ਸਹਾਰ ਕੇ ਤੇ,
ਕੀਕੂੰ ਮੰਝ ਧਾਰ ਵਿਚੋਂ ਬੇੜਾ ਕੀਤਾ ਪਾਰ ਮਨ।
ਓਸੇ ਦੀ ਖਰੈਤ ਅਜ ਦਿਸਦੀ ਹੈ ਹਿੰਦੂ ਜਾਤ,
ਐਸਾ ਗੁਰੂ ਪੂਰਾ ਇਕ ਬਿੰਦ ਨਾ ਵਿਸਾਰ ਮਨ।

ਪਾਠਕ ਜੀ ! ਇਹ ਸਵਾਲ, ਜਵਾਬ ਪੁਛਦਾ ਹੈ।

ਦੇਸ਼ ਨੂੰ ਬਚਾਯਾ, ਪਾਪ ਰਾਜ ਨੂੰ ਹਟਾਯਾ ਅਤੇ,
ਰੁੜ੍ਹੀ ਜਾਂਦੀ ਹਿੰਦ ਤਾਂਈਂ ਧੀਰਜ ਬਨ੍ਹਾਯਾ ਕਿਨ ?
ਮੋਯਾ ਨੂੰ ਜਿਵਾਯਾ, ਸ਼ੇਰ ਗਿਦੜੋਂ ਬਣਾਯਾ,
ਲਾਲ ਜ਼ਾਲਮਾਂ ਲੜਾ ਕੇ ਝੰਡਾ ਧਰਮ ਦਾ ਝੁਲਾਯਾ ਕਿਨ ?
ਖਾਲਸਾ ਸਜਾਯਾ, ਦੀਨ ਦੁਖੀ ਨੂੰ ਛੁਡਾਯਾ,
ਰਾਜ-ਯੋਗ ਸਿਖਲਾਯਾ ਤੇ ਆਨੰਦ ਏ ਦਿਖਾਯਾ ਕਿਨ ?
ਸ੍ਰੀ ਦਸ਼ਮੇਸ਼ ਬਿਨ, ਦੇਸ਼ ਹਿਤ ਦੱਸੋ ਕੋਈ।
ਅੱਖੀਆਂ ਦੇ ਸਾਹਵੇਂ ਸੱਕੇ ਪੁੱਤਾਂ ਨੂੰ ਕੁਹਾਯਾ ਕਿਨ* ?

Bus strew his ashes to the wind.
Whose sword or voice has served mankind.
And his he dead, whose glorious mind
Lifts thine on high ?
To live in hearts we leave behind
Is not to die #

---

* ਚਾਤ੍ਰਿਕ ਜੀ ਦਾ ਇਹ ਕਬਿਤ ਬਹੁਤ ਪ੍ਰਚਲਿਤ ਹੈ ਅਤੇ ਲਗਭਗ ਹਰ ਸਿੱਖ ਪ੍ਰਚਾਰਕ ਤੇ ਰਾਗੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਬੰਧੀ ਬੋਲਦਿਆਂ ਸੰਗਤਾਂ ਵਿਚ ਇਹ ਕਬਿਤ ਸੁਣਾਉਂਦਾ ਹੈ।

ਬੱਸ ਨੇ, ਰਾਖ ਓਸ ਦੀ ਦਿਤੀ ਵਾਯੂ ਵਿਚ ਖਿੰਡਾ।
ਕੀਤੀ ਤੇਗ ਅਤੇ ਅਵਾਜ਼ ਜਿਸ ਦੀ, ਮਾਨਵਤਾ ਦੀ ਸੇਵਾ।
ਮਰਿਆ ਕਿਵੇਂ ਉਸ ਨੂੰ ਕਹੀਏ, ਜਿਸ ਦੇ ਉਚੇ ਚਿੰਤਨ,
ਹੁਣ ਭੀ ਮਨ ਲੋਕਾਂ ਦੇ ਚੁੱਕ ਕੇ, ਦੇਂਦੇ ਉਤਾਂਹ ਪੁਚਾ ?
ਜੋ ਦਿਲ ਸਾਥੋਂ ਪਿਛੇ ਰਹਿ ਗਏ, ਉਨ੍ਹਾਂ ਵਿਚ ਜੀਉਣਾ,
ਇਸ ਨੂੰ ਮਰਨਾ ਆਖ ਨਾ ਸਕੀਏ, (ਸੋਚੋ ਫੇਰ ਜ਼ਰਾ)!!

ਸ੍ਰੀ ਮੁਕਤਸਰ ਜੀ ਦਾ ਯੁੱਧ ਅਤੇ ਚਾਲੀ ਮੁਕਤਿਆਂ ਦੀ ਸ਼ਹੀਦੀ ਤੇ ਭਾਈ ਮਹਾਂ ਸਿੰਘ ਜੀ ਦੀ ਬਾਂਹ ਫੜੀ ਦੀ ਲਾਜ ਤੇ ਬੇਦਾਵਾ ਪੱਤ੍ਰ ਦਾ ਫਾੜਨਾ

ਦੋਹਰਾ

ਮਨ ਵਿਚ ਸੱਚਾ ਪਯਾਰ ਹੋ ਤਨ ਵਿਚ ਸ਼ਕਤ ਨਾ ਹੋਇ।
ਅੱਗ ਵਿਖੇ ਕੁੱਦਣ ਲਗੇ, ਮੰਨੇ ਸ਼ੰਕ[1] ਨਾ ਕੋਇ।

FORGIVENESS

The brave only know how to forgive, it is the most refined and generous pitch of virtue human nature can arrive at. Cowards have done good and kind actions, cowards have ever fought, nay sometimes even conquerred, but a coward never forgives, it is not in his nature, the power of doing it flows only from a strength and greatness of soul, conscious of its own force and security, above the little temptations of resenting every fruitless attempt to interrupt its happiness.*

—Sterne's Sermons

ਗੁਰੂ ਜ਼ਾਹਰੇ ਪੀਰ[2] ਦਸਮੇਸ਼ ਜੀ,
ਫੜੀ ਬਾਂਹ ਜਿਸ ਦਿਨ ਦੁਖੀ ਦੇਸ਼ ਦੀ।
ਲਗੇ ਜ਼ਾਲਮਾਂ ਦੀ ਘਟਾਵਨ ਕਲਾ,
ਸਭੋ ਆਪਣੇ ਸੁਖ ਦਾ ਚੇਤਾ ਭਲਾ।
ਆਨੰਦ ਪੁਰ ਵਿਚ ਘਿਰੇ ਕੁਝਕੁ ਦਿਨ।
ਨਾ ਫੌਜਾਂ, ਨਾ ਦਾਣਾ, ਤੇ ਸਾਮਾਨ ਬਿਨ।
ਨਿਕਲ ਜਦ ਇਥਾਉਂ ਅਗਾਹਾਂ ਤੁਰੇ।
ਤੁਰਕ ਫੌਜ ਨੇ ਫੜ ਲਏ ਤਦ ਖੁਰੇ[3]।

---

* ਖਿਮਾਂ :—ਕੇਵਲ ਬਾਦਸ਼ਾਹ ਹੀ ਖਿਮਾਂ ਕਰਨਾ ਜਾਣਦੇ ਹਨ। ਮਨੁੱਖੀ ਮਨ ਨੇਕੀ ਦੇ ਗੁਣਾਂ ਵਿਚ ਜਿਸ ਉੱਚਤਾ ਤਕ ਪੁੱਜ ਸਕਦਾ ਹੈ, ਉਸ ਦੀ ਇਹ ਸ਼ੁਧ ਤੋਂ ਸ਼ੁਧ ਤੇ ਵੱਧ ਤੋਂ ਵੱਧ ਵਿਸ਼ਾਲ ਚਿੱਤ ਵਾਲੀ ਅਵੱਸਥਾ ਹੈ। ਕਾਇਰਾਂ ਡਰਪੋਕਾਂ ਨੇ ਚੰਗੇ ਤੇ ਦਇਆ ਭਰੇ ਕੰਮ ਕੀਤੇ ਹਨ, ਉਹ ਸਦਾ ਲੜੇ ਭੀ ਹਨ ਤੇ ਕਈ ਵਾਰ ਜਿੱਤੇ ਭੀ ਹਨ ਪਰ ਇਕ ਕਾਇਰ ਕਦੇ ਖਿਮਾਂ ਨਹੀਂ ਕਰਦਾ ਇਹ ਉਸ ਦੇ ਸੁਭਾ ਵਿਚ ਹੀ ਨਹੀਂ। ਖਿਮਾਂ ਕਰਨ ਦੀ ਹਿੰਮਤ ਆਤਮਾ ਦੀ ਵਡਿੱਤਣ ਤੇ ਸ਼ਕਤੀ ਵਿਚੋਂ ਉਗਮਦੀ ਹੈ ਤੇ ਕੇਵਲ ਉਸ ਆਤਮਾ ਵਿਚੋਂ ਜੋ ਆਪਣੇ ਤ੍ਰਾਣ ਤੇ ਸੁਰੱਖਿਆ ਤੋਂ ਗਿਆਤ ਹੋਵੇ ਅਤੇ ਆਪਣੀ ਪ੍ਰਸੰਨਤਾ ਵਿਚ ਰੋਕ ਪਾਉਣ ਵਾਲੇ ਵਾਧੂ ਯਤਨਾਂ ਦੀ ਲਾਲਸਾ ਜਿਸ ਨੂੰ ਤਿਆਗ ਸਕੇ।

1. ਰਤਾ ਵੀ ਨਾ ਸੋਚੇ, ਜਕੋ ਤਕੋ ਵਿਚ ਨਾ ਪਵੇ। 2. ਪ੍ਰਗਟ ਗੁਰੂ, ਪ੍ਰਤੱਖ ਗੁਰੂ। 3. ਪੈਰਾਂ ਦੇ ਨਿਸ਼ਾਨ, ਪੈੜ।

ਛਿੜੀ ਜੰਗ ਚਮਕੌਰ ਵਿਚ ਜਾਇ ਕੇ,
ਹਵੇਲੀ ਦੇ ਵਿਚ ਮੋਰਚਾ ਲਾਇ ਕੇ।
ਜਦੋਂ ਸਿੰਘ ਸਨ ਨਾਲ ਚਾਲੀ ਸਭੀ,
ਤੇ ਤੁਰਕਾਂ ਦੀ ਅਣਗਿਣਤ ਹੀ ਫੌਜ ਸੀ।
ਪਰੰਤੂ ਧਰਮ ਪਜਾਰ ਬੱਧੇ ਲੜੇ,
ਅਨੇਕਾਂ ਦੇ ਮੋਹਰੇ ਹੈ ਚਾਲੀ ਅੜੇ।
ਦਿਖਾ ਹੱਥ ਓੜਕ ਨੂੰ ਹੋਏ ਸ਼ਹੀਦ,
ਬਣੇ ਕਲਗੀਆਂ ਵਾਲੜੇ ਦੇ ਮੁਰੀਦ।
ਇਸੇ ਯੁੱਧ ਵਿਚ ਲਾਲ ਦੋ ਆਪ ਦੇ,
ਸੋ ਸਦਕੇ ਹੋਏ ਸਾਹਮਣੇ ਬਾਪ ਦੇ।
ਲਗੇ ਯੁੱਧ ਜਦ ਆਪ ਸਤਿਗੁਰ ਕਰਨ,
ਤਾਂ ਸਿਖਾਂ ਫੜੇ ਨਿਮ੍ਰ ਹੋ ਕੇ ਚਰਨ।
ਅਜੇ ਆਪ ਨੇ ਕੰਮ ਕਰਨੇ ਢੇਰ,
ਕਰੋ ਰੱਖਿਆ ਦੇਸ਼ ਦੀ ਕੁਝਕੁ ਦੇਰ।
ਬਿਨਾਂ ਆਪ ਦੇ ਮੁਕਤ ਹੋਸੀ ਮੁਹਾਲ[1],
ਧਰੋ ਹੱਥ ਸਿਰ ਤੇ ਅਜੇ ਕੋਈ ਕਾਲ[2]।
ਨਹੀਂ ਕੌਮ ਐਸੀ ਅਜੇ ਬਲ-ਮਈ[3],
ਕਰੇ ਆਪ ਬਿਨ ਰੱਖਿਆ ਦੇਸ਼ ਦੀ।
ਏ ਸੁਣ ਬੇਨਤੀ ਆਪ ਸਸਤਾ[4] ਗਏ।
ਲਗੇ ਸੋਚਣੇ ਨਿਕਲਣੇ ਵਾਸਤੇ।
ਅਖੀਰੀ ਇਹੋ ਖੇਲ ਵਰਤਾਇਆ,
ਸਰੀਰਕ ਪੁਸ਼ਾਕੇ ਨੂੰ ਬਦਲਾਇਆ।
ਪਹਿਨ ਨੀਲ ਬਸਤਰ ਬਦਲ ਭੇਸ ਨੂੰ,
ਬਚਾਵਨ ਲਈ ਮਰ ਚੁਕੇ ਦੇਸ਼ ਨੂੰ।
ਪਠਾਣੀ ਅਮਲ[5] ਉੱਚ[6] ਦੇ ਪੀਰ ਹੋ,
ਗਏ ਵੈਰੀਆਂ ਵਿਚ ਬਗਲਗੀਰ[7] ਹੋ।
ਉਨ੍ਹਾਂ ਦੇ ਕੰਧਾੜੇ ਚੜੇ ਇਕੱਲੇ,
ਬੜੀ ਮੁਸ਼ਕਲਾਂ ਵਿਚ ਫਸੇ ਨਿਕਲੇ।
ਕਈ ਥਾਓਂ ਤੁਰਕਾਂ ਨੂੰ ਸੰਸੇ ਪਏ,
ਪਰੰਤੂ ਪ੍ਰਭੂ ਪੈਜ ਰਖਦੇ ਗਏ।

---

1. ਔਖੀ। 2. ਕੁਝ ਸਮਾਂ। 3. ਸ਼ਕਤੀ ਵਾਲੀ। 4. ਰੁਕ। 5. ਤ੍ਰੀਕਾ, ਰੰਗ ਢੰਗ, ਇਥੇ ਭਾਵ ਪਹਿਰਾਵੇ ਤੋਂ ਹੈ।
6. ਇਕ ਇਲਾਕੇ ਦਾ ਨਾਂ। 7. ਸ਼ਬਦ ਅਰਥ=ਜਫੀ ਵਿਚ ਹੋਣਾ, ਇਥੇ ਭਾਵ ਰਲ ਮਿਲ ਗਏ।

ਚਲਾ ਚਲ ਚਲੇ ਆਏ ਢਿੱਲਵਾਂ[1] ਗਰਾਮ,
ਉਤਾਰੇ ਪੁਸ਼ਾਕੇ ਓ ਉਸੇ ਮੁਕਾਮ।
ਉਤਾਰੇ ਜਲਾਏ ਤੇ ਚਿੱਟੇ ਲਏ,
ਇਥਾਓਂ ਅਗੇਰੇ ਜ਼ਰਾ ਤੁਰ ਪਏ।
ਜਿਧਰ ਵਾਗ ਮੋੜਨ ਜੁੜਨ ਸੰਗਤਾਂ,
ਪਰੰਤੂ ਡਰਾਕਲ ਤੇ ਸਾਹਸ ਬਿਨਾਂ।
ਤੁਰਕ ਰਾਜ ਦੇ ਖੌਫ ਥੱਰਾਉਂਦੇ,
ਨਾ ਠਹਿਰਣ ਦਾ ਹੌਸਲਾ ਪਾਉਂਦੇ।
ਜਿਥੇ ਸਤਿਗੁਰ ਕਹਿਣ ਕਰੀਏ ਆਰਾਮ,
ਤਾਂ ਡਰ ਜਾਣ ਵਸਨੀਕ ਦਿਲ ਵਿਚ ਤਮਾਮ[2]।
ਕਹਿਣ ਦੁਸ਼ਮਣੀ ਰਾਜੇ ਦੀ ਆਪ ਨਾਲ,
ਲਗੇ ਰਹਿਣ ਸੂੰਹੇਂ ਤੇ ਰਖਦੇ ਖਿਆਲ।
ਹੁਣੇ ਹੀ ਕਿਤੇ ਆਣ ਕੇ ਜੇ ਭਿੜੇ,
ਲੜਾਈ ਹੰਗਾਮਾਂ ਦੁਵੱਲੀ ਛਿੜੇ।
ਤਾਂ ਆਟੇ ਦੇ ਵਿਚ ਘੁਣ ਅਸਾਡਾ ਪਿਸੂ,
ਸਗਲ ਬਾਲ ਬੱਚਾ ਕੁਮੌਤੇ ਮਰੂ।
ਇਸੇ ਤੌਰ ਆਪਣੇ ਬਿਗਾਨੇ ਭਏ,
ਡਰੇ ਰਾਜ ਤ੍ਰਾਸੋਂ ਮੁਕਰਦੇ ਗਏ।
ਉਧਰ ਦੀ ਜਰਾ ਹੁਣ ਸੁਣੋ ਵਾਰਤਾ,
ਕਿ ਸੰਗਤ ਦਾ ਜੀ ਕਿਸ ਤਰ੍ਹਾਂ ਡੋਲਿਆ ?
ਜੋ ਆਨੰਦ ਪੁਰ ਤੋਂ ਨਿਕਲ ਸਨ ਤੁਰੇ,
ਗੁਰੂ ਸਾਥ ਤਜ ਬੇਮੁਖੀ ਹੋ ਗਏ।
ਘਰੀਂ ਆਇ ਅਫਸੋਸ ਲਗੇ ਕਰਨ,
ਬੁਰੇ ਵਕਤ ਤਜਾਗੀ ਗੁਰੂ ਦੀ ਸ਼ਰਨ।
ਦੁਨੀ[3] ਦੀਨ[4] ਦੋਹੀਂ ਜਹਾਨੀ ਗਏ,
ਬਿਮੁਖ ਹੋਏ ਨਿਕਲੇ ਭੁਲੇਖੇ ਪਏ।
ਨਾ ਚੰਗੀ ਅਸਾਥੋਂ ਏ ਪੁੱਜੀ ਹੈ ਕਾਰ,
ਬਣੇ ਜਿਸ ਤਰ੍ਹਾਂ ਫਿਰ ਲਈਏ ਸੁਧਾਰ।
ਚਰਨ ਪਕੜ ਗੁਰੂ ਦੇ ਮਨਾ ਲੇਵੀਏ,
ਲੜਾਈ ਉਨ੍ਹਾਂ ਤੋਂ ਛੁਡਾ ਦੇਵੀਏ।
ਮਗਰ ਵੈਰੀ ਦੇ ਕਟਕ[5] ਫਿਰ ਰਹੇ,
ਘੜੀ ਚੈਨ ਲੈਣਾ ਨਾ ਇਸ ਦਮ ਮਿਲੇ।

---

1. ਇਕ ਪਿੰਡ ਦਾ ਨਾਂ। 2. ਸਾਰੇ। 3. ਦੁਨੀਆਂ ਵਲੋਂ। 4. ਧਰਮ ਵਲੋਂ। 5. ਫੌਜਾਂ।

ਜੇ ਬਣ ਜਾਣ ਏਕਾਂਤ ਰਣ ਤਜਾਗ ਕੇ,
ਤਾਂ ਕੋਈ ਨਾ ਫਿਰ ਵਾਲ ਵਿੰਗਾ ਕਰੇ।
ਸਗੋਂ ਰਾਜ ਤੋਂ ਮਿਲ ਸਕੇਗੀ ਜਗੀਰ,
ਮਗਨ ਹੋ ਕੇ ਬਣ ਬਹਿਣ ਸਿੱਖਾਂ ਦੇ ਪੀਰ।
ਏ ਕਰ ਸੰਮਤੀ ਸਾਰੇ ਸਿਰਕਰਦਿਆਂ,
ਬੁਲਾਈਆਂ ਨੇ ਮਾਝੇ ਦੀਆਂ ਸੰਗਤਾਂ।
ਜੱਥਾ ਜੁੜ ਕੇ ਤੁਰਿਆ ਗੁਰੂ ਦੇ ਹਜ਼ੂਰ,
ਕਹੇ:-ਮੋੜ ਲੈਣਾ ਗੁਰੂ ਨੂੰ ਜ਼ਰੂਰ।
ਜਿਧਰ ਦੱਸ ਪੈਂਦੀ ਉਧਰ ਜਾਂਵਦੇ,
ਅਗਾਹਾਂ ਅਗਾਹਾਂ ਪਤੇ ਪਾਂਵਦੇ।
ਉਧਰ ਤੀਸਰੇ ਤੁਰਕ ਦਲ ਦਾ ਹਵਾਲ,
ਰਲਾਣਾ ਜ਼ਰੂਰੀ ਲੜੀ ਏਸ ਨਾਲ।

ਤੁਰਕ ਦਲ ਵਲੋਂ ਸਤਿਗੁਰਾਂ ਦੀ ਭਾਲ ਤੇ ਲੜਾਈ

ਜਦੋਂ ਸਤਿਗੁਰੂ ਨਿਕਲ ਚਮਕੌਰ ਤੋਂ,
ਨਿਕਲ ਤੁਰ ਗਏ ਪੀਰ ਬਣ ਅੰਦਰੋਂ।
ਤਾਂ ਪਿਛੋਂ ਤੁਰਕ ਦਲ ਨੂੰ ਸੋਝੀ ਪਈ,
ਕਿ ਸੋਨੇ ਦੀ ਚਿੜੀਆ ਨਿਕਲ ਭੀ ਗਈ।
ਉਸੇ ਵਕਤ ਘੇਰਾ ਉਠਾਯਾ ਲਚਾਰ,
ਕਰਨ ਭਾਲ ਸਤਿਗੁਰ ਦੀ ਹੋਏ ਤਿਆਰ।
ਜਿਧਰ ਖੋਜ ਲੱਭੇ ਉਧਰ ਧਾਉਂਦੇ,
ਪਰੰਤੂ ਨਾ ਸਤਿਗੁਰ ਨਜ਼ਰ ਆਉਂਦੇ।
ਮਗਰ ਲਗੇ ਤੁਰੇ ਰਾਹ ਪੁਛਾਉਂਦੇ,
ਨਗਰ ਰਾਹ ਵਲੋਂ ਪਤੇ ਲਾਉਂਦੇ।
ਭਟਕ ਅੰਤ ਸਿਧਾ ਖੁਰਾ ਪਾ ਲਿਆ,
ਫਰਕ ਰਹਿ ਗਿਆ ਪੰਜ ਛੇ ਕੋਸ ਦਾ।
ਦਸਮ ਗੁਰੂ ਤੁਰੇ ਜਾ ਰਹੇ ਹਨ ਮਗਨ,
ਹੈ ਦੀਨਾਂ ਦੀ ਰਖਯਾ ਦੀ ਜੀ ਵਿਚ ਲਗਨ।
ਨਾ ਫੌਜਾਂ ਨਾ ਰਸਤ ਨਾ ਸ਼ਾਹੀ ਸਮਾਨ,
ਪਰੰਤੂ ਹਿਰਦੇ ਵਿਚ ਹੈ ਆਸ਼ਯ ਮਹਾਨ।
ਨਗਰ ਖਿਦਰਾਣੇ[1] ਦੇ ਆਏ ਨਜਦੀਕ,
ਖਬਰ ਆ ਗਈ ਪਿਛੋਂ ਇਸ ਕਾਲ ਤੀਕ।

1. ਜਿਥੇ ਹੁਣ ਮੁਕਤਸਰ ਹੈ ਉਥੇ ਇਕ ਵਡਾ ਛੱਪੜ ਸੀ ਜਿਸ ਨੂੰ ਖਿਦਰਾਣੇ (ਪਿੰਡ ਦਾ ਨਾਂ) ਦੀ ਢਾਬ ਕਹਿੰਦੇ ਸਨ।

ਕਿ ਦੁਸ਼ਮਨ ਤੁਰੇ ਆ ਰਹੇ ਹਨ ਮਗਰ,
ਉਨ੍ਹਾਂ ਨੂੰ ਗੁਰੂ ਦੀ ਗਈ ਮਿਲ ਖਬਰ।

ਸਿੱਖਾਂ ਨੇ ਕਿਹਾ, ਹੇ ਸਤਿਗੁਰੂ ਜੀ, ਏਸ ਤੋਂ ਵਧੀਕ ਹੋਰ ਕੀ ਦੁੱਖ ਪੈਣਗੇ ?

'ਪਰੰਤੂ ਅਸੀਂ ਮੁੱਠੀ ਭਰ ਸਿੱਖ ਹਾਂ,
ਤੇ ਉਹ ਭੀ ਹਾਂ ਦੌਲਤ ਸਮਗ੍ਰੀ ਬਿਨਾਂ।
ਜਦੋਂ ਦੇ ਇਨ੍ਹਾਂ ਨਾਲ ਟਕਰਾ ਰਹੇ,
ਅਨੇਕਾਂ ਕਲੇਸ਼ਾਂ ਦੇ ਮੂੰਹ ਆ ਰਹੇ।
ਗਏ, ਹੋਇ ਕੁਰਬਾਨ ਭੀ ਚਾਰ ਲਾਲ,
ਇਦ੍ਹੇ ਤੋਂ ਵਧੇਰਾ ਹੈ ਕੇਹੜਾ ਮਲਾਲ।
ਅਸਾਡੇ ਜਿਗਰ ਵਿਚ ਕਟਾਰੀ ਫਿਰੇ,
ਏ ਕਸ਼ਟਾਂ ਕਲੇਸ਼ਾਂ ਦੀ ਗਤ ਦੇਖ ਕੇ।
ਕਰੋ ਇਹ ਕ੍ਰਿਪਾ ਮੰਨ ਬਿਨਤੀ ਲਵੋ,
ਸਮਾਂ ਕੁਝ ਉਡੀਕਣ ਲਈ ਤੁਰ ਚਲੋ।
ਹ੍ਰਿਦਾ ਸ਼ਾਂਤ ਕਰਕੇ ਕਰੋ ਕੁਝ ਅਰਾਮ,
ਫੜੇਗੀ ਚਰਨ ਆਇ ਸੰਗਤ ਤਮਾਮ।
ਜੇ ਇਹ ਤੌਰ ਹੀ ਜੰਗਲਾਂ ਵਿਚ ਫਿਰੇ,
ਤਾਂ ਦੁਸ਼ਮਨ ਮਗਰ ਹੀ ਰਹਿਣਗੇ ਲਗੇ।
ਨਾ ਸਤਿਗੁਰ ਹੀ ਆਰਾਮ ਵਿਚ ਬਹਿਣਗੇ,
ਨਾ ਚਰਨਾਂ ਦੇ ਵਿਚ ਸਿੱਖ ਆ ਰਹਿਣਗੇ।
ਗੁਰੂ ਜੀ ਹੱਸੇ ਸੁਣ ਕੇ ਸਿਖਜਾ ਭਲੀ,
ਬਚਨ ਕਰਨ, ਇਹ ਗੱਲ ਉਲਟੀ ਭਈ।
ਗੁਰੂ ਨੂੰ ਲਗੇ ਸਿੱਖ ਸਿਖਲਾਵਣੇ,
ਏ ਉਲਟੀ ਨਦੀ ਪਰਬਤੀਂ ਪਾਵਣੇ।

ਸਤਿਗੁਰੂ ਜੀ ਨੇ ਉਚਾਰਿਆ ਕਿ ਅਸੀਂ ਕਸ਼ਟ ਜਾਲ ਕੇ ਵੀ ਪਾਪ ਦੀ ਸਫਾ ਮਿਟਾਉਣ ਵਾਸਤੇ ਹੀ ਆਏ ਹਾਂ ਸੁਖਾਂ ਲਈ ਕਦਾਪੀ[1] ਨਹੀਂ

ਪਿਆਰੇ ਗੁਰੂ ਖਾਲਸਾ ਸੁਣ ਲਵੋ,
"ਭੁਲੇਖਾ ਨਾ ਮਨ ਵਿਚ ਏ ਕੋਈ ਰਖੋ।
ਅਸੀਂ ਜਗਤ ਵਿਚ ਏਸ ਹਿਤ ਆਏ ਹਾਂ,
ਪਿਤਾ ਪ੍ਰਭੂ ਦੇ ਹੁਕਮ ਘਲਵਾਏ ਹਾਂ,

1. ਬਿਲਕੁਲ।

ਕਿ ਦੀਨਾਂ ਦੀ ਰਖਯਾ ਤੇ ਤਨ ਵਾਰੀਏ,
ਗਰਕ ਹੁੰਦੀ ਭਾਰਤ ਨੂੰ ਖੁਲਿਆਰੀਏ।
ਲੜਾਈਏ ਚਿੜੀ ਤਜਾਰ ਕਰ ਬਾਜ਼ ਨਾਲ,
ਉਡਾਈਏ ਸਫਾ ਪਾਪ ਦੀ ਕਸ਼ਟ ਜਾਲ।
ਨਾ ਆਏ ਅਰਾਮਾਂ ਤੇ ਭੋਗਾਂ ਲਈ,
ਅਸੀਂ ਵੈਦ ਹਾਂ ਪਾਪ ਰੋਗਾਂ ਲਈ।
ਜੋ ਚਾਹੋ ਕਿ ਸੁਖ ਭੋਗ ਵਿਚ ਜੁੱਟੀਏ,
ਤੇ ਸਿਰ ਪਰ ਉਠਾਯਾ ਫਰਜ਼ ਸੁੱਟੀਏ,
ਸੁਖਾਂ ਨੂੰ ਕਰਨ ਲਗ ਪਈਏ ਪਿਆਰ,
ਤੇ ਦੀਨਾਂ ਦੀ ਰਖਯਾ ਨੂੰ ਦੇਈਏ ਵਿਸਾਰ,
ਤਾਂ ਮੁਸ਼ਕਲ ਤੇ ਅਣਹੋਂਦ ਇਹ ਬਾਤ ਹੈ,
ਅਸਾਂ ਯੁੱਧ ਕਰਨਾ ਏ ਵਿਖਯਾਤ[1] ਹੈ।"
"ਫੜੀ ਬਾਂਹ ਜਿਸ ਨੇ ਦੁਖੀ ਦੇਸ਼ ਦੀ,
ਆ ਹਟੇਗੀ ਨਾ ਛਾਤੀ ਏ ਦਸਮੇਸ਼ ਦੀ।
ਜੋ ਸੁਤ[2] ਚਾਰ ਕੁਰਬਾਨ ਹਨ ਹੋ ਗਏ।
ਤਾਂ ਏ ਹੋਰ ਬੇਅੰਤ ਹਨ ਜੀ ਰਹੇ।
ਤੁਸੀਂ ਜੇ ਅਸਾਡੇ ਮਗਰ ਤੁਰ ਸਕੋ,
ਤਾਂ ਜੋ ਕੁਝ ਹੋਇ ਹੁਕਮ ਸੋ ਕੁਝ ਕਰੋ।
ਇਦ੍ਹੇ ਵਿਚ ਭਲਾਈ ਹੈ ਇਸ ਦੇਸ਼ ਦੀ,
ਬਿਨਾਂ ਯੁੱਧ ਦੇ ਹੋਗ ਸ੍ਰਿਸ਼ਟੀ ਦੁਖੀ।
ਜੋ ਕਰਨਾ ਪਿਆਰ ਹੈ ਸੁਖ ਭੋਗ ਨੂੰ,
ਤਾਂ ਬੇਸ਼ਕ ਸਹੇੜੋ ਨਾ ਇਸ ਰੋਗ ਨੂੰ।
ਅਸੀਂ ਜਿਸ ਤਰੀਕੇ ਤੇ ਹਾਂ ਚਲ ਰਹੇ,
ਨਾ ਬਾਧ[3] ਕਰੋ, ਘਰ ਨੂੰ ਜਾਓ ਚਲੇ।
ਜੇ ਬਲ ਹੈ ਤਾਂ ਆ ਕੇ ਲੜਾਈ ਲੜੋ,
ਖੜਗ ਧਰਮ ਰਖਯਾ ਦੀ ਖਾਤਰ ਫੜੋ।
ਨਾ ਕਾਇਰ ਬਣ, ਪਾ ਜ਼ਨਾਨੀ ਪੁਸ਼ਾਕ,
ਸਰੀਰਾਂ ਦੇ ਸੁਖ ਨੂੰ ਦਿਵਾਓ ਤਲਾਕ[4]।
ਜੇ ਜੀਵੇ ਤਾਂ ਸੁਖ ਦਾ ਸਹਾਰਾ ਮਿਲੂ,
ਮਰੇ ਜੇ ਤਾਂ ਮੁਕਤੀ ਦੁਆਰਾ ਮਿਲੂ।"

---

1. ਪ੍ਰਗਟ, ਪ੍ਰਤੱਖ। 2. ਪੁੱਤਰ। 3. ਰੋਕ, ਬੰਧਨ। 4. ਛੱਡੋ।

ਸੰਗਤਾਂ ਦਾ ਬੇਦਾਵਾ ਲਿਖਣਾ

ਸੁਣੇ ਜਾਂ ਹੁਕਮ ਏ ਕੜਾਕੇ ਭਰ,
ਤਾਂ ਸਭਨਾਂ ਦਿਲ ਕੰਬ ਕੇ ਬਹਿ ਗਏ।
ਗੁਰੂ ਮਰਨ ਮਾਰਨ ਤੇ ਬੈਠੇ ਤਿਆਰ,
ਇਨਾਂ ਨੂੰ ਰਹੀ ਹੋਰ ਨਾ ਕੁਝ ਵਿਚਾਰ।
ਇਨ੍ਹਾਂ ਨਾਲ ਰਲ ਕੇ ਗੁਆਣੇ ਪਰਾਣ,
ਅਜਾਈਂ ਵਿਹਾਝਣ ਹੈ ਦੁੱਖਾਂ ਦੀ ਖਾਣ।
ਜੇ ਮਰ ਕੇ ਅਸੀਂ ਛੱਡ ਟੱਬਰ ਗਏ,
ਤਾਂ ਮਰ ਜਾਇਗਾ ਭੁੱਖ ਦੇ ਹੋਟੜੇ[1]।
ਓ ਟੁਕੜੇ ਖੁਣੋਂ ਰੁਲ ਕੇ ਮਰ ਜਾਣਗੇ,
ਤੁਰਕ ਆ ਕੇ ਬਰਬਾਦ ਕਰ ਜਾਣਗੇ।
ਗੁਰੂ ਇਸ ਸਮੇਂ ਸੋਚ ਕੁਝ ਨਾ ਕਰਨ,
ਏ ਸਾਨੂੰ ਭੀ ਮਾਰਨ ਤੇ ਖੁਦ ਭੀ ਮਰਨ।
ਏ ਡਰ ਮੌਤ ਦਾ ਜਦ ਉਨ੍ਹਾਂ ਨੂੰ ਪਿਆ,
ਤਾਂ ਫਿਰ ਪੈ ਕੇ ਪੈਰੀਂ ਇਹੋ ਹੀ ਕਿਹਾ,
ਕਿ ਸਾਡੀ ਪਰੀਖਸ਼ਾ ਕਰੋ ਨਾ ਗੁਰੋ,
ਤਿਆਗੋ ਲੜਾਈ ਘਰਾਂ ਨੂੰ ਤੁਰੋ।
ਏ ਬਿਨਤੀ ਅਸਾਡੀ ਕਰੋ ਜੇ ਕਬੂਲ,
ਤਾਂ ਚਰਨਾਂ ਦੀ ਸੇਵਾ ਨਾ ਛੱਡਾਂਗੇ ਮੂਲ।
ਪਰੰਤੂ ਜੇ ਹਠ ਆਪ ਨੇ ਪਾਲਿਆ,
ਤਾਂ ਓੜਕ ਕਿਨਾਰਾ ਹੀ ਕਰਨਾ ਪਿਆ।
ਗੁਰੂ ਜੀ ਨੇ ਫੁਰਮਾਇਆ, "ਹੇ ਖਾਲਸਾ !
ਅਸਾਡਾ ਹੈ ਸੰਕਲਪ[2] ਪੱਕਾ ਭਿਆ[3]।
ਜੇ ਸਾਡੇ ਮਗਰ ਲਗ ਸਕੋ ਤਦ ਰਹੋ,
ਨਹੀਂ ਤਾਂ ਬੇਸ਼ਕ ਜਾ ਘਰਾਂ ਵਿਚ ਬਹੋ।
ਬਿਦਾਵਾ ਏ ਲਿਖ ਕੇ ਤੇ ਜਾਣਾ ਪਊ,
ਕਿ ਨਾ ਹਮ ਗੁਰੂ ਕੇ ਨਾ ਹਮਰਾ ਗੁਰੂ।"
ਏ ਦਸਖਤ ਕਰੋ ਤੇ ਸਿਧਾਰੋ ਘਰੀਂ,
ਤੁਹਾਡੇ ਤੇ ਫਿਰ ਜ਼ੋਰ ਸਾਡਾ ਨਹੀਂ।
ਕਰਨ ਸੰਗਤਾਂ ਬੈਠ ਮਨ ਵਿਚ ਸਲਾਹ,
ਗੁਰੂ ਜੀ ਛਡੇ ਖੁਲ੍ਹੇ ਦੋਇ ਰਾਹ।

---

1. ਦੁਖ। 2. ਵਿਚਾਰ। 3. ਹੋਇਆ।

ਹੋਈ ਅੰਤ ਤਜਵੀਜ਼ ਫੈਸਲਾ ਇਹੋ,
ਕਿ ਛਡੋ ਗੁਰੂ ਨੂੰ ਘਰਾਂ ਨੂੰ ਚਲੋ।
ਬਿਦਾਵੇ ਦਾ ਕਾਗਤ ਲਿਖਾਯਾ ਗਿਆ,
ਤੇ ਸਿੱਖਾਂ ਤੋਂ ਦਸਖਤ ਕਰਾਯਾ ਗਿਆ।

ਸਾਥੋਂ ਏਹ ਕੀ ਕਾਰ ਹੋ ਗਈ ?

ਹੇ ਬੇਮੁਖ ਤੁਰੇ ਮੁੜ ਘਰਾਂ ਨੂੰ ਸਭੀ,
ਨਾ ਬਾਕੀ ਰਿਹਾ ਓਸ ਥਾਂ ਇਕ ਭੀ।
ਗੁਰੂ ਜੀ ਇਕੱਲੇ ਉਥਾਂਈਂ ਰਹੇ,
ਤੇ ਸਾਥੀ ਜੋ ਸਨ ਨਾਲ ਪਹਿਲੇ ਤੁਰੇ।
ਮਝੈਲਾਂ ਦੇ ਜਦ ਪੈਰ ਘਰ ਵਲ ਤੁਰੇ,
ਤਾਂ ਮਨ ਚਰਨ ਗੁਰ ਦੇ ਨਾ ਮੂਲੋਂ ਤਜੇ।
ਦਿਲਾਂ ਵਿਚ ਇਹੋ ਆਇ ਸ਼ਰਮਿੰਦਗੀ,
ਕਿ ਹੈ ਇਹ ਅਸਾਥੋਂ ਹੋਈ ਕਾਰ ਕੀ ?
ਮਾਈ ਭਾਗ ਕੌਰਾਂ ਭੀ ਜੋ ਨਾਲ ਸੀ,
ਸ਼ਰਮ ਪਾ ਕੇ ਲਾਨਤ ਦਿਵਾਵਣ ਲਗੀ।
ਤੁਸੀਂ ਮਰਦ ਹੋ ਯਾ ਕਿ ਤੀਵੀਂ ਕੋਈ ?
ਕਰਨ ਬੇਹਯਾਓ[1], ਲਗੇ ਕਾਰ ਕੀ ?
ਘਰੀਂ ਜਾ ਵੜੋ ਚੂੜੀਆਂ ਪਹਿਣ ਕੇ।
ਗੁਰੂ ਜੀ ਸਲਾਮਤ ਸਦਾ ਰਹਿਣਗੇ।
ਤੁਸੀਂ ਜਨਮ ਆਪਣਾ ਲਿਆ ਹੈ ਗੁਆ।
ਬਿਦਾਵਾ ਲਿਖ ਗੁਰ ਤੋਂ ਮੂੰਹ ਮੋੜਿਆ।
ਗਵਾਯਾ ਤੁਸਾਂ ਦੀਨ[2] ਬੇਦੀਨ ਹੋ।
ਦੁਨੀ ਭੀ ਨਾ ਰਹਿਣੀ ਇ ਨਿਸਚੇ ਰਖੋ।
ਗੁਰੂ ਕਿਸ ਲਈ ਜੰਗ ਹਨ ਕਰ ਰਹੇ ?
ਧਰਮ ਰਖਿਆ, ਅਰ ਦੁਖੀ ਵਾਸਤੇ।
ਕੁਹਾਏ ਜਿਨ੍ਹਾਂ ਆਪਣੇ ਚਾਰ ਲਾਲ,
ਸ਼ਰਮ ਹੈ, ਤੁਸੀਂ ਮੁੜ ਚਲੇ, ਕੀ ਸੰਭਾਲ ?
ਅਜੇ ਭੀ ਸਮਾਂ ਹੈ ਅਕਲ ਕੁਝ ਕਰੋ,
ਗੁਰੂ ਦੇ ਚਰਨ ਜਾ ਕੇ ਮੁੜ ਕੇ ਫੜੋ।
ਗੁਰੂ ਤਜ ਕੇ ਕਿਸ ਥਾਉਂ ਜੋਗੇ, ਰਹੇ ?
ਦੁਨੀ ਦੀਨ ਸਾਡੇ ਤਾਂ ਦੋਵੇਂ ਗਏ।

---

1. ਬੇਸ਼ਰਮੋ। 2. ਧਰਮ।

ਅਜੇ ਕੋਹ ਭਰ ਨਾ ਚਲੇ ਹੋਣਗੇ,
ਕਿ ਦੋ ਚਾਰ ਸਿੱਖਾਂ ਦੇ ਦਿਲ ਮੁੜ ਪਏ।
ਲਗੇ ਕਹਿਣ ਭਾਈਓ ਕਰੋ ਕੁਝ ਵਿਚਾਰ,
ਅਸੀਂ ਕਰਨ ਲਗੇ ਹਾਂ ਕੀ ਮੰਦ ਕਾਰ ?
ਭਲੇ ਲੋਕ ਬਣ ਕੇ ਅਜੇ ਭੀ ਮੁੜੋ,
ਤੇ ਜੋ ਕੁਝ ਗੁਰੂ ਕਹਿਣ ਸੋਈ ਕਰੋ।
ਇਕੱਲੇ ਉਨ੍ਹਾਂ ਨੂੰ ਅਸੀਂ ਤਜਾਗ ਕੇ,
ਸੁਖਾਂ ਨਾਲ ਕਰ ਪਜਾਰ ਹਾਂ ਜਾ ਰਹੇ।
ਗੁਰੂ ਭੀ ਹਨ ਅੰਤ ਦਿਲ ਰੱਖਦੇ,
ਓ ਕਿਸ ਤੌਰ ਪ੍ਰਣ ਨੂੰ ਨਿਬਾਹ ਹਨ ਰਹੇ।
ਮਗਰ ਵੈਰੀਆਂ ਦੇ ਕਟਕ ਆ ਰਹੇ,
ਓ ਕੱਲੇ ਰਤੀ ਭਰ ਨਾ ਘਬਰਾ ਰਹੇ।
ਅਸੀਂ ਤਾਂ ਮੁੜਾਂਗੇ ਨਾ ਪਿਛੇ ਕਦੀ,
ਜੋ ਚਾਹੁਣ ਗੁਰੂ ਜੀ ਉਹੋ ਹੀ ਸਹੀ।
ਇਨ੍ਹਾਂ ਦੀ ਦਲੇਰੀ ਦਾ ਦਿਲ ਵੇਖ ਕੇ,
ਕਈ ਸਿੰਘ ਏਨ੍ਹਾਂ ਦੇ ਪਾਸੇ ਮੁੜੇ।
ਪਰੰਤੂ ਡਰਾਕਲ ਤੇ ਘਰ ਦੇ ਸਕੇ,
ਉਸੇ ਮੂੜ੍ਹਤਾ ਦੇ ਹਠੋਂ ਨਾ ਹਟੇ।
ਇਨ੍ਹਾਂ ਨੂੰ ਭੀ ਤਜ ਆਪ ਘਰ ਨੂੰ ਗਏ,
ਪਰੰਤੂ ਏ ਸਿਦਕੀ ਖੜੋਤੇ ਰਹੇ।

ਚਾਲੀ ਮੁਕਤਿਆਂ ਨੇ ਤਨ ਮਨ ਵਾਰਨੇ

ਏ ਗਿਣਤੀ ਦੇ ਸਨ ਬੀਰ ਚਾਲੀ ਜਣੇ,
ਤੇ ਇਕਤਾਲੀ ਸਨ ਭਾਈ ਮਾਗੋ ਸਣੇ।
ਅਜੇ ਏ ਗੁਰ ਵਲ ਤੁਰੇ ਭੀ ਨਾ ਸੇ,
ਕੀ ਦੇਖਣ ਕਿ ਇਕ ਤਰਫ ਗਰਦਾ ਉਡੇ।
ਦਰਖਤਾਂ ਤੇ ਚੜ੍ਹ ਕੇ ਦੁੜਾਈ ਨਜ਼ਰ,
ਤਾਂ ਤੁਰਕਾਂ ਦੀ ਫੌਜ ਦੀ ਆਈ ਖਬਰ।
ਏ ਕੀਤੀ ਸਲਾਹ ਹੁਣ ਇਥਾਂਈ ਰਹੋ,
ਇਨ੍ਹਾਂ ਨਾਲ ਦੋ ਹੱਥ ਏਥੇ ਕਰੋ।
ਮਲ੍ਹੇ[1] ਸਨ ਬੜੇ ਓਸ ਜੰਗਲ ਮਝਾਰ,

1. ਕੰਡੇਲੀਆਂ ਝਾੜੀਆਂ।

ਇਨ੍ਹਾਂ ਚਾਦਰਾਂ ਦਿਤੀਆਂ ਸਭ ਖਿਲਾਰ।
ਤੇ ਖੁਦ ਇਕ ਪਾਸੇ ਜਿਹੇ ਹੋ ਰਹੇ,
ਕਿ ਦੁਸ਼ਮਨ ਦੇ ਦਲ ਨੂੰ ਭੁਲੇਖਾ ਲਗੇ।
ਬੜੇ ਵੇਗ ਵਿਚ ਸੀ ਫੌਜ ਆ ਰਹੀ,
ਪਲਾਂ ਵਿਚ ਆ ਕੇ ਟਿਕਾਣੇ ਲਗੀ।
ਬੜੀ ਦੂਰ ਤੋਂ ਚਾਦਰਾਂ ਦੇਖ ਕੇ,
ਲਗੇ ਸ਼ਾਮੀਆਨੇ[1] ਗੁਰੂ ਦੇ ਲਖੇ।
ਉਥਾਈਂ ਠਹਿਰਵਾਰ ਲਗੇ ਕਾਰਨ,
ਬੰਦੂਕਾਂ ਚਲਾਵਣ ਤੇ ਮੁੜ ਕੇ ਭਰਨ।
ਨਾ ਅਗੋਂ ਪਰੰਤੂ ਕੋਈ ਬੋਲਿਆ,
ਏ ਪਿਖ[2] ਕੇ ਅਗੇਰੇ ਵਧੇ ਏ ਜ਼ਰਾ।
ਉਨ੍ਹਾਂ ਦਾ ਅਗੇਰੇ ਪਿਆ ਜਾਂ ਧਿਆਨ,
ਤਾਂ ਫੁੰਡੇ ਇਧਰ ਖਾਲਸੇ ਨੇ ਨਿਸ਼ਾਨ।
ਏ ਅਜ਼ਗੈਬ[3] ਦੀ ਮਾਰ ਸਿਰ ਤੇ ਪਈ,
ਤੁਰਕ ਫੌਜ ਦੀ ਹੋਸ਼ ਮਾਰੀ ਗਈ।
ਬੜੀ ਮੁਸ਼ਕਲਾਂ ਨਾਲ ਲੱਗਾ ਪਤਾ,
ਕਿ ਹੈ ਲਾਂਭ ਤੇ ਖਾਲਸਾ ਹੀ ਖੜਾ।
ਲਗਾ ਜੰਗ ਦਾ ਰੰਗ ਬੱਝਣ ਤਦੋਂ,
ਤੁਰਕ ਵਾਰ ਕਰਦੇ ਖੜੇ ਦੂਰ ਤੋਂ।
ਨਾ ਅਗੇ ਵਧਣ ਦਾ ਕਰਨ ਹੌਸਲਾ,
ਕਿ ਖਬਰੇ ਹੈ ਕਿਤਨਾ ਗੁਰੂ ਦਾ ਧੜਾ।
ਇਧਰ ਤੋਂ ਨਿਕਲ ਦੋਇ ਸੂਰੇ ਜਵਾਨ,
ਪਕੜ ਤੇਗ ਢਾਲਾਂ ਨੂੰ ਨਿਕਲੇ ਮਦਾਨ।
ਅਗੇਰੇ ਅਗੇਰੇ ਓ ਵਧਦੇ ਗਏ,
ਤੁਰਕ ਫੌਜ ਨੂੰ ਖੂਬ ਬਧਦੇ[4] ਗਏ।
ਕਈ ਸੈਂਕੜੇ ਤੁਰਕ ਧਰ ਤੇ ਲਿਟਾ,
ਸ਼ਹੀਦੀ ਗਏ ਅੰਤ ਰਣ ਵਿਚ ਪਾ।
ਨਿਕਲ ਪੰਜ ਬਲਵਾਨ ਹੋਰ ਆ ਗਏ,
ਮੁਸਲਮਾਨ ਪਿਖ ਕੇ ਤੇ ਘਬਰਾ ਗਏ।
ਇਨ੍ਹਾਂ ਭੀ ਇਹੋ ਰੀਤ ਆ ਕੇ ਫੜੀ,
ਵਗਾਈ ਪਲਾਂ ਵਿਚ ਲਹੂ ਦੀ ਨਦੀ।
ਉਧਰ ਸਤਿਗੁਰਾਂ ਦੂਰ ਤੋਂ ਤਾੜਿਆ,

---

1. ਤੰਬੂ। 2. ਵੇਖ। 3. ਲੁਕਵੀਂ, ਅਚੇਤ, ਗੈਬੀ। 4. ਨਾਸ ਕਰਦੇ।

ਕਿ ਦਲ ਤੁਰਕ ਦਾ ਸਿਰ ਤੇ ਹੈ ਆ ਰਿਹਾ।
ਪਰੰਤੂ ਰੁਕਾਵਟ ਪਈ ਕਾਸ ਦੀ,
ਕਿ ਰਸਤੇ ਦੇ ਵਿਚ ਹੀ ਲੜਾਈ ਛਿੜੀ।
ਚੜ੍ਹੇ ਆਪ ਟਿੱਬੀ ਤੇ ਦੇਖਣ ਲਈ,
ਤਾਂ ਜਾਤਾ ਮੰਝੈਲਾਂ[1] ਦੀ ਹੈ ਕਾਰ ਹੀ।
ਧਨੁਸ਼ ਬਾਣ ਲੈ ਕੇ ਚਲਾਉਣ ਲਗੇ,
ਉਥਾਓਂ ਹੀ ਪਾਪੀ ਮੁਕਾਉਣ ਲਗੇ।
ਏਹ ਤੀਰਾਂ ਦੀ ਵਰਖਾ ਅਜੇਹੀ ਵਸੀ,
ਕਿ ਵੈਰੀ ਦੀ ਸੁੱਧ ਨਾ ਟਿਕਾਣੇ ਰਹੀ।
ਇਧਰ ਪੰਜ-ਪੰਜ ਘਾਣ ਸਨ ਲਾਹ ਰਹੇ,
ਉਧਰ ਤੀਰ ਸਤਿਗੁਰ ਦੇ ਸਨ ਆ ਰਹੇ।
ਤੁਰਕ ਕਹਿਣ ਅੱਲਾ, ਏ ਕੀ ਰੰਗ ਹੈ ?
ਤਬੀਅਤ ਅਸਾਡੀ ਬੜੀ ਦੰਗ[2] ਹੈ।
ਏ ਦੋ ਚਾਰ ਮਿਲ ਕੇ ਓ ਕਰਦੇ ਨੇ ਕਾਰ,
ਜੋ ਸਾਡਾ ਬਹਾਦਰ ਕਰੇ ਨਾ ਹਜ਼ਾਰ।
ਏ ਤੀਰਾਂ ਦੀ ਬਾਰਸ਼ ਜੋ ਹੈ ਹੋ ਰਹੀ,
ਪਤਾ ਕੁਝ ਨਾ ਲੱਗ ਕਿ ਕਿੱਥੋਂ ਛਿੜੀ ?
ਇਧਰ ਪੰਜ ਸੂਰੇ ਜੋ ਸਨ ਲੜ ਰਹੇ,
ਅਨੇਕਾਂ ਮੁਕਾ, ਹੋ ਕੇ ਘਾਇਲ ਪਏ।
ਗਿਰੇ ਘਾਇਲ ਹੋ ਜਦ ਏ ਪੰਜੇ ਬਲੀ,
ਤਾਂ ਪੰਜਾਂ ਨੇ ਫਿਰ ਆਣ ਜਗ੍ਹਾ ਮੱਲੀ।
ਉਸੇ ਤੌਰ ਆ ਪਾਂਵਦੇ ਖੜਬੜਾਟ,
ਉਠੇ ਤੇਗ ਦੀ ਜ਼ੋਰ ਦੀ ਕੜਕੜਾਟ।
ਸਫਾਂ[3] ਦੀ ਸਫਾਂ ਕਰ ਗਈ ਢੇਰੀਆਂ,
"ਧੜਾਂ ਵਾਂਗ ਧੜ ਹੋ ਗਏ ਸਿਰ ਬਿਨਾਂ"।
ਹੋਏ ਮੁਕਤ ਓੜਕ ਲੜਾਈ ਵਿਖੇ,
ਅਨੇਕਾਂ ਨੂੰ ਲੈ ਆਪ ਭੀ ਤੁਰ ਗਏ।
ਇਸੇ ਰੀਤ ਸੂਰੇ ਨਿਕਲਦੇ ਰਹੇ,
ਤੁਰਕ ਫੌਜ ਨੂੰ ਆ ਮਿਚਲਦੇ ਰਹੇ।
ਅਨੇਕਾਂ ਨੂੰ ਕਰ ਘਾਇਲ ਮਰ ਜਾਂਵਦੇ,
ਸਫਲ ਜਨਮ ਆਪਣੇ ਨੂੰ ਕਰ ਜਾਂਵਦੇ।
"ਏ ਚਾਲੀ, ਤੇ ਓਹ ਲਖ ਤੋਂ ਸਨ ਵਧੀਕ,

1. ਕਈ ਇਤਿਹਾਸਕਾਰ ਨਹੀਂ ਮੰਨਦੇ ਕਿ ਇਹ ਨਿਰੋਲ ਮਾਝੇ ਦੇ ਸਿੱਖ ਸਨ। 2. ਹੈਰਾਨ। 3. ਸਮੂਹ।

ਏ ਨਿਭਣੀ ਲੜਾਈ ਸੀ ਕਿਸ ਦੇਰ ਤੀਕ ?
ਏ ਸੂਰੇ ਖਤਮ ਹੋ ਗਏ ਮਾਰਦੇ,
ਹੁਕਮ ਪਾਲਦੇ ਸੱਚੀ ਸਰਕਾਰ ਦੇ।
ਤੁਰਕ ਫੌਜ ਦੇ ਕੁਸਕ[1] ਲਾ ਕੇ ਗਏ,
ਹਜ਼ਾਰਾਂ ਦੀ ਗਿਣਤੀ ਮੁਕਾ ਕੇ ਗਏ।
ਜਦੋਂ ਨਿਕਲਣੋਂ ਬੰਦ ਹੋਏ ਜਵਾਨ,
ਤਾਂ ਤੁਰਕਾਂ ਦੀ ਹੋਈ ਹਰੀ ਕੁਝ ਕੁ ਜਾਨ।
ਅਗੇ ਵਧੇ ਦੇਖਿਆ ਮੋਰਚਾ,
ਤਾਂ ਬਾਕੀ ਨਾ ਕੁਝ ਹੋਰ ਪਾਯਾ ਖੁਰਾ।
ਹਾਂ ਇਕ ਬ੍ਰਿਛ ਓਹਲੇ ਸੀ ਤੀਵੀਂ ਖੜੀ,
ਖੜਗ ਸੂਤ ਕੇ ਯੁੱਧ ਨੂੰ ਸੀ ਅੜੀ।
ਵਧੇ ਪੰਜ ਸਤ ਤੁਰਕ ਧਮਕਾਵਣੇ,
ਪਰੰਤੂ ਨਾ ਮੁੜ ਕੇ ਮਿਲੇ ਆਵਣੇ।
ਬਹਾਦਰ ਤ੍ਰਿਆ ਨਾਲ ਲੜ ਕੇ ਮਰੇ,
ਖੜਗ ਨਾਲ ਮਾਈ ਨੇ ਟੋਟੇ ਕਰੇ।
ਛਿੜੀ ਫੇਰ ਘਮਸਾਨ ਇਸ ਥਾਉਂ ਭੀ,
ਲੜੀ ਮਾਈ ਭਾਗ ਕੌਰਾਂ ਬੜੀ ਜ਼ੋਰ ਦੀ।
ਕਈ ਮਾਰ ਕੇ ਅੰਤ ਉਹ ਭੀ ਗਿਰੀ,
ਹੋਈ ਘੈਲ ਓੜਕ ਮੁਕਾ ਕੇ ਕਈ।
ਤੁਰਕ ਫੌਜ ਸਮਝੀ ਕਿ ਹੋਈ ਫਤੇ,
ਖੁਸ਼ੀ ਨਾਲ ਕੱਛਾਂ ਵਜਾਵਣ ਲਗੇ।
ਅਸਾਡੇ ਹਜ਼ਾਰਾਂ ਤਾਂ ਮਰ ਹੀ ਗਏ,
ਪਰੰਤੂ ਏ ਚਾਲੀ ਤਾਂ ਓੜਕ ਲਏ।
ਲੜਾਈ ਤੋਂ ਵੇਹਲੇ ਜਦੋਂ ਹੋ ਗਏ,
ਤਾਂ ਪਾਣੀ ਖੁਣੋਂ ਪ੍ਰਾਣ ਤੜਫਨ ਲਗੇ।
ਏ ਸੁੰਨਸਾਨ ਜੰਗਲ ਨਾ ਖੂਹਾ ਨਾ ਤਾਲ,
ਲਗੀ ਪਜਾਸ ਜਿੰਦਾਂ ਨੂੰ ਕਰਨੇ ਨਿਢਾਲ।
ਅਗੇਰੇ ਸੀ ਵੀਹ ਕੋਸ ਪਰ ਜਲ ਦਾ ਨਾਂ,
ਤੇ ਪਿਛੇ ਸੀ ਛੇ ਕੋਸ ਤੇ ਇਕ ਥਾਂ।
ਤੁਰੇ ਅੰਤੇ ਪਿਛੇ ਨੂੰ ਧਾਈ ਕਰੀ,
ਪਿਆਸਾਂ ਬੁਝਾਵਨ ਚੜ੍ਹਾਈ ਕਰੀ।
ਨਾ ਮੁਰਦੇ ਸਮੇਟਨ ਦੀ ਮੋਹਲਤ ਮਿਲੀ,

1. ਮੁਰਦਿਆਂ ਦੇ ਢੇਰ।

ਨਾ ਖੱਫਨ ਲਪੇਟਣ ਦੀ ਫੁਰਸਤ ਮਿਲੀ।
ਉਸੇ ਹਾਲ ਘਾਇਲ ਮਰੇ ਛੋੜ ਕੇ,
ਚਲੇ ਪੀਣ ਪਾਣੀ ਨੂੰ ਸਿਰ ਤੋੜ ਕੇ।
ਕਈ ਪਿਆਸ਼ ਦੇ ਨਾਲ ਮਰ ਹੀ ਗਏ,
ਕਈ ਕਰਕੇ ਧਾਈ ਤੇ ਅੱਪੜ ਪਏ।
ਪਰੰਤੂ ਕ਼ਰਨ ਤੋਬਾ ਤਮਾਮ,
ਖੁਦਾਯਾ ਨਾ ਇਸ ਤਰਫ ਮੋੜੀਂ ਲਗਾਮ।
ਬਿਨਾਂ ਮੌਤ ਏਥੇ ਤਾਂ ਮਰ ਸਾਂ ਗਏ,
ਕਜ਼ੀਏ ਅਸਾਨੂੰ ਗਜ਼ਬ ਦੇ ਪਏ।
ਕਸਮ ਹੈ ਜੇ ਮੁੜ ਆਵੀਏ ਏਸ ਰਾਹ,
ਤਲਬ[1] ਦੇਇ ਚੌਣੀ ਭੀ ਜੇ ਪਾਤਸ਼ਾਹ।

ਗੁਰੂ ਜੀ ਤੁਰਤ ਹੀ ਰਣਭੂਮੀ ਵਿਚ ਪਹੁੰਚੇ ਤਾਂ ਧੜਾਂ ਵਾਂਗੂ ਧੜਾਂ ਦੇ ਅੰਬਾਰ ਲਗੇ ਵੇਖੇ

ਉਧਰ ਵਾਰਤਾ ਹੁਣ ਸੁਣੋ ਦੂਸਰੀ,
ਗੁਰੂ ਕਲਗੀਧਰ ਕਰ ਰਹੇ ਹੈਨ ਕੀ ?
ੳ ਬੈਠੇ ਸਿਗੇ ਦੂਰ ਸਾਰੇ ਪਰੇ,
ਕੋਈ ਦੋ ਕੋਹਾਂ ਪਰ ਕਿਨਾਰੇ।
ਸੁਣੀ ਵਾਜ ਬੰਦੂਕ ਘਮਸਾਨ ਦੀ,
ਪਈ ਸੁੱਧ ਇਸ ਮੈਦਾਨ ਦੀ।
ਲਗੇ ਸੋਚਣੇ ਲੜ ਰਿਹਾ ਕੌਣ ਹੈ ?
ਅਸਾਂ ਦੋਂ ਦੇ ਵਿਚ ਤੀਸਰਾ ਕੌਣ ਹੈ ?
ਉਸੇ ਵਕਤ ਘੋੜੇ ਤੇ ਹੋਏ ਸਵਾਰ,
ਏ ਦੇਖਣ ਲਈ ਤੁਰਤ ਹੋਏ ਤਿਆਰ।
ਜਦੋਂ ਇਸ ਜਗਾ ਆਣ ਕੇ ਦੇਖਿਆ,
ਤਾਂ ਲੋਥਾਂ ਬਿਨਾਂ ਹੋਰ ਕੁਝ ਭੀ ਨਾ ਥਾ।
ਹਜ਼ਾਰਾਂ ਤੁਰਕ ਸਾਨ ਖਿੰਡੇ ਪਏ,
ਪਏ ਸਿੱਖ ਨਜ਼ਰੇ ਕਿਤੇ ਕਿਤੇ।
ਗੁਰੂ ਪਜਾਰ ਕਰ ਸਿੱਖ ਲੱਭਣ ਲਗੇ,
ਮਿਲੇ ਜਦ ਕੋਈ ਪਾਸ ਬਹਿ ਜਾਂਵਦੇ।
ਬੜਾ ਪਜਾਰ ਕਰ, ਕਰਨ ਸਿੱਧਾ ਜ਼ਰਾ,
ਤੇ ਫੜ ਚਾਦਰਾ ਮੁਖ ਪੂੰਝਣ ਉਦ੍ਹਾ।

1. ਤਨਖਾਹ।

ਏ ਮੇਰਾ ਹਜ਼ਾਰੀ ਸੀ ਪ੍ਰੇਮੀ ਦਲੇਰ,
ਏ ਸੀ ਮੇਰਾ ਦੋ ਦੋ ਹਜ਼ਾਰਾਂ ਦਾ ਸ਼ੇਰ।
ਇਸੇ ਤੌਰ ਜਿਸ ਜਿਸ ਜਗਾ ਸਿੱਖ ਮਿਲੇ,
ਵਰਾਂ ਨਾਲ ਭਰਪੂਰ ਕਰਦੇ ਗਏ।
ਏ ਪੰਜ ਦਸ ਵੀਹ ਤੀਹ ਚਾਲੀ ਪੰਜਾਹ,
ਹਜ਼ਾਰਾਂ ਤੋਂ ਲਖਾਂ ਤੇ ਦਿਤੇ ਪੁਚਾ।
ਕਰਨ ਪਿਆਰ ਪਿਉ ਵਾਂਗ ਹੀ ਬੈਠ ਕੇ,
''ਹੇ ਪੁਤ੍ਰੋ ! ਤੁਸੀਂ ਮੇਰੇ ਹਿਤ ਲੜ ਮਰੇ।
ਤੁਸਾਂ ਪੰਥ ਦਾ ਪਿਆਰ ਹੈ ਪਾਲਿਆ,
ਤੁਸਾਂ ਘਾਲ ਸੱਚੀ ਨੂੰ ਹੈ ਘਾਲਿਆ।
ਤੁਸਾਂ ਸਤਿਗੁਰੂ ਨੂੰ ਹੈ ਸਤਕਾਰਿਆ,
ਤੁਸਾਂ ਧਰਮ ਪਰ ਜਾਨ ਨੂੰ ਵਾਰਿਆ।
ਤੁਸਾਂ ਪੈਜ ਰਖੀ ਹੈ ਇਸ ਦੇਸ਼ ਦੀ,
ਤੁਸਾਂ ਬਾਂਹ ਬਧੀ ਹੈ ਦਸਮੇਸ਼ ਦੀ।''
ਇਸੇ ਤੌਰ ਕਰੁਣਾ-ਭਰੇ[1] ਪਿਆਰ ਨਾਲ,
ਗੁਰੂ ਕਰ ਰਹੇ ਹੈਨ ਸਿੱਖਾਂ ਦੀ ਭਾਲ।

ਭਾਈ ਮਹਾਂ ਸਿੰਘ ਜੀ ਦੀ ਕੁਰਬਾਨੀ ਤੇ ਬੇਨਤੀ ਨੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਤੋਂ ਸਿੱਖਾਂ ਦਾ ਬੇਦਾਵਾ ਪੱਤ੍ਰ ਓਥੇ ਹੀ ਪੜਵਾ ਦਿੱਤਾ

ਇਸੇ ਢੇਰ ਲੋਥਾਂ ਦੇ ਵਿਚ ਪਿਆਰਿਓ,
ਜ਼ਰਾ ਆ ਕੇ ਐਧਰ ਨਜ਼ਰ ਮਾਰਿਓ।
ਹੈ ਇਕ ਜਿੰਦ ਘਾਇਲ ਤੜਫਦੀ ਪਈ,
ਹੈ ਤਯਾਰੇ ਦੇ ਵਿਚ ਦੇਹ ਤਯਾਗਨ ਲਈ।
ਹੈ ਸੋਚਾਂ ਦੇ ਵਿਚ ਸੁਰਤ ਹੋਈ ਮਗਨ,
ਹੈ ਦਿਲ ਵਿਚ ਕੋਈ ਪ੍ਰੇਮ ਵਾਲੀ ਲਗਨ।
ਹੈ ਇਸ ਸਰੀਰ ਦਾ ਨਾਮ ਮਹਾਂ ਸਿੰਘ[2] ਬੀਰ,
ਜੋ ਡਿੱਗਾ ਹੈ ਖਾ ਖਾ ਕੇ ਦੁਸ਼ਮਨ ਦੇ ਤੀਰ।
ਹੈ ਮਨ ਵਿਚ ਇੱਛਾ ਕਿ ਸਤਿਗੁਰ ਮਿਲਣ,
ਕਰਾਂ ਦਰਸ ਫਿਰ ਪ੍ਰਾਣ ਅਗੇ ਚੱਲਣ।
ਪਰੰਤੂ ਖਬਰ ਸਾਰ ਇਹ ਕੁਝ ਨਹੀਂ,
ਕਿ ਉਹ ਦੀਨ ਬੰਧੂ ਭੀ ਹਨ ਪਾਸ ਹੀ।

---

1. ਤਰਸ ਭਰੇ। 2. ਚਾਲੀ ਮੁਕਤਿਆਂ ਦਾ ਜਥੇਦਾਰ।

ਇਸੇ ਖ਼ਜਾਲ ਵਿਚ ਸੀਗ ਸੁਰਤੀ ਮਗਨ,
ਕਿ ਪਹੁੰਚੇ ਗੁਰੂ ਆ ਕੇ ਉਸਦੇ ਸਦਨ[1] (ਸਥਾਨ)
ਪਏ ਲੋਥਾਂ ਦੇ ਢੇਰ ਲਾਂਭੇ ਹਟਾਇ,
ਗੁਰੂ ਨੇ ਲਿਆ ਨਾਲ ਗਲ ਦੇ ਲਗਾਇ।
ਸ਼ੁਕਰ ਹੈ ਕਿ ਇਕ ਲਾਲ ਹੈ ਜਾਗਦਾ,
ਜੋ ਮੇਰੇ ਲਈ ਪ੍ਰਾਣ ਹੈ ਤਯਾਗਦਾ।
ਕਿਹਾ ਬਚਨ ਸਤਿਗੁਰ ਨੇ ਹੋ ਕੇ ਪ੍ਰਸੰਨ,
''ਤੂੰ ਧੰਨ ਬੀਰ ਮੇਰੇ, ਤੇਰਾ ਜਨਮ ਧੰਨ।
ਤੂੰ ਮੇਰੇ ਲਈ ਲੜ ਕੇ ਤਨ ਵਾਰਿਆ,
ਤੇ ਸਿੱਖੀ ਸਿਦਕ ਤੋਂ ਨਹੀਂ ਹਾਰਿਆ।
ਜੋ ਮਨ ਵਿਚ ਤੇਰੇ ਆਉਂਦਾ ਮੰਗ ਤੂੰ,
ਨਾ ਰਖੀਂ ਜ਼ਰਾ ਜੀਉ ਵਿਚ ਸੰਗ ਤੂੰ।''
ਕਿਹਾ ਬੀਰ ਨੇ, ''ਆਪ ਜਦ ਆ ਗਏ,
ਤਾਂ ਸਾਰੇ ਮਨੋਰਥ ਹੀ ਪੂਰਵਾ ਗਏ।
ਇਹੋ ਚਾਹ ਸੀ ਨੇਤ੍ਰ ਦਰਸ਼ਨ ਕਰਨ,
ਏ ਇਕ ਵਾਰ ਹੱਥ ਪਰਸ ਲੈਂਦੇ ਚਰਨ।
ਤੁਸੀਂ ਅੰਤਰਯਾਮੀ ਮੇਰੀ ਪਾ ਗਏ[2]
ਉਸੇ ਕਾਲ ਸਿਰਪਰ ਮੇਰੇ ਆ ਗਏ।
ਹੈ ਹੁਣ ਤ੍ਰਿਪਤ ਮਨ, ਕੁਝ ਨਾ ਬਾਕੀ ਹੈ ਚਾਹ,
ਧਰੋ ਹਥ ਸਿਰ ਤੇ ਦਿਖਲਾਓ ਰਾਹ।''

"Our greatest glory is not in never falling,
but in rising every time we fall,"

—Confucius*

ਸਤਿਗੁਰਾਂ ਨੇ ਫੇਰ ਭਾਈ ਮਹਾਂ ਸਿੰਘ ਨੂੰ ਵਰ ਮੰਗਣ ਲਈ ਕਿਹਾ

ਕਿਹਾ ਸਤਿਗੁਰਾਂ ''ਮੰਗ ਕੁਝ ਖਾਲਸਾ,
ਮੇਰਾ ਮਨ ਹੈ ਕੁਝ ਦੇਣ ਨੂੰ ਚਾਹੁੰਦਾ।''
ਦੁਬਾਰਾ ਕਹੇ ਸਿੰਘ ਹਥ ਜੋੜ ਕੇ,
''ਗੁਰੂ ਦਰਸ ਨੂੰ ਨੇਤ੍ਰ ਸਨ ਤਰਸਦੇ।
ਸੋ ਧੰਨ ਭਾਗ ਦਰਸ਼ਨ ਖੁਲ੍ਹੇ ਹੋ ਗਏ,

1. ਸ਼ਬਦ-ਅਰਥ, ਘਰ, ਮਕਾਨ। 2. ਮੇਰੇ ਦਿਲ ਦੀ ਗੱਲ ਸਮਝ ਗਏ।
* ਸਾਡੀ ਉੱਚੀ ਤੋਂ ਉੱਚੀ ਸ਼ਾਨ ਇਸ ਵਿਚ ਨਹੀਂ ਕਿ ਕਦੇ ਨਾ ਡਿਗੀਏ, ਸਗੋਂ ਡਿਗ ਕੇ ਹਰ ਵਾਰੀ ਮੁੜ ਉਠਣ ਵਿਚ ਹੈ। (ਕਾਨਫਿਊਸ਼ੀਅਸ, ਚੀਨ ਦਾ ਇਕ ਮਹਾਨ ਚਿੰਤਕ ਤੇ ਦਾਰਸ਼ਨਿਕ)

ਮੇਰੇ ਪਾਪ ਸਾਰੇ ਦਰਸ ਧੋ ਗਏ।
ਨਹੀਂ ਹੋਰ ਇੱਛਾ ਕੋਈ ਚਿੱਤ ਨੂੰ,
ਦਿਉ ਹੁਕਮ ਚਰਨੀਂ ਜੁੜੇ ਬ੍ਰਿਤ[1] ਨੂੰ।"
ਗੁਰੂ ਜੀ ਤਿਬਾਰਾ ਕਹਿਨ ਬੋਲ ਕੇ,
"ਤੂੰ ਕੁਝ ਮੰਗ ਲੈ ਬੀਰ ਦਿੱਲ ਖੋਲ੍ਹ ਕੇ।
ਨਾ ਖਾਲੀ ਮੇਰਾ ਵਾਕ ਮੋੜੀਂ ਕਦੇ,
ਜੋ ਇੱਛਾ ਹੋਵੇ ਓਹ ਹੁਣੇ ਹੀ ਮਿਲੇ।"
ਹੇ ਸਿੱਖੀ ! ਤੇਰਾ ਧੰਨ ਹੈ ਮਰਤਬਾ[2],
ਤੇਰੇ ਧੰਨ ਹਨ ਸਰਬ ਹੀ ਕਰਤਬਾ।
ਗੁਰੂ ਦਾ ਹੁਕਮ ਵਾਰ ਤੀਜੀ ਭਿਆ,
ਪਰੰਤੂ ਏ ਪੁਤਲਾ ਹੈ ਸੰਤੋਸ਼ ਦਾ।

ਭਾਈ ਮਹਾਂ ਸਿੰਘ ਜੀ ਨੇ ਕੀ ਵਰ ਮੰਗਿਆ ?

ਨਹੀਂ ਚਾਹ ਕੀਤੀ ਕਿ ਜੀਵਨ ਦਿਓ,
ਯਾ ਪਰਵਾਰ ਮੇਰੇ ਨੂੰ ਧਨ ਭੇਜਿਓ।
ਨਾ ਇਹ ਆਖਿਆ ਮੇਰਾ ਸਿੱਕਾ ਚਲੇ।
ਨਾ ਇਹ ਚਾਹਿਆ ਮੇਰੀ ਵਾੜੀ ਫਲੇ।
ਓ ਉਪਕਾਰ ਅਰ ਪਜਾਰ ਦਾ ਪੁੰਜ ਦਿਲ,
ਕੀ ਵਰ ਮੰਗਦਾ ਪਜਾਰੇ ਸਤਿਗੁਰ ਨੂੰ ਮਿਲ ?
"ਪਿਤਾ ਹਥ ਜੋੜਾਂ ਕਰਾਂ ਵਾਸਤਾ,
ਜੇ ਮਨ ਦਾ ਮਨੋਰਥ ਪੂਰੋ ਦਾਸ ਦਾ।
ਪਰੰਤੂ ਓਹਦਾ ਮੋੜ ਕਰਿਓ ਨਹੀਂ,
ਮੇਰਾ ਮਾਨ ਮੰਗੇ ਦਾ ਹਰਿਓ[3] ਨਹੀਂ"।
ਗੁਰੂ ਜੀ ਕਹਿਣ ਮੰਗ ਲੈ ਖਾਲਸਾ।
ਨਾ ਮਨ ਵਿਚ ਭਰਮ ਰਖਣਾ ਮੋੜ ਦਾ।
ਕਿਹਾ ਲਾਲ ਨੇ, "ਤਾਤ[4] ਜੀ ਕੀ ਕਹਾ ?
ਸ਼ਰਮ ਆਇ ਕਹਿੰਦੇ ਭੀ ਨਾ ਰਹਿ ਭੀ ਸਕਾਂ।
ਕਰੋ ਉਚਿਤ, ਜੇ ਬਖ਼ਸ਼ ਆਪਣੇ ਦਰੋਂ,
ਬਚਾਓ ਮੇਰੇ ਚਿਤ ਨੂੰ ਚਿੰਤ ਤੋਂ।
ਜੋ ਸਿੱਖਾਂ ਬਿਦਾਵੇ ਦੇ ਦਸਖਤ ਕਰੇ,
ਮੇਰੇ ਸਾਹਮਣੇ ਉਸ ਨੂੰ ਪਾੜ ਕੇ,

---

1. ਬਿਰਤੀ, ਧਿਆਨ। 2. ਦਰਜ, ਪਦਵੀ। 3. ਤੋੜਿਓ। 4. ਪਿਤਾ।

ਮੇਰਾ ਚਿੱਤ ਇਸ ਚਿੰਤ ਵਿਚ ਟੰਗਿਆ,
    ਬਿਦਾਵਾ ਫਟੇ ਹੋਗੁ ਰਾਜੀ ਬੜਾ,
ਲਓ ਗੰਢ ਟੁੱਟੀ ਨੂੰ ਫਿਰ ਆਪ ਹੀ
    ਉਨ੍ਹਾਂ ਨੇ ਕਮਾਜਾ ਬਿਸ਼ਕ ਪਾਪ ਹੀ,
ਜੋ ਮੰਨੋਂ ਤਾਂ ਇਹ ਵਾਸ਼ਨਾ ਹੈ ਮੇਰੀ,
    ਨਾ ਇੱਛਾ ਕੋਈ ਹੋਰ ਹੈ ਕਾਸ ਦੀ।"
ਗੁਰੂ ਜੀ ਕਹਿਣ ਧੰਨ ਹੈ ਖਾਲਸਾ,
    ਮਨੋਰਥ ਭੀ ਧਾਰਨ ਤਾਂ ਉਪਕਾਰ ਦਾ।

ਲੈ ਉਪਕਾਰੀ ਬੀਰ, ਬੇਦਾਵਾ ਪੱਤ੍ਰ ਆਪੇ ਹੀ ਪਾੜ ਦੇ

"ਅਹੋ ਬੀਰ ! ਲੈ ਉਹ ਬਿਦਾਵਾ ਪਿਆ",
    ਏ ਕਹਿ ਕੱਢ ਜੇਬੋਂ ਗੁਰਾਂ ਪਾੜਿਆ।
ਏ ਪਿਖ[1] ਬੀਰ ਡਾਢਾ ਹੀ ਰਾਹੀ ਭਿਆ,
    ਸ਼ੁਕਰ ਹੈ ਕਿ ਟੁੱਟੀ ਨੂੰ ਫਿਰ ਗੰਢਿਆ।
ਗੁਰਾਂ ਨੇ ਕਿਹਾ ਹੋਰ ਕੁਝ ਚਾਹੀਏ,
    ਤਾਂ ਦੇਵਾਂਗਾ ਹੁਣ ਭੀ ਜ਼ਰਾ ਆਖ ਦੇ।
ਮਹਾਂ ਸਿੰਘ ਕਿਹਾ, ਬਸ ਪਿਤ, ਲੈ ਚੁੱਕਾ,
    ਇਹੋ ਸੀ ਮਨੋਰਥ ਸੋ ਪੂਰਾ ਭਿਆ।
ਏ ਕਹਿੰਦੇ ਦੇ ਹਥ ਜੁੜ ਕੇ ਚਰਨੀਂ ਲਗੇ,
    ਤੇ ਤਨ ਤੋਂ ਨਿਕਲ ਪ੍ਰਾਣ ਰਾਹੀ ਭਏ।

ਮਾਈ ਭਾਗ ਕੌਰ ਜੀ ਦੀ ਚਾਹਣਾ ਪੂਰੀ ਹੋ ਗਈ

ਇਥੋਂ ਉਠ ਸਤਿਗੁਰ ਅਗੇਰੇ ਗਏ,
    ਮਾਈ ਭਾਗ ਕੌਰਾਂ ਨੂੰ ਦਰਸ਼ਨ ਮਿਲੇ।
ਏ ਮਾਈ ਸੀ ਘਾਈਲ, ਅਜੇ ਹੋਸ਼ ਸੀ,
    ਗੁਰੂ ਦਰਸ ਦੀ ਚਾਹ ਵਿਚ ਸੀ ਖੜੀ,
ਹੋਏ ਜਦ ਖੁੱਲ੍ਹੇ ਦਰਸ ਦੁਖ ਮਿਟ ਗਿਆ,
    ਨਿਗਾਹ ਸਤਿਗੁਰਾਂ ਦੀ ਨੇ ਲੀਤਾ ਬਚਾ।
ਕਿਹਾ ਸਤਿਗੁਰਾਂ, "ਵਰ ਕੋਈ ਚਾਹੀਏ ?
    ਜੋ ਮੰਗੇ ਸੋ ਮਿਲ ਜਾਇਗਾ ਇਸ ਸਮੇਂ।"
ਮਾਈ ਭਾਗ ਕੌਰਾਂ ਨੇ ਸੰਗਤ ਦਾ ਹਾਲ,
    ਸੁਣ ਕੇ ਕਿਹਾ, "ਹੈ ਬੜਾ ਇਹ ਮਲਾਲ[2]।

1. ਵੇਖ ਕੇ।   2. ਉਦਾਸੀ।

ਹੋਏ ਆਪ ਤੋਂ ਬੇਮੁਖ ਏ ਆਨ ਕੇ,
ਧਰਮ ਹਾਰਿਆ ਹਾਲ ਸਭ ਜਾਣ ਕੇ।"
ਕਿਹਾ ਸਤਿਗੁਰਾਂ, "ਤਜਾਗ ਦਿਹ ਏ ਮਲਾਲ,
ਪਰੁਪਕਾਰ ਦੇ ਪੁੰਜ ਮਹਾਂ ਸਿੰਘ ਲਾਲ।
ਉਨ੍ਹਾਂ ਦਾ ਬਿਦਾਵਾ ਨੇ ਪੜਵਾ ਚੁੱਕੇ,
ਓ ਟੁੱਟੀ ਨੂੰ ਮੁੜ ਕੇ ਨੇ ਗੰਢਵਾ ਚੁੱਕੇ।
ਤੁਸੀਂ ਆਪਣੇ ਹੇਤ ਇਛਿਆ ਕਰੋ,
ਮੈਂ ਹਾਜ਼ਰ ਹਾਂ ਵਰ ਦੇਣ ਨੂੰ ਜੋ ਕਹੋ ?"
ਸੁਣੀ ਵਾਰਤਾ ਭਾਗ ਕੌਰਾਂ ਜਦੋਂ,
ਵਹਜਾ ਪ੍ਰੇਮ ਰਸ ਨੇਤਰਾਂ ਅੰਦਰੋਂ।
ਕਿਹਾ ਹੋਇ ਗਦ ਗਦ, ਗੁਰੂ ਧੰਨ ਹੋ,
ਜੋ ਕੀਤੀ ਦਯਾ ਆਪ ਪਰਸੰਨ ਹੋ।
ਜੇ ਬਾਲਕ ਕੋਈ ਭੁੱਲ ਕਰ ਵੀ ਦਏ,
ਤਾਂ ਮਾਤਾ ਪਿਤਾ ਅੰਤ ਬਖਸ਼ਸ਼ ਕਰੇ।
ਤੁਸੀਂ ਬਖਸ਼ਨੇਹਾਰ, ਸਤਿਗੁਰ ਦਤਾਰ,
ਕੁਰਾਹੇ ਗਏ ਆਪ ਲੀਤੇ ਸੰਭਾਰ[1]।
ਮੈਂ ਲੂੰ ਲੂੰ ਤੋਂ ਪਰਸੰਨ ਹਾਂ ਹੋ ਗਈ,
ਰਹੀ ਹੋਰ ਵਰ ਦੀ ਨਾ ਆਸ਼ਾ ਕੋਈ।
ਰਹਾਂ ਮੈਂ ਸਦਾ ਆਪ ਦੇ ਹੀ ਹਜ਼ੂਰ,
ਕਰਾਂ ਟਹਿਲ ਸੇਵਾਂ ਨਾ ਜਾਵਾਂ ਮੈਂ ਦੂਰ।
ਜੇ ਦੇਂਦੇ ਹੋ ਵਰ ਤਾਂ ਇਹੋ ਵਰ ਦਿਓ,
ਹਜ਼ੂਰੀ ਵਿਖੇ ਰਖ ਦਰਸ਼ਨ ਦਿਓ।"
ਏ ਬਿਨਤੀ ਮਾਈ ਭਾਗ ਕੌਰਾਂ ਕਰੀ,
ਕਿਹਾ ਸਤਿਗੁਰਾਂ ਨੇ ਹੋਇਗਾ ਇਹੀ।

ਏਹ ਮੁਕਤੇ[2] ਪ੍ਰਲੈ ਕਾਲ ਤਕ ਜੀਉਂਦੇ ਰਹਿਣਗੇ

ਗੁਰਾਂ ਨੇ ਇਕੱਠਾ ਅੰਗੀਠਾ ਰਚਾ,
ਸ਼ਹੀਦਾਂ ਨੂੰ ਓਥੇ ਹੀ ਸਸਕਾਰਿਆ[3]।
ਪਵਿੱਤਰ ਮੁਖੋਂ ਫਿਰ ਉਚਾਰੇ ਏ ਵਾਕ,

---

1. ਸੰਭਾਲ।
2. ਮੁਕਤੀ ਹੋਏ, ਬੰਧਨਾਂ ਤੋਂ ਰਹਿਤ ਹੋਏ, ਸਿੱਖਾਂ ਵਿਚ ਇਸ ਸਮੇਂ ਸ਼ਹੀਦ ਹੋਣ ਵਾਲੇ 40 ਮੁਕਤੇ ਪ੍ਰਸਿੱਧ ਹਨ ਤੇ ਰੋਜ਼ ਦੀ ਅਰਦਾਸ ਵਿਚ ਇਨ੍ਹਾਂ ਨੂੰ ਸ਼ਰਧਾਂਜਲੀ ਭੇਟ ਕੀਤੀ ਜਾਂਦੀ ਹੈ। 3. ਮ੍ਰਿਤਕ ਸੰਸਕਾਰ ਕੀਤਾ, ਸਾੜਿਆ।

ਏ ਜਿੰਦੇ ਰਹਿਣਗੇ ਪ੍ਰਲੈ ਕਾਲ ਤਾਕ।
ਮੁਕਤ ਹੋ ਗਏ ਮੁਕਤ ਕਰ ਦੇਸ਼ ਨੂੰ,
ਸਿਰੇ ਧਰ ਲਿਆ ਹੁਕਮ ਦਸਮੇਸ਼ ਨੂੰ।
ਏ ਮੁਕਤੇ ਲੜੇ ਅਰ ਮਰੇ ਜਿਸ ਸਥਾਨ,
ਓ ਧਰਤੀ ਭੀ ਹੋਈ ਪਵਿੱਤ੍ਰ ਮਹਾਨ।
ਏ ਲਖ ਪੂਜਜ ਭੂਮੀ ਨਿਵੇਂਗਾ ਜਹਾਨ,
ਝੁਲੇਗਾ ਸਦਾ ਤੀਕ ਏਥੇ ਨਿਸ਼ਾਨ।
ਮੁਕਤਸਰ[1] ਕਹਾਂਦਾ ਹੈ ਸੋਈ ਸਥਾਨ,
ਲਗੇ ਮਾਘ ਸੰਗਰਾਂਦ ਮੇਲਾ ਮਹਾਨ।
ਉਨ੍ਹਾਂ ਦੀ ਕਮਾਈ ਲੁਕਾਈ ਲਖੇ[2],
ਉਹੋ ਯਾਦ ਪਾਵਨ ਸਦਾ ਈ ਰਖੇ।
ਜੋ ਖੇਲਨ ਕਿਸੇ ਦੇ ਲਈ ਜਾਨ ਤੇ,
ਸਤਾਰੇ ਚੜ੍ਹਾਵਨ ਓ ਅਸਮਾਨ ਤੇ।
ਸਦਾ ਚਮਕਦੇ ਸਭ ਨੂੰ ਚਮਕਾਂਵਦੇ,
ਜਗਤ ਪਰ ਸਦਾ ਰੋਸ਼ਨੀ ਪਾਂਵਦੇ।
ਮਰੇ ਮਰ ਗਏ ਪਰ ਰਹੇ ਜੀਂਵਦੇ,
ਮਨਾਂ ਤੋਂ ਨਹੀਂ ਬੀਰ ਵਿਸਰੀਂਵਦੇ[3]।

1. ਜ਼ਿਲਾ ਫ਼ਰੀਦਕੋਟ ਵਿਚ ਪ੍ਰਸਿੱਧ ਸਥਾਨ ਹੈ ਜਿਥੇ ਕਈ ਇਕ ਗੁਰਦਵਾਰੇ ਤੇ ਤਿੰਨ ਕਾਲਜ ਹਨ।
2. ਜਾਣੇ। 3. ਭੁੱਲਦੇ।

ਭਾਈ ਮਨੀ ਸਿੰਘ ਜੀ ਦੀ ਧਰਮ ਪੁਰ ਕੁਰਬਾਨੀ ਤੇ ਪਾਪੀ ਅਨਿਆਈਂ ਬਾਦਸ਼ਾਹੀ ਜਰਵਾਣਿਆਂ ਦੀ ਅਨੀਤਿ

The consciousness of good, which neither gold,
Nor sordid fame, nor hope of heavenly bliss,
Can purchase : but a life of resolute good,
Unalterable will, quenchless desire of universal happines; the heart.
That beats with it in unison : the brain whose over-wakeful wisdom toils to change.
Reason's rich stores for its eternal weal.
This "commerce" of sincerest virtue nees,
No mediative signs of selfishness,
No jealous intercourse of wretched gain.
No balancing of prudence, cold and long :–
In just and equal measure all is weighed;
one scale contains the sum of human weal,
And one, THE GOOD MAN'S HEART.*

–SHELLY

ਦੋਹਰਾ

ਪ੍ਰੇਮ ਖੇਲ ਸਿਰ ਧਰ ਤਲੀ, ਹੋਲੀ ਗਜਾ ਦਿਖਾਇ।
ਬੰਦ ਬੰਦ ਕਟਵਾ ਲਏ, ਲੀਤਾ ਧਰਮ ਬਚਾਇ।

ਪਾਪ ਰਾਜ ਦੇ ਹਿੰਦੂ ਦੇਸ਼ ਪਰ, ਹੋਣ ਲਗੇ ਜਦ ਅੱਤਜਾਚਾਰ,
ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਸਾਰ ਲਈ ਸਿਰ ਆਪਣਾ ਵਾਰ।

---

* ਨੇਕੀ ਦੀ ਸੋਝੀ, ਜੋ ਸੋਨੇ, ਪ੍ਰਸਿੱਧਤਾ ਜਾਂ ਦੇਵੀ, ਵਰ ਦੀ ਆਸ ਨਾਂਲ ਨਹੀਂ ਖਰੀਦੀ ਜਾ ਸਕਦੀ; ਸਗੋਂ ਦ੍ਰਿੜ ਚੰਗਿਆਈ ਦੇ ਜੀਵਨ, ਅਟੱਲ ਇਰਾਦੇ, ਵਿਸ਼ਵ-ਪ੍ਰਸੰਨਤਾ ਦੀ ਅਮਿਟ ਅਭਿਲਾਸ਼ਾ (ਨਾਲ ਮਿਲਦੀ ਹੈ) ਦਿਲ, ਜੋ ਉਸ ਦੇ ਨਾਲ ਸੁਰ ਹੋ ਕੇ ਧੜਕੇ, ਬੁੱਧੀ ਜਿਸ ਦੀ ਸਦਾ ਜਾਗਦੀ ਸਿਆਣਪ ਦਲੀਲ ਦੇ ਭਰਪੂਰ ਭੰਡਾਰਾਂ ਦੀ ਅਟੱਲ ਸੰਪਤੀ ਲਈ ਬਦਲਣ ਵਾਸਤੇ ਘਾਲਣਾ ਘਾਲਦੀ ਹੈ। ਇਹ ਸੁਹਿਰਦ ਨੇਕੀ ਦਾ ਵਪਾਰ ਖੁਦਗਰਜ਼ੀ ਦੀ ਵਿਚੋਲਿਆਂ ਦੇ ਸੰਕੇਤਾਂ; ਨਿਖਿਧ ਲਾਭਾਂ ਦੀ ਈਰਖਾ ਭਰੇ ਪਰਸਪਰ ਵਾਰਤਾਲਾਪਾਂ, ਤੇ ਲੰਮੇ ਖੁਸ਼ਕ ਤੋਲਾਂ ਦੀ ਲੋੜ ਨਹੀਂ ਰਖਦਾ, ਨਿਆਂ ਭਰੇ ਤੇ ਬਰਾਬਰ ਮਿਣਤੀਆਂ ਵਿਚ ਸਭ ਕੁਝ ਤੋਲਿਆ ਜਾਂਦਾ ਹੈ। ਇਕ ਛਾਬੇ ਵਿਚ ਸਾਰੀ ਮਨੁੱਖੀ ਦੌਲਤ ਹੈ ਤੇ ਦੂਜੇ ਵਿਚ ਚੰਗੇ ਮਨੁੱਖ ਦਾ ਦਿਲ।
(ਸ਼ੈਲੇ—ਪ੍ਰਸਿੱਧ ਅੰਗਰੇਜ਼ੀ ਕਵੀ)

ਜਰਵਾਣੇ ਦਾ ਪਾਪੀ ਹਿਰਦਾ, ਦਿਨ ਦਿਨ ਹੁੰਦਾ ਜਾਇ ਕਠੋਰ,
ਹਿੰਦੂ ਕੌਮ ਨੂੰ ਨਸ਼ਟ ਕਰਨ ਹਿਤ ਲਾਯਾ ਸਾਰਾ ਆਪਣਾ ਜ਼ੋਰ।
ਕਸ਼ਟ ਸਹਾਰ ਸਹਾਰ ਪ੍ਰਜਾ ਅਤਿ ਦੀਨ ਦਸ਼ਾ ਵਿਚ ਹੋਈ ਆਨ,
ਨਿਰਬਲ ਨਿਰਧਨ ਨਿਰਧਿਰ ਨਿਰਘਰ ਨਿਰਸੁਖ ਨ੍ਰਿਆਸਰਾ ਨਿਰਮਾਨ।
ਦੇਸ਼ ਰਸਾਤਲ ਵੇਖ ਜਾਂਵਦਾ ਸ੍ਰੀ ਕਲੀਗਧਰ ਕਰੀ ਵਿਚਾਰ,
ਦੀਨ ਦਸ਼ਾ ਭਾਰਤ ਦੀ ਹੋਈ ਰਹਿ ਨਾ ਗਿਆ ਬਾਕੀ ਬਲਕਾਰ।
ਅੱਤਯਾਚਾਰ ਅਨੀਤਿ ਰਾਜ ਦੇ ਕਰ ਦੇਵਣਗੇ ਦੇਸ਼ ਤਬਾਹ,
ਬਲ ਬਾਝੋਂ, ਪਲ ਭਰ ਭੀ ਹੋਣਾ, ਮੁਸ਼ਕਲ ਭਾਰਤ ਦਾ ਨਿਰਬਾਹ।
ਤਾਂ ਤੇ ਚਾਹੀਏ ਜੁਲਮਾਂ ਦੀ ਹੁਣ ਖੁੰਢੀ ਹੋ ਜਾਵੇ ਤਲਵਾਰ,
ਪਾਪ ਰਾਜ ਦਾ ਨਸ਼ਟ ਕਰਨ ਹਿਤ, ਪ੍ਰਜਾ ਵਿਚ ਪਾਈਏ ਬਲਕਾਰ।
ਸਮਾਂ ਸੁਨੀਤਿ[1] ਵਿਚਾਰ ਸਤਿਗੁਰਾਂ, ਕੀਤਾ ਦੇਸ਼ ਸਿਆਲੋਂ[2] ਸ਼ੇਰ,
ਅੰਮ੍ਰਿਤ ਛਿੜਕ ਸਜਾਇ ਖਾਲਸਾ ਜ਼ਿੰਦੇ ਕੀਤੇ ਮੁਰਦੇ ਫੇਰ।
ਰਾਜ ਯੋਗ ਦੀ ਰਹਿਤ ਸਿਖਾਈ ਪਰੁਪਕਾਰ ਦਾ ਦੇ ਉਪਦੇਸ਼,
ਪਾਪ ਰਾਜ ਦੀ ਨੀਂਹ ਉਖੇੜੇ, ਦੁਖੀ ਪ੍ਰਜਾ ਦੇ ਹਰੇ[3] ਕਲੇਸ਼।
ਆਪਣਾ ਤਨ ਮਨ ਧਨ ਲਗਾਇ ਕੇ ਚਾਰੇ ਪੁੱਤ੍ਰ ਦਿੱਤੇ ਵਾਰ,
ਪਾਇ ਪੂਰਨੇ ਜਾਚ ਸਿਖਲਾਈ, ਐਸਾ ਕਰਨਾ ਪਰਉਪਕਾਰ।

ਅਨਿਆਈਂ ਜਰਵਾਣੇ ਪਛਤਾਉਂਦੇ ਹਨ

ਦੁਖੀ ਪ੍ਰਜਾ ਦੀ ਮੁਕਤੀ ਕਾਰਨ, ਸਿੰਘ ਸੂਰਮੇ ਹੋਏ ਤਿਆਰ,
ਪਾਪ ਰਾਜ ਦੇ ਨਸ਼ਟ ਕਰਨ ਹਿਤ, ਵਾਰੇ ਤਨ ਮਨ ਧਨ ਪਰਵਾਰ।
ਸਾਹਵੇਂ ਹੋਏ ਸਾਂਵੇ ਹੋਕੇ ਕਰਨ ਟਾਕਰੇ ਫੜ ਤਲਵਾਰ,
ਨਿਰਧਨ ਨਿਰ ਆਸਰਾ ਬੀ ਹੋ ਕੇ ਰਖਜਾ ਕੀਤੀ ਕਸ਼ਟ ਸਹਾਰ।
ਮੂੰਹ ਮੁੜਿਆ ਅਨਯਾਇ ਖੜਗ ਦਾ, ਉਖੜੇ ਐਸੇ ਹੋਸ਼ ਹਵਾਸ,
ਦੀਨ[4] ਵਧਾਵਣ ਕਿਤੇ ਰਿਹਾ, ਹੁਣ ਰਾਜ ਰਹਿਣ ਦੀ ਰਹੀ ਨਾ ਆਸ।
ਪਿੱਸੂ ਪਏ ਅਧਰਮ ਰਾਜ ਨੂੰ, ਇਹ ਕੀ ਆਈ ਨਵੀਂ ਬਲਾਇ।
ਐਸੇ ਨਿਰਬਲ ਦੇਸ਼ ਵਿਖੇ, ਏਹ ਸ਼ੇਰ ਕਿੱਧਰੋਂ ਗਰਜੇ ਆਇ।
ਨੱਕ ਵਿਖੇ ਦਮ ਕੀਤਾ ਸਾਡਾ ਟਿਕਣ ਨਾ ਦੇਂਦੇ ਕਰਕੇ ਚੈਨ।
ਕਿਧਰੋਂ ਜ਼ਰਾ ਅਰਾਮ ਹੋਇ ਅਰ ਉਧਰੋਂ ਆ ਚੁਪ ਕੀਤੇ ਪੈਨ।
ਇਕ ਮਰੇ ਦਸ ਹੋਰ ਨਿਕਲ ਕੇ ਚਕਾਚੁੰਧ ਵਿਚ ਦੇਵਣ ਪਾਇ,
ਜੁਲਮ ਜਦੋਂ ਕੁਝ ਹੋਵਣ ਲਗੇ ਨਿਕਲੇ ਜਥਾ ਅਚਾਨਕ ਆਇ।
ਨਾਜ਼ਮ[5] ਨੇ ਸਿਰ ਤਕ ਬਲ ਲਾ ਕੇ, ਨਾਸ ਕਰਨ ਦੀ ਚੱਲੀ ਚਾਲ,
ਪਰ ਸ੍ਰੀ ਗੁਰ ਦੇ ਸ਼ੇਰਾਂ ਅਗੇ ਗਲੀ ਨਾ ਇਸ ਦੀ ਕੁਝ ਭੀ ਦਾਲ।

1. ਚੰਗੀ ਨੀਤੀ। 2. ਗਿਦੜਾਂ ਤੋਂ। 3. ਦੂਰ ਕੀਤੇ। 4. ਮੱਧਮ। 5. ਅਧਿਕਾਰੀ, ਅਫਸਰ।

ਨਾਜ਼ਮ ਪਿਆ ਦਲੀਲਾਂ ਅੰਦਰ ਸੱਦ ਸਿਆਣੇ ਕਰੇ ਸਲਾਹ,
ਓਹ ਤਦਬੀਰ ਨਿਕਾਲੇ ਕੋਈ, ਹੋਵਣ ਸਾਰੇ ਸਿੱਖ ਤਬਾਹ,
ਜਦ ਤਕ ਏਹ ਮੂਜ਼ੀ[1] ਨਹੀਂ ਮਰਦੇ ਤਦ ਤਕ ਮਿਲਦਾ ਨਹੀਂ ਅਰਾਮ।
ਨਾ ਹੀ ਹਿੰਦੂ ਦੱਬ ਸਕਦੇ ਹਨ, ਨਾ ਵਧ ਸਕਦਾ ਹੈ ਇਸਲਾਮ।
ਇਕ ਕਾਜ਼ੀ ਉੱਠ ਅਰਜ਼ ਗੁਜਾਰੀ ਹਜ਼ਰਤ[2] ਕਿਉਂ ਹੋ ਰਹੇ ਉਦਾਸ।
ਇਸ ਟੋਲੇ ਦੇ ਵਧ ਜਾਵਣ ਦਾ ਕਾਰਨ ਮੈਂ ਦਸਦਾ ਹਾਂ ਖਾਸ।
ਅੰਮ੍ਰਿਤਸਰ ਤਲਾਬ ਵਿਖੇ ਜੋ ਪਾਣੀ ਹੈ, ਹੈ ਆਬ-ਹੱਯਾਤ[3],
ਜੋ ਪੀਵੇ ਸੋ ਅਮਰ ਹੋਂਵਦਾ ਕਰਾਮਾਤ ਉਸ ਦੀ ਵਖਜ਼ਾਤ[4]।
ਏਹ ਕਾਫਰ[5] ਨਿਤ ਜਾਕੇ ਓਥੇ ਅੰਮ੍ਰਿਤ ਪੀ ਪੀ ਹੁੰਦੇ ਸ਼ੇਰ,
ਓਸੇ ਦੇ ਬਲ ਦਿਨੋ ਦਿਨ ਐਡੇ, ਹੁੰਦੇ ਜਾਂਦੇ ਨਿਡਰ ਦਲੇਰ।
ਜਦ ਤਕ ਉਸ ਪਾਣੀ ਦੇ ਪੀਣ ਦੀ ਬੰਦਸ਼ ਨਾ ਪੱਕੀ ਹੋਇ,
ਤਦ ਤਕ ਇਸਦੇ ਨਾਸ਼ ਕਰਨ ਦੀ ਚਲੇਗੀ ਤਦਬੀਰ[6] ਨਾ ਕੋਇ।
ਕਾਜ਼ੀ ਦੀ ਗੱਲ ਦਿਲ ਤੇ ਲਗੀ ਸੂਬੇ ਨੂੰ ਆਯਾ ਇਤਬਾਰ,
ਸਿੰਘਾਂ ਦੇ ਵਧਣੇ ਦਾ ਕਾਰਨ ਅੰਮ੍ਰਿਤਸਰ ਦਾ ਹੈ ਦਰਬਾਰ।
ਦੇਸ਼ ਰਖਜਕ ਸਿੰਘਾਂ ਦੇ ਇਸ ਬਿਧ ਵੈਰੀ ਬਣ ਗਏ ਮਹਾਨ,
ਖੁਰਾ ਖੋਜ ਨਾ ਰਹੇ ਦੇਸ਼ ਵਿਚ ਸਿੰਘਾਂ ਦਾ, ਇਹ ਮਤਾ ਪਕਾਨ।
ਦਿੱਲੀ ਤੋਂ ਪਰਵਾਨਾ ਆਯਾ ਲਾਹੌਰੀ ਨਾਜ਼ਮ ਦੇ ਪਾਸ,
ਇਸ ਟੋਲੇ ਨੂੰ ਜਿਉਂ ਕਿਉਂ ਹੋਵੇ, ਛੇਤੀ ਹੀ ਕਰ ਦੇਵੋ ਨਾਸ।
ਥੋੜੇ ਚਿਰ ਵਿਚ ਇਨ੍ਹਾਂ ਥੋੜਿਆਂ ਕਰ ਦਿਤਾ ਸਾਨੂੰ ਹੈਰਾਨ,
ਜੇ ਕਰ ਵਧਦਾ ਗਿਆ ਇਸ ਤਰ੍ਹਾਂ ਮੁਸ਼ਕਲ ਹੋਜੂ ਛੁਡਾਣੀ ਜਾਨ।
ਉਸ ਸਮੇਂ ਇਹ ਇਹ ਹੁਕਮ ਚੜ੍ਹਾਯਾ ਫੌਜ ਦਿਓ ਫੌਰਨ ਦੌੜਾਇ,
ਅੰਮ੍ਰਿਤਸਰ ਸਿਖਾਂ ਦਾ ਤੀਰਥ ਘੇਰ ਲਏ ਚੌਤਰਫੋਂ ਜਾਇ।
ਨਾ ਨ੍ਹਾਵੇ, ਨਾ ਪਾਣੀ ਪੀਵੇ, ਸਿਖ ਕੋਈ ਆ ਕੇ ਦਰਬਾਰ,
ਜੋ ਆਵੇ ਉਹ ਮੁੜੇ ਨਾ ਪਿੱਛੇ ਮਾਰ ਦਿਓ ਬਿਨ ਸੋਚ ਵਿਚਾਰ।
ਬੰਦੂਕਾਂ ਦਾ ਪਹਿਰਾ ਲੱਗਾ ਕੋਈ ਨਾ ਆਣਾ ਪਾਵੇ ਮੂਲ,
ਬੇਖਬਰੀ ਵਿਚ ਜੋ ਆ ਜਾਵੇ ਕਰ ਦੇਵਣ ਉਸਨੂੰ ਨਿਰਮੂਲ।
ਇਉਂ ਹਰਿਮੰਦਰ ਸੁੰਞਾਂ ਕੀਤਾ, ਪਾਪੀ ਸੂਬੇ ਕਹਿਰ ਕਮਾਇ,
ਸਿੱਖਾਂ ਦਾ ਦਿਲ ਅਤਿ ਦੁਖ ਗਿਆ, ਐਪਰ ਕੋਈ ਪੇਸ਼ ਨਾ ਜਾਇ,
ਇਸੇ ਤਰ੍ਹਾਂ ਦੋ ਬਰਸ ਬੀਤ ਗਏ ਦਰਸ਼ਨ ਮਿਲੇ ਨਾ ਕਰਨਾ ਆਇ।
ਲੁਕ ਛਿਪ ਕੇ ਕੋਈ ਟਾਵਾਂ ਪ੍ਰੇਮੀ, ਰਾਤੀਂ ਟੁੱਭਾ ਜਾਵੇ ਲਾਇ।

---

1. ਦੁੱਖ ਦੇਣ ਵਾਲਾ, ਕੰਜੂਸ। 2. ਇਜ਼ਤ ਦਾ ਸ਼ਬਦ ਹੈ ਜਿਵੇਂ ਜਨਾਬ, ਜਾਂ ਸ੍ਰੀ ਮਾਨ ਜੀ।
3. ਜੀਵਨ ਦਾ ਪਾਣੀ, ਅੰਮ੍ਰਿਤ। 4. ਪ੍ਰਗਟ, ਸਪੱਸ਼ਟ। 5. ਪਾਪੀ। 6. ਢੰਗ, ਯੋਜਨਾ।

ਭਾਈ ਮਨੀ ਸਿੰਘ ਜੀ ਦੀ ਧਰਮ ਗਾਥਾ

ਭਾਈ ਮਨੀ ਸਿੰਘ ਇਕ ਪ੍ਰੇਮੀ ਸਤਿਗੁਰ ਦੇ ਚਰਨਾਂ ਦਾ ਦਾਸ,
ਗੁਰਮੁਖ ਰੂਪ ਬਿਹੰਗਮ ਬਾਣਾ ਅੰਮ੍ਰਿਤਸਰ ਵਿਚ ਕਰੇ ਨਿਵਾਸ।
ਹਿਰਦੇ ਦੇ ਵਿਚ ਨਾਮ ਵੱਸੇ ਅਰ ਮੱਥੇ ਲਸੇ ਪ੍ਰੇਮ ਦਾ ਨੂਰ[1],
ਗੁਰਬਾਣੀ ਦਾ ਅੰਮ੍ਰਿਤ ਪੀ ਪੀ ਹੋਇ ਰਿਹਾ ਸਾਗਰ ਭਰਪੂਰ।
ਗੁਰੂ ਗ੍ਰੰਥ ਦੀ ਕਥਾ ਬਾਰਤਾ ਨਿੱਤ ਸੁਣਾਵਣ ਲਾਇ ਦੀਵਾਨ,
ਗੁਰ ਆਸ਼ਯ ਦੇ ਬੋਧਿ[2] ਅਤੇ ਸਮਝਾਵਨ ਵਿਚ ਬੜੇ ਵਿਦਵਾਨ।
ਗੁਰਬਾਣੀ ਦੇ ਅਰਥ ਬੋਧ ਦੀ ਗੁੰਝਲ ਸਭ ਦੇਵਣ ਸੁਲਝਾਇ।
ਗਜਾਨੀ ਜੀ ਤੋਂ ਚਲੀ ਆਉਂਦੀ ਹੁਣ ਤਕ ਗਜਾਨੀ ਸੰਪਰਦਾਇ[3]।
ਸ੍ਰੀ ਅੰਮ੍ਰਿਤਸਰ ਰਹਿ ਕੇ ਚਾਯਾ ਸੰਗਤ ਦੀ ਸੇਵਾ ਦਾ ਭਾਰ,
ਗਜਾਨੁਪਦੇਸ਼[4] ਅਨ ਬਸਤਰ ਦੀ ਟਹਿਲ ਕਰਨ ਨੂੰ ਰਹਿਣ ਤਜਾਰ।
ਜਰਵਾਣੇ ਦੀ ਪਾਪ ਚਾਲ ਜਦ ਚੁੱਕੀ ਆ ਕੇ ਧਰਮ ਅਨੀਤ,
ਭਾਈ ਜੀ ਦੇ ਮਨ ਵਿਚ ਜੋਸ਼ ਉਬਾਲੇ ਗੁਰਸਿੱਖੀ ਦੀ ਪ੍ਰੀਤੀ।
ਦੇਖ ਦਸ਼ਾ ਹਰਿਮੰਦਰ ਦੀ ਮਨ ਵਿਚ ਬੜਾ ਦੁਖ ਰਹੇ ਮਨਾਇ,
ਕਿਵੇਂ ਕਰਾਂ ! ਕੁਝ ਡੌਲ ਬਣੇ ਸਭ ਸਿੱਖ ਜੁੜਨ ਮੁੜ ਏਥੇ ਆਇ ?
ਦਰਸ਼ਨ ਪਾਨ ਤ੍ਰਿਪਤ ਹੋ ਜਾਵਨ ਆਵਨ ਅਰ ਲਾਵਨ ਦੀਵਾਨ,
ਗੁਰ ਤੀਰਥ ਅੰਮ੍ਰਿਤ ਸਰੋਵਰ ਦੇ ਕਰ ਸਕਨ ਖੁਲ੍ਹੇ ਇਸ਼ਨਾਨ।
ਮੈਂ ਕੂਕਰ ਸਤਿਗੁਰ ਦਰ ਦਾ ਜੇ, ਇਤਨੀ ਟਹਿਲ ਨਾ ਸਕਾਂ ਕਮਾਇ,
ਜਨਮ ਮੇਰਾ ਕਿਸ ਅਰਥ ਭਯਾ, ਅਰ ਸਿਖ ਹੋਏ ਦਾ ਲਾਭ ਨਾ ਕਾਇ।
ਇਸ ਤਰੰਗ ਕਰ ਤੰਗ, ਉਮੰਗ ਉਠਾਈ ਮਨ ਵਿਚ ਸੰਗ ਉਤਾਰ,
ਕੁਝ ਸਿਰ ਕਰਦੇ ਪੁਰਖ ਸੰਗ ਲੈ ਪਹੁੰਚੇ ਹਾਕਮ ਦੇ ਦਰਬਾਰ।
"ਹਰਿਮੰਦਰ ਵਿਚ ਦੋ ਬਰਸਾਂ ਤੋਂ ਕੋਈ ਸਿੱਖ ਨਾ ਪਹੁੰਚਾ ਆਨ,
ਹੁਕਮ ਦਿਓ ਜੇ ਦੋ ਦਿਨ ਦਾ ਤਦ ਦੀਪਮਾਲ ਪਰ ਕਰਨ ਸਨਾਨ।
ਮੇਲਾ ਗੇਲਾ ਹੋ ਜਾਵੇਗਾ ਦੋ ਦਿਨ ਪਹਿਰਾ ਦਿਓ ਹਟਾਇ,
ਫੇਜ ਜਿਵੇਂ ਜੀ ਚਾਹੇ ਕਰਨਾ ਇਸ ਵਿਚ ਹੋਸੀ ਹਰਜ ਨਾ ਕਾਇ"।

ਨਵਾਬ ਦੀ ਵਿਸ਼ਵਾਸਘਾਤੀ ਚਾਲ

ਅੰਮ੍ਰਿਤਸਰ ਦੇ ਹਾਕਮ ਨੇ ਲਿਖ ਅਰਜ਼ੀ ਭੇਜੀ ਪਾਸ ਨਵਾਬ,
ਹਰਿਮੰਦਰ ਦੇ ਮੇਲੇ ਬਾਬਤ ਕੀ ਕੁਝ ਦਿਤਾ ਜਾਇ ਜਵਾਬ ?

1. ਚਾਨਣ। 2. ਗਿਆਨ।
3. ਪਰੰਪਰਾ ਤੋਂ ਸਿਲਸਿਲੇ ਵਾਰ ਸਿਖਿਆ ਦੇਣ ਵਾਲੇ ਗਿਆਨੀ ਜਿਨ੍ਹਾਂ ਦਾ ਇਕ ਕੇਂਦਰ ਅੰਮ੍ਰਿਤਸਰ ਵਿਚ ਭੀ ਹੈ।
4. ਗਿਆਨ ਦਾ ਉਪਦੇਸ਼।

ਗਿਣਤੀ ਗਿਣੀ ਸੂਬੇ ਨੇ ਬਹਿ ਕੇ ਮਨ ਪਾਪੀ ਵਿਚ ਫੁਰਿਆ ਪਾਪ,
ਦਾਓ ਬੜਾ ਵਿਸ਼ਵਾਸਘਾਤ ਦਾ ਇਓਂ ਮਿਲਦਾ ਹੈ ਆਪਣੇ ਆਪ।
ਗੁਪਤ ਰਹੇ ਇਹ ਪਾਪ ਚਾਲ ਅਰ ਮਨਜ਼ੂਰੀ ਦੇਵਾਂ ਲਿਖਵਾਇ,
ਕੱਠੇ ਹੋਵਣ ਸਿੱਖ ਜਦੋਂ, ਪਾ ਘੇਰਾ ਦੇਵਾਂ ਅਲਖ ਮੁਕਾਇ।
ਹੁਕਮ ਭੇਜਿਆ, "ਮਨੀ ਸਿੰਘ ਜੇ ਚੱਟੀ ਮੰਨੇ ਪੰਜ ਹਜ਼ਾਰ,
ਦੋ ਦਿਨ ਦੀ ਛੁੱਟੀ ਦੇ ਦੇਵੋ, ਸਿੱਖ ਕਰਨ ਦਰਸ਼ਨ ਦੀਦਾਰ।"
ਅੰਮ੍ਰਿਤਸਰ ਆਯਾ ਪਰਵਾਨਾ, ਭਾਈ ਜੀ ਭੇਜੇ ਸਦਵਾਇ,
ਹਾਕਮ ਨੇ ਉਹ ਹੁਕਮ ਨਵਾਬੀ, ਪੜ੍ਹ ਕੇ ਦਿਤਾ ਤੁਰਤ ਸੁਣਾਇ।
ਪਹਿਲ ਤਾਂ ਝਿਜਕੇ ਭਾਈ ਜੀ ਪਰ ਫਿਰ ਮਨ ਵਿਚ ਫੁਰੀ ਵਿਚਾਰ,
ਗੁਰਸਿੱਖਾਂ ਦੇ ਜੋੜ ਮੇਲ ਵਿਚ ਗੱਲ ਨਹੀਂ ਕੁਝ ਪੰਜ ਹਜ਼ਾਰ।
ਹਰਿਮੰਦਰ ਦਾ ਦਰਸ਼ਨ ਕਰਕੇ ਸੰਗਤ ਹੋਸੀ ਸਰਬ ਨਿਹਾਲ,
ਪੰਜ ਹਜ਼ਾਰ ਇਜਾਰੇ[1] ਜੋਗਾ ਕੱਠਾ ਹੋ ਜਾਸੀ ਤਤਕਾਲ।
ਇਹ ਵਿਚਾਰ, ਹਾਕਮ ਦੇ ਅਗੇ, ਚੱਟੀ ਕਰ ਲੀਤੀ ਮਨਜੂਰ,
ਡੇਰੇ ਆ ਕੇ ਲਿਖ ਅਰਦਾਸਾਂ, ਭੇਜਣ ਲਗੇ ਨੇੜੇ ਦੂਰ।
ਦੀਪਮਾਲ ਪਰ ਖੁਲ੍ਹ ਮਿਲੀ ਹੈ, ਸੰਗਤ ਪਾਵੇ ਦਰਸ਼ਨ ਆਇ,
ਇਓਂ ਸਭ ਗੁਰਸਿੱਖੀ ਦੇ ਅੰਦਰ ਸਾਰੇ ਦਿਤੀ ਖਬਰ ਪੁਚਾਇ।

ਸਿੱਖਾਂ ਲਈ ਜਰਵਾਣਿਆਂ ਦੀ ਖੂਨੀ ਚਾਲ

ਰੁਤ ਫਿਰੀ, ਪਤਝੜੀ ਛਿੜੀ, ਦਿਨ ਘਟੇ ਰਾਤ ਨੂੰ ਵਾਧੇ ਪਾਇ,
ਕੱਤਕ ਮਾਂਹ ਗੁਲਾਬੀ ਠੰਢਕ, ਰਾਤ ਹਨੇਰੀ ਹੁੰਦੀ ਜਾਇ।
ਵੇਖ ਵੇਖ ਅਨਜਾਇ ਰਾਜ ਦਾ ਚੰਦ ਚਾਨਣਾ ਲਿਆ ਲੁਕਾਇ,
ਕਲੂਕਾਲ ਦੀ ਘੋਰ ਸਿਆਹੀ ਵਾਂਗ ਹਨੇਰ ਗਿਆ ਹੁਣ ਛਾਇ।
ਲਾਹੌਰੀ ਸੂਬੇ ਦੇ ਮਨ ਵਿਚ ਵੱਸ ਰਹੀ ਸੀ ਘਾਤਕ ਚਾਲ,
ਗੁਰ ਸਿੱਖੀ ਦਾ ਘਾਤ ਕਰਨ ਹਿਤ ਛੁਰੀ ਗਲੇਫੀ ਮਿੱਠੇ ਨਾਲ।
ਅੰਦਰ ਵੜ ਫੌਜੀ ਅਫਸਰ ਨੂੰ ਪੱਟੀ ਦਿਤੀ ਖੂਬ ਪੜ੍ਹਾਇ,
ਸਿੱਖਾਂ ਦਾ ਦਲ ਅੰਮ੍ਰਿਤਸਰ ਵਿਚ ਆ ਕੇ ਫੇਰ ਨਾ ਜਾਣਾ ਪਾਇ।
ਜਦ ਕੱਠੇ ਹੋ ਜਾਣ ਸਭੇ ਤਦ ਲੈਣਾ ਤੁਰਤ ਦੁਆਲਾ ਘੇਰ,
ਮਾਰ ਦਿਓ ਕਤਲਾਮ[2] ਮਚਾ ਕੇ ਕੁਸ਼ਤਿਆਂ[3] ਦੇ ਲੱਗ ਜਾਵਣ ਢੇਰ।
ਜਦ ਤਕ ਇਹ ਮੂਜ਼ੀ[4] ਨਹੀਂ ਮਰਦੇ ਤਕ ਤਕ ਸਾਡੀ ਗਲੇ ਨਾ ਦਾਲ।
ਨਾ ਇਸਲਾਮ ਵਧੇ, ਨਾ ਸਖਤੀ ਹੋ ਸਕਦੀ ਹੈ ਪਰਜਾ ਨਾਲ।
ਤਾਂ ਤੇ ਬੇਈਮਾਨੀ ਕਰਨੀ ਇਸ ਵੇਲੇ ਹੈ ਬੜਾ ਜ਼ਰੂਰ,
ਬੜੀ ਚਲਾਕੀ ਤੇ ਹੁਸ਼ਿਆਰੀ ਏਸ ਚਾਲ ਵਿਚ ਹੈ ਮਨਜ਼ੂਰ।

---

1. ਟੈਕਸ, ਕਰ। 2. ਕਤਲੇਆਮ=ਹਰ ਇਕ ਨੂੰ ਮਾਰ ਦੇਣਾ। 3. ਮੁਰਦਿਆਂ। 4. ਦੁੱਖ ਦੇਣ ਵਾਲੇ।

ਇਸ ਬਿਧ[1] ਪਾਪ ਜਾਲ ਰਚ ਪਾਪੀ ਫੌਜ ਕਸਾਈ ਤੁਰੰਤ ਤਿਆਰ,
ਇੰਤਜ਼ਾਮ ਦੇ ਠੀਕ ਰਖਣ ਦੀ ਲੋੜ" ਸੁਣਾਈ ਬਾਹਰ ਵਾਰ।
ਸਾਣ ਚੜੀ ਤਲਵਾਰਾਂ ਅਰ ਬੰਦੂਕਾਂ ਲੈ ਲੈ ਤੁਰਕ ਸਵਾਰ,
ਗੁਰਸਿੱਖਾਂ ਦਾ ਘਾਤ ਕਰਨ ਨੂੰ ਆਏ ਅੰਮ੍ਰਿਤਸਰ ਵਿਚਕਾਰ।

ਵਾੜ ਹੀ ਖੇਤ ਨੂੰ ਖਾਣ ਉੱਠ ਪਈ

ਤੁਰਕ ਰਾਜ ਦੀਆਂ ਸੱਟਾਂ ਖਾ ਖਾ, ਵੇਖ ਵੇਖ ਦਗਿਆਂ ਦੀ ਚਾਲ,
ਸਿੱਖ ਗੁਰੂ ਦੇ ਸਿੱਖ ਗਏ ਸਨ ਪੈਰ ਧਰਨ ਹੁਸ਼ਿਆਰੀ ਨਾਲ।
ਸੰਗਤਾਂ ਬੈਠ ਗੁਰਮਤਾ ਕੀਤਾ, ਦਾਣੇ ਹੇਠ ਜਾਲ ਮਤ ਹੋਇ,
ਫੌਜ਼ ਲਾਹੌਰੋਂ ਜੋ ਹੈ ਆਈ, ਇਸ ਵਿਚ ਦਗਾ ਨਾ ਹੋਵੇ ਕੋਇ।
ਟੋਹ ਕਰਨ ਤੋਂ ਪਤਾ ਚਲ ਗਿਆ, ਖੇਤ ਖਾਣ ਨੂੰ ਉੱਠੀ ਵਾੜ,
ਕਾਲੇ ਹਿਰਦੇ ਦੀ ਕਾਲਕ ਨੂੰ ਮੱਥੇ ਤੋਂ ਹੀ ਲੀਤਾ ਤਾੜ।
ਤੁਰਕ ਫੌਜ ਨੂੰ ਚਣੇ ਚਬਾਣੇ, ਸੀ ਤਾਂ ਨਹੀਂ ਕੁਝ ਔਖੀ ਕਾਰ,
ਪਰ ਮੇਲੇ ਪਰ ਅਮਨ ਰਖਣ ਦੇ ਭਾਈ ਜੀ ਸਨ ਜ਼ਿੰਮੇਵਾਰ।
ਇਸ ਕਰਕੇ ਬਲਬੀਰ ਖਾਲਸੇ ਲੀਤਾ ਆਪਣਾ ਆਪ ਸੰਭਾਲ,
ਖਬਰ ਪੁਚਾਈ ਦੀਪਮਾਲ ਦਾ ਸਮਾਂ ਦਿਓ ਐਵੇਂ ਹੀ ਟਾਲ।
ਨਾ ਰੌਣਕ ਨਾ ਮੇਲਾ ਹੋਯਾ, ਨਾ ਹਰਿਮੰਦਰ ਲਗਾ ਦੀਵਾਨ।
ਨਾ ਆ ਸੰਗਤ ਕੱਠੀ ਹੋਈ ਨਾ ਕੁਝ ਚੜ੍ਹਤ ਚੜ੍ਹਾਈ ਆਨ।
ਹੋ ਸ਼ਰਮਿੰਦੀ ਤੁਰਕ ਫੌਜ ਖਿੱਝ ਤਪ ਕੇ ਉਲਟੀ, ਗਈ ਲਾਹੌਰ,
ਪਾਪ ਰਾਲ ਸਭ ਬ੍ਰਿਥਾ ਗਈ ਸੁਣ, ਸੂਬੇ ਦੇ ਚਕਰਾਏ ਤੌਰ।
ਦਿਲ ਵਿਚ ਭੁੱਜ ਕਬਾਬ ਹੋ ਗਿਆ, ਮੱਥੇ ਪਰ ਵਲ ਆਏ ਚਾਰ,
ਦਾਉ ਨਾ ਕੋਈ ਖਾਣ ਅਸਾਡਾ ਸਿੱਖ ਬੜੇ ਹੋਏ ਹੁਸ਼ਿਆਰ।
ਸੜੇ ਹਿਰਦੇ ਵਿਚ ਲਗਨ ਲਗੀ ਇਸ ਗੱਲ ਦਾ ਬਦਲਾ ਲਊਂ ਜ਼ਰੂਰ,
ਕਬ ਤਕ ਦਾਉ ਘੁਸਾਈਆਂ ਕਰਸਨ, ਇਕ ਦਿਨ ਭਰ ਡੋਬਾਂਗਾ ਪੂਰ।
ਬੀਤ ਗਏ ਦੀਵਾਲੀ ਦੇ ਦਿਨ, ਨਾ ਲੱਗਾ ਮੇਲਾ ਦਰਬਾਰ,
ਨਾ ਆਯਾ ਕੁਝ ਚੜ੍ਹਤ ਚੜ੍ਹਾਵਾ ਨਾ ਕੁਝ ਹੋਈ ਰਕਮ ਤਿਆਰ।
ਅੰਮ੍ਰਿਤਸਰ ਦੇ ਹਾਕਮ ਨੂੰ ਭੀ ਕੌੜ ਚੜੀ ਸੀ ਕਾ ਕੇ ਖਾਰ,
ਭਾਈ ਜੀ ਨੂੰ ਸੱਦ ਕਿਹਾ ਓਹ ਚੱਟੀ ਦੇਵੇ ਪੰਜ ਹਜ਼ਾਰ।

ਨਵਾਬ ਦੀ ਖੋਟੀ ਚਾਲ ਤੇ ਭਾਈ ਜੀ ਦੀ ਗਾਥਾ

ਭਾਈ ਜੀ ਨੇ ਕਿਹਾ, "ਤੁਸੀਂ ਕੁਝ ਆਪਣੀ ਬੁਕਲ ਮਾਰੋ ਝਾਤ,
ਮੇਲਾ ਤਾਂ ਲੱਗਣ ਨਹੀਂ ਦਿਤਾ, ਫਿਰ ਮੈਂ ਕੇਹੀ ਦਿਆਂ ਜ਼ਕਾਤ[2] ?

1. ਇਸ ਢੰਗ ਨਾਲ। 2. ਟੈਕਸ, ਕਰ।

ਸੰਗਤ ਜੁੜਦੀ, ਚੜ੍ਹਤ ਆਂਵਦੀ, ਚੱਟੀ ਦੇਂਦਾ ਤੁਰਤ ਪੁਚਾਇ,
ਮੇਰੇ ਘਰ ਤਾਂ ਨਹੀਂ ਖਜ਼ਾਨਾ, ਜਿਸ ਵਿਚੋਂ ਮੈਂ ਦਿਆਂ ਕਢਾਇ।
ਚਾਲ ਤੁਹਾਡੀ ਵੇਖ ਖਾਲਸੇ, ਕੀਤਾ ਆਪਣਾ ਆਪ ਬਚਾਉ,
ਵਿਘਨ ਪਾਇ ਕੇ ਆਪ ਨਾ ਪਾਓ, ਮੇਰੇ ਪਰ ਹੁਣ ਬ੍ਰਿਥਾ ਦਬਾਉ।
ਜੇ ਲਾਹੌਰ ਤੋਂ ਫੌਜ ਨਾ ਔਂਦੀ, ਤਲਵਾਰਾਂ ਬੰਦੂਕਾਂ ਨਾਲ,
ਫਿਰ ਮੈਂ ਜੇ ਚੱਟੀ ਨਾ ਦੇਂਦਾ ਝੂਠਾ ਕਰਦੇ ਪਾਸ ਬਿਠਾਲ।"
ਲਾਲ ਹੋਇ ਕੇ ਹਾਕਮ ਬੋਲਿਆ, "ਖਬਰਦਾਰ ਨਾ ਰੌਲਾ ਪਾਉ,
ਜਾਨ ਸਲਾਮਤ ਚਾਹੀਏ ਤਾਂ ਚੱਟੀ ਦਾ ਤੁਰਤ ਰੁਪਯਾ ਲਿਆਉ।
ਘਰ ਦੀ ਨਹੀਂ ਹਕੂਮਤ ਤੇਰੀ ਪੂਰਾ ਕਰ ਸ਼ਾਹੀ ਫੁਰਮਾਨ,
ਚਾਹੇ ਕਿਤੋਂ ਲਿਆ ਕੇ ਦੇ ਦੇ, ਠੇਕਾ ਲੈਂਦਾ ਹੈ ਆਸਾਨ ?
ਜੇ ਤੂੰ ਬਹੁਤੀ ਹਾਂ ਨਾ ਕੀਤੀ ਦੇਸਾਂ ਤੁਰਤ ਲਾਹੌਰ ਪੁਚਾਇ,
ਓਥੇ ਏਸ ਅਹਿਦ[1] ਤੋੜਨ ਦੀ ਡਾਢੀ ਕਰੜੀ ਮਿਲੂ ਸਜ਼ਾਇ।"
ਭਾਈ ਜੀ ਨੇ ਕਿਹਾ, "ਏਸ ਧਮਕੀ ਦੀ ਨਾਹੀ ਕੋਈ ਲੋੜ,
ਅਹਿਦ-ਸ਼ਿਕਨ[2] ਹੋ ਤੁਸੀਂ ਜਿਨ੍ਹਾਂ ਨੇ ਫੌਜ ਲਿਆਂਦੀ ਸਿਰ ਤੇ ਜੋੜ।
ਅਮਨ ਰਖਣ ਦੀ ਜ਼ਿੰਮੇਵਾਰੀ ਮੈਂ ਜੋ ਸਿਰ ਲੀਤੀ ਸੀ ਚਾਇ,
ਕਿਉਂ ਲਾਹੌਰੋਂ ਫੌਜ ਮੰਗਾਂ ਕੇ ਸੰਗਤ ਦਿਤੀ ਤੁਸਾਂ ਡਰਾਇ ?"
ਲਾਲ ਨੇਤ੍ਰ ਕਰ ਹਾਕਮ ਕਹਿੰਦਾ, ਹੱਛਾ ਤਦ ਹੁਣ ਰਹੋ ਤੱਯਾਰ,
ਬੰਦੀ ਵਿਚ ਲਾਹੌਰ ਪਹੁੰਚ ਕੇ, ਉਥੇ ਦੇਈਂ ਜਵਾਬ ਗੁਜ਼ਾਰ।
ਪਹਿਰੇ ਵਿਚ ਭਾਈ ਜੀ ਕਰਕੇ, ਤੋਰੇ ਇਹ ਲਿਖ ਸੂਬੇ ਪਾਸ,
"ਇਸ ਕਾਫਰ ਨੇ ਅਹਿਦ ਤੋੜਿਆ, ਦੇਣਾ ਚੰਗੀ ਤਰ੍ਹਾਂ ਤਰਾਸ"[3]।

ਲਾਹੌਰ ਦੇ ਸੂਬੇ ਦੀ ਕਚਹਿਰੀ

ਲਗੀ ਕਚਹਿਰੀ ਸੂਬੇ ਦੀ ਲਾਹੌਰ ਸ਼ਹਿਰ ਵਿਚ ਆਲੀਸ਼ਾਨ,
ਸਜ ਸਜਾਓ ਵਿਚ ਅਤਿ ਮਨੋਰਮ[4] ਦਬਦਬਾਉ ਵਿਚ ਬੜੀ ਮਹਾਨ।
ਚੇਹਰਾ ਦੇਖ ਪ੍ਰਾਣ ਸੁਕ ਜਾਵਣ ਸੂਬਾ ਐਸਾ ਹੈਬਤ-ਨਾਕ[5]।
ਜ਼ੁਲਮ ਅਤੇ ਕਰੜਾਈ ਕਰ ਕਰ ਖੂਬ ਜਮਾਇ ਰਖੀ ਸੀ ਧਾਕ।
ਆ ਗੱਦੀ ਪਰ ਬੈਠਾ ਸੂਬਾ ਮਤਸਰ[6] ਦੇ ਵਿਚ ਚਕਨਾ ਚੂਰ,
ਦਿਲ ਵਿਚ ਖੁਸ਼ੀ ਮਥੇ ਪਰ ਲਾਲੀ ਗੱਲ੍ਹਾਂ ਵਿਚੋਂ ਲਸੇ[7] ਗ਼ਰੂਰ[8]।
ਹਿਰਦਾ ਉਛਲ ਜ਼ਬਾਨੋਂ ਬੋਲਿਆ, ਨਾਲ ਬੜੇ ਪਾਪਾਸ੍ਰਿਤ[9] ਚਾਉ,
"ਅੰਮ੍ਰਿਤਸਰ ਦੇ ਕਾਫਰ ਕੈਦੀ ਮਨੀ ਸਿੰਘ ਨੂੰ ਤੁਰਤ ਲਿਆਉ।"
ਸਭ ਕੰਮਾਂ ਤੋਂ ਪਹਿਲੇ ਉਸ ਦੇ ਲੋਹੂ ਨਾਲ ਕਰਾਂ ਇਸ਼ਨਾਨ,

---

1. ਇਕਰਾਰ। 2. ਇਕਰਾਰ ਤੋੜਨ ਵਾਲੇ। 3. ਡਰ। 4. ਮਨੋਹਰ। 5. ਡਰ ਭਰਿਆ। 6. ਨਸ਼ਾ, ਮਸਤੀ। 7. ਚਮਕੇ। 8. ਹੰਕਾਰ। 9. ਪਾਪਾਂ ਦੇ ਆਸਰੇ ਵਾਲਾ।

ਇਕ ਕਾਫਰ ਅਜ ਕਾਬੂ ਆਯਾ ਜੀ ਠਾਰਾਂ ਲੈ ਉਸਦੀ ਜਾਨ।
ਪਹਿਰੇ ਦੇ ਵਿਚ ਹੋ ਗਏ ਭਾਈ ਮਨੀ ਸਿੰਘ ਬਿਨ ਦੇਰ,
ਵਾਹਿਗੁਰੂ ਜੀ ਕੀ ਫਤਹਿ ਗਜਾਇ ਆਂਵਦਿਆਂ ਹੀ ਵਾਂਗਰ ਸ਼ੇਰ।
ਤ੍ਰਿਬਕ[1] ਉਠੇ ਸਭ ਮਜਲਸ[2] ਵਾਲੇ ਸਿੰਘਾਂ ਦਾ ਸੁਣ ਕੇ ਜੈਕਾਰ,
ਸੜ ਕੇ ਕੋਲੇ ਹੋਯਾ ਸੂਬਾ ਹ੍ਰਿਦਾ ਭਖਿਆ ਵਾਂਗ ਅੰਗਾਰ।
ਰੱਤਾ ਪੀਲਾ ਹੋ ਕੇ ਬੋਲਿਆ, "ਕਿਉਂ ਓ ਕਾਫਰ ਇਹ ਕੀ ਚਾਲ ?
ਜੁਰਮ[3] ਕਰੇਂ ਅਰ ਕੈਦੀ ਹੋ ਕੇ ਬੋਲੇਂ ਫੇਰ ਦਲੇਰੀ ਨਾਲ।
ਪੰਜ ਹਜ਼ਾਰ ਰੁਪੱਯਾ ਚੱਟੀ, ਦੇਵਣ ਦਾ ਕਰਕੇ ਇਕਰਾਰ,
ਦੇਣੋਂ ਨਾਹ ਕਰੇਂ ਅਰ ਬੜ੍ਹਕੇਂ, ਇਹੋ ਸ਼ਰਾਫਤ[4] ਹੈ ਮੁਰਦਾਰ ?"
ਭਾਈ ਜੀ ਨੇ ਕਿਹਾ, "ਜ਼ਰਾ ਕੁਝ ਸੋਚ ਸਮਝ ਕੇ ਕਰੋ ਕਲਾਮ,
ਘਾਤਕ ਚਾਲਾਂ ਆਪ ਚੱਲ ਕੇ ਲੋਕਾਂ ਪਰ ਲਾਓ ਇਲਜ਼ਾਮ।
ਮੈਂ ਕੋਈ ਨਹੀਂ ਅਹਿਦ ਤੋੜਿਆ ਮੇਲੇ ਦਾ ਸੀਗਾ ਇਕਰਾਰ,
ਜੇ ਮੇਲਾ ਲਗਦਾ ਤਦ ਮਿਲਦੀ ਨਿਸਚੇ ਚੱਟੀ ਪੰਜ ਹਜ਼ਾਰ।
ਪਰ ਜਦ ਫੌਜ ਤੁਹਾਡੀ ਜਾ ਕੇ ਉਧੜ ਧੁੰਮੀ ਦਿਤੀ ਪਾਇ,
ਦਗਾ ਦੇਖ ਕੇ ਸਿਖ ਨਾ ਆਏ, ਮੇਰਾ ਇਸ ਵਿਚ ਦੋਸ਼ ਨਾ ਕਾਇ।"
ਨੇਤ੍ਰ ਲਾਲ ਕਰ ਸੂਬਾ ਬੋਲਿਆ, "ਏਹ ਸਭ ਝੂਠੇ ਹੈਨ ਟਲਾਇ,
ਇਸ ਵਿਚ ਹੈ ਅਪ੍ਰਾਧ ਤੇਰਾ ਅਰ ਮਿਲਸੀ ਇਧੀ[5] ਜ਼ਰੂਰ ਸਜਾਇ।"

ਮੁਫਤੀ ਜੀ ਦਾ ਖੂਨੀ ਫਤਵਾ ਤੇ ਲਾਲਚ

ਮੁਫਤੀ ਜੀ, ਹੁਣ ਫਤਵਾ[6] ਲਾਓ ਜੋ ਕੁਝ ਸ਼ਰ੍ਹਾ[7] ਰਹੀ ਫੁਰਮਾਇ,
ਜੋ ਇਕਰਾਰ ਕਰੇ ਅਰ ਤੋੜੇ ਉਸਨੂੰ ਕੈਸੀ ਮਿਲੇ ਸਜ਼ਾਇ ?
ਮੁਫਤੀ ਮੁਲਾਂ ਕਾਜ਼ੀ ਅਗੇ ਲਹੂ ਪੀਣ ਨੂੰ ਖੜੇ ਤਿਆਰ,
ਸ਼ਰਾ ਸ਼ਰੀਅਤ ਦੇ ਪਰਦੇ ਵਿਚ ਫੜੀ ਜ਼ੁਲਮ ਦੀ ਸੀ ਤਲਵਾਰ।
ਤੁਰਕਾਂ ਦਾ ਸਭ ਦੇਸ਼ ਬਣੇ ਅਰ ਕਾਫਰ ਹੋ ਜਾਵਣ ਕਾਫੂਰ[8],
ਏਸ ਮਨੋਰਥ ਸਿੱਧੀ ਖਾਤਰ ਦੇਸ਼ ਡੁਬਾਯਾ ਭਰ ਭਰ ਪੂਰ।
ਮਿਲ ਸਭਨਾਂ ਨੇ ਮਸਲਤ[9] ਕੀਤੀ ਫਤਵਾ ਦਿਤਾ ਤੁਰਤ ਸੁਨਾਇ,
ਸ਼ਰਾ, ਸ਼ਰੀਅਤ[10] ਅਹਿਦ-ਸ਼ਿਕਨ[11] ਦੀ ਲਿਖ ਦੀ ਡਾਢੀ ਸਖਤ ਸਜ਼ਾਇ।
ਬੰਦ ਬੰਦ ਕਟਾਓ ਉਸਦਾ ਜਾਨ ਉਦ੍ਹੀ ਨੂੰ ਦਿਓ ਅਜ਼ਾਬ[12],
ਜੀਕਰ ਉਸਦੇ ਅਹਿਦ[13] ਤੋੜਿਆਂ ਓਵੇਂ ਹੋਵੇ ਉਸਦੇ ਬਾਬ।
ਪਰ ਹਾਂ, ਇਕ ਰਹਿਮ ਦੀ ਸੂਰਤ ਭੀ ਹੈ ਇਸ ਦੇ ਵਿਚ ਜ਼ਰੂਰ,

---

1. ਡਰ। 2. ਸਭਾ। 3. ਦੋਸ਼, ਪਾਪ। 4. ਭਲਮਾਣਸੂ। 5. ਇਸ ਦੀ। 6. ਮੁਸਲਮਾਨੀ ਮੱਤ ਅਨੁਸਾਰ ਹੁਕਮ, ਫ਼ੈਸਲਾ। 7. ਮੁਸਲਮਾਨ ਧਰਮ ਦੇ ਨਿਯਮ। 8. ਉਡ ਜਾਣਾ ਮੁਸ਼ਕ ਕਾਫੂਰ ਵਾਂਗ। 9. ਸਲਾਹ। 10. ਕਾਨੂੰਨ। 11. ਇਕਰਾਰ ਤੋੜਨਾ। 12. ਦੁੱਖ। 13. ਇਕਰਾਰ।

ਤੋਬਾ[1] ਕਰ ਜੇ ਮੋਮਨ ਹੋਵੇ ਕਰ ਦੇਵੋ ਤਦ ਮਾਫ ਕਸੂਰ।
ਸੁਣ ਕੇ ਸੂਬਾ ਹੱਸ ਬੋਲਿਆ, "ਵਾਹ ਸਾਈਆਂ ਤੈਥੋਂ ਕੁਰਬਾਨ,
ਮਰਦੇ ਮਰਦੇ ਬੰਦੇ ਦੀ ਤੂੰ ਰੱਖ ਦਿਖਾਵੇਂ ਕੀਕੁਰ ਜਾਨ ?
ਬਰਕਤਵੰਦੀ ਝੋਲੀ ਅੱਡੀ ਦੀਨ[2] ਅਸਾਡੇ ਆਲੀਸ਼ਾਨ[3],
ਜੋ ਦਰਵਾਜ਼ੇ ਡਿਗੇ ਆ ਕੇ ਉਸਨੂੰ ਫੌਰਨ ਮਿਲੇ ਅਮਾਨ[4]।
ਸ਼ਰਾ ਸ਼ਰੀਫ[5] ਕਿਹੀ ਹੈ ਪੂਰਨ ਰਾਹ ਰਖੇ ਹਨ ਕਹੇ ਸੁਖੈਨ
ਗਰਦਨ ਜ਼ਦਨੀ[6] ਲਾਇਕ ਕਾਫਰ[7] ਕਲਮਾ[8] ਪੜ੍ਹ ਕੇ ਪਾਵੇ ਚੈਨ।
ਲੌ ਭਾਈ ਜੀ, ਸੂਲੀ ਦੀ ਹੁਣ ਸੂਲ ਬਣਾਈ ਸ਼ਰ੍ਹਾ ਸ਼ਰੀਫ,
ਕਲਮਾਂ ਪੜ੍ਹਿਆ ਜਾਨ ਬਖਸ਼ੀਏ ਸਾਡੀ ਹੀ ਹੈ ਇਹ ਤਾਰੀਫ[9]।
ਦੇਰ ਨਾ ਲਾਵੋ ਕੇਸ ਮੁਨਾਵੋ ਆ ਹਜ਼ਰਤ ਦੀ ਲਵੋ ਪਨਾਹ[10],
ਜਾਂ ਬਖਸ਼ੀ ਭੀ ਹੋ ਜਾਵੇ ਅਰ ਸਾਰੇ ਧੋਤੇ ਜਾਣ ਗੁਨਾਹ[11]।

ਭਾਈ ਜੀ ਦਾ ਸਿਦਕ ਭਰਿਆ ਜਵਾਬ

ਕ੍ਰੋਧ ਚੜ੍ਹ ਗਿਆ ਭਾਈ ਜੀ ਨੂੰ ਸ਼ੇਰ ਵਾਂਗ ਬੋਲੇ ਲਲਕਾਰ,
"ਮੂੰਹ ਸੰਭਾਲ ਕੇ ਗੱਲ ਕਰੋ ਇਹ ਵਾਜਬ[12] ਨਹੀਂ ਤੁਹਾਨੂੰ ਕਾਰ।
ਕੇਸਾਂ ਦਾ ਫਿਰ ਨਾਮ ਨਾ ਲੈਣਾ ਸਿੰਘਾਂ ਹਿਤ ਹੈ ਇਹ ਦੁਰਵਾਕ,
ਬੇਰੇ ਬੇਰੇ[13] ਹੋਣਾ ਚੰਗਾ, ਮੰਦਾ ਇਹ ਸੁਣਨਾ ਭੀ ਵਾਕ।
ਸ਼ਰ੍ਹਾ ਤੁਹਾਡੇ ਘਰ ਦੀ ਹੈ ਜੋ ਚਾਹੇ ਫਤਵੇ[14] ਲਓ ਬਣਾਇ,
ਹਾਜ਼ਰ ਹਾਂ ਮੈਂ ਦੁਖ ਸਹਿਣ ਨੂੰ ਜੋ ਕਰਤੇ ਦੀ ਹੋਇ ਰਜ਼ਾਇ।
ਪਰ ਨਾ ਮੈਂ ਹੁਣ ਕੇਸ ਕਟਾਨੇ, ਨਾ ਹੋਣਾ ਹੈ ਮੁਸਲਮਾਨ,
ਬੰਦ ਤੁੜਾਵਨ ਛੱਡ ਕੇ ਭਾਵੇਂ ਕੀਮਾਂ ਹੋ ਕੇ ਨਿਕਲੇ ਜਾਨ।
ਐਡਾ ਕੇਹੜਾ ਵਖਤ ਪਿਆ, ਮੈਂ ਧਰਮ ਤਿਆਗਾਂ ਜੀਵਨ ਹੇਤ ?
ਧਰਮ ਵਾਸਤੇ ਸਦਕੇ ਹੋਣ ਸਿੰਘਾਂ ਦਾ ਤਾਂ ਹੈ ਸੰਕੇਤ[15]।"
ਸੂਬਾ, ਕਾਜ਼ੀ, ਮੁਫਤੀ, ਮੁਲਾਂ ਅਰ ਮਜਲਸ[16] ਦੇ ਮੁਸਲਮਾਨ,
ਵੇਖ ਦਲੇਰੀ ਭਾਈ ਜੀ ਦੀ ਦੰਦ ਜੁੜੇ ਹੋਏ ਹੈਰਾਨ।
ਸਿਖ ਬੜੇ ਦਿਲ ਚਲੇ ਬਹਾਦਰ ਜਾਨ ਤਲੀ ਪਰ ਰਖੀ ਟਿਕਾਇ,
ਮੌਤੋਂ ਡਰਨ ਨਾ ਰੰਚਕ ਭਰ ਭੀ ਧਰਮ ਪੁਰੋਂ ਤਨ ਦੇਣ ਘੁਮਾਇ।

---

1. ਪਛਤਾਵਾ। 2. ਧਰਮ। 3. ਸ਼ਾਨਦਾਰ। 4. ਸ਼ਾਂਤੀ, ਸੁੱਖ, ਰੱਖਿਆ। 5. ਚੰਗੀ, ਨੇਕ।
6. ਗਲ ਵੱਢ ਦੇਣ ਯੋਗ, ਮਾਰ ਦੇਣ ਦੇ ਯੋਗ। 7. ਪਾਪੀ। 8. ਮੁਸਲਮਾਨੀ ਮਤ ਦਾ ਮੂਲ ਮੰਤਰ ਭਾਵ ਮੁਸਲਮਾਨ ਬਣ ਕੇ।
9. ਗੁਣ, ਖੂਬੀ। 10. ਆਸਰਾ। 11. ਪਾਪ। 12. ਯੋਗ। 13. ਟੋਟੇ।
14. ਹੁਕਮ, ਫੈਸਲਾ, ਨਿਰਣਾ (ਮੁਸਲਮਾਨੀ ਮਤ ਦੇ ਨਿਯਮਾਂ ਅਨੁਸਾਰ)। 15. ਇਸ਼ਾਰਾ। 16. ਸਭਾ।

ਸੂਬੇ ਦਾ ਖੂਨੀ ਹੁਕਮ, ਏਸ ਦੇ ਬੰਦ ਬੰਦ ਕਟਵਾ ਦੇਵੋ

ਸੂਬਾ ਕਹਿੰਦਾ ਸਿੱਖਾਂ ਦਾ ਭੀ ਉਲਟਾ ਮਤ ਹੈ ਨਾਮਾਕੂਲ[1],
ਜੇ ਕਰ ਗੱਲ ਭਲੇ ਦੀ ਦਸੋ ਸਮਝ ਨਾ ਆਇ ਇਨ੍ਹਾਂ ਨੂੰ ਮੂਲ।
ਹੱਛਾ ਹੁਣੇ ਕਿਰਕਿਰੀ ਹੋਸੀ ਸਾਰੀ. ਸ਼ੇਖੀ ਤੇ ਬਲਕਾਰ,
ਕਸ਼ਟਾਂ ਨਾਲ ਪਿਆ ਜਦ ਪਾਲਾ ਨਿਕਲ ਜਾਇਗਾ ਸਭ ਹੰਕਾਰ।
ਫੜੋ ਜਲਾਂਦੋ ਇਸ ਕਾਫਰ ਨੂੰ ,ਕਤਲਗਾਹ ਵਿਚ ਖੜੋ ਸ਼ਿਤਾਬ,
ਜੀਕੁਰ ਹੁਕਮ ਸ਼ਰ੍ਹਾ ਨੇ ਦਿਤਾ, ਓਵੇਂ ਮਾਰੋ ਦੇ ਅਜ਼ਾਬ[2]
ਘਟ ਜਾਇਗਾ ਦੁਨੀਆਂ ਵਿਚੋਂ, ਇਕ ਕਾਫਰ ਦਾ ਹੋਰ ਵਜੂਦ[3],
ਫਤੇ ਹੋਇ ਇਸਲਾਮ ਦੀਨ ਦੀ, ਹੋ ਜਾਵਣ ਕਾਫਰ ਨਾਬੂਦ[4]।"

ਭੈੜੀ ਸੋ ਚੰਗਿਆੜੇ ਵਾਂਗਰ ਖਿਲਰ ਗਈ

ਭੈੜੀ ਸੋਇ ਹਨੇਰੀ ਦੇ ਚੰਗਿਆੜੇ ਵਾਂਗਰ ਹੋਇ ਪ੍ਰਕਾਸ਼,
ਦੁਖੀਏ ਸੰਦੀ ਆਹ ਦਾ ਧੂੰਆਂ, ਪਲ ਵਿਚ ਜੀਕੁਰ ਚੜ੍ਹੇ ਅਕਾਸ਼।
ਧੁੰਮੀ ਖਬਰ ਲਾਹੌਰ ਸ਼ਹਿਰ ਵਿਚ ਭਾਈ ਮਨੀ ਸਿੰਘ ਬਲਵਾਨ,
ਪੰਜ ਹਜ਼ਾਰ ਰੁਪੱਯੇ ਖਾਤਰ ਧਰਮੋਂ ਹੋਣ ਲਗੇ ਕੁਰਬਾਨ।
ਗੁਰੂ ਘਰ ਦੇ ਸ਼ਰਧਾਲੂ ਹਿੰਦੂ ਉੱਦਮ ਕਰਕੇ ਹੋਏ ਤਿਆਰ,
ਰਲ ਮਿਲ ਪਲ ਵਿਚ ਕੱਠਾ ਕੀਤਾ, ਚੱਟੀ ਕਾਰਨ ਪੰਜ ਹਜ਼ਾਰ।

ਪ੍ਰੇਮੀ ਸਹਿਜਧਾਰੀਆਂ ਨੇ ਰੁਪਏ ਲੈ ਆਂਦੇ

ਰਸਤੇ ਵਿਚ ਜੱਲਾਦ ਅਜੇ ਸਨ, ਤੋੜੇ ਲੈ ਕੇ ਪਹੁੰਚੇ ਜਾਇ,
ਅਸੀਂ ਰੁਪੱਯਾ ਲੈ ਆਏ ਹਾਂ, ਤੁਸੀਂ ਜ਼ਰਾਂ ਜਾਵੋ ਸਸਤਾਇ[5]।
ਮੋੜ ਕਚਹਿਰੀ ਲੈ ਚਲੋ ਅਰ ਅਸੀਂ ਰੁਪੱਯਾ ਦੇਈਏ ਤਾਰ,
ਇਸ ਵਿਚ ਭਲਾ ਤੁਹਾਡਾ ਹੋਸੀ ਸਫਲ ਹੋਇਗੀ ਸਾਡੀ ਕਾਰ।
ਭਵਾਂ ਚੜ੍ਹਾਇ ਜੱਲਾਦ ਬੋਲਿਆ, ਹਟ ਜਾਵੋ ਪਿਛੇ ਮੁਰਦਾਰ,
ਜਯੋਂ ਸਾਨੂੰ ਮਿਲ ਚੁਕੀ ਆਗਿਆ, ਤਯੋਂ ਭੁਗਤਾਵਾਂਗੇ ਹੁਣ ਕਾਰ।
ਪੈਰੀਂ ਪੈ ਪੈ ਹਾੜੇ ਕੱਢ ਲੋਕਾਂ ਜ਼ਰਾ ਠਰ੍ਹਾਵਨ ਕਾਣ,
ਪਰ ਪੱਥਰ ਦੇ ਹਿਰਦੇ ਵਾਲੇ ਕਦ ਲਗੇ ਸਨ ਦਯਾ ਕਮਾਨ।
ਚਾਲ ਸਗੋਂ ਕੁਝ ਤੇਜ਼ ਕਰ ਲਈ ਮਤ ਸੂਬੇ ਪਹਿ ਪਹੁੰਚ ਨਾ ਪੈਣ,
ਤਾਰ ਰੁਪੱਯਾ ਮਿੰਨਤਾਂ ਕਰਕੇ, ਕਾਫਰ ਨੂੰ ਛੁਡਵਾਇ ਨਾ ਲੈਣ।
ਦੇਖ ਬਿਦਰਦੀ ਜੱਲਾਦਾਂ ਦੀ, ਹੋਏ ਹਿੰਦੂ ਲੋਕ ਨਿਰਾਸ,
ਹੰਝੂ ਨਿਕਲ ਪਏ ਅੱਖਾਂ ਤੋਂ ਚੇਹਰੇ ਪੀਲੇ ਪਏ ਉਦਾਸ।

1. ਅਯੋਗ, ਮੂਰਖਤਾ ਭਰਿਆ। 2. ਦੁੱਖ। 3. ਹਸਤੀ, ਹੋਂਦ। 4. ਅਣਹੋਂਦ, ਨਾਸ। 5. ਰੁਕ।

ਸ਼ੋਕ ਭਰੇ ਸਹਿਜਧਾਰੀਆਂ ਨੂੰ ਭਾਈ ਜੀ ਦੀ ਸਿਖਿਆ

ਭਾਈ ਜੀ ਏਹ ਦੇਖ ਉਦਾਸੀ, ਦੇਣ ਲਗੇ ਸਭ ਨੂੰ ਉਪਦੇਸ਼,
ਮੇਰੇ ਜੀਵਨ ਹੇਤ ਪਿਆਰਿਓ, ਕਿਉਂ ਕਰਦੇ ਹੋ ਬ੍ਰਿਥਾ ਕਲੇਸ਼ ?
ਮੁੱਕੇ ਚੋਗ ਇਰਾਦਾ ਪੁੱਗੇ ਸਭ ਨੇ ਤਜਣਾ ਹੈ ਸੰਸਾਰ,
ਕਿਸ ਜੀਵਨ ਪਰ ਭੁੱਲੇ ਕੋਈ, ਜਿਸ ਤੇ ਪਲ ਦਾ ਨਹੀਂ ਇਤਬਾਰ।
ਆਤਮ ਹੈ ਅਬਿਨਾਸੀ ਕੇਵਲ ਜਾਮਾਂ ਉਤੋਂ ਲਏ ਵਟਾਇ,
ਨਾ ਇਹ ਮਰੇ, ਨਾ ਸੜੇ, ਨਾ ਡੁੱਬੇ, ਨਾ ਤਲਵਾਰੀਂ ਕਟਿਆ ਜਾਇ।
ਨਾਮ ਜਪੋ ਸੰਤੋਸ਼ ਕਰੋ ਅਰ ਭਾਣਾ ਮੰਨੋ ਸ਼ੁਕਰਾਂ ਨਾਲ,
ਕਰਤੇ ਦੇ ਭਾਣੇ ਵਿਚ ਦੁਖ ਸੁਖ ਜੋ ਆਵੇ ਸੋ ਝੱਲੇ ਝਾਲ।
ਮੇਰਾ ਮਰਨਾ ਮਰਨਾ ਨਾਹੀਂ, ਇਹ ਸਮਝੋ ਆਨੰਦ ਮਹਾਨ,
ਧਰਮ ਪਜਾਰੇ ਧਰਮ ਵਾਸਤੇ, ਸਦਕੇ ਹੋਣ ਲਗੀ ਹੈ ਜਾਨ।
ਤਾਂ ਤੇ ਤੁਸੀਂ ਨ ਯਤਨ ਕਰੋ ਹੁਣ ਜੋ ਹੋਣਾ ਸੋ ਜਾਸੀ ਹੋਇ,
ਜੋ ਲਿਖਿਆ ਸੋ ਭੋਗ ਲਿਆ ਹੁਣ, ਵਾਧ ਘਾਟ ਨਹੀਂ ਹੋਣੀ ਕੋਇ।
ਸੁਣ ਉਪਦੇਸ਼ ਪ੍ਰੇਮੀ ਸਾਰੇ ਦਿਲ ਬੁੱਝੇ ਹੋਏ ਬੇਆਸ,
ਪਰਮ ਦੁਖਿਤ ਹੋ ਮੁੜੇ ਪਿਛਾਹਾਂ ਟੁੱਟੇ ਸਭ ਦੇ ਦਿਲੋਂ ਹਰਾਸ।

ਦੁਖ ਪੀੜਾ ਤੇ ਮੌਤ ਤੇ ਰਤਾ ਭੀ ਨਹੀਂ ਘਬਰਾਯਾ

ਕੁਦਰਤ ਦੇ ਹਨ ਖੇਲ ਨਿਆਰੇ ਭੇਦ ਨਾ ਇਸ ਦਾ ਪਾਯਾ ਜਾਇ,
ਪਾਪੀ ਦਾ ਸਿਰ ਉੱਚਾ ਹੋਵੇ, ਧਰਮੀ ਉਸ ਤੋਂ ਚੋਟਾਂ ਖਾਇ।
ਨੀਚ ਕੁਕਰਮੀ ਹਾਕਮ ਬਣ ਕੇ, ਸਤ ਪੁਰਸ਼ਾਂ ਦੇ ਲਹੂ ਵਹਾਇ,
ਕਾਮੀ ਕਪਟੀ ਦੀ ਸਰਦਾਰੀ, ਭਗਤਾਂ ਦੇ ਸਿਰ ਉੱਪਰ ਆਇ।
ਇਕ ਈਸ਼ਵਰ ਦਾ ਭਗਤ ਪਿਆਰਾ, ਦੂਜਾ ਪੱਥਰ ਦਿਲ ਜੱਲਾਦ,
ਵੱਸ ਪਿਆ ਪਾਪੀ ਦੇ ਧਰਮੀ, ਇਹ ਦੇਖੋ ਉਲਟੀ ਮਰਯਾਦ।
ਸਿਦਕੀ ਪ੍ਰੇਮੀ ਮਨੀ ਸਿੰਘ ਜੀ, ਕੈਸੇ ਬੈਠੇ ਹਨ ਗੰਭੀਰ,
ਮਾਨੋ ਦੁਖ ਅਰ ਮੌਤ ਇਨ੍ਹਾਂ ਨੂੰ, ਰਤਾ ਨਹੀਂ ਕੀਤਾ ਦਿਲਗੀਰ[1]।

ਹੇ ਜਲਾਦ ! ਤੂੰ ਮਾਲਕ ਦਾ ਹੁਕਮ ਪੂਰਾ ਕਰ

ਫੜ ਤੇਸਾ ਜਲਾਦ ਕਸਾਈ ਲੱਗਾ ਵੀਣੀ ਕਰਨ ਜੁਦਾਇ,
ਵੇ ਅਨੀਤੀ ਭਾਈ ਜੀ ਨੇ ਪਿੱਛੇ ਕੀਤਾ ਹੱਥ ਹਟਾਇ।
ਕਹਿਣ ਲੱਗੇ, "ਤੂੰ ਬੰਦ ਬੰਦ ਕੱਟਣ ਦਾ ਕੀਤਾ ਹੈ ਇਕਰਾਰ।
ਆਪਣੇ ਸੁਖ ਦੇ ਹੇਤ ਕਰੇਂ ਕਿਉਂ, ਉਸ ਆਗਜਾ ਤੋਂ ਉਲਟੀ ਕਾਰ ?

1. ਉਦਾਸ।

ਇਕ ਉਂਗਲ ਵਿਚ ਤਿੰਨ੍ਹ ਤਿੰਨ ਪੋਟੇ ਏਹ ਭੀ ਸਾਰੇ ਬੰਦ ਕਹਾਨ,
ਪਹਿਲਾਂ ਟੋਟੇ ਕਰ ਏਨ੍ਹਾਂ ਦੇ ਫਿਰ ਵੀਣੀ ਵਲ ਕਰੀਂ ਧਿਆਨ"।
ਵਿਸਮਜ[1] ਹੋ ਜਲਾਦ ਉਵੇਂ ਹੀ ਲੱਗਾ ਇਕ ਇਕ ਕੱਟਨ ਬੰਦ,
ਭਾਈ ਜੀ ਦਾ ਚੇਹਰਾ ਹਸਮੁਖ ਦਿਸੇ ਚਮਕਦਾ ਵਾਂਗਰ ਚੰਦ।
ਪੱਟੇ ਗੁੱਟ ਅਰਕ ਮੋਢੇ ਕਟ ਕਟ ਲਾਈ ਜਾਵੇ ਢੇਰ,
ਪਰ ਮੂੰਹੋਂ 'ਸੀ' 'ਹਾਇ' ਨਾ ਕੱਢੇ ਕਲਗੀਧਰ ਦਾ ਪ੍ਰੇਮੀ ਸ਼ੇਰ।

ਨਾਮ ਦੇ ਪ੍ਰੇਮੀ ਵਿਚ ਕੀ ਸਤਯਾ ਹੈ ?

ਨਾਮ ਜਪੇ ਅਰ ਧੰਨ ਧੰਨ ਉਚਰੇ, ਮੱਥੇ ਪਰ ਨਾ ਵੱਟ ਦਿਸਾਇ,
ਪਲ ਦੀ ਪਲ ਵਿਚ ਜਲਾਦਾਂ ਨੇ, ਕਟ ਕਟ ਦਿਤਾ ਢੇਰ ਲਗਾਇ।
ਧਰਮੀ ਧਰਮ ਹੇਤ ਤਨ ਤਜ ਕੇ ਸਚਖੰਡ ਵਿਚ ਪਹੁੰਚਾ ਜਾਇ,
ਧਰਮ ਸਹਾਈ ਪੱਲੇ ਲੈ ਗਿਆ ਕੂੜੇ ਜਗ ਤੋਂ ਕੰਡ ਵਲਾਇ[2]।
ਧਰਕ ਗਿਆ ਧਰਨੀ ਦਾ ਹਿਰਦਾ ਸੜ ਉੱਠੀ ਛਾਤੀ ਦੁਖ ਨਾਲ।
ਧਰਮ ਪੁੱਤ੍ਰ ਦਾ ਲਹੂ ਡੁਲ੍ਹਦਾ, ਵੇਖ ਹੋ ਗਈ ਲਾਲੋ ਲਾਲ।
ਕੇਰ ਅਥਰੂ ਕੰਬ ਕੰਬ ਕੇ ਦੁਨੀਆਂ ਨੇ ਇਕ ਦਿਤਾ ਸਰਾਪ,
ਨਸ਼ਟ ਹੋਇ ਅਨਜਾਇ ਰਾਜ ਉਹ, ਜਿਸ ਵਿਚ ਹੋਵਨ ਐਸੇ ਪਾਪ।
ਜਾਏ[3] ਮੇਰੇ ਖਾਇ ਜੇਹੜਾ, ਉਸਦਾ ਬੀਜ ਨਾਸ ਹੋ ਜਾਇ,
ਮੇਰੇ ਪੁਤ੍ਰਾਂ ਦਾ ਜੋ ਮੇਰੇ ਸਿਰ ਤੇ ਬਹਿ ਕੇ ਲਹੂ ਵਹਾਇ।
ਪੌਣ ਚੜੀ ਆਕਾਸ਼ ਜਿਸ ਸਮੇਂ ਦੇਵਤਿਆਂ ਨੇ ਫੁੱਲ ਵਸਾਇ,
ਧਰਮੀ ਦੀ ਜੈਕਾਰ ਗਜਾਈ ਵਿਚ ਬਿਬਾਣਾਂ ਲਿਆ ਬਿਠਾਇ।
ਸਚਖੰਡ ਵਿਚ ਜਾਇ ਪੁਚਾਇ ਮੁਖ ਉੱਜਲ ਪੈਧਾ[4] ਗੁਰ ਲਾਲ,
ਪਰਮ ਜੋਤ ਵਿਚ ਜੋਤ ਮਿਲ ਗਈ ਧਰਮ ਬਚਾ ਕੇ ਆਪਣੇ ਨਾਲ।

ਧਰਮ ਦੀ ਸੁਗੰਧੀ ਕਿਸ ਤਰ੍ਹਾਂ ਖਿਲਰਦੀ ਹੈ ?

ਹੇ ਮੰਦ ਪਾਪੀ ! ਸੋਚ ਰਤਾ; ਵਡਿਆਂ ਦੇ ਗੁਣ ਅਰ ਆਪਣੀ ਕਾਰ।
ਆਪਣੇ ਪਾਪ ਕੁਕਰਮ ਵੇਖ, ਅਰ ਵੇਖ ਉਨ੍ਹਾਂ ਦਾ ਧਰਮ ਪਿਆਰ।
ਜਾਇ ਲਾਹੌਰ[5] ਸ਼ਹੀਦ ਗੰਜ ਵਿਚ ਵੇਖ ਉਨ੍ਹਾਂ ਦੇ ਖੜੇ ਨਿਸ਼ਾਨ।
ਗੰਧੀ ਲੈ ਉਸ ਬਾਗੀਚੇ ਦੀ ਜਿਸ ਦੀ ਓਵੇਂ ਦਿੱਸੇ ਸ਼ਾਨ।
ਰਹਿੰਦੀ ਦੁਨੀਆਂ ਤੀਕ ਰਹੇਗਾ, ਜੱਸ ਉਨ੍ਹਾਂ ਦਾ ਓਸੇ ਭਾਇ,
ਲੈ ਲੈ ਨਾਮ ਜੀਏਗੀ ਖਲਕਤ ਨੇਕੀ ਜੋ ਜਨ ਗਏ ਕਮਾਇ।
ਪਏ ਪੂਰਨੇ ਵੇਖ ਉਨ੍ਹਾਂ ਦੇ, ਆਪਣਾ ਭੀ ਕਰ ਮਨਾਂ ਸੁਧਾਰ,

1. ਹੈਰਾਨ। 2. ਪਿਠ ਮੋੜ ਕੇ। 3. ਬੱਚੇ। 4. ਗਿਆ। 5. ਹੁਣ ਪਾਕਿਸਤਾਨ ਵਿਚ।

ਪਾਪ ਕੁਸੱਤ ਜਿਧੇ ਹਿਤ ਕਰੀਏ, ਉਹ ਜੀਵਨ ਹੈ ਘੜੀਆਂ ਚਾਰ।
ਧਰਮ ਸਦਾ ਦਾ ਸਾਥੀ ਹੈ ਇਹ ਧਰਮ ਅਮੋਲਕ ਸੁੱਚਾ ਲਾਲ,
ਮਾਯਾ ਦੀ ਛਾਯਾ ਵਿਚ ਅੰਨਾਂ ਹੋ ਨਾ ਵਟਾਈਂ ਕੱਚਾਂ ਨਾਲ।
ਨਾਸਵਾਨ ਜੀਵਨ ਦੀਆਂ ਘੜੀਆਂ, ਧਰਮ ਕਰਮ ਵਿਚ ਲਈ ਗੁਜ਼ਾਰ,
ਫਿਰ ਇਹ ਜੀਵਨ ਹਥ ਨਾ ਆਸੀ, ਪਛਤਾਵੇਂਗਾ ਜੂਏ ਹਾਰ।
ਜੋ ਨੇਕੀ ਕਰ ਧਰਮ ਕਮਾ ਕੇ, ਪਹੁੰਚਨ ਸਾਈਂ ਦੇ ਦਰਬਾਰ,
ਆਦਰ ਮਿਲੇ ਸਥਿੱਰਤਾ ਲੱਭੇ, ਆਵਾਗਵਨੋਂ ਹੋਵਣ ਪਾਰ।
ਮੁਕਤੀ ਭੁਗਤੀ ਪ੍ਰੇਮ ਸ਼ਾਂਤੀ, ਪਜਾਰੇ ਪਰਮਾਤਮਾ ਦਾ ਮੇਲ,
ਏਹ ਸਭ ਸਹਿਜੇ ਪ੍ਰਾਪਤ ਹੋਵਣ, ਖੇਡ ਜਾਇ ਜੋ ਸੱਚੀ ਖੇਲ।

"For gold is tried in fire, and acceptable men in the furnace of adversity"*

—Sir Ach.

---

* ਕਿਉਂਕਿ ਸੋਨਾ ਅੱਗ ਉੱਤੇ ਪਰਖਿਆ ਜਾਂਦਾ ਹੈ ਤੇ ਪਰਵਾਨ ਚੜ੍ਹਨ ਵਾਲੇ ਮਨੁੱਖ ਦੁੱਖਾਂ ਦੀ ਭੱਠੀ ਵਿਚ।

ਭਾਈ ਤਾਰੂ ਸਿੰਘ ਜੀ ਦੀ ਲਾਹੌਰ ਵਿਚ ਸ਼ਹਾਦਤ ਤੇ ਭਾਈ ਜੀ ਦੀ ਧਰਮ ਕਮਾਈ ਦਾ ਨਮੂਨਾ ਤੇ ਪੰਥਕ ਪਿਆਰ

"Shall there not be as good a 'then' as now ?
Haply much better..... Therefore fear I not,
And therefore, Holy Sir; my life is glad,
No wise forgetting yet those other lives
Painful and poor, wicked and miserable,
whereon the Gods grant pity; But for me,
what good I see, humbly I seek to do,
And live obedient to the law, in trust,
That what will come, and must-come, shall come well."*

—LIGHT OF ASIA-BK 6

ਦੋਹਰਾ

ਯਾਦ, ਗਰੀਬੀ[1],ਮਿਤ੍ਰਤਾ, ਚੌਥਾ ਧਰਮ ਪਿਆਰ।
ਜਦ ਤਕ ਘੱਟ[2] ਵਿਚ ਪ੍ਰਾਣ ਹਨ ਪਾਲਨ ਕਰੀਏ ਚਾਰ।
ਇਕ ਪੰਥ ਸੇਵਕ ਧਰਮ ਪਜਾਰੀ ਰੂਹ ਪਰ ਉਪਕਾਰ ਦੀ,
ਪੰਜਾਬ ਦੇ ਵਿਚ ਚੰਦ ਵਾਂਗੂ ਪੰਥ ਨੂੰ ਸੀ ਠਾਰਦੀ।
ਵਿਸਰਾਮ ਪੂਹਲੇ[3] ਗ੍ਰਾਮ ਦੇ ਵਿਚ ਰੱਖ ਜੋਤ ਪਸਾਰਦੀ,
ਅਰ ਨਾਮ ਤਾਰੂ ਸਿੰਘ ਧਰ ਕੇ ਦੇਸ਼ ਨੂੰ ਸੀ ਤਾਰਦੀ।
ਹਿਰਦਾ ਸੁਸ਼ੀਲ ਜਵਾਨ ਉਮਰਾ ਨੂਰ ਮੱਥੇ ਡਲ੍ਹਕਦਾ,

---

1. ਨਿਮ੍ਰਤਾ ਤੋਂ ਭਾਵ ਹੈ ਨਾ ਕਿ ਕੰਗਾਲੀ ਤੋਂ। 2. ਸਰੀਰ।
3. ਮਾਝੇ ਦੇ ਇਲਾਕੇ ਦਾ ਇਕ ਨਗਰ ਜੋ ਤਹਿਸੀਲ ਕਸੂਰ ਜ਼ਿਲਾ ਲਾਹੌਰ (ਹੁਣ ਪਾਕਿਸਤਾਨ ਵਿਚ) ਸੀ।

* ਕੀ "ਹੁਣ" ਵਰਗੀ ਹੀ ਚੰਗੀ "ਫੇਰ" ਨਹੀਂ ਆਵੇਗੀ ? ਖੁਸ਼ੀ ਹੈ ਕਿ ਸਗੋਂ ਚੰਗੇਰੀ। ਇਸ ਲਈ ਮੈਂ ਨਹੀਂ ਡਰਦਾ। ਇਸ ਲਈ, ਹੇ ਪਵਿਤਰ ਮਾਲਕ ! ਮੇਰਾ ਜੀਵਨ ਖੁਸ਼ ਹੈ ਮੈਂ ਕੋਈ ਸਿਆਣਪ ਨਹੀਂ ਸਮਝਦਾ ਉਨ੍ਹਾਂ ਹੋਰ ਜੀਵਨਾਂ ਨੂੰ ਭੁਲਣਾ ਜੋ ਦੁੱਖੀ ਤੇ ਕੰਗਾਲ ਹਨ, ਨੀਵੇਂ ਤੇ ਕਸ਼ਟ ਭਰੇ ਹਨ ਜਿਨ੍ਹਾਂ ਤੇ ਦੇਵਤੇ ਤਰਸ ਕਰ ਦੇ ਹਨ। ਜਿਸ ਵਿਚ ਮੈਂ ਚੰਗਿਆਈ ਵੇਖਦਾ ਹਾਂ, ਨਿਮ੍ਰਤਾ ਨਾਲ ਉਹ ਕਰਨੀ ਚਾਹੁੰਦਾ ਹਾਂ ਤੇ ਉਸ ਨਿਯਮ ਦੀ ਆਗਿਆ ਭਰੋਸੇ ਵਿਚ ਪਾਲਦਾ ਹਾਂ ਕਿ ਜੋ ਆਉਣਾ ਹੈ, ਜ਼ਰੂਰ ਆਉਣਾ ਹੈ ਸੋ ਭਲੀ ਪ੍ਰਕਾਰ ਆਵੇ।

(ਮਹਾਤਮਾ ਬੁੱਧ ਦੇ ਜੀਵਨ ਸਬੰਧੀ ਆਰਨੋਲਡ ਦੀ ਕਾਵਿ ਪੁਸਤਕ, ਏਸ਼ੀਆ ਦਾ ਚਾਨਣ)

ਇਕ ਪ੍ਰੇਮ ਦਾ ਦਰਯਾਉ ਮਾਨੋ ਮਾਰ ਠਾਠਾਂ ਛਲਕਦਾ।
ਇਕ ਬ੍ਰਿਧ ਮਾਤਾ ਜੀਉਂਦੀ ਅਰ ਭੈਣ ਇਕ ਮੁਟਿਆਰ ਸੀ,
ਅਰ ਤੀਸਰਾ ਇਹ ਲਾਲ ਗੁਰ ਦਾ, ਪ੍ਰੇਮ ਦਾ ਭੰਡਾਰ ਸੀ।
ਮਾਂ ਭੈਣ ਦੋਨੋਂ ਪੁਹਰਿਆ[1] ਕਰ ਕਰ ਅਨਾਜ ਲਿਆਂਦੀਆਂ,
ਉਸ ਅੰਨ ਦਾਣੇ ਨਾਲ ਘਰ ਦਾ ਕੰਮ ਕਾਜ ਚਲਾਂਦੀਆਂ।
ਇਹ ਪ੍ਰੇਮ ਪੁਤਲਾ ਖੇਤ ਆਪਣਾ, ਬੀਜਦਾ ਅਰ ਵਾਹੁੰਦਾ,
ਜਦ ਪੱਕ ਜਾਵੇ ਗਾਹ ਕੇ, ਸਭ ਪੰਥ ਪਾਸ ਪਚਾਉਂਦਾ।
ਨਾ ਆਪ ਅੰਗੀਕਾਰ ਕਰਦਾ, ਓਸ ਵਿਚੋਂ ਸੇਰ ਭੀ,
ਘਰ ਵਿਚ ਭੀ ਜੋ ਬੱਚ ਰਹੇ ਉਹ ਕਰੇ ਭੇਟਾ ਪੰਥ ਦੀ।
ਇਸ ਰੀਤ ਇਸਨੇ ਜੱਗ ਸੀ ਇਕ ਪੰਥ ਖਾਤਰ ਲਾਇਆ,
ਅਰ ਸਿੰਜਣੇ ਨੂੰ ਕੌਮ ਦੇ, ਦਰਯਾਇ ਸੀਗ ਵਗਾਯਾ।
ਇਹ ਪਾਲਦਾ ਸੀ ਕੌਮ ਨੂੰ ਅਰ ਕੌਮ ਕਰਦੀ ਕਾਰ ਸੀ।
ਉਹ ਦੇਸ਼ ਦੇ ਭਾਰੇ ਕਲੇਸ਼ਾਂ ਦਾ ਹਟਾਂਦੀ ਭਾਰ ਸੀ।

ਦੋਹਰਾ

ਓਸ ਸਮੇਂ ਵਿਚ ਕੌਮ ਭੀ ਕਿਸ ਵਿਪਦਾ ਦੇ ਵਿਚ,
ਰਤਾ ਕੁ ਜਿੰਨਾਂ ਦੱਸਣਾ, ਨਕਸ਼ਾ ਉਸ ਦਾ ਖਿੱਚ।
ਜਦ ਪੰਥ ਪਜਾਰੇ ਮਨੀ ਸਿੰਘ ਜੀ ਬੰਦ ਬੰਦ ਕਟਾ ਗਏ,
ਅਰ ਹੋਰ ਕਈ ਸਿੰਘ ਸੂਰੇ ਜਾਨ ਘੋਲ ਘੁਮਾ ਗਏ।
ਤਦ ਖਾਲਸੇ ਵਿਚ ਬੀਰਤਾ ਨੇ ਜ਼ੋਰ ਐਸਾ ਮਾਰਿਆ,
ਪੰਜਾਬ ਵਿਚੋਂ ਪਾਪ ਦਾ ਇਹ ਮੂਲ ਚਾਹਨ ਉਖਾੜਿਆ।
ਏਹ ਗੇਣਵੇਂ ਸਨ ਸੂਰਮੇਂ, ਅਰ ਵਾਹਿਗੁਰੂ ਦੀ ਆਸ ਸੀ।
ਨਾ ਮਾਲ, ਅਰ ਨਾ ਰਸਦ, ਨਾ ਬੰਦੂਕ ਦਾਰੂ ਪਾਸ ਸੀ।
ਪਰ ਫੇਰ ਭੀ ਬਲਬੀਰ ਸਿੰਘਾਂ ਜ਼ੋਰ ਸਾਰਾ ਲਾਯਾ,
ਅਰ ਤੁਰਕ ਹਾਕਮ ਨੂੰ ਭਲੀ ਬਿਧ, ਧਰਮ ਪ੍ਰੇਮ ਵਿਖਾਇਆ।
ਨਾਦਰ ਜਦੋਂ ਪੰਜਾਬ ਵਿਚੋਂ, ਗਿਆ ਖੌਰੂ ਮਾਰਦਾ,
ਤਦ ਖਾਲਸੇ ਨੇ ਹੱਥ ਉਸਨੂੰ ਦਸਿਆ ਬਲਕਾਰ ਦਾ।

ਧਰਮ ਤੇ ਪਾਪ ਦਾ ਜੰਗ

ਹੁਣ ਦੇਸ਼ ਦੇ ਵਿਚ ਘਾਤਕਾਂ ਅਰ ਖਾਲਸੇ ਦਾ ਜੰਗ ਸੀ,
ਉਸ ਤਰਫ ਸ਼ਾਹੀ ਫੌਜ ਸੀ ਅਰ ਇਧਰ ਪ੍ਰੇਮ ਤਰੰਗ[2] ਸੀ।

---
1. ਬਹੁਤ ਕਰੜੀ ਮਿਹਨਤ। 2. ਲਹਿਰ।

ਪਰ ਪ੍ਰੇਮ ਦੀ ਹੈ ਖੇਡ ਉੱਚੀ ਭੁਖ ਨੰਗ ਸਹਾਰਦੀ,
ਅਰ ਸਿਰ ਤਲੀ ਤੇ ਰੱਖ ਕੇ ਵੀ ਖੇਡਣੋਂ ਨਹੀਂ ਹਾਰਦੀ
ਰਹਿ ਗਿਆ ਸੂਬਾ ਦੰਗ ਪਿਖ ਕੇ ਏਸ ਦੇਸ਼ ਪਿਆਰ ਨੂੰ,
ਅਰ ਹਰ ਤਰ੍ਹਾਂ ਅਸਮਰਥ ਪਾਯਾ ਆਪਣੇ ਬਲਕਾਰ ਨੂੰ।
ਇਕ ਸੋਚ ਸੋਚਾਂ ਨਾਲ ਸੋਚੀ ਸਿੰਘ ਪੰਥ ਮੁਕਾਣ ਦੀ,
ਅਰ ਚੋਰੀਆਂ ਦੇ ਕਰਨ ਖਾਤਰ ਚੰਦ ਜੋਤ ਹਟਾਣ ਦੀ।

ਗਸ਼ਤੀ ਤੇ ਸੂੰਹੀਂ ਫੌਜ ਦੇ ਦੁੱਖ ਤੇ ਬਾਦਸ਼ਾਹ ਵਲੋਂ ਸਿੱਖ ਦੇ ਇਕ ਇਕ ਸਿਰ ਦਾ ਮੁੱਲ ਅੱਸੀ ਰੁਪਏ, ਨਕਦ ਇਨਾਮ

ਇਹ ਨਵਾਂ ਬੰਦੋਬਸਤ ਕੀਤਾ, ਫੌਜ ਗ਼ਸ਼ਤੀ[1] ਰਖਦਾ,
ਜੋ ਮਗਰ ਫਿਰ ਫਿਰ ਖਾਲਸੇ ਦੇ ਮਾਰਦੀ ਫਿਰਦੀ ਸਦਾ।
ਜਿਸ ਥਾਂ ਕਿਸੇ ਨੂੰ ਸਿੱਖ ਲੱਭੇ, ਬਿਨਾਂ ਪੁੱਛੇ ਮਾਰਦੇ,
ਸਿਰ ਕੱਟਕੇ ਲਾਹੌਰ ਭੇਜੇ ਪਾਸ ਸੂਬੇਦਾਰ ਦੇ।
ਇਕ ਹੋਰ ਸੂੰਹੀ[2] ਫੌਜ਼ ਰਖੀ ਫਿਰੇ ਭੇਸ ਵਟਾਇ ਕੇ,
ਜਿਥੇ ਮਿਲੇ ਦਲ ਖਾਲਸੇ ਦਾ, ਖਬਰ ਦੇਵੇ ਆਇ ਕੇ।
ਸਭ ਤੋਂ ਬੜਾ ਤਕਲੀਫ ਵਾਲਾ ਹੁਕਮ ਤੀਜਾ ਏਹੁ ਸੀ,
ਜਿਸ ਨਾਲ ਟੁਟਾ ਦੇਸ਼ ਦਾ ਭੀ ਖਾਲਸੇ ਤੋਂ ਨੇਹੁ ਸੀ।
"ਜਿਸ ਪਿੰਡ ਆਵੇ ਸਿੱਖ ਕੋਈ, ਤੁਰਤ ਰੌਲਾ ਪਾ ਦਿਓ,
ਅਰ ਸੱਦ ਪੈਂਚ ਫੜਾ ਦਿਓ, ਸਰਕਾਰ ਪਾਸ ਪੁਚਾ ਦਿਓ।"
ਮੂਹ ਚੱਲਕੇ ਲੀਤੇ ਗਏ ਸਭ ਪੈਂਦਾ ਨੰਬਰਦਾਰ ਦੇ,
ਜੋ ਇਸ ਹੁਕਮ ਦੇ ਉਲਟ ਚੱਲੂ ਸਹੂ ਦੁਖ ਸਰਕਾਰ ਦੇ।
ਚੌਥਾ ਏ ਹੁਕਮ ਚੜ੍ਹਾਇਆ, ਜੋ ਸਿੱਖ ਨੂੰ ਫੜਵਾਇਗਾ,
ਦਰਬਾਰ ਤੋਂ ਉਹ ਮਾਨ ਅਰ ਇਨਾਮ ਭਾਰਾ ਪਾਇਗਾ।
ਜੋ ਖਬਰ ਦੇਵੇ ਸਿੱਖ ਦੀ, ਉਹ ਦਸ ਰੁਪਏ ਪਾ ਲਏ,
ਜੋ ਫੜ ਲਏ ਉਹ ਵੀਹ ਰੁਪਏ, ਐਸ ਹੱਥ ਗਿਣਾ ਲਏ।
ਚਾਲੀ ਮਿਲਣਗੇ ਪਕੜ ਜੋ ਕੁਟਵਾਲ ਪਾਸ ਪੁਚਾਇਗਾ,
ਸਿਰ ਕੱਟ ਜੋ ਹਾਜ਼ਰ ਕਰੇ ਅੱਸੀ ਰੁਪਏ ਪਾਇਗਾ।

ਆਪਣੇ ਬਿਗਾਨੇ ਤੇ ਘਰਾਂ ਤੋਂ ਵੀ ਜਵਾਬ

ਇਸ ਨਵੇਂ ਬੰਦੋਬਸਤ ਨੇ ਹੁਣ ਕਹਿਰ ਘਾਤ ਕਮਾਇਆ,
ਆਪਣੇ ਭਰਾਵਾਂ ਦੀ ਮਦਦ ਤੋਂ ਦੇਸ਼ ਨੂੰ ਵੰਜਾਇਆ।

1. ਘੁਮਨ ਵਾਲੀ, ਫਿਰਦੀ। 2. ਸੂੰਹ ਜਾਂ ਪਤਾ ਲਾਉਣ ਵਾਲੀ (ਖੁਫੀਆ ਪੁਲਿਸ ਵਾਂਗ)।

ਡਰਦਾ ਨਾ ਕੋਈ ਰੱਖ ਸਕੇ, ਨਾ ਸਹਾਈ ਹੋ ਸਕੇ,
ਨਾ ਖਾਲਸੇ ਦੇ ਕਸ਼ਟ ਦੀ ਕੋਈ ਦਵਾਈ ਹੋ ਸਕੇ।
ਸਭ ਸਿੱਖ ਬੱਚੇ ਮਾਪਿਆਂ ਨੂੰ ਪਏ ਘਰਾਂ ਤੋਂ ਤਾਹੁਣੇ,
ਆਪਣੇ ਘਰੀਂ ਨਾ ਮਿਲੇ ਵੜਨਾਂ, ਵਾਂਗ ਇਕ ਪਰਾਹੁਣੇ।
ਆਪਣੇ ਬਿਗਾਨੇ ਹੋ ਗਏ, ਕੁਝ ਡਰ ਭਰੇ, ਕੁਝ ਲਾਲਚੀ।
ਜਦ ਸਿਖ ਕਿਧਰੇ ਨਜ਼ਰ ਆਵੇ, ਵਾਹਰ ਪੈਂਦੀ ਤੁਰਤ ਹੀ।
ਹੁਣ ਅਪਨਿਆਂ ਤੋਂ ਜਿੰਦ ਭੀ, ਮੁਸ਼ਕਲ ਛੁਡਾਣੀ ਹੋ ਗਈ,
ਘਰ ਘਾਟ ਛੁੱਟੇ, ਧਰਮ ਖਾਤਰ, ਬੜੀ ਕਠਨਾਈ ਪਈ।
ਜੰਗਲ ਪਹਾੜਾਂ ਵਿਚ ਲੁਕ ਛਿਪ, ਪਿਆ ਵਕਤ ਲੰਘਾਵਣਾ।
ਅਰ ਅੰਨ ਘਰ ਦਾ ਤਯਾਗ ਕੇ, ਰੁੱਖਾਂ ਦੇ ਪੱਤਰ ਖਾਵਣਾ।
ਬੇਲੇ[1] ਤੇ ਬਾਰਾਂ ਵਿਚ ਸ਼ੇਰਾਂ ਜਾਇ ਘੁਰਨੇ ਪਾ ਲਏ,
ਜੋ ਵਾਹਿਗੁਰੂ ਨੇ ਭੇਜਿਆ ਉਹ ਖਾਇ ਸ਼ੁਕਰ ਮਨਾ ਲਏ।
ਪਰ ਧਰਮ ਆਪਣਾ ਤਜਾਗਿਆ ਨਹੀਂ ਏਸ ਦੁਖ ਦੇ ਵਿਚ ਭੀ,
ਦੁਖੀਆਂ ਦੀ ਰੱਖਯਾ ਹੇਤ ਲੜਦੇ ਰਹਿਣ ਹੋ ਕੇ ਜਿੱਚ[2] ਭੀ।
ਸਭ ਜਾਣਦੇ ਸਨ ਦੇਸ਼ ਵਾਸੀ, ਗੁਣ ਇਨ੍ਹਾਂ ਦੀ ਕਾਰ ਦਾ,
ਪਰ ਮਦਦ ਤੋਂ ਅਸਮਰਥ ਸਨ, ਡੰਡਾ ਫਿਰੇ ਸਰਕਾਰ ਦਾ।
ਦੁੱਖ ਹਿੰਦੂਆਂ ਦੇ ਘਟ ਗਏ ਸਨ, ਏਸ ਹਿੰਮਤ ਨਾਲ ਹੀ,
ਜੇ ਸਿੱਖ ਨਾ ਵਿਚ ਆਂਵਦੇ, ਤਦ ਹੋਵਣਾ ਬੁਰਾ ਹਾਲ ਸੀ।
ਪਰ ਹੁਕਮ ਹਾਕਮ ਸਾਹਮਣੇ, ਕੁਝ ਪੇਸ਼ ਨਹੀਂ ਸੀ ਜਾਂਵਦੀ,
ਮਾਂ ਪੁਤ੍ਰ ਨੂੰ ਭੀ ਜੀ ਭਿਆਣੇ[3], ਮੂੰਹ ਨਹੀਂ ਸੀ ਲਾਂਵਦੀ।
ਇਹ ਮੁਸ਼ਕਲਾਂ ਦੇ ਸਮੇਂ ਅੰਦਰ ਸਾਰ ਲੈਣੀ ਪੰਥ ਦੀ,
ਦਿਲ ਦਰਦ ਪ੍ਰੇਮ ਪੁਤਲੇ ਬੀਰ ਦਾ ਹੀ ਕੰਮ ਸੀ।

ਗੁਰੂ ਦੀ ਗਲੀ ਵਿਚ ਵਿਕੇ ਹੋਯਾਂ ਦੀ ਸੇਵਾ

ਧਰਕੇ ਤਲੀ ਤੇ ਜਿੰਦ ਨੂੰ ਪਹੁੰਚਾਇ ਰਸਤਾ ਕੇਹੜਾ ?
ਵਿਕ ਚੁੱਕਿਆ ਹੈ ਗਲੀ ਗੁਰ ਦੀ ਵਿਚ ਵੜਕੇ ਜੇਹੜਾ।
ਬਲਬੀਰ ਤਾਰੂ ਸਿੰਘ ਜੀ, ਇਸ ਵਕਤ ਸਿਰ ਨੂੰ ਡਾਹ ਕੇ,
ਸਾਰੀ ਕਮਾਈ ਖਾਲਸੇ ਨੂੰ ਭੇਜਦੇ ਸਨ ਵਾਹ ਕੇ।
ਮਾਂ ਭੈਣ ਦਸ ਨਹੁੰ ਭੋਰ ਕੇ[4], ਨਿਰਬਾਹ ਕਰਨ ਸਰੀਰ ਦਾ,
ਅਰ ਤ੍ਰਾਣ ਸਾਰਾ ਖਰਚ ਹੋਵੇ ਪੰਥ ਖਾਤਰ ਵੀਰ ਦਾ।
ਇਹ ਅੰਨ ਦਾਲ ਤਜਾਰ ਕਰਕੇ ਧਰ ਛਡੇ ਪਰਭਾਤ ਨੂੰ,

1. ਜੰਗਲ। 2. ਦੁੱਖੀ। 3. ਘਬਰਾਈ।
4. ਮੇਹਨਤ ਨਾਲ ਕੰਮ ਕਰਨਾ, ਸਿੱਖਾਂ ਵਿਚ ਆਮ ਮੁਹਾਵਰਾ ਹੈ ਦਸਾਂ ਨਹੁੰਆਂ ਦੀ ਕਿਰਤ।

ਅਰ ਭੁੱਖ ਸਤਿਆ ਖਾਲਸਾ ਲੈ ਜਾਇ ਆ ਕੇ ਰਾਤ ਨੂੰ।
ਦੋਹਰਾ—ਫਲ ਪਹੁੰਚਾਵੇ ਦੇਸ਼ ਨੂੰ ਭਾਈ ਜੀ ਦਾ ਦਾਨ।
ਖਾ ਕੇ ਇਸ ਨੂੰ ਸੂਰਮੇ ਧਰਮ ਯੁੱਧ ਹਿਤ ਜਾਨ।
ਇਹ ਪੰਥ ਸੇਵਾ ਬੀਰ ਦੀ ਉਠਦੀ ਸੁਗੰਧੀ ਵਾਂਗ ਸੀ,
ਅਰ ਧਾਂਕ ਬੱਝੀ ਸਭ ਜਗਾ ਇਸਦੀ ਦਲੇਰੀ ਪਜਾਰ ਦੀ।
ਸੀ ਪਿੰਡ ਪੂਹਲਾ[1] ਲਾਂਭ ਕਰਕੇ, ਜਾਣਦਾ ਨਹੀਂ ਕੋਇ ਸੀ।
ਉਪਕਾਰ ਦੀ ਪਰ ਖਿੰਡਦੀ, ਪੰਜਾਬ ਭਰ ਵਿਚ ਸੋਇ ਸੀ।
ਹੁਣ ਵੈਰੀਆਂ ਦੇ ਸੂਹਿਆਂ ਨੂੰ, ਪਤਾ ਕਿਧਰੋਂ ਚਲ ਗਿਆ,
ਇਕ ਸਿੱਖ ਜੀਉਂਦਾ ਦੇਖ ਕੇ ਤਨ ਮਨ ਇਨ੍ਹਾਂ ਦਾ ਜਲ ਗਿਆ।
ਦਰਬਾਰ ਵਿਚ ਜਾ ਖਬਰ ਕੀਤੀ ਇਕ ਬੂਟਾ ਛਾਉਂਦਾ,
ਕਿਰਤ ਸਾਰੀ ਖਾਲਸੇ ਨੂੰ ਖਾਣ ਹਿਤ ਪਹੁੰਚਾਉਂਦਾ।
ਹੈ ਨਾਮ "ਤਾਰੂ ਸਿੰਘ" ਉਸਦਾ ਵਿਚ ਪੂਹਲੇ ਵੱਸਦਾ,
ਉਹ ਦੁਸ਼ਮਨਾਂ ਨੂੰ ਤ੍ਰਾਣ ਦੇ ਦੇ, ਲੜਨ ਖਾਤਰ ਕੱਸਦਾ।
ਉਸਨੂੰ ਤਸੀਹਾ ਢੇਰ ਦੇ ਕੇ, ਚਾਹੀਏ ਮਰਵਾਉਣਾ,
ਮਤ ਹੋਰ ਕੋਈ ਛੇੜ ਦੇਵਣ, ਮਦਦ ਇਉਂ ਪਹੁੰਚਾਉਣਾ।
ਸੂਬੇ ਸੁਣੀ ਜਦ ਗੱਲ ਇਹ, ਤਦ ਤੁਰਤ ਹੁਕਮ ਚੜ੍ਹਾਇਆ,
ਇਕ ਸਿੱਖ ਸੇਵਕ ਫੜਨ ਨੂੰ ਤੁਰਕਾਂ ਦਾ ਦਸਤਾ ਆਇਆ।

ਦੋਹਰਾ

ਭੁੱਖ ਜਿਨ੍ਹਾਂ ਜੀਉਣ ਦੀ, ਦੇਖ ਮੌਤ ਡਰ ਜਾਨ,
ਜੋ ਜੀਉਂਦੇ ਮਰ ਰਹੇ, ਸੋ ਕਿਉਂ ਸ਼ੋਕ ਮਨਾਨ ?

ਅਨੀਤੀ ਤੇ ਪਾਪ ਦੀ ਨਦੀ ਦੇ ਉਛਾਲੇ

ਨਾ ਚਿਤ ਚੇਤਾ ਬੀਰ ਨੂੰ, ਨਾ ਸਾਰ ਕੋਈ ਮੂਲ ਸੀ,
ਅਣਗੇਣਵੀਂ ਬੇਵਕਤ ਅੱਚਣ ਚੇਤ ਵਿਪਦਾ ਆ ਪਈ।
ਤੁਰਕੀ ਸਿਪਾਹੀਆਂ ਬੈਠਿਆਂ ਨੂੰ ਆਣ ਕੜੀਆਂ ਮਾਰੀਆਂ,
ਸਭ ਸੋਚੀਆਂ ਹੀ ਰਹਿ ਗਈਆਂ ਹੁਣ ਪੰਥ ਸੇਵਾ ਸਾਰੀਆਂ।
ਪਿਖ[2] ਸਹਿਮ ਘੜੀ ਅੰਮੜੀ ਅਰ ਭੈਣ ਦਾ ਦਿਲ ਧੜਕਿਆ,
ਇਸ ਚਾਣ ਚੱਕੀ ਬਿੱਜ[3] ਨੂੰ ਪਿਖ ਚੁਖ[4] ਭਾਂਬੜ ਭੜਕਿਆ।
ਹੈ, ਹਾਇ, ਇਹ ਕੀ ਹੋ ਗਿਆ, ਕੀ ਕਹਿਰ ਟੁੱਟਾ ਆਇ ਕੇ ?
ਆਂਢੀ ਗੁਆਂਢੀ ਤੀਕ ਬਿਹਬਲ ਹੋ ਗਏ ਘਬਰਾਇ ਕੇ।

---

1. ਤਹਿਸੀਲ ਕਸੂਰ, ਜ਼ਿਲਾ ਲਾਹੌਰ ਦਾ ਇਕ ਪਿੰਡ (ਹੁਣ ਪਾਕਿਸਤਾਨ)। 2. ਵੇਖ ਕੇ। 3. ਬਿਜਲੀ ਭਾਵ ਬਿਪਤਾ। 4. ਕੁਝ ਕੁ।

ਇਹ ਧਰਮ ਪੁਤਲਾ ਥੰਮ੍ਹ ਨਗਰ ਦਾ ਪਕੜਿਆ ਹੁਣ ਜਾਇਗਾ,
ਤਦ ਸੰਗਤਾਂ ਸਤਿਗੁਰ ਦੀਆਂ ਦੇ ਕੌਣ ਦਰਸ ਕਰਾਇਗਾ ?
ਪਰ ਸ਼ੇਰ ਨਿਰਭੈ ਡੋਲਿਆ ਨਾ ਕੰਬਿਆ ਨਾ ਘੁਰਕਿਆ,
ਮਾਂ ਭੈਣ ਨੂੰ ਦੇ ਦਿਲਬਰੀ[1] ਨਾਲ ਉਠ ਕੇ ਤੁਰ ਪਿਆ।
ਰਸਤੇ ਦੇ ਵਿਚ ਕਲੇਸ਼ ਦੇ ਦੇ ਅਹਿਦੀਏ[2] ਗੁਰਾਉਂਦੇ,
ਪਰ ਸਿੰਘ ਹੋਰੀ ਸ਼ਾਂਤ ਹੋਏ ਜੀਉ ਤੇ ਨਹੀਂ ਲਿਆਉਂਦੇ।

ਲਾਹੌਰ ਦੇ ਨਵਾਬ ਦੀ ਕਚਹਿਰੀ

ਲਾਹੌਰ ਦੇ ਵਿਚ ਆਣ ਪਹੁੰਚੇ ਧਰਮ ਮਦ ਮਤਵਾਲੜੇ।
ਦਰਬਾਰ ਦੇ ਵਿਚ ਪੇਸ਼ ਹੋਏ ਪਾਸ ਸੂਬੇ ਸਾਹਿਬ ਦੇ।
ਦਰਬਾਰ ਅੰਦਰ ਵੜਦਿਆਂ ਹੁਣ ਸਿੰਘ ਜੀ ਲਲਕਾਰਿਆ,
ਅਰ 'ਸਤਿ ਸ੍ਰੀ ਅਕਾਲ' ਦਾ ਜੈਕਾਰ ਗੱਜ ਉਚਾਰਿਆ।
ਇਸ ਗਰਜ ਨੇ ਭੂੰਚਾਲ ਵਾਂਗਰ, ਸਭਸ ਨੂੰ ਕੰਬਾਇਆ,
ਅਰ ਤੁਰਕ ਸਾਰੇ ਬੈਠਿਆਂ ਦੇ ਛੇਕ ਸੀਨੇ ਪਾਇਆ।
ਸੂਬਾ ਗਰਬ[3] ਦਾ ਮੱਤਿਆ ਸੁਣ ਬੋਲ ਨੂੰ ਸੜ ਬਲ ਗਿਆ,
ਸੁਣ ਕੇ ਜੈਕਾਰਾ ਕਾਲਜਾ ਕੁਝ ਚਿਰ ਲਈ ਤਾਂ ਹਲ ਗਿਆ।
ਪਰ ਫੇਰ ਸੰਭਲ ਬੈਠ ਕੇ, ਮੱਥੇ ਤੇ ਵੱਟ ਚੜ੍ਹਾਉਂਦਾ,
ਪੱਥਰੀ ਤੇ ਲਾ ਕੇ ਜੀਭ-ਕੈਂਚੀ ਕਟਣੇ ਨੂੰ ਧਾਉਂਦਾ।

ਕੁੰਡਲੀਆ

ਸੂਬਾ ਕਹਿੰਦਾ ਛਿੜਕ ਕੇ ਕਿਉਂ ਉਇ ਕਾਫ਼ਰ ਦੱਸ।
ਕਰਕੇ ਨਾ ਫਰਮਾਨੀਆਂ ਕਿਥੇ ਜਾਸੇਂ ਨੱਸ ?
ਕਿਥੇ ਜਾਸੇਂ ਨੱਸ ਵੱਸ ਹੁਣ ਪੈਸੇਂ ਮੇਰੇ।
ਦੇਵਾਂਗਾ ਟੰਗਵਾਇ ਡੱਕਰੇ ਕਰਕੇ ਤੇਰੇ।
ਕਰ ਸਿੱਖਾਂ ਦੀ ਮਦਦ ਦੇਖ ਕੀ ਦੁਖ ਹੈਂ ਸਹਿੰਦਾ ?
ਮਾਰੂੰ ਤੇਰੀ ਜਿੰਦ ਕੜਕ ਕੇ ਸੂਬਾ ਕਹਿੰਦਾ।

ਦੋਹਰਾ

ਕਲਗੀਧਰ ਦੇ ਲਾਡਲੇ ਸੁਣਿਆ ਸਭ ਚੁਪ ਚਾਪ।
ਫਿਰ ਉਸ ਨੂੰ ਪੁੱਛਣ ਲਗਾ ਕੀ ਕੀਤਾ ਮੈਂ ਪਾਪ ?

---

1. ਹੌਸਲਾ। 2. ਅਧਿਕਾਰੀ। 3. ਹੰਕਾਰ।

ਸਭ ਦਾ ਸਹਾਰਾ ਕਰਤਾਰ ਜਵਾਬ ਪੁਛੇਗਾ

ਕਬਿਤ— ਦੇਵਣਾ ਨਵਾਬ ਜੀ ਜਵਾਬ ਜਰਾ ਸੋਚ ਕੇ ਤੇ,
ਕੇਹੜੇ ਪਾਪ ਵਾਸਤੇ ਤੂੰ ਬੰਨ੍ਹ ਕੇ ਮੰਗਾਯਾ ਹੈ ?
ਠੱਗੀ ਚੋਰੀ ਕੀਤੀ ? ਕੋਈ ਡਿੱਠੀ ਸੀ ਅਨੀਤੀ ?
ਕੋਈ ਧਨ ਮਾਲ ਕਿਸੇ ਦਾ ਮੈਂ ਚੁੱਕਿਆ ਚੁਰਾਇਆ ਹੈ ?
ਕੀਤੀ ਹੈ ਲੜਾਈ ? ਤਕਲੀਫ ਯਾ ਪੁਚਾਈ ਕਦੇ ?
ਐਨਾਂ ਚਿਰ ਹੋਯਾ ਕਦੀ ਹਾਲਾ[1] ਅਟਕਾਯਾ ਹੈ ?
ਬੈਠੇ ਨੂੰ ਇਕੰਤ ਭਗਵੰਤ ਪਏ ਸੇਂਵਦੇ[2] ਨੂੰ,
ਕਾਹਨੂੰ ਸੀਲਵੰਤ[3] ਇਕ ਸੰਤ ਨੂੰ ਦੁਖਾਯਾ ਹੈ ?
ਰਬ ਨੂੰ ਧਿਆਈਦਾ ਤੇ ਵਾਹੀਦਾ ਜ਼ਮੀਨ ਨੂੰ ਹੈ ?
ਆਏ ਸਾਧ ਸੰਤ ਨੂੰ ਪ੍ਰਸਾਦਿ ਹੈ ਛਕਾਈਦਾ।
ਖਾਈਦਾ ਹੈ ਆਪ ਜਿੱਥੋਂ, ਲਾਈਦਾ ਹੈ ਰੱਬ ਰਾਹ,
ਵੰਡ ਕੇ ਖੁਆਈਦਾ ਤੇ ਸ਼ੁਕਰ ਮਨਾਈਦਾ।
ਦੁਖੀਆਂ ਨੂੰ ਸੁਖ ਦੇ ਕੇ, ਆਤਮਾ ਨੂੰ ਠੰਡ ਪਏ,
ਏਹੋ ਲਾਭ ਸੱਚਾ ਦਸਾਂ ਨਵ੍ਹਾਂ ਦੀ ਕਮਾਈ ਦਾ।
ਆਪ ਹਡ ਘਾਲ ਕੇ ਖੁਆਲ ਦਿਆਂ ਭੁੱਖਿਆਂ ਨੂੰ,
ਏਹਦੇ ਵਿਚ ਹੋਯਾ ਕੀ ਕਸੂਰ ਪਾਤਸ਼ਾਹੀ ਦਾ ?
ਧੰਨ ਭਾਗ ਉਹਦੇ ਜੇਹੜਾ ਨੇਕੀਆਂ ਦੇ ਵੱਲ ਝੁਕੇ,
ਨੇਕੀ ਤੇ ਪਿਆਰ ਸੱਚੇ ਰੱਬ ਨੂੰ ਪਿਆਰਾ ਹੈ।
ਰੱਬ ਕੋਲੋਂ ਡਰੇ, ਜਿੰਨਾ ਹਥੋਂ ਪੁਸੇ ਸਰੇ,
ਬੰਦਾਂ ਪੁੰਨ ਦਾਨ ਕਰੇ, ਏਹੋ ਦੱਸੇ ਜਗ ਸਾਰਾ ਹੈ।
ਛੇੜੇ ਨਾ ਬੁਲਾਵੇ ਭੈੜੇ ਰਸਤਿਓਂ ਨਾ ਜਾਵੇ,
ਓਹਨੂੰ ਬੰਨ੍ਹ ਕੇ ਸਦਾਵੇਂ, ਇਹ ਨਿਆਉਂ ਕੀ ਨਿਤਾਰਾ ਹੈ ?
ਯਾਦ ਰੱਖ ਏਦਾਂ ਜੇ ਪੰਜਾਬ ਨੂੰ ਖਰਾਬ ਕੀਤਾ,
ਪੁੱਛੂਗਾ ਜਵਾਬ, ਜੇਹੜਾ ਸਭ ਦਾ ਸਹਾਰਾ ਹੈ।

ਨਵਾਬ ਨੇ ਭਾਈ ਜੀ ਨੂੰ ਚਰਖੜੀ ਤੇ ਵਲੰਗਣ ਦਾ ਹੁਕਮ ਦੇਣਾ ਤੇ ਭਾਈ ਜੀ ਦਾ ਸਿਦਕ

ਕੁੰਡਲੀਆ— ਲੋਹਾ ਲਾਖਾ ਹੋ ਗਿਆ ਦਿਲ ਦਾ ਕੁੰਡ ਨਵਾਬ,
ਭਾਈ ਜੀ ਦੇ ਪ੍ਰਸ਼ਨ ਦਾ ਅਹੁੜੇ ਨਹੀਂ ਜਵਾਬ।
ਅਹੁੜੇ ਨਹੀਂ ਜਵਾਬ, ਜਲਾਦਾਂ ਨੂੰ ਸਮਝਾਯਾ,

1. ਮਾਮਲਾ। 2. ਰੱਬ ਨੂੰ ਯਾਦ ਕਰਦੇ ਨੂੰ। 3. ਨੇਕ ਸੁਭਾ।

ਕਰੜਾ ਦਿਓ ਅਜ਼ਾਬ[1] ਮੂਲ ਨਹੀਂ ਕਰਨੀ ਦਾਯਾ[2]।
ਭਾਈ ਜੀ ਨੇ ਕਿਹਾ, ਵਾਹਿਗੁਰੂ ਸਾਡਾ ਰਾਖਾ,
ਦਿਲ ਦਾ ਕੁੰਡ ਨਵਾਬ ਹੋ ਗਿਆ ਲੋਹਾ ਲਾਖਾ।

ਦੋਹਰਾ

ਭਾਈ ਜੀ ਨੇ ਫਿਰ ਕਿਹਾ ਕਰੇਂ ਅਨਰਥਾ ਪਾਪ।
ਜੜ੍ਹ ਆਪਣੇ ਐਸ਼ਵਰਜ[3] ਦੀ ਕਟਨ ਲਗੋਂ ਆਪ।
ਇਨ੍ਹਾਂ ਅਨੀਤਾਂ ਨਾਲ ਨਾ ਫਲੇਗਾ ਇਸਲਾਮ।
ਰਾਜ ਭਾਗ ਬਲਕਾਰ ਦਾ ਰਹੂ ਨਾ ਬਾਕੀ ਨਾਮ।
ਭਰੂ ਕਟੋਰਾ ਪਾਪ ਦਾ ਹੋਸੀ ਫਿਰ ਗ਼ਰਕਾਬ[4]।
ਥੋੜਾ ਵਿਚ ਹੁਣ ਰਹਿ ਗਿਆ ਪੂਰਾ ਹੋਗੁ ਹਿਸਾਬ।
ਜੜ੍ਹ ਪੁੱਟੇਗਾ ਖਾਲਸਾ ਜ਼ੁਲਮਾਂ ਦੀ ਜਿਸ ਕਾਲ।
ਠੰਡਕ ਸ਼ਾਂਤੀ ਜਗਤ ਤੇ ਵਰਤੇਗੀ ਤਤਕਾਲ।
ਪੱਛੋਂ[5] ਵਲੋਂ ਆਵਸੀ ਅਮਨ ਚੈਨ ਦੀ ਵਾਇ।
ਦੁੱਖ ਦਲਿੱਦਰ ਦੇਸ਼ ਦੇ ਸਾਰੇ ਦੇਊ ਹਟਾਇ।
ਰਾਜ ਫਰੰਗੀ[6] ਕਰੇਗਾ ਸਾਗਰ ਪਾਰੋਂ ਆਇ।
ਚਾਨਣ ਸਾਰੇ ਦੇਸ਼ ਵਿਚ ਜਾਵੇਗਾ ਫਿਰ ਛਾਇ।
ਆਪਣੇ ਆਪਣੇ ਧਰਮ ਵਿਚ ਸਭ ਹੋਸਨ ਆਜ਼ਾਦ।
ਊਚ ਨੀਚ ਦੀ ਉਸ ਸਮੇਂ ਉਠ ਜਾਸੀ ਮਰਯਾਦ।
ਦੇ ਸਰਾਪ ਤਿਸ ਰਾਜ ਨੂੰ ਵਰ ਪਛਮ ਨੂੰ ਬੋਲ।
ਤੁਰ ਪਏ ਪ੍ਰੇਮੀ ਪੰਥ ਦੇ ਕਤਲ ਗੜ੍ਹੀ ਦੇ ਕੋਲ।
ਜਲਾਦ ਆਇ ਜ਼ਾਬ-ਖਾਨੇ[7] ਲਗੇ ਕਸ਼ਟ ਪੁਚਾਵਣੇ,
ਪੁੱਤਰ ਗੁਰੂ ਦਾ ਚਾਹੜ ਚਰਖੀ ਜ਼ੋਰ ਨਾਲ ਭੁਆਵਣੇ।
ਚਰਖੀ ਫਿਰੇ ਅਰ ਹੱਡ ਕੁੜਕਣ ਬੰਦ ਬੰਦ ਤੁੜਾਂਵਦੇ,
ਅਰ ਅੰਗ ਸਾਰੇ ਹੋਏ ਗੁੱਛਾ ਸੱਪ ਵਤ ਵਲ ਖਾਂਵਦੇ।
ਹਾਂ, ਦੁੱਖ ਕਿਸ ਤੋਂ ਜਾਇ ਡਿੱਠਾ ਬੰਦ ਹੋਵਣ ਅੱਖੀਆਂ,
ਸਭ ਹੱਡੀਆਂ ਹੋ ਜਾਣ ਚੂਰਾ ਫਿੱਸ ਜਾਵਣ ਵੱਖੀਆਂ।
ਪਰ ਦੇਖਣਾ ਇਕ ਨਜ਼ਰ ਭਰ ਕੇ ਸਿੰਘ ਕੀ ਕਰ ਰਿਹਾ ?
ਉਹ ਨਾਮ ਦੇ ਵਿਚ ਮਗਨ ਹੋਯਾ ਬਰਫ ਵਤ ਹੈ ਠਰ ਰਿਹਾ।
ਨਾ 'ਹਾਇ' ਅਰ ਨਾ 'ਸੀ' ਕਹੇ ਕੁੜਕਦੇ ਸਭ ਅੰਗ ਨੇ,

---

1. ਦੁੱਖ। 2. ਦਯਾ। 3. ਤੇਜ ਪ੍ਰਤਾਪ। 4. ਗਰਕ, ਨਾਸ।
5. ਪੱਛਮ, ਇਸ਼ਾਰਾ ਅੰਗਰੇਜ਼ਾਂ ਦੇ ਰਾਜ ਵੱਲ ਹੈ, ਜਿਸ ਨੂੰ ਇਤਿਹਾਸ ਦੇ ਵਿਰੁੱਧ ਹੀ ਸਿੱਖਾਂ ਵਲੋਂ ਜੀਉ ਆਇਆਂ ਕਿਹਾ ਹੈ। ਅੰਗਰੇਜ਼ਾਂ ਦੇ ਰਾਜ ਦੀ ਸ਼ਲਾਘਾ 1930-35 ਤਕ ਆਮ ਪੁਸਤਕਾਂ ਲਿਖਣ ਵਾਲੇ ਭੀ ਕਰਦੇ ਹੀ ਸਨ।
6. ਭਾਵ ਅੰਗਰੇਜ਼ਾਂ ਤੋਂ ਹੈ। 7. ਅਜ਼ਾਬ ਖਾਨਾ ਜਿਥੇ ਅਜ਼ਾਬ (ਦੁਖ ਤਸੀਹੇ) ਦਿਤੇ ਜਾਂਦੇ ਸਨ, ਡੰਨ-ਘਰ।

ਦੁਖ ਸਹੀ ਜਾਂਦਾ, ਕਹੀ ਜਾਂਦਾ, 'ਵਾਹ ਤੇਰੇ ਰੰਗ ਨੇ'।
'ਨਾ ਅੱਖ ਗਿੱਲੀ ਹੋਣ ਦਿਤੀ' ਚਿੱਤ ਨਹੀਂ ਡੋਲਾਇਆ,
ਇਕ ਵਾਹਿਗੁਰੂ ਹੀ ਵਾਹਿਗੁਰੂ ਦਾ ਜਾਪ ਮੂੰਹ ਤੋਂ ਗਾਇਆ।
ਜਿਉਂ ਜਿਉਂ ਜੈਕਾਰੇ ਵਾਹਿਗੁਰੂ ਦੇ ਗੱਜ ਗੱਜ ਗਜਾਉਂਦੇ,
ਤਿਉਂ ਤਿਉਂ ਜਲਾਦ ਵਧੀਕ ਚਰਖੀ, ਜ਼ੋਰ ਨਾਲ ਭਵਾਉਂਦੇ।
ਚਿਰ ਢੇਰ ਸਾਰਾ ਕਸ਼ਟ ਦੇ ਦੇ ਆਣ ਬਾਹਵਾਂ ਥੱਕੀਆਂ,
ਪਰ ਸ਼ੇਰ ਦੇ ਜੈਕਾਰਿਆਂ ਨੂੰ ਬੰਦ ਨਾ ਕਰ ਸੱਕੀਆਂ
ਹੁਣ ਹੰਭ ਘੱਤੇ ਫੇਰ ਚਰਖੀ, ਅੰਤ ਥੱਲੇ ਲਾਹਿਆ,
ਅਰ ਪ੍ਰੇਮ ਪੁਤਲੇ ਬੀਰ ਨੂੰ ਵਿਚ ਕੈਦ ਖਾਨੇ ਪਾਇਆ।

ਨਵਾਬ ਦੇ ਲਾਲਚ ਤੇ ਦੁੱਖਾਂ ਦੀ ਅਉਧੀ

ਕੁੰਡਲੀਆ— ਬੀਤੀ ਰਾਤ ਕਲੇਸ਼ ਦੀ ਚੜ੍ਹਿਆ ਫੇਰ ਸਵੇਰ,
ਪਹੁੰਚਾ ਵਿਚ ਦਰਬਾਰ ਦੇ ਕਲਗੀਧਰ ਦਾ ਸ਼ੇਰ।
ਕਲਗੀਧਰ ਦਾ ਸ਼ੇਰ ਜਲਾਦਾਂ ਬੰਨ੍ਹ ਪੁਚਾਯਾ,
ਚਰਖੀ ਦਾ ਬਿਤਾਂਤ ਨਾਲ ਸਭ ਆਣ ਸੁਣਾਯਾ
ਇਤਨਾ ਕਸ਼ਟ ਸਹਾਰ ਏਸ ਨੇ 'ਸੀ' ਨਹੀਂ ਕੀਤੀ,
ਰਿਹਾ ਭਜਨ ਵਿਚ ਮਸਤ ਰਾਤ ਹੈ ਸਾਰੀ ਬੀਤੀ।

ਸਵੈਯਾ

ਹੱਸ ਨਵਾਬ ਕਹੇ ਸੁਨ ਕਾਫਰ, ਵੇਖ ਜਵਾਨੀ ਤੇ ਰੂਪ ਦਲੇਰੀ,
ਆਵ ਉਬਾਲ ਪਏ ਏ ਖਿਆਲ ਕਿ ਹੋਵੇਂਗਾ ਤੂੰ ਅਜ ਖਾਕ ਦੀ ਢੇਰੀ।
ਜਾਨ ਬਚਾਇ ਦਿਆਂ ਹੁਣ ਭੀ ਇਕ ਗੱਲ ਜੇ ਮੰਨ ਲਵੇਂ ਸੁਣ ਮੇਰੀ,
ਦੀਨ ਕਬੂਲ ਕਰੇਂ ਜੇ ਅਸਾਡਾ ਤਾਂ ਦੁਖ ਤੋਂ ਜਾਨ ਛੁਡਾ ਦਿਆਂ ਤੇਰੀ।
ਕੇਸ ਕਟਾਇ ਕੇ ਦੀਨ ਕਬੂਲੋਂ ਤਾਂ ਅਜ ਹੀ ਤੇਰਾ ਵਿਆਹ ਕਰਾਂਗਾ,
ਉਚੇ ਮਹੱਲ ਪਰੀ ਜੇਹੀ ਨਾਰ ਤੇ ਮੋਹਰਾਂ ਦੇ ਨਾਲ ਭੰਡਾਰ ਭਰਾਂਗਾ।
ਇੱਜ਼ਤ ਮਾਣ ਮੁਰਾਤਬਾ[1] ਵੱਡਾ ਤੇ ਸ਼ਾਹ ਨੂੰ ਤੇਰੀ ਤਾਰੀਫ ਲਿਖਾਂਗਾ,
ਹਸੀਂ ਤੇ ਵਸੀਂ ਅਨੰਦ ਕਰੀਂ, ਤੇ ਗੁਜਾਰੇ ਨੂੰ ਭਾਰੀ ਜਾਗੀਰ ਦਿਆਂਗਾ।

ਅਜੇਹੇ ਅਸਹਿ ਕਸ਼ਟ ਵੇਲੇ ਭਾਈ ਤਾਰੂ ਸਿੰਘ ਜੀ ਦਾ ਸਿਦਕ ਭਰਿਆ ਜਵਾਬ

ਦੋਹਰਾ

ਭਾਈ ਜੀ ਆਖਿਆ ਬੜੀ ਦਲੇਰੀ ਨਾਲ,
ਹੇ ਮੂਰਖ, ਇਸ ਗੱਲ ਦਾ ਛੱਡ ਦੇ ਦਿਲੋਂ ਖਿਆਲ।

---
1. ਪਦਵੀ।

He that of such a height hath build his mind.
And reared the dwelling of his thoughts so strong.
As neither fear nor hope can shake the frame,
Of his resolved powers; nor all the wind,
Of vanity or malice pierce to wrong,
His settled peace, or to disturb the same;
What a fair seat hath he; from whence he may,
The boundless wastes and wilds of man survey;*

–(Beecher's Library)

ਸਵੈਯਾ

ਧਰਮ ਦੇ ਹੇਤ ਸਰੀਰ ਮੇਰਾ ਪ੍ਰਾਣ ਪਾਲਕੇ ਖਾਕ ਦੇ ਨਾਲ ਮਿਲੇਗਾ।
ਧਰਮ ਤੇ ਚਿੱਤ ਅਡੋਲ ਖਲਾ ਬ੍ਰਹਿਮੰਡ ਹਿਲੇ ਪਰ ਇਹ ਨਾ ਹਿਲੇਗਾ।
ਸਾਜ ਸਮਾਜ ਤ੍ਰਿਲੋਕੀ[1] ਦਾ ਰਾਜ ਕੁਬੇਰ[2] ਦੀ ਮਾਯਾ ਦਾ ਦਵਾਰ ਖੁਲੇਗਾ।
ਏਤੀ ਵਿਭੂਤੀ[3] ਨੂੰ ਦੇਖ ਕਦੰਤ ਨਾ ਤਾਰੂ ਮ੍ਰਿਗਿੰਦ[4] ਦਾ ਚਿੱਤ ਡੁਲੇਗਾ।
ਨੇਕੀ ਦਾ ਦਵਾਰ ਸੁਖਾਂ ਦਾ ਅਗਾਰ ਸੰਸਾਰ ਦਾ ਭਾਰ ਉਤਾਰਨ ਹਾਰਾ,
ਸਾਂਤ ਦਾ ਤਾਲ ਏ ਪ੍ਰੇਮ ਦੀ ਜਵਾਲ[5] ਅਨੀਤਿ ਦੀ ਢਾਲ ਪ੍ਰਭੂ ਦਾ ਪਜਾਰਾ।
ਲੋਕ ਦੀ ਅੰਗੀ[6] ਪ੍ਰਲੋਕ ਦਾ ਸੰਗੀ ਸੁਸ਼ੀਲਤਾ ਸਿੰਧ[7] ਪ੍ਰਮੋਦ[8] ਦੀ ਧਾਰਾ,
ਏਤੇ ਗੁਣਾਂ ਵਾਲੇ ਧਰਮ ਨੂੰ ਤਜਾਗ ਕੇ ਤਾਰੂ ਮ੍ਰਿਗਿੰਦ[9] ਦਾ ਕੌਣ ਸਹਾਰਾ ?
ਰੋਗ ਘਟੇ ਚਿਤ ਸੋਗ ਘਟੇ ਦੁੱਖ ਦਾਹ ਘਟੇ ਘਟੇ ਮੂਰਖਤਾਈ,
ਕਾਮ ਅਰ ਕ੍ਰੋਧ ਮੋਹਾਦਿ ਘਟੇ ਘਟੇ ਈਰਖਾ ਦਵੈਸ਼ ਅਰ ਮੈਲ ਬੁਰਾਈ।
ਛਿਦ੍ਰ[10] ਸੁਭਾਵ ਦਰਿਦ੍ਰ ਘਟੇ ਘਟੇ ਪਾਪ ਅਗਜਾਨ ਅਨੀਤਿ ਢਿੱਠਾਈ।
ਐਸੇ ਉਪੱਦ੍ਰ ਜੋ ਧਰਮ ਘਟਾਇ ਸੋ ਤਜਾਗ ਕੇ ਜੀਵੇ ਦੀ ਕੀ ਵਡਜਾਈ ?

ਜਲਾਦਾਂ ਨੇ ਨਾਜ਼ਮ ਦੇ ਹੁਕਮ ਨਾਲ ਚਰਖੜੀ ਤੇ ਫੇਰ ਚੜ੍ਹਾਯਾ ਤੇ ਭਾਈ ਜੀ ਦੀ ਅਡੋਲਤਾ

ਦੋਹਰਾ

ਨਾਜ਼ਮ ਸੁਣ ਕੇ ਸੜ ਗਿਆ ਭਾਈ ਜੀ ਦੇ ਬੋਲ,
ਮਾਰੂੰ ਤੈਨੂੰ ਮੂਜ਼ੀਆਂ ਮਿੱਟੀ ਦੇ ਵਿਚ ਰੋਲ।

---

* ਉਹ ਜਿਸ ਏਨੀ ਉਚਤਾ ਤਕ ਮਨ ਉਸਾਰਿਆ ਅਤੇ ਇੰਨੇ ਸ਼ਕਤੀ ਸ਼ਾਲੀ ਵਿਚਾਰਾਂ ਨੂੰ, ਉਸ ਵਿਚ ਪਾਲਿਆ ਕਿ ਨਾ ਆਸ ਨਾ ਡਰ ਹਿਲਾ ਸਕਣ, ਉਸ ਦੀ ਦ੍ਰਿੜ੍ਹ ਸ਼ਕਤੀ ਨੂੰ। ਨਾ ਦਿਖਾਵਾ ਨਾ ਵੈਰ ਉਸ ਦੀ ਟਿਕਵੀ ਸ਼ਾਂਤੀ ਨੂੰ ਕਰ ਸਕੇ ਭੰਗ, ਜਾਂ ਸਕੇ ਵਿੰਨ੍ਹ। ਕਿੰਨੀ ਸੋਹਣੀ ਥਾਂ ਹੈ ਉਸ ਦੀ, ਜਿਥੋਂ ਉਹ ਮਨੁੱਖ ਦੀ ਤਬਾਹੀ ਤੇ ਵਹਿਸ਼ੀਪੁਣਾ ਵੇਖ ਸਕਦਾ ਹੈ।

(ਬੀਚਰ ਦਾ ਪੁਸਤਕਾਲਯ)

1. ਅਕਾਸ਼, ਪਤਾਲ ਤੇ ਮਾਤ ਲੋਕ। 2. ਧਨ ਪਦਾਰਥ ਦਾ ਦੇਵਤਾ। 3. ਪਦਾਰਥ, ਸੰਪਤੀ। 4. ਸ਼ੇਰ ਅਰਥਾਤ ਸਿੰਘ। 5. ਅੱਗ। 6. ਸਾਥੀ। 7. ਸਮੁੰਦਰ। 8. ਖੁਸ਼ੀ, ਪ੍ਰਸੰਨਤਾ। 9. ਵੈਰ ਭਾਵ। 10. ਨੁਕਸ।

ਹੁਣ ਹੁਕਮ ਦਿਤਾ ਲੈ ਚਲੋ ਮੁੜ ਫੇਰ ਚਰਖੀ ਚਾਹੜੀਏ,
ਇਸ ਅੜੀ ਬੱਧੇ ਸਿੱਖ ਨੂੰ ਮੁੰਜ ਵਾਂਗ ਲਤਾੜੀਏ।
ਇਸ਼ ਕਿਹਾ ਨਾ ਹੀ ਮੰਨਿਆਂ ਹੁਣ ਸਵਾਦੇ ਇਸੇ ਦਾ ਚੱਖਸੀ,
ਜਿਸ ਧਰਮ ਦੀ ਇਹ ਠੀਸ ਮਾਰੇ ਵੇਖੀਏ ਕਿੰਵ ਰਖਸੀ ?
ਮੈਂ ਆਪ ਚੱਲ ਅਜ਼ਾਬਖਾਨੇ[1] ਸਾਹਮਣੇ ਖੁਲਿਹਾਰ ਕੇ,
ਪਰਤਾਉਂਦਾ ਹਾਂ ਧਰਮ ਇਸਦਾ ਚਰਖ ਉੱਪਰ ਚਾਹੜ ਕੇ।
ਸੁਣ ਗੱਲ ਹੱਸੇ ਬੀਰ ਜੀ ਇਹ ਡਰ ਡਰਾਵੇ ਕਾਸ ਦੇ ?
ਹਨ ਅੰਗ ਸੰਗ ਗੁਰੂ ਪਿਆਰੇ ਨਿਤ ਆਪਣੇ ਦਾਸ ਦੇ।
ਉਹ ਹੱਥ ਸਿਰ ਪਰ ਰਖ ਕੇ, ਪ੍ਰਣ ਪਾਲਣਾ ਸਿਖਲਾਣਗੇ,
ਇਸ ਦੁੱਖ ਨੂੰ ਸੁਖ ਰੂਪ ਕਰਕੇ ਆਪ ਪੈਜ ਰਖਾਣਗੇ।
ਸੁਣ ਆਇ ਫੇਰ ਅਜ਼ਾਬ-ਖਾਨੇ[2] ਸ਼ੁਰੂ ਹੋਈ ਚਰਖੜੀ,
ਅਰ ਚਪਰ ਖੱਟ[3] ਵਿਛਾਇ ਵੇਖਣ ਬਹਿ ਗਿਆ ਨਵਾਬ ਭੀ।
ਅੱਜ, ਕੱਲ ਨਾਲੋਂ ਬਹੁਤ ਵਧ ਕੇ ਕਸ਼ਟ ਪਹੁੰਚਾ ਬੀਰ ਨੂੰ,
ਇਕ ਲੱਠ ਉਪਰ ਕਰਨ ਗੁੱਛਾ ਸਰਪ ਵਾਂਗ ਸਰੀਰ ਨੂੰ।
ਜਲਾਦ ਹਨ ਦਿਖਲਾਇ ਰਹੇ ਅਜ ਜੋਰ ਸਾਰਾ ਲਾਇ ਕੇ,
ਚਰਖੀ ਭੰਬੀਰੀ ਵਾਂਗ ਘੁੰਮੇ ਜ਼ੋਰ ਦੇ ਵਿਚ ਆਇ ਕੇ।
ਉਡ ਜਾਨ ਹੋਸ਼ ਹਵਾਸ, ਦੁੱਖੜਾ ਦੇਖਣੇ ਦੇ ਨਾਲ ਹੀ,
ਉਹ ਕਸ਼ਟ ਦੇ ਵਿਚ ਗ੍ਰਸੇ ਹਨ ਦਸਮੇਸ਼ ਗੁਰੂ ਦੇ ਲਾਲ ਜੀ।
ਕੀ ਰੋ ਰਹੇ ? ਚਿੱਲਾ ਰਹੇ ? ਯਾ ਬਾਹੁੜੀ ਹਨ ਪਾ ਰਹੇ ?
ਹਾਂ ਧਜਾਨ ਦੇ ਕੇ ਵਾਜ ਸੁਣਨੀ ਹੋਠ ਕੀ ਫੁਰਮਾ ਰਹੇ ?
"ਵਾਹਿਗੁਰੂ ਜੀ ਕਾ ਖਾਲਸਾ, ਸ੍ਰੀ ਵਾਹਿਗੁਰੂ ਜੀ ਕੀ ਫਤੇ"।
ਇਹ ਵਾਜ ਹਰ ਹਰ ਗੇੜ ਦੇ ਵਿਚ ਆਣ ਕੰਨੀ ਪਏ।
ਜ਼ਿਲਹਾਲ[4] ਜਲਾਦ ਡਿੱਗੇ ਹੰਭੇ[5] ਘੱੜੀ ਚਰਖੜੀ,
ਪਰ ਬੀਰ ਦੀ ਉਹ ਸੁਰੀਲੀ ਬੋਲਣੋ ਨਾ ਹੀ ਹਟੀ।
ਇਹ ਦੇਖ ਧੀਰਜ ਦੁਸ਼ਮਨਾਂ ਦਾ ਦਿਲ ਰਿਹਾ ਨਾ ਠੱਲ੍ਹਿਆ,
ਪਿਖ ਧਰਮ ਭਾਵ ਬਹਾਦਰੀ ਨੂੰ ਨੀਰ ਅੱਖੋਂ ਚੱਲਿਆ।
ਨਵਾਬ ਨੇ ਹੁਣ ਫਿਰ ਕਿਹਾ ਇਸਨੂੰ ਉਤਾਰ ਬਿਠਾ ਦਿਓ,
ਜੇ ਜਾਨ ਰਖਣੀ ਚਾਹੇ ਤਾਂ ਇਕ ਵੇਰ ਤਰਸ ਕਮਾ ਦਿਓ।
"ਕਿਉਂ ਕਾਫਰਾ, ਦੁਖ ਦੇਖਿਆ, ਹੁਣ ਭੀ ਸਮਝ ਜਾ, ਮੰਨ ਜਾ,
ਹੋ ਦੀਨਦਾਰ ਬਹਾਰ ਕਰ ਲੈ, ਢੱਲ ਜਗ ਤੇ ਬੰਨ੍ਹ ਜਾ।"
ਇਸ ਗੱਲ ਦਾ ਭੀ ਉਹੋ ਉੱਤਰ ਖਾਲਸੇ ਤੋਂ ਆਇਆ,
ਨਵਾਬ ਸੁਣ ਕੇ ਹੌਸਲੇ ਦੀ ਚਿੱਤ ਵਿਚ ਖਿਸਿਆਇਆ।

---

1. ਦੁੱਖ ਦੇਣ ਵਾਲੀ ਥਾਂ। 2. ਡੰਨ-ਘਰ। 3. ਮੰਜੀ। 4. ਬੁਰੇ ਹਾਲ, ਦੁੱਖੀ। 5. ਥੱਕੇ।

ਪਰ ਕਹਿਣ ਲਗਾ ਫਿਰ ਚੜ੍ਹਾਓ ਅਰ ਫਿਰਾਓ ਰੱਜ ਕੇ,
“ਸ੍ਰੀ ਵਾਹਿਗੁਰੂ” ਦੇ ਬੋਲ ਇਹ ਕਦ ਤਕ ਗਜਾਊ ਗੱਜ ਕੇ।

ਨਾਮ ਦੇ ਪ੍ਰੇਮੀ ਪ੍ਰੋਪਕਾਰੀ ਦੁੱਖਾਂ ਵਿਚ ਪੈ ਕੇ ਵੀ ‘ਸੀ’ ‘ਹਾਇ’ ਨਹੀਂ ਜਾਣਦੇ

ਫਿਰ ਲਗੀ ਚਰਖੀ ਫਿਰਣ ਅਰ ਓਹੋ ਜਿਕਾਰੇ ਆਵਣੇ,
ਅਰ ਵੈਰੀਆਂ ਦੀ ਹਿੱਕ ਉਪਰ ਗੋਲੀਆਂ ਬਰਸਾਵਣੇ।
ਹੇ ਖਾਲਸਾ ਜੀ ! ਦੇਖਣਾ ਇਹ ਕਸ਼ਟ ਤੀਜੀ ਵਾਰ ਹੈ,
ਪਰ ਕਿਸ ਤਰ੍ਹਾਂ ਦਾ ਹੌਸਲਾ ਅਰ ਧਰਮ ਨਾਲ ਪਿਆਰ ਹੈ।
ਨਾਂ ‘ਸੀ’ ਰਹੀ ਨਾ ‘ਹਾਇ’ ਹੈ ਨਾ ‘ਦਰਦ’ ‘ਦੁਖ’ ਹੈ ਭਾਸਦਾ,
ਨਾ ਅੰਗ ਟੁਟਦੇ ਜਾਪਦੇ, ਇਹ ਆਸਰਾ ਹੈ ਕਾਸਦਾ ਹੈ,
ਇਹ ਧਰਮ ਦਾ ਬਲਕਾਰ ਹੈ ਵਿਸ਼ਵਾਸ ਦਾ ਇਹ ਤ੍ਰਾਣ ਹੈ,
ਇਹ ਦਸਮ ਗੁਰ ਦੀ ਸ਼ਰਨ ਨਾਲ ਪਿਆਰ ਦਾ ਪ੍ਰਮਾਣ ਹੈ।
ਜਿਸ ਅੰਗ ਅੰਗ ਤੁੜਾਂਦਿਆਂ ਭੀ ਦਿਲ ਨਹੀਂ ਭਰਮਾਇਆ,
ਹਨ ਸ਼ਤ੍ਰ ਭੀ ਇਹ ਕਹਿ ਰਹੇ ‘ਤੋਬਾ ਰਹੀਮ ਖੁਦਾਇਆ’।
ਹਾਂ ਧਰਮ ਪਜਾਰੇ, ਧਰਮ ਸੱਚਾ, ਧਰਮ ਹੀ ਇਕ ਵਸਤੂ ਹੈ।
ਜਿਸ ਦੇ ਸਹਾਰੇ ਆਦਮੀ ਸਹਿ ਜਾਂਵਦਾ ਸਭ ਕਸ਼ਟ ਹੈ।
ਉਸ ਪ੍ਰੇਮ ਦੇ ਪਰਕਾਸ਼ ਅੰਦਰ ਸੁਖ ਚਫੇਰੇ ਆਉਂਦਾ,
ਅਰ ਬਾਹਰ ਦਾ ਦੁਖ ਆਇ ਭੀ ਤਦ ਚਿੱਤ ਨਹੀਂ ਘਬਰਾਉਂਦਾ।
ਉਹ ਜੋਤ ਸੱਚੀ ਨਾਲ ਜੁੜਿਆ ਲੀਨ ਰਹਿੰਦਾ ਪਜਾਰ ਵਿਚ,
ਨਹੀਂ ਅੱਖ ਭਰ ਕੇ ਵੇਖਦਾ ਕੀ ਹੋ ਰਿਹਾ ਸੰਸਾਰ ਵਿਚ।
ਚਰਖੀ ਫਿਰਾਈ ਵਾਰ ਤੀਜੀ ਜ਼ੋਰ ਸਾਰਾ ਲਾਇ ਕੇ,
ਜਲਾਦ ਫਾਵੇ ਹੋਇ ਡਿੱਗੇ ਢੇਰ ਦੇਰ ਘੁਮਾਇ ਕੇ।

ਨਵਾਬ ਦੇ ਪੱਥਰ ਮਨ ਦੇ ਨੀਚ ਮਨਸੂਬੇ

ਨਵਾਬ ਨੀਚ ਸੁਭਾਉ ਨੇ ਜਦ ਧਰਮ ਨੂੰ ਪਰਤਾਇਆ,
ਤਦ ਸਮਝਿਆ ਇਹ ਸਿੱਖ ਤਾਂ ਨਹੀਂ ਰੰਚ ਭੀ ਘਬਰਾਇਆ।
ਮਰ ਜਾਇਗਾ ਪਰ ਦੀਨ ਸਾਡੇ ਵਿਚ ਮੂਲ ਨਾ ਆਇਗਾ,
ਪਰ ਪੂਰਨੇ ਸਿਖਾਂ ਅਨੇਕਾਂ ਨੂੰ ਹਠੀ ਸਿਖਲਾਇਗਾ।
ਐਸੇ ਹਠੀਲੇ ਧਰਮ ਪਰ ਕੁਰਬਾਨ ਹੁੰਦੇ ਜੇ ਗਏ।
ਤਦ ਥੰਮ੍ਹ ਸਾਡੇ ਤੇਜ ਤਪ ਦੇ ਤੁਰਤ ਹੀ ਹਿੱਲ ਜਾਣਗੇ।
ਪਰ ਜੇ ਅਜੇਹੇ ਸਿਖ ਥੋੜੇ ਭੀ ਅਸਾਡੇ ਜਾਲ ਵਿਚ,
ਆ ਜਾਣ ਤਾਂ ਲਾ ਦੇਣਗੇ, ਜੜ੍ਹ ਦੀਨ ਦੀ ਪਾਤਾਲ ਵਿਚ।
ਮੈਂ ਲਭ ਲਾਲਚ ਭੀ ਬਥੇਰਾ ਏਸ ਨੂੰ ਦਿਖਲਾ ਚੁਕਾ,
ਅਰ ਡਰ ਡਰਾਵੇ ਨੂੰ ਭੀ ਮਾਨੋਂ ਹੱਦ ਤੀਕ ਪੁਚਾ ਚੁਕਾ।

ਹੁਣ ਜ਼ੁਲਮ ਜ਼ਬਰੀ ਹੀ ਰਹੀ ਹੈ ਹੋਰ ਕਰਨ ਵਾਸਤੇ,
ਇਕ ਹੋਰ ਕਾਲਕ ਦਾ ਪਲਸਤਰ ਚਾੜ੍ਹੀਏ ਇਤਿਹਾਸ ਤੇ
ਇਸਲਾਮ ਦੇ ਫੈਲਾਣ ਵਿਚ ਪਰ ਜੁਲਮ ਭੀ ਬਰਹੱਕ[1] ਹੈ,
ਇਸ ਨੇਕ ਕਾਰਜ ਹੇਤ ਜੋ ਕੁਝ ਕਰ ਲਵਾਂ ਸੋ ਹਕ ਹੈ।
ਹੁਣ ਹੋਰ ਜੁਲਮੀ ਨਾਲ ਇਸ ਦੇ ਕੇਸ ਜਾ ਕਟਵਾ ਦਿਆਂ,
ਕਰ ਪਤਿਤ ਧਰਮੋਂ ਫੇਰ ਲਾਲਚ ਸਾਹਮਣੇ ਦਿਖਲਾ ਦਿਆਂ।
ਤਦ ਫੇਰ ਪਿਛੇ ਜਾਣ ਤੋਂ ਕੁਝ ਸ਼ਰਮ ਜੀ ਵਿਚ ਖਾਇਆ,
ਕੁਝ ਲੋਭ ਅਗੋਂ ਵੇਖ ਕੇ ਇਸ ਦੀਨ ਵਿਚ ਟਿਕ ਜਾਇਗਾ।

ਪਾਪੀ ਨਵਾਬ ਦੀ ਅਨਰਥ ਵਾਲੀ ਚਾਲ

ਹੁਣ ਫੇਰ ਲਾਹਿਆਂ ਖਾਲਸੇ ਨੂੰ ਹੇਠ ਆਣ ਬਿਠਾਇਆ,
ਨਵਾਬ ਨੇ ਫਿਰ ਪੁੱਛਿਆ ਕੁਝ ਸੋਚ ਸਿੱਖਾ ਆਇਆ ?
ਮੈਂ ਕਹਿ ਰਿਹਾ ਤੂੰ ਮੰਨ ਜਾ ਅਰ ਦੀਨ ਸਿਰ ਰੱਖ ਲੈ,
ਇਸ ਜ਼ਿੰਦਗੀ ਦੀ ਮੌਜ ਕੁਝ ਦਿਨ ਹੋਰ ਜੀ ਕੇ ਭੁੱਖ ਲੈ।
ਹੁਣ ਜੇ ਨਾ ਮੰਨੀ ਗਲ ਮੇਰੀ, ਜੋਰ ਨਾਲ ਮੰਨਾ ਲਊਂ,
ਇਹ ਕੇਸ ਤੇਰੇ ਕਟ ਕੇ, ਮੈਂ ਦੀਨ ਵਿਚ ਰਲਾ ਲਊਂ।
ਜੇ ਰਾਹ ਸਿੱਧੇ ਮੰਨਿਓਂ ਤਦ ਮਾਨ ਇਜ਼ਤ ਪਾਏਂਗਾ,
ਪਰ ਜ਼ੋਰ ਨਾਲ ਮਨਾਇਆ ਤਦ ਏਸ ਤੋਂ ਭੀ ਜਾਏਂਗਾ।
ਹਾਂ, ਪਿੰਜਰੇ ਵਿਚ ਸ਼ੇਰ ਬੱਧਾ ਘੈਲ ਕੀਤਾ ਵੈਰੀਆਂ,
ਕੀ ਇਸ ਡਰਾਵੇ ਨਾਲ ਕਾਇਰ ਹੋ ਗਿਆ ਹੈ ਸੂਰਮਾ ?
ਕੀ ਧਰਮ ਇਸ ਦਾ ਖੋਹ ਲੈਸਨ, ਜ਼ੋਰ ਜ਼ੋਰੀਂ ਬੰਨ੍ਹ ਕੇ ?
ਕੀ ਕੇਸ ਸਿਰ ਤੋਂ ਵਖ ਹੋਸਨ ? ਬਲ ਪਰਾਕ੍ਰਮ[2] ਭੰਨ ਕੇ ?
ਜਿਸ ਬੇਬਸੀ ਵਿਚ ਸ਼ੇਰ ਹੈ ਕੀ ਪੇਸ਼ ਇਸਦੀ ਜਾਇਗੀ ?
ਕਿ ਜ਼ਾਲਮਾਂ ਦੇ ਸਾਹਮਣੇ ਇਕ ਜਿੰਦ ਜ਼ੋਰ ਦਿਖਾਇਗੀ ?

ਸੰਸਾਰ ਵਿਚ ਕੌਣ ਤਾਕਤ ਹੈ ਜੋ ਮੇਰੀ ਜ਼ਿੰਦਗੀ ਦੇ ਹੁੰਦਿਆਂ ਮੇਰਾ ਧਰਮ ਤੋੜ ਸਕੇ?

ਪਰ ਠਹਿਰ ਜਾਣਾ ਖਾਲਸਾ ਜੀ, ਹੌਸਲਾ ਨਾ ਹਾਰਨਾ,
ਕੀ ਕਹਿ ਰਿਹਾ ਹੈ ਸ਼ੇਰ ਅਗੇ ਹੋਇ ਝਾਤੀ ਮਾਰਨਾ।
"ਹੈ ਕੌਣ ਜਗ ਤੇ ਜੰਮਿਆਂ ਜੋ ਹੱਥ ਮੈਨੂੰ ਲਾ ਸਕੇ ?
"ਇਸ ਧਰਮ ਨੂੰ ਇਸ ਜ਼ਿੰਦ ਹੁੰਦੇ ਆਂਚ ਲਗਾ ਸਕੇ ?

---
1. ਯੋਗ। 2. ਹਿੰਮਤ।

"ਜੋ ਅੱਖ ਭਰ ਕੇ ਕੇਸ ਵੇਖੇ ਘਾਸ ਵਾਂਗ ਜਲਾ ਦਿਆਂ,
"ਇਸ ਧਰਮ ਦੀ ਬਲਕਾਰ ਤੇ ਮੈਂ ਮਾਰ ਮਾਰ ਸੁਜਾ ਦਿਆਂ।
"ਮੈਂ ਮਰਨ ਨੂੰ ਤਜਾਰ ਹਾਂ, ਦਸ ਮਾਰ ਕੇ ਮਰ ਜਾਵਸਾਂ,
"ਜੋ ਹਥ ਮੈਨੂੰ ਲਾਇਗਾ ਉਸਨੂੰ ਸੁਆਦ ਚਖਾਵਸਾਂ"।

ਨਵਾਬ ਦੀ ਜ਼ੁਲਮੀ ਤੇ ਭਾਈ ਜੀ ਦਾ ਦੰਡ

ਨਵਾਬ ਨੇ ਵਿਚ ਕ੍ਰੋਧ ਆ ਨਾਈ ਤੁਰੰਤ ਸਦਾਇਆ,
ਅਰ ਕੇਸ ਕਰਨ ਸ਼ਹੀਦ ਖਾਤਰ, ਤੁਰਤ ਹੁਕਮ ਚੜ੍ਹਾਇਆ।
ਜਦ ਪਾਸ ਨਾਈ ਪਹੁੰਚਿਆ ਇਕ ਜ਼ੋਰ ਦਾ ਧੱਪਾ ਪਿਆ,
ਅਰ ਵਾਂਗ ਖੇਨੂੰ ਲੁੜਕਦਾ ਸੌ ਕਦਮ ਉਪਰ ਜਾ ਰਿਹਾ।
ਨਵਾਬ ਨੇ ਹੁਣ ਹੋਰ ਨਾਈ ਜ਼ੋਰਦਾਰ ਮੰਗਾ ਲਏ,
ਇਕ ਜਿੰਦੜੀ ਨੂੰ ਜਿੱਤਣੇ ਹਿੱਤ ਫੌਜ ਵਾਂਗ ਖੜ੍ਹਾ ਲਏ।
ਪਰ ਲਾਲ ਸ੍ਰੀ ਦਸਮੇਸ਼ ਜੀ ਦੇ ਡਰ ਨਹੀਂ ਹੁਣ ਭੀ ਗਏ,
ਨਾ ਧੌਣ ਨੀਵੀਂ ਸੁਟ ਕੇ, ਹਟ ਚੁਪ ਕੀਤੀ ਬਹਿ ਰਹੇ।
ਜੋ ਸਾਹਮਣੇ ਆ ਜਾਇ ਮੂੰਹ ਦੀ ਮਾਰ ਐਸੀ ਖਾਂਵਦਾ,
ਅਰ ਉਸਤਰੇ ਦੇ ਵਾਂਗ ਗੁੱਛੀ ਵਿਚ ਹੀ ਵੜ ਜਾਂਵਦਾ।
ਅਣਗਿਣਤ ਨਾਈ ਜ਼ੋਰ ਲਾ ਲਾ ਪਰੇ ਹਟ ਕੇ ਬਹਿ ਗਏ,
ਇਹ ਵੇਖ ਕੇ ਬਲ ਬੀਰ ਦਾ ਹੈਰਾਨ ਸਾਰੇ ਰਹਿ ਗਏ।
ਹਾਂ, ਕਸ਼ਟ ਇਤਨਾ ਦੇ ਲਿਆ ਅਰ ਹੌਸਲਾ ਪਰਤਾ ਲਿਆ,
ਪਰ ਸ਼ਰਮ ਹੀਨ ਨਵਾਬ ਦਾ ਕੁਝ ਗਮਰਾ[1] ਹੁਣ ਭੀ ਰਹਿ ਗਿਆ।
ਇਕ ਜਿੰਦ ਨੂੰ ਇਹ ਦੁਖ ਦਿਤੇ, ਪਰ ਨਾ ਕੀਤੀ ਹਾਇ ਸੀ,
ਤਿੰਨ ਵਾਰ ਚਰਖੀ ਚੜ ਚੁਕਾ ਸੀ ਨਾਮ ਮਾਤਰ ਜਿੰਦਗੀ।

ਟੁੱਟੇ ਹੋਏ ਹੱਡਾਂ ਨੇ ਵੀ ਸਾਹਸ ਨਹੀਂ ਤਿਆਗਿਆ

ਟੁੱਟੇ ਪਏ ਹਨ ਹੱਡ ਸਾਰੇ ਫਿਰ ਨਹੀਂ ਘਬਰਾਇਆ,
ਅਰ ਇਸ ਸਮੇਂ ਭੀ ਧਰਮ ਖਾਤਰ, ਕੀ ਨਾ ਕਰ ਦਿਖਲਾਇਆ ?
ਨਵਾਬ ਵਿਚ ਜੇ ਸ਼ਰਮ ਹੁੰਦੀ ਦੇਖ ਏਸ ਦਲੇਰ ਨੂੰ,
ਵੜ ਚੱਪਣੀ ਵਿਚ ਡੁੱਬ ਮਰਦਾ ਛੱਡ ਦੇਂਦਾ ਸ਼ੇਰ ਨੂੰ।
ਪਰ ਸ਼ਰਮ ਕਿਥੇ ਆਉਂਦੀ ਹੈ ਸਵਾਰਥੀ ਅਨਜਾਈਆਂ,

1. ਗੁੱਸਾ, ਉਬਾਲ।

ਜਿਉਂ ਜਿਉਂ ਚਪੇੜਾਂ ਪੈਣ ਤਿਉਂ ਤਿਉਂ ਹੋਣ ਰੱਦ ਬਲਾਈਆਂ।
ਹੁਣ ਹੁਕਮ ਦੇਂਦਾ ਹਸ ਕੇ ਮੋਚੀ ਲਿਆਓ ਜਾਇ ਕੇ
ਮੈਂ ਕੇਸ ਇਸਦੇ ਕੱਟਣੇ ਹਨ ਜ਼ੋਰ ਸਾਰਾ ਲਾਇ ਕੇ,
ਮੋਚੀ ਸਦਾਏ ਆ ਗਏ, ਬੇਸ਼ਰਮ ਕਹਿੰਦਾ ਮੋਚੀਓ।
ਸਭ ਖੱਲ ਸਿਰ ਦੀ ਰੰਬੀਆਂ ਦੇ ਨਾਲ ਛਿੱਲ ਖਰੋਚੀਓ।
ਚਮੜੇ ਸਣੇ ਸਭ ਕੇਸ ਇਸਦੇ ਵੱਖ ਹੋਣ ਸਰੀਰ ਤੋਂ,
ਨਾ ਸ਼ਰਮ ਮੇਰੀ ਰਹਿ ਸਕੇ ਹੁਣ ਬਾਝ ਇਸ ਤਦਬੀਰ ਤੋਂ।

ਵੈਰੀ ਵੀ ਸਿੱਖ ਦੇ ਧਰਮ ਨੂੰ ਸਲਾਹੁੰਦੇ ਹਨ

ਹਾਂ, ਹਾਇ ਪਯਾਰੇ ਖਾਲਸਾ, ਹੁਣ ਦੇਖ ਰੰਬੀ ਚੱਲਦੀ,
ਪੜਛੇ ਉਤਰਦੇ ਵੇਖ ਲੈ ਅਰ ਦੇਖ ਚਰਖੀ ਢੱਲਦੀ।
ਹਾਂ ਲਹੂ ਦੇ ਪਰਨਾਲੜੇ, ਹੁਣ ਕਿਸ ਤਰ੍ਹਾਂ ਹਨ ਵਹਿ ਰਹੇ ?
"ਸ਼ਾਬਾਸ ਸਿੱਖਾ ਧਰਮ ਦੇ" ਵੈਰੀ ਭੀ ਹਨਗੇ ਕਹਿ ਰਹੇ।
ਉਹ ਧਰਮ-ਪਾਲ ਸ਼ਹੀਦ ਹੁਣ ਭੀ, ਸੀ ਨਹੀਂ ਹੈ ਆਖਦਾ,
ਉਸ ਵਾਹਿਗੁਰੂ ਦਾ ਜਾਪ, ਇਸ ਦੁਖ ਵਿਚ ਭੀ ਹੈ ਭਾਖਦਾ।
ਨਵਾਬ ਦੀ ਹੁਣ ਹਿੱਕ ਠੰਢੀ ਲਾਹ ਪੜਛੇ ਹੋ ਗਈ,
ਬੇਅੰਤ ਕਸ਼ਟ ਪੁਚਾਇ ਕੇ, ਲੱਖ ਵੱਟਿਆ ਇਜ਼ਤ ਬਚੀ।
ਹਾਂ, ਖ਼ੂਨ ਵਿਚ ਤ੍ਰਿਬੁੱਡ ਹੋਇਆ ਵੇਖਿਆ ਨਹਿੰ ਜਾਂਵਦਾ,
ਚਰਬੀ ਪਿਘਲਦੀ ਵੇਖ ਸਿਰ ਤੋਂ, ਕਾਲ ਭੀ ਡਰ ਖਾਂਵਦਾ।

ਦੋਹਰਾ

ਧਰਮ ਬੀਰ ਨੇ ਧੀਰ ਧਰ, ਦਿਤਾ ਸੀਰ[1] ਚੁਵਾਇ,
ਸਦਕੇ ਤੁਛ ਸਰੀਰ ਕਰ, ਲੀਤਾ ਧਰਮ ਬਚਾਇ।

ਪਾਪੀ ਨਵਾਬ ਦੇ ਘੋਰ ਪਾਪ ਨੇ ਫਿਟਕਾਰ ਦਿਤੀ

ਹੁਣ ਸ਼ੇਰ ਘਾਇਲ ਵੇਖ ਕੇ ਨਾਜ਼ਮ ਦਾ ਦਿਲ ਬੀ ਡਰ ਗਿਆ,
ਸ਼ਰਮਿੰਦਗੀ ਦੇ ਨਾਲ ਅੱਖਾਂ ਨੀਵੀਆਂ ਹੀ ਕਰ ਗਿਆ।
ਉਠ ਕੇ ਮਹਿਲ ਨੂੰ ਆਇਆ ਇਹ ਹੁਕਮ ਅੰਤ ਚੜ੍ਹਾਇ ਕੇ,

1. ਲਹੂ।

ਹੁਣ ਹਿੰਦੂਆਂ ਨੂੰ ਕਹਿ ਦਿਓ ਲੈ ਜਾਣ ਤੁਰਤ ਉਠਾਇ ਕੇ।
ਹਾਂ, ਬੱਕਰੇ ਦੇ ਵਾਂਗ ਕੁੱਸਾ ਬੀਰ ਮੰਜੇ ਪੈ ਗਿਆ,
ਅਰ ਪ੍ਰੇਮੀਆਂ ਦਾ ਆਣ ਟੋਲਾ ਫਿਰ ਉਠਾ ਕੇ ਲੈ ਗਿਆ।
ਸਭ ਤ੍ਰਾਹ ਤ੍ਰਾਹ ਪੁਕਾਰਦੇ ਨਵਾਬ ਨੂੰ ਧਰਕਾਰਦੇ,
ਮੂੰਹ ਜੋੜ ਆਪਸ ਵਿਚ ਕਹਿੰਦੇ ਫਿੱਟ ਐਸੀ ਕਾਰ ਦੇ।
ਕੁਝ ਜੁਲਮ ਦੀ ਭੀ ਹੱਦ ਹੋਵੇ ਏਸ ਅੱਤ ਉਠਾ ਲਈ,
ਇਕ ਸਿੰਘ ਸੱਚਾ ਘੈਲ ਕਰਕੇ ਇਹ ਮੁਕਾਲਕ ਪਾ ਲਈ।
ਹੁਣ ਪ੍ਰੇਮੀਆਂ ਦੇ ਨਾਲ ਖੜ ਕੇ ਫੱਟ ਮੇਲਣ ਵਾਸਤੇ,
ਉਪਚਾਰ[1] ਕੀਤਾ ਬਹੁਤ ਸਾਰਾ ਜਿੰਦਗੀ ਦੀ ਆਸ ਤੇ।
ਪਰ ਫਟ ਨਹੀਂ ਸੀ ਇਸ ਤਰ੍ਹਾਂ ਦਾ ਫੇਰ ਹੁਣ ਮਿਲ ਜਾਂਵਦਾ,
ਅਰ ਬੀਰ ਬਾਂਕਾ ਫੇਰ ਮੁੜ ਕੇ ਬੀਰਤਾ ਦਿਖਲਾਂਵਦਾ।
ਕੁਝ ਦੇਰ ਜਪ ਕੇ ਨਾਮ ਸੱਚਾ, ਅੰਤ ਪੈਂਡੇ ਪਏ ਗਏ,
ਵਿਚ ਛਤ੍ਰ ਛਾਯਾ ਧਰਮ ਦੀ ਸ਼ੋਭਾ ਦਾ ਟਿੱਕਾ ਲੈ ਗਏ।

ਧਰਮ ਰਖਜਾ ਦਾ ਗੁਣ ਜਗਤ ਨੂੰ ਦਸ ਦਿੱਤਾ

ਕਰਤਾਰ ਦੇ ਦਰਬਾਰ ਜਾ ਸਤਿਕਾਰ ਧਰਮੀ ਪਾਇਆ,
ਅਰ ਧਰਮ ਰਖਜਾ ਕਰਨ ਦਾ ਗੁਣ ਜਗਤ ਨੂੰ ਦਿਖਲਾਇਆ।
ਜੋ ਧਰਮ ਦੇ ਵਿਚ ਰਹਿਣ ਸਾਬਤ, ਅੰਤ ਸੋਭਾ ਪਾਂਵਦੇ,
ਆਕਾਸ਼ ਦੇ ਵਿਚ ਚਮਕਦੇ ਅਰ ਜਗਤ ਨੂੰ ਚਮਕਾਂਵਦੇ।
ਹੈ ਯਾਦਗਾਰ ਲਾਹੌਰ ਦੇ ਵਿਚ, ਆਪ ਦੀ ਇਸ ਕਾਰ ਦੀ,
ਜੋ ਪ੍ਰਲੈ ਤੀਕਰ ਰਹਨੁਮਾਈ[2] ਕਰੇਗੀ ਸੰਸਾਰ ਦੀ।
ਕਿ ਇਸ ਤਰ੍ਹਾਂ ਇਕ ਧਰਮ ਸੂਰੇ, ਧਰਮ ਤੋਂ ਤਨ ਵਾਰਿਆ,
ਇਕ ਸੱਚ ਪਰਬਤ ਪਰ ਖਲੋ ਕੇ ਅਸਹਿ ਕਸ਼ਟ ਸਹਾਰਿਆ।
ਸੰਸਾਰ ਦੇ ਸੁਖ ਮਿਲਦਿਆ ਪਰ, ਅੱਜ ਨਾਹਿੰ ਉਠਾ ਲਈ[3],
ਪੰਜਾਬ ਦੀ ਪੱਤ ਰਖ ਲੀਤੀ ਅਰ ਸ਼ਹੀਦੀ ਪਾ ਲਈ।

1. ਉਦਮ, ਉਪਰਾਲਾ। 2. ਅਗਵਾਈ। 3. ਭਾਵ ਨਾਂਹ ਕਰ ਦਿਤੀ।

Nor gold, but only men can make,
A people great and strong,
Men who for truth and honour's sake,
Stand fast and suffer long.
Brave men who work while others sleep,
who dare while others fly,
They build a nation's pillars deep,
And life them to the sky.*

—R.W. EMERSON

ਜਿਸ ਬ੍ਰਿਛ ਦੀ ਛਾਂ ਮਾਣ ਕੇ, ਠੰਢਕ ਕਲੇਜਾ ਪਾ ਲਵੇ,
ਰੱਖਯਾ ਉਦ੍ਹੀ ਹਿਤ ਲਗੇ ਤਦ, ਜਾਨ ਵੇਚ ਬਚਾ ਲਵੇ।

ਭਾਈ ਮਤਾਬ ਸਿੰਘ ਜੀ ਦੀ ਬੀਰਤਾ ਤੇ ਕੁਰਬਾਨੀ, ਸਿਖਾਂ ਤੇ ਵਖਤ ਦੇ ਦਿਨ, ਬਾਰਾਂ[1] ਤੇ ਬੰਜਰਾਂ[2] ਵਿਚ ਕਸ਼ਟ ਸਹਾਰਦੇ ਸਹਾਰਦੇ ਬੀਕਾਨੇਰ ਵਿਚ ਜਾ ਵਸੇ

ਆ ਖਾਲਸਈ ਕੌਮ ਬੈਠ ਝਾਤ ਪਾਵੀਏ,
ਤੇਰੇ ਕਦੀਮ[3] ਦੁੱਖ ਦਾ ਦਰਸ਼ਨ ਕਰਾਵੀਏ।
ਇਤਿਹਾਸ ਆਪਣੇ ਕਸ਼ਟ ਦਾ ਸਨਮੁਖ[4] ਲਿਆਵੀਏ,
ਅਰ ਧਰਮ ਭਾਵ ਆਪਣੇ ਬਜ਼ੁਰਗਾਂ ਦਾ ਗਾਵੀਏ।
ਆ ਜ਼ੱਖਮੇ—ਜਿਗਰ[5] ਫੋਲਕੇ ਦੁਨਯਾ ਨੂੰ ਦੱਸੀਏ,
ਉਸ ਦੁੱਖ ਤੇ ਰੋਵੀਏ ਤੇ ਬੀਰਤਾ ਤੇ ਹੱਸੀਏ।
ਅੰਮ੍ਰਿਤ ਦਾ ਕੁੰਡ[6] ਪੰਜਵੇਂ ਸਤਿਗੁਰਾਂ ਦਾ ਲਾਇਆ,

---

* ਸੋਨਾ ਨਹੀਂ ਸਗੋਂ ਕੇਵਲ ਬੰਦੇ, ਕਰਨ ਕੌਮ ਨੂੰ ਉੱਚਾ ਤੇ ਬਲਵਾਨ।
ਬੰਦੇ, ਜੋ ਸੱਚ ਤੇ ਆਣ ਦੀ ਖਾਤਰ, ਡੱਟ ਜਾਂਦੇ ਤੇ ਦੁੱਖ ਉਠਾਣ।
ਉਹ ਬਹਾਦਰ ਘਾਲ ਘਾਲਦੇ ਹੋਰ ਜਦੋਂ ਨੇ ਸੁੱਤੇ,
ਜੋ ਕਰਨ ਹੌਸਲਾ ਜਦ ਕਿ ਲੋਕੀ ਭੱਜੇ ਜਾਣ।
ਥੰਮ੍ਹ ਕੌਮ ਦੇ, ਨੀਂਹ ਡੂੰਘੀ ਰਖ, ਉਹੀ ਉਸਾਰਨ, ਤਕ ਅਸਮਾਨ, (ਆਰ. ਡਬਲਿਊ. ਐਮਰਸਨ)
1. ਜੰਗਲ। 2. ਬਿਨਾਂ ਪਾਣੀ ਜ਼ਮੀਨ। 3. ਪੁਰਾਣੇ। 4. ਸਾਹਮਣੇ। 5. ਦਿਲ ਦੇ ਛਾਲੇ, ਮਨ ਦੇ ਫਟ।
6. ਭਾਵ "ਅੰਮ੍ਰਿਤਸਰ" ਤੋਂ ਹੈ।

ਮੰਦਰ ਏ ਸੱਚ-ਖੰਡ[1] ਉਨ੍ਹਾਂ ਦਾ ਬਨਾਇਆ।
ਜਿਸਦੀ ਪ੍ਰਭਾ ਨੇ ਹਰ ਕਿਸੇ ਦਾ ਸਿਰ ਨਿਵਾਇਆ,
ਜਿਸ ਦੇ ਪ੍ਰਤਾਪ ਜਗਤ ਤੋਂ ਸਤਿਕਾਰ ਪਾਇਆ।
ਕੀ ਕੀ ਉਦੇ, ਤੇ ਉਸ ਸਮੇਂ ਆਈਆਂ ਤਬਾਹੀਆਂ ?
ਕੀ ਕੀ ਉਦੇ, ਤੇ ਦੁਸ਼ਮਨਾਂ ਤੇਗਾਂ ਚਲਾਈਆਂ ?
ਸਿਦਕੀ ਸ਼ਹੀਦ ਭਾਈ ਮਨੀ ਸਿੰਘ ਜਿਸ ਸਮੇਂ,
ਕਟਵਾਇਆ ਬੰਦ ਬੰਦ ਦੇਹ ਤਜਾਗ ਤੁਰ ਗਏ।
ਦਰਬਾਰ ਸਾਹਿਬ ਸਿੱਖ ਨੂੰ ਵੜਨਾ ਨਹੀਂ ਮਿਲੇ,
ਅਰ ਟਹਿਲ ਕੋਈ ਆਣਕੇ ਸੰਗਤ ਨਾ ਕਰ ਸਕੇ।
ਉਸ ਵਕਤ ਇਸ ਪਵਿੱਤ੍ਰ ਥਾਨ ਦਾ ਏ ਹਾਲ ਸੀ,
ਜੰਗਲ ਦੇ ਵਾਂਗ ਹੋ ਰਿਹਾ ਅੰਮ੍ਰਿਤ ਦਾ ਤਾਲ ਸੀ।
ਸਿੱਖਾਂ ਤੋਂ ਖੁੱਸ ਰੰਘੜਾਂ[2] ਦੇ ਹੱਥ ਆ ਗਿਆ,
ਉਨ੍ਹਾਂ ਅਨੰਦ ਭੌਨ[3] ਸੀ ਇਸ ਨੂੰ ਬਨਾ ਲਿਆ।
ਮੱਸਾ ਬੜਾ ਪਲੀਦ[4] ਸਦਾ ਆਣ ਬੈਠਦਾ,
ਅਰ ਨਾਚ ਰੰਗ ਕੰਜਰਾਂ ਦਾ ਹੋਂਵਦਾ ਸਦਾ।
ਹਾਂ, ਭਜਨ-ਭੌਣ[5] ਵਿਚ ਰਹੇ ਉੱਡਦੀ ਸ਼ਰਾਬ,
ਹੁੱਕਾ ਭੀ ਗੁੜ ਗੁੜਾਇ ਕਰੇ ਪਾਪ ਬੇਹਿਸਾਬ।
ਪੰਜਾਬ ਦੇ ਵਿਚ ਖਾਲਸਾ ਜੀ ਰਹਿ ਨਾ ਸੀ ਗਿਆ।
ਕੁਝ ਨਾਦਰੀ ਤੂਫਾਨ ਨੇ ਸੀ ਰੋੜ੍ਹ ਘੱਤਿਆ।
ਕੁਝ ਰਾਜ ਤ੍ਰਾਸ[6] ਮਾਰ ਕੇ ਬਰਬਾਦ ਕਰ ਲਿਆ,
ਜੋ ਰਹਿ ਗਿਆ ਓ ਜੰਗਲਾਂ ਦੇ ਵਿਚ ਜਾ ਰਿਹਾ।
ਪੰਜਾਬ ਛੋੜ ਬੀਕਾਨੇਰ ਜਾ ਲੁਕੇ ਕਈ,
ਅਪਦਾ ਸੀ ਬੀਰ ਕੌਮ ਦੇ ਸਿਰ ਇਸ ਤਰ੍ਹਾਂ ਪਈ।

ਬਾਦਸ਼ਾਹੀ ਹੁਕਮ ਨਾਲ ਹਰੇਕ ਸਿੱਖ ਦੇ ਸਿਰ ਦੇ 80 ਰੁਪਏ ਸਰਕਾਰੋਂ ਰੋਕ ਇਨਾਮ ਲੈਣ ਲਈ ਪੱਤਾ ਪੱਤਾ ਵੀ ਤਦੋਂ ਸਿੱਖਾਂ ਦਾ ਖੂਨੀ ਵੈਰੀ ਬਣ ਰਿਹਾ ਸੀ

ਘਰ ਘਰ ਦੇ ਵਿਚ ਹੁਕਮ ਸੀ ਸਿਖਾਂ ਦੇ ਵਾਸਤੇ,
ਸਿਰ ਕੱਟ ਦਿਓ ਝੱਟ ਹੀ ਜਿਥੇ ਕੋਈ ਮਿਲੇ।

1. ਸੱਚ ਦਾ ਥਾਂ, ਸਿੱਖਾਂ ਦੀ ਬੋਲੀ ਵਿਚ ਭਾਵ ਲਗਪਗ ਸਵਰਗ ਜਾਂ ਰਬ ਦੀ ਥਾਂ ਤੋਂ ਹੈ, ਏਥੇ ਅਰਥ 'ਹਰਿਮੰਦਰ' ਸਾਹਿਬ ਤੋਂ ਹੈ।
2. ਮੁਸਲਮਾਨ ਬਣਿਆ ਰਾਜਪੂਤ, ਇਕ ਜਾਤੀ, ਮਸਾ ਰੰਘੜ ਉਸ ਵੇਲੇ ਦਾ ਕੋਈ ਅਧਿਕਾਰੀ ਸੀ ਜਿਸ ਨੈ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਦੀ ਬਹੁਤ ਬੇਅਦਬੀ ਕੀਤੀ ਸੀ। 3. ਮੌਜ ਮੇਲੇ ਅਯਾਸ਼ੀ ਲਈ ਥਾਂ। 4. ਗੰਦਾ।
5. ਸ੍ਰੀ ਹਰਿਮੰਦਰ ਸਾਹਿਬ ਜੋ ਭਜਨ ਲਈ ਬਣਿਆ ਭਵਨ ਸੀ। 6. ਰਾਜੇ ਦਾ ਡਰ।

ਹਰ ਸਿਰ ਦਾ ਮੁੱਲ "ਅੱਸੀ ਰੁਪਏ" ਓ ਲੈ ਲਵੋ,
ਇਸ ਹੁਕਮ ਨਾਲ ਭਾਈ ਭੀ ਵੈਰੀ ਸੇ ਬਨ ਰਹੇ।
ਘਰ ਬਾਰ ਛੋੜ ਜੰਗਲੀਂ ਵੱਸੇ ਨੇ ਆਇ ਕੇ,
ਦਿਨ ਵਖਤ ਦੇ ਗੁਜ਼ਾਰਦੇ ਏਕਾਂਤ ਜਾਇ ਕੇ,
ਹਾਂ, ਖ਼ਾਲਸਾ ਜੀ! ਖਾਲਸਾ ਜੇ ਹੋਂਵਦਾ ਖੜਾ,
ਮੱਸਾ ਏ ਕਹਿਰ ਕਰਕੇ ਫੇਰ ਸੌਂ ਹੀ ਸਕਦਾ ?
ਪ੍ਰ ਹਾਇ, ਵਖਤ ਕੌਮ ਤੇ ਐਸਾ ਸੀ ਆ ਪਿਆ,
ਚੁਪ ਚਾਪ ਦਿਨ ਬਿਤਾਨ ਬਿਨਾ ਕੁਝ ਨਾ ਸੁੱਝਦਾ,
ਓੜਕ ਏ ਸਾਰ ਖਾਲਸੇ ਨੂੰ ਕਿਸ ਤਰ੍ਹਾਂ ਪਈ ?
ਅਰ ਸਾਰ ਆਪਣੇ ਧਾਮ[1] ਦੀ ਆ ਕਿਸ ਤਰ੍ਹਾਂ ਲਈ ?

ਭਾਈ ਬੁਲਾਕਾ ਸਿੰਘ ਜੀ ਸਿੱਖਾਂ ਨੂੰ ਲੱਭਦੇ ਲੱਭਦੇ ਬੀਕਾਨੇਰ ਪਹੁੰਚ ਪਏ

ਭਾਈ ਬੁਲਾਕਾ ਸਿੰਘ ਸੀ ਇਕ ਪ੍ਰੇਮ ਮੂਰਤੀ,
ਉਸਦੀ ਨਾ ਅੱਖ ਇਹ ਅਨਰਥ ਦੇਖ ਸਹਿ ਸਕੀ।
ਪਰ ਪੇਸ਼ ਭੀ ਨਾ ਜਾਇ ਇਕੱਲੀ ਸੀ ਜਿੰਦਗੀ,
ਅਰ ਜ਼ਾਲਮਾਂ ਦਾ ਖਾਲਸੇ ਦੇ ਨਾਲ ਵੈਰ ਸੀ।
ਉਹ ਬੀਰ ਜੇ ਦਰਬਾਰ ਦੇ ਨੇੜੇ ਭੀ ਆਉਂਦਾ,
ਤਦ ਕੀ ਸੀ, ਰਾਹ ਵਿਚ ਹੀ ਸਿਰ ਵਢ ਜਾਉਂਦਾ।
ਇਹ ਦੇਖਕੇ ਉਹ ਤੁਰ ਪਿਆ ਵੀਰਾਂ ਦੀ ਆਸ ਤੇ,
ਇਹ ਦੁਖ ਦੀ ਖਬਰ ਪੰਥ ਨੂੰ ਸੁਨਾਣ ਵਾਸਤੇ।
ਪੈਂਡੇ ਤੇ ਦੁੱਖ ਰੇਤ-ਥਲੇ ਦੇ ਉਠਾਇ ਕੇ,
ਪਹੁੰਚਾ ਹੈ ਕਸ਼ਟ ਝਾਗ ਬੀਕਾਨੇਰ ਜਾਇ ਕੇ।
ਬਲਬੀਰ ਖਾਲਸੇ ਨੂੰ ਦਰਦ ਜਾ ਸੁਣਾਇਆ,
ਜ਼ਖਮੇ ਜਿਗਰ[2] ਜ਼ਬਾਨ ਦੇ ਰਸਤੇ ਵਿਖਾਇਆ।

ਕੀ ਖਾਲਸਾ ਮਰ ਗਿਆ ਹੈ ਯਾ ਬੀਰਤਾ ਪਤਾਲ ਵਿਚ ਗਰਕ ਹੋ ਗਈ ਹੈ ਤੇ ਜਿੰਦੜੀ ਦੇ ਪਿਆਰੇ ਨੇ ਪੰਥ ਪਿਆਰ ਵੰਵਾ ਦਿੱਤਾ ਹੈ ?

"ਹੇ ਸ਼ੇਰ ਖਾਲਸਾ ! ਸੌਂ ਰਿਹਾ ਹੈਂ ਕਿਸ ਜਗ੍ਹਾ ?
ਤੂੰ ਧਰਮ ਨੂੰ ਵਿਸਾਰ ਸਖੀਂ ਭੁੱਲ ਕਿਓਂ ਰਿਹਾ ?
ਸੇਵਾ ਦਾ ਪ੍ਰੇਮ ਛੋੜ ਕਯੋਂ ਇਕੰਤ ਆ ਪਿਆ ?
ਹਾਂ, ਜਿੰਦ ਦੇ ਪਿਆਰ ਪੰਥ ਪਜਾਰ ਖੋ[3] ਲਿਆ।

1. ਘਰ, ਟਿਕਾਣਾ, ਭਾਵ ਸ੍ਰੀ ਹਰਿਮੰਦਰ ਸਾਹਿਬ ਤੋਂ ਹੈ। 2. ਦਿਲ ਦੇ ਫੱਟ। 3. ਗਵਾ।

ਕੁਝ ਸਾਰ ਹੈ ਕੀ ਆਪਣੇ ਤੇ ਕਸ਼ਟ ਪੈ ਰਹੇ ?
ਯਾ ਬੈਠ ਕੇ ਇਕੰਤ ਹੋ ਆਨੰਦ ਲੈ ਰਹੇ ?
ਜਿਸ ਸੱਚਖੰਡ ਸੀ ਅਖੰਡ ਭਜਨ ਹੋਂਵਦਾ,
ਉਥੇ ਹੈ ਵੇਸਵਾ ਦਾ ਅੱਜ ਨਾਚ ਹੋ ਰਿਹਾ।
ਜਿਸ ਥਾਂ ਤੇ ਅਮਿਯ[1] ਦਾਨ ਸੀ ਦਿਨ ਰਾਤ ਵਰਤਦਾ।
ਓਥੇ ਹੈ ਦੌਰ ਮਦ[2] ਤੇ ਤਮਾਕੂ ਦਾ ਚਲਦਾ।
ਕੀ ਮਰ ਗਿਆ ਹੈ ਖਾਲਸਾ ਜੋ ਸੁੱਧ ਨਹੀਂ ਲਈ ?
ਯਾ ਬੀਰਤਾ ਪਤਾਲ ਵਿਖੇ ਗਰਕ ਹੋ ਗਈ ?
ਤੂੰ ਖਾਲਸਾ ! ਏ ਦੇਖ ਕਿਵੇਂ ਜੀਉਂਦਾ ਰਿਹਾ ?"
ਇਹ ਸੁਣਦਿਆਂ ਹੀ ਖਾਲਸੇ ਨੂੰ ਰੋਹ ਚੜ ਗਿਆ,
ਦਿਲ ਕਾਲਜੇ ਦੇ ਵਿਚ ਨਾ ਰਹਿੰਦਾ ਹੈ ਠੱਲ੍ਹਿਆ।
ਭਾਈ ਮਤਾਬ ਸਿੰਘ[3] ਕ੍ਰੋਧ ਨਾਲ ਬੋਲਿਆ,
"ਤੂੰ ਖਾਲਸਾ, ਏ ਦੇਖ ਕਿਵੇਂ ਜੀਉਂਦਾ ਰਿਹਾ ?
ਹੈ ਹਾਇ, ਤੇਰੇ ਪ੍ਰਾਣ ਕਯੋਂ ਨਿਕਲ ਨਹੀਂ ਗਏ ?
ਇਹ ਨੇਤ੍ਰ ਉਹ ਅਨਰਥ ਕਿਵੇਂ ਦੇਖਦੇ ਰਹੇ ?"

ਮੱਸੇ ਦੇ ਸਿਰ ਲਈ ਏਹ ਧਰਮ ਦੀ ਤਲਵਾਰ ਹੈ

ਜੱਥੇ ਦਾ ਜਥੇਦਾਰ ਬੀਰ ਬੁੱਢਾ ਸਿੰਘ ਸੀ,
ਉਸ ਧੂਹ ਕੇ ਤਲਵਾਰ ਵਿਚ ਮਦਾਨ ਦੇ ਰਖੀ।
"ਹੇ ਖਾਲਸਾ ! ਏ ਧਰਮ ਦੀ ਤਲਵਾਰ ਹੈ ਪਈ,
ਹੋ ਕੇ ਦਲੇਰ ਚੁੱਕ ਲਵੋ ਖਾਲਸਾ ਕੋਈ,
ਇਸ ਨਾਲ ਧਰਮ ਆਪਣਾ ਹੋਸੀ ਬਚਾਵਣਾ,
ਮੱਸੇ ਦਾ ਸਿਰ ਉਤਾਰ ਕੇ ਐਥੇ ਲਿਆਵਣਾ।"

ਭਾਈ ਮਤਾਬ ਸਿੰਘ ਨੇ ਝਪਟ ਕੇ ਤਲਵਾਰ ਚੁੱਕ ਲਈ ਤੇ ਭਾਈ ਸੁੱਖਾ ਸਿੰਘ ਨੇ ਵੀ ਨਾਲ ਹੀ ਜਾਣ ਦੀ ਤਿਆਰੀ ਕਰ ਦਿੱਤੀ

ਇਹ ਸੁਣ ਕੇ ਉਠ ਮਤਾਬ ਸਿੰਘ ਹੋ ਪਯਾ ਤਯਾਰ,
ਛਾਤੀ ਤੇ ਹੱਥ ਮਾਰ ਕੇ ਉਠਾ ਲਈ ਤਲਵਾਰ।
ਇਕ ਭਾਈ ਸੁਖਾ ਸਿੰਘ[4] ਨਾਲ ਹੋ ਪਿਆ ਤਿਆਰ,
ਉਸ ਵਕਤ ਹੀ ਪੰਜਾਬ ਵਲ ਹੋ ਗਏ ਸਵਾਰ,

---

1. ਅੰਮ੍ਰਿਤ। 2. ਸ਼ਰਾਬ। 3. ਮੀਰਾ ਕੋਟ (ਜ਼ਿਲਾ ਅੰਮ੍ਰਿਤਸਰ) ਨਾਂ ਦੇ ਨਗਰ ਦਾ ਵਸਨੀਕ ਇਕ ਸਿੰਘ।
4. ਕੱਬੋ ਮਾੜੀ ਦਾ ਇਕ ਸਿੰਘ ਜੋ ਫੇਰ ਸੰਮਤ 1810 ਵਿਚ ਲੜਦਾ ਸ਼ਹੀਦ ਹੋਇਆ।

ਪਜਾਸਾਂ ਨੂੰ ਝੱਲਦੇ ਤੇ ਮੰਜ਼ਲਾਂ ਨੂੰ ਮਾਰਦੇ,
ਲੁਕ ਛਿਪ ਕੇ ਦੇਸ਼ ਆ ਗਏ ਬੱਧੇ ਪਿਆਰ ਦੇ।
ਗੁਰ ਸਰ[1] ਦੇ ਆ ਨਜੀਕ ਭੇਸ ਨੂੰ ਵਟਾਇਆ,
ਮੁਗਲਾਂ ਦੇ ਵਾਂਗ ਆਪਣਾ ਬਾਣਾ ਬਣਾਇਆ।
ਰੋੜਾਂ ਦਾ ਭਾਰ ਧਨ ਦੀ ਤਰਾਂ ਸਿਰ ਉਠਾਇਆ,
ਅਰ ਦੂਖ ਦੇ ਅੰਗ ਸੰਗ, ਗੁਰੂ ਨੂੰ ਧਿਆਇਆ।
ਘੋੜੇ ਖੁਲ੍ਹਾਰ ਬਾਹਰ ਤੁਰੇ ਮਾਮਲਾ ਪੁਚਾਣ,
ਕਰਤੱਵਯ ਆਪਣੀ ਤੇਗ ਆਬਦਾਰ[2] ਦਾ ਦਿਖਾਣ।

ਕੀ ਹੋ ਗਿਆ ? ਓਹ ਕੌਣ ਸੀ ? ਬਿਜਲੀ ਦੀ ਫੁਰਤੀ ਨਾਲ ਮੱਸੇ ਦਾ ਸਿਰ ਕੱਟ ਲਿਆ

ਮੰਦਰ ਦੇ ਵਿਚ ਜਾਇ ਕੇ ਪਹੁੰਚਣ ਦੀ ਦੇਰ ਸ਼ੀ,
ਮੱਸੇ ਨੂੰ ਅੱਖ ਪਰਤ ਕੇ ਨਾ ਵੇਖਣੀ ਮਿਲੀ।
ਬਿਜਲੀ ਦੇ ਵਾਂਗ ਤੇਗ਼ ਸਿਰ ਤੇ ਆਣ ਪੈ ਗਈ,
ਇਕ ਫ਼ੇਰ ਦੇ ਵਿਚ ਖੂਨ ਦੀ ਇਕ ਧਾਰ ਵਹਿ ਗਈ,
ਮੱਸੇ ਦਾ ਸਿਰ ਮਲੂਮ ਨਹੀਂ ਕੌਣ ਲੈ ਗਿਆ ?
ਕੀ ਹੋ ਗਿਆ, ਉਹ ਕੌਣ ਸੀ, ਇਹ ਸ਼ੋਰ ਪੈ ਗਿਆ ?
ਜਾਨਾਂ ਨੂੰ ਦੋਇ ਬੀਰ ਤਲੀ ਪਰ ਟਿਕਾਇ ਕੇ,
ਬਿਜਲੀ ਦੇ ਵਾਂਗ ਤੇਗ਼ ਦਾ ਜੌਹਰ ਵਿਖਾਇ ਕੇ।
ਪਾਪੀ ਦਾ ਸਿਰ ਕਲਮ ਦੇ ਵਾਂਗ ਕਟ ਲਿਆਇ ਕੇ,
ਹੋ ਕੇ ਸਵਾਰ ਤੁਰ ਪਏ ਵਾਗਾਂ ਉਠਾਇ ਕੇ।
ਬਲਬੀਰ ਪੰਥ ਦੇ ਹਜ਼ੂਰ ਪਹੁੰਚ ਜਾਂਵਦੇ,
ਪ੍ਰਣ ਪਾਲ, ਸੀਸ ਦੁਸ਼ਟ ਦਾ ਅਗੇ ਟਿਕਾਂਵਦੇ।

ਹੇ ਬੀਰੋ, ਤੁਹਾਡੀ ਏਸ ਘਾਲ ਨੇ ਪੰਥ ਤੇ ਬੜਾ ਹਸਾਨ ਕੀਤਾ ਹੈ ਤੁਹਾਡਾ ਜਨਮ ਸੁਫਲਾ ਹੈ

ਸਾਹਸ ਏਹ ਦੇਖ ਖਾਲਸਾ ਕੁਰਬਾਨ ਹੋ ਗਿਆ,
ਤੇਰੇ ਜਿਹਾਂ ਹੀ ਬੀਰ, ਪੰਥ ਹੈ ਬਚਾ ਲਿਆ।
ਤੂੰ ਕੌਮ ਦੇ ਸਿਰ ਭੀ ਬੜਾ ਅਹਿਸਾਨ ਪਾਲਿਆ।
ਅਰ ਆਪਣਾ ਭੀ ਜਨਮ ਸਫਲ ਤੂੰ ਬਣਾ ਲਿਆ।
ਸੂਰੇ ਮਤਾਬ ਸਿੰਘ, ਤੇਰਾ ਨਾਮ ਰਹੇਗਾ।
ਹੇ ਸੁਖਾ ਸਿੰਘ ! ਯਾਦ ਤੇਰਾ ਕਾਮ ਰਹੇਗਾ।

1. ਅੰਮ੍ਰਿਤਸਰ। 2. ਚਮਕੀਲੀ, ਤੇਜ਼।

ਆਪਣੀ ਕੌਮ ਤੇ ਤਲਵਾਰ ਵਹਿੰਦੀ ਸਿੰਘ ਨਾ ਸੁਣ ਸਕੇ

ਦਿਨ ਬੀਤ ਗਏ ਇਸੇ ਹਾਲ ਰਹਿੰਦੀਆਂ,
ਘਰ ਬਾਰ ਛੋੜ੍ਹ ਜੰਗਲਾਂ ਦੇ ਕਸ਼ਟ ਸਹਿੰਦਿਆਂ।
ਪਰ ਧਿਆਨ ਸੀ ਪੰਜਾਬ ਦਾ ਉਠਦੇ ਤੇ ਬਹਿੰਦਿਆਂ,
ਸੁਣਦੇ ਸੇ ਆਪਣੀ ਕੌਮ ਤੇ ਤਲਵਾਰ ਵਹਿੰਦਿਆਂ।
ਪਜਾਰੇ ਵਤਨ ਦੀ ਯਾਦ ਤੇ ਵੀਰਾਂ ਦਾ ਮੋਹ ਪਿਆਰ,
ਕਦ ਪੈਣ ਦੇਂਵਦਾ ਸੀ ਸੇਵਕਾਂ ਦੇ ਦਿਲ ਕਰਾਰ ?
ਭਾਈ ਮਤਾਬ ਸਿੰਘ ਜੀ ਪੰਜਾਬ ਆ ਗਏ।
ਸੁਣਿਆਂ ਕਿ ਤਾਰੂ ਸਿੰਘ ਜੀ ਹਨ ਕਸ਼ਟ ਪਾ ਰਹੇ।
ਦਿਲ ਜੋਸ਼ ਖਾਇ ਆ ਗਏ ਲਾਹੌਰ ਦੇ ਵਿਖੇ,
ਅਰ ਚੀਰ ਕੇ ਸਫਾਂ ਨੂੰ ਵੀਰ ਪਾਸ ਜਾ ਟਿਕੇ।
ਦੋ ਵੀਰ ਮਿਲੇ ਠੰਡ ਪਈ ਅੰਗ ਅੰਗ ਨੂੰ,
ਬਹਿ ਯਾਦ ਕਰਨ ਗੁਰੂ ਪਿਤਾ ਅੰਗ ਸੰਗ ਨੂੰ।
ਭਾਈ ਨੂੰ ਮਿਲ ਕੇ ਭਾਈ ਜੀ ਜਦ ਬਾਹਰ ਨਿਕਲੇ,
ਵੈਰੀ ਧੁਰਾਂ ਦੇ ਤੁਰਕ ਬੇਲਿਹਾਜ਼ ਮਿਲ ਪਏ।
ਹੱਲਾ ਮਚਾਇ ਜੋਰ ਪਾਇ ਅੰਤ ਫੜ ਲਏ,
ਨਾਜ਼ਮ ਦੇ ਪਾਸ ਬੰਨ੍ਹ ਕੇ ਤੁਰੰਤ ਲੈ ਗਏ।
ਨਾਜਮ ਨੇ ਦੇਖ ਆਖਿਆ ਚਰਖੀ ਚੜ੍ਹਾ ਦਿਓ।
ਸਿੱਖਾਂ ਦਾ ਨਾਂ ਨਿਸ਼ਾਨ ਜਗਤ ਤੋਂ ਮਿਟਾ ਦਿਓ।
ਸੁਣ ਕੇ ਏ ਹੁਕਮ ਬੀਰ ਨੂੰ ਹੋਯਾ ਨਹੀਂ ਮਲਾਲ,
ਤੁਰਕਾਂ ਦੇ ਨਾਲ ਤੁਰ ਪਏ ਧਿਆਉਂਦੇ ਅਕਾਲ,
ਚਰਖੀ ਤੇ ਚੜ੍ਹੇ ਕਹਿੰਦੇ ਰਹੇ ਸਤਿ ਸ੍ਰੀ ਅਕਾਲ,
ਅਰ ਜਾਨ ਨੂੰ ਘੁਮਾ ਗਏ ਸੱਚੇ ਪਿਆਰ ਨਾਲ।
ਦੁੱਖਾਂ ਦੀ ਭੂਮ ਛੋੜ ਕੇ ਸੁਖ ਧਾਮ ਜਾ ਵਸੇ,
ਵਿਚ ਸੱਚ ਖੰਡ ਕਰਨ ਨੂੰ ਆਰਾਮ ਜਾ ਵਸੇ।

ਅਜੇਹੀ ਬੀਰ ਕੌਮ ਦਾ ਅੱਜ ਕੀ ਹਾਲ ਹੈ ?

ਜਿਸ ਕੌਮ ਦੇ ਸਪੂਤ ਇਹੋ ਬੀਰ ਹੋ ਗਏ,
ਜਿਸ ਧਰਮ ਤੋਂ ਅਨੇਕ ਲਾਲ ਖਾਕ ਵਿਚ ਮਿਲੇ,
ਦੇ ਦੇ ਕੇ ਸੀਸ ਬਾਗ ਜੇਹੜਾ ਸਿੰਜਦੇ ਰਹੇ,
ਤਲੀਆਂ ਤੇ ਧਰ ਕੇ ਜਿੰਦ ਜਿਦਾ ਨਾਮ ਰੱਖ ਚੁਕੇ।
ਉਸ ਕੌਮ ਦਾ ਅਜ ਹੋਰ ਹੀ ਹਾਲ ਹੋ ਰਿਹਾ,
ਫੁੱਲਾਂ ਫਲਾਂ ਤੋਂ ਬਾਝ ਹੈ ਬੇਹਾਲ ਹੋ ਰਿਹਾ।

ਜੋ ਪ੍ਰੇਮ ਪੰਥ ਵਾਸਤੇ ਅਰਪਨ[1] ਸੀ ਹੋਂਵਦਾ।
ਉਹ ਪ੍ਰੇਮ ਮਾਣ ਵਾਸਤੇ ਹੈ ਜ਼ੋਰ ਲਾ ਰਿਹਾ।
ਦੁਨਜਾਂ ਦੇ ਪਜਾਰ ਨਾਲ ਦਿਲ ਹੇ ਜਕੜਿਆ ਗਿਆ।
ਅਰ ਧਰਮ ਨਾਮ ਮਾਤ੍ਰ ਦਿਲਾਂ ਵਿਚ ਹੈ ਜਾਪਦਾ।
ਸਵਾਰਥ ਦੀ ਪ੍ਰੀਤ ਦਿਲ ਤੇ ਚੁਟਕੀਆਂ ਹੈ ਲੈ ਰਹੀ,
ਹੈ ਆਪਣੀ ਹੀ ਫਿਕਰ, ਸਾਰਿਆਂ ਨੂੰ ਪੈ ਰਹੀ।
ਦੁਨਯਾਂ ਦੇ ਤੁੱਛ ਮਾਤ੍ਰ ਪਦਾਰਥ ਦੇ ਵਾਸਤੇ,
ਆਪਣੇ ਸੁਭਾਉ ਨੀਚ ਦੀ ਖਾਤਰ ਦੇ ਵਾਸਤੇ।
ਥੋੜੇ ਜਿਹੇ ਪਦਾਰਥ ਦੀ ਬਚਤ ਦੀ ਆਸ ਤੇ,
ਯਾ ਆਪਣੇ ਮਨੋਰਥ ਨੂੰ ਸਿਧ ਕਰਨ ਵਾਸਤੇ।
ਸਜਨਾਂ ਨੂੰ ਦੁੱਖ ਦੇ ਖੂਹ ਵਿਖੇ ਚਾ ਧਕੇਲੇਦੇ,
ਅਗਨੀ ਦੇ ਨਾਲ ਜਾਣ ਬੁੱਝ ਕੇ ਨੇ ਖੇਲਦੇ।

ਪਾਪੀ ਅਨਿਆਈ ਕਹਿਰ ਵਾਲਾ ਰਾਜ ਹਟ ਕੇ ਬਰਕਤਾਂ ਦਾ ਰਾਜ[2], ਸ਼ੇਰ ਬਕਰੀ ਇਕੋ ਘਾਟ ਹੈ, ਸੋ ਪ੍ਰੇਮ ਤੇ ਪਜਾਰ ਦੇ ਛੱਟੇ ਖਿੰਡਾ ਦਿਓ

ਹੇ ਪੰਥ ਦੇ ਪਿਆਰਿਓ ਦੇਖੋ ਖਾਂ ਜਾਗ ਕੇ।
ਬਦਲ ਓ ਜੁਲਮ ਕਹਿਰ ਦੇ ਬਾਕੀ ਨਹੀਂ ਰਹੇ।
ਹੈ ਬਰਕਤਾਂ ਦਾ ਰਾਜ, ਦਿਨ ਨੇ ਅਮਨ ਚੈਨ ਦੇ।
ਇਕ ਘਾਟ ਸ਼ੇਰ, ਬਕਰੀ ਪਾਣੀ ਨੇ ਪੀਂਵਦੇ।
ਹੁਣ "ਪ੍ਰੇਮ" ਅਤੇ "ਪਿਆਰ" ਦੇ ਛੱਟੇ ਖਿੰਡਾ ਦਿਓ।
ਉਪਕਾਰੀਆਂ ਦੀ ਕੌਮ ਬਣ ਕੇ ਫਿਰ ਦਿਖਾ ਦਿਓ।
ਧਰਮ ਜਿਨ੍ਹਾਂ ਨੇ ਪਾਲਿਆ ਤਜਾਗ ਹੋਰ ਸਭ ਆਸ,
ਜੋਤ ਤਿਨਾਂ ਦੀ ਪਾਇ ਕੇ ਚਮਕੇ ਚੰਦ ਅਕਾਸ਼।

1. ਭੇਟਾ। 2. ਅੰਗਰੇਜ਼ਾਂ ਦੇ ਰਾਜ ਦੇ ਵੇਲੇ ਦੇ ਅਮਨ, ਉੱਨਤੀ ਆਦਿ ਵੱਲ ਇਸ਼ਾਰਾ ਹੈ।

ਭਾਈ ਸਬੇਗ ਸਿੰਘ ਅਤੇ ਸਬਾਜ ਸਿੰਘ ਜੀ, ਪਿਤਾ ਪੁੱਤ੍ਰ ਦੀ ਲਾਹੌਰ ਵਿਚ ਕਹਿਰ ਭਰੀ ਦਰਦਨਾਕ ਸ਼ਹਾਦਤ[1]

The untouched soul,
Greater than all the worlds (because the worlds,
By it subsist) smaller than subtleties
Of things minutest; Last of ultimates;
Sits in the hollow heart of all that lives
Who so hath laid aside desire and fear,
His senses mastered, and his spirit still,
Sees in the quiet light verity
Eternal, safe, majestical. "HIS SOUL"*

—THE SECRET OF DEATH

ਭਾਈ ਸਬੇਗ ਸਿੰਘ, ਸਿੰਘ ਦਸਮ ਗੁਰੂ ਦਾ,
ਧਰਮੀ ਸਧੀਰ ਨਿਤਨੇਮੀ ਪ੍ਰੇਮ ਦਾ ਪੁਤਲਾ।
ਕਰਦਾ ਸੀ ਵਿਚ ਲਾਹੌਰ ਦੇ ਦਰਬਾਰ ਨੌਕਰੀ,
ਕਰਦਾ ਸਿਗਾ ਬਤੀਤ ੳ ਚੁਪਚਾਪ ਜ਼ਿੰਦਗੀ।
ਵਿਦਯਾ ਤੇ ਨੇਕ ਨੀਯਤੀ ਦੇ ਗੁਣ ਦੇ ਵਾਸਤੇ,
ਦਰਬਾਰ ਦੇ ਵਿਚ ਟਿਕ ਰਿਹਾ ਸੀ ਉੱਚ ਮਰਤਬੇ[2]।
ਸਿੰਘਾਂ ਦੇ ਨਾਲ ਗਲ ਬਾਤ ਹੋਂਵਦੀ ਜਦੋਂ,
ਸੋ ਆਪ ਹੀ ਵਕੀਲ ਬਣ ਕੇ ਪਹੁੰਚਦੇ ਤਦੋਂ।
ਸਿਖਾ ਤੇ ਹਾਕਮਾਂ ਦੇ ਵਿਚਾਲੇ ਦੀ ਰੰਜਗੀ[3],
ਕਰਦੇ ਸੋ ਦੂਰ ਲੋੜ ਸਮੇਂ ਪੈ ਕੇ ਆਪ ਹੀ।
ਮੁੱਲਾਂ ਤੇ ਕਾਜ਼ੀਆਂ ਨੂੰ ਸਿਗਾ ਖਾਰ[4] ਖਟਕਦਾ।

---

* ਅਛੂਤੀ ਆਤਮਾ—

ਸਭ ਸੰਸਾਰਾਂ ਤੋਂ ਵਡੇਰੀ (ਕਿਉਂਕਿ ਸੰਸਾਰ ਉਸੇ ਨਾਲ ਜੀਉਂਦੇ ਹਨ) ਨਿੱਕੀਆਂ ਤੋਂ ਨਿੱਕੀਆਂ ਵਸਤਾ ਦੀ ਸੂਖਮਤਾ ਤੋਂ ਸੂਖਮ ਅੰਤਿਮ ਵਿਚੋਂ ਸਭ ਜੰਤੂਆਂ ਦੇ ਦਿਲ ਦੇ ਪੋਲ ਵਿਚ ਲੁਕੇ ਅੰਤ ਵਾਂਗ, ਬੈਠੀ ਹੈ ਉਹ, ਜਿਸ ਨੇ ਇਛਿਆ ਤੇ ਡਰ ਨੂੰ ਲਾਂਭੇ ਰੱਖ ਦਿੱਤਾ ਹੈ। ਆਪਣੀਆਂ ਵਾਸ਼ਨਾਵਾਂ ਉੱਤੇ ਉਸ ਦਾ ਵਸੀਕਰਨ ਹੈ। ਇਸ ਦੀ ਟਿਕੀ ਸਪਿਰਿਟ ਦੀ ਚੁਪ, ਸ਼ਾਂਤੀ, ਵੇਖਦੀ ਹੈ, ਅਟੱਲ ਸੁਰੱਖਿਅਤ ਤੇ ਸੁਹਾਣੀ ਸਚਿਆਈ ਹੈ, ਉਸ ਦੀ ਆਤਮਾ। (ਮੌਤ ਦਾ ਭੇਤ)

1. ਸ਼ਹੀਦੀ। 2. ਪਦਵੀ। 3. ਨਰਾਜ਼ਗੀ, ਗੁੱਸਾ। 4. ਕੰਡਾ।

ਇਹ ਸਿਖ ਹੋ ਕੇ ਜੀਉਂਦਾ, ਅੰਧੇਰ ਹੈ ਬੜਾ।
ਪਰ ਇਸਦੇ ਬਰਖਿਲਾਫ ਕੋਈ ਬਾਤ ਨਾ ਮਿਲੇ,
ਜਿਸਨੂੰ ਦਿਖਾ ਕੇ ਜਾਨ ਸਿੰਘ ਦੀ ਕਢਾਂਵਦੇ।
ਅਮਨ ਅਮਾਨ ਨਾਲ ਏ ਕਰਦਾ ਸੀ ਇੰਤਜ਼ਾਮ,
ਈਮਾਨਦਾਰੀ ਵਿਚ ਭੀ ਪਾਯਾ ਸੀ ਖ਼ੂਬ ਨਾਮ।
ਇਸ ਸ਼ਾਨਤੀ ਦੇ ਜ਼ੋਰ ਤੇ ਸੀ ਹੋ ਰਿਹਾ ਨਿਰਬਾਹ।
ਅਰ ਦੁਸ਼ਮਨਾਂ ਦੀ ਏਸ ਤੇ ਚਲਦੀ ਨਹੀਂ ਸੀ ਵਾਹ।
ਇਕ ਪੁੱਤ੍ਰ ਸੀ ਸਬਾਜ ਸਿੰਘ, ਏਸ ਦਾ ਜਵਾਨ,
ਸੀ ਉਮਰ ਤਾਂ ਨਾਦਾਨ[1] ਮਗਰ ਬੁੱਧ ਸੀ ਮਹਾਨ।
ਮਕਤਬ[2] ਦੇ ਵਿਚ ਵਿਦਯਾ ਦੇ ਹੇਤ ਜਾਂਵਦਾ,
ਮੁੱਲਾਂ ਦੇ ਪਾਸ ਬੈਠ ਫ਼ਾਰਸੀ ਪਕਾਂਵਦਾ।
ਇਹ ਲਾਲ ਸੀ ਸੁਸ਼ੀਲ, ਧਰਮ ਦਾ ਬੜਾ ਬਲੀ,
ਅਰ ਰੂਪ ਭੀ ਸੀ ਏਸ ਦਾ ਗੁਲਾਬ ਦੀ ਕਲੀ।
ਪਰ ਮੌਲਵੀ ਨੂੰ ਏਸ ਦਾ ਕਦ ਰੂਪ ਭਾਂਵਦਾ ?
ਮਨ ਜਿਸ ਦਾ ਸਦਾ ਆਪਣਾ ਹੀ ਆਪ ਚਾਹੁੰਦਾ।
ਉਹ ਚਾਹੁੰਦੇ ਸੇ, ਕਾਫਰਾਂ ਦਾ ਨਾਮ ਨਾ ਰਹੇ।
ਇਸਲਾਮ ਦਾ ਨਿਸ਼ਾਨ ਝੁੱਲੇ ਹਿੰਦ ਦੇਸ਼ ਤੇ।
ਫਿਰ ਸਿਖ ਦੇ ਤਾਂ ਖ਼ੂਨ ਦੀ, ਸੀ ਲਗ ਰਹੀ ਪਿਆਸ।
ਓ ਚਾਹੁੰਦੇ ਸੇ ਹੋਣ ਏ ਮਰਦੂਦ[3] ਕਿਵੇਂ ਨਾਸ

ਦੋਹਰਾ

ਕਦ ਤਕ ਖੈਰ ਮਨਾਵਸੀ ਬਕਰੇ ਦੀ ਮਾਂ ਅੰਤ,
ਜਦ ਕਾਬੂ ਆ ਜਾਏਗਾ ਫਿਰਸੀ ਛੁਰੀ ਤੁਰੰਤ।

ਦ੍ਰਮਲ ਛੰਦ*

ਗੁਰੂ ਲਾਲ ਸਬਾਜ ਮ੍ਰਿਗਿੰਦ[4] ਪੜ੍ਹੋ ਇਕ ਰੋਜ਼ ਮੁਲਾਨੇ ਨੇ ਬੋਲ ਕਹਜਾ।
ਤੈਨੂੰ ਐਤਨੀ ਮੱਤ ਸਿਖਾਇ ਰਹੇ, ਪੈ ਤੂੰ ਵੱਟੇ ਦੇ ਵਾਂਗ ਅਭਿੱਜ ਰਹਜਾ।
ਸਾਡਾ ਦੀਨ ਬਿਅੰਤ ਸੁਖਾਂ ਦੀ ਨਿਧੀ[5] ਤੂੰ ਨਾ ਸਿਦਕ ਯਕੀਨ ਦੇ ਨਾਲ ਗਹਜਾ[6]।
ਧਰਮਗਜ[7] ਸਬਾਜ ਮ੍ਰਿਗਿੰਦ ਪਾਸੋਂ ਇਹ ਬੋਲ ਗਿਆ ਨਹਿੰ ਮੂਲ ਸਹਜਾ।

---

* ਸਵਈਏ ਛੰਦ ਦਾ ਹੀ ਇਕ ਭੇਤ ਹੈ, ਇਕ ਤੁਕ ਵਿਚ 32 ਮਾਤਰਾਂ 10, 8 ਤੇ 14 ਉਤੇ ਬਿਸਰਾਮ।
1. ਇਞਾਣੀ। 2. ਸਕੂਲ। 3. ਦੁਰਕਾਰੇ, ਬੇਇਜ਼ਤ। 4. ਸਿੰਘ। 5. ਖਜ਼ਾਨਾ। 6. ਫੜਿਆ।
7. ਧਰਮ ਨੂੰ ਜਾਨਣ ਵਾਲਾ।

ਉੱਤਰ ਸਬਾਜ ਸਿੰਘ, ਹੋਰ ਅਨੰਦ ਦੀ ਲੋੜ ਨਹੀਂ

ਜਿਨ ਖਾਲਸਾ ਧਰਮ ਦੀ ਸ਼ਰਨ ਗਹੀ, ਓਹਨੂੰ ਚਾਹੀਦਾ ਹੋਰ ਅਨੰਦ ਨਹੀਂ।
ਘਟ ਨਾਮ ਦੀ ਜੋਤ ਜਗਾਈ ਜਿਨੇ, ਓਹਨੂੰ ਚਾਹੀਦਾ ਚਾਨਣਾ ਚੰਦ ਨਹੀਂ।
ਜਿਨੂੰ ਨਿਊਂ ਕੇ ਲਾਲਾਂ ਦੀ ਖਾਨ ਮਿਲੀ, ਸੁਖ ਪਾਵੇਗਾ ਹੋ ਕੇ ਬੁਲੰਦ[1] ਨਹੀਂ।
ਸੱਚ ਬਾਤ ਕਹਾਂ ਜੇ ਨਾ ਰੰਜ ਕਰੋ ਮੈਨੂੰ ਆਪ ਦਾ ਦੀਨ ਪਸੰਦ ਨਹੀਂ।

ਸੋਰਠਾ

ਸੁਣ ਬਾਲਕ ਦਾ ਵਾਕ, ਮੁੱਲਾਂ ਹੋਰੀ ਸੜ ਗਏ,
ਹੋਵੇਂ ਕੌਣ ਨਪਾਕ[2], ਆਖੇ ਦੀਨ ਪਸੰਦ ਨਹੀਂ।

ਹੇ ਸ਼ੈਤਾਨ ਮੂਜ਼ੀ[3] ਲੜਕੇ ਤਿਆਰ ਹੋ ਜਾ

*ਪਵੰਗਮ ਛੰਦ

ਕਿਉਂ ਮੂਜ਼ੀ ਸ਼ੈਤਾਨ, ਮੂੰਹੋਂ ਕੀ ਬੋਲਿਆ ?
ਕਾਫਰ[4] ਹੋ ਬੇਖੌਫ, ਕੁਫਰ[5] ਕੀ ਤੋਲਿਆ ?
ਨਹੀਂ ਤੈਨੂੰ ਮਾਲੂਮ ਫਖਰ[6] ਇਸਲਾਮ ਦਾ ?
ਨਹੀਂ ਇਸ ਵਿਚ ਮੁਕਾਮ[7] ਫਜ਼ੂਲ[8] ਕਲਾਮ[9] ਦਾ।
ਮੰਨੀ ਜਾਈਏ ਹੁਕਮ, ਨਾ ਤਰਕ[10] ਉਠਾਈਏ,
ਜੋ ਕੁਝ ਕਿਹਾ ਕੁਰਾਨ[11], ਸੀਸ ਪਰ ਚਾਈਏ।
ਜੋ ਕੁਝ ਸ਼ੱਕ ਲਿਆਇ ਤਾਂ ਕਾਫਰ ਹੋਵਸੀ,
ਗਰਦਨ-ਜ਼ਦਨੀ[12] ਯੋਗ, ਜਾਨ ਉਹ ਖੋਵਸੀ।
ਹੁਣ ਹੋ ਜਾ ਤਯਾਰ, ਦਰੇੜਾ ਸਹਿਣ ਨੂੰ,
ਮਿਲੂ ਨਾ ਤੈਨੂੰ ਥਾਉਂ ਜੀਉਂਦੇ ਰਹਿਣ ਨੂੰ।
ਸੂਬੇ ਦੇ ਦਰਬਾਰ ਕਰਾਂਗਾ ਪੇਸ਼ ਮੈਂ,
ਕਰਦਾ ਰਿਹਾ ਲਿਹਾਜ, ਪਲੀਦ[13] ਹਮੇਸ਼ ਮੈਂ।

ਭਾਈ ਸਬਾਜ ਸਿੰਘ ਜੀ ਨੇ ਕਿਹਾ, ਇਤਕਾਦ[14] ਵਾਲਾ, ਮੁਲਾਂ ਜੀ ਆਪੇ ਹੀ ਤੁਹਾਡੇ ਵਲ ਆਵੇਗਾ

ਮੁਲਾਂ ਜੀ, ਕਿਉਂ ਆਪ ਕ੍ਰੋਧ ਵਿਚ ਆਉਂਦੇ ?
ਬਦੋਬਦੀ ਇਸਲਾਮ, ਗਲੇ ਕਿਉਂ ਪਾਉਂਦੇ ?

*ਲਗਪਗ 21 ਮਾਤਰਾ ਦਾ ਛੰਦ ਜਿਸ ਵਿਚ 11, 10 ਉੱਤੇ ਬਿਸਰਾਮ ਹੁੰਦਾ ਹੈ।

1. ਉੱਚਾ। 2. ਅਪਵਿਤ੍ਰ। 3. ਕੰਜੂਸ, ਦੁਖ ਦੇਣ ਵਾਲਾ। 4. ਪਾਪੀ। 5. ਝੂਠ, ਪਾਪ ਦਾ ਬੋਲ।6. ਗੌਰਵ, ਮਹੱਤਾ। 7. ਥਾਂ। 8. ਵਾਧੂ। 9. ਬੋਲ। 10. ਕਿੰਤੂ, ਸ਼ੰਕਾ। 11. ਮੁਸਲਮਾਨਾਂ ਦੀ ਧਾਰਮਿਕ ਪੁਸਤਕ। 12. ਸਿਰ ਵਢ ਦੇਣ ਦੇ। 13. ਹੇ ਗੰਦੇ। 14. ਭਰੋਸਾ, ਵਿਸ਼ਵਾਸ ਜਾਂ ਸਿਦਕ।

ਹੋ ਜਿਸ ਨੂੰ ਇਤਕਾਦ, ਆਪ ਹੀ ਆਇਗਾ,
ਧਿੰਗੋ ਜ਼ੋਰੀ ਕੌਣ ਗਲਾ ਫੜਾਇਗਾ ?
ਮੂਲਾਂ-ਓ ਕਾਫਰ ਬੇਦੀਨ[1] ਹੋਰ ਕੀ ਬਕ ਰਿਹਾ ?
ਮੈਂ ਤੇਰਾ ਮੂੰਹ, ਕਦੋਂ ਦਾ ਤਕ ਰਿਹਾ।
ਦੂਜੀ ਕੁਫਰ ਕਲਾਮ[2] ਕਹੀ ਮਰਦੂਦ[3] ਤੂੰ,
ਕਿੱਥੋਂ ਪਹੁੰਚੇ ਆਇ ਨਵਾਂ ਨਮਰੂਦ[4] ਤੂੰ ?
ਚਲ ਸੂਬੇ ਦੇ ਪਾਸ ਤੇਰਾ ਸਿਰ ਵਢੀਏ,
ਤੇਰੀ ਕੁਫਰ-ਹਵਾਇ[5] ਮਗਜ਼[6] ਤੋਂ ਕਢੀਏ।
ਤੂੰ ਕੀ ਜਾਤਾ ਮੂੜ੍ਹ ਅਸਾਡੇ ਦੀਨ ਨੂੰ ?
ਕਰਨਾ ਕਤਲ ਜ਼ਰੂਰ ਅਕੀਦੇ-ਹੀਣ[7] ਨੂੰ।

*ਸੋਰਠਾ

ਤਾਜ਼ਾ ਅੱਜ ਸ਼ਿਕਾਰ ਮੁੱਲਾਂ ਦੇ ਹਥ ਚੜ੍ਹ ਗਿਆ,
ਤੁਰਿਆ ਕੱਛਾਂ ਮਾਰ, ਮੂੰਹ ਤੇ ਚੜ੍ਹੀਆਂ ਲਾਲੀਆਂ।
ਹੋਰ ਨਾ ਕੋਈ ਬਾਤ, ਹੋਈ ਬਾਲਕ ਨਾਲ ਸੀ,
ਕੀ ਕਰਕੇ ਉਤਪਾਤ[8], ਚੁਗਲੀ ਖਾਂਦਾ ਜਾਇ ਕੇ।
ਢੇਰ ਸੋਚ ਦੇ ਬਾਦ, ਓੜਕ ਘੜੀ ਦਲੀਲ ਇਹ,
ਮੈਂ ਇਸਦਾ ਉਸਤਾਦ, ਕਿਉਂ ਬੇਅਦਬੀ ਇਨ ਕਰੀ।

ਮੁੱਲਾਂ ਬੋਲਿਆ, ਹੇ ਨਵਾਬ ਜੀ, ਮੈਂ ਸਹਾਰਾ ਕਰਦਾ ਜਾਂਦਾ ਸੀ ਤੇ ਏਹ ਅਗੋਂ ਕਰਾਰਾ ਬੋਲਦਾ ਜਾਂਦਾ ਸੀ

#ਚੌਪਈ

ਚਲ ਮੁੱਲਾਂ ਸੂਬੇ ਪਹਿ ਆਯਾ, ਆ ਕੇ ਸਾਰਾ ਹਾਲ ਸੁਣਾਯਾ।
ਇਹ ਲੜਕਾ ਜੋ ਪਾਸ ਖੜਾ ਹੈ, ਬੇਦੀਦਾ[9] ਗੁਸਤਾਖ ਬੜਾ ਹੈ।
ਮੈਂ ਇਸਨੂੰ ਇਕ ਗੱਲ ਕਹੀ ਸੀ, ਉਹ ਗੱਲ ਭੀ ਇਕ ਤੁਛ ਜਿਹੀ ਸੀ।

---

* ਦੋਹਰੇ ਦੀ ਤੁਕ ਦੇ ਦੋਵੇਂ ਹਿੱਸੇ ਅੱਗੇ ਪਿੱਛੇ ਕਰਨ ਨਾਲ ਸੋਰਠਾ ਬਣਦਾ ਹੈ, ਅਰਥਾਤ ਇਕ ਤੁਕ ਵਿਚ 11+13 ਮਾਤਰਾਂ, ਤੁਕਾਂਤ ਨਹੀਂ ਰਲਦਾ ਸਗੋਂ ਤੁਕ ਦੇ ਅੱਧ ਵਿਚ ਰਲਾਇਆ ਜਾਂਦਾ ਹੈ।

ਇਕ ਤੁਕ ਵਿਚ 15 ਜਾਂ 16 ਮਾਤਰਾਂ ਰਖਿਆਂ ਇਹ ਛੰਦ ਬਣਦਾ ਹੈ।

1. ਅਧਰਮੀ। 2. ਦੁਰਵਚਨ। 3. ਦੁਰਕਾਰਿਆ, ਬੇਇਜ਼ਤ।
4. ਇਕ ਅਨਿਆਈ ਉਪਦ੍ਰਵੀ ਬਾਦਸ਼ਾਹ ਜੋ ਹਜ਼ਰਤ ਇਬਰਾਹੀਮ ਹੋਣ ਦਾ ਦਾਅਵਾ ਕਰਦਾ ਸੀ।
5. ਨਾਸਤਕ ਪੁਣੇ ਦੀ ਹਵਾ। 6. ਦਿਮਾਗ਼। 7. ਅਵਿਸ਼ਵਾਸੀ। 8. ਉਪੱਦ੍ਰਵ, ਆਫਤ।
9. ਜਿਸ ਦੀ ਅੱਖ ਵਿਚ ਲਿਹਾਜ਼ ਨਹੀਂ।

ਇਨ ਅਗੋਂ ਦੋ ਚਾਰ ਸੁਣਾਈਆਂ, ਅੱਖਾਂ ਮੂਲ ਨਹੀਂ ਸ਼ਰਮਾਈਆਂ।
ਉਸਤਾਦਾਂ ਦੀ ਇਜ਼ਤਦਾਰੀ, ਇਸਨੇ ਉੱਕੀ ਦਿਲੋਂ ਵਿਸਾਰੀ।
ਮੈਂ ਕਰਦਾ ਹੀ ਗਿਆ ਸਹਾਰਾ, ਪਰ ਏਹ ਬੋਲੀ ਗਿਆ ਕਰਾਰਾ।
ਸੋ ਹੁਣ ਇਸਨੂੰ ਦਿਓ ਸਜ਼ਾਇ, ਏਦਾਂ ਕੀਕੁਰ ਹੋਗੁ ਨਿਭਾਇ ?
ਸਿਖਾਂ ਦੇ ਸਿਰ ਵਿਚ ਸੌਦਾਇ, ਖਬਰ ਨਹੀਂ ਕੀ ਰਿਹਾ ਸਮਾਇ।
ਜਿਉਂ ਜਿਉਂ ਖਾਂਦੇ ਹਨ ਇਹ ਮਾਰ, ਦਿਖਲਾਵਨ ਅਗੋਂ ਬਲਕਾਰ।
ਦਯਾ ਆਪ ਦੀ ਮਨੋਂ ਭੁੱਲਾ ਕੇ, ਸਗੋਂ ਡਰਾਵਨ ਡੰਡ ਦਿਖਾ ਕੇ।
ਸੱਪਾਂ ਦੀ ਹਨ ਇਹ ਔਲਾਦ, ਕੁਝ ਅਹਿਸਾਨ ਨਾ ਰੱਖਣ ਯਾਦ।
ਐਸੇ ਹਨ ਮੂਜ਼ੀ[1] ਮੁਰਦਾਰ, ਸਰੇ ਨਾ ਕੋਈ ਚੰਗੀ ਕਾਰ।
ਨਿਤ ਨਿਆਮਤਾਂ[2] ਸ਼ਾਹੀ ਖਾਂਦੇ, ਫਿਰ ਨਹੀਂ ਅੱਖੀਂ ਜ਼ਰਾ ਨਿਵਾਂਦੇ।
ਕਦ ਤਕ ਮੂੰਹ ਵਲ ਡਿੱਠਾ ਜਾਇ ? ਕਦ ਤਕ ਕੀਤਾ ਜਾਇ ਨਿਭਾਇ।
ਸ਼ਰਮ ਨਹੀਂ ਏਹਨਾਂ ਨੂੰ ਮੂਲ, ਹੁੰਦੇ ਜਾਂਦੇ ਤਿੱਖੀ ਸੂਲ।
ਤਾਂ ਤੇ ਪੱਕਾ ਕਰੋ ਇਲਾਜ, ਤਕੜੇ ਹੋ ਮਤ ਕਰਨ ਕੁਕਾਜ।

*ਨਿਸ਼ਾਨੀ ਛੰਦ

ਸੂਬਾ ਕਹਿੰਦਾ ਕੜਕ ਕੇ, ਕਿਉਂ ਮੂਜ਼ੀ ਲੜਕੇ
ਸਾਡਾ ਹੀ ਘਰ ਭੰਨਸੇ ਸਾਥੋਂ ਹੀ ਪੜ੍ਹ ਕੇ ?
ਨੱਚੋਗੇ ਕਯਾ ਕੱਲ੍ਹ ਨੂੰ ਸਾਡੇ ਸਿਰ ਚੜ੍ਹ ਕੇ ?
ਕਰਸੋ ਸਾਡਾ ਟਾਕਰਾ ਤਲਵਾਰਾਂ ਫੜ ਕੇ ?
ਇਕ ਮੁੱਲਾਂ ਤਾਂ ਉੱਠ ਕੇ ਇਹ ਲੂਤੀ ਲਾਂਦਾ,
"ਇਸ ਦਾ ਬਾਪ ਸਬੇਗ ਸਿੰਘ ਦਰਬਾਰੋਂ ਖਾਂਦਾ।
ਖਾ ਕੇ ਸਾਡਾ ਲੂਣ ਹੀ ਸਾਡੇ ਸਿਰ ਆਂਦਾ,
ਇਸ ਨੂੰ ਓਹੋ ਉਲਟੀਆਂ ਮਤਾਂ ਸਿਖਲਾਂਦਾ।
ਸਿੱਖਾਂ ਦੇ ਵਿਚ ਉਸਦਾ ਹੈ ਰਹਿੰਦਾ ਫੇਰਾ,
ਕਰੇ ਹਮਾਇਤ ਹਿੰਦੂਆਂ ਦੀ ਸਾਂਝ ਸਵੇਰਾ।
ਆਲੀ ਜਾਹ[3] ਖੌਫ ਨਾ ਕੁਝ ਰੱਖੇ ਤੇਰਾ।
ਉਸੇ ਦਾ ਇਹ ਪਾਲਿਆ ਬੇਅਦਬ ਵਛੇਰਾ।
ਸਿਖਾਂ ਨੇ ਜੋ ਅਜ ਕਲ ਹੈ ਭੜਥੂ ਪਾਯਾ,
ਏਸੇ ਦਾ ਹੀ ਜਾਪਦਾ ਹੈ ਪੰਥ ਸਿਖਾਯਾ।
ਉਤੋਂ ਜਾਪੇ ਸਿੱਧੜਾ ਵਿਚੋਂ ਖੁਟਿਆਯਾ।
ਏਸੇ ਨੇ ਹੈ ਕੌਮ ਨੂੰ ਇਸ ਚਾਟੇ ਲਾਯਾ।

* ਆਮ ਵਾਰਾਂ ਵਿਚ ਪਉੜੀਆਂ ਇਸੇ ਛੰਦ ਵਿਚ ਹਨ ਇਸ ਦਾ ਨਾਂ ਉਪਮਾਨ ਛੰਦ ਭੀ ਹੈ। ਇਕ ਤੁਕ ਵਿਚ 23 ਮਾਤਰਾਂ, ਵਿਸ਼ਰਾਮ 13 ਤੇ 10 ਮਾਤਰਾਂ ਉੱਤੇ ਹੁੰਦਾ ਹੈ।

1. ਕੰਜੂਸ, ਦੁੱਖ ਦੇਣ ਵਾਲਾ। 2. ਸੁਗਾਤਾਂ, ਚੰਗੀਆਂ ਚੀਜ਼ਾਂ। 3. ਬਹੁਤ ਸ੍ਰੇਸ਼ਠ, ਉੱਚਾ ਪੁਰਸ਼।

ਹਿੰਦੂ ਜਦੋਂ ਹਜ਼ੂਰ ਪਾਸ ਕੋਈ ਫੜਿਆ ਆਵੇ,
ਅੰਦਰ ਖਾਨੇ ਓਸ ਨੂੰ ਇਹ ਮਦਦ ਪੁਚਾਵੇ।
ਸਾਰਾ ਜ਼ੋਰ ਲਗਾਇ ਕੇ ਇਹ ਮਾਫ਼ ਕਰਾਵੇ,
ਸਾਡਾ ਖਾ ਕੇ ਸਾਡੜਾ ਹੀ ਬੁਰਾ ਕਮਾਵੇ।"
ਸੁਣ ਕੇ ਸੂਬੇ ਸਾਹਬ ਨੂੰ ਲਗ ਗਿਆ ਮੁਆਤਾ,
ਕੂੜੀ ਤੁਹਮਤ ਨੀਚ ਦੀ ਨੂੰ ਸੱਚ ਪਛਾਤਾ।
ਦਾਉ ਸਬੱਬੀ ਮਿਲ ਗਿਆ, ਸੂਬੇ ਨੇ ਜਾਤਾ,
ਪਿਉ ਪੁੱਤਾਂ ਦੇ ਵਾਸਤੇ ਕਢਵਾਵਾਂ ਖਾਤਾ।
ਕਹਿੰਦਾ ਘੱਲੋ ਆਦਮੀ ਕੁਟਵਾਲੀ ਜਾਏ,
ਜਾ ਕੇ ਹੁਣੇ ਸਬੇਗ ਸਿੰਘ ਨੂੰ ਪਕੜ ਲਿਆਏ।
ਇਸ ਕਾਫ਼ਰ[1] ਅਣਗਿਣਤ ਹੋਣਗੇ ਧਰੋਹ ਕਮਾਏ,
ਅਸੀਂ ਜਿਨ੍ਹਾਂ ਨੂੰ ਬੰਨ੍ਹੀਏ ਇਹ ਉਨ੍ਹਾਂ ਬਚਾਏ।

ਪਾਪੀ ਸੂਬੇ ਨੇ ਭਾਈ ਜੀ ਨੂੰ ਲਾਲਚ ਦੱਸਣੇ
*ਪਾਧੜੀ ਛੰਦ

ਕੁਟਵਾਲੀ ਪਹੁੰਚਾ ਅਹਿਲਕਾਰ, ਭਾਈ ਜੀ ਕੀਤੇ ਤੁਰਤ ਤਯਾਰ।
ਸੂਬੇ ਪਹਿ ਕੀਤਾ ਪੇਸ਼ ਆਇ, ਸੂਬਾ ਬੋਲੇ ਅਤਿ ਕ੍ਰੋਧ ਖਾਇ।
ਮੁਫਤੀ[2] ਜੀ, ਫਤਵਾ[3] ਕਰੋ ਤਜਾਰ, ਇਹ ਪਿਉ ਪੁੱਤਰ ਹਨ ਸਜ਼ਾਵਾਰ।
ਜੋ ਹੁਕਮ ਸ਼ਰ੍ਹਾ ਦਾਂ ਨਿਕਲ ਆਇ, ਉਸ ਮੂਜਬ ਦੇਵਾਂਗਾ ਸਜ਼ਾਇ।
ਮੁਫਤੀ ਮੁੱਲਾਂ ਰਲ ਕੇ ਕਰ ਸਲਾਹ, ਕਹਿਦੇ ਇਹ ਭਾਰਾ ਹੈ ਗੁਨਾਹ।
ਮਾਰੀ ਜਾਏ ਦੁਖ ਨਾਲ ਜਾਨ, ਯਾ ਹੋ ਜਾਵਨ ਏ ਮੁਸਲਮਾਨ।
ਸੂਬਾ ਪੁੱਛੇ ਦਸ ਕੀ ਸਲਾਹ ? ਜੇ ਚਾਹੇਂ ਮਿਲਦੀ ਹੈ ਪਨਾਹ[4]।
ਪੜ੍ਹ ਕਲਮਾ ਦੀਨਦਾਰ[5], ਸੁਖ ਵਿਚ ਲੈਸੇਂ ਉਮਰਾ ਗੁਜਾਰ।

ਜੀਵਨ ਤੁੱਛ ਹੈ ਤੇ ਧਰਮ ਹੀ ਸੱਚਾ ਸਹਾਈ ਹੈ

ਸੁਣ ਭਾਈ ਜੀ ਨੇ ਕਿਹਾ ਵਾਕ,
"ਹੈ ਧਰਮ ਅਸਾਡਾ ਪਰਮ ਪਾਕ[6]।
ਦੁਨੀਆਂ ਦੇ ਸੁਖ ਦੇ ਮਗਰ ਲਾਗ,
ਧਰਮੀ ਨਹਿੰ ਕਰਦੇ ਧਰਮ ਤਜਾਗ।

---

* ਚਾਰ ਤੁਕਾਂ ਦਾ ਛੰਦ ਹਰ ਤੁਕ ਵਿਚ ਚੌਪਈ ਵਾਂਗ 16 ਮਾਤਰਾਂ ਅੰਤਲੇ ਤਿੰਨ ਅੱਖਰਾਂ ਵਿਚੋਂ ਵਿਚਕਾਰਲਾ ਲੰਮੀ ਲਗ ਵਾਲਾ ਤੇ ਆਲੇ ਦੁਆਲੇ ਦੇ ਦੋ ਛੋਟੀ ਲਗ ਵਾਲੇ (ਮੁਕਤਾ, ਸਿਹਾਰੀ ਜਾਂ ਔਂਕੜ)।
1. ਪਾਪੀ, ਨਾਸਤਕ, ਕ੍ਰਿਤਘਨ। 2. ਜੱਜ ਫੈਸਲਾ ਦੇਣ ਵਾਲਾ, ਫਤਵਾ ਦੇਣ ਵਾਲਾ।
3. ਫੈਸਲਾ, ਨਿਰਣਾ, ਹੁਕਮ (ਮੁਸਲਮਾਨ ਧਰਮ ਅਨੁਸਾਰ)। 4. ਆਸਰਾ। 5. ਮੁਸਲਮਾਨ। 6. ਪਵਿੱਤ੍ਰ।

ਇਹ ਜੀਵਨ ਹੈ—"ਇਕ ਤੁਛ ਚੀਜ਼"।
ਅਰ ਧਰਮ "ਅਸਾਨੂੰ ਅਤਿ ਅਜ਼ੀਜ਼"[1]।
ਇਸ ਹਿਤ ਜੇ ਸਦਕੇ ਹੋਹਿ ਜਾਨ,
ਦੇ ਦੇਵਾਂਗੇ ਧੰਨ ਭਾਗ ਮਾਨ"।
ਸੂਬਾ ਸੁਣ ਹੋਯਾ ਲਾਲੋ ਲਾਲ,
ਜਲਾਦਾਂ ਨੂੰ ਕਹੇ ਕ੍ਰੋਧ ਨਾਲ।
"ਦੇਵੋ ਅਜ਼ਾਬ[2] ਅਜ ਖੂਬ ਜਾਇ,
ਗੁਸਤਾਖੀ ਦੀ ਪਾਵਨ ਸਜ਼ਾਇ"।

ਪ੍ਰੇਮ ਦੀ ਸਾਂਟ[3] ਦੇ ਵਣਜਾਰੇ ਕਤਲ ਗੜ੍ਹੀ ਵਲ ਅਡੋਲ ਤੁਰੇ ਜਾਂਦੇ ਹਨ

ਛਪਜ*

ਚਲੇ ਬਲ ਬੀਰ ਪ੍ਰੇਮ ਦੀ ਸਾਂਟ ਉਠਾਵਣ,
ਦਸਮ ਗੁਰੂ ਦੇ ਲਾਲ ਧਰਮ ਦੀ ਆਨ ਬਚਾਵਣ।
ਚਲੇ ਪਿਤਾ ਅਰ ਪੁਤ੍ਰ ਗੁਰ ਗਲੀ ਪ੍ਰੇਮ ਕਮਾਵਨ,
ਸੱਤਜ ਧਰਮ ਤੋਂ ਸਰੀਰ ਆਪਣੇ ਬਲੀ ਚੜ੍ਹਾਵਨ।
ਆਏ ਅਜ਼ਾਬ ਖਾਨੇ[4] ਵਿਖੇ ਪੁਤਲੇ ਪ੍ਰੇਮ ਪਿਆਰ ਦੇ।
ਸ੍ਰੀ ਵਾਹਿਗੁਰੂ ਦੇ ਨਾਮ ਨੂੰ ਪ੍ਰਫੁਲਤ ਮਨੋਂ ਉਚਾਰਦੇ।
ਲਗੇ ਕਰੂਰ ਜਲਾਦ ਦੋਹਾਂ ਨੂੰ ਕਸ਼ਟ ਪੁਚਾਵਨ।
ਚਰਖੀ ਉੱਪਰ ਚਾੜ੍ਹ ਜ਼ੋਰ ਦੇ ਨਾਲ ਭੁਆਵਨ।
ਧੁਨ ਨਿਕਲੇ ਕਰਤਾਰ, ਗੇੜ ਜਿਉਂ ਜਿਉਂ ਬਹੁ ਆਵਨ।
ਧੀਰਜ ਦੇਖ ਜਲਾਦ ਹੋਰ ਭੀ ਜ਼ੋਰ ਲਗਾਵਨ।
ਵਲ ਖਾ ਖਾ ਤਨ ਚੂਰਾ ਭਏ, ਮੂੰਹੋਂ ਸੀ ਨਾ ਉਚਾਰਿਆ,
ਜਦ ਫਾਵੇ ਹੋਇ ਜਲਾਦ ਦੋ, ਹੇਠਾਂ ਤਦੋਂ ਉਤਾਰਿਆ।

ਦੋਹਰਾ

ਕਸ਼ਟ ਬਿਅੰਤ ਪੁਚਾਇ ਕੇ ਲਜਾਏ ਸੂਬੇ ਕੋਲ,
ਸੁਣ ਕੇ ਹਾਲ ਅਜ਼ਾਬ ਦਾ ਸੂਬਾ ਕਹਿੰਦਾ ਬੋਲ।

ਛਪਜ

"ਕਿਉਂ ਸਿਖੋ ! ਕੁਝ ਸੋਚ ਅਜੇ ਭੀ ਮਨ ਵਿਚ ਆਈ ?
ਇਹ ਇਤਨੀ ਤਕਲੀਫ ਤੁਹਾਡੇ ਬੋਲ ਪੁਚਾਈ।

---

* ਛੇ ਸਤਰਾਂ ਦਾ ਛੰਦ ਜਿਸ ਦੀਆਂ ਪਹਿਲੀਆਂ 4 ਤੁਕਾਂ 11+13 ਮਾਤਰਾਂ ਦੀਆਂ ਹੁੰਦੀਆਂ ਹਨ ਅਤੇ ਅੰਤਲੀਆਂ ਦੋ ਲੰਮੇਰੀਆਂ। 1. ਪਿਆਰਾ। 2. ਦੁੱਖ, ਤਸੀਹੇ। 3. ਸਬੰਧ, ਜੋੜ (ਸਾਂਠ)। 4. ਡੰਨ ਘਰ।

ਹੁਣ ਭੀ ਕਰੋ ਵਿਚਾਰ, ਦੀਨ ਦੀ ਸ਼ਰਨੀ ਆਵੋ,
ਮੌਤ ਅਜ਼ਾਬੋਂ ਛੁਟ, ਚੈਨ ਦਾ ਜੀਵਨ ਪਾਵੋ।
ਮੈਂ ਇਜ਼ਤ ਧਨ ਭੀ ਦਿਆਂਗਾ, ਹੁਦਾ[1] ਬੜਾ ਵਧਾਵਸਾਂ।
ਅਰ ਲੜਕੇ ਨੂੰ ਭੀ ਜਲਦ ਹੀ, ਚੰਗੀ ਕਾਰੇ ਲਾਵਸਾਂ।"

ਭਾਈ ਜੀ ਬੋਲੇ ਖਾਨ ਜੀ ਹਾੜੇ ਨਾ ਪਾਵੋ, ਜੋ ਮਰਜ਼ੀ ਕਰੋ, ਅਸੀਂ ਨਵੇਂ ਅੱਜ ਕਹਿਣ ਨਹੀਂ ਆਏ, ਅੱਗੇ ਬਹੁਤ ਸਿੱਖ ਸਬੂਤ ਦਿਖਾਲ ਗਏ ਹਨ।

ਭਾਈ ਜੀ ਨੇ ਕਿਹਾ, "ਖਾਨ ਜੀ ਸਿਰ ਨਾ ਖਪਾਵੋ।
ਕਰਨਾ ਹੈ ਸੋ ਕਰੋ, ਕਿਸ ਲਈ ਹਾੜੇ[2] ਪਾਵੋ ?
ਸਿੱਖਾਂ ਦਾ ਹੈ ਧਰਮ ਨਹੀਂ ਕੁਝ ਹਾਸਾ ਠੱਠਾ,
ਪੁਰਜ਼ਾ ਪੁਰਜ਼ਾ ਹੋਇ, ਪ੍ਰੇਮ ਨਹਿੰ ਹੋਣਾ ਮੱਠਾ।
ਅਜ ਨਵੇਂ ਅਸੀਂ ਨਹੀਂ ਕਹਿ ਰਹੇ, ਸਿਖ ਬਹੁਤ ਦਿਖਲਾ ਗਏ,
ਸ੍ਰੀ ਕਲਗੀਧਰ ਦੇ ਨਾਮ ਤੋਂ ਬੰਦ ਬੰਦ ਕਟਵਾ ਗਏ।
ਸੁਣ ਸੂਬਾ ਰਿਸ[3] ਖਾਇ "ਕਹੇ ਮੁੜ ਕੇ ਲੈ ਜਾਵੋ,
ਉਸ ਤੋਂ ਸਖਤ ਅਜ਼ਾਬ ਇਨ੍ਹਾਂ ਨੂੰ ਹੋਰ ਪੁਚਾਵੋ।
ਯਾਦ ਕਰਨ ਇਕ ਵਾਰ, ਇਸ ਤਰ੍ਹਾਂ ਜ਼ੋਰ ਦਿਖਾਣਾ।
ਧਰਮ ਧਰਮ ਕਹਿ ਰੋਜ਼, ਅਸਾਡੇ ਜੀ ਨੂੰ ਖਾਣਾ।
ਚਰਖੀ ਦੇ ਉੱਪਰ ਚਾੜ੍ਹਕੇ ਡਾਢੀ ਤੇਜ਼ ਭੁਆਵਣਾ,
ਜਦ ਤੋਬਾ ਤੋਬਾ ਕਰ ਉਠਣ, ਪਾਸ ਲਿਆਵਣਾ।

ਦੋਹਰਾ

ਨਿਰਭੈ, ਸ਼ੇਰ, ਅਜ਼ਾਬ ਹਿਤ ਆਏ ਦੂਜੀ ਵਾਰ,
ਚਰਖੀ ਉੱਪਰ ਚੜ੍ਹੇ ਭੀ ਕਰਦੇ ਨਾਮ ਉਚਾਰ।

ਚਰਖੀ ਦੇ ਗੇੜਿਆਂ ਵਿਚ ਵੀ ਸਾਹ ਨਹੀਂ ਨਿਕਲਦਾ, ਜਲਾਦ ਹੱਫ ਹੱਫ ਗਏ ਪਰ ਸਿਦਕੀਆਂ ਦੇ ਮੂੰਹੋਂ 'ਸੀ' 'ਹਾਇ' ਨਹੀਂ ਨਿਕਲੀ, ਅਜੇਹੇ ਅਸਹਿ ਕਸ਼ਟ ਵੇਲੇ ਸੂਬੇ ਦੇ ਲਾਲਚ ਤੇ ਭਾਈ ਜੀ ਦੀ ਅਡੋਲਤਾ।

*ਸ਼ੰਕਰ ਛੰਦ

ਹੁਣ ਜ਼ੋਰ ਨਾਲ ਫਿਰਾਇ ਚਰਖੀ, ਦੇਣ ਕਸ਼ਟ ਮਹਾਨ,
ਪਰ ਦਸਮ ਗੁਰ ਦੇ ਲਾਡਲੇ ਦੁਖ ਰੰਚ[4] ਨਾਹਿੰ ਮਨਾਨ।

* 14+12 ਮਾਤਰਾਂ ਹਰ ਤੁਕ ਵਿਚ ਰਖ ਕੇ ਬਣਾਇਆ ਜਾਂਦਾ ਇਕ ਛੰਦ ਹੈ।
1. ਅਹੁਦਾ, ਪਦਵੀ। 2. ਵਾਸਤੇ, ਤਰਲੇ। 3. ਗੁੱਸਾ। 4. ਥੋੜਾ ਜੇਹਾ।

ਓਹ ਨਾਮ ਦੇ ਵਿਚ ਮਸਤ ਹੋਏ ਹੋ ਰਹੇ ਖੁਸ਼ਹਾਲ,
ਨਾ ਮੌਤ ਦਾ ਡਰ ਮੰਨਦੇ, ਨਾ ਰੋਣ ਕਸ਼ਟਾਂ ਨਾਲ।
ਹਾਂ, ਹੱਡੀਆਂ ਹੋ ਚੂਰ ਗਈਆਂ, ਬੰਦ ਬੰਦ ਦੁਖਾਇ,
ਅਰ ਗੇੜਿਆਂ ਵਿਚ ਸਵਾਸ ਭੀ, ਲੀਤਾ ਨ ਜਾਵੇ ਹਾਇ।
ਸਾਹ ਸੁੱਕ ਜਾਵਨ ਉਨ੍ਹਾਂ ਦੇ, ਜੋ ਖੜੇ ਹੋਵਣ ਪਾਸ,
ਪਰ ਧੰਨ ਹੈ ਉਹ "ਧਰਮ ਜੀਵਨ" ਹੋਇ ਨਾਹਿ ਉਦਾਸ।
ਦੁਖ ਪਾਂਵਦੇ, ਵਲ ਖਾਂਵਦੇ, ਅਰ ਪੈਣ ਚੀਸਾਂ ਢੇਰ,
ਹੈ ਸਵਾਸ ਔਖਾ ਹੋ ਰਿਹਾ ਪਰ ਨਾਮ ਸਿਮਰਨ ਫੇਰ।
ਹੁਣ ਹੱਫ ਗਏ ਜਲਾਦ ਆਪਣਾ ਜ਼ੋਰ ਸਾਰਾ ਲਾਇ,
ਲਾਹ ਅੰਤ ਹੇਠਾਂ, ਪਾਸ ਸੂਬੇ ਫੇਰ ਦੇਣ ਪੁਚਾਇ।
ਹੁਣ ਫੇਰ ਸੂਬਾ ਲੋਭ ਲਾਲਚ ਦੱਸ ਪਾਵੇ ਜਾਲ,
ਪਰ ਸ਼ੇਰ ਕਿਥੋਂ ਫਸਣ ? ਦੌਲਤ ਦੇ ਦਿਖਾਵੇ ਨਾਲ।
ਉਹ ਧਰਮ ਉੱਪਰ ਸੀਸ ਆਪਣੇ ਕਰ ਚੁੱਕੇ ਕੁਰਬਾਨ,
ਕੀ ਸਮਝਦੇ ਹਨ ਦੁੱਖ ਨੂੰ ਕਰ ਜਾਨ ਦਾ ਨੁਕਸਾਨ ?
ਸਿਰ ਫੇਰ ਕਹਿੰਦੇ, "ਖਾਨ ਜੀ ! ਕੀ ਸਿਰ ਖਪਾਓ ਆਪ,
ਹੈ ਧਰਮ ਤਜਾਗਨਾ ਸਿੱਖ ਨੂੰ ਇਕ ਬੜਾ ਭਾਰੀ ਪਾਪ।"
ਹੁਣ ਰੋਹ ਚੜ੍ਹਿਆ ਖਾਨ ਨੂੰ ਅਰ ਹੋਇ ਲਾਲੋ ਲਾਲ।
ਕਹਿੰਦਾ ਇਨ੍ਹਾਂ ਨੂੰ ਦੁੱਖ ਦਿਓ, ਬੇਅੰਤ ਸਖਤੀ ਨਾਲ।

ਬਾਪ ਬੇਟੇ ਨੂੰ ਵੱਖਰੇ ਵੱਖਰੇ ਤਸੀਹੇ ਤੇ ਲਾਲਚ ਦੇਣੇ

ਪਰ ਐਤਕੀ ਏਹ ਬਾਪ ਬੇਟਾ ਰਹਿਣ ਕੱਠੇ ਨਾਹਿੰ,
ਤਕਲੀਫ ਦੇਣੀ ਦੁਹਾਂ ਨੂੰ ਦੋ ਵਖੋ ਵਖਰੀ ਥਾਂਇ।
ਹੁਣ ਪਿਤਾ ਜੀ ਨੂੰ ਲੈ ਗਏ ਜਲਾਦ ਆਪਣੇ ਨਾਲ,
ਪਰ ਪੁੱਤਰ ਨੂੰ ਨਵਾਬ ਜੀ ਨੇ ਲਿਆ ਪਾਸ ਬਿਠਾਲ।
ਅਰ ਕਹਿਣ ਲਗਾ ਮੂਰਖਾ ! "ਤੂੰ ਕਿਉਂ ਪਾਗਲ ਹੋਇ ?
ਉਸ ਬ੍ਰਿਧ ਦੀ ਕਰ ਰੀਸ, ਐਵੇਂ ਜਿੰਦ ਜਾਸੇ ਖੋਇ।
ਤੂੰ ਜਿਸ ਘੜੀ ਵਿਚ ਦੀਨ ਦੇ ਆਰਾਮ ਕੀਤਾ ਆਇ,
ਮਿਲ ਜਾਣਗੇ ਇਕ ਪਲਕ ਦੇ ਵਿਚ ਚੈਨ ਸੁਖ ਸਮੁਦਾਇ[1]।
ਦਰਬਾਰੀਆਂ ਵਿਚ ਨਾਮ ਤੇਰਾ ਦਿਆਂਗਾ ਲਿਖਵਾਇ,
ਇਕ ਹੂਰ ਵਰਗੀ ਨਾਲ ਤੇਰਾ ਵਿਆਹ ਦਿਆਂ ਕਰਵਾਇ।

---

1. ਸਾਰੇ।

ਧਨ ਮਾਲ ਜਿਤਨਾ ਲੋੜ ਹੋਵੀ ਚੁਕ ਕੇ ਲੈ ਜਾਹ,
ਸੰਸਾਰ ਦੇ ਵਿਚ ਕਾਸੇਦੀ ਨਾ ਰਹੇਗੀ ਪਰਵਾਹ।
ਜੋ ਜੀ ਕਰੇ ਸੋ ਪਹਿਨ ਅਰ ਜੋ ਜੀ ਕਰੇ ਸੋ ਖਾਹ,
ਅਨੰਦ ਜੀਵਨ ਸਾਂਭ ਕੇ ਬਣ ਬੈਠ ਸ਼ਾਹਨ ਸ਼ਾਹ'।

ਸਿੱਖ ਨੂੰ ਏਹ ਚਾਹ ਨਹੀਂ ਸੀਸ ਹਾਜ਼ਰ ਹੈ।

ਇਹ ਬਾਤ ਸੁਣ ਕੇ ਲਾਲ ਨੇ ਹੱਸ ਕਿਹਾ ਆਲੀ ਜਾਹ[1]।
"ਮੈਂ ਸਿਖ ਹਾਂ, ਅਰ ਸਿਖ ਨੂੰ ਇਹ ਨਹੀਂ ਹੁੰਦੀ ਚਾਹ।
ਉਹ ਸੁਖਾਂ ਨੂੰ ਤਾਂ ਤੁੱਛ ਜਾਨਣ ਦੇਹ ਨੂੰ ਛਿਨ ਭੰਗ[2],
ਇਕ ਧਰਮ ਦੇ ਹੀ ਨਾਲ ਪਾਲਣ ਸਿਖਿਆ ਹੈ ਅੰਗ।
ਬੇਅੰਤ ਸੂਬੇ ਮਰ ਗਏ, ਮਰ ਜਾਨਗੇ ਬੇਅੰਤ,
ਪਰ ਸਿਖ ਮੌਤੋਂ ਡਰਨਗੇ ਨਾ ਖਾਨ ਸਾਹਿਬ ਕ਼ਦੰਤ[3]।
ਸੰਸਾਰ ਦੀ ਸੁਖ ਸੰਪਦਾ ਨੂੰ ਲੱਤ ਨਾਲ ਹਟਾਇ,
ਇਕ ਧਰਮ ਉਪਰ ਜਾਨ ਦੇਵਨ ਫਿਰ ਮੰਨਣ ਚਾਇ।
ਸਿਖੀ ਏ ਸ਼ਿਰ ਦੇ ਨਾਲ ਹੈ ਅਰ ਨਿਭੂ ਸਾਸਾਂ ਨਾਲ।
ਧੰਨ ਭਾਗ ਜੇਕਰ ਵਿਚ ਸਿਖੀ, ਆਇ ਜਾਵੇ ਕਾਲ"।
ਇਹ ਉੱਤਰ ਲੈ ਕੇ ਠੁੱਠ ਵਰਗਾ, ਲਾਲ ਹੋ ਨਵਾਬ,
ਫਿਰ ਹੁਕਮ ਦਿਤਾ "ਏਸ ਨੂੰ ਦੇਵੋ ਬਿਅੰਤ ਅਜ਼ਾਬ।
ਇਹ ਮੂਜ਼ੀਆਂ[4] ਦੀ ਕੌਮ ਹੈ, ਨਾ ਲਗੇ ਆਖੇ ਮੂਲ,
ਜਦ ਤਕ ਨਾ ਹੋਯਾ ਤੰਗ, ਕਰਸੀ ਦੀਨ ਨਾਹਿੰ ਕਬੂਲ"।

*ਤੋਟਕ ਛੰਦ

ਹੁਣ ਜ਼ਾਲਮ ਪਾਪ ਕਮਾਵਨ ਨੂੰ, ਇਕ ਬਾਲਕ ਨੂੰ ਕਲਪਾਵਨ ਨੂੰ।
ਫੜ ਨਾਲ ਤਸੀਹੇ ਦੇਨ ਲਈ, ਤੁਰੇ ਪਏ ਜਦੋਂ ਇਹ ਵਾਜ਼ ਪਈ।
ਇਸ ਵਾਰੀ ਇਨ੍ਹਾਂ ਗ਼ੁਸਾਯਾਂ[5] ਨੇ, ਨਿਰਦਈ ਹ੍ਰਿਦੇ ਦੇ ਸਾਯਾ ਨੇ।
ਚਰਖੀ ਪਰ ਨਹੀਂ ਚੜ੍ਹਾਯਾ ਹੈ, ਇਕ ਹੋਰ ਕਜ਼ੀਆ ਪਾਯਾ ਹੈ।
ਇਕ ਥੰਮ੍ਹ ਖੜਾ ਕਰਵਾ ਕੇ ਤੇ, ਮੋਟੀ ਰੱਸੀ ਮੰਗਵਾ ਕੇ ਤੇ।
ਉਸ ਸ਼ੇਰ ਜੁਆਨ ਦੁਲਾਰੇ ਨੂੰ, ਮਾਂ ਦੀ ਅੱਖਾਂ ਦੇ ਤਾਰੇ ਨੂੰ।
ਉਸ ਥੰਮੀ ਨਾਲ ਬਨ੍ਹਾ ਦਿਤਾ, ਇਕ ਸ਼ੇਰ ਪਿੰਜਰੇ ਪਾ ਦਿੱਤਾ।
ਹੁਣ ਚਾਰ ਬਿਤਰਸ ਖਲੋਇ ਗਏ, ਬੇਬਸ ਦੇ ਗਿਰਦੇ ਹੋਇ ਗਏ।

* ਚੌਪਈ (15 ਜਾਂ 16 ਮਾਤਰਾਂ ਦੀ ਤੁਕ) ਦਾ ਹੀ ਰੂਪ ਹੈ।

1. ਸ੍ਰੇਸ਼ਟ, ਸਤਿਕਾਰ ਯੋਗ, ਉੱਚੇ ਪੁਰਸ਼। 2. ਇਕ ਪਲ ਵਿਚ ਨਾਸ ਹੋਣ ਵਾਲੀ। 3. ਕਦੇ ਭੀ। 4. ਦੁੱਖ ਦੇਣਿਆਂ।
5. ਗੁੱਸੇ ਵਿਚ ਆਇਆ।

ਕੋਟੜਿਆਂ ਨਾਲ ਉਡਾਣ ਲਗੇ, ਰੂੰ ਵਾਂਗਰ ਬਦਨ ਪਿੰਜਾਨ ਲਗੇ।
ਹੈ ਹਾਇ ਕਸਾਈਓ ! ਤਰਸ ਕਰੋ, ਮੌਤੋਂ ਕੁਝ ਮਨ ਦੇ ਵਿਚ ਡਰੋ।

ਚੀਸਾਂ ਨਾਲ ਸਿੰਘ ਦਾ ਸਰੀਰ ਗੁੱਛਾ ਹੋ ਰਿਹਾ ਹੈ
*ਸ੍ਰਿਖੰਡੀ ਛੰਦ

ਪਜਾਰੇ, ਮਾਰ ਧਿਆਨ ਜਿਗਰ ਥੰਮ੍ਹ ਕੇ,
ਉਡਦੇ ਪੁਰਜ਼ੇ ਵੇਖ ਸੁਹਲ ਸਰੀਰ ਦੇ।
ਪੜਟਾ ਪੜਛਾ ਹੋਇ ਚਮੜਾ ਉੱਚੜੇ,
ਵੱਗੇ ਲਹੂ ਧਾਰ ਜ਼ਖਮਾਂ ਵਿਚ ਦੀ।
ਦਸਮ ਗੁਰੂ ਦਾ ਸ਼ੇਰ ਐਪਰ ਚੁੱਪ ਹੋ,
ਸਹਿੰਦਾ ਹੈ ਇਹ ਮਾਰ ਭਾਣਾ ਜਾਣ ਕੇ।
ਚੀਸਾਂ ਨਾਲ ਸਰੀਰ ਗੁੱਛਾ ਹੋ ਰਿਹਾ,
ਮਨ ਪਰ ਹੈ ਨਿਰਲੇਪ ਇਸ ਤਕਲੀਫ ਤੋਂ।
ਸਤਿ ਸ੍ਰੀ ਅਕਾਲ ਜੀਭਾ ਬੋਲਦੀ,
ਉੱਚੀ ਉੱਚੀ ਵਾਜ਼ ਏਹੋ ਆਂਵਦੀ।
ਬਾਲਕ ਦੀ ਏਹ ਧੀਰ[1] ਲੋਕੀ ਦੇਖ ਕੇ,
ਅਖੋਂ ਡੇਗਣ ਨੀਰ[2] ਬਿਹਬਲ ਹੋਇ ਕੇ।
ਧੰਨ ਜਣੇਂਦੀ ਮਾਇ, ਐਸੇ ਬੀਰ ਦੀ।
ਧੰਨ ਗੁਰੂ ਦਸਮੇਸ਼ ਜਿਸ ਦਾ ਸਿਖ ਏ।
ਧੰਨ ਸੁਹਾਵਾ ਪੰਥ, ਜਿਸ ਦਾ ਸ਼ੇਰ ਹੈ।
ਧਰਮ ਹੇਤ, ਤਨ, ਧੰਨ ਚੋਟਾਂ ਖਾਇ ਜੋ।
ਅਰ ਪਾਪੀ ਜਲਾਦ ਪੱਥਰ ਦਿਲਾਂ ਦੇ,
ਕੋਲੇ ਹੁੰਦੇ ਜਾਨ, ਧੀਰਜ ਦੇਖ ਕੇ।
ਓਨ੍ਹਾਂ ਦੀ ਸੀ ਚਾਹ, "ਵਿਲਕੇ ਕਸ਼ਟ ਪਾ,
ਜਾਨ ਛੁਡਾਉਣ ਹੇਤ ਪਾਵੇ ਵਾਸਤੇ"।
ਇਸ ਨਿਰਦਯਤਾ ਨਾਲ ਕੀਤੀ 'ਸੀ' ਨਹੀਂ,
ਹੁਣ ਕੀ ਕਰੀਏ ਡੌਲ, ਮੰਨੇ ਜਿਸ ਤਰ੍ਹਾਂ ?
ਓੜਕ ਇਕ ਇਲਾਜ ਚੰਗਾ ਸੋਚਿਆ,
ਵਹਿਸ਼ੀਪਨ ਦੀ ਚਾਲ ਚਲੀ ਵਹਿਸ਼ੀਆਂ।

---

* 19 ਤੋਂ 23 ਮਾਤਰਾਂ ਤਕ ਹਰ ਤੁਕ ਵਿਚ ਰਖਕੇ ਬਣਾਇਆ ਜਾਂਦਾ ਛੰਦ ਹੈ, ਇਸ ਵਿਚ ਤੁਕਾਂਤ ਨਹੀਂ ਮੇਲੀਦਾ, ਕਹੀ ਵਾਰ ਸੋਰਠੇ ਵਗਾਂ ਅੱਧ ਵਿਚ ਸ਼ਬਦਾਂ ਦਾ ਸੁਰ ਮੇਲ ਲਈਦਾ ਹੈ, ਡਾ. ਭਾਈ ਵੀਰ ਸਿੰਘ ਜੀ ਨੇ ਰਾਣਾ ਸੂਰਤ ਸਿੰਘ ਵਿਚ ਇਸ ਦੀ ਬਹੁਤ ਵਰਤੋਂ ਕੀਤੀ ਹੈ, ਚੰਡੀ ਦੀ ਵਾਰ (ਸ੍ਰੀ ਗੁਰੂ ਗੋਬਿੰਦ ਸਿੰਘ ਜੀ) ਵਿਚ ਭੀ ਇਹ ਛੰਦ ਵਰਤਿਆ ਗਿਆ ਹੈ।

1. ਧੀਰਜ। 2. ਪਾਣੀ।

ਕੋਲੇ ਜੋੜ, ਤਪਾਇ ਅੰਗੀਠਾ ਅੱਗ ਦਾ,
ਸੀਖਾਂ ਕਰ ਕਰ ਲਾਲ ਲੱਗੇ ਫੇਰਨੇ।
ਜ਼ਖਮਾਂ ਵਿਚੋਂ ਮਿੱਝ, ਜਿੱਥੇ ਚੋਂਵਦੀ,
ਓਥੇ ਸੀਖਾਂ ਲਾਇ, ਪਿੰਡਾ ਸਾੜਦੇ।

ਅਤਿ ਦੁੱਖ ਤਸੀਹੇ ਵੇਲੇ ਬੇਸੁਰਤੀ ਦੀ ਅਵਾਜ਼

ਹਾਂ, ਕਸ਼ਟ ਭੀ ਕੁਝ ਕਸ਼ਟ ਹੋਵੇ ਤਾਂ ਸਹਾਰਾ ਹੋ ਸਕੇ,
ਇਸ ਕਸ਼ਟ ਅੱਗੇ ਕੌਣ ਜੋਧਾ ਧੀਰ ਨਾਲ ਖਲੋ ਸਕੇ।
ਇਕ ਲਾਲ ਹੋਈ ਸੀਖ ਪਿੰਡੇ ਪਰ ਜਦੋਂ ਹੈ ਆਂਵਦੀ,
ਚੁੜ ਚੁੜ ਕਰੇਂਦੀ ਮਾਸ ਦੇ ਵਿਚ ਤੁਰਤ ਹੈ ਧਸ ਜਾਂਵਦੀ।
ਉਹ ਮਾਸ ਵਾਂਗ ਕਬਾਬ ਦੇ ਹੈ ਨਾਲ ਹੀ ਲਹਿ ਆਂਵਦਾ,
ਜਦ ਟੁੱਟਦਾ ਹੈ ਸਰੀਰ ਤੋਂ ਤਦ ਨਾਲ ਹੀ ਤੜਫ਼ਾਂਵਦਾ।
ਇਹ ਕਸ਼ਟ ਹੈ ਜੋ ਵਹਿਸ਼ੀਆਂ ਨੇ ਲਾਲ ਨੂੰ ਪਹੁੰਚਾਇਆ,
ਅਰ ਅੱਤ ਕਰ ਕੇ ਸੂਰਮੇ ਦੇ "ਸੀ" ਮੂੰਹੋਂ ਕਢਵਾਇਆ।
ਬੇਤਾਲ ਹੋ ਚਿਚਲਾਇਆ 'ਠਹਿਰੋ ਖੁਦਾ ਦੇ ਵਾਸਤੇ,
ਓ ਬੇਹਯਾ, ਬਸ ਕਰੋਂ ਇਹ ਜੁਲਮ ਐਡਾ ਕਾਸ ਤੇ ?
ਓੜਕ ਮੇਰੇ ਵਿਚ ਜਾਨ ਹੈ, ਅਰ ਆਦਮੀ ਦੀ ਜਾਨ ਹੈ,
ਇਸ ਦੁੱਖ ਨੂੰ ਸਹਿ ਕੇ ਦਸੇ, ਆਵੇ ਕਿੜ੍ਹਾ ਭਲ੍ਵਾਨ[1] ਹੈ ?
ਇਹ ਨਿਰਦਯਾ ਦਾ ਹੱਦ ਬੰਨਾਂ ਵੀ ਕਿਤੇ ਹੁਣ ਆਇਗਾ ?
ਯਾ ਬੇਸ਼ਰਮੀ ਦਾ ਨੱਕ ਦਿੱਲੀ ਤੋਂ ਪਰੇ ਤਕ ਜਾਇਗਾ ?
ਹੁਣ ਬਸ ਕਰੋ ਇਸ ਜ਼ੁਲਮ ਨੂੰ ਮੇਰਾ ਸਹਾਰਾ ਹੋ ਚੁੱਕਾ,
ਇਸ ਸਰੀਰ ਉੱਪਰ ਕਸ਼ਟ ਦਾ ਪਰਹਾਰਾ[2] ਹੋ ਚੁਕਾ।
ਹੁਣ ਲੈ ਚਲੋ ਦਰਬਾਰ ਵਿਚ ਜੋ ਚਾਹੋ ਗੱਲ ਮਨਾ ਲਓ।
ਪਰ ਇਸ ਤਰ੍ਹਾਂ ਕੀ ਲਾਭ ਹੈ ਜੇ ਮੁਸਲਮਾਨ ਬਣਾ ਲਓ ?

ਜਲਾਦ ਨਵਾਬ ਦੀ ਸ਼ੇਖੀ ਚੂਰ ਹੋ ਗਈ

ਜਲਾਦ ਸੁਣ ਕੇ ਬਾਹੁੜੀ, ਹੁਣ ਫੁੱਲ ਕੁਪਾ ਹੋ ਗਏ,
ਸੀਖਾਂ ਜ਼ਿਮੀਂ ਤੇ ਸੁੱਟ ਕੇ, ਪਰਸੰਨ ਚਿੱਤ ਖਲੋ ਗਏ।
ਲੈ ਆਇ ਸੂਬੇ ਪਾਸ ਸਾਰਾ ਹਾਲ ਖੋਲ੍ਹ ਸੁਣਾਇਆ,
ਆਪਣੀ ਕਸਾਈ ਚਾਲ ਦਾ, ਇਨਆਮ[3] ਚਾਹੁਣ ਪਾਇਆ।
ਸੂਬੇ ਸੁਣੀ ਜਦ ਗਲ ਇਹ ਜਾਮੇ ਦੇ ਵਿਚ ਨਾ ਮੇਂਵਦਾ,

1. ਪਹਲਵਾਨ। 2. ਨਾਸ। 3. ਇਨਾਮ।

ਮੁਲਵਾਣਿਆਂ ਨੂੰ ਉਛਲ ਕੇ, ਸੌ ਸੌ ਵਧਾਈ ਦੇਂਵਦਾ।
ਸਾਰੀ ਉਮਰ ਵਿਚ ਸਿਖ ਕੋਈ, ਧਰਮ ਤੋਂ ਨਾ ਡੋਲਿਆ,
ਇਕ ਇਹ ਮੁੰਡਾ ਅੱਜ ਮੁਸ਼ਕਲ ਨਾਲ ਦੇਖੋ ਬੋਲਿਆ।
ਇਸ ਖੁਸ਼ੀ ਵਿਚ ਨਵਾਬ ਨੂੰ ਇਕ ਹੋਰ ਚੇਤਾ ਆਇਆ,
ਭਾਈ ਸਬੇਗ ਮ੍ਰਿਗਿੰਦ ਨੂੰ ਦਰਬਾਰ ਵਿਚ ਮੰਗਵਾਇਆ।
ਵਡੀ ਮਾਰ ਸ਼ੇਖੀ ਬੋਲਿਆ ਕਿਉਂ ਖਾਲਸਾ, ਕੀ ਹਾਲ ਹੈ ?
ਇਹ ਪੁਤ੍ਰ ਤਾਂ ਹੁਣ ਰਲਣ ਨੂੰ ਤਯਾਰ ਸਾਡੇ ਨਾਲ ਹੈ।
ਕੀ ਆਪ ਦਾ ਹੰਕਾਰ ਹੁਣ ਤਕ ਹੈ ਉਸੇ ਬਲਕਾਰ ਵਿਚ।
ਯਾ ਗੱਲ ਮੇਰੀ ਮੰਨ ਕੇ ਸੁਖ ਪਾਉਗੇ ਸੰਸਾਰ ਵਿਚ ?
ਸੁਣ ਕੇ ਸਬੇਗ ਮ੍ਰਿਗਿੰਦ ਦੇ ਅੱਖੀਂ ਹਨੇਰਾ ਛਾ ਗਿਆ,
ਕੀ ਲਾਲ ਮੇਰਾ ਸਿੱਖ ਹੋ ਕੇ, ਦੁੱਖ ਤੋਂ ਘਬਰਾ ਗਿਆ ?
ਹੁਣ ਪੁਤ੍ਰ ਵੱਲ ਧਿਆਨ ਕਰ, ਉਪਦੇਸ਼ ਛੱਟਾ ਮਾਰਿਆ,
ਉਸ ਲਗਰ ਕੋਮਲ ਸੁੱਕਦੀ ਨੂੰ, ਨੀਰ[1] ਸਿੰਜ ਖੁਲ੍ਹਾਰਿਆ।

ਹੇ ਬੇਟਾ, ਤੂੰ ਸਤਿਗੁਰੂ ਦਾ ਸਿੱਖ ਕਹਾਉਂਦਾ ਹੈਂ

ਏ ਕੀਤੀ ਕੀ ਹੈ ਵਿਚਾਰ ਬੇਟਾ ?
ਕਿ ਤਜਾਗਿਆ ਧਰਮ ਪਿਜਾਰ ਬੇਟਾ।
ਤੂੰ ਸਿੱਖ ਦਸ਼ਮੇਸ਼ ਦਾ ਅਖਵਾ ਕੇ,
ਤੇ ਤੁੱਛ ਕਸ਼ਟਾਂ ਤੋਂ ਸਹਿਮ ਖਾ ਕੇ।
ਲਗੋਂ ਕਰਨ ਕੀ ਕੁਕਰਮ ਆ ਕੇ ?
ਸੰਭਾਲ ਸਿਖਾਂ ਦੀ ਕਾਰ ਬੇਟਾ।
ਏ ਰੂਪ ਜੋਬਨ ਅਤੇ ਜਵਾਨੀ,
ਏ ਸੁਖ ਜਗਤ ਦੇ ਨੇ ਨਾਸ਼ਮਾਨੀ।
ਨਿਭੇਗੀ ਕਦ ਤਕ ਏ ਜ਼ਿੰਦਗਾਨੀ ?
ਜਿਨੂੰ ਕਰੇਂ ਤੂੰ ਪਿਆਰ ਬੇਟਾ।
ਏ ਰੂਪ ਜੋਬਨ ਜਦੋਂ ਢਲੇਗਾ,
ਤਾਂ ਕੁਛ ਨਾ ਇਹ ਤਦ ਨਾਲ ਚਲੇਗਾ।
ਏ ਤਨ ਛੁਟੇਗਾ ਤੇ ਮਨ ਜਲੇਗਾ,
ਸਹੇਗਾ ਦੁਖੜੇ ਅਪਾਰ ਬੇਟਾ।
ਤੂੰ ਸੋਚ ਆਪਣੇ ੳ ਪੰਥ ਪਜਾਰੇ,।
ਉਨ੍ਹਾਂ ਦੇ ਕਸ਼ਟਾਂ ਦੇ ਵਿਚ ਸਹਾਰੇ।

---

1. ਪਾਣੀ।

ਕਿਵੇਂ ਉਨ੍ਹਾਂ ਨੇ ਮਦਾਨ ਮਾਰੇ,
ਤਸੀਹੇ ਕਰੜੇ ਸਹਾਰ ਬੇਟਾ।
ਭਾਈ ਮਨੀ ਸਿੰਘ ਜੀ ਸਿਧਾਏ,
ਤੇ ਤਨ ਦੇ ਬੰਦ ਬੰਦ ਤੱਕ ਕਟਾਏ।
ਨਾ ਚੀਸ ਵੱਟੀ ਨਾ ਦਿਲ ਡੁਲਾਏ,
ਗਏ ਗੁਰੂ ਘਰ ਸਿਧਾਰ ਬੇਟਾ।
ਓ ਛੋਟੇ ਛੋਟੇ ਦੋ ਸਾਹਬਜ਼ਾਦੇ,
ਓ ਉਚੇ ਤਾਰੇ ਧਰਮ ਧੁਜਾ ਦੇ।
ਕਿਵੇਂ ਬਣੇਂ ਪੁਤ੍ਰ ਉਸ ਪਿਤਾ ਦੇ,
ਚਿਣੇ ਗਏ ਵਿਚ ਦਿਵਾਰ ਬੇਟਾ।
ਏ ਝੂਠੇ ਲਾਲਚ ਤੇ ਦੇਖ ਮਾਯਾ,
ਤੂੰ ਕਿਯੋਂ ਸੁਖਾਂ ਹੇਤ ਦਿਲ ਡੁਲਾਯਾ ?
ਅਮੋਲ ਵਸਤੂ ਮਨੁੱਖ ਕਾਯਾ,
ਨਾ ਮਿਲ ਸਕੇ ਬਾਰ ਬਾਰ ਬੇਟਾ।
ਏ ਧਰਮ ਹੀ ਸਰੇਸ਼ਟ ਵਸਤੂ ਕਹੀਏ,
"ਧਰਮ ਰਹੇ" ਯਦਿ[1] ਅਸੀਂ ਨਾ ਰਹੀਏ।
ਧਰਮ ਲਈ ਤਨ ਤੇ ਚੋਟ ਸਹੀਏ,
ਤੇ ਮਨ ਰਹੇ ਬਰਕਰਾਰ[2] ਬੇਟਾ।

ਪਿਤਾ ਨੇ ਲੋਹੇ ਦੀਆਂ ਲਾਲ ਸੀਖਾਂ ਨਾਲ ਸਾੜੇ ਹੋਏ ਪੁੱਤਰ ਨੂੰ ਅਚੇਤ ਅਵੱਸਥਾ ਵਿਚੋਂ ਮੱਥੇ ਤੇ ਪੈਰ ਦਾ ਅੰਗੂਠਾ ਲਾ ਕੇ ਫੌਰਨ ਹੋਸ਼ ਵਿਚ ਲੈ ਆਂਦਾ

ਸੋਰਠੇ

ਸਿਖ ਪਿਤਾ ਦੇ ਤੀਰ, ਵਿੰਨ ਗਏ ਦਿਲ ਪੁੱਤ੍ਰ ਦਾ,
ਖੁੱਭੇ ਕਲੇਜਾ ਚੀਰ ਥਾਉਂ ਬਣਾਈ ਧਰਮ ਹਿਤ।
ਬਲੇ ਤਦ ਬਲਬੀਰ "ਧਰਮ ਨਹੀਂ ਮੈਂ ਤਜਾਗਦਾ",
ਪੁਰਜੇ ਹੋਇ ਸਰੀਰ, ਤਦ ਭੀ ਸਾਂਟੋ ਸਹਾਰਸਾਂ।
ਕਿਥੋਂ ਤੀਕ ਅਖੀਰ, ਪਾਪੀ ਕਸ਼ਟ ਪੁਚਾਨਗੇ,
ਸਹਿ ਜਾਵਾਂਗਾ ਪੀੜ[3], ਸਚੇ ਧਰਮ ਪਿਆਰ ਵਿਚ"
ਸੂਬਾ ਹੋ ਦਿਲਗੀਰ, ਮੱਥੇ ਤੇ ਹਥ ਮਾਰਦਾ,
ਕੀਤੀ ਸਭ ਤਦਬੀਰ, ਓੜਕ ਗਾਰਤ[4] ਹੋ ਗਈ।
ਕਰ ਕੇ ਅੱਖਾਂ ਲਾਲ ਜਲਾਦਾਂ ਨੂੰ ਆਖਦਾ,

1. ਭਾਵੇਂ। 2. ਪੱਕਾ, ਠੀਕ ਟਿਕਾਅ ਵਿਚ। 3. ਦੁੱਖ, ਤਕਲੀਫ। 4. ਨਾਸ, ਨਿਕੰਮੀ।

"ਲੈ ਜਾਵੋ ਨੇ ਨਾਲ, ਮਾਰੋ ਚਰਖੀ ਚਾੜ੍ਹ ਕੇ।
ਸਿਖਾਂ ਅਗੇ ਦਾਲ ਸਾਡੀ ਬਾਬਾ ਨਾ ਗਲੇ,
ਇਹੋ ਇਨ੍ਹਾਂ ਦੀ ਚਾਲ, ਧਰਮ ਹੇਤ ਤਨ ਤਜਾਗਦੇ"।
ਤੁਰ ਪਏ ਧਰਮ-ਵਿਸ਼ਾਲ ਬਲੀ ਚੜ੍ਹਨ ਨੂੰ ਧਰਮ ਪਰ,
ਸਿਮਰਨ ਦੀਨ ਦਿਆਲ, ਚੌਥੀ ਵੇਰੀ ਚੜ੍ਹੇ ਭੀ।
ਚੜ੍ਹ ਚੜ੍ਹੇ ਹੀ ਕਾਲ ਕਸ਼ਟਾਂ ਦੇ ਵਿਚ ਹੋ ਗਏ,
ਜੱਸ ਦਾ ਦੀਵਾ ਬਾਲ, ਆਪ ਅਕਾਸ਼ੀਂ ਚੜ੍ਹ ਗਏ।

ਦੋਹਰਾ

ਰਣ ਵਿਚ ਧਰਮੋਂ ਜੂਝ ਕੇ ਜਾਣ ਜੁ ਜਿੰਦਾਂ ਵਾਰ,
ਦੁਨੀਆਂ ਵਾਰਾਂ ਗਾਉਂਦੀ, ਦੇ ਆਦਰ ਕਰਤਾਰ।

Life every man holds dear; but bravemen,
holds honour far more precious-dear than life.

—SHAKESPEARE*

ਭਾਈ ਤਾਰਾ ਸਿੰਘ ਜੀ ਵਾਈਂਏ[1] ਦੇ ਧਰਮ ਯੁੱਧ ਦੀ ਵਾਰ
ਖਾਲਸਾ ਜੀ ਦੇ ਖੁਲ੍ਹੇ ਲੰਗਰ ਜੋ ਆਵੇ ਸੋ ਪਾਵੇ

ਮਾਝੇ ਨਗਰ ਡੱਲ ਵਾਂ[2] ਇਕ ਉੱਘਾ ਭਾਰਾ,
ਤਾਰਾ ਸਿੰਘ ਸੀ ਖਾੜਕੂ ਇਕ ਗੁਰੂ ਪਿਆਰਾ।
ਪੈਲੀ ਬੰਨੇ ਆਪਣੇ ਇਕ ਵਲਿਆ ਵਾੜਾ,
ਆਏ ਗਏ ਭਰਾਉ ਨੂੰ ਦੇ ਛਡ ਉਤਾਰਾ।
ਵਾੜੇ ਵਿਚ ਅੰਗੀਠਾ ਇਕ ਮਘਦਾ ਭਾਰਾ,
ਲਗਾ ਰਹਿੰਦਾ ਅੰਨ ਦਾ ਅਣਟੁੱਟ ਭੰਡਾਰਾ।
ਭਜਦੇ ਨਸਦੇ ਖਾਲਸੇ ਆ ਲੈਣ ਸਹਾਰਾ,
ਛਕ ਪਰਸ਼ਾਦੇ ਅੱਗ ਸੇਕ ਫਿਰ ਕਰਨ ਤਜਾਰਾ।
ਵਾੜਾ ਸਿੰਘਾਂ ਵਾਸਤੇ ਸੀ ਠਾਹਰ ਭਾਰੀ,
ਰਹਿਣ ਬਹਿਣ ਦੀ ਠਾਉਂ ਸੀ ਇਕ ਬਣੀ ਨਜਾਰੀ।
ਹੱਲੇ ਗੁੱਲੇ ਮਾਰ ਕੇ ਇਸ ਠਾਹਰ ਮਝਾਰੀ,
ਆ ਕੇ ਲੈਂਦੇ ਆਸਰਾ ਬਹੁ ਹੁੰਦੀ ਦਾਰੀ[3]।
ਛੱਡ ਵਸੋਂ ਇਸ ਕਿਲ੍ਹੇ ਵਿਚ ਬਹੁ ਵਾਸ ਰਖਾਂਦੇ,
ਦੋ ਦੋ ਸੌ ਤਕ ਸੂਰਮੇ ਪਰਸ਼ਾਦੇ ਖਾਂਦੇ।
ਹਥ ਪਦਾਰਥ ਆਇ ਜੋ ਕੁਝ ਏਥੇ ਪਾਂਦੇ,
ਆਪੇ ਲੰਗਰ ਲਾਉਂਦੇ ਆਪੇ ਛੱਕ ਜਾਂਦੇ।

---

* ਹਰ ਕੋਈ ਜੀਵਨ ਨੂੰ ਪਿਆਰਾ ਸਮਝਦਾ ਹੈ ਪਰ ਬਹਾਦਰ ਲੋਕ ਜ਼ਿੰਦਗੀ ਨਾਲੋਂ ਇਜ਼ਤ ਨੂੰ ਬਹੁਤ ਵਧੇਰੇ ਕੀਮਤੀ ਤੇ ਪਿਆਰੀ ਸਮਝਦੇ ਹਨ। (ਪ੍ਰਸਿੱਧ ਅੰਗਰੇਜ਼ੀ ਨਾਟਕਕਾਰ ਸ਼ੈਕਸਪੀਅਰ)।

1. ਪਿੰਡ ਦਾ ਨਾਂ ਹੈ ਬਾਇ ਜਾਂ ਵਾਇ ਡਲ, ਹੁਣ ਨਿਰਾ "ਵਾਂ" ਆਖਦੇ ਹਨ ਤੇ ਤਹਿਸੀਲ ਕਸੂਰ ਜ਼ਿਲ੍ਹਾ ਲਾਹੌਰ ਵਿਚ ਸੀ, ਤੇ ਹੁਣ ਇਹ ਪਿੰਡ ਜ਼ਿਲ੍ਹਾ ਅੰਮ੍ਰਿਤਸਰ ਵਿਚ ਭਿਖੀ ਵਿੰਡ ਖਾਲੜਾ ਸੜਕ ਉੱਤੇ ਹੈ। ਵਾਈਏਂ ਤੋਂ ਭਾਵ ਇਸ ਨਾਂ ਦੇ ਪਿੰਡ ਦਾ ਵਸਨੀਕ ਹੈ।

2. ਡੱਲ ਵਾਂ ਪਿੰਡ ਦਾ ਪੂਰਾ ਨਾਂ ਹੈ। ਕਈ ਪਿੰਡਾਂ ਦੇ ਦੋ ਹਿੱਸੇ ਨਾਲੋ ਨਾਲ ਦੋ ਨਾਵਾਂ ਤੇ ਵਸਦੇ ਹਨ ਬਾਹਰ ਦੋਵੇਂ ਨਾਂ ਇਕੱਠੇ ਬੋਲੇ ਜਾਂਦੇ ਹਨ। 3. ਸੇਵਾ, ਸਾਂਭ, ਦੇਖ ਭਾਲ।

ਭਾਈ ਤਾਰਾ ਸਿੰਘ ਦੀ ਸੀ ਬੜੀ ਰਸਾਈ[1],
ਸਿੰਘਾਂ ਨਾਲ ਪ੍ਰੀਤ ਸੀ ਇਨ ਸੱਚੀ ਲਾਈ।
ਜੋ ਆਯਾ ਸਿਰ ਚੁੱਕ ਕੇ ਇਸ ਟਹਿਲ ਕਮਾਈ,
ਉੱਘੀ ਮਾੜੇ ਵਿਚ ਸੀ ਇਹ ਥਾਉਂ ਬਣਾਈ।
ਕੱਠੇ ਜੋਧੇ ਪੰਥ ਦੇ ਹੋ ਜੁੜਦੇ ਭਾਈ,
ਲਾਗੇ ਚਾਗੇ ਜੱਞ੍ਹ[2] ਦੀ ਹੁੰਦੀ ਵਡਿਆਈ।
ਪਏ ਕੋਈ ਟਾਕਰਾ ਤਦ ਹੋਇ ਸਹਾਈ,
ਰਲ ਕੇ ਦੁੱਖ ਵੰਡਾਂਵਦੇ ਸਹਿ ਕੇ ਉਖਿਆਈ।

ਸਾਹਿਬ ਰਾਏ ਚੌਧਰੀ ਦੇ ਸਿੱਖਾਂ ਨੂੰ ਦੁੱਖ ਤੇ ਕੁਬਲ

ਸਾਹਿਬ ਰਾਏ ਇਕ ਚੌਧਰੀ, ਨੌਸ਼ਹਿਰੇ[3] ਰਹਿੰਦਾ,
ਸਿਖਾਂ ਨਾਲ ਅਦ੍ਵੈਤ ਰਖ ਦਿਨ ਰਾਤੀ ਖਹਿੰਦਾ।
ਕਣਕੀਂ ਟੈਰਾਂ ਛੱਡ ਕੇ ਸਭ ਨਾਸ ਕਰੇਂਦਾ,
ਵਰਜੇ ਅਗੋਂ ਜੇ ਕੋਈ ਤਾਂ ਵੱਢਣ ਪੈਂਦਾ।
ਸੜ ਕੇ ਇਕ ਦਿਨ ਆਖਿਆ ਦੋ ਜੱਟਾਂ ਜਾ ਕੇ,
ਉੱਜੜ ਗਈਆਂ ਪੈਲੀਆਂ ਪਾ ਝਾਤੀ ਆ ਕੇ।
ਕਹਿੰਦਾ ਸਿਖੋ ਤੁਸਾਂ ਦੇ ਹੁਣ ਕੇਸ ਵਢਾ ਕੇ,
ਬੰਨਾਂਗਾ ਏਹ ਘੋੜੀਆਂ, ਰੱਸੇ ਵਟਵਾ ਕੇ।
ਖਾ ਕੇ ਖੁਣਸ ਜਟੇਟਿਆ ਟੈਰਾਂ ਕਢਵਾਈਆਂ,
ਨਗਦੇ[4] ਕਰਕੇ ਮਾਲ ਦੇ ਰਕਮਾਂ ਮੰਗਵਾਈਆਂ,
ਭਾਈ ਤਾਰਾ ਸਿੰਘ ਦੇ ਜਾ ਲੰਗਰ ਪਾਈਆਂ,
ਭਾਲ ਕਰਾਈ ਚੌਧਰੀ ਪਰ ਹਥ ਨਾ ਆਈਆਂ।
ਪੱਟੀ[5] ਠਾਣੇਦਾਰ ਕੋਲ ਫਰਯਾਦੀ ਆਯਾ,
ਸਿਖਾਂ ਮੇਰਾ ਜੱਞ੍ਹਾ[6] ਹੈ ਸਭ ਮੱਠਾ ਪਾਯਾ।
ਠਾਣੇਦਾਰ ਚੜ੍ਹਾਇ ਕੇ ਹੁਣ ਨਾਲ ਲਿਆਯਾ,
ਭਾਈ ਤਾਰਾ ਸਿੰਘ ਨੂੰ ਆ ਕੇ ਧਮਕਾਯਾ।
ਅਗੋਂ ਭਾਈ ਬੋਲਿਆ ਸੁਣ ਮੇਰੇ ਭਾਈ,
ਏਥੇ ਤੇਰਾ ਚੋਰ ਤਾਂ ਨਹਿੰ ਬੈਠਾ ਕਾਈ।

---

1. ਪਹੁੰਚ। 2. ਰੋਅਬ, ਇਜ਼ਤ।
3. ਇਕ ਪਿੰਡ ਦਾ ਨਾਂ, ਇਸ ਨਾਂ ਦੇ ਬਹੁਤ ਨਗਰ ਹਨ। ਏਥੇ ਭਾਵ ਨੁਸ਼ਹਰਾ ਪੰਨੂੰਆਂ ਤੋਂ ਪ੍ਰਤੀਤ ਹੁੰਦਾ ਹੈ ਜੋ ਸਰਹਾਲੀ ਦੇ ਰਾਹ ਵਿਚ ਹੈ। 4. ਭਾਵ ਹੈ ਪਸ਼ੂ ਜਾਂ ਹੋਰ ਮਾਲ ਵੇਚ ਕੇ ਨਗ਼ਦ ਰੁਪਈਏ ਇਕੱਠੇ ਕੀਤੇ।
5. ਜਿਲਾ ਅੰਮ੍ਰਿਤਸਰ ਵਿਚ ਇਕ ਕਸਬਾ ਜੋ ਹਰੀਕੇ ਪਤਣ, ਤਰਨ ਤਾਰਨ ਤੇ ਸਰਹਾਲੀ ਦੇ ਨੇੜੇ ਹੈ।
6. ਰੋਅਬ ਦਾਬ, ਜਬਾਹ।

ਅਗੋਂ ਠਾਣੇਦਾਰ ਨੇ ਜਾ ਗੱਲ ਵਧਾਈ,
ਹੁੰਦੇ ਹੁੰਦੇ ਅੰਤ ਨੂੰ ਹੋ ਪਈ ਲੜਾਈ।
ਤੇਗਾਂ ਧੂਹ ਕੇ ਖਾਲਸੇ ਨੇ ਹੱਥ ਵਿਖਾਯਾ,
ਠਾਣੇਦਾਰ ਸਿਪਾਹੀਆਂ ਸਨ ਥੈਹ ਮਰਵਾਯਾ।
ਸਾਹਿਬ ਰਾਏ ਵੀ ਖਾਰ ਖਾ ਮੁੜ ਘਰ ਨੂੰ ਆਇਆ,
ਮਿਰਜ਼ੇ ਜਾਫਰ ਬੇਗ[1] ਨੂੰ ਜਾ ਲੰਬੂ ਲਾਯਾ।

ਸਾਹਿਬ ਰਾਇ ਚੌਧਰੀ ਨੇ ਪੱਟੀ ਦੇ ਹਾਕਮ ਨੂੰ ਚੜ੍ਹਾ ਲਿਆਂਦਾ

ਮਿਰਜ਼ਾ ਪੱਟੀ ਵਿਚ ਸੀ ਸਰਦਾਰ ਉਚੇਰਾ,
ਮਰਨਾ ਠਾਣੇਦਾਰ ਦਾ ਸੁਣ ਸੜੇ ਵਧੇਰਾ।
ਗੁੱਸਾ ਖਾ ਕੇ ਉੱਠਿਆ ਬਹੁ ਕਰਕੇ ਜੇਰਾ,
ਦੋ ਸੌ ਨਾਲ ਜੁਆਨ ਲੈ ਜਾ ਪਾਯਾ ਘੇਰਾ।
ਗਿਣਤੀ ਦੇ ਸਨ ਸੂਰਮੇ ਵਿਚ ਬੈਠੇ ਵਾੜੀ,
ਸ਼ੇਰਾਂ ਵਾਂਗਰ ਉਠ ਕੇ ਸਭ ਪੜਤਲ ਪਾੜੀ।
ਮਿਰਜ਼ੇ ਦੀ ਭੀ ਖਾਲਸੇ ਗਪ ਹੱਛੀ ਝਾੜੀ[2],
ਫੱਟੜ ਹੋਯਾ ਨਸ ਕੇ ਜਾ ਲੁਕਿਆ ਮਾੜੀ[3]।
ਚਿੱਠੀ ਲਿਖੀ ਲਾਹੌਰ ਨੂੰ ਸੁਣ ਖਾਨ ਬਹਾਦਰ।
ਕੀਤੇ ਸਿਖਾਂ ਮੁਸਲਮਾਨ ਹਨ ਮੂਲੀ ਗਾਜਰ।
ਤੈਨੂੰ ਏਥੇ ਘੱਲਿਆ ਕਰ ਸੂਬਾ ਕਾਦਰ[4]।
ਮਾਝਾ ਸੂਤ ਬਹਾਲ ਦੇ ਜੇ ਜਣਿਆ ਮਾਦਰ[5]।
ਖਾਨ ਬਹਾਦਰ ਜ਼ਕਰੀਆ[6] ਹੋਇਆ ਹਲਕਾਯਾ,
ਪਿਉ ਨੂੰ ਲਾਹ ਕੇ ਗੱਦੀਓਂ ਬਣ ਸੂਬਾ ਆਯਾ।
ਸੁਣ ਕੇ ਚਿੱਠੀ ਬੇਗ ਦੀ ਡਾਢਾ ਖੁਣਸਾਯਾ।
"ਸਿੱਖ ਮੁਕਾਊਂ ਦੇਸ਼ ਦੇ" ਜੇ ਰੱਬ ਕਰਾਯਾ।
ਮੋਮਨ ਖਾਂ ਨੂੰ ਤੋਰਦਾ ਕਰ ਪੰਜ ਹਜ਼ਾਰੀ,
ਨਾਲ ਰੁਲ਼ਾਯਾ ਤਕੀ ਖਾਨ ਦੇ ਸੂਬੇਦਾਰੀ।
ਬਾਈ ਸੌ ਘੁੜ ਚੜ੍ਹੇ ਦੀ ਦਿੱਤੀ ਸਰਦਾਰੀ,
"ਗ਼ਾਰਤ[7] ਕਰੋ ਪੰਜਾਬ ਦੀ ਜਾ ਸਿਖੀ ਸਾਰੀ"।
ਲੱਤ ਰਕਾਬੇ ਰਖਦਾ ਮੋਮਨ ਖਾਂ ਆਯਾ,
ਸਦੇ ਜੱਟ ਘਵਿੰਡ ਦੇ ਡਲ ਵਾਂ ਪਹੁੰਚਾਯਾ।

1. ਅਦੀਨਾ ਬੇਗ ਦਾ ਪੁੱਤਰ ਜਿਸ ਨੇ ਵਟਾਲੇ ਦੇ ਨੇੜੇ ਲੜਾਈ ਵਿਚ ਸਿੱਖਾਂ ਤੋਂ ਹਾਰ ਖਾਧੀ ਸੀ। 2. ਖੁੰਬ ਠੱਪੀ।
3. ਇਕ ਪਿੰਡ ਦਾ ਨਾਂ ਭੀ ਹੈ, ਮਹਲ ਮਾੜੀ ਭੀ ਬੋਲਦੇ ਹਨ। 4. ਕਰਨ ਵਾਲਾ, ਸਮਰੱਥ। 5. ਮਾਂ।
6. ਅਬਦੁਲ ਸਮਦ ਖਾਨ ਦਾ ਪੁੱਤਰ ਜੋ ਸੰਨ 1739 ਵਿਚ ਲਾਹੌਰ ਦਾ ਸੂਬਾ ਬਣਿਆ ਤੇ 1745 ਵਿਚ ਮਰ ਗਿਆ।
7. ਨਾਸ।

ਵਾੜੇ ਲਾਗੇ ਪਹੁੰਚ ਕੇ ਧੌਂਸਾ ਖੜਕਾਯਾ,
ਘੋੜੇ ਤੇ ਚੜ੍ਹ ਤਕੀ ਖਾਨ ਨੇਂ ਪੱਗ੍ਹਾ ਜਮਾਯਾ।

"ਸਿੰਘੋ ਹੋਣ ਸ਼ਹੀਦ ਨੂੰ ਕਰ ਲਓ ਤਿਆਰਾ"।

ਭਾਈ ਤਾਰਾ ਸਿੰਘ ਭੀ ਕਰ ਲਈ ਤਿਆਰੀ,
ਠਾਰਾਂ ਉੱਨੀ ਸੂਰਮੇ ਸਨ ਪੂੰਜੀ ਸਾਰੀ।
ਸਣ ਕੇਸੀਂ ਇਸ਼ਨਾਨ ਕਰ ਪੌਸ਼ਾਕ ਸਵਾਰੀ,
ਬੈਠੇ ਤੀਰ ਤੁਫੰਗ ਲੈ ਨੇਜ਼ਾ ਤਲਵਾਰੀ।
ਧੌਂਸਾ ਸੁਣ ਕੇ ਗੱਜਿਆ ਤਾਰਾ ਸਿੰਘ ਪਜਾਰਾ,
ਸਿੰਘੋ ਹੋਣ ਸ਼ਹੀਦ ਨੂੰ ਕਰ ਲਓ ਤਿਆਰਾ।
ਧਰਮ ਯੁੱਧ ਵਿਚ ਵਰਤਣਾ ਅਜ ਘੱਲੂਘਾਰਾ,
ਜਿਨ੍ਹਾਂ ਪਿੱਛੋਂ ਭੱਜਣਾ, ਹੁਣ ਦਿਓ ਨਾ ਲਾਰਾ,
ਸਿਰ ਜਿਸ ਨੇ ਵਢਾਉਣਾ ਉਹ ਅੱਗੇ ਆਵੇ।
ਮਰਨੋਂ ਜੇਹੜਾ ਝੱਕਦਾ ਉਹ ਘਰ ਨੂੰ ਜਾਵੇ।
ਮੁੜਨਾ ਦੁਸ਼ਮਨ ਮਾਰ ਕੇ, ਨਹਿੰ ਸੀਸ ਕਟਾਵੇ।
ਲੈਂਦਾ ਕਲਗੀ ਵਾਲੜਾ ਸਾਡੇ ਪਰਤਾਵੇ।

ਇਕੀ ਸਿੰਘਾਂ ਦਾ ਤਿੰਨ ਹਜ਼ਾਰ ਨਾਲ ਟਾਕਰਾ

ਬੁੱਕੇ ਸ਼ੇਰ ਅਕਾਲ ਦੇ ਪੀ ਅੰਮ੍ਰਿਤ ਛੰਨੇ,
ਜਿੰਦ ਅਰਦਾਸੇ ਸੋਧ ਕੇ, ਹੁਣ ਨਿਕਲੇ ਬੰਨੇ।
ਹੰਨਾ[1] ਤਿੰਨ ਹਜ਼ਾਰ ਸੀ, ਤੁਰਕਾਂ ਦੀ ਵੰਨੇ,
ਇਕੀ ਜਿੰਦੂ ਖਾਲਸਾ ਹੁਣ ਕੇਹੜਾ ਮੰਨੇ ?
ਸਿੰਘ ਬੁਲਾਕਾ ਸਾਂਘਣਾ[2] ਵਧ ਅੱਗੇ ਆਯਾ,
ਤੀਰਾਂ ਮੀਂਹ ਵਸਾਇ ਕੇ ਚਾ ਭੌਜਲ ਪਾਯਾ।
ਪਿੱਛੋਂ ਖੰਡਾ ਵਾਹ ਕੇ ਇਕ ਰੋੜ੍ਹ ਚਲਾਯਾ,
ਹੋ ਕੇ ਤੀਰਾਂ ਛਾਨਣੀ ਗੁਰ ਧਾਮ ਸਿਧਾਯਾ।
ਦਸਤਾ ਲੈ ਕੇ ਤਕੀ ਖਾਨ ਹੁਣ ਕਰੀ ਚੜ੍ਹਾਈ,
ਮੱਥੇ ਲੱਗਾ ਜਾਂਦਿਆਂ ਤਾਰਾ ਸਿੰਘ ਭਾਈ।
ਮੂੰਹ ਤੇ ਨੇਜ਼ਾ ਮਾਰ ਕੇ ਉਨ ਸੁਰਤ ਭੁਲਾਈ,
ਮੁੜਿਆ ਪਾਨ ਚਬਾਂਵਦਾ ਸਨ ਦਸਤੇ ਪਾਈ।

1. ਕਾਠੀ, ਭਾਵ ਸਵਾਰ। 2. ਬਲਵਾਨ।

ਤੀਜਾ ਚੇਲਾ ਨਿਕਲਿਆ ਹਾਥੀ ਤੇ ਚੜ੍ਹ ਕੇ,
ਭੀਮ ਸਿੰਘ ਹਾਥੀ ਖੁਲ੍ਹਾਰਿਆ ਕੰਨੋਂ ਫੜ ਕੇ।
ਚੜ੍ਹਿਆ ਸਣ ਲਖਮੀਰ ਸਿੰਘ ਤਲਵਾਰੀਂ ਲੜ ਕੇ,
ਚੇਲੇ ਦਾ ਸਿਰ ਵਢਿਆ ਹੌਦੇ ਵਿਚ ਲੜ ਕੇ।
ਤੁਰਕਾਂ ਹੱਲਾ ਬੋਲਿਆ ਹੁਣ ਕਰ ਕੇ ਜੱਥਾ,
ਤੀਰਾਂ ਮੀਂਹ ਦੋ ਪਾਸਿਓਂ ਘਟ ਬੰਨ੍ਹੀ ਲੱਥਾ।
ਵੇਹਲਾ ਹੋਯਾ ਖਾਲਸੇ ਦਾ ਤੀਰਾਂ ਭੱਥਾ,
ਫੜ ਤਲਵਾਰਾਂ ਸਾਹਮਣੇ ਹੁਣ ਧਰਦੇ ਮੱਥਾ।
ਵੜ ਕੇ ਕਰਦੇ ਲਾਵੀਆਂ[1] ਸੂਰੇ ਰਣ ਤੱਤੇ,
ਸ਼ੇਰਾਂ ਵਾਂਗਰ ਗੱਜਦੇ ਵਿਚ ਰੋਹ ਦੇ ਮੱਤੇ।
ਗਾਜਰ ਖੇਤ ਮੁਕਾਂਵਦੇ ਤੁਰਕਾਨੀ ਖੱਤੇ,
ਹੋਲੀ ਖੇਡਣ ਪ੍ਰੇਮ ਦੀ ਵਿਚ ਲੋਹੂ ਰੱਤੇ।
ਇਕ ਇਕ ਸੌ ਸੌ ਮਾਰ ਕੇ ਪਾ ਗਏ ਸ਼ਹੀਦੀ,
ਪੈਰ ਨਾ ਪਿੱਛੇ ਸੁਟਿਆ ਹੋ ਕਾਇਰ ਗੀਦੀ[2]।
ਜਿੰਦਾਂ ਨਾਲ ਨਿਭਾ ਗਏ ਸਚ ਪੀਰ ਮੁਰੀਦੀ,
ਜਾ ਪਹੁੰਚੇ ਗੁਰਧਾਮ ਵਿਚ ਪਾ ਹੁਕਮ ਤਕੀਦੀ[3]
ਤੁਰਕਾਂ ਧੌਣਾਂ ਵੱਢੀਆਂ ਸਿਰ ਨਾਲ ਚੁਕਾਏ,
ਮਾਰ ਦਮਾਮੇ ਖੁਸ਼ੀ ਦੇ ਲਾਹੌਰੋਂ ਆਏ।
ਦੋਹਾਂ ਜੱਟਾਂ ਜੋੜ ਕੇ ਜਾਂ ਲੰਬੂ ਲਾਏ,
ਵਲਗਣ ਕੀਤੀ ਜਿਸ ਜਗ੍ਹਾ ਏਹ ਸ਼ੇਰ ਸਮਾਏ।
ਵਾਈਆਂ[4] ਵਿਚ ਸ਼ਹੀਦ ਗੰਜ ਹੈ ਬਣਿਆ ਭਾਰਾ,
ਜੂਝਿਆ ਖਾਤਰ ਧਰਮ ਦੀ ਤਾਰਾ ਸਿੰਘ ਪਜਾਰਾ।
ਖਲਕਤ ਕਰਦੀ ਯਾਦ ਹੈ ਉਸ ਦਾ ਬਲਕਾਰਾ,
ਰਹਿੰਦੀ ਦੁਨੀਆਂ ਤੀਕ ਉਹ ਚਮਕੇਗਾ ਤਾਰਾ।

ਦੋਹਰਾ

ਸਤ੍ਰਾਂ ਸੌ ਉਣਾਨਵੇਂ ਮਾਘ ਵਦੀ[5] ਤਿਥ ਚਾਰ,
ਧਰਮ ਸ਼ਹੀਦੀ ਪਾ ਗਏ ਸੂਰੇ ਤੇਗਾਂ ਮਾਰ।
ਧਰਮ ਸ਼ਾਂਤਿ ਵਿਸ਼ਵਾਸ ਦ੍ਰਿੜ, ਅਰ ਕਸ਼ਟਾਂ ਵਿਚ ਧੀਰ,
ਪੰਜ ਵਸਨ ਜਿਸ ਮਨ ਵਿਖੇ, ਸੋਈ ਕਹਾਵੇ ਬੀਰ।

1. ਵਾਢੀਆਂ। 2. ਡਰਪੋਕ। 3. ਪੱਕਾ। 4. ਪਿੰਡ 'ਵਾਂ' ਤੋਂ ਭਾਵ ਹੈ। 5. ਹਨੇਰੇ ਪੱਖ ਦੀ, ਪੂਰਨਮਾਸ਼ੀ ਤੋਂ ਚੌਥੇ ਦਿਨ।

Religious persecution is the bane of all religions
and the friends of persecution are the worst enemies
religion has and of all persecutions that of calumny
is the most intolerable. Any other kind of persecution
can affect our outward circumstances only,
our properties, our lives; but this may affect our
character for ever..........

—HAZLITT.*

ਸਿੰਘਣੀਆਂ ਦੇ ਸਿਦਕ

ਸਾਰੇ ਸੰਸਾਰ ਦੀ ਤਵਾਰੀਖ ਵਿਚ ਅਤਿ ਕਰੜੇ ਤਸੀਹੇ ਤੇ ਜ਼ੁਲਮ ਵਿਚ ਵੀ ਬੀਰ ਸਿੰਘਣੀਆਂ ਦੇ ਅਚੱਲ ਸਿਦਕੀ ਹੌਸਲੇ ਤੇ ਮਨ ਦੀ ਉੱਚ ਅਵੱਸਥਾ

ਮੀਰ[1] ਮੰਨੂੰ ਦੀ ਸੁਣਿਓ ਕਹਾਣੀ,
"ਜਿਸ ਨੇ ਠਾਣੀ ਸੀ ਸਿਖੀ ਮੁਕਾਣੀ"।
ਰਾਤ ਦਿਨੇ ਲਗ ਰਹੀ ਏਹ ਲਗਨ ਸੀ,
ਪਾਪ ਕਰਮਾਂ ਦੇ ਵਿਚ ਮਗਨ ਸੀ।
ਸਿਖ ਜਿੱਥੇ ਕਿਤੇ ਸੁਣ ਲਏ ਓਹ,
ਵਾਂਗ ਰਾਖਸ਼[2] ਸਿਰੇ ਜਾ ਪਏ ਓਹ।
ਪੰਥ ਇਸ ਦੇ ਜ਼ੁਲਮ ਦਾ ਸਤਾਯਾ,
ਦੇਸ਼ ਵਿਚੋਂ ਨਿਕਲ ਕੇ ਸਿਧਾਯਾ।
ਜੰਗਲਾਂ ਬੇਲਿਆਂ ਵਿਚ ਦਿਹੁੰ ਗੁਜ਼ਾਰੇ,
ਛੋੜ ਕੇ ਚੈਨ ਸੁਖ ਭੋਗ ਸਾਰੇ।
ਖਾ ਕੇ ਪੱਤਾਂ ਨੂੰ ਗੁਜ਼ਰਾਨ ਕਰਦਾ,
ਕਸ਼ਟ ਸਿਰ ਪਰ ਉਜਾੜਾਂ ਦੇ ਜਰਦਾ।

---

* ਧਾਰਮਿਕ ਉਪੱਦ੍ਰਵ ਸਾਰੇ ਧਰਮਾਂ ਦੀ ਤਬਾਹੀ ਜਾਂ ਮੌਤ ਹਨ ਤੇ ਧਾਰਮਿਕ ਉਪੱਦ੍ਰਵਾਂ ਦੇ ਹਾਮੀ—ਮਿਤ੍ਰ ਧਰਮ ਦੇ ਬੁਰੇ ਤੋਂ ਬੁਰੇ ਵੈਰੀ ਹਨ ਤੇ ਸਾਰੇ ਉਪੱਦ੍ਰਵਾਂ ਵਿਚੋਂ ਝੂਠੇ ਦੂਸ਼ਨਾਂ ਦਾ ਉਪੱਦ੍ਰਵ ਅਸਹ ਹੈ। ਹੋਰ ਕਿਸੇ ਤਰ੍ਹਾਂ ਦਾ ਉਪੱਦ੍ਰਵ ਕੇਵਲ ਸਾਡੇ ਬਾਹਰਲੇ ਹਾਲਾਤ ਉੱਤੇ, ਸਾਡੀ ਜਾਇਦਾਦ ਤੇ ਸਾਡੇ ਜੀਵਨ ਉੱਤੇ ਪ੍ਰਭਾਵ ਪਾ ਸਕਦਾ ਹੈ ਪਰ ਇਹ ਸਦਾ ਲਈ ਸਾਡੇ ਆਚਰਨ ਨੂੰ ਪ੍ਰਭਾਵਿਤ ਕਰ ਦੇਂਦਾ ਹੈ। (ਹੈਜ਼ਲਿਟ)

1. ਪੂਰਾ ਨਾਂ ਮੀਰ ਮੁਅਈਅਨ ਦੀਨ ਤੇ ਖਿਤਾਬ ਸੀ ਮੁਅਈਨਲ ਮੁਲਕ ਕੁਸਤਮ ਹਿੰਦ, ਜੋ ਉਹ ਲਾਹੌਰ ਦਾ ਸੂਬੇਦਾਰ ਰਿਹਾ, ਦੀਵਾਨ ਕੌੜਾ ਮਲ ਦੇ ਮਰਨ ਪਿਛੋਂ ਇਸ ਨੇ ਸਿੱਖਾਂ ਉੱਤੇ ਬਹੁਤ ਜ਼ੁਲਮ ਕੀਤੇ, ਇਹ ਸੰਨ 1810 ਵਿਚ ਮਰਿਆ।
2. ਦੈਂਤ, ਰਾਖਸ਼।

ਪਰ ਏ ਮੰਨੂ ਅਜੇ ਮੰਨਿਆਂ ਨਾ,
ਕੱਢ ਦੇਸੋਂ ਭੀ ਪਰ ਮੰਨਿਆਂ ਨਾ।

ਮੰਨੂ ਦੇ ਕਹਿਰ ਭਰੇ ਹੁਕਮ

ਸਭ ਜਗ੍ਹਾ ਹੁਕਮ ਕੀਤੇ ਨੇ ਜਾਰੀਂ,
ਕੌਮ ਜਿੰਦੋਂ ਮੁਕਾਣੀ ਹੈ ਸਾਰੀ।
"ਜਿੱਥੇ ਲਭਨ ਕੋਈ ਕੇਸ ਵਾਲੇ,
ਫੜ ਕੇ ਕਰਨਾ ਅਸਾਡੇ ਹਵਾਲੇ।"
ਇਸ ਤਰ੍ਹਾਂ ਓਸ ਨੇ ਅੱਤ ਚਾਈ,
ਫਿਰ ਰਹੀ ਦੇਸ਼ ਵਿਚ ਸੀ ਦੁਹਾਈ।
ਇਕ ਦਿਨ ਫੜਨ ਹਿਤ ਸ਼ੇਰ ਪਜਾਰੇ,
ਫਿਰ ਰਿਹਾ ਸੀ ਏ ਜੰਗਲ ਮਝਾਰੇ।
ਸੂਰਮੇ ਸਿੰਘ ਐਪਰ ਨਾ ਲੱਭੇ,
ਜਾ ਵੜੇ ਸੋ ਓ ਬੇਲੇ ਦੇ ਗੱਭੇ[1]।
ਇਕ ਟੋਲੀ ਮਿਲੀ ਸਿੰਘਣੀਆਂ ਦੀ,
ਤਿੰਨ ਸੌ ਤਕ ਗਿਣਤੀ ਸੀ ਜਿਨ੍ਹਾਂ ਦੀ।
ਕੋਈ ਬਿਰਧਾਂ ਤੇ ਕੋਈ ਜੁਆਨਾਂ,
ਕੋਈ ਅਧਖੜ ਤੇ ਕੋਈ ਨਿਦਾਨਾਂ[2]।
ਕੋਈ ਏਕਾਂਤ ਜੀਵਨ ਬਿਤਾਵਨ,
ਕੋਈ ਲਾਲਾਂ ਨੂੰ ਗੋਦੀ ਖਿਡਾਵਨ।
ਇਸ ਬੇਦਰਦੀ ਦੇ ਪੁਤਲੇ ਨੇ ਆ ਕੇ,
ਫੜ ਲਿਆ ਸਭਸ ਨੂੰ ਘੇਰਾ ਪਾ ਕੇ।
ਕੋਈ ਤੀਵੀਂ ਤੇ ਆ ਹਮਲਾ ਕਰੇ ਨਾ,
ਪਰ ਏ ਪਾਪੀ ਕੁਸੱਤ ਤੋਂ ਡਰੇ ਨਾ।
ਕੈਦ ਕਰਕੇ ਸ਼ਹਿਰ ਨੂੰ ਘਲਾਯਾ,
ਦੁਖ ਪੁਚਾਵਨ ਦਾ ਮਸਲਾ ਪਕਾਯਾ।
ਹਾਇ, ਦੇਖੋ ਜ਼ਰਾ ਝਾਤ ਪਾ ਕੇ,
ਕੈਦ ਖਾਨੇ ਦੇ ਵਲ ਰੰਚ[3] ਆ ਕੇ।
ਕਈ ਦਿਨ ਹੋ ਗਏ ਭੁੱਖੀਆਂ ਨੂੰ,
ਕੋਈ ਪੁੱਛੇ ਨਹੀਂ ਦੁੱਖੀਆਂ ਨੂੰ।

---

1. ਵਿਚ। 2. ਇਞਾਣ ਬੱਚੀਆਂ। 3. ਥੋੜ੍ਹਾ ਜਿਹਾ, ਕੁਝ ਕੁ।

ਮੀਰ ਮੰਨੂ ਦਾ ਹੁਕਮ ਸੀ ਜੋ ਇਕ ਇਕ ਸਿੰਘਣੀ ਨੂੰ ਅੱਠੀਂ ਪਹਿਰੀਂ ਸਿਰਫ ਇਕੋ ਇਕ ਹੀ ਰੋਟੀ ਦੇਵੋ

ਅੱਠੀਂ ਪਹਿਰੀਂ ਮਿਲੇ ਇਕ ਚਪਾਤੀ,
ਸੁੱਕ ਕਈ ਦੁੱਧ ਦੇਣੇ ਵੀ ਛਾਤੀ।
ਵਿਲਕਦੇ[1] ਸਨ ਸਜਾਏ ਅਵਾਣੇ,
ਭੁੱਖ ਦੇ ਦੁੱਖ ਕੀਤੇ ਰੰਵਾਣੇ।
ਆਪ ਮਰ ਮਰ ਕੇ ਜੀਵਨ ਬਿਤਾਵਨ,
ਬਾਲ ਕਿਥੋਂ ਪਰੰਤੂ ਰਜਾਵਨ।
ਦੁਖ ਅੰਸ਼ ਦਾ ਡਿੱਠਾ ਨਾ ਜਾਵੇ,
ਵੇਖ ਰੋਂਦੇ ਕਲੇਜਾ ਮੂੰਹ ਆਵੇ।
ਫੇਰ ਭੀ ਧੀਰ ਅਰ ਧਰਮ ਪਯਾਰਾ,
ਦੇਈ ਜਾਂਦੀਆਂ ਨੇ ਮਨ ਨੂੰ ਸਹਾਰਾ।
ਵਾਹਿਗੁਰੂ ਹੈ ਇਨ੍ਹਾਂ ਦਾ ਸਹਾਈ,
ਕਸ਼ਟ ਦੇਵੇਗਾ ਆਪੇ ਹਟਾਈ।
ਕਈ ਦਿਨ ਕਸ਼ਟ ਮਿਲਦੇ ਨੂੰ ਬੀਤੇ,
ਬਾਲ ਦੁੱਖਾਂ ਨੇ ਬੀਮਾਰ ਕੀਤੇ।
ਮੀਰ ਮੰਨੂ ਭੀ ਇਤਨੇ ਨੂੰ ਆਯਾ,
ਪਹਿਰੇ ਦਾਰਾਂ ਨੂੰ ਆਡਰ ਚੜ੍ਹਾਯਾ।

ਪਾਪੀ ਮੰਨੂ ਜਰਵਾਣੇ ਦੇ ਲਾਲਚ ਤੇ ਤਸੀਹੇ

"ਜਾਲ ਪਾਪਾਂ ਦਾ ਜਾ ਕੇ ਵਿਛਾਓ,
ਧਰਮ ਤੋਂ ਸਿੰਘਣੀਆਂ ਨੂੰ ਗਿਰਾਓ।"
ਆਖੋ "ਰੋਟੀ ਮਿਲੇਗੀ ਬਥੇਰੀ,
ਗਲ ਮੰਨੋ ਜਦੋਂ ਇਕ ਮੇਰੀ।
ਦੀਨ ਸਾਡੇ ਦੀ ਆ ਸ਼ਰਨ ਲਾਗੋ,
ਸਿਖ ਵਿਸ਼ਵਾਸ ਮਨ ਤੋਂ ਤਿਆਗੋ।
ਕਾਫਰਾਂ ਦੀ ਲਗਨ ਛੋੜ ਦੇਵੋ,
ਸਾਕ ਨਾਤਾ ਉਧਰੋਂ ਤੋੜ ਦੇਵੋ,
ਮੁਲਸਮਾਨ ਹੋ ਕੇ ਜੀਵਨ ਗੁਜਾਰੋ,
ਭਾਰ ਸਿਖੀ ਦਾ ਸਿਰ ਤੋਂ ਉਤਾਰੋ।

---
1. ਦੁੱਖੀ ਹੋਏ।

ਐਸ਼ ਇਸ਼ਰਤ ਮੁਹੱਯਾ ਕਰਾਂਗਾ,
ਘਰ ਤੁਹਾਡੇ ਖ਼ੁਸ਼ੀ ਦੇ ਭਰਾਂਗਾ।
ਮਾਲ ਦੌਲਤ—ਮਹਿਲ ਦਾ ਵਸੇਰਾ,
ਪਹਿਨਣੇ ਨੂੰ ਚੰਗੇਰਾ ਬਥੇਰਾ।
ਅਹਿਲਕਾਰਾਂ[1] ਦੇ ਘਰ ਪਾ ਦਿਆਂਗਾਂ[2],
ਰੰਗ ਐਸ਼ਾਂ ਦਾ ਇਕ ਲਾ ਦਿਆਂਗਾ।
ਜੇ ਨਾ ਮੰਨੋਗੀਆਂ ਹੁਕਮ ਮੇਰਾ,
ਕਸ਼ਟ ਇਸ ਤੋਂ ਭੀ ਮਿਲਸੀ ਵਧੇਰਾ।
ਉਮਰ ਭਰ ਕੈਦ ਇਹ ਹੀ ਰਹੇਗੀ,
ਇਕ ਰੋਟੀ ਭੀ ਮੁਸ਼ਕਲ ਮਿਲੇਗੀ।
ਆਸਰਾ ਹੈ ਤੁਹਾਨੂੰ ਜਿਨ੍ਹਾਂ ਦਾ,
ਖੋਜ ਮੈਂ ਹਾਂ ਮੁਕਾਈ ਹੀ ਜਾਂਦਾ।
ਸਾਰ ਕੋਈ ਨਹੀਂ ਪਾ ਸਕੇਗਾ,
ਚੱਲ ਕੇ ਐਥੇ ਨਹੀਂ ਆ ਸਕੇਗਾ।"
ਪਹਿਰੇਦਾਰਾਂ ਨੇ ਆ ਜਾਲ ਪਾਯਾ,
ਹੁਕਮ ਮੰਨੂ ਦਾ ਕਰੜਾ ਸੁਣਾਯਾ।
"ਸਿਖ ਸਭ ਲਗ ਚੁਕੇ ਹਨ ਟਿਕਾਣੇ,
ਕਿਉਂ ਰੁਲਾਓ ਸਜਾਏ ਅਵਾਂਣੇ ?
ਚਲ ਕੇ ਇਸਲਾਮ ਦੀ ਸ਼ਰਨ ਆਵੋ,
ਵਾਂਗ ਹੂਰਾਂ ਦੇ ਜੀਵਨ ਬਿਤਾਵੋ।
ਖਾਕ ਜੰਗਲ ਦੀ ਕੀ ਛਾਨਣੀ ਜੇ ?
ਐਸ਼ ਮਿਲਦੀ ਘਰੀਂ ਮਾਨਣੀ ਜੇ"।

ਸੁਖਾਂ ਦਾ ਭੰਡਾਰ ਧਰਮ ਬਿਨਾਂ ਥੋਥਾ[3] ਹੈ

ਸੱਤਜ ਧਰਮੀ ਤੇ ਸਿਦਕਾਂ ਦੀ ਟੋਲੀ,
ਨਾਲ ਧੀਰਜ ਦੇ ਏਹ ਵਾਕ ਬੋਲੀ,
ਦੁਖ ਮਿਲੇ, ਪਰ ਧਰਮ ਇਹ ਨਾ ਜਾਵੇ,
ਫਿਰ ਨਾ ਸਾਨੂੰ ਕੋਈ ਦੁਖ ਸਤਾਵੇ।
ਧਰਮ ਤਜ ਕੇ, ਸੁਖਾਂ ਦਾ ਭੰਡਾਰਾ,
ਰੰਚ ਭਰ ਭੀ ਨਹੀਂ ਹੈ ਪਿਆਰਾ।
ਬੀਰ ਸਾਡੇ ਨਹੀਂ ਮਰਨ ਵਾਲੇ,

1. ਅਹੁਦੇਦਾਰ, ਅਫ਼ਸਰ, ਅਧਿਕਾਰੀ। 2. ਵਿਆਹ ਦੇਵਾਂਗਾ। 3. ਖਾਲੀ।

ਉਹ ਹਨ ਵੈਰੀ ਨੂੰ ਹਤ ਕਰਨ ਵਾਲੇ।
ਜਾ ਕੇ ਸਾਡਾ ਸੁਨੇਹਾ ਪੁਚਾਓ,
ਖ਼ਯਾਲ ਕੱਚਾ ਦਿਲਾਂ ਤੋਂ ਹਟਾਓ,
ਧਰਮ ਸਾਡਾ ਦਮਾਂ ਤਕ ਨਿਭੇਗਾ,
ਸਿਦਕ ਸਾਡਾ ਸਦਾ ਤਕ ਰਹੇਗਾ।"

ਬਾਲ ਤੜਫਦੇ ਪਰ 'ਪੀਹਣ' ਮੁਕਾ ਦਿਤੇ

ਨੀਚ ਮੰਨੂ ਨੂੰ ਜਦ ਜਵਾਬ ਆਯਾ,
ਕ੍ਰੋਧ ਨੇ ਆਣ ਮਨ ਨੂੰ ਫਿਟਾਯਾ।
ਕਹਿੰਦਾ, "ਭਾਰੇ ਤਸੀਹੇ ਪੁਚਾਓ,
ਧਰਮ ਤਜਾਗਨ ਲਈ ਜ਼ੋਰ ਲਾਓ।
ਤੰਗ ਹਛੀ ਤਰ੍ਹਾਂ ਜਾ ਕਰੋ ਨੇ,
"ਪੀਹਣ" ਸਭ ਨੂੰ "ਸਵਾ ਮਣ" ਦਿਓ ਨੇ।
ਪੀਹ ਕੇ ਦੇਵੇ "ਸਵਾ ਮਣ" ਜੋ ਦਾਣੇ,
ਇਕ ਰੋਟੀ ਦਿਓ ਹੇਤ ਖਾਣੇ।
ਜੋ ਨਾ ਪੀਹੇ ਚਪਾਤੀ ਦਿਓ ਨਾ,
ਤਰਸ ਰਤੀ ਕਿਸੇ ਤੇ ਕਰੋ ਨਾ"।

ਤੇਰੇ ਕੁਕਰਮ ਓਥੇ ਤੇਰਾ ਮੁਕਾਲਾ ਕਰਾਣਗੇ

ਹਾਇ ਪਾਪੀ ਤੇਰਾ ਕੀ ਬਣੇਗਾ ?
ਠਾਠ ਤੇਰਾ ਏ ਕਦ ਤਕ ਠਣੇਗਾ ?
ਅੰਤ ਤੂੰ ਭੀ ਹੈ ਓਥੇ ਜਾਣਾ,
ਜਿੱਥੇ ਸਮਝੇ ਨਾ ਕੋ ਰਾਜਾ ਰਾਣਾ।
ਸਭ ਦੇ ਲੇਖੇ ਗਿਣੇ ਜਾਂਵਦੇ ਹਨ,
ਆਪਣੇ ਕੀਤੇ ਦਾ ਫਲ ਪਾਂਵਦੇ ਹਨ।
ਤੇਰੇ ਪਾਪਾਂ ਕੁਕਰਮਾਂ ਦਾ ਚਾਲਾ,
ਓਥੇ ਕਰਸੀ ਪਕੜ ਕੇ ਮੁਕਾਲਾ।
ਏ ਅਵਾਣੇ ਜਾ ਪੱਲਾ ਫੜਨਗੇ,
ਜਿੰਦ ਤੇਰੀ ਨੂੰ ਨਰਕੀਂ ਕੜਨਗੇ।
ਦੇਖ ਅਬਲਾਂ ਕਿਵੇਂ ਦੁਖੀਆਂ ਨੇ,
ਅੰਨ ਪੀਠਾ ਕਿਵੇਂ ਭੁੱਖੀਆਂ ਨੇ।
ਬਾਲ ਤੜਫਨ ਭੁੱਖਾਂ ਦੇ ਸਤਾਏ,
ਪੀਹਣ ਉਨਾਂ ਦੀ ਖਾਤਰ ਮੁਕਾਏ।

ਤੈਨੂੰ ਪਰ ਤਰਸ ਰਤੀ ਨਾ ਆਵੇ।
ਜਾਨ ਓਨ੍ਹਾਂ ਦੀ ਜਦ ਤਲਮਾਵੇ।
ਦਿਨ ਤੜਫ ਕੇ ਲੰਘਾਵਨ ਵਿਚਾਰੇ,
ਰਾਤ ਰੋਵਨ ਮੁਸੀਬਤ ਦੇ ਮਾਰੇ।
ਤ੍ਰਾਹ ਤ੍ਰਾਹ ਖਲਕ ਸੁਣ ਸੁਣ ਹੈ ਕਰਦੀ,
ਕਰ ਸਕੇ ਕੁਝ ਨਾ ਪਰ ਤੈਥੋਂ ਡਰਦੀ।
ਵੇਖ ਦੁੱਖ, ਲੋਗ ਹੋ ਹੋ ਪਸੀਨਾ,
ਬਹਿ ਕੇ ਨਿਦਨ ਕਰਮ ਏਹ ਕਮੀਨਾ।
ਹਾਲ ਮੰਨੂ ਨੂੰ ਦੁਖ ਦਾ ਸੁਨਾਵਨ,
ਵਾਸਤਾ ਜਾ ਕੇ ਅੱਲ੍ਹਾ ਦਾ ਪਾਵਨ।
ਪਰ ਓਹ ਪੱਥਰ ਦਾ ਦਿਲ ਬਣ ਰਿਹਾ ਸੀ,
ਕੁਝ ਨਾ ਸੁਣਦਾ ਕਿਸੇ ਦਾ ਕਿਹਾ ਸੀ।
ਅੰਤ ਚੜ੍ਹ ਪਾਲਕੀ ਵਿਚ ਆਯਾ,
ਆ ਕੇ "ਸੋਹਲਾ"[1] ਓਹੋ ਹੀ ਸੁਣਾਯਾ।

ਤੁਹਾਨੂੰ ਸਭ ਨੂੰ ਮੌਤ ਹੁਣੇ ਢੇਰੀ ਕਰ ਦੇਵੇਗੀ

ਡਰ ਡਰਾਵਾ ਬਣਾ ਕੇ ਦਿਖਾਵੇ,
ਧਰਮ ਪਰ ਪਾਪ ਦਾ ਜਾਲ ਪਾਵੇ।
ਕਹਿੰਦਾ, "ਹੁਣ ਭੀ ਮੇਰੀ ਮੰਨ ਜਾਓ,
ਸੁਖ ਦਾ ਜੀਵਨ ਕੋਈ ਰੋਜ਼ ਪਾਓ।
ਨਹਿੰ ਤਾਂ ਸਮਝੋ ਕਿ ਹੈ ਮੌਤ ਨੇੜੇ,
ਹੁਕਮ ਮੇਰਾ ਕਰੇਗਾ ਨਿਬੇੜੇ।
ਮੇਰੇ ਹੁਕਮ ਦੀ ਬਾਕੀ ਹੈ ਦੇਰੀ,
ਕਰ ਦੇਵੇਗੀ ਹੁਣੇ ਮੌਤ ਢੇਰੀ।"
ਸੁਣ ਕੇ ਪਾਪੀ ਦੇ ਏਹ ਬੋਲ ਸਾਰੇ,
ਨਾਲ ਧੀਰਜ ਸਿੰਘਣੀਆਂ ਸਹਾਰੇ।

ਧਰਮ ਰਹਿਆ ਤਾਂ ਸਭ ਕੁਝ ਰਹੇਗਾ

ਕਹਿਣ "ਪਾਪੀ ਪਰੇ ਦੂਰ ਹੋ ਜਾ।
ਪਿਛੇ ਹੋ ਕੇ ਅਸਾਥੋਂ ਖਲੋ ਜਾ।

1. ਗੱਲ, ਸੋਹਿਲਾ ਜੱਸ ਦੀ ਕਵਿਤਾ ਹੁੰਦੀ ਹੈ ਪਰ ਇਥੇ ਗੱਲ ਦੇ ਅਰਥਾਂ ਵਿਚ ਮੁਹਾਵਰੇ ਅਨੁਸਾਰ ਵਰਤਿਆ ਹੈ।

ਤੂੰ ਕੀ ਜਾਤਾ ਕਮੀਨ ਅਸਾਂ ਨੂੰ ?
ਲੋਭ ਲਾਲਚ ਦਿਖਾਵੇਂ ਜਿਨ੍ਹਾਂ ਨੂੰ।
ਸਾਡੇ ਘਰ ਓਹ ਪਦਾਰਥ ਨੇ ਆਏ।
ਜੇੜ੍ਹੇ ਸੁਪਨੇ ਦੇ ਵਿਚ ਤੂੰ ਨਾ ਪਾਏ।
ਧਰਮ ਅਰ ਸਿਦਕ ਸੱਚਾ ਸਹਾਈ।
ਜਿਸ ਤੋਂ ਚੰਗੀ ਨਹੀਂ ਚੀਜ਼ ਕਾਈ।
ਧਰਮ ਰਹਿਆ ਤਾਂ ਸਭ ਕੁਝ ਰਹੇਗਾ।
ਤਨ ਅਨਿਸਥਰ ਏ ਚੋਟਾਂ ਸਹੇਗਾ।
ਆਤਮਾਂ ਤਾਂ ਸਦਾ ਹੀ ਸੁਖੀ ਹੈ,
ਕਰ ਨਾ ਸਕਦਾ ਕੋਈ ਭੀ ਦੁਖੀ ਹੈ।
ਤੇਰੇ ਜੁਲਮਾਂ ਤੇ ਕਹਿਰਾਂ ਕਾਰੇ,
ਡਿੱਠੇ ਹੋਏ ਅਸਾਂ ਹੁਣ ਨੇ ਸਾਰੇ।
ਸਾਡੇ ਵੀਰਾਂ ਨੂੰ ਦੁੱਖ ਜੋ ਪੁਚਾਏ,
ਸਾਡੇ ਦਿਲ ਨੇ ਨਹੀਂ ਹਨ ਭੁਲਾਏ।
ਵੀਰ ਸਾਡੇ ਅਨੇਕਾਂ ਸਿਧਾਰੇ।
ਧਰਮ ਪਰ ਪ੍ਰਾਣ ਹਸ ਹਸ ਕੇ ਵਾਰੇ।

ਅੱਜ ਸਾਡੀ ਵਾਰੀ ਹੈ ਤੇ ਅਸੀਂ ਤਿਆਰ

ਅਜ ਸਾਡੀ ਭੀ ਆਈ ਹੈ ਵਾਰੀ
ਵਾਰਨੀ ਹੈ ਅਸਾਂ ਜਾਨ ਪਿਆਰੀ।
ਤੈਂ ਕੁਸੱਤੀ[1] ਤੋਂ ਕਰੁਣਾ[2] ਦੀ ਆਸਾ,
ਰੱਖੀ ਹੋਈ ਨਾ ਜੀ ਵਿਚ ਹੈ ਮਾਸਾ।
ਵੀਰ ਸਾਡੇ ਜਿਵੇਂ ਤੁਰ ਗਏ ਹਨ,
ਲੱਕ ਤਿਉਂ ਹੀ ਅਸਾਂ ਬੰਨ੍ਹ ਲਏ ਹਨ।

We are brave men's mothers, and brave men's wives,
We are ready to do and dare,
We are ready to man your walls with our lives,
And string your bows with our hair.*

---

*ਅਸੀਂ ਹਾਂ ਬਹਾਦਰਾਂ ਦੀਆਂ ਮਾਵਾਂ ਤੇ ਬਹਾਦਰਾਂ ਦੀਆਂ ਪਤਨੀਆਂ।
ਅਸੀ ਹਾਂ ਤਿਆਰ ਕੁਝ ਕਰਨ ਤੇ ਦਲੇਰੀ ਲਈ।
ਅਸੀਂ ਹਾਂ ਤਿਆਰ ਤੁਹਾਡੀਆਂ ਕੰਧਾਂ ਵਿਚ ਚਿਣੀਆਂ ਜਾਣ ਲਈ,
ਤੇ ਤੁਹਾਡੀਆਂ ਕਮਾਨਾਂ ਦੀਆਂ ਤੰਦੀਆਂ ਆਪਣੇ ਵਾਲਾਂ ਨਾਲ ਬਣਾਉਣ ਲਈ।

1. ਝੂਠੇ। 2. ਤਰਸ।

ਧਰਮ ਉਤੋਂ ਬਲੀ ਹੋ ਜਾਣਾ,
ਸੀਸ ਦੇ ਦੇ ਧਰਮ ਹੈ ਬਚਾਣਾ।
ਸੋ ਤੂੰ ਕਰ ਲੈ ਜੇੜ੍ਹੀ ਵਾਹ ਚੱਲੇ,
ਪਾਪ ਅਪਕਰਮ, ਜੋ ਕੁਝ ਹੈ ਪੱਲੇ।
ਧਰਮ ਸਾਡਾ ਸਦਾ ਥਿਰ ਰਹੇਗਾ।
ਪ੍ਰੇਮ ਦੀ ਸਾਂਟ ਸਿਰ ਪਰ ਸਹੇਗਾ।

ਮਨੂੰ ਦੀ ਘੋਰ ਅਨੀਤਿ ਤੇ ਜ਼ੁਲਮੀ ਤਦਬੀਰ

ਬੋਲ ਧਰਮੀ-ਹ੍ਰਿਦੇ ਦੇ ਕਰਾਰੇ,
ਮੀਰ ਮੰਨੂ ਦੇ ਮਾਪੇ ਹੀ ਮਾਰੇ।
ਸਿਰ ਧੁਨੇ ਅਰ ਕਹੇ ਯਾ ਖੁਦਾਯਾ
ਦਿਲ ਕਿਹਾ ਸਖਤ ਸਿਖਾਂ ਨੇ ਪਾਯਾ।
ਮੈਂ ਸਤਾਵਾਂ ਤੇ ਨਹਿੰ ਡੋਲਦੇ ਏ,
ਡਾਢੇ ਉਚੇ ਸਗੋਂ ਬੋਲਦੇ ਏ।
ਹੱਛਾ ਇਕ ਹੋਰ ਤਦਬੀਰ ਕਰੀਏ,
ਜੋ ਨਾ ਹੋਈ ਕਦਾਈਂ ਸੋ ਕਰੀਏ।
ਲਾਲ ਮਾਸੂਮ ਗੋਦੀ ਖਿਡਾਏ,
ਨੇਤ੍ਰ-ਜਜੋਤੀ[1] ਸਜਾਏ ਸਜਾਏ।
ਗੋਦੀਆਂ ਤੋਂ ਖੁਹਾ ਕੇ ਮੰਗਾਵਾਂ,
ਸਾਹਮਣੇ ਏਹਨਾਂ ਦੇ ਜਾ ਕੁਹਾਵਾਂ।
ਫੇਰ ਧੀਰਜ ਹਰੇਗੀ ਨੇ ਆਪੇ,
ਬਾਲ ਮਰਦੇ ਜਦੋਂ ਪਾਸ ਜਾਪੇ।

ਬੇਦੋਸ਼ੇ ਮਸੂਮਾਂ ਨੂੰ ਮਾਵਾਂ ਦੀਆਂ ਛਾਤੀਆਂ ਤੋਂ ਖੋਹ ਕੇ ਓਨ੍ਹਾਂ ਦੇ ਹੀ ਨੇਤ੍ਰਾ ਦੇ ਸਾਹਮਣੇ ਉਛਾਲ ਉਛਾਲ ਦੇ ਪਾਪੀਆਂ ਨੇ ਨੇਜ਼ਿਆਂ ਨਾਲ ਪਰੋ ਪਰੋ ਕੇ ਕੋਹਣਾ

ਹਾਇ ਪਾਪੀ ਏ ਪਾਪੋਂ ਨਾ ਡਰਦਾ,
ਵੇਖਣਾ ਕੀ ਹੈ ਅਨਜਾਇ ਕਰਦਾ ?
ਜੀਭ ਮੂੰਹ ਵਿਚ ਨਹੀਂ ਹੈ ਜਿਨ੍ਹਾਂ ਦੇ,
ਬਾਂਹ ਵਿਚ ਬਲ ਨਹੀਂ ਹੈ ਜਿਨ੍ਹਾਂ ਦੇ।
ਕੁਝ ਨਾ ਕੀਤਾ ਜਗਤ ਤੇ ਹੈ ਆ ਕੇ,
ਰੰਗ ਡਿੱਠਾ ਨਾ ਅੱਖੀਂ ਉਠਾ ਕੇ।

---

1. ਅੱਖਾਂ ਦੀ ਜੋਤ।

ਪਾਪ ਅਰ ਪੁੰਨ ਜਾਨਣ ਨ ਦੋਵੇਂ,
ਨਾ ਖਬਰ ਕੀ ਜਗਤ ਵਿਚ ਹੋਵੇ।
ਦੇਵਜੀਵਨ[1] ਤੇ ਮਨ ਨਿਰਵਿਕਾਰੀ,
ਇਕ ਜੈਸੀ ਲਗੇ ਸ੍ਰਿਸ਼ਟ ਸਾਰੀ।
ਈਰਖਾ ਦਵੈਸ਼[2] ਤੋਂ ਸ਼ੁਧ ਭੋਲੇ,
ਝੂਲਦੇ ਹਨ ਅਨੰਦੀ ਹੰਡੋਲੇ।
ਸਭ ਕੋਈ ਤਰਸ ਜਿਨ੍ਹਾਂ ਤੇ ਖਾਵੇ,
ਵੇਖ ਦੁਸ਼ਮਨ ਭੀ ਕੁੱਛੜ ਉਠਾਵੇ।
ਪਜਾਰ ਡਿੱਠੇ ਜਿਨ੍ਹਾਂ ਦੇ ਫੁਟਾਵੇ,
ਮੋਹ ਮਮਤਾ ਦੀ ਚਾਦਰ ਵਿਛਾਵੇ।

ਫੁੱਲ ਤੋੜੇ ਗਏ ਡਾਲੀਆਂ ਤੋਂ

ਉਹ ਸਜਾਏ ਮੰਗਾਏ ਨੇ ਜਾਂਦੇ,
ਮਾਵਾਂ ਪਾਸੋਂ ਖੁਹਾਏ ਨੇ ਜਾਂਦੇ।
ਛਾਤੀ ਤੋਂ ਗਏ ਲਾਲ ਖੋਹੇ,
ਜੇਹੜੇ ਕੋਮਲ ਸਿਗੇ ਵਾਂਗ ਫੋਹੇ।
ਫੁੱਲ ਤੋੜੇ ਗਏ ਡਾਲੀਆਂ ਤੋਂ,
ਬਾਗ਼ ਖੋਹੇ ਗਏ ਮਾਲੀਆਂ ਤੋਂ।
ਫੜ ਕੇ ਤਲਵਾਰ ਕਤਲਾਮ ਵਾਲੀ,
ਬੇਜਬਾਨਾਂ ਮਸੂਮਾਂ ਤੇ ਡਾਲੀ[3]।
ਕੋਈ ਇਤਿਹਾਸ ਡਿੱਠਾ ਨਾ ਐਸਾ।
ਹੋਣ ਲਗਾ ਏ ਅਪਕਰਮ[4] ਜੈਸਾ।
ਵਹਿਸ਼ੀ ਕੌਮਾਂ ਭੀ ਦਿਲ ਰਖਦੀਆਂ ਹਨ,
ਐਸਾ ਅਨਰਥ ਨਾ ਕਰ ਸਕਦੀਆਂ ਹਨ।
ਪਰ ਏ ਮੰਨੂ ਦਾ ਹੀ ਹੌਸਲਾ ਹੈ,
ਘੋਰ ਜੋ ਪਾਪ ਕਰਨੇ ਲਗਾ ਹੈ।
ਫੜ ਮਸੂਮਾਂ ਜਿੰਦਾ ਕੋਮਲਾਂ ਨੂੰ,
ਬੇਗੁਨਾਹਾਂ ਤੇ ਬੇਤਾਕਤਾਂ ਨੂੰ।
ਟੁਕੜੇ ਟੁਕੜੇ ਉਨ੍ਹਾਂ ਦੇ ਕਰਾਏ,
ਝੋਲੀ ਮਾਵਾਂ ਦੀ ਵਿਚ ਮੁੜ ਪੁਵਾਏ।
ਨਾਲ ਗਲ ਦੇ ਬੰਨ੍ਹਾਏ ਗਏ ਹਨ,

---

1. ਰਬੀ, ਦੇਵਤਿਆਂ ਵਰਗੇ ਪਵਿੱਤ੍ਰ। 2. ਵੈਰ ਭਾਵ। 3. ਪਾਈ, ਵਾਹੀ। 4. ਪਾਪ।

ਜ਼ਖਮ ਦਿਲ ਦੇ ਛਿਲਾਏ ਗਏ ਹਨ।
ਹਾਇ ਜ਼ੁਲਮੀ ਦਾ ਕੁਝ ਹੈ ਟਿਕਾਣਾ,
ਵਰਤਿਆ ਜਿਸ ਤਰ੍ਹਾਂ ਅਹ ਭਾਣਾ।

ਸਾਡਾ ਦੀਨ ਮੰਨੋਗੀਆਂ ਤਾਂ ਹੀ ਜੀਊਣਾ ਮਿਲੇਗਾ

ਜਿਨ੍ਹਾਂ ਮਾਵਾਂ ਦੇ ਬੱਚੇ ਕਟਾਏ,
ਦਿਲ ਉਨ੍ਹਾਂ ਦੇ ਏ ਦੁੱਖ ਦੇ ਦੁਖਾਏ।
ਉਨ੍ਹਾਂ ਦਰਦਾਂ ਦੀ ਉਹ ਸਾਰ ਜਾਣੇ,
ਘਰ ਜਿਦ੍ਹੇ ਹੋਣ ਆਪਣੇ ਅਵਾਣੇ।
ਮੀਰ ਮੰਨੂ ਏ ਦੁੱਖੜੇ ਪਚਾ ਕੇ,
ਆਪ ਸੁੱਤਾ ਚਪਰਖਟ[1] ਵਿਛਾ ਕੇ।
ਅਗਲੇ ਦਿਨ ਸਾਂਗ ਓਹੋ ਰਚਾਯਾ,
ਚਾਹੁੰਦਾ ਦੀਨ ਦੇ ਵਿਚ ਰਲਾਯਾ।
ਨੰਗੀ ਤਲਵਾਰ ਵਾਲੇ ਸਿਪਾਹੀ,
ਲੈ ਕੇ ਆਯਾ ਕਰਨ ਨੂੰ ਤਬਾਹੀ।
ਦੀਨ ਮੰਨੋ ਤਾਂ ਜੀਣਾਂ ਮਿਲੇਗਾ,
ਅੰਨ ਜਲ ਤਦ ਹੀ ਪੀਣਾ ਮਿਲੇਗਾ।
ਨਹਿੰ ਤਾਂ ਤਲਵਾਰ ਸਭ ਪਰ ਚਲੇਗੀ।
ਲੋਥ ਮਿੱਟੀ ਦੇ ਅੰਦਰ ਰਲੇਗੀ,
ਕਤਲ ਦਾ ਹੁਕਮ ਹੁਣ ਹੀ ਦਿਆਂਗਾ।
ਨਾਸ ਸਭ ਦਾ ਪਲਕ ਵਿਚ ਕਰਾਂਗਾ।

ਅਸੀਂ ਧਰਮ ਤੇ ਮਰ ਚੁੱਕੀਆਂ ਹਾਂ ਅਤੇ ਆਪਣੇ ਪ੍ਰਾਣ ਵੀ ਸੰਕਲਪ ਕਰ ਚੁੱਕੀਆਂ ਹਾਂ

ਬੋਲ ਬੋਲੇ ਜਾਂ ਮੰਨੂ ਮੁਕਾਲੇ,
ਸਿੰਘਣੀਆਂ ਨੇ ਹ੍ਰਿਦੇ ਸਭ ਸੰਭਾਲੇ,
"ਕਹਿਣ ਪਾਪੀ ਕੀ ਹੁਣ ਚਾਹੁੰਦਾ ਹੈਂ ?
ਮੁਰਦਿਆਂ ਨੂੰ ਕੀ ਮਰਵਾਉਂਦਾ ਹੈਂ ?
ਲਾਲ ਸਾਡੇ ਤੂੰ ਮਿਟੀ ਮਿਲਾਏ,
ਜਿਉਂ ਓ ਆਏ ਤਿਵੇਂ ਹੀ ਸਿਧਾਏ।

---

1. ਪਲੰਘ।

ਫੁੱਲ ਖਿੜਕੇ ਨਾ ਗੰਧੀ ਖਿੰਡਾਈ,
ਸ਼ੋਭਾ ਆਪਣੀ ਨਾ ਰੱਤੀ ਦਿਖਾਈ।
ਹੱਛਾ, ਹੋਯਾ ਜੋ ਹੋਣਾ ਸੀ ਭਾਣਾ।
ਮਨ ਤੇਰਾ ਪਰ ਅਜੇ ਨਾ ਮਨਾਣਾ।
ਅਸੀਂ ਧਰਮ ਤੇ ਮਰ ਚੁਕੀਆਂ ਹਾਂ।
ਪ੍ਰਾਣ ਸੰਕਲਪ[1] ਕਰ ਚੁਕੀਆਂ ਹਾਂ।"
ਜਦ ਏ ਦ੍ਰਿੜ ਸੰਕਲਪ ਸਿੰਘਣੀਆਂ ਦਾ,
ਧਰਮ ਹਰ ਦਮ ਸਹਾਈ ਜਿਨ੍ਹਾਂ ਦਾ,
ਦੇਖਿਆ ਨੀਚ ਮੰਨੂ ਨੇ ਪੱਕਾ,
ਪੈ ਗਿਆ ਜੀਉ ਦੇ ਵਿਚ ਹਬੱਕਾ[2]।
ਯਾ ਇਲਾਹੀ[3] ਏ ਕਿਸ ਸ਼ੈ ਦੀਆਂ ਨੇ,
ਰੱਤੀ ਭਰ ਭੀ ਨਹੀਂ ਡਰਦੀਆਂ ਨੇਂ।
ਲੱਠ ਲੋਹੇ ਦੀ ਧੀਰਜ ਇਨ੍ਹਾਂ ਦੀ,
ਪੇਸ਼ ਕੁਝ ਭੀ ਨਹੀਂ ਮੇਰੀ ਜਾਂਦੀ।
ਹੱਛਾ ਕਲ ਫੇਰ ਅਜਮਾ ਲਵਾਂਗਾ,
ਹੋਰ ਡਰ ਖੌਫ ਦਿਖਲਾ ਲਵਾਂਗਾ।
ਪਰ ਏ ਮੂਰਖ ਨਹੀਂ ਜਾਣਦਾ ਹੈ,
ਕੁਦਰਤ ਨੂੰ ਨਾ ਪਹਿਚਾਣਦਾ ਹੈ।
ਰਾਤ ਵਿਚ ਕੀ ਪ੍ਰਭੂ ਕਰ ਦਏਗਾ,
ਬੇਗੁਨਾਹਾਂ ਨੂੰ ਛੁਡਵਾ ਲਏਗਾ।

ਅਕਾਲ ਪੁਰਖ ਨੇ ਮੀਰ ਮੰਨੂ ਦੀ ਏਹ ਘੋਰ ਅਨੀਤਿ ਪੂਰੀ ਨਾ ਹੋਣ ਦਿਤੀ, ਖਾਲਸਾ ਦਲ ਨੇ ਸਿੰਘਣੀਆਂ ਨੂੰ ਉਸੇ ਰਾਤ ਹੀ ਛੁੜਾ ਲਿਆਂਦਾ

ਏਧਰ ਸਿੰਘਾਂ ਨੂੰ ਲਗਾ ਪਤਾ ਏ,
ਮੀਰ ਮੰਨੂ ਨੇ ਕੀਤਾ ਬੁਰਾ ਏ।
ਲੈ ਗਿਆ ਸਿੰਘਣੀਆਂ ਨੂੰ ਬਨ੍ਹਾ ਕੇ,
ਮਾਰਿਆ ਬੱਚਿਆਂ ਨੂੰ ਕੁਹਾ ਕੇ।
ਰੋਹ ਚੜ੍ਹਿਆ ਤੇ ਕਰੁਣਾ[4] ਰੁਆਯਾ,
ਜੋੜ ਫੌਜਾਂ ਖਬਰ ਲੈਣ ਆਯਾ।
ਮੀਰ ਮੰਨੂ ਸੁਣੀ ਅਰ ਨਾ ਤੱਕੀ,
ਬਿੱਜ ਸਿਰ ਤੇ ਪਈ ਚਾਨ ਚੱਕੀ,

---

1. ਦੇ ਦੇਣ ਦਾ ਫੈਸਲਾ, ਭੇਟਾ। 2. ਡਰ, ਹੈਰਾਨੀ। 3. ਹੇ ਰੱਬਾ। 4. ਤਰਸ।

ਆ ਕੇ ਸਿੰਘਾਂ ਸਲੋਤਰ[1] ਦਿਖਾਏ,
ਕੋਈ ਮਾਰੇ ਤੇ ਕੋਈ ਨਸਾਏ।
ਘੱਟਾ ਏਨਾਂ ਦੀ ਅੱਖਾਂ 'ਚ ਪਾ ਕੇ,
ਲੈ ਗਏ ਸਿੰਘਣੀਆਂ ਨੂੰ ਛੁਡਾ ਕੇ।
ਮੀਰ ਮੰਨੂ ਰਿਹਾਂ ਤਕਦਾ ਹੀ,
ਪੇਸ਼ ਚਲੀ ਨਾ ਇਸ ਵਕਤ ਕਾਈ।
ਮਨ. ਦੀ ਮਨ ਵਿਚ ਰਹੀ ਪਾਪ ਨੀਤੀ,
ਖਾਲਸਾ ਦਲ ਨੇ ਸਭ ਚੌੜ ਕੀਤੀ।

ਦੋਹਰਾ

ਧਰਮ ਭਾਵ ਨਹਿੰ ਲੁਕ ਸਕੇ, ਯਾਦਿ[2] ਹੋ ਕੋਮਲ ਗਾਤ[3],
ਹੋਣਹਾਰ ਬਰਵਾਨ[4] ਕੇ, ਹੋਵਤ ਚਿਕਨੇ ਪਾਤ[5]।

---

1. ਡੰਡਾ। 2. ਭਾਵੇਂ। 3. ਹਾਲਤ, ਅਵੱਸਥਾ। 4. ਬੂਟੇ।
5. ਪੱਤਰ (ਭਾਵ ਇਹ ਹੈ ਕਿ ਜੰਮਦੀਆਂ ਸੂਲਾਂ ਦੇ ਹੀ ਮੂੰਹ ਤਿਖੇ ਹੁੰਦੇ ਹਨ)।

ਇਕ ਸਿੱਖ ਬੱਚੇ ਦੀ ਲਾਹੌਰ ਵਿਚ ਕੈਹਰ ਭਰੀ ਦਰਦਨਾਕ ਸ਼ਹਾਦਤ ਸੱਚ ਬਦਲੇ ਜਾਨ ਦੇ ਦਿੱਤੀ

Behold, we know not anything,
I cannot trust that good shall fall
At last, far off, at last, to all,
And every winter change to spring.
So runs my dream, but what am I ?
An infant crying in the night;
And with no language but a cry,

—TENNYSON (IN Memoriam)*

ਫੱਰੁਖਸੀਅਰ[1] ਪਾਤਸ਼ਾਹ ਸੀ ਦਿਲੀ ਸੰਦਾ,
ਜਿਸ ਨੇ ਫੜ ਮਰਵਾਇਆ ਸੀ ਬਾਬਾ ਬੰਦਾ।
ਜੁਲਮ ਕਰਨ ਵਿਚ ਓਸ ਦਾ ਸੀ ਉੱਘਾ ਨਾਵਾਂ,
ਕਰ ਕਰ ਕਹਿਰ ਉਰੰਗਜ਼ੇਬ ਦਾ ਬਣਿਆ ਸਾਂਵਾਂ।
ਇਕ ਸਮੇਂ ਦੀ ਵਾਰਤਾ ਇਤਿਹਾਸਾਂ ਲਿਖੀ,
ਜਦ ਇਸ ਦੀ ਤਲਵਾਰ ਦੀ ਸੀ ਧਾਰ ਤਰਿਖੀ।
ਸਿੱਖਾਂ ਦੇ ਹੱਥ ਧੋਇ ਕੇ ਸੀ ਪਾਇਆ ਖੱਤੇ[2]।
ਜਿੱਥੇ ਲੱਭੇ ਖਾਲਸਾ ਮਰਵਾ ਹੀ ਘੱਤੇ।
ਫੜ ਲੈ ਆਂਦਾ ਅਹਿਦੀਆਂ[3] ਇਕ ਸਿਖੀ ਟੋਲਾ,
ਸਿਰੀਂ ਦੁਮਾਲੇ ਉਚੜੇ ਗੱਲ ਨੀਲਾ ਚੋਲਾ।
ਵੇਖ ਭਿਆਨਕ ਕੌਮ ਨੂੰ ਡਰ ਫੱਰੁਖ ਖਾਏ,
ਇਕ ਇਕ ਨੂੰ ਮਰਵਾਣ ਦਾ ਹੁਕਮ ਚੜ੍ਹਾਏ।

---

*ਦੇਖੋ, ਸਾਨੂੰ ਕੁਝ ਭੀ ਪਤਾ ਨਹੀਂ, ਮੈਂ ਨਹੀਂ ਮੰਨ ਸਕਦਾ ਕਿ ਨੇਕੀ ਹਾਰ ਜਾਏਗੀ। ਅੰਤ ਨੂੰ, ਦੂਰ ਦੁਰਾਡੇ, ਅੰਤ ਨੂੰ ਸਭ ਲਈ, ਹਰ ਸਿਆਲ ਬਸੰਤ ਵਿਚ ਬਦਲੇਗਾ। ਇਉਂ ਚਲਦਾ ਹੈ ਮੇਰਾ ਸੁਪਨਾ। ਪਰ ਮੈਂ ਕੀ ਹਾਂ ? ਇਕ ਬੱਚਾ, ਰਾਤ ਵਿਚ ਰੋਂਦਾ। ਰੋਣ ਬਿਨ੍ਹਾਂ ਜਿਸ ਕੋਲ ਹੋਰ ਕੋਈ ਭਾਸ਼ਾ ਨਹੀਂ।

(ਕਵੀ ਟੈਨੀਸਨ ਦੀ ਪੁਸਤਕ, 'ਇਨ ਮੈਮੋਰੀਅਮ')

1. ਔਰੰਗਜ਼ੇਬ ਦਾ ਪੋਤਰਾ ਤੇ ਬੰਗਾਲ ਦਾ ਸੂਬੇਦਾਰ ਸੀ, ਸੰਨ 1713 ਵਿਚ ਜਹਾਂਦਾਰ ਸ਼ਾਹ ਨੂੰ ਕਤਲ ਕਰਕੇ ਦਿੱਲੀ ਦਾ ਬਾਦਸ਼ਾਹ ਬਣਿਆ। 1716 ਵਿਚ ਇਸੇ ਦੇ ਰਾਜ ਵਿਚ ਬਾਬਾ ਬੰਦਾ ਬਹਾਦਰ ਦੀ ਸ਼ਹੀਦੀ ਹੋਈ। ਸਿੰਘਾਂ ਨੂੰ ਮੁਕਾਉਣ ਲਈ ਇਸ ਨੇ ਬੜਾ ਜ਼ੋਰ ਲਇਆ, 1719 ਵਿਚ ਇਸ ਦੀ ਮ੍ਰਿਤੂ ਹੋਈ। 2. ਵੈਰ। 3. ਘੋੜ ਸਵਾਰ ਫੌਜੀਆਂ।

"ਦੀਨ ਕਬੂਲੇ ਜੇਹੜਾ, ਸੋ ਮਾਯਾ ਪਾਵੇ,
ਅੜੇ ਜੋ ਆਖੇ ਲਗਣੋਂ ਸੋ ਜਾਨੋਂ ਜਾਵੇ।"
ਹੀਰੇ ਸ੍ਰੀ ਦਸਮੇਸ਼ ਦੇ ਹੁਣ ਪ੍ਰਾਣ ਘੁਮਾਂਦੇ,
ਧਰਮ ਤਿਆਗਣ ਵਾਲੜੇ ਪਰ ਰਾਹ ਨ ਜਾਂਦੇ।
ਨਵੇਂ ਸੂਰ[1] ਇਕ ਸਿਖ ਨੂੰ ਲੈ ਆਣ ਕਸਾਈ,
ਸਿਰ ਧੌਣੋਂ ਕਰ ਵਖਰਾ, ਵੰਡਣ ਮਠਿਆਈ।
"ਕਾਫਰ[2] ਮੂਜ਼ੀ[3] ਮਰਦਿਆਂ, ਏਹ ਮੰਨਣ ਮੇਲਾ,
ਜੁਲਮਾਂ ਦਾ ਹਥ ਆ ਗਿਆ ਇਹ ਸਮਾਂ ਸੁਹੇਲਾ।

ਇਕ ਸਿਦਕ ਭਰੇ ਬਾਲਕ ਦੀ ਵਾਰੀ

ਬਾਲਕ ਇਕ ਨਦਾਨ[4] ਸੀ ਗੁਰੂ ਲਾਲ ਪਿਆਰਾ,
ਕਲਗੀਧਰ ਦਾ ਮੱਲਿਆ ਸੀ ਜਿਨੇ ਦੁਵਾਰਾ।
ਸਿਖੀ ਸਿਦਕ ਅਡੋਲਵਾਂ ਸੀ ਗੁਰ ਤੋਂ ਪਾਯਾ,
ਤਨ ਛੋਟਾ ਪਰ ਮਨ ਬੜਾ ਗੰਭੀਰ ਬਣਾਯਾ।
ਏਸੇ ਟੋਲੇ ਵਿਚ ਸੀ ਜੋ ਆਯਾ ਬੱਧਾ,
ਵਾਰੀ ਸਿਰ ਹੁਣ ਕਾਲ ਦਾ ਸਿਰ ਆਯਾ ਸੱਦਾ।
ਮਾਈ ਇਸ ਦੀ ਸੁਣ ਲਿਆ ਇਕਲੌਤਾ ਜਾਯਾ,
ਮੌਤ ਕਸਾਇਣ ਜਾਲਮਾਂ ਦੇ ਹਥ ਫੜਾਯਾ।
ਭਲਕੇ ਜਾਊ ਵੱਢਿਆ ਹੁਣ ਵਾਰੀ ਆਈ,
ਉਸ ਨੇ ਆ ਕੇ ਬਾਹੁੜੀ ਦਰਬਾਰ ਮਚਾਈ।

ਸਿੱਖ ਨਹੀਂ ਏਹ ਗੁਰੂ ਦਾ ਕਿਉਂ ਮਾਰ ਮੁਕਾਓ ?

"ਹਾੜਾ ਲੋਕੋ ਸਾਰਿਓ, ਮੈਂ ਲੁੱਟੀ ਜਾਂਦੀ,
ਤਰਸ ਕਰੋ ਮਸੂਮ ਤੇ ਮੈਂ ਹਾੜੇ ਪਾਂਦੀ।
ਧੋਹੀ ਫਰੁਖ ਸ਼ਾਹ ਦੀ, ਬੇਅਦਲੀ[5] ਭਾਰੀ,
ਭੁੱਲ ਭੁਲੇਖੇ ਹੋ ਗਈ ਤਾਂ ਜਾਸਾਂ ਮਾਰੀ।
ਬੱਚਾ ਧੋਖੇ ਮਾਰੀਏ, ਮੈਂ ਦਿਆਂ ਦੁਹਾਈ,
ਇਸ ਇਕਲੌਤੇ ਲਾਲ ਦੀ ਮੈਂ ਸੱਕੀ ਮਾਈ।
ਧੋਖੇ ਆਇਆ ਬੱਚੜਾ, ਸਿਖਾਂ ਵਿਚ ਵੜਿਆ,
ਫਿਰਦਾ ਫਿਰਦਾ ਲਾਗੜੇ, ਬੇਦੋਸ਼ਾ ਫੜਿਆ।

---

1. ਨਵੇਂ, ਸੂਰਜ, ਆਏ ਦਿਨ, ਰੋਜ਼। 2. ਪਾਪੀ, ਨਾਸਤਕ। 3. ਦੁੱਖ ਦੇਣ ਵਾਲਾ, ਕੰਜੂਸ। 4. ਇਞਾਣਾ। 5. ਅਨਿਆਂ।

ਸਿੱਖ ਨਹੀਂ ਇਹ ਗੁਰੂ ਦਾ, ਕਿਉਂ ਮਾਰ ਮੁਕਾਓ ?
ਮੈਂ ਤੱਤੀ ਦੇ ਢਿੱਡ ਨੂੰ ਕਿਉਂ ਲੰਬੂ ਲਾਓ ?
ਰੰਡੀ ਬੁੱਢੀ ਮਰਾਂਗੀ ਪੁੱਤਰ ਦੇ ਹਾਵੇ,
ਆਜ਼ਜ਼ ਦੇ ਹਮਰਾਹ ਨੂੰ ਕੌਣ ਖਟ ਖੁਆਵੇ ?
ਸ਼ਾਹ ਸੁਲਤਾਨਾਂ ਸੱਚਿਆਂ, ਕੁਝ ਤਰਸ ਕਮਾਵੀਂ,
ਰੰਡੀ ਨਾਰ ਗਰੀਬਣੀ ਦੇ ਲਹੂ ਨਾ ਨ੍ਹਾਵੀਂ,
ਏਹ ਬਿਦੋਸ਼ੀ ਜਿੰਦ ਹੈ, ਅਣਆਈ ਮਰਦੀ,
ਦੁੱਧੋਂ ਨੀਰਾ[1] ਨਿਤਾਰ ਲੈ, ਮੈਂ ਹਾੜਾ ਕਢਦੀ।"

ਬੱਚਾ ਇਸ ਨੂੰ ਦੇ ਦਿਓ ਏਹ ਮੋੜ ਲਿਜਾਏ।

ਸੁਣ ਬੁੱਢੀ ਦੀ ਬਾਹੁੜੀ, ਸ਼ਾਹ ਹੁਕਮ ਚੜ੍ਹਾਏ,
"ਬੱਚਾ ਇਸ ਨੂੰ ਦੇ ਦਿਓ ਏਹ ਮੋੜ ਲਿਜਾਏ।"
ਪਕੜ ਕਸਾਈ ਖਾਨਿਓਂ ਬਾਲਕ ਮੰਗਾਵਾਯਾ,
ਹਾਉਕੇ ਭਰਦੀ ਬੁੱਢੜੀ ਦੇ ਹੱਥ ਫੜਾਯਾ।
ਹੱਕਾ ਬੱਕਾ ਹੋਇ ਕੇ, ਓਹ ਬਾਲ ਪੁਛਾਂਦਾ,
"ਮੈਨੂੰ ਕਾਹਦੇ ਵਾਸਤੇ ਹੈ ਮੋੜ ਲਿਆਂਦਾ ?
ਸਾਰੇ ਸਿੱਖ ਸ਼ਹੀਦ ਹੋ ਗੁਰਪੁਰੀ ਸਿਧਾਏ,
ਮੇਰੇ ਸਦਕੇ ਹੋਣ ਵਿਚ, ਕਿਉਂ ਡੱਕੇ ਪਾਏ ?"

ਹੇ ਲੜਕੇ ਤੇਰੀ ਮਾਂ ਕਹਿੰਦੀ ਹੈ ਤੂੰ ਸਿੱਖ ਨਹੀਂ

ਸ਼ਾਹ ਕਹੇ, "ਸੁਣ ਬੱਚਿਆ ਏਹ ਤੇਰੀ ਮਾਈ,
ਪਾਈ ਆ ਦਰਬਾਰ ਵਿਚ ਇਨ ਹਾਲ ਦੁਹਾਈ।
ਪੁੱਤਰ ਮੇਰਾ ਸਿੱਖ ਨਹੀਂ ਬੇਦੋਸ਼ਾ ਮਰਦਾ,
ਇਸ ਖਾਤਰ ਮੈਂ ਤੁਧ ਨੂੰ ਹਾਂ ਮਾਫੀ ਕਰਦਾ।"

ਕੌਣ ਕਹਿੰਦਾ ਹੈ ਮੈਂ ਸਿੱਖ ਨਹੀਂ ? ਨਵਾਬ, ਕੀ ਤੂੰ ਨਹੀਂ ਜਾਣਦਾ ਜੋ ਸਿੱਖ ਝੂਠ ਨਹੀਂ ਬੋਲਦੇ, ਮੈਂ ਜਾਨ ਬਚਾਉਣ ਲਈ ਝੂਠ ਕਿਉਂ ਆਖਾਂ ?

ਕੰਨਾਂ ਤੇ ਧਰ ਹੱਥ ਨੂੰ ਗੁਰ ਲਾਲ ਸੁਣਾਂਵਦਾ,
"ਕੀ ਮੈਂ ਸਿੱਖ ਨਾ ਗੁਰੂ ਦਾ ? ਇਹ ਕੇਹੜਾ ਆਂਹਦਾ ?
"ਮਮਤਾ ਮੋਹ ਵਿਚ ਅੰਧ ਹੈ, ਇਹ ਮੇਰੀ ਮਾਈ,
"ਪੁਤ੍ਰ ਬਚਾਵਣ ਵਾਸਤੇ, ਇਨ ਝੂਠ ਸੁਣਾਈ।

1. ਪਾਣੀ।

"ਮੈਂ ਸਤਿਗੁਰੂ ਦਾ ਸਿੱਖ ਹਾਂ, ਇਹ ਸੱਚੀ ਬਾਣੀ।
"ਕਹਿ ਕੇ ਝੂਠ ਨਾ ਮੂਲ ਮੈਂ, ਹੈ ਜਾਨ ਬਚਾਣੀ,
"ਸਿੱਖਾਂ ਦੇ ਵਿਚ ਝੂਠ ਨੂੰ, ਨਹੀਂ ਬੋਲੇ ਕੋਈ,
"ਨਹੀਂ ਮਾਈ ਵਿਚ ਮੋਹ ਦੇ, ਸੌਦਾਇਣ ਹੋਈ।
"ਘੱਲੇ ਮੈਨੂੰ ਮੋੜ ਕੇ, ਹੁਣ ਓਸੇ ਠਿਕਾਣੇ।
"ਕੂੜੀ ਦੁਨੀਆਂ ਹੇਤ ਮੈਂ ਨਹੀਂ ਪ੍ਰਾਣ ਬਚਾਣੇ।
"ਸਿੱਖ ਸ਼ਹੀਦੀ ਪਾਇ ਕੇ ਜਿਉਂ ਹੋਰ ਸਿਧਾਰੇ,
"ਮੈਂ ਭੀ ਤਿਉਂ ਹੈ ਜਾਵਣਾ ਉਸ ਗੁਰੂ ਦੁਆਰੇ।
ਸ਼ਾਹ ਅਚੰਭਾ ਹੋਇਆ, ਸੁਣ ਬੋਲੇ ਸੱਚੇ,
ਮਰਨੋਂ ਰਤਾ ਨਾ ਸੰਗਦੇ ਸਿੱਖਾਂ ਦੇ ਬੱਚੇ।
ਧਰਮ ਇਨ੍ਹਾਂ ਦਾ ਪ੍ਰੇਮ ਹੈ ਅਰ ਪ੍ਰਾਣ ਘੁਮਾਣਾ,
ਸੱਚ, ਸਿਦਕ ਅਰ ਧਰਮ ਵਿਚ ਗੁਰਪੁਰ ਨੂੰ ਜਾਣਾ।

ਦੁਨੀਆਂ ਨੂੰ ਦਿਖਲਾ ਗਿਆ ਸੱਚ ਪੀਰ ਮੁਰੀਦੀ

ਪਾਇ ਇਸ਼ਾਰਾ ਸ਼ਾਹ ਦਾ ਜਲਾਦਾਂ ਫੜਿਆ,
ਕਤਲ ਗਾਹ ਵਿਚ ਲਾਲ ਨੂੰ ਦੋਬਾਰਾ ਖੜਿਆ,
ਮੂੰਹੋਂ ਕਹਿ ਗੁਰ ਲਾਲ ਨੇ ਪਾ ਲਈ ਸ਼ਹੀਦੀ,
ਦੁਨੀਆਂ ਨੂੰ ਦਿਖਲਾ ਗਿਆ ਸੱਚ ਪੀਰ ਮੁਰੀਦੀ।
ਚਾਨਣ ਸ੍ਰੀ ਦਸਮੇਸ਼ ਦੇ ਸਿਰ ਆਪ ਕਟਾਯਾ,
ਚਮਕਣ ਨੂੰ ਅਕਾਸ਼ ਵਿਚ ਜਾ ਡੇਰਾ ਪਾਯਾ।
ਉਚਾ ਹੋਯਾ ਜਗਤ ਤੋਂ ਸਤਿ ਧਰਮ ਕਮਾ ਕੇ,
ਰੋਸ਼ਨ ਹੋਯਾ ਜਹਾਨ ਵਿਚ, ਸਿਰ ਤਲੀ ਟਿਕਾ ਕੇ।
ਪਾ ਲੀਤੇ ਸੁਖ ਸਦਾ ਦੇ, ਕਹਿ ਸੱਚੀ ਬਾਣੀ,
ਚਾਹੀ ਨਹੀਂ ਅਸੱਤ ਨਾਲ ਪਰ ਜਿੰਦ ਬਚਾਣੀ।
ਗੋਦੀ ਮਾਤਾ ਸਾਹਿਬ[1] ਦੀ ਜਾ ਸੀਸ ਟਿਕਾਯਾ,
ਪੱਲੇ ਬੱਧਾ ਸੱਚ ਨੂੰ, ਪਰਲੋਕ ਸਿਧਾਯਾ।

---

1. ਮਾਤਾ ਸਾਹਿਬ ਕੌਰ, ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਘਰੋਂ, ਸਿੰਘ ਆਪਣਾ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਤੇ ਮਾਤਾ ਸਾਹਿਬ ਕੌਰ ਨੂੰ ਮੰਨਦੇ ਹਨ ਕਿਉਂਕਿ ਗੁਰੂ ਜੀ ਨੇ ਚਾਰ ਸਾਹਿਬਜ਼ਾਦਿਆਂ ਦੀ ਸ਼ਹੀਦੀ ਪਿੱਛੋਂ ਕਿਹਾ ਸੀ, "ਚਾਰ ਮੂਏ ਤੋ ਕਿਆ ਹੂਆ ਯਹ ਜੀਵਤ ਕਈ ਹਜ਼ਾਰ", ਅਤੇ ਅੰਮ੍ਰਿਤ ਛਕਾਉਣ ਵੇਲੇ ਵੀ ਗੁਰੂ ਦੇ ਘਰ ਨਵਾਂ ਜਨਮ ਹੋਇਆ ਦੱਸਿਆ ਜਾਂਦਾ ਹੈ।

ਸ੍ਰੀ ਬਾਬਾ ਦੀਪ ਸਿੰਘ ਜੀ ਦੀ ਸ਼ਹਾਦਤ ਤੇ ਖਾਲਸੇ ਜੀ ਦਾ ਪ੍ਰਣ ਸ੍ਰੀ ਹਰਿਮੰਦਰ ਜੀ ਨੂੰ ਜਾਨਾਂ ਵਾਰ ਕੇ ਦੁਰਾਨੀਆਂ ਦੇ ਅਤਿਆਚਾਰ ਤੋਂ ਬਚਾਯਾ

Death has no power the immportal soul to slay,
That, when its present body turns to clay
Seeks a fesh home, and with unlessened might
Inspire another frame with life and light,
So I myself (well I the past recall).
When the fierce Greeks begirt Troy's holy wall.
was brave Euphorbus, and in conflict drear
Poured forth my blood beneath Atrides', spear
The shield this arm did bear I lately saw
In Juno's shrine, a trophy of that war,

—DRYDENS, OVID.*

ਦੋਹਰਾ

ਧਰਮ ਧੁਜਾ[1] ਫਹਿਰਾ ਗਏ, ਕਰ ਕੁਰਬਾਨ ਸਰੀਰ।
ਜਗ ਪ੍ਰਸਿਧ ਅਜ ਹੋ ਰਹੇ, ਦੀਪ ਸਿੰਘ ਬਲਬੀਰ।
ਬਾਬਾ ਦੀਪ ਸਿੰਘ ਗੁਰੂ ਪਜਾਰੇ, ਮਿਸਲ[2] ਸ਼ਹੀਦ ਬਨਾਵਣ ਹਾਰੇ।
ਅਰ ਬਾਬਾ ਗੁਰਬਖਸ਼ ਮ੍ਰਿਗਿੰਦ[3], ਉਕਤ ਮਿਸਲ ਦੇ ਚਾਨਣ ਇੰਦ।
ਸ੍ਰੀ ਕਲਗੀਧਰ ਪੰਥ ਸਹਾਈ, ਤਿਨਾਂ ਸੰਗ ਬਹੁਤ ਉਮਰ ਲੰਘਾਈ।
ਸ੍ਰੀ ਗੁਰੂ ਜਿੱਥੇ ਯੁਧ ਮਚਾਂਦੇ, ਤੇਗ ਪਕੜ ਏਹ ਦੋਨੋਂ ਜਾਂਦੇ।
ਕਲਗੀਧਰ ਜਦ ਦੱਖਣ ਗਏ, ਏਹ ਦੋਨੋਂ ਤਦ ਪਿਛੇ ਰਹੇ।
ਜਦ ਫਿਰ ਬਾਬਾ ਬੰਦਾ ਆਯਾ, ਸ਼ੇਰ ਖਾਲਸਾ ਆਣ ਜਗਾਯਾ।

---

* ਮੌਤ ਦੀ ਕੋਈ ਸ਼ਕਤੀ ਨਹੀਂ ਕਿ ਅਮਰ ਆਤਮਾ ਨੂੰ ਮਾਰ ਸਕੇ। ਉਹ, ਜਦ ਇਸ ਦੀ ਦਿਸਦੀ ਦੇਹੀ ਮਿੱਟੀ ਹੋ ਜਾਂਦੀ ਹੈ ਇਕ ਨਵਾਂ ਘਰ ਲੱਭਦੀ ਹੈ ਤੇ ਅਣਘਟਦੀ ਸ਼ਕਤੀ ਨਾਲ ਇਕ ਨਵੇਂ ਢਾਂਚੇ ਨੂੰ ਜੀਵਨ ਤੇ ਜੋਤੀ ਨਾਲ ਪ੍ਰੇਰਦੀ ਹੈ; ਸੋ ਮੈਂ ਆਪ। ਹਾਂ (ਮੈਂ ਅਤੀਤ ਨੂੰ ਯਾਦ ਕਰਦਾ ਹਾਂ) ਜਦ ਭਿਆਨਕ ਯੂਨਾਨੀ ਟਰਾਏ ਸ਼ਹਿਰ ਦੀ ਕੰਧ ਨੂੰ ਘੇਰਦੇ ਹਨ, ਬਹਾਦਰ ਯੂਫੋਰਬੱਸ ਨੇ ਇਸ ਸੰਕਟ ਵਿਚ ਮੇਰਾ ਖੂਨ ਅਤਰਾਈਡਜ਼ ਦੇ ਨੇਜ਼ੇ ਥੱਲੇ ਨਹੀਂ ਡੋਹਲਿਆ ਸੀ। ਸੰਜੋਅ ਜੋ ਇਸ ਬਾਂਹ ਨੇ ਪਾਈ ਸੀ ਮੈਂ ਕੁਝ ਸਮਾਂ ਹੋਇਆ ਤੱਕੀ, ਜੂਨੋ ਦੇ ਮੰਦਰ ਵਿਚ, ਉਸ ਜੰਗ ਦੀ ਜਿੱਤ ਦਾ ਚਿੰਨ੍ਹ।

(ਡਰਾਈਵਨ ਰਚਿਤ ਓਵਿਡ)

1. ਝੰਡਾ। 2. ਜੱਥਾ, ਸਿੰਘਾਂ ਦੇ 12 ਜੱਥਿਆਂ ਵਿਚੋਂ ਇਕ, ਸ਼ਹੀਦਾਂ ਦੀ ਮਿਸਲ। 3. ਸਿੰਘ।

ਤਦ ਏਹ ਦੋਨੋਂ ਰਲ ਕੇ ਨਾਲ, ਕਰਦੇ ਰਹੇ ਯੁਧ ਬਹੁ ਕਾਲ।
ਬਾਬਾ ਦੀਪ ਸਿੰਘ ਫਿਰ ਆ ਕੇ, ਵਿਚ ਦਮਦਮੇ[1] ਆਸਣ ਲਾ ਕੇ।

ਕਰਨੀ ਦੇ ਪੂਰੇ, ਕਥਨੀ ਦੇ ਸੂਰੇ, ਧਰਮ, ਕਰਮ ਤੇ ਰਹਿਤ ਬਹਿਤ ਦੇ ਬੀਰ, ਸਿੰਘ ਸਾਹਿਬ ਸ੍ਰੀ ਬਾਬਾ ਦੀਪ ਸਿੰਘ ਜੀ ਸ਼ਹੀਦ

ਗੁਰੂ ਬਾਣੀ ਕਰਦੇ ਪਰਚਾਰ, ਗੁਰੂ ਗ੍ਰੰਥ ਜੀ ਕਰਨ ਉਤਾਰ।
ਵਡੇ ਵਡੇ ਜੋ ਗੁਰੂ ਦੁਆਰੇ, ਸਭ ਥਾਂਈ ਭੇਜੇ ਅਸਵਾਰੇ[2]।
ਬਾਬਾ ਗੁਰਬਖਸ਼ ਸਿੰਘ ਪਜਾਰੇ, ਰਹਿੰਦੇ ਆਨੰਦ ਪੁਰੇ ਮਝਾਰੇ।
ਗੁਰਬਾਣੀ ਦਾ ਜਾਪ ਜਪਾਂਦੇ, ਉਪਦੇਸ਼ਾਂ ਦਾ ਮੀਂਹ ਵਸਾਂਦੇ।

ਦੋਹਰਾ

ਅਹਿਮਦ ਸ਼ਾਹ ਦੁਰਾਨੀਆ[3] ਆ ਕੇ ਵਿਚ ਪੰਜਾਬ,
ਭੜਥੂ ਪਾਯਾ ਜੁਲਮ ਦਾ ਝੱਲੇ ਕੋਈ ਨਾ ਤਾਬ।
ਸ੍ਰੀ ਅੰਮ੍ਰਿਤਸਰ ਜੀ ਗੁਰਦਵਾਰਾ, ਆ ਇਸ ਨੇ ਬਹੁ ਪਾਪ ਗੁਜ਼ਾਰਾ।
ਮੰਦਰ ਦੀ ਬੇਅਦਬੀ ਕਰੇ, ਖੌਫ ਕਿਸੇ ਦਾ ਮੂਲ ਨਾ ਧਰੇ।
ਬਾਬਾ ਦੀਪ ਸਿੰਘ ਜੀ ਪਜਾਰੇ, ਬੈਠੇ ਸੇ ਦਮਦਮੇ ਮਝਾਰੇ।
ਜਦ ਸੁਣਿਆਂ ਜੁਲਮਾਂ ਦਾ ਹਾਲ, ਜੀ ਵਿਚ ਆਯਾ ਬੜਾ ਉਬਾਲ।
ਉਸੇ ਸਮੇਂ ਕਰ ਲਏ ਤਿਆਰੇ, ਕਾਰਜ ਹੋਰ ਵਿਸਾਰੇ ਸਾਰੇ।
ਅੰਮ੍ਰਿਤਸਰ ਵਲ ਕੀਤੀ ਧਾਈ, ਰਸਤੇ ਵਿਚ ਇਹ ਸਦ ਸੁਣਾਈ।
"ਜਿਨ ਜਿਨ ਹੋਣਾ ਹੋਇ ਸ਼ਹੀਦ, ਕਲਗੀਧਰ ਦੇ ਪ੍ਰੇਮ ਮੁਰੀਦ।
"ਨਾਲ ਅਸਾਡੇ ਚਲਿਆ ਆਵੇ, ਧਰਮ ਹੇਤ ਸਿਰ ਭੇਟ ਕਰਾਵੇ।"

ਦੋਹਰਾ

ਦੋਹੀ ਸੁਣ ਕੇ ਧਰਮ ਦੀ ਜਾਗਜਾ ਪੰਥ ਪਿਆਰ,
ਸੂਰਾ ਸਿਰ ਬਲੀ ਦੇਣ ਨੂੰ ਜੁੜਿਆ ਪੰਜ ਹਜ਼ਾਰ।
ਏਧਰ ਸੈਨਾ ਜੁੜੀ ਦੁਰਾਨੀ, ਸਿੰਘਾਂ ਦੀ ਜੋ ਦੁਸ਼ਮਣ ਜਾਨੀ।
ਦਲ ਕਾਲੇ ਬਦਲ ਵਤ ਛਾਏ, ਖਾਲੀ ਕੋਇ ਨਾ ਥਾਉਂ ਦਿਸਾਏ।
ਅੰਮ੍ਰਿਤਸਰੋਂ ਗੋਲ੍ਹਵੜ[4] ਤੋੜੀ, ਛੇ ਕੋਹਾਂ ਵਿਚ ਸੈਨਾ ਜੋੜੀ।

---

1. ਤਲਵੰਡੀ ਸਾਬੋ ਕੀ ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਗੁਰਦਵਾਰਾ ਹੈ। ਇਹ ਥਾਂ ਬਠਿੰਡੇ ਤੋਂ ਨੇੜੇ ਹੀ ਹੈ।
2. ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਤੋਂ ਭਾਵ ਹੈ।
3. ਅਬਦਾਲੀ ਭੀ ਆਖਦੇ ਹਨ, ਜ਼ਮਾਨ ਖਾਨ ਸਦੋਜਈ ਦਾ ਪੁੱਤਰ ਜੋ ਨਾਦਰਸ਼ਾਹ ਦਾ ਸੈਨਾਪਤੀ ਬਣਿਆ ਇਸ ਨੇ ਸੰਨ 1747 ਵਿਚ ਨਾਦਰਸ਼ਾਹ ਦੇ ਮਰਨ ਪਿਛੋਂ ਕੰਧਾਰ, ਬਲਖ, ਸਿੰਧ, ਪੰਜਾਬ ਤੇ ਕਸ਼ਮੀਰ ਤੇ ਕਬਜ਼ਾ ਕੀਤਾ ਅਤੇ 20 ਸਾਲਾਂ ਵਿਚ ਪੰਜਾਬ ਉੱਤੇ ਅੱਠ ਹਮਲੇ ਕੀਤੇ, ਹਰਿਮੰਦਰ ਸਾਹਿਬ ਵੀ ਢਾਹਿਆ।
4. ਅੰਮ੍ਰਿਤਸਰ ਤੋਂ ਤਰਨ ਤਾਰਨ ਦੇ ਰਾਹ ਤੇ ਲਗ ਪਗ ਅੱਧ ਵਿਚ ਇਕ ਪਿੰਡ।

ਸਿੰਘ ਸੂਰਮੇਂ ਪੰਜ ਹਜ਼ਾਰ, ਤੁਰਕਾਂ ਦਾ ਕੁਝ ਪਾਰ ਨਾ ਵਾਰ।
ਪਰ ਸ੍ਰੀ ਗੁਰ ਫੌਜ਼ਾਂ ਦਾ ਵਾਲੀ, "ਧਰਮ ਕਲਾ ਜਿਨ ਬੰਨ੍ਹ ਬਹਾਲੀ[1]।"
ਬੀਰਾਂ ਦੇ ਹਿਰਦੇ ਵਿਚ ਵੱਸੇ, ਫਿਰ ਰਣ ਵਿਚੋਂ ਕੇਹੜਾ ਨੱਸੇ।
ਲੈ ਹਿਰਦੇ ਵਿਚ ਧਰਮ ਪਿਆਰ, ਮਰਨੇ ਨੂੰ ਤਹਿਕੀਕ[2] ਵਿਚਾਰ।
ਚਲ ਪਈ ਓੜਕ ਤਲਵਾਰ, ਗੋਲ੍ਹਵੜ ਦੇ ਲਾਗੇ ਵਾਰ।
ਬਾਬਾ ਜੀ ਹੋ ਗਏ ਦਲੇਰ, ਕਹਿੰਦੇ ਸਿੰਘੋ, ਬਣਨਾ ਸ਼ੇਰ।
ਸਫਾਂ[3] ਚੀਰਦੇ ਤੁਰਦੇ ਆਣਾ, ਅੰਮ੍ਰਿਤਸਰ ਚਲ ਦਰਸ਼ਨ ਪਾਣਾ।
ਏਥੋਂ ਛੀ ਕੋਹਾਂ ਦੀ ਵਾਟ, ਲੰਘ ਦਿਖਾਣਾ ਔਘਟ ਘਾਟ।
ਸਿੰਘਾਂ ਸੂਤ ਲਈ ਤਲਵਾਰ, ਲਗੇ ਕਰਨ ਦੁਸ਼ਟ ਸੰਘਾਰ।
ਬਿਜਲੀ ਵਾਂਗ ਪਰੋਂਦੀ ਧਾਈ, ਤੁਰਕ ਰਕਤ[4] ਦੀ ਨਦੀ ਵਗਾਈ।
ਦੋ ਕੋਹਾਂ ਦੇ ਵਿਚ ਦਰਜਾਇ, ਲੋਹੂ ਦਾ ਇਕ ਦੇਣ ਵਹਾਇ।
ਸਿਰ ਤੁਰਕਾਂ ਦੇ ਰੁੜ੍ਹਦੇ ਫਿਰਦੇ, ਧੜ ਹੀ ਧੜ ਰਹਿ ਗਏ ਚੁਗਿਰਦੇ।
ਦੋ ਕੋਹਾਂ ਵਿਚ ਧਰਤੀ ਸਾਰੀ, ਮੁਰਦੇ ਕਰ ਕੇ ਫੌਜ ਖਿਲਾਰੀ।
ਗੱਜਦੇ ਆਵਨ ਦੂਲੇ ਸ਼ੇਰ, ਲਾਈ ਜਾਵਨ ਤੁਰਕਾਂ ਢੇਰ।

ਅਸਾਂ ਆਪਣਾ ਪ੍ਰਣ ਮਨੋਂ ਨਹੀਂ ਭੁਲਾਯਾ

ਦੋਹਰਾ— ਲੜਦੇ ਮਰਦੇ ਮਾਰਦੇ ਲਹੂ ਨਦੀ ਵਹਾਇ,
ਸ੍ਰੀ ਗੁਰਦਵਾਰੇ ਰਾਮਸਰ[5] ਲਾਗੇ ਪਹੁੰਚੇ ਆਇ।
ਏਥੇ ਫੌਜ ਜੁੜੀ ਸੀ ਭਾਰੀ, ਸਿੰਘ ਦੀ ਜਿਨ ਵਾਗ ਖੁਲ੍ਹਾਰੀ।
ਤੁਰਕਾਂ, ਸਿੰਘਾਂ ਦਾ ਘਮਸਾਣ, ਬਹੁਤੇ ਲੱਥੇ ਲਹੂ ਘਾਣ।
ਪੰਜ ਹਜ਼ਾਰੀ[6] ਸ਼ਾਹ ਜਮਾਲ, ਆ ਜੁੱਟਾ ਬਾਬਾ ਜੀ ਨਾਲ।
ਕੱਲੇ ਕੱਲੇ ਕਰਨ ਲੜਾਈ, ਲਾਂਭੇ ਸਾਰੀ ਫੌਜ ਹਟਾਈ।
ਇਕ ਦੂਏ ਪਰ ਵਾਰ ਚਲਾਵਨ, ਆਪਣਾ ਆਪਣਾ ਦਾਉ ਬਚਾਵਨ।
ਓੜਕ ਪੈ ਦੋਹਾਂ ਦੇ ਵਾਰ, ਦੋਹਾਂ ਦੇ ਸਿਰ ਗਏ ਉਤਾਰ।
ਸ਼ਾਹ ਜਮਾਲ ਨੇ ਦਿਤੀ ਜ਼ਾਨ, ਡਿਗ ਪਿਆ ਹੋ ਲਹੂ ਲੂਹਾਨ।
ਬਾਬਾ ਜੀ ਭੀ ਹੋਏ ਸ਼ਹੀਦ, ਕਲਗੀਧਰ ਦੇ ਸਚ ਮੁਰੀਦ[7]।
ਵਾਜ ਇਕ ਦੂਰੋਂ ਉੱਚੀ ਆਈ, "ਬਾਬਾ ਜੀ ਕਰ ਗਏ ਚੜ੍ਹਾਈ।
"ਹਾਂ, ਹਾਂ, ਇਹ ਕੀ ਕਾਰਾ ਭਿਆ, ਬਚਨ ਇਨ੍ਹਾਂ ਦਾ ਐਵੇਂ ਗਿਆ।

---

1. ਗੁਰਬਾਣੀ ਦੀ ਤੁਕ ਹੈ। ਇਥੇ ਭਾਵ ਹੈ ਕਿ ਗੁਰੂ ਨੇ ਧਰਮ ਦੀ ਸ਼ਕਤੀ ਸਿੱਖਾਂ ਵਿਚ ਭਰ ਦਿੱਤੀ ਸੀ।
2. ਸੱਚਮੁੱਚ, ਪੱਕਾ। 3. ਭੀੜਾਂ, ਫੌਜਾਂ। 4. ਲਹੂ।
5. ਅੰਮ੍ਰਿਤਸਰ ਵਿਚ ਚਾਟੀਵਿੰਡ ਦਰਵਾਜੇ ਕੋਲ ਇਕ ਗੁਰਦਵਾਰਾ ਜਿਥੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਬੀੜ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤਿਆਰ ਕਰਾਈ ਸੀ।
6. ਓਦੋਂ ਫ਼ੌਜੀਆਂ ਅਫਸਰਾਂ ਦੀਆਂ ਪਦਵੀਆਂ ਹੁੰਦੀਆਂ ਸਨ ਪੰਜ ਹਜ਼ਾਰੀ, ਦਸ ਹਜ਼ਾਰੀ ਆਦਿ, ਭਾਵ ਇੰਨੇ ਸਵਾਰਾਂ ਦਾ ਸਰਦਾਰ। 7. ਸਿੱਖ, ਚੇਲੇ।

"ਮਰਨਾ ਸੀ ਅੰਮ੍ਰਿਤਸਰ ਜਾ ਕੇ, ਹਰਿਮੰਦਰ ਦਾ ਦਰਸ਼ਨ ਪਾ ਕੇ।"
ਬਾਬਾ ਜੀ ਨੇ ਹੱਥ ਹਿਲਾਯਾ, ਪ੍ਰਣ ਆਪਣਾ ਨਹਿੰ ਅਸਾਂ ਭੁਲਾਯਾ।
ਸਿਰ ਫੜਿਆ ਇਕ ਹੱਥ ਮਝਾਰ, ਦੂਜੇ ਹੱਥ ਫੜੀ ਤਲਵਾਰ।
ਪ੍ਰੇਮੀ ਪੈਰ ਗਏ ਫਿਰ ਚੱਲ, ਸ੍ਰੀ ਹਰਮੰਦਰ ਪਜਾਰੇ ਵੱਲ।
ਖੜਗ ਕਰੇ ਤੁਰਕਾਂ ਪਰ ਵਾਰ, ਪੈਰ ਤੁਰਨ ਗੁਰ ਗਲੀ ਮਝਾਰ।
ਏਸੇ ਦਸ਼ਾ ਵਿਚ ਕਈ ਮਾਰੇ, ਆ ਪਹੁੰਚੇ ਆਪਣੇ ਗੁਰਦਵਾਰੇ।
ਦੱਖਣ ਦੀ ਨੁਕਰ ਪਰ ਆ ਕੇ, ਹਰਿਮੰਦਰ ਦਾ ਦਰਸ਼ਨ ਪਾ ਕੇ।
ਪ੍ਰਾਣ ਸਰੀਰੋਂ ਹੋਇ ਨਿਆਰੇ, ਜਾ ਪਹੁੰਚੇ ਗੁਰਪੁਰੀ ਮਝਾਰੇ।

ਦੋਹਰਾ

ਧਰਮ ਪਾਲ ਪ੍ਰਣ ਪਾਲਿਆ, ਕੀਤਾ ਜੁੱਧ ਅਪਾਰ,
ਫਤੇ ਗਜਾ ਕੇ ਅੰਤ ਦੀ ਗੁਰ ਪੁਰ ਗਏ ਸਿਧਾਰ।

ਏਧਰ ਬੀਰ ਖਾਲਸੇ ਸਾਰੇ, ਲੜੇ ਮਰੇ ਬਹੁ ਦੁਸ਼ਮਨ ਮਾਰੇ।
ਓੜਕ ਕਰਕੇ ਹੱਲਾ ਭਾਰਾ, ਗਾਜਰ ਵਾਂਗ ਮੌਤ ਸਭ ਮਾਰਾ।
ਨੱਸ ਤੁਰੇ ਦੁਰਾਨੀ ਸੂਰੇ, ਖਾਲਸਾ ਦਲ ਨੇ ਕੀਤੇ ਪੂਰੇ।
ਫ਼ਤਹ ਖਾਲਸੇ ਦੇ ਹੱਥ ਆਈ, ਤੁਰਕ ਫੌਜ ਸਭ ਮਾਰ ਭਜਾਈ।
ਪੈਰ ਸਿਰਾਂ ਪਰ ਧਰ ਕਰ ਨੱਠੇ, ਤੋਬਾ ਕਰਦੇ ਹੋ ਕੇ ਕੱਠੇ।
ਬਾਬਾ, ਸਿਖ ਬੜੇ ਬਲਬੀਰ, ਮੋਏ ਜਾਣ ਸਫਾਂ ਨੂੰ ਚੀਰ।
ਸਿਰ ਧਰ ਤਲੀ ਗਲੀ ਵਿਚ ਆਵਨ, ਫਿਰ ਕਈਆਂ ਨੂੰ ਮਾਰ ਮੁਕਾਵਨ।
ਸਿੰਘਾਂ ਦਾ ਰਣਜੀਤ ਨਗਾਰਾ, ਵੱਜ ਗਿਆ ਅਕਾਸ਼ ਮਝਾਰਾ।

ਦੋਹਰਾ

ਬਾਬਾ ਜੀ ਸਿਰ ਵਾਰ ਕੇ ਰਖੀ ਧਰਮ ਦੀ ਆਨ,
ਐਸੇ ਬੀਰਾਂ ਨਾਲ ਹੀ ਚਮਕ ਰਿਹਾ ਅਸਮਾਨ।

ਸ੍ਰੀ ਬਾਬਾ ਗੁਰਬਖਸ਼ ਸਿੰਘ ਜੀ ਦੀ ਸ਼ਹਾਦਤ, ਦੁਰਾਨੀ ਗਿਲਜ਼ਈਆਂ[1] ਨੂੰ ਮੂੰਹ ਦੀ ਮਾਰ, ਖਾਲਸਾ ਜੀ ਨੇ ਜਾਨਾਂ ਵਾਰ ਕੇ ਵੀ ਸ੍ਰੀ ਹਰਿਮੰਦਰ ਜੀ ਨਾਲ ਅਖੰਡ ਪਿਆਰ ਰਖਯਾ

I 'am weary of conjecture, this must end 'em
Thus am I doubly armed, my death and life,
My bane and antidote are both before me.
This in a moment brings me to an end,
But this informs me I shall never die.
The Soul, secured in her existence, smiles,
At the drawn dagger and defies its point,
The stars shall fade away, the sun himself,
Grow dim with age, and nature sink in years.
But thou shalt flourish in immortal youth,
Unhurt amidst the war of elements,
The wrecks of matter, and the crush of worlds.

—ADDISON*

ਗਿਲਜ਼ਈਆਂ ਨੇ ਭਾਂਜ ਖਾਇ ਕੇ, ਸਿੰਘਾਂ ਪਾਸੋਂ ਸਿਰ ਸਿਕਾਇ ਕੇ।
ਦੂਰ ਦੁਰੇਡੇ ਡੇਰੇ ਪਾਏ, ਓਹਲੇ ਹੋ ਕੇ ਸ਼ੁਕਰ ਮਨਾਏ।
ਏਸ ਜੰਗ ਦੀ ਉੱਡ ਅਵਾਈ, ਸਾਰੇ ਪੰਥ ਵਿਖੇ ਪ੍ਰਗਟਾਈ।
ਬਾਬਾ ਸ੍ਰੀ ਗੁਰਬਖਸ਼ ਮ੍ਰਿਗਿੰਦ, ਆਨੰਦਪੁਰ ਵਿਚ ਥਿਰੇ[2] ਅਨੰਦ।
ਧਰਮ ਯੁਧ ਦੀ ਪਹੁੰਚੀ ਸੋਇ, ਉਠੇ ਤੁਰਤ ਉਤਾਵਲ ਹੋਇ।
ਪੰਥ ਪਿਆਰੇ ਕਰਨ ਤਿਆਰ, ਚਲੋ ਸਿੰਘੋ ਹੁਣ ਧਰਮ-ਪਿਆਰ।
ਅੰਮ੍ਰਿਤਸਰ ਵਿਚ ਚਲ ਦਿਖਾਈਏ, ਦੁਸ਼ਮਨ ਮਾਰ ਸ਼ਹੀਦੀ ਪਾਈਏ।

---

* ਮੈਂ ਅਨਮਾਨਾਂ ਤੋਂ ਅਕਿਆ ਪਿਆ ਹਾਂ, ਇਸ ਨਾਲ ਉਨ੍ਹਾਂ ਦਾ ਅੰਤ ਹੋਵੇਗਾ, ਇਉਂ ਮੈਂ ਦੂਹਰਾ ਸ਼ਸਤ੍ਰ-ਬਧ ਹਾਂ, ਆਪਣੀ ਮੌਤ ਤੇ ਜੀਵਨ ਨਾਲ। ਮੇਰਾ ਨਾਸ਼ ਤੇ ਸੁਰੱਖਿਆ, ਦੋਵੇਂ ਮੇਰੇ ਸਾਹਮਣੇ ਹਨ। ਇਹ ਇਕ ਪਲ ਵਿਚ ਮੈਨੂੰ ਇਕ ਅਤ ਉੱਤੇ ਲੈ ਆਉਂਦੇ ਹਨ, ਪਰ ਇਹੀ ਮੈਨੂੰ ਗਿਆਤ ਕਰਦੇ ਹਨ ਮੈਂ ਕਦੇ ਨਹੀਂ ਮਰਨਾ, ਆਤਮਾ, ਆਪਣੀ ਹੱਦ ਵਿਚ ਸੁਰੱਖਿਅਤ ਹਸਦਾ ਹੈ, ਵੇਖ ਕੇ ਨੰਗੀ ਕਟਾਰ ਤੇ ਉਸ ਦੀ ਧਾਰ ਨੂੰ ਖੁੰਢਿਆਂ ਕਰਦਾ ਹੈ। ਤਾਰੇ ਲੋਅ ਰਹਿਤ ਹੋ ਜਾਣਗੇ, ਸੂਰਜ ਭੀ ਆਪ ਉਮਰ ਨਾਲ ਮੱਧਮ ਹੋ ਜਾਵੇਗਾ, ਤੇ ਕੁਦਰਤ ਭੀ ਵਰ੍ਹਿਆਂ ਵਿਚ ਡੁੱਬ ਜਾਏਗੀ ਪਰ ਤੂੰ ਵਧੇ ਫੁਲੇਂਗਾ ਅਮਰ ਜਵਾਨੀ ਵਿਚ, ਤੂੰ ਤਤਾਂ ਦੇ ਭੇੜ, ਪਦਾਰਥ ਦੇ ਨਾਸ ਤੇ ਸੰਸਾਰ ਦੀ ਤਬਾਹੀ ਵਿਚ ਭੀ ਸੁਰੱਖਿਅਤ ਹੈਂ। (ਐਡੀਸਨ)

1. ਪਠਾਣਾਂ ਦੀ ਇਕ ਸ਼ਾਖ, ਪਸ਼ਤੋ ਵਿਚ ਇਨ੍ਹਾਂ ਨੂੰ ਹੀ ਗਲੇਜੀ ਆਖਦੇ ਹਨ। 2. ਟਿਕੇ।

ਕੱਠੇ ਹੋਏ ਸੂਰਮੇ ਆਏ, ਅੰਮ੍ਰਿਤਸਰ ਆ ਡੇਰੇ ਪਾਏ।
ਗਿਲਜ਼ਈਆਂ ਨੂੰ ਰਾਤੋ ਰਾਤ, ਆਣ ਦਬਾਯਾ ਵਾਂਗ ਅਫਾਤ[1]।
ਦਿਨੇ ਨਾ ਕੋਈ ਹੋਯਾ ਜੰਗ, ਸ਼ਬਖੂਨਾਂ[2] ਵਿਚ ਕੀਤੇ ਤੰਗ।
ਗਿਲਜ਼ਈਆਂ ਅਹਿਮਦਸ਼ਾਹ ਵੱਲ, ਲਿਖਿਆ, "ਫੌਜ ਵਧੇਰੀ ਘੱਲ।
"ਲੜ ਏਹਨਾਂ ਨੂੰ ਹਥ ਵਿਖਾਈਏ, ਹੋਇ ਸੁਰਖਰੂ ਘਰ ਨੂੰ ਜਾਈਏ।"

ਦੋਹਰਾ

ਅਹਿਮਦ ਸ਼ਾਹ ਨੇ ਭੇਜਿਆ ਕਈ ਹਜ਼ਾਰ ਸਵਾਰ,
ਦਾਰੂ ਅਤੇ ਬਰੂਦ ਦਾ ਕੋਈ ਨਾ ਪਾਰਾਵਾਰ।
ਸਾਂਹਵੇਂ ਹੋ ਕੇ ਛਿੜੀ ਲੜਾਈ, ਗਿਲਜ਼ਈਆਂ ਨੇ ਤੋਪ ਚਲਾਈ।
ਖੜ ਖੜਾਕ ਅਰ ਧੂਆਂ ਧਾਰ, ਚੌਂਪਾਸੀਂ ਹੋਯਾ ਅੰਧਿਆਰ।
ਤੁਰਕ ਫੌਜ ਉਤੇ ਕਈ ਹਜ਼ਾਰ, ਏਧਰ ਗਿਣਤੀ ਦੇ ਸਿਰਦਾਰ।
ਓਧਰ ਤੋਪਾਂ ਅਤੇ ਬੰਦੂਕਾਂ, ਏਧਰ ਕੇਵਲ ਉਂਗਲ ਫੂਕਾਂ[3]।
ਐਪਰ ਏਧਰ, ਧਰਮ ਪਿਆਰ, ਓਧਰ ਕੇਵਲ ਸੀ ਬਲਕਾਰ।
ਕਲਗੀਧਰ ਦੇ ਸੱਚੇ ਮੁਰੀਦ, ਆਏ ਘਰਾਂ ਤੋਂ ਹੋਣ ਸ਼ਹੀਦ।
ਜੈ ਹੋਵੇ, ਯਾ, ਜਾਵੇ ਜਾਨ, ਦੋਵੇਂ ਗੱਲਾਂ ਜੀ ਵਿਚ ਠਾਨ।
ਜੈ ਹੋਈ ਤਾਂ, ਹੋਸੀ ਮੋਦ[4], ਮਰਿਆ ਮਾਤਾ ਜੀ ਦੀ ਗੋਦ।
ਇਹ ਸੰਕਲਪ ਸਰੇਸ਼ਟ ਧਾਰ, ਸੂਤ ਲਈ ਸਿੰਘਾਂ ਤਲਵਾਰ।
ਨੇਜ਼ ਗੋਲੀ ਖਾਈ ਜਾਂਦੇ, ਵੈਰੀ ਮਾਰ ਮੁਕਾਈ ਜਾਂਦੇ।
ਜਿਉਂ ਜਿਉਂ ਸਿੰਘ ਸ਼ਹੀਦੀ ਪਾਵਨ, ਤਿਉਂ ਤਿਉਂ ਬਾਕੀ ਵਧਕੇ ਜਾਵਨ।
ਡਰ ਜਾਨਾਂ ਦਾ ਦਿਲੋਂ ਭੁਲਾਏ, ਤਲੀਆਂ ਉਪਰ ਸੀਸ ਟਿਕਾਏ।

ਵਾਹ ਸਿੰਘਾ ਤੇਰੀ ਮਾਈ ਤੇ ਕਮਾਈ ਧੰਨ ਹਨ

ਦੋਹਰਾ

ਪੰਥ ਰਤਨ ਗੁਰਬਖਸ਼ ਸਿੰਘ[5] ਫੜ ਬਾਂਕੀ ਤਲਵਾਰ।
ਤਖਤ ਅਕਾਲ ਪਿਛਾਵੜੇ ਆਈ ਯੁਧ ਮਝਾਰ।
ਖੜਗ ਦੁਧਾਰੀ ਚਲੇ ਐਸੀ, ਅਕਾਸ਼ਾਂ ਵਿਚ ਬਿਜਲੀ ਜੈਸੀ।
ਜਿਸ ਗਰਦਨ ਦੇ ਪਾਸੋਂ ਜਾਵੇ, ਸਿਰ ਉਸਦਾ ਲਾਹ ਕੇ ਲੈ ਆਵੇ।
ਜਿਉਂ ਵਢਣ ਲਗੇ ਇਕ ਸਾਹੇ, ਕਈ ਹਜ਼ਾਰਾ ਆਹੂ ਲਾਹੇ।

---

1. ਬਿਪਤਾ, ਬਿਜਲੀ। 2. ਰਾਤ ਦੀ ਮਾਰੋ ਮਾਰ। 3. ਉਂਗਲਾਂ ਤੇ ਫੂਕਾਂ ਅਰਥਾਤ ਦਾਰੂ ਸਿਕਾ ਭੀ ਕੋਈ ਨਾ।
4. ਖੁਸ਼ੀ।
5. ਲੀਲ ਪਿੰਡ ਦਾ ਸਰਦਾਰ ਜਿਸ ਨੇ ਭਾਈ ਮਨੀ ਸਿੰਘ ਤੋਂ ਅੰਮ੍ਰਿਤ ਛਕਿਆ ਤੇ 30 ਸਿੰਘ ਨਾਲ ਲੈ ਕੇ ਗਿਲਜ਼ਈਆਂ ਦਾ ਮੁਕਾਬਲਾ ਕੀਤਾ।

ਸਤਿ ਸ੍ਰੀ ਅਕਾਲ ਜੈਕਾਰੇ, ਸਿੰਘ ਗਜਾਵਨ ਵਾਰੇ ਵਾਰੇ।
ਬਾਬੇ ਜੀ ਦੇ ਦੇਖਣ ਵਾਰ, ਦੁਸ਼ਮਣ ਭੀ ਜਾਵਨ ਬਲਿਹਾਰ।
ਵਾਹ ਸਿੰਘਾ, ਤੈਂ ਧੰਨ ਕਮਾਈ, ਧੰਨ ਜਣੇਂਦੀ ਤੇਰੀ ਮਾਈ।
ਪੱਟਾਂ ਦੇ ਵਿਚ ਛੇਕ ਪਏ ਹਨ, ਲਹੂ ਫੁਹਾਰੇ ਚਲ ਰਹੇ ਹਨ।
ਛਣਿਆਂ ਸ੍ਰੀਰ ਗੋਲੀਆਂ ਨਾਲ, ਫਿਰ ਮੱਠੀ ਨਹਿੰ ਹੋਵੇ ਚਾਲ।
ਜਿਉਂ ਜਿਉਂ ਅੰਤ ਨਜੀਕੇ ਆਵੇ, ਤਿਉਂ ਤਿਉਂ ਬਹੁਤੇ ਆਹੂ ਲਾਹਵੇ।

ਦੋਹਰਾ

ਲੜਦੇ ਲੜਦੇ ਨਿਭ ਗਈ, ਧਰਮ ਯੁੱਧ ਦੀ ਪ੍ਰੀਤ,
ਅੰਤ ਸਮੇਂ ਤਕ ਨਿਭ ਗਈ, ਧਰਮ ਯੁੱਧ ਦੀ ਪ੍ਰੀਤ।
ਇਕ ਹੱਥ ਖੜਗ ਦੂਏ ਹੱਥ ਢਾਲ, ਹੋਈ ਬੰਦ ਘੜੀ ਦੀ ਚਾਲ।
ਵੈਰੀ ਦੀ ਛਾਤੀ ਵਚ ਵੜੀ, ਖੜਗ ਰਹਿ ਗਈ ਓਥੇ ਅੜੀ।
ਧਰਤੀ ਪਰ ਡਿੱਗੇ ਚੌਫ਼ਾਲ, ਕਹਿੰਦੇ ਸਤਿ ਸ੍ਰੀ ਅਕਾਲ।
ਟੁੱਟ ਗਿਆ ਹਿੰਮਤ ਦਾ ਤਾਰਾ, ਜਾ ਟਿਕਿਆ ਗੁਰਧਾਮ ਮਝਾਰਾ।
ਧਰਮ ਯੁਧ ਵਿਚ ਪ੍ਰਾਣ ਘੁਮਾ ਕੇ, ਵੈਹੀ ਦਲ ਅਣਗਿਣਤ ਮੁਕਾ ਕੇ।
ਮਾਤਾ ਸਾਹਿਬ ਦੇਵਾਂ ਦੀ ਗੋਦ, ਜਾਇ ਬਿਰਾਜੇ ਹੋ ਕੇ ਮੋਦ[1]।

ਦੋਹਰਾ

ਸ਼ਰਮ ਧਰਮ ਦੀ ਰਖ ਕੇ, ਜਾਨ ਆਪਣੀ ਵਾਰ।
ਚਾਨਣ ਕਰਨ ਅਕਾਸ਼ ਵਿਚ, ਪਹੁੰਚੇ ਤੇਗਾਂ ਮਾਰ।

ਅਸੀਸ ਤੇ ਪ੍ਰੇਮ ਸੰਦੇਸ਼ਾਂ

ਝੂਠ ਨੂੰ ਛੱਡ ਕੇ ਮੈਂ ਮੇਰੀ ਦੇ ਤਜਾਗਣ ਤੇ 'ਸਾਚ ਕਹਉ
ਸੁਨ ਲੇਹੁ ਸਭੈ, ਜਿਨ ਪ੍ਰੇਮ ਕੀਓ ਤਿਨ ਹੀ ਪ੍ਰਭੂ ਪਾਇਓ[2],
ਸਚ ਪ੍ਰਗਟਾਉਣ ਲਈ ਚਾਨਣੇ ਦਾ ਕੇਂਦ੍ਰ।

ਧਰਮ ਅਤੇ ਸਿੱਖੀ ਕੀ ਚੀਜ਼ ਹੈ ਤੇ ਆਪਸ ਵਿਚ ਏਹਨਾਂ ਦਾ ਕਿੰਨਾ ਕੁ ਪਿਆਰ ਹੋਣਾ ਚਾਹੀਦਾ ਹੈ, ਦੂਜੇ ਪਾਸੇ ਮਦ[3], ਮਸਤਰ[4] ਤੇ ਵੈਰ ਈਰਖਾ ਕੀ ਮਲੀਨ ਚੀਜ਼ਾਂ ਹਨ, ਉਹਨਾਂ ਦੀਆਂ ਜੀਉਂਦੀਆਂ ਜਾਗਦੀਆਂ ਮੂਰਤੀਆਂ ਦੇ ਪੂਰਣੇ ਪਿਛਲੇ ਪਤ੍ਰਿਆਂ ਵਿਚ ਆਪ ਪੜ੍ਹ ਹੀ ਆਏ ਹੋ।

ਆਪ ਹੱਛੀ ਤਰ੍ਹਾਂ ਜਾਣਦੇ ਹੋ ਕਿ ਇਕ ਪੈਸਾ ਵੀ ਕੋਈ ਨਹੀਂ ਦੇਣਾ ਚਾਹੁੰਦਾ ਜਦ ਕਿ ਵਧੀਕ ਕੀਮਤ ਦੀ ਆਸ਼ਾ ਨਾ ਰੱਖ ਲਵੇ, ਪਰ ਏਹ ਜਿੰਦਾਂ ਹੂਲਣੀਆਂ ਤੇ "ਸੀ" ਨਾ ਕਰਨੀ ਸਿਰਫ "ਧਰਮ ਦਾ ਸੁਨੇਹਾ ਤੇ ਅਤੁਟ ਵਿਸ਼ਵਾਸ ਹੈ" ਜੋ ਆਪਾ ਮੇਟ ਕੇ ਪ੍ਰੇਮ ਜੋਤ ਵਿਚ ਲੈ

---

1. ਖੁਸ਼ੀ। 2. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਵੱਈਆਂ ਵਿਚੋਂ ਇਕ ਤੁਕ। 3. ਨਸ਼ਾ। 4. ਮਸਤੀ।

ਜਾਣ ਦੀ ਲਾਲਸਾ ਹੀ ਕਰ ਸਕਦੀ ਹੈ, ਕੋਈ ਸੰਸਾਰੀ ਬਲ ਯਾ ਲਾਲਚ ਅਜਿਹੇ ਖਿੜੇ ਮੱਥੇ ਸੀਸ ਦੇਣ ਵਾਲੇ ਧਰਮਬੀਰ ਨਹੀਂ ਪੈਦਾ ਕਰ ਸਕਦਾ, ਵੇਖ ਲਵੋ ਮਮੂਲੀ ਗੱਲ ਚਿੰਤਾ ਯਾਂ ਫਿਕਰ ਵਾ[1] ਕੋਈ ਨਿੱਕਾ ਜੇਹਾ ਰੋਗ ਹੀ ਕਿਸ ਤਰ੍ਹਾਂ ਜਾਨ ਸੁਕਾ ਦੇਂਦਾ ਹੈ।

ਧਰਮ ਦੀ ਆਨ ਕੈਸੀ ਹੈ ?

ਯੁਧਿਸ਼ਟਰ ਨੇ ਆਪਣੀ ਧਰਮ ਪਤਨੀ ਮਹਾਰਾਣੀ ਦਰੋਪਤੀ ਜੀ ਦੇ ਕੌਰਵ ਸਭਾ ਵਿਚ ਨਗਨ ਕੀਤੇ ਜਾਣ ਦੇ ਮਲੀਨ ਕਾਰੇ ਨੂੰ ਗੰਭੀਰਤਾ ਨਾਲ ਸਹਾਰ ਲਿਆ ਤੇ ਆਪਣੇ ਬਲੀ ਭਰਾਵਾਂ ਦੇ ਰੋਸ ਭਰੇ ਸੰਕੇਤ ਵੀ ਨਾ ਮੰਨੇ ਪਰ ਕੀਤੇ ਹੋਏ ਬਚਨ ਨੂੰ ਨਾ ਉਲੰਘਿਆ ਤੇ ਧਰਮ ਭਾਵ ਦੀ ਦ੍ਰਿੜਤਾ ਦਰਸਾਈ, ਏਸ ਤੋਂ ਸਿੱਧ ਹੁੰਦਾ ਹੈ ਕਿ ਅਜਿਹੀ ਅਣਖ ਚੋਭਣ ਵਾਲੀ ਦਸ਼ਾ ਤੇ ਵੀ ਪਹੁੰਚ ਕੇ ਕੋਈ ਖਾਸ ਅਦੁਤੀ ਰਸ ਸੀ ਕਿ ਜਿਸ ਦੀ ਮੌਜ ਨੇ ਚੁਪ ਕਰਾਈ ਰਖਜਾ, ਏਹ ਸਹਾਰਾ ਸਿਰਫ, ਧਰਮ ਤੇਂ ਦ੍ਰਿੜ ਵਿਸ਼ਵਾਸ ਦਾ ਹੀ ਫਲ ਸੀ।

ਧਰਮ ਪਾਲਣ ਦਾ ਸੁਖ ਸਿਫਰ ਧਰਮੀ ਹੀ ਜਾਣ ਸਕਦੇ ਹਨ। ਸੰਸਾਰੀ ਜੀਵ ਜੋ ਮਾਯਾ ਦੇ ਦਾਸ ਹਨ, ਧਰਮ ਦੀ ਉਚੇਰੀ ਵਰਤਣ ਓਹਨਾਂ ਦੀ ਪਹੁੰਚਣਾ ਤੋਂ ਕਿਤੇ ਪਰ੍ਹੇ ਹੈ, ਏ ਗਲੀ ਦੇ ਪੰਧਾਊ, ਧਨ ਧਾਮ ਤੇ ਸੰਪਦਾ ਸੰਤਾਨ ਸਭ ਨਾਲੋਂ ਧਰਮ ਨੂੰ ਹੀ ਸਰੇਸ਼ਟ ਸਮਝਦੇ ਹਨ।

"ਧਰਮ ਕਰੇ ਸ ਜਨਮ ਧਰਮ ਤੇ ਰੂਪਹਿ ਪੈਯੈ[2],
ਧਰਮ ਕਰੇ ਧਨ, ਧਾਮ ਧਰਮ ਤੇ ਰਾਜ ਸੁਹੈਯੈ।"

ਸ੍ਰੀ ਗੁਰੂ ਗੋਬਿੰਦ ਸਿੰਘ ਜੀ।

ਸਾਡਾ ਮਤਲਬ ਇਹ ਤਵਾਰੀਖੀ ਪਤ੍ਰੇ ਲਿਖ ਕੇ ਸਿੱਖਾਂ ਦੇ ਉਸ ਉੱਚ ਆਸ਼ਯ ਨੂੰ ਦਸਣਾ ਹੈ ਕਿ ਜਿਸ ਨਾਲ ਸਿੱਖੀ ਪ੍ਰਾਪਤ ਹੋ ਕੇ ਦ੍ਰਿੜ੍ਹਤਾ ਤੇ ਪਹੁੰਚ ਸਕਦੀ ਹੈ। ਜੋ ਕਿਸੇ ਦੀ ਦੁਖ ਵੇਲੇ ਸੇਵਾ ਨਾ ਕਰੇ ਓਹ ਸਿੱਖਾਂ ਦੀ ਸ਼੍ਰੇਣੀ ਵਿਚ ਨਹੀਂ ਆ ਸਕਦਾ, ਜੋ ਅਪਣਤਾ ਨੂੰ ਮਾਰਕੇ ਸਾਰੇ ਹੀ ਇਕ ਪਰੀ ਪੂਰਣ ਨੂੰ ਨਹੀਂ ਲਖ ਸਕਦਾ, ਉਹ ਸਿੱਖੀ ਮੰਡਲ ਤੋਂ ਪਰ੍ਹੇ ਹੈ।

ਇਤਿਹਾਸਕ ਗੱਲ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਵੇਲੇ ਰਣਭੂਮੀ ਵਿਚ ਪਾਣੀ ਪਿਆਉਣ ਵਾਲਾ ਸਿੱਖ[3] ਆਪਣੀ ਸਫਾ ਨੂੰ ਲੰਘ ਕੇ ਘਾਇਲ ਤੁਰਕਾਂ ਨੂੰ ਵੀ ਪਾਣੀ ਉਸੇ ਹੀ ਪ੍ਰੇਮ ਨਾਲ ਦੇਂਦਾ ਹੈ ਕਿ ਜਿਸ ਨਾਲ ਸਿੱਖਾਂ ਨੂੰ, ਕਿਉਂ ਜੋ ਉਸ ਨੂੰ ਸਰੀਰ ਨਾਲ ਤਾਂ ਕੋਈ ਦਵੈਤ ਨਹੀਂ, ਸਿਰਫ ਪਾਪ, ਕੁਕਰਮ, ਅਹੰਤਾ, ਅਨੀਤ ਤੋਂ ਸੂਗ[4] ਸੀ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹਿੰਦੂ ਪਹਾੜੀਏ ਰਾਜੇ ਤੇ ਮਸੰਦਾਂ ਨੂੰ ਅਨੀਤ ਦਾ ਫਲ ਡੰਡ ਦਿੱਤਾ, ਪਰ ਤੁਰਕਾਂ ਦਾ ਏਨਾ ਪਿਆਰ ਕਿ ਨਬੀ ਖਾਨ ਤੇ ਗਨੀ ਖਾਨ ਆਦਿਕਾਂ ਨੇ ਮੋਢੇ ਤੇ ਚੁੱਕ ਕੇ ਸਹੈਤਾ ਦੇਣੀ, ਬੁਧੂ ਸ਼ਾਹ ਜੈਸੇ ਸੇਵਕਾਂ ਦਾ ਤਨ, ਮਨ ਤੇ ਸ੍ਵਸਵ ਕੁਰਬਾਨ ਕਰ ਦੇਣਾ, ਪਠਾਨ ਬੱਚਿਆਂ ਦਾ ਨੌਕਰ ਰਖਣਾ, ਇਹ ਸਾਰੇ ਇਤਿਹਾਸਕ ਪ੍ਰਸੰਗ ਵਖਯਾਤ[5] ਕਰਦੇ ਹਨ ਕਿ ਸਿੱਖੀ ਮਾਰਗ ਕਿਸੇ ਖਾਸ ਧੜੇ ਜਾਂ ਪਾਸੇ ਦਾ ਤਰਫ਼ਦਾਰ ਨਹੀਂ।

---

1. ਅਤੇ, ਜਾਂ। 2. ਸੁੰਦਰ (ਰੂਪਵਾਨ) ਹੋਈਦਾ ਹੈ। 3. ਭਾਈ ਕਨ੍ਹਈਆ ਤੋਂ ਭਾਵ ਹੈ। 4. ਘ੍ਰਿਣਾ। 5. ਪ੍ਰਗਟ।

ਕੇਵਲ ਧਰਮ ਪਿਆਰ ਤੇ ਸੱਚ ਦਾ ਪੌਰਖੁ[1] ਹੀ ਸੀ ਕਿ ਜਿਸ ਨਾਲ ਅਨਾਥਾਂ ਦੀ ਰਖਜ਼ਾ ਤੇ ਜਰਵਾਣਿਆਂ ਨੂੰ ਡੰਡ ਦਿੱਤਾ ਗਿਆ।

Make pure thy heart, and thou wilt make thy life :
Rich, sweet, and beautiful, unmarred by strife.
Guard well thy mind, and boble, strong and free,
Nothing shall harm, disturb, or conquer thee,
For all thy foes are in thy heart and mind,
There are also thy salvation thou wilt find.*

ਸਾਡਾ ਦਿਲ ਭਾਵ ਹੈ ਕਿ ਸਿੱਖ ਹਰੇਕ ਪ੍ਰਾਣੀ ਮਾਤ੍ਰ ਨਾਲ ਮੈਤ੍ਰੀ ਦੀ ਵਰਤੋਂ ਰਖਦੇ ਹੋਏ ਆਪਣੇ ਕਰਮ ਧਰਮ ਵਿਚ ਪ੍ਰਪੱਕ ਹੋਣ। ਆਪ ਵਿਚਾਰੋ ਕਿ ਤਸੀਹੇ ਤੇ ਕਸ਼ਟਾਂ ਵੇਲੇ ਕਿਵੇਂ ਖਾਲਸਾ ਜੀ ਨੇ ਆਪਣਾ ਲਹੂ ਵੀਟਕੇ ਵੀ ਧਰਮ ਨਿਬਾਹਜ਼ਾ ਸੀ।

* ਮਨ ਆਪਣੇ ਨੂੰ ਕਰ ਲਓ ਸ਼ੁਧ ਤਾਂ ਬਣਾਵੋਗੇ ਤੁਸੀਂ ਆਪਣਾ ਜੀਵਨ, ਸ਼ੁਧ, ਭਰਪੂਰ, ਮਿਠਾ ਤੇ ਸੁੰਦਰ, ਜੇ ਝਗੜੇ ਝੇੜੇ ਨਾਲ ਨਾ ਵਿਗੜੇ, ਆਪਣੇ ਮਨ ਦਾ ਪੂਰਾ ਪਹਿਰਾ ਰਖੋ ਤੇ ਬਣਾਵੋ ਇਸ ਨੂੰ ਸ਼ਕਤੀਵਾਨ ਤੇ ਮੁਕਤ। ਕੁਝ ਭੀ ਤੁਹਾਨੂੰ ਹਾਨੀ, ਜਾਂ ਘਬਰਾਹਟ ਨਹੀਂ ਪੁਚਾ ਸਕਦਾ ਨਾ ਹਾਰ ਦਾ ਮੂੰਹ ਵਿਖਾਲ ਸਕਦਾ ਹੈ ਕਿਉਂਕਿ ਸਭ ਤੁਹਾਡੇ ਵੈਰੀ ਤੁਹਾਡੇ ਮਨ ਤੇ ਦਿਲ ਵਿਚ ਹਨ ਤੇ ਉਥੇ ਹੀ ਤੁਸੀਂ ਆਪਣੀ ਮੁਕਤੀ ਲਭੋਗੇ।

1. ਬਹਾਦਰੀ, ਮਰਦਊ ਪੁਣਾ।

ਛੋਟੀਆਂ ਫੁਟਕਲ ਕਵਿਤਾਵਾਂ

1. ਧਾਰਮਿਕ

ਇਕ ਗਈਆਂ ਇਕ ਡੋਲੇ ਚੜ੍ਹੀਆਂ

ਛਡ ਤ੍ਰਿੰਞਣ[1] ਕਰ ਸੁੰਞਾ ਵਿਹੜਾ,
ਤੁਰ ਤੁਰ ਜਾਵਣ ਸਈਆਂ,
ਇਕ ਗਈਆਂ ਇਕ ਡੋਲੇ ਚੜ੍ਹੀਆਂ,
ਇਕ ਦਾਜ ਸਮੇਟਣ ਪਈਆਂ,
ਅਸਾਂ ਭਿ ਜਾਣਾ ਢੋਲਨ ਆਇਆਂ,
ਪਰ ਚਰਖਾ ਕਿਉਂ ਚਾਈਏ ?
ਉਨੀਆਂ ਤੰਦਾਂ ਆਪਣੀਆਂ ਨੇ ?
ਜਿੰਨੀਆਂ ਕੱਤੀਆਂ ਗਈਆਂ।

ਸਾਡਾ ਮੇਲ

1. ਜਿੱਥੇ ਦਿਨ ਤੇ ਰਾਤ, ਘੁਲ ਮਿਲ ਜਾਉਂਦੇ,
ਚਾਨਣ ਅਤੇ ਹਨੇਰੇ, ਪਾਉਣ ਜਫੀਆਂ।
ਜਿਥੇ ਪਰਬਤ ਪੈਰ, ਚੁੰਮਦੀ ਨਦੀ,
ਮਿੱਠਾ ਮਿੱਠਾ ਰਾਗ, ਗਾਉਂਦੀ ਲੰਘਦੀ।
ਜਿਥੇ ਕੋਈ ਮੁਟਿਆਰ, ਕੁੱਠੀ ਬਿਰਹੁੰ ਦੀ,
ਤਕ ਤਕ ਪਤੀ ਸਮਾਧ ਮੱਥੇ ਟੇਕਦੀ।
ਨਦੀ ਕਿਨਾਰੇ ਉਸ, ਅਤਿ ਰਮਣੀਕ ਤੇ,
ਪ੍ਰੀਤਮ, ਸਾਡਾ ਮੇਲ ਇਕ ਦਿਨ ਹੋਵਸੀ।

2. ਜਦ ਜੀਵਨ ਦੀ ਸ਼ਾਮ, ਬੂਹੇ ਜਰਜਰੇ[2],
ਪਲਕਾਂ ਵਾਲੇ ਖੋਲ੍ਹ, ਤਕਸੀ ਝਲਕਦੇ,
ਆਸਾਂ ਦੇ ਅੰਬਾਰ[3] ਵਾਂਗਰ ਤਾਰਿਆਂ,
ਜਿਨ੍ਹਾਂ ਦੇ ਆਧਾਰ, ਜੀਵਨ ਲੰਘਿਆ।
ਅੰਤ ਸਮੇਂ ਦੀ ਰਾਤ, ਨੇੜੇ ਹੋ ਜਦੋਂ,
ਖੁਲ੍ਹੀਆਂ ਬਾਹਾਂ ਵਧਾਇ ਵਾਜਾਂ ਮਾਰਦੀ,

---

1. ਰਲਕੇ ਚਰਖਾ ਕੱਤਣ ਵਾਲੀਆਂ ਕੁੜੀਆਂ ਦਾ ਇਕੱਠ, ਸੂਫੀਆਂ ਵਾਂਗ ਵਿਆਹ, ਦਾਜ, ਚਰਖਾ ਦੇ ਅਲੰਕਾਰ ਰਾਹੀਂ ਮੌਤ ਤੇ ਨੇਕੀ ਕਰਨ ਦੀ ਯਾਦ ਹੈ। 2. ਪੁਰਾਣੇ, ਟੁੱਟੇ ਫੁੱਟੇ। 3. ਢੇਰ, ਇਕੱਠ।

ਆਪਣੇ ਵਿਚ ਸਮਾਣ ਨੂੰ ਤੁਲ ਜਾਇਗੀ,
ਪ੍ਰੀਤਮ ਸਾਡਾ ਮੇਲ ਉਦੋਂ ਹੋਵਸੀ[1]।

3. ਘੁੱਪ ਹਨੇਰੀ ਰਾਤੇ, ਠੱਕਾ ਜ਼ੋਰ ਦਾ,
ਸਿਰ ਟਕਰਾਂਦਾ ਨੀਰ, ਨਾਲ ਚਿਟਾਨ ਦੇ,
ਤੁਰਿਆ ਜਾਂਦਾ ਹੋਗੁ, ਖੌਰੂ ਪਾਉਂਦਾ,
ਬੇੜੀ ਇਕ ਅਨੂਪ[2], ਉਸ ਦੀ ਹਿੱਕ ਤੇ,
ਡਗਮਗ ਡਗਮਗ ਚਾਲ, ਹਿਲਦੀ ਡੋਲਦੀ,
ਨਦੀ, ਥਪੇੜਾ ਚੀਰ, ਕੰਢੇ ਲੱਗ ਕੇ,
ਹੋਣ ਲਈ ਅਸਵਾਰ, ਸੈਨਤ[4] ਮਾਰਸੀ,
ਪ੍ਰੀਤਮ ! ਸਾਡਾ ਮੇਲ ਓਥੇ ਹੋਵਸੀ।

4. ਤੂੰ ਤੇ ਮੈਂ ਚੁਪ ਚਾਪ, ਬਿਨਾਂ ਪਛਾਣ ਦੇ,
ਹੱਥੀਂ ਫੜੇ ਚਿਰਾਗ, ਟਿਮ ਟਿਮ ਕਰ ਰਹੇ,
ਪਾਣੀ ਵਿਚ ਵਗਾਹ, ਕੰਨੀਆਂ ਝਾੜ ਕੇ,
ਪਿਛਲੇ ਪਾਸੇ ਨਾਲ, ਤਿਣਕਾ ਤੋੜਦੇ,
ਬੇੜੀ ਦੀ ਆਗੋਸ਼[3] ਮਾਣਨ ਵਾਸਤੇ,
ਬਹੀ ਜਾਵਾਂਗੇ ਆਣ, ਨਾਲ ਅਰਾਮ ਦੇ।
ਠਿੱਲ ਪਏਗੀ ਨਾਉ, ਪਾਰ ਨੂੰ,
ਪ੍ਰੀਤਮ ! ਸਾਡਾ ਮੇਲ ਓਥੇ ਹੋਵਸੀ।

5. ਅੱਖ ਫਰੱਕੇ ਵਾਂਗ, ਬੇੜੀ ਜਾ ਲਗੂ,
ਗਮ ਫਿਕਰੋਂ ਆਜ਼ਾਦ, ਕੰਢੇ ਸ਼ਾਂਤ ਦੇ,
ਵਾਦੀ ਬੜੀ ਵਿਸ਼ਾਲ, ਲਹਿ ਲਹਿ ਕਰ ਰਹੀ,
ਸਾਨੂੰ ਲਊ ਬਹਾਲ, ਆਪਣੀ ਹਿੱਕ ਤੇ,
ਏਨੇ ਨੂੰ ਆਕਾਸ਼ ਚੜ੍ਹਦੇ ਪਾਸਿਓਂ—
ਊਸ਼ਾ[4] ਦਾ ਪਰਕਾਸ਼, ਕੰਨੀਓਂ ਖੋਲ੍ਹਸੀ।
ਵੱਸੂ ਨਵਾਂ ਜਹਾਨ, ਸਾਡੇ ਸਾਹਮਣੇ,
ਪ੍ਰੀਤਮ ! ਸਾਡਾ ਮੇਲ ਓਥੇ ਹੋਵਸੀ।

ਤੇਰੀ ਯਾਦ[5]

1. ਤੜਕਸਾਰ ਊਸ਼ਾ ਦਾ ਲਾਲੀ ਧੁਮਾਣਾ[6],
ਜ਼ਿਮੀਂਦਾਰ ਦਾ ਖੇਤ ਨੂੰ ਸੇ ਲਗਾਣਾ[7],

---

1. ਪ੍ਰੇਮ ਵਿਚ ਸੱਚੇ ਮਿਲਾਪ ਦਾ ਸੰਕੇਤ ਹੈ ਭਾਵ ਉਹ ਮਿਲਾਪ ਜੀਵਨ ਦੇ ਅੰਤ ਉੱਤੇ ਹੀ ਹੋਵੇਗਾ।
2. ਸੁੰਦਰ, ਉਪਮਾ ਰਹਿਤ। 3. ਗੋਦ। 4. ਸਵੇਰ।
5. ਸਾਰੀ ਕਵਿਤਾ ਵਿਚ ਕੁਦਰਤ ਤੇ ਜੀਵਨ ਦੇ ਸੁੰਦਰ ਦ੍ਰਿਸ਼ਾਂ ਰਾਹੀਂ ਕਾਦਰ (ਕਰਤੇ) ਦੀ ਯਾਦ ਵਲ ਸੰਕੇਤ ਹੈ।
6. ਰੋਸ਼ਨ ਕਰਨਾ। 7. ਵਾਹੀ ਕਰਨਾ।

ਜਨੌਰਾਂ ਦਾ ਬਿਰਛਾਂ ਤੇ ਜੁੜ ਕੇ ਗਾਣਾ,
ਤੇ ਪਸ਼ੂਆਂ ਦਾ ਜੂਹਾਂ ਦੇ ਵਲ ਚਰਨ ਜਾਣਾ,
ਜਦੋਂ ਸਭ ਨੂੰ ਕੁਦਰਤ ਕਮਾਈ ਤੇ ਲਾਵੇ,
ਤਦੋਂ ਹੀ ਅਚਾਨਕ ਤੇਰੀ ਯਾਦ ਆਵੇ।

2. ਖਿੜੇ ਕੌਲ ਫੁਲ ਵਰਗੀ ਮੁਟਿਆਰ ਕੋਈ,
ਸਰੂ ਵਾਂਗ ਲੰਮੀ, ਸਲੋਨੀ, ਨਰੋਈ,
ਕਿਸੇ ਛੈਲ ਦੇ ਪ੍ਰੇਮ, ਡੋਰੇ ਪਰੋਈ,
ਦਲੀਜਾਂ ਨੂੰ ਫੜ ਕੇ ਖੜੀ ਹੋਈ ਹੋਈ,
ਜਦੋਂ ਆਏ ਪ੍ਰੀਤਮ ਦਾ ਦਿਲ ਗੁਦ ਗੁਦਾਵੇ,
ਤਦੋਂ ਹੀ ਅਚਾਨਕ ਤੇਰੀ ਯਾਦ ਆਵੇ।

3. ਅਞਾਣਾ ਕੋਈ ਬਾਲ ਜਦ ਮੁਸਕਰਾਵੇ,
ਕਲੀ ਅਧ ਖਿੜੀ ਵਾਂਗ ਬੁਲੀਆਂ ਹਿਲਾਵੇ,
ਉਛਲ ਕੇ ਅਗ੍ਹਾਂ ਵਲ ਨੂੰ ਬਾਹਾਂ ਵਧਾਵੇ,
ਤੇ ਹਸ ਹਸ ਕੇ ਗਲ ਨਾਲ ਚੰਬੜਦਾ ਜਾਵੇ,
ਮਸੂਮੀ ਮੇਰੇ ਆਤਮਾ ਨੂੰ ਖਿੜਾਵੇ,
ਤਦੋਂ ਹੀ ਅਚਾਨਕ ਤੇਰੀ ਯਾਦ ਆਵੇ।

4. ਬਗੀਚੇ 'ਚ ਸਬਜ਼ੇ ਦਾ ਕੋਮਲ ਪੁੰਗਾਰਾ,
ਤੇ ਕੁਦਰਤ ਦੀ ਕਾਰੀਗਰੀ ਦਾ ਨਜ਼ਾਰਾ,
ਕਰੂੰਬਲ ਦੀ ਲਾਲੀ, ਲਗਰ ਦਾ ਹੁਲਾਰਾ,
ਕਲੀ ਦਾ ਚਟਾਕਾ, ਮਹਿਕ ਦਾ ਪਸਾਰਾ,
ਜਦੋਂ ਪੌਣ ਫੁੱਲਾਂ ਨੂੰ ਟੁੰਬ ਟੁੰਬ ਜਗਾਵੇ,
ਤਦੋਂ ਹੀ ਅਚਾਨਕ ਤੇਰੀ ਯਾਦ ਆਵੇ।

5. ਪਹਾੜਾਂ ਤੋਂ ਬਰਫਾਂ ਦਾ ਮੁੜ੍ਹਕਾ ਵਹਾਣਾ,
ਤੇ ਕਿਰਨਾਂ ਦਾ ਪਾਣੀ ਨੂੰ ਪਾਰਾ ਬਣਾਣਾ,
ਹਿਠਾਂ ਵਲ ਨੂੰ ਕੂਲ੍ਹਾਂ ਦਾ ਛਾਲਾਂ ਲਗਾਣਾ,
ਤੇ ਗੜਗੱਜ ਪਾ ਪਾ ਕੇ ਝਰਨੇ ਦਾ ਗਾਣਾ,
ਨਦੀ ਨਾਗਣੀ ਵਾਂਗ ਜਦ ਵਿੰਗ ਖਾਵੇ,
ਤਦੋਂ ਹੀ ਅਚਾਨਕ ਤੇਰੀ ਯਾਦ ਆਵੇ।

6. ਜਦੋਂ ਰਾਤ ਨਿੰਮਲ[1], ਖਿੜੇ ਹੋਏ ਤਾਰੇ,
ਤੇ ਵਾ ਮੱਠੀ ਮੱਠੀ ਸੁਗੰਦੀ ਪਸਾਰੇ,
ਛਮਾ ਛਮ ਪਈ ਤ੍ਰੇਲ ਮੋਤੀ ਖਿਲਾਰੇ,
ਚੁਫੇਰੇ ਦੀ ਠੰਢਕ ਕਲੇਜਾ ਖਲ੍ਹਾਰੇ,

---

1. ਸਾਫ, ਨਿਰਮਲ।

ਤੇ ਸੁਰਤੀ ਨੂੰ ਏਕਾਂਤ ਘੂਕੀ ਲਿਆਵੇ,
ਤਦੋਂ ਹੀ ਅਚਾਨਕ ਤੇਰੀ ਯਾਦ ਆਵੇ।

7. ਜਦੋਂ ਦਿੱਸੇ ਤਿਤਰੀ ਦਾ ਸਤਰੰਗਾ ਬਾਣਾ,
ਜਦੋਂ ਕੀੜੀ ਲਭਦੀ ਫਿਰੇ ਖਾਣਾ ਦਾਣਾ,
ਜਦੋਂ ਮੱਖੀ ਫਲ ਤੋਂ ਉਠਾਵੇ ਮਖਾਣਾ,
ਜਦੋਂ ਦੇਖਾਂ ਬਿਜੜੇ[1] ਦਾ ਮੰਦਰ ਸਜਾਣਾ,
ਜਦੋਂ ਘੁੱਗੀ ਬੋਟਾਂ ਨੂੰ ਚੋਗਾ ਖੁਆਵੇ,
ਤਦੋਂ ਹੀ ਅਚਾਨਕ ਤੇਰੀ ਯਾਦ ਆਵੇ।

ਅਸਰਾਰੀ[2] ਢੋਲਾ

(ਗੀਤ, ਕਾਲੰਗੜਾ)

ਤੇਰੇ ਭੇਦਾਂ ਤੋਂ ਸਦਕੇ ਵਾਰੀਆਂ, ਤੇਰੇ ਭੇਦਾਂ....

1. ਲੇਖਾ ਲੱਗੇ ਕੀ ਤੇਰੀ ਵਡਿਆਈ ਦਾ,
ਤਕ ਤਕ ਸ਼ਾਨ ਨੂੰ ਝੁਕਿਆਂ ਜਾਈਦਾ,
ਖਬਰੇ ਕੀ ਕੀ ਤੂੰ ਖੇਡਾਂ ਖਿਲਾਰੀਆਂ, ਤੇਰੇ ਭੇਦਾਂ....

2. ਖਬਰੇ ਕਦੋਂ ਦਾ ਰਾਜ ਪੁਰਾਣਾ ਏ,
ਖਬਰੇ ਕਦੋਂ ਤੂੰ ਸਮਝਿਆ ਜਾਣਾ ਏ,
ਕਿੰਨੇ ਚਿਰ ਦੀਆਂ ਨੇ ਇੰਤਜ਼ਾਰੀਆਂ[3], ਤੇਰੇ ਭੇਦਾਂ....

3. ਕਿਦਿਨ ਖੁਲ੍ਹੀ ਸਮਾਧ ਸੀ ਸੁੰਨ ਦੀ,
ਕਿੱਥੇ ਹੋਈ ਇਸ਼ਾਰਤ ਕੁੱਨ ਦੀ[4],
ਕੀਕਰ ਖੁਲ੍ਹੀਆਂ ਹੁਸਨ ਪਟਾਰੀਆਂ, ਤੇਰੇ ਭੇਦਾਂ....

4. ਡੁਬ ਗਈ ਸੋਚ, ਦਨਾਈਆਂ ਹਾਰੀਆਂ,
ਹਫ ਕੇ ਸੁੱਟ ਪਾਈ ਕਲਮ ਲਿਖਾਰੀਆਂ,
ਗੱਲਾਂ ਵੇਖ ਕੇ ਤੇਰੀਆਂ ਨਿਆਰੀਆਂ, ਤੇਰੇ ਭੇਦਾਂ....

5. ਝੋਈਆਂ ਲੈ ਪਰਲੈ ਦੀਆਂ ਚੱਕੀਆਂ,
ਅਜੇ ਤੀਕ ਖਲੋ ਨਹੀਂ ਸੱਕੀਆਂ,
ਮੁੱਦਤ ਹੋਈ ਵਟਾਂਦਿਆਂ ਵਾਰੀਆਂ, ਤੇਰੇ ਭੇਦਾਂ....

6. ਕਿਧਰੇ ਨੈਣਾਂ ਦੇ ਜਾਦੂ ਪਾਏ ਨੀਂ,
ਕਿਧਰੇ ਘੁੰਡ[5] ਤੇ ਘੁੰਡ ਚੜ੍ਹਾਏ ਨੀਂ,
ਵਾਹਵਾ ਖੁੱਲ੍ਹਾਂ ਤੇ ਪਰਦੇ ਦਾਰੀਆਂ, ਤੇਰੇ ਭੇਦਾਂ....

---

1. ਇਕ ਪੰਛੀ ਜੋ ਬੜਾ ਸੁੰਦਰ (ਬੋਤਲ ਦੇ ਰੂਪ ਦਾ) ਆਲ੍ਹਣਾ ਬਣਾਉਂਦਾ ਹੈ ਜਿਸ ਨੂੰ ਵੇਖ ਕੇ ਅਚੰਭਾ ਹੁੰਦਾ ਹੈ ਕਿ ਇੰਨੀ ਕਾਰੀਗਰੀ ਇਕ ਨਿੱਕਾ ਜਿਹਾ ਪੰਛੀ ਕਿਵੇਂ ਕਰਦਾ ਹੈ। 2. ਭੇਤ ਵਾਲਾ।
3. ਉਡੀਕਾਂ। ਕੁਰਾਨ ਮਜ਼ੀਦ ਦੀ ਇਕ ਆਇਤ (ਤੁਕ) ਦਾ ਸੰਖੇਪ ਰੂਪ ਹੈ।
4. 'ਕੁਨ ਫੀਯ ਕੁਨ' (ਹੋ ਜਾ, ਤੇ ਹੋ ਗਿਆ) ਭਾਵ ਰਬ ਵਲੋਂ ਹੁਕਮ ਹੋਇਆ ਤੇ ਸਭ ਕੁਝ ਹੋ ਗਿਆ। ਇਸ਼ਾਰਤ, ਸੰਕੇਤ। 5. ਭੇਦ, ਰਹੱਸ।

7. ਜਦੋਂ ਲੱਕ ਤਲਾਸ਼[1] ਦਾ ਟੁੱਟਿਆ,
ਤੇਰੀ ਮੌਜ ਤੇ ਸਭ ਕੁਝ ਸੁੱਟਿਆ,
ਤੇਰੇ ਹੱਥ ਨੇ ਗੱਲਾਂ ਸਾਰੀਆਂ, ਤੇਰੇ ਭੇਦਾਂ....

ਸ਼ਿਕਾਰੀ ਪਿੰਜਰਾ ਬੇਸ਼ਕ ਖੋਲ[2]

(ਗੀਤ)

1. ਤੇਰਾ ਈ ਪਿੰਜਰਾ, ਤੇਰਾ ਈ ਦਾਣਾ,
ਮੈਂ ਨਹੀਂ ਹੋਰ ਕਿਤੇ ਵੀ ਜਾਣਾ,
ਥੋੜੀ ਦੂਰ ਉਡਾਰੀ ਭਰ ਕੇ,
ਔਣਾ ਏ ਏਸੇ ਕੋਲ
ਸ਼ਿਕਾਰੀ ! ਪਿੰਜਰਾ ਬੇਸ਼ਕ ਖੋਲ।

2. ਮੇਰਾ ਇਸ ਦਾਂ ਸਾਥ ਪੁਰਾਣਾ,
ਮਿਲਣਾ, ਰਹਿਣਾ, ਵੱਖ ਹੋ ਜਾਣਾ,
ਮੈਂ ਤੇ ਪਿੰਜਰਾ ਸਾਂਝੇ ਹੋਏ,
ਕਰ ਕਰ ਕਈ ਕਲੋਲ,
ਸ਼ਿਕਾਰੀ ! ਪਿੰਜਰਾ ਬੇਸ਼ਕ ਖੋਲ।

3. ਬੰਨ੍ਹਣ ਮੈਨੂੰ ਕੋਈ ਨਾ ਪਾ ਤੂੰ,
ਮਾਨਣ ਦੇ ਜੰਗਲ ਦੀ ਵਾ ਤੂੰ,
ਮੇਰੀ ਆਦਤ ਖੁਲ੍ਹੇ ਫਿਰਨ ਦੀ,
ਤੂੰ ਜਾਂਦਾ ਹੈਂ ਡੋਲ,
ਸ਼ਿਕਾਰੀ ! ਪਿੰਜਰਾ ਬੇਸ਼ਕ ਖੋਲ।

4. ਨਵਾਂ ਗੀਤ ਮੈਂ ਜਦੋਂ ਬਣਾਵਾਂ,
ਮੁੜ ਪਿੰਜਰੇ ਨੂੰ ਆਣ ਸੁਣਾਵਾਂ,
ਜੇ ਮੈਨੂੰ ਪਿੰਜਰਾ ਨਹੀਂ ਲਭਦਾ,
ਪਿੰਜਰਾ ਲੈਂਦਾ ਏ ਟੋਲ,
ਸ਼ਿਕਾਰੀ ! ਪਿੰਜਰਾ ਬੇਸ਼ਕ ਖੋਲ।

ਰਾਹੀ* ਨੂੰ

ਰਾਹੀਆ ! ਤੇਰੀ ਮੰਜ਼ਲ ਹੈ ਕਿੰਨੀ ਦੂਰ ?

1. ਕਿੱਥੋਂ ਤੁਰਿਓਂ ? ਕਿੱਥੇ ਏ ਜਾਣਾ ?

---

* ਇਸ ਕਵਿਤਾ ਵਿਚ ਰਾਹੀ ਮਨੁੱਖ ਹੈ ਤੇ ਮਨੁੱਖ ਦੇ ਆਦਰਸ਼, ਆਸ਼ੇ, ਮੰਜ਼ਿਲ ਹਨ।

1. ਢੂੰਡ।

2. ਇਹ ਕਵਿਤਾ ਸਪੱਸ਼ਟ ਨਹੀਂ, ਤਾਂ ਭੀ ਸਰੀਰ=ਪਿੰਜਰਾ, ਪ੍ਰਾਣ=ਮੈਂ; ਰਬ ਜਿਸ ਨੇ ਪ੍ਰਾਣਾਂ ਨੂੰ ਇਸ ਸਰੀਰ ਵਿਚ ਕੈਦ ਕੀਤਾ ਹੈ ਸ਼ਿਕਾਰੀ ਕਿਹਾ ਜਾ ਸਕਦਾ ਹੈ ਜਾਂ ਧਾਰਮਿਕ ਡਰ ਭਉ ਦੇ ਪਿੰਜਰੇ ਵਿਚ ਬੰਨ੍ਹਣ ਵਾਲੇ ਲੋਕ ਸ਼ਿਕਾਰੀ ਕਹੇ ਜਾ ਸਕਦੇ ਹਨ। ਜਾਂ ਸਮਾਜਿਕ ਬੰਧਨਾਂ ਉੱਤੇ ਭੀ ਇਹ ਕਵਿਤਾ ਲਗ ਸਕਦੀ ਹੈ।

ਕਦ ਛੋਹਿਆ ? ਕਦ ਸਫ਼ਰ ਮੁਕਾਣਾ ?
ਕਿਸ ਕਿਸ ਥਾਂ ਤੇ ਰਿਹੋਂ ਅਟਕਦਾ ?
ਕਿਸ ਔਝੜ ਵਿਚ ਰਿਹੋਂ ਭਟਕਦਾ ?
ਪਿੰਨੀਆਂ ਤੇਰੀਆਂ ਘੱਟੇ ਭਰੀਆਂ
ਤੁਰ ਤੁਰ ਹੋਈਆਂ ਚੂਰ,
ਰਾਹੀਆ ! ਤੇਰੀ ਮੰਜ਼ਲ ਹੈ ਕਿੰਨੀ ਦੂਰ।

2. ਰਾਹ ਵਿਚ ਕੋਈ ਨਾ ਮਿਲਿਆ ਦਰਦੀ ?
ਨਾਲ ਨਹੀਂ ਸੀ ਤੇਰੇ ਘਰ ਦੀ ?
ਲੱਭਾ ਨਾ ਕੋਈ ਜੀ-ਪਰਚਾਵਾ ?
ਦਿੱਸਿਆ ਨਾ ਕੋਈ ਬਾਗ ਸੁਹਾਵਾ ?
ਫੁਲ, ਬੂਟੇ, ਹਰਿਆਉਲ, ਰੌਣਕ,
ਨਗਰ ਕੋਈ ਮਸ਼ਹੂਰ ?
ਰਾਹੀਆ ! ਤੇਰੀ ਮੰਜ਼ਲ ਹੈ ਕਿੰਨੀ ਦੂਰ ?

3. ਅੱਡੇ, ਘਾਟ, ਸਰਾਵਾਂ, ਡੇਰੇ,
ਕੋਈ ਨਾ ਆਏ ਰਾਹ ਵਿਚ ਤੇਰੇ ?
ਇਧਰ ਉਧਰ ਤੂੰ ਕੁਝ ਨਾ ਡਿੱਠਾ ?
ਮਿਲਿਆ ਕੋਈ ਨਾ ਚਸ਼ਮਾ ਮਿੱਠਾ ?
ਜਿੱਥੇ ਬੈਠ ਥਕੇਵਾਂ ਲਹਿੰਦਾ,
ਔਂਦਾ ਕੋਈ ਸਰੂਰ,
ਰਾਹੀਆ ! ਤੇਰੀ ਮੰਜ਼ਿਲ ਹੈ ਕਿੰਨੀ ਦੂਰ ?

4. ਅਗਲਾ ਰਾਹ ਹੁਣ ਨਵਾਂ ਬਣਾ ਲੈ,
ਸਦ ਸਦ ਰਾਹੀ ਮੇਲਾ ਲਾ ਲੈ,
ਹਸਦਾ ਅਤੇ ਹਸਾਂਦਾ ਜਾਈਂ,
ਨਾਲਦਿਆਂ ਦਾ ਭਾਰ ਵੰਡਾਈਂ,
ਤੁਰਦਿਆਂ ਜੀ ਪਰਚਾਈ ਜਾਣਾ,
ਰਾਹੀਆਂ ਦਾ ਦਸਤੂਰ,
ਰਾਹੀਆ ! ਤੇਰੀ ਮੰਜ਼ਲ ਹੈ ਕਿੰਨੀ ਦੂਰ ?

ਬੇਅੰਤ

1. ਚੁਪ ਕਰ ਜਾ, ਤੇ ਨਾ ਕਰ ਟੋਹ ਇਸ ਦਿਲਅ ਦਰਯਾ ਦੀ,
ਜਿਸ ਦੇ ਅੰਦਰ, ਕਈ ਮੁਹਾਣੇ-ਡੁਬ ਡੁਬ ਮੋਏ।
ਲੱਖਾਂ ਬੇੜੇ, ਗਰਕ ਹੋਏ ਕੇ, ਫੇਰ ਨਾ ਉਭਰੇ।
ਕੋਈ ਨਾ ਜਾਣੇ, ਲਹਿਰਾਂ ਇਸ ਦੀਆਂ, ਝਿਲਮਿਲ ਕਰਦੀਆਂ,
ਕਿਸ ਸੂਰਜ ਦਾ ਚਾਨਣ ਲੈ ਕੇ, ਕਦ ਉਠੀਆਂ ਤੇ ਕਿਧਰੋਂ ਆਈਆਂ ?
ਕਿਸ ਪਾਸੇ ਵਲ ਗੇੜੇ ਖਾ ਖਾ, ਪਰਬਤ ਦੀਆਂ ਥਪੇੜਾਂ ਸਹਿ ਸਹਿ,
ਤੁਰੀਆਂ ਜਾਵਣ ਵਾਹੋ ਦਾਹੀ, ਕਦੇ ਹਨੇਰੇ, ਕਦੇ ਸਵੇਰੇ।

2. ਚੁਪ ਰਹੁ, ਇਹ ਬੇਥਾਹ[1] ਡੂੰਘਾਈ–ਤੇਰੇ ਪਾਸੋਂ ਮਿਣੀ ਨਾ ਜਾਸੀ।
ਲਭਣਾ ਈ ਤਾਂ ਅਰਬਾਂ ਖਰਬਾਂ ਲਹਿਰਾਂ ਵਿਚੋਂ,
ਇਕ ਦੁਹ ਦਾ ਝਲਕਾਰਾ ਚੁਣ ਲੈ, ਖੀਵਾ ਹੋ ਹੋ ਸੁਆਦ ਮਾਣ ਲੈ।
3. ਨਾਦੀ ਅਤੇ ਅਨੰਤ[2] ਏ ਲਹਿਰਾਂ, ਚਾਲ ਜਿਨ੍ਹਾਂ ਦੀ ਤਾਰਿਆਂ ਤੀਕਰ,
ਤਾਰਿਆਂ ਤੋਂ ਭੀ ਹੋਰ ਉਚੇਰੀ, ਮਿਣਦਾ ਮਿਣਦਾ ਘਾਬਰ ਜਾਸੇਂ।
4. ਏਥੇ ਈ ਬੈਠ, ਅਨੰਦ ਉਠਾ ਲੈ, ਜੋ ਬਣਦਾ ਈ ਸੋਈ ਬਣਾ ਲੈ।
ਜੀਵਨ ਕਰ ਲੈ ਆ ਸੁਖਾਲਾ, ਰੋਸ਼ਨ ਕਰ ਲੈ ਆਲਾ ਦੁਆਲਾ।
ਛਡ ਦੇ ਲੰਮੇ ਦਾਈਏ ਲਾਣੇ, ਲਹਿਰਾਂ ਵਾਲਾ ਆਪੇ ਜਾਣੇ।
ਜਿੱਧਰ ਚਾਹੇ ਚਲਾਈ ਜਾਵੇ, ਜੋ ਕੁਝ ਚਾਹੇ ਬਣਾਈ ਜਾਵੇ।*

ਜਿਉਂਦਾ ਰੱਬ

1. ਓ ਰਾਮ ਪਿਆਰੇ ! ਓ ਅੱਲਾ ਵਾਲੇ !
ਓ ਸਾਈਂ ਲੋਕਾ ! ਓ ਭੋਲੇ ਭਾਲੇ !
ਤੂੰ ਵਿਚ ਹਨੇਰੇ, ਕੀ ਖੂੰਜਾਂ ਫੋਲੇਂ ?
ਕੀ ਪਾਣੀ ਰਿੜਕੇਂ, ਤੇ ਮੱਖਣ ਟੋਲੇਂ ?
ਕੀ ਰਗੜ ਚਨਾਠੀ[3], ਪਿਆ ਤਿਲਕ ਲਗਾਵੇਂ ?
ਕਿਸ ਰੱਬ ਦੇ ਕੰਨਾਂ ਵਿਚ ਸੰਖ ਵਜਾਵੇਂ ?
ਭੁਗਤਾਵੇਂ ਲੇਖੇ ਕੀ ਫੜ ਫੜ ਮਾਲਾ ?
ਕੀ ਜੋਤ ਜਗਾ ਕੇ ਪਿਆ ਕਰੇਂ ਉਜਾਲਾ ?
ਤੂੰ ਰੱਬ ਨੂੰ ਭਾਲੇਂ ਕਿਉਂ ਵਿਚ ਹਨੇਰੇ ?
ਨਹੀਂ ਉਨ੍ਹ ਸੁਖਾਂਦੇ ਇਹ ਵਲਗਣ ਘੇਰੇ।
ਉਹ ਤੰਗ ਮਕਾਨੀਂ, ਨਹੀਂ ਲੁਕ ਲੁਕ ਬਹਿੰਦਾ,
ਕਲਬੂਤਾਂ ਅੰਦਰ, ਨਹੀਂ ਤੜਿਆ ਰਹਿੰਦਾ।
ਉਹ ਜੀਵੇ ਜਾਗੇ, ਤੇ ਹੱਸੇ ਗਾਵੇ,
ਵਿਚ ਖੁਲ੍ਹੇ ਮਦਾਨਾਂ ਦੇ ਰਾਸਾਂ ਪਾਵੇ।
ਆ ਬਾਹਰ ਚਲ ਕੇ ਇਕ ਝਾਤੀ ਪਾਈਏ,
ਇਸ ਜੀਉਂਦੇ ਰਬ ਦਾ ਅਣਦਾਜ਼ਾ[4] ਲਾਈਏ।
2. ਤਕ ਅਰਸ਼ੀ[5] ਤੰਬੂ, ਤੇ ਜੜੇ ਸਤਾਰੇ,
ਤਕ, ਤ੍ਰੇਲ ਉਤਰ ਕੇ, ਪਈ ਠੰਢ ਪਸਾਰੇ !

---

* ਭਾਵ ਇਹ ਕਿ ਵਧੇਰੇ ਵਿਦਿਆ ਨਾਲ ਭੀ ਮਨੁੱਖ ਨੂੰ ਸ਼ਾਂਤੀ ਨਹੀਂ ਮਿਲੀ।
1. ਜਿਸ ਦੀ ਥਾਹ ਨਾ ਪਾਈ ਜਾ ਸਕੇ। 2. ਆਦਿ ਦੇ ਅੰਤ ਤੋਂ ਬਗੈਰ। 3. ਚੰਦਨ ਦੀ ਲੱਕੜ ਦਾ ਟੁਕੜਾ।
4. ਅੰਦਾਜ਼ਾ, ਅਨੁਮਾਨ। 5. ਅਸਮਾਨੀ, ਅਕਾਸ਼ ਦਾ।

ਤਕ, ਭਿੰਨੀ ਭਿੰਨੀ ਵਾ ਪੈਲਾਂ ਪਾਂਦੀ,
ਤੇ ਸੁਤੀਆਂ ਕਲੀਆਂ ਨੂੰ ਝੂਣ ਜਗਾਂਦੀ
ਤਕ ਚੜ੍ਹਦੇ ਪਾਸੇ, ਪਹੁ ਫਟਦੀ ਲਾਲੀ,
ਰੱਬ ਹਸ ਹਸ ਇਸ ਵਿਚ ਪਿਆ ਦੇਇ ਦਿਖਾਲੀ।
ਇਕ ਟੰਗ ਸਹਾਰੇ, ਤਕ ਬਿਰਛ ਖਲੋਤੇ,
ਤਕ ਕੂਲੇ ਪੱਤਰ, ਕਿਆ ਨ੍ਹਾਤੇ ਧੋਤੇ !
ਫੁਲ ਰੰਗ ਬਰੰਗੇ ਤਕ ਖਿੜ ਖਿੜ ਹਸਦੇ !
ਤਕ ਫਲ ਤੇ ਮੇਵੇ, ਪਏ ਪਕਦੇ ਰਸਦੇ !
ਔਹ ਦੇਖ ਉਚੇਰੇ, ਕੀ ਪੰਛੀ ਗਾਂਦੇ ?
ਇਸ ਜੀਉਂਦੇ ਰੱਬ ਦੀ, ਪਏ ਸਿਫਤ ਸੁਣਾਂਦੇ !
ਇਹ ਓਸੇ ਰੱਬ ਨੇ– ਹੈ ਰੌਣਕ ਲਾਈ,
ਤੂੰ ਜਿਸ ਨੂੰ ਲਭਦਾ ਹੋ ਗਿਓਂ ਸ਼ੁਦਾਈ।
3. ਇਸ ਮੂੰਹ ਹਨੇਰੇ ਤਕ ਪਿੰਡ ਦੀਆਂ ਜੂਹਾਂ,
ਹਲ ਵਾਹੁਣ ਚਲੀਆਂ ਨੀਂ ਰੱਬ ਦੀਆਂ ਰੂਹਾਂ।
ਤਕ ਕਿਲ੍ਹਦੇ ਢੱਗੇ[1], ਭੁਇੰ ਧਸਦੇ ਫਾਲੇ,
ਤੇ ਸ਼ੇਰ ਖੁਦਾ ਦਾ ਪਿਆ ਚਰਬੀ ਢਾਲੇ।
ਇਹ ਵਾਹੇ ਬੀਜੇ, ਗਾਹ ਢੇਰ ਲਗਾਵੇ,
ਭਰ ਭਰ ਕੇ ਗੱਡੇ, ਸਭ ਸ਼ਹਿਰ ਪੁਚਾਵੇ।
ਇਹ ਲਹੂ ਚੂਆ ਕੇ, ਸਭ ਦੁਨੀਆਂ ਪਾਲੇ,
ਪੁਰ ਆਪ ਨਿਮਾਣਾ, ਨਿਤ ਜੱਫਰ ਜਾਲੇ[2]।
ਨਾ ਚਜ ਦਾ ਲੀੜਾ, ਨਾ ਚੱਜ ਦਾ ਖਾਣਾ,
ਪਰਭਾਤੇ ਜਾਣਾ, ਦਿਨ ਲੱਥੇ ਆਣਾ।
ਪਰ ਜਦ ਭੀ ਵੇਖੋ, ਇਹ ਹਸਦਾ ਗਾਂਦਾ,
ਨਹੀਂ ਝੋਰੇ ਝੁਰਦਾ, ਨਹੀਂ ਚਿੰਤਾ ਲਾਂਦਾ।
ਇਹ ਸਾਬਰ ਸੀਨਾ ਹੈ ਰੱਬ ਦਾ ਮੰਦਰ,
ਇਸ ਮੱਥੇ ਉੱਤੇ, ਇਸ ਦਿਲ ਦੇ ਅੰਦਰ,
ਰੱਬ ਮੂੰਹੋਂ ਬੋਲੇ ਤੇ ਖਿੜ ਖਿੜ ਹੱਸੇ।
ਸਚ ਮੁਚ ਦਾ ਜੀਉਂਦਾ ਰੱਬ ਏਥੇ ਵੱਸੇ।
4. ਆ, ਵੇਖਣ ਚਲੀਏ, ਕੁਝ ਹੋਰ ਅਗੇਰੇ,
ਔਹ ਛਪਰਾਂ ਛੰਨਾਂ ਵਿਚ ਵੇਖ ਪਥੇਰੇ !
ਕੋਈ ਕਹੀ ਚਲਾਵੇ, ਕੋਈ ਪਾਣੀ ਢੋਵੇ,
ਕੋਈ ਇੱਟਾਂ ਪੱਥੇ, ਕੋਈ ਮਿੱਟੀ ਗੋਵੇ।

1. ਜ਼ੋਰ ਲਾਉਂਦੇ ਬਲਦ। 2. ਔਖਿਆਈ ਕੱਟਣੀ।

ਸਭ ਜੋੜੀ ਜਾਂਦੇ, ਪਾਲਾਂ ਦੀਆਂ ਪਾਲਾਂ,
ਪਹੁ ਫੁਟੀਓਂ ਛੋਂਹਦੇ, ਪਾ ਦੇਣ ਤਿਕਾਲਾਂ।
ਏਹ ਮਹਿਲ-ਮੁਨਾਰੇ ਸਭ ਏਹੋ ਬਨਾਂਦੇ,
ਪਰ ਆਪ ਉਜਾੜਾਂ ਵਿਚ ਉਮਰ ਲੰਘਾਂਦੇ।
ਕਿਸਮੰਤ ਤੇ ਸ਼ਾਕਰ[1] ਰਖ ਸਿਦਕ ਸਬੂਰੀ,
ਖਾ ਰੁੱਖੀ ਮਿੱਸੀ, ਨਿਤ ਕਰਨ ਮਜੂਰੀ।
ਨਾ ਉਚੀਆਂ ਹਿਰਸਾਂ, ਨਾ ਗਿਲਹ ਗੁਜ਼ਾਰੀ,
ਨਾ ਪੇਂਚਾਪਾਚੀ, ਨਾ ਦੁਨੀਆਦਾਰੀ।
ਨਿਤ ਹਸਦੇ ਮੱਥੇ ਤੇ ਨੂਰ ਇਲਾਹੀ,
ਸੰਤੁਸ਼ਟ ਕਲੇਜਾ ਤੇ ਬੇਪਰਵਾਹੀ।
ਇਸ ਵਖਰੀ ਦੁਨੀਆਂ ਦਾ ਵੇਖ ਨਜ਼ਾਰਾ,
ਇਸ ਭੋਲੇ ਦਿਲ ਵਿਚ, ਰੱਬ ਲਿਆ ਉਤਾਰਾ।

5. ਆ ਉਰਲੇ ਪਾਸੇ, ਅਸਟੇਸ਼ਨ ਉੱਤੇ,
ਤਕ ਮਿਹਨਤ ਹੁੰਦੀ, ਗਰਮੀ ਦੀ ਰੁੱਤੇ।
ਔਹ ਤਕ ਦੋ ਗਾਡੀ ਪਏ ਬਿੱਦਾਂ[2] ਢੋਂਦੇ,
ਤਕ ਚਰਬੀ ਢਲਦੀ ਤੇ ਮੁੜ੍ਹਕੇ ਚੋਂਦੇ।
ਏਹ ਲੱਠੇ ਖਾਸੇ ਤੇ ਗਰੀ ਛੁਹਾਰੇ,
ਸਭ ਲੋਕਾਂ ਜੋਗੇ ਪਏ ਢੋਣ ਵਿਚਾਰੇ।
ਏਹ ਲਿਆ ਸਕਦੇ ਨੇਂ, ਪਰ ਪਾ ਨਹੀਂ ਸਕਦੇ,
ਏਹ ਛੁਹ ਸਕਦੇ ਨੇਂ, ਪਰ ਖਾ ਨਹੀਂ ਸਕਦੇ।
ਨਹੀਂ ਚੀਜ਼ ਅਮਾਨਤ ਵਲ ਧਿਆਨ ਇਨ੍ਹਾਂ ਦਾ,
ਵਿਚਕਾਰ ਖਲੋਤਾ ਈਮਾਨ ਇਨ੍ਹਾਂ ਦਾ।
ਜੇ ਪੌਲੇ ਧੇਲੀ[3] ਦੀ ਕਾਰ ਕਰਨਗੇ।
ਉਹ ਹੱਕ-ਹਲਾਲੀ ਖਾ ਪੇਟ ਭਰਨਗੇ।
ਜਦ ਬਾਲ ਬੱਚੇ ਨੂੰ ਆ ਛਾਤੀ ਲਾਂਦੇ,
ਸਭ ਫੱਟ ਥਕੇਵੇਂ ਦੇ ਸੀਤੇ ਜਾਂਦੇ।
ਨੈਣਾਂ ਵਿਚ ਲਿਸ਼ਕਣ ਨੂਰਾਨੀ ਤਾਰੇ,
ਮਥਿਆਂ ਤੇ ਖੇੜਾ ਪਿਆ ਜਿੰਦਾਂ ਠਾਰੇ।
ਇਸ ਕੁੱਲੇ ਅੰਦਰ ਰੱਬ ਨੱਠਾ ਆਵੇ,
ਦਿਲਬਰੀਆਂ ਦੇਵੇ ਤੇ ਦਰਦ ਵੰਡਾਵੇ।
ਇਸ ਜੀਉਂਦੇ ਰੱਬ ਨੂੰ ਕੋਈ ਜੀਉਂਦਾ ਤੱਕੇ,
ਪਰ ਮੋਏ ਮਨਾਂ ਨੂੰ ਇਹ ਪੋਹ ਨ ਸੱਕੇ।

---

1. ਸੰਤੁਸ਼ਟ। 2. ਗੰਢਾਂ। 3. ਹੁਣ ਦੇ 25 ਤੇ 50 ਪੈਸੇ ਦੇ ਬਰਾਬਰ ਸਿੱਕੇ ਚੁਆਨੀ (ਅਠਿਆਨੀ)।

6. ਤੂੰ ਮੋਏ ਰੱਬ ਦੇ ਪਿਆ ਮੂੰਹ ਵੱਲ ਤੱਕੇਂ।
ਪਰ ਜੀਉਂਦੇ ਰੱਬ ਨੂੰ ਪਰਚਾਇ ਨ ਸੱਕੇਂ।
ਆ ਇਨ੍ਹਾਂ ਗਰੀਬਾਂ ਦਾ ਰੱਬ ਧਿਆਈਏ,
ਕੁਝ ਪੂਜਾ ਕਰੀਏ ਕੋਈ ਭੇਟ ਚੜ੍ਹਾਈਏ।
ਨਾਸੂਰ[1] ਇਨ੍ਹਾਂ ਦੇ ਕੁਝ ਪਾ ਕੇ ਭਰੀਏ,
ਇਹ ਔਖੀ ਘਾਟੀ ਕੁਝ ਹੌਲੀ ਕਰੀਏ।
ਜੇ ਆਸੇ ਪਾਸੇ ਦੀ ਅੱਗ ਨਾ ਬੁੱਝੀ,
ਸਾੜੇਗੀ ਸਾਨੂੰ ਭੀ ਗਰਮੀ ਗੁੱਝੀ।
ਜਦ ਤੀਕ ਚੁਫੇਰੇ ਦੀ ਵਾ ਨਹੀਂ ਠਰਦੀ,
ਨਹੀਂ ਸੀਤਲ ਹੋਣੀ ਵਾ ਤੇਰੇ ਘਰ ਦੀ।
ਤੂੰ ਚੌੜਾ ਹੋ ਜਾ, ਰੱਬ ਚੌੜੇ ਅੱਗੇ,
ਤਾਂ ਮਿੱਠੀ ਮਿੱਠੀ ਇਹ ਦੁਨੀਆਂ ਲੱਗੇ।

ਦੋਹੜਾ

ਜਿਉਂ ਜਿਉਂ
ਸਬਕ ਪੜ੍ਹਾਵੇਂ
ਮੁੱਲਾਂ !
(ਸਾਨੂੰ) ਪਿਛਲਾ ਭੁਲਦਾ ਜਾਵੇ।
ਚੜ੍ਹਿਆਂ ਸਾਣ
ਅਕਲ ਹੋਈ ਖੁੰਢੀ
(ਸਾਨੂੰ) ਭਰਮਾਂ ਦੇ ਵਿਚ ਪਾਵੇ।
ਕਿਉਂ ਨਹੀਂ
ਇਕੋ ਅਲਫ ਰਟਾਂਦਾ,
(ਜਿਨੂੰ) ਸਾਰੀ ਦੁਨੀਆਂ ਵਾਚੇ,
ਨਵੀਆਂ ਨਵੀਆਂ
ਵੇਖ ਕਿਤਾਬਾਂ,
(ਮਤੇ) ਇਕ ਵੀ ਹੱਥ ਨਾ ਆਵੇ।

ਅਰਦਾਸ

1. ਨੂਰ ਦੇ ਭੰਡਾਰੇ !
ਸੁਖ–ਸ਼ਾਨਤੀ ਦੇ ਦੁਆਰੇ, ਪ੍ਰਭੋ !

---
1. ਹੱਡੀ ਦਾ ਫੋੜਾ, ਜ਼ਖਮ, ਘਾਉ।

ਮਹਿਕ ਵਾਂਗ, ਸਾਰੇ ਦਿਲਾਂ ਅੰਦਰ ਸਮਾਏ ਹੋਏ !
ਨੇਕੀਆਂ ਦੇ ਦਾਤੇ !
ਅਸਾਂ ਸਾਰਿਆਂ ਦੇ ਸਾਂਝੇ ਪਿਤਾ !
ਕਾਉਂ ਅਤੇ ਹੰਸ, ਦੋਵੇਂ ਤੇਰੇ ਨੇ ਬਣਾਏ ਹੋਏ।
ਪਿਆਰ ਤੇਰਾ ਰਾਉ ਅਤੇ ਰੰਕ ਨਾਲ ਇਕੋ ਜਿਹਾ,
ਊਚ ਨੀਚ ਵਾਸਤੇ ਤੂੰ ਡੌਲੇ ਨੇ ਫੈਲਾਏ ਹੋਏ।
ਢੱਕ ਲਵੇਂ, ਬਖਸ਼ ਵਾਲੇ ਹੱਥਾਂ ਹੇਠ, ਸਾਰਿਆਂ ਨੂੰ,
ਠਾਰ ਦੇਵੇਂ ਸੀਨੇ, ਤੂੰ ਕੁਰਾਂਹਾਂ[1] ਵੱਲ ਆਏ ਹੋਏ।

2. ਪਿਆਰੇ ਪਿਤਾ !
ਸਾਰੇ ਤੇਰੇ ਬੱਚਿਆਂ ਦੇ ਦਿਲਾਂ ਉੱਤੇ,
ਬਰਕਤਾਂ ਦੀ ਬਾਰਸ਼ ਤੇ ਪ੍ਰੇਮ ਦਾ ਉਤਾਰਾ ਹੋਵੇ,
ਸ਼ਾਨਤੀ ਦਾ ਰਾਜ ਹੋਵੇ,
ਸੀਤਲ ਸਮਾਜ ਹੋਵੇ,
ਨੇਕੀ ਤੇ ਪਿਆਰ ਦਾ ਜਹਾਨ ਤੇ ਪਸਾਰਾ ਹੋਵੇ,
ਚਾਨਣੇ ਹੋ ਜਾਣ ਦਿਲ,
ਜਾਗ ਉਠੇ ਭਾਈਬੰਦੀ,
ਦੇ ਰਿਹਾ ਉਛਾਲੇ, ਮੇਲ ਗੇਲ ਦਾ ਫੁਹਾਰਾ ਹੋਵੇ,
ਬੰਦੇ ਅਸੀਂ ਤੇਰੇ,
ਆਗਜਾਕਾਰ ਬਾਲ ਬਣੇ ਰਹੀਏ,
ਸਾਰਿਆਂ ਨੂੰ—
ਤੇਰੇ ਹੀ ਦੁਆਰਾ ਦਾ ਸਹਾਰਾ ਹੋਵੇ।

ਬੇਨਤੀ

(ਗ਼ਜ਼ਲ ਕੱਵਾਲੀ)

ਮੇਰੇ ਕਾਇਨਾਤ[2] ਦੇ ਮਾਲਿਕਾ !
ਮੇਰੇ ਮਨ ਦੀ ਮੈਲ ਉਤਾਰ ਦੇ,
ਕੋਈ ਪਾ ਕੇ ਨੀਝ ਮਿਹਰ ਭਰੀ,
ਮੇਰੀ ਵਿਗੜੀ ਪੈਜ[3] ਸੁਆਰ ਦੇ।

1. ਮੇਰੇ ਸਾਜ਼ ਦੀ ਹੈਂ ਸਦਾ ਤੂੰਹੇਂ,
ਮੇਰੇ ਦਰਦ ਦੀ ਹੈਂ ਦਵਾ ਤੂੰਹੇਂ,

---

1. ਗਲਤ ਰਸਤਿਆਂ। 2. ਸ੍ਰਿਸ਼ਟੀ। 3. ਇੱਜਤ, ਪੱਤ।

ਤੂੰਹੇਂ ਲਾਈ, ਆ ਕੇ ਬੁਝਾ ਤੂੰਹੇਂ,
ਮੇਰੇ ਤਪਦੇ ਸੀਨੇ ਨੂੰ ਠਾਰ ਦੇ।

2. ਮੇਰੀ ਹਰ ਗਈ ਤਾਂ ਤੂੰਹੇਂ ਜਿਤਾ,
ਮੇਰੀ ਰੁੜ੍ਹ ਗਈ ਤਾਂ ਤੂੰਹੇਂ ਬਚਾ,
ਜਿਵੇਂ ਬਣਦਾ ਈ, ਮੇਰੀ ਕੁਝ ਬਣਾ,
ਮੇਰੇ ਡਿਗਦੇ ਦਿਲ ਨੂੰ ਉਸਾਰ ਦੇ।

3. ਤੂੰ ਬਿਸੁਰਤ ਸੁਰਤ ਜਗਾ ਮੇਰੀ,
ਤੂੰ ਹਿਲਾ ਕੇ, ਤਰਬ ਬੁਲਾ ਮੇਰੀ,
ਨਿਗਹ ਪਾ ਕੇ, ਕਰ ਦੇ ਜਿਲਾ[1] ਮੇਰੀ,
ਕੋਈ ਹੋਸ਼ ਵਾਲਾ ਖੁਮਾਰ ਦੇ।

4. ਮੇਰਾ ਘਰ ਨਹੀਂ, ਮੇਰਾ ਦਰ ਨਹੀਂ।
ਮੇਰਾ ਕੁਝ ਨਹੀਂ, ਕੋਈ ਡਰ ਨਹੀਂ,
ਮੇਰਾ ਤੂੰ ਤੇ ਹੈਂ, ਤੇਰਾ ਫ਼ਜ਼ਲ[2] ਹੈ,
ਮੈਨੂੰ ਬਸ ਨੇਂ ਤਕਵੇ[3] ਪਿਆਰ ਦੇ।

5. ਜੇ ਮੈਂ ਤਰ ਗਿਆ, ਤਾਂ ਭੀ ਖੈਰ ਹੈ,
ਜੇ ਮੈਂ ਹਰ ਗਿਆ, ਤਾਂ ਭੀ ਖੈਰ ਹੈ,
ਤੂੰ ਜਨਾਬ ਆਪਣੀ ਦੀ ਸੋਚ ਲੈ,
ਕੋਈ ਦੂਤੀ ਲੋਹੜ ਨਾ ਮਾਰ ਦੇ।

6. ਮੈਨੂੰ ਯਾਦ ਹੈਂ, ਮੇਰੇ ਪਾਸ ਹੈਂ,
ਮੇਰਾ ਜਿਸਮ ਹੈਂ, ਮੇਰੇ ਸਾਸ ਹੈਂ,
ਮੇਰੇ ਦੀਦਿਆਂ ਦਾ ਕਸੂਰ ਹੈ,
ਕੋਈ ਦਾਰੂ ਦੇ ਕੇ ਨਿਖਾਰ ਦੇ।

7. ਤੂੰਹੇਂ ਮਸਜਿਦੀ[4], ਤੂੰਹੇਂ ਮੰਦਿਰੀਂ,
ਤੂੰਹੇਂ ਜੰਗਲੀਂ, ਤੂੰਹੇਂ ਅੰਦਰੀਂ
ਜਿਨ੍ਹੇ ਜਿਸ ਜਗਹ ਭੀ ਪੁਕਾਰਿਆ,
ਬੂਹੇ ਖੁਲ੍ਹ ਗਏ ਤੇਰੇ ਪਿਆਰ ਦੇ।

8. ਤੇਰੇ ਰੰਗ ਝਲਕਦੇ ਥਾਂ-ਬ-ਥਾਂ[5],
ਕੋਈ ਫੂਲ ਨਹੀਂ ਤੇਰੀ ਬੂ[6] ਬਿਨਾਂ,
ਜਿਹੜਾ ਪਰਦਾ ਪਰਤ ਕੇ ਵੇਖਿਆ,
ਮਿਲੇ ਨਕਸ਼[7] ਤੇਰੀ ਨੁਹਾਰ[8] ਦੇ।

---

1. ਮੈਲ ਸਾਫ ਕਰਨਾ। 2. ਮੇਹਰ। 3. ਆਸਰੇ। 4. ਮਸੀਤਾਂ ਵਿਚ। 5. ਹਰ ਥਾਂ। 6. ਸੁਗੰਧੀ। 7. ਚਿਹਨ ਚੱਕਰ। 8. ਸ਼ਕਲ, ਸੂਰਤ।

ਮੈਂ ਤੇਰੀਆਂ ਅੱਖੀਆਂ ਦਾ ਨੂਰ
(ਕਾਫ਼ੀ)

ਐਡੇ ਪਿਉ ਦਾ ਪੁੱਤਰ ਹੋ ਕੇ,
ਕਿਉਂ ਨਾ ਚੜ੍ਹਿਆ ਰਹੇ ਸਰੂਰ,
ਮੈਂ ਤੇਰੀਆਂ ਅੱਖੀਆਂ ਦਾ ਨੂਰ,

1. ਤੂੰਹੇਂ ਮੇਰਾ ਵਜੂਦ ਬਣਾਇਆ,
ਤੇਰਾ ਈ ਘੱਲਿਆ ਏਥੇ ਆਇਆ,
ਤੇਰੇ ਈ ਸਿਰ ਤੇ, ਰਾਜ ਕਮਾਇਆ,
ਇਸੇ ਮਾਣ ਤੇ ਹਾਂ ਮਗਰੂਰ[1]।
ਮੈਂ ਤੇਰੀਆਂ ਅੱਖੀਆਂ ਦਾ ਨੂਰ।

2. ਤੂੰ ਪੰਰਬਤ, ਮੈਂ ਕਿਣਕਾ ਤੇਰਾ,
ਤੈਥੋਂ ਵਖਰਾ ਕੀ ਹੈ ਮੇਰਾ ?
ਮੈਂ ਨਿਕੜਾ, ਤੂੰ ਬਹੁਤ ਵਡੇਰਾ,
ਹਰ ਥਾਂ ਅੰਦਰ ਤੂੰ ਭਰਪੂਰ।
ਮੈਂ ਤੇਰੀਆਂ ਅੱਖੀਆਂ ਦਾ ਨੂਰ।

3. ਮੈਂ ਅਸਰਾਰ[2] ਤੇਰੇ ਕੀ ਜਾਣਾਂ।
ਤੇਰਾ ਈ ਪੇਟਾ, ਤੇਰਾ ਈ ਤਾਣਾ।
ਤੈਨੂੰ ਈ ਸ਼ਰਮਾਂ, ਤੂੰਹੇਂ ਪੁਚਾਣਾ,
ਮੰਜ਼ਲ ਹੈ ਭਾਵੇਂ ਕਿੰਨੀ ਦੂਰ,
ਮੈਂ ਤੇਰੀਆਂ ਅੱਖੀਆਂ ਦਾ ਨੂਰ।

4. ਤੇਰੇ ਈ ਹਥ ਨੇਂ ਕੁੰਜੀਆਂ ਜੰਦਰੇ,
ਜ਼ਾਹਰ ਹੋ, ਯਾ ਲੁਕ ਰਹੁ ਅੰਦਰੇ,
ਖ਼ੂਨ ਤੇਰਾ ਜਿਸ ਦਿਨ ਵੀ ਪੰਘਰੇ,
ਪੁਜਣਾ ਏ ਤੇਰੇ ਕੋਲ ਜ਼ਰੂਰ,
ਮੈਂ ਤੇਰੀਆਂ ਅੱਖੀਆਂ ਦਾ ਨੂਰ।

5. ਮੈਂ ਫਿਰਾਂ ਲੱਭਦਾ, ਤੂੰ ਫਿਰੇਂ ਲੁਕਦਾ,
ਲਹੂ ਮੇਰਾ ਹਰ ਦਮ ਰਹੇ ਸੁੱਕਦਾ,
ਇਹ ਮਿਹਣਾ ਤੈਨੂੰ ਨਹੀਂ ਢੁੱਕਦਾ,
ਮੈਨੂੰ ਵੀ ਇਹ ਗੱਲ ਨਹੀਂ ਮਨਜ਼ੂਰ,
ਮੈਂ ਤੇਰੀਆਂ ਅੱਖੀਆਂ ਦਾ ਨੂਰ।

6. ਹੋ ਕੇ ਤੇਰੇ ਹਥ ਦਾ ਘੜਿਆ,
ਜੇ ਮੈਂ ਗਲਤੀਆਂ ਵਿਚ ਜਾ ਵੜਿਆ,
ਮੈਂ ਕੱਲਿਆਂ ਨਹੀਂ ਜਾਣਾ ਫੜਿਆ,

---
1. ਹੰਕਾਰੀ। 2. ਭੇਦ।

ਦੋਵੇਂ ਈ ਹੋਵਾਂਗੇ, ਮਸ਼ਹੂਰ[1],
ਮੈਂ ਤੇਰੀਆਂ ਅੱਖੀਆਂ ਦਾ ਨੂਰ।

7. ਜੇ ਮੈਂ ਹੋ ਗਿਆ ਅੰਨ੍ਹਾ ਕਾਣਾ,
ਤੂੰ ਮੈਨੂੰ, ਸੁੱਟ ਤੇ ਨਹੀਂ ਪਾਣਾ,
ਤੈਨੂੰ ਈ, ਪੈ ਜਾਣਾ ਏ ਗੱਲ ਲਾਣਾ,
ਵੱਡਿਆਂ ਦਾ ਏਹੋ ਦਸਤੂਰ।
ਮੈਂ ਤੇਰੀਆਂ ਅੱਖੀਆਂ ਦਾ ਨੂਰ।

8. ਜੇ ਤੂੰ ਰਿਹੋਂ ਤਮਾਸ਼ੇ ਤੱਕਦਾ,
ਆਖਣ ਨੂੰ ਤੇ ਜੀ ਹੈ ਝੱਕਦਾ,
ਪਰ ਮੂੰਹ ਚੰਦਰਾ, ਰਹਿ ਨਹੀਂ ਸੱਕਦਾ,
ਕਦ ਤਕ ਮਚਿਆ ਰਹੂ ਫ਼ਤੂਰ[2],
ਮੈਂ ਤੇਰੀ ਅੱਖੀਆਂ ਦਾ ਨੂਰ।

9. ਜੇ ਤੂੰ ਸਦਾ ਲੁਕੇ ਹੀ ਰਹਿਣਾ,
ਮੈਂ ਫਿਰ ਵੀ ਮੁੱਕਰ ਨਹੀਂ ਪੈਣਾ,
ਲੜ ਉਡੀਕ ਦਾ, ਛਡ ਨਹੀਂ ਬਹਿਣਾ,
ਜਦ ਚਾਹੇਂਗਾ ਕਰੀਂ ਜ਼ਹੂਰ[3],
ਮੈਂ ਤੇਰੀਆਂ ਅੱਖੀਆਂ ਦਾ ਨੂਰ।

ਨੀਤਿ ਬਚਨ

1. ਭਾਈ ਭਾਈ ਦੇ ਵਿਚ ਜੁਦਾਈ ਦੇਖੀ,
ਤੀਵੀਂ ਭਰਤੇ ਦੇ ਵਿਚ ਲੜਾਈ ਦੇਖੀ,
ਚਾਰ ਦਿਨ ਜ਼ਿੰਦਗੀ ਦੀ ਖਾਤਰ ਚਾਤ੍ਰਿਕ,
ਮਰਦੀ ਖਹਿ ਖਹਿ ਕੇ ਲੁਕਾਈ ਦੇਖੀ।

2. ਦਯਾ ਨਾ ਪਾਲੀ ਤਾਂ ਉਹ ਅਮੀਰੀ ਕਾਹਦੀ ?
ਮਨ ਨਾ ਮੋਇਆ ਤਾਂ ਉਹ ਫਕੀਰੀ ਕਾਹਦੀ ?
ਸ਼ਾਹੀ ਗਰੀਬੀ ਤਾਂ ਮਿਲੇ ਘਰ ਘਰ ਚਾਤ੍ਰਿਕ,
ਅਮੀਰ ਅਰ ਫਕੀਰ ਵਿਚ ਹੈ ਪੀਰੀ[4] ਕਾਹਦੀ ?

3. ਖੋਤਾ ਰੂੜੀ ਤੋਂ ਪੇਟ ਆਪਣਾ ਭਰ ਲੈਂਦਾ ਹੈ,
ਕੁੱਤਾ ਬੈਠਣ ਨੂੰ ਜਗਾਹ ਸਾਫ ਤਾਂ ਕਰ ਲੈਂਦਾ ਹੈ,
ਜਗ ਨੂੰ ਅਪਸ੍ਵਾਰਥੀ[5] ਦਾ ਕੀ ਸੁਖ ਚਾਤ੍ਰਿਕ ?
ਆਦਮੀ ਉਹ ਹੈ ਜੋ ਦੂਜੇ ਦੀ ਖਬਰ ਲੈਂਦਾ ਹੈ।

4. ਤੀਰਥ ਬ੍ਰਤ ਕੀਤੇ ਸਭੇ, ਪੂਜੇ ਦੇਵੀ ਦੇਵ,
ਚਾਤ੍ਰਿਕ ਸਭੀ ਅਕਾਰਥੇ[6] ਜਿ ਮਾਪੇ ਸਕੇ ਨ ਸੇਵ।

---

1. ਭਾਵ ਬਦਨਾਮ। 2. ਗੜਬੜ। 3. ਪ੍ਰਗਟਾਅ। 4. ਬਜ਼ੁਰਗੀ, ਵਡਿੱਤਣ। 5. ਖ਼ੁਦਗਰਜ। 6. ਵਿਅਰਥ।

ਰੁਬਾਈਆਂ*

(1) ਪ੍ਰੇਮ ਰਸ

ਤੂੰ ਪਯਾਰਾ, ਤੂੰ ਸੁਹਲ, ਸਜੀਲਾ, ਤੂੰ ਸੀਤਲ ਤੂੰ ਮਿੱਠਾ,
ਸੁੰਦਰ, ਸੁਬਕ, ਸਰੂਰੀ ਸੂਖਮ, ਤੇਰੇ ਜਿਹਾ ਨਾ ਡਿੱਠਾ,
ਰੰਗਤ, ਮਹਿਕ, ਖਿੜਾਉ ਤੇਰੇ ਦਾ, ਚਰਚਾ ਹੋਇ ਚੁਫੇਰੇ,
ਰਾਗ, ਤਰਾਨੇ ਤਰਬਾਂ ਵਾਚਣ, ਚਸਕ ਤੇਰੀ ਦਾ ਚਿੱਠਾ।

(2) ਰੂਪ

ਰੱਬੀ ਰਿਸ਼ਮ[1] ! ਰਸਾਲ[2] ! ਰੰਗੀਲੇ ! ਰਾਜੇ ਪ੍ਰੇਮ-ਨਗਰ ਦੇ !
ਜਿੱਤੇਂ ਜਗਤ ਬਿਨਾਂ ਤਲਵਾਰੋਂ ਸ਼ਾਬਾ ਜਾਦੂਗਰ ਦੇ !
ਕਟਕ ਦਿਲਾਂ ਦੇ ਕੋਹੀ ਜਾਂਦੇ, ਤੀਰ ਤੇਰੇ ਅਣੀਆਲੇ[3],
ਦੌਲਤ, ਇਲਮ, ਹਕੂਮਤ, ਤਾਕਤ, ਤੇਰਾ ਪਾਣੀ ਭਰਦੇ।

(3) ਦਯਾ

ਰੱਬੀ ਸਿਫਤ, ਰਹਿਮ ਦੇ ਚਸ਼ਮੇ ! ਵਾਹ ਤੇਰੀ ਵਡਿਆਈ,
ਜੱਗ, ਹੋਮ, ਇਸ਼ਨਾਨ, ਧਯਾਨ ਨੇ ਓੜਕ ਤੈਥੋਂ ਪਾਈ।
ਖੋਟੇ, ਖਰੇ ਖਰੂਦੀ, ਖਲ ਨੂੰ ਬਖਸ਼ਸ਼ ਦੇ ਦਰ ਖੋਲ੍ਹੇਂ,
ਕਰਮ ਧਰਮ ਸਭ ਥੋਥੇ ਧਾਈਂ, ਦਯਾ ਨਾ ਜਿਸ ਮਨ ਆਈ।

(4) ਸੰਤੋਸ਼

ਠੰਢਾ, ਸੀਰਾ, ਧਰਮੀ, ਧੀਰਾ, ਤੂੰ ਹੈਂ ਗਹਿਰ ਗੰਭੀਰਾ !
ਸਬਰ ਸ਼ੁਕਰ ਵਿਚ ਮਸਤ ਬਿਰਾਜੇਂ, ਦੰਮਾਂ ਬਾਝ ਅਮੀਰਾਂ !
ਜਿਸ ਦਿਲ ਦੇ ਵਿਚ ਦੌਲਤ ਤੇਰੀ, ਉਸ ਨੂੰ ਪੀੜ ਨਾ ਪੋਹੇ,
ਸੜਨ ਕੁੜ੍ਹਨ ਤੋਂ ਇੱਕਲਵਾਂਜੇ[4] ਵੱਸੇਂ ਸ਼ਾਂਤ-ਸਰੀਰਾ !

---

* ਰੁਬਾਈ ਜਾਂ ਤੁਰਿਆਈ ਇਕ ਕਾਵਿ ਭੇਦ ਜਿਸ ਵਿਚ ਤੀਜੀ ਤੁਕ ਦਾ ਅੰਤ ਬਾਕੀ ਸਤਰਾਂ ਨਾਲ ਨਹੀਂ ਰਲਾਈਦਾ ਤੇ ਚਾਰ ਸਤਰਾਂ ਵਿਚ ਪੂਰਾ ਵਿਚਾਰ ਹੁੰਦਾ ਹੈ।

1. ਕਿਰਨ। 2. ਰਸ ਭਰੇ। 3. ਤਿੱਖੇ, ਅਣੀਆਂ ਵਾਲੇ। 4. ਵੱਖ, ਅਭਿੱਜ।

(5) ਸੱਚਾਈ

ਗੁਣ ਮਨੁੱਖ ਦੇ ਖਹਿਣ ਲਗੇ, ਕਰ ਕਰ ਆਪਣੀ ਵਡਿਆਈ,
ਕੋਈ ਨਿੰਦੇ ਕੋਈ ਸਲਾਹੇ, ਥਹੁ ਸਿਰ ਗੱਲ ਨਾ ਆਈ।
ਸਮਝਾਇਆ ਇਕ ਦਾਨੇ ਕੋਲੋਂ ਬੀਬੇ ਲੋਕ ਨਾ ਲੜਦੇ,
ਥਾਓਂ ਥਾਈਂ ਸਾਰੇ ਚੰਗੇ, ਸਭ ਤੋਂ ਖਰੀ ਸਚਾਈ।

(6) ਖਿਮਾ

ਦਯਾ ਬੜਾ ਤਪ ਹੈ, ਪਰ ਓੜਕ, ਮਾੜੇ ਪਰ ਹੀ ਆਵੇ,
ਜ਼ਾਲਿਮ ਮੂਜ਼ੀ[1] ਪਰ ਪਸੀਜ ਕੇ ਖਿਮਾ ਅਗ੍ਹਾਂ ਵਧ ਜਾਵੇ।
ਕਰੇ ਸੁ ਭਰੇ ਸਚਾਈ ਚਾਹੇ, ਖਿਮਾ ਨਾ ਇਹ ਭੀ ਮੰਗੇ,
ਖਿਮਾ "ਸਚਾਈ", "ਦਯਾ" ਦੁਹਾਂ ਤੋਂ ਉੱਚਾ ਤਜਾਗ ਸਿਖਾਵੇ।

(7) ਨਿਮ੍ਰਤਾ

ਟਿੱਬੇ ਨੇ ਟੋਏ ਨੂੰ ਪੁੱਛਿਆ ਤੂੰ ਕੀ ਕਰਮ ਕਮਾਏ ?
ਝਾਬਾ[2] ਵੱਜੇ ਮੇਰੇ ਸਿਰ ਤੇ, ਪਾਣੀ ਤੁਧ ਵਲ ਜਾਏ।
ਉੱਤਰ ਮਿਲਿਆ, ਨੀਵੇਂ ਹੋਇਆਂ, ਰਹੀਏ ਬੜੇ ਸੁਖਾਲੇ,
ਰੁੱਖ ਹਨੇਰੀ ਡੇਗੀ ਜਾਏ, ਘਾਹ ਅਨੰਦ ਮਨਾਏ।

(8) ਸ਼ਾਨਤੀ

ਗ੍ਰਸਥੀ ਪੁੱਛੇ ਸਾਧ ਨੂੰ, ਤੂੰ ਸੀਤਲ ਕਿਉਂ ਮੈਂ ਸੜਦਾ ?
ਓਸ ਕਿਹਾ-ਮੈਂ ਨੂੰ ਛੱਡਾਂ, ਤੂੰ ਹੈਂ ਉਸ ਨੂੰ ਫੜਦਾ।
ਰੱਬੀ ਦਾਤਾਂ ਲੈ ਲੈ ਤੈਨੂੰ ਸਬਰ ਸ਼ੁਕਰ ਨਾ ਫੁਰਦਾ,
ਮੈਂ ਖੰਨੀ[3] ਖਾ ਖੀਵਾ ਹੋਵਾਂ, ਦਾਤੇ ਨਾਲ ਨਾ ਲੜਦਾ।

(9) ਕਨਾਇਤ (ਸੰਤੋਸ਼)

ਦੌਲਤ ਦੇ ਦਰਯਾ ਵਿਚ, ਜੀਆ ! ਕ੍ਯੋਂ ਕ੍ਯੋਂ ਗੋਤੇ ਖਾਵੇਂ,
ਕੀੜੇ ਵਾਂਗਰ ਭਾਂਬੜ ਦੇ ਵਲ ਭਜ ਭਜ ਜਾਨ ਗੁਆਵੇਂ।
ਮੇਵੇਦਾਰ ਦਰਖਤ "ਕਨਾਇਤ"[4] ਲਹਿ ਲਹਿ ਕਰੇ ਕਿਨਾਰੇ,
ਫਿਕਰਾਂ ਦੀਆਂ ਛੱਲਾਂ ਤੋਂ ਬਚ ਕੇ, ਬਹਿ ਜਾ ਇਸ ਦੀ ਛਾਵੇਂ।

1. ਪਾਪੀ, ਦੁੱਖਦਾਈ। 2. ਕੁਟਾਈ, ਮੀਂਹ ਦੀ ਵਾਛੜ। 3. ਅੱਧੀ ਰੋਟੀ। 4. ਸਬਰ, ਸੰਤੋਖ।

(10) ਧਰਮ

ਮੁੜ ਮੁੜ ਡੰਗ ਚਲਾਵੇ ਠੂਹਾਂ, ਸਾਧੂ ਫੇਰ ਬਚਾਵੇ,
ਕਿਸੇ ਕਿਹਾ; ਤੂੰ ਪਾਗਲ ਹੈਂ ? ਇਹ ਬਾਜ਼ ਕਦੇ ਨਾ ਆਵੇ।'
ਉੱਤਰ ਦਿਤਾ, 'ਆਪਣਾ ਆਪਣਾ ਧਰਮ ਸਭਸ ਨੂੰ ਪਜਾਰਾ,
ਉਸ ਦਾ ਧਰਮ ਦੁਖਾਣਾ ਹੈ, ਅਰ ਮੇਰਾ ਦਯਾ ਸਿਖਾਵੇ।'

(11) ਦਾਨ

ਝੁਰਦਾ ਸੀ ਇਕ ਚੁੰਚ ਗਿਆਨੀ, ਮੰਦਰ ਕੋਲ ਚੁਚਿੱਤਾ,
ਪੜੇ ਪਾਠ ਕੁਝ ਠੰਢ ਨਾ ਪਾਈ, ਕੀ ਕਰੀਏ ਹੁਣ ਕਿੱਤਾ ?
ਕੋਲ ਖੜੇ ਕਿਰਸਾਣ ਕਿਹਾ :- ਇਹ ਕਹਿਬਤ[1] ਯਾਦ ਨਾਂ ਤੈਨੂੰ ?
'ਖਾਧੇ ਨਾਲੋਂ ਪੈਧਾ[2] ਚੰਗਾ, ਪੈਧੇ ਨਾਲੋਂ ਦਿਤਾ।'

(12) ਸਹੋਦਰਤਾ

ਨੀਵੇਂ ਨਾਲ ਨਿਗਾਹ ਨਾ ਮੇਲੇਂ, ਹੈਂਕੜ ਦੇ ਹੰਕਾਰੇ !
ਕੋਇਲ, ਕਾਉਂ, ਫੁੱਲ ਤੇ ਕੰਡੇ, ਇਕੋ ਅੱਖ ਦੇ ਤਾਰੇ !
ਗਲ ਲਵੇਂ, ਜੇ ਗਲ ਨਾ ਘੁੱਟੇਂ, ਉਪਜੇ ਸੁਆਦ ਇਲਾਹੀ,
ਖੱਟੇ ਮਿੱਠੇ ਪਿਉਂਦਾ ਲਗ ਲਗ ਹੋਣ ਸੰਗ-ਤਰੇ ਸਾਰੇ।

(13) ਸਲੂਕ (ਏਕਾ)

ਇੱਕ ਦੂਏ ਦੀ ਹੇਠੀ ਕਰ ਕਰ, ਦੋ ਅਹਿਮਦ[3] ਜਦ ਹੱਸੇ,
ਮੈਂ ਪੁੱਛਿਆ 'ਕੀ ਲੱਭਾ ਲੜ ਕੇ ?' ਅੱਗੋਂ ਕੋਈ ਨਾ ਦੱਸੇ।
ਦਿਲ ਨੇ ਕਿਹਾ; ਦੇਸ਼ ਦੇ ਦੁਸ਼ਮਨ ਮੂਰਖ ਨੇਂ ਇਹ ਦੋਵੇਂ,
ਜਿਸ ਘਰ ਵਿਚ ਸਲੂਕ ਨਾ ਵੱਸੇ, ਓਥੋਂ ਬਰਕਤ ਨੱਸੇ।

(14) ਮਿੱਠਾ ਬੋਲ

ਜੀ ਕੁੜ੍ਹਿਆ ਤੇ ਮੱਥਾ ਸੜਿਆ; ਜੀਭੋਂ ਛੁਰੀਆਂ ਮਾਰੇ,
ਕੌਣ ਕੁੜ੍ਹੇ ਦੇ ਕੋਲ ਖਲੋ ਕੇ ਕੌੜੇ ਬੋਲ ਸਹਾਰੇ ?
ਸੜੂ ਕੁੜ੍ਹ ਮਠਿਆਈ ਵੰਡੇ, ਹੱਥ ਨ ਕੋਈ ਵਧਾਏ,
ਮਿਠ ਬੋਲੇ ਦੇ ਤੁੰਮੇ[4] ਭਾਸਣ ਸਭ ਨੂੰ ਗਰੀ ਛੁਹਾਰੇ।

1. ਕਹਾਵਤ। 2. ਪਹਿਨਿਆ। 3. ਮੂਰਖ। 4. ਘੀਆ ਕੱਦੂ ਵਰਗਾ ਅਤਿ ਕੌੜਾ ਫਲ।

(15) ਆਦਰ

ਆਓ ਬੈਠੋ, ਪਾਣੀ ਪੀਓ, ਪੱਖਾ ਲੈ ਲੈ ਪਜਾਰੇ।
ਸ਼ੋਭਾ ਮਾਣ ਦਿਵਾਂਦੇ ਏਹ ਅਣਮੁੱਲੇ ਆਦਰ ਚਾਰੇ।
ਗਿੱਠ ਨਿਵੇਂ ਨੂੰ ਹੱਥ ਨਵੇਂ ਇਹ ਸੌਦਾ ਦੂਣੋ ਦੂਣਾ,
ਮੂਰਖ ਹੈ ਜੋ ਏਸ ਵਣਜ ਤੋਂ ਫਿਰ ਭੀ ਹਿੰਮਤ ਹਾਰੇ।

(16) ਵਿਦਯਾ

ਇਕ ਦਿਨ ਡਿੱਠਾ ਰੋ ਰੋ ਕਹਿੰਦਾ, ਅਨ ਪੜ੍ਹਿਆ ਇਕ ਲਾਲਾ,
ਖਰਚਾ ਮੇਰਾ ਖੂਹ ਮੁਕਾਇਆ, ਨਿਕਲ ਗਿਆ ਦਿਵਾਲਾ।
ਕਿਸੇ ਕਿਹਾ, ਤੂੰ ਵਿਦਯਾ ਦਾ ਧਨ ਕਿਉਂ ਨਾ ਕੱਠਾ ਕੀਤਾ ?
ਜਿਉਂ ਜਿਉਂ ਇਸ ਨੂੰ ਦੇਂਦੋਂ, ਤਿਉਂ ਤਿਉਂ ਹੁੰਦੋਂ ਦੋਲਤ ਵਾਲਾ।

(17) ਇਨਸਾਫ਼

ਬ੍ਰਾਹਮਣ ਸ਼ੇਰ ਛੁਡਾਇਆ ਕੈਦੋਂ, ਉਸ ਨੇ ਚਾਹਿਆ ਖਾਣਾ,
ਮੁੜ ਕੇ ਓਸੇ ਤਰ੍ਹਾਂ ਬਨ੍ਹਾਇਆ ਗਿੱਦੜ ਪਿਆ ਸਿਆਣਾ।
ਦੂਜੇ ਨਾਲ ਬੁਰਾਈ ਕਰਕੇ ਆਸ ਨਾ ਚੰਗੀ ਰਖੀਂ,
ਲੋਹੇ ਨੂੰ ਘੁਣ ਖਾਧਾ ਜੇਕਰ, ਲੈ ਗਈ ਇੱਲ ਅਞਾਣਾ।

(18) ਪੁਰਸ਼ਾਰਥ[1]

ਕਿਸਮਤ ਨੂੰ ਨਾ ਕੋਸ, ਕਿ ਉਹ ਹੈ ਹਿੰਮਤ ਦੀ ਅਰਧੰਗੀ[2],
ਪੁਰਸ਼ਾਰਥ ਦਾ ਹੜ ਜਦ ਆਵੇ, ਰੋੜ ਖੜੇ ਸਭ ਤੰਗੀ।
ਹਿੰਮਤ ਦਾ ਪਾਰਸ ਲੋਹੇ ਨੂੰ, ਸੋਨਾ ਤੁਰਤ ਬਣਾਵੇ,
ਮੰਗਲ[3] ਸ਼ਨੀ ਬਹਿਣ ਘਰ ਨੌਵੇਂ ਭੈੜੀਓਂ ਹੋਵੇ ਚੰਗੀ।

(19) ਦ੍ਰਿੜ੍ਹਤਾ

ਕੱਛੂ ਤੁਰਦਾ ਹੌਲੀ ਹੌਲੀ, ਸਹਜਾ ਲਗਾਵੇ ਛਾਲਾਂ,
ਕੱਛੂ ਜਾਵੇ ਅੱਗੇ ਅੱਗੇ, ਪਈਆਂ ਜਦੋਂ ਤਿਕਾਲਾਂ।
ਸਹਜਾ ਹਿਰਾਨ, ਗੱਲ ਕੀ ਹੋਈ ? ਕੱਛੂ ਨੇ ਸਮਝਾਇਆ,
ਬਹਿ ਬਹਿ ਸੋਚਣ ਨਾਲੋਂ ਚੰਗੀਆਂ ਮਠੀਆਂ ਮੁਹਕਮ[4] ਚਾਲਾਂ।

---

1. ਮੇਹਨਤ, ਹਿੰਮਤ, ਉੱਦਮ। 2. ਸਾਥਣ।
3. 9 ਵਿਚੋਂ ਦੋ ਗ੍ਰਹਿ Mars (ਮੰਗਲ) ਤੋਂ Saturn (ਸਨੀ) ਜਿਨ੍ਹਾਂ ਦਾ ਭੈੜਾ ਅਸਰ ਮੰਨਿਆ ਜਾਂਦਾ ਹੈ।
4. ਪੱਕੀਆਂ, ਦ੍ਰਿੜ੍ਹ।

(20) ਸੱਚਾ ਪਿਆਰ

ਸੁਖ ਵੇਲੇ ਤਾਂ ਅੱਗੇ ਪਿੱਛੇ ਫਿਰਦੀ ਦੁਨੀਆਂ ਸਾਰੀ,
ਕੀ ਹੋਇਆ ਜੇ ਨਾਰੀ ਨੇ ਭੀ ਚੁੱਕੀ ਤਾਬੇਦਾਰੀ[1] ?
ਸੱਚਾ ਪ੍ਰੇਮ ਤਦੋਂ ਪਰਤਾਈਏ, ਭੀੜ ਬਣੇ ਜਦ ਕੋਈ।
ਬਨਬਾਸੀ ਦਾ ਸਾਥ ਨਿਭਾਇਆ, ਸੀਤਾ ਰਾਜ ਦੁਲਾਰੀ।

(21) ਨੇਕੀ

ਸੁੱਕੇ, ਸੜੇ, ਨਾ ਕੱਟੀ ਜਾਵੇ, ਉਪਕਾਰਾਂ ਦੀ ਬੇਰੀ,
ਪੱਠੇ ਪਾ ਪਾ ਚੋਈ ਜਾਓ ਖੋਲੀ[2] ਸਦਾ ਲਵੇਰੀ।
ਨੇਕੀ ਏਧਰ ਚਿੱਤ ਖਿੜਾਵੇ, ਓਧਰ ਆਂਦਰ ਠਾਰੇ,
ਦੁਹੀਂ ਜਹਾਨੀਂ ਮਹਿਕ ਖਿਲਾਰੇ, ਇਹ ਫੁੱਲਾਂ ਦੀ ਢੇਰੀ।

(22) ਉਦਾਰਤਾ[3]

ਥਰ. ਥਰ ਕਰੇ ਜਹਾਜ ਸਿੰਧੁ[4] ਵਿਚ, ਮੱਛੀ ਮੌਜਾਂ ਮਾਣੇ,
ਮਾਲੀ ਨਿੱਤ ਨਿਸ਼ਾਨੇ ਫੁੰਡੇ, ਮੱਖੀ ਖਾਇ ਮਖਾਣੇ।
ਮਾੜੇ ਨਾਲ ਮੁਰੱਵਤ[5] ਪਾਲੇ, ਉਹੋ ਉਦਾਰ ਕਹਾਵੇ,
ਜ਼ਖਮੀ ਨਾਲ ਨਾ ਉਲਝੇ ਸੂਰਾ,ਦਾਤਾ ਜਾਤ ਨਾ ਜਾਣੇ।

(23) ਸਹਾਰਾ

ਧੁਨਸ਼ ਤਾਈਂ ਤਲਵਾਰ ਪੁਛੇਂਦੀ, ਤੂੰ ਕੀ ਕਰਮ ਕਮਾਏ ?
ਮੈਨੂੰ ਸੂਰਾ ਲੱਕੇ ਬੰਨੇ, ਤੈਨੂੰ ਮੋਢੀਂ ਚਾਏ।
ਓਨ ਕਿਹਾ, ਤੂੰ ਰਹੇਂ ਆਕੜੀ, ਮੇਰੇ ਵਿਚ ਸਹਾਰਾ,
ਮਾਣ ਉਸੇ ਨੂੰ ਮਿਲਦਾ ਹੈ, ਜੋ ਲਿਫ ਕੇ ਝੱਟ ਲੰਘਾਏ।

(24) ਭਲੀ ਸੰਗਤ

ਨੇਕ ਨਿਗਾਹਾਂ ਹੇਠ ਮਾਣ ਨਹਿੰ ਦੋ ਘੜੀਆਂ ਦਾ ਰਹਿਣਾ,
ਹੋਏ ਨਸੀਬ ਸੁ-ਸੰਗ[6] ਸਦਾ ਜੇ, ਉਸ ਦਾ ਫਿਰ ਕੀ ਕਹਿਣਾ !
ਚੰਦਨ-ਬਨ ਵਿਚ ਕਿੱਕਰ ਪਰ ਭੀ ਮਹਿਕ ਚੰਦਨੀ ਆਵੇ,
ਮਾਨੁਖ ਜੂਨ ਸ਼ਿੰਗਾਰ, ਪਹਿਨ ਕੇ ਸਤ ਸੰਗਤ ਦਾ ਗਹਿਣਾ।

---

1. ਆਗਿਆ ਪਾਲਣ, ਅਰਦਲ। 2. ਗਊ, ਮੱਝ। 3. ਖੁਲ੍ਹ ਦਿਲੀ। 4. ਸਮੁੰਦਰ। 5. ਭਲਾ ਵਰਤਾਉ। 6. ਚੰਗੀ ਸੰਗਤ।

(25) ਗੰਭੀਰਤਾ

ਊਣਾ ਭਾਂਡਾ ਛਲਕੇ ਡੁਲ੍ਹੇ, ਭਰਿਆ ਕਦੇ ਨਾ ਡੋਲੇ,
ਦੁਖ ਸੁਖ ਨੂੰ ਗੰਭੀਰ ਪਚਾਵੇ, ਹੋਛਾ ਥਾਂ ਥਾਂ ਫੋਲੇ,
ਔਖ ਪਿਆਂ ਨਾ ਡੁੱਬੇ ਦਾਨਾ ਸੁਖ ਵਿਚ ਪਾਟ ਨਾ ਜਾਵੇ,
ਥੋਥਾ ਦਾਣਾ ਛਲਕਣ ਲੱਗੇ ਪੀਡਾ ਮੂੰਹੋਂ ਨਾ ਬੋਲੇ।

(26) ਅਹਿੰਸਾ

ਜੇ ਤੂੰ ਸੁਘੜ ਤੇ ਜੀਉ ਕਿਸੇ ਨੂੰ ਦੁੱਖ ਨਾ ਮੂਲ ਪੁਚਾਈਂ,
ਹਰ ਇਕ ਜੀ ਵਿਚ ਜੀਵਨ ਹੋ ਕੇ ਬੈਠਾ ਇਕੋ ਸਾਈਂ।
ਜੋ ਸ਼ੈ ਨਹੀਂ ਸੁਖਾਂਦੀ ਤੈਨੂੰ, ਹੋਰਾਂ ਨੂੰ ਕਿਉਂ, ਡਾਹੇਂ ?
ਤਰਸ ਬਿਤਰਸਾਂ ਉੱਤੇ ਖਾਂਦਾ ਮੂਲ ਨਾ ਰੱਬ ਨਿਆਈਂ।

(27) ਸ਼ਾਂਤਮਈ

ਆਤਮ-ਤਜਾਗ[1], ਖੁਦਾਈ ਬਰਕਤ, ਹੋਵੇ ਜਿਸ ਦੇ ਪੱਲੇ,
ਪੇਸ਼ ਨਾ ਤਾਕਤ ਤੇ ਦੌਲਤ ਦੀ, ਉਸ ਦੇ ਅੱਗੇ ਚੱਲੇ।
ਸਾਂਤਮਈ ਦੀ ਢਾਲ ਨਿਵਾਏ ਬੜੇ ਬੜੇ ਹੰਕਾਰੀ,
ਦੁਨੀਆਂ ਦੇ ਦਿਲ ਉਤੇ ਕਬਜ਼ਾ ਕੀਤਾ ਗਾਂਧੀ ਕੱਲ੍ਹੇ।

(28) ਵਫ਼ਾਦਾਰੀ

ਸੁਖ ਵਿਚ ਲਾਈਆਂ, ਔਖੇ ਵੇਲੇ, ਜੋ ਨਾ ਤੋੜ ਨਿਬਾਹੇ,
ਐਸਾ ਸੁੱਚਾ ਅੰਗੀ-ਸੰਗੀ, ਧੁੱਪੇ ਦੇਈਏ ਫਾਹੇ।
ਵਫਾਦਾਰ ਕੁੱਤੇ ਦੀ ਕੀਮਤ ਉਸ ਮਨੁੱਖ ਤੋਂ ਚੰਗੀ,
ਜਿਸ ਤੋਂ ਜਦੋਂ ਪਿਹਾਈ[2] ਮੰਗੋ, ਅਗੋਂ ਪੱਥਰ ਡਾਹੇ।

(29) ਚੁਪ

ਤੋਤਾ, ਮੈਨਾ, ਬੁਲਬੁਲ, ਚਿਣਗ[3], ਚਕੋਰ, ਸੁਰਖ ਇਤਰਾਂਦੇ[4]।
ਆਪਣੀ ਆਪਣੀ ਬੋਲੀ ਤਾਈਂ ਵਧ ਵਧ ਕੇ ਵਡਿਆਂਦੇ।
ਦਾਨੇ ਨੂੰ ਸੁਣ ਹਾਸਾ ਆਇਆ, ਭੋਲੇ ਭੇਦ ਨਾ ਸਮਝੇ,
ਚੁਪ ਰਹਿੰਦੇ ਤਾਂ ਪਿੰਜਰਿਆਂ ਵਿਚ ਕੈਦ ਨਾ ਕੀਤੇ ਜਾਂਦੇ।

(30) ਸੂਰਮੱਤ

ਰਣ ਵਿਚ ਜਾ ਕੇ ਪਿੱਠ ਨਾ ਦੇਵੇ, ਸੂਰਾ ਸੋ ਅਖਵਾਵੇ,
ਦੁਖ ਵਿਚ ਸਾਥ ਨਿਬਾਹੁਣ ਵਾਲਾ, ਉਸ ਤੋਂ ਬੀਰ ਕਹਾਵੇ।

---

1. ਆਪੇ ਦਾ ਤਿਆਗ। 2. ਕੀਤੇ ਕੰਮ ਦੀ ਕੀਮਤ, (ਦਾਣੇ ਪੀਹਣ ਦਾ ਮੁੱਲ)। 3. ਇਕ ਪੰਛੀ। 4. ਆਕੜਨਾ।

ਦਾਨ ਸੂਰਮਾ, ਦਯਾ ਸੂਰਮਾ, ਧਰਮ ਬੀਰ, ਸਭ ਚੰਗੇ।
ਸਭ ਤੋਂ ਬੜਾ ਬਹਾਦੁਰ ਉਹ, ਜੋ ਸਹਿ ਕੇ ਚੋਟ ਵਿਖਾਵੇ।

(31) ਅਣਖ

ਕਿਹਾ ਸ਼ੇਰ ਨੇ ਕੁੱਤੇ ਨੂੰ, ਤੂੰ ਰਤੀ ਅਣਖ ਨਾ ਖਾਵੇਂ।
ਜਿਉਂ ਜਿਉਂ ਤੈਨੂੰ ਦੂਰ ਦੁਰ ਹੋਵੇ, ਤਿਉਂ ਤਿਉਂ ਪੂਛ ਹਿਲਾਵੇਂ।
ਮੇਰਾ ਤੇਰਾ ਫਰਕ ਇਹੋ, ਮੈਂ ਆਪ ਮਾਰ ਕੇ ਖਾਵਾਂ,
ਬੁੱਧ ਭਰਿਸ਼ਟੀ[1] ਤੇਰੀ, ਖਾ ਖਾ ਟੁੱਕਰ ਹੱਕ ਉਚਾਵੇਂ[2]।

(32) ਬੁਰੇ ਨਾਲ ਨੇਕੀ

ਚੰਦਨ ਉੱਤੇ ਮਾਰ ਕੁਹਾੜਾ, ਚਾਇਆ ਲੱਕੜਹਾਰੇ,
ਲੱਥ ਜੰਗਾਲ ਲਿਸ਼ਕਿਆ ਲੋਹਾ ਨਾਲੇ ਮਹਿਕ ਖਿਲਾਰੇ।
ਚੰਦਨ ਦੀ ਉਦਾਰਤਾ[3] ਉੱਤੇ ਫੁਰੀ ਕਵੀ ਨੂੰ ਸ਼ੰਕਾ,
ਕਿਹੋ ਸੁ, ਨੇਕੀ ਕੀਤਿਆਂ ਬਦ[4] ਭੀ ਸ਼ਰਮ ਕੁਰਸ਼ਰਮੋਂ ਹਾਰੇ।

(33) ਨੇਕੀ ਨਾਲ ਬੁਰਾਈ

ਮੈਂ ਡਿਠਾ ਅੰਗੂਰ ਬੇਲ ਨੂੰ ਮਾਲੀ ਛਾਂਗੀ ਜਾਂਦਾ,
ਪੁਛਿਆ, ਇਹ ਕੀ ਨੇਕੀ ਦਾ ਤੂੰ, ਬਦਲਾ ਹੈਂ ਭੁਗਤਾਂਦਾ ?
ਕਹਿਣ ਲਗਾ, ਤੂੰ ਦਾਤੇ ਦਾ ਇਹ ਲੱਛਣ[5] ਨਹੀਂ ਪਛਾਤਾ ?
ਜਿਉਂ ਜਿਉਂ ਇਸ ਨੂੰ ਛਾਂਗੋ ਤਿਉਂ ਤਿਉਂ ਬਰਕਤ ਰੱਬ ਵਧਾਂਦਾ।

(34) ਖੋਟੀ ਸੰਗਤ

ਭਲਿਆ ! ਭੁਲ ਕੇ ਲੰਘ ਨਾ ਹੇਠੋਂ, ਖੋਟੇ ਦੇ ਪਰਛਾਵੇਂ,
ਰਾਹੇ ਜਾਂਦਾ, ਸੰਗ-ਦੋਸ਼ ਵਿਚ ਮਤ ਕੋਈ ਲੀਕ ਲੁਆਵੇਂ।
ਕੱਜਲ ਦੀ ਕੋਠੀ ਵਿਚ ਵੜਿਆਂ, ਕਾਲਖ ਬਿਨ ਕੀ ਲੱਭੇ,
ਠੇਕੇ ਬੈਠਾ ਸ਼ਰਬਤ ਪੀਂਦਾ, ਕਿਹਾ ਸ਼ਰਾਬੀ ਜਾਵੇਂ।

(35) ਅਨਅਧਿਕਾਰੀ

ਮਿਲੀ ਸੁਗਾਤ ਅਤਰ ਮੂਰਖ ਨੂੰ, ਜੁੱਤੀ ਵਿਚ ਪੁਆਇਆ।
ਅੰਨ੍ਹੇ ਅੱਗੇ ਦੀਦੇ ਗਾਲੇ, ਉਸ ਨੂੰ ਹਾਸਾ ਆਇਆ।
ਬੇਸਮਝਾਂ ਨੂੰ ਰਾਗ ਸੁਣਾਇਆ, ਜਿਉ ਖੋਤੇ ਗਲ ਹੀਰਾ,
ਬੇਕਦਰਾਂ ਦੇ ਪੱਲੇ ਪੈ ਕੇ, ਆਪਣਾ ਕੁਰਬ[6] ਗਵਾਇਆ,

---

1. ਖਰਾਬ ਹੋ ਗਈ। 2. ਉਚੇ ਕੀਤੇ ਹੱਥਾਂ ਤੋਂ। 3. ਦਰਿਆ ਦਿਲੀ, ਖੁਲ੍ਹ ਦਿਲੀ। 4. ਬੁਰਾ। 5. ਗੁਣ।
6. ਦਰਜਾ, ਰੁਤਬਾ, ਇੱਜ਼ਤ।

(36) ਅੱਤ (ਮਰਯਾਦਾ ਵਿਰੁੱਧ)

ਮਰਯਾਦਾ ਤੋਂ ਬਾਹਰ ਨਿਕਲਿਆਂ, ਅੰਮ੍ਰਿਤ ਵਿਹੁ ਬਣ ਜਾਵੇ,
ਢਲੇ ਤੇ ਕਾਇਰ, ਵਧੇ ਕੁਪੱਤਾ, ਸਾਂਭੂ ਸੂਮ[1] ਸਦਾਵੇ।
ਹੱਸੇ ਢੀਠ, ਸਖੀ ਲਖਲੁੱਟੂ[2], ਚੁਪ ਕਰੇ, ਸ਼ਰਮਿੰਦਾ,
ਅੱਤ ਕਿਤੇ ਭੀ ਭਲੀ ਨਾ ਲੱਗੇ, ਗੁਣ ਨੂੰ ਦੋਸ਼ ਬਣਾਵੇ।

(37) ਰੋਟੀ

ਭੁੱਖਾ ਪੰਡਤ ਨ੍ਹਾ ਧੋ ਬੈਠਾ, ਛੰਡ ਫਟਕ ਕੇ ਚੋਟੀ,
ਉੱਤੋਂ ਗੀਤਾ ਘੋਟੀ ਜਾਵੇ, ਅੰਦਰੋਂ ਟੁੱਟੇ ਬੋਟੀ।
ਜੀ ਤਾਂਘੇ ਤੇ ਅੱਖ ਉਡੀਕੇ, ਆਂਦਰ ਮੂੰਹ ਪਸਾਰੇ,
ਕਰਮ ਧਰਮ ਸਭ ਪਿੱਛੋਂ ਸੁੱਝਣ, ਪਹਿਲਾਂ ਸੁੱਝੇ ਰੋਟੀ !

(38) ਕਰਮ ਫਲ

ਜੋ ਬੀਜੇ ਸੋ ਵੱਢੇ ਜਗ ਵਿਚ ਕਰਮਾਂ ਦੀ ਇਹ ਖੇਤੀ,
ਕੋਈ ਫਸਲ ਚਿਰਾਕਾ ਪੱਕੇ, ਕੋਈ ਫਲਦਾ ਛੇਤੀ।
ਕਲਜੁਗ ਕਰ ਜੁਗ, ਕਰਦਾ ਜਾਏ ਹੱਥੋ ਹੱਥ ਨਿਬੇੜਾ,
ਜੋ ਚਾਹੇ ਸੋ ਰੰਗ ਰਚਾ ਲੈ, ਆਪਣੇ ਕਰਮਾਂ ਸੇਤੀ।

(39) ਚਿੰਤਾ ਰੋਗ

ਚਿੰਤਾ ਦੇ ਚੱਕਰ ਵਿਚ ਆ ਕੇ, ਫਿਰਦੀ ਗੁੱਝੀ ਆਰੀ,
ਘੋਲ ਘੋਲ ਕੇ ਜਿੰਦ ਮੁਕਾਵੇ, ਚਿੰਤਾ ਦੀ ਬੀਮਾਰੀ।
ਸੂਰੇ ਹੂਝਣ ਹਿੰਮਤ ਕਰਕੇ, ਉਖਿਆਈ ਦੇ ਕੰਡੇ,
ਚਿੰਤਾ ਦੇ ਵਿਚ ਡੁੱਬਣ ਨਾਲੋਂ ਲਾ ਹਿੰਮਤ ਦੀ ਤਾਰੀ।

(40) ਸ਼ਰਾਬ

ਕਿੱਕਰ ਦੀ ਚੁੜੇਲ[3] ਚੜ੍ਹ ਸਿਰ ਤੇ, ਬੰਦਿਓਂ ਜਿੰਦ ਬਣਾਵੇ,
ਇੱਜ਼ਤ, ਅਕਲ, ਸਿਹਤ ਤੇ ਦੌਲਤ ਚਾਰੇ ਬੰਨੇ ਲਾਵੇ।
ਐਸਾ ਅੰਨ੍ਹਾ ਜੱਫਾ ਮਾਰੇ, ਮੜ੍ਹੀਆਂ ਤੀਕ ਨਾ ਛੱਡੇ,
ਫਿਰ ਭੀ ਸ਼ੁਕਰ ਕਰੋ ਜੇ ਮੁੜ ਕੇ ਪਿਛਲਿਆਂ ਕੋਲ ਨਾ ਆਵੇ।

---

1. ਕੰਜੂਸ। 2. ਫਜ਼ੂਲ ਖ਼ਰਚ, ਲੱਖਾਂ ਲੁਟਾਉਣ ਵਾਲਾ। 3. ਕਿੱਕਰ ਦੇ ਛਿਲਕੇ ਤੋਂ ਬਣਨ ਵਾਲੀ ਸ਼ਰਾਬ।

(41) ਸੂਮ

ਪਾਪ ਪੁੰਨ ਦੀ ਕੱਠੀ ਕੀਤੀ, ਮਰ ਮਰ ਸੂਮ ਕਮਾਈ,
ਭਲੇ ਅਰਥ ਕੋਈ ਮੰਗ ਨਾ ਬੈਠੇ, ਡਰਦਾ ਫਿਰੇ ਲੁਕਾਈ।
ਨਾ ਖਾਵੇ ਨਾ ਹੱਥੋਂ ਦੇਵੇ, ਵੇਖ ਵੇਖ ਕੇ ਜੀਵੇ,
ਤੁਰਦੀ ਵਾਰੀ ਪੰਜਰਤਨੀ[1] ਭੀ ਅਗ੍ਹਾਂ ਨਾ ਗਈ ਲੰਘਾਈ।

(42) ਕਿਰਤਘਣ

ਕਿਰਤਘਣਾ ! ਤੂੰ ਖਾ ਖਾ ਦਾਤਾਂ, ਮੂੰਹ ਕਿਸ ਕਰਕੇ ਸੀਤਾ ?
ਦੁਹੀਂ ਜਹਾਨੀ ਦੂਰ ਦੂਰ ਹੁੰਦੀ, ਜਾਣੇ ਨਾ ਜੋ ਕੀਤਾ।
ਕੁੱਤਾ ਰਿੰਨ੍ਹ ਨਸ਼ੇ ਵਿਚ ਚੂਹੜੀ[2], ਤੈਥੋਂ ਪਈ ਲੁਕਾਵੇ,
ਤੇਰੇ ਬਾਝੋਂ ਕੀ ਥੁੜਿਆ ਹੈ ? ਮਰ ਜਾ ਪਰੇ ਪਲੀਤਾ[3]।

(43) ਕਾਮੀ

ਕਾਮ ਨਸ਼ੇ ਵਿਚ ਗੁੱਤਾ ਫਿਰਦਾ, ਕੁੱਤਾ ਜਿਉਂ ਹਲਕਾਇਆ,
ਅੰਨ੍ਹਾਂ ਹੋਇਆ ਪਰਖ ਨਾ ਸੱਕੇ, ਆਪਣਾ ਅਤੇ ਪਰਾਇਆ।
ਫਿਟਕਾਂ ਪੌਲੇ ਪੈਣ ਜਦੋਂ, ਬੇਸ਼ਰਮ ਝਾੜ ਸਿਰ ਹੱਸੇ,
ਪਲਕ ਸ੍ਵਾਦ ਹਿਤ, ਦੁਨੀਆਂ, ਦੀਨ ਨਿਲੱਜੇ ਚੁੱਲੇ ਪਾਇਆ।

(44) ਕ੍ਰੋਧੀ

ਚੱਬੇ ਹੋਠ, ਉਗਾਲੇ ਆਨੇ, ਫੁੰਕਾਰੇ ਥੱਰਾਵੇ,
ਮੂੰਹੋਂ ਝੱਗ, ਜ਼ਬਾਨ ਥਿੜਕਦੀ, ਚੀਲ ਵਾਂਗ ਚਿੱਲਾਵੇ।
ਵੇਖ ਪਕੌੜੇ ਵਾਂਗ ਚਿਰੜਦਾ, ਕ੍ਰੋਧੀ ਪਿਆ ਕੜਾਹੀ,
ਵਾਹਰ ਪਈ, ਹਲਕਾਇਆ ਲੋਕੋ, ਨੇੜੇ ਕੋਈ ਨਾ ਜਾਵੇ।

(45) ਹੰਕਾਰੀ

ਨਿਗਹ ਅਕਾਸ਼, ਧੌਣ, ਅਕੜਾਈ ਛਾਤੀ ਫਿਰੇ ਉਭਾਰੀ।
"ਮੇਰੇ ਜਿਹਾ ਹੋਰ ਭੀ ਕੋਈ" ? ਕਹਿਣ ਲਗਾ ਹੰਕਾਰੀ।
ਵਾਜ ਮਿਲੀ, ਰਾਵਣ[4], ਹਰਨਾਖਸ਼[5] ਫਿਰਾਊਨ[6] ਖਿਸਰੋ[7] ਦਾ,
ਖੋਜ ਨਾ ਲੱਭੇ ਮਿੱਟੀ ਵਿਚੋਂ, ਤੂੰ ਕੀ ਚੀਜ ਨਿਕਾਰ

---

1. ਸ਼ਰਾਬ।
2. ਸ਼ਰਾਬ (ਭਾਈ ਗੁਰਦਾਸ ਜੀ ਦੀ ਲਿਖੀ ਇਕ ਪਉੜੀ ਵੱਲ ਸੰਕੇਤ ਹੈ ਜੋ ਇਉਂ ਅਰੰਭ ਹੁੰਦੀ ਹੈ। "ਮਦ ਵਿਚ ਰਿਧਾ ਪਾਇ ਕੇ ਕੁੱਤੇ ਦਾ ਮਾਸ" ਤੇ ਅੰਤ ਹੈ "ਨਦਰਿ ਪਵੇ ਅਕ੍ਰਿਤਘਣ ਮਤ ਹੋਏ ਵਿਣਾਸ।" 3. ਨਾਪਾਕ, ਅਪਵਿੱਤਰ, ਗੰਦਾ।
4. ਲੰਕਾ ਦਾ ਹੰਕਾਰੀ ਰਾਜਾ। 5. ਪ੍ਰਹਿਲਾਦ ਦਾ ਪਿਓ ਰਾਖਸ ਜੋ ਆਪਣਾ ਨਾਂ ਜਪਾਉਂਦਾ ਸੀ।
6. ਮਿਸਰ ਦਾ ਜਾਲਮ ਤੇ ਹੰਕਾਰੀ ਬਾਦਸ਼ਾਹ ਜੋ ਮੂਸਾ ਦਾ ਪਿੱਛਾ ਕਰਦਾ ਕਰਦਾ ਲਾਲ ਸਾਗਰ ਵਿਚ ਲਸ਼ਕਰ ਸਮੇਤ ਗਰਕ ਹੋ ਗਿਆ ਸੀ। 7. ਜਹਾਂਗੀਰ ਦਾ ਵੱਡਾ ਪੁੱਤਰ ਜਿਸ ਨੂੰ ਬਗ਼ਾਵਤ ਦੇ ਜੁਰਮ ਵਿਚ ਬਾਦਸ਼ਾਹ ਨੇ ਕੈਦ ਕਰ ਲਿਆ ਸੀ।

(46) ਸ਼ਰਾਬੀ

ਬੱਚੇ ਵਿਲਕਣ, ਨਾਰੀ ਨੰਗੀ, ਆਪਣਾ ਖੀਸਾ ਖਾਲੀ,
ਝੱਸ ਸ਼ਰਾਬੀ ਪੂਰਾ ਕਰਦਾ, ਦੇ ਕੇ ਛੰਨਾ ਥਾਲੀ।
ਦਿਲ ਧੜਕੇ, ਹਥ ਪੈਰ ਕੰਬਦੇ, ਚਿਹਰੇ ਤੇ ਫਿਟਕਾਰਾਂ,
ਸੱਜਣ ਮਿੱਤਰ ਮੂੰਹ ਨਾ ਲਾਉਣ, ਜੋ ਮੂੰਹ ਲਾਏ ਪਿਆਲੀ।

(47) ਕੁਲਘਾਤੀ

ਲੰਘਣ ਲਗਾ ਓਪਰਾ ਕੁੱਤਾ, ਘੇਰ ਖਲੋਤੇ ਕੁੱਤੇ,
ਕਾਂ ਮੋਇਆ ਤਾਂ ਝੁਰਮਟ ਪਾਇਆ, ਕਾਵਾਂ ਉਸ ਦੇ ਉੱਤੇ
ਕੱਠੇ ਹੋਏ ਦੋਵੇਂ ਐਪਰ ਮਤਲਬ ਵੱਖੋ ਵੱਖੀ,
ਏਧਰ ਪਿੰਡੋਂ ਕੱਢਣ ਨੂੰ, ਤੇ ਓਧਰ ਪ੍ਰੇਮ ਵਿਗੁਤੇ !

(48) ਹੋਛਾ

ਹੋਛੇ ਲੱਭ ਦਹੀਂ ਦੀ ਫੁੱਟੀ, ਲੱਸੀ ਵਾਂਗ ਵਧਾਈ,
ਜੀ ਜੀ ਕੋਲ ਸੁਨੇਹਾ ਆਇਆ, ਹੋਛੇ ਛਾਪ ਘੜਾਈ।
ਮਿੱਠਾ, ਕੌੜਾ, ਖੱਟਾ, ਖਾਰਾ ਜਿਸ ਨੂੰ ਪਚੇ ਨਾ ਕੋਈ,
ਕਿਸ ਭਾਂਡੇ ਦਾ ਢੱਕਣ ਹੋਈ, ਹੋਛੇ ਦੀ ਅਸ਼ਨਾਈ[1]।

(49) ਦੋਖੀ

ਜ਼ਾਲਮ ਸੁੱਤਾ ਵੇਖ ਦੁਪਹਿਰੇ, ਆਖਣ ਲੱਗਾ ਸਾਦੀ[2],
"ਚੰਗਾ ਹੈ ਇਹ ਏਸੇ ਹਾਲੇ, ਮੋਇਆ ਭਲਾ ਫਸਾਦੀ।"
ਜਾਗਦਿਆਂ ਨਿਤ ਗੋਦਾਂ ਗੁੰਦੇ, ਲਾਵਾਂ ਕੋਈ ਮੁਆਤਾ[3],
ਨਾ ਖੇਡੇ ਨਾ ਖੇਡਣ ਦੇਵੇ, ਦੋਖੀ ਦੀ ਇਹ ਵਾਦੀ।

(50) ਲਾਊ ਬੁਝਾਊ

ਚੁਗਲ ਚੁਆਤੀ ਚੁੱਕੀ ਫਿਰਦਾ, ਸਭ ਨੂੰ ਲਾ ਲਾ ਤਾਵੇ,[4]
ਐਧਰ ਕਹੇ ਚੋਰ ਨੂੰ ਲਗ ਜਾ, ਘਰ ਦੇ ਉਧਰ ਜਗਾਵੇ।
ਮੈਂ ਪੁਛਿਆ, ਇਸ ਛੇੜ ਛਾੜ ਵਿਚ ਤੈਨੂੰ ਕੀ ਕੁਝ ਲੱਭੇ ?
ਕਿਹੋ ਸੁ, ਝੱਸ ਪੈ ਗਿਆ ਭੈੜਾ, ਮਜ਼ਾ ਲੜਾ ਕੇ ਆਵੇ।

---

1. ਪ੍ਰੀਤ।
2. ਸ਼ੇਖ ਸਾਅਦੀ ਜੋ ਪ੍ਰਸਿੱਧ ਵਿਦਵਾਨ ਫ਼ਕੀਰ ਲੇਖਕ ਹੋਇਆ ਹੈ ਤੇ ਜਿਸ ਦੀਆਂ ਫ਼ਾਰਸੀ ਵਿਚ ਲਿਖਤਾਂ ਗੁਲਿਸਤਾਂ ਬੋਸਤਾ ਜਗਤ ਪ੍ਰਸਿੱਧ ਹਨ। 3. ਭੜਕਾਊ ਕੰਮ, ਅੱਗ। 4. ਗੁੱਸਾ ਲਿਆਵੇ।

(51) ਜ਼ਬਾਨ ਦਾ ਰਸ

ਮਾਛਣ[1] ਕੋਲ ਮੁਸਾਫਰ ਬੈਠਾ, ਮੰਦਾ ਬੋਲ ਸਤਾਂਦਾ,
ਗੁੱਧਾ ਆਟਾ ਪਾ ਤਲੀਆਂ ਤੇ, ਕਿਹੁ ਸੁ "ਹੋ ਜਾ ਵਾਂਦਾ[2]।"
ਹਸ ਹਸ ਪੁੱਛਣ ਲੋਕ, ਜੁਆਨਾਂ ! ਇਹ ਕੀ ਚੋਂਦਾ ਜਾਵੇ ?
ਆਖਣ ਲੱਗਾ, ਰਸ ਜਬਾਨ ਦਾ, ਚੁੱਕ ਤੰਦੂਰੋਂ ਆਂਦਾ।

---

1. ਮੱਛੀਆਂ ਫੜਨ ਵਾਲੇ ਦੀ ਘਰ ਵਾਲੀ, ਝੀਊਰੀ। 2. ਤੁਰਦਾ ਹੋ।

ਮੰਗਲਾ ਚਰਣ

ਗੀਤ—(ਤਰਜ਼ ਅੰਗਰੇਜ਼ੀ)

ਦੀਨ ਦੁਨੀ ਦੇ ਮਾਲਿਕ ! ਤੂੰ ਕਰਦੇ ਬੇੜਾ ਪਾਰ,
ਬਰਕਤਾਂ ਵਸਾ ਕੇ, ਬਾਗ ਤੇ ਲਿਆ ਬਹਾਰ,
ਪਾ ਦੇ ਠੰਢ ਠਾਰ।
ਦੀਨ ਦੁਨੀ.....
ਤਾਰੇ ਦੇ ਅੰਦਰ ਰੁਸ਼ਨਾਈ ਤੇਰੀ,
ਸੂਰਜ ਦੇ ਅੰਦਰ ਗਰਮਾਈ ਤੇਰੀ,
ਸਾਗਰ ਦੇ ਅੰਦਰ ਡੂੰਘਾਈ ਤੇਰੀ,
ਅਕਾਸਾਂ ਤੇ ਤੇਰਾ ਖਿਲਾਰ।
ਦੀਨ ਦੁਨੀ.....
ਹਾਥੀ ਤੇ ਕੀੜੀ ਵਿਚ ਇਕੋ ਸਾਮਾਨ,
ਹਰ ਕਤਰਾ ਲਹੂ ਵਿਚ ਅਣਗਿਣਤ ਜਾਨ,
ਹਰ ਜਾਨ ਦੇ ਅੰਦਰ ਤੇਰਾ ਮਕਾਨ[1],
ਕੀ ਕਰੀਏ ਤੇਰਾ ਸੁਮਾਰ[2] ?
ਦੀਨ ਦੁਨੀ.....

ਅਰਦਾਸ

ਕਰਤਾਰ ! ਜਗਤ-ਅਧਾਰ[3] ਪਿਤਾ !
ਮੈਂ ਨੀਚ ਅਧਮ ਇਕ ਬਾਲ ਤਿਰਾ,
ਕਰ ਸਕਾਂ ਕਥਨ ਇਕਬਾਲ[4] ਕਿਵੇਂ,
ਇਸ ਅਲਪ[5] ਅਕਲ ਦੇ ਨਾਲ ਤਿਰਾ।
ਜਦ ਸੁਰਤ ਨਿਗਾਹ ਦੌੜਾਂਦੀ ਹੈ,
ਚੁੰਧਿਆ ਕੇ ਚੁਪ ਰਹਿ ਜਾਂਦੀ ਹੈ,
ਤਕ ਤਣਿਆ ਕੁਦਰਤ ਜਾਲ ਤਿਰਾ,
ਵੈਰਾਟ[6] ਸਰੂਪ ਵਿਸ਼ਾਲ ਤਿਰਾ।
ਇਕ ਬੀਜੋਂ ਬਿਰਛ ਨਿਕਲਦੇ ਨੂੰ,
ਪੁੰਗਰਦੇ, ਫੁਲਦੇ, ਫਲਦੇ ਨੂੰ,

---

1. ਟਿਕਾਣਾ, ਨਿਵਾਸ। 2. ਗਿਣਤੀ ਮਿਣਤੀ। 3. ਸੰਸਾਰ ਦਾ ਆਸਰਾ। 4. ਇੱਜ਼ਤ, ਵਡਿਆਈ। 5. ਥੋੜੀ, ਛੋਟੀ। 6. ਬਹੁਤ ਵੱਡਾ।

ਰਗ ਰਗ ਵਿਚ ਖ਼ੂਨ ਉਛਲਦੇ ਨੂੰ,
ਤਕ ਪਾਵੇ ਨਜ਼ਰ ਜਮਾਲ[1] ਤਿਰਾ।
ਗ੍ਰਹਿ, ਤਾਰੇ, ਬਿਜਲੀ, ਸੂਰਜ, ਚੰਨ,
ਨਦ, ਸਾਗ਼ਰ, ਪਰਬਤ, ਬਨ, ਉਪਬਨ[2],
ਬ੍ਰਹਮੰਡ ਤਿਰੇ, ਭੂ-ਖੰਡ ਤਿਰੇ,
ਆਕਾਸ਼ ਤਿਰਾ, ਪਾਤਾਲ ਤਿਰਾ।
ਤੂੰ ਆਦਿ ਅੰਤ ਬਿਨ, ਅਜਰ[3] ਅਚਲ,
ਤੂੰ ਅਗਮ, ਅਗੋਚਰ[4] ਅਤੁਲ[5] ਅਟਲ[6],
ਅਜ[7], ਅਮਰ ਅਰੂਪ[8], ਅਨਾਮ[9], ਅਕਲ[10]
ਅਨਵਰਤ[11], ਅਖੰਡ[12], ਜਲਾਲ[13], ਤਿਰਾ।
ਵਿੰਧਿ[14], ਨਾਰਦ[15], ਸ਼ੇਸ਼[16], ਵਿਆਸ[17], ਜਿਹੇ,
ਅੰਗਿਰਾ[18] ਆਦਿ ਲਿਖ ਹਾਰ ਗਏ,
ਕੁਝ ਹਾਲ ਤਿਰਾ ਜਦ ਕਹਿਣ ਲੱਗੇ,
ਕਰ ਸਕੇ ਨਾ ਹਲ ਸਵਾਲ ਤਿਰਾ।
ਤੂੰ ਝਲਕੇਂ ਹਰ ਆਈਨੇ[19] ਵਿਚ,
ਜ਼ੱਰੇ ਜ਼ੱਰੇ ਦੇ ਸੀਨੇ ਵਿਚ,
ਸੀਨੇ ਦੇ ਗੁਪਤ ਖਜ਼ੀਨੇ ਵਿਚ,
ਧਨ ਮਾਲ, ਅਮੋਲਕ[20] ਲਾਲ ਤਿਰਾ।
ਕਲੀਆਂ ਵਿਚ ਲੁਕ ਲੁਕ ਵਸਦਾ ਹੈਂ,
ਫੁਲ ਦੇ ਚਿਹਰੇ ਪਰ ਹਸਦਾ ਹੈਂ,
ਚੜ੍ਹ ਵਾ ਦੇ ਘੋੜੇ ਨਸਦਾ ਹੈਂ
ਵਾਹ ਰੰਗਬਰੰਗ ਖਿਆਲ ਤਿਰਾ।
ਸਬਜ਼ੇ[21] ਦੇ ਨਾਦ ਨਿਹਾਨੀ[22] ਵਿਚ,
ਪੰਛੀ ਦੀ ਲੈ ਮਸਤਾਨੀ ਵਿਚ,
ਨਦੀਆਂ ਦੇ ਸ਼ੋਰ ਰਵਾਨੀ ਵਿਚ,
ਹੈ ਗੂੰਜ ਰਿਹਾ ਸੁਰ ਤਾਲ ਤਿਰਾ।

---

1. ਸ਼ਾਨ ਸ਼ੌਕਤ, ਸੁੰਦਰਤਾ। 2. ਬਾਗ। 3. ਬੁਢੇਪੇ ਤੋਂ ਰਹਿਤ। 4. ਪਹੁੰਚ ਤੋਂ ਪਰੇ, ਬੇਅੰਤ।
5. ਜਿਸ ਦਾ ਕੋਈ ਤੋਲ ਨਾ ਹੋਵੇ। 6. ਸਦਾ ਕਾਇਮ। 7. ਜਨਮ ਰਹਿਤ। 8. ਰੂਪ ਹੀਨ।
9. ਬੇਨਾਮ। 10. ਕਲਾ ਰਹਿਤ, ਸੰਪੂਰਣ। 11. ਪਰਿਵਰਤਨ ਰਹਿਤ। 12. ਹਿੱਸਾ ਰਹਿਤ। 13. ਸ਼ਾਨ।
14. ਬ੍ਰਹਮਾ। 15. ਪੁਰਾਣਾਂ ਅਨੁਸਾਰ ਇਕ ਰਿਖੀ ਜੋ ਲੂਤੀਆਂ ਲਾ ਕੇ ਲੜਾਈ ਝਗੜਾ ਕਰਾਉਣ ਵਿਚ ਨਿਪੁੰਨ ਹੈ।
16. ਪੁਰਾਣਾਂ ਅਨੁਸਾਰ ਪਾਤਾਲ ਦਾ ਰਾਜਾ (ਨਾਗ) ਜਿਸ ਦੇ 1000 ਸਿਰ ਹਨ।
17. ਵੇਦ ਬਿਆਸ ਜਿਸ ਨੇ ਵੇਦਾਂਤ ਸੂਤ੍ਰ ਰਚ ਕੇ ਛੇਵਾਂ ਦਰਸ਼ਨ ਕਾਇਮ ਕੀਤਾ।
18. ਵੇਦਾਂ ਅਨੁਸਾਰ ਦੇਵਤਿਆਂ ਦਾ ਪੁਰੋਹਿਤ ਅਤੇ ਆਹੂਤੀ ਦਾ ਦੇਵਤਾ। 19. ਦਰਪਣ, ਸ਼ੀਸ਼ਾ, ਹਿਰਦਾ।
20. ਬੇਮੁੱਲ। 21. ਬਨਾਸਪਤਿ। 22. ਲੁਕਵੇਂ।

ਸ੍ਰਿਸ਼ਟੀ ਰਚ ਦੇਵੇਂ ਮੌਜ ਲਿਆ,
ਅਰ ਪ੍ਰਲੈ ਕਰੇਂ ਇਕ ਨਿਗਾਹ ਫਿਰਾ,
ਰੇਤਾ ਦਰਯਾ, ਦਰਯਾ ਰੇਤਾ।
ਵਾਹ ਨਦਰ-ਨਿਹਾਲ[1] ! ਕਮਾਲ ਤਿਰਾ।
ਹਰ ਮੰਦਰ ਜੈਜੈਕਾਰ ਤਿਰਾ,
ਮਹਿਕਾਰ ਤਿਰੀ, ਸ਼ਿੰਗਾਰ ਤਿਰਾ,
ਪਰਤਾਪ ਤਿਰਾ, ਇਕਬਾਲ ਤਿਰਾ।

ਬੇਨਤੀ

ਹੇ ਸੁੰਦਰਤਾ ! ਹੇ ਜੋਤੀ ! ਹੇ ਸ਼ਾਂਤ ਬਹਿਰ[2] ਦੇ ਮੋਤੀ !
ਹੇ ਲਟ ਪਟ ਕਰਦੇ ਤਾਰੇ ! ਹੇ ਬਿਜਲੀ ਦੇ ਲਿਸ਼ਕਾਰੇ।
ਹੇ ਗਰਮੀ ਪ੍ਰੇਮ-ਅਗਨ ਦੀ ! ਉਚਿਆਈ ਧਰਮ-ਗਗਨ ਦੀ !
ਆ ਜਾ ! ਮੇਰੇ ਵਿਚ ਆ ਜਾ, ਵਿਸਮਾਦ-ਨਗਰ[3] ਦੇ ਰਾਜਾ !
ਲੂੰ ਲੂੰ ਵਿਚ ਵਸ ਜਾ ਮੇਰੇ, ਹਿਰਦੇ ਵਿਚ ਲਾ ਦੇ ਡੇਰੇ !
ਕਰ ਬਾਹਾਂ ਅੰਕ ਸਮਾ ਲੈ, ਸਾਗਰ ਵਿਚ ਬੂੰਦ ਰਲਾ ਲੈ।
ਮੈਂ ਤੂੰ ਹੋਵਾਂ ਤੂੰ ਮੈਂ ਹੋ, ਮੈਂ ਲਹਿਰ ਬਣਾ, ਤੂੰ ਨੈਂ ਹੋ,
ਨਾ ਕੋਈ ਭੇਦ ਪਛਾਣ, ਮੈਂ ਤੂੰ ਨੂੰ ਦੋ ਕਰ ਜਾਣੇ।
ਇਕ ਰੰਗੇ ਤੇ ਇਕ ਰਸੀਏ, ਆ ਘੁਲ ਮਿਲ ਕੇ ਹੁਣ ਵਸੀਏ।
ਤੂੰ ਹਰ ਘਟੀਆ, ਹਰ ਜਾਈ, ਮੈਂ ਤੋਂ ਭੀ ਦੂਰ ਨਾ ਕਾਈ,
ਪਰ ਬੰਦ ਜਦੋਂ ਤਕ ਦੀਦੇ, ਮਿਟਦੇ ਨਹਿੰ ਸਹਿੰਸੇ[4] ਜੀ ਦੇ।
ਉਹਲਾ ਕਰ ਦੇ ਇਕ ਪਾਸੇ, ਮੈਂ ਤੂੰ ਵਿਚ ਫਰਕ ਨਾ ਭਾਸੇ।
ਐਸਾ ਮਿਲ ਜਾਇ ਟਿਕਾਣਾ, ਮਿਟ ਜਾਏ ਆਉਣ ਜਾਣਾ।
ਕਰ ਹੌਲਾ ਵਾਂਗ ਹਵਾੜਾਂ, ਅਰ ਮੁਹਕਮ[5] ਵਾਂਗ ਪਹਾੜਾਂ;
ਹਸਮੁਖਾ, ਅਨੰਦ ਰਸੀਲਾ, ਨਿਰਮਲ, ਵਿਸ਼ਾਲ ਚਮਕੀਲਾ।
ਛੁਟ ਜਾਣ ਤਮਾਸ਼ੇ ਹਾਸੇ, ਹੋਵੇ ਇਕਾਂਤ ਸਭ ਪਾਸੇ,
ਸੰਗੀ ਨਾ ਹੋਵਣ ਨੇੜੇ, ਦੁਖ ਸੁਖ ਨਾ ਜਿਸ ਥਾਂ ਛੇੜੇ,
ਹੋਵੇ ਚੌਤਰਫ ਹਨੇਰਾ, ਇਕ ਚਾਨਣ ਚਮਕੇ ਤੇਰਾ !
ਉਸ ਚਾਨਣ ਵਿਚ ਸਮਾ ਕੇ, ਮਿਟ ਜਾਵਾਂ ਆਪ ਮਿਟਾ ਕੇ।

1. ਮੇਹਰ ਦੀ ਨਿਗਾਹ ਨਾਲ ਅਨੰਦਿਤ ਕਰਨ ਵਾਲਾ। 2. ਸਾਗਰ, ਸਮੁੰਦਰ।
3. ਹੈਰਾਨ ਕਰ ਦੇਣ ਵਾਲੀ ਹਾਲਤ, ਵਾਹੁ ਵਾਹੁ ਦੀ ਅਵੱਸਥਾ। 4. ਭਰਮ। 5. ਪੱਕਾ ਦ੍ਰਿੜ।

ਪ੍ਰਾਰਥਨਾ

ਇਕ ਪ੍ਰਸਿੱਧ ਅੰਗਰੇਜ਼ੀ ਪ੍ਰਾਰਥਨਾ (Abide with me) ਦਾ ਅਨੁਵਾਦ

(ਰਾਗ ਕਾਲੰਗੜਾ)

(ਧਾਰਨਾ—ਚਰਖਾ ਕਾਤੋ ਤੋ ਬੇੜਾ ਪਾਰ ਹੈ)

ਰੱਬ ਜੀ ! ਰਹੁ ਮੇਰੇ ਨਾਲ ਤੂੰ, ਰੱਬ ਜੀ।
ਵਸ ਕੋਲ ਮੇਰੇ ਹਰ ਹਾਲ ਤੂੰ। ਰੱਬ ਜੀ।
ਹੁਣ ਸੰਝ ਦਾ ਪਹਿਰਾ ਛਾ ਰਿਹਾ, ਤੇ ਹਨੇਰਾ ਵਧ ਵਧ ਆ ਰਿਹਾ।
ਦਿਲ ਹੁੰਦਾ ਏ ਡਾਵਾਂਡੋਲ ਵੇ, ਰਹੁ ਸਾਈਆਂ ! ਮੇਰੇ ਕੋਲ ਵੇ।
ਸਾਥੀ ਨਾ ਕੋਲ ਖਲੋਣ ਜਾਂ, ਦਰਦੀ ਸਭ ਉਹਲੇ ਹੋਣ ਜਾਂ।
ਲੁਕ ਜੀ ਪਰਚਾਵੇ ਜਾਣ ਜਾਂ, ਸੁਖ ਸਾਰੇ ਕੰਡ ਵਲਾਣ[1] ਜਾਂ।
ਬਣ ਬਣੀਆਂ ਦਾ ਭਾਈਵਾਲ[2] ਤੂੰ,
ਰੱਬ ਜੀ ! ਰਹੁ ਮੇਰੇ ਨਾਲ ਤੂੰ।
ਨਿੱਕਾ ਜਿਹਾ ਦਿਹਾੜਾ ਜਿੰਦ ਦਾ, ਹੈ ਪਰਾਹੁਣਾ ਹੁਣ ਘੜੀ-ਬਿੰਦ ਦਾ।
ਜਾਏ ਕਾਹਲੀ ਕਾਹਲੀ ਮੁੱਕਦਾ, ਅੰਤ ਨੇੜੇ ਆਵੇ ਢੁੱਕਦਾ।
ਚੋਜ ਜੱਗ ਦੇ ਰੰਗ ਵਟਾ ਰਹੇ, ਠਾਠ ਬਾਠ ਲੰਘੀਂਦੇ ਜਾ ਰਹੇ।
ਚੌਫੇਰ ਉਦਾਸੀ ਛਾਈ ਏ, ਸਭ ਬਣਤਰ ਫਿੱਕੀ ਪਾਈ ਏ।
ਇਕ ਰਸੀਆ ਜੋ ਹਰ ਹਾਲ ਤੂੰ,
ਰੱਬ ਜੀ ! ਰਹੁ ਮੇਰੇ ਨਾਲ ਤੂੰ।
ਘੜੀਆਂ ਜੋ ਬੀਤਣ ਮੇਰੀਆਂ, ਨਿਤ ਤਾਂਘਣ ਮਿਹਰਾਂ ਤੇਰੀਆਂ।
ਤੁਧ ਬਾਝੋਂ ਕੌਣ ਬਚਾ ਸਕੇ, ਮੈਨੂੰ ਪਾਪ ਦੇ ਰਾਹੋਂ ਹਟਾ ਸਕੇ।
ਕੋਈ ਰਹਬਰ[3] ਹੋਰ ਨਾ ਸੁੱਝਦਾ, ਤੂੰਹੇਂ ਮਾਣ ਸਹਾਰਾ ਮੁੱਝ ਦਾ।
ਭਾਵੇਂ ਝੱਖੜ ਹੋਏ ਝੁੱਲਿਆ, ਭਾਵੇਂ ਨਿੰਮਲ ਚਾਨਣ ਖੁੱਲਿਆ।
ਮੇਰਾ ਹਰਦਮ ਰੱਖ ਖਿਆਲ ਤੂੰ,
ਰੱਬ ਜੀ ! ਰਹੁ ਮੇਰੇ ਨਾਲ ਤੂੰ।
ਅੱਖਾਂ ਮਿਟਦੀਆਂ ਜਾਂਦੀਆਂ ਮੇਰੀਆਂ, ਤੇ ਉਡੀਕਣ ਰਿਸ਼ਮਾਂ ਤੇਰੀਆਂ।
ਕੋਈ ਪ੍ਰੇਮ-ਨਿਸ਼ਾਨ ਦਿਖਾਲ ਦੇ, ਵਿਚ ਕਾਲਕ ਭੇਜ ਜਲਾਲ ਦੇ।
ਮੈਨੂੰ ਅਰਸ਼ ਦੇ ਕਿੰਗਰੇ ਚਾੜ੍ਹ ਲੈ, ਬੂਹੇ ਬਖਸ਼ਾਂ[4] ਦੇ ਖੋਲ੍ਹ ਕੇ ਵਾੜ ਲੈ।
ਪਹੁ ਫੁੱਟ ਪਈ ਸੁਰਗ ਦੁਆਰ ਦੀ, ਫੋਕੇ ਜਗ ਦੇ ਵਹਿਮਾਂ ਨੂੰ ਮਾਰਦੀ।
ਜੀਉਣ ਮੌਤ, ਦੁਹਾਂ ਵਿਚ ਢਾਲ ਤੂੰ,
ਰੱਬ ਜੀ ! ਰਹੁ ਮੇਰੇ ਨਾਲ ਤੂੰ।

---

1. ਪਾਸਾ ਮੋੜਨਾ। 2. ਦੁੱਖਾਂ ਦਾ ਸਾਥੀ। 3. ਆਗੂ ਗੁਰੂ। 4. ਰਹਿਮਤਾਂ।

ਚਾਨਣ ਜੀ

ਚਾਨਣ ਜੀ ! ਤੁਸੀਂ ਲੰਘਦੇ ਲੰਘਦੇ ਕੀ ਅੱਖੀਆਂ ਨੂੰ ਕਹਿ ਗਏ ?
ਖਿੱਚ ਖਿੱਚੇ, ਕਰ ਲੰਮੀਆਂ ਬਾਹੀਂ (ਅਸੀਂ) ਫੜਦੇ ਫੜਦੇ ਰਹਿ ਗਏ।
ਭਜ ਭਜ ਮੋਏ (ਤੁਸੀਂ) ਹੱਥ ਨਾ ਆਏ (ਅਸੀਂ) ਘੁੱਟ ਕਲੇਜਾ ਬਹਿ ਗਏ।
ਹਾੜੇ ਸਾਡੇ ਖੁੰਝ[1] ਜ਼ਬਾਨੋਂ, ਅੱਖੀਆਂ ਥਾਣੀਂ ਵਹਿ ਗਏ।
ਅਸੀਂ ਵਧੇ, ਤੁਸੀਂ ਉਹਲੇ ਹੋ ਗਏ, ਦੇ ਕੇ ਪੀਂਘ ਹੁਲਾਰਾ।
ਨੂਰਾਨੀ ਝਲਕਾਰੇ ਦਾ, ਉਹ ਭੁਲਦਾ ਨਹੀਂ ਨਜ਼ਾਰਾ।
ਸ਼ਮਸੀ[2] ਰਿਸ਼ਮਾਂ ਥੀਂ ਚੁੰਧਿਆ ਕੇ, ਅੱਖਾਂ ਭੀੜੇ ਬੂਹੇ,
ਬਿਜਲੀ-ਕੂੰਦ ਧਸੀ ਰਗ ਵਿਚ ਥਰਕਿਆ ਜੁੱਸਾ ਸਾਰਾ।
ਗੂੰਜ ਉਠੀ ਸਿਰ ਝੂਮਣ ਲੱਗਾ, ਅਕਲ ਹੋਈ ਦੀਵਾਨੀਂ,
ਪ੍ਰੇਮ-ਸਰੂਰ ਜਿਹਾ ਇਕ ਆ ਕੇ, ਸੁਰਤ ਚੜ੍ਹੀ ਅਸਮਾਨੀਂ।
ਸੁਪਨਾ ਸੀ, ਜਾਂ ਸਾਮਰਤਖ[3] ਸੀ ? ਇਹ ਭੀ ਥਹੁ ਨਾ ਲੱਗੇ,
ਅੱਖਾਂ ਵਿਚ, ਹਾਂ, ਭਾਹ ਗੁਲਾਬੀ, ਰਹਿ ਗਈ ਟਿਕੀ ਨਿਸ਼ਾਨੀ।

ਪ੍ਰੀਤਮ ਜੀ !

(ਕਾਫੀ)

ਪ੍ਰੀਤਮ ਜੀ ! ਕਿਉਂ ਤਰਸਾਂਦੇ ਹੋ ?
ਪ੍ਰੇਮ ਕਸਾਏ (ਅਸੀਂ) ਭਜ ਭਜ ਆਈਏ,
ਅਗੋਂ ਲੁਕ ਲੁਕ ਜਾਂਦੇ ਹੋ !
ਨੈਣ ਲੜਾ ਕੇ, ਜ਼ਿੰਦ ਅੜਾ ਕੇ,
ਸੀਨੇ ਪ੍ਰੇਮ ਮੁਆਤਾ[4] ਲਾ ਕੇ,
ਲਿਸ਼ਕ ਦਿਖਾ ਕੇ, ਧੂਹਾਂ ਪਾ ਕੇ,
ਹੁਣ ਕਿਉਂ ਅੱਖ ਚੁਰਾਂਦੇ ਹੋ ?
ਧਸ ਗਿਆ ਜਿਗਰ ਤੀਰ ਅਣੀਆਲਾ[5],
ਪੁਟ ਖੜਨਾ ਹੁਣ ਨਹੀਂ ਸੁਖਾਲਾ,
ਚੁੰਬਕ ਲੋਹੇ ਨੂੰ ਦਿਖਲਾ ਕੇ,
ਆਪਣਾ ਆਪ ਬਚਾਂਦੇ ਹੋ !
ਪੜਦੇ ਨੂੰ ਹੁਣ ਪਰੇ ਹਟਾਓ,
ਭਰ ਗਲਵਕੜੀ ਠੰਢਕ ਪਾਓ,
ਖੁਲ੍ਹ ਕੇ ਨੂਰੀ ਝਲਕ ਦਿਖਾਓ,
ਕਿਸ ਪਾਸੋਂ ਸ਼ਰਮਾਂਦੇ ਹੋ ?

1. ਭੁੱਲ ਜਾਣਾ, ਰਹਿ ਜਾਣਾ। 2. ਸੂਰਜੀ। 3. ਪ੍ਰਤੱਖ। 4. ਅੱਗ, ਭਾਂਬੜ। 5. ਤਿੱਖਾ, ਅਣੀਆਂ ਵਾਲਾ।

ਜੇ ਕੋਈ ਸਾਥੋਂ ਹੋਈ ਖੁਨਾਮੀ[1]
ਜਾਂ ਕੁਝ ਪ੍ਰੇਮ-ਲਗਨ ਵਿਚ ਖਾਮੀ,
ਬਖ਼ਸ਼ਾਂ ਦੇ ਦਰਵਾਜ਼ੇ ਥਾਣੀਂ,
ਕਿਉਂ ਨਹੀਂ ਪਾਰ ਲੰਘਾਂਦੇ ਹੋ !

ਕੋਰਾ ਕ਼ਾਦਰ

(ਇਕ ਜਗਯਾਸੂ ਦੀ ਆਤਮਾ ਵਿਚ ਬੈਠ ਕੇ)

ਹੇ ਮੇਰੇ ਉਹ ! ਕਿ ਜਿਦ੍ਹਾ ਅੰਤ ਨਹੀਂ, ਆਦਿ[2] ਨਹੀਂ,
ਹੇ ਮੇਰੇ ਉਹ ! ਕਿ ਜਿਦ੍ਹਾ ਨਾਮ ਅਜੇ ਯਾਦ ਨਹੀਂ,
ਹੇ ਮੇਰੇ ਉਹ ! ਕਿ ਜਿਦ੍ਹਾ ਘਰ ਕਿਤੇ ਆਬਾਦ ਨਹੀਂ,
ਕੌਣ ਹੈਂ ? ਕੀ ਹੈਂ ? ਤੇ ਕਿਸ ਥਾਂ ਹੈਂ ? ਜ਼ਰਾ ਦਸ ਤਾਂ ਸਹੀ !
ਸਾਧੀ ਉ ਚੁੱਪ ਕਿਹੀ ? ਖੁਲ੍ਹ ਕੇ ਜ਼ਰਾ ਹਸ ਤਾਂ ਸਹੀ !
ਢੂੰਡਦੇ ਤੇਰਾ ਟਿਕਾਣਾ, ਹੋਏ ਬਰਬਾਦ ਕਈ,
ਤੇਰੇ ਦੀਦਾਰ ਲਈ ਕਰ ਗਏ ਫਰਯਾਦ ਕਈ,
ਤੇਰੇ ਰਾਹਾਂ ਤੇ ਖਲੇ ਫਸ ਗਏ ਆਜ਼ਾਦ ਕਈ,
ਰੁੜ੍ਹ ਗਏ ਤਾਰੂ ਕਈ, ਭੁਲ ਗਏ ਉਸਤਾਦ ਕਈ,
ਫਿਕ੍ਰ ਨੇ ਗੋਤਾ ਲਗਾ ਥਾਹ ਨਾ ਪਾਈ ਤੇਰੀ,
ਉੱਡ ਕੇ ਪਾ ਨਾ ਸਕਦੀ ਅਕਲ ਉਚਾਈ ਤੇਰੀ,
ਸੀਨਾ ਏਕਾਂਤ ਦਾ ਭੀ ਵਸਦਾ ਨਾ ਕਿਧਰੇ ਪਾਇਆ,
ਤਜਾਗ ਦੇ ਨੰਗ ਤੇ ਭੀ, ਡਿੱਠਾ ਨਾ ਤੇਰਾ ਸਾਇਆ,
ਵਸਤੀਆਂ ਵਿਚ ਭੀ ਨਜ਼ਰ ਜਲਵਾ[3] ਨਾ ਤੇਰਾ ਆਇਆ,
ਨਾ ਬੀਆਬਾਨੀਂ ਕਿਤੇ ਜਾਪਦਾ ਤੰਬੂ ਲਾਇਆ,
ਦੱਸਾਂ ਏਹ ਪੈਣ, ਕਿ ਹੈ, ਹੈ, ਪਰ ਅਜ ਦੂਰ ਜਿਹੇ,
ਦੂਰ ਜਾ ਜਾ ਕੇ ਭੀ ਸੁਣਦੇ ਹੀ ਗਏ, 'ਦੂਰ ਜਿਹੇ'
ਦੂਰ ਆਂ ਕੱਛਦੇ ਜਦ ਕਰ ਨਾ ਸਕੇ ਟੋਲ ਕਿਤੇ,
ਵਾਜ ਆਈ, ਕਿ ਉਹੋ ! ਦੇਖ ਜ਼ਰਾ ਕੋਲ ਕਿਤੇ,
ਆਪਣੇ ਅੰਦਰੇ ਮਤ, ਹੋਵੇ ਅਣਭੋਲ[4] ਕਿਤੇ,
ਕੀਤੀ ਪੜਚੋਲ ਕਿਤੇ, ਟੋਲ ਕਿਤੇ, ਫੋਲ ਕਿਤੇ,
ਖੋਜੀਆਂ ਖੂੰਜਾਂ ਸਭੇ, ਆਈ ਕਿਤੋਂ ਵਾ ਭੀ ਨਹੀਂ,
ਕੈਸਾ ਅੰਧੇਰ ਪਿਆ, ਹੈਂ ਭੀ ਤੇ ਦਿਸਦਾ ਭੀ ਨਹੀਂ।
ਅੱਡ ਕੇ ਐਡੇ ਅਡੰਬਰ ਨੂੰ ਕਿਧਰ ਜਾ ਬੈਠੋਂ ?
ਦੇ ਕੇ ਝਲਕਾਰਾ ਜਿਹਾ, ਪੜਦੇ ਕਿਹੇ ਪਾ ਬੈਠੋਂ ?

1. ਗਲਤੀ। 2. ਆਰੰਭ। 3. ਚਮਕ, ਪ੍ਰਕਾਸ਼। 4. ਸੁਭਾਵਕ, ਸਹਜੇ ਹੀ।

ਨੈਣਾਂ ਵਿਚ ਤਾਂਘ ਟਿਕਾ, ਨੈਣ ਕਿਤੇ ਲਾ ਬੈਠੋਂ ?
ਜੀਉਂਦਿਆਂ ਫੇਰ ਕਦੀ ਮਿਲਨੇ ਦੀ ਸਹੁੰ ਖਾ ਬੈਠੋਂ ?
ਕੁੰਡੀ ਵਿਚ ਫਾਹਣਾ, ਤੇ ਉੱਪਰ ਨਾ ਉਠਾਣਾ, ਇਹ ਕੀ ?
ਹਸਦਿਆਂ ਤੋਰ ਕੇ ਫਿਰ ਮੂੰਹ ਨਾ ਦਿਖਾਣਾ, ਇਹ ਕੀ ?
ਡਾਢਾ ਤੜਫਾਇਆ ਜੋ ਨਿਕਲੇ ਤੇਰੇ ਦੀਦਾਰ ਲਈ,
ਭੁੱਜੇ ਪਰਵਾਨੇ ਕਈ, ਚੁੰਮ ਗਏ ਦਾਰ[1] ਕਈ,
ਕੈਸ[2], ਫਰਿਹਾਦ[3], ਰਾਂਝੇਟੇ ਤੇ ਮਹੀਂਚਾਰ[4] ਕਈ,
ਹੋ ਗਏ ਢੇਰ, ਮੁਹੱਬਤ ਦੇ ਖਰੀਦਾਰ ਕਈ,
ਆਇਆ ਕੁਝ ਹੱਥ ਕਿਸੇ ਦੇ, ਤਾਂ ਸੁੰਗੜਵਾ[5] ਦਿੱਤਾ,
ਜੰਦਰਾ ਨਾਲ ਹੀ ਤੂੰ ਜੀਭ ਉੱਤੇ ਲਾ ਦਿੱਤਾ,
ਜਾਂ ਮਿਜਾਜ਼ੀ[6] ਨੂੰ ਮਜ਼ਾ ਆਇਆ, ਹਕੀਕੀ[7] ਹੋਇਆ ?
ਸੂਫੀਆਂ ਭੀ ਨਾ ਸੁਣਾਇਆ, ਕਿ ਅਗ੍ਹਾਂ ਕੀ ਹੋਇਆ,
ਐਡੀਆਂ ਘਾਲਾਂ ਦਾ ਭੀ ਸਿੱਟਾ ਉਹੋ ਹੀ ਹੋਇਆ,
ਦੜ ਲਈ ਵੱਟ ਕਿਸੇ, ਕੋਈ ਸ਼ੁਦਾਈ ਹੋਇਆ,
ਫਲਸਫਾ ਹੰਭ[8] ਗਿਆ ਥੀਉਰੀਆਂ[9] ਘੜਦਾ ਘੜਦਾ,
ਬਹਿ ਗਿਆ ਥਕ ਕੇ ਅਮਲ[10] ਪੌੜੀਆਂ ਚੜ੍ਹਦਾ ਚੜ੍ਹਦਾ।
ਜੁੱਗਾਂ ਤੋਂ ਪ੍ਰਸ਼ਨ ਤੇਰਾ ਠੇਡੇ ਪਿਆ ਖਾਂਦਾ ਹੈ,
ਹੋਣ ਤੇ ਹੱਲ ਪਰ ਅਜ ਤੀਕ ਨਹੀਂ, ਆਂਦਾ ਹੈ,
ਹਰ ਕੋਈ ਘੋੜੇ ਕਿਆਸੀ[11] ਰਿਹਾ ਦੌੜਾਂਦਾ ਹੈ,
ਅੰਤ ਪਰ ਲੀਲਾ ਤੇਰੀ ਦਾ ਨਾਂ ਲਿਆ ਜਾਂਦਾ ਹੈ।
ਤੂੰ ਰਿਹੋਂ ਮੋਨ[12], ਤੇ ਸਰਬਗ[13] ਨਾ ਆਇਆ ਕੋਈ,
ਆਸ ਦੀ ਟੁੱਟੀ ਕਮਰ ਆਗੂ ਨਾ ਪਾਇਆ ਕੋਈ।
ਝਾੜ ਕੇ ਭੀੜ ਲਗੀ, ਦਰਸ ਦੇ ਚਾਹਵਾਨਾਂ ਦੀ,
ਤੁਰ ਪਈ ਤੋਰ, ਦਿਖਾਵੇ ਦੇ ਮਿਹਰਬਾਨਾਂ ਦੀ,
ਲਗ ਗਈ ਗਾੜ੍ਹੀ ਛਣਨ[14], ਦਰਸ਼ਨੀ ਪਲ੍ਹਵਾਨਾਂ[15] ਦੀ,
ਹੋ ਗਈ ਚਾਂਦੀ[16], ਖਿਜ਼ਰ-ਵੇਸੀਏ[17] ਸ਼ੈਤਾਨਾਂ ਦੀ,

---

1. ਸੂਲੀ (ਹਜ਼ਰਤ ਈਸਾ ਤੇ ਮਨਸੂਰ ਵੀ ਸੂਲੀ ਚੜ੍ਹਾਏ ਗਏ ਸਨ)। 2. ਮਜਨੂੰ (ਲੈਲਾ ਦਾ ਪ੍ਰੇਮੀ)।
3. ਈਰਾਨ ਦੇ ਬਾਦਸ਼ਾਹ ਖੁਸਰੋ ਪਰਵੇਜ਼ ਦਾ ਇਮਾਰਤਕਾਰ ਜਿਸ ਨੂੰ ਸ਼ੀਰੀ ਨਾਲ ਮੁਹੱਬਤ ਹੋ ਗਈ ਸੀ।
4. ਮਹੀਂਵਾਲ ਜਿਸਦਾ ਗੁਜਰਾਤ ਦੀ ਇਕ ਘੁਮਾਰਨ 'ਸੋਹਣੀ' ਨਾਲ ਪਿਆਰ ਪੈ ਗਿਆ ਸੀ।
5. ਬੰਦ ਕਰਨਾ, ਸੰਕੋਚ ਕਰਾਉਣਾ, (ਭਾਵ ਹੈ ਦੱਸਣ ਤੋਂ ਸੰਕੋਚ)। 6. ਦੁਨੀਆਵੀ ਪਿਆਰ। 7. ਰੱਬੀ ਪਿਆਰ।
8. ਥਕਣਾ। 9. ਸਿੱਧਾਂਤ।
10. ਕਰਮ, ਭਾਵ ਇਹ ਕਿ ਫ਼ਿਲਾਸਫ਼ੀ (ਦਰਸ਼ਨ) ਤੇ ਕਰਮਾਂ ਦੀ ਭੀ ਰੱਬ ਨੂੰ ਸਮਝਣ ਦੇ ਸਾਧਨਾਂ ਦੀ ਭਾਂਤ ਕੋਈ ਕੀਮਤ ਨਹੀਂ। 11. ਖਿਆਲੀ। 12. ਚੁੱਪ। 13. ਸਭ ਕੁਝ ਜਾਣਨ ਵਾਲਾ। 14. ਮੌਜ ਹੋ ਗਈ।
15. ਦਿਖਾਵੇ ਵਾਲਿਆਂ ਦੀ, ਜਿਨ੍ਹਾਂ ਦੇ ਅੰਦਰ ਧਰਮ ਜਾਂ ਨੇਕੀ ਨਹੀਂ ਸੀ। 16. ਖਟੀ ਹੋਣੀ, ਮੌਜ ਬਣਨੀ।
17. ਚਿੱਟ ਕਪੜੀਏ।

ਲੁੱਟਿਆ ਖੂਬ ਤੇ ਅਹਿਮਕ[1] ਭੀ ਬਣਾਇਆ ਸਭ ਨੇ,
ਆਪਣੇ ਮਤਲਬ ਦਾ, ਰੰਗ ਚੜ੍ਹਾਇਆ ਸਭ ਨੇ।
ਦੇਖ ਇਹ ਲੁੱਟ ਪਈ, ਨੇਕ ਰੂਹਾਂ[2] ਆ ਗਈਆਂ,
ਕੱਢ ਕੇ ਭੱਠ ਵਿਚੋਂ ਠੰਢ ਕੁਝ ਕੁ ਪਾ ਗਈਆਂ,
ਚਾਰ ਦਿਨ ਚੋਜ ਵਿਖਾ, ਭਰਮ ਜਿਹਾ ਲਾ ਗਈਆਂ,
ਕੱਚੀ ਆਵੀ ਸੀ ਅਜੇ, ਭੇਦ ਨਾ ਸਮਝਾ ਗਈਆਂ,
ਚੇਲਿਆਂ ਚਾਟੜਿਆਂ ਨਕਸ਼ਾ ਹੀ ਪਲਟਾ ਦਿਤਾ,
ਵੱਖੋ ਵੱਖ ਟੋਲੇ ਬਣਾ, ਰੌਲਾ ਜਿਹਾ ਪਾ ਦਿੱਤਾ।
ਨਿੰਦਿਆ, ਝੂਠ ਕਪਟ[3] ਫੇਰ ਜਮਾਇਆ ਡੇਰਾ,
ਰਾਸਤੀ[4] ਭੁੱਲ ਗਈ, ਰਾਹ ਨਾ ਆਇਆ ਤੇਰਾ,
ਵੀਰਾਂ ਵਿਚ ਹੋਣ ਲਗਾ, ਵਿਤਕਰਾ "ਤੇਰਾ ਮੇਰਾ",
ਆਪੋ ਵਿਚ ਡਾਂਗ ਚਲੀ, ਫੁੱਟ ਨੇ ਪਾਇਆ ਘੇਰਾ,
ਹੱਕਾਂ ਦੇ ਭੇੜ ਛਿੜੇ, ਅਮਨ ਪਰੇ ਜਾਂ ਬੈਠਾ,
ਕੰਡਾਂ[5] ਮਲਵਾਂਦਾ ਜਗਤ ਘੰਡੀ[6] ਭੀ ਭੰਨਵਾ ਬੈਠਾ।
ਤੇਰੀ ਅਣਹੋਂਦ ਨੇ, ਕੀ ਕੀ ਨਾ ਵਿਖਾਇਆ ਸਾਨੂੰ ?
ਵਖਤ[7] ਕੋਈ ਰਹਿ ਭੀ ਗਿਆ ? ਤੂੰ ਜੋ ਨਾ ਪਾਇਆ ਸਾਨੂੰ,
ਤੂੰ ਤਾਂ ਬਹੁਤੇਰਾ ਗਲੋਂ ਲਾਹੁਣਾ ਚਾਹਿਆ ਸਾਨੂੰ,
ਐਸੇ ਪਰ ਢੀਠ ਬਣੇ, ਸਬਰ ਨਾ ਆਇਆ ਸਾਨੂੰ,
ਏਹੋ ਕੁਝ ਮਾਪੇ ਉਲਾਦਾਂ ਨੂੰ ਦਿਆ ਕਰਦੇ ਨੇਂ ?
ਆਪਣੀਆਂ ਨਾਲ ਬਿਗਾਨੇ ਹੀ ਰਿਹਾ ਕਰਦੇ ਨੇਂ ?
ਸਾਡੇ ਵਿਚ ਭੈੜ ਸਹੀ, ਤੂੰ ਹੀ ਚੰਗਾਈ ਕਰਦੋਂ !
ਚੁੱਕ ਕੇ ਪੜਦਾ ਜ਼ਰਾ, ਜਲਵਾ-ਨੁਮਾਈ[8] ਕਰਦੋਂ !
ਡੰਮ ਡੋਹਿਆਂ[9] ਤੋਂ ਬਚਾ, ਦਿਲ ਦੀ ਸਫਾਈ ਕਰਦੋਂ !
ਪਾਪ ਦੇ ਰੋਗੀਆਂ ਦਾ ਦਾਰੂ ਦਵਾਈ ਕਰਦੋਂ।
ਚਾਹੁੰਦੋਂ ਤੂੰ ਤਾਂ ਕੋਈ ਹਥ ਭੀ ਫੜਨ ਵਾਲਾ ਸੀ ?
ਫੇਰ ਕੀ ਕਹੀਏ ਤੇਰਾ ਆਪਣਾ ਦਿਲ ਕਾਲਾ ਸੀ ?
ਕੋਰਿਆ ! ਦਸ ਤਾਂ ਸਹੀ, ਤੋੜ ਵਿਛੋੜੇ ਕਦ ਤਕ ?
ਪੀੜਨਾ ਖੂਨ ਅਜੇ ਦੇ ਦੇ ਮਰੋੜੇ ਕਦ ਤਕ ?
ਧੁਰ ਦਿਆਂ ਵਿਛੜਿਆਂ ਵਲ, ਪਾਣੇ ਨੇਂ ਮੋੜੇ ਕਦ ਤਕ ?
ਕਿੰਨਾ ਤੜਫਾਣਾ ਅਜੇ ਕਸਣੇ ਨੇਂ ਤੋੜੇ[10] ਕਦ ਤਕ ?

---

1. ਮੂਰਖ। 2. ਭਾਵ ਅਵਤਾਰ, ਪੈਗੰਬਰ, ਗੁਰੂ, ਸੰਤ। 3. ਫਰੇਬ। 4. ਸੱਚਾਈ।
5. ਗਲਾ ਬਹਣ ਦੀ ਬੀਮਾਰੀ ਜਿਸਨੂੰ ਠੀਕ ਕਰਨ ਲਈ ਗਲੇ ਤੇ ਮਲਦੇ ਹਨ, ਉਸਨੂੰ ਕੰਡਾ ਕਢਾਉਣਾ ਬੋਲਦੇ ਹਨ।
6. ਗਰਦਨ, ਧੌਣ। 7. ਮੁਸੀਬਤ। 8. ਚਮਕ ਦਿਖਾਣਾ, ਦਰਸ਼ਨ ਦੇਣਾ, ਸੁੰਦਰਤਾ ਦੀ ਨੁਮਾਇਸ਼।
9. ਵਹਿਮਾਂ, ਭਰਮਾਂ, ਟੋਇਆਂ। 10. ਰੁਸਦਾ, ਗੁੱਸਾ ਕਰਨਾ।

ਐਡਾ ਟੰਗਾਰਾ[1] ਭੀ ਕੀ ? ਆ ! ਕੋਈ ਇਨਸਾਫ ਭੀ ਕਰ ?
ਬੱਸ ਹੁਣ ਜਾਣ ਭੀ ਦੇ, ਭੁੱਲ ਗਏ ਮਾਫ ਭੀ ਕਰ !
ਵੇਖਦਾ ਹੈਂ, ਕਿ ਨਹੀਂ ? ਅੱਗ ਕਿਹੀ ਬਲਦੀ ਹੈ ?
ਟੁਕੜਿਆਂ ਵਾਸਤੇ ਤਲਵਾਰ ਕਿਵੇਂ ਚਲਦੀ ਹੈ ?
ਮੱਛੀ ਵਿਕਦੀ[2] ਹੈ ਜਿਵੇਂ, ਸੂਰ ਨਾ ਕੋਈ ਰਲਦੀ ਹੈ,
ਤੇਰੀ ਔਲਾਦ ਲਹੂ ਪੀਣੋਂ ਭੀ ਨਾ ਟਲਦੀ ਹੈ,
ਭਾਵੇਂ ਕੌੜੀ ਹੀ ਲਗੂ ! ਤੇਰੇ ਹੀ ਸਭ ਕਾਰੇ ਨੇਂ !
ਤੇਰੀ ਇਕ ਹੋਂਦ ਖੁਣੋਂ, ਵਖਤ[3] ਪਏ ਸਾਰੇ ਨੇ।
ਤੂੰ ਜੇ ਵਿਚ ਹੋਵੇਂ ਖੜਾ, ਅਕਲ ਸਿਖਾਉਣ ਵਾਲਾ,
ਜੰਮਿਆ ਕੌਣ ਹੈ ਫਿਰ, ਲੂਤੀਆਂ[4] ਲਾਉਣ ਵਾਲਾ !
ਤੂੰਹੇਂ ਪਰ ਹੋਇਓਂ ਜੇ ਲੁਕ ਲੁਕ ਕੇ ਸਤਾਉਣ ਵਾਲਾ,
ਤੇਰੀ ਲਾਈ ਨੂੰ ਉਠੇ ਕੌਣ ਬੁਝਾਉਣ ਵਾਲਾ ?
ਆ ! ਅਜੇ ਵਕਤ ਹਈ, ਵਿਗੜੀ ਬਣਾ ਲੈ ਆ ਕੇ,
ਖੋਟੇ ਖਰਿਆਂ ਦੀ ਤੂੰਹੇਂ ਲਾਜ ਬਚਾ ਲੈ ਆ ਕੇ।
ਪਿੱਛੋਂ ਆਖੇਂਗਾ ਪਿਆ ਕੀਤੀ ਤੁਸਾਂ ਕਾਰ ਨਹੀਂ,
ਸਾਫ ਆਖਾਂਗੇ, ਤਦੋਂ ਦੱਸੀ, ਕਿਸੇ ਸਾਰ ਨਹੀਂ,
ਤੂੰ ਹੈਂ ਮਾਬੂਦ[5] ਖਰਾ, ਏਸ ਤੋਂ ਇਨਕਾਰ ਨਹੀਂ,
ਹੋਇਆ ਪਰ ਅੱਜ ਤਲਕ ਅੱਖਾਂ ਭੀ ਦੋ-ਚਾਰ ਨਹੀਂ,
ਸਾਹਮਣੇ ਹੋਏ ਬਿਨਾਂ ਕਰਕੇ ਵਿਖਾਂਦੇ ਕਿਸ ਨੂੰ ?
ਲੱਖਾਂ ਕਲਬੂਤ[6] ਖੜੇ, ਦਿਲ ਦੀ ਸੁਣਾਂਦੇ ਕਿਸ ਨੂੰ ?
ਹੋਕਾ ਦੇਂਦੇ ਹਾਂ ਪਏ, ਗਲ ਨਾਲ ਲਾ ਲੈ ! ਲਾ ਲੈ !
ਤੇਰੇ ਬੰਦੇ ਹਾਂ ਖਰੇ, ਕਦਮਾਂ 'ਚ ਪਾ ਲੈ ! ਪਾ ਲੈ !
ਤੇਰੀ ਦਹਿਲੀਜ਼ ਤੇ ਸਿਰ ਨੀਵਾਂ ਹੈ, ਚਾ ਲੈ ! ਚਾ ਲੈ !
ਹੋਰ ਕੀ ਆਖੀਏ ? ਜੀ ਖੋਲ੍ਹ ਕੇ ਤਾ ਲੈ ! ਤਾ ਲੈ !
ਆਇਆ ਹੁਣ ਨਾ ਤੇ ਕਿਆਮਤ ਨੂੰ ਜੇ ਆਇਆ ਕਿਸ ਕੰਮ ?
ਸੁਕ ਗਿਆ ਖੇਤ ਜਦੋਂ, ਮੀਂਹ ਜੇ ਵਰ੍ਹਾਇਆ ਕਿਸ ਕੰਮ ?
ਮਾਫ ਕਰਨਾ ਕਿ ਜ਼ਰਾ ਖੁੱਲਮ-ਖੁਲ੍ਹੀਆਂ ਕਹੀਆਂ,
ਤੇਰੇ ਅਹਿਸਾਨਾਂ ਦੀਆਂ ਚੀਸਾਂ ਨੇ ਨਿਕਲ ਰਹੀਆਂ,
ਡੋਬਦੋਂ ਆਪ ਨਾ ਜੇ, ਸਾਡੀਆਂ ਤੂੰਹੇਂ, ਵਹੀਆਂ,
ਅੱਕ ਕੇ ਨਿਕਲਦੀਆਂ ਗੱਲਾਂ ਨਾ ਏਹੋ ਜਹੀਆਂ,
ਤੇਰੇ ਬਿਨ ਕੌਣ ਸੁਣੇ ? ਲਾਡ ਤੇ ਰੋਸੇ ਅੜਿਆ,
ਤੂੰਹੇਂ ਤੂੰ ਜਾਪਨਾ ਏਂ, ਪੱਲਾ ਤੇਰਾ ਆ ਫੜਿਆ।

---
1. ਆਕੜ। 2. ਰੋਲਾ, ਸ਼ੋਰ। 3. ਦੁੱਖ ਜਾਂ ਔਖੇ ਵੇਲੇ। 4. ਚੁਗਲੀਆਂ ਕਰਨਾ। 5. ਪੂਜਯ, ਪੂਜਾ ਯੋਗ।
6. ਬੁਤ ਸਰੀਰ।

ਤੂੰ ਨਿਰੰਕਾਰ[1] ਹੈਂ, ਪਰ ਰੂਪ ਤਾਂ ਧਰ ਸਕਦਾ ਹੈਂ,
ਸਾਹਮਣੇ ਹੋਣ ਤੋਂ ਫਿਰ ਕਾਹਨੂੰ ਪਿਆ ਝਕਦਾ ਹੈਂ ?
ਔਝੜੀਂ[2] ਭਟਕਦੀ ਦੁਨੀਆਂ ਨੂੰ ਖੜਾ ਤਕਦਾ ਹੈਂ !
ਜਾਲੀਆਂ ਤਾਣਨੋਂ ਕਿਉਂ ਮਾਲੀ ਨੂੰ ਨਾ ਡਕਦਾ ਹੈਂ ?
ਚਲੇਗੀ ਕਾਰ ਕਿਵੇਂ, ਇਸ ਤਰ੍ਹਾਂ ਕਾਰਖਾਨੇ ਦੀ ?
ਝਲੀਏ ਝਿੜਕ, ਤੇਰੇ ਬੈਠਿਆਂ, ਬੇਗਾਨੇ ਦੀ।
ਸਾਡੀ ਮਰਜ਼ੀ ਹੈ ਕਿ ਤੂੰ ਲੁਕ ਕੇ ਬਹੇਂ ਹੋਰ ਨਾ ਹੁਣ,
ਹੰਨੇ ਹੰਨੇ[3] ਦੀ ਅਮੀਰੀ ਦਾ ਰਹੇ ਜ਼ੋਰ ਨਾ ਹੁਣ,
ਸਾਧਾਂ ਦਾ ਭੇਸ ਧਰੀ, ਲੁਟਦੇ ਫਿਰਨ ਚੋਰ ਨਾ ਹੁਣ,
ਮੌਲਵੀ ਪੰਡਤਾਂ ਦਾ ਪੈਂਦਾ ਰਹੇ ਸ਼ੋਰ ਨਾ ਹੁਣ,
ਤੇਰੇ ਦਰਬਾਰ ਦਾ ਨਾ ਹੋਵੇ ਕੋਈ ਠੇਕੇਦਾਰ,
ਸਾਹਮਣੇ ਬੈਠ ਕੇ ਤੂੰ ਆਪ ਸੁਣੇਂ ਹਾਲ ਪੁਕਾਰ।
ਇਕ ਤੂੰ ਹੈਂ ਤੇ ਤੇਰਾ ਇਕੋ ਅਖਾੜਾ[4] ਹੋਵੇ,
ਕਾਲੇ ਗੋਰੇ ਦਾ ਨਾ ਨਿਤ ਪੈਂਦਾ ਪੁਆੜਾ ਹੋਵੇ,
ਹੱਕਾਂ ਅਧਿਕਾਰਾਂ ਦਾ ਭੀ ਸੂਲ ਨਾ ਸਾੜਾ[5] ਹੋਵੇ,
ਜ਼ੋਰ ਤੇ ਜ਼ਰ[6] ਦਾ ਨਾ ਬੇ-ਅਰਥ ਉਜਾੜਾ ਹੋਵੇ,
ਇਕੋ ਝੰਡੇ ਦੇ ਤਲੇ ਸਭ ਦਾ ਟਿਕਾਣਾ ਹੋਵੇ,
ਹੋ ਰਿਹਾ ਮਿਲ ਮਿਲ ਕੇ, ਪ੍ਰੇਮ ਦਾ ਗਾਣਾ ਹੋਵੇ।
ਤੇਰੀ ਗੁਲਜ਼ਾਰ[7] ਦੇ ਸਿਰ ਵਿਚ ਬੁਲਬੁਲਾਂ ਦਾ ਘਰ ਹੋਵੇ,
ਪਿੰਜਰੇ ਜਾਲ ਤੇ ਸੱਯਾਦ[8] ਦਾ ਨਾ ਡਰ ਹੋਵੇ,
ਪੂਰਬੀ ਪੱਛਮੀ ਨੂੰ ਖੁੱਲ੍ਹਾ ਤੇਰਾ ਦਰ ਹੋਵੇ,
ਇਕੋ ਥਾਂ ਖਾ ਰਿਹਾ ਜ਼ਰਦਾਰ[9] ਤੇ ਬੇਜ਼ਰ[10] ਹੋਵੇ,
ਸੁਰਗ ਦੀ ਹਿਰਸ[11] ਇਸੇ ਦੁਨੀਆਂ ਤੇ ਪੂਰੀ ਕਰ ਦੇ,
ਕੋਲ ਵਸ ਚਾਤ੍ਰਿਕ ਦੇ, ਦੂਰ ਏ ਦੂਰੀ ਕਰ ਦੇ।

ਜੀਵਨ-ਕੇਂਦਰ ਤੋਂ ਨਿਖੜ ਕੇ ਸੰਸਾਰ ਵਿਚ ਅਟਕੀ ਪ੍ਰਾਣ ਵਾਯੂ ਦਾ ਹਾਉਕਾ

(ਹੀਰ ਦੀ ਆਤਮਾ ਵਿਚ ਬੈਠ ਕੇ)

ਸਾਈਓ ਨੀ ! ਮੈਂ ਕੀ ਦੁਖ ਦੱਸਾਂ,
ਕਿਉਂ ਨਿਤ ਦਿਆਂ ਦਹਾਈਆਂ,

1. ਆਕਾਰ ਰਹਿਤ। 2. ਭੁਲੇਖਿਆਂ ਵਿਚ ਗ਼ਲਤ ਪਾਸੇ ਫਿਰਨਾ। 3. ਜਣੇ ਖਣੇ ਦੀ। 4. ਦਰਬਾਰ, ਡੇਰਾ। 5. ਈਰਖਾ, ਜਲਨ। 6. ਦੌਲਤ, ਧਨ। 7. ਫੁਲਵਾੜੀ। 8. ਸ਼ਿਕਾਰੀ। 9. ਦੌਲਤਮੰਦ, ਧਨਵਾਨ। 10. ਗਰੀਬ। 11. ਇਛਿਆ, ਲਾਲਚ।

ਪੁਰਜਾ ਪੁਰਜਾ ਹੋਵੇ ਜਿੰਦੜੀ,
ਨੈਣਾਂ ਝੜੀਆਂ ਲਾਈਆਂ।
ਨਿਜ ਮੈਂ ਖੇੜੀਂ ਆਈ ਹੁੰਦੀ,
ਨਿਜ ਛਡ ਤੁਰਦੀ ਪੇਕੇ,
ਸਹੁਰੇ ਪੈ ਗਏ ਪੇਚ ਕੁਵੱਲੇ[1],
ਕੀਤੀ ਕੈਦ ਕਸਾਈਆਂ।
ਜਿਸ ਸੱਜਣ ਮੈਨੂੰ ਚਰਨੀਂ ਲਾ ਕੇ,
ਜੀਵਣ ਜੋਗੀ ਕੀਤਾ,
ਉਸ ਜਿੰਦੜੀ ਨੂੰ, ਧੋਖਾ ਖਾ ਕੇ,
ਬੇਲੇ ਵਿਚ ਛਡ ਆਈਆਂ।
ਜੇ ਜਾਣਾਂ, ਉਸ ਤੋਰ ਸਿਆਲੋਂ
ਝਾਤ ਨਹੀਂ ਮੁੜ ਪਾਣੀ—
ਗਲ ਵਢਦੀ ਉਸ ਕਾਜ਼ੀ ਦਾ, ਜਿਨ-
ਗਲ ਵਿਚ ਫਾਹੀਆਂ ਪਾਈਆਂ।
ਸਿੱਕ[2] ਉਠੇ, ਉਡ ਚੜ੍ਹਾਂ ਅਗਾਸੀਂ,
ਪੈਰ ਉਦ੍ਹੇ ਜਾ ਚੁੰਮਾਂ,
ਸੜ ਜਾਵੇ ਇਹ ਚੋਲਾ[3] ਚਾਤ੍ਰਿਕ,
(ਜਿਨ) ਪਾਈਆਂ ਐਡ ਜੁਦਾਈਆਂ।

ਪ੍ਰੀਤਮ ਦੇ ਮਿਲਾਪ ਨਾਲ ਨਿਹਾਲ ਹੋਈ ਰੂਹ ਦਾ, ਟਿਕੇ ਰਹਿਣ ਦਾ ਤਰਲਾ

(ਹੀਰ ਦੀ ਆਤਮਾ ਵਿਚ ਬੈਠ ਕੇ)

(1) ਸ਼ਰਧਾ

ਪਾਲੀ[4] ਪਾਲੀ ਮਤ ਆਖੋ ਅੜੀਓ ! (ਨੀ ਓ) ਦੀਨ ਦੁਨੀ[5] ਦਾ ਵਾਲੀ,
ਉਸ ਦੇ ਦਮ ਥੀਂ ਉਡਦਾ ਫਿਰਦਾ (ਨੀ ਏ) ਖੱਲੜ[6] ਮੇਰਾ ਖਾਲੀ।
ਜਿਸ ਪਾਸੇ ਮੈਂ ਝਾਤੀ ਪਾਵਾਂ, (ਮੈਨੂੰ) ਓਹੋ ਦੇਇ ਦਿਖਾਲੀ,
ਰੂਪ ਜਲਾਲੀ ਝਲਕਾਂ ਮਾਰੇ, ਫੁਲ ਫੁਲ, ਡਾਲੀ ਡਾਲੀ।

(2) ਮਿਲਾਪ

ਮਹਿਕ ਸਹਿਕ ਦੇ ਪ੍ਰੀਤਮ ਜੁੜਿਆ (ਅਸਾਂ) ਅੱਖਾਂ ਵਿਚ ਬਹਾਇਆ,
ਏਥੋਂ ਸੱਦ ਕੇ ਦਿਲ ਦੀ ਖੂੰਜੇ, (ਅਸਾਂ) ਰਤੜਾ ਪਲੰਘ ਵਿਛਾਇਆ।

1. ਉਲਝਣ। 2. ਤੀਬਰ ਚਾਹ। 3. ਭਾਵ ਸਰੀਰ।
4.ਮੱਝੀਆਂ ਚਾਰਨ ਵਾਲਾ ਚਰਵਾਹਾ, ਗਵਾਲਾ (ਸ੍ਰੀ ਕ੍ਰਿਸ਼ਨ ਜੀ ਦੇ ਗਊਆਂ ਚਾਰਨ ਤੋਂ)। 5. ਧਰਮ ਤੇ ਦੁਨੀਆਂ।
6. ਸਰੀਰ ਦਾ ਢਾਂਚਾ।

ਝੋਲੀ ਪਾ ਕੇ ਤਾਨੇ ਮੇਹਣੇ, (ਅਸਾਂ) ਮਾਹੀ ਘਰੀਂ ਵਸਾਇਆ,
ਬੂਹੇ ਭੀੜ ਰਚਾਈਆਂ ਰਾਸਾਂ[1], (ਅਸਾਂ) ਜੋ ਮੰਗਿਆ ਸੋ ਪਾਇਆ।

(3) ਤਦਰੂਪਤਾ[2]

ਭੋਲੇ ਲੋਕੀ ਕਹਿਣ ਸ਼ੁਦਾਇਣ[3], (ਅਸਾਂ) ਮਰ ਮਰ ਜੱਗ ਪਰਾਤਾ[4],
ਚੁਲ੍ਹੇ ਪਾਏ (ਅਸਾਂ) ਸਾਕ ਕੂੜਾਵੇ, (ਜਦ) ਮਿਲ ਗਿਆ ਜੀਵਨ-ਦਾਤਾ।
ਪ੍ਰੇਮ-ਪਲੀਤੇ[5] ਤੇ ਭੁੱਜ ਮੋਇਆ (ਦਿਲ) ਭੰਭਟ ਚੁੱਪ-ਚੁਪਾਤਾ,
ਸੇਜ ਸੁਹਾਵੀ ਤੇ ਚੜ੍ਹ ਸੁੱਤਾ, ਛੱਡ ਦੁਨੀਆਂ ਦਾ ਨਾਤਾ।

ਤੇਰੀ ਗੋਦ ਵਿਚ ਬਾਲ ਅਵਾਣਾ

1. ਅੰਬ ਦੀਆਂ ਫਾੜੀਆਂ, ਨੈਣ ਮਮੋਲੇ,
ਹੱਸੂ ਹੱਸੂ ਕਰਨ ਬਲੌਰੀ ਗੋਲੇ।
ਹਿਕ ਨਾਲ ਲਾ ਲਾ, ਕਰਨੀ ਏਂ ਛੀ ਛੀ,
ਰੱਜਨੀ ਏਂ ਬੁੱਲੀਆਂ ਦਾ ਰਸ ਪੀ ਪੀ।
ਭੁੱਲ ਗਿਆ ਸੌਣਾ ਖਾਣਾ,
ਤੇਰੀ ਗੋਦ ਵਿਚ ਬਾਲ ਅਵਾਣਾ।

2. ਵੇਖਨੀ ਏਂ ਵਿੰਗੀ ਵਰਾਛ[6] ਜਦੋਂ ਲਾਲ ਦੀ,
ਮੱਥੇ ਉਤੇ ਧੁੰਮੇ[7] ਤੇਰੇ, ਲਾਲੀ ਕਮਾਲ ਦੀ।
ਹੱਸਦੇ ਨੂੰ ਤੱਕ ਤੱਕ, ਖੀਵੀ ਹੁੰਦੀ ਜਾਨੀ ਏ,
ਸੈਨਤਾਂ[8] ਦੇ ਨਾਲ ਪਈ ਪੀਆ[9] ਨੂੰ ਤਕਾਨੀ ਏਂ।
ਤਣਨੀ ਏਂ ਤੰਦਨ ਤਾਣਾ,
ਤੇਰੀ ਗੋਦ ਵਿਚ ਬਾਲ ਅਵਾਣਾ।

3. ਪਿਆਰ ਦੀ ਦੁਨੀਆਂ ਤੂੰਹੇਂ ਵਸਾਈ,
ਸ਼ਹੁ[10] ਦੀ ਸੂਰਤ ਪੁੱਤ ਵਿਚ ਆਈ।
ਰੱਬ ਨੇ ਸੁੱਤਾ ਪ੍ਰੇਮ ਜਗਾਇਆ,
ਸਾਂਝੀਆਂ ਸੱਧਰਾਂ, ਬੂਟਾ ਲਾਇਆ।
ਰਲ ਮਿਲ ਪਾਣੀ ਪਾਣਾ,
ਤੇਰੀ ਗੋਦ ਵਿਚ ਬਾਲ ਅਵਾਣਾ।

4. ਤੂੰ ਤੇ ਸ਼ਹੁ ਰਲ ਇਕ ਮਿਕ ਹੋ ਗਏ,
ਮਕਸਦ[11] ਪੂਰਾ ਕਰਨ ਖਲੋ ਗਏ।
ਸੁਹਣੇ ਜੱਗ ਦੇ ਸੁਹਜ[12] ਵਧਾਣੇ,

---

1. ਖੁਸ਼ੀਆਂ ਮਨਾਈਆਂ। 2. ਇਕ ਮਿਕ ਹੋ ਜਾਣ ਦੀ ਅਵੱਸਥਾ। 3. ਪਾਗ਼ਲ, ਕਮਲੀ। 4. ਪਰਖਿਆ, ਪਰਤਾਇਆ। 5. ਪਿਆਰ ਦੀ ਅੱਗ। 6. ਹਾਸੇ ਦੀ ਮੁਦਰਾ, ਬੁਲ੍ਹਾਂ ਦੀ ਇਕ ਹਾਲਤ। 7. ਫੈਲੇ, ਰੋਸ਼ਨ ਹੋਏ। 8. ਇਸ਼ਾਰੇ। 9. ਪਤੀ। 10. ਪ੍ਰੀਤਮ। 11. ਮਨੋਰਥ। 12. ਸੁੰਦਰਤਾ।

ਬੂਟੇ ਲਾ ਲਾ ਫੁੱਲ ਖਿੜਾਣੇ।
ਕੱਠਿਆਂ ਤਾਰਿਆਂ ਜਾਣਾ,
ਤੇਰੀ ਗੋਦ ਵਿਚ ਬਾਲ ਅਵਾਣਾ।

ਲਾ ਮਕਾਨ[1]

ਸਾਰਾ ਤੇਰਾ ਕਾਰਾ ਤੇ ਹੈ,
ਤੂੰ ਨਹੀਂ ਦਿਸਦਾ।
ਐਨਾ ਖਿਲਰ ਖਿਲਾਰਾ ਤੇ ਹੈ,
ਤੂੰ ਨਹੀਂ ਦਿਸਦਾ।
ਸੂਰਜ, ਚੰਦ, ਸਤਾਰੇ, ਧਰਤੀ,
ਸਭ ਨੂੰ ਕੋਈ ਸਹਾਰਾ ਤੇ ਹੈ,
ਤੂੰ ਨਹੀਂ ਦਿਸਦਾ।
ਪਰਬਤ, ਨਦੀਆਂ ਸਬਜ਼ਾ, ਮਹਿਕਾਂ,
ਸੁਹਜਾਂ ਦਾ ਭੰਡਾਰਾ ਤੇ ਹੈ,
ਤੂੰ ਨਹੀਂ ਦਿਸਦਾ।
ਮਹਿਫਲ, ਸਾਕੀ, ਮੈ ਤੇ ਮਸਤੀ,
ਰੌਣਕ ਬੋਲ ਬੁਲਾਰਾ ਤੇ ਹੈ,
ਤੂੰ ਨਹੀਂ ਦਿਸਦਾ।
ਪੰਧ, ਮੁਸਾਫਿਰ, ਨਦੀ, ਕਿਨਾਰਾ,
ਪਾਰ ਲਗਣ ਦਾ ਚਾਰਾ ਤੇ ਹੈ,
ਤੂੰ ਨਹੀਂ ਦਿਸਦਾ।
ਪਿਆਰ, ਉਡੀਕ, ਕਸ਼ਸ਼[2] ਤੇ ਲਾਰਾ,
ਲੁਕਵਾਂ ਜਿਹਾ ਇਸ਼ਾਰਾ ਤੇ ਹੈ,
ਤੂੰ ਨਹੀਂ ਦਿਸਦਾ।

ਮਜ਼ਹਬ

ਸ਼ੁੱਧ ਆਤਮਾ, ਪਹਿਲਾਂ ਪ੍ਰਗਟੀ,
ਮਜ਼ਹਬ ਇਸ ਦੇ ਪਿੱਛੋਂ ਆਇਆ।
ਧਰਮ, ਸਚਾਈ ਦੀ ਚਿਟਾਨ ਤੇ,
ਮਜ਼ਹਬ ਨੇ ਇਕ ਮਹਿਲ ਬਣਾਇਆ।
ਮਜ਼ਹਬ ਦੇ ਪਾਣੀ ਨੂੰ ਗੰਦਾ,
ਕੀਤਾ ਜਦੋਂ ਜ਼ਮੀਰ-ਫਰੋਸ਼ਾਂ[3]।

1. ਅਗੋਚਰ, ਜਿਸਦਾ ਕੋਈ ਥਾਂ ਠਿਕਾਣਾ ਨਾ ਹੋਵੇ। 2. ਖਿੱਚ। 3. ਆਤਮਾ ਨੂੰ ਵੇਚਣ ਵਾਲੇ।

ਜਿਉਂ ਕੀ ਤਿਉਂ ਚਿਟਾਨ ਹੀ ਰਹਿ ਗਈ,
ਮਜ਼ਹਬ ਦਾ ਹੋ ਗਿਆ ਸਫਾਇਆ।
ਮਜ਼ਹਬ ਦਾ ਗੜ੍ਹ[1] ਢਹਿੰਦਾ ਜਾਵੇ,
ਥਾਂ ਥਾਂ ਪੈਂਦੇ ਜਾਣ ਮੁਘਾਰੇ[2]।
ਥੋਬੇ ਲਾ ਲਾ ਲਿੰਬੀ ਪੋਚੀ,
ਜਾਣ, ਭਗਤ ਜਨ ਰਲ ਕੇ ਸਾਰੇ।
ਲਟਕ ਰਹੀ ਹੈ ਤਾਰ ਦਮਾਂ[3] ਦੀ,
ਧਨ ਦੌਲਤ ਦਾ ਫੜੀ ਸਹਾਰਾ।
ਘੜੀਆਂ ਦਾ ਮਹਿਮਾਨ ਬਿਰਛ,
ਹਟਕੋਰੇ ਖਾਵੇ ਨਦੀ ਕਿਨਾਰੇ।

ਸ੍ਵਰਗ ਨਰਕ

ਸ੍ਵਰਗ ਦੇ ਸੋਹਲੇ[4] ਸੁਣਾ,
ਲੁਟ ਲੁਟ ਖਾਨਾ ਏਂ ਕਾਹਨੂੰ ?
ਨਰਕ ਦਾ ਨਕਸ਼ਾ ਦਿਖਾ,
ਰੋਜ ਡਰਾਨਾ ਏਂ ਕਾਹਨੂੰ ?
ਮੈਂ ਤੇ ਦੋਹਾਂ ਤੋਂ ਨਿਡਰ,
ਹੋ ਕੇ ਨਿਆਰਾ ਬੈਠਾਂ,
ਫੇਰ ਭੀ ਫਤਵਿਆਂ[5] ਦੇ,
ਤੀਰ ਚੁਭਾਨਾ ਏਂ ਕਾਹਨੂੰ ?

ਗਰੀਬ ਦਾ ਗੁਰਪੁਰਬ

ਬਾਬਾ ! ਮੇਰੇ ਠੁਰਕਣ[6] ਨਿਕੇ ਨਿਕੇ ਬਾਲ। ਟੇਕ—

1. ਕੋਈ ਨੰਗਾ, ਅਧ ਕਜਿਆ ਕੋਈ,
ਕਿਸੇ ਪਜਾਮੀ ਪਾਟੀ ਹੋਈ,
ਉਤੋਂ ਨੱਸਾ ਨੱਸਾ ਆਵੇ ਸਿਆਲ।
ਬਾਬਾ ! ਮੇਰੇ ਠੁਰਕਣ ਨਿਕੇ ਨਿਕੇ ਬਾਲ!

2. ਪੱਲੇ ਪੈਂਦੀ ਏ ਖਿਚਵੀਂ[7] ਮਜੂਰੀ,
ਕੋਈ ਲੋੜ ਨਾ ਹੋਵੇ ਪੂਰੀ,
ਅਤੇ ਦਾਣਿਆਂ ਦਾ ਪੈ ਗਿਆ ਕਾਲ।
ਬਾਬਾ ! ਮੇਰੇ ਠੁਰਕਣ ਨਿਕੇ ਨਿਕੇ ਬਾਲ।

1. ਕਿਲਾ। 2. ਮੋਘੇ, ਸੁਰਾਖ। 3. ਸਵਾਸਾਂ। 4. ਸਿਫਤਾਂ। 5. ਦੋਸ਼ਾਂ ਦਾ ਫੈਸਲਾ ਜਾਂ ਡੰਨ (ਮੁਸਲਮਾਨਾਂ ਅਨੁਸਾਰ)। 6. ਸਰਦੀ ਨਾਲ ਕੰਬਣਾ। 7. ਥੋੜ੍ਹੀ।

3. ਸਿਦਕ ਸਬੂਰੀ[1] ਤੋਸ਼ਾ[2] ਮੇਰਾ,
ਨੰਗਿਆਂ ਤੇ ਭੁਖਿਆਂ ਨੂੰ ਆਸਰਾ ਤੇਰਾ,
ਮੇਰਾ ਹਲ ਕਰ ਰੋਟੀ ਦਾ ਸਵਾਲ।
ਬਾਬਾ ! ਮੇਰੇ ਠੁਰਕਣ ਨਿਕੇ ਨਿਕੇ ਬਾਲ।

4. ਤੂੰ ਮੇਰਾ ਸਤਿਗੁਰ, ਮੈਂ ਤੇਰਾ ਬੇਟਾ,
ਕੰਗਲੇ ਦੀ ਏ ਕਬੂਲੀਂ ਭੇਟਾ,
ਰੁਖੀ ਰੋਟੀ ਤੇ ਪਤਲੀ ਦਾਲ।
ਬਾਬਾ ! ਮੇਰੇ ਠੁਰਕਣ ਨਿਕੇ ਨਿਕੇ ਬਾਲ।

ਰੱਬ ਤੇ ਮਜ਼ੂਰ

ਜਿਉਂ ਜਿਉਂ ਰੱਬ,
ਹੁੰਦਾ ਜਾਏ ਨੇੜੇ,
ਦੋਜ਼ਖ[3] ਦਾ ਡਰ।
ਲਹਿੰਦਾ ਜਾਵੇ।
ਕਾਫਰ[4] ਕਾਫਰ।
ਆਖਣ ਵਾਲਾ,
ਹੁਣ ਤੋਂ ਆਪ,
ਪਿਆ ਸ਼ਰਮਾਵੇ,
ਸਿਰ ਤੋਂ ਸੁੱਟ,
ਪੁਰਾਣੀਆਂ ਪੰਡਾਂ,
ਨਵੇਂ ਸੁਰਗ ਵਿਚ
ਦਾਖਲ ਹੋਇਆ।
ਆਪਣੀ ਕਿਸਮਤ
ਆਪ ਘੜਣ ਦੀ,
ਰੀਝ—
ਮਜ਼ੂਰਾਂ ਨੂੰ ਭੀ ਆਵੇ।

ਰੱਬ-ਏਜੰਸੀ

ਜੇ ਰਬ ਹੁੰਦਾ ਧਨ ਦਾ ਭੁੱਖਾ,
ਤਾਂ ਮੈਂ ਸੋਨਾ ਢੇਰੀ ਲਾਂਦਾ।
ਜੇ ਉਹ ਚਾਹੁੰਦਾ ਰੋਟੀ ਕਪੜਾ,
(ਤਾਂ ਮੈਂ) ਸਭ ਕੁਝ ਹੱਥ ਫੜਾਂਦਾ।

---

1. ਭਰੋਸਾ ਤੇ ਸਬਰ। 2. ਖਜ਼ਾਨਾ, ਦੌਲਤ, ਰਾਹ ਦਾ ਖਰਚ। 3. ਨਰਕ। 4. ਅਧਰਮੀ ਨਾਸਤਕ।

ਜਿਸ ਦੀਆਂ ਦਾਤਾਂ ਸਭ ਕੋਈ ਖਾਵੇ,
ਉਹ ਕਿਉਂ ਮੰਗਤਾ ਹੋਇਆ ?
ਭੋਲੇ ਰੱਬ ਦੇ ਏਜੰਟਾਂ ਨੂੰ,
ਕੋਈ ਨਹੀਂ ਸਮਝਾਂਦਾ।

ਮਿਲਾਪ ਦੇ ਪਲ

ਉਹ ਆਏ, ਹਸ ਪਏ, ਹੱਥ ਅੜਿਆ,
'ਕੁਝ ਹਈ ਤੇ ਅਗੇ ਧਰਦੇ।'
ਮੈਂ ਸਹਿਮੀ ਸਭ ਕੁਝ ਦੇ ਦਾਤੇ,
ਹਾਸਾ ਤੇ ਨਹੀਂ ਕਰਦੇ ?
ਨੀਵੀਂ ਪਾ ਮੈਂ ਅੰਦਰ ਟੋਹਿਆ,
ਚਾਰੇ ਕੰਨੀਆਂ ਥਾਲੀ,
ਅੱਖ ਪੱਟੀ, ਉਹ ਜਾ ਚੁਕੇ ਸਨ,
ਹੰਝੂ ਰਹਿ ਗਏ ਭਰਦੇ।
ਅੰਮ੍ਰਿਤ ਛੰਨਾ, ਛੁਲ ਛੁਲ ਕਰਦਾ,
ਓਨ੍ਹਾਂ ਮੇਰੇ ਹੱਥ ਫੜਾਇਆ।
ਆਖਣ ਲਗੇ ਸਾਰਾ ਪੀ ਜਾ,
ਮੈਂ ਤੇਰੇ ਹੀ ਲਈ ਬਣਾਇਆ।
ਮੈਂ ਝਿਜਕੀ ਮਤਿ ਕੌੜਾ ਹੋਵੇ,
ਵਹਿਮਾਂ ਨੇ ਮਤ ਮਾਰੀ,
ਸੋਚਾ ਕਰਦਿਆਂ ਛੰਨਾ ਡਿਗ ਪਿਆ,
(ਪਰ) ਬੁੱਲਾਂ ਤੀਕ ਨਾ ਆਇਆ।*

ਬੇੜੀ

ਸ਼ਹੁ[1] ਵਿਚ ਇਕ ਬੇੜੀ ਚੱਲੇ।
ਨਾ ਚੱਪੂ, ਨਾ ਵੰਝ[2], ਮੁਹਾਣਾ[3],
ਡਗਮਗ ਡੋਲਣ ਪੱਲੇ।
ਸ਼ਹੁ ਵਿਚ ਇਕ ਬੇੜੀ ਚੱਲੇ।
1. ਕਾਲੀ ਰਾਤ, ਹਨੇਰੀ ਵੱਗੇ,
ਕੁਝ ਨਾ ਸੁੱਝੇ ਪਿੱਛੇ, ਅੱਗੇ,
ਕਾਂਗ[4] ਉਥੱਲ ਪਥੱਲੇ।
ਸ਼ਹੁ ਵਿਚ ਇਕ ਬੇੜੀ ਚੱਲੇ।

---

* ਸਾਰੀ ਕਵਿਤਾ ਵਿਚ ਰਹੱਸ ਹੈ ਕਿ ਨਿੰਮ੍ਰਤਾ ਤੇ ਤਿਆਗ ਤੋਂ ਈਸ਼ਵਰ ਪ੍ਰੇਮ ਦਾ ਅੰਮ੍ਰਿਤ ਮਿਲਦਾ ਹੈ ਪਰ ਉਸ ਲਈ ਭੀ ਝਿਜਕ ਰਹਿਤ, ਪੂਰਨ ਵਿਸ਼ਵਾਸ ਦੀ ਲੋੜ ਹੈ।

1. ਸਾਗਰ, ਸੰਸਾਰ ਸਾਗਰ ਵਿਚ। 2. ਚੱਪੂ। 3. ਮਲਾਹ, ਮਨੁੱਖ ਦੀ ਜਿੰਦ ਬੇੜੀ ਹੈ। 4. ਹੜ੍ਹ।

2. ਨਜ਼ਰ ਨਾ ਆਵੇ ਕੋਈ ਕਿਨਾਰਾ,
ਨਾ ਕੋਈ ਚਮਕੇ ਨੂਰ-ਮੁਨਾਰਾ[1],
ਸਾਥੀ ਨਾਲ ਨਾ ਰਲੇ।
ਸ਼ਹੁ ਵਿਚ ਇਕ ਬੇੜੀ ਚੱਲੇ।

3. ਹਲਕੀ ਜਿਹੀ ਕਿਰਨ[2] ਜੇ ਮਿਲਦੀ,
ਰਾਹ ਪੈ ਜਾਂਦੀ ਠਿਲ੍ਹਦੀ ਠਿਲ੍ਹਦੀ,
ਕੰਢਾ ਹੈ ਕਿਤ ਵੱਲੇ।
ਸ਼ਹੁ ਵਿਚ ਇਕ ਬੇੜੀ ਚੱਲੇ।

4. ਥਰ ਥਰ ਕੰਬੇ, ਰੁੜ੍ਹ ਨਾ ਜਾਵਾਂ,
ਕੂਕੇ ਕਰ ਕਰ ਲੰਮੀਆਂ ਬਾਹਵਾਂ,
ਕੋਈ ਡੁਬਦੀ ਨੂੰ ਝੱਲੇ।
ਸ਼ਹੁ ਵਿਚ ਇਕ ਬੇੜੀ ਚੱਲੇ।

ਪੰਛੀ ਆਲ੍ਹਣਾ

1. ਨੀਂਦਰ ਊਸ਼ਾ[3] ਦੀ ਉੱਖੜੀ,
ਚਾਨਣ ਦਾ ਬੂਹਾ ਖੁਲ੍ਹ ਗਿਆ।
ਸੂਰਜ ਨੇ ਮੇਰੇ ਆਲ੍ਹਣੇ ਵਿਚ,
ਪੈਰ ਆ ਕੇ ਰੱਖਿਆ।
ਉਸ ਰੱਖਿਆ, ਮੈਂ ਚੱਕਿਆ,
ਸਾਥੀ ਨਾ ਕੋਈ ਉਡੀਕਿਆ।
ਬਸ ਖੰਭ ਖੁਲ੍ਹੇ ਕਰ ਲਏ,
ਤੇ ਆਲ੍ਹਣੇ ਤੋਂ ਚਲ ਪਿਆ।

2. ਖੁਲ੍ਹੀ ਹਵਾ ਵਿਚ ਪੇਲਦਾ,
ਧਰਤੀ ਤੇ ਚੋਗਾ ਭਾਲਦਾ,
ਖੇਤਾਂ ਦੇ ਸਿੱਟੇ ਭੋਰਦਾ,
ਰੁੱਖਾਂ ਦੇ ਮੇਵੇ ਚੱਖਦਾ,
ਚੇਤਾ ਨਹੀਂ ਦਿਨ ਭਰ ਦੇ ਵਿਚ,
ਕਿੰਨੀਆਂ ਕੁ ਮੌਜਾਂ ਮਾਣੀਆਂ।
ਤਕ ਤਕ ਕੇ ਉੱਚੀਆਂ ਨੀਵੀਆਂ।
ਕਿਸ ਨਾਲ ਪ੍ਰੀਤਾਂ ਪਾਈਆਂ
ਕੁਝ ਪਾਲੀਆਂ, ਕੁਝ ਤੋੜੀਆਂ
ਓੜਕ ਦਿਹਾੜਾ ਬੀਤਿਆ।

---
1. ਚਾਨਣ ਮੁਨਾਰਾ। 2. ਗਿਆਨ ਦੇ ਚਾਨਣ ਦੀ ਕਿਰਨ। 3. ਸਵੇਰ।

3. ਹੁਣ ਸੰਝ ਸਿਰ ਤੇ ਆ ਗਈ,
ਚੋਖਾ ਹਨੇਰਾ ਪੈ ਗਿਆ।
ਸਾਥੀ ਨਹੀਂ ਕੋਈ ਜਾਪਦਾ,
ਅਗੇ ਕੋਈ, ਪਿੱਛੇ ਕੋਈ।
ਕੁਝ ਜਾ ਚੁਕੇ, ਕੁਝ ਜਾ ਰਹੇ,
ਇਕ ਮੈਂ ਇਕੱਲਾ ਰਹਿ ਗਿਆ।

4. ਖੰਤਰਾ ਹੈ ਕੀ ? ਕੱਲਾ ਸਹੀ,
ਆਇਆ ਭੀ ਤਾਂ, ਕੱਲਾ ਹੀ ਸਾਂ।
ਹਰ ਰੋਜ਼ ਆਉਂਦੇ ਜਾਂਦਿਆਂ,
ਮਿਣ ਛੱਡਿਆ ਹੈ ਰਾਹ ਮੈਂ।
ਡੂੰਘੇ ਹਨੇਰੇ ਵਿਚ ਭੀ,
ਭੁਲਦਾ ਨਹੀਂ ਮੈਂ ਆਲ੍ਹਣਾ।
ਉੱਡਾਂਗਾ ਅੱਖਾਂ ਮੀਟ ਕੇ,
ਤਦ ਭੀ ਮੇਰਾ ਘਰ ਆਪਣਾ,
ਪੈਰਾਂ ਤਲੇ ਆ ਜਾਇਗਾ।

ਕਿੱਸੇ ਅਲਫ ਲੇਲਾ[1] ਵਾਲੇ

1. ਬੜੇ ਚਿਰ ਤੋਂ ਪਟੀਆਂ ਪੜ੍ਹਾਂਦਾ[2] ਰਿਹੋਂ ਤੂੰ,
ਸੁਵਰਗਾਂ ਦੇ ਸੁਪਨੇ ਵਿਖਾਂਦਾ ਰਿਹੋਂ ਤੂੰ,
ਕਹਾਣੀ ਸੁਆਦੀ ਬਣਾਂਦਾ ਰਿਹੋਂ ਤੂੰ,
ਲਗਾਂਦਾ ਰਿਹੋਂ ਖੂਬ ਮਿਰਚਾਂ ਮਸਾਲੇ,
ਮੁਕਾ ਹੁਣ ਤੇ ਕਿੱਸੇ ਅਲਫ ਲੇਲਾ ਵਾਲੇ।

2. ਕਰਾਮਾਤ ਹਰ ਗੱਲ ਦੇ ਵਿਚ ਤੂੰ ਫਸਾਈ,
ਮੇਰੀ ਜਾਨ ਖਾ ਗਈ ਤੇਰੀ ਪੰਡਿਤਾਈ,
ਹੜੱਪ ਕਰ ਗਿਓਂ ਮੇਰੀ ਸਾਰੀ ਕਮਾਈ,
ਨਾ ਸਮਝੇ ਮੈਂ ਸ਼ਤਰੰਜ[3] ਤੇਰੀ ਦੇ ਚਾਲੇ,
ਮੁਕਾ ਹੁਣ ਤੇ ਕਿੱਸੇ ਅਲਫ ਲੇਲਾ ਵਾਲੇ।

3. ਤੂੰ ਦਿਉਤੇ ਘੜੇ, ਦੇਵੀਆਂ ਭੀ ਬਣਾਈਆਂ,
ਮੁਰਾਦਾਂ ਮੰਗਾਈਆਂ ਤੇ ਸੁਖਣਾਂ ਸੁਖਾਈਆਂ,
ਤੇ ਨੱਕ ਨਾਲ ਸੌ ਸੌ ਲਕੀਰਾਂ ਕਢਾਈਆਂ,
ਕਰਾਏ ਕਈ ਮੈਤੋਂ ਕਜੀਏ ਕਸਾਲੇ,
ਮੁਕਾ ਹੁਣ ਤੇ ਕਿੱਸੇ ਅਲਫ ਲੇਲਾ ਵਾਲੇ।

---

1. ਪੁਰਾਣੀਆਂ ਵਾਰਤਾਵਾਂ, ਇਕ ਪੁਸਤਕ ਜਿਸ ਵਿਚ ਹਜ਼ਾਰ ਰਾਤਾਂ ਦਾ ਵਰਨਣ ਹੈ। ਇਥੇ ਭਾਵ ਹੈ ਧਰਮ ਦੇ ਨਾਂ ਉੱਤੇ ਪੁਰਾਣੇ ਵਹਿਮ। 2. ਪੁੱਠੀ ਸਿੱਖਿਆ ਦੇਣਾ। 3. ਭਾਵ ਧੋਖੇ ਦੀ ਖੇਡ।

4. ਗੁਲਾਮੀ ਦੇ ਸੰਗਲ ਬੜੇ ਤੂੰ ਬਣਾਏ,
ਸਚਾਈ ਲੁਕਾਈ, ਡਰਾਵੇ ਵਧਾਏ,
ਅਜ਼ਾਦੀ ਮੇਰੀ ਤੇ ਕਈ ਭਾਰ ਪਾਏ,
ਬੜੇ ਜਾਲ ਤਾਣੇ ਤੂੰ ਮੇਰੇ ਦੁਆਲੇ,
ਮੁਕਾ ਹੁਣ ਤੇ ਕਿੱਸੇ ਅਲਫ ਲੇਲਾ ਵਾਲੇ।

5. ਅਵਾਣਾ ਜਦੋਂ ਸਾਂ, ਰਿਹਾ ਪਰਚ ਜਾਂਦਾ,
ਖਿਡੌਣੇ ਤੇਰੇ ਨੂੰ ਰਿਹਾ ਸਿਰ ਝੁਕਾਂਦਾ,
ਮੈਂ ਤੰਗ ਆ ਗਿਆ ਹੁਣ ਤੇ ਮੱਥੇ ਘਸਾਂਦਾ,
ਨਹੀਂ ਜਾਂਦੇ ਐਨੇ ਸਿਆਪੇ ਸੰਭਾਲੇ,
ਮੁਕਾ ਹੁਣ ਤੇ ਕਿੱਸੇ ਅਲਫ ਲੇਲਾ ਵਾਲੇ।

6. ਜ਼ਮਾਨੇ ਨੇ ਕਰ ਲਈਏ ਦੁਨੀਆਂ ਸਿਆਣੀ,
ਗਲੋਂ ਲਹਿ ਗਈ ਉਹ ਬਿਮਾਰੀ ਪੁਰਾਣੀ,
ਉਹ ਪਿਛਲੀ ਜਹਾਲਤ[1] ਨਾ ਜਾਏ ਪਛਾਣੀ,
ਨਵੀਂ ਰੋਸ਼ਨੀ ਨੇ ਨਵੇਂ ਦਿਨ ਵਿਖਾਲੇ,
ਮੁਕਾ ਹੁਣ ਤੇ ਕਿੱਸੇ ਅਲਫ ਲੇਲਾ ਵਾਲੇ।

7. ਹੈ ਸਾਇੰਸ ਨੇ ਗਿਆਨ ਕੀਤਾ ਸੁਖਾਲਾ,
ਸਚਾਈ ਨੇ ਕਰ ਦਿੱਤਾ ਘਰ ਘਰ ਉਜਾਲਾ,
ਨਾ ਸੁਰਗਾਂ ਦਾ ਲਾਲਚ, ਨਾ ਨਰਕਾਂ ਦਾ ਪਾਲਾ,
ਹੋਏ ਦੂਰ ਵਹਿਮਾਂ ਤੇ ਭਰਮਾਂ ਦੇ ਜਾਲੇ,
ਮੁਕਾ ਹੁਣ ਤੇ ਕਿੱਸੇ ਅਲਫ ਲੇਲਾ ਵਾਲੇ।

8. ਤੂੰ ਰੱਬ ਅੱਗੇ ਮੇਰੀਆਂ ਸ਼ਕੈਤਾਂ ਲਗਾ ਲੈ,
ਮੇਰੇ ਮਗਰ ਕੁੱਤੇ ਦੁੜਾ ਕੇ ਡਰਾ ਲੈ,
ਬਗਾਵਤ ਬਣਾ ਲੈ, ਯਾ ਕਾਫਰ ਧੁਮਾ ਲੈ,
ਤੂੰ ਕਰ ਛੋੜ ਮੈਨੂੰ ਖੁਦਾ ਦੇ ਹਵਾਲੇ,
ਮੁਕਾ ਹੁਣ ਤੇ ਕਿੱਸੇ ਅਲਫ ਲੇਲਾ ਵਾਲੇ।

ਤੇਰਾ ਹੁਕਮ

ਤੁੱਧੇ ਘੱਲੀ (ਅਤੇ) ਤੁੱਧੇ ਸੱਦੀ,
ਮੈਂ ਠਿਲ੍ਹ ਪਈ ਜਿਗਰਾ ਕਰਕੇ।
ਐਥੋਂ ਤਕ ਤਾਂ ਅੱਪੜ ਪਈ ਆਂ,
ਹੌਲੀ ਹੌਲੀ ਤਰ ਕੇ।

---

1. ਮੂਰਖਤਾ।

ਹਾਂਭ[1] ਮੇਰੀ ਹੁਣ ਟੁਟਦੀ ਜਾਵੇ,
(ਅਤੇ) ਕੰਢਾ ਬੜਾ ਦੁਰਾਡਾ।
ਜਾਂ ਘਲ ਦੇ ਕੋਈ ਤੁਲ੍ਹਾ ਮੁਹਾਣਾ[2],
(ਜਾਂ) ਚੁਕ ਲੈ ਬਾਹੋਂ ਫੜ ਕੇ।
ਤੈਥੋਂ ਵਿੱਛੁੜ, ਐਸੀ ਘੁੱਥੀ[3],
ਮੈਂ ਗਾਹਿਆ ਚੱਕ ਚੁਗਿਰਦਾ,
ਏਹੋ. ਬੂਹਾ (ਮਤੇ) ਤੇਰਾ ਈ ਹੋਵੇ,
(ਮੈਂ) ਦਰ ਤਕਿਆ ਧਿਰ ਧਿਰ ਦਾ।
ਐਡੀ ਸਾਰੀ ਨਗਰੀ ਦੇ ਵਿਚ,
(ਮੈਨੂੰ) ਤੁਧ ਬਿਨ ਕੌਣ ਪਛਾਣੇ ?
ਖੋਲ ਬੂਹਾ, ਮੇਰੀ ਭਰ ਦੇ ਝੋਲੀ,
ਸਦਕਾ ਆਪਣੇ ਸਿਰ ਦਾ।

ਅਰਸ਼ੀ ਕਿਣਕਾ

ਜੇ ਵੱਸ ਮੇਰੇ ਵਿਚ ਹੁੰਦਾ,
ਭੁਲ ਕੇ ਭੀ ਛਾਲ ਨਾ ਮਾਰਦਾ।

1. ਠੰਢਕ ਦਾ ਨਿਰਮਲ ਕਿਣਕਾ,
ਅਰਸ਼ਾਂ ਵਿਚ ਵੱਸਣ ਵਾਲਾ।
ਮਾਸੂਮ ਅਞਾਣੇ ਵਰਗਾ,
ਨਿਰਛਲ[4] ਤੇ ਭੋਲਾ ਭਾਲਾ।
ਮੈਂ ਮੌਜਾਂ ਮਾਣ ਰਿਹਾ ਸਾਂ,
ਆਪਣੀ ਮਦ ਵਿਚ ਮਸਤਾਨਾ,
ਛਡ ਅਗਾਂਹ ਪਿਛਾਂਹ ਦੀ ਚਿੰਤਾ,
ਗਾਂਦਾ ਸਾ ਪ੍ਰੇਮ-ਤਰਾਨਾ।
ਨਾ ਜਾਗ ਰਿਹਾ ਸਾਂ ਪੂਰਾ,
ਨਾ ਬੇਸੁਰਤੀ ਨੀਂਦਰ ਦੀ,
ਇਕ ਵਾ ਹੇਠਾਂ ਲੈ ਆਈ,
ਕੋਈ ਗੁਪਤ ਇਸ਼ਾਰੇ ਕਰਦੀ।
ਮੈਂ ਓਥੇ ਹੀ ਸਾਂ ਚੰਗਾ,
ਪਰ ਦਮ ਨਹੀਂ ਸੀ ਇਨਕਾਰ ਦਾ।
ਜੇ ਵੱਸ ਮੇਰੇ ਵਿਚ ਹੁੰਦਾ,
ਭੁੱਲ ਕੇ ਭੀ ਛਾਲ ਨਾ ਮਾਰਦਾ।

---

1. ਸਾਹ, ਹਿੰਮਤ। 2. ਬੇੜੀ ਤੇ ਮਲਾਹ (ਆਸਰਾ, ਗੁਰੂ, ਪੀਰ)। 3. ਭਟਕੀ, ਖੁੰਝੀ। 4. ਸਾਫ਼ ਦਿਲ।

2. ਮੈਂ ਵਾਂਗ ਫੁਹਾਰ ਉਤਰਿਆ,
ਪਰਬਤ ਤੇ ਆ ਕੇ ਢੱਠਾ।
ਕਈ ਹੋਰ ਕਰੋੜਾਂ ਉਤਰੇ,
ਇਕ ਤੋਦਾ ਹੋ ਗਿਆ ਕੱਠਾ।
ਸੂਰਜ ਨੇ ਸੁਟ ਸੁਟ ਕਿਰਨਾਂ,
ਉਸ ਤੋਦੇ ਨੂੰ ਪੰਘਰਾਇਆ।
ਚਸ਼ਮੇ ਦੀ ਸੂਰਤ ਬਦਲੀ,
ਝਰਨੇ ਦਾ ਰੂਪ ਵਟਾਇਆ।
ਨਾਲੇ ਤੋਂ ਨਦੀ ਚਲਾਈ,
ਮੈਦਾਨਾਂ ਵਿਚ ਵਿਛਾਇਆ।
ਸਾਗਰ ਵਿਚ ਧੱਕਾ ਦੇ ਕੇ,
ਮੁੜ ਕਰ ਕਰ ਭਾਫ ਉਡਾਇਆ।
ਮੈਂ ਭਵਿਆ ਲਖ ਲਖ ਵਾਰੀ,
ਹਰ ਵਾਰੀ ਕੀਤੀ ਧਾਈ,
ਸੱਧਰ ਸੀ ਦਿਲ ਵਿਚ ਭਾਰੀ,
ਮਿਲ ਜਾਵੇ ਉਹੋ ਉਚਾਈ।
ਪਰ ਪੈਰ ਮੇਰਾ ਬਣ ਭਾਰਾ,
ਹੇਠਾਂ ਹੀ ਗਿਆ ਨਿਘਾਰਦਾ[1]।
ਜੇ ਵੱਸ ਮੇਰੇ ਵਿਚ ਹੁੰਦਾ,
ਭੁੱਲ ਕੇ ਭੀ ਛਾਲ ਨਾ ਮਾਰਦਾ।

3. ਇਸ ਚੱਕਰ ਦੇ ਵਿਚ ਚਲਦਿਆਂ,
ਅਜ ਤੀਕ ਸਮਝ ਨਹੀਂ ਆਈ,
ਮੈਂ ਕਿਸਮਤ ਆਪ ਲਿਖਾਈ,
ਜਾਂ ਬਾਹਰੋਂ ਕਿਸੇ ਬਣਾਈ।
ਮੈਂ ਕੀ ਕਸੂਰ ਕਰ ਬੈਠਾ,
ਜਿਸ ਦਾ ਬਦਲਾ ਹੈ ਮਿਲਦਾ।
ਇਹ ਰੀਝ ਮੇਰੀ ਆਪਣੀ ਸੀ,
ਯਾ ਸ਼ੌਕ ਕਿਸੇ ਦੇ ਦਿਲ ਦਾ।
ਮੇਰੀ ਪਹਿਲੀ ਮਾਸੂਮੀ,
ਕਿਉਂ ਮੈਥੋਂ ਖੁੱਸ ਗਈ ਹੈ ?
ਆਵਾ ਜਾਈ ਦੀ ਬਿਪਤਾ,
ਗਲ ਮੇਰੇ ਕਿਵੇਂ ਪਈ ਹੈ ?

---

1. ਧਸਣਾ, ਹੇਠਾਂ ਹੀ ਹੇਠਾਂ ਜਾਣਾ।

ਮੈਂ ਪੁੰਨ ਪਾਪ ਤੋਂ ਨਿਆਰਾ,
ਹੋ ਗਿਆ ਕਿਸ ਤਰ੍ਹਾਂ ਦਾਗੀ[1] ?
ਕੀ ਕਾਲਖ ਮੂੰਹ ਤੇ ਮਲ ਕੇ,
ਮੈਂ ਆਪਣੀ ਸ਼ਾਨ ਤਿਆਗੀ ?
ਮੇਰੇ ਮਨ ਦੀ ਸੀ ਮਰਜ਼ੀ,
ਯਾ ਭਾਣਾ ਸੀ ਕਰਤਾਰ ਦਾ ?
ਜੇ ਵੱਸ ਮੇਰੇ ਵਿਚ ਹੁੰਦਾ,
ਭੁੱਲ ਕੇ ਭੀ ਛਾਲ ਨਾ ਮਾਰਦਾ।

4. ਓ ਹੇਠ ਉਤਾਰਨ ਵਾਲੇ !
ਤੂੰ ਮਾਲਕ ਹੀ ਸਹੀ ਮੇਰਾ,
ਪਰ ਇਹ ਗੱਲ ਤੇ ਸਮਝਾ ਦੇ,
ਵਸ ਮੇਰਾ ਸੀ, ਜਾਂ ਤੇਰਾ ?.
ਜਿਸ ਵਾ ਨੇ ਹੇਠ ਲਿਆਂਦਾ,
ਉਹ ਕਿਉਂ ਨਹੀਂ ਉਤਾਂਹ ਉਠਾਂਦੀ ?
ਉਹ ਸੈਨਤ[2] ਸਿੱਧੀ ਹੋ ਕੇ,
ਕਿਉਂ ਰਸਤਾ ਨਹੀਂ ਵਿਖਾਂਦੀ ?
ਜੇ ਇਹ ਭੀ ਹੋ ਨਹੀਂ ਸਕਦਾ ?
ਤਦ ਇਹ ਸੋਝੀ ਹੀ ਪਾ ਦੇ,
ਪਰਵਸ ਮਜਬੂਰਾਂ ਉੱਤੇ,
ਏਹ ਟੈਕਸ ਲਗ ਗਏ ਕਾਹਦੇ ?
ਏਹ ਪੋਪ[3], ਮਸੰਦ[4], ਮੁਲਾਣੇ[5],
ਕਿਉਂ ਮੇਰੇ ਮਗਰ ਲਗਾਏ ?
ਏਹ ਲਹੂ ਨਿਚੋੜਨ ਵਾਲੇ,
ਤੂੰ ਵਾਰਸ[6] ਕਦੋਂ ਬਣਾਏ ?
ਮੈਂ ਅੱਕ ਗਿਆ ਮੂੰਹ ਰਖਦਾ,
ਇਸ ਤੇਰੇ ਦਾਵੇਦਾਰ ਦਾ।
ਜੇ ਵੱਸ ਮੇਰੇ ਵਿਚ ਹੁੰਦਾ,
ਭੁੱਲ ਕੇ ਭੀ ਛਾਲ ਨਾ ਮਾਰਦਾ।

---

1. ਗੁਨਾਹਗਾਰ, ਦੋਸ਼ੀ। 2. ਇਸ਼ਾਰਾ। 3. ਈਸਾਈਆਂ ਦਾ ਧਾਰਮਿਕ ਆਗੂ, ਵੱਡਾ ਪਾਦਰੀ।
4. ਸਿੱਖਾਂ ਦੀ ਕਾਰ ਭੇਟਾ ਉਗ੍ਰਾਹੁਣ ਤੇ ਗੁਰਮਤਿ ਦਾ ਪ੍ਰਚਾਰ ਕਰਨ ਵਾਲੇ (ਸ਼ਬਦ ਅਰਥ=ਗੱਦੀਦਾਰ)।
5. ਮੁਸਲਮਾਨਾਂ ਦੀ ਮਸੀਤ ਦਾ ਮੁਲਾਂ (ਸ਼ਬਦ ਅਰਥ=ਵਿਦਵਾਨ)। 6. ਮਾਲਕ।

ਏਥੇ ਬੋਲਣ ਦੀ ਨਹੀਂ ਜਾਹ ਅੜਿਆ

(ਕਾਫ਼ੀ)

1. ਚੌੜਾ ਦਰਯਾ, ਡੂੰਘਾ ਪਾਣੀ,
ਰਾਤ ਹਨੇਰੀ ਘੁੰਮਣਵਾਣੀ[1],
ਬੇੜੀ ਛੇਕੋ ਛੇਕ ਪੁਰਾਣੀ,
ਰਿਸ਼ਵਤਖੋਰ ਮਲਾਹ ਅੜਿਆ।

2. ਜੀਭ ਤੇ ਜੰਦਰਾ, ਪੈਰੀਂ ਬੇੜੀ,
ਸੱਚ ਆਖਣ ਦੀ ਵਾਹ ਨਾ ਮੇਰੀ,
ਦਾਵੇਦਾਰਾਂ ਦੇ ਹਥ ਮਿਸਲਾਂ[2],
ਹਾਕਮ ਬੇਪਰਵਾਹ ਅੜਿਆ।

3. ਰੱਬ ਦੀ ਹੁਰਮਤ[3] ਦੇ ਰਖਵਾਲੇ,
ਛੁਰਿਆਂ ਤੇ ਕਿਰਪਾਨਾਂ ਵਾਲੇ,
ਫਤਵੇ[4] ਸਾਂਭੀ ਫਿਰਨ ਦੁਆਲੇ,
ਸੁਕਿਆ ਰਹਿੰਦਾ ਏ ਸਾਹ ਅੜਿਆ।

4. ਰੱਬ ਖਬਰੇ ਮੈਨੂੰ ਮਿਲ ਹੀ ਪੈਂਦਾ,
ਮਿੰਨਤ ਨਾਲ ਮਨਾ ਭੀ ਲੈਂਦਾ,
ਪਰ ਬੇਤਰਸ ਮਸੰਦ ਮਜਾਉਰ[5],
ਰੋਕੀ ਬੈਠੇ ਰਾਹ ਅੜਿਆ।

5. ਹਮਸਾਏ[6] ਦਾ ਮੋਢਾ ਫੜ ਕੇ,
ਕੀ ਹਾਸਲ ਸੁਰਗਾਂ ਵਿਚ ਵੜ ਕੇ,
ਆਪਣੇ ਪੈਰੀਂ ਤੋੜ ਚੜ੍ਹਨ ਦੀ,
ਦਿਲ ਵਿਚ ਰਹਿੰਦੀ ਏ ਚਾਹ ਅੜਿਆ।

ਵਿਸ਼ਨਪਦ, ਆਰਤੀ

ਮੈਂ ਮੱਲਿਆ ਦਾਤਾ ਦਾ ਦੁਆਰ-ਟੇਕ

ਲੰਮਾ ਚੌੜਾ ਬਾਗ ਬਗੀਚਾ, ਜਿਸ ਦਾ ਕੋਈ ਉਰਾਰ ਨਾ ਪਾਰ।
ਤ੍ਰੈ ਲੋਕੀ[7] ਵਿਚ ਤਾਣਾ ਪੇਟਾ, ਬ੍ਰਹਮੰਡਾਂ ਵਿਚ ਖਿਲਰ-ਖਿਲਾਰ।
ਸੂਰਜ, ਚੰਦ, ਸਤਾਰੇ, ਧਰਤੀ, ਚਰਖ ਚਲ ਰਿਹਾ ਚੱਕਰ ਮਾਰ।
ਝੀਲਾਂ, ਚਸ਼ਮੇ, ਪਰਬਤ, ਨਦੀਆਂ, ਕੈਲਾਂ[8], ਚੀਲ, ਬਿਆਰ ਚਿਨਾਰ।
ਫਲ, ਫੁਲ ਮਧੁ[9] ਮਕਰੰਚ[10] ਮਧੁਰ ਦੀ, ਮਨ ਮੋਹੀ ਜਾਏ ਮਹਿਕਾਰ।

---

1. ਘੁੰਮਣਘੇਰ। 2. ਦੋਸ਼ੀ ਦੇ ਮੁਕੱਦਮੇ ਦੇ ਕਾਗਜ਼, ਫ਼ਾਈਲ। 3. ਮਾਨ, ਇੱਜ਼ਤ। 4. ਦੋਸ਼ ਦੇ ਫ਼ੈਸਲੇ।
5. ਪੁਜਾਰੀ, ਮੌਲਵੀ ਆਦਿ (ਮਸੰਦ=ਗੱਦੀਦਾਰ), ਮਜਾਵਰ=ਕਿਸੇ ਧਾਰਮਿਕ ਥਾਂ ਦਾ ਪੁਜਾਰੀ। 6. ਗਵਾਂਢੀ।
7. ਤਿੰਨ ਲੋਕ—ਮਾਤ, ਪਤਾਲ, ਅਕਾਸ਼ ਲੋਕ। 8. ਇਕ ਪਹਾੜੀ ਬ੍ਰਿਛ। 9. ਸ਼ਹਿਦ।
10. ਫੁਲਾਂ ਦੀਆਂ ਪੱਤੀਆਂ ਉੱਤੇ ਧੂੜੀ ਜੋ ਸੁਗੰਧੀ ਦਿੰਦੀ ਮੰਨੀ ਜਾਂਦੀ ਹੈ।

ਵੇਲਾਂ ਵੱਲਾਂ ਵਣ ਤ੍ਰਿਣ ਬਿਰਛ, ਖਲੋਤੇ ਨੇ ਇਕ ਟੰਗ ਦੇ ਭਾਰ।
ਸੋਭਾ ਕਰਨ ਸੁਰੀਲੇ ਪੰਛੀ, ਉਸ਼ਾ ਉਭਾਰੇ, ਨੂਰ ਨਿਖਾਰ।
ਦਾਤਾਂ ਮਿਲਣ ਕਲਾਵੇ ਭਰ ਭਰ, ਖੁੱਲ੍ਹਾਂ ਕੁਦਰਤ ਦਾ ਭੰਡਾਰ।
ਸਾਰੀ ਸ੍ਰਿਸ਼ਟੀ ਜਿਦ੍ਹੇ ਦਰਬਾਰੋਂ, ਬਰਕਤ ਮੰਗੇ ਬਾਹਾਂ ਪਸਾਰ।
ਚਾਤ੍ਰਿਕ ਮੰਗੇਂ ਦਾਨ ਮਿਹਰ ਦਾ, ਭਵ ਸਾਗਰ[1] ਤੋਂ ਕਰ ਦੇ ਪਾਰ।

ਇਸ਼ਾਰੇ ਤੇ

(ਕਾਫ਼ੀ ਕਵਾਲੀ)

ਵਿਛੀ ਬ੍ਰਹਮੰਡ ਦੀ ਸ਼ਤਰੰਜ, ਫੁਰਨੇ[2] ਦੇ ਇਸ਼ਾਰੇ ਤੇ।
ਤੇ ਆ ਗਿਆ ਚੱਕਰਾਂ ਵਿਚ ਚਰਖ[3] ਮਰਕਜ਼[4] ਦੇ ਸਹਾਰੇ ਤੇ।
ਚੜੀ ਇਕ ਪੀਂਘ ਸਤਰੰਗੀ, ਇਧਰ ਔਂਦੀ, ਉਧਰ ਜਾਂਦੀ।
ਤੇ ਝੂਲਣ ਲੱਗ ਪਈ ਤਕਦੀਰ, ਮੌਜਾਂ ਦੇ ਹੁਲਾਰੇ ਤੇ।
ਹੈ ਲੰਮਾ ਰਾਹ ਲੈ ਪਰਲੈ[5] ਦਾ, ਆਸ਼ਾ ਹੈ ਬੜੀ ਉੱਚੀ,
ਕਦਮ ਹੈ ਇਕ ਦੁਆਲੇ ਵਲ ਨਿਗਹ ਹੈ ਇਕ ਸਤਾਰੇ ਤੇ,
ਹਨੇਰੀ ਰਾਤ, ਘੁੰਮਣ ਘੇਰ, ਡਗਮਗ ਡੋਲਦੀ ਬੇੜੀ,
ਤਸੱਲੀ ਹੈ, ਕਿਸੇ ਦਿਨ ਪਹੁੰਚ ਜਾਣਾ ਹੈ ਕਿਨਾਰੇ ਤੇ।
ਸਮਝ ਕੇ ਰਾਹ ਹਕੀਕਤ[6] ਦਾ, ਤਰੀਕਤ[7] ਦੀ ਨਾ ਪਾ ਉਲਝਣ,
ਕਿ ਮੱਕਾ ਛੋੜ ਜਾਈਏ ਨਾ, ਮਜ਼ੋਰਾਂ ਦੇ ਦੁਆਰੇ ਤੇ।
ਲਿਆ ਕੇ ਰਹਿਮਤਾਂ ਦਾ ਰੋੜ੍ਹ, ਧੋ ਜਾਏਗੀ ਸਭ ਧੋਣੇ,
ਨਿਗਾਹ ਇਕ ਪਜਾਰ ਦੀ ਪੈ ਗਈ, ਜਦੋਂ ਚਾਤ੍ਰਿਕ ਕਿਨਾਰੇ ਤੇ।

ਕਿਉਂ ਨਹੀਂ

(ਗੀਤ ਕਵਾਲੀ)

ਮੈਂ ਜੁ ਤੇਰਾ ਦਿਲ ਟੋਂਹਦਾ ਫਿਰਨਾਂ, ਤੂੰ ਖੋਲ੍ਹ ਕੇ ਗੱਲ ਦਸਦਾ ਕਿਉਂ ਨਹੀਂ ?
ਜੁਗੜੇ ਹੋ ਗਏ ਪੜਦਾ ਤਾਣਿਆਂ, ਘੁੰਡ ਹਟਾ ਕੇ ਹਸਦਾ ਕਿਉਂ ਨਹੀਂ ?
ਮੈਂ ਜੂ ਓਥੇ ਚੰਗਾ ਭਲਾ ਸਾਂ, ਘੱਲ ਕੇ ਕੀ ਹੱਥ ਆਇਆ ਤੇਰੇ ?
ਜਿਵੇਂ ਰਜ਼ਾ ਸੀ ਤਿਵੇਂ ਸਹੀ, ਪਰ ਕੋਲ ਮੇਰੇ ਹੁਣ ਵਸਦਾ ਕਿਉਂ ਨਹੀਂ ?
ਇਕ ਦੀਵੇ ਵਲ ਲਖ ਪਰਵਾਨੇ, ਰਿਸ਼ਮਾਂ ਫੜ ਫੜ ਦੌੜੇ ਜਾਂਦੇ,
ਪਰ ਰਸਤੇ ਵਿਚ ਵਲ ਵਿੰਗ ਕਿਉਂ ਨੇ, ਭਰਮ ਕਦੋਂਕਾ ਨੱਚਦਾ ਕਿਉਂ ਨਹੀਂ ?

---

1. ਸੰਸਾਰ ਸਾਗਰ।
2. ਇਸਲਾਮ ਧਰਮ ਅਨੁਸਾਰ ਸ੍ਰਿਸ਼ਟੀ ਦਾ ਆਰੰਭ ਰੱਬ ਦੇ ਇਕ ਸ਼ਬਦ ਕੁਨ (ਹੋ ਜਾ) ਕਹਿਣ ਨਾਲ ਹੋ ਗਿਆ ਮੰਨਿਆ ਜਾਂਦਾ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਵੀ ਏਸ ਮਤਿ ਦੀ ਪ੍ਰੋੜ੍ਹਤਾ ਕੀਤੀ ਹੈ। "ਕੀਤਾ ਪਸਾਉ, ਏਕੋ ਕਵਾਉ।" — ਜਪੁਜੀ । 3. ਦੁਨੀਆਂ। 4. ਕੇਂਦਰ। 5. ਉੱਤਪਤੀ ਤੇ ਵਿਨਾਸ਼। 6. ਸੱਚਾਈ।
7. ਤਰੀਕਾ, ਢੰਗ, ਸ਼ਰ੍ਹਾਅ (ਧਾਰਮਿਕ)।

ਕਦਮ ਕਦਮ ਤੇ ਚਸ਼ਮੇ ਜਾਰੀ, ਲਭਦੇ ਫਿਰਨ ਹਜ਼ਾਰਾਂ ਪਿਆਸੇ,
ਤ੍ਰਿਪਤੀ ਦਾ ਦਰਵਾਜ਼ਾ ਖੁਲ੍ਹ ਕੇ, ਰਸ ਲੂੰ ਲੂੰ ਵਿਚ ਧਸਦਾ ਕਿਉਂ ਨਹੀਂ ?

ਭਗਵਾਨ ਨੂੰ

(ਕਾਫੀ ਕਵਾਲੀ)

1. ਭਗਵਾਨ ! ਕਿਹੜੇ ਨਵੇਂ ਜਗਤ ਤੇ, ਅਜ ਕਲ ਜੀ ਭਰਮਾਇਆ ਜੇ?
ਆਪਣੇ ਭਗਤ ਪੁਰਾਣੇ ਨੂੰ ਭੀ ਯਾਦ ਕਦੇ ਫਰਮਾਇਆ ਜੇ ?
2. ਸਾਰਾ ਜਗਤ ਕਮਾਈਆਂ ਕਰ ਕਰ, ਸੁਖ ਦੀ ਨੀਂਦੇ ਸੌਂਦਾ ਏ,
ਪਰ ਇਸ ਧਰਤੀ ਦੇ ਬੀਰਾਂ ਨੂੰ ਲੜਨ ਮਰਨ ਤੇ ਲਾਇਆ ਜੇ।
3. ਲੰਗਰ, ਭੋਗ, ਨਿਆਜ਼, ਚੜ੍ਹਾਵੇ ਲੈ ਲੈ ਕੇ ਖੁਸ਼ ਹੁੰਦੇ ਓ,
ਪਰ ਭਾਰਤ ਦੇ ਭੁਖਿਆਂ ਨੰਗਿਆਂ ਦਾ ਚੇਤਾ ਭੀ ਆਇਆ ਜੇ ?
4. ਪਾ ਪੈਸਾ ਖਲਕਤ ਦਾ ਖੋਹ ਖੋਹ, ਅੰਦਰ ਪਾਈ ਜਾਂਦੇ ਨੇ,
ਆਪਣੇ ਠੇਕੇਦਾਰਾਂ ਪਾਸੋਂ, ਲੇਖਾ ਭੀ ਮੰਗਵਾਇਆ ਜੇ ?
5. ਖੁਦ-ਗਰਜ਼ੀ ਨੇ ਖੰਡਰ ਕੀਤਾ, ਵਸਦੀ ਰਸਦੀ ਦੁਨੀਆਂ ਨੂੰ,
ਭੂਤੀ ਹੋਈ ਤਾਕਤ ਨੂੰ ਭੀ, ਕੰਨੋਂ ਫੜ ਸਮਝਾਇਆ ਜੇ ?
6. ਆਜ਼ਾਦੀ ਦੀ ਤਾਂਘ ਪੁਰਾਣੀ, ਰਾਤ ਦਿਨੇ ਤੜਫਾਂਦੀ ਏ,
ਬੇ-ਇਨਸਾਫੀ ਦੇ ਪਿੰਜਰੇ ਦੀ, ਖਿੜਕੀ ਖੋਲ੍ਹ ਛੁਡਾਇਆ ਜੇ ?

ਰਮਜ਼ੀ ਨੂੰ

ਰਮਜ਼ੀਆ[1] ! ਪਰਦਾ ਪਰ੍ਹੇ ਹਟਾ। —ਟੇਕ

1. ਗੰਗਾ ਵਾਂਗ[2] ਜਟਾਂ ਵਿਚ ਵੜਿਆ,
ਖਾ ਖਾ ਗੇੜ, ਉਤਰਿਆ ਚੜ੍ਹਿਆ,
ਭੇਦ ਤੇਰਾ ਪਰ ਗਿਆ ਨਾ ਫੜਿਆ,
ਕੁਝ ਤੇ ਗੱਲ ਸਮਝਾ।
ਰਮਜ਼ੀਆ ! ਪਰਦਾ ਪਰ੍ਹੇ ਹਟਾ।
2. ਲਾਰਿਆਂ ਦਾ ਫੜ ਸਿਦਕ ਸਹਾਰਾ,
ਤਾਂਘ ਰਿਹਾ ਕੋਈ ਗੁਪਤ ਇਸ਼ਾਰਾ,
ਰਾਤ ਹਨੇਰੀ, ਦੂਰ ਕਿਨਾਰਾ,
ਬੰਨ੍ਹੇ ਛਡਦੋਂ ਲਾ।
ਰਮਜ਼ੀਆ ! ਪਰਦਾ ਪਰ੍ਹੇ ਹਟਾ।

---

1. ਭੇਦ ਵਾਲਿਆਂ, ਰਹੱਸ ਵਾਲਿਆਂ (ਰੱਬਾ)। 2. ਗੰਗਾ ਨਦੀ ਸ਼ਿਵ ਜੀ ਦੀਆਂ ਜੱਟਾਂ ਵਿਚੋਂ ਨਿਕਲਦੀ ਮੰਨੀ ਜਾਂਦੀ ਹੈ।

3. ਰਾਹ ਤਕਦਿਆਂ ਆਹ ਦਿਨ ਲੈ ਆਂਦਾ,
ਸ਼ਾਲਾ ਉਹ ਵੇਲਾ ਆ ਜਾਂਦਾ,
ਮਾਲਕ ਬੰਦੇ ਨੂੰ ਫਰਮਾਂਦਾ,
ਕੀ ਹੈ ਤੇਰੀ ਰਜ਼ਾ ?
ਰਮਜ਼ੀਆਂ ! ਪਰਦਾ ਪਰ੍ਹੇ ਹਟਾ।

4. ਤੂੰ ਨਹੀਂ ਵਖਰਾ, ਮੈਂ ਨਹੀਂ ਵਖਰਾ,
ਕਰ ਹੁਣ ਖਤਮ ਪੁਰਾਣਾ ਨਖਰਾ,
ਹਸਰਤ ਸੀ, ਇਕ-ਮਿਕ ਹੋ ਜਾਂਦੇ,
ਕਤਰਾ ਤੇ ਦਰਯਾ।
ਰਮਜ਼ੀਆ ! ਪਰਦਾ ਪਰ੍ਹੇ ਹਟਾ।

ਚਲ ਜਿੰਦੀਏ !

(ਗੀਤ ਕਵਾਲੀ)

1. ਚਲ ਜਿੰਦੀਏ ! ਚੜ੍ਹ ਉਡਣ ਖਟੋਲੇ,
ਗਗਨ ਮੰਡਲ ਤੋਂ ਪਾਰ ਕੁੜੇ,
ਅਰਸ਼ੀ ਰੂਹਾਂ, ਪ੍ਰੇਮ-ਮਦ ਮਤੀਆਂ,
ਦਾ ਕਰੀਏ ਦੀਦਾਰ ਕੁੜੇ।
ਨਾਨਕ, ਰਾਮ, ਮੁਹੰਮਦ, ਈਸਾ,
ਨੇਕੀ ਦੇ ਅਵਤਾਰ ਕੁੜੇ,
ਸਿਦਕ ਰਜ਼ਾ ਦੇ ਸੌਦੇ ਕਰਦੇ,
ਭਗਤੀ ਦੇ ਭੰਡਾਰ ਕੁੜੇ।

2. ਤਪਦੇ ਠਾਰਨ ਬਚਨ ਜਿਨ੍ਹਾਂ ਦੇ,
ਮੁਕਦੇ ਜਾਵਣ ਭਰਮ ਦਿਲਾਂ ਦੇ,
ਨਾਲ-ਪ੍ਰੇਮ ਦੀ ਮਦ ਵਰਤਾਂਦੇ,
ਰੰਗਣ ਚੜ੍ਹੇ ਅਪਾਰ ਕੁੜੇ।

3. ਪ੍ਰੇਮ-ਨਗਰ ਦੀ ਅਕਥ ਕਹਾਣੀ,
ਰਾਹ ਲੰਮਾ, ਆਣ-ਮਿਣਿਆ ਪਾਣੀ,
ਔਣ ਜਾਣ ਦੀ ਮੰਜ਼ਲ ਮੁਕਾਣੀ,
ਬੇੜਾ ਹੋ ਜਾਏ ਪਾਰ ਕੁੜੇ।

4. ਜਨ-ਸੇਵਾ, ਮਿੱਠ-ਬੋਲ, ਸੱਚਾਈ,
ਨਿਉਂ ਚਲਣਾ, ਨੇਕੀ, ਭਲਿਆਈ,
ਹਰ ਮੁਸ਼ਕਿਲ ਵਿਚ ਬਣੇ ਸਹਾਈ,
ਸੰਤਾਂ ਦਾ ਉਪਕਾਰ ਕੁੜੇ।

ਹਾਰ ਕੇ

ਲੁਕ ਰਹੇ ਹੋ ਖ਼ੂਬ, ਖੇਡ ਖਿਲਾਰ ਕੇ,
ਮੈਂ ਭੀ ਆ ਬੈਠਾ ਹਾਂ, ਧਰਨਾ ਮਾਰ ਕੇ,
ਆਪ ਦੇ ਚਰਨਾਂ 'ਚ ਸਾਂ ਚੰਗਾ ਭਲਾ,
ਹੱਥ ਕੀ ਆਇਓ ਜੇ, ਹੇਠ ਉਤਾਰ ਕੇ ?
ਮਾਣ ਹੈ ਮਾਂ ਪਿਉ ਤੇ ਬਾਲਾਂ ਨੂੰ ਬੜਾ,
ਗਲ ਲਗਾ ਲਓ, ਝਾੜ ਪੂੰਝ ਸੁਆਰ ਕੇ।
ਪਿਆਰ ਦੀ ਖੈਰਾਤ ਬਖਸ਼ੋ, ਜਿਸ ਤਰ੍ਹਾਂ—
ਤਾਰਿਆ ਧੰਨਾ[1] ਸੀ, ਵੱਛੇ ਚਾਰ ਕੇ।
ਡੂੰਘਾ ਦਰਯਾ, ਰਾਤ ਕਾਲੀ, ਕੰਬੇ ਦਿਲ,
ਕਰ ਦਿਓ ਨਿਸ਼ਚਿੰਤ, ਪਾਰ ਉਤਾਰ ਕੇ।
ਬੰਦਾ ਹਾਂ ਆਖਿਰ ਫਰਿਸ਼ਤਾ ਤੇ ਨਹੀਂ,
ਥਕ ਗਿਆ ਬੇਅੰਤ ਮੰਜ਼ਲਾਂ ਮਾਰ ਕੇ।
ਹੁਣ ਹੈ ਇਕੋ ਈ ਤਕਵਾ ਆਸਰਾ,
ਚਾ ਲਓਗੇ ਆਪੇ ਬਾਂਹ ਉਲਾਰ ਕੇ।
ਆ ਕੇ ਲੈ ਜਾਓ ਤਾਂ ਮੇਰਾ ਮਾਣ ਹੈ,
ਚਾਤ੍ਰਿਕ ਬੈਠਾ ਹੈ ਖੰਭ ਸੁਆਰ ਕੇ।

ਜਾਣ ਲਿਆ

ਲੁਕ ਬਹਿਣ ਲਈ ਸੁਰਮਈ ਤੁਸਾਂ,
ਬਾਰੀਕ ਦੁਪੱਟਾ ਤਾਣ ਲਿਆ,
ਪਰ ਜਾਲੀ ਵਿਚੋਂ ਦੇਖ ਅਸਾਂ,
ਸਾਰਾ ਰੰਗ ਰੂਪ ਪਛਾਣ ਲਿਆ।
ਜਿਸ ਖੂੰਜੇ ਅੰਦਰ ਵੱਸਦੇ ਹੋ,
ਉਹ ਹੁਜਰਾ[2] ਏ ਏਸੇ ਬੰਦੇ ਦਾ,
ਘਟ ਘਟ ਵਿਚ ਆਸਣ ਵਿਛਿਆ ਹੈ,
ਇਹ ਭੇਦ ਪੁਰਾਣਾ ਜਾਣ ਲਿਆ।

ਬੋਲੀਆਂ

1. ਜਦੋਂ ਖੁੱਲ੍ਹ ਗਈ ਹੁਸਨ ਪਟਾਰੀ[3],
ਪ੍ਰੇਮ ਨੇ ਸਰੂਪ ਧਾਰਿਆ।

---

1. ਟਾਕ ਦੇ ਇਲਾਕੇ ਧੂਆਨ ਪਿੰਡ ਵਿਚ (ਦੇਉਲੀ ਤੋਂ 38 ਕਿਲੋ ਮੀਟਰ) 1473 ਬਿਕ੍ਰਮੀ ਨੂੰ ਜਟ ਵੰਸ਼ ਵਿਚ ਜਨਮਿਆ ਇਕ ਭਗਤ ਜਿਸਦਾ ਗੁਰੂ ਸਵਾਮੀ ਰਾਮਾਨੰਦ ਸੀ। 2. ਭਜਨ ਬੰਦਗੀ ਕਰਨ ਦਾ ਸਥਾਨ, ਮੰਦਰ। 3. ਸੁੰਦਰਤਾ ਦੀ ਪਟਾਰੀ।

2. ਤੇਰੇ ਨਾਲ ਦੇ ਤੁਰੇ ਸਭ ਜਾਂਦੇ,
ਤੈਨੂੰ ਕਿਸੇ ਸੱਦਿਆ ਨਹੀਂ ?
3. ਸੱਚ ਸਾਰਿਆਂ ਦੁੱਖਾਂ ਦਾ ਦਾਰੂ,
ਝੂਠ ਦੇ ਤੇ ਪੈਰ ਹੀ ਨਹੀਂ।
4. ਜੇ ਨਿਰਾਸ਼ ਤੂੰ ਕਦੇ ਨਾ ਹੋਵੇਂ,
ਰੱਬ ਨੂੰ ਵੀ ਲੱਭ ਲਏਂਗਾ।
5. ਛੱਡ ਦੇਈਂ ਨਾ ਤਲਾਸ਼ ਦਾ ਪੱਲਾ,
ਸੱਚ ਤੇ ਗੁਆਚਦਾ ਨਹੀਂ।
6. ਝੂਠ ਕੰਬਦਾ ਖੁੱਡੀਂ ਛਿਪ ਜਾਵੇ,
ਚੰਦ ਜਦੋਂ ਸੱਚ ਦਾ ਚੜ੍ਹੇ,
7. ਤੇਰੇ ਪਿਆਰ ਤੇ ਮਿਲਾਪ ਦੀਆਂ ਘੜੀਆਂ,
ਮੁੜ ਮੁੜ ਯਾਦ ਆਂਦੀਆਂ।
8. ਤੇਰੇ ਨਾਮ ਦੀ ਯਾਦ ਨਾ ਭੁੱਲੇ,
ਸੱਚ ਦੇ ਕਪਾਟ ਖੋਲ੍ਹ ਦੇ।
9. ਨਾਮ, ਯਾਦ ਤੇ ਸੱਚਾਈ ਤਿੰਨੇ,
ਬੰਦੇ ਨੂੰ ਸੁਰਾਹੇ ਪਾਉਂਦੇ।

ਭਾਰਤ ਕੁਟੰਬ

(1) ਮੌਲਿਕ ਧਰਮ (Root Religion)
ਮੋਢੀ[3] ਬੋਹੜ ਬਜ਼ੁਰਗ ਪੁਰਾਣਾ,
ਚੌੜਾ ਘੇਰਾ ਗੂੜ੍ਹੀ ਛਾਇਆ,
ਲੈਣ ਸਹਾਰਾ ਜੋ ਭੀ ਆਇਆ,
ਦੇ ਪਿਆਰ, ਉਸ ਹੇਠ ਬਹਾਇਆ।
ਜਿਸ ਨੂੰ ਜਿਸ ਥਾਂ ਦਾੜ੍ਹੀ ਦਿਸ ਪਈ,
ਓਥੇ ਈ ਪੈਰ ਜਮਾਂਦਾ ਆਇਆ,
ਵਾਹ ਬਾਬਾ ! ਪਰਵਾਰ ਤਿਰੇ ਨੇ,
ਖਿਲਰ ਖਿਲਰ ਕੇ ਦੇਸ਼ ਵਸਾਇਆ।

(2) ਵਰਣ-ਸ਼ੰਕਰ
ਜੌਹਰੀ ਨੇ ਗੁਥਲੀ ਉਲਟਾਈ,
ਖਿਲਰ ਗਏ ਨਗ[1] ਰੰਗ ਬਰੰਗੇ,
ਪੀਲੇ, ਲਾਲ ਜ਼ਮੁਰਦੀ[2] ਨੀਲੇ,

1. ਨਗੀਨਾ, ਕੀਮਤੀ ਪੱਥਰ। 2. ਸ਼ਬਜ਼ ਰੰਗ ਦੇ।

ਹੌਲੇ, ਭਾਰੇ ਮੰਦੇ, ਚੰਗੇ।
ਰਵਿ[1] ਨੇ ਜੋਤਿ ਸਭਸ ਤੇ ਪਾਈ,
ਚੁਣਿ, ਗਲਿ ਪਾ ਲਏ ਬੁਢੜੀ ਮਾਈ,
ਸਾਂਝੀ ਡੋਰਿ ਪਰੋਤੇ, ਓੜਕ,
ਸਭ ਰੰਗੇ ਹੋ ਗਏ ਇਕ-ਰੰਗੇ।

(3) ਖੁਲ੍ਹੇ ਦਰਵਾਜ਼ੇ

ਬੋਧੀ[2], ਜੈਨੀ[3], ਸ਼ੈਵ[4], ਵੈਸ਼ਨਵ[5],
ਈਸ਼ਰ[6] ਅਤੇ ਅਨੀਸ਼ਰਵਾਦੀ[7],
ਸ਼ਾਕਤਿਕ[8], ਵੇਦਾਂਤੀ[9], ਯਤਿ[10], ਯੋਗੀ[11],
ਸਿਖ, ਦੁਜਨਮੇ[12], ਸ਼ੂਦ੍ਰ ਆਬਾਦੀ,
ਸੁਆਗਤ ਹੇਤ ਤਿਆਰ ਖੜਾ ਹੈ,
ਭਾਰਤ-ਧਰਮ ਵਿਸ਼ਾਲ ਕਲਾਵਾ,
ਹਰ ਵਿਸ਼ਵਾਸੀ ਨੂੰ ਪ੍ਰਾਪਤ ਹੈ,
ਇਸ ਮੰਡਪ ਵਿਚ ਖੁਲ੍ਹੀ ਅਜ਼ਾਦੀ।

ਮਿਲ ਗਿਆ

(ਗਜ਼ਲ ਕਵਾਲੀ)

ਪ੍ਰੇਮ-ਮਾਰਗ ਲਭਦਿਆਂ, ਕੋਈ ਇਸ਼ਾਰਾ ਮਿਲ ਗਿਆ,
ਡੁਬਦੇ ਜਾਂਦੇ ਦਿਲ ਨੂੰ, ਤਿਣਕੇ ਦਾ ਸਹਾਰਾ ਮਿਲ ਗਿਆ।
ਲੱਖਾਂ ਮਜ਼ਲਾਂ ਮਾਰ, ਥਕ ਕੇ ਚੂਰ ਹੋਏ ਰਾਹੀ ਨੂੰ,
ਜੀ ਕੇ ਮਾਣਨ ਵਾਸਤੇ, ਇਕ ਦਿਨ ਉਧਾਰਾ ਮਿਲ ਗਿਆ।
ਹੁਸਨ ਰੱਬੀ ਨੂਰ ਸੀ, ਦੋ ਨੈਣ ਮਿਲ ਗਏ ਇਸ਼ਕ ਨੂੰ,
ਹਸ਼੍ਰ[13] ਤਕ ਮੋਮਿਨ[14] ਨੂੰ ਵੇਲਾ, ਢੇਰ ਸਾਰਾ ਮਿਲ ਗਿਆ।
ਧੰਨੇ[15] ਨਿਹੁੰ ਲਾਇਆ ਤ੍ਰਿਲੋਚਨ[16] ਦੀ ਪਸੇਰੀ ਨਾਲ ਜਦ,
ਵੱਛੇ ਚਾਰਨ ਵਾਸਤੇ, ਪ੍ਰੀਤਮ ਪਿਆਰਾ ਮਿਲ ਗਿਆ,
ਹੁਕਮ ਹੋਇਆ ਤਰਨ ਦਾ, ਪਰ ਕੁਝ ਦਿਹਾੜੇ ਠਹਿਰ ਕੇ,
ਖੰਭ ਖੋਲ੍ਹਣ ਵਾਸਤੇ ਹਸਦਾ ਹੁਲਾਰਾ ਮਿਲ ਗਿਆ।
ਸੁੱਟ ਕੇ ਗਠੜੀ ਅਮਲ ਦੀ, ਚਾਤ੍ਰਿਕ ਜੀ ਚਲ ਤੁਰ,
ਸੁਰਗ ਨਰਕਾਂ ਤੋਂ ਨਿਆਰਾ, ਇਕ ਚੁਬਾਰਾ ਮਿਲ ਗਿਆ।

1. ਸੂਰਜ। 2. ਬੁੱਧ ਧਰਮ ਦੇ ਵਿਚ ਵਿਸ਼ਵਾਸ ਰਖਣ ਵਾਲੇ। 3. ਜੈਨ ਧਰਮ ਦੇ ਅਨੁਯਾਈ। 4. ਸ਼ਿਵ ਜੀ ਦੇ ਪੁਜਾਰੀ। 5. ਵਿਸ਼ਨੂੰ ਦੇ ਉਪਾਸ਼ਕ। 6. ਆਸਤਕ, ਰੱਬ ਨੂੰ ਮੰਨਣ ਵਾਲੇ। 7. ਰੱਬ ਨੂੰ ਨਾ ਮੰਨਣ ਵਾਲੇ। 8. ਸ਼ਕਤੀ ਦੇ ਪੁਜਾਰੀ। 9. ਵੇਦਾਂਤ ਮਤ ਦੇ ਧਾਰਨੀ। 10. ਇੰਦਰੀਆਂ ਨੂੰ ਕਾਬੂ ਰਖਣ ਵਾਲਾ ਜਤੀ। 11. ਆਤਮਾ ਵਿਚ ਮਨ ਜੋੜਨ ਵਾਲਾ ਪੁਰਖ। 12. ਭਾਵ ਬ੍ਰਾਹਮਣ। 13. ਅੰਤ ਤਕ। 14. ਮੁਸਲਮਾਨ, ਇਸਲਾਮ ਦਾ ਵਿਸ਼ਵਾਸੀ। 15. ਧੰਨਾ ਭਗਤ। 16. ਇਕ ਪ੍ਰਸਿੱਧ ਭਗਤ।

ਅਣਡਿੱਠਾ ਸਾਜਨ

ਅਣਡਿੱਠੇ ਸਾਜਨ ਦਾ ਹੁਲੀਆ, ਮੈਂ ਸੁਪਨੇ ਵਿਚ ਘੜਿਆ,
ਖੇੜਾ, ਖੁਸ਼ੀ ਖੁਮਾਰ ਅਗੰਮੀ[1], ਦਰਸ਼ਨ ਕਰਕੇ ਚੜ੍ਹਿਆ।
ਛੁਹ ਬੁੱਲ੍ਹਾਂ ਦੀ ਲੂੰ ਲੂੰ ਮੇਰਾ, ਸੁਆਦ ਸੁਆਦ ਕਰ ਛੜਿਆ,
ਰਸ ਦਾਤੇ ਨੇ ਪਲਕਾਰੇ ਵਿਚ, ਸਬਰ ਮੇਰਾ ਖੋਹ ਖੜਿਆ।
ਤ੍ਰਬਕ ਉਠੀ, ਖੁਲ੍ਹ ਗਈਆਂ ਅੱਖਾਂ, ਮੁੜ ਮੁੜ ਮਲ ਮਲ ਤੱਕਾਂ,
ਸਾਲਾ ਓਹ ਅਧ-ਖੁਲ੍ਹੀਆਂ ਬੁਲ੍ਹੀਆਂ[2], ਜਾਗਦਿਆਂ ਛੁਹ ਸੱਕਾਂ।
ਸੁਪਨੇ ਅੰਦਰ ਕਲਪੀ ਸੋਹਣੀ, ਸੂਰਤ ਜੇ ਮਿਲ ਜਾਵੇ,
ਜੀਵਨ ਜੋਤ ਜੜੀ ਚਾਨਣ ਦੀ, ਦਿਲ ਸ਼ੀਸ਼ੇ ਵਿਚ ਰੱਖਾਂ।*

ਭਾਵੇਂ ਤੁਸਾਂ ਭੁਲਾ...

ਭਾਵੇਂ ਤੁਸਾਂ ਭੁਲਾ ਛੱਡਿਆ ਹੈ, ਮੈਂ ਤੇ ਨਹੀਂ ਭੁੱਲ ਸਕਦਾ,
ਮਰਨ ਕਿਨਾਰੇ ਆ ਪਹੁੰਚਾ ਹਾਂ, ਦਰਵਾਜ਼ੇ ਵਲ ਤਕਦਾ।
ਜ਼ਰਾ ਕੁ ਹੱਥ ਉਲਾਰੋਗੇ ਤਾਂ, ਲੱਗ ਜਾਵਾਂਗਾ ਬੰਨੇ,
ਬਿਰਦਪਾਲ[3] ਨਹੀਂ ਕਦੇ ਬੂਹੇ ਤੇ, ਆਏ ਹੋਏ ਧੱਕਦਾ।
ਨਿਰਾ ਹੁਸਨ[4] ਹੀ ਹੁਸਨ ਤੁਸੀਂ, ਅਸੀਂ ਦਰਸ਼ਨ ਦੇ ਦੀਵਾਨੇ,
ਸੱਖਣੇ ਸੱਖਣੇ ਸਹਿਕ ਰਹੇ, ਦੋ ਨੈਣਾਂ ਦੇ ਪੈਮਾਨੇ[5]।
ਜੋਤ ਹਜ਼ੂਰੀ ਜਗੀ ਜਦੋਂ ਦੀ, ਸਿਦਕੀ ਪੁਜਦੇ ਆਏ,
ਸਾਡੇ ਤੇ ਭੀ ਖੋਲ੍ਹੋ ਨ, ਹੁਣ ਬਖਸ਼ਾਂ ਦੇ ਮੈਖਾਨੇ[6]।

ਰਾਂਝਣ ਯਾਰ

(ਕਾਫੀ ਕਵਾਲੀ)

ਮੈਂ ਢੂੰਡੇਂਦੀ ਰਾਝਣ ਯਾਰ—ਟੇਕ

1. ਲਾਚੇ[7] ਨੂੰ ਲਗੇ ਬੁੱਕ ਬੁੱਕ ਤਾਰੇ,
   ਵੰਝਲੀ ਕੁਨ ਫਯਕੂਨ[8] ਪੁਕਾਰੇ,

---

* ਇਹ ਸੁਰਖੀ ਤੇ ਕਵਿਤਾ ਦਾ ਭਾਵ ਮਟਕ ਹੁਲਾਰੇ (ਭਾਈ ਵੀਰ ਸਿੰਘ) ਦੀਆਂ ਕਵਿਤਾਵਾਂ ਤੋਂ ਪ੍ਰਭਾਵਿਤ ਹੈ। 1. ਰੱਬੀ।

2. ਭਾਈ ਵੀਰ ਸਿੰਘ ਜੀ ਦੀ ਇਕ ਰਹੱਸਯਵਾਦੀ ਪੰਗਤੀ ਹੈ, 'ਬੁਲ੍ਹਾਂ ਅਧ ਮੀਟਿਆਂ ਨੂੰ...' ਉਥੇ ਭਾਵ ਮਸਤੀ ਦੀ ਹਾਲਤ ਹੈ, ਪਰ ਇਥੇ ਭਾਵ ਰੱਬ ਤੋਂ ਜਾਪਦਾ ਹੈ। 3. ਆਪਣਾ ਸੁਭਾਅ, ਧਰਮ, ਫਰਜ਼ ਨਿਭਾਉਣ ਵਾਲਾ, ਰੱਬ।

4. ਸੁਹੱਪਣ, ਪ੍ਰਮਾਤਮਾ ਲਈ ਸੰਸਕ੍ਰਿਤ ਵਿਦਵਾਨਾਂ ਨੇ ਸਤਿ, ਸ਼ਿਵ, (ਕਲਿਆਨ ਕਾਰੀ) ਤੋਂ ਸੁੰਦਰ ਵਰਤਿਆ ਹੈ।

5. ਮਸਤੀ ਨਾਲ ਭਰੀਆਂ ਅੱਖਾਂ ਲਈ ਸ਼ਰਾਬ ਦੇ ਨਿਕੇ ਪਿਆਲੇ (ਜਿਸ ਨਾਲ ਮਿਣਦੇ ਹਨ) ਦੀ ਉਪਮਾ ਫ਼ਾਰਸੀ ਉਰਦੂ ਕਵਿਤਾ ਵਿਚ ਆਮ ਹੈ। 6. ਸ਼ਰਾਬ ਖਾਨੇ ਭਾਵ ਮਸਤੀ ਦੇ ਭੰਡਾਰੇ।

7. ਮੋਟੀ ਬੁਣਤੀ ਦੀ ਚਾਦਰ, ਜਿਸਦੇ ਸਿਰੇ ਤੇ ਲਾਲ ਸੂਤ ਜਾਂ ਰੇਸ਼ਮ ਦੇ ਪੱਲੇ ਹੁੰਦੇ ਹਨ।

8. ਮੁਸਲਮਾਨ ਮਤ ਅਨੁਸਾਰ ਰੱਬ ਨੇ ਕੁਨ (ਹੋ ਜਾ) ਕਿਹਾ ਤਾਂ ਦੁਨੀਆਂ ਹੋ ਗਈ ਸੋ ਉਹ ਕਾਦਰ ਹੈ।

ਮੰਗੂ[1] ਜਿਦ੍ਹੇ ਫਰਿਸ਼ਤਿਓ ਸੋਹਣੇ,
ਸਭ ਦੁਨੀਆਂ ਤੋਂ ਚੌੜੀ ਬਾਰ।
ਮੈਂ ਢੂੰਡੇਂਦੀ ਰਾਂਝਣ ਯਾਰ।

2. ਰਾਂਝਣ ਨਾਲ ਮੁਹੱਬਤ ਲਾਈ,
ਪਰ ਉਸ ਐਸੀ ਨਿਗਾਹ ਖੁੰਝਾਈ,
ਮੈਂ ਲਭਦੀ ਰਹੀ ਝੰਗ ਸਿਆਲੀ,
ਉਹ ਜਾਪੇ ਲੰਲਾਕੋਂ[2] ਪਾਰ।
ਮੈਂ ਢੂੰਡੇਂਦੀ ਰਾਂਝਣ ਯਾਰ।

3. ਖੋਜ ਫੜਨ ਮੈਂ ਬਾਹਰ ਆਈ,
ਦਸ ਪਈ ਦਿਲਬਰ ਹਰ-ਜਾਈ,
ਬਣੇ ਮਸੀਤੇ ਮੱਕੀ ਮਦੀਨੀ,
ਮੰਦਰ ਦੇ ਵਿਚ ਕ੍ਰਿਸ਼ਨ ਮੁਰਾਰ।
ਮੈਂ ਢੂੰਡੇਂਦੀ ਰਾਂਝਣ ਯਾਰ।

4. ਸੁਘੜ ਸਹੇਲੀਓ ਤਰਸ ਕਮਾਓ,
ਜਾ ਰਾਂਝਣ ਨੂੰ ਯਾਦ ਕਰਾਓ,
ਡੇਲੇ ਚੜਾਂਦੀ ਨਾਲ ਜੁ ਕੀਤੇ,
ਭੁੱਲ ਨਾ ਜਾਏ ਕੌਲ ਕਰਾਰ,
ਮੈਂ ਢੂੰਡੇਂਦੀ ਰਾਂਝਣ ਯਾਰ।

ਸ਼ਾਲਾ
(ਕਾਫੀ ਕਵਾਲੀ)

ਸ਼ਾਲਾ ਮੈਂ ਲਾਲ ਰਿਝਾ ਸਕਦੀ—ਟੇਕ

1. ਪ੍ਰੇਮ ਨਗਰ ਵਿਚ ਅੱਪੜ ਜਾਂਦੀ,
ਗਲੀ ਬਜ਼ਾਰੀਂ ਫੇਰਾ ਪਾਂਦੀ,
ਪੁਛਦੀ ਪੁਛਦੀ ਲਭਦੀ ਲਭਦੀ,
ਦਰਵਾਜ਼ੇ ਤਕ ਜਾ ਸਕਦੀ।
ਸ਼ਾਲਾ[3] ਮੈਂ ਲਾਲ ਰਿਝਾ ਸਕਦੀ।

2. ਹੌਲੀ ਹੌਲੀ ਪੌੜੀ ਚੜ੍ਹਦੀ,
ਹਿੰਮਤ ਕਰ, ਅੰਦਰ ਜਾ ਵੜਦੀ,
ਝਕਦੀ ਝਕਦੀ ਡਰਦੀ ਡਰਦੀ,
ਪਰਦ ਪਰੇ ਹਟਾ ਸਕਦੀ।
ਸ਼ਾਲਾ ਮੈਂ ਲਾਲ ਰਿਝਾ ਸਕਦੀ।

---
1. ਵੱਗ, ਇੱਜੜ। 2. ਸੱਤਾਂ ਅਸਮਾਨਾਂ ਤੋਂ ਉਪਰ। 3. ਹੇ ਰੱਬਾ ਐਸਾ ਹੋਵੇ।

3. ਖੀਵੀ ਹੁੰਦੀ ਦਰਸ਼ਨ ਕਰਕੇ,
ਢਹਿ ਪੈਂਦੀ, ਚਰਨੀਂ ਸਿਰ ਧਰ ਕੇ,
ਪਾ ਪਾ ਕੇ ਹੰਝੂਆਂ ਦਾ ਪਾਣੀ,
ਮੀਟੇ ਨੈਣ ਖੁਲ੍ਹਾ ਸਕਦੀ।
ਸ਼ਾਲਾ ਮੈਂ ਲਾਲ ਰਿਝਾ ਸਕਦੀ।

4. ਉਹ ਤਕ ਲੈਂਦੇ ਮੈਂ ਠਰ ਜਾਂਦੀ,
ਉਹ ਚੁਕ ਲੈਂਦੇ ਮੈਂ ਡਰ ਜਾਂਦੀ,
ਪੀੜ ਹਿਜਰ ਦੀ, ਜ਼ਖਮ ਜਿਗਰ ਦੇ,
ਹਿਰਦਾ ਚੀਰ ਵਿਖਾ ਸਕਦੀ,
ਸ਼ਾਲਾ ਮੈਂ ਲਾਲ ਰਿਝਾ ਸਕਦੀ।

5. ਸੁਣਿਆਂ ਜਾਂਦਾ ਕਿੱਸਾ ਸਾਰਾ,
ਖੁਲ੍ਹ ਜਾਂਦਾ ਬਖਸ਼ਸ਼ ਦਾ ਦਵਾਰਾ,
ਤੁਲ੍ਹਾ[1] ਜਰਜਰਾ, ਦੂਰ ਕਿਨਾਰਾ,
ਤਕਵੇ[2] ਨਾਲ ਲੰਘਾ ਸਕਦੀ,
ਸ਼ਾਲਾ ਮੈਂ ਲਾਲ ਰਿਝਾ ਸਕਦੀ।

ਜੀਵਨ ਜੋਤ

ਜਗਤ ਵਿਚ ਰਹਿਕੇ ਜੀਉਂਦੇ ਰਹਿਣ ਦੇ ਸਾਮਾਨ ਪੈਦਾ ਕਰ।
ਜੋ ਮਰ ਕੇ ਭੀ ਅਮਰ ਹੋ ਜਾਇ, ਐਸੀ ਜਾਨ ਪੈਦਾ ਕਰ।
ਸਮੁੰਦਰ ਤੋਂ ਨਿਖੜ ਕੇ ਭੀ ਤੂੰ ਕਤਰਾ ਹੈਂ ਸਮੁੰਦਰ ਦਾ,
ਉਛਾਲਾ ਮਾਰਕੇ ਇਸ ਵਿਚ, ਕੋਈ ਤੂਫਾਨ ਪੈਦਾ ਕਰ,
ਓ ਖਾਕੀ, ਰੁਲ ਨਾ ਪੈਰਾਂ ਵਿਚ ਹਵਾ ਖਾ ਚੜ੍ਹ ਕੇ ਅਰਸ਼ਾਂ ਦੀ,
ਓ ਜ਼ਰੇ, ਆਪਣੇ ਵਿਚ ਆਫਤਾਬੀ[3] ਸ਼ਾਨ ਪੈਦਾ ਕਰ।
ਤੂੰ ਜੀਵਨ ਹੈਂ ਜਹਾਨਾਂ ਦਾ, ਨਾ ਬਹੁ ਬੇਜਾਨ ਬੁਤ ਬਣ ਕੇ,
ਜੋ ਨਕਸ਼ਾ ਪਲਟ ਦੇ ਦੁਨੀਆਂ ਦਾ, ਉਹ ਘਮਸਾਨ ਪੈਦਾ ਕਰ।
ਤੇਰਾ ਇਸ ਤੰਗ ਧਰਤੀ ਤੇ, ਗੁਜ਼ਾਰਾ ਹੈ ਬੜਾ ਮੁਸ਼ਕਲ,
ਸਤਾਰਾ ਬਣ ਕੇ ਚਮਕਣ ਵਾਸਤੇ ਅਸਮਾਨ ਪੈਦਾ ਕਰ।
ਨਾ ਬਣਿਆ ਬੇਹਕੀਕਤ ਰਹੁ, ਹਕੀਕਤ ਆਸ਼ਨਾ[4] ਹੋ ਜਾ,
ਓ ਸੂਖਮ, ਆਪਣੇ ਫੈਲਣ ਲਈ ਮੈਦਾਨ ਪੈਦਾ ਕਰ।
ਸ਼ਮਾ ਬਣ ਕੇ ਭਖਾ ਮਹਿਫਲ, ਜਗਾ ਦੇ ਜੋਤ ਦੁਨੀਆਂ ਤੇ,
ਕਲੀ ਦੀ ਜੂਨ ਛਡ ਦੇ, ਖਿੜ ਕੇ ਚਮਨਿਸਤਾਨ[5] ਪੈਦਾ ਕਰ।
ਤੜਪ ਹੈ ਤੇਰੇ ਅੰਦਰ ਉਹ, ਮਚਾ ਦੇਵੇ ਕਿਆਮਤ ਜੋ,

---

1. ਫੱਟੇ ਜਾਂ ਸ਼ਤੀਰ ਬੰਨ੍ਹਕੇ ਪਾਣੀ ਵਿਚ ਤਰਨ ਲਈ ਬਣਾਇਆ ਢਾਂਚਾ ਜਿਹਾ। 2. ਆਸਰਾ। 3. ਸੂਰਜ ਵਰਗੀ। 4. ਜਾਨਣ ਵਾਲਾ। 5. ਬਾਗ।

ਕੋਈ ਕਰਤਬ ਵਿਖਾਲਣ ਨੂੰ ਨਵਾਂ ਚੌਗਾਨ[1] ਪੈਦਾ ਕਰ।
ਨਾ ਸਿਪੀ ਵਾਂਗ ਇਕ ਇਕ ਬੂੰਦ ਦੇ ਬਦਲੇ ਤਰਸਦਾ ਰਹੁ,
ਤੂੰ ਦਿਲ ਦਰਯਾ ਦੇ ਅੰਦਰ ਮੋਤੀਆਂ ਦੀ ਖਾਨ ਪੈਦਾ ਕਰ।
ਤੇਰੇ ਹੀ ਕਰਮ ਫਲ ਕੇ, ਕਿਸਮਤਾਂ ਦਾ ਬਾਗ ਲਾਉਣਗੇ,
ਤੂੰ ਜਿਗਰੇ ਨਾਲ ਤਾਕਤ ਆਪਣੀ ਦਾ ਗਜਾਨ ਪੈਦਾ ਕਰ।
ਤੇਰੀ ਬੰਸੀ ਏ ਅੰਦਰ ਆਪ ਮੋਹਨ ਫੂਕ ਭਰਦਾ ਹੈ,
ਗੁੰਜਾ ਦੇ ਜੋ ਜ਼ਿਮੀ ਅਸਮਾਨ, ਐਸੀ ਤਾਨ ਪੈਦਾ ਕਰ।
ਜਿਨ੍ਹਾਂ ਨੇ ਜੋੜ ਕੇ ਤਿਣਕੇ, ਜਹਾਨ ਆਬਾਦ ਕੀਤੇ ਸਨ,
ਉਨ੍ਹਾਂ ਉਪਕਾਰੀਆਂ ਦੀ ਸ਼ਾਨ ਦੇ ਇਨਸਾਨ ਪੈਦਾ ਕਰ।
ਤਲੀ ਤੇ ਜਾਨ, ਸਿਰ ਤੇ ਘਰ, ਭਰੋਸਾ ਡੌਲਿਆਂ ਤੇ ਸੀ,
ਜੇ ਹਿੰਮਤ ਹੈ ਤਾਂ ਐਸੇ ਸੂਰਮੇ ਬਲਵਾਨ ਪੈਦਾ ਕਰ।
ਜਿੰਦੀ ਤਲਵਾਰ ਦਾ ਸਕਦਾ, ਜਜ਼ੂੰਦਾ ਰਹਿ ਗਿਆ ਚਾਤ੍ਰਿਕ,
ਪ੍ਰਭੂ ਇਸ ਹਿੰਦ ਦੀ ਕੁਖੋਂ ਉਹ ਸੰਤਾਨ ਪੈਦਾ ਕਰ।

ਮੈਨਾ

(ਗੀਤ ਭੈਰਵੀ)

ਨੀ ਮੈਨਾ, ਮੈਂ ਨਾ, ਮੈਂ ਨਾ ਬੋਲ—ਟੇਕ

1. ਮੈਂ ਮਮਤਾ ਦਾ ਰੋਗ ਪੁਰਾਣਾ,
ਦਾਤਾ ਦੇਂਦਾ ਏ ਖਾਣਾ ਦਾਣਾ।
ਜੋ ਕੁਝ ਹੈ ਭਗਵਾਨ ਦਾ ਭਾਣਾ,
ਉਸ ਵਿਚ ਰਹੀ ਅਡੋਲ, ਨੀ ਮੈਨਾ...

2. ਭਗਵਨ ਦੀ ਹੈ ਅਕਥ ਕਹਾਣੀ,
ਗ੍ਰੰਥਾਂ ਨੇ ਗਤਿ ਮਿਤਿ ਨਹੀਂ ਜਾਣੀ,
ਦਾਨੇ ਰਹੇ ਰਿੜਕਦੇ ਪਾਣੀ,
ਭੇਦ ਸਕੇ ਨਾ ਖੋਲ੍ਹ, ਨੀ ਮੈਨਾ...

3. ਸਿਦਕ, ਯਕੀਨ, ਰਜ਼ਾ ਵਿਚ ਰਹੀਏ,
ਹੁਕਮਾਂ ਦੇ ਵਿਚ ਉਠੀਏ ਬਹੀਏ,
ਮੈਂ ਕੁਝ ਨਹੀਂ, ਤੂੰ ਹੀ ਤੂੰ ਕਹੀਏ,
ਏਹੋ ਬਚਨ ਅਮੋਲ, ਨੀ ਮੈਨਾ...

4. ਕਰਮ ਕਰੀ ਜਾ, ਫਲ ਨਾ ਲੋੜੀਂ,
ਸੁਰਗ ਨਰਕ ਦੀ ਆਸ਼ਾ ਛੋੜੀ,
ਸੀਸ ਨਿਵਾਈਂ, ਦੋ ਹਥ ਜੋੜੀਂ,
ਦਰ ਦਾਤੇ ਦਾ ਟੋਲ। ਨੀ ਮੈਨਾ ਮੈਂ ਨਾ ਮੈਂ ਨਾ ਬੋਲ।

---

1. ਵੇਹੜਾ।

ਸਤਿਗੁਰ ਕੌਣ ਗਿਣਾਵੇ ਤੇਰੇ ਉਪਕਾਰਾਂ ਨੂੰ
ਤੂੰਹੇਂ ਜੀਵਨ ਦਿਤਾ ਪਾਪ ਦਿਆਂ ਬੀਮਾਰਾਂ ਨੂੰ

1. ਤੂੰਹੇਂ ਪ੍ਰੇਮ ਦਾ ਦੇਸ ਵਸਾਇਆ ਸੀ,
ਤੂੰਹੇਂ ਨਾਮ ਦਾ ਲੰਗਰ ਲਾਇਆ ਸੀ,
ਅੰਮ੍ਰਿਤ ਛਟੇ ਦੇ ਦੇ ਫੁਲ ਬਣਾਇਆ ਖਾਰਾਂ[1] ਨੂੰ।

2. ਤੂੰ ਪਖੰਡ ਦੇ ਪਰਬਤ ਢਾਏ ਸਨ,
ਤੂੰਹੇਂ ਧਰਮ ਦੇ ਪੂਰਨੇ ਪਾਏ ਸਨ,
ਤੂੰ ਖੜਕਾਇਆ ਮੁਰਦਾ ਪਈਆਂ ਦਿਲ ਦੀਆਂ ਤਾਰਾਂ ਨੂੰ।

3. ਤੇਰੀ ਮੇਹਰ ਦੇ ਮੀਂਹ ਜਿਥੇ ਵਰ੍ਹੇ ਸਨ,
ਓਥੇ ਤਪਦੇ ਮਾਰੂ ਵੀ ਠਰ ਗਏ ਸਨ,
ਤੂੰਹੇਂ ਤਾਰਿਆ ਮਾਇਆ ਮੋਹੇ ਦੁਨੀਆਂਦਾਰਾਂ ਨੂੰ।

4. ਸਤਿਗੁਰ ਅਜ ਸਾਡੇ ਵਿਚ ਵੱਸ ਆ ਕੇ,
ਸਾਨੂੰ ਮਰਨਾ ਤੇ ਜੀਉਣਾ ਦੱਸ ਆ ਕੇ,
ਵੇਖ ਭਰਾਵਾਂ ਦੇ ਵਿਚ ਖੜਕਦੀਆਂ ਤਲਵਾਰਾਂ ਨੂੰ।

ਗੁਰੂ ਰਾਮਦਾਸ ਜੀ

ਗੁਰੂ ਰਾਮਦਾਸ ਤੇਰੀ ਨਗਰੀ ਅਬਾਦ ਰਹੇ,
ਬੱਝਾ ਰਹੇ ਰੰਗ ਤੇਰੇ ਨਾਮ ਦੇ ਚੁਬਾਰੇ ਤੇ।
ਅੰਮ੍ਰਿਤ ਸਰੋਵਰ ਉਛਾਲੇ ਨਿਤ ਖਾਂਦਾ ਰਹੇ,
ਜੁੜੀ ਰਹੇ ਪ੍ਰੇਮੀਆਂ ਦੀ ਪੰਗਤ ਕਿਨਾਰੇ ਤੇ।
ਹੁੰਦਾ ਰਹੇ ਕੀਰਤਨ ਅਖੰਡ ਹਰਿਮੰਦਰ ਵਿਚ,
ਆਉਂਦਾ ਉਛਾਲਾ ਰਹੇ ਮੇਹਰ ਦੇ ਪੁਹਾਰੇ ਤੇ।
ਆਣ ਆਣ ਕਾਉਂ ਨਿਤ ਹੰਸ ਰੂਪ ਧਾਰੀ ਜਾਣ,
ਛਾਈ ਰਹੇ ਮਹਿਮਾ ਮਹਿਕਾਰ ਜਗ ਸਾਰੇ ਤੇ।
ਬਣੀ ਰਹੇ ਆਨ ਸ਼ਾਨ ਝੂਲਦਾ ਨਿਸ਼ਾਨ ਰਹੇ,
ਪੈਂਦੀ ਰਹੇ ਚੋਟ ਤੇਰੇ ਧੌਂਸੇ ਤੇ ਨਗਾਰੇ ਤੇ।
ਲਗਾ ਰਹੇ ਜੱਗ ਅਤੇ ਜਗੀ ਰਹੇ ਜੋਤ ਸਦਾ,
ਜਗ ਨੂੰ ਜਗਾਣ ਵਾਲੇ ਚਾਨਣੇ ਮੁਨਾਰੇ ਤੇ।
ਵੱਸੀ ਰਹੇ ਸ਼ਾਂਤ ਸੀਤ ਸੰਗਤਾਂ ਦੇ ਸੀਨੇ ਸਦਾ,
ਹੁੰਦਾ ਰਹੇ ਕ੍ਰਿਪਾ ਦਾਨ ਚਾਤ੍ਰਿਕ ਨਿਕਾਰੇ ਤੇ।
ਜੁਗੋ ਜੁਗ ਚਲਦੀ ਦਿਆਲਤਾ ਦੀ ਦੇਗ ਰਹੇ,
ਲਗੀ ਰਹੇ ਭੀੜ ਸੋਢੀ ਸ਼ਾਹ ਤੇਰੇ ਦਵਾਰੇ ਤੇ।

---

1. ਕੰਡਿਆਂ ਨੂੰ।

ਖ਼ੁਦਾਯਾ ਏ ਪਾਏ ਨੀ ਕੀ ਕੀ ਪੁਆੜੇ

1. ਜਿਧਰ ਵੇਖੀਏ ਰਹਿਮਤਾਂ ਦੀ ਝੜੀ ਹੈ,
ਕੋਈ ਨਾ ਕੋਈ ਛੇੜਖਾਨੀ ਖੜੀ ਹੈ,
ਸਿਆਪੇ ਦੀ ਜੜ ਹੈ, ਏ ਦੁਨੀਆਂ ਭੀ ਕੀ ਹੈ,
ਲੜਾਈਆਂ, ਝਮੇਲੇ, ਉਜਾੜੇ ਪੁਜਾੜੇ[1]। ਖ਼ੁਦਾਯਾ...

2. ਰਿਜ਼ਕ ਦੇ ਅਡੰਬਰ, ਅਗ੍ਹਾਂ ਦੀ ਤਿਆਰੀ,
ਖ਼ੁਦਾਈ ਇਬਾਦਤ, ਖ਼ੁਦਾਈ ਦੀ ਦਾਰੀ[2],
ਉਲਾਦਾਂ ਦਾ ਦੁਖ ਮੁਲਕ ਦੀ ਜ਼ਿਮੇਵਾਰੀ,
ਜਰਾ ਜਿੰਨੀ ਜਿੰਦੜੀ ਤੇ ਐਨੇ ਪਵਾੜੇ। ਖ਼ੁਦਾਯਾ...

3. ਜਵਾਨੀ ਦੀ ਵਹਿਸ਼ਤ[3], ਖ਼ੁਦੀ ਦੀ ਖ਼ੁਮਾਰੀ,
ਨਵਾਬੀ ਦਾ ਚਾ, ਮੁਫਤਖੋਰਾਂ ਦੀ ਯਾਰੀ,
ਅਯਾਸ਼ੀ ਦੀ ਧੁਨ, ਫੈਸ਼ਨਾਂ ਦੀ ਬੀਮਾਰੀ,
ਬੁਰਾ ਹਾਲ ਓੜਕ ਤੇ ਬੌਂਕੇ ਦਿਹਾੜੇ। ਖ਼ੁਦਾਯਾ...

4. ਮੁਹਬਤ ਦੇ ਚੇਟਕ[4], ਦਿਲਾਂ ਦੇ ਵਿਛੋੜੇ,
ਜੁਦਾਈ ਦੇ ਸਦਮੇ, ਕਲੇਜੇ ਦੇ ਫੋੜੇ,
ਸੱਬਰਾ ਦੇ ਤਰਲੇ[5], ਇਦਰਦਾਂ ਦੇ ਤੋੜੇ,
ਚਲਾਕਾਂ ਦੇ ਚਕਮੇ, ਰਕੀਬਾਂ[6] ਦੇ ਸਾੜੇ। ਖ਼ੁਦਾਯਾ...

5. ਅਮੀਰਾਂ ਦੇ ਧੱਕੇ, ਮਜ਼ੂਰਾਂ ਦੀ ਕਲ ਕਲ,
ਮੁਥਾਜਾਂ ਦੀ ਦੇ ਦੇ, ਬਖੀਲਾਂ[7] ਦੀ ਚਲ ਚਲ,
ਗਰੀਬੀ ਦਾ ਰੋਣਾ, ਤੇ ਕਰਜ਼ੇ ਦੀ ਦਲ ਦਲ,
ਬਿਕਾਰੀ ਦੇ ਹੌਕੇ, ਕੰਗਾਲੀ ਦੇ ਹਾੜੇ। ਖ਼ੁਦਾਯਾ...

6. ਕਮਾਈ ਦੀ ਥੁੜ ਪੈਸਿਆਂ ਦੀ ਲਚਾਰੀ,
ਕਰਾਏ ਦੀ ਹੱਟੀ ਤੇ ਪੂੰਜੀ ਉਧਾਰੀ,
ਦੁਆਲੇ[8] ਦੀ ਚਿੰਤਾ ਖਸ਼ਾਰੇ[9] ਦੀ ਆਰੀ,
... ...*

7. ਸ਼ਰੀਕਾਂ ਦੇ ਮੇਹਣੇ, ਰਫੀਕਾਂ ਦੇ ਝੇੜੇ,
ਨਸੀਬਾਂ ਦੇ ਰਗੜੇ, ਮੁਸੀਬਤ ਦੇ ਗੇੜੇ,
ਸੁਆਣੀ ਦੇ ਆਡਰ, ਘਰਾਂ ਦੇ ਬਖੇੜੇ,
ਬਜਾਜਾਂ ਦੇ ਬਿਲ ਰੇਲ ਮੋਟਰ ਦੇ ਭਾੜੇ। ਖ਼ੁਦਾਯਾ...

---

* ਇਕ ਤੁਕ ਘੱਟ ਹੈ, ਅਸਲ ਮਸੌਦੇ ਵਿਚ ਹੈ ਨਹੀਂ।

1. ਪੂਜਾ। 2. ਮੁਥਾਜੀ, ਲਿਹਾਜ। 3. ਦੀਵਾਨਾਪਣ। 4. ਸਵਾਦ। 5. ਭਿਤੀ, ਲਾਲਚ। 6. ਦੁਸ਼ਮਨ ਤੋਂ ਭਾਵ ਹੈ। 7. ਚੁਗਲ-ਖੋਰ। 8. ਦੀਵਾਲਾ=ਕੰਗਾਲੀ। 9. ਕਸਾਰਾ=ਘਾਟਾ।

8. ਫਸਾਦਾਂ ਦੇ ਘਮਸਾਨ ਮਜ਼੍ਹਬੀ ਤਰੇੜਾਂ,
ਨਿਗੁਣੀਆਂ ਕਿਰੜਾਂ ਨਿਕੰਮੀਆਂ ਛੇੜਾਂ,
ਚੁਆਤੀਆਂ ਚੇੜਾਂ, ਉਖੇੜਾਂ ਦਰੇੜਾਂ,
ਭਰਾਵਾਂ ਦੇ ਝਗੜੇ, ਨੁਖੇੜੇ ਤੇ ਪਾੜੇ। ਖੁਦਾਯਾ...

9. ਵਿਖਾਲੇ ਦੇ ਅੰਝੂ ਤੇ ਫਰਜ਼ੀ ਡਰਾਮੇ,
ਸੁਲਹ ਦੇ ਬਹਾਨੇ ਤੇ ਦੰਗੇ ਹੰਗਾਮੇ,
ਕਦਾਰੇ, ਮੁਕੰਦੇ, ਮਰਾਜੇ ਤੇ ਗਾਮੇ,
ਅਮਨ ਦੇ ਮੁਦਈਆਂ ਦੇ ਜੰਗੀ ਅਖਾੜੇ। ਖੁਦਾਯਾ...

10. ਪੁਜਾਰੀ ਦੀ ਛੂ ਮੌਲਵੀ ਦੀ ਮਲਾਮਤ[1],
ਹਕੂਮਤ ਦਾ ਡਰ, ਫਿਰਕੇਦਾਰੀ ਦੀ ਲਾਨ੍ਹਤ,
ਅਜ਼ਾਦੀ ਦੇ ਸੁਪਨੇ, ਗ਼ੁਲਾਮੀ ਦੀ ਸ਼ਾਮਤ,
ਪਰਾਈ ਪਰ੍ਹੇ ਦੁਸ਼ਮਨਾਂ ਦੇ ਦੁਗਾੜੇ। ਖੁਦਾਯਾ...

11. ਨਮਾਇਸ਼ ਦੇ ਟਿਕੇ ਦੇ ਦਿਲ ਕਾਲੇ ਕਾਲੇ,
ਫਰਿਸ਼ਤੇ ਦੀ ਸੂਰਤ ਕਸਾਈਆਂ ਦੇ ਚਾਲੇ,
ਬਗਲ ਵਿਚ ਛੁਰੀ ਸਿਰ ਤੇ ਦੂਹਰੇ ਦਮਾਲੇ,
ਸ਼ਤਾਨੀ ਅਮਲ ਤੇ ਸ਼ਰਈਆਂ[2] ਦੇ ਦਾੜੇ। ਖੁਦਾਯਾ...

ਬਾਬਾ ਨਾਨਕ

ਜਿਸ ਦੇ ਚਾਨਣ ਰਿਸ਼ਮਾਂ ਪਾਈਆਂ ਲਹਿਣੇ[3] ਦੇ ਆਈਨੇ[4] ਤੇ,
ਉਸ ਜੋਤ ਨੇ ਛਾਪ ਲਗਾਈ ਕੰਧਾਰੀ[5] ਦੇ ਸੀਨੇ ਤੇ।
ਬਾਲਕ ਵਾਗੀ ਬੁਢਾ[6] ਕੀਤਾ, ਬੇਰ ਬਣਾਇਆ ਰੇਠੇ[7] ਦਾ,
ਰਾਇ ਬੁਲਾਰ[8] ਮੁਰੀਦ[9] ਕਰ ਲਿਆ, ਪਾ ਕੇ ਨੂਰ ਨਗੀਨੇ ਤੇ।
ਕਿਰਤੀ ਦਾ ਭੰਡਾਰ ਵਿਖਾਇਆ, ਅੰਨ੍ਹੇ ਮਾਇਆ ਧਾਰੀ[10] ਨੂੰ,
ਸੱਜਣ ਠੱਗ[11] ਨੂੰ ਝਾਤ ਪੁਆਈ, ਘਰ ਵਿਚ ਪਏ ਦਫੀਨੇ[12] ਤੇ।

---

1. ਸਰ੍ਹਾ ਧਾਰਮਿਕ ਨਿਯਮਾਂ ਦੇ ਪੱਕੇ। 2. ਸ੍ਰੀ ਗੁਰੂ ਅੰਗਦ ਦੇਵ ਜੀ ਦਾ ਪਹਿਲਾ ਨਾਂ। 3. ਸ਼ੀਸ਼ਾ।
4. ਵਲੀ ਕੰਧਾਰੀ ਨਾਂ ਦੇ ਫਕੀਰ ਤੋਂ ਭਾਵ ਹੈ, ਜੋ ਹਸਨ ਅਬਦਾਲ (ਹੁਣ ਪਾਕਿਸਤਾਨ) ਵਿਚ ਇਕ ਪਹਾੜੀ ਉੱਤੇ ਚਸ਼ਮੇ ਕੋਲ ਰਹਿੰਦਾ ਸੀ। ਪੰਜਾ ਸਾਹਿਬ ਗੁਰਦਵਾਰਾ ਉਸ ਫ਼ਕੀਰ ਨਾਲ ਗੁਰੂ ਜੀ ਦੀ ਭੇਂਟ ਦੀ ਯਾਦ ਵਿਚ ਹੈ। ਗੁਰੂ ਜੀ ਨੇ ਉਸ ਨੂੰ ਪਾਣੀ ਜਨਤਾ ਦੇ ਭਲੇ ਲਈ ਹੇਠਾਂ ਛੱਡਣ ਲਈ ਮਜ਼ਬੂਰ ਕਰ ਲਿਆ ਸੀ।
5. ਬੁੜਾ ਨਾਂ ਦੇ ਬਾਲਕ ਤੋਂ ਭਾਵ ਹੈ ਜਿਸ ਦੀਆਂ ਸਿਆਣੀਆਂ ਗੱਲਾਂ ਸੁਣ ਕੇ ਗੁਰੂ ਜੀ ਨੇ ਕਿਹਾ ਤੂੰ ਬੁੱਢਿਆਂ ਵਾਂਗ ਸਿਆਣਾ ਹੈਂ ਤੇ ਉਦੋਂ ਤੋਂ ਉਹ ਭਾਈ ਬੁਢਾ ਨਾਂ ਨਾਲ ਪ੍ਰਸਿੱਧ ਹੋਇਆ। ਇਹ ਪਹਿਲੇ ਛੇ ਗੁਰੂਆਂ ਵੇਲੇ ਤਕ ਜੀਉਂਦਾ ਰਿਹਾ ਤੇ ਇਕ ਪ੍ਰਸਿੱਧ ਸਿੱਖ ਆਗੂ ਸੀ।
6. ਪੀਲੀ ਭੀਤ (ਗੋਰਖਪੁਰ) ਦੇ ਨੇੜੇ ਗੁਰੂ ਨਾਨਕ ਮਤੇ ਵਾਲੀ ਥਾਂ ਉੱਤੇ ਗੁਰੂ ਜੀ ਨੇ ਕੌੜੇ ਰੀਠੇ ਨੂੰ ਮਿੱਠਾ ਕੀਤਾ ਸੀ।
7. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਸਥਾਨ ਨਨਕਾਣੇ ਦਾ ਹਾਕਮ ਰਾਏ ਬੁਲਾਰ। 8. ਝਾੜ ਝਪਾੜ, ਬਦਨਾਮੀ।
9. ਚੇਲਾ।
10. ਏਮਨਾਬਾਦ ਦੇ ਮਲਕ ਭਾਗੋ ਤੋਂ ਭਾਵ ਹੈ। ਗੁਰੂ ਜੀ ਨੇ ਕਿਰਤੀ ਭਾਈ ਲਾਲੋ ਦੀ ਰੋਟੀ ਨੂੰ ਦੁਧ ਤੇ ਉਸ ਦੀ ਰੋਟੀ ਨੂੰ ਲਹੂ ਭਰੀ ਕਿਹਾ ਸੀ।
11. ਸ਼ੇਖ ਸਜਣ ਜੋ ਠੱਗ ਸੀ ਤੇ ਲੋਕਾਂ ਨੂੰ ਲੁੱਟ ਕੇ ਮਾਰ ਛੱਡਦਾ ਸੀ। 12. ਖਜ਼ਾਨਾ।

ਬ੍ਰਾਹਮਣ ਕਾਜ਼ੀ ਦੋਵੇਂ ਰਗੜੇ, ਨਿਯਤ ਦੀ ਘਸਵੱਟੀ ਤੇ,
ਉਹ ਅਛੂਤ ਬਰਾਬਰ ਤੋਲੇ, ਕਰਤਬ ਦੇ ਤਖਮੀਨੇ[1] ਤੇ।
ਪ੍ਰੇਮ ਨਸ਼ੇ ਥੀਂ ਖੀਵਾ ਕੀਤਾ, ਅਮਲਾਂ ਦੇ ਦੀਵਾਨੇ ਨੂੰ,
ਮੱਕੇ ਵਾਲੇ ਨੂੰ ਭਰਮਾਇਆ, ਦਿਲ ਦੇ ਪਾਕ ਮਦੀਨੇ ਤੇ।
ਵਹਦਤ[2] ਦਾ ਵਿਉਪਾਰੀ ਆਇਆ ਹਾਦੀ[3] ਹਿੰਦੂ ਮੁਸਲਿਮ ਦਾ,
ਮੰਦਰ ਮਸਜਿਦ ਸਾਂਝੇ ਕੀਤੇ, ਮਿਟੀ ਪਾਈ ਕੀਨੇ ਤੇ।
ਆ ਜਾ ਮਨ ਅਜ ਸ਼ੁਕਰਾਨੇ ਕਰੀਏ ਬਾਬੇ ਏਕੰਕਾਰੀ ਦੇ,
ਜਿਸ ਨੇ ਜੋਤ ਜਗਾਈ ਆਣ ਗੁਆਚੇ ਮਾਲ ਖਜ਼ੀਨੇ ਤੇ।
ਦੁਨੀਆਂ ਵਾਲਿਓ, ਕੁਝ ਨਾ ਪੁਛੋ ਮੇਰੇ ਐਬ ਸਵਾਬਾਂ[4] ਦੀ,
ਚਾਤ੍ਰਿਕ ਦਾ ਹੈ ਤਕਵਾ[5] ਆਪਣੇ ਰਹਬਰ[6] ਦਾਨੇ ਬੀਨੇ ਤੇ।

ਉਠ ਪ੍ਰੇਮ ਕਮਾ ਲਈਏ

ਦਿਲ ਵੇ ਉਠ ਪ੍ਰੇਮ ਕਮਾ ਲਈਏ,
ਇਕ ਵਖਰੀ ਦੁਨੀਆਂ ਪਾ ਲਈਏ।
ਇਸ ਉਜੜੇ ਹੋਏ ਮੰਦਰ ਵਿਚ,
ਕੋਈ ਜੀਵਨ ਜੋਤ ਜਗਾ ਲਈਏ।
ਮੋਹ ਮਾਇਆ ਵਿਚ ਕੀ ਪਾਇਆ ਈ ?
ਦਿਲ ਦੁਨੀਆਂ ਤੇ ਭਰਮਾਇਆ ਈ।
ਛਡ ਏਸ ਮੁਸਾਫਿਰ ਖਾਨੇ ਨੂੰ,
ਕੋਈ ਨਵਾਂ ਜਹਾਨ ਵਸਾ ਲਈਏ।
ਤੂੰ ਮੋਤੀ ਹੈਂ ਜਿਸ ਮਾਲਾ ਦਾ,
ਚੰਗਿਆੜਾ ਹੈਂ ਜਿਸ ਜਵਾਲਾ[7] ਦਾ,
ਚਲ ਵਸੀਏ ਓਸ ਸਮੁੰਦਰ ਵਿਚ,
ਕਤਰੇ ਦੀ ਜੂਨ ਵਟਾ ਲਈਏ।
ਇਕ ਰਹਿਬਰ[8] ਅਰਸ਼ ਮੁਨਾਰੇ ਨੂੰ,
ਇਕ ਰੋਸ਼ਨ ਪ੍ਰੇਮ ਸਤਾਰੇ ਨੂੰ,
ਉਸ ਦਿਲ ਦੀਆਂ ਸਮਝਣ ਹਾਰੇ ਨੂੰ,
ਹੁਣ ਮਹਿਰਮ-ਹਾਲ[9] ਬਣਾ ਲਈਏ।
ਜਿਸ ਛੋਹੀ ਧਰਮ ਉਸਾਰੀ ਸੀ,
ਜਿਸ ਮਨ ਦੀ ਮੈਲ ਉਤਾਰੀ ਸੀ,

---

1. ਅਨੁਮਾਨ, ਤੋਲ। 2. ਏਕਤਾ। 3. ਸਿੱਖਿਆ ਦੇਣ ਵਾਲਾ। 4. ਪੁੰਨ। 5. ਆਸਰਾ। 6. ਆਗੂ। 7. ਅੱਗ। 8. ਆਗੂ। 9. ਹਾਲ ਦਾ ਭੇਤੀ।

ਜਿਸ ਪ੍ਰੇਮ ਸੁਗੰਧ ਖਿਲਾਰੀ ਸੀ,
ਉਸ ਦਾ ਸ਼ੁਕਰ ਮਨਾ ਲਈਏ।
ਆ ਸਤਿਗੁਰ ਰਾਮ ਹਰੀ ਆ ਜਾ,
ਬੱਰਬਾਦ ਪਈ ਨਗਰੀ ਆ ਜਾ,
ਮੀਂਹ ਪਾ ਜਾਂ ਤਪਦੇ ਮਾਰੂ ਵਿਚ,
ਅਸੀਂ ਸੁਕਦਾ ਬਾਗ ਬਚਾ ਲਈਏ।
ਅੰਸਾਂ ਬੂਹੇ ਬਿਗਾਨੇ ਤਕ ਤਕ ਕੇ,
ਛਡ ਅੰਮ੍ਰਿਤ ਮਹੁਰਾ ਫਕ ਫਕ ਕੇ,
ਰਹੁ ਰੀਤ ਭੁਲਾ ਪਰਵਾਨੇ ਦੀ,
ਬਾਣੇ ਦੀ ਸ਼ਾਨ ਗੁਆ ਲਈ ਹੈ।
ਓਹੋ ਪ੍ਰੇਮ ਗਲੀ ਦਿਖਲਾ ਆ ਕੇ,
ਮਰ ਕੇ ਜੀਉਣਾ ਸਿਖਲਾ ਆ ਕੇ,
ਕੋਈ ਰੰਗ ਚਲੂਲਾ ਲਾ ਆ ਕੇ,
ਅਸੀਂ ਡੁਬਦੀ ਨਾਉ ਤਰਾ ਲਈਏ।
ਅਰਸ਼ਾਂ ਤੋਂ ਉਤਰੇ ਨੂਰ ਤੇਰਾ,
ਸੰਗਤਾਂ ਵਿਚ ਹੋਇ ਜ਼ਹੂਰ[1] ਤੇਰਾ,
ਅਖੀਆਂ ਵਿਚ ਪ੍ਰੇਮ ਸਰੂਰ ਤੇਰਾ,
ਅਸੀਂ ਨਾਮ ਬਸੰਤ ਮਨਾ ਲਈਏ।

ਗਰੀਬ ਦਾ ਜੀਵਨ

1. ਖੁਸ਼ੀਆਂ ਨਾਲ ਯਰਾਨਾ ਪਾ ਲੈ, ਗਮ ਨੂੰ ਪਾਸ ਨਾ ਫਟਕਣ ਦੇ,
ਰਹਿਮਤ ਦਾ ਦਰਯਾ ਠਿਲ੍ਹਣ ਦੇ ਲੋੜਾਂ ਬੇਸ਼ਕ ਅਟਕਣ ਦੇ।
2. ਦੁਖ ਸੁਖ ਦੀ ਪਰਵਾਹ ਨਾ ਕਰ ਤੂੰ, ਸਰਦੀ ਗਰਮੀ ਤੋਂ ਨਾ ਡਰ ਤੂੰ।
ਸਖਤੀਆਂ ਨਾਲ ਸ਼ਹੀਦ ਨਾ ਹੋ ਜਾ, ਕਲੀ ਸਬਰ ਦੀ ਚਟਕਣ ਦੇ।
3. ਦੁਨੀਆਂ ਤੇਰੀ ਕੀ ਲਗਦੀ ਹੈ ? ਤੇਰਾ ਮਹਿਰਮ ਤੇਰਾ ਜੀ ਹੈ।
ਹਸ ਹਸ ਕੇ ਤੂੰ ਵੇਖ ਤਮਾਸ਼ਾ, ਦੁਨੀਆਂ ਨੂੰ ਸਿਰ ਪਟਕਣ ਦੇ।
4. ਦੋ ਮੰਨੀਆ[2] ਤੇ ਸਾਗ ਉਡਾ ਤੂੰ, ਬਾਲ ਬੱਚੇ ਵਿਚ ਜੀ ਪਰਚਾ ਤੂੰ,
ਦੌਲਤ ਦੇ ਦੀਵਾਨੇ ਦਾ ਦਿਲ ਦਵਾਰੇ ਦਵਾਰੇ ਭਟਕਣ ਦੇ।
5. ਰੱਬ ਤੋਂ ਡਰ ਤੇ ਸ਼ੁਕਰ ਮਨਾ ਲੈ, ਬਾਹਵਾਂ ਨਾਲ ਬਹਿਸ਼ਤ ਬਣਾ ਲੈ,
ਪੁੰਨ ਪਾਪ ਦੀ, ਜੋੜਨ ਵਾਲਿਆਂ ਨੂੰ ਚਿੰਤਾ ਵਿਚ ਲਟਕਣ ਦੇ।

---
1. ਦਰਸ਼ਨ, ਪ੍ਰਗਟਾਅ। 2. ਰੋਟੀਆਂ।

6. ਤੇਰੇ ਲੜ ਜੋ ਦੌਲਤ ਦਿਲ ਦੀ, ਬਾਦਸ਼ਾਹਾਂ ਨੂੰ ਮੁਲ ਨਹੀਂ ਮਿਲਦੀ,
ਤੂੰ ਫੁਲ ਵਾਂਗ ਖਿੜੀ ਜਾ ਚਾਤ੍ਰਿਕ, ਖਾਰ[1] ਦੁਖਾਂ ਦੇ ਖਟਕਣ ਦੇ।

ਕਸਤੂਰਾ ਹਰਨ

ਮੇਰੇ ਰਫੀਕੋ[2], ਵਧਾਈ ਹੋਵੇ, ਕਿ ਮੇਰੀ ਕਾਇਆ ਪਲਟ ਗਈ ਹੈ।
ਦੁਸ਼ਾਲਿਆਂ ਵਿਚ ਲੁਕੀ ਕਲੀ ਤੋਂ, ਨਸੀਮ[3] ਪਰਦਾ ਉਲਟ ਗਈ ਹੈ।
ਹੈ ਖੁਲ੍ਹ ਗਈ ਖੁਦੀ[4] ਦੀ ਨੀਂਦਰ, ਨਵਾਂ ਜਗਤ ਇਕ ਅਬਾਦ ਹੋਇਆ।
ਬਿਸੁਰਤ ਤਰਬਾਂ ਨੂੰ ਹੋਸ਼ ਆ ਗਈ, ਘਟਾ ਹਨੇਰੀ ਓ ਫਟ ਗਈ ਹੈ।
ਮੈਂ ਇਕ ਮਜ਼ੇ ਦੀ ਮਹਿਕ ਦਾ ਮੁਠਾ, ਭਟਕਦਾ ਫਿਰਦਾ ਸਾਂ ਦਵਾਰੇ ਦਵਾਰੇ।
ਕਪਾਟ ਇਕ ਖੁਲ ਗਿਆ ਅਚਾਨਕ, ਤੇ ਬੇਕਾਰੀ ਓ ਹਟ ਗਈ ਹੈ।
ਮੇਰੇ ਹੀ ਅੰਦਰ ਓ ਜੋਤ ਜਗੇ, ਜਹਾਨ ਜਿਸ ਨਾਲ ਜਗ ਰਿਹਾ ਹੈ,
ਇਸੇ ਸਮੁੰਦਰ ਦੀ ਜਾਨ ਸੁਕ ਸੁਕ, ਬਹਾਰੀ ਬੂੰਦਾਂ 'ਚ ਵਟ ਗਈ ਹੈ,
ਮੇਰੇ ਹੀ ਨਾਫੇ ਦੀ ਮਹਿਕ ਉਠ ਉਠ ਕਲੇਜੇ ਕਲੀਆਂ ਦੇ ਜਾ ਲੁਕੀ ਸੀ,
ਓ ਫੁਲਾਂ ਤਾਈਂ ਹਸਾ ਖਿਡਾ ਕੇ, ਮੇਰੇ ਹੀ ਅੰਦਰ ਸਿਮਟ ਗਈ ਹੈ।
ਮੇਰੀ ਹੈ ਉਹ ਲਾਜ਼ਵਾਲ[5] ਹਸਤੀ, ਹਯਾਤ[6] ਬਣ ਜਾਏ ਮੌਤ ਜਿਸ ਦੀ,
ਹਰੇਕ ਮੁਸ਼ਕਲ ਦੇ ਟਾਕਰੇ ਨੂੰ ਏ ਜਾਨ ਚਾਤ੍ਰਿਕ ਦੀ ਡਟ ਗਈ ਹੈ।

ਦਾਤੇ ਦਾ ਦਰ

ਮੈਨੂੰ ਦਾਤੇ ਦਾ ਦਰ ਮਿਲਿਆ, ਦੁਨੀਆਂ ਭਾਲ ਭਾਲ ਕੇ,
ਨੀ ਮੈਂ ਡਿੱਗੀ ਆਣ ਦਲੀਜੀਂ,ਜਫਰ[7] ਜਾਲ ਜਾਲ[8] ਕੇ,
ਘਾਲਾਂ ਘਾਲ ਘਾਲ ਕੇ, ਮੈਨੂੰ ਦਾਤੇ ਦਾ........
ਜੀਵਨ ਦਾਤਿਆ, ਬਹੁਤ ਬਚਾਵੀਂ,
ਰੁੜ੍ਹਦਾ ਬੇੜਾ ਬੰਨੇ ਲਾਵੀਂ,
ਪਹੁੰਚੀ ਮਸਾਂ ਦਵਾਰੇ ਤੇਰੇ,
ਜੁਗੜੇ ਗਾਲ ਗਾਲ ਕੇ, ਮੈਨੂੰ ਦਾਤੇ ਦਾ......
ਸੋਹਣੀ ਨੂਰੀ ਝਲਕ ਦਿਖਾ ਕੇ,
ਮੇਰੀ ਮੋਈ ਸੁਰਤ ਜਿਵਾ ਕੇ,
ਮੇਰੀ ਦੁਨੀਆਂ ਰੋਸ਼ਨ ਕਰ ਦੇ,
ਦੀਵਾ ਬਾਲ ਬਾਲ ਕੇ, ਮੈਨੂੰ ਦਾਤੇ ਦਾ......

1. ਕੰਡੇ। 2. ਦੁਸ਼ਮਨ। 3. ਹਵਾ। 4. ਹੰਕਾਰ। 5. ਜੋ ਕਦੇ ਘੱਟਦੀ ਨਹੀਂ। 6. ਜੀਵਨ। 7. ਦੁੱਖ। 8. ਸਹਿ ਕੇ।

ਮੇਰਾ ਰਸਤਾ ਤਿਲਕਣ ਬਾਜ਼ੀ
ਮੇਰਾ ਚਲਨ[1] ਮੁਲੰਮਾ ਸਾਜ਼ੀ
ਕਰਦੇ ਦੂਰ ਭੁਲੇਖੇ ਸਾਰੇ,
ਜੀਵਨ ਢਾਲ ਢਾਲ ਕੇ, ਮੈਨੂੰ ਦਾਤੇ ਦਾ......
ਆਪਣੇ ਚਰਨਾਂ ਨਾਲ ਲਗਾ ਲੈ,
ਰੁੜ੍ਹਦਾ ਬੇੜਾ ਬੰਨੇ ਲਾ ਲੈ,
ਮੈਨੂੰ ਸਚ ਦੇ ਰਾਹ ਤੇ ਪਾ ਲੈ,
ਬਦੀਓਂ ਟਾਲ ਟਾਲ ਕੇ, ਮੈਨੂੰ ਦਾਤੇ ਦਾ.....

ਸ਼ਾਲਾ
ਢੋਲ

ਰਾਗ ਭੈਰਵੀ—ਕੁਥਾਂ ਗੁਜ਼ਾਰੀ ਆਹੀ। ਗੀਤ ਢੋਲਕੀ

ਸਥਾਈ—ਮਾਂਡੇ ਦੂਰ ਵਸੰਦਿਆ ਢੋਲ ਵੇ,
ਕਦੀ ਆ ਵੰਞ ਮਾਂਡੇ ਕੋਲ ਵੇ।
ਸਾਵਣ ਮੋਰ ਪਪੀਹੇ ਕੂਕੇ, ਸਈਆਂ ਪੀਘਾਂ ਪਾਈਆਂ।
ਤੈਂਡੀ ਵਾਟ ਤਕੇਂਦੀ ਥਕ ਗਈ, ਨੈਣਾਂ ਝੜੀਆਂ ਲਾਈਆਂ।
ਲੰਮੀ ਵਾਟ, ਕੰਡੀਲਾ ਰਸਤਾ, ਨਾ ਦੀਵਾ ਨਾ ਸਾਥੀ।
ਜੰਗਲ ਦੇ ਵਿਚ ਚਾਨਣ ਲਭਦੀ, (ਮੈਂ) ਆਪੂੰ ਗਈ ਗਵਾਤੀ।
ਮੈਂ ਫਿਰਨੀ ਆਂ ਡਾਵਾਂ ਡੋਲ ਵੇ,
ਕਦੀ ਆ ਵੰਞ ਮਾਂਡੇ ਕੋਲ ਵੇ।
ਸੂਝ, ਨਾ ਸਿਫਤ, ਨਾ ਰੂਪ, ਨਾ ਜੋਬਨ, ਚਾਰੇ ਕੰਨੀਆਂ ਖਾਲੀ,
ਰਹਮਤ[2] ਦੇ ਦਰ ਆਇਆ ਕੋਈ, ਮੁੜਿਆ ਨਹੀਂ ਸਵਾਲੀ।
ਸੋਹਣੀ ਹੁੰਦੀ ਤਾਂ ਸਹਿ ਵੰਞਦੀ, ਇਸ਼ਕ ਝਨਾਂ ਦੇ ਧੁੱਪੇ।
ਮੈ ਕੂੰ[3] ਤ੍ਰਕੜੀ ਚਾਹੜ ਨਾ ਤੋਲ ਵੇ,
ਕਦੀ ਆ ਵੰਞ ਮਾਂਡੇ ਕੋਲ ਵੇ।
ਭੇਦਾਂ ਭਰੇ ਤਲਿਸਮ[4] ਨਗਰ ਵਿਚ ਘਰ ਘਰ ਪਾਇਆ ਫੇਰਾ।
ਜਿਸ ਖੂੰਜੇ ਵਿਚ ਝਾਤੀ ਮਾਰੀ, ਅੰਧੇਰਾ ਈ ਅੰਧੇਰਾ।
ਗੁੰਝਲਦਾਰ ਬੁਝਾਰਤ ਨਾ ਰਹੇ, ਪੜਦਿਆਂ ਪਰੇ ਖਲੋ ਕੇ,
ਜੋ ਸੂਰਤ ਮਾਂਡੇ ਮਨ ਵਿਚ ਵੱਸੇ (ਮੈਕੂੰ) ਬਹੁੜ ਉਜੇਹਾ ਈ ਹੋ ਕੇ।
ਆ ਕੇ ਦਿਲ ਦੀਆਂ ਘੁੰਡੀਆਂ ਖੋਲ੍ਹ ਵੇ।
ਕਦੀ ਆ ਵੰਞ ਮਾਂਡੇ ਕੋਲ ਵੇ।

1. ਸੁਭਾਅ, ਚਾਲ ਚਲਣ। 2. ਕਿਰਪਾ। 3. ਨੂੰ। 4. ਜਾਦੂ।

ਜਾਣ ਦੇ

ਗੀਤ ਖਮਾਚ, ਧਾਰਨਾ-ਡਾਢੇ ਜ਼ਾਲਮ ਲੋਕ ਸ਼ੀਰੀਂ ਤੇਰੇ ਸ਼ਹਿਰ ਦੇ ਨੀ
ਕਾਨ੍ਹਾ, ਕੀ ਹੁੰਦਾ ਈ, ਹਟ ਜਾ, ਸਾਨੂੰ ਜਾਣ ਦੇ ਵੇ—ਟੇਕ

1. ਨਾਲ ਬੰਸਰੀ ਦੇ ਜਾਦੂ ਪਾਨਾ ਏ ਕਿਉਂ ?
ਸਾਨੂੰ ਤੁਰਦਿਆਂ ਨੂੰ ਅਟਕਾਨਾ ਏ ਕਿਉਂ ?
ਵੇਖਾਂ ਕੇਡਾ ਦਿਨ ਚੜ੍ਹ ਆਇਆ, ਦੁਧ ਪੁਚਾਣ ਦੇ ਵੇ।

2. ਮਸ਼ਕਰਿਆ ਕਾਲੇ ਕਲੋਟਿਆ ਵੇ।
ਦੁਧ ਦਹੀਂ ਮੱਖਣ ਦਿਆ ਚੱਟਿਆ ਵੇ।
ਜਾ ਕੇ ਖੇਡ ਉਨ੍ਹਾਂ ਵਿਚ ਜਿਹੜੇ ਤੇਰੇ ਹਾਣ ਦੇ ਵੇ।

3. ਮੇਰੀ ਮਟਕੀ ਹੁਣ ਟੁਟ ਜਾਣੀ ਸੀ,
ਤੇਰੀ ਅੰਮਾਂ ਨੂੰ ਭਰਨੀ ਆਣੀ ਸੀ,
ਮੈਨੂੰ ਤਾਨੇ ਸੁਣਨੇ ਪੈਂਦੇ ਸੱਸ ਨਨਾਣ ਦੇ ਵੇ।

4. ਨਿਕਾ ਜਿਹਾ, ਪਥਾਣੇ ਪਾਨਾ ਏਂ ਤੂੰ,
ਦਿਸੇਂ ਤੰਦ, ਪਰ ਅੰਦਰੋਂ ਤਾਣਾ ਏਂ ਤੂੰ,
ਤੇਰੇ ਖੇਖਨ ਚਾਤ੍ਰਿਕ ਹੋਰੀ ਖੂਬ ਪਛਾਣਦੇ ਵੇ।

ਸਾਈਂ ਦਾ ਨਾਮ ਅਮੋਲ

ਫ਼ਕੀਰਾ, ਸਾਈਂ ਦਾ ਨਾਮ ਅਮੋਲ-ਟੇਕ

1. ਨੌਂ ਦਰਵਾਜੇ[1], ਦਸਵਾਂ ਚੁਬਾਰਾ[2],
ਕੁਟੀਆ ਦੇ ਅੰਦਰੇ ਸਾਈਂ ਦਾ ਉਤਾਰਾ,
ਦਮ ਦਮ ਸਾਈਂ ਸਥਾਈਂ ਬੋਲ। ਫਕੀਰਾ...

2. ਸਾਈਂ ਤੈਨੂੰ ਸਦਦਾ, ਸਾਈਂ ਤੈਨੂੰ ਘਲਦਾ,
ਅਜ਼ਲੋਂ[3] ਛੋਹਿਆ ਗੇੜਾ ਹੈ ਚਲਦਾ,
ਪਹੁੰਚਣਾ ਤੂੰ ਸਾਈਂ ਦੇ ਕੋਲ। ਫਕੀਰਾ...

3. ਸਾਈਂ ਦੇ ਸਹਾਰੇ ਪੌੜੀਆਂ ਚੜ੍ਹ ਜਾ,
ਖੋਲ ਦੁਆਰ ਕੁਟੀਆ ਦਾ ਵੜ ਜਾ
ਦੱਸ ਦੇ ਕਲੇਜਾ ਫੋਲ। ਫਕੀਰਾ...

4. ਜਗਦੀ ਏ ਜੋਤੀ, ਦਰਸ਼ਨ ਪਾ ਲੈ,
ਸਾਈਂ ਨੂੰ ਮਨਾ ਲੈ, ਭੁਲਾਂ ਬਖਸ਼ਾਂ ਲੈ,
ਪਰਦਿਆਂ ਦੇ ਪਟ ਖੋਲ। ਫਕੀਰਾ...

---

1. ਸਰੀਰ ਦੇ ਨੌਂ ਦਰਵਾਜ਼ੇ। —1. ਅੱਖਾਂ, 2. ਨਾਸਾਂ, 3. ਮੂੰਹ, 4. ਕੰਨ, 5. ਟੱਟੀ ਤੇ ਪਿਸ਼ਾਬ ਦੇ ਰਾਹ।
2. ਯੋਗੀਆਂ ਦਾ ਦਸਵਾਂ ਦਵਾਰ ਜੋ ਦਿਮਾਗ਼ ਵਿਚ ਹੈ। ਤ3. ਸ਼ੁਰੂ ਤੋਂ, ਆਦਿ ਕਾਲ ਤੋਂ।

ਚਰਖਾ

ਚਰਖਿਆ, ਤੂੰ ਤੂੰ ਤੂੰ ਤੂੰ ਪੁਕਾਰ-ਟੇਕ

1. ਕੰਮ ਹੈ ਤੇਰਾ ਤੂੰ ਤੂੰ ਕਹਿਣਾ,
ਕਿਸਮਤ ਤੇਰੀ ਘੁੰਮਦਿਆ ਰਹਿਣਾ।
ਸੰਜਮ ਦੇ ਵਿਚ ਉਠਣਾ ਬਹਿਣਾ,
ਹੁਕਮਾਂ ਦੇ ਅਨੁਸਾਰ, ਚਰਖਿਆ ਤੂੰ ਤੂੰ...

2. ਬਾਇੜ, ਮਾਹਲ, ਗੁਡੀਆਂ, ਮੁਨੀਆਂ,
ਤੂਕਲੇ ਤਕ ਹੈ ਤੇਰੀ ਦੁਨੀਆਂ,
ਲਠ ਵਿਚ ਧੜਕ, ਡੋਰ ਵਿਚ ਦੌਰਾ,
ਤੂਰੀ ਚਲੇ ਘੁਮਕਾਰ, ਚਰਖਿਆ ਤੂੰ ਤੂੰ...

3. ਮਜਲ ਹੈ ਤੇਰੀ ਬਹੁਤ ਲਮੇਰੀ,
ਚਲਦਾ ਰਹ, ਰਖ ਨਿਗਹ ਉਚੇਰੀ।
ਏਸ ਪੜਾ ਤੇ ਰਾਤ ਲੰਘਾ ਕੇ,
ਤੜਕੇ ਹੋ ਜਾ ਤਿਆਰ, ਚਰਖਿਆ ਤੂੰ ਤੂੰ...

4. ਜਦ ਤਕ ਚਲੇ ਚਲਾਈ ਜਾਵੀਂ,
ਹਸ ਹਸ ਗਾ ਗਾ, ਘੂਕਰ ਪਾਵੀਂ,
ਨਾਲੋ ਨਾਲ ਬਣਾਈ ਜਾਵੀਂ,
ਛਲੀਆਂ ਦਾ ਅੰਬਾਰ, ਚਰਖਿਆ ਤੂੰ ਤੂੰ...

ਸਾਹਿਬਾ ਤੇਰੇ ਈ ਖੇਲ ਨੇ ਸਾਰੇ

ਤੂੰਹੇਂ ਰੱਬ ਤੂੰਹੇਂ ਪਰਮੇਸ਼ਰ, ਕੋਈ ਸ਼ੈ ਨਹੀਂ ਤੈਥੋਂ ਬਾਹਰ।
ਸ਼ਕਤੀ, ਬ੍ਰਹਮਾ, ਵਿਸ਼ਨੂੰ ਮਹੇਸ਼ਰ, ਚਾਰੇ ਰੂਪ ਤੂੰ ਹੈ ਸਨ ਧਾਰੇ। ਸਾਹਿਬਾ...
ਦਸੋਂ ਦਿਸ਼ਾ ਵਿਚ ਤੇਰਾ ਵਾਸਾ, ਤੈਥੀਂ ਰੋਸ਼ਨ ਹਰ ਇਕ ਪਾਸਾ।
ਤੂੰ ਹੈ ਛੋਹਿਆ ਜਗਤ ਤਮਾਸ਼ਾ, ਧਰਤੀ, ਸੂਰਜ, ਚੰਦ ਸਤਾਰੇ। ਸਾਹਿਬਾ...
ਤੂੰਹੇਂ ਜੀਵਨ ਜੋਤ ਜਗਾਈ, ਖਲਕਤ ਸਾਜੀ ਰੌਣਕ ਲਾਈ।
ਨਰ[1] ਮਦੀਨ[2] ਵਿਚ ਪ੍ਰੀਤ ਵਸਾਈ, ਜੋੜ ਜੁੜਾਏ ਪਿਆਰੇ ਪਿਆਰੇ। ਸਾਹਿਬਾ...
ਪਸ਼ੂ ਪੰਛੀ ਜਲ ਜੀਵ ਉਪਾਏ, ਉਤਮ ਜੂਨ ਮਨੁਖ ਬਣਾਏ।
ਸਬਜ਼ਾ[3] ਬਨ, ਉਪਬਨ ਮਹਿਕਾਏ, ਫਲ, ਫੁਲ, ਮੇਵੇ, ਗਰੀ ਛੂਹਾਰੇ। ਸਾਹਿਬਾ...
ਦੁਨੀਆਂ ਵਸ ਪਈ ਰੰਗ ਬਰੰਗੀ, ਮੈਂਗੋਲੀਅਨ, ਏਰੀਅਨ, ਜੰਗੀ।
ਹਿੰਦੁਸਤਾਨੀ, ਤੁਰਕ, ਫਰੰਗੀ, ਊਚ, ਨੀਚ, ਕਿਰਤੀ ਵਣਜਾਰੇ। ਸਾਹਿਬਾ...
ਰਾਮ, ਮੁਹੰਮਦ, ਈਸਾ ਤੇਰੇ, ਕਾਂਸ਼ੀ, ਕਾਬਾ, ਕਲੀਸਾ[4] ਤੇਰੇ।

---

1. ਪੁਰਸ਼। 2. ਇਸਤ੍ਰੀ। 3. ਬਾਗ਼। 4. ਗਿਰਜਾ।

ਤੂੰ ਹੈਂ ਥਾਂ ਥਾਂ ਪਾਏ ਡੇਰੇ, ਮਸਜਿਦ ਮੰਦਰ ਤੇ ਗੁਰਦੁਆਰੇ। ਸਾਹਿਬਾ...
ਸਾਹਿਬਾ, ਧੰਨ ਹੈ ਤੇਰੀ ਮਾਇਆ, ਜੀ ਜੀ ਵਿਚ ਤੂੰ ਆਪ ਸਮਾਇਆ।
ਆਪਣੇ ਅੰਦਰ ਸਭ ਨੂੰ ਪਾਇਆ, ਪਰਬਤ, ਨਦੀਆਂ, ਸਾਗਰ ਖਾਰੇ। ਸਾਹਿਬਾ...
ਸਗਲ ਸ੍ਰਿਸਟਿ ਤੇਰੀ ਪਨਿਹਾਰੀ, ਤੇਰਾ ਹੁਕਮ ਤੇਰੀ ਸਰਦਾਰੀ।
ਮੰਗਣ ਤੇਰੀ ਮਿਹਰ ਭਿਖਾਰੀ, ਚਾਤ੍ਰਿਕ ਆਇਆ ਤੇਰੇ ਦੁਆਰੇ।
ਸਾਹਿਬਾ ਤੇਰੇ ਈ ਖੇਲ ਨੇ ਸਾਰੇ।

ਕ੍ਰਿਸ਼ਨ ਮੁਰਾਰੀ

ਆ ਜਾ ਕ੍ਰਿਸ਼ਨ ਮੁਰਾਰੀ ਆ ਜਾ, ਬ੍ਰਿਜਮੋਹਨ ਗਿਰਧਾਰੀ ਆ ਜਾ-ਟੇਕ
ਬ੍ਰਿਜ ਮੰਡਲ ਵਿਚ ਛਾਈ ਉਦਾਸੀ,
ਸੁੰਞੇ ਜਾਪਣ ਗਾਮ ਚੁਰਾਸੀ।
ਫਿਰਨ ਭਟਕਦੇ ਗੋਕੁਲ ਵਾਸੀ,
ਬੁਝੇ ਦਿਲਾਂ ਵਿਚ ਜੋਤ ਜਗਾ ਜਾ। ਆ ਜਾ...
ਚਿਰ ਹੋਇਆ ਬਣਿਆਂ ਰਥਵਾਹੀ,
ਅਰਜਨ ਨੂੰ ਗੀਤਾ ਸਮਝਾਈ,
ਹਿੰਮਤ ਹਾਰਿਆਂ ਦੀ ਬਾਂਹ ਫੜਕੇ,
ਪੁਰਸ਼ਾਰਥ[1] ਦੇ ਰਾਹ ਤੇ ਪਾ ਜਾ। ਆ ਜਾ...
ਛੇੜ ਬੰਸਰੀ ਜਮਨਾ ਕਿਨਾਰੇ,
ਗੀਤ ਸੁਣਾ ਜਾ ਪਿਆਰੇ ਪਿਆਰੇ।
ਸਦ ਸਦ ਜੋੜ ਗਵਾਲੇ ਸਾਰੇ,
ਪ੍ਰੀਤ ਕਰਨ ਦੀ ਰੀਤ ਸਿਖਾ ਜਾ। ਆ ਜਾ...
ਨੇਮ ਧਰਮ ਨੇ ਚੁਕ ਲਿਆ ਡੇਰਾ,
ਭੁਲ ਗਿਆ ਪ੍ਰੇਮ ਸੰਦੇਸਾ ਤੇਰਾ,
ਖੁਦਗਰਜ਼ੀ ਨੇ ਪਾਇਆ ਘੇਰਾ,
ਖੋਟ ਕਪਟ ਦਾ ਖੁਰਾ ਮਿਟਾ ਜਾ। ਆ ਜਾ...
ਹਿੰਦੂ ਮੁਸਲਿਮ ਸਿੱਖ ਈਸਾਈ,
ਪਏ ਕੁਰਾਹੇ ਚਾਰੇ ਭਾਈ।
ਤੂੰ ਸਭਨਾਂ ਦੀ ਕਰ ਅਗਵਾਈ,
ਭਾਰਤ ਦੀ ਕਿਸਮਤ ਪਲਟਾ ਜਾ।
ਆ ਜਾ ਕ੍ਰਿਸ਼ਨ ਮੁਰਾਰੀ ਆ ਜਾ।

---

1. ਉੱਦਮ।

ਆ ਬਾਬਾ

ਅਰਸ਼ਾਂ ਤੋਂ ਕੀ ਪਿਆ ਤਕਦਾ ਹੈਂ ?
ਮੁੜ ਜਗ ਵਲ ਮੋੜੇ ਪਾ ਬਾਬਾ।
ਮੋਇਆਂ ਵਿਚ ਜਾਨ ਲਿਆ ਬਾਬਾ,
ਜੀਉਂਦਿਆਂ ਨੂੰ ਮਰਨ ਸਿਖਾ ਬਾਬਾ।
ਦਿਲ ਫਿਰ ਗਏ ਨੇ ਲਹੂ ਜਮ ਗਏ ਨੇ,
ਤੇਰੇ ਪ੍ਰੇਮ ਹੁਲਾਰੇ ਥਮ ਗਏ ਨੇ,
ਸ਼ਰਧਾ ਦੀਆਂ ਸੁਕਦੀਆਂ ਕਲੀਆਂ ਤੇ,
ਕੋਈ ਸੀਤਲ ਵਾ ਰੁਮਕਾ ਬਾਬਾ,
ਤੇਰੇ ਲਾਲ ਹਨੇਰ ਮਚਾ ਰਹੇ ਨੇ,
ਤੇਰੇ ਮੋਤੀ ਆਬ ਲੁਟਾ ਰਹੇ ਨੇ,
ਖਹਿ ਖਹਿ ਜ਼ਰ[1] ਜ਼ੋਰ ਗੁਆ ਰਹੇ ਨੇ,
ਜੁਟ ਪਏ ਨੇ ਢੋਲ ਵਜਾ ਬਾਬਾ।
ਢਲ ਗਏ ਇਹ ਦਿਨ ਕੁਰਬਾਨੀ ਦੇ,
ਲਹਿ ਗਏ ਪਾਣੀ ਤੁਗਿਆਨੀ[2] ਦੇ,
ਦੁਨੀਆਂ ਨੇ ਦੀਨ ਖਰੀਦ ਲਿਆ,
ਮਾਇਆ ਦਾ ਜਾਲ ਵਿਛਾ ਬਾਬਾ।
ਗੋਤੇ ਖਾ ਰਹੀ ਤਸੱਲੀ ਏ,
ਜਾਹਰਦਾਰੀ ਭੀ ਚੱਲੀ ਏ,
ਇਸ ਡਗਮਗ ਕਰਦੇ ਬੇੜੇ ਨੂੰ,
ਝਬ ਆ ਕੇ ਪਾਰ ਲਗਾ ਬਾਬਾ।

ਗੁਰੂ ਬਾਬੇ ਦਾ ਸਾਂਝਾ ਪੈਗਾਮ

(ਸਾਰੇ ਭਾਰਤ-ਧਰਮੀਆਂ ਦੇ ਨਾਂ)

ਗੀਤ-ਗੰਗ ਭੀਮ, ਤਾਰ ੩

ਕੀ ਸੋਚ ਰਹੇ ਹੋ ਭਗਤ ਜਨੋ,
ਬੀਰੋ, ਸਰਦਾਰੋ, ਬਹਿ ਬਹਿ ਕੇ,
ਕਦ ਤੀਕ ਉਜਾੜੀ ਜਾਓਗੇ,
ਤਾਕਤ ਦੇ ਦੌਲਤ ਖਹਿ ਖਹਿ ਕੇ।
ਘਰ ਨੂੰ ਤਾਂ ਬਹੁਤ ਸਿਆਣੇ ਹੋ,
ਵਧ ਫੂਲ ਰਹੇ ਆਪਣੇ ਭਾਣੇ ਹੋ,
ਪਰ ਮੈਨੂੰ ਇਸ ਨਾਦਾਨੀ[3] ਤੇ,
ਰੋਣਾ ਆਉਂਦਾ ਹੈ ਰਹਿ ਰਹਿ ਕੇ।

1. ਧਨ। 2. ਹੜ, ਕਾਂਗ। 3. ਅਣਜਾਣ ਪੁਣੇ।

ਤੁਸੀਂ ਵੰਡੀਆਂ ਜਿਉਂ ਜਿਉਂ ਪਾਂਦੇ ਹੋ,
ਤਿਉਂ ਤਿਉਂ ਦੁਰਕਾਰੇ ਜਾਂਦੇ ਹੋ,
ਦੁਖ ਜਰਦੇ, ਸ਼ਾਨ ਘਟਾਂਦੇ ਹੋ
ਗੈਰਾਂ ਦੀਆਂ ਝਿੜਕਾਂ ਸਹਿ ਸਹਿ ਕੇ।
ਇਕ ਦਾਦੇ ਦੀ ਸੰਤਾਨ ਤੁਸੀਂ,
ਇਕ ਖ਼ੂਨ ਤੁਸੀਂ, ਇਕ ਜਾਨ ਤੁਸੀਂ,
ਕੱਖਾਂ ਤੋਂ ਹੌਲੇ ਹੋ ਰਹੇ ਹੋ,
ਕਿਉਂ ਕੌੜੀਆਂ ਫਿਕੀਆਂ ਕਹਿ ਕਹਿ ਕੇ।
ਮੈਂ ਇਕ ਹੋਣਾ ਸਿਖਲਾਇਆ ਸੀ,
ਕੁਰਬਾਨੀ ਦੇ ਰਾਹ ਪਾਇਆ ਸੀ,
ਜੇ ਹੁਣ ਭੀ ਹੋਸ਼ ਸੰਭਾਲੀ ਨਾ,
ਮਿਟ ਜਾਓਗੇ ਡਿਗ ਢਹਿ ਢਹਿ ਕੇ।

ਅਰਜ਼ੋਈ

ਗੀਤ ਰਾਗ ਭੀਮ, ਤਾਲ ੩

ਅੰਤਰਜਾਮੀ ਦਸ਼ਮੇਸ਼ ਪਿਤਾ।
ਮੁੜ ਸੰਗਤਾਂ ਵਿਚ ਕਦ ਆਉਗੇ ?
ਆਪਣੇ ਛੋਹੇ ਹੋਏ ਕੰਮਾਂ ਨੂੰ,
ਕਦ ਬਹੁੜ ਕੇ ਤੋੜ ਚੜ੍ਹਾਓਗੇ ?
ਅਨੰਦਪੁਰ ਤੰਬੂ ਲਾਇਆ ਸੀ,
ਸਭ ਸੰਗਤਾਂ ਨੂੰ ਸਦਵਾਇਆ ਸੀ,
ਜਿਸ ਖਾਤਰ ਖੇਲ੍ਹ ਰਚਾਇਆ ਸੀ,
ਉਹ ਮਕਸਦ[1] ਕਦ ਸਮਝਾਓਗੇ ?
ਜਿਸ ਨੀਝ ਪਿਆਂ[2] ਜਗ ਠਰਦਾ ਸੀ,
ਸਿਰ ਕਟ ਕਟ ਹਾਜਰ ਕਰਦਾ ਸੀ,
ਨੈਣਾਂ ਚੋਂ ਅੰਮ੍ਰਿਤ ਝਰਦਾ ਸੀ,
ਉਹ ਪ੍ਰੇਮ ਨਿਗਾਹ ਕਦ ਪਾਉਗੇ ?
ਤੁਸੀਂ ਤੁਰ ਗਏ ਸੰਗਤਾਂ ਰੁਲ ਗਈਆਂ,
ਸਿਰ ਧੜ ਦੀਆਂ ਖੇਡਾਂ ਭੁਲ ਗਈਆਂ,
ਮਨ ਮਰ ਗਏ, ਨਿਯਤਾਂ ਡੁਲ ਗਈਆਂ,
ਕਦ ਭੁਲਿਆਂ ਨੂੰ ਗਲ ਲਾਓਗੇ ?

---

1. ਆਦਰਸ਼, ਆਸ਼ੇ। 2. ਜਿਸ ਦੀ ਨਜ਼ਰ ਪਿਆਂ।

ਸਤਿਗੁਰ ਦਾ ਪੈਗਾਮ

(ਆਪਣੇ ਆਦਰਸ਼ ਸਿੱਖ ਦੇ ਨਾਮ)

ਹੇ ਗੁਰ ਸਿਖ ਵਾੜੀ ਦੇ ਫੁੱਲਾ,
ਉਠ ਨਵੀਂ ਬਹਾਰ ਖਿੜਾ ਸਿਖਾ।
ਦੁਨੀਆਂ ਨੂੰ ਸੀਤਲ ਕਰਨ ਲਈ,
ਤੂੰ ਆਪਣੀ ਮਹਿਕ ਲੁਟਾ ਸਿਖਾ।
ਜੇ ਮੇਰਾ ਸਿਖ ਸਦਾਣਾ ਈ,
ਜੇ ਪ੍ਰੇਮ ਗਲੀ ਵਿਚ ਜਾਣਾ ਈ,
ਤਦ ਆਪਣਾ ਆਪ ਗੁਆ ਸਿਖਾ,
ਸਹਿ ਚੋਟਾਂ ਸਿਦਕ ਵਿਖਾ ਸਿਖਾ।
ਜਦ ਮੇਰਾ ਅੰਮ੍ਰਿਤ ਪੀਤਾ ਸੀ,
ਇਕਰਾਰ ਇਹੋ ਤੂੰ ਕੀਤਾ ਸੀ,
ਮੇਰੇ ਮਕਸਦਾਂ[1] ਦੇ ਰਸਤੇ ਵਿਚ,
ਦੇਵੇਂਗਾ ਸਭ ਕੁਝ ਲਾ ਸਿਖਾ।
ਪਾ ਕੇ ਚੋਲਾ ਪਰਵਾਨੇ ਦਾ,
ਰਖ ਚੇਤਾ ਅਸਲ ਨਿਸ਼ਾਨੇ ਦਾ,
ਛਡ ਝਾਕ ਨਫੇ ਨੁਕਸਾਨਾਂ ਦੀ,
ਅੱਖ ਮੀਟੀ ਤੁਰਿਆ ਜਾ ਸਿਖਾ।
ਆਦਰਸ਼ ਤੇਰਾ ਜਦ ਮਰਨਾ ਹੈ,
ਇਕ ਸਿਦਕ ਸਮੁੰਦਰ ਤਰਨਾ ਹੈ,
ਤੂੰ ਧਰਤੀ ਤੇ ਕੀ ਕਰਨਾ ਹੈ,
ਉਠ ਅਰਸ਼ ਉਡਾਰੀ ਲਾ ਸਿਖਾ।

ਬੰਦੀ ਮੋਚ

ਮੇਰੇ ਬੰਦੀ ਮੋਚ ਸਤਿਗੁਰੂ ਮੈਂ ਤੇਰੇ ਬਲਿਹਾਰੀਆਂ,
ਦਰ ਤੇ ਆਈ ਹਾਂ ਭਿਖਾਰਨ, ਕਰਦੇ ਝਬਦੇ[2] ਕਾਰੀਆਂ।
ਤੂੰ ਸਖੀ ਸੁਲਤਾਨ ਮੇਰਾ, ਲੜ ਲਗੀ ਦੀ ਲੱਜ ਪਾਲ,
ਮੇਰੇ ਅਮਲਾਂ ਨੂੰ ਕੀ ਵੇਖੇਂ ? ਮੈਂ ਤਾਂ ਪਾਪਣ ਭਾਰੀਆਂ।
ਧੌਣ ਉਚੀ ਕਰਕੇ ਕੀਕਰ ਆਖ ਸਕਾਂ ਮੇਲ ਲੈ,
ਸਿਰ ਤੇ ਚਾਈਆਂ ਔਗੁਣਾਂ ਦੇ ਨਾਲ ਭਰੀਆਂ ਖਾਰੀਆਂ[3]।

1. ਆਸ਼ੇ। 2. ਛੇਤੀ। 3. ਟੋਕਰੀਆਂ।

ਬਖਸ਼ ਲੈ ਓਸੇ ਤਰ੍ਹਾਂ ਜਿਉਂ ਲੱਖਾਂ ਪਾਪੀ ਤਰ ਗਏ,
ਵੇਖ ਲੈ ਆਪਣੀ ਵਡਾਈ, ਮੇਰੀਆਂ ਲਾਚਾਰੀਆਂ।
ਤੂੰ ਹੈਂ ਪਰਬਤ ਬਰਫ ਦਾ, ਮੈਂ ਭਠ ਵਿਚ ਲੁੜਛਦੀ,
ਚਰਨ ਛੋਹਕੇ ਤੂੰ ਅਨੇਕਾਂ ਪਾਪੀ ਰੂਹਾਂ ਠਾਰੀਆਂ।
ਵੜ ਗਏ ਤੇਰੀ ਗਲੀ ਜੋ, ਹੋ ਗਏ ਅਕਸੀਰ[1] ਓਹ,
ਕੱਚ ਦੇ ਕੇ ਹੀਰਾ ਪਾਯ, ਪ੍ਰੇਮ ਦੇ ਬਿਓਪਾਰੀਆਂ।
ਝੱਲੀ, ਕੋਝੀ, ਗੁਣ ਨਾ ਪੱਲੇ, ਰੂਪ ਦਾ ਭੀ ਮਾਣ ਨਾ,
ਤਕਵਾ[2] ਕੇਵਲ ਮੇਹਰ ਦਾ ਹੈ ਤੈਨੂੰ ਸ਼ਰਮਾ ਸਾਰੀਆਂ।
ਦਰਸ ਦੀ ਇਕ ਸਵਾਂਤ ਬੂੰਦ ਨੂੰ ਹੈ ਚਾਤ੍ਰਿਕ ਤਰਸਦਾ,
ਦਾਤ ਦੇ ਦੇ ਦਾਤਿਆ, ਮੈਂ ਹਾੜੇ ਕਰ ਕਰ ਹਾਰੀਆਂ।

ਆ ਗਿਆ

ਆ ਦਿਲਾ, ਤਿਰੀ ਉਜਾੜ ਨੂੰ ਵਸਤੀ ਬਣਾ ਦਿਆਂ,
ਪਤ ਝੜ ਨੂੰ ਅੱਜ ਬਹਾਰ ਦੀ ਰੰਗਣ ਚੜ੍ਹਾ ਦਿਆਂ,
ਕਲੀਆਂ ਖਿੜਾ ਕੇ, ਬੁਲ ਬੁਲ ਨੂੰ ਜਾਨ ਪਾ ਦਿਆਂ,
ਪੰਖੇਰੂਆਂ ਨੂੰ ਪ੍ਰੇਮ ਸੰਦੇਸ਼ਾ ਸੁਣਾ ਦਿਆਂ,
ਜਿਸ ਦਿਨ ਨੂੰ ਤਰਸਦੀ ਸੀ ਲੁਕਾਈ, ਓ ਆ ਗਿਆ।
ਕਹਿ ਦੇ ਵਜੰਤਰੀ ਨੂੰ ਜ਼ਰਾ ਛੇੜ ਦਿਲ ਰੁਬਾ,
ਰਗ ਰਗ ਬਣਾ ਕੇ ਤਰਬ ਸੁਰਾਂ ਇਸ ਤਰ੍ਹਾਂ ਮਿਲਾ,
ਨਿਕਲੇ ਅਵਾਜ਼ ਗੂੰਜਕੇ ਸ਼ਾਬਾਸ਼ ਮਰਹਬਾ[3],
ਨੂੰ ਨੂੰ ਖਲੋ ਕੇ ਗਾਇ ਉਸ ਸਤਿਗੁਰ ਦਾ ਸ਼ੁਕਰੀਆ,
ਜੋ ਪਯਾਰ ਤੇ ਉਪਕਾਰ ਦੀ ਸਰਗਰਮ ਸਿਖਾ ਗਿਆ।
ਮੀਰਾਂ ਦੀ ਮੀਰ ਕਲਗੀਧਰ ਪੀਰਾਂ ਦਾ ਉਚ ਪੀਰ,
ਜੁਲਮਾਂ ਦਾ ਘਟਾ ਟੋਪ ਕਰਨ ਵਾਲਾ ਲੀਰ ਲੀਰ,
ਹਾਮੀ ਸਚਾਈਆਂ ਦਾ, ਗਰੀਬਾਂ ਦਾ ਦਸਤਗੀਰ[4],
ਪਲਟਾਈ ਜਿਸ ਨੇ ਹਿੰਦ ਦੀ ਉਲਟੀ ਹੋਈ ਤਕਦੀਰ,
ਵਖਤਾਂ ਦੀ ਰਾਤ ਬੈਠ ਜਿਗ੍ਰਾਣੇ ਕਟਾ ਗਿਆ।
ਜਿਸ ਨੂਰ ਨੇ ਜੁਲਮਾਤ[5] ਜੁਲਮ ਦੀ ਹਟਾਈ ਸੀ,
ਜਿਸ ਮੀਂਹ ਨੇ ਅੱਗ ਦੇਸ਼ ਨੂੰ ਲੱਗੀ ਬੁਝਾਈ ਸੀ,
ਜਿਸ ਪਹਿਰੂਏ ਨੇ ਸੌਂ ਗਈ ਕਿਸਮਤ ਜਗਾਈ ਸੀ,
ਜਿਸ ਆਤਮਾ ਨੇ ਮੁਰਦਿਆਂ ਵਿਚ ਜਾਨ ਪਾਈ ਸੀ,
ਜੋ ਗੀਦੀਆਂ[6] ਨੂੰ ਸ਼ੇਰ ਦਾ ਜਾਮਾ[7] ਪੁਆ ਗਿਆ।

---

1. ਦਵਾਈ, ਅੰਮ੍ਰਿਤ। 2. ਆਸਰਾ। 3. ਵਾਹ ! ਵਾਹ। 4. ਬਾਂਹ ਫੜਨ ਵਾਲਾ। 5. ਰਾਤ।
6. ਡਰਪੋਕ, ਗਿੱਦੜ। 7. ਪੁਸ਼ਾਕ।

ਜਿਸ ਹਿੰਦ ਨੂੰ ਬਚਾ ਲਿਆ ਸਰਬੰਸ ਆਪਨਾ ਗਾਲ,
ਕੰਧਾਂ ਦੇ ਵਿਚ ਚਿਣਾ ਲਏ ਦੋ ਛੋਟੇ ਛੋਟੇ ਲਾਲ,
ਹੱਥੀਂ ਕੁਹਾ ਕੇ ਲਾਡਲੇ ਕੀਤਾ ਨਾ ਮਲਾਲ[1],
ਭਾਰਤ ਨੂੰ ਸਿੰਜ ਸਿੰਜ ਕੇ ਆਪਨੇ ਲਹੂ ਦੇ ਨਾਲ,
ਕੱਲਰ ਦੇ ਵਿਚ ਧਰਮ ਬਗੀਚਾ ਉਗਾ ਗਿਆ।
ਆ ਉਸ ਗੁਰੂ ਦੇ ਜਨਮ ਦਾ ਮੰਗਲ ਮਨਾਵੀਏ,
ਉਪਕਾਰ ਕਰਕੇ ਯਾਦ ਧੰਨਵਾਦ ਗਾਵੀਏ,
ਦੁਨੀਆਂ ਤੇ ਉਸ ਦੇ ਜਸ ਦਾ ਢੰਡੋਰਾ ਫਿਰਾਵੀਏ,
ਪੈਗਾਮ ਉਸ ਦੇ ਮਿਸ਼ਨ ਦਾ ਘਰ ਘਰ ਪੁਚਾਵੀਏ,
ਅੰਮ੍ਰਿਤ ਓ ਵੰਡੀਏ ਜੋ ਅਸਾਂ ਨੂੰ ਛਕਾ ਗਿਆ।

ਚੜ੍ਹਦੀ ਕਲਾ

ਆ ਗਈ ਨੂਰੀ ਝਲਕ ਇਕ ਆ ਗਈ,
ਦੀਨ-ਦੁਨੀਆਂ ਮੇਰੀ ਨੂੰ ਚਮਕਾ ਗਈ।
ਫਿਰ ਗਈ ਤਨ ਮਨ ਤੇ ਰਹਿਮਤ ਦੀ ਨਿਗਾਹ,
ਖਾਕ ਨੂੰ ਅਕਸੀਰ[2] ਤੁਰਤ ਬਣਾ ਗਈ।
ਧਸ ਗਈ ਰਗ ਰਗ ਦੇ ਵਿਚ ਬਿਜਲੀ ਕੋਈ,
ਸੁਰਤ ਸੁਤੀ ਨੂੰ ਹਲੂਣ ਜਗਾ ਗਈ।
ਦਸ ਕੇ ਆਪਣੇ ਆਪ ਨੂੰ ਦੇ ਬਲਕਾਰ ਨੂੰ,
ਜਾਨ ਮੁਰਦਾ ਲਾਸ਼ ਦੇ ਵਿਚ ਪਾ ਗਈ।
ਜੀ ਕੇ ਮਰਨਾ ਰੋਜ਼ ਸਾਂ ਸਿਖਦੇ ਰਹੇ,
ਮਰ ਕੇ ਜੀਉਣ ਦਾ ਏ ਚੇਟਕ ਲਾ ਗਈ।
ਕੌਣ ਕਹਿੰਦਾ ਹੈ ਕਿ ਮੈਂ ਕੰਗਾਲ਼ ਹਾਂ,
ਮੇਰੀ ਦੌਲਤ ਬੇਹਿਸਾਬ ਲਭਾ ਗਈ।
ਪਿੰਜਰੇ ਦੀ ਕੈਦ ਤੋਂ ਆਜ਼ਾਦ ਕਰ,
ਅਰਸ਼ ਤੇ ਪਰਵਾਜ਼[3] ਕਰਨਾ ਸਿਖਾ ਗਈ।
ਮਿਟ ਸਕੇ ਹਸਤੀ ਨਾ ਚਾਤ੍ਰਿਕ ਦੀ ਕਦੇ,
ਜ਼ਿੰਦਗੀ ਦਾ ਭੇਦ ਇਹ ਸਮਝਾ ਗਈ।

ਸ੍ਰੀ ਕਲਗੀਧਰ ਜੀ ਦਾ ਪੈਗਾਮ

(ਆਪਣੇ ਆਦਰਸ਼ ਸਿੱਖ ਦੇ ਨਾਮ)

ਮੇਰੇ ਬਹਾਦਰ ਅਮਰ ਸਿਪਾਹੀਆ,
ਕਿਧਰ ਗਿਆ ਹੈ ਧਿਆਨ ਤੇਰਾ ?

1. ਉਦਾਸੀ। 2. ਅੰਮ੍ਰਿਤ, ਦਵਾਈ। 3. ਉਡਣਾ।

ਬਦਲ ਗਿਆ ਕਿਉਂ ਨਿਸ਼ਾਨਾ ਤੇਰਾ,
ਹੈ ਖਿੜਕਦਾ ਕਿਉਂ ਇਮਾਨ ਤੇਰਾ ?
ਫਨਾ ਤੋਂ ਡਰ ਡਰ ਕੇ ਕੰਬਦੀ ਕਿਉਂ ਹੈ,
ਤੇਰੀ ਇਹ ਲਾਜ਼ਵਾਲ[1] ਹਸਤੀ ?
ਤੂਫਾਨ ਬਿਜਲੀ ਦੇ ਸਦਮਿਆਂ ਤੋਂ,
ਬੁਲੰਦ[2] ਹੈ ਆਸ਼ੀਆਨ[3], ਤੇਰਾ।
ਖਮੀਰ ਤੇਰਾ ਹੈ ਪ੍ਰੇਮ ਅਜ਼ਲੀ[4],
ਹਯਾਤ[5] ਤੇਰੀ ਹੈ ਜੋਜ਼[6] ਅਬਦੀ[7]।
ਬਣਨ ਤੇ ਬਿਗੜਨ ਤੋਂ ਹੈ ਨਿਆਰਾ,
ਜਮੀਨ ਤੇ ਅਸਮਾਨ ਤੇਰਾ।
ਤੂੰ ਮੇਰੇ ਕੌਸਰ[8] ਦਾ ਛਕ ਅੰਮ੍ਰਿਤ,
ਅਜੀਤ ਹੋਇਓਂ, ਅਕਾਲ ਹੋਇਓਂ।
ਅਕਾਸ਼ ਦੇ ਉਲਟ ਫੇਰ ਕੀਕਰ,
ਮਿਟਾ ਸਕਣਗੇ ਨਿਸ਼ਾਨ ਤੇਰਾ ?
ਤੂੰ ਹਸਦ[9] ਦੇ ਕੀਨੇ ਦੀ ਸੂਕਦੀ ਨੈਂ ਤੋਂ,
ਪਾਰ ਹੋ ਜਾ, ਉਦਾਰ ਬਣਾ ਕੇ।
ਨਿਗੂਣੇ ਨਫਿਆਂ ਤੇ ਘਾਟਿਆਂ ਤੋਂ,
ਨਵੇਕਲਾ ਹੈ ਜਹਾਨ ਤੇਰਾ।
ਜੇ ਮੇਰੇ ਰਸਤੇ ਤੇ ਚਲ ਪਿਆ ਹੈਂ,
ਤਾਂ ਆਪਣੀ ਹਸਤੀ ਦਾ ਫਿਕਰ ਛਡ ਦੇ,
ਚਿਟਾਨ ਤਕਵੇ ਦੀ ਰਬ ਸੰਭਾਲੀ,
ਕਿ ਕੌਣ ਹੈ ਪਾਸਬਾਨ[10] ਤੇਰਾ।
ਤੂੰ ਚੋਲਾ ਭਬਟ ਦਾ ਪਹਿਨਿਆ ਹੈ,
ਤਾਂ ਪਾਲ ਕਰਤਵ ਨੂੰ ਖੂਬ ਡਟ ਕੇ।
ਕਿ ਏਸ ਰਾਹ ਵਿਚ ਗੁਆਚ ਜਾਣਾ,
ਹੀ ਤੁਰਨ ਦਾ ਹੈ ਸਥਾਨ[11] ਤੇਰਾ।
ਜੋ ਖਾਰੇ ਸਾਗਰ ਦੇ ਦਵਾਰੇ ਜਾਂਦੇ ਨੇ,
ਜਾਣ ਦੇ ਕਰ ਨ ਰੀਸ 'ਚਾਤ੍ਰਿਕ'।
ਕਿ ਪ੍ਰੇਮ ਅੰਬਰ ਦੀ ਸਵਾਤਿ ਵਰਖਾ ਦਾ,
ਨੀਰ ਹੈ ਖਾਨ ਪਾਨ ਤੇਰਾ।

---

1. ਗਿਰਾਵਟ ਰਹਿਤ। 2. ਉੱਚਾ। 3. ਆਲ੍ਹਣਾ। 4. ਅਰੰਭ ਤੋਂ, ਮੁੱਢੋਂ। 5. ਜੀਵਨ। 6. ਦਰਦ। 7. ਅਟੱਲ। 8. ਅੰਮ੍ਰਿਤ ਕੁੰਡ। 9. ਈਰਖਾ। 10. ਰਾਖਾ। 11. ਸਟਾਰਟਿੰਗ ਪੁਆਇੰਟ।

ਸਮੱਸਿਆ ਪੂਰਤੀ

ਮੇਰੇ ਮਹਬੂਬ ਕਲਗੀਧਰ ਨੂੰ, ਉਹ ਤੇਜਸਵ ਹਾਸਿਲ ਸੀ,
ਕਿ ਜਿਸ ਦੇ ਨੂਰ ਨੂੰ ਲੈ ਲੈ ਕੇ, ਤ੍ਰੈਲੋਕੀ ਰਹੀ ਖਿਲ ਸੀ।
ਵਿਭੂਤੀ ਦੋ ਜਹਾਨਾਂ ਦੀ, ਸਦਕੜੇ ਜ਼ੁਲਫ ਦੇ ਵਾਲੋਂ,
ਕਿ ਜਿਸ ਦੀ ਨੀਝ ਕਰ ਦੇਂਦੀ, ਪ੍ਰਭੂ ਦੇ ਨਾਲ ਵਾਸਿਲ[1] ਸੀ।
ਅਕਾਸ਼ਾਂ ਤੋਂ ਉਚੇਰਾ ਅਰ, ਪਤਾਲਾਂ ਤੋਂ ਡੂੰਘੇਰਾ ਸੀ,
ਏ ਉਹ ਅਸਗਾਹ ਸਾਗਰ ਸੀ, ਨਾ ਜਿਸ ਦਾ ਤੀਰ ਸਾਹਿਲ[2] ਸੀ।
ਕਰੇ ਅਕਸੀਰ ਮਿਟੀ ਨੂੰ, ਰਸਾਇਣ ਉਸ ਦੇ ਦਰਸ਼ਨ ਦੀ,
ਬਣਾ ਕੇ ਹੰਸ ਕਾਵਾਂ ਨੂੰ, ਅਜੇਹਾ ਸਿਹਰ[3] ਕਾਮਿਲ ਸੀ।
ਰਸੀਲੇ ਨੈਣ ਵਹਦਤ ਦੇ, ਨਸ਼ੇ ਵਿਚ ਰਹਿਣ ਮਸਤਾਨੇ,
ਕਿ ਜਿਸ ਨੂੰ ਪੀ ਕੇ ਹੁੰਦੀ, ਸੂਫੀਆਂ ਦੀ ਹੋਸ਼ ਗਾਫਿਲ ਸੀ।
ਮਨਾਂ ਨੂੰ ਮੂਠ ਖੜਦੀ, ਓਸ ਦਿਲਬਰ ਦੀ ਅਦਾ ਬਾਂਕੀ
ਕਟੇ ਬੰਧਨ ਕਲੇਸ਼ਾਂ ਦੇ, ਓ ਐਸਾ ਸੁਘੜ ਕਾਤਿਲ ਸੀ।
ਨਿਗਾਹ ਦੇ ਤੀਰ ਤ੍ਰਿਖੇ ਪਰ ਬੁਝਾਏ ਨਾਲ ਅੰਮ੍ਰਿਤ ਦੇ,
ਮੋਇ ਸੁਰਜੀਤ ਕਰ ਦੇਂਦਾ ਉਹ ਤੀਰੰਦਾਜ਼ ਆਕਿਲ[4] ਸੀ।
ਓ ਹੋ ਕੇ ਪ੍ਰੇਮ ਵਸ਼ ਬੱਝਾ ਰਹੇ ਭਗਤਾਂ ਦੇ ਫੰਧੇ ਵਿਚ,
ਸ਼ਮਾ ਉਹ ਸੀ ਕਿ ਪਰਵਾਨੇ ਤੇ ਹੁੰਦੀ ਆਪ ਘਾਇਲ ਸੀ।
ਮੁਹਿੰਮ ਜਿਸ ਪਰ ਕਮਰ ਕੱਸੀ, ਨਾ ਸਰ ਕੀਤੇ ਬਿਨਾਂ ਮੁੜਿਆ,
ਓ ਜਿਗਰੇ ਦਾ ਬਹਾਦਰ ਸੀ, ਇਰਾਦੇ ਦਾ ਹਿਮਾਚਲ ਸੀ।
ਓਦ੍ਹੇ ਚਰਨਾਂ ਦੀ ਧੂੜ ਮੇਰੀਆਂ ਅੱਖਾਂ ਦਾ ਕਾਜਲ ਸੀ,
ਵਸੇ ਹਰਦਮ ਓਦ੍ਹੀ ਤਸਵੀਰ, ਉਹ ਮੰਦਰ ਮੇਰਾ ਦਿਲ ਸੀ।

ਗੀਤ ਆਸਾ

ਮੇਰੇ ਹਥੀਂ ਪੈਰੀਂ ਬੇੜੀਆਂ,
ਨੀ ਮੈਂ ਕਾਹਨੂੰ ਫਾਹੀਆਂ ਸਹੇੜੀਆਂ,...
ਆਈ ਮੌਜ ਜਾਂ ਰਾਂਝਣ ਚਾਕ ਦੀ,
ਸੂਰਤ ਉਕਰੀ ਗਈ ਲੌਲਾਕ[5] ਦੀ,
ਛੇੜਾਂ ਹੁਸਨ ਤੇ ਇਸ਼ਕ ਨੇ ਛੇੜੀਆਂ, ਮੇਰੇ ਹੱਥੀਂ ਪੈਰੀਂ.....
ਤੁਰਿਆ ਜੱਰਾ ਮੁਸਾਫਿਰ ਦੂਰ ਦਾ,
ਲਭਦਾ ਫਿਰੇ ਚੰਗਿਆੜਾ ਨੂਰ ਦਾ,
ਰਾਤਾਂ ਕਾਲੀਆਂ ਤੇ ਘੁਮਣ ਘੇਰੀਆਂ, ਮੇਰੇ ਹਥੀਂ ਪੈਰੀਂ.....

---
1. ਮੇਲ ਵਿਚ, ਇਕ ਮਿਕ। 2. ਕਿਨਾਰਾ। 3. ਜਾਦੂ। 4. ਸਿਆਣਾ। 5. ਆਸਮਾਨ।

ਕਿਹੜੇ ਤਖਤ ਹਜ਼ਾਰਿਓਂ ਚਲਿਆ,
ਕਿਹੜੇ ਪੱਤਣ ਤੇ ਗਿਆ ਘਲਿਆ,
ਮੂਠਾ ਮੀਟੀਆਂ ਕਿਸੇ ਨਾ ਉਘੇੜੀਆਂ, ਮੇਰੀ ਹਥੀਂ ਪੈਰੀਂ.....
ਬੂਹਾ ਖੁਲ੍ਹ ਗਿਆ ਜਦੋਂ ਤਕਦੀਰ ਦਾ,
ਹੋਸੀ ਰੋਸ਼ਨ ਰੁਖ[1] ਤਸਵੀਰ ਦਾ,
ਮਜ਼ਲਾਂ ਲੰਮੀਆਂ ਸਾਜਣ ਨਿਬੇੜੀਆਂ, ਮੇਰੇ ਹਥੀਂ ਪੈਰੀਂ.....

ਪੰਜ ਰੁਬਾਈਆਂ

ਕਰਮ ਕਾਂਡੀਆ, ਕਿਉ ਲੈਂਦਾ ਹੈਂ, ਪ੍ਰੇਮੀ ਦੇ ਪਰਤਾਵੇ।
ਜਿਹੜੇ ਗਗਨ[2], ਇਸ਼ਕ ਛੋਂਹਦੇ, (ਓਥੇ) ਕਰਮ ਹਿਠਾਂਹ ਰਹਿ ਜਾਵੇ।
ਵਲਵਲਿਆਂ ਦਾ ਦੇਸ ਉਚੇਰਾ, (ਜਿਥੇ) ਆਸ਼ਕ ਲਾਉਣ ਯਾਰੀ।
ਹੁਸਨਾਂ ਵਾਲੇ ਦੇ ਦੀਪਕ ਤੇ, ਝੰਭਟ ਮਜ਼ਲ ਮੁਕਾਵੇ।
ਆ ਜਾ ਮੀਤ ਖੁਲ੍ਹੇ ਦਰਵਾਜੀਂ, ਰਖ ਸੰਗ ਸੰਗਾ ਨਾ ਰਾਈ,
ਹਿਜ਼ਰ[3] ਤੇਰੇ ਦੀਆਂ ਪੀੜਾਂ ਬਾਝੋਂ, ਇਸ ਘਰ ਵਿਚ ਗੈਰ ਨਾ ਕਾਈ।
ਰਾਹ ਵਿਚ ਖੜੇ, ਗਿਣਦਿਆਂ ਤਾਰੇ, ਅਸਾਂ ਸਾਰੀ ਰਾਤ ਮੁਕਾਈ।
ਚੌਥਾ ਪਹਿਰ[4] ਅਖੀਰੀ ਘੜੀਆਂ, ਤੁਸਾਂ ਆਣ ਨਾ ਝਾਤੀ ਪਾਈ।
ਸੁਧ ਰਿਦੇ ਚੋਂ ਉਪਜੀ ਜਦ ਕੋਈ, ਕਵੀ ਅਵਾਜ਼ ਉਠਾਵੇ।
ਪੈਗੰਬਰ ਦੀ ਕਥਨੀ ਵਾਂਗੂ, ਮਹਾਂ-ਵਾਕ ਬਣ ਜਾਵੇ।
ਨਿਯਤ ਨੇਕ, ਬਚਨ, ਇਨਸਾਨੀ, ਲੋਕ-ਲਾਭ ਦਾ ਹੋਕਾ।
ਸਾਰਾ ਜਗਤ ਅਕਾਸ਼ੀ ਬਾਣੀ, ਸਮਝ ਸਿਰਾਂ ਤੇ ਚਾਵੇ।
ਜੁਗਾਂ ਜੁਗਾਂ ਤੋਂ ਜੋਤ ਅਗੰਮੀ, ਰਾਤ ਦਿਨੇ ਪਈ ਜਗਦੀ।
ਉਤਰ ਪਰਬਤੋਂ ਸਾਗਰ ਵਲ, ਨੂਰਾਨੀ ਧਾਰਾ ਵਗਦੀ।
ਪਰਮ-ਸੁੰਨ ਦੇ ਅੰਧੇਰੇ ਵਿਚ, ਬਿਜਲੀ ਵਾਂਗਰ ਕੂੰਦੇ।
ਤ੍ਰੈਲੋਕਾਂ ਨੂੰ ਜੀਵਨ-ਲੋ, ਨਿਤ ਨਿਘੀ ਨਿਘੀ ਲਗਦੀ।
ਮੈਂ ਖਿੜਿਆ, ਕੁਝ ਰੌਣਕ ਲਗ ਗਈ, ਰਾਹੀਆਂ ਰੂਪ ਸਲਾਹਿਆ।
ਧੁਪ ਲੱਗੀ ਮੁਰਝਾ ਕੇ ਭੁਰ ਗਿਆ, ਫਿਰ ਖੇੜੇ ਵਿਚ ਆਇਆ।
ਆਉਣ ਜਾਣ ਦਾ ਚੱਕਰ ਕਟਦਿਆਂ, (ਮੈਨੂੰ) ਜੁਗੜੇ ਕਈ ਵਿਹਾਏ।
ਧੰਨ ਸੁਆਮੀ ਮੇਰਾ ਹੈ, ਜਿਨ ਸਭ ਜਗ ਧੰਦੇ ਲਾਇਆ।

ਦੇਈ ਜਾ ਪ੍ਰੇਮ ਹੁਲਾਰਾ

ਦੇਈ ਜਾ ਪ੍ਰੇਮ ਹੁਲਾਰਾ, ਨੀ ਪੀਂਘੇ। ਦੇਈ ਜਾ ਪ੍ਰੇਮ ਹੁਲਾਰਾ।
ਪ੍ਰੇਮ ਹੁਲਾਰੇ ਮਿਠੜੇ ਤੇ ਪਿਆਰੇ,

1. ਪਾਸਾ। 2. ਅਕਾਸ਼। 3. ਵਿਛੋੜਾ। 4. ਬੁਢੇਪੇ ਤੋਂ ਭਾਵ ਹੈ।

ਪਹੁੰਚਣਾ ਹੈ ਅਸਾਂ ਮਾਹੀ ਦੇ ਦੁਆਰੇ
ਟਪ ਕੇ ਸਮੁੰਦਰ ਖਾਰਾ, ਨੀ ਪੀਂਘੇ, ਦੇਈ ਜਾ...
ਖੁਲ੍ਹੀਆਂ ਕਰਦੇ ਲੰਮੀਆਂ ਰਾਂਸਾਂ,
ਪੂਰੀਆਂ ਹੋ ਜਾਣ ਉਚੀਆਂ ਆਸਾਂ,
ਮਿਲ੍ਹ ਜਾਏ ਸਿਦਕ ਸਹਾਰਾ, ਨੀ ਪੀਂਘੇ, ਦੇਈ ਜਾ...
ਅਮਲ ਵਿਹੂਣੀ ਕੰਨੀਓ ਖਾਲੀ,
ਠੇਡੇ ਖਾਂਦਿਆਂ ਉਮਰਾ ਗਾਲੀ,
ਭੁਲ ਗਿਆ ਪ੍ਰੀਤਮ ਪਿਆਰਾ, ਨੀ ਪੀਂਘੇ, ਦੇਈ ਜਾ...
ਮਾਹੀ ਜੇ ਮੇਰੀਆਂ ਭੁਲਾਂ ਭੁਲਾਵੇ,
ਮਿਹਰਾਂ ਦੇ ਬੇੜੇ ਚਾੜ੍ਹ ਲੰਘਾਵੇ,
ਹੋ ਜਾਏ ਪਾਰ ਉਤਾਰਾ, ਨੀ ਪੀਂਘੇ, ਦੇਈ ਜਾ...

ਕਵੀ ਦੀ ਜੂਨ

ਕਵੀ ਦੀ ਜੂਨ, ਜੁੜ ਜਾਵੇ, ਤਾਂ ਹਿਰਦੇ ਦੀ ਸਫ਼ਾਈ ਕਰ।
ਭਲੇ ਲੋਕਾਂ ਦੀ, ਸੰਗਤ ਕਰ, ਗਰੀਬਾਂ ਦੀ ਭਲਾਈ ਕਰ।
ਸਚਾਈ, ਸਭਯਤਾ, ਸਦਗੁਣ, ਸਹੋਦਰਤਾ, ਤੇ ਸਮਦ੍ਰਿਸ਼ਟੀ।
ਵੰਡਾ ਲੈ ਦਰਦ, ਦੁਖੀਆਂ ਦਾ, ਸਰ੍ਹਾਣੇ ਬਹੁ, ਦਵਾਈ ਕਰ।

ਕੋਇਲ

ਨੀ ਕੋਇਲ, ਕੂ ਊ ਕੂ ਊ ਗਾ—ਟੇਕ
ਕੰਠ ਤੇਰੇ ਵਿਚ ਸੁਰ ਪੰਚਮ ਦਾ
ਇਸ਼ਕ ਅਮੀ-ਰਸ[1] ਦੇ ਪ੍ਰੀਤਮ ਦਾ,
ਪੀਆ ਨੂੰ ਮਿਲਣ ਦਾ ਚਾ, ਨੀ ਕੋਇਲ...
ਪਰ ਹਨ ਕਾਲੇ ਤਦ ਕੀ ਡਰ ਹੈ,
ਕਾਲਿਆ ਨੂੰ ਅਪਨਾਂਦਾ ਹਰ ਹੈ,
ਹਿਰਦਾ ਹੋਵੇ ਸਫ਼ਾ, ਨੀ ਕੋਇਲ...
ਗਾ ਗਾ ਕੇ ਗੋਬਿੰਦ ਦਾ ਗਾਨਾ,
ਹਰਿ ਦੀਪਕ ਦਾ ਬਣ ਪਰਵਾਨਾ,
ਆਪਣਾ ਆਪ ਘੁਮਾ, ਨੀ ਕੋਇਲ...
ਤੂੰ ਪ੍ਰੀਤਮ ਦੀ ਪ੍ਰੀਤਮ ਤੇਰਾ,
ਸੀਨੇ ਵਿਚ ਸਾਹਿਬ ਦਾ ਡੇਰਾ,
ਝੁਕ ਝੁਕ ਦਰਸ਼ਨ ਪਾ, ਨੀ ਕੋਇਲ...

1. ਅੰਮ੍ਰਿਤ ਦਾ ਰਸ।

ਬਨਮਾਲੀ

1. ਰੰਗ ਤੇ ਮਹਿਕਾ ਦੀ ਦੁਨੀਆਂ ਦਾ ਦਰਸ਼ਨ ਜਦ ਪਾਇਆ ਮੈਂ।
ਹਸ ਹਸ ਖਿੜ ਖਿੜ ਮਹਿਕ ਲੁਟਾਂਦਾ ਫੁਲਾਂ ਵਲ ਭੀ ਆਇਆ ਮੈਂ।
ਮਸਤ ਸ਼ਰਾਬੀ ਵਾਂਗ ਝੁਟਾਂਦੀ ਹਰ ਇਕ ਫੂਲ ਨੂੰ ਡਾਲੀ ਸੀ,
ਰਾਖੀ ਚੋਖੀ, ਗੋਡੀ, ਪਾਣੀ, ਦੇਈ ਜਾਂਦਾ ਮਾਲੀ ਸੀ।
ਖੜ ਪੁਗਿਆਂ[1] ਫੁਲ ਸੁਕ ਸੜ ਕੂੜਾ ਹੋ ਕੇ ਹੂੰਝੇ ਜਾਂਦੇ ਸਨ,
ਉਸ ਥਾਂ ਹੋਰ ਕੋਈ ਫੁਲ ਆ ਕੇ, ਨਵੀਂ ਬਹਾਰ ਲਗਾਂਦੇ ਸਨ।

2. ਫੁਲਵਾੜੀ ਦੀ ਬਣਤਰ ਨੇ, ਮਨ ਦਾ ਕਾਂਟਾ ਬਦਲਾ ਦਿਤਾ,
ਇਸ ਸੰਸਾਰ ਬਗੀਚੇ ਦਾ ਬਨਮਾਲੀ[2] ਯਾਦ ਕਰਾ ਦਿਤਾ।
ਇਹ ਮਾਲੀ ਬੂਟੇ ਬਦਲਾ ਕੇ, ਨਵੇਂ ਲਗਾਈ ਜਾਂਦਾ ਹੈ।
ਅਦਲ ਬਦਲ ਦਾ ਗੇੜ ਪੁਰਾਣਾ ਜੁਗਾਂ ਜੁਗਾਂ ਤੋਂ ਜਾਰੀ ਹੈ।
ਕਦੇ ਪੁਰਾਣੀ ਕਦੇ ਨਵੀਂ ਹੋ ਜਾਂਦੀ ਦੁਨੀਆਂ ਸਾਰੀ ਹੈ।

3. ਹੇ ਮਨ ਤੂੰ ਉਸ ਬੜੇ ਬਗੀਚੇ ਦਾ ਇਕ ਫੂਲ ਲਾਸਾਨੀ[3] ਹੈ।
ਮਨੁੱਖ ਜਾਮੇ ਵਾਲੇ ਭਗਵਨ ਦੀ ਇਕ ਰੂਪ ਨਿਸ਼ਾਨੀ ਹੈ।
ਹੋਂਦ ਤੇਰੀ ਹੈ ਜਗ ਦੀ ਜ਼ੀਨਤ[4] ਸ਼ਾਨ ਹੈ ਤੂੰ ਬਨਮਾਲੀ ਦੀ।
ਤੂੰ ਉਸ ਵਿਚ ਉਹ ਤੇਰੇ ਅੰਦਰ, ਜਗਦੀ ਏ ਜੋਤ ਜਲਾਲੀ ਦੀ।
ਉਸ ਦੇ ਸਦ ਗੁਣ ਧਾਰਨ ਕਰ ਠੰਢ ਸਭਸ ਨੂੰ ਪਾਇਆ ਕਰ,
ਹਸ ਹਸ ਖਿੜ ਖਿੜ ਫੁਲਾਂ ਵਾਂਗਰ, ਕੰਮ ਕਿਸੇ ਦੇ ਆਇਆ ਕਰ।

ਮੰਗਲਾ ਚਰਣ

ਨਮਸਕਾਰ ਜਿਨ ਖੇਲ ਸਾਰੇ ਖਿਲਾਰੇ
ਤੇ ਸ਼ਿਵ[5], ਵਿਸ਼ਨੂੰ[6], ਬ੍ਰਹਮਾ,[7] ਦੇ ਤ੍ਰੈ ਰੂਪ ਧਾਰੇ।
ਜਿਨ੍ਹੇ ਖੰਡ[8] ਬ੍ਰਹਮੰਡ[9] ਵਰਭੰਡ[10] ਸਾਜੇ,
ਜਿਨ੍ਹੇ ਦੇਵਤੇ ਦੈਂਤ ਸ਼ਕਤੀ ਨਿਵਾਜੇ,
ਏ ਸੂਰਜ, ਏ ਧਰਤੀ, ਏ ਗ੍ਰਹਿ ਚੰਦ ਤਾਰੇ,
ਜਿੰਦ੍ਹੀ ਜੋਤ ਨੇ ਕੀਤੇ ਰੋਸ਼ਨ ਏ ਸਾਰੇ।
ਜਿਨ੍ਹੇ ਜੀਵ ਜੰਤਾਂ 'ਚ ਜੀਵਨ ਵਸਾਇਆ।
ਤੇ ਕੁਦਰਤ ਥੀਂ ਸੰਸਾਰ ਧੰਦੇ ਤੇ ਲਾਇਆ।
ਅਨਾਦੀ[11], ਅਨੰਤਾ[12], ਅਮਰ, ਅਜ[13], ਅਨਾਸੀ[14],

---

1. ਆਪਣਾ ਵੇਲਾ ਪੂਰਾ ਹੋਣ ਉੱਤੇ। 2. ਭਾਵ ਰੱਬ। 3. ਬੇਮਿਸਾਲ। 4. ਸੁੰਦਰਤਾ।
5. ਪੁਰਾਣਾ ਅਨੁਸਾਰ ਸ੍ਰਿਸ਼ਟੀ ਦਾ ਨਾਸ਼ ਕਰਨ ਵਾਲਾ ਦੇਵਤਾ। 6. ਹਿੰਦੂ ਮਤਿ ਅਨੁਸਾਰ ਜਗਤ ਦਾ ਪਾਲਕ ਦੇਵਤਾ।
7. ਜਗਤ ਦੀ ਉਤਪੱਤੀ ਕਰਨ ਵਾਲਾ ਦੇਵਤਾ। 8. ਪ੍ਰਿਥਵੀ ਦੇ ਹਿੱਸੇ। 9-10. ਜਗਤ। 11. ਜਿਸ ਦਾ ਕੋਈ ਆਰੰਭ ਨਹੀਂ।
12. ਬੇਅੰਤ। 13. ਜਨਮ ਰਹਿਤ। 14. ਨਾਸ ਰਹਿਤ।

ਜਗਤ ਆਦਿ, ਕਰਤਾ, ਤੇ ਘਟ ਘਟ ਦਾ ਵਾਸੀ।
ਨਾ ਗੱਜ਼ ਤੱਕੜੀ ਜਿਸ ਨੂੰ ਮਿਣ ਤੋਲ ਸਕੇ,
ਨਾ ਅਸਗਰ[1] ਜਿਸ ਦੇ ਕੋਈ ਖੋਲ੍ਹ ਸਕੇ,
ਕਿਸੇ ਨੇ ਜਿਦ੍ਹਾ ਅੰਤ ਅਜ ਤਕ ਨਾ ਪਾਇਆ
ਗਿਆ ਜਿਸ ਦਾ ਲੇਖਾ ਕਿਸੇ ਤੋਂ ਨਾ ਲਾਇਆ।
ਸਭਸ ਵਿਚ ਵਿਆਪਕ, ਸਭਸ ਤੋਂ ਨਿਆਰਾ,
ਉਦ੍ਹੇ ਦਰ ਤੇ ਝੁਕਦਾ ਹੈ 'ਚਾਤ੍ਰਿਕ' ਨਿਕਾਰਾ

ਬਣੋ ਸਦਾ ਸੁਖਦਾਈ

ਭਗਵਾਨ ਤੇਰੀ ਮਿਹਰ ਦਾ ਮੰਗਤਾ ਸ਼ਰਨ ਤੇਰੀ ਚਲ ਆਯਾ,
ਚਿੰਤਾ ਫਿਕਰਾਂ, ਕਸ਼ਟ ਕਲੇਸ਼ਾਂ, ਮਨ ਮੇਰਾ ਕਲਪਾਯਾ,
ਰਖਿਆ ਕਰੋ ਬਚਾਓ ਆ ਕੇ ਬਣੋ ਸਦਾ ਸੁਖਦਾਈ,
ਭਗਤ ਜਨਾਂ ਦੇ ਜਿਵੇਂ ਹਮੇਸ਼ਾਂ ਹੁੰਦੇ ਰਹੇ ਸਹਾਈ।
ਜਲ ਵਿਚ ਜਾਲ ਖਿਲਾਰ ਕੇ ਤੰਦਵ[2] ਗਜ[3] ਨੂੰ ਡੋਬੀ ਜਾਏ,
ਸਿਮਰਨ ਕੀੜਾ ਮਦਦ ਲਈ ਜਦ, ਗਰੁੜ[4] ਛੰਦ ਉਠ ਧਾਏ,
ਦੁਖ ਦਰੋਪਤੀ ਪਾਪ ਸਭਾ ਵਿਚ ਨਗਨ ਹੋ ਰਹੀ ਰੋਈ,
ਯਾਦ ਆਪ ਦੀ ਬਣੀ ਸਹਾਇਕ ਚੀਰ[5] ਨਾ ਉਤਰਿਆ ਕੋਈ।
ਪਾਪੀ ਅਜਾਮਲ[6] ਨੇ ਡਰ ਕੇ, ਤੇਰਾ ਨਾਮ ਧਿਆਯਾ,
ਪਾਰਖਦਾਂ[7] ਨੇ ਚਾੜ੍ਹ ਬਿਬਾਣ[8], ਬਿਕੁੰਠ[9] ਲੋਕ ਪਹੁੰਚਾਯਾ,
ਧੰਨਾ[10] ਭਗਤ ਤਿਲੋਚਨ[11] ਪਾਸੋਂ ਲੈ ਆਯਾ ਪਨਸੇਰੀ,
ਭੋਜਨ ਪਾਯਾ, ਵੱਛੇ ਚਾਰੇ, ਯਾਦ ਹੋਈ ਜਦ ਤੇਰੀ।
ਭਗਤ ਤੇਰੇ ਪ੍ਰਹਿਲਾਦ ਤਾਈਂ ਸੌ ਕਸ਼ਟ ਪਿਤਾ ਪਹੁੰਚਾਏ,
ਥਮ ਪਾੜ ਨਰ ਸਿੰਘ ਰੂਪ ਹੋ ਕੰਮ ਭਗਤ ਦੇ ਆਏ,
ਅੰਬਰੀਕ[12] ਨੂੰ ਦੁਰਵਾਸ਼ਾ[13] ਨੇ ਮੁਸ਼ਕਿਲ ਵਿਚ ਫਸਾਯਾ,

---

1. ਭੇਦ।

2-3. ਇਕ ਗੰਧਰਬਵ ਜੋ ਦੇਵਲ ਰਿਖੀ ਦੇ ਸਰਾਪ ਨਾਲ ਹਾਥੀ (ਗਜ) ਬਣ ਗਿਆ। ਇਸ ਨੂੰ ਵਰੁਣ ਦੇ ਤਲਾ ਵਿਚ ਤੰਦੂਏ ਨੇ ਗ੍ਰਸ ਲਿੱਤਾ। ਜਦ ਡੁੱਬਣ ਲਗਾ ਤਾਂ ਕਰਤਾਰ ਅੱਗੇ ਅਰਦਾਸ ਕੀਤੀ ਜਿਸ ਪੁਰ ਗਜ ਦੇ ਬੰਧਨ ਕੱਟੇ ਗਏ।

4. ਪੰਛੀਆਂ ਦਾ ਰਾਜਾ ਤੇ ਵਿਸ਼ਨੂੰ ਦੀ ਸਵਾਰੀ। 5. ਕਪੜਾ, ਬਸਤ੍ਰ।

6. ਕਨੌਜ ਦਾ ਇਕ ਦੁਰਾਚਾਰੀ ਬ੍ਰਾਹਮਣ ਜਿਸਨੇ ਇਕ ਵੇਸ਼ਵਾ ਨਾਲ ਵਿਆਹ ਕੀਤਾ। ਇਸਨੇ ਆਪਣੇ ਇਕ ਪੁੱਤਰ ਦਾ ਨਾਮ ਨਾਰਾਇਣ ਰਖਿਆ। ਮੌਤ ਵੇਲੇ ਇਹ ਨਾਰਾਇਣ ਨਾਮ ਲੈਣ ਨਾਲ ਤਰ ਗਿਆ। 7. ਵਿਸ਼ਨੂੰ ਦੇ ਦਰਬਾਰੀ।

8. ਦੇਵਤਿਆਂ ਦਾ ਹਵਾਈ ਜਹਾਜ਼। 9. ਸਵਰਗ। 10. ਇਕ ਭਗਤ ਜੋ ਜ਼ਾਤ ਦਾ ਜੱਟ ਸੀ।

11. ਬ੍ਰਾਹਮਣ ਜ਼ਾਤੀ ਦਾ ਪ੍ਰਸਿੱਧ ਭਗਤ।

12-13. ਅੰਬਰੀਕ ਅਯੁਧਿਆ ਦਾ ਸੂਰਜ ਬੰਸੀ ਰਾਜਾ ਸੀ। ਦੁਰਬਾਸ਼ਾ ਇਕ ਸਰਾਪ ਦੇਣ ਵਾਲਾ ਰਿਖੀ ਪ੍ਰਸਿੱਧ ਸੀ। ਇਕ ਵਾਰੀ ਉਸ ਅੰਬਰੀਕ ਨੂੰ ਸਰਾਪ ਦਿੱਤਾ ਕਿਉਂਕਿ ਉਸ ਨੇ ਰਿਸ਼ੀ ਨੂੰ ਭੋਜਨ ਲਈ ਨਿਉਂਤਾ ਦੇ ਕੇ ਪਹਿਲਾਂ ਆਪ ਭੋਜਨ ਕਰ ਲਿਆ ਸੀ। ਇਸ ਨੂੰ ਸੁਦਰਸ਼ਨ ਚੰਦ੍ਰ ਰਾਜੇ ਦੀ ਸਹਾਇਤਾ ਲਈ ਭੇਜਿਆ ਗਿਆ ਜਿਸਨੇ ਦੁਰਵਾਸ਼ਾ ਦਾ ਪਿੱਛਾ ਕੀਤਾ।

ਚਕ੍ਰ ਸੁਦਰਸ਼ਨ[1] ਦੌੜ ਆਪ ਦਾ ਉਸਦੇ ਸਿਰ ਚੜ੍ਹ ਆਯਾ।
ਰਾਵਣ ਕੁੰਭ[2] ਕੰਸ ਹਰਨਾਖਸ ਦੁਸ਼ਮਨ ਬਣ ਕੇ ਤਰ ਗਏ।
ਅਰਜਨ[3] ਬਲੀ ਸੁਦਾਮਾ[4] ਤੇਰੇ ਮਿਤ੍ਰਾਂ ਦੇ ਵਿਚ ਵੜ ਗਏ।
ਹਰਨੀ[5] ਕੀਤੀ ਦੁਖੀ ਸ਼ਿਕਾਰੀ ਚਾਰ ਚੁਫੇਰਿਓਂ ਘੇਰੀ।
ਮਾਰ ਸ਼ਿਕਾਰੀ ਜਾਨ ਬਚਾ ਲਈ ਤਰੀ ਭਗਤਣੀ ਤੇਰੀ।
ਨਾਮਾ[6] ਸੈਣ[7] ਕਬੀਰ[8] ਭਗਤ ਰਵਿਦਾਸ[9] ਤੇ ਮੀਰਾ[10] ਬਾਈ।
ਹੋਰ ਹਜ਼ਾਰਾ ਭਗਤਾਂ ਦਾ ਤੂੰ ਹੁੰਦਾ ਰਿਹੋਂ ਸਹਾਈ।
ਮੈਂ ਆਜਿਜ਼[11] ਦਾ ਮੈਲਾ ਹਿਰਦਾ ਮਿਹਰ ਨਾਲ ਲਿਸ਼ਕਾ ਦੇ।
ਜਿਸ ਰਤੇ ਚਾਹੇਂ ਚਾਤ੍ਰਿਕ ਦਾ ਬੇੜਾ ਬੰਨੇ ਲਾ ਦੇ।

ਪ੍ਰਾਰਥਨਾ

ਪ੍ਰਭੂ, ਸਾਡੇ ਸਭਨਾਂ ਦੇ ਸਾਂਝੇ ਸਹਾਰੇ,
ਮਨੁਖਾਂ ਦੇ ਵਟ ਬੰਨਿਆਂ ਤੋਂ ਨਿਆਰੇ, ਪ੍ਰਭੂ...
ਤੂੰ, ਜਿਸ ਨੂੰ ਨਿਰਾ ਪ੍ਰੇਮ ਕਰਨਾ ਹੀ ਆਵੇ,
ਖੁਲ੍ਹੇ ਸਭ ਨੂੰ ਹਨ ਜਿਸ ਦੀ ਕਿਰਪਾ ਦੇ ਦੁਆਰੇ।
ਤੂੰ ਉਸ ਪ੍ਰੇਮ ਦੀ ਝਲਕ ਪਾ ਕੇ ਦਿਲਾਂ ਤੇ,
ਬਣਾ ਆਪਣੇ ਬੰਦੇ ਚਾਨਣ-ਮੁਨਾਰੇ।
ਤੇਰੇ ਰਾਜ ਵਿਚ ਪਿਆਰ ਬਿਨ ਕੁਝ ਨਾ ਕਰੀਏ,
ਤੇ ਹਸ ਹਸ ਕੇ ਕਰੀਏ ਗਲੀਂ ਮਿਲਣਾ ਸਾਰੇ।
ਭਲਾ ਮੰਗੀਏ ਸਭਸ ਦਾ ਤੇਰੇ ਪਾਸੋਂ,
ਕਿ ਤੈਨੂੰ ਨੇ ਸਭ ਕਾਲੇ ਗੋਰੇ ਪਿਆਰੇ।

ਅਗੰਮੀ ਜੋਤ

ਜੁਗਾਂ ਜੁਗਾਂ ਤੋਂ ਜੋਤ ਅਗੰਮੀ[12] ਰਾਤ ਦਿਨੇ ਪਈ ਜਗਦੀ।
ਉਤਰ ਪਰਬਤੋਂ ਸਾਗਰ ਵਲ ਨੂਰਾਨੀ ਧਾਰਾ ਵਗਦੀ।
ਪਰਮ-ਸੁੰਨ ਦੇ ਅੰਧੇਰੇ ਵਿਚ ਬਿਜਲੀ ਵਾਂਗਰ ਕੂੰਦੇ।
ਤ੍ਰੈਲੋਕਾਂ ਨੂੰ ਜੀਵਨ-ਲੋ ਨਿਤ, ਨਿੱਘੀ ਨਿੱਘੀ ਲਗਦੀ।

---

1. ਸ੍ਰੀ ਕ੍ਰਿਸ਼ਨ ਜੀ ਦਾ ਇਕ ਹਥਿਆਰ। 2. ਰਾਵਣ ਦਾ ਭਰਾ ਕੁੰਭ-ਕਰਨ।
3. ਮਹਾਂਭਾਰਤ ਅਨੁਸਾਰ ਪਾਂਡਵਾਂ ਦਾ ਸੂਰਬੀਰ ਭਾਈ ਜਿਸ ਦਾ ਸਾਥ ਸ੍ਰੀ ਕ੍ਰਿਸ਼ਨ ਜੀ ਨੇ ਦਿੱਤਾ ਸੀ।
4. ਸ੍ਰੀ ਕ੍ਰਿਸ਼ਨ ਜੀ ਦਾ ਮਿੱਤ੍ਰ ਤੇ ਭਗਤ।
5. ਪ੍ਰਸਿੱਧ ਕਥਾ ਹੈ ਕਿ ਕੋਈ ਹਰਨੀ, ਜਾਲ, ਸ਼ਿਕਾਰੀ, ਅੱਗ ਤੇ ਸੱਪ ਵਿਚ ਘਿਰ ਗਈ ਪਰ ਅੱਗ ਨੇ ਜਾਲ ਸਾੜ ਦਿੱਤਾ ਤੇ ਸੱਪ ਨੇ ਸ਼ਿਕਾਰੀ ਨੂੰ ਡਸ ਲਿਆ। 6. ਭਗਤ ਨਾਮਦੇਵ। 7. ਭਗਤੀ ਲਹਿਰ ਦੇ ਭਗਤ ਜੋ ਜ਼ਾਤ ਦੇ ਨਾਈ ਸਨ।
8. ਕਬੀਰ ਭਗਤ ਜੋ ਜ਼ਾਤ ਦੇ ਜੁਲਾਹੇ ਸਨ। 9. ਭਗਤ ਰਵਿਦਾਸ ਜ਼ਾਤ ਦੇ ਚਮਿਆਰ ਸਨ।
10. ਸ੍ਰੀ ਕ੍ਰਿਸ਼ਨ ਜੀ ਦੀ ਭਗਤਣੀ, ਚਿਤੌੜ ਦੇ ਰਾਣਾ ਦੀ ਵਿਧਵਾ ਇਸਤ੍ਰੀ। 11. ਨਿਮਾਣਾ। 12. ਪਹੁੰਚ ਤੋਂ ਪਰੇ।

ਕਤਰੇ ਦੀ ਬੁੱਕਲ ਵਿਚ ਸਮੁੰਦਰ

ਦਿਲ ਉਠ ਗਮ ਭੁਲਾਉਣ ਨੂੰ ਕੋਈ ਮਹਿਰਮ ਬਣਾ ਲਈਏ।
ਕੋਈ ਸੋਹਣੀ ਜਿਹੀ ਤਸਵੀਰ ਸੀਨੇ ਵਿਚ ਜੜਾ ਲਈਏ।
ਉਨ੍ਹਾਂ ਨੂੰ ਆਪਣੀ ਬਾਬਤ ਕੋਈ ਚੇਤਾ ਤੇ ਔਣਾ ਨਹੀਂ,
ਉਨ੍ਹਾਂ ਦੀ ਯਾਦ ਦਾ ਦੀਵਾ ਹਨੇਰੇ ਵਿਚ ਜਗਾ ਲਈਏ।
ਪੁਰਾਣੇ ਲੇਖ ਤੇ ਘਸ ਘਸ ਕੇ ਮਲੀਆ ਮੇਟ ਹੋ ਗਏ ਨੇ,
ਕਿਸੇ ਅਜ ਕਲ ਦੇ ਮੁਰਸ਼ਦਾਂ[1] ਤੋਂ ਨਵੀਂ ਕਿਸਮਤ ਲਿਖਾ ਲਈਏ।
ਨਸ਼ਾ ਭੀ ਹੈ ਤੇ ਸਾਕੀ ਭੀ ਹੈ ਮੈਖਾਨਾ ਭੀ ਨੇੜੇ ਹੈ,
ਦੁਆਖੀ ਬਾਲ ਰਿੰਦਾਂ ਨੂੰ ਬੁਲਾ ਮਹਿਫਲ ਭਖਾ ਲਈਏ।
ਪੁਰਾਣੇ ਲੋਕ ਪਿਟਦੇ ਮਰ ਗਏ ਲੀਹਾਂ ਲਕੀਰਾਂ ਨੂੰ,
ਅਗਾਂਹ ਵਧੂਆਂ ਤੋਂ ਅਜ ਕਲ ਦੀ ਨਵੀਂ ਦੁਨੀਆਂ ਵਸਾ ਲਈਏ।
ਜਗਤ ਵਿਚ ਕੁਫਰ[2] ਤੇ ਇਸਲਾਮ ਲੜਦੇ ਹੀ ਚਲੇ ਆਏ,
ਦੁਹਾਂ ਦੇ ਸਿਰ ਸੁਆਹ ਪਾ ਕੇ ਸਿਆਪਾ ਹੀ ਮੁਕਾ ਲਈਏ।
ਖੁਰ੍ਹਾ ਰੱਬ ਦਾ ਰਹੇ ਲਭਦੇ, ਰਿਖੀ, ਅਵਤਾਰ, ਪੈਗੰਬਰ,
ਅਸੀ ਕਤਰੇ ਦੀ ਬੁਕਲ ਵਿਚ ਸਮੁੰਦਰ ਨੂੰ ਲੁਕਾ ਲਈਏ।
ਪੁਜਾਰੀ ਪ੍ਰੇਮ ਦਾ ਹੋ ਕੇ, ਤਕਵਾ ਛੋੜ ਦੇ ਚਾਤ੍ਰਿਕ,
ਜੇ ਬੇਪਰਵਾਹ ਹੈ ਤਦ ਭੀ ਯਾਰ ਦਾ ਦਰ ਖਟਖਟਾ ਲਈਏ।

ਚੌਥਾ ਪਹਿਰ ਅਖੀਰੀ ਘੜੀਆਂ

ਆ ਜਾ ਮੀਤ ਖੁਲ੍ਹੇ ਦਰਵਾਜ਼ੀਂ,
ਰਖ ਸੰਗ ਸੰਗਾ ਨਾ ਰਾਈ।
ਹਿਜ਼ਰ[3] ਤਿਰੇ ਦੀਆਂ ਪੀੜਾਂ ਬਾਝੋਂ,
ਇਸ ਘਰ ਵਿਚ ਗੈਰ ਨਾ ਕਾਈ।
ਰਾਹ ਵਿਚ ਖੜੇ, ਗਿਣਦਿਆਂ ਤਾਰੇ,
ਅਸਾਂ ਸਾਰੀ ਰਾਤ ਮੁਕਾਈ।
ਚੌਥਾਂ ਪਹਿਰ ਅਖੀਰੀ ਘੜੀਆਂ,
ਤੁਸਾਂ ਆਣ ਨਾ ਝਾਤੀ ਪਾਈ।

ਨਿੰਦਾ ਚੁਗਲੀ

1. ਜੀਆ ! ਨਿੰਦਾ ਚੁਗਲੀ ਦਾ ਤੂੰ, ਕਾਹਨੂੰ ਹੋ ਗਿਓਂ ਆਦੀ ?
ਐਬ ਪਰਾਏ ਫੋਲ ਫੋਲ ਕੇ, ਕਰਨਾ ਏ ਰੋਜ਼ ਮੁਨਾਦੀ।

1. ਗੁਰੂ। 2. ਝੂਠ, ਮੁਸਲਮਾਨਾਂ ਦੀਆਂ ਨਜ਼ਰਾਂ ਵਿਚ ਇਸਲਾਮ ਧਰਮ ਤੋਂ ਵਖਰੇ ਲੋਕਾਂ ਦੇ ਮਤਿ। 3. ਵਿਛੋੜਾ।

ਆਪਣੀ ਬੁਕਲ ਵਿਚ ਜੇ ਝਾਤੀ, ਮਾਰ ਕਦੇ ਸ਼ਰਮਾਂਦੋਂ,
ਤੋਬਾ[1] ਕਰ ਬਖਸ਼ਾ ਲੈਂਦੋਂ, ਹਟ ਜਾਂਦੀ ਭੈੜੀ ਵਾਦੀ।
2. ਫੋਲ ਪਰਾਏ ਔਗੁਣ ਪੈਂਦਾ, ਕੁਝ ਨਾ ਆਪਣੇ ਪੱਲੇ।
ਜੇ ਅਗਲੇ ਦੇ ਗੁਣ ਟੋਹੀਏ, ਤਾਂ ਠੰਢ ਪਏ ਇਸ ਗੱਲੇ।
ਪਰ ਜੇ ਉਸ ਦੇ ਐਬਾਂ ਉਤੇ, ਪੜਦਾ ਪਾ ਚੁਪ ਰਹੀਏ।
ਨੇਕੀ ਬਦੀ[2] ਦੂਹਾਂ ਤੋਂ ਨਿਆਰੇ, ਰਹੀਏ ਬੈਠ ਸੁਖੱਲੇ।

ਦਰਮਾਂਦੇ[3] ਠਾਢੇ[4] ਦਰਬਾਰ

ਆ ਪੌਣ ਠੰਢਕ ਠਾਰੀਏ, ਅੰਮ੍ਰਿਤ ਸਿੰਨੀਏ।
ਸੰਸਾਰ ਮੋਹਿਤ ਕਰਨ ਵਾਲੇ, ਪਿਰਮ ਰਸ[5] ਦੀ ਭਿੰਨੀਏ।
ਵਿਸਮਾਦ ਕਰਨੇ ਹਾਰੀਏ, ਉਤਮ ਸੁਗੰਧਿ ਬਸਾਈਏ।
ਉਪਕਾਰੀਆਂ ਦੇ ਜੱਸ ਰੂਪ, ਅਤਰ ਵਿਚ ਮਹਿਕਾਈਏ।
ਮੰਡਲਾ ਗਗਨ ਸਾਰੇ ਵਿਖੇ, ਇਕ ਰਸ ਅਲੌਕਿਕ[6] ਪਾਇ ਦੇ,
ਜੋ ਸਭ ਖਿੰਡਾਉ ਸਮੇਟ ਕੇ, ਬਿਰਤੀ ਇਕੰਤ ਟਿਕਾਇ ਦੇ।
ਰੁਕ ਜਾਣ ਹੋਰ ਖਿਆਲ ਸਭ, ਲੁਕ ਜਾਇ ਕੂੜੀ ਮਾਇਆ।
ਝੁਕ ਜਾਇ ਸਿਰ ਸਤਕਾਰ ਖਾਤਰ, ਪ੍ਰੇਮ ਮਦ[7] ਹੁਲਸਾਇਆ।
ਇਸ ਰੰਗ ਵਿਚ ਇਕ ਅਤਿ ਅਨੂਪ ਵਿਸ਼ਾਲ ਮੰਡਪ ਸਾਜ ਦੇ।
ਜੋ ਯੋਗ ਹੋਇ ਵਿਰਾਜਣੇ ਦਸਮੇਸ਼ ਗੁਰੂ[8], ਮਹਾਰਾਜ ਦੇ।
ਵਿਚਕਾਰ ਹੋਵੇ ਤਖਤ ਸਜਿਆ, ਤੇਜ ਦੇ ਭੰਡਾਰ ਦਾ।
ਗਿਰਦੇ ਲਗਾ ਦੀਵਾਨ ਹੋਵੇ, ਆਪ ਦੇ ਪਰਿਵਾਰ ਦਾ।
ਮਨ-ਦ੍ਰਵੇ ਸੀਸ-ਝੁਕੇ, ਅਦਬ ਵਿਚ, ਨੇਤ੍ਰ ਨੀਵੇਂ ਹੋ ਰਹੇ।
ਸਭ ਪੁਰਖ ਨਾਰੀ ਹੱਥੀ ਬੱਧੀਂ, ਹੋਣ ਮੁਗਧ ਖਲੋ ਰਹੇ।
ਗਦ ਗਦ ਗਲਾ ਪੁਲਕਾਵਲੀ[9] ਤਨ, ਨੈਣ ਮੀਂਹ ਵਰਸਾ ਰਹੇ।
ਜੀਭਾ ਥਿੜਕਦੀ ਤੋਂ ਸਮਝ ਵਿਚ, ਵਾਕ ਹੋਵਨ ਆ ਰਹੇ :—
ਹੇ ਪਿਆਰ ਦੇ ਆਗਾਰ[10] ਜੀ, ਹੇ ਸ਼ਾਂਤਿ ਦੇ ਭੰਡਾਰ ਜੀ,
ਪਰਕਾਸ਼ ਠੰਢਕਦਾਰ ਪਾ, ਦੁਖੀਆਂ ਛੁਡਾਉਣਹਾਰ ਜੀ,
ਹੇ ਅੰਧਕਾਰ ਵਿਨਾਸ ਕਰਤਾ, ਸੱਚ ਦੇਂ ਸੁਲਤਾਨ ਜੀ,
ਸੁਖ ਸਿੰਧੁ[11] ਵਾਰਿਧ ਬਰਕਤਾ ਦੇ, ਪ੍ਰੇਮ ਰਸ ਦੀ ਖਾਨਿ ਜੀ,
ਉਪਕਾਰ ਕੀਤੇ ਆਪ ਨੇ, ਸੰਸਾਰ ਪਰ ਜੋ ਆਇ ਕੇ।
ਉਹ ਕੌਣ ਹੈ ਜੋ ਦੱਸ ਸਕੇ, ਵੱਖ ਵੱਖ ਗਿਣਾਇ ਕੇ।

1. ਪਛਤਾਵਾ। 2. ਚੰਗਿਆਈ, ਬੁਰਿਆਈ। 3. ਦੁੱਖੀ, ਰੋਗੀ। 4. ਖਲੋਤੇ। 5. ਪ੍ਰੇਮ ਦੇ ਸਵਾਦ।
6. ਅਨੋਖਾ, ਅਦੁਤੀ। 7. ਮਸਤੀ। 8. ਸ੍ਰੀ ਗੁਰੂ ਗੋਬਿੰਦ ਸਿੰਘ ਜੀ। 9. ਖੁਸ਼ੀ ਨਾਲ ਸਰੀਰ ਦੇ ਰੋਮਾਂ ਦਾ ਖੜ੍ਹੇ ਹੋ ਜਾਣਾ।
10. ਭੰਡਾਰ। 11. ਸਮੁੰਦਰ।

ਝੰਡੇ ਝੁਲਾਏ ਸੱਚ ਦੇ, ਕੂੜੀ ਇਮਾਰਤ ਢਾਹਿ ਕੇ।
ਪੂਜਾ ਕਰਾਈ ਏਕ ਦੀ, ਭ੍ਰਮ ਦੀ ਪੰਜਾਲੀ ਲਾਹਿ ਕੇ।
ਬੰਜਰ ਮਨਾਂ ਵਿਚ ਧਰਮ ਦਾ ਅੰਗੂਰ ਲਾ ਕੇ ਪਾਲਿਆ।
ਜਨਮਾਤਰਾਂ ਦੇ ਕੁਸ਼ਟੀਆਂ ਨੂੰ, ਨਦਰ ਨਾਲ ਨਿਹਾਲਿਆ।
ਫਿਰਕੇ ਉਜਾੜੀਂ ਔਝੜੀਂ, ਭੁਲ ਗਏ ਅਸਲੀ ਦਵਾਰ ਨੂੰ।
ਰਚ ਪੰਥ ਖਾਲਿਸ, ਰਾਹ ਪਾਇਆ ਭਟਕਦੇ ਸੰਸਾਰ ਨੂੰ।
ਤਪੰਦੇ, ਝੁਲਸਦੇ, ਤੜਪਦੇ, ਹਿਰਦੇ ਪਿਆਸੇ ਸ਼ਾਂਤਿ ਦੇ।
ਮੰਡਪ ਤਲੇ ਆਂਦੇ, ਬਿਠਾਏ ਠੰਢ ਅਰ ਏਕਾਂਤ ਦੇ।
ਉਪਦੇਸ਼ ਦੇ ਦਰਯਾ ਵਹਾਏ, ਜੰਗਲਾਂ ਨੂੰ ਭਰ ਗਏ।
ਸਭ ਉੂਚ ਨੀਚ ਸਮਾਨ ਹੋ, ਸਿੰਜੇ ਗਏ ਅਰ ਤਰ ਗਏ।
ਪਰਵਾਰ ਦੀ ਪਰਵਾਹ ਨਾ ਕੀਤੀ, ਪੁਤਰਾਂ ਨੂੰ ਵਾਰਿਆ।
ਸਰਬੰਸ ਅਰਪਣ ਕਰ, ਗਰਕਦੇ ਦੇਸ਼ ਨੂੰ ਖੁਲਿਹਾਰਿਆ।
ਉਪਕਾਰ ਦੇ ਨੀਰਧ[1] ਗੁਰੋ, ਦਰਬਾਰ ਜੋ ਅਜ ਲਾਇਆ,
ਪਰਕਾਸ਼ ਆਪਣਾ ਦੇ ਜਿਵੇਂ, ਪਰਵਾਰ ਨੂੰ ਵਡਿਆਇਆ,
ਤਿਉਂ ਬਰਕਤਾ ਦੇ ਮੇਘ ਭਰ ਭਰ ਨਿਤ ਹੀ ਵਰਸਾਉਣੇ,
ਹਰ ਹਾਲ ਵਿਚ ਹੋਕੇ ਸਹਾਈ ਕੰਮ ਸਭ ਕਰਵਾਉਣੇ।
ਸਿੰਚਾਰ[2] ਆਪਨਾ ਨੂਰ ਭਰਿਆ ਤੇਜ ਬਲ ਪਰਿਵਾਰ ਵਿਚ,
ਉਪਕਾਰ ਦਾ ਸੋਮਾਂ ਬਣਾਓ ਏਸ ਨੂੰ ਸੰਸਾਰ ਵਿਚ।
ਮੈਤ੍ਰੀ, ਭਲਾ ਆਦਰਸ਼, ਜੀਵਨ ਸਵਛ, ਵਰਤਣ ਪਜਾਰ ਦੀ।
ਮਨ ਨਿਵੇਂ ਉਚੀ ਮੱਤ ਹੋਵੇ, ਬਾਣ[3] ਪਰਉਪਕਾਰ ਦੀ।
ਅਵਤਾਰ ਦੇ ਪਾਵਨ ਦਿਹਾੜੇ ਦੀ ਖਰਾਇਤ[4] ਪਾ ਦਿਓ।
ਆਪਣੇ ਗੁਣਾਂ ਦੀ ਝਲਕ ਆਪਣੇ ਪੱਥ ਵਿਚ ਵਸਾ ਦਿਓ।

ਪ੍ਰੇਮ ਲੋਚ

1. ਦਿਲ ਵੇ ਆ ਚਲੀਏ ਦੀਦ[5] ਕਰਨ, ਕੁਰਬਾਨੀ ਦੇ ਘਮਸਾਨਾਂ ਦੀ।
ਦੁਨੀਆਂ ਤੇ ਰੰਗ ਚੜ੍ਹਾਣ ਲਈ, ਪਿਸ ਜਾਣਦਿਆਂ ਅਰਮਾਨਾਂ ਦੀ।
ਅਰਸ਼ੀ ਪ੍ਰੀਤਮ ਦੇ ਭਾਣੇ ਵਿਚ ਸੂਲੀ ਤੇ ਟੰਗੀਆਂ ਜਾਨਾਂ ਦੀ।
ਉਮਡੇ ਹੋਏ ਤੁਫਾਨਾਂ ਵਿਚ, ਖੜੀਆਂ ਬੇਖੌਫ ਚਿਟਾਨਾਂ ਦੀ।
ਬਹਿ ਕੇ ਤਵਿਆਂ ਤੇ ਲੁੜਛਦੀਆਂ ਸਾਬਰ[6] ਖਾਮੋਸ਼ ਜ਼ਬਾਨਾਂ ਦੀ।
ਸੂਰਜ ਦੇ ਵਾਂਗਰ ਡਲ੍ਹਕਦੀਆਂ ਅਸਮਾਨੀ ਚੜ੍ਹੀਆਂ ਸ਼ਾਨਾਂ ਦੀ।
2. ਮੈਂ ਸਦਕੇ ਇਸ ਕੁਰਬਾਨੀ ਤੋਂ ਤੇ ਕੁਰਬਾਨੀ ਦੇ ਬਾਨੀ ਤੋਂ।
ਜਿਨ ਜੀਵਨ ਜੋਤ ਅਟੱਲ ਕੀਤੀ, ਕੁਝ ਘੜੀਆਂ ਦੇ ਮਹਿਮਾਨਾਂ ਦੀ।

---

1. ਸਮੁੰਦਰ। 2. ਸਿੰਜਰ ਕੇ। 3. ਆਦਤ, ਸੁਭਾਓ। 4. ਖੈਰ, ਦਾਨ, ਭਿਛਿਆ। 5. ਦਰਸ਼ਨ।
6. ਸਬਰ ਵਾਲੀਆਂ, ਸੰਤੋਖੀ।

ਮਰ ਕੇ ਜੀਉਣਾ ਸਿਖਲਾ ਦਿਤਾ, ਨਕਸ਼ਾ ਉਲਟਾ ਪਲਟਾ ਦਿਤਾ।
ਕਰਤੇ ਨੇ ਮਾਰ ਉਛਾਲਾ ਇਕ ਧਰ ਦਿਤੀ ਨੀਂਹ ਤੂਫਾਨਾ ਦੀ।
ਜਦ ਛਾਤੀ ਤਾਣ ਸਚਾਈ ਨੇ ਕਸ਼ਟਾਂ ਨੂੰ ਕੀਤੀ ਜੀ ਆਇਆ।
ਤਦ ਭੁਲ ਗਈ ਸ਼ਿਸ਼ਤ[1] ਸ਼ਰਮ ਖਾ ਕੇ ਦੱਸੇ ਹੋਏ ਤੀਰ ਕਮਾਨਾਂ ਦੀ।

3. ਦਾਤਾਰ ਪਿਤਾ ਉਪਕਾਰ ਤੇਰੇ ਕਿਸ ਮੂੰਹ ਕੋਈ ਉਚਾਰ ਸਕੇ।
ਤੂੰ ਸ਼ਾਨ ਜਿਮੀ ਅਸਮਾਨਾਂ ਦੀ, ਤੂੰ ਹੁਰਮਤ[2] ਬੇਸਮਾਨਾਂ ਦੀ।
ਤੂੰ ਬਣ ਕੇ ਢਾਲ ਬਚਾਈ ਪੱਤ, ਸ਼ੈਤਾਨੀ ਤੋਂ ਇਨਸਾਨਾਂ ਦੀ।
ਸਹਿ ਚੋਟਾਂ ਧੌਣ ਨਿਵਾਈ ਤੂੰ, ਅਭਿਮਾਨੀ ਆਕੜ ਖਾਨਾਂ ਦੀ।
ਨਿਰਧਨ ਭਾਰਤ ਨੂੰ ਗੌਰਵ ਹੈ ਆਪਣੇ ਅਣਖੀਲੇ ਲਾਲਾਂ ਤੇ,
ਜਚਦੀ ਨਹੀਂ ਮਾਯਾ ਚਾਤ੍ਰਿਕ ਨੂੰ ਪਰਮਾਰਥ[3] ਹੀਨ ਜਹਾਨਾਂ ਦੀ।

ਏਸ ਨਹੀਂ ਤਾਂ ਹੋਰ ਜਨਮ

1. ਬੇਸ਼ਕ ਮਿਲਾਪ ਆਪ ਦਾ, ਨਹੀਂ ਕੋਈ ਅਸਾਨ ਗੱਲ,
ਪਰ ਵਧਦੇ ਜਾਣ ਦਾ ਅਮਲ, ਜੀਵਨ ਦਾ ਨੇਮ ਹੈ ਅਟੱਲ।
2. ਏਧਰੋਂ ਹੈ ਹਵਸ ਕੋਈ, ਓਧਰੋਂ ਹੈ ਕਸ਼ਿਸ਼[4] ਕੋਈ,
ਚਲਿਆ ਹੋਇਆ ਹੈ ਸਫਰ, ਜ਼ਰੇ[5] ਦਾ ਆਫਤਾਬ[6] ਵਲ।
3. ਅਜ਼ਲੋਂ[7] ਲਹਿਰ ਚਲੀ ਹੋਈ, ਅੰਤ ਤੇ ਪਹੁੰਚ ਜਾਇਗੀ,
ਬੰਦਾ ਮੁਕਾਂਦਾ ਹੈ ਮੰਜ਼ਲ, ਖਲੋ ਖਲੋ, ਸੰਭਲ ਸੰਭਲ।
4. ਉਡੀਕ ਦੀ ਚੁਭਨ ਕਠਿਨ, ਮਾਣ ਲਾਂਗੇ ਕੋਈ ਦਿਨ,
ਹੁਸਨ ਤੇ ਇਸ਼ਕ ਦਾ ਮਿਲਨ, ਹੋ ਕੇ ਰਹੇਗਾ ਅਜ ਜਾਂ ਕਲ।
5. ਤਾ ਲਓ, ਸਤਾ ਲਓ, ਹਿਜਰ ਦੇ ਦਿਨ ਵਧਾ ਲਓ।
ਨਾਜ਼ੋ ਨਿਆਜ਼[8] ਆਪ ਦਾ, ਕਿੰਨਾ ਕੁ ਚਿਰ ਸਕੇਗਾ ਚੱਲ ?
6. ਐਨੀਆਂ ਮੰਜ਼ਲਾਂ ਮਾਰ ਕੇ, ਥੱਕਣਾ ਨਹੀਂ ਮੈਂ ਹਾਰ ਕੇ,
ਪੱਕੀ ਦਲੀਲ ਧਾਰ ਕੇ, ਛਡੀ ਹੈ ਇਕ ਦਲੀਜ ਮਲ।
7. ਪਤਾ ਨਹੀਂ ਕਦੋਂ ਚਲੀ, ਤੇ ਜਾਇਗੀ ਕਦੋਂ ਤਲਕ,
ਜਹਾਨ ਦੀ ਘਮਾ ਘਮੀ, ਲਿਬਾਸ ਦੀ ਅਦਲ ਬਦਲ।
8. ਏਸ ਨਹੀਂ ਤਾਂ ਹੋਰ ਜਨਮ, ਕੋਈ ਨਹੀਂ ਉਡੀਕ ਦਾ ਗਮ,
ਅੰਤ ਪਸੀਜ ਕੇ ਸਨਮ, ਲਾਉਣਾ ਹੀ ਪਏਗਾ ਗਲ।
9. ਪ੍ਰੇਮ ਅਗਨ 'ਚ ਸੜਦਿਆਂ, ਦੀ ਲਾਟ ਜਦ ਉਠੀ ਉਤਾਂਹ,
ਆਪਣੇ ਆਪ ਹੀ ਸੇਕ ਨਾਲ, ਜਾਓਗੇ ਮੋਮ ਵਾਂਗ ਢਲ।
10. ਆਪ ਜੇ ਨਹੀਂ ਉਤਾਉਲੇ, ਵੇਹਲਾ ਭੀ ਚਾਤ੍ਰਿਕ ਨਹੀਂ।
ਜੇ ਤੁਸੀਂ ਬੇਨਿਆਜ਼[9] ਹੋ, ਸਾਨੂੰ ਭੀ ਆਉਂਦਾ ਹੈ ਵਲ।

---

1. ਨਿਸ਼ਾਨਾ। 2. ਮਾਨ, ਇੱਜ਼ਤ। 3. ਰਬ ਦੇ ਪਾਸੇ ਦੇ, ਧਾਰਮਿਕ। 4. ਖਿੱਚ। 5. ਕਿਣਕਾ। 6. ਸੂਰਜ। 7. ਆਰੰਭ ਤੋਂ ਸ੍ਰਿਸ਼ਟੀ ਦੇ ਆਦਿ ਤੋਂ। 8. ਨਾਜ਼, ਨਖਰੇ। 9. ਬੇਪਰਵਾਹ।

ਬੁਝੀ ਹੋਈ ਜੋਤ ਜਗਾਓ

ਮੇਰੇ ਹਿਰਦਿਓਂ ਖਿਸਕ ਜਾਓ ਤੇ ਜਾਣਾ।
ਮੇਰੇ ਸੁਪਨਿਆਂ ਨੂੰ ਝੁਠਾਓ ਤੇ ਜਾਣਾ।
ਹਨੇਰੇ 'ਚ ਕਿਰਨ ਭਾਲਦਾ ਹਾਂ।
ਬੁਝੀ ਹੋਈ ਜੋਤ ਜਗਾਓ ਤੇ ਜਾਣਾ।
ਜੁਦਾਈ ਦੇ ਸਦਮੇ ਜੁਆਲਾ ਜਗਾਈ,
ਏ ਅੰਦਰ ਦੀ ਬਦਲੀ ਬੁਝਾਓ ਤੇ ਜਾਣਾ।
ਜਦੋਂ ਦੇ ਗਏ ਪਰਤ ਪਾਇਆ ਨਾ ਫੇਰਾ,
ਗੁਆਚੇ ਪੀਆ ਮੁੜ ਕੇ ਆਓ ਤੇ ਜਾਣਾ।
ਤੁਹਾਡੀ ਤੇ ਹੋਈ ਨਿਰੰਕਾਰ[1] ਜੋਤੀ,
ਕਦੇ ਹੋ ਤ੍ਰੇ ਸਰਗੁਣ[2] ਭੀ ਆਓ ਤੇ ਜਾਣਾ।
ਕਦੋਂ ਤੀਕ ਜੂਨਾਂ ਭੁਗਾਂਦੇ ਰਹੋਗੇ ?
ਪਿਆਰੇ ਨੂੰ ਬੁਲੀਆਂ ਛੁਹਾਓ ਤੇ ਜਾਣਾ।
ਤੁਸੀਂ ਹੋ ਹਮੇਸ਼ਾਂ ਤੋਂ ਬੰਦੇ ਦੇ ਰਾਖੇ,
ਜੇ ਸ਼ੈਤਾਨ ਪਾਸੋਂ ਬਚਾਓ ਤੇ ਜਾਣਾ।
ਮੇਰੇ ਜਜ਼ਬਿਆਂ ਦੇ ਜੋ ਅੰਬਾਰ ਉਸਰੇ,
ਉਨ੍ਹਾਂ ਨੂੰ ਜ਼ਰਾ ਵਾ ਲੁਆਓ ਤੇ ਜਾਣਾ।
ਸ਼ਿਕਾਰੇ[3] ਘੜੇ ਓਪਰੇ ਨਾਖੁਦਾਵਾਂ[4]।
ਜੇ ਬੇੜੇ ਤੇ ਆਪਣੇ ਚੜ੍ਹਾਓ ਤੇ ਜਾਣਾ।
ਤੇਰੀ ਮਿਹਰ ਤਕਦੇ ਨੂੰ ਜੁਗੜੇ ਵਿਹਾਏ।
ਜੇ ਚਾਤ੍ਰਿਕ ਨੂੰ ਦਰਸ਼ਨ ਦਿਖਾਓ ਤੇ ਜਾਣਾ।

ਜੁੜਿਆ ਰਹੁ ਹਰ ਹਾਲ, ਮਬੂਬਾ

1. ਸੁਪਨੇ ਵਿਚ ਤੈਨੂੰ ਕਈ ਵਾਰ ਡਿਠਾ,
ਡਾਢਾ ਲਗਿਓਂ ਪਿਆਰਾ ਤੇ ਮਿਠਾ।
ਸਧਰਾਂ ਉਠੀਆਂ, ਬਾਹਾਂ ਵਧਾ ਕੇ।
ਚੰਬੜ ਜਾ ਗਲ ਨਾਲ, ਮਬੂਬਾ[5]।

2. ਜਦ ਦੀਆਂ ਮੇਰੀਆਂ ਖੁਲ੍ਹੀਆਂ ਅਖੀਆਂ।
ਤੇਰੀਆਂ ਯਾਦਾਂ ਦਿਲ ਵਿਚ ਰਖੀਆਂ।
ਸਹੁੰ ਕਰਵਾ ਲੈ, ਸਾਰੀ ਜ਼ਿੰਦਗੀ,
ਕਰਦੀ ਰਹੀ ਤੇਰੀ ਭਾਲ, ਮਬੂਬਾ।

1. ਸ਼ਕਲ ਸੂਰਤ ਹੀਨ, ਨਿਰਗੁਣ, ਸੂਖਮ। 2. ਸ਼ਕਲ ਸੂਰਤ ਵਿਚ, ਸਥੂਲ। 3. ਛੋਟੀਆਂ ਕਿਸ਼ਤੀਆਂ। 4. ਮਲਾਹਵਾ। 5. ਪਿਆਰਿਆਂ।

3. ਕਈ ਵਾਰ ਪਟਕੀ, ਕਈ ਵਾਰ ਹੰਭਲੀ[1]।
ਕਈ ਵਾਰ ਸੰਭਲੀ ਗਈ ਨਾ ਕੰਬਲੀ।
ਜਦ ਜਦ ਤੇਰਾ ਚੇਤਾ ਆਇਆ,
ਦਿਲ ਨੂੰ ਲਿਆ ਸੰਭਾਲ, ਮਬੂਬਾ।

4. ਚਿਕੜ ਭਰਿਆ ਆਲ ਦੁਆਲਾ।
ਬਾਹਰ ਉਜਲਾ, ਅੰਦਰ ਕਾਲਾ,
ਤੈਨੂੰ ਈ ਸ਼ਮਾ, ਤੇਰਾ ਈ ਤਕਵਾ[2]।
ਤਿਲਕ ਨਾ ਪਵਾਂ ਚੁਫਾਲ, ਮਬੂਬਾ।

ਜੋਗੀ, ਤੇਰਾ ਜੋਗ ਨਾ ਚੜ੍ਹਿਆ ਤੋੜ

1. ਭਸਮ, ਰਮਾਈ, ਧੂਣੀ ਤਾਈ,
ਜੋਗੀ ਜੋੜ, ਜਮਾਤ ਬਣਾਈ,
ਬੁਤਾਂ ਅਗੇ ਡੰਡੌਤਾਂ ਕਰਦਿਆਂ,
ਕੁੜਕ ਉਠੀ ਕਮਰੋੜ[3]।
ਜੋਗੀ, ਤੇਰਾ ਜੋਗ ਨਾ ਚੜ੍ਹਿਆ ਤੋੜ।

2. ਵੀਣਾ ਦੀਆਂ ਤੂੰ ਤਰਬਾਂ ਜੋੜੇਂ,
ਕਿਸੇ ਨੂੰ ਗੰਢੇ, ਕਿਸੇ ਨੂੰ ਤੋੜੇਂ,
ਸਾਜ਼ ਤੇਰਾ ਪਰ ਸੁਰ ਨਹੀਂ ਹੋਇਆ,
ਕਿਲੀਆਂ ਜ਼ਰਾ ਮਰੋੜ,
ਜੋਗੀ, ਤੇਰਾ ਜੋਗ ਨਾ ਚੜ੍ਹਿਆ ਤੋੜ।

3. ਕੱਠੇ ਕਰੇਂ ਸਮੁੰਦਰੀ ਮੋਤੀ,
ਮਾਲਾ ਗਈ ਨਾ ਸਾਫ ਪਰੋਤੀ,
ਨਿੱਕੇ ਤੇ ਮੋਟੇ ਦਾਣਿਆਂ ਦਾ।
ਹਟਿਆ ਨਹੀਂ ਅਜੋੜ,
ਜੋਗੀ, ਤੇਰਾ ਜੋਗ ਨਾ ਚੜ੍ਹਿਆ ਤੋੜ।

4. ਮੁੰਦਰਾਂ ਲਾਹੀਆਂ, ਭੇਖ ਵਟਾਇਆ,
ਮੰਡਲੀ ਨਾਲ ਪਿਆਰ ਘਟਾਇਆ,
ਆਪਣਿਆਂ ਨੂੰ ਸੀਧਾ[4] ਵੰਡਿਆ,
ਓਪਰੇ ਦਿਤੇ ਮੋੜ,
ਜੋਗੀ, ਤੇਰਾ ਜੋਗ ਨਾ ਚੜ੍ਹਿਆ ਤੋੜ।

5. ਭੁਖੇ ਭਗਤ ਜੇ ਰਹਿ ਗਏ ਤਕਦੇ,
ਮੁਕਤੀ ਦੇ ਦਰ ਖੁਲ੍ਹ ਨਹੀਂ ਸਕਦੇ,

---

1. ਮੁੜ ਉੱਠੀ। 2. ਆਸਰਾ। 3. ਰੀੜ ਦੀ ਹੱਡੀ। 4. ਭੋਜਨ ਦੀ ਸਮੱਗਰੀ, ਰਾਸ਼ਨ।

ਥੁੱਕਾਂ ਨਾਲ ਵੜੇ ਨਹੀਂ ਪਕਦੇ,
ਤਿਆਗ ਦੀ ਭਾਰੀ ਲੋੜ,
ਜੋਗੀ, ਤੇਰਾ ਜੋਗ ਨਾ ਚੜ੍ਹਿਆ ਤੋੜ।

ਕਿਥੇ ਤੁਰ ਚਲਿਆ ਏਂ ਕੱਲਿਆਂ ਛੱਡ ਕੇ ?[1]

1. ਜੋ ਰਿਹੋਂ ਕਹਿੰਦਾ, ਸੋ ਰਹੀ ਕਰਦੀ,
ਹਰਦਮ ਤੇਰਾ ਦਮ ਰਹੀ ਭਰਦੀ,
ਤੈਥੋਂ ਕੋਈ ਨਾ ਓਹਲਾ ਰਖਿਆ,
ਦਸਦੀ ਰਹੀ ਕਲੇਜਾ ਕਢ ਕੇ।

2. ਜਦ ਤੂੰ ਆਪਣਾ ਜੀ ਉਦਰਾਇਆ[2],
ਸਭ ਕੁਝ ਤੇਰੀ ਨਜ਼ਰ ਚੜ੍ਹਾਇਆ,
ਪਲਾ ਫੜ ਫੜ ਜਾਣ ਨਾ ਦਿਤਾ,
ਸੌ ਸੌ ਵਾਰੀ ਦੰਦੀਆਂ ਅਡ ਕੇ।

3. ਕਈ ਵਾਰ ਤੂੰ ਫੇਰੀਆਂ ਅੱਖੀਆਂ,
ਕਈ ਵਾਰੀ ਤੂੰ ਸ਼ਰਮਾਂ ਰਖੀਆਂ,
ਹੁਣ ਵੀ ਨਾ ਕਰ ਸੁੰਞਾ ਵੇਹੜਾ,
ਉਮੈਦਾਂ ਦਾ ਬੂਟਾ ਵਢ ਕੇ।

4. ਤੇਰੇ ਬਿਨ ਮੈਂ ਕੌਡੀਓਂ ਖੋਟੀ।
ਕਿਸੇ ਨਹੀਂ ਮੈਨੂੰ ਪੁਛਣੀ ਰੋਟੀ।
ਖੰਭ ਜੇ ਮੇਰੇ ਖੋਹ ਸੁਟਿਓ ਨੀਂ,
ਕੀ ਲਭ ਲਏਂਗਾ ਪਿਛੋਂ ਸੱਦ ਕੇ।

ਆਵਾਹਨ[3]

ਪ੍ਰੀਤਮ ਵੇ ਜਿਗਹ[4] ਵਾਲੇ, ਘੋਲੀ ਤੇਰੀ ਕਲਗੀ ਤੋਂ,
ਅਸਮਰਥ ਹਾਂ ਮੈਂ ਕਰਨੋਂ, ਜਸ ਤੇਰੀ ਵਡਾਈ ਦਾ।
ਤਿਰੀ ਜ਼ੁਲਫ ਦੇ ਇਕ ਵਾਲੋਂ ਬ੍ਰਹਿਮੰਡ ਕਰਾਂ ਸਦਕੇ,
ਤਤੈਜਸਵ[5] ਤਿਰੇ ਉਤੋਂ, ਜੀ ਜਾਨ ਘੁਮਾਈ ਦਾ।
ਪਾਲਕ ਹੈਂ ਤ੍ਰਿਲੋਕੀ[6] ਦਾ, ਮਾਲਕ ਹੈ ਦਿਲਾਂ ਦਾ ਤੂੰ,
ਅਰਸ਼ਾਂ ਦੀ ਉਚਾਈ ਦਾ, ਸਾਗਰ ਦੀ ਡੂੰਘਾਈ ਦਾ।
ਤਾਰੇ ਨੂੰ ਚਮਕ ਤੇਰੀ, ਬਿਜਲੀ ਨੂੰ ਤਿਰੀ ਫੁਰਤੀ,

---

1. ਸਾਰੀ ਕਵਿਤਾ ਵਿਚ ਯੋਗੀ ਨੂੰ ਆਪਣਾ ਮਨ ਸਾਧਨ, ਊਚ ਨੀਚ ਦਾ ਭਰਮ ਛੱਡਣ, ਵੈਰ ਭਾਵ ਤਿਆਗਣ ਤੇ ਦੁਨੀਆਂ ਦੀ ਭੁੱਖ ਘਟਾਉਣ ਦਾ ਉਪਦੇਸ਼ ਹੈ। 2. ਉਚਾਟ ਕੀਤਾ, ਚੁੱਕਿਆ। 3. ਸੱਦਾ। 4. ਸਿਰ ਦਾ ਭੂਖਣ।
5. ਤੇਜ, ਸ਼ਾਨ, ਪ੍ਰਤਾਪ। (ਦੇਵਤੇ ਆਦਿ ਨੂੰ)। 6. ਤਿੰਨ ਲੋਕ, ਧਰਤੀ ਪਤਾਲ, ਅਕਾਸ਼।

ਸੀਤਲ ਕਰੇਂ ਚੰਦਰ ਨੂੰ, ਚਾਨਣ ਤੂੰ ਖੁਦਾਈ ਦਾ।
ਆਦਰਸ਼ ਤਿਰਾ ਉਚਾ ਸੰਸਾਰ ਨੂੰ ਵਰਸਾਣਾ,
ਦੁਨੀਆਂ ਤੇ ਝੁਲੇ ਝੰਡਾ, ਅਜ ਤੇਰੀ ਸਚਾਈ ਦਾ।
ਸੁਚਾ ਹੈਂ ਅਨੂਪਮ[1] ਹੈਂ, ਹਾਦੀ[2] ਭੀ ਪਿਆਰਾ ਭੀ,
ਫੌਲਾਦ ਭੀ ਚੁੰਬਕ ਭੀ, ਕੁਝ ਭੇਦ ਨਾ ਪਾਈ ਦਾ।

ਮਾਨਸਿਕ ਮੰਗਲ

ਹੇ ਆਤਮਕ ਪ੍ਰਭਾਕਰ[3] ਸੰਸਾਰ ਆਨ ਵਾਲੇ।
ਹੇ ਦਗਧ[4] ਬੰਜਰਾਂ ਵਿਚ, ਅੰਮ੍ਰਿਤ ਵਸਾਨ ਵਾਲੇ।
ਨਿਰਜੀਵ ਜੀਵਨਾਂ ਨੂੰ, ਹੇ ਜੀਵਦਾਨ ਕਰਤਾ।
ਹੇ ਬੁਝ ਚੁਕੀ ਸ਼ਮਅ ਵਿਚ, ਫਿਰ ਜਿੰਦ ਪਾਣ ਵਾਲੇ।
ਹੇ ਫਟ ਚੁਕੀ ਧਰਾ[5] ਨੂੰ, ਅੰਗੂਰ ਦੇਣ ਵਾਲੇ।
ਮੁਰਝਾ ਚੁਕੇ ਚਮਨ ਵਿਚ, ਰਿਤਰਾਜ[6] ਲਜਾਨ ਵਾਲੇ।
ਹੇ ਸਤਜ ਦੇ ਸਰੋਦਿਕ[7], ਹੇ ਪ੍ਰੇਮ ਦੇ ਪ੍ਰਚਾਰਿਕ[8],
ਹੇ ਔਝੜਾਂ ਦੇ ਅੰਦਰ, ਸੜਕਾਂ ਵਿਖਾਣ ਵਾਲੇ।
ਹੇ ਕੇਂਦ੍ਰ ਜਜੋਤੀਆਂ[9] ਦੇ, ਹੇ ਠੰਢਕਾਂ ਦੇ ਸੋਮੇ।
ਤੂਫਾਨ ਦੀ ਲਹਿਰ ਵਿਚ, ਬੋਹਿਥ ਚਲਾਨ ਵਾਲੇ।
ਹੇ ਚੰਦ੍ਰਮਾ ਤੋਂ ਸੀਤਲ, ਹੇ ਰਸੋਂ ਰਸੀਲੇ।
ਹੇ ਪ੍ਰਾਣ ਤੋਂ ਪਿਆਰੇ, ਵਿਗੜੀ ਬਣਾਨ ਵਾਲੇ।
ਹੇ ਅੰਧਕਾਰ ਨਾਸ਼ਕ, ਹੇ ਘੋਰ ਪਾਪ ਘਾਤਕ।
ਅਨਜਾਇ ਕਪਟ ਦਾਹਕ[10], ਕਸ਼ਟੋਂ ਛੁਡਾਨ ਵਾਲੇ।
ਹੇ ਏਕਤਾ ਦੇ ਵਜਾਖਛਕ[11] ਅਨੇਕ ਨਾਮ ਵਾਲੇ।
ਹੇ ਮੁਸ਼ਕਲਾਂ ਦੇ ਬਨ ਵਿਚ, ਜਲ ਬਣਕੇ ਆਣ ਵਾਲੇ।
ਅਜ ਤੇਰੇ ਆਗਮਨ ਦਾ, ਮੰਗਲ[12] ਮਨੀ ਰਿਹਾ ਹੈ,
ਅੰਮ੍ਰਿਤ ਝਕੋਲਿਆ[13] ਥੀਂ ਮੁਰਦਾ ਭੀ ਜਹੀ ਰਿਹਾ ਹੈ।
ਆਹਾ, ਕਿਹੀ ਫਬਨ ਦਾ, ਆਨੰਦ ਛਾ ਰਿਹਾ ਹੈ।
ਫਰਸ਼ੋਂ ਉਛਲ ਉਛਲ ਕੇ, ਅਰਸ਼ਾਂ ਤੇ ਜਾ ਰਿਹਾ ਹੈ।
ਇਕ ਸ਼ਾਂਤਿਮਯ ਕੁਲਾਹਲ[14], ਇਕ ਜਜੋਤਿ ਮਜ ਠੰਢਾਰਾ,
ਸੌਂਦਰਜਤਾ ਅਮੂਰਤ[15] ਦਾ ਰਾਜ ਛਾ ਰਿਹਾ ਹੈ।
ਇਕ ਰਸ ਭਰੀ ਮਗਨਤਾ ਦਾ ਰੰਗ ਜਮ ਗਿਆ ਹੈ,

---

1. ਬੇਮਿਸਾਲ। 2. ਸਿਖਿਆ ਦੇਣ ਵਾਲਾ। 3. ਪ੍ਰਕਾਸ਼ ਕਰਨ ਵਾਲਾ। 4. ਸੜੇ ਹੋਏ। 5. ਪ੍ਰਿਥਵੀ। 6. ਬਸੰਤ, ਬਹਾਰ। 7. ਸੋਮੇ। 8. ਪ੍ਰਚਾਰ ਕਰਨ ਵਾਲਾ। 9. ਪ੍ਰਕਾਸ਼। 10. ਸਾੜਨ ਵਾਲੇ। 11. ਵਿਆਖਿਆ ਕਰਨ ਵਾਲਾ। 12. ਖੁਸ਼ੀ। 13. ਬੁਲ੍ਹੇ, ਝੋਲੇ, ਹੁਲਾਰੇ। 14. ਰੌਣਕ। 15. ਅਕਾਰ ਹੀਨ।

ਮਨ ਮਨ ਦੇ ਅੰਦਰੇ ਹੀ, ਕੁਝ ਧੁਨ ਧੁਨਾ ਰਿਹਾ ਹੈ।
ਅੱਖਾਂ ਦੀ ਪ੍ਰੇਮ ਭਿੰਨਣ, ਹੈ ਸਰਬ ਤੋਂ ਨਿਆਰੀ,
ਮਸਤਕ ਨਿਹੁੜ[1] ਨਿਹੁੜ ਕੇ, ਸਭ ਨੂੰ ਝੁਕਾ ਰਿਹਾ ਹੈ।
ਹੁਲ੍ਹਾ[2] ਸਹੋਦਰਤਾ ਦਾ, ਮੰਡਲਾ ਕੇ ਸੀਨਿਆਂ ਵਿਚ,
ਗਲਵੱਕੜੀਆਂ ਭਰਨ ਹਿਤ, ਉਭਰਾ ਫੁਲਾ ਰਿਹਾ ਹੈ।
ਇਕ ਲਹਿਰ ਪ੍ਰੇਮ ਦੀਪਕ, ਰਚਿਆ ਹੈ ਰਾਸ[3] ਮੰਡਲ,
ਹਰ ਮਨ ਜਿਦ੍ਹੇ ਰਮਣ[4] ਹਿਤ, ਖਿਚ ਖਿਚਕੇ ਆ ਰਿਹਾ ਹੈ।
ਹਰ ਮੁਖ ਸੁਭਾਗਜਤਾ[5] ਦੀ, ਹੈ ਦੇ ਰਿਹਾ ਵਧਾਈ,
ਹਰ ਹੱਥ ਦਾਨ, ਸੇਵਾ ਦਾ ਰਸ ਉਠਾ ਰਿਹਾ ਹੈ।
ਹਰ ਤਨ ਨਿਰੋਲ ਮਨ ਥੀਂ, ਵਿਚ ਪ੍ਰੇਮ ਰੰਗ ਰੱਤਾ,
ਉਪਕਾਰ ਗਾ ਰਿਹਾ ਹੈ, ਮੰਗਲ ਮਨਾ ਰਿਹਾ ਹੈ।
ਸਭ ਦੀ ਤ੍ਰਿਖਾ[16] ਬੁਝੀ ਹੈ, ਜਿਸ ਨਾਮ ਦੇ ਸਹਾਰੇ,
ਮੇਲਾ ਲਗਾ ਹੈ ਅੰਮ੍ਰਿਤ[7] ਦੇ ਕੁੰਡ ਦੇ ਕਿਨਾਰੇ।
ਦੁਨੀਆਂ ਤੇ ਤਰਸ ਖਾ ਕੇ, ਵਿਚ ਮਾਤਲੋਕ[8] ਆਣਾ,
ਚੋ ਚੋ ਕੇ ਨਾਮ ਅੰਮ੍ਰਿਤ, ਮੋਈ ਪ੍ਰਜਾ ਜਿਵਾਣਾ।
ਫੜ ਏਕਤਾ ਦਾ ਦੀਵਾ, ਦੇ ਪ੍ਰੇਮ ਦੀ ਦੁਹਾਈ,
ਭੁਲੇ ਕੁਰਾਹੀਆਂ ਨੂੰ, ਰਸਤੇ ਤੇ ਫਿਰ ਲਿਆਣਾ।
ਦੇ ਸਤਜਤਾ[9] ਦੇ ਛਟੇ, ਕਰਨੀ ਨਵੀਂ ਬਿਆਈ[10],
ਬੰਜਰ ਹੋਏ ਦਿਲਾਂ ਵਿਚ, ਅੰਗੂਰ ਫਿਰ ਜਮਾਣਾ।
ਫਿਰ ਫਿਰ ਕੇ ਨਗਨ ਪੈਰੀਂ, ਜੰਗਲ ਨੂੰ ਸਾਫ ਕਰਨਾ,
ਅਰ ਉਸ ਵਿਚ ਬਗੀਚਾ, ਸਤ ਧਰਮ ਦਾ ਲਗਾਣਾ।
ਰਣਭੂਮਿ ਆਤਮਿਕ ਵਿਚ ਬਗੀਚਾ, ਫਤੇ ਗਜਾ ਕੇ।
ਸਤਿਨਾਮ ਦੇ ਅਕਾਲੀ[11], ਝੰਡੇ ਤਲੇ ਬਿਠਾਣਾ।
ਸੁਖ ਵੰਡਣੇ ਜਗਤ ਨੂੰ, ਅਰ ਕਸ਼ਟ ਆਪ ਲੈਣ,
ਸੂਲਾਂ ਨੂੰ ਭਾਗ ਲਾ ਕੇ, ਫੁਲਵਾੜੀਆਂ ਬਨਾਣਾ।
ਤੂਫਾਨ ਵਿਚ ਘਿਰਾਏ, ਪਾਪਾਂ ਦੇ ਨਾਲ ਭਾਰੇ,
ਹੱਥਾਂ ਦੇ ਨਾਲ ਕਥ ਕਥ, ਬੇੜੇ ਰੁੜੇ ਬਚਾਣਾ।
ਅਨਜਾਇ[12] ਦਾ ਅੰਧੇਰਾ, ਕਤਲਾਮ ਨੇਕੀਆਂ ਦੀ,
ਦੁਰਭਿੱਖ[13] ਸਹੋਦਰਤਾ ਦਾ, ਸਭ ਮਾਰਕੇ ਹਟਾਣਾ।
ਜਦ ਯਾਦ ਆਨ ਤੇਰੇ ਉਪਕਾਰ ਇਸ ਤਰ੍ਹਾਂ ਦੇ,
ਫਿਰ ਕਜੋਂ ਨਾ ਖਾ ਹੁਲਾਰਾ, ਦਿਲ ਝੁਕ ਪਵਨ ਜਹਾਂ ਦੇ।

---

1. ਨਿਵ ਨਿਵ ਕੇ। 2. ਸੁਹਿਰਦਤਾ, ਪ੍ਰੇਮ। 3. ਰੰਗ ਮੰਚ, ਖੇਡ ਤਮਾਸ਼ੇ ਦਾ ਅਖਾੜਾ। 4. ਮਿਲਣ, ਮਾਣਣ। 5. ਖੁਸ਼ ਕਿਸਮਤੀ। 6. ਪਿਆਸ, ਜਲਨ। 7. ਉਸ ਦੇ ਨਾਮ ਰੂਪੀ। 8. ਧਰਤੀ। 9. ਸੱਚਾਈ। 10. ਬੀਜਾਈ। 11. ਮੌਤ ਰਹਿਤ। 12. ਬੇਇਨਸਾਫੀ। 13. ਕਾਲ, ਔਖਾ ਸਮਾਂ।

ਹੇ ਤੇਜ ਯੁਕਤ[1] ਸੀਤਲ ਰਿਸ਼ਮਾ ਭਰੇ ਸਤਾਰੇ।
ਹੇ ਅੰਧ ਘੋਰ[2] ਰਜਨੀ, ਵਿਚ ਦਿਨ ਚੜ੍ਹਾਨ ਹਾਰੇ।
ਹੇ ਦਵੈਸ਼ ਤੋਂ ਨਿਆਰੇ, ਹੇ ਸਰਬ ਦੇ ਸਹਾਰੇ।
ਹਾਂ, ਤੇ ਸਲਾਮਤੀ ਦੇ, ਭਵਸਿੰਧ[3] ਦੇ ਕਿਨਾਰੇ।
ਅਜ ਹੁਮਹੁਮਾ ਲੁਕਾਈ, ਤਵ[4] ਪ੍ਰੇਮ ਤੋਂ ਘੁਮਾਈ,
ਉਪਕਾਰ ਸਵੀਕਰਣ[5] ਹਿਤ, ਹੈ ਢਹਿ ਰਹੀ ਦੁਆਰੇ।
ਤੇਰੇ ਚਮਨ ਉਗਾਏ ਦੇ ਸੂਟਿਆਂ ਦੇ ਗੁਨਚੇ*,
ਪਰਭਾਤ ਤ੍ਰੇਲ ਭਿੰਨੇ, ਨਿਹੁੜੇ ਪਏ ਨੇ ਸਾਰੇ।
ਮਨ ਉਛਲਦੇ ਪਏ ਹਨ, ਪਰ ਕੰਠ ਰੁਕ ਰਹੇ ਹਨ,
ਜੀਭਾ ਥਥਲ ਗਈ ਹੈ, ਮੁਖ ਵਾਕ ਨਹਿ ਉਚਾਰੇ।
ਮੇਹਰਾਂ ਦੇ ਚਾਨਣੇ ਨੇ ਨੇਤਰ ਝੁਕਾ ਛਡੇ ਹਨ,
ਉਪਕਾਰ ਨੇ ਦਬਾ ਕੇ ਸਿਰ ਕਰ ਦਏ ਨੇ ਭਾਰੇ।
ਕੁਝ ਯਾਚਨਾ[6] ਕਰਨ ਦੀ ਸੱਧਰ ਦੇ ਮਨ ਭਰੇ ਹਨ,
ਬੇਖੁਦ[7] ਹੋ ਡੁਲ੍ਹ ਰਹੇ ਹਨ, ਪਰੇ ਨੇਤਰਾਂ ਦੇ ਦਵਾਰੇ।
ਸੂਖਛਮ[8] ਸਰੂਪ ਵਿਚ ਇਕ ਅਰਦਾਸ ਹੋ ਰਹੀ ਹੈ,
ਤਰਬਾਂ ਓ ਵਾਂਗ ਗੂੰਜਾਂ ਜੋ ਪੌਣ ਵਿਚ ਖਿਲਾਰੇ :—

ਹੇ ਜੀਵ ਮੁਕਤਿ ਦਾਤਾ, ਦੈਵਲੋਕ ਦੇ ਸਹਾਈ।
ਅਜ ਵਾਰਸਿਕ[9] ਗਿਰਹ ਦੀ, ਸਵੀਕਾਰੀਏ ਵਧਾਈ।

ਹੇ ਪ੍ਰੇਮ ਦੇ ਕਟਾਖਛੀ[10], ਸਰਬੰਸ ਦੇ ਦਾਤਾਰਾ।
ਹੇ ਮੇਹਰ ਦੇ ਸਮੁੰਦਰ, ਹੇ ਸ਼ਾਂਤਿ ਦੇ ਅਗਾਰਾ[11]।
ਅਜ ਤੇਰੇ ਭੈਣ-ਪਰਸੀ[12], ਕਿਰਤਗਯ[13] ਹੋਣ ਆਏ,
ਪਰਸਾਦ[14] ਚਾਹੁੰਦੇ ਹਨ, ਤਵ ਮੇਹਰ ਦਾ ਉਤਾਰਾ।
ਪਾ ਬਰਕਤਾਂ ਭਰੀਵੋ, ਸਿਕਾਂ ਦੀਆਂ ਝੋਲੀਆਂ ਨੂੰ,
ਕਰ ਸਦਗੁਣਾ[15] ਦੀ ਵਰਖਾ ਵਰਸਾਓ ਪੰਥ ਸਾਰਾ।
ਦ੍ਰਿੜ੍ਹ ਮਨ, ਸੁਸ਼ੀਲ ਹਿਰਦਾ, ਅਰ ਚਾਉ ਨੇਕੀਆਂ ਦਾ
ਸਤਮਾਰਗੇ[16] ਚਲਨ ਦਾ, ਬਲਕਾਰ ਅਰ ਸਹਾਰਾ।
ਆਦਰਸ਼ ਪ੍ਰੇਮ ਪਾਲਕ, ਅਰ ਬਾਣ ਨਿਉਂ ਚਲਣ ਦੀ,
ਪਰਪਕਜਤਾ[17] ਧਰਮ ਦੀ, ਗੁਰੂ ਪੰਥ ਦਾ ਦਿਦਾਰਾ।
ਚਲਣ ਸਹੋਦਰਤਾ ਦਾ, ਆਚਰਨ ਸਾਤਵਕੀ[18] ਹੈ,
ਦੁਖੀਆਂ ਨੂੰ ਦੇਖ ਢਲਕੇ, ਇਹ ਅੱਖ ਦਾ ਸਤਾਰਾ।

---

* ਫੁਲਾਂ।

1. ਸ਼ਾਂਤੀ ਭਰੇ। 2. ਪੱਖ ਹਨੇਰੀ ਰਾਤ। 3. ਸੰਸਾਰ ਸਾਗਰ। 4. ਤੇਰੇ। 5. ਪ੍ਰਾਪਤ ਕਰਨ, ਲੈਣ। 6. ਮੰਗ। 7. ਮਸਤ। 8. ਨਿਰਗੁਣ, ਜਿਸਦਾ ਕੋਈ ਰੂਪ ਨਹੀਂ। 9. ਵਰ੍ਹੇ ਗੰਢ, ਜਨਮ ਦਿਹਾੜਾ। 10. ਪ੍ਰੇਮ ਭਰੀ ਨਜ਼ਰ ਵਾਲੇ। 11. ਸਮੁੰਦਰ। 12. ਛੁਹਣ ਵਾਲੇ। 13. ਧੰਨਵਾਦੀ। 14. ਕਿਰਪਾ। 15. ਸ਼ੁਭ ਗੁਣ। 16. ਸੱਚੇ ਰਸਤੇ ਤੇ। 17. ਪਕਿਆਈ, ਦ੍ਰਿੜਤਾ। 18. ਸਤੇ ਗੁਣੀ, ਸਰੇਸ਼ਟ।

ਹਥ ਟਹਿਲ ਦੇ ਅਕਾਂਖਛੀ[1], ਪਗ ਪ੍ਰੇਮ ਮਗ ਪੰਧਾਉ[2],
ਨਿਰਵਾਸ਼[3] ਭਗਤ ਕਾਰੇ, ਪਿੰਜਰ ਲਗੇ ਨਿਕਾਰਾ।
ਇਕ ਤੀਬਰ ਚਾਉ ਬਖਸ਼ੋ, ਮਿਲ ਵੰਡ ਕੇ ਛਕਣ ਦਾ,
ਬਖ਼ਸ਼ੀਸ਼ ਤੇਰੇ ਦਰ ਦੀ, ਅੰਮ੍ਰਿਤ ਅਖੁਟ ਭੰਡਾਰਾ।

ਸਿੱਕ

ਚੱਲੀ ਹਾਂ ਬੜੀ ਦੂਰੋਂ, ਰਖ ਵਸਲ[4] ਦੀਆਂ ਤਾਂਘਾ,
ਡਿੱਗੀ ਹਾਂ ਦੁਆਰੇ ਤੇ, ਮੂੰਹ ਮੋੜ ਨਾ ਆਈ ਦਾ।
ਨਿਕਲੀ ਹਾਂ ਘਰੋਂ ਜਦ ਦੀ, ਖਾਧੇ ਨੇ ਕਈ ਗੇੜੇ,
ਹੁਣ ਜਾ ਕੇ ਕਿਤੇ ਮਿਲਿਆ, ਇਕ ਰਾਹ ਰਸਾਈ[5] ਦਾ।
ਟੁਟੀ ਹੋਈ ਡਾਲੀ ਤੋਂ ਰੁਲ ਰੁਲ ਕੇ ਹੋਈ ਫਾਵੀ,
ਹੁਣ ਜੋੜ ਲਈਂ ਪੱਲਾ, ਲੜ ਬਿਰਦ ਲਗਾਈ ਦਾ।
ਜਪਨੀ ਹਾਂ ਤਿਰੀ ਮਾਲਾ, ਦਰਸ਼ਨ ਦੀ ਤ੍ਰਿਖਾਤੁਰ ਹਾਂ,
ਅੰਦਾਜ਼ਾ ਕਦੇ ਕੀਤਾ ? ਮਿਰੀ ਬਿਹਬਲਤਾਈ ਦਾ।
ਇਕ ਮਿਹਰ ਦਾ ਦਰਵਾਜ਼ਾ, ਅਸਾਂ ਦਾ ਸਹਾਰਾ ਹੈ,
ਹੰਕਾਰ ਨਾ ਸੇਵਾ ਦਾ, ਨਹੀਂ ਮਾਣ ਕਮਾਈ ਦਾ।
ਵਸਨਾ ਹੈਂ ਹਿਯੇ ਹਰਦਮ, ਪਰਦਾ ਭਿ ਪਿਆ ਰਹਿੰਦਾ ,
ਵਸ ਕੋਲ, ਲੁਕੇ ਰਹਿਣਾ ਕਜ਼ਾ ਚੱਜ ਵਿਖਾਈ ਦਾ।
ਇਕ ਨੀਝ ਧਰਮ ਵਾਲੀ, ਤਾਰਨ ਨੂੰ ਮਿਰੇ ਕਾਫੀ,
ਫਿਰ ਜਾਇ ਕ੍ਰਿਪਾ—ਕਰ ਜੇ ਸ਼ੀਸ਼ੇ ਤੇ ਸਫਾਈ ਦਾ।
ਦੇਹ ਖੋਲ ਕਪਾਟਾਂ ਨੂੰ, ਹੋ ਜਾਇ ਖੁਲ੍ਹਾ ਦਰਸ਼ਨ,
ਸਦਮਾ ਨਾ ਸਹਜਾ ਜਾਵੇ, ਹੁਣ ਹੋਰ ਜੁਦਾਈ ਦਾ।
ਮਿਹਰਾਂ ਦੇ ਮਿਲਣ ਛੱਟੇ ਫਜ਼ਲਾਂ ਦੇ ਖੁਲ੍ਹਣ ਬੂਹੇ,
ਆਨੰਦਮਈ ਆਵੇ, ਦਿਨ ਮੇਰੀ ਵਧਾਈ ਦਾ।
ਚਾਤ੍ਰਿਕ ਦੀ ਬੁਝੇ ਪਿਆਸਾ ਦਰਸ਼ਨ ਦੀ ਪੁਰੇ ਆਸਾ,
ਚਰਨਾਂ 'ਚ ਮਿਲੇ ਵਾਸਾ, ਹਰਿਧਨ ਦੀ ਮੁਸਾਈ ਦਾ।

ਸ਼ਾਂਤ ਰਸ

ਦਿਲਾਂ ਭੋਲਿਆ, ਮੁਖਤ ਦੀ ਲਾਇ ਭੜਕੀ[6], ਪਾਣੀ ਪਿਆ ਭਾਲੋਂ ਰੇਗਸਤਾਨ ਵਿਚ ਕੀ ?
ਆ ਨਵੇਕਲੇ ਬੈਠ ਅਨੰਦ ਲਈਏ, ਆਪਾਂ ਲਭਣਾ ਏਸ ਘਮਸਾਨ ਵਿਚ ਕੀ ?
ਕਿਹੜੇ ਵਹਿਣ ਅੰਦਰ ਪਾਣੀ ਪਿਆ ਰਿੜਕੇਂ, ਹੀਰੇ ਟੋਲਣੇ ਕੱਚ ਦੀ ਖਾਣ ਵਿਚ ਕੀ ?

---

1. ਚਾਹੁਣ ਵਾਲੇ। 2. ਰਸਤੇ ਦੇ ਰਾਹੀ। 3. ਤ੍ਰਿਸ਼ਨਾ ਰਹਿਤ, ਵਾਸ਼ਨਾ ਤੋਂ ਬਿਨਾਂ। 4. ਮਿਲਾਪ। 5. ਪਹੁੰਚ।
6. ਪਿਆਸ।

ਕੌਲ ਫੁਲ ਦੇ ਵਾਂਗ ਅਣਭਿਜ ਹੋਯਾ, ਤਾਈ ਮਸਤਾ ਕੂੜੇ ਜਹਾਨ ਵਿਚ ਕੀ ?
ਰਾਹ ਰਹਿਣ ਦੇ ਤੇ ਗਾਹ ਗਹਣ[1] ਦੇ, ਤੂੰ ਕੰਨੀ[2] ਆਪਣੀ ਉਠ ਖਿਸਕਾਇ ਲਈਏ,
ਚੇਟਕ ਚੰਦਰੇ ਛਡ ਤਮਾਸ਼ਿਆਂ ਦੇ, ਰੌਣਕ ਆਪਣੀ ਵਖਰੀ ਲਾਇ ਲਈਏ,
ਛੇੜ ਢੋਇ ਨਾ ਕਿਸੇ ਦਾ ਹੋਏ ਜਿਥੇ, ਮਾਹੀ ਆਪਣਾ ਸੱਦ ਬੈਠਾਇ ਲਈਏ,
ਸ਼ੀਸ਼ੇ ਦਿਲ ਵਿਚ ਉਹਦੀ ਤਸਵੀਰ ਜੜ ਕੇ, ਨੀਵੀਂ ਧੌਣ ਕਰ ਦਰਸ਼ਨ ਪਾਇ ਲਈਏ।
ਉਠ ਜਾਗ ਵਣਜਾਰਿਆ[3] ਗਾਫਲਾ[4] ਓ ਸੰਭਲ ਗੰਢ ਤੇ ਲਗ ਜਾ ਕਾਰ ਅੰਦਰ,
ਨਫਾ ਖੱਟਦਾ, ਮੂਲ ਭੀ ਚੌੜ ਕਰਕੇ, ਜਾਏਂ ਮੁਠਿਆ[5] ਮਤਾ ਸੰਸਾਰ ਅੰਦਰ,
ਕਿਸੇ ਨਾਲ ਨਾ ਲਾਗ ਲਪੇਟ ਰਖੀਂ, ਬੜੇ ਠੱਗ ਨੀ ਏਸ ਬਾਜ਼ਾਰ ਅੰਦਰ,
ਫਲ ਭਾਲਦਾ ਜਾਇ ਅੜੰਬਿਆ[6] ਨਾ, ਕਿਸੇ ਖਾਰ[7] ਦੀ ਨੋਕ ਖਮਦਾਰ[8] ਅੰਦਰ।
ਅਲ੍ਹੜ ਬਾਲੀਏ, ਗੁਡੀਆਂ ਪਰੇ ਧਰ ਦੇ ਚਰਖਾ ਡਾਹ ਤੇ ਲਾਹ ਦੋ ਛਲੀਆਂ ਨੀ,
ਕੱਤ ਤੁੰਬ ਕੇ ਦਾਜ ਬਣਾ ਹਥੀਂ, ਦਾਤਾਂ ਕਿਸੇ ਭੀ ਪਿਛੇ ਨਾ ਘਲੀਆਂ ਨੀ,
ਮਾਣ ਪਾਂਦੀਆਂ, ਸੇਜ ਹੰਡਾਦੀਆਂ ਉਹ ਲੱਦ ਪੱਥ ਕੇ ਘਰੋਂ ਜੋ ਚਲੀਆਂ ਨੀ,
ਓਹੋ ਰਾਣੀਆਂ ਕੰਤ ਨੂੰ ਭਾਣੀਆਂ ਨੇ, ਹਥ ਬੰਨ ਕੇ ਰਹਿਣ ਜੋ ਖਲੀਆਂ ਨੀ।

ਹੋਰ ਦੋਹਰਾ :— ਵੀਰ ਕਰੀਂ ਤਦਬੀਰ ਕੁਝ, ਆਪਣਾ ਆਪ ਪਛਾਨ।
ਕਿਸ ਭਰਵਾਸੇ[9] ਬਹਿ ਰਿਹੋਂ, ਚੱਲਣ ਰਾਹ ਜਹਾਨ।

ਵੀਰ ਕਰੀਂ ਤਦਬੀਰ ਨਜਾਤ[10] ਵਾਲੀ, ਇਹ ਹਜਾਤ[11] ਤੇਰੀ ਬਾਤ ਦਿਨਾਂ ਦੀ ਹੈ,
ਘਾਤ ਲਾਇ ਕੇ ਮੀਰ ਸ਼ਿਕਾਰ ਬੈਠਾ, ਬਾਜੀ ਮਾਤ ਹੋਣੀ ਜਿਨ੍ਹਾਂ ਕਿਨ੍ਹਾਂ ਦੀ ਹੈ,
ਸੁਤੇ ਰਾਤ, ਪਰਭਾਤ ਨਾ ਵਿਰਦ ਕੀਤਾ ਪਈ ਝਾਤ ਨਾ ਬੁਕਲੇ ਜਿਨ੍ਹਾਂ ਦੀ ਹੈ,
ਚਾਤ੍ਰਿਕ ਘਾਤ ਕੀਤਾ ਉਨ੍ਹਾਂ ਆਪ ਆਪਣਾ, ਪੁਛਦਾ ਵਾਤ ਕਿਹੜਾ ਅਗੇ ਜਿਨ੍ਹਾਂ ਦੀ ਹੈ,
ਮਾਈ ਬਾਪ, ਭਾਈ ਭੈਣ, ਧੀਆਂ ਪੁਤ੍ਰ, ਸਾਕ ਸੈਣ, ਜਿਨ੍ਹਾਂ ਵਿਚ ਰੁਝਿਆਂ ਤੂੰ ਜਿੰਦਗੀ ਬਿਤਾਈ ਹੈ,
ਮਾਲ ਦੇ ਖਜਾਨੇ, ਹਾਥੀ ਘੋੜੇ ਤੋਸ਼ੇਖਾਨੇ[12] ਏ ਵਿਭੂਤੀ[13] ਦਿਵਾਨੇ, ਚੰਦ ਰੋਜ਼ਾ ਰੁਸ਼ਨਾਈ ਹੈ,
ਰੂਪ ਬਲਕਾਰ ਇਹ ਅਨੰਦ ਤੇ ਬਹਾਰ, ਜਦੋਂ ਬੰਨ੍ਹ ਲਏ ਭਾਰ ਕਿਸੇ ਹੋਣਾ ਨਾ ਸਹਾਈ ਹੈ।
ਸੇਵਾ ਉਪਕਾਰ, ਹਰਿਨਾਮ ਦਾ ਉਚਾਰ, ਤੇਰੇ ਨਾਲ ਦੇਣਾ ਸਾਥ ਸਚਿਆਈ ਤੇ ਭਲਿਆਈ ਹੈ।

ਪ੍ਰੇਮ ਖੇਡ

ਪ੍ਰੇਮ ਦੀ ਖੇਡ ਨਿਆਰੀ ਨੀ ਸਖੀਏ, ਪ੍ਰੇਮ ਦੀ ਖੇਡ ਨਿਆਰੀ।

1. ਪ੍ਰੇਮ ਦੀਆਂ ਖੇਡਾਂ ਅਨੋਖੀਆਂ ਅਵੱਲੀਆਂ,
ਖਿਚੀਆਂ ਤਣਾਵਾਂ ਜਾਂਦੀਆਂ ਨਾ ਠੱਲ੍ਹੀਆਂ,
ਜਿਸ ਵੇਲੇ ਲਗਦੇ ਪ੍ਰੇਮ ਤਮਾਚੇ[14],
ਚੋਟ ਨਾ ਜਾਏ ਸਹਾਰੀ, ਨੀ ਸਖੀਏ, ਪ੍ਰੇਮ ਦੀ ਖੇਡ ਨਿਆਰੀ।

---

1. ਭਾਵ ਵਾਧੂ ਝੰਬੇਲੇ ਤੇ ਹੋਰਨਾਂ ਦੇ ਧੰਦਿਆਂ ਦਾ ਫਿਕਰ ਛੱਡ। 2. ਪੱਲਾ। 3. ਵਪਾਰੀਆਂ। 4. ਬੇਪਰਵਾਹ। 5. ਠਗਿਆ। 6. ਉਲਝਣਾਂ ਵਿਚ ਫਸਣਾ। 7. ਕੰਡੇ। 8. ਟੇਢੀ। 9. ਆਸਰੇ। 10. ਮੁਕਤੀ। 11. ਜੀਵਨ। 12. ਗਹਿਣੇ ਕਪੜੇ ਤੇ ਸਜਾਵਟ ਦੇ ਸਮਾਨ ਦਾ ਭੰਡਾਰ। 13. ਧੰਨ, ਦੌਲਤ, ਪਦਾਰਥ। 14. ਚਪੇੜ, ਥਪੜ।

2. ਪ੍ਰੀਤਮ ਸਾਡਾ ਹੱਸੇ ਨਾ ਬੋਲੇ,
ਨਾ ਰਮਜ਼ਾਂ[1] ਵਾਲਾ ਜੰਦਰਾ ਖੋਲੇ,
ਤੜਕਿਓਂ ਤੁਰੀ, ਤਿਕਾਲਾਂ ਪਈਆਂ,
ਰਾਤ ਗੁਜ਼ਰ ਗਈ ਸਾਰੀ, ਨੀ ਸਖੀਏ, ਪ੍ਰੇਮ ਦੀ ਖੇਡ ਨਿਆਰੀ।

3. ਸੁਪਨੇ ਵਿਚ ਮੈਂ ਹੁਲੀਆ ਘੜਿਆ,
ਨਿਰੇ ਨੂਰ ਦਾ ਪਲੜਾ ਫੜਿਆ,
ਅਖੀਆਂ ਨੂੰ ਝੌਲਾ ਜਿਹਾ ਦੇ ਕੇ,
ਲੁਕ ਗਿਆ ਮਾਰ ਉਡਾਰੀ, ਨੀ ਸਖੀਏ, ਪ੍ਰੇਮ ਦੀ ਖੇਡ ਨਿਆਰੀ।

4. ਜਲਵਾ ਜਾਲੇ ਤੇ ਯਾਦ ਸਤਾਵੇ,
ਸ਼ਾਲਾ ਓ ਸੁਪਨਾ ਨਿਤ ਨਿਤ ਆਵੇ,
ਦਰਸ਼ਨ ਤਾਂਘਾਂ ਦੇ ਵਿਚ ਲਗਦੀ,
ਜ਼ਿੰਦਗੀ ਤੋਂ ਮੌਤ ਪਿਆਰੀ ਨੀ ਸਖੀਏ ਪ੍ਰੇਮ ਦੀ ਖੇਡ ਨਿਆਰੀ।

ਪ੍ਰੇਮ ਲੋਰ

ਸਾਕੀਆਂ, ਭਰ ਭਰ ਕੇ ਅੱਜ ਅਰਸ਼ੀ ਨਸ਼ਾ ਵਰਤਾਈ ਜਾ,
ਟੋਟ ਨਾ ਆਇ ਕਿਧਰੇ, ਲਿਆਈ ਜਾ ਤੇ ਪਿਆਈ ਜਾ।
ਬੇਖੁਦੀ ਦਾ ਲੋਰ ਹੈ, ਦੁਖ ਦਰਦ ਕਿਸ ਨੂੰ ਯਾਦ ਨੇ,
ਤਾਰ ਨੂੰ ਰਖੀਂ ਸੰਭਾਲੀਂ ਚੂਲੀ ਚੂਲੀ ਪਾਈ ਜਾ।
ਲੰਘਦੀ ਹੈ ਖੂਬ ਅੱਜ, ਭਾਣੇ ਤੇਰੇ ਵਿਚ ਮਾਲਕਾ,
ਜ਼ਹਿਮਤਾਂ[2] ਦਾ ਡਰ ਨਹੀਂ ਤੂੰ ਰਹਿਮਤਾਂ[3] ਬਰਸਾਈ ਜਾ।
ਹਾਸਿਦਾ[4], ਬਾਕੀ ਨਾ ਰੱਖੀਂ, ਵੱਟ ਦਿਲ ਦੇ ਕੱਢ ਲੈ,
ਲਾਈ ਜਾ ਚਰਕੇ ਤੇ ਚਰਕਾ[5] ਤਾਈ ਜਾ ਤੜਫਾਈ ਜਾ।
ਰਾਗੀਆ, ਤੂੰ ਸੁਰਤ ਨੂੰ ਦੇਈ ਜਾ ਡੋਰਾ ਰੰਗ[6] ਦਾ,
ਪਾਪੀਆਂ, ਤੂੰ ਜੁਲਮ ਦੀ ਤਲਵਾਰ ਨੂੰ ਅਜ਼ਮਾਈ ਜਾ।
ਗਰਮ ਰੇਤਾ ਛਾਇਆ ਤੇ ਫੁਲ ਬਣ ਬਣ ਪੈ ਰਿਹਾ,
ਭੱਠਲੀ ਵਾਲੇ, ਦਮ ਨਾ ਲੈ, ਕੜਛੇ ਤੇ ਕੜਛਾ ਪਾਈ ਜਾ।
ਫੱਟਾਂ ਉਤੇ ਲੂਣ ਮਿਰਚਾਂ ਲਾਈ ਜਾ ਤੂੰ ਵੈਰੀਆ,
ਸਾਹਿਬਾ ਤੂੰ ਸਹਿ ਕੇ ਦੱਸਣ ਦਾ ਸਬਕ ਸਿਖਲਾਈ ਜਾ।
ਮਿਹਰਬਾਨ, ਮੇਰੀ ਖਾਤਰ ਆਂਦਰਾਂ ਕਲਪਾਏਂ ਕਿਉਂ ?
ਪਿਆਰ ਹੈ ਪ੍ਰੀਤਮ ਦਾ ਇਹ ਭੀ, ਐਵੇਂ ਨਾ ਘਬਰਾਈ ਜਾ।
ਕੌਣ ਕਹਿੰਦਾ ਹੈ ਕਿ ਤਾਕਤ ਦਾ ਜਗਤ ਤੇ ਰਾਜ ਹੈ?
ਮੁਨਸਿਫਾ[7], ਆ ਸੱਚ ਦਾ ਬਲਕਾਰ ਭੀ ਪਰਤਾਈ ਜਾ।

---

1. ਭੇਦ। 2. ਮੁਸੀਬਤਾਂ, ਰੋਗਾਂ। 3. ਮੇਹਰਾਂ। 4. ਈਰਖਾ ਕਰਨ ਵਾਲਿਆਂ। 5. ਜ਼ਖਮ, ਪੜਛੇ। 6. ਪ੍ਰੇਮ।
7. ਇਨਸਾਫ ਕਰਨ ਵਾਲਿਆਂ।

ਇਸ਼ਕ ਦੀ ਪਹਿਲੀ ਮਜ਼ਲ ਹੈ, ਡਰ ਗਿਉਂ ਕਿਉਂ ਦਰਦੀਆ,
ਅੱਖਾਂ ਮੀਟੀ ਆਈ ਜਾ, ਲੇਖਾ ਅਗਾਂਹ ਦਾ ਲਾਈ ਜਾ।
ਚਾਰ ਦਿਨ ਦੀ ਪਤ ਝੜੀ ਨੂੰ ਦੇਖ, ਬੁਲ ਬੁਲ, ਗਮ ਨਾ ਕਰ,
ਮੁੜ ਬਹਾਰ ਆਈ ਖੜੀ ਹੈ, ਮਖਮੂਰ[1] ਰਹੁ ਤੇ ਗਾਈ ਜਾ।
ਇਹ ਬਿਦੋਸ਼ਾ ਖੂਨ, ਚੱਕਰ ਚਰਖ[2] ਦਾ ਪਲਟਾਏਗਾ,
ਸਬਰ ਦਾ ਫਲ ਦੇਖ ਚਾਤ੍ਰਿਕ ਹੌਂਸਲਾ ਨਾ ਢਾਈ ਜਾ।

ਦੇਵਸ਼ਕਤਿ* ਵੀ ਝੁਕ ਜਾਵੇ

ਮਨ ਹੀ ਸਭ ਭਾਂਤ ਬਲੀ ਬਹੁ ਹੈ, ਮਨ ਹੀ ਸਬ ਕਾਰਜ ਢਾਹਿ ਉਸਾਰੇ,
ਮਨ ਹੀ ਦੀ ਸਿੱਖ ਸਹਾਇ ਗਹੇ ਮਾਨੁਖ ਸੰਸਾਰਿਕ[3] ਸਵਾਂਗ ਉਤਾਰੇ,
ਦੁਖ ਰੂਪ ਬਨੇ ਅਥਵਾ ਸੁਖਨਿਧਿ[4] ਜੋ ਬੈਠ ਇਕੰਤ ਵਿਚਾਰ ਵਿਚਾਰੇ,
ਕਰ ਦੇਣ ਪ੍ਰਗਟ ਸੰਸਾਰ ਵਿਖੇ, ਉਸਦੇ ਕਰਤਵ ਦੇ ਰੰਗ ਪਸਾਰੇ।
ਮਨ ਥੀਂ ਦ੍ਰਿੜ੍ਹ ਜੋ ਕੁਝ ਚਾਹੋਗੇ, ਜੋ ਚਾਹੋਗੇ ਬਣ ਜਾਓਗੇ,
ਨਿਰਬਲ ਨਿਸਫਲਤਾ ਵੱਲ ਜਾ ਕੇ, ਕਹਿ ਦੇਂਦੇ ਹਨ ਇਹ ਘਬਰਾ ਕੇ,
ਇਹ ਦੋਸ਼ ਫਲਾਣੀ ਗਲ ਦਾ ਹੈ ਪਰ ਆਤਮਾ ਕਦੇ ਨਾ ਚਲਦਾ ਹੈ,
ਓਹ ਦੇਸ਼ ਕਾਲ ਦਾ ਵਾਲੀ ਹੈ, ਸਭ ਬਿਧ ਰਖਦਾ ਰਖਵਾਲੀ ਹੈ,
ਸਭ ਕਾਰਨ ਭਲੇ ਝੁਕਾਂਦਾ ਹੈ, ਅਰ ਸਭ ਪਰ ਰਾਜ ਕਮਾਂਦਾ ਹੈ,
ਆਤਮ ਦੀ ਉਚੀ ਦੇਵ ਪ੍ਰਭਾ[5], ਅੰਤਰਗਤ[6] ਜਾਣੇ ਹਾਲ ਸਦਾ।
ਕਠਨਾਈਆਂ ਤੋਂ ਲੰਘ ਜਾਂਦੀ ਹੈ, ਪੱਥਰ ਭੀ ਚੀਰ ਲਿਜਾਂਦੀ ਹੈ,
ਕਸ਼ਟਾਂ ਨੂੰ ਨਸ਼ਟ ਕਰਾ ਦੇਵੇ, ਪਰਬਤ ਦੀ ਰੋਕ ਉਠਾ ਦੇਵੇ,
ਪਰ ਜੇਕਰ ਹੋਵੇ ਢਿਲ ਕੋਈ ਤਦ ਕਦੇ ਨਾ ਢਾਹਵੇ ਦਿਲ ਕੋਈ,
ਧੀਰਜ ਓਹ ਕੰਮ ਸੁਆਰੇਗੀ, ਸੰਤੋਸ਼ ਤੋਂ ਸਿੱਧ ਕਰਾਵੇਗੀ।
ਆਤਮ ਜਦ ਉਪਰ ਜਾਂਦਾ ਹੈ ਟੀਸੀ ਤੋਂ ਹੁਕਮ ਸੁਣਾਂਦਾ ਹੈ,
ਤਦ ਦੇਵਸ਼ਕਤਿ ਭੀ ਝੁਕ ਜਾਵੇ, ਅਰ ਜੋ ਚਾਹੇ ਸੋ ਕਰਵਾਵੇ।

ਗਜ਼ਲ

ਜ਼ਰੇ ਦਾ ਸੂਰਜ ਬਣ ਬਹਿਣਾ,
ਗਲਤੀ ਵੀ ਹੈ, ਸਚਿਆ ਵੀ ਹੈ।
ਐਵਰੈਸਟ ਦੀ ਚੋਟੀ ਜਾ ਲਭਣੀ,
ਆਸਾਨ ਵੀ ਹੈ, ਦੁਖਦਾਰ ਵੀ ਹੈ।

---

* ਦੇਵਤਿਆਂ ਦੀ ਤਾਕਤ।
1. ਮਸਤ। 2. ਸੰਸਾਰ। 3. ਦੁਨੀਆਂ ਦੇ ਕੰਮ। 4. ਸੁੱਖਾਂ ਦਾ ਖਜ਼ਾਨਾ। 5. ਦੇਵੀ ਸ਼ਕਤੀ।
6. ਮਨ ਦੀ ਅੰਦਰਲੀ ਹਾਲਤ ਦਾ।

ਅਜ਼ਲੋਂ ਤੁਰ ਚੁਕੀ ਕਹਾਣੀ ਨੇ,
ਹੈ ਖਬਰੇ ਕਦ ਜਾ ਕੇ ਮੁਕਣਾ ਹੈ।
ਸੁਣੀਆਂ ਤੇ ਪੜ੍ਹੀਆਂ ਗਲਾਂ ਤੇ,
ਕੁਝ ਭਰਮ ਵੀ ਹਨ, ਇਤਬਾਰ ਵੀ ਹੈ।
ਦੋ ਦਿਲੀ ਮੇਰੀ ਨੂੰ ਤਕ ਤਕ ਕੇ,
ਓਹ ਪਰਦਿਆਂ ਉਹਲਿਓਂ ਹਸਦੇ ਨੇਂ,
ਬੂਹਾ ਢੋ ਕੇ ਹਸਦੇ ਸਨ,
ਝੀਤਾਂ ਦੇ ਵਿਚ ਦੀ ਤਕ ਤਕ ਕੇ,
ਵਹਿਮੀ ਜਿਹਾ ਕੋਈ ਬੰਦਾ ਹੈ,
ਈਮਾਨ ਵੀ ਹੈ ਤਕਰਾਰ[1] ਵੀ ਹੈ।
ਰੇਡੀਓ ਦੀਆਂ ਖਿੰਡੀਆਂ ਰੌਆਂ ਵਿਚ,
ਜੇ ਲਭਨਾ ਏਂ, ਕਿਸੇ ਇਸ਼ਾਰੇ ਨੂੰ।
ਕਰ ਸੂਈ ਰਾਸ ਰਸੀਵਰ[2] ਦੀ,
ਸੰਦੇਸ਼ ਵੀ ਹੈ, ਸੁਰਤਾਰ ਵੀ ਹੈ।
ਜੀਵਨ ਦੀ ਰਗੜਾ ਰਗੜੀ ਵਿਚ,
ਚੰਗਿਆੜੇ ਚਮਕਣ ਆਸ਼ਾ ਦੇ,
ਇਸ ਲੋ ਵਿਚ ਲੰਮੀਆਂ ਤਾਂਘਾਂ ਨੇਂ,
ਧਰਵਾਸ ਵੀ ਹੈ, ਇਕਰਾਰ ਵੀ ਹੈ।
ਇਕ ਰਿੰਦ ਦੇ ਹਥ ਵਿਚ ਠੂਠੀ ਏ,
ਸਾਕੀ ਦੇ ਦਰ ਤੇ ਬੈਠਾ ਏ,
ਪੀ ਪੀ ਕੇ ਖੀਵਾ ਹੁੰਦਾ ਏ,
ਬਦ ਮਸਤ ਵੀ ਏ ਹੁਸ਼ਿਆਰ ਵੀ ਹੈ।
ਕੀ ਡਰ ਹੈ ਮਜ਼ਲ ਲਮੇਰੀ ਦਾ,
ਕੀ ਅੰਦੇਸ਼ਾਂ ਹੈ ਦੇਰੀ ਦਾ।
ਕੋਈ ਦਿਨ ਆਵੇਗਾ ਮਿਲ ਪਾਂਗੇ,
ਇਕਰਾਰ ਵੀ ਹੈ, ਇਤਬਾਰ ਵੀ ਹੈ।

ਦੀਵਾ ਜਗਦਾ ਸਦਾ ਰਹੇਗਾ

ਏ ਪੜਦਾ ਤੇਰੇ ਤੇ ਮੇਰੇ ਵਿਚਲਾ, ਸਦਾ ਖੜਾ ਹੀ ਖੜਾ ਰਹੇਗਾ ?
ਸਵਾਲ ਦੇ ਦਿਨ ਨੂੰ ਸਹਿਕਦਾ ਦਿਲ, ਹਮੇਸ਼ਾਂ ਹੀ ਤੜਪਦਾ ਰਹੇਗਾ ?
ਹਟਾ ਕੇ ਉਹਲਾ, ਉਠਾ ਕੇ ਘੁੰਘਟ, ਦਿਖਾ ਕੇ ਸੂਰਤ, ਬਣਾ ਕੇ ਸ਼ੈਦਾ[3]।
ਜੇ ਮੇਰੇ ਸੁਪਨੇ ਨੂੰ ਸੱਚਾ ਕਰਦੇਂ ਤਾਂ ਦੀਵਾ ਜਗਦਾ ਸਦਾ ਰਹੇਗਾ।

---

1. ਝਗੜਾ। 2. ਰੇਡੀਓ ਦੀ। 3. ਸ਼ੈਦਾਈ, ਪਾਗਲ।

ਕੋਈ ਤੇ ਐਸੀ ਘੜੀ ਭੀ ਆਂਵੇ ਕਿ ਮੇਰੇ ਸਿਰ ਤੇ ਖੜਾ ਤੂੰ ਹੋਵੇਂ,
ਨਿਗਾਹ ਪੈ ਜਾਏ ਰਹਿਮਤਾਂ ਦੀ, ਤਾਂ ਬੇੜਾ ਠਿਲ੍ਹਦਾ ਮੇਰਾ ਰਹੇਗਾ।
ਹਨੇਰੇ ਵਿਚ, ਲੋ ਸਲਾਮਤੀ ਦੀ, ਦਿਖਾਵੇ ਕੋਈ ਇਸ਼ਾਰਾ ਤੇਰਾ।
ਤਾਂ ਮੇਰੇ ਤਕਵੇ ਦਾ ਲੰਮਾ ਡੋਰਾ ਅਗਾਂਹ ਅਗਾਂਹ ਖਿਸਕਦਾ ਰਹੇਗਾ।
ਤੂੰ ਆਖ ਹਸ ਕੇ, ਕਿ ਮੁਕੀ ਦੂਈ, ਮੈਂ ਤੇਰਾ ਹੋਇਆ ਤੂੰ ਮੇਰਾ ਹੋਇਓਂ।
ਤਾਂ ਆਸ਼ਿਆਂ ਦਾ ਬਹਾਰੀ ਖੇੜਾ, ਏ ਹਸ਼੍ਰ ਤੱਕ ਮਹਿਕਦਾ ਰਹੇਗਾ।
ਮੇਰੀ ਰਜ਼ਾ ਦਾ ਚਲਾਇਆ ਚੱਕਰ ਯੁਗਾਂ ਯੁਗੰਤਰ ਰਹੇਗਾ ਚਲਦਾ।
ਬਦਲ ਬਦਲ ਕੇ ਲਿਬਾਸ ਚਾਤ੍ਰਿਕ ਦੁਆਰਾ ਮਲਦਾ ਤੇਰਾ ਰਹੇਗਾ।

ਰੁਮਾਂਸ
ਦੋਹੜਾ

ਦਿਲ ਦਰਯਾ ਵਿਚ ਲੋਹੜ ਲਿਆਂਦਾ, ਲਹਿਰਾਂ ਵਾਂਗ, ਉਮੰਗਾਂ,
ਪਾਗਲ ਕੀਤਾ, ਇਸ ਪਾਪੀ, ਜੀਉੜੇ, ਨਿਤ ਨਵੀਆਂ ਕਰ ਕਰ ਮੰਗਾਂ,
ਇਸ ਦੀ ਖ਼ਾਤਰ ਮੈਂ ਦਰ ਦਰ ਪਿੰਨਿਆ[1], ਖੂਹ ਵਿਚ ਸੁਟ ਸੁਟ ਸੰਗਾਂ,
ਫੇਰ ਨਾ ਪਰਚੇ, ਤਾ ਦੱਸੋ ਲੋਕੋ, ਇਹਨੂੰ ਕਿਸ ਸੂਲੀ ਤੇ ਟੰਗਾਂ ?

ਤੇਰਾ ਮੇਰਾ ਪਿਆਰ
(ਗੀਤ)

ਤੇਰਾ ਮੇਰਾ ਪਿਆਰ, ਪਿਆਰੀ !
ਤੇਰਾ ਮੇਰਾ ਪਿਆਰ !
ਧੁਰ ਦੀਆਂ ਗੰਢਾਂ ਪਈਆਂ ਹੋਈਆਂ,
ਕਰ ਕਰ ਕੌਲ ਕਰਾਰ, ਪਿਆਰੀ,
ਤੇਰਾ ਮੇਰਾ ਪਿਆਰ।

1. ਅਸੀਂ ਤੁਰੇ ਸਾਂ ਬਹੁਤ ਸਵੇਰੇ,
ਮੇਰੀ ਬਾਂਹ ਸੀ ਹਥ ਵਿਚ ਤੇਰੇ,
ਤੂੰ ਰਚ ਮਿਚ ਕੇ ਅੰਦਰ ਮੇਰੇ,
ਖੜਕਾਂਦੀ ਸਏਂ ਤਾਰ, ਪਿਆਰੀ !
ਤੇਰਾ ਮੇਰਾ ਪਿਆਰ !

2. ਤੂੰ ਸਏਂ ਹਸਦੀ, ਮੈਂ ਸਾਂ ਗਾਂਦਾ,
ਤੂੰ ਨਚਦੀ, ਮੈਂ ਭੰਗੜਾ ਪਾਂਦਾ,
ਜੋਬਨ ਹੁਸਨ ਹੁਲਾਰੇ ਖਾਂਦਾ,
ਲਕ ਵਿਚ ਸੀ ਲਚਕਾਰ[2] ਪਿਆਰੀ !
ਤੇਰਾ ਮੇਰਾ ਪਿਆਰ !

3. ਅਸਾਂ ਦੁਹਾਂ ਸਨ ਪ੍ਰੀਤਾਂ ਲਾਈਆਂ,
ਕੱਠਿਆਂ ਰਹਿਣ ਦੀਆਂ ਪਕਿਆਈਆਂ,
ਬਹਿ ਕੇ ਸਵ੍ਹਾਂ ਸੁਗੰਦਾਂ ਪਾਈਆਂ,

---
1. ਮੰਗਿਆ। 2. ਲਚਕ।

ਰੱਬ ਨੂੰ ਰਖ ਵਿਚਕਾਰ, ਪਿਆਰੀ !
ਤੇਰਾ ਮੇਰਾ ਪਿਆਰ !

4. ਰਾਹ ਸੀ ਸਾਡਾ ਬਹੁਤ ਉਖੇਰਾ,
ਤਕ ਤਕ ਜੀ ਕੰਬਦਾ ਸੀ ਮੇਰਾ,
ਪਰ ਤੂੰ ਕਰਕੇ ਭਾਰਾ ਜੇਰਾ,
ਚੁਕ ਲਿਆ ਸਿਰ ਤੇ ਭਾਰ, ਪਿਆਰੀ !
ਤੇਰਾ ਮੇਰਾ ਪਿਆਰ !

5. ਸਾਂਝੀ ਦੁਨੀਆਂ ਅਸਾਂ ਵਸਾਈ,
ਹਸਦਿਆਂ ਹਸਦਿਆਂ ਮਜ਼ਲ ਮੁਕਾਈ,
ਰਾਹ ਵਿਚ ਆਈ ਜੋ ਕਠਨਾਈ,
ਲੰਘ ਗਏ ਹੰਭਲੇ ਮਾਰ, ਪਿਆਰੀ !
ਤੇਰਾ ਮੇਰਾ ਪਿਆਰ !

6. ਆ, ਹੁਣ ਬਹਿ ਕੇ ਰੌਣਕ ਲਾਈਏ,
ਏਥੇ ਈ ਨਵਾਂ ਬਹਿਸ਼ਤ[1] ਬਣਾਈਏ,
ਕੱਠੇ ਕਰਕੇ ਆਂਢ ਗੁਆਂਢੀ,
ਕਰੀਏ ਮੌਜ ਬਹਾਰ ਪਿਆਰੀ !
ਤੇਰਾ ਮੇਰਾ ਪਿਆਰ !

ਕਦੋਂ ਦਾ

(ਗਜ਼ਲ)

ਉਲਝਣ ਦੇ ਵਿਚ ਹੈ ਆਪ ਦਾ ਅਸਰਾਰ[2] ਕਦੋਂ ਦਾ,
ਹੈ ਲਟਕ ਰਿਹਾ ਮਿਲਣ ਦਾ ਇਕਰਾਰ ਕਦੋਂ ਦਾ।
ਵੇਂਹਦੇ ਭੀ ਹੋ ਤੇ ਫੇਰ ਕਿਉਂ ਪਸੀਜਦੇ ਨਹੀਂ ?
ਹੈ ਸਿਸਕ ਰਿਹਾ ਮੇਰਾ ਇੰਤਜ਼ਾਰ ਕਦੋਂ ਦਾ।
ਵਸਦੇ ਤਾਂ ਹੋ ਨਜ਼ੀਕ, ਪਰ ਉਹਲਾ ਹੈ ਗਜ਼ਬ ਦਾ,
ਹੈ ਡਾਵਾਂ ਡੋਲ ਹੋ ਰਿਹਾ ਇਤਬਾਰ ਕਦੋਂ ਦਾ।
ਸਦਕੇ ਮੈਂ ਏਸ ਹੁਸਨ ਦੇ ਜਿਸ ਦੀ ਬਹਾਰ ਤੇ,
ਦੇਖੇ ਬਿਨਾਂ ਹੀ ਵਿਕ ਚੁਕਾ ਹੈ ਪਿਆਰ ਕਦੋਂ ਦਾ।
ਪਲ ਭਰ ਹੀ ਬਹਿ ਕੇ ਸਾਹਮਣੇ, ਦੇ ਜਾਂਦੇ ਦਿਲਬਰੀ[3],
ਸੀਨੇ ਦੇ ਵਿਚ ਖਟਕ ਰਿਹਾ ਏ ਖਾਰ ਕਦੋਂ ਦਾ।
ਵਹਿਸ਼ਤ ਮੇਰੀ ਤੇ ਦੋਸਤਾਂ, ਹੈਰਾਨ ਹੋ ਕਿਹਾ,
'ਤੂੰ ਲਾ ਲਿਆ ਏ ਯਾਰ! ਇਹ ਆਜ਼ਾਰ[4] ਕਦੋਂ ਦਾ?

1. ਸਵਰਗ। 2. ਭੇਦ। 3. ਦਿਲਾਸਾ। 4. ਦੁਖ, ਕਲੇਸ਼।

ਦਾਰੂ ਬਿਅੰਤ ਦੇ ਦੇ ਸਿਆਣੇ ਭੀ ਥਕ ਗਏ,
ਮੰਜੇ ਪਿਆ ਹੈ ਆਪ ਦਾ ਬੀਮਾਰ ਕਦੋਂ ਦਾ।
ਇਕ ਝਾਤ ਪਾ ਕੇ ਤਾਂਘ ਮੇਰੀ ਪੂਰੀ ਕਰ ਛਡੋ,
ਮੈਂ ਲੈ ਰਿਹਾ ਹਾਂ ਖ਼ਾਬ ਮਜ਼ੇਦਾਰ ਕਦੋਂ ਦਾ।

ਕਿਸ ਵਾਸਤੇ ?

(ਗਜ਼ਲ)

ਫਿਕਰ ਵਿਚ ਘੁਲ ਘੁਲ ਮਰਾਂ, ਕਿਸ ਵਾਸਤੇ ?
ਡਰਦਿਆਂ ਹਰ ਹਰ ਕਰਾਂ, ਕਿਸ ਵਾਸਤੇ ?
ਜ਼ਿੰਦਗੀ ਦੀ ਜਦ ਹਕੀਕਤ ਖੁਲ੍ਹ ਗਈ,
ਮੌਤ ਤੋਂ ਸਹਿਮਾਂ, ਡਰਾਂ, ਕਿਸ ਵਾਸਤੇ ?
ਤਕਵਿਆਂ[1] ਦਾ ਮਹਿਲ ਤਾਂ ਹੈ ਬਣ ਚੁਕਾ,
ਫੋਕੀਆਂ ਨੀਹਾਂ ਧਰਾਂ, ਕਿਸ ਵਾਸਤੇ ?
ਕਤਰਾ ਭੀ ਤਾਂ ਬਹਿਰ[2] ਦੀ ਇਕ ਮੌਜ ਹੈ,
ਬਹਿਰ ਦੀ ਤਾਰੀ ਤਰਾਂ, ਕਿਸ ਵਾਸਤੇ ?
ਆ ਗਿਆ ਹਾਂ ਰਾਹ ਤੇ, ਤਦ ਖੈਰ ਹੈ,
ਪਹੁੰਚਣੇ ਹਿਤ ਘਾਬਰਾਂ ਕਿਸ ਵਾਸਤੇ ?
ਮੁੱਠ ਮੇਰੀ ਵਿਚ ਨੇ ਜਦ ਬਿਜਲੀਆਂ,
ਆਲ੍ਹਣੇ ਦਾ ਗ਼ਮ ਕਰਾਂ ਕਿਸ ਵਾਸਤੇ ?
ਕਰ ਸਕਾਂ ਆਬਾਦ ਜਦ ਦੁਨੀਆਂ ਨਵੀਂ,
ਛੁਟ ਗਈ ਦਾ ਦੁਖ ਜਰਾਂ, ਕਿਸ ਵਾਸਤੇ ?
ਮੈਂ ਤਾਂ ਮੁਹਕਮ[3] ਵਾਹਦਿਆਂ ਵਿਚ ਮਸਤ ਹਾਂ,
ਵਸਲ ਹਿਤ ਹੌਕੇ ਭਰਾਂ, ਕਿਸ ਵਾਸਤੇ ?
ਸੀ ਤਾਂ "ਹਾਸਿਲ" ਵਿਚ ਹੈ ਅਗਲੇ ਖਾਬ ਦਾ,
ਫਿਰ ਨਵੇਂ ਸੁਪਨੇ ਘੜਾਂ, ਕਿਸ ਵਾਸਤੇ ?
ਸੱਧਰਾਂ ਜਦ ਜੀਉਂਦੀਆਂ ਨੇ ਮੇਰੀਆਂ,
ਹਸਰਤਾਂ ਲੈ ਲੈ ਮਰਾਂ, ਕਿਸ ਵਾਸਤੇ ?
ਵਸਣੋਂ ਜੇ ਵਰਜਦੇ ਹੋ ਦੋਸਤੋ !
ਹੈ ਏ ਦੁਨੀਆਂ ਦੀ ਸਰਾਂ, ਕਿਸ ਵਾਸਤੇ ?

ਮੇਰਾ ਭੀ ਯਾਰ ਹੁੰਦਾ

(ਗਜ਼ਲ)

ਦੁਨੀਆਂ ਤੇ ਕੋਈ ਸਾਈਆਂ ! ਮੇਰਾ ਭੀ ਯਾਰ ਹੁੰਦਾ,

---

1. ਆਸਰਿਆਂ। 2. ਸਮੁੰਦਰ। 3. ਦ੍ਰਿੜ੍ਹ, ਮਜ਼ਬੂਤੀ ਵਾਲਾ, ਪੱਕਾ।

ਮੇਰਾ ਭੀ ਜਿਊਂਦਿਆਂ ਵਿਚ, ਕੁਝ ਦਿਨ ਸ਼ੁਮਾਰ ਹੁੰਦਾ।
ਨਿਰਛਲ, ਨਿਰੋਲ, ਨਿਰਮਲ, ਖੁਦਗਰਜ਼ੀਆਂ ਤੋਂ ਲਾਂਭੇ,
ਦਿਖਲਾਵਿਆਂ ਤੋਂ ਖਾਲੀ, ਸਚਮੁਚ ਦਾ ਪਿਆਰ ਹੁੰਦਾ।
ਮੈਨੂੰ ਪਛਾਣਦਾ ਉਹ, ਮੈਂ ਉਸ ਨੂੰ ਸਮਝਦਾ,
ਸੁਣੀਆਂ ਸੁਣਾਈਆਂ ਦੇ ਸਿਰ ਤੇ ਨਾ ਭਾਰ ਹੁੰਦਾ।
ਐਬਾਂ ਸਮੇਤ ਮੈਨੂੰ ਅਪਣਾ ਕੇ ਗਲ ਲਗਾਂਦਾ,
ਮੇਰੀਆਂ ਖੁਨਾਮੀਆਂ[1] ਨੂੰ ਕੱਜਣ ਨੂੰ ਤਿਆਰ ਹੁੰਦਾ।
ਜਿਸ ਸਿਦਕ ਦੇ ਸਹਾਰੇ, ਠਿਲ੍ਹਦਾ ਇਹ ਪ੍ਰੇਮ ਬੇੜਾ,
ਓਵੇਂ ਹੀ ਰਹਿ ਕੇ ਸਾਬਤ, ਲਹਿਰਾਂ ਤੋਂ ਪਾਰ ਹੁੰਦਾ।
ਜੇ ਜਾਨ ਮੰਗਦਾ ਉਹ, ਮੈਂ ਹਸ ਕੇ ਪੇਸ਼ ਕਰਦਾ,
ਉਸ ਦੀ ਖੁਸ਼ੀ ਦੀ ਖਾਤਿਰ ਸਭ ਕੁਝ ਨਿਸਾਰ[2] ਹੁੰਦਾ।
ਉਹ ਮੇਰੀ ਸ਼ਾਨ ਹੁੰਦਾ, ਮੈਂ ਉਸ ਦੀ ਸ਼ਾਨ ਹੁੰਦਾ,
ਉਹ ਰੋਮ ਰੋਮ ਹੁੰਦਾ, ਮੈਂ ਤਾਰ ਤਾਰ ਹੁੰਦਾ,
ਇਸ ਜੋੜ ਨੂੰ ਖੁਦਾ ਭੀ ਆ ਕੇ ਨਾ ਤੋੜ ਸਕਦਾ,
ਰੋਸਾ ਅਤੇ ਮਨੇਵਾ ਨਾ ਬਾਰ ਬਾਰ ਹੁੰਦਾ।

ਪਰੇਮ ਝਰਨਾਟਾਂ

(ਗੀਤ)

ਮੁਸਮੁਸੀਆਂ ਝਰਨਾਟਾਂ, ਸਖੀਓ ! ਪ੍ਰੇਮ ਦੀਆਂ—ਟੇਕ

1. ਰੋਜ਼ ਅਜ਼ਲ[3] ਦੀਆਂ ਕਲਮਾਂ ਵਗੀਆਂ,
ਦਿਲਬਰ ਨਾਲ ਪਰੀਤਾਂ ਲਗੀਆਂ,'
ਜਗਣ ਜਿਗਰ ਵਿਚ ਲਾਟਾਂ, ਸਖੀਓ ! ਪ੍ਰੇਮ ਦੀਆਂ।

2. ਏਸ ਨਸ਼ੇ ਦੀ ਅਜਬ ਖੁਮਾਰੀ,
ਜੀਉਣੋਂ ਲਗਦੀ ਮੌਤ ਪਿਆਰੀ,
ਮਾਖਿਓਂ ਮਿੱਠੀਆਂ ਚਾਟਾਂ, ਸਖੀਓ ! ਪ੍ਰੇਮ ਦੀਆਂ।

3. ਪ੍ਰੇਮ ਨਗਰ ਦਾ ਪੈਂਡਾ ਚੋਖਾ,
ਕਦਮ ਕਦਮ ਤਿਲਕਣ ਦਾ ਧੋਖਾ,
ਦੂਰ ਦੁਰਾਡੀਆਂ ਵਾਟਾਂ, ਸਖੀਓ ! ਪ੍ਰੇਮ ਦੀਆਂ।

4. ਇਸ ਚੇਟਕ ਵਿਚ ਲੁਛਦੇ ਰਹੀਏ,
ਦੁਖ ਸਹੀਏ ਪਰ 'ਸੀ' ਨਾ ਕਹੀਏ,
ਗੁਝੀਆਂ ਪੈਣ ਤਰਾਟਾਂ, ਸਖੀਓ ! ਪ੍ਰੇਮ ਦੀਆਂ।

---

1. ਅਪਰਾਧਾਂ। 2. ਬਲਿਹਾਰ, ਕੁਰਬਾਨ। 3. ਆਰੰਭ ਦੇ ਸਮੇਂ ਤੋਂ।

5. ਘੁਟ ਘੁਟ ਲੜ ਤਾਂਘਾਂ ਦਾ ਫੜੀਏ,
ਬੇਬਸੀਆਂ ਦੇ ਨਾਲ ਨਾ ਲੜੀਏ,
ਸਬਰ ਸਹੇ ਸੁਰਲਾਟਾਂ[1], ਸਖੀਓ ! ਪ੍ਰੇਮ ਦੀਆਂ।

ਢੋਲ ਸਿਪਾਹੀ

(ਲੰਮੀ ਹੇਕ ਦਾ ਗੀਤ)

ਨੀ ਮੇਰੀਏ—
ਹੀਰੇ ਸਲੇਟੀਏ ! ਰਾਜੇ ਦੀਏ ਬੇਟੀਏ !
ਉੱਠ ਕੇ ਮੇਰੇ ਲਈ ਰੋਟੀ ਪਕਾ
ਨੌਕਰੀ ਮੇਰੀ ਫਰੰਗੀ[2] ਦੇ ਬੰਗਲੇ,
ਛੇਤੀ ਜਾ ਅਪੜਾਂ, ਦੇਰੀ ਨਾ ਲਾ।
ਵੇ ਮੇਰਿਆ—
ਢੋਲਣਾ ਮਾਹੀਆ ! ਬਾਂਕੇ ਸਿਪਾਹੀਆ !
ਐਡੀਆਂ ਕਾਹਲੀਆਂ ਹਾਲੀ ਨਾ ਪਾ।
ਸਾਉਣ ਮਾਂਹ ਦੀਆਂ, ਝੜੀਆਂ ਤੇ ਮੁੱਕਣ ਦੇ,
ਸਾਡਾ ਤੇ ਕੋਈ ਵੀ ਲੱਥਾ ਨਹੀਂ ਚਾ।
ਨੀ ਮੇਰੀਏ—
ਭੋਲੀਏ ਰਾਣੀਏ ! ਸੁਘਰ ਸਿਆਣੀਏ !
ਕਰ ਕਰਕੇ ਅੜੀਆਂ ਨਾ ਧੁੱਪਾਂ ਚੜ੍ਹਾ।
ਗੋਰੇ ਦੀਆਂ ਘੁਰਕੀਆਂ, ਜਾਵਣ ਨਾ ਝੱਲੀਆਂ,
ਗੁੱਸੇ ਵਿਚ ਦੇਂਦਾ ਈ ਤਲਬਾਂ[3] ਘਟਾ।
ਵੇ ਸੋਹਣਿਆ—
ਸਦਕੇ ਕਰ ਸੁੱਟਾਂ, ਫਰੰਗੀ ਦੀ ਨੌਕਰੀ,
ਅੱਜ ਮੈਂ ਲੈਨੀ ਆਂ ਨਾਵਾਂ ਕਟਵਾ।
ਕਾਲਿਆ ਬੱਦਲਾਂ, ਲਾਈਆਂ ਬਹਾਰਾਂ ਨੇਂ,
ਵਗਦੀ ਏ ਠੰਢੀ ਤੇ ਭਿੰਨੜੀ ਵਾ।
ਖੱਬਲਾਂ ਘਾਵਾਂ ਤੇ, ਅੰਬਾਂ ਦੀ ਛਾਵੇਂ ਮੈਂ,
ਦੇਨੀ ਆਂ ਦਿਲ ਦਾ ਵਿਛੋਣਾ ਵਿਛਾ।
ਬਾਗਾਂ ਵਿਚ ਕੋਇਲਾਂ, ਮੋਰਾਂ ਦੀਆਂ ਬੋਲੀਆਂ,
ਪਿੱਪਲਾਂ ਹੇਠ ਮੁਟਿਆਰਾਂ ਦੀਆਂ ਟੋਲੀਆਂ,
ਨਦੀਆਂ ਦੇ ਕੰਢੇ, ਬੇਰੁੱਤੀਆਂ ਹੋਲੀਆਂ,
ਰੌਣਕਾਂ ਛੱਡ ਕੇ ਨੱਠਾ ਨਾ ਜਾ।

1. ਤਤੀਆਂ ਸੀਖਾਂ। 2. ਅੰਗਰੇਜ਼ ਹਾਕਮ। 3. ਤਨਖਾਹਾਂ।

ਨੀ ਮੇਰੀਏ—
ਦਰਦਣੇ ਨਾਰੀਏ ! ਸਾਈਂ ਸੁਆਰੀਏ !
ਭਰ ਭਰ ਕੇ ਅੱਖਾਂ ਨਾ ਜਿਗਰਾ ਡੁਲਾ।
ਵੱਡੇ ਦਿਨਾਂ ਦੀਆਂ, ਛੁੱਟੀਆਂ ਨੇੜੇ ਨੇਂ,
ਚੜ੍ਹਦੇ ਸਿਆਲੇ ਮੈਂ ਪਹੁੰਚਾਂਗਾ ਆ।
ਵੇ ਮੇਰਿਆ—
ਗਰਬ ਗੁਮਾਨੀਆਂ ! ਪੈਸੇ ਦਿਆ ਮਿੱਤਰਾ !
ਕਰ ਕਰ ਕੇ ਟਾਲੇ ਨਾ ਭਾਂਬੜ ਮਚਾ।
ਪ੍ਰੇਮ ਦੀਆਂ ਖੇਡਾਂ ਤੇ, ਕੱਚ ਦੀਆਂ ਵੰਗਾਂ ਨੀਂ,
ਲਾ ਲਾ ਕੇ ਠੋਕਰਾਂ ਤੋੜੀ ਨਾ ਜਾ।
ਜਾਣੇਂ ਨਾ ਵੇਦਨ[1], ਵਿਛੋੜੇ ਦੀਆਂ ਪੀੜਾਂ ਦੀ,
ਹੱਸ ਕੇ ਛੱਡੀ ਊ ਗੱਲ ਗੁਆ।
ਸੀਵਾਂਗੀ ਬਹਿ ਬਹਿ ਕਲੇਜੇ ਦਿਆਂ ਫੱਟਾਂ ਨੂੰ,
ਜਾ ਕੇ ਤੂੰ ਆਪਣਾ ਪਹਿਰਾ ਵਜਾ।

ਇਕ ਤੂੰ ਹੋਵੇਂ

(ਕਾਫੀ ਭੀਮ)

ਪ੍ਰੀਤਮ ! ਅਜ ਦਿਲ ਖੁਸ਼ ਤਾਂ ਹੋਵੇ,
ਇਕ ਤੂੰ ਹੋਵੇਂ, ਇਕ ਮੈਂ ਹੋਵਾਂ।
ਵਖਰੀ ਜਹੀ ਕੋਈ ਥਾਂ ਹੋਵੇ,
ਇਕ ਤੂੰ ਹੋਵੇਂ, ਇਕ ਮੈਂ ਹੋਵਾਂ।

1. ਮਾਂਹ ਸੌਣ, ਪੁਰੇ ਦੀ ਵਾ ਹੋਵੇ,
ਉਚੀ ਟਿੱਬੀ ਤੇ ਗਿਠ ਗਿਠ ਘਾ ਹੋਵੇ,
ਉੱਤੇ ਸੰਘਣੀ ਸੰਘਣੀ ਛਾਂ ਹੋਵੇ,
ਇਕ ਤੂੰ ਹੋਵੇਂ ਇਕ ਮੈਂ ਹੋਵਾਂ।
2. ਵਰ੍ਹ ਕੇ ਲੰਘ ਗਈ ਬਦਲੀ ਹੋਵੇ,
ਕੁਦਰਤ ਖਿੜ ਖਿੜ ਹਸਦੀ ਹੋਵੇ,
ਇਕ ਚਸ਼ਮਾ ਕੋਲ ਰਵਾਂ ਹੋਵੇ,
ਇਕ ਤੂੰ ਹੋਵੇਂ, ਇਕ ਮੈਂ ਹੋਵਾਂ।
3. ਹੋਵੇ ਰੰਗਣ ਤਖਤ ਹਜ਼ਾਰੇ ਦੀ,
ਅਤੇ ਸੇਜ ਚਨਾਬ ਕਿਨਾਰੇ ਦੀ,

1. ਪੀੜਾ।

ਆਸੀਂ ਪਾਸੀਂ ਚੁਪ ਚਾਂ ਹੋਵੇ,
ਇਕ ਤੂੰ ਹੋਵੇਂ, ਇਕ ਮੈਂ ਹੋਵਾਂ।

4. ਦਿਲ ਦੋਹਾਂ ਦਾ ਧੜਕ ਰਿਹਾ ਹੋਵੇ,
ਵਿਚਕਾਰ ਨਾ ਸੰਗ ਸੰਗਾਂ ਹੋਵੇ,
ਮੇਰੇ ਗਲ ਵਿਚ ਤੇਰੀ ਬਾਂਹ ਹੋਵੇ,
ਇਕ ਤੂੰ ਹੋਵੇਂ, ਇਕ ਮੈਂ ਹੋਵਾਂ।

5. ਤੂੰ ਭਰ ਭਰ ਦੇਂ, ਮੈਂ ਪੀ ਜਾਵਾਂ,
ਪੀ ਪੀ ਕੇ ਖੀਵਾ ਥੀ ਜਾਵਾਂ,
ਕੋਈ ਵਰਜਣ ਵਾਲਾ ਨਾ ਹੋਵੇ,
ਇਕ ਤੂੰ ਹੋਵੇਂ, ਇਕ ਮੈਂ ਹੋਵਾਂ।

6. ਤੇਰੇ ਨੈਣ ਨਸ਼ੀਲੇ ਤਕ ਤਕ ਕੇ,
ਇਕ ਅਰਜ਼ ਕਰਾਂ ਮੈਂ ਝਕ ਝਕ ਕੇ,
ਸੌ ਸੌ ਵਲ ਪਾ ਕੇ 'ਹਾਂ' ਹੋਵੇ,
ਇਕ ਤੂੰ ਹੋਵੇਂ, ਇਕ ਮੈਂ ਹੋਵਾਂ।

7. ਮੇਰੇ ਦਿਲ ਦੀ ਦੁਨੀਆਂ ਵਸ ਜਾਵੇ,
ਗਮ ਫਿਕਰ ਜਹਾਨੋਂ ਨੱਸ ਜਾਵੇ,
ਵਿਛੁੜਨ ਦਾ ਫੇਰ ਨਾ ਨਾਂ ਹੋਵੇ,
ਇਕ ਤੂੰ ਹੋਵੇਂ, ਇਕ ਮੈਂ ਹੋਵਾਂ।

ਸਾਕੀ ਨੂੰ

(ਗਜ਼ਲ)

ਸਾਕੀ ! ਮੈਂ ਤੇਰੇ ਸਦਕੇ ! ਅਜ ਰੰਗ ਕੋਈ ਲਾ ਦੇ,
ਉਲਟਾ ਦੇ ਸੁਰਾਹੀ ਨੂੰ, ਦਿਲ ਖੋਲ੍ਹ ਕੇ ਵਰਤਾ ਦੇ।
ਪੀਤੀ ਹੈ ਬਹੁਤ ਵਾਰੀ, ਪਰ ਤਾਰ ਨਹੀਂ ਆਈ,
ਦੇ ਤੰਦ[1] ਜਿਹੀ ਕੋਈ, ਜੋ ਦੁਨੀਆਂ ਹੀ ਪਲਟਾ ਦੇ।
ਇਕ ਚੀਸ ਬੜੇ ਚਿਰ ਤੋਂ, ਪੈਂਦੀ ਹੈ ਕਲੇਜੇ ਨੂੰ,
ਇਕ ਲੈਣ ਪਲਿਕ ਪਲਕਾਂ, ਮਸਤਾਨਗੀ ਵਰਤਾ ਦੇ।
ਤਰ ਕੰਢੇ ਤੇ ਪਹੁੰਚਣ ਦੇ, ਕੀਤੇ ਮੈਂ ਕਈ ਹੀਲੇ,
ਪਰ ਵਹਿਣ ਹੀ ਵਖਰੇ ਨੇਂ, ਇਸ ਇਸ਼ਕ ਦੇ ਦਰਯਾ ਦੇ।
ਚਾਨਣ ਨੂੰ ਫੜਨ ਖ਼ਾਤਰ, ਤਰਲੇ ਤਾਂ ਬੜੇ ਲੀਤੇ,
ਜਲਵੇ ਨੂੰ ਰਹੇ ਸਿਕਦੇ, ਪਰ ਨੈਣ ਤਮੰਨਾ ਦੇ।

---

1. ਤ੍ਰਿਖਾ, ਤੇਜ਼।

ਮੰਦਰਾਂ ਤੇ ਮਸੀਤਾਂ ਵਿਚ, ਚਰਚਾ ਤਾਂ ਬੜਾ ਸੁਣਿਆ,
ਮਿਲਿਆ ਨਾ ਕੋਈ ਭੇਤੀ, ਜੋ ਮੇਲ ਭੀ ਕਰਵਾ ਦੇ।
ਤਰਸੇਵਾਂ ਰਿਹਾ ਬਣਿਆ, ਰਲ ਮਿਲ ਕੇ ਕਿਤੇ ਬਹਿੰਦੇ,
ਯੂਸਫ[1] ਨੂੰ ਸੁਣਾ ਸਕਦੇ, ਅਰਮਾਨੇ[2] ਜ਼ਲੀਖਾਂ ਦੇ।
ਜੀ ਸੜ ਗਿਆ ਹੁਣ ਬਾਬਾ ! ਛਡ ਖਾਬ ਖਿਆਲੀ ਨੂੰ,
ਬੀਮਾਰ ਨੂੰ ਤੜਫਣ ਦੇ, ਬੂਹੇ ਤੇ ਮਸੀਹਾ[3] ਦੇ।
ਇਸ ਲਾਰੇ ਲਪਾਰੇ ਦਾ, ਇਤਬਾਰ ਰਿਹਾ ਜਾਂਦਾ,
ਜੇ ਦੇਣਾ ਦਿਵਾਣਾ ਈ, ਉਹ ਖੋਲ੍ਹ ਕੇ ਸਮਝਾ ਦੇ।
ਉਹ ਨਰਕ ਬੇਸ਼ਕ ਹੋਵੇ, ਪਰ ਫੇਰ ਨਾ ਬਦਲਾਵੀਂ,
ਜਿਸ ਥਾਂ ਤੇ ਬਿਠਾਣਾ ਈ, ਇਕ ਵਾਰ ਹੀ ਬਿਠਲਾ ਦੇ।

ਮਰ ਗਿਆ ਕਿਉਂ?

(ਕਾਫ਼ੀ)

ਪ੍ਰੇਮ-ਪੁਜਾਰੀ ਨੂੰ ਪੁਛ ਕਰਨਾ,
ਜੀਉਂਦਾ ਹੋ ਕੇ ਮਰ ਗਿਆ ਕਿਉਂ ?
ਪਰਵਾਨੇ ਦਾ ਜਾਮਾ ਪਾ ਕੇ,
ਜਾਨ ਘੁਮਾਣੋਂ ਡਰ ਗਿਆ ਕਿਉਂ ?

1. ਏਸ ਪ੍ਰੇਮ ਦੀਆਂ ਪੱਕੀਆਂ ਫਾਹੀਆਂ,
ਕੀਕਰ ਉਸ ਤੋਂ ਗਈਆਂ ਲਾਹੀਆਂ ?
ਸੀਨੇ ਦੇ ਵਿਚ ਭਾਂਬੜ ਬਲਦਿਆਂ,
ਲਾਸ਼ ਦੇ ਵਾਂਗਰ ਠਰ ਗਿਆ ਕਿਉਂ ?

2. ਪ੍ਰੇਮ-ਨਸ਼ੇ ਦਾ ਪੀ ਕੇ ਪਿਆਲਾ,
ਕਿਉਂ ਨਾ ਹੋਇਆ ਮਨ ਮਤਵਾਲਾ,
ਆ ਗਿਆ ਸੀ ਜੇ ਕੋਈ ਉਛਾਲਾ,
ਅੰਦਰ ਅੰਦਰ ਜਰ ਗਿਆ ਕਿਉਂ ?

3. ਮਿਲ ਗਈ ਸੀ ਜੋ ਦੌਲਤ ਦਿਲ ਦੀ,
ਸੁਰਤ ਕਿਵੇਂ ਰਹੀ ਲਾਂਭੇ ਹਿਲਦੀ,
ਅਰਸ਼ੇ ਚੜ੍ਹ ਕੇ ਪਟਕ ਪਿਆ ਕਿਉਂ,
ਜਿਤ ਕੇ ਬਾਜ਼ੀ ਹਰ ਗਿਆ ਕਿਉਂ ?

---

1. ਯੂਸਫ—ਯਕੂਬ ਦਾ ਪੁੱਤਰ ਤੇ ਇਬਰਾਹੀਮ ਦਾ ਪੋਤਰਾ ਸੀ, ਇਹ ਬਹੁਤ ਸੋਹਣਾ ਸੀ। ਮਤਰੇਏ ਭਰਾਵਾਂ ਨੇ ਈਰਖਾ ਕਰ ਕੇ ਇਸਨੂੰ ਜੰਗਲ ਦੇ ਅੰਨ੍ਹੇ ਖੂਹ ਵਿਚ ਸੁੱਟ ਦਿੱਤਾ ਸੀ। ਇਕ ਵਪਾਰੀਆਂ ਦਾ ਟੋਲਾ ਉਸਨੂੰ ਉਥੋਂ ਕੱਢ ਕੇ ਮਿਸਰ ਲੈ ਗਿਆ ਤੇ ਕਿਤਫੀਰ ਨਾਂ ਦੇ ਧਨੀ ਪਾਸ ਗੁਲਾਮ ਬਣਾ ਕੇ ਵੇਚ ਦਿੱਤਾ। ਕਿਤਫੀਰ ਦੀ ਇਸਤ੍ਰੀ ਜ਼ੁਲੈਖਾਂ (ਜ਼ਲੀਖਾਂ) ਨੇ ਯੂਸਫ ਪਰ ਮੋਹਿਤ ਹੋ ਕੇ ਉਸ ਨਾਲ ਅਯੋਗ ਸਬੰਧ ਰਖਣੇ ਚਾਹੇ ਪਰ ਯੂਸਫ ਨਾ ਮੰਨਿਆ। ਯੂਸਫ ਨੂੰ ਮੁਸਲਮਾਨਾਂ ਵਿਚ ਪੈਗੰਬਰ ਮੰਨਿਆ ਜਾਂਦਾ ਹੈ। 2. ਦਿਲ ਦੀਆਂ ਸੱਧਰਾਂ। 3. ਬਚਾਉਣ ਵਾਲਾ, ਰਖਯਕ।

4. ਚਾਤ੍ਰਿਕ ਸੀ ਤਾਂ ਸਦਮੇ ਸਹਿੰਦਾ,
ਮੂੰਹ ਅਰਸ਼ਾਂ ਵਲ ਚਾਈ ਰਹਿੰਦਾ,
ਛੱਪੜੀਆਂ ਦਾ ਪਾਣੀ ਪੀ ਪੀ,
ਨਾਮ ਕਲੰਕਤ[1] ਕਰ ਗਿਆ ਕਿਉਂ ?

ਘੁੰਡ ਵਾਲੀ ਨੂੰ

(ਗੀਤ ਮਾਲਕੌਂਸ)

ਘੁੰਡ ਮੁਖੜੇ ਤੋਂ ਚਾ ਨੀ ਗੋਰੀਏ। ਘੁੰਡ ਮੁਖੜੇ...
ਪ੍ਰੇਮੀ ਨਾ ਤੜਫਾ ਨੀ ਗੋਰੀਏ। ਘੁੰਡ...

1. ਬੁਕ ਬੁਕ ਮੋਤੀ, ਰੁਗ ਰੁਗ ਤਾਰੇ,
ਘੁੰਡ ਹੇਠੋਂ ਪਏ ਝਲਕਣ ਸਾਰੇ,
ਛਡ ਹੁਣ ਸੰਗ ਸੰਗਾ, ਨੀ ਗੋਰੀਏ।
ਘੁੰਡ ਮੁਖੜੇ ਤੋਂ ਚਾ...

2. ਤੇਰਾ ਹੈ ਇਕ ਵਸਬ[2] ਪੁਰਾਣਾ,
ਢੂੰਡਾਊਆਂ ਨੂੰ ਮਗਰ ਭੁਆਣਾ,
ਇਹ ਕੀ ਹੋਈ ਅਦਾ[3], ਨੀ ਗੋਰੀਏ।
ਘੁੰਡ ਮੁਖੜੇ ਤੋਂ ਚਾ...

3. ਨਾ ਤੂੰ ਹੱਸੇਂ, ਨਾ ਤੂੰ ਬੋਲੇਂ,
ਨਾ ਜਾਲੀ ਦੀ ਸਿਰਕੀ ਖੋਲੇਂ (ਖੁਹਲੇਂ)
ਦਸ ਦੇ ਕੋਈ ਖਤਾ[4] ਨੀ ਗੋਰੀਏ।
ਘੁੰਡ ਮੁਖੜੇ ਤੋਂ ਚਾ...

4. ਜੇ ਤੂੰ ਰੁਸਿਆਂ ਈ ਰੁਸਿਆਂ ਰਹਿਣਾ,
ਅਸਾਂ ਫੇਰ ਭੀ ਕੁਝ ਨਹੀਂ ਕਹਿਣਾ,
ਜੀਕੂੰ ਤੇਰੀ ਰਜ਼ਾ, ਨੀ ਗੋਰੀਏ।
ਘੁੰਡ ਮੁਖੜੇ ਤੋਂ ਚਾ...

ਕਿਉਂ[5] ?

ਸਾਗਰੋਂ ਬੂੰਦ ਨਿਖੇੜ ਕੇ, ਦਿਤੇ ਈ ਹੇਠ ਉਤਾਰ ਕਿਉਂ ?
ਬੈਠੀ ਬਿਠਾਈ ਜਿੰਦ ਨੂੰ, ਪਾਈ ਕਠਿਨ ਵਿਗਾਰ ਕਿਉਂ ?
ਵੇਖਣੀ ਹੀ ਜੇ ਮੌਜ ਸੀ, ਆਪਣੀ ਖੇਡ ਖਿਲਾਰ ਕੇ,
ਮੇਰੇ ਦੁਆਲੇ ਤਾਣਿਆਂ, ਜੰਗਲਾਂ ਖਾਰਦਾਰ[6] ਕਿਉਂ ?

---

1. ਬਦਨਾਮ। 2. ਗੁਣ। 3. ਨਖਰਾ। 4. ਭੁੱਲ। 5. ਇਸ ਕਵਿਤਾ ਵਿਚ ਸੂਫ਼ੀ-ਰੰਗ ਭੀ ਨਾਲ ਨਾਲ ਹੈ।
6. ਕੰਡਿਆਂ ਵਾਲਾ।

ਮੈਂ ਤੇ ਨਹੀਂ ਸੀ ਆਖਿਆ— ਵਖ ਵਜੂਦ ਕਰ ਮਿਰਾ,
ਆਪਣਾ ਆਪ ਗੁਆਇ ਕੇ, ਹੁੰਦਾ ਫਿਰਾਂ ਖੁਆਰ ਕਿਉਂ ?
ਗੁੰਝਲਾਂ ਨਾਲ ਭਰੇ ਪਏ, ਲੰਮੜੇ ਪੰਧ ਤੇ ਤੋਰ ਕੇ,
ਵੇਖ ਤੇ ਲੈਣ ਦੇ ਰੌਣਕਾਂ, ਹੁੰਨਾ ਏਂ ਬੇਕਰਾਰ ਕਿਉਂ ?
ਲਾਈ ਗਈ ਸੀ ਲਾਗ ਜੇ, ਮੇਰੇ ਖਮੀਰ[1] ਨੂੰ ਇਸ਼ਕ ਦੀ,
ਟੋਕਿਆ ਜਾਏ ਫੇਰ ਮੇਰਾ, ਹੁਸਨ ਦੇ ਨਾਲ ਪਿਆਰ ਕਿਉਂ ?
ਮਾਰੀ ਗਈ ਸੀ ਫੂਕ ਜੇ ਕੰਨ ਵਲ੍ਹੇਟ ਕੇ ਤੁਰਨ ਦੀ,
ਐਡੀਆਂ ਉੱਚੀਆਂ ਕਾਮਨਾਂ ਦਿੱਤੀਆਂ ਨਾਲ ਖਲ੍ਹਾਰ ਕਿਉਂ ?
ਮੇਰੇ ਸਿਆਹ ਸਫੈਦ[2] ਤੇ ਜਦ ਤੇਰਾ ਅਖਤਿਆਰ ਹੈ,
ਫਲ ਨਾਲ ਕੀ ਮੇਰਾ ਵਾਸਤਾ ? ਮੈਂ ਹੀ ਜਵਾਬਦਾਰ ਕਿਉਂ ?
ਮੈਂ ਜੂ ਹਾਂ ਤੇਰੀ ਤਲਾਸ਼ ਵਿਚ, ਤੂੰ ਭੀ ਮੇਰੀ ਉਡੀਕ ਵਿਚ,
ਐਡੀਆਂ ਕਾਹਲੀਆਂ ਲਈ ? ਹੋਵਾਂ ਹੁਣੇ ਤਿਆਰ ਕਿਉਂ ?
ਮੈਂ ਜੂ ਤੇਰੀ ਸ਼ਾਨ ਹਾਂ ਤੂੰ ਮੇਰੀ ਆਬਰੂ ਬਣਾ,
ਕੱਲਾ ਤੂੰ ਬੇਨਿਆਜ਼[3] ਕਿਉਂ ? ਕੱਲਾ ਮੈਂ ਗੁਨਾਹਗਾਰ ਕਿਉਂ?

ਹਸਰਤਾਂ

(ਗਜ਼ਲ)

ਕਹੋਂ ਤਾਂ ਦਿਲ ਦੀਆਂ ਬੇਸੁਰਤ ਤਰਬਾਂ ਨੂੰ ਜਗਾ ਦੇਵਾਂ,
ਹਸਰਤਾਂ ਲੁਕਵੀਆਂ ਦੇ ਢੇਰ ਤੋਂ ਪੜਦਾ ਹਟਾ ਦੇਵਾਂ।
ਜਿਨ੍ਹਾਂ ਮੂੰਹ ਬੰਦ ਕਲੀਆਂ ਵਿਚ ਵਸਦੀ ਹੈ ਮੇਰੀ ਦੁਨੀਆਂ,
ਉਨ੍ਹਾਂ ਦਾ ਮੂੰਹ ਖੁਲ੍ਹਾ ਦੇਵਾਂ, ਉਮੰਗਾਂ ਸਭ ਸੁਣਾ ਦੇਵਾਂ।
ਏ ਜੀ ਕਰਦਾ ਹੈ, ਤੇਰੀ ਪ੍ਰੀਤ-ਵੀਣਾਂ ਨੂੰ ਰਹਾਂ ਸੁਣਦਾ,
ਤੇ ਉਸ ਦੇ ਲੋਰ ਅੰਦਰ ਦੀਨ ਦੁਨੀਆਂ ਨੂੰ ਭੁਲਾ ਦੇਵਾਂ।
ਵਲੇਵੇਂ ਬੇਥਵ੍ਹੇ ਜੋ ਪਾ ਰਖੇ ਤੇਰੀ ਮੁਹੱਬਤ ਨੇ,
ਉਨ੍ਹਾਂ ਵਿਚ ਸਾਰੀਆਂ ਆਸਾਂ ਉਮੈਦਾਂ ਨੂੰ ਲੁਕਾ ਦੇਵਾਂ।
ਜੋ ਤੇਰੇ ਸ਼ਰਬਤੀ ਨੈਣਾਂ ਚੋਂ ਨੈਂ ਮਸਤੀ ਦੀ ਵਹਿੰਦੀ ਏ,
ਉਦ੍ਹੇ ਅੰਦਰ ਗਮਾਂ ਫਿਕਰਾਂ ਨੂੰ ਚੁਣ ਚੁਣ ਕੇ ਰੁੜ੍ਹਾ ਦੇਵਾਂ।
ਅਤਰ ਦੀਆਂ ਭਿੰਨੀਆਂ ਮੁਸ਼ਕੀ ਲਿਟਾਂ ਦੀ ਰਾਤ ਲੰਮੀ ਵਿਚ,
ਭਟਕਦੇ ਦਿਲ ਦੀਆਂ ਰੀਝਾਂ ਨੂੰ ਥਾਪੜ ਕੇ ਸੁਆ ਦੇਵਾਂ।
ਜੋ ਇੰਦਰ[4] ਦੇ ਸਿੰਘਾਸਣ ਤੇ ਹਵਾ ਰੁਮਕੇ ਸੁਅਰਗਾਂ ਦੀ,
ਤੇਰੇ ਭੋਲੇ ਜਿਹੇ ਮੁਖੜੇ ਦੇ ਹਾਸੇ ਤੋਂ ਘੁਮਾ ਦੇਵਾਂ।

---

1. ਸੁਭਾ, ਪ੍ਰਕ੍ਰਿਤੀ। 2. ਭਲਾਈ, ਬੁਰਾਈ। 3. ਇੱਛਾ ਰਹਿਤ। 4. ਸਵਰਗਪੁਰੀ ਦਾ ਰਾਜਾ।

ਕਸਮ ਹੈ ਤੇਰੇ ਨਿਰਛਲ ਪ੍ਰੇਮ ਦੀ, ਏਹੋ ਤਮੰਨਾ ਹੈ,
ਕਿ ਆਪਣੀ ਸ਼ਾਨ ਸ਼ੌਕਤ ਤੇਰੇ ਪੈਰਾਂ ਤੇ ਟਿਕਾ ਦੇਵਾਂ।

ਕਿਵੇਂ ਰਿਝਾਵਾਂ ?

(ਗੀਤ)

ਦਿਲਬਰ ! ਦਸ ਛਡ, ਤੈਨੂੰ ਕਿਹੜੇ ਵਸਬੀਂ[1] ਰਿਝਾਵਾਂ ?
ਪਾਵਾਂ ਕਿਸ ਦੀ ਵਕੀਲੀ ? ਕੀ ਕੀ ਭੇਟ ਲਿਆਵਾਂ ?
1. ਤੇਰੀਆਂ ਤਕਦਿਆਂ ਵਾਟਾਂ ਮੈਨੂੰ ਜੁਗੜੇ ਵਿਹਾਏ,
ਕਾਲੇ ਕੁੰਡਲ ਧੁਣ ਧੁਣ ਗੋਰੇ ਗੋਹੜੇ ਬਣਾਏ,
ਏਹੋ ਹਸਰਤ ਦਿਲ ਦੀ ਤੈਨੂੰ ਲੈ ਗਲ ਲਾਵਾਂ।
ਦਿਲਬਰ ! ਦਸ ਛਡ, ਤੈਨੂੰ ਕਿਹੜੇ ਵਸਬੀਂ ਰਿਝਾਵਾਂ ?
2. ਕਦੀ ਆਈ ਊ ਚੇਤੇ ਆਪਣੀ ਜੋਗੀ ਦੀ ਫੇਰੀ ?
ਇਕ ਦਿਨ ਲੰਘਦਿਆਂ ਲੰਘਦਿਆਂ ਝਾਤੀ ਪੈ ਗਈ ਸੀ ਤੇਰੀ,
ਓਸੇ ਵੇਲੇ ਦੀ ਕੁੱਠੀ, ਬੈਠੀ ਔਸੀਆਂ ਪਾਵਾਂ,
ਦਿਲਬਰ ! ਦਸ ਛਡ, ਤੈਨੂੰ ਕਿਹੜੇ ਵਸਬੀਂ ਰਿਝਾਵਾਂ ?
3. ਆਈ ਫਸਲ ਬਹਾਰੀ ਦੁਨੀਆਂ ਵੱਸ ਪਈ ਸਾਰੀ,
ਲਗਰਾਂ ਝੋਲੀਆਂ ਭਰੀਆਂ, ਕਰਨੇ ਮਹਿਕ ਖਿਲਾਰੀ,
ਮੈਨੂੰ ਤੁਧ ਬਿਨ ਜਾਪਣ ਸੱਭੇ, ਸੁੰਞੀਆਂ ਥਾਵਾਂ,
ਦਿਲਬਰ ! ਦਸ ਛਡ, ਤੈਨੂੰ ਕਿਹੜੇ ਵਸਬੀਂ ਰਿਝਾਵਾਂ ?
4. ਜੇ ਕਰ ਆ ਜਾਂਦੋਂ ਏਧਰ, ਕੱਠੇ ਹੋ ਕਿਤੇ ਬਹਿੰਦੇ,
ਘੁੰਡੀਆਂ ਖੋਲਦੇ ਗੁੱਝੀਆਂ, ਦਿਲ ਦੀਆਂ ਸੁਣਦੇ ਤੇ ਕਹਿੰਦੇ,
ਮੈਨੂੰ ਦੇਂਦੋਂ ਦਿਲਾਸਾ, ਤੇਰੀਆਂ ਲੈਂਦੀ ਬਲਾਵਾਂ,
ਦਿਲਬਰ ! ਦਸ ਛਡ, ਤੈਨੂੰ ਕਿਹੜੇ ਵਸਬੀਂ ਰਿਝਾਵਾਂ ?
5. ਕਿੱਥੇ ਬਹਿ ਰਿਹੋਂ ਜਾ ਕੇ ? ਕਿਸਮਤ ਸੌਂ ਗਈ ਮੇਰੀ,
ਜਿਉਂ ਜਿਉਂ ਚਿਰਕ[2] ਲਗਾਵੇਂ ਹੋਵੇ ਤਾਂਘ ਲਮੇਰੀ,
ਚਾਤ੍ਰਿਕ ਵਾਂਗ, ਅਕਾਸ਼ੇ ਕਰ ਕਰ ਮੂੰਹ ਕੁਰਲਾਵਾਂ,
ਦਿਲਬਰ ! ਦਸ ਛਡ, ਤੈਨੂੰ ਕਿਹੜੇ ਵਸਬੀਂ ਰਿਝਾਵਾਂ ?

ਪਪੀਹਾ !

(ਗੀਤ)

"ਪੀਆ ਪੀਆ, ਪੀਆ" ਨਿਤ ਬੋਲ, ਵੇ ਪਪੀਹਾ[3] !
ਬੋਲ ਵੇ ਪਪੀਹਾ ! ਚੁੰਝ ਖੋਲ, ਵੇ ਪਪੀਹਾ !

1. ਗੁਣਾਂ ਨਾਲ। 2. ਦੇਰ। 3. ਚਾਤ੍ਰਿਕ, ਬੱਦਲਾਂ ਤੋਂ ਸਵਾਂਤੀ ਬੂੰਦ ਮੰਗਣ ਵਾਲਾ ਪੰਛੀ ਜੋ ਪੀ, ਪੀ, ਬੋਲਦਾ ਰਹਿੰਦਾ ਹੈ।

ਪੀਆ ਜੀ ਦੇ ਨਾਲ ਤੇਰੀ ਪ੍ਰੀਤ ਹੈ ਪੁਰਾਣੀ
ਦੱਸੀ ਜਾ ਕਲੇਜਾ ਫੋਲ ਫੋਲ, ਵੇ ਪਪੀਹਾ !
ਅੱਗ ਤੇਰੀ ਆਸਰੇ ਦੀ ਬੁੱਝ ਕਿਤੇ ਜਾਏ ਨਾ,
ਲੱਗਾ ਰਹੇ ਜ਼ਿੰਦਗੀ ਦਾ ਘੋਲ, ਵੇ ਪਪੀਹਾ,
ਚੀਸ ਤੇਰੀ ਚੀਰਵੀਂ ਤੇ ਕੂਕ ਤੇਰੀ ਕਾਟਵੀਂ,
ਪਹੁੰਚ ਸੱਕੇ ਸਿੱਧੀ ਪੀਆ ਕੋਲ, ਵੇ ਪਪੀਹਾ !
ਆਸਾਂ ਦੀਆਂ ਡੋਰੀਆਂ ਖਿਲਾਰੀ ਰੱਖ ਲੰਮੀਆਂ,
ਬੱਝਾ ਰਹੇ ਹੌਸਲਾ ਅਡੋਲ, ਵੇ ਪਪੀਹਾ !
ਪੀਆ ਦੇ ਪਿਆਰ ਵਿਚ ਡੁਲ੍ਹੇ ਤੇਰੇ ਅੱਥਰੂ,
ਤੁੱਲਣੇ ਨੇ ਮੋਤੀਆਂ ਦੇ ਤੋਲ, ਵੇ ਪਪੀਹਾ।

ਨਿਗਹ ਦਾ ਤੀਰ

(ਗਜ਼ਲ)

ਛਾਨਣੀ ਕੀਤਾ ਕਲੇਜਾ, ਕਿਸ ਨਿਗਹ ਦੇ ਤੀਰ ਨੇ ?
ਖੋਹ ਲਿਆ ਜਿਗਰਾ, ਕਿਦ੍ਹੀ-ਭੋਲੀ ਜਿਹੀ ਤਸਵੀਰ ਨੇ ?
ਜੋਗੀਆਂ ! ਸੂਰਤ ਵਟਾ ਕੇ, ਕਿਉਂ ਭੁਲਾਵੇ ਦੇ ਰਿਹੋਂ ?
ਤਾੜ ਲੀਤਾ ਤੋਰ ਤੋਂ, ਰਾਂਝਣ ਰੰਗੀਲਾ ਹੀਰ ਨੇ।
ਨਾ ਬੁਲਾ, ਨਾ ਬੋਲ, ਨਾ ਪੜਦੇ ਹਟਾ, ਨਾ ਝਾਤ ਪਾ,
ਬੇਅਸਰ ਕਦ ਤਕ ਰਹਿਣਗੇ, ਮੇਰੇ ਹਾੜੇ ਕੀਰਨੇ।
ਸਹੁੰ ਕਰਾ ਲੈ, ਹੋਰ ਕੋਈ, ਏਸ ਘਰ ਆਇਆ ਨਹੀਂ।
ਤੇਰੇ ਹੱਥਾਂ ਦੇ ਘੜੇ ਹੋਏ, ਏਹ ਸਭ ਜੰਜੀਰ ਨੇਂ।
ਚਾਰਾਗਰ[1] ਕਹਿੰਦਾ ਹੈ ਪੀ ਕੇ ਬੇਖੁਦੀ ਦੀ ਲੇਟ ਜਾ।
ਪਰ ਕਿਆਮਤ[2] ਤਕ ਅਸਰ ਕਰਨਾ ਹੈ ਇਸ ਅਕਸੀਰ[3] ਨੇ।

ਭਉਰੇ ਨੂੰ

ਭੰਵਰਿਆ ! ਪ੍ਰੀਤ ਦੀ ਰਾਗਣੀ ਛੇੜ।

1. ਜਗ ਰਚਨਾ ਤੋਂ ਵੀ ਪ੍ਰੀਤ ਪੁਰਾਣੀ,
ਜੁਗ ਜੁਗ ਤੁਰਦੀ ਰਹੀ ਕਹਾਣੀ,
ਕਈ ਵਾਰੀ ਉਪਜੇ, ਕਈ ਵਾਰੀ ਨਿਪਜੇ,
ਚੰਦ ਸੂਰਜ ਦੇ ਗੇੜ,
ਭੰਵਰਿਆ ! ਪ੍ਰੀਤ ਦੀ ਰਾਗਣੀ ਛੇੜ।

---

1. ਇਲਾਜ ਜਾਂ ਉੱਦਮ ਕਰਨ ਵਾਲਾ। 2. ਪਰਲੋ। 3. ਜ਼ਰੂਰ ਅਸਰ ਕਰਨ ਵਾਲੀ ਦਵਾ।

2. ਕੰਵਲੇ ਨਾਲ ਤੂੰ ਪ੍ਰੀਤ ਲਗਾਈ,
ਕੰਵਲੇ ਨੂੰ ਸੂਰਜ ਦੀ ਰੁਸ਼ਨਾਈ,
ਸੰਝ ਸੁਆਲ, ਸਵੇਰ ਜਗਾ ਕੇ,
ਅਖੀਆਂ ਦੇਵੇਂ ਉਘੇੜ,
ਭੰਵਰਿਆ ! ਪ੍ਰੀਤ ਦੀ ਰਾਗਣੀ ਛੇੜ।

3. ਲੈ ਪਰਲੇ ਦੀਆਂ ਲੰਮੀਆਂ ਰਾਤਾਂ,
ਪ੍ਰੀਤ ਨੇ ਛੋਹੀਆਂ ਗੁਝੀਆਂ ਬਾਤਾਂ,
ਕਹਿ ਕੱਹਿ ਸੁਣ ਸੁਣ, ਥੱਕ ਗਈ ਦੁਨੀਆਂ,
ਕੋਈ ਨਾ ਸਕਿਆ ਨਬੇੜ,
ਭੰਵਰਿਆ ! ਪ੍ਰੀਤ ਦੀ ਰਾਗਣੀ ਛੇੜ।

4. ਰਾਗਣੀ ਆਪਣੀ ਛੇੜੀ ਜਾਵੀਂ,
ਛੋਹਿਆ ਪੰਧ ਨਬੇੜੀ ਜਾਵੀਂ,
ਵੇਖੀ ਜਾਹ ਤੂੰ ਰਾਹ ਵਿਚ ਹੁੰਦੇ,
ਮੌਤ ਜੀਵਨ ਦੇ ਭੇੜ,
ਭੰਵਰਿਆ ! ਪ੍ਰੀਤ ਦੀ ਰਾਗਣੀ ਛੇੜ।

ਜੀਵਨ ਆਦਰਸ਼

(ਗਜ਼ਲ)

ਹੇ ਮੇਰੀ ਜੀਵਨ, ਆਦਰਸ਼-ਮਲਿਕਾ !
ਤੂੰ ਖੋਲ ਬੂਹੇ, ਨਿਸ਼ੰਗ ਹੋ ਕੇ,
ਉਜਾੜ ਨੂੰ ਘਰ ਬਣਾ ਲਿਆ ਹੈ,
ਮੈਂ ਏਸ ਰੌਣਕ ਤੋਂ ਤੰਗ ਹੋ ਕੇ।
ਜਿਨ੍ਹਾਂ ਉਮੈਦਾਂ ਦੇ ਸਿਰ ਤੇ ਮੇਰੀ—
ਅਕਾਸ਼ ਗੁੱਡੀ ਚੜ੍ਹੀ ਹੋਈ ਸੀ,
ਉਭਰ ਉਭਰ ਕੇ ਓ ਬੈਠ ਗਈਆਂ,
ਗਮਾਂ ਤੇ ਖੁਸ਼ੀਆਂ ਦਾ ਜੰਗ ਹੋ ਕੇ।
ਬਣਾ ਬਣਾ ਕੇ ਸੁਨਹਿਰੀ ਸੁਪਨੇ,
ਆਬਾਦ ਸੀ ਏਸ ਦਿਲ ਦੀ ਦੁਨੀਆਂ,
ਉਜੜ ਗਈ ਹੈ ਉਹ ਖੇਪ ਸਾਰੀ,
ਬੁਝੀ ਹੋਈ ਮਨ-ਤਰੰਗ ਹੋ ਕੇ।
ਤੂੰ ਕੋਈ ਸੂਰਤ ਬਣਾ ਦੇ ਐਸੀ,
ਮੈਂ ਤੇਰਾ ਹੋ ਜਾਂ ਤੂੰ ਮੇਰੀ ਹੋਵੇਂ,
ਮੇਰੇ ਕਲੇਜੇ ਦਾ ਖੂਨ ਝਲਕੇ,

ਤੇਰੇ ਕਪੋਲਾਂ[1] ਦਾ ਰੰਗ ਹੋ ਕੇ।
ਜਗਾ ਦੇ ਅੰਦਰ ਹੀ ਜੋਤ ਐਸੀ,
ਉਧਾਰੇ ਚਾਨਣ ਨੂੰ ਜੀ ਨਾ ਤਰਸੇ,
ਗੁਆਚ ਜਾਵੇ, ਉਡੀਕ ਦਿਲ ਦੀ,
ਇਸੇ ਸ਼ਮਾ ਦਾ ਪਤੰਗ ਹੋ ਕੇ।

ਦੋਹੜਾ

ਨਜ਼ਰ-ਫਰੇਬ, ਪ੍ਰੀਤਮ ਬਣ ਗਿਆ, ਨਾ ਲੱਭਾ, ਨਾ ਡਿੱਠਾ,
ਜਿਸ ਨੂੰ ਪੁਛਿਆ, ਓਹੋ ਆਖੇ, ਮਿੱਠਾ, ਮਿੱਠਿਓਂ ਮਿੱਠਾ।
ਐਡੇ ਸੋਹਣੇ, ਦਿਲਬਰ ਦੇ ਜੇ, ਅੱਖੀਆਂ ਕੰਨ ਵੀ ਦਿਸਦੇ,
ਤਰਲਾ ਪਾ, ਪੁੰਝਵਾ ਤੇ ਲੈਂਦੇ, ਕਾਲਾ ਕੀਤਾ ਚਿੱਠਾ।

ਕਿਥੇ ਲੁਕ ਗਿਆ ਰਾਂਝਣ ਮਾਹੀ !

1. ਭੱਠੀਆਂ ਬੁਝੀਆਂ, ਸ਼ਾਮਾਂ ਪਈਆਂ,
ਘਰੋਂ ਘਰੀ ਕੁੜੀਆਂ ਤੁਰ ਗਈਆਂ,
ਚੁਲ੍ਹਿਆਂ ਦਾ ਧੂੰ ਅੰਬਰ ਚੜ੍ਹਿਆ,
ਮਾਲ ਹਵੇਲੀਆਂ ਵਿਚ ਜਾ ਵੜਿਆ,
ਰਾਹੇ ਰਾਹ ਨਿਮਾਜ਼ੀ ਪੈ ਗਏ,
ਰਾਹੀ ਮੁਸਾਫਰ ਦਾਇਰੀਂ[2] ਬਹਿ ਗਏ,
ਉਡਦੇ ਜਾਂਦੇ, ਆਲ੍ਹਣਿਆਂ ਵਲ—
ਪੰਛੀ, ਵਾਹੋ ਦਾਹੀ,
ਕਿੱਥੇ ਲੁਕ ਗਿਆ ਰਾਂਝਣ ਮਾਹੀ !

2. ਜੂਹਾ ਵਿਚ ਉਡਦਾ ਗਰਦਾ ਬਹਿ ਗਿਆ,
ਸੂਰਜ ਲਹਿੰਦਾ ਲਹਿੰਦਾ, ਲਹਿ ਗਿਆ।
ਖਿਲਰ ਪੁਲਰ ਗਏ ਬੱਦਲ ਟੋਟੇ,
ਵਡੇ ਵਡੇ ਹੋਏ ਛੋਟੇ ਛੋਟੇ।
ਖਾਨਗਾਹ[3] ਵਿਚ ਦੀਵੇ ਜਗ ਪਏ,
ਮੋਟੇ ਤਾਰੇ, ਝਮਕਣ ਲਗ ਪਏ,
ਐਰੀ ਐਰੇ, ਘੁਲ ਮਿਲ ਗਈਆਂ—
ਲਾਲੀ ਅਤੇ ਸਿਆਹੀ,
ਕਿੱਥੇ ਲੁਕ ਗਿਆ ਰਾਂਝਣ ਮਾਹੀ।

---

1. ਗੱਲ੍ਹਾਂ। 2. ਫਕੀਰਾਂ ਦਾ ਥਾਂ। 3. ਮੁਸਲਮਾਨ ਫਕੀਰਾਂ ਦੇ ਰਹਿਣ ਦਾ ਸਥਾਨ।

3. ਸੁੱਤੀ ਸੁੰਞ ਮਸੁੰਞ ਚੁਫੇਰੇ,
ਚਾਨਣ ਨੂੰ ਵਲ ਲਿਆ ਹਨੇਰੇ।
ਸੁੱਕੇ ਖੂੰਘ ਤੇ ਉੱਲੂ ਹੂਕੇ,
ਵ੍ਹਾ ਤਿੱਖੀ ਤੇ ਬੇਲਾ ਸ਼ੂਕੇ।
ਸਰਕੰੜਿਆਂ ਦੇ ਪੱਛ ਪਏ ਚੋਂਦੇ,
ਦੱਭ ਦੇ ਸੂਏ, ਪੈਰ ਪਰੋਂਦੇ,
ਭਿਣਖ ਨਾ ਪਏ, ਨਾ ਸੋ ਕੋਈ ਦੱਸੇ—
ਪਾਰੋਂ ਆਉਂਦਾ ਰਾਹੀ,
ਕਿੱਥੇ ਲੁਕ ਗਿਆ ਰਾਂਝਣ ਮਾਹੀ।

4. ਸੁਰਤ ਉਖੜ ਗਈ, ਦਿਸਣੋਂ ਰਹਿ ਗਿਆ,
ਕਿਸਮਤ ਰੁਸ ਗਈ, ਜਿਗਰਾ ਢਹਿ ਗਿਆ,
ਸੁਕ ਗਏ ਸਾਹ, ਅੰਦੇਸਿਆਂ ਘੇਰੀ,
ਕਿਰਦੀ ਜਾਏ ਸੁਪਨਿਆਂ ਦੀ ਢੇਰੀ,
ਕਾਂਗ ਝਨਾਂ ਦੀ, ਚੜ੍ਹਦੀ ਆਵੇ,
ਨਿਹੁੰ ਭੀ, ਲੈਣ ਲਗਾ (ਏ) ਪਰਤਾਵੇ।
ਕੀ ਗਲ ਸੂ, ਜਿ ਹੁਣੇ ਆ ਬਹੁੜੇ,
ਸੱਚ ਦੀ ਕਰਨ ਗਵਾਹੀ,
ਕਿੱਥੇ ਲੁਕ ਗਿਆ ਰਾਂਝਣ ਮਾਹੀ !

5. ਕਿਉਂ ਚੰਨੀਏ ! ਤੂੰ ਕੀ ਸਏਂ ਲੱਭਦੀ ?
ਮੈਂ ਤੇ ਏਥੇ ਈ ਸਾਂ, ਸਹੁੰ ਰੱਬ ਦੀ !
ਤੁਰਿਆ ਈ ਸਾਂ ਮੈਂ, ਤੂੰ ਆ ਗਈਓਂ,
ਏਨੇ ਈ ਵਿਚ ਦਹਿਸ਼ਤ ਖਾ ਗਈਓਂ ?
ਇਸ਼ਕ ਦੀ ਮਜ਼ਲ ਤੇ ਬੜੀ ਪਈ ਹੈ,
ਰੱਬ ਜਾਣੇ, ਦਿਸਣਾ ਕੀ ਕੀ ਹੈ।
ਰਹਿਮਤ ਨਾਲ ਸਿਦਕ ਦੀ ਬੇੜੀ,
ਜਾਣੀ ਏ ਤੋੜ ਨਿਬਾਹੀ,
ਤੇਰੇ ਪਾਸ ਹੈ ਰਾਂਝਣ ਮਾਹੀ।

6. ਇਸ਼ਕ ਨੇ ਸੌਂਪੀਆਂ, ਔਖੀਆਂ ਕਾਰਾਂ,
ਰਾਹ ਵਿਚ ਵਿਛੀਆਂ, ਤਿੱਖੀਆਂ ਧਾਰਾਂ,
ਕੱਚੀਆਂ ਤੰਦਾਂ, ਰੇਤ ਦੀ ਝਜਰੀ,
ਪ੍ਰੀਤ ਕਿਤੇ ਸਾਡੀ ਜਾਏ ਨਾ ਨਜ਼ਰੀ,
ਮੂੰਹਾਂ ਤੇ ਜੜੇ ਸ਼ਰ੍ਹਾਂ ਦੇ ਜੰਦਰੇ,
ਜੀਉਣ ਨਾ ਦੇਂਦੇ, ਦੂਤੀ ਚੰਦਰੇ।
ਮੇਰੀ ਤੇ ਇਕੋ ਦੁਨੀਆਂ ਏ ਵੱਸਦੀ,
ਤੇਰੀ ਨੂੰ ਰੱਖੇ ਇਲਾਹੀ,
ਤੇਰੇ ਪਾਸ ਹੈ ਰਾਂਝਣ ਮਾਹੀ।

ਦੋਹੜਾ

ਚੰਗਿਆਂ ਭਲਿਆਂ, ਗਲ ਲਗਿਆਂ ਨੂੰ (ਤੁਸਾਂ) ਧੁਰ ਥੱਲੇ ਪਟਕਾਇਆ,
ਦੁਨੀਆਂ ਇਧਰੋਂ, ਔਧਰ ਹੋ ਗਈ, (ਤੁਸਾਂ) ਨਕਸ਼ਾ ਹੀ ਪਲਟਾਇਆ।
ਹੌਲੀ ਹੌਲੀ, ਉਤਾਂਹ ਚੜ੍ਹਨ ਦਾ, (ਅਸਾਂ) ਤ੍ਰਾਣ[1] ਬਤੇਰਾ ਲਾਇਆ,
ਠੇਡੇ ਖਾਂਦਿਆਂ, ਮਜ਼ਲ ਨਾ ਮੁੱਕੀ (ਤੁਸਾਂ) ਚੰਗਾ ਸਫਰ ਛਹਾਇਆ।

ਤੇਰੀ ਖੋਜ

ਤੂੰ ਨਸ ਭਜ ਲੁਕ ਛਿਪ ਬੇਸ਼ਕ ਲੈ,
ਓੜਕ ਤੂੰ ਫੜਿਆ ਜਾਣਾ ਹੈ।

1. ਵਲ ਪਾ ਪਾ ਮਗਰ ਭਜਾਈ ਜਾ,
ਜਿੰਨਾ ਜੀ ਕਰੇ ਖਪਾਈ ਜਾ,
ਏਥੋਂ ਨਹੀਂ ਅਗਲੇ ਪਿੰਡ ਸਹੀ,
ਓਥੇ ਨਹੀਂ ਓਦੂੰ ਦੂਰ ਕਿਤੇ,
ਤੇਰਾ ਖੁਰਾ ਗੁਆਚਣ ਵਾਲਾ ਨਹੀਂ,
ਅਜ ਨਹੀਂ, ਕਲ, ਪਰਸੋਂ ਚੌਥ ਸਹੀ,
ਭਉਂ ਝਉਂ ਤੂੰ ਕਾਬੂ ਆਣਾ ਹੈ?
ਤੂੰ ਨਸ, ਭਜ, ਲੁਕ ਛਿਪ, ਬੇਸ਼ਕ ਲੈ,
ਓੜਕ ਤੂੰ ਫੜਿਆ ਜਾਣਾ ਹੈ।

2. ਕੋਈ ਕਹਿੰਦਾ ਏ, ਤੂੰ ਹੁਣ ਲਭਣਾ ਨਹੀਂ,
ਤੇਰੀ ਸ਼ਕਲ ਪਛਾਤੀ ਜਾਣੀ ਨਹੀਂ,
ਬੇਸ਼ਕ ਤੂੰ ਹੋਰ ਗੁਆਚਾ ਰਹੁ,
ਨਿਤ ਨਵੇਂ ਵੇਸ ਬਦਲਾਂਦਾ ਰਹੁ,
ਜੇ ਦਿਨੇ ਨਹੀਂ ਤਾਂ ਰਾਤ ਸਹੀ,
ਜੇ ਸੰਝ ਨਹੀਂ ਪਰਭਾਤ ਸਹੀ,
ਮਿਲ ਜਾਣਾ ਤੇਰਾ ਟਿਕਾਣਾ ਹੈ,
ਤੂੰ ਨਸ, ਭਜ, ਲੁਕ ਛਿਪ ਬੇਸ਼ਕ ਲੈ
ਓੜਕ ਤੂੰ ਫੜਿਆ ਜਾਣਾ ਹੈ।

3. ਤੂੰ ਜੀਉਂਦਾ ਹੈਂ, ਮੈਂ ਜੀਣਾ ਹੈ,
ਤੈਨੂੰ ਲਭ ਕੇ ਪਾਣੀ ਪੀਣਾ ਹੈ।
ਜੇ ਤੇਰੀ ਚਾਲ ਤ੍ਰਿਖੇਰੀ ਹੈ,
ਮੇਰੀ ਭੀ ਮਜ਼ਲ ਲਮੇਰੀ ਹੈ,

---

1. ਜੋਰ।

ਇਕ ਦਿਨ ਐਸਾ ਆ ਜਾਣਾ ਹੈ,
ਤੈਨੂੰ ਆਪ ਸ਼ਰਮ ਪਈ ਆਵੇਗੀ,
ਮੈਨੂੰ ਹਫਿਆ ਤਕ ਕੇ ਹੱਸ ਪਏਂਗਾ,
ਹਸ ਹਸ ਕੇ ਗਲੇ ਲਗਾਣਾ ਹੈ,
ਤੂੰ ਨਸ, ਭਜ, ਲੁਕ ਛਿਪ ਬੇਸ਼ਕ ਲੈ,
ਓੜਕ ਤੂੰ ਫੜਿਆ ਜਾਣਾ ਹੈ।

ਦੋਹੜਾ

ਬੇਕਦਰਾਂ ਦੇ ਵੱਸ, ਦਿਲ ਪਾ ਕੇ, (ਅਸਾਂ) ਸੱਲ ਸਹਾਰੇ ਚੋਖੇ,
ਨੈਣਾਂ ਤੱਤਿਆਂ ਦਾ ਕੀ ਕਰੀਏ, (ਜਿਹੜੇ) ਮੁੜ ਮੁੜ ਖਾਵਣ ਧੋਖੇ,
ਨਾ ਦਰਵਾਜ਼ੇ ਖੁਲ੍ਹਦੇ ਸਾਨੂੰ, (ਨਾ) ਹੋਵਣ ਬੰਦ ਝਰੋਖੇ[1],
ਮਰਨ ਜੀਉਣ ਦੀ ਵਿਚਲੀ ਜੂਨੇ, (ਅਸਾਂ) ਵੇਖੇ ਚੁਹਲ ਅਨੋਖੇ।

ਪ੍ਰੀਤਮ ਨੂੰ

ਪ੍ਰੀਤਮ ! ਤੈਨੂੰ ਹੈ ਯਾਦ ? ਕਿ ਤੈਨੂੰ ਪਿਆਰ ਕਰਾਂ ਮੈਂ,
ਆਪਣਾ ਸਭ ਕੁਝ, ਉਸ ਪਿਆਰ ਦੇ ਸਿਰੋਂ ਨਿਸਾਰ ਕਰਾਂ ਮੈਂ।
ਉਹ ਪਿਆਰ, ਜੁ ਸਦਾ ਉਡੀਕੇ ਤੇਰਾ ਪ੍ਰੇਮ-ਦਿਲਾਸਾ,
ਡੁਲ੍ਹ ਡੁਲ੍ਹ ਪੈਂਦੇ ਨੈਣ-ਅੰਮ੍ਰਿਤ ਦਾ ਜੋ ਰਹੇ ਪਿਆਸਾ।
ਓਹ ਪਿਆਰ ਕਿ ਜਿਸ ਦੀ ਤਾਰ, ਰੂਹਾਂ ਨੂੰ ਰਖੇ ਪਰੋਈ,
ਦੋ ਦਿਲਾਂ ਵਿਚਾਲੇ, ਰਹਿਣ ਨਾ ਦੇ ਜੋ ਪਰਦਾ ਕੋਈ।
ਉਹ ਪਿਆਰ ਕਿ ਜਿਦ੍ਹਾ ਸਰੂਰ[2], ਰਖੇ ਵਿਸਮਾਦ ਬਣਾਈ,
ਜਿਸ ਨੂੰ ਮਿਲਾਪ ਦੀ ਲਟਕ, ਜੁਗਾਂ ਤਕ ਰਖੇ ਜਿਵਾਈ।
ਉਹ ਪਿਆਰ ਜੁ, ਰੱਬ ਦੇ ਘੜੇ ਹੁਸਨ ਤੇ ਸਦਕੇ ਜਾਵੇ,
ਜ਼ਾਹਰ ਬਾਤਨ[3] ਦੇ ਜਲਵੇ, ਤਕ ਤਕ ਜਾਨ ਘੁਮਾਵੇ।
ਉਹ ਪਿਆਰ, ਜਿਦ੍ਹੇ ਵਿਚ, ਸਦਾ ਵਸੇ ਇਕ-ਰਸੀ ਜਵਾਨੀ,
ਫਾਨੀ[4] ਜਹਾਨ ਜਿਸ ਨਾਲ, ਬਣ ਰਿਹਾ ਹੈ ਲਾਫਾਨੀ।
ਉਹ ਪਿਆਰ, ਜਿਦ੍ਹਾ ਪਰਸੇਉ[5], ਟਪਾਵੇ ਨਾੜ ਨਾੜ ਨੂੰ,
ਛੁਹ ਜਿਦ੍ਹੀ ਕਰੇ ਸਰਸਬਜ਼, ਸੀਨਿਆਂ ਦੀ ਉਜਾੜ ਨੂੰ।
ਉਹ ਪਿਆਰ, ਜਿਨੂੰ ਨਹੀਂ ਲੋੜ, ਕਿਸੇ ਉਤਲੇ ਸ਼ਿੰਗਾਰ ਦੀ,
ਜ਼ਾਹਰਦਾਰੀ ਵਲ ਜਿਦ੍ਹੀ ਨਿਗਹ ਨਹੀਂ ਝਾਤ ਮਾਰਦੀ।
ਉਹ ਪਿਆਰ, ਜਿਦ੍ਹੇ ਮਸਤਕ ਤੇ ਕੋਈ ਕਲੰਕ ਨਹੀਂ ਹੈ,

1. ਬਾਰੀਆਂ। 2. ਮਸਤੀ। 3. ਗੁਪਤ, ਪ੍ਰਗਟ। 4. ਨਾਸ਼ਮਾਨ। 5. ਪਸੀਨਾ।

ਡਰ ਮੇਹਣਿਓਂ, ਗਾਲ ਉਲ੍ਹਾਮਿਓਂ, ਵਖਰੀ ਜਿਦ੍ਹੀ ਜ਼ਿਮੀ ਹੈ।
ਉਹ ਪਿਆਰ ਜਿਹਨੂੰ ਹੈ ਤਾਂਘ ਨਿਰੇ ਅਪਣਾਏ ਜਾਣ ਦੀ।
ਫਿਰ ਰਖਦਾ ਹੈ ਤੌਫ਼ੀਕ[1], ਸਿਦਕ ਲਮਕਾਏ ਜਾਣ ਦੀ।

ਦੋਹੜਾ

ਦਿਲ ਚੰਦਰੇ ਨੂੰ, ਕਿਹਾ ਬਤੇਰਾ, (ਵੇ ਤੂੰ) ਨਾ ਮੰਗ ਨੈਣ ਨਿਲੱਜੇ,
ਸਾਰੀ ਦੁਨੀਆਂ (ਜਿਨ੍ਹਾਂ) ਤਕ ਤਕ ਝਪ ਲਈ, (ਪਰ) ਉਡਣੋਂ ਅਜੇ ਨਾ ਰੱਜੇ,
ਅੰਮ੍ਰਿਤ ਦੇ ਵਿਚ, ਮਹੁਰਾ[2] ਘੋਲਣ, (ਅਤੇ) ਮੈਲ ਨਿਖਾਰਨ ਨੂਰੋਂ,
ਐਸੇ ਗਏ ਗੁਆਤਿਆਂ ਹੱਥੋਂ, (ਮੇਰੇ) ਸਾਥੀ ਪੜਦੇ ਕੱਜੇ।

ਮੇਰੇ ਗੀਤ

(ਗਜ਼ਲ)

1. ਮੇਰੇ ਗੀਤ ਨੇਂ ਰੰਗਾ ਰੰਗ ਦੇ, ਕਦੇ ਭੜਕ ਉੱਠਣ, ਕਦੇ ਸੰਗਦੇ।
ਕਦੇ ਉੱਠਾਂ, ਕਦੇ ਬਹਾਲਦੇ, ਕਦੇ ਡਿਗ ਪਾਂ, ਕਦੇ ਸੰਭਾਲਦੇ।
ਕਦੇ ਖੀਵੀ ਹੋ ਹੋ ਗਾਨੀ ਆਂ, ਕਦੇ ਆਪਣਾ ਆਪ ਲੁਕਾਨੀ ਆ।
ਕਦੇ ਚੁੱਪ ਕਰਨ ਕਦੇ ਧੜਕਦੇ, ਮੇਰੇ ਗੀਤ ਕਲੇਜੇ ਰੜਕਦੇ।

2. ਮੇਰੇ ਗੀਤ ਨੇ ਭਰ ਭਰ ਡੁਲ੍ਹਦੇ, ਮੈਂ ਭੁੱਲਾਂ, ਇਹ ਨਹੀਂ ਭੁੱਲਦੇ।
ਕੀ ਜਾਣਾ, ਕਿੱਥੋਂ ਆਏ ਨੇ, ਕਿਸ ਨਾਲ ਮੇਰੇ ਚੰਬੜਾਏ ਨੇਂ।
ਮੈਂ ਸਿਖਰੇ ਚੜ੍ਹ ਗਈ ਥੱਲਿਓਂ, ਪਰ ਭਰਮ ਨਾ ਖੁਲ੍ਹੇ ਪੱਲਿਓਂ।
ਕੋਈ ਗੁੱਝੇ ਭਾਂਬੜ ਭੜਕਦੇ, ਮੇਰੇ ਗੀਤ ਕਲੇਜੇ ਰੜਕਦੇ।

3. ਕਦੇ ਉਠਨੀ ਆਂ ਹੰਭਲਾ ਮਾਰ ਕੇ, ਘਰ ਵੇਖਾਂ ਕੂਚ ਬਹਾਰ ਕੇ।
ਮੈਨੂੰ ਆਖਣ ਹੂੰਝ ਦੁਆਲਿਓਂ, ਪਰ ਡਰਨੀ ਆਂ ਆਪਣੇ ਪਾਲਿਓਂ।
ਪਰ ਬਾਹਰ ਬਥੇਰਾ ਪੋਚਿਆ, ਪਰ ਅੰਦਰ ਨਹੀਂ ਖਰੋਚਿਆ।
ਮੁੜ ਮੁੜ ਹਨ ਡੋਲੇ ਫੜਕਦੇ, ਮੇਰੇ ਗੀਤ ਕਲੇਜੇ ਰੜਕਦੇ।

4. ਚਾ ਮੁੜ ਮੁੜ ਉੱਠੇ ਗਾਣ ਦਾ, ਕੁਝ ਪਰਖਣ ਤੇ ਪਰਖਾਣ ਦਾ।
ਮੈਂ ਕਈ ਦਲੀਲਾਂ ਮੇਲੀਆਂ, ਪਰ ਠੱਠਾ ਕਰਨ ਸਹੇਲੀਆਂ।
ਸਹੁਰੇ ਨਹੀਂ ਜਾਣਾ ਝੱਲੀਏ ? ਆ ਲਾਰੀ ਵੇਖਣ ਚੱਲੀਏ।
ਚਲ ਬੈਠ ਕਿਨਾਰੇ ਸੜਕ ਦੇ, ਮੇਰੇ ਗੀਤ ਕਲੇਜੇ ਰੜਕਦੇ।

5. ਤੂੰ ਯਾਦ ਬੜਾ ਹੈਂ ਆਉਂਦਾ, ਜੀ ਮਿਲਣ ਲਈ ਨਿਤ ਚਾਹੁੰਦਾ।
ਪਰ ਘਰ ਨਹੀਂ ਛੱਡਣਾ ਜਾਣ ਕੇ, ਤੂੰ ਆ, ਤੇ ਲੈ ਜਾ ਆਣ ਕੇ।
ਤੈਨੂੰ ਸੋਹਣੇ ਗੀਤ ਸੁਣਾਉਸਾਂ, ਚਾ ਸਾਰੇ ਖੁਲ੍ਹ ਵਿਖਾਉਸਾਂ।
ਕੀ ਢੋਲ ਨੇਂ ਅੰਦਰ ਖੜਕਦੇ, ਮੇਰੇ ਗੀਤ ਕਲੇਜੇ ਰੜਕਦੇ।

---
1. ਸਮਰੱਥਾ। 2. ਜ਼ਹਿਰ।

ਆ ਪ੍ਰੀਤਮੇ !

1. ਆ ਪ੍ਰੀਤਮੇ ! ਆ ਮਹਿਰਮੇ[1]!
ਜੀਵਨ-ਮਰਨ ਦੀਏ ਸਾਥਣੇ !
ਆ, ਉਠ ਕੇ ਤੁਰ ਚਲੀਏ ਕਿਤੇ,
ਦੂਰੋਂ ਪਰੇ, ਉਹਲੇ ਜਿਹੇ,
ਸੁਨਸਾਨ ਤੇ ਏਕਾਂਤ ਵਿਚ,
ਪਸਰੀ ਚੁਫੇਰੇ ਸ਼ਾਂਤ ਵਿਚ,
ਇਕ ਤੂੰ ਤੇ ਮੈਂ ਹੀ ਹੋਵੀਏ।

2. ਚੁਪ ਚਾਂ ਦੇ ਉਸ ਚੌਗਾਨ ਵਿਚ,
ਗੁੰਬਦ-ਨੁਮਾ ਅਸਥਾਨ ਵਿਚ,
ਮੱਠਾ ਜਿਹਾ, ਮਿੱਠਾ ਜਿਹਾ,
ਇਕ ਪ੍ਰੀਤ-ਨਗਮਾ ਛੇੜੀਏ—
ਨਾਜ਼ਕ ਜਿਹੀ ਇਕ ਤਰਬ ਤੇ।
ਉਸ ਤਰਬ ਵਲ ਜ਼ਖਮ[2] ਵਧੇ,
ਬਸ ਛੂਹ ਕੇ ਹਟ ਜਾਏ ਪਰੇ,
ਉਸ ਤਰਬ ਛੂਹ ਨੂੰ ਛੁਹ ਲਏ,
ਇਕ ਗੂੰਜ ਕੋਮਲ ਛਿੜ ਪਏ।

3. ਇਹ ਧੁਨ ਰਸੀਲੀ ਗੂੰਜਦੀ—
ਖਿਰਨਾਂ[3] ਦੇ ਛੱਲੇ ਪਾਉਂਦੀ—
ਲਹਿਰਾਂ ਦੇ ਤੀਰ ਚਲਾਉਂਦੀ,
ਆਕਾਸ਼ ਵਲ ਜਾਵੇ ਚੜ੍ਹੀ।
ਉਡ ਉਡ ਕੇ ਤੀਰ ਸਰੂਰ ਦੇ,
ਜਾ ਅੱਪੜਨ ਵਿਚ ਨੂਰ ਦੇ।
ਤਾਰੇ ਨਸ਼ੇ ਵਿਚ ਪੇਲਦੇ,
ਲਹਿ ਪੈਣ ਵਾਂਗ ਤ੍ਰੇਲ ਦੇ।
ਜ਼ੱਰੇ ਹਵਾ ਵਿਚ ਫਿਰ ਰਹੇ—
ਵਿਚ ਤ੍ਰੇਲ ਦੇ ਨ੍ਹਾਤੇ ਹੋਏ,
ਮਹਿਕਾਂ ਦੀ ਦੁਨੀਆਂ ਵਲ ਝੁਕੇ,
ਲਹਿਰਾਂ ਦੀ ਲੈ ਨੂੰ ਸੁਣ ਰਹੇ,
ਫੁੱਲਾਂ ਦੇ ਉਤਦੀ ਲੰਘਦੇ—
ਗੁਤਕਣ[4] ਨਦੀ ਦੇ ਰਾਗ ਵਿਚ।

---

1. ਦਿਲ ਦੇ ਭੇਤ ਜਾਨਣ ਵਾਲੀ।
2. ਮਿਜ਼ਰਾਬ ਕਾਠ, ਦੰਦ-ਖੰਦ ਜਾਂ ਧਾਤ ਦਾ ਛੱਲਾ ਜਿਸ ਨਾਲ ਤੇਤੀ ਸਾਜ਼ ਵਜਾਏ ਜਾਂਦੇ ਹਨ। 3. ਸੁਰਾਂ।
4. ਗੋਤੇ ਲਾਉਣ।

4. ਠੰਢਕ, ਤਰੱਨਮ[1] ਨੂਰ ਦਾ,
ਮਹਿਕਾਂ ਦੇ ਨਾਲ ਸਰੂਰ ਦਾ,
ਪੰਚਾਮਰਿਤ[2] ਤੱਯਾਰ ਹੈ,
ਸਾਡੇ ਦਿਲਾਂ ਨੂੰ ਲੈ ਤੁਰੇ—
ਐਸੇ ਨਵੇਂ ਸੰਸਾਰ ਵਲ—
ਭੁਲ ਜਾਏ ਜਿੱਥੇ ਇਹ ਜਗਤ।
ਇਸ ਦੀ ਖੁਸ਼ੀ ਦੇ ਲੋਰ ਵਿਚ,
ਅਨ-ਅੰਤ ਰਸ ਨੂੰ ਮਾਣਦੇ,
ਓਥੇ ਹੀ ਰਹਿ ਪਈਏ, ਅਸੀਂ—
ਦੋਵੇਂ, ਹਮੇਸ਼ਾ ਵਾਸਤੇ।

ਗਿਲੇ ਗੁਜ਼ਾਰਸ਼ਾਂ

(ਗਜ਼ਲ)

ਕਿਉਂ ਜੀ ! ਸਾਡਾ ਸਬਰ ਕਦ ਤਕ ਆਜ਼ਮਾਈ ਜਾਓਗੇ ?
ਖਸਤਾ[3] ਦਿਲ ਨੂੰ ਠੋਕਰਾਂ ਕਿੰਨੀਆਂ ਕੁ ਲਾਈ ਜਾਓਗੇ।
ਐਡੇ ਚੰਗੇ ਹੋ ਕੇ, ਇਹ ਬੇਤਰਸੀਆਂ ਨਹੀਂ ਫਬਦੀਆਂ,
ਮਾੜਿਆਂ ਦਾ, ਕਿੰਨਾ ਚਿਰ, ਚੇਤਾ ਭੁਲਾਈ ਜਾਓਗੇ ?
ਵੇਂਹਦਿਆਂ ਵਾਟਾਂ ਨੂੰ, ਹੁਣ ਤੇ ਨੀਝ ਭੀ ਪਥਰਾ ਗਈ,
ਲੰਘਦੇ ਲੰਘਦੇ, ਇਕ ਨਿਗਾਹ, ਏਧਰ ਵੀ ਪਾਈ ਜਾਓਗੇ ?
ਸੱਧਰਾਂ ਨੂੰ ਸਿੰਜਦਿਆਂ, ਪਾਣੀ ਸਰਾਂ ਦਾ ਸੁੱਕ ਗਿਆ,
ਮਿਹਰ ਦਾ ਮੀਂਹ, ਖੁਸ਼ਕ ਵਾੜੀ ਤੇ ਵਰ੍ਹਾਈ ਜਾਓਗੇ ?
ਮੰਨ ਲੀਤਾ, ਏਧਰੋਂ, ਹੋਈਆਂ ਨੇਂ ਬੜੀਆਂ ਖਾਮੀਆਂ[4],
ਪਰ ਤੁਸੀਂ ਭੀ, ਆਪਣੀਆਂ ਸਿਫਤਾਂ ਲੁਕਾਈ ਜਾਓਗੇ ?
ਭੁੱਲਾਂ ਤਾਂ ਅਣਗਿਣਤ ਨੇਂ, ਪਰ ਜਾਣ ਕੇ ਨਹੀਂ ਕੀਤੀਆਂ,
ਬੇਵਸੇ ਦਿਲ ਨੂੰ, ਕਿਵੇਂ ਬਰਿਆਂ ਬਣਾਈ ਜਾਓਗੇ ?
ਬੇਖੁਦੀ[5] ਵਿਚ ਕੀ ਪਤਾ, ਕੀ ਕੀ ਖੁਨਾਮੀ ਹੋ ਗਈ,
ਪਿਆਰ ਦਾ ਭੀ, ਕੀ ਤੁਸੀਂ ਗੁੱਸਾ ਮਨਾਈ ਜਾਓਗੇ ?

ਮਤਵਾਲਾ ਜੋਗੀ

(ਗੀਤ ਕੱਵਾਲੀ)

1. ਕੁੜੀਓ ਨੀ ! ਮਤਵਾਲਾ ਜੋਗੀ,
ਰੱਤਿਆਂ ਨੈਣਾਂ ਵਾਲਾ ਜੋਗੀ,

---

1. ਲੈਅ ਭਰੀ ਆਵਾਜ਼। 2. ਪੰਜ ਪਦਾਰਥ—ਦੁਧ, ਦਹੀਂ, ਘੀਓ, ਖੰਡ, ਸ਼ਹਿਦ। 3. ਟੁੱਟੇ, ਘਾਇਲ।
4. ਗ਼ਲਤੀਆਂ। 5. ਮਸਤੀਆਂ ਵਿਚ ਆਪਾ ਭੁੱਲ ਜਾਣਾ।

ਸੇਲੀਆਂ[1] ਮੁੰਦਰਾਂ ਵਾਲਾ ਜੋਗੀ,
ਖੇੜੀਂ ਆ ਗਿਆ ਲੱਗੇ,
ਕੁੜੇ ! ਮਤਵਾਲਾ ਜੋਗੀ।

2. ਸੁਣਾ ਜਦੋਂ ਦਾ ਰੌਲਾ ਗੌਲਾ,
ਫਿਰਦਾ ਏ ਤ੍ਰਿੰਞਣੀਂ ਔਲਾ ਮੌਲਾ,
ਵੰਝਲੀ ਵਾਲੇ ਦਾ ਹੀ ਝੌਲਾ,
ਫਿਰਦਾ ਏ ਅੱਖੀਆਂ ਅੱਗੇ,
ਕੁੜੇ ! ਮਤਵਾਲਾ ਜੋਗੀ।

3. ਕਰਦਾ ਫਿਰਦਾ ਏ ਛਾਲੇ ਤਾਲੇ,
ਧੜਕੰਦੜਾ ਦਿਲ ਲਖ[2] ਗਿਆ ਚਾਲੇ,
ਓਹੋ ਏ ਜਿਸ ਨੇ ਨੈਣ ਮੇਰੇ ਸਨ—
ਪਲਘੇ ਬੈਠਿਆਂ ਠੱਗੇ,
ਕੁੜੇ ! ਮਤਵਾਲਾ ਜੋਗੀ।

4. ਇਸ਼ਕ ਨੂੰ ਕਿਉਂ ਹੁਣ ਫਿਰੇ ਲੁਕੌਂਦਾ ?
ਪੜਦਾ ਕਿਉਂ ਨਹੀਂ ਪਰੇ ਹਟੌਂਦਾ ?
ਏਹ ਸੂ ਤਤੜੀ ਹੀਰ ਦਾ ਵਿਹੜਾ,
ਜੋਤ ਜਿੱਥੇ ਉਹਦੀ ਜੱਗੇ,
ਕੁੜੇ ! ਮਤਵਾਲਾ ਜੋਗੀ !

ਘੁੰਡ ਵਾਲਿਓ !

(ਗੀਤ)

ਜ਼ਰਾ ਨਿਗਹ ਭੁਆਓ ਜੀ ! ਤੁਸੀਂ ਕਿਉਂ ਨਹੀਂ ਘੁੰਡ ਉਤਾਰਦੇ ?
ਹੋਰ ਕੁਝ ਨਹੀਂ ਚਾਹੀਦਾ, ਤਾਲਿਬ[3] ਹਾਂ ਇਕ ਝਲਕਾਰ ਦੇ। ਜ਼ਰਾ...

1. ਸੁਪਨਿਆਂ ਦਾ ਸੰਸਾਰ ਵਸਾ ਕੇ,
ਅਸਾਂ ਜੀਉਂਦੀ ਰੱਖੀ ਆਸ਼ਾ,
ਦਿਲ ਦੀ ਤਾਂਘ ਲਟਕਦੀ ਰਹਿ ਗਈ,
ਤੁਸੀਂ ਲੰਘ ਗਏ ਦੇ ਕੇ ਪਾਸਾ,
ਏਨ੍ਹਾਂ ਸੁਕਦੀਆਂ ਸੱਧਰਾਂ ਤੇ,
ਤੁਸੀਂ ਝਾਤੀ ਤੇ ਇਕ ਮਾਰਦੇ। ਜ਼ਰਾ...

2. ਹਰਜ਼ਾਈਆਂ[4] ਦੀ ਰੀਤ ਨਿਆਰੀ,
ਜੇੜ੍ਹੇ ਥਾਂ ਬਦਲਾਂਦੇ ਰਹਿੰਦੇ,

1. ਕਾਲੀ ਉੱਨ ਅਥਵਾ ਰੇਸ਼ਮ ਦੀ ਟੋਪੀ। 2. ਜਾਣ। 3. ਚਾਹਵਾਨ, ਇੱਛਕ। 4. ਹਰ ਥਾਂ ਪੁੱਜਣ ਜਾਂ ਹਾਜ਼ਰ ਹੋਣ ਵਾਲਿਆਂ।

ਸਾਡੇ ਕੋਲ ਜਿ ਇਕ ਪਲ ਬਹਿੰਦੇ,
ਅਸੀਂ ਉਜੜੇ ਭੀ ਵਸ ਪੈਂਦੇ।
ਕੁਝ ਦੁਖੜੇ ਦਸ ਲੈਂਦੇ,
ਕੁਝ ਸੁਣ ਲੈਂਦੇ ਸਰਕਾਰ ਦੇ। ਜ਼ਰਾ...

3. ਦਿਲ ਦੀ ਘੁੰਡੀ, ਘੁੰਡ ਖਿਸਕਾ ਕੇ,
ਨਹੀਂ ਦਸਦੇ ਨਾ ਦੱਸੋ,
ਅਸੀਂ ਤੁਹਾਡੇ ਨਾ ਸਹੀ ਕੋਈ,
ਜਮ ਜਮ ਵੱਸੋ ਰੱਸੋ,
ਪਾਰ ਪਾਰੋਂ ਈ ਤਕ ਛਡਦੇ,
ਅਸੀਂ ਕੰਢੇ ਖੜੇ ਉਰਾਰ ਦੇ। ਜ਼ਰਾ...

ਹੋ ਚੁਕੀ

(ਗਜ਼ਲ)

ਹੋ ਚੁਕੀ, ਸਾਡੀ ਸਫਾਈ ਹੋ ਚੁਕੀ,
ਏਸ ਟਿੱਲੇ ਦੀ ਚੜ੍ਹਾਈ ਹੋ ਚੁਕੀ,
ਜਾਣ ਦੇ, ਬਾਬਾ ! ਸਫਾਈਆਂ ਰਹਿਣ ਦੇ,
ਤੈਥੋਂ ਸਾਡੀ ਰਾਹਨੁਮਾਈ[1] ਹੋ ਚੁਕੀ।
ਹੋਣਗੇ ਓਹ ਬੈਠੇ, ਲੁਕ ਛਿਪ ਕੇ ਕਿਤੇ,
ਸਾਡੀ ਓਥੋਂ ਤਕ ਰਸਾਈ[2] ਹੋ ਚੁਕੀ।
ਬੱਸ ਕਰ ਨੁਸਖੇ ਮਸੀਹਾ ! ਵਰਤਣੇ,
ਇਸ਼ਕ ਦੀ ਤੈਥੋਂ ਦਵਾਈ ਹੋ ਚੁਕੀ।
ਠੱਪ ਲੈ ਉਸਤਾਦ ! ਇਲਮਾਂ ਦੀ ਕਿਤਾਬ,
ਇਸ ਮਦਰਸੇ ਦੀ ਪੜ੍ਹਾਈ ਹੋ ਚੁਕੀ।
ਮਕਰ ਦੀ ਮਾਲਾ ਨਹੀਂ ਫਿਰ ਸੱਕਣੀ,
ਰੇਤ ਦੇ ਉੱਤੇ ਚਿਣਾਈ ਹੋ ਚੁਕੀ।
ਕੁਫਰ[3] ਦੇ ਫਤਵੇ ਜੜੀ ਜਾ ਮੁਫਤੀਆ[4],
ਸਾਡੇ ਕੋਲੋਂ ਪਾਰਸਾਈ[5] ਹੋ ਚੁਕੀ।
ਦੋ ਦਿਨਾਂ ਦੀ ਮੌਜ ਹੈ, ਦੋ ਦਿਨ ਸਹੀ,
ਸਾਥੋਂ ਅੱਗੇ ਦੀ ਬਿਆਈ[6] ਹੋ ਚੁਕੀ।
ਪੈਸੇ ਭਰ ਕੇ ਕਿੱਥੋਂ ਸੁਰਗ ਵਿਹਾਝੀਏ ?
ਖਰਚ ਸਾਡੀ ਪਾਈ ਪਾਈ ਹੋ ਚੁਕੀ।

---

1. ਰਾਹ ਦਿਖਾਉਣਾ। 2. ਪਹੁੰਚ। 3. ਝੂਠ। 4. ਫ਼ੈਸਲਾ ਦੇਣ ਵਾਲਾ। 5. ਪਵਿਤ੍ਰਤਾ। 6. ਫ਼ਸਲ ਦੀ ਬਿਜਾਈ।

ਕੌਣ ਪੜਦੇ ਪਾ ਕੇ ਅੰਦਰ ਬਹਿ ਰਹੇ,
ਹੋਣ ਵਾਲੀ ਜਗ-ਹਸਾਈ ਹੋ ਚੁਕੀ।
ਬਖਸ਼ ਦਾ ਦਰ ਖੁਲ੍ਹ ਗਿਆ ਤਾਂ ਖੁਲ੍ਹ ਗਿਆ,
ਹੋਰ ਚਾਤ੍ਰਿਕ ਤੋਂ ਕਮਾਈ ਹੋ ਚੁਕੀ।

ਪਿਆਰ ਦੀਆਂ ਗੰਢਾਂ

(ਗੀਤ ਕੱਵਾਲੀ)

ਪਿਆਰ ਦੀਆਂ ਗੰਢਾਂ ਨਾ ਖਿਸਕਾ।
ਓੜਕਛੋਹਾ[1] ਦਿਲ ਦਾ ਸ਼ੀਸ਼ਾ,
ਠੋਕਰ ਦੇਈਂ ਨਾ ਲਾ, ਪਿਆਰ ਦੀਆਂ...

1. ਤੇਰਾ ਮੇਰਾ ਪਿਆਰ ਪਿਆ ਸੀ,
ਇਸ ਨੂੰ ਜਤਨਾਂ ਨਾਲ ਲਿਆ ਸੀ,
ਡਾਢੇ ਮਹਿੰਗੇ ਭਾ, ਪਿਆਰ ਦੀਆਂ...

2. ਵੇਖੀਂ ਕਿਤੇ ਹਨੇਰ ਨਾ ਪਾਈਂ,
ਹਸਦਾ ਹਸਦਾ ਤਿਲਕ ਨਾ ਜਾਈਂ,
ਨੈਣ ਨੈਣਾਂ ਵਿਚ ਪਾ, ਪਿਆਰ ਦੀਆਂ...

3. ਬੜੇ ਚਿਰਾਂ ਦੀਆਂ ਪ੍ਰੀਤਾਂ ਲਗੀਆਂ,
ਸੀਨਿਆਂ ਅੰਦਰ ਲਾਟਾਂ ਜਗੀਆਂ,
ਦੇਈਂ ਨਾ ਕਿਤੇ ਬੁਝਾ, ਪਿਆਰ ਦੀਆਂ...

4. ਪ੍ਰੀਤ ਨਿਭਾਣੀ ਬੜੀ ਉਖੇਰੀ,
ਬੇਪਰਵਾਹ ਤਬੀਅਤ ਤੇਰੀ,
ਮੇਰਾ ਸੁਹਲ ਸੁਭਾ, ਪਿਆਰ ਦੀਆਂ ਗੰਢਾਂ ਨਾ ਖਿਸਕਾ।

ਆ ਬਹਿ ਜਾ

(ਕਾਫ਼ੀ ਕੱਵਾਲੀ)

ਆ ਬਹਿ ਜਾ, ਹੁਣ ਅਟਕਾ ਕੀ ਏ ?
ਕਰ ਖੁਲ੍ਹ ਕੇ ਗੱਲ, ਹਯਾ ਕੀ ਏ—ਟੇਕ

1. ਪਾ ਤ੍ਰੇਲ ਨਾ ਉਠਦਿਆਂ ਚਾਵਾਂ ਤੇ,
ਸੁਟ ਲੂਣ ਨਾ ਅੱਲਿਆਂ ਘਾਵਾਂ ਤੇ,
ਲੁਕ ਲੁਕ ਕੇ ਲੋਹੜੇ ਮਾਰਨ ਦੀ,
ਤੂੰ ਸਿਖ ਲਈ ਨਵੀਂ ਅਦਾ ਕੀ ਏ?

---

1. ਟੁੱਟਣ ਦੀ ਹੱਦ ਤੇ।

2. ਇਹ ਦਿਲ ਤੇ ਦੌਲਤ ਰੱਬ ਦੀ ਏ,
ਏਥੇ ਲੁਕ ਛਿਪ ਮੂਲ ਨਾ ਫਬਦੀ ਏ,
ਬਸ ਕਰ ਇਸ ਪਰਦੇਦਾਰੀ ਨੂੰ—
ਚਿਲਮਨ[1] ਦੇ ਪਾਰ ਵਿਖਾ, ਕੀ ਏ ?

3. ਤੈਨੂੰ ਸਹੁੰ ਈ ਨਰਮ ਕਲਾਈਆਂ ਦੀ,
ਗੰਢ ਖੋਲ੍ਹ ਇਸ਼ਕ ਦੀਆਂ ਫਾਹੀਆਂ ਦੀ,
ਪਈ ਕੀਕਰ ਕੰਧ ਜੁਦਾਈਆਂ ਦੀ ?
ਕੁਝ ਮਤਲਬ ਭੀ ਸਮਝਾ, ਕੀ ਏ ?

4. ਅਸਾਂ ਅਲਫੀ[2] ਨਵੀਂ ਰੰਗਾ ਲਈ ਏ,
ਇਕ ਦੁਨੀਆਂ ਹੋਰ ਵਸਾ ਲਈ ਏ,
ਤੇਰੇ ਦਰ ਤੇ ਧੂਣੀ ਪਾ ਲਈ ਏ,
ਹੁਣ ਰਹਿ ਗਿਆ ਸੰਗ ਸੰਗਾ ਕੀ ਏ।

5. ਉਡ ਜਾਣਾ ਦਿਲ ਹੁਣ ਟਲਦਾ ਨਹੀਂ,
ਕੋਈ ਜਾਦੂ ਟੂਣਾ ਚਲਦਾ ਨਹੀਂ,
ਨਹੀਂ ਤਾਬ ਕਰਾਰ ਮਦਾਰਾਂ[3] ਦੀ,
ਤੇਰੇ ਤੋਂ ਜਾਨ ਲੁਕਾ ਕੀ ਏ ?

ਅੱਲਾ ਦੇ ਵਾਸਤੇ

(ਕੱਵਾਲੀ)

ਅੱਲਾ ਦੇ ਵਾਸਤੇ ਹੀਰ ਨੂੰ, ਪ੍ਰੇਮ ਤਘੋਂ ਨਾ ਹਟਾ ਨੀ ਮਾਂ !
ਮਾਹੀ ਦੇ ਮੁੱਖੜ ਮੋਹੀਆਂ, ਅੱਖੀਆਂ ਨਾ ਫਿਰਾ ਨੀ ਮਾਂ !

1. ਪ੍ਰੇਮ ਤੇ ਰੱਬ ਦੀ ਜ਼ਾਤ ਹੈ, ਪ੍ਰੇਮ ਹੀ ਕਾਇਨਾਤ[4] ਹੈ,
ਮੈਨੂੰ ਤੇ ਸਾਫ ਝਲਕਦਾ, ਬੁਤ ਦੇ ਵਿਚ ਖੁਦਾ ਨੀ ਮਾਂ !

2. ਖੋਲ੍ਹ ਕੇ ਅੰਦਰੋਂ ਬਾਰੀਆਂ, ਪ੍ਰੇਮ ਨੇ ਝਾਤੀਆਂ ਮਾਰੀਆਂ,
ਲੱਗ ਕੇ ਫੇਰ ਨਾ ਬੁਝ ਸਕੇ ਪ੍ਰੇਮ ਦੀ ਗੁੱਝੜੀ ਭਾਹ[5] ਨੀ ਮਾਂ !

3. ਲੋਕਾਂ ਨੂੰ ਲੂਤੀਆਂ[6] ਲੌਣ ਦੇ, ਪ੍ਰੇਮ ਨੂੰ ਰੰਗ ਚੜ੍ਹੌਣ ਦੇ,
ਮੈਂ ਤੇ ਮੁਹੱਬਤਾਂ ਲਾਈਆਂ, ਰੱਬ ਨੂੰ ਵਿਚ ਬਹਾ ਨੀ ਮਾਂ !

4. ਜਿਨ੍ਹਾਂ ਨੇ ਲੱਭ ਕੇ ਇਹ ਝਨਾਂ, ਰੱਜ ਨਾ ਲੀਤੀਆਂ ਤਾਰੀਆਂ,
ਉਨ੍ਹਾਂ ਨੂੰ ਕੀ ਪਤਾ ਭਲਾ, ਪ੍ਰੇਮ ਹੈ ਕੀ ਬਲਾ ਨੀ ਮਾਂ !

5. ਪਿਛ੍ਹਾਂ ਮੁੜਨ ਦਾ ਦਮ ਨਹੀਂ, ਦੋਜ਼ਖੀ[7] ਜਾਣ ਦਾ ਗਮ ਨਹੀਂ,
ਵਿਚ ਥਲਾਂ ਦੇ ਤੜਫਣਾ, ਪ੍ਰੇਮ ਦੇ ਵਿਚ ਰਵਾ ਨੀ ਮਾਂ !

---

1. ਪਰਦਾ। 2. ਖਫਣੀ, ਫਕੀਰਾਂ ਦਾ ਲੰਮਾ ਚੋਲਾ। 3. ਜਿਸ ਉੱਤੇ ਕੋਈ ਗੱਲ ਨਿਰਭਰ ਹੋਵੇ। 4. ਸ੍ਰਿਸ਼ਟੀ। 5. ਅੱਗ। 6. ਚੁਗਲੀਆਂ। 7. ਨਰਕਾਂ ਵਿਚ।

6. ਮੇਰਾ ਇਮਾਨ[1] ਬਣ ਚੁਕਾ, ਮੇਰਾ ਜਹਾਨ ਬਣ ਚੁਕਾ,
ਸੱਧਰਾਂ ਸੁੱਟੀਆਂ ਸਭ ਲੁਟਾ, ਕਾਸ ਦਾ ਲੁਕ ਲੁਕਾ ਨੀ ਮਾਂ !
7. ਬੀਤ ਗ਼ਈ ਦੀ ਸੋਚ ਕੀ ? ਅੱਗੇ ਦੀ ਦੇਖੀ ਜਾਇਗੀ,
ਮੈਨੂੰ ਤੇ ਅੱਜ ਦੇ ਰੋਜ਼ ਦੀ, ਮਿਲ ਗਈ ਦਵਾ ਨੀ ਮਾਂ !

ਵਿਜੋਗਣ

(ਬਹੁਤ ਲੰਮੀ ਹੇਕ ਵਾਲੇ ਜ਼ਨਾਨੇ ਗਾਉਣਾ ਦੀ ਲੈਅ ਵਿਚ)

1. ਸੋਹਣਿਆ ਪੰਛੀਆਂ ! ਬੀਬੇ ਕਬੂਤਰਾ !
ਉੱਡੀ ਖਾਂ, ਉੱਡ ਕੇ ਚੜ੍ਹ ਜਾਂ ਅਕਾਸ਼।
ਮੋਤੀ ਚੁਗਾਵਾਂਗੀ, ਝਾਂਜਰਾਂ ਪਾਵਾਂਗੀ,
ਇਕ ਵਾਰੀ ਜਾਵੇਂ, ਜੇ ਢੋਲਣ ਦੇ ਪਾਸ।
ਸਰਵੀ ਪਹਾੜੀ ਊ, ਫੱਬੀ ਹੋਈ ਮਾੜੀ ਊ,
ਆਲੇ ਦੁਆਲੇ ਈ, ਫੁੱਲਾਂ ਦੀ ਬਾਸ।
ਸੂਰਮਾ, ਸੁਘੜ ਸਲੋਨਾ[2], ਗੁਮਾਨੀ[3] ਉਹ,
ਕਰਦਾ ਈ ਕੂਲ੍ਹੇ ਦੇ ਕੰਢੇ ਤੇ ਵਾਸ।
2. ਆਖੀਂ ਸੂ, ਚੰਗੀਆਂ ਚਾਈਆਂ ਮੁਹਾਰਾਂ ਨੀਂ,
ਕੀਤਿਆਂ ਸੁਖਨਾ[4] ਨੂੰ ਛਡਿਆ ਵਿਸਾਰ,
ਦਰਸ਼ਨ ਦੀਆਂ ਤਾਂਘਾਂ ਮੁਕਾਈਆਂ ਨਾ ਆਣ ਕੇ,
ਦਰ ਤੇ ਖਲੋਤੀ ਆਂ ਪੱਬਾਂ ਦੇ ਭਾਰ।
ਭਿਉਂ ਭਿਉਂ ਨਚੋੜਾਂ, ਸਰਪੱਲੂ ਦੀਆਂ ਕੰਨੀਆਂ,
ਭਰ ਭਰ ਕੇ ਡੁਲ੍ਹਦਿਆਂ ਨੈਣਾਂ ਦੀ ਧਾਰ।
ਆਸਾਂ ਉਮੈਦਾਂ ਦੀਆਂ, ਕਲੀਆਂ ਕਮਲਾ ਗਈਆਂ,
ਟੁਟ ਟੁਟ ਪੈਂਦੀ ਏ, ਸਾਸਾਂ ਦੀ ਤਾਰ।
3. ਆਖੀਂ-ਪਰਦੇਸਾਂ ਦੀ ਖੱਟੀ ਕੀ ਕਰਨੀ ਏ ?
ਜਿੰਦੜੀ ਜੇ ਨਿੱਕਲ ਗਈ, ਹੌਕਿਆਂ ਨਾਲ।
ਗਰਮੀ ਵੀ ਗੁਜ਼ਰੀ, ਬਰਸਾਤਾਂ ਵੀ ਬੀਤੀਆਂ,
ਸੁੱਖਣਾਂ ਸੁਖਦਿਆਂ, ਆਇਆ ਸਿਆਲ।
ਠੰਢੀਆਂ, ਸੁੰਞੀਆਂ ਲੰਮੀਆਂ ਰਾਤਾਂ ਨੇਂ,
ਅੱਖਾਂ ਵਿਚ ਕੱਟਣੀਆਂ, ਹੋਈਆਂ ਮੁਹਾਲ।
ਕੌਲਾਂ ਦਿਆ ਕੱਚਿਆ ! ਕਾਹਨੂੰ ਤੜਫਾਨਾ ਏਂ ?
ਖੁਸਦੇ ਕਲੇਜੇ ਨੂੰ, ਆ ਕੇ ਸੰਭਾਲ।

---
1. ਧਰਮ। 2. ਸੁੰਦਰ। 3. ਹੰਕਾਰੀ। 4. ਇਕਰਾਰ।

ਪਿਆਰੀ ਦੀ ਯਾਦ

(ਇਕ ਪਰਦੇਸੀ ਦੇ ਦਿਲ ਦੀ ਹਾਲਤ)

1. ਮੇਰੇ ਦਿਲ ਦੀਆਂ ਸੁੰਞੀਆਂ ਵਾਦੀਆਂ ਵਿਚ,
ਜੀਵਨ-ਜੋਤ ਵਾਂਗਰ ਵੱਸਣ ਵਾਲੀਏ ਨੀ !
ਫਿਕਰਾਂ ਗਮਾਂ ਦੀਆਂ ਕਾਲੀਆਂ ਘਟਾਂ ਅੰਦਰ,
ਬਿਜਲੀ ਵਾਂਗ ਖਿੜ ਖਿੜ ਹੱਸਣ ਵਾਲੀਏ ਨੀ !
ਸੋਚ-ਸਾਗਰਾਂ ਦੀਆਂ ਡੂੰਘਾਈਆਂ ਨੂੰ,
ਮਛਲੀ ਵਾਂਗ ਮਿਣ ਮਿਣ ਦੱਸਣ ਵਾਲੀਏ ਨੀ !
ਚੰਚਲ ਚਿੱਤ ਦੀਆਂ ਸ਼ੋਖ ਮੂੰਹ-ਜ਼ਰੀਆਂ ਨੂੰ,
ਪ੍ਰੇਮ-ਬੰਨ੍ਹਣਾਂ ਵਿਚ ਕੱਸਣ ਵਾਲੀਏ ਨੀ।
ਜਦ ਇਕਾਂਤ ਦੀਆਂ ਉੱਚੀਆਂ ਚੋਟੀਆਂ ਤੇ,
ਨਗਮੇ ਛਿੜਨ ਸ਼ੀਰੀਂ ਤੇਰੀ ਯਾਦ ਵਾਲੇ,
ਪੁੰਗਰ ਪੈਣ ਉਮੰਗਾਂ ਦੇ ਖੁਸ਼ਕ ਬੂਟੇ,
ਆਉਣ ਜੋਸ਼ ਵਿਚ ਵਹਿਣ ਫਰਿਹਾਦ ਵਾਲੇ।

2. ਤੇਰੇ ਛੁਲਕਦੇ ਸ਼ਰਬਤੀ ਛੰਨਿਆਂ ਚੋਂ,
ਪੀ ਪੀ ਪ੍ਰੇਮ-ਤਾੜੀ ਸਿਰ ਹਿਲਾਣ ਵਾਲਾ,
ਤੇਰਾ ਫੁੱਲ ਵਰਗਾ ਚਿਹਰਾ ਦਿਸਦਿਆਂ ਹੀ,
ਹੌਲਾ ਫੁੱਲ ਹੋ ਕੇ ਠੰਢਕ ਪਾਣ ਵਾਲਾ,
ਭੋਲੇ ਮੂੰਹੋਂ ਮਿੱਠੇ ਮਿੱਠੇ ਬੋਲ ਸੁਣ ਕੇ,
ਅਰਸ਼ੀ ਪੀਂਘ ਚੜ੍ਹਿਆ, ਝੂਟੇ ਖਾਣ ਵਾਲਾ,
ਨਿਰਛਲ ਪਿਆਰ ਤੇਰੇ ਦੀ ਬਹਾਰ ਤਕ ਤਕ,
ਖੀਵਾ ਹੋਣ ਵਾਲਾ, ਸਕਦੇ ਜਾਣ ਵਾਲਾ,
ਤੈਨੂੰ ਯਾਦ ਹੈ ? ਅੱਜ ਉਹ ਢੋਲ ਤੇਰਾ,
ਘੁੱਟ ਸਬਰ ਦੇ ਕਿਸ ਤਰ੍ਹਾਂ ਪੀ ਰਿਹਾ ਏ ?
ਏਨ੍ਹਾਂ ਕਾਲਿਆਂ ਕੋਹਾਂ[1] ਤੇ ਪਹੁੰਚ ਕੇ ਭੀ,
ਤੇਰੀ ਯਾਦ ਦੇ ਆਸਰੇ ਜੀ ਰਿਹਾ ਏ !

3. ਹਟ ਕੇ ਕੰਮ ਤੋਂ, ਜਦ ਕੱਲਾ ਆਣ ਬੈਠਾਂ,
ਤੇਰੀ ਯਾਦ ਆ ਕੇ ਜੀ ਪਰਚਾਉਂਦੀ ਏ,
ਅੱਖਾਂ ਮਿਟਦਿਆਂ, ਇਕ ਤਾਕੀ ਖੁਲ੍ਹਦੀ ਏ,
ਤੇਰੀ ਸ਼ਕਲ ਨੱਸੀ ਨੱਸੀ ਆਉਂਦੀ ਏ,
ਮੱਖਣ-ਗੁੰਨ੍ਹੀਆਂ, ਗਜਰਿਆਂ ਨਾਲ ਭਰੀਆ—
ਬਾਹਾਂ ਅਗ੍ਹਾਂ ਕਰਕੇ ਮੁਸਕਰਾਉਂਦੀ ਏ,
ਤੇਰੀਆਂ ਲਿਟਾਂ ਉਹਲੇ ਹਿਲਦੇ ਦੁਰਾਂ[2] ਦੀ ਸਹੁੰ,

---

1. ਔਖੇ ਰਾਹਾਂ, ਜਾਂ ਕਾਲੇ ਪਹਾੜਾਂ। 2. ਮੋਤੀ ਦੀ ਸ਼ਕਲ ਦੇ ਕੰਨ ਦੇ ਜ਼ੇਵਰ।

ਮੈਨੂੰ ਦੀਨ ਦੁਨੀਆਂ ਸਭ ਭੁਲਾਉਂਦੀ ਏ।
ਏਸੇ ਲੋਰ ਅੰਦਰ ਜੁੱਗਾਂ ਜੁੱਗਾਂ ਦੇ ਦਿਨ,
ਪੈਰਾਂ ਹੇਠ ਮਲ ਮਲ ਕੇ ਲੰਘਾਈ ਜਾਨਾਂ,
ਟੁਟਦੇ ਹੌਸਲੇ ਨੂੰ ਗਾਂਢੇ ਲਾਈ ਜਾਨਾਂ,
ਗੱਡੀ ਫਰਜ਼ ਦੀ ਹਸ ਹਸ ਚਲਾਈ ਜਾਨਾਂ।

4. ਤੇਰੀਆਂ ਮਸਤ, ਸੁਰਮੀਲੀਆਂ ਅੱਖੀਆਂ ਦੀ,
ਮਿੱਠੀ ਯਾਦ ਜੋ ਨਾ ਮੇਰੇ ਨਾਲ ਹੁੰਦੀ,
ਤ੍ਰੇਲ-ਕਣੀ ਵਾਂਗੂ ਪਲਟ ਪਲਟ ਜੂਨਾਂ,
ਦੁਨੀਆਂ ਗਾਹੁਣੀ ਡਾਢੀ ਮੁਹਾਲ ਹੁੰਦੀ,
ਨਾ ਕੋਈ ਲਟਕ ਹੁੰਦੀ, ਨਾ ਕੋਈ ਰੀਝ ਹੁੰਦੀ,
ਨਾ ਕੋਈ ਭਾਲ ਹੁੰਦੀ ਨਾ ਕੋਈ ਘਾਲ ਹੁੰਦੀ,
ਪਾਣੀ ਪ੍ਰੇਮ ਦਿਆਂ ਸਰਾਂ ਦਾ ਸੁੱਕ ਜਾਂਦਾ,
ਕੁਦਰਤ ਨਾਲ ਨਾ ਕੋਈ ਬੋਲ ਚਾਲ ਹੁੰਦੀ।
ਤੂੰਹੇਂ ਕਲੀ ਹੈਂ ਮੇਰੀਆਂ ਸੱਧਰਾਂ ਦੀ,
ਦੁਨੀਆਂ ਵੱਸਦੀ ਏ ਤੇਰੇ ਨਾਲ ਮੇਰੀ।
ਮੇਰੀ ਸ਼ਾਨ ਤੂੰਹੇਂ, ਮੇਰੀ ਜਾਨ ਤੂੰਹੇਂ,
ਨੇਕੀ ਬਦੀ ਦੀ ਤੂੰ ਭਾਈਵਾਲ ਮੇਰੀ।

ਰਾਧਾਂ ਸੰਦੇਸ਼

ਕੰਸ ਨੂੰ ਮਾਰ ਕੇ ਸ੍ਰੀ ਕ੍ਰਿਸ਼ਨ ਜੀ ਮਥਰਾ ਦੇ ਰਾਜ-ਪ੍ਰਬੰਧ ਵਿਚ ਜੁਟ ਜਾਂਦੇ ਹਨ, ਪਿੱਛੋਂ ਬ੍ਰਿਜ ਗੋਪੀਆਂ ਵਲੋਂ ਸੁਨੇਹੇ ਤੇ ਸੁਨੇਹੇ ਆਉਂਦੇ ਹਨ। ਅੰਤ ਸ੍ਰੀ ਕ੍ਰਿਸ਼ਨ ਜੀ ਊਧੋ ਨੂੰ ਭੇਜਦੇ ਹਨ, ਕਿ ਸਾਡੀ ਲਾਚਾਰੀ ਜਤਾ ਕੇ ਗੋਪੀਆਂ ਨੂੰ ਗਯਾਨ ਉਪਦੇਸ਼ ਕਰ ਆਓ। ਊਧੋ ਦੀਆਂ ਗੱਲਾਂ ਤੋਂ ਖਿਝ ਕੇ ਰਾਧਾਂ ਉਸ ਨੂੰ ਉੱਤਰ ਦਿੰਦੀ ਹੈ। ਪ੍ਰੇਮ ਲਗਨ ਵਿਚ ਝੱਲੀ ਹੋਈ ਕੋਈ ਗੱਲ ਊਧੋ ਨਾਲ ਕਰਦੀ ਹੈ ਤੇ ਕੋਈ ਗੱਲ ਕਰਨ ਵੇਲੇ ਸ੍ਰੀ ਕ੍ਰਿਸ਼ਨ ਜੀ ਨੂੰ ਸਨਮੁੱਖ ਕਰ ਲੈਂਦੀ ਹੈ।

1. ਊਧੋ ! ਕਾਹਨ ਦੀ ਗੱਲ ਸੁਣਾ ਸਾਨੂੰ,
ਕਾਹਨੂੰ ਚਿਣਗ ਚੁਆਤੀਆਂ ਲਾਈਆਂ ਨੀਂ ?
ਮਸਾਂ ਮਸਾਂ ਸਨ ਆਠਰਨ ਘਾਓ ਲੱਗੇ,
ਨਵੀਆਂ ਨਸ਼ਤਰਾਂ[1] ਆਣ ਚਲਾਈਆਂ ਨੀਂ।
ਅਸੀਂ ਕਾਲਜਾ ਘੁੱਟ ਕੇ ਬਹਿ ਗਏ ਸਾਂ,
ਮੁੜਕੇ ਸੁੱਤੀਆਂ ਕਲਾ ਜਗਾਈਆਂ ਨੀਂ !
ਤੇਰੇ ਗਯਾਨ ਦੀ ਪੁੜੀ ਨਹੀਂ ਕਾਟ ਕਰਦੀ,
ਏਨ੍ਹਾਂ ਪੀੜ੍ਹਾਂ ਦੀਆਂ ਹੋਰ ਦਵਾਈਆਂ ਨੀਂ !

1. ਕੱਟਣ ਵਾਲਾ ਤੇਜ਼ ਹਥਿਆਰ।

ਆਪ ਆਉਣ ਦੀ ਨਹੀਂ ਜੇ ਨੀਤ ਉਸ ਦੀ,
ਕਾਹਨੂੰ ਗੋਂਗਲੂ ਤੋਂ ਮਿੱਟੀ ਝਾੜਦਾ ਹੈ ?
ਜੇਕਰ ਅੱਗ ਨੂੰ ਨਹੀਂ ਬੁਝਾਉਣ ਜੋਗਾ,
ਪਾ ਪਾ ਤੇਲ ਕਿਉਂ ਸੜਿਆ ਨੂੰ ਸਾੜਦਾ ਹੈ ?

2. ਉਸ ਨੂੰ ਆਖ, ਅੱਖੀਂ ਆ ਕੇ ਦੇਖ ਜਾਏ,
ਸਾਨੂੰ ਕੂੰਜ ਦੇ ਵਾਂਗ ਕੁਰਲਾਂਦਿਆਂ ਨੂੰ।
ਵਾਟਾਂ ਵੇਂਹਦਿਆਂ, ਔਸੀਆਂ ਪਾਂਦਿਆਂ ਨੂੰ,
ਤਾਰੇ ਗਿਣ ਗਿਣ ਕੇ ਰਾਤਾਂ ਲੰਘਾਂਦਿਆਂ ਨੂੰ।
ਸਾਗਾਂ ਸਹਿੰਦਿਆਂ, ਜਿੰਦ ਲੁੜਖਾਂਦਿਆਂ ਨੂੰ,
ਘੁਲ ਘੁਲ ਹਿਜ਼ਰ ਵਿਚ ਮੁਕਦਿਆਂ ਜਾਂਦਿਆਂ ਨੂੰ।
ਫੁੱਟ ਗਿਆ ਨਸੀਬਾਂ ਤੇ ਝੁਰਦਿਆਂ ਨੂੰ,
ਘਰੋਂ ਕੱਢ ਬਰਕਤ ਪੱਛੋਤਾਂਦਿਆਂ ਨੂੰ।
ਤੂੰ ਤਾਂ ਮਥਰਾ ਦੀਆਂ ਕੁੰਜੀਆਂ ਸਾਂਭ ਬੈਠੋਂ,
ਐਧਰ ਗੋਕਲ ਨੂੰ ਵੱਜ ਗਹੇ ਜੰਦਰੇ ਵੇ।
ਜਾ ਕੇ, ਘਰਾਂ ਵਲ ਮੁੜਨ ਦੀ ਜਾਚ ਭੁਲ ਗਈ,
ਨਿਕਲ ਗਿਓਂ ਕਿਹੜੇ ਵਾਰ ਚੰਦਰੇ ਵੇ।

3. ਗੱਲਾਂ ਨਾਲ ਕੀ ਪਿਆ ਪਰਚਾਉਂਦਾ ਏ,
ਉਸ ਦੇ ਪਿਆਰ ਨੂੰ ਅਸਾਂ ਪਰਤਾ ਲਿਆ ਹੈ,
ਮਾਰੇ ਕੁਬਜਾਂ[1] ਦੀ ਹਿੱਕੇ ਇਹ ਗਯਾਨ ਗੋਲੀ,
ਬੂਹੇ ਵੜਦਿਆਂ ਜਿਨ੍ਹੇ ਭਰਮਾ ਲਿਆ ਹੈ।
ਉਧੋ ! ਕੋਰੜੂ ਮੋਠ ਵਿਚ ਮੋਹ ਪਾ ਕੇ,
ਅਸਾਂ ਆਪਣਾ ਆਪ ਗੁਆ ਲਿਆ ਹੈ,
ਦੁੱਖਾਂ ਪੀ ਲਿਆ, ਗਮਾਂ ਨੇ ਖਾ ਲਿਆ ਹੈ,
ਕੁੰਦਨ ਦੇਹੀ ਨੂੰ ਰੋਗ ਜਿਹਾ ਲਾ ਲਿਆ ਹੈ।
ਏਨ੍ਹਾਂ ਤਿਲਾਂ ਵਿਚ ਤੇਲ ਹੁਣ ਜਾਪਦਾ ਨਹੀਂ,
ਸਾਰਾ ਹੀਜ ਪਿਆਜ ਮੈਂ ਟੋਹ ਲਿਆ ਹੈ।
ਹੱਛਾ, ਸੁੱਖ ! ਜਿੱਥੇ ਜਾਏ ਘੁੱਗ ਵੱਸੇ,
ਸਾਡੇ ਦਿਲੋਂ ਭੀ ਕਿਸੇ ਨੇ ਖੋਹ ਲਿਆ ਹੈ ?

4. ਆਖੀਂ—ਕੱਚਿਆਂ ! ਸੱਚ ਨੂੰ ਲਾਜ ਲਾਈਓ।
ਸੁਖਨ ਪਾਲਣੋਂ ਭੀ, ਬੱਸ ! ਰਹਿ ਗਿਓਂ ਵੇ !
ਕਾਲੇ ਭੌਰ ਦੀ ਬਾਣ ਨਾ ਗਈ ਤੇਰੀ,
ਜਿੱਥੇ ਫੁੱਲ ਡਿੱਠਾ, ਓਥੇ ਬਹਿ ਗਿਓਂ ਵੇ।

---

1. ਕੰਸ ਦੀ ਇਕ ਕੁੱਬੀ ਮਾਲਣ, ਜਿਸ ਦਾ ਕੁੱਬ ਕ੍ਰਿਸ਼ਨ ਜੀ ਨੇ ਕੱਢ ਦਿੱਤਾ ਸੀ।

ਸਾਨੂੰ ਗਯਾਨ ਦੇ ਖੂਹਾਂ ਵਿਚ ਦੇਇ ਧੱਕੇ,
ਆਪ ਮਾਲਣ ਦੇ ਰੋੜ੍ਹ ਵਿਚ ਵਹਿ ਗਿਓਂ ਵੇ !
ਡੰਗਰ ਚਾਰਦਾ ਵੜ ਗਿਓਂ ਸ਼ੀਸ਼ ਮਹਿਲੀਂ,
ਘੋਟ ਘੋਟ ਗੱਲਾਂ ਕਰਨ ਡਹਿ ਗਿਓਂ ਵੇ !
ਹਛਾ ਕੰਸ੍ਰ ਦੀਆਂ ਗੱਦੀਆਂ ਸਾਂਭੀਆਂ ਨੀਂ,
ਸਾਡੇ ਨਾਲ ਵੀ ਅੰਗ ਕੁਝ ਪਾਲ ਛਡਦੋਂ।
ਕੋਈ ਮਹਿਲਾਂ ਦੀਆਂ ਲੂਹਲਾਂ ਨਹੀਂ ਲਾਹ ਖੜਦਾ,
ਦੋਂ ਦਿਨ ਸਾਨੂੰ ਵੀ ਧੌਲਰ ਵਿਖਾਲ ਛਡਦੋਂ।

5. ਆਖੀਂ-ਪ੍ਰੇਮ ਇਹ ਪਿਛ੍ਹਾਂ ਨਹੀਂ ਮੁੜਨ ਜੋਗਾ,
ਬੇੜੇ ਸਿਦਕ ਦੇ ਠਿਲ੍ਹਦੇ ਰਹਿਣਗੇ ਵੇ।
ਏਨ੍ਹਾਂ ਨਵ੍ਹਾਂ ਤੋਂ ਮਾਸ ਨਹੀਂ ਵੱਖ ਹੋਣਾ,
ਜਦ ਤਕ ਚੰਦ ਸੂਰਜ ਚੜ੍ਹਨ ਲਹਿਣਗੇ ਵੇ।
ਏਸ ਇਸ਼ਕ ਦੀ ਛਿੜੇਗੀ ਵਾਰ ਮਾਹੀਆ !
ਜਿੱਥੇ ਚਾਰ ਬੰਦੇ ਰਲ ਕੇ ਬਹਿਣਗੇ ਵੇ !
ਕੜੀਆਂ ਕੁਬਜਾਂ ਦਾ ਕਿਸੇ ਨਹੀਂ ਨਾਉਂ ਲੈਣਾ,
'ਰਾਧਾਂ' ਆਖ ਪਿੱਛੋਂ ਕ੍ਰਿਸ਼ਨ ਕਹਿਣਗੇ ਵੇ।
ਤ੍ਰੈ ਸੌ ਸੱਠ ਜੁੜ ਪਏਗੀ ਨਾਰ ਤੈਨੂੰ,
ਜਮ ਜਮ ਹੋਣ ਪਏ ਦੂਣੇ ਇਕਬਾਲ[1] ਤੇਰੇ।
ਪਰਲੋ ਤੀਕ ਪਰ ਮੰਦਰਾਂ ਵਿਚ, ਚਾਤ੍ਰਿਕ,
ਏਸੇ ਬੰਦੀ ਨੇ ਵੱਸਣਾ ਏ ਨਾਲ ਤੇਰੇ।

ਸੀਤਾ ਸੰਦੇਸ਼

ਅਸ਼ੋਕ ਬਾਗ ਵਿਚ ਬੈਠੀ ਸਤੀ ਸੀਤਾ ਦੇ, ਸ੍ਰੀ ਰਾਮਚੰਦ੍ਰ ਜੀ ਦੇ ਵਿਯੋਗ ਵਿਚ ਕੀਰਨੇ

1. ਸੁਆਮੀ ! ਸੱਲ ਜੁਦਾਈ ਨੇ ਬੁਰੀ ਕੀਤੀ,
ਲੁੜਛ ਲੁੜਛ ਕੇ ਘੇਰਨੀ ਖਾਈ ਦੀ ਏ।
ਕਰ ਕਰ ਕੀਰਨੇ ਸੰਧਿਆ ਪਾਈ ਦੀ ਏ,
ਲਿੱਲਾਂ ਲੈਂਦਿਆਂ ਟਿੱਕੀ ਚੜ੍ਹਾਈ[2] ਦੀ ਏ।
ਤੇਲ ਉਮਰ ਦੇ ਦੀਵਿਓਂ ਮੁੱਕ ਚੁੱਕਾ,
ਚਰਬੀ ਢਾਲ ਕੇ ਜੋਤ ਟਿਮਕਾਈ ਦੀ ਏ।
ਤਾਰੇ ਦਮਾਂ ਦੀ ਪਤਲੀਓਂ ਹੋਈ ਪਤਲੀ,
ਰੋਜ਼ ਬਾਰਿਓਂ ਕੱਢ ਕੱਢ ਵਧਾਈ ਦੀ ਏ।
ਜਦ ਤਕ ਸਾਸ ਤਦ ਤਕ ਆਸ ਕਹਿਣ ਲੋਕੀ,

---
1. ਇੱਜ਼ਤ, ਸਨਮਾਨ। 2. ਸੂਰਜ ਚੜ੍ਹਨਾ।

ਏਸ ਲਟਕ ਵਿਚ ਜਾਨ ਲਟਕਾਈ ਦੀ ਏ।
ਸਾਈਆਂ ਸੱਚ ਆਖਾਂ ਮਰਨਾ ਗੱਲ ਕੁਝ ਨਹੀਂ,
ਐਪਰ ਡਾਢੀ ਮੁਸੀਬਤ ਜੁਦਾਈ ਦੀ ਏ !

2. ਭੁਲਦੀ ਭਟਕਦੀ ਜੇ ਕਦੀ ਊਂਘ ਆਵੇ,
ਪੰਚਬਟੀ[1] ਵਿਚ ਬੈਠਿਆਂ ਹੋਈ ਦਾ ਏ।
ਕਲੀਆਂ ਗੁੰਦ ਕੇ ਸਿਹਰਾ ਪਰੋਈ ਦਾ ਏ,
ਗਲ ਵਿਚ ਪਾਉਣ ਨੂੰ ਭੀ ਉਠ ਖਲੋਈ ਦਾ ਏ।
ਏਸੇ ਪਲਕ ਵਿਚ ਪਲਕਾਂ ਉਖੇੜ ਸੁੱਟੇ,
ਨਾਮੁਰਾਦ ਸੁਪਨਾ ਡਾਢਾ ਕੋਈ ਦਾ ਏ।
ਓੜਕ ਓਹੋ ਵਿਛੋੜਾ ਤੇ ਓਹੋ ਝੋਰੇ,
ਬਹਿ ਰਹਿ ਚੰਦਰੇ ਲੇਖਾਂ ਨੂੰ ਰੋਈ ਦਾ ਏ।
ਏਸੇ ਵਹਿਣ ਵਿਚ ਰੁੜ੍ਹਦਿਆਂ, ਵੈਣ ਪਾ ਪਾ,
ਰਾਤ ਅੱਖਾਂ ਦੇ ਵਿਚਦੀ ਲੰਘਾਈ ਦੀ ਏ।
ਮੌਤ ਚੀਜ਼ ਕੀ ਹੋਈ ਇਸ ਸਹਿਮ ਅੱਗੇ,
ਸਾਈਆਂ ਡਾਢੀ ਮੁਸੀਬਤ ਜੁਦਾਈ ਦੀ ਏ !

3. ਲੂੰਬੇ ਅੱਗ ਦੇ ਅੰਦਰੋਂ ਜਦੋਂ ਉੱਠਣ,
ਸੋਮੇ ਅੱਖੀਆਂ ਦੇ ਚੜ੍ਹ ਕੇ ਚੋ ਪੈਂਦੇ।
ਸੜਦੇ ਹੰਝੂਆਂ ਦੀ ਜਿੱਥੇ ਧਾਰ ਪੈਂਦੀ,
ਛਾਲੇ ਜਿਮੀਂ ਦੀ ਹਿੱਕ ਤੇ ਹੋ ਪੈਂਦੇ।
ਮੇਰੇ ਕੀਰਨੇ ਰੁੱਖ ਖਲਿਹਾਰ ਦੇਂਦੇ,
ਫੁੱਲਾਂ ਨਾਲ ਨੂੰ ਕੰਢੇ ਖਲੋ ਪੈਂਦੇ।
ਰਾਤ ਸੁੰਨ ਹੋਵੇ, ਪਰਬਤ ਚੋ ਪੈਂਦੇ,
ਨਦੀਆਂ ਵੈਣ ਪਾਉਣ ਤਾਰੇ ਰੋ ਪੈਂਦੇ।
ਰੁੜ੍ਹਦੇ ਜਾਨ ਪੱਤਰ, ਗੋਤੇ ਖਾਣ ਪੱਥਰ,
ਉਠਦੀ ਚੀਕ ਜਦ ਮੇਰੀ ਦੁਹਾਈ ਦੀ ਏ।
ਬੇਜ਼ਬਾਨ ਪੰਛੀ ਭੀ ਕੁਰਲਾਟ ਪਾ ਪਾ,
ਆਖਣ ਡਾਢੀ ਮੁਸੀਬਤ ਜੁਦਾਈ ਦੀ ਏ।

4. ਓਹੋ ਚੰਦ ਹੈ ਰਾਤ ਨੂੰ ਚੜ੍ਹਨ ਵਾਲਾ,
ਜਿਸ ਦੀ ਲੋ ਵਿਚ ਕੱਠਿਆਂ ਬਹੀ ਦਾ ਸੀ।
ਓਸੇ ਤਰ੍ਹਾਂ ਦੀ ਬਾਗ ਬਹਾਰ ਭੀ ਹੈ,
ਜਿਸ ਦੀ ਮਹਿਕ ਵਿਚ ਖਿੜਦਿਆਂ ਰਹੀ ਦਾ ਸੀ।

---

1. ਗੁਦਾਵਰੀ ਨਦੀ ਦੇ ਕੰਢੇ, ਨਾਸਕ ਸ਼ਹਿਰ ਦੇ ਕੋਲ ਇਕ ਖ਼ਾਸ ਥਾਂ ਜਿਥੇ ਬਨਬਾਸ ਸਮੇਂ ਸ੍ਰੀ ਰਾਮਚੰਦ੍ਰ ਜੀ ਸੀਤਾ ਸਮੇਤ ਰਹੇ ਸਨ, ਸ਼ਬਦ ਅਰਥ=ਪੰਜ ਬ੍ਰਿਛਾਂ ਵਾਲੀ ਥਾਂ, ਜਾਂ ਪੰਜ ਬੋਹੜਾਂ ਵਾਲੀ ਥਾਂ, ਇਸ ਥਾਂ ਉੱਤੇ ਪਿਪਲ, ਬਿੱਲ, ਬੋਹੜ, ਆਉਲੇ ਤੇ ਅਸ਼ੋਕ ਦੇ ਰੁੱਖ ਹਨ।

ਲਗਰਾਂ ਓਹੋ ਸ਼ਿਗੂਫਿਆਂ[1] ਨਾਲ ਭਰੀਆਂ,
ਭਜ ਭਜ ਆਪ ਜਿਨ੍ਹਾਂ ਨਾਲ ਖਹੀ ਦਾ ਸੀ।
ਓਹੋ ਵਾ ਠੰਢੀ, ਓਹੋ ਤ੍ਰੇਲ ਤੁਪਕੇ,
ਮੋਤੀ ਖਿਲਰੇ ਜਿਨ੍ਹਾਂ ਨੂੰ ਕਹੀ ਦਾ ਸੀ।
ਤੇਰੇ ਬਾਝ ਹੁਣ ਖਾਣ ਨੂੰ ਪਏ ਸਭ ਕੁਝ,
ਪਾ ਪਾ ਵਾਸਤੇ ਕੰਨੀ ਖਿਸਕਾਈ ਦੀ ਏ।
ਭੁਖਦੇ ਕੋਲਿਆਂ ਵਾਂਗ ਗੁਲਜ਼ਾਰ ਲੂਹੇ,
ਐਸੀ ਪੁੱਠੀ ਤਾਸੀਰ ਜੁਦਾਈ ਦੀ ਏ।

5. ਇਕ ਪਲਕ ਐਧਰ ਕੀਤੇ ਆ ਜਾਂਦੋਂ।
ਜਿੰਦ ਸਹਿਕਦੀ ਤੇ ਝਾਤੀ ਪਾ ਜਾਂਦੋਂ।
ਨਾਲੇ ਭੁਜਦੀਆਂ ਆਂਦਰਾਂ ਠਾਰ ਜਾਦੋਂ।
ਨਾਲੇ ਆਪਣਾ ਫਰਜ਼ ਭੁਗਤਾ ਜਾਂਦੋਂ।
ਮੇਰੀ ਜੁੱਗਾਂ ਦੀ ਤਾਂਘ ਮੁਕਾ ਜਾਂਦੋਂ,
ਨਾਲੇ ਪ੍ਰੀਤ ਨੂੰ ਤੋੜ ਨਿਭਾ ਜਾਂਦੋਂ।
ਜਿਨ੍ਹਾਂ ਹੱਥਾਂ ਨੇ ਧਨੁਸ਼ ਮਰੁੰਡਿਆ ਸੀ,
ਰਾਵਣ ਜਿੰਨ ਨੂੰ ਭੀ ਉਹ ਵਿਖਾ ਜਾਂਦੋਂ।
ਇਹ ਭੀ ਚਾਤ੍ਰਿਕ ਕੀਤੀਆਂ ਪਾ ਲੈਂਦਾ,
ਕੀਕਰ ਸਤੀ ਦੀ ਜਿੰਦੜੀ ਸਤਾਈ ਦੀ ਏ।
ਸਾਰੀ ਦੁਨੀਆਂ ਦੇ ਵਖਤਾਂ ਨੂੰ ਪਾਓ ਇਕਧਿਰ,
ਫਿਰ ਭੀ ਭਾਰੀ ਮੁਸੀਬਤ ਜੁਦਾਈ ਦੀ ਏ।

ਸ਼ਕੁੰਤਲਾ ਦੀ ਚਿੱਠੀ

ਰਾਜਾ ਰਵੀ ਵਰਮਾ* ਦੇ ਬਣਾਏ ਚਿਤ੍ਰ "ਸ਼ਕੁੰਤਲਾ ਪਤ੍ਰ-ਲੇਖਨ"
ਨੂੰ ਸਾਹਮਣੇ ਰਖ ਕੇ ਲਿਖੀ ਗਈ

(ਨਰਾਜ ਛੰਦ)

1. ਉਜਾੜ ਨੂੰ ਵਸਾਇ ਕੇ, ਬਹਾਰ ਲਾਣ ਵਾਲਿਆ !
ਬਹਾਰ ਫ਼ੇਰ ਆਪ ਹੀ ਉਜਾੜ ਜਾਣ ਵਾਲਿਆ !
ਅਤੀਤਣੀ[2] ਨਦਾਨ ਨਾਲ ਪ੍ਰੀਤ ਪਾਣ ਵਾਲਿਆ !
ਅਕਾਸ਼ ਚਾੜ੍ਹ ਪੌੜੀਓਂ, ਹਿਠਾਂਹ ਵਗਾਣ ਵਾਲਿਆ !

* ਭਾਰਤ ਦਾ ਇਕ ਪ੍ਰਸਿੱਧ ਚਿੱਤਰਕਾਰ ਜਿਸਦੀ ਬਣਾਈ ਹੋਈ ਇਹ ਤਸਵੀਰ ਤੇ ਹੋਰ ਕਈ ਬਹੁਤ ਲੋਕ-ਪ੍ਰੀਯ ਹਨ।

1. ਕਲੀਆਂ, ਕਰੂੰਮਲਾਂ। 2. ਤਿਆਗਣ, ਭਾਵ ਸ਼ਕੁੰਤਲਾ ਜੋ ਇਕ ਰਿਸ਼ੀ ਦੀ ਪਾਲੀ ਲੜਕੀ ਸੀ। ਉਸ ਨੇ ਦੁਸ਼ਿਅੰਤ ਰਾਜੇ ਨਾਲ ਵਿਆਹ ਕੀਤਾ ਪਰ ਇਕ ਸਰਾਪ ਵੱਸ ਰਾਜਾ ਉਸ ਨੂੰ ਭੁੱਲ ਗਿਆ। ਉਹ ਗਰਭਵਤੀ ਹੋਈ ਕਿਸੇ ਹੋਰ ਆਸ਼੍ਰਮ ਵਿਚੋਂ ਰਾਜੇ ਨੂੰ ਚਿਠੀ ਲਿਖਦੀ ਦੱਸੀ ਹੈ।

2. ਅਵਾਣ ਵੇਖ ਸਾਧਣੀ, ਅਸਾਧੋ[1] ਰੰਗ ਲਾ ਗਿਓਂ,
ਅਜ਼ਾਦ ਸ਼ੇਰਨੀ ਨੂੰ ਪ੍ਰੇਮ-ਪਿੰਜਰੇ ਫਸਾ ਗਿਓਂ,
ਚੁਰਾਇ ਚਿੱਤ-ਬਿੱਤ ਫੇਰ ਅੱਖੀਆਂ ਚੁਰਾ ਗਿਓਂ,
ਸੁਹਾਗ ਭਾਗ ਲਾਇ, ਵਾਂਗ ਛੁੱਟੜਾਂ ਬਹਾ ਗਿਓਂ।
3. ਕੁਮਾਰਿ ਕੰਜ ਦਾ ਕਰਾਰ ਲੁੱਟਿਆ ਪਲੁੱਟਿਆ,
ਹੰਡਾਇ ਰੂਪ, ਪਾਨ ਵਾਂਗ ਚੂਪ, ਫੋਗ ਸੁੱਟਿਆ,
ਰੁੜ੍ਹਾਇ ਪ੍ਰੇਮ-ਧਾਰ ਵਿਚ, ਫੇਰ ਨਾ ਪਤਾ ਲਿਆ,
ਕਿ ਜੀਉਂਦੀ ਰਹੀ ਬਿਮਾਰ, ਯਾ ਮਰੀ ਬਿਨਾ ਦਵਾ ?
4. ਰਸਾਲ[2] ਨੈਣ, ਰੂਪ ਰੰਗ, ਸ਼ੀਲਤਾ ਬਹਾਦੁਰੀ,
ਸੁਭਾਉ ਦੇਖ ਮਿੱਠੜਾ ਜ਼ਬਾਨ, ਖੰਡ ਦੀ ਛੁਰੀ,
ਛਲੀ ਗਈ ਅਭੋਲ, ਦੇਖ ਲਿੰਬ ਪੋਚ ਜ਼ਾਹਰੀ,
ਵਸਾਇ ਵਿਚ ਅੱਖੀਆਂ, ਘੁਮਾਇ ਜਿੰਦੜੀ ਛੜੀ।
5. ਪਰੰਤੂ ਹਾਇ ਸ਼ੋਕ ! ਮੈਂ ਫਕੀਰਨੀ ਲੁਟੀ ਗਈ,
ਲਪੇਟ ਵਿਚ ਆ ਗਈ, ਚਲਾਕ ਚਿੱਤ ਚੋਰ ਦੀ,
ਅਵਾਣ ਵਿੱਦਿਆ ਮਸੂਮ ਨੂੰ ਏਹ ਕੀ ਮਲੂਮ ਸੀ,
ਕਿ ਸੰਖੀਏ-ਡਲੀ[3] ਗਲੇਫ ਖੰਡ ਨਾਲ ਹੈ ਧਰੀ।
6. ਪਤਾ ਨਾ ਸੀ, ਕਿ ਠੀਕ ਆਖ ਛੱਡਿਆ ਸਿਆਣਿਆਂ,
ਕਿ ਲਾਵੀਏ ਨਾ ਨੇਹੁੰ ਨਾਲ ਰਾਹੀਆਂ ਮੁਸਾਫਰਾਂ,
ਓ ਭੌਰ ਵਾਂਗ ਫੁੱਲ ਟੋਲਦੇ ਸਦਾ ਨਵਾਂ ਨਵਾਂ,
ਟਿਕਾਉ ਨਾਲ ਬੈਠ ਨਾ ਆਰਾਮ ਲੈਣ ਇਕ ਥਾਂ।
7. ਓ ਘਾਤਕੀ[4] ! ਅਵਾਣ ਨਾਲ ਘਾਤ ਕੀ ਕਮਾਇਆ ?
ਇਹੋ ਤਿਰਾ ਪਿਆਰ ਸੀ ? ਜਿਦ੍ਹੀ ਪਸਾਰ ਮਾਇਆ,
ਮੈਂ ਡੋਲ ਖਿੱਚਦੀ ਨੂੰ ਡੋਲ ਡੋਲ ਕੇ ਡੁਲਾਇਆ,
ਸ਼ਿਕਾਰ ਵਾਂਗ ਮਾਰ, ਸਾਰ ਲੈਣ ਭੀ ਨਾ ਆਇਆ !
8. ਜ਼ਰਾ ਕੁ ਹਾਲ ਵੇਖ ਜਾ ਪਿਆਰ ਦੀ ਬੀਮਾਰ ਦਾ,
ਗੁਲਾਬ ਤੇ ਬਹਾਰ ਰੰਗ ਫੇਰਿਆ ਵਸਾਰ[5] ਦਾ
ਜਿਨ੍ਹੀਂ ਦਿਨੀਂ ਹਜ਼ਾਰ ਚੀਜ਼ ਚਾਹਿ ਨਿੱਤ ਨਾਰ ਦਾ[6],
ਮਿਰਾ ਸਰੀਰ ਹੌਕਿਆਂ ਵਿਖੇ ਸਮਾਂ ਗੁਜ਼ਾਰਦਾ।
9. ਕਿਹਾ ਹਨੇਰ ਪੈ ਗਿਆ ! ਨਸੀਬ ਸੌਂ ਗਏ ਮਿਰੇ,
ਬੁਲਾਣ ਦਾ ਖਿਆਲ ਯਾਦ ਹੀ ਰਿਹਾ ਨਾ ਹੈ ਤਿਰੇ,
ਭੁਲਾ ਲਿਆ ਧਿਆਨ ਰਾਜ ਦੇ ਬਖੇੜਿਆਂ ਕਿਤੇ ?
ਕਿ ਹੋ ਗਿਆ ਅਚੇਤ ਭੌਰ ਹੋਰ ਕੌਲ ਫੁੱਲ ਤੇ ?

---
1. ਲਾਇਲਾਜ ਬੀਮਾਰੀ। 2. ਰਸ ਵਾਲੇ, ਸੁੰਦਰ। 3. ਜ਼ਹਿਰ ਦੀ ਡਲੀ। 4. ਕਾਤਲ। 5. ਹਲਦੀ।
6. ਸੰਕੇਤ ਗਰਭ ਦੇ ਦਿਨਾਂ ਵੱਲ ਹੈ।

10. ਨਾ ਯਾਦ ਆਉਂਦੀ ਕੁਈ ਘੜੀ ਨਰਾਜ਼ ਹੋਣ ਦੀ,
ਰਿਝਾਉਂਦੀ, ਹਸਾਉਂਦੀ, ਕਲੀ ਤਰਾਂ ਖਿੜੀ ਰਹੀ,
ਬੁਰੀ ਭਲੀ ਕਹੀ ਜਿ ਹੋ, ਸੜੇ ਜ਼ਬਾਨ ਚੰਦਰੀ,
ਹਿਰਾਨ ਹਾਂ ਕਿ ਫੇਰ ਮੈਂ ਤਿਰੇ ਮਨੋਂ ਕਿਵੇਂ ਲਹੀ ?

11. ਬਸੰਤ ਨੇ ਨਿਖਾਰ ਕੱਢਿਆ, ਖਿੜੀ ਕਲੀ ਕਲੀ,
ਮੁਰਾਦ ਪਾਇ, ਗੋਦ ਹੈ ਹਰੇਕ ਸ਼ਾਖ ਦੀ ਹਰੀ,
ਸੁਹਾਗਣਾਂ ਸ਼ਿੰਗਾਰ ਲਾ, ਸੰਧੂਰ ਮਾਂਗ ਹੈ ਭਰੀ,
ਪਰੰਤੂ ਮੈਂ ਅਭਾਗਣੀ ਉਡੀਕ ਵਿਚ ਹਾਂ ਖੜੀ।

12. ਜਦੋਂ ਧਿਆਨ ਛਾਪ ਵੱਲ ਜਾਇ, ਘੇਰ ਖਾਨੀਆਂ,
ਕਰਾਂ ਵਿਲਾਪ, ਕੂੰਜ ਵਾਂਗ, ਵੇਖ ਕੇ ਨਿਸ਼ਾਨੀਆਂ,
ਤਿਰਾ ਨਿਸ਼ਾਨ ਸਾਂਭ ਸਾਂਭ ਜਿੰਦ ਨੂੰ ਬਚਾਨੀਆਂ,
ਅਮਾਨ ਆਪਣੀ ਸੰਭਾਲ, ਆਣ ਕੇ ਗੁਮਾਨੀਆਂ[1]।

13. ਕਿਹਾ ਕਠੋਰ ਜੀ ਬਣਾ ਲਿਆ, ਘਰਾਂ ਨੂੰ ਜਾਇ ਕੇ,
ਨਾ ਹੋਰ ਜਿੰਦ ਸਾੜ, ਤਾਇ ਤਾਇ, ਆਜ਼ਮਾਇ ਕੇ,
ਮਲੂਕ ਜਿੰਦੜੀ ਚਲੀ ਗਈ ਜਿ ਤਾਇ ਖਾਇ ਕੇ,
ਬਣਾਇੰਗਾ ਕਿ ਲੋਥ ਦਾ, ਸਮਾਂ ਖੁੰਝਾਇ ਆਇ ਕੇ ?

14. ਨਿਆਇ-ਸ਼ੀਲ[2] ਰਾਜਿਆ ! ਮਿਰਾ ਨਿਆਂ ਕਮਾ ਲਈਂ,
"ਦੁਖੰਤ" ਨਾਮ ਦੀ ਖਰੈਤ, ਦੁੱਖ ਤੋਂ ਬਚਾ ਲਈਂ,
ਬਣਾ ਲਈਂ ਸਨਾਥ[3] ਪਾਸ ਆਪਣੇ ਬੁਲਾ ਲਈਂ,
"ਸ਼ਕੁੰਤਲਾ" ਰੁਲੇ ਉਜਾੜ, ਉੱਜੜੀ ਵਸਾ ਲਈਂ,

ਇਕ ਦੇਵੀ ਦੀ ਯਾਦ

ਮਾਸੂਮ ਦਰਸ਼ਕ ਦੇ ਮੂੰਹੋਂ ਇਕ ਅੰਗਰੇਜ਼ੀ ਕਵਿਤਾ ਦੇ ਅਧਾਰ ਪਰ ਲਿਖੀ ਗਈ

1. ਨਿੱਕਿਆਂ ਹੁੰਦਿਆਂ, ਮੈਂ ਇਕ ਵਾਰੀ,
ਦੇਖੀ ਸੀ ਉਹ ਕੰਜ ਕੁਮਾਰੀ,
ਭੋਲੀ ਭੋਲੀ, ਪਿਆਰੀ ਪਿਆਰੀ,
ਦੁਨੀਆਂ ਦੇ ਵਲ ਛਲ ਤੋਂ ਨਿਆਰੀ।
ਪਹੁ ਫੁਟਦੀ ਹੈ ਜਿਵੇਂ ਸਵੇਲੇ,
ਖਿੜੀ ਖਿੜੀ ਜਾਪੇ ਹਰ ਵੇਲੇ,
ਤ੍ਰੇਲ ਬਸੰਤੀ ਵਾਂਗ ਰਸੀਲੀ,
ਨਿਰਮਲ ਠੰਢੀ ਤੇ ਸ਼ਰਮੀਲੀ,

1. ਹੰਕਾਰੀਆਂ। 2. ਇਨਸਾਫ ਕਰਨ ਵਾਲਾ। 3. ਸਵਾਮੀ ਵਾਲੀ।

ਫੁੱਲ ਬਹਾਰੀ, ਗੁਡੀਆਂ ਖਨੂੰ,
ਮਿਲੇ ਹੋਏ ਸਨ ਸਾਥੀ ਏਨੂੰ,
ਫਿਕਰ ਨ ਫਾਕੇ ਨੇੜੇ ਢੁਕਦੇ,
ਖੇਡੀਂ ਚਾਈਂ ਦਿਹਾੜੇ ਮੁਕਦੇ।
ਆਪਣੇ ਆਪ ਗੀਤ ਕੋਈ ਗਾ ਕੇ,
ਖਿੜ ਪੈਂਦਾ ਸੀ ਜੀ ਮੁਸਕਾ ਕੇ।

2. ਫਿਰ ਦੇਖੀ ਮੈਂ ਦੂਜੀ ਵਾਰਾਂ,
ਉਠਦੀ ਉਮਰ, ਸਤਾਰਾਂ ਠਾਰਾਂ।
ਲੰਮੀ, ਉੱਚੀ ਛੈਲ, ਨਰੋਈ,
ਸ਼ਾਦੀ ਲਾਇਕ ਹੋਈ ਹੋਈ।
ਕੋਮਲ, ਸੁੰਦਰ, ਸਜੀ ਸ਼ਿੰਗਾਰੀ,
ਦਿਲ ਵਿਚ ਭਖੇ ਪ੍ਰੇਮ-ਚੰਗਿਆੜੀ।
ਰੂਪ ਜਵਾਨੀ ਠਾਠਾਂ ਮਾਰੇ,
ਛਲਕੇ, ਡਲ੍ਹਕੇ ਵਾਂਗਰ ਪਾਰੇ,
ਮਿੱਠੇ ਬੋਲ, ਅਵਾਜ਼ ਰਸੀਲੀ,
ਅੱਖਾਂ ਦੇ ਵਿਚ ਭਾਹ ਸ਼ਰਮੀਲੀ।
ਚੰਦਨ ਬਦਨੀ ਜਦ ਖਿੜ ਪੈਂਦੀ,
ਕਈ ਚਕੋਰਾਂ ਨੂੰ ਮੋਹ ਲੈਂਦੀ।
ਪਰ ਨਸੀਬ ਸੀ ਇਕਸੇ ਜੀ ਦਾ,
ਮਾਣ ਜਿਨੂੰ ਸੀ ਏਸ ਕਲੀ ਦਾ।

3. ਕਈ ਸਾਲ ਹੋਰ ਜਦ ਬੀਤੇ,
ਫਿਰ ਮੈਂ ਉਸ ਦੇ ਦਰਸ਼ਨ ਕੀਤੇ।
ਉਸ ਵੇਲੇ ਸੀ ਰੂਪ ਜਲਾਲੀ[1],
ਦਾਨੀ[2], ਸੁਘੜ, ਠਰ੍ਹੰਮੇ ਵਾਲੀ।
ਪ੍ਰੇਮ-ਬਾਗ ਦੀਆਂ ਖੁਸ਼ੀਆਂ ਮਾਣੇ,
ਕੰਤ-ਪਿਆਰੀ, ਧਰਮ ਪਛਾਣੇ।
ਕਲੀਓਂ ਕੁਦਰਤ ਫੁੱਲ ਬਣਾਈ,
ਫੁੱਲੋਂ ਫਿਰ ਫਲ ਭੀ ਲੈ ਆਈ।
ਅੰਸਾ ਵਾਲੀ, ਗੋਦ ਅਵਾਣਾ,
ਸਾਕੀਂ ਅੰਗੀਂ ਆਉਣਾ ਜਾਣਾ।
ਦਿਨ ਸਾਈਂ ਨੇ ਐਸੇ ਫੇਰੇ,

---

1. ਚਮਕ ਵਾਲਾ, ਰੋਅਬਵਾਲਾ। 2. ਸਿਆਣੀ।

ਭਾਗ ਲਗਾ ਸੀ ਚਾਰ ਚੁਫੇਰੇ।
ਐਸੀ ਸੋਹਣੀ, ਪਿਆਰੀ, ਮਿੱਠੀ,
ਇਸ ਤੋਂ ਪਹਿਲੇ ਨਹਿੰ ਸੀ ਡਿੱਠੀ।
4. ਫੇਰ ਅਖੀਰੀ ਦਰਸ਼ਨ ਪਾਇਆ,
ਜਦ ਦਰਗਾਹੋਂ ਸੱਦਾ ਆਇਆ।
ਸਿਰ ਤੇ ਛਤਰ ਨੂਰਾਨੀ ਝੁੱਲੇ,
ਸੁਰਗਾਂ ਦੇ ਦਰਵਾਜ਼ੇ ਖੁਲ੍ਹੇ।
ਰੱਬ ਉਦ੍ਹੇ ਵਿਚ ਵੱਸ ਰਿਹਾ ਸੀ,
ਚਿਹਰਾ ਖਿੜ ਖਿੜ ਹਸ ਰਿਹਾ ਸੀ।
ਲੋੜਾਂ ਥੋੜਾਂ ਫਿਕਰ ਨਾ ਫਾਕੇ,
ਤੰਗ ਕਰਨ ਕੋਈ ਏਥੇ ਆ ਕੇ।
ਨਾ ਡਰ ਖੌਫ ਕੋਈ ਉਸ ਵੇਲੇ,
ਮੁੱਕ ਗਏ ਸੰਸਾਰ-ਝਮੇਲੇ।
ਸ਼ਾਂਤ-ਸਰੂਪ ਅਨੰਦ-ਮਈ ਸੀ,
ਤਾਰੇ ਵਾਂਗਰ ਡਲ੍ਹਕ ਰਹੀ ਸੀ।
ਉਸ ਵੇਲੇ ਸੁੰਦਰ ਸੀ ਜੈਸੀ,
ਕਦੇ ਨਾ ਦੇਖੀ ਸੀ ਮੈਂ ਐਸੀ।

ਦਿਲ

ਮੁਰਲੀ-ਮਨੋਹਰ ਦੀ ਦਰਸ਼ਨ-ਤਾਂਘ ਵਿਚ, ਬੂਹੇ ਤੇ ਖਲੋਤੀ ਇਕ ਗਵਾਲਨ ਆਪਣੇ ਰੁੜ੍ਹੇ ਜਾਂਦੇ ਦਿਲ ਨਾਲ ਗੁਪਤ ਗੱਲਾਂ ਕਰਦੀ ਹੈ।

ਰਹੁ ਰਹੁ, ਵੇ ਜੀਆ ਝੱਲਿਆ !
ਆਖੇ ਭੀ ਲਗ ਜਾ, ਮੱਲਿਆ !
ਅੜਿਆ ਨਾ ਕਰ, ਲੜਿਆ ਨਾ ਕਰ,
ਕੁੜ੍ਹਿਆ ਨਾ ਕਰ, ਸੜਿਆ ਨਾ ਕਰ।
ਵੇ ਵੈਰੀਆ ! ਕੀ ਹੋ ਗਿਆ ?
ਰੌਲਾ ਨਾ ਪਾ ! ਡੁਬਦਾ ਨਾ ਜਾ !
ਟਲ ਜਾ ਅਮੋੜਾ, ਪਾਪੀਆ !
ਰੋ ਰੋ ਕੇ ਦੀਦੇ ਗਾਲ ਨਾ !
ਵੇ ਨਾਮੁਰਾਦਾ ! ਠਹਿਰ ਜਾ !
ਪਿਟ ਪਿਟ ਕੇ ਹੋ ਜਿਲਹਾਲ[1] ਨਾ !
ਓਦੋਂ ਨਹੀਂ ਸੀ ਵਰਜਿਆ ?
ਆ ਬਾਜ਼ ਆ ! ਆ ਬਾਜ਼ ਆ !

1. ਬੇਹਾਲ।

ਨਿਹੁੰ ਨਾ ਲਗਾ ! ਫਹੀਆ ਨਾ ਪਾ !
ਪੱਲਾ ਬਚਾ ! ਨੇੜੇ ਨਾ ਜਾ !
ਵਾਟਾਂ ਨੀਂ ਏਹ ਦੁਖਿਆਰੀਆਂ,
ਮਜਲਾਂ ਨੀਂ ਬੜੀਆਂ ਭਾਰੀਆਂ,
ਰੋ ਰੋ ਕੇ ਹੁਣ ਜੀ ਖਾਏਂ ਕਿਉਂ ?
ਘਬਰਾਏਂ ਕਿਉਂ ? ਚਿਚਲਾਏਂ ਕਿਉਂ?
ਫਸ ਗਏ ਤੇ ਫਿਰ ਕੀ ਫਟਕਣਾ ?
ਜੇਰਾ ਵੀ ਕਰ, ਵੇ ਕਾਹਲਿਆ !
ਔਹ ਵੇਖ, ਸੂਰਜ ਢਲ ਗਿਆ !
ਗਰਦਾ ਵੀ ਉੱਡਣ ਲਗ ਪਿਆ !
ਗਊਆਂ ਦਾ ਚੌਣਾ ਆ ਰਿਹਾ !
ਸੁਣ ਤੇ ਸਹੀ ! ਵਾਜ ਆ ਗਈ !
ਔਹ ਬੰਸਰੀ ! ਵਜਦੀ ਪਈ !
ਸਦਕੇ ਗਈ ! ਓਹ ਹੀ ਹੈ !
ਹਾਂ ਹਾਂ, ਉਹੋ ਹੀ ਦੇਖ ਲੈ !
ਰਜ ਰਜ ਕੇ ਦੀਦੇ ਠਾਰ ਲੈ !
ਕੋਈ ਪੱਜ਼ ਪਾ ਖਲਿਹਾਰ ਲੈ !
ਵੇ ਮੋਹਣਿਆ ! ਐਧਰ ਤੇ ਆ !
ਵੱਛਾ ਮੇਰਾ, ਫੜ ਲੈ ਜ਼ਰਾ !
ਮੈਂ ਧਾਰ ਕੱਢਣ ਲੱਗੀ ਆ !*

ਜੋਗਨ ਦਾ ਗੀਤ

1. ਪਰਬਤ

ਪਰਬਤ ਨੇ ਅਰਸ਼ੋਂ ਉਤਰੀ ਰੂੰ ਦਾ, ਨਿਰਮਲ ਚੋਲਾ ਪਾਇਆ ਹੈ,
ਸੀਨੇ ਵਿਚ ਬਲਦੀਆਂ ਲਾਟਾਂ ਨੂੰ, ਇਸ ਚੋਲੇ ਹੇਠ ਲੁਕਾਇਆ ਹੈ।
ਜੀ ਦੇ ਉਬਾਲ ਪਰ ਬੇਮੁਹਾਰ, ਫੁਟ ਫੁਟ ਕੇ ਬਾਹਰ ਆਂਦੇ ਨੇਂ,
ਸਬਜ਼ੀ, ਰਸ, ਰੰਗ, ਖਿੜਾਉ, ਮਹਿਕ, ਥਾਂ ਥਾਂ ਤੇ ਵਿਛਦੇ ਜਾਂਦੇ ਨੇਂ।
ਕੁਝ ਲੁਕਵੇਂ ਸਾੜ ਕਲੇਜੇ ਦੇ, ਛਾਲੇ ਬਣ ਬਣ ਕੇ ਫਿਸਦੇ ਨੇਂ।
ਤੁਰਦੇ ਨੇਂ ਪੱਥਰ ਪਾੜ ਪਾੜ, ਰਿਸ ਰਿਸ ਕੇ ਵਹਿੰਦੇ ਦਿਸਦੇ ਨੇਂ,

* ਚੰਦਨ ਵਾੜੀ ਪੁਸਤਕ ਵਿਚੋਂ ਆਈ, ਇਹ ਤੇ ਇਸ ਤੋਂ ਪਹਿਲੀਆਂ ਤਿੰਨ ਕਵਿਤਾਵਾਂ ਬਹੁਤ ਹੀ ਪ੍ਰਸਿੱਧ ਤੇ ਲੋਕ ਪ੍ਰਿਯ ਰਹੀਆਂ ਹਨ।

2. ਨਦੀ

ਇਹ ਪਾਣੀ ਅੱਲੇ ਜ਼ਖਮਾਂ ਦਾ, ਸੀਨੇ ਨੂੰ ਖੋਰੀ ਜਾਂਦਾ ਹੈ,
ਰੋਕਾਂ ਅਟਕਾਂ ਨੂੰ ਚੀਰ ਪਾੜ, ਘਬਰਾਂਦਾ ਰਾਹ ਬਣਾਂਦਾ ਹੈ।
ਨਾ ਦੂਰੀ ਤੋਂ ਦਿਲ ਛਡਦਾ ਹੈ, ਨਾ ਸੱਟ ਪੇਟ ਤੋਂ ਡਰਦਾ ਹੈ,
ਜਿਸ ਪਾਸੇ ਸਿੰਙ ਸਮਾਂਦੇ ਨੇਂ, ਬਸ ਸਿਰ ਖੋਭਣ ਦੀ ਕਰਦਾ ਹੈ।
ਜਿਉਂ ਹਿਰਦਾ ਕਿਸੇ ਵਿਜੋਗਣ[1] ਦਾ, ਵਹਿਣਾਂ ਵਿਚ ਰੁੜ੍ਹਦਾ ਜਾਂਦਾ ਹੈ,
ਤਿਉਂ ਡਿੰਗ ਡਿਗ, ਉਠ ਉਠ, ਦੌੜ ਦੌੜ, ਛਾਲਾਂ ਤੇ ਛਾਲਾਂ ਲਾਂਦਾ ਹੈ।

3. ਚਾਨਣੀ

ਇਕਤਾਰ, ਸਮੇਂ ਦੀ ਚਾਲ ਵਾਂਗ, ਪਰਵਾਹ[2] ਨਦੀ ਦਾ ਜਾਰੀ ਹੈ,
ਸੂਰਜ ਭੀ ਥਕ ਕੇ ਜਾ ਸੁੱਤਾ, ਪਰ ਇਸ ਨੂੰ ਚਾਲ ਪਿਆਰੀ ਹੈ।
ਅੰਬਰ ਤੋਂ ਚੰਦ-ਚਨੈਣ ਉਤਰ, ਲਹਿਰਾਂ ਵਿਚ ਡੁਬਦੀ ਤਰਦੀ ਹੈ,
ਸ਼ੀਸ਼ੇ ਦੇ ਡਲ ਤੇ ਫਿਰ ਫਿਰ ਕੇ, ਕਯਾ ਨਾਚ ਝਿਲਮਿਲਾ ਕਰਦੀ ਹੈ।
ਲੈਲਾ[3] ਨੇ ਲੀੜੇ ਲਾਹ ਲਾਹ ਕੇ, ਚਾਨਣ ਵਿਚ ਤਾਰੀ ਲਾਈ ਹੈ,
ਝਲਕਾਰਾ ਪੈ ਪੈ ਫੈਲ ਰਹੀ, ਰੁਸ਼ਨਾਈ ਹੀ ਰੁਸ਼ਨਾਈ ਹੈ।

4. ਜੋਗਨ

ਗੰਗਾ ਦੇ ਨਿਰਮਲ ਨੀਰ ਧੁਪੇ, ਬਰਫਾਨੀ ਪੱਖੇ ਝੁਲਦੇ ਨੇਂ।
ਚੁਪ ਚਾ ਵਿਚ ਲੈ ਇਕ ਛਿੜਦੀ ਹੈ, ਪੱਥਰ ਤੇ ਜਲ ਜਦ ਘੁਲਦੇ ਨੇਂ।
ਮਸਤੀ ਮਸਤਾਨੀ ਹੋ ਹੋ ਕੇ, ਇਸ ਸੁਰ ਤੋਂ ਸਦਕੇ ਜਾਂਦੀ ਹੈ,
ਇਕ ਬਨ-ਦੇਵੀ ਦੇ ਸੀਨੇ ਵਿਚ, ਸੁੱਤੀ ਹੋਈ ਕਲਾ ਜਗਾਂਦੀ ਹੈ,
ਦੀਵਾਨੀ ਦਾ ਦਿਲ ਧੜਕ ਧੜਕ, ਇਕ ਸਿਲ ਤੇ ਆਣ ਬਹਾਂਦਾ ਹੈ,
ਵੀਣਾ ਦੀਆਂ ਤਰਬਾਂ ਛੇੜ ਛੇੜ, ਸੁਰ ਲਹਿਰਾਂ ਨਾਲ ਮਿਲਾਂਦਾ ਹੈ।

5. ਰਾਗ

ਹਿਰਦੇ ਵਿਚ ਧੁਖਦੀ ਪ੍ਰੇਮ-ਅਗਨ, ਵਾ ਲਗ ਲਗ ਹੋਰ ਸੁਲਗਦੀ ਹੈ,
ਇਕ ਬਿਰਹੋਂ ਜਾਲੀ ਕੋਇਲ ਵਾਂਗ ਇਹ ਜੋਗਣ ਕੂਕਣ ਲਗਦੀ ਹੈ।
ਦਰਦਾਂ ਵਿਚ ਭਿੰਨੀ ਪ੍ਰੇਮ-ਕੂਕ, ਰਗ ਰਗ ਵਿਚ ਤੜਪ ਵਸਾਂਦੀ ਹੈ,
ਪੱਥਰ ਪਾਣੀ ਹੋ ਜਾਂਦੇ ਨੇਂ, ਜੋਗਨ ਪੱਥਰ ਹੋ ਜਾਂਦੀ ਹੈ।
ਜੋਗਨ, ਜਲ ਤੇ ਤਰਬਾਂ ਰਲਕੇ, ਇਕ ਅਦਭੁਤ ਸਮਾਂ ਬਣਾਂਦੇ ਨੇਂ,
ਪ੍ਰੀਤਮ ਨੂੰ ਪਾਸ ਬਹਾ ਕੇ ਤੇ, ਦਰਦਾਂ ਦਾ ਗੀਤ ਸੁਣਾਂਦੇ ਨੇਂ।

---

1. ਬਿਰਹਨ। 2. ਵੇਗ। 3. ਰਾਤ।

6. ਗੀਤ

ਚਿੰਤਾ, ਫਿਕਰੇ ! ਹਟ ਜਾਓ ਪਰੇ !
ਰਾਹ ਛਡ ਦਿਓ ਦਿਲ ਦੀਵਾਨੇ ਦਾ,
ਛੇੜੋ ਨਾ ਮਸਤ ਮਲੰਗਣ ਨੂੰ,
ਦਰ ਖੋਲੋ ਖਲਵਤ-ਖਾਨੇ[1] ਦਾ।
ਪ੍ਰੀਤਮ ਘਰ ਸਾਡੇ ਆਇਆ ਹੈ,
ਨੈਣਾਂ ਵਿਚ ਅਸਾਂ ਵਸਾਇਆ ਹੈ,
ਜੰਗਲ ਵਿਚ ਮੰਗਲ ਲਾਇਆ ਹੈ,
ਕੀ ਮਤਲਬ ਕਿਸੇ ਬਗਾਨੇ ਦਾ।
ਆ ਮੋਹਿਨ ! ਰਾਸ ਰਚਾਈਏ ਵੇ !
ਕੋਈ ਰਾਗ ਰਸੀਲਾ ਗਾਈਏ ਵੇ !
ਇਹ ਸਮਾਂ ਨਸੀਬੀ ਜੁੜਿਆ ਹੈ,
ਨਹੀਂ ਵੇਲਾ ਉਜ਼ਰ[2] ਬਹਾਨੇ ਦਾ।
ਅਖੀਆਂ ਵਿਚ ਚਾਨਣ ਤੇਰਾ ਹੈ,
ਦਿਲ ਵਿਚ ਭੀ ਤੇਰਾ ਡੇਰਾ ਹੈ।
ਸੰਗਾਂ ਸਭ ਚੁਲ੍ਹ ਪਾਈਆਂ ਨੇ,
ਡਰ ਰਿਹਾ ਨਾ ਮੇਹਣੇ ਤਾਨੇ ਦਾ।
ਚੜ੍ਹ ਕੇ ਏਕਾਂਤ ਚੁਬਾਰੇ ਵਿਚ,
ਜੀ ਟਿਕ ਗਿਆ ਨਵੇਂ ਨਜ਼ਾਰੇ ਵਿਚ।
ਹੁਣ ਬਾਹਰ ਨਿਕਲਣਾ ਮੁਸ਼ਕਲ ਹੈ,
ਚਾਤ੍ਰਿਕ ਮਨ ਮਸਤਾਨੇ ਦਾ।

ਨੈਣ

ਜਦ ਪ੍ਰੇਮ ਅਰਸ਼ੋਂ ਉਤਰਿਆ, ਸੰਸਾਰ ਝਾਕਾ ਲੈਣ,
ਜਿਉਂ ਬਣਨ ਮੋਤੀ ਤ੍ਰੇਲ ਦੇ, ਇਹ ਬਣ ਗਿਆ ਦੋ ਨੈਣ।
ਇਹ ਨੈਣ ਡਾਢੇ ਸੁਹਲ ਸੁੰਦਰ, ਪ੍ਰੇਮ ਦਾ ਅਵਤਾਰ,
ਚੰਦਨ ਮਮੋਲੇ, ਰਸਰਸੇ ਬੇਧੜਕ ਖੁਦਮੁਖਤਾਰ[3]।
ਕੁਝ ਰੱਤੜੇ ਕੁਝ ਤਿੱਖੜੇ ਜਲ ਨਾਲ ਕੁਝ ਭਰਪੂਰ,
ਪੀ ਪੀ ਪਿਆਲੇ ਨੂਰ ਦੇ ਹੋਏ ਨਸ਼ੇ ਵਿਚ ਚੂਰ,
ਉਚੇ ਝਰੋਖੇ[4] ਬੈਠ ਕੇ, ਲਗੇ ਵਰ੍ਹਾਉਣ ਤੀਰ,

1. ਮਸਤੀ ਦਾ ਘਰ, ਮੈ-ਖਾਨਾ। 2. ਇਤਰਾਜ਼, ਨਾਂਹ ਨੁਕਰ। 3. ਆਜ਼ਾਦ। 4. ਬਾਰੀਆਂ।

ਰਾਹ ਜਾਂਦਿਆਂ ਤੇ ਸੁੱਟ ਡੋਰੇ, ਜਾਣ ਸੀਨਾ ਚੀਰ।
ਪਰ ਲੜ ਗਈ ਤਕਦੀਰ ਉਲਟੀ ਹੁਸਨ ਦੇ ਪਰਤਾਪ,
ਹਥਿਆਰ ਕੱਸੇ ਰਹਿ ਗਏ, ਘਿਰ ਗਏ ਸ਼ਿਕਾਰੀ ਆਪ।
ਚੜ੍ਹ ਰੰਗ ਹੁਸਨਾਂ ਵਾਲੜੇ ਮਹਬੂਬ ਦੇ ਮੂੰਹ ਜ਼ੋਰ,
ਸਿੰਜਰ ਗਏ ਚੁਪ ਕੀਤਿਆਂ, ਲਾਂਭੇ ਹਟਾ ਕੇ ਹੋਰ।
ਫੁੱਟੇ ਗਏ, ਤੜਫਨ ਲੱਗੇ ਪੈ ਗਈ ਹਾਲ ਪੁਕਾਰ,
ਲੁੱਟੇ ਗਏ ਅਣਭੋਲ ਲੋਕੋ ! ਰੰਗਲੇ ਬਾਜ਼ਾਰ।
ਦਿਲ ਰੋੜ੍ਹ ਸਾਡਾ ਲੈ ਗਈ, ਇਹ ਬੇਮੁਹਾਰੀ ਕਾਂਗ,
ਅਰਸੀ ਉਡਾਰਾਂ ਭੁਲ ਗਈ, ਹੋ ਕੈਦ ਚਾਤ੍ਰਿਕ ਵਾਂਗ।

ਪ੍ਰੇਮ ਪੇਚੇ

(ਗੀਤ)

(ਭੈਰਵੀ ੩ ਤਾਲ)

ਇਸ਼ਕੇ ਦੇ ਪੇਚ ਕੁਵੱਲੇ ! ਦੁਹਾਈ ਲੋਕੋ ! ਇਸ਼ਕੇ ਦੇ...
ਜਾਣ ਤਮਾਚੇ ਨਾ ਝੱਲੇ। ਦੁਹਾਈ ਲੋਕੋ ! ਇਸ਼ਕੇ...
ਦਿਲ ਮੇਰਾ ਤੜਫੇ, ਅਖ ਸ਼ਰਮਾਵੇ,
ਮਾਂ ਝਿੜਕੇ, ਨਿਹੁੰ ਪੱਟੀਆਂ ਪੜ੍ਹਾਵੇ,
ਛੋਟ ਨਹੀਂ ਕਿਸੇ ਗੱਲੇ। ਦੁਹਾਈ ਲੋਕੋ...
ਜਗ ਰਖਣਾ, ਨਾਲੇ ਪ੍ਰੀਤ ਨਿਭਾਣੀ,
ਹਾਏ ਵੇ ਜੀਆ ! ਤੇਰੀ ਰਹਿ ਨਹੀਂ ਊਂ ਆਣੀ,
ਗੰਢ ਗੰਢ ਸਾਕ ਦੁਵੱਲੇ। ਦੁਹਾਈ ਲੋਕੋ...
ਵੇਖੀਂ ਵੇ ਇਸ਼ਕਾ ! ਦਿਲ ਨਾ ਦੁਖਾਵੀਂ,
ਸੰਭਲ ਸੰਭਲ ਕੇ ਚਰਕੇ[1] ਲਾਵੀਂ,
ਫਟ ਨੀਂ ਕਲੇਜੇ ਦੇ ਅੱਲੇ। ਦੁਹਾਈ ਲੋਕੋ...
ਮਾਹੀ ਵੇ ਮੁਹਾਣਿਆ[2] ! ਤਰਸ ਕਮਾ ਲੈ,
ਫਜ਼ਲਾਂ[3] ਦੇ ਬੇੜੇ ਚਾੜ੍ਹ ਲੰਘਾ ਲੈ,
ਪੈਸਾ ਨਹੀਂ ਊਂ ਮੇਰੇ ਪੱਲੇ। ਦੁਹਾਈ ਲੋਕੋ...
ਇਸ਼ਕੇ ਦੇ ਝੇੜੇ ਧੁਰ ਦੇ ਸਹੇੜੇ,
ਚਾਤ੍ਰਿਕ ਬਾਝੋਂ ਕੌਣ ਨਬੇੜੇ ?
ਵੱਸ ਨਾ ਵਕੀਲਾਂ ਦਾ ਚੱਲੇ ! ਦੁਹਾਈ ਲੋਕੋ...

1. ਪੜਛੇ। 2. ਮਲਾਹ। 3. ਕਿਰਪਾ।

ਪਿਆਰੇ ਦੀ ਭਾਲ

(ਸੁਰ-ਕਾਲੰਗੜਾ, ਧਾਰਨਾ—ਚਰਖ ਕਾਤੋ ਤੋਂ ਬੇੜਾ ਪਾਰ ਹੁੰਦਾ ਹੈ)

ਜੀਆ ! ਛੱਡ ਦੇ ਐਸ਼ ਬਹਾਰ ਨੂੰ,
ਚੱਲ, ਭਾਲੀਏ ਮਹਿਰਮ ਯਾਰ ਨੂੰ।
ਲਹੂ ਪੀ ਲਿਆ ਟੱਬਰਦਾਰੀਆਂ,
ਜਾਨ ਖਾ ਲਈ ਝੂਠੀਆਂ ਯਾਰੀਆਂ।
ਸੁੱਟ ਖੂਹ ਵਿਚ ਕਾਰ ਵਿਹਾਰ ਨੂੰ,
ਚੱਲ, ਭਾਲੀਏ ਮਹਿਰਮ ਯਾਰ ਨੂੰ।
ਏਸ ਖੱਪ ਖਪੌੜਿਓਂ ਨਸੀਏ।
ਕਿਤੇ ਇੱਕਲ-ਵਾਂਜੇ ਵੱਸੀਏ।
ਬਹਿ ਕੇ ਛੇੜੀਏ ਪ੍ਰੇਮ-ਸਤਾਰ ਨੂੰ,
ਚੱਲ, ਭਾਲੀਏ ਮਹਿਰਮ ਯਾਰ ਨੂੰ।
ਏਨ੍ਹਾਂ ਪੰਡਿਆਂ, ਮੁੱਲਾਂ, ਭਾਈਆਂ,
ਲੁੱਟਣ ਵਾਸਤੇ ਬੌਰਾਂ[1] ਲਾਈਆਂ।
ਮੰਗੋ ਫੁੱਲ ਤਾਂ ਚੋਭਣ ਖਾਰ ਨੂੰ,
ਚੱਲ, ਭਾਲੀਏ ਮਹਿਰਮ ਯਾਰ ਨੂੰ।
ਕਿਧਰੇ ਕੈਸ[2] ਦਾ ਚੇਟਕ ਲਾਵੀਏ,
ਧੀਦੋ[3] ਜੱਟ ਦਾ ਜੋਗ ਕਮਾਵੀਏ।
ਕਰੀਏ ਪੁੱਛ ਫਰਿਹਾਦ[4] ਲੁਹਾਰ ਨੂੰ,
ਚੱਲ, ਭਾਲੀਏ ਮਹਿਰਮ ਯਾਰ ਨੂੰ।
ਪਾਸ ਜਾਗਦੀ-ਜੋਤ ਦੇ ਪੁੱਜੀਏ,
ਫੇਰ ਭੰਬਟ ਵਾਂਗਰ ਭੁੱਜੀਏ।
ਮਿਲੀਏ ਘੁਟ ਘੁਟ ਕੇ ਦਿਲਦਾਰ ਨੂੰ,
ਚੱਲ, ਭਾਲੀਏ ਮਹਿਰਮ ਯਾਰ ਨੂੰ।

ਸਾਵੇਂ (ਗੀਤ ਬਿਹਾਗ)

ਟੇਕ-ਮੈਂ ਨਹੀਂ ਊਂ ਖੇਡਣੇ ਸਾਵੇਂ[5],
ਅੰਮੜੀਏ ! ਜੀ ਕਾਹਨੂੰ ਖਾਵੇਂ ? ਮੈਂ...
ਚੰਗੀ ਭਲੀ ਵੇਖੇਂ, ਪੀਆ ਘਰ ਨਾਹੀਂ,
ਉਠਣ ਕਲੇਜਿਓਂ ਬਲ ਬਲ ਆਹੀਂ,
ਹੋਰ ਚੁਆਤੀਆਂ[6] ਕੀ ਲਾਵੇਂ ?

---

1. ਜਾਲ। 2. ਮਜਨੂੰ। 3. ਰਾਂਝਾ।
4. ਈਰਾਨ ਦਾ ਇਕ ਇਮਾਰਤ ਕਾਰ ਜਿਸਦਾ ਇਸ਼ਕ ਬਾਦਸ਼ਾਹ ਖੁਸਰੋ ਪਰਵੇਜ਼ ਦੀ ਇਸਤ੍ਰੀ ਸ਼ੀਰੀ ਨਾਲ ਹੋ ਗਿਆ ਸੀ।
5. ਤੀਏਂ, ਸਾਵਣ ਦੇ ਐਤਵਾਰਾਂ ਨੂੰ ਮਨਾਏ ਜਾਂਦੇ ਕੁੜੀਆਂ ਦੇ ਮੇਲੇ। 6. ਅੱਗਾਂ, ਚਿਣਗਾਂ।

ਮੈਂ ਨਹੀਂ ਊਂ ਖੇਡਣੇ ਸਾਵੇਂ।
ਤਤਿਆਂ ਨੂੰ ਕਿਉਂ ਪਈ ਤਾਵੇਂ ! ਮੈਂ ਨਹੀਂ ਊਂ...
ਬਿਰਹੋਂ ਦੀ ਬਿਜਲੀ ਧੜਕਾਂ ਪਾਈਆਂ,
ਛਮ ਛਮ ਨੈਣਾਂ ਝੜੀਆਂ ਲਾਈਆਂ,
ਕਾਲੀਆਂ ਘਟਾਂ ਕੀ ਵਿਖਾਵੇਂ ?
ਮੈਂ ਨਹੀਂ ਊਂ ਖੇਡਣੇ ਸਾਵੇਂ,
ਅੰਮੜੀਏ ਕਿਉਂ ਪਈ ਖਪਾਵੇਂ ? ਮੈਂ ਨਹੀਂ ਊਂ...
ਆਖ ਸਈਆਂ ਨੂੰ ਪੀਘਾਂ ਪਾਉਣ,
ਪਾ ਪਾ ਕਿਕਲੀ ਰਲ ਮਿਲ ਗਾਉਣ,
ਪਿਪਲਾਂ ਦੀ ਠੰਢੀ ਠੰਢੀ ਛਾਵੇਂ,
ਮੈਂ ਨਹੀਂ ਊਂ ਖੇਡਣੇ ਸਾਵੇਂ।
ਸੁੱਤੀਆਂ ਕਲਾਂ ਕੀ ਜਗਾਵੇਂ ? ਮੈਂ ਨਹੀਂ ਊਂ...
ਮੌਲੀ, ਮਹਿੰਦੀ, ਬਿੰਦੀਆਂ, ਤਤੋਲੇ,
ਨਰਦਾਂ[1] ਦੀ ਥਾਈਂ ਰਖ ਰਖ ਕੋਲੇ,
ਚਾਤ੍ਰਿਕ ਨੂੰ ਪਰਚਾਵੇਂ ?
ਮੈਂ ਨਹੀਂ ਊਂ ਖੇਡਣੇ ਸਾਵੇਂ।
ਕਸਮ ਕਰਾ ਲੈ ਸਾਥੋਂ ਭਾਵੇਂ, ਮੈਂ ਨਹੀਂ ਊਂ...

ਦਿਲ

(ਗਜ਼ਲ)

ਆ ਦਿਲਾ ! ਹੋਸ਼ ਕਰੀਂ ! ਨਿਹੁੰ ਨਾ ਲਗਾਈਂ, ਵੇਖੀਂ !
ਇਸ਼ਕੇ ਦੇ ਪੇਚ ਬੁਰੇ, ਜੀ ਨਾ ਫਸਾਈਂ ਵੇਖੀਂ !
ਤੂੰ ਹੈਂ ਅਣਜਾਣ ਜਿਹਾ, ਲੋਕ ਬੜੇ ਵਲ ਛਲੀਏ,
ਖੋਟੇ ਬਜ਼ਾਰ ਕਿਤੇ ਭਰਮ ਨਾ ਜਾਈਂ, ਵੇਖੀਂ !
ਫੁੱਲਾਂ ਦੇ ਖਾਰ ਬੁਰੇ, ਖਾਰਾਂ ਤੇ ਨੋਕਾਂ ਬੁਰੀਆਂ,
ਸੋਖਿਆ ਨਾਲ ਪਿਆ ਨੈਣ ਨਾ ਲਾਈਂ, ਵੇਖੀਂ !
ਏਨ੍ਹਾਂ ਗਲੀਆਂ 'ਚ ਗਲੇ, ਮੁੜ ਨਾ ਮੁੜੇ ਘਰ ਵਲ ਨੂੰ,
ਰਾਹੇ ਰਾਹ ਜਾਂਦਾ ਕਿਤੇ ਫਾਹ ਨਾ ਪੁਆਈਂ, ਵੇਖੀਂ !
ਲੈ ਕੇ ਦਿਲ ਆਖ ਛਡਣ-ਜਾਓ ਜੀ ਹੁਣ ਮੌਜ ਕਰੋ,
ਧੋਖੇ ਬਾਜ਼ਾਂ ਦੇ ਬੂਹੇ ਪੈਰ ਨ ਪਾਈਂ, ਵੇਖੀਂ !
ਰੁੜ੍ਹ ਗਏ ਤਾਰੂ ਬੜੇ, ਵਹਿਣ ਕੁਵੱਲੇ ਪੈ ਕੇ,

1. ਗੋਟਾਂ (ਚੌਪੜ, ਸ਼ਤਰੰਜ ਆਦਿ ਖੇਡਾਂ ਦੀਆਂ)।

ਸ਼ੂਕਦੀ ਇਸ਼ਕ ਨਦੀ ਪੈਰ ਬਚਾਵੀਂ, ਵੇਖੀਂ !
ਤੜਪਦੇ ਰਹਿਣ ਦੀ ਕੀ ਲਾ ਲਈ ਬੀਮਾਰੀ ਤੂੰ ?
ਹੌਸਲੇ ਨਾਲ ਰਹੀਂ, ਜੀ ਨਾ ਡੁਲਾਈਂ, ਵੇਖੀਂ !
ਤੈਨੂੰ ਵਾਦੀ ਹੈ ਬੁਰੀ, ਵੇਖ ਕੇ ਵਿਛ ਜਾਵਣ ਦੀ,
ਚਾਤ੍ਰਿਕ ਵਾਂਗ ਕਿਤੇ ਧੋਖਾ ਨਾ ਖਾਈਂ, ਵੇਖੀਂ !

ਮਾਹੀ ਦੇ ਮੇਹਣੇ

(ਤਰਜ਼ ਹੋਲੀ)

ਸਾਨੂੰ ਮਾਹੀ ਦੇ ਮੇਹਣੇ ਨਾ ਮਾਰ,
ਨੀ ਮਾਏ ! ਰੱਬ ਕੋਲੋਂ ਡਰ ਨੀ ! ਮਾਹੀ ਦੇ ਮੇਹਣੇ ਨਾ ਮਾਰ।
ਧੁਰ ਦਰਗਾਹੋਂ ਮੈਂ ਪੱਲੇ ਪੁਆਇਆ, ਸੋਹਣਿਆਂ ਦਾ ਸੂਬੇਦਾਰ,
ਮਾਹੀ ਮੇਰਾ ਮੁਰਸ਼ਦ[1], ਮਾਹੀ ਮੇਰਾ ਮੌਲਾ[2] ਮਾਹੀ ਤੋਂ ਜਿੰਦੜੀ ਨਿਸਾਰ।
ਨੀ ਮਾਏ ! ਰੱਬ ਕੋਲੋਂ ਡਰ ਨੀ ! ਮਾਹੀ ਦੇ ਮੇਹਣੇ ਨਾ ਮਾਰ।
ਮਾਹੀ ਨਾਲ ਫਾਹੀਆਂ ਮੈਂ ਵਟ ਵਟ ਪਾਈਆਂ, ਅੱਲਾ ਨੂੰ ਜ਼ਾਮਨ[3] ਖਲ੍ਹਾਰ,
ਜੇਹੜੇ ਰੰਗ ਰੰਗੀਆਂ, ਮੈਂ ਉਸੇ ਵਿਚ ਚੰਗੀਆਂ; ਏ ਉਤਰੇ ਨਾ ਚਾਤ੍ਰਿਕ ਖ਼ੁਮਾਰ।
ਨੀ ਮਾਏ ! ਰੱਬ ਕੋਲੋਂ ਡਰ ਨੀ ! ਮਾਹੀ ਦੇ ਮੇਹਣੇ ਨਾ ਮਾਰ।

ਬਹਾਰ ਦਾ ਗੀਤ

ਸਈਓ ਸੱਲ ਬਿਰਹੋਂ ਦਾ ਸੀਨਾ ਭੁੰਨ ਭੁੰਨ ਖਾਵੇ,
ਸਾਨੂੰ ਸਜਣਾਂ ਦੇ ਬਾਝੋਂ ਏ ਬਹਾਰ ਕੀ ਭਾਵੇ ?
ਆਈ ਰੁੱਤ ਬਸੰਤੀ, ਪੁੰਗਰ ਡਾਲੀਆਂ ਰਹੀਆਂ,
ਸਾਵੇ ਪਤਰਾਂ ਦੇ ਵਿਚੋਂ, ਕਲੀਆਂ ਝਾਕਣ ਪਈਆਂ।
ਕੁਦਰਤ ਫੁੱਲ ਫੁੱਲ ਬਹਿੰਦੀ, ਪੀਲੀ ਪੋਸ਼ਸ਼[4] ਲਾਵੇ,
ਸਾਨੂੰ ਸਜਣਾਂ ਦੇ ਬਾਝੋਂ ਏ ਬਹਾਰ ਕੀ ਭਾਵੇ ?
ਨੀ ਬਸੰਤੀ ਬਹਾਰੇ ! ਪਹਿਨੀ ਪਚਰੀਏ ਨਾਰੇ !
ਤੈਨੂੰ ਕੌਣ ਹੰਡਾਵੇ ਬਾਝੋਂ ਪ੍ਰੀਤਮ ਪਿਆਰੇ।
ਆਖੀਂ ਹੋਣ ਉਡੀਕਾਂ, ਫੇਰਾ ਘਰ ਵਲ ਪਾਵੇ।
ਸਾਨੂੰ ਸਜਣਾਂ ਦੇ ਬਾਝੋਂ ਏ ਬਹਾਰ ਕੀ ਭਾਵੇ ?
ਮਹਿਕਾਂ ਮਤੀਏ ਨੀ ਵਾਏ ! ਕਾਹਨੂੰ ਲੂਹਨੀਏਂ ਪਾਸੇ ?
ਸਾਡੀ ਜਿੰਦੜੀ ਨੂੰ ਬਣੀਆਂ, ਤੈਨੂੰ ਸੁਝਦੇ ਨੇਂ ਹਾਸੇ।

1. ਗੁਰੂ। 2. ਰੱਬ। 3. ਵਿਚੋਲਾ ਜੁੰਮੇਵਾਰ। 4. ਪੋਸ਼ਾਕ।

ਕੱਲੇ ਲਗ ਲਗ ਕੰਧੀਂ, ਰੋ ਰੋ ਹੋ ਗਏ ਫਾਵੇ,
ਸਾਨੂੰ ਸਜਣਾਂ ਦੇ ਬਾਝੋਂ ਏ ਬਹਾਰ ਕੀ ਭਾਵੇ ?
ਭੌਰੇ ਬੰਸਰੀ ਛੇੜੀ, ਬੁਲਬੁਲ ਹੋਈ ਮਸਤਾਨੀ,
ਰੱਬਾ ਕਿਸ ਤਕਸੀਰੋਂ,[1] ਸਾਡਾ ਰੁੱਸ ਗਿਆ ਜਾਨੀ।
ਛੇਤੀ ਚਾਤ੍ਰਿਕ ਆਵੇ, ਸਾਡੀ ਲੱਗੀ ਨੂੰ ਬੁਝਾਵੇ,
ਸਾਨੂੰ ਸਜਣਾਂ ਦੇ ਬਾਝੋਂ ਏ ਬਹਾਰ ਕੀ ਭਾਵੇ ?

ਆਜ਼ਾਦੀ

ਹੁਸਨ, ਪਦਾਰਥ, ਮਹਿਲ ਮੁਨਾਰੇ, ਮੇਲੇ ਅਤੇ ਨਜ਼ਾਰੇ।
ਦੀਦੇ, ਖੀਵੇ ਹੋਏ, ਤਕ ਤਕ, ਸੁਚਜ ਜਗਤ ਦੇ ਸਾਰੇ।
ਪਰ, ਜਦ ਤੋਂ ਆਜ਼ਾਦ ਜਗਤ ਦੇ, ਪੈਣ ਲਗੇ ਝਲਕਾਰੇ।
ਇਸ਼ਕ ਤੇਰੇ ਦੇ, ਚਾ ਦੀਆਂ ਚੀਸਾਂ, ਸਾਰੇ ਸੁਆਦ ਵਿਸਾਰੇ।

ਤੇਰੀ ਉਡੀਕ

1. ਮਾਹੀਆ ! ਤੇਰੀ ਉਡੀਕ, ਕਰੀ ਚਲਾਂ ਕਦ ਤੀਕ ?
ਤੜਕਾ ਹੋਇਆ, ਲਾਲੀ ਹੱਸੀ।
ਪੰਛੀ ਚਹਿਕੇ, ਦੁਨੀਆਂ ਵੱਸੀ।
ਦਿਲ ਧੜਕੰਦਾ-ਮੁਠ ਵਿਚ ਫੜ ਕੇ,
ਰਾਹ ਮੈਂ ਤਕਿਆ, ਕੋਠੇ ਚੜ੍ਹ ਕੇ।
ਆ ਜਾਏਂ ਕਿਤੇ ਨਜੀਕ।
ਮਾਹੀਆ ! ਤੇਰੀ ਉਡੀਕ, ਕਰੀ ਚਲਾਂ ਕਦ ਤੀਕ...

2. ਚੜ੍ਹੀ ਦੁਪਹਿਰ, ਮੈਂ ਰਿੱਧਾ ਪੱਕਾ।
ਥਾਲ ਪਰੋਸਿਆ, ਫੜ ਲਿਆ ਪੱਖਾ।
ਵਿਚ ਬਰੂਹਾਂ[2]—ਨਿਗਹ ਜਮਾਈ,
ਕੁੰਡਾ ਖੜਕੇ, ਖੰਘੇ ਮਾਹੀ।
ਅੰਦਰ ਲਵਾਂ ਧਰੀਕ।
ਮਾਹੀਆ ! ਤੇਰੀ ਉਡੀਕ, ਕਰੀ ਚਲਾਂ ਕਦ ਤੀਕ...

3. ਸੰਝਾਂ ਪਈਆਂ, ਦੀਵੇ ਜਗ ਪਏ।
ਘਰੋਂ ਘਰੀ ਵਲ ਪੰਛੀ ਵਗ ਪਏ।
ਸੌਂਦੀ ਜਾਏ ਦੁਨੀਆਂ ਸਾਰੀ,
ਮੇਰੇ ਅੰਦਰ ਫਿਰੇ ਕਟਾਰੀ
ਮੁੜ ਨਾ ਜਾਏ ਰਫੀਕ[3]।
ਮਾਹੀਆ ! ਤੇਰੀ ਉਡੀਕ, ਕਰੀ ਚਲਾਂ ਕਦ ਤੀਕ...

---

1. ਅਪਰਾਧ, ਕਸੂਰ। 2. ਦਲ੍ਹੀਜਾਂ। 3. ਸਾਥੀ, ਸਜਣ।

4. ਭਿੰਨੀ ਰਾਤ, ਖਿੜੀ ਫੁਲਵਾੜੀ,
ਮੈਂ ਰੋ ਰੋ ਕੇ ਭਿਉਂ ਲਈ ਸਾੜੀ।
ਘੜੀਆਂ ਗਿਣੀਆਂ, ਪਹਿਰ ਗੁਜ਼ਾਰੇ।
ਅਖੀਆਂ ਵਿਚ ਦੀ ਲੰਘੇ ਤਾਰੇ।
ਮੋਟੇ ਅਤੇ ਬਰੀਕ।
ਮਾਹੀਆ ! ਤੇਰੀ ਉਡੀਕ, ਕਰੀ ਚਲਾਂ ਕਦ ਤੀਕ...

5. ਤੇਰੇ ਵਸ ਵਿਚ ਸਭ ਕੁਝ ਮੇਰਾ,
ਤੂੰ ਤ੍ਰੱਠੇਂ, ਤਾਂ ਵੱਸੇ ਖੇੜਾ।
ਤਾਂਘਾਂ ਤੜਫਣ, ਵਾਹ ਨਾ ਚੱਲੇ,
ਗੋਰਖਧੰਦਾ ਪੈ ਗਿਆ ਪੱਲੇ।
ਗ਼ਲਤ ਬਣਾ ਜਾਂ ਠੀਕ।
ਮਾਹੀਆ ! ਤੇਰੀ ਉਡੀਕ,
ਕਰੀ ਚਲਾ ਕਦ ਤੀਕ।*

ਨੀਂਦ

ਨੀਂਦ ਨਪੁੱਤੀ ਨੂੰ ਕੀ ਆਖਾਂ,
(ਜਿਹੜੀ) ਵੈਰ ਪਈ ਹਥ ਧੋ ਕੇ,
ਸਾਰੀ ਰਾਤ ਉਡੀਕਿਆ ਢੋਲਣ,
ਬੂਹੇ ਵਿਚ ਖਲੋ ਕੇ।
ਉਹ ਆਇਆ ਪਰ ਮੈਂ ਸ਼ਰਮਾ ਗਈ,
ਅਖੀਆਂ ਢੋ ਲਏ ਬੂਹੇ,
ਹਸਦਾ ਹਸਦਾ ਲੰਘ ਗਿਆ ਮਾਹੀ,
ਪਲਕਾਂ ਉਹਲੇ ਹੋ ਕੇ।

ਹੁਸਨ ਦਾ ਗੁਮਾਨ

ਸੋਹਣੀਏਂ ਹੁਸਨ ਦਾ ਕਰ ਨਾ ਗੁਮਾਨ।
ਰੂਪ ਤੇਰੇ ਦੀਆਂ ਧੁੰਮਾਂ ਪਈਆਂ,
ਸਤ ਵਲੈਤੀਂ ਖਬਰਾਂ ਗਈਆਂ,
ਮੰਨ ਗਿਆ ਸਾਰਾ ਜਹਾਨ,
ਹੁਸੀਨਾਂ ਦੇ ਵਿਚ ਤੂੰ ਪਰਧਾਨ।
ਸੋਹਣੀਏ, ਹੁਸਨ ਦਾ ਕਰ ਨ਼ਾ ਗੁਮਾਨ।

---

* ਇਹ ਸਭੇ ਹੀ ਗੀਤ ਆਪਣੇ ਸਮੇਂ ਵਿਚ ਬਹੁਤ ਲੋਕ ਪ੍ਰੀਅ ਰਹੇ ਹਨ।

ਆਸ਼ਕਾਂ ਤੇਰੇ ਅਗੇ ਪੱਲਾ ਅੱਡਿਆ,
ਤੂੰ ਐਪਰ ਹੰਕਾਰ ਨਾ ਛੱਡਿਆ,
ਜਾ ਚੜ੍ਹੀਓਂ ਅਸਮਾਨ।
ਮਾਰਿਆ ਹੇਠ ਨਾ ਰਤਾ ਧਿਆਨ।
ਸੋਹਣੀਏ ਹੁਸਨ ਦਾ ਕਰ ਨਾ ਗੁਮਾਨ।
ਸੰਝ ਪਈ ਪਰਛਾਵਾਂ ਲਹਿ ਗਿਆ,
ਹੁਸਨ ਤੇ ਜੋਬਨ ਸੁਪਨਾ ਰਹਿ ਗਿਆ,
ਸਮਾਂ ਬੜਾ ਬਲਵਾਨ।
ਮੁਕ ਗਈ ਚਾਰ ਦਿਨਾਂ ਦੀ ਸ਼ਾਨ।
ਸੋਹਣੀਏ, ਹੁਸਨ ਦਾ ਨਾ ਕਰ ਗੁਮਾਨ।
ਅੰਤ ਸਮਾਂ ਹੁਣ ਆ ਗਿਆ ਨੇੜੇ,
ਭੁਲ ਜਾਵਾਂ ਸਭ ਸ਼ਿਕਵੇ ਤੇਰੇ,
ਛਡ ਦੇਵੇਂ ਜੇ ਅਭਿਮਾਨ।
ਤੁਰ ਗਏ ਬੜੇ ਬੜੇ ਸੁਲਤਾਨ।
ਸੋਹਣੀਏ, ਹੁਸਨ ਦਾ ਕਰ ਨਾ ਗੁਮਾਨ।

ਅੱਖੀਆਂ

ਪਿਆਰੇ ਦੀ ਦੀਦ ਲਈ, ਦੁਨੀਆਂ ਤੇ ਆਈਆਂ ਅੱਖੀਆਂ।
ਇੰਤਜ਼ਾਰੀ ਦੇ ਲਈ, ਰਾਹ ਤੇ ਵਿਛਾਈਆਂ ਅੱਖੀਆਂ।
ਜੱਰਾ ਸੂਰਜ ਦੀ ਤਰਫ, ਰਖੇ, ਸਫਰ ਨੂੰ ਜਾਰੀ।
ਇਹੋ ਕੁਝ ਹੁੰਦਾ ਰਹੇ, ਜਦ ਦੀਆਂ ਲਾਈਆਂ ਅੱਖੀਆਂ।

ਆ ਸਜਣੀ

ਘੁਟ ਘੁਟ ਕੇ ਫੜੀਆਂ ਡੋਰਾਂ ਨੂੰ,
ਨਾ ਰਿਸ਼ਮਾਂ ਵਾਂਗ ਵਧਾ ਸੱਜਣੀ।
ਦਰਸ਼ਨ ਮੇਲੇ ਦੀਆਂ ਘੜੀਆਂ ਨੂੰ,
ਨਾ ਅਗੂਾਂ ਉਲਟਾ ਸੱਜਣੀ।
ਤੂੰ ਕਦ ਮੇਰੇ ਘਰ ਆਵੇਂਗੀ ?
ਕਦ ਗਲ ਲਾ ਅਪਣਾਵੇਂਗੀ ?
ਕਿਤੇ ਮੁਕ ਨਾ ਜਾਣ ਉਡੀਕਾਂ ਇਹ,
ਝਬ ਆ ਸੱਜਣੀ ਝੱਬ ਆ ਸੱਜਣੀ।
ਗਲ ਲਗਣ ਨੂੰ ਜੀ ਕਰਦਾ ਹੈ,
ਪਰ ਬੇਅਦਬੀ ਤੋਂ ਡਰਦਾ ਹੈ,

ਵਿਚਕਾਰ ਖੜੋਤੇ ਪੜਦੇ ਨੂੰ,
ਤੇ ਆਪੀਂ ਪਰੇ ਹਟਾ ਸੱਜਣੀ।
ਮੇਰੀ ਬਾਂਹ ਫੜਨ ਲਈ ਬਾਂਹ ਕਰ ਦੇ,
ਮੇਰੇ ਬਹਿਣ ਲਈ ਕੋਈ ਥਾਂ ਕਰਦੇ।
ਮੇਰੇ ਪੈਰ ਥਿੜਕਦੇ ਜਾਂਦੇ ਨੀ,
ਜ਼ਰਾ ਉਡ਼ ਕੇ ਉਤਾਂਹ ਉਠਾ ਸੱਜਣੀ।

ਦਿਲ ਦੀ ਸੱਧਰ

ਦਿਲ ਕਰਦਾ ਏ, ਮੈਂ ਸੋਹਣੀ ਹੋਵਾਂ,
ਜਿਨ੍ਹੀ ਸਖੀਆਂ ਲਾਲ ਰਿਝਾਏ,
ਜਾ ਉਹਨਾਂ ਨਾਲ ਖਲੋਵਾਂ।
ਬਣਾਂ ਪੁਜਾਰਨ, ਅਲਫੀ[1] ਪਾ ਕੇ,
ਪੂਜਣ ਜਾਵਾਂ ਥਾਲ ਸਜਾ ਕੇ,
ਪ੍ਰੇਮ ਗਲੀ ਵਿਚ ਲਿਟਾ ਖਿੰਡਾ ਕੇ,
ਨਾਲੇ ਗਾਵਾਂ, ਨਾਲੇ ਰੋਵਾਂ,
ਦਿਲ ਕਰਦਾ ਏ, ਮੈਂ ਸੋਹਣੀ ਹੋਵਾਂ।
ਬਾਹਰੋਂ ਉਜਲੀ ਅੰਦਰੋਂ ਕਾਲੀ,
ਚੱਜ ਵਿਹੂਣੀ ਪੱਲਿਉਂ ਖਾਲੀ,
ਹੰਝੂ ਪਾ ਪਾ ਸਾਬਣ ਲਾ ਲਾ,
ਚਿਕੜ ਭਰੀਆਂ ਕੰਨੀਆਂ ਧੋਵਾਂ,
ਦਿਲ ਕਰਦਾ ਏ, ਮੈਂ ਸੋਹਣੀ ਹੋਵਾਂ।
ਹਿੰਮਤ ਥੋੜੀ ਪੰਧ ਲੰਮੇਰਾ,
ਪਤਾ ਨਹੀਂ ਕੀ ਬਣਸੀ ਮੇਰਾ,
ਪਰ ਆਸ਼ਾ ਦੀ ਤਾਰ ਸੰਭਾਲੀ,
ਘੜੀਆਂ ਗਿਣ ਗਿਣ ਹਾਰ ਪਰੋਵਾਂ,
ਦਿਲ ਕਰਦਾ ਏ, ਮੈਂ ਸੋਹਣੀ ਹੋਵਾਂ।

ਤੇਰੀ ਯਾਦ

ਯਾਦ ਤੇਰੀ ਮਿਲ ਗਈ ਸੀ,
ਦਿਲ ਦੇ ਖੂੰਜੇ ਅੰਦਰ ਰਖਣੀ।

---

1. ਬਗਲੀ, ਖਫਨੀ।

ਜ਼ੁਲਫ ਤੇਰੀ ਦੀਆਂ ਲਪਟਾਂ ਦੀ ਵਾ,
ਮਿਲ ਜਾਂਦੀ ਸੀ ਭਖਣੀ।
ਪਰ ਜਦ ਦਾ ਉਹ ਹੁਸਨ ਹੁਲਾਰਾ,
ਨਜ਼ਰੋਂ ਲਾਂਭੇ ਹੋਇਆ,
ਹਿਰਦੇ ਮੰਦਰ ਦੇ ਵਿਚ ਰਹਿ ਗਈ,
ਥਾਂ ਸਖਣੀ ਦੀ ਸਖਣੀ।

— — — —

ਪੱਲਾ ਫੜ ਫੜ ਕਿਹਾ ਬੁਤੇਰਾ,
ਬਹਿ ਜਾ, ਬਹਿ ਜਾ, ਬਹਿ ਜਾ।
ਜਿੰਨੀਆਂ ਘੜੀਆਂ ਜੀ ਚਾਹੁੰਦਾ ਈ,
ਓਨਾ ਚਿਰ ਹੀ ਰਹਿ ਜਾ।
ਹਿਜਰ ਤੇਰੇ ਦੀਆਂ ਪੀੜਾਂ ਨੂੰ ਮੈਂ,
ਹਸ ਹਸ ਕੇ ਪੀ ਜਾਸਾਂ,
ਯਾਦ ਤੇਰੀ ਨੂੰ ਯਾਦ ਰਖਾਂਗਾ,
ਏਨੀ ਗੱਲ ਤੇ ਕਹਿ ਜਾ।

ਤਾਜ ਮਹਲ

ਚਾਨਣੀ ਦੇ ਫੁੱਲ ਵਰਗਿਆ ਚਿੱਟਿਆ !
ਬਰਫ-ਚੋਟੀ ਜਿਹਾ ਲਿਸ਼ਕਿਆ ਪੁਸ਼ਕਿਆ !
ਜਮਨ ਦੀ ਝਿਲਮਿਲੀ ਹਿੱਕ ਤੇ ਲੇਟਿਆ!
ਹਿਲਦਿਆ ਜੁਲਦਿਆ ਪਿਆਰ ਦਿਆ ਟਿੱਲਿਆ!
ਕਿਸ ਸੁਘੜ ਨੇ ਤੈਨੂੰ ਸੰਚੇ ਵਿਚ ਢਾਲਿਆ ?
ਕਿਸ ਸ਼ਹਿਨਸ਼ਾਹ ਤੇਰਾ ਖਰਚ ਸੰਭਾਲਿਆ ?
ਵਾਂਗ ਸ਼ੀਸ਼ੇ ਤੇਰਾ ਠਾਠ ਹੈ ਮਰਮਰੀ[1],
ਰੇਸ਼ਮੋਂ ਭੀ ਤੇਰੀ ਦੇਹ ਹੈ ਲੁਸਲੁਸੀ,
ਜੜਤ ਸ਼ਿੰਗਾਰ ਤੇ ਨਿਗਹ ਨਹੀਂ ਠਹਿਰਦੀ,
ਤੇਰੇ ਤੇ ਹੋ ਗਈ ਖਤਮ ਕਾਰੀਗਰੀ।
ਬਿਰਧ ਹੋ ਕੇ ਭੀ ਤੂੰ ਕੱਲ ਦਾ ਜਵਾਨ ਹੈਂ,
ਬੁਝ ਗਏ ਦਿਲਾਂ ਦੀ ਚਮਕਦੀ ਸ਼ਾਨ ਹੈਂ।
ਜਗਤ ਦੇ ਸੱਤ ਸੁਹਜਾਂ[2] ਦਿਆ ਅਫਸਰਾਂ,
ਤੂੰਹੇਂ ਹੈਂ ਸੁੰਦਰੀ ਤਾਜ[3] ਦਾ ਮਕਬਰਾ ?

---

1. ਸੰਗਮਰਮਰ ਵਰਗਾ, ਚਿੱਟਾ। 2. ਦੁਨੀਆਂ ਦੇ ਸੱਤ ਪ੍ਰਸਿੱਧ ਅਜੂਬੇ। 3. ਸ਼ਾਹਜਹਾਂ ਦੀ ਬੇਗਮ ਮੁਮਤਾਜ ਮਹਿਲ।

ਤੇਰੇ ਤੇ ਹੀ ਹਿੰਦ ਨਾਜ਼[1] ਹੈ ਕਰ ਰਿਹਾ,
ਤੇਰੇ ਸਿਰ ਤੇ ਤੀਰਥ ਬਣ ਗਿਆ ਆਗਰਾ।
ਤੂੰਹੇਂ ਹਨ ਮੁਗਲ ਸੁਲਤਾਨ ਦੇ ਦਿਲ ਦੀਆਂ-
ਦੌਲਤਾਂ ਹਸ਼ਮਤਾਂ[2] ਸਾਂਭ ਕੇ ਰੱਖੀਆਂ।
ਜਿਸ ਪਤੀ ਦੇ ਪ੍ਰੇਮ-ਰੰਗ ਵਿਚ ਮੱਤੜੀ,
ਜਿੰਦ ਤੇਰੇ ਬਦਨ ਵਿਚ ਹੈ ਸੁੱਤੜੀ,
ਕਿਸ ਤਰ੍ਹਾਂ ਦੇ ਲਾਡ ਚਾਉ ਹੈ ਕਰ ਰਹੀ ?
ਸ਼ਾਹਜਹਾਂ ਦੀ ਬਗਲ ਵਿਚ ਬੈਠੀ ਹੋਈ।
ਪੁੱਛ ਖਾਂ ਬੀਤਦਾ ਵਕਤ ਹੈ ਕਿਸ ਤਰ੍ਹਾਂ ?
ਫਿਕਰ ਗਮ ਤੇ ਨਹੀਂ ਛੇੜਦੇ ਏਸ ਥਾਂ ?
ਵੱਸਦੀ ਰੱਸਦੀ ਹੈ ਉਸੇ ਪਿਆਰ ਵਿਚ ?
ਮਸਤ ਸੀ ਜਿਸ ਤਰ੍ਹਾਂ ਏਸ ਸੰਸਾਰ ਵਿਚ।
ਨੈਣ ਖੀਵੇ ਘਿਰੇ ਕੱਜਲੀ ਧਾਰ ਵਿਚ,
ਤੀਰ ਕੱਸੀ ਖੜੇ ਹੁਸਨ-ਹੰਕਾਰ ਵਿਚ,
ਬੇ-ਵਸੇ ਖਿੜਖਿੜਾ ਉੱਠਦੇ ਨੇਂ ਕਦੀ,
ਤਰਸਦੀ ਦੇਖ ਕੇ ਆਤਮਾ ਕੰਤ ਦੀ ?
ਸੁੱਤੀਆਂ ਰੂਹਾਂ ਦੇ ਜਾਗਦੇ ਪਹਿਰੂਏ[3]!
ਆਖ, ਮਾਣੀ, ਚਲੋ ਸੁਆਦ ਇਸ ਮੇਲ ਦੇ,
ਕੋਈ ਨਹੀਂ ਏਸ ਥਾਂ ਛੇੜਦਾ ਆਣ ਕੇ,
ਧੁਰਾਂ ਦੇ ਜੋੜ ਇਹ ਤੋੜ ਚੜ੍ਹ ਜਾਣਗੇ।
ਖਿਜ਼ਾਂ ਦੇ ਦੌਰ ਨਿੱਤ ਆਣਗੇ ਜਾਣਗੇ,
ਪਰ ਨਹੀਂ ਪਿਆਰ ਦੇ ਫੁੱਲ ਕੁਮਲਾਣਗੇ।

ਕਦੀਮੀ ਕਿੱਸਾ

ਕਦੀਮੀ[4] ਕਿਸਾ ਹੈ ਤੇਰਾ ਮੇਰਾ,
ਜਦ ਇਕ ਦੁਰਾਹੇ ਤੇ ਆ ਮਿਲੇ।
ਮੈਂ ਤੇਰੀ ਖਾਤਿਰ, ਤੂੰ ਮੇਰੀ ਖਾਤਿਰ,
ਬੜੇ ਚਿਰੋਂ ਤਲਮਲਾ ਰਹੇ ਸਾਂ।
ਨਿਗਾਹਾਂ ਲੜੀਆਂ, ਕਲੇਜੇ ਧੜਕੇ,
ਤੇ ਪਾਟ ਨਿਕਲੇ, ਦਿਲਾਂ ਦੇ ਚਸ਼ਮੇ।
ਇਸ਼ਾਰਿਆਂ ਨਾਲ ਗੱਲਾਂ ਹੋਈਆਂ,
ਤੇ ਬੁਲ੍ਹਾਂ ਵਿਚ ਮੁਸਕਰਾ ਰਹੇ ਸਾਂ।

1. ਮਾਣ, ਫਖ਼ਰ। 2. ਸ਼ਾਨ ਸ਼ੌਕਤ, ਧਨ ਸੰਪਦਾ। 3. ਪਹਿਰੇਦਾਰ, ਸੰਤਰੀ। 4. ਆਦਿ, ਆਰੰਭ।

ਦੂਹਾਂ ਨੇ ਜੀਵਨ ਦਾ ਸਾਥ ਛੋਹਣ-
ਲਈ, ਮੁਹੱਬਤ ਦੀ ਗੰਢ ਪਾਈ,
ਕਿ ਹਸ਼ਰ[1] ਤਕ ਪ੍ਰੇਮ ਪੁੰਗਰੇਗਾ,
ਜ਼ਮੀਰ[2] ਜ਼ਾਮਨ ਬਣਾ ਰਹੇ ਸਾਂ।
ਨਸ਼ੀਲੇ ਨੈਣਾਂ ਨੇ ਮਾਰੀ ਸੈਨਤ,
ਤੇ ਹਿਲ ਪਏ ਪੈਰ ਆਰਜ਼ੂ ਦੇ,
ਤੂੰ ਨਾਚ ਛੋਹਿਆ, ਮੈਂ ਸੁਰ ਅਲਾਪੀ,
ਖੁਸ਼ੀ ਦੀ ਨੌਬਤ ਵਜਾ ਰਹੇ ਸਾਂ।
ਹਸਰਤਾਂ ਆਂਦੀ ਘੜੀ ਮੁਰਾਦਾਂ ਦੀ,
ਤਾਰੇ ਹੱਸੇ ਤਰੇਲ ਵੱਸੀ,
ਰਜ਼ਾਂ ਦੇ ਹੁਜਰੇ[3] 'ਚ ਹੁਕਮ ਕੁਦਰਤ ਦਾ,
ਹਸਦੇ ਹਸਦੇ ਬਜਾ ਰਹੇ ਸਾਂ।
ਜੋ ਹੁਸਨ ਤੇ ਇਸ਼ਕ ਦਾ ਤਰਾਨਾ,
ਖੁਦਾ ਦੇ ਵੇਲੇ ਦਾ ਛਿੜ ਚੁਕਾ ਸੀ,
ਗ੍ਰਿਹਸਥ ਮਾਰਗ ਦੇ ਦੋ ਮੁਸਾਫਿਰ,
ਨਵਾਂ ਜਹਾਨ ਇਕ ਵਸਾ ਰਹੇ ਸਾਂ।
ਪ੍ਰਭੂ ਨੇ ਕੀਤੀ ਅਕਾਸ਼ ਬਾਣੀ,
ਕਿ ਜੀਓ ਜਾਗੋ, ਵਧੋ ਤੇ ਫੁੱਲੋ,
ਉਸੇ ਤੋਂ ਲੈ ਲੈ ਅਸ਼ੀਰਵਾਦਾਂ,
ਉਸੇ ਦੀ ਸ੍ਰਿਸ਼ਟੀ ਵਧਾ ਰਹੇ ਸਾਂ।
ਤੂੰ ਮੈਨੂੰ ਜਗ ਵਿਚ ਅਮਰ ਬਣਾਇਆ,
ਤੇ ਆਪ ਬਣੀਓਂ ਜਗਤ ਮਾਤਾ,
ਜੇ ਤੂੰ ਨਾ ਹੁੰਦੀ, ਤਾਂ ਕੁਝ ਨਾ ਹੁੰਦਾ,
ਏ ਦੁਨੀਆਂ ਸੋਹਣੀ ਬਣਾ ਰਹੇ ਸਾਂ।

ਕਬਰ ਵਲ ਆਉਂਦਿਆਂ ਨੂੰ

1. ਬੇਕਦਰੀ ਦੀਆਂ ਸੱਟਾਂ ਖਾ ਖਾ, ਅਸਾਂ ਘੁੱਟ ਸਬਰ ਦਾ ਪੀਤਾ,
ਝੋਰਿਆਂ ਹੱਥੋਂ ਜਿੰਦ ਛੁਡਾ ਕੇ, ਅਸਾਂ ਜੰਗਲ ਡੇਰਾ ਕੀਤਾ।
ਜੀਉਂਦੀ ਜਿੰਦੇ ਅਸੀਂ ਰਹੇ ਤੜਫਦੇ, ਤੁਸੀਂ ਲੰਘ ਗਏ ਢਾਕ[4] ਭੁਆਕੇ,
ਤਦ ਭੀ ਸ਼ੁਕਰ ਜਿ ਮੋਇਆਂ ਮਗਰੋਂ, ਤੁਸਾਂ ਯਾਦ ਤੇ ਹੈ ਕਰ ਲੀਤਾ।
2. ਗਿਆ ਗੁਆਤਿਆਂ ਦੀ ਮਿੱਟੀ ਵਲ, ਜ਼ਰਾ ਸੰਭਲ ਸੰਭਲ ਕੇ ਔਣਾ,
ਮਰ ਕੇ ਸੀਤੇ ਅਸਾਂ ਫੱਟ ਜਿਗਰ ਦੇ, ਤੁਸਾਂ ਦੂਖਣੋਂ ਜ਼ਰਾ ਬਚੌਣਾ।
ਹੰਝੂ ਕੇਰਨ ਜਮ ਜਮ ਆ ਜਾਓ, ਪਰ ਦਿਲ ਦੇ ਨੈਣ ਵਹਾਣੇ,
ਬਲ ਬੁਝਿਆਂ ਅਰਮਾਨਾਂ ਉੱਤੇ, ਕੋਈ ਮੁੜ ਕੇ ਤੇਲ ਨਾ ਪੌਣਾ।

1. ਪਰਲੋ, ਅੰਤ। 2. ਆਤਮਾ। 3. ਮਨ, ਇਕਾਂਤ ਮੰਦਰ। 4. ਕਮਰ, ਪਿਠ।

3. ਮੋਇਆਂ ਨਾਲ ਯਰਾਨੇ ਨਿਭਣੇ, ਕੋਈ ਕੰਮ ਨਹੀਂ ਸੁਖਲੇਰਾ,
ਮਸਖਰੀਆਂ ਦੇ ਮੂੰਹ ਨਾ ਦੇਣਾ, ਜੇ ਐਡਾ ਨਹੀਂ ਜੇ ਜੇਰਾ।
ਓਪਰੀਆਂ ਦਿਲਬਰੀਆਂ ਸੰਦਾ, ਅਸਾਂ ਪੌਣਾਂ ਨਹੀਂ ਵਿਖਾਲਾ,
ਤੇਲ ਵਿਹੂਣੇ ਦੀਵਿਆਂ ਬਾਝੋਂ, ਸਾਨੂੰ ਚੰਗਾ ਏ ਇਹੋ ਹਨੇਰਾ।

ਪ੍ਰੇਮ ਪਰਵਾਨ

(ਗੀਤ ਢੋਲਕ)

ਧਾਰਨਾ :— ਤੈਨੂੰ ਵੇ ਮੈਂ ਆਖ ਵੇ ਰਹੀ, ਬੀਬਾ !
ਨੌਕਰ ਲਗ ਜਾ ਮੇਰਾ।

ਪ੍ਰੇਮ ਦੀਆਂ ਪੀੜਾਂ ਗੁੱਝੀਆਂ, ਸਈਓ ! ਹਿੱਲ ਗਿਆ ਬੰਦ ਬੰਦ ਸਾਰਾ।
ਪ੍ਰੇਮ ਨੇ ਤਣਾਵਾਂ ਖਿੱਚੀਆਂ, ਮੈਨੂੰ ਸੁੱਝ ਪਿਆ ਸਾਈਂ ਦਾ ਚਬਾਰਾ।
ਚੰਨ ਸੂਰਜ ਤਾਰਿਓਂ ਪਰ, ਸਈਓ ! ਚਾਨਣ ਦਾ ਚਾਨਣਾ ਮੁਨਾਰਾ।
ਸਿਦਕ ਦਾ ਸਹਾਰਾ ਸਾਂਭ ਕੇ, ਨੀ ਮੈਂ ਮਾਣ ਲਿਆ ਪੀਂਘ ਦਾ ਹੁਲਾਰਾ।
ਚਰਖੇ ਵਾਂਗ ਗੇੜ ਖਾਂਦਿਆਂ, ਮੈਨੂੰ ਦਿੱਸ ਪਿਆ ਪਾਰਲਾ ਕਿਨਾਰਾ।
ਮਾਹੀ ਨੇ ਇਸ਼ਾਰਾ ਘੱਲਿਆ, ਤੇਰੇ ਅੰਦਰੇ ਜਲਾਲ[1] ਦਾ ਉਤਾਰਾ।
ਨਦਰ ਨੇ ਨਿਹਾਲ ਕਰ ਲਿਆ ਜਦੋਂ ਰਹਿਮਤਾਂ ਦਾ ਖੁਲ੍ਹ ਗਿਆ ਭੰਡਾਰਾ।
ਪ੍ਰੇਮ ਪਰਵਾਨ ਹੋ ਗਿਆ, ਰਿਹਾ ਸਾਗਰੋਂ ਨਾ ਬੁਲਬੁਲਾ ਨਿਆਰਾ।

ਮਦਰਾਲਯ[2]

1. ਗੋ ਕਬਰਾਂ ਦੀ ਮਿੱਟੀ, ਚਕ ਤੇ-ਚਾੜ੍ਹੇਂ ਨਿਤ ਕੁਮਿਹਾਰਾ।
ਅੱਜ ਮੇਰੀ ਮਿੱਟੀ ਨੂੰ ਭੀ, ਦੇ ਦੇ ਇਕ ਰੂਪ ਨਿਆਰਾ।
ਸੁਥਰੀ ਜਿਹੀ ਪਿਆਲੀ ਘੜ ਕੇ, ਮਦਰਾਲਯ ਪਹੁੰਚਾ ਦੇ,
ਛੁਹ ਬੁਲਾਂ ਦੀ ਮਾਣ ਸਕਾਂ, ਮੂੰਹ ਲਾਵੇ ਜਦੋਂ ਪਿਆਰਾ।
2. ਮਦਰਾਲਯ ਦੇ ਅੰਗਣ ਅੰਦਰ, ਜਦ ਪਿਆਕ ਕੋਈ ਆਵੇ,
ਨਾਲ ਉਦ੍ਹੇ ਰਲ ਕੇ ਪੀਵਣ ਦਾ, ਚਾਉ ਜਿਹਾ ਚੜ੍ਹ ਜਾਵੇ।
ਖਬਰੇ ਉਸ ਨੇ ਕਿਸ ਕਿਸ ਮੈਂ ਦੀ, ਮਸਤੀ ਮਾਣੀ ਹੋਵੇ,
ਉਸ ਦੀ ਰੰਗਣ ਸ਼ਾਇਦ ਮੈਨੂੰ, ਭੀ ਅਰਸ਼ੀਂ ਪਹੁੰਚਾਵੇ।

ਕਮਾਲ ਕੀ ਹੈ ?

(ਗਜ਼ਲ ਕੱਵਾਲੀ)

ਕਿਸੇ ਨੇ ਇਸ਼ਕੇ ਨੂੰ ਪੁੱਛ ਕੀਤੀ,
ਕਿ ਤੇਰੇ ਅੰਦਰ ਕਮਾਲ ਕੀ ਹੈ ?

---

1. ਪ੍ਰਕਾਸ਼, ਚਮਕ। , 2. ਸ਼ਰਾਬ ਪੀਣ ਦੀ ਥਾਂ, ਠੇਕਾ।

ਜੋ ਫਸ ਗਿਆ, ਫਿਰ ਫਟਕ ਨਾ ਸਕਦਾ,
ਅਜ਼ਾਬ[1] ਹੈ ਤੇਰਾ ਜਾਲ ਕੀ ਹੈ।
ਵਿਖਾ ਕੇ ਝਾਕੀ, ਉਡਾ ਕੇ ਜਿਗਰਾ,
ਅੜਾ ਕੇ ਕੁੰਡੀ, ਫਸਾ ਕੇ ਪੰਛੀ,
ਨਾ ਆ ਕੇ ਫਿਰ ਉਸ ਦੀ ਵਾਤ ਪੁੱਛੇਂ,
ਸੁਣਾ ਮੀਆਂ ਤੇਰਾ ਹਾਲ ਕੀ ਹੈ ?
ਤੇਰੇ ਭੁਲਾਏ, ਖੁਦਾ ਭੁਲਾ ਕੇ,
ਤੇਰੇ ਧੂਏਂ ਦੇ ਫਕੀਰ ਬਣਦੇ,
ਤੇ ਤੂੰ ਪਿਆ ਅੱਖੀਆਂ ਚੁਰਾਵੇਂ,
ਏ ਬੇ-ਵਫਾਈ ਦੀ ਚਾਲ ਕੀ ਹੈ ?
ਜਵਾਬ ਮਿਲਿਆ, ਕਿ ਤੂੰ ਕੀ ਜਾਣੇਂ ?
ਹੈ ਖੇਡ ਬਾਲਾਂ ਦੀ ਤੇਰੇ ਭਾਣੇ,
ਏ ਲੱਗੇ ਜਿਸ ਤਨ ਉਹੋ ਪਛਾਣੇ,
ਕਿ ਇਸ ਖਜ਼ਾਨੇ ’ਚ ਮਾਲ ਕੀ ਹੈ ?
ਜਿਨਾਂ ਨੇ ਇਸ ਨੈਂ ਦੀ ਲੀਤੀ ਤਾਰੀ,
ਉਨ੍ਹਾਂ ਨੂੰ ਰਹਿੰਦੀ ਨਾ ਜਾਨ ਪਿਆਰੀ,
ਜੋ ਬਣ ਗਏ ਇਸ਼ਕ ਦੇ ਬਪਾਰੀ,
ਉਨ੍ਹਾਂ ਨੂੰ ਮਰਨਾ ਮੁਹਾਲ[2] ਕੀ ਹੈ ?
ਏ ਐਸਾ ਚੇਟਕ ਹੈ ਨਸ ਜਾਣਾ,
ਹਰਾਮ ਕਰ ਦੇਵੇ ਪੀਣਾ ਖਾਣਾ,
ਨਾ ਟਿਕ ਕੇ ਬਹਿਣਾ ਨਾ ਅੱਖ ਲਾਣਾ,
ਕਰਾਰ ਆਵੇ, ਮਜਾਲ ਕੀ ਹੈ ?
ਹੈ ਇਸ਼ਕ ਦੀ ਐਸੀ ਲਿਸ਼ਕ ਬਾਹੀ,
ਨਾ ਜਾਨ ਨਿਕਲੇ ਨਾ ਖੁਲ੍ਹੇ ਵਾਹੀ,
ਤੜਫਦੇ ਰਹਿਣਾ ਤੇ ਸੀ ਨਾ ਕਰਨਾ,
ਇਹੋ ਹੀ ਹੈ, ਹੋਰ ਘਾਲ ਕੀ ਹੈ ?
ਵਿਛੋੜਾ ਤੇ ਮੇਲ ਦੋਵੇਂ ਭੈੜੇ,
ਅਨੰਦ ਸਾਰਾ ਉਡੀਕ ਵਿਚ ਹੈ,
ਜ਼ੁਦਾਈ ਮੱਛੀ ਨੂੰ ਪੁੱਛ ਜਾ ਕੇ,
ਪਤੰਗਾ ਜਾਣੇ ਵਿਸਾਲ[3] ਕੀ ਹੈ ?
ਏ ਉੱਤੋਂ ਵੇਖੀ ਨਾ ਭੋਲੇ ਭਾਲ਼ੇ,
ਇਨ੍ਹਾਂ ਦੇ ਦੀਦੇ ਨੇਂ ਸੂਝ ਵਾਲੇ,

1. ਆਫਤ, ਮੁਸੀਬਤ। 2. ਔਖਾ। 3. ਮੇਲ।

ਨਫੇ ਤੇ ਘਾਟੇ ਨੂੰ ਜਾਣਦੇ ਨੇ,
ਹਰਾਮ ਕੀ ਹੈ, ਹਲਾਲ ਕੀ ਹੈ ?
ਲਹਾ ਕੇ ਖੱਲਾਂ, ਵਢਾ ਕੇ ਧੌਣਾਂ,
ਕਰਾ ਕੇ ਟੋਟੇ ਬਣਾ ਕੇ ਕੀਮਾ,
ਦਿਖਾਣ ਚੜ੍ਹ ਚੜ੍ਹ ਕੇ ਸੂਲੀਆਂ ਤੇ,
ਕਿ ਆਸ਼ਕੀ ਦਾ ਜਲਾਲ ਕੀ ਹੈ ?
ਏ ਪੌੜੀ ਅਰਸ਼ਾਂ ਤੇ ਜਾਣ ਦੀ ਹੈ,
ਫਨਾ[1] ਬਕਾ[2] ਵਿਚ ਪੁਚਾਣ ਦੀ ਹੈ,
ਏ ਜ਼ੱਰ ਸੂਰਜ ਬਣਨ ਨੂੰ ਉਠਦੇ,
ਇਨ੍ਹਾਂ ਦੇ ਅੱਗੇ ਮਸਾਲ ਕੀ ਹੈ ?

ਭੰਭਟ

ਭੰਭਟ ਪਾਸੋਂ, ਕੁੱਕੜਾ ! ਸਿੱਖ ਪ੍ਰੇਮ ਦਾ ਰਾਜ਼,
ਦੀਪਕ ਤੇ ਭੁੱਜ ਭੁੱਜ ਮਰੇ, ਕੱਢੇ ਨਾ ਆਵਾਜ਼।
ਬੁਲਬੁਲ ਨਹੀਂ ਕਿ ਰੋਂਦਿਆਂ, ਲਾ ਦੇਵਾਂ ਸਿਰ ਪੀੜ,
ਪਰਵਾਨਾ ਹਾਂ, ਸ਼ਮ੍ਹਾਂ ਤੋਂ, ਸਦਕੇ ਕਰਾਂ ਸਰੀਰ।
ਭੰਭਟ ਭੁੱਜੇ ਸ਼ਮ੍ਹਾ ਤੇ, ਇਕ ਫ਼ਟਾਕਾ ਖਾਇ,
ਸ਼ਮ੍ਹਾ ਵਹਾਂਦੀ ਅੱਥਰੂ, ਘੁਲ ਘੁਲ ਕੇ ਮੁੱਕ ਜਾਇ।
ਪ੍ਰੇਮ ਪੰਥ ਦੀ ਰੀਤਿ ਹੈ, ਗੁਪਤ ਰਹਿਣ ਜਜ਼ਬਾਤ,
ਹੋਛਾ ਤੇ ਹੌਲਾ ਕਰੇ ਨੰਗੀ ਹੋ ਗਈ ਬਾਤ।

ਜਵਾਨੀ

ਡਿੱਠੀ ਮੈਂ ਜਵਾਨੀ, ਇਕ ਜੱਟੀ ਮੁਟਿਆਰ ਤੇ,
ਵਿਛੀ ਹੋਈ ਇਕ ਸੂਬੇਦਾਰ ਦੇ ਪਿਆਰ ਤੇ।
ਮੱਥਾ ਉਹਦਾ ਡਲ੍ਹਕਦਾ ਤੇ ਨੈਣਾਂ ਵਿਚ ਨੂਰ ਸੀ,
ਰੂਪ ਦਾ ਗੁਮਾਨ ਤੇ ਜਵਾਨੀ ਦਾ ਗਰੂਰ ਸੀ।
ਆਕਰੀ ਨਰੋਈ, ਫੁੱਲ ਵਾਂਗ ਖਿੜ ਖਿੜ ਹੱਸਦੀ,
ਸਾਬਣ ਦੀ ਚਾਕੀ ਵਾਂਗ ਤਿਲਕ ਤਿਲਕ ਨੱਸਦੀ।
ਸੋਮ ਵਾਂਗ ਸਿੰਮਦਾ ਸੁਹਾਗ ਦਾ ਸੰਧੂਰ ਸੀ,
ਬੋਤਲ ਦਾ ਨਸ਼ਾ ਉਹਦੇ ਨੈਣਾਂ 'ਚ ਸਰੂਰ ਸੀ।
ਕੱਸੇ ਹੋਏ ਪਿੰਡੇ ਉੱਤੋਂ ਮੱਖੀ ਤਿਲਕ ਜਾਂਦੀ ਸੀ,

1. ਸੂਫ਼ੀਆਂ ਅਨੁਸਾਰ ਰੱਬ ਵਿਚ ਇਕ ਮਿਕ ਹੋਣ ਦੀਆਂ ਅਵੱਸਥਾਵਾਂ, (ਯੋਗੀਆਂ ਦੀ ਸਹਜ, ਤੁਰੀਆ, ਚੌਥੀ ਅਵੱਸਥਾ ਵਾਂਗ)। 2. ਆਖੀਰ, ਅੰਤਿਮ।

ਹੁਸਨ ਦੇ ਹੁਲਾਰੇ ਸ਼ਮਸ਼ਾਦ[1] ਵਾਂਗ ਖਾਂਦੀ ਸੀ।
ਚੀਕੂ[2] ਵਾਂਗ ਮਿੱਠੀ ਤੇ ਖਰੋਟ ਵਾਂਗ ਪੱਕੀ ਸੀ,
ਪੀਆ ਦਾ ਪਿਆਰ ਨਾ ਸੰਭਾਲ ਹਾਲ ਸੱਕੀ ਸੀ।
ਜੋਬਨ ਮਝੈਲਣਾਂ[3] ਦਾ ਝਲਕਦਾ ਗੁਲਾਬ ਤੇ,
ਸ਼ਾਲਾ ਏਹੋ ਰੰਗ ਚੜ੍ਹੇ ਸਾਰੇ ਹੀ ਪੰਜਾਬ ਤੇ।

ਚੰਦ ਚਾਨਣੀ

ਸੰਝ ਪਈ, ਉਂਘਲ਼ਾ ਗਿਆ ਸੂਰਜ,
ਅਰਸ਼ ਤੇ ਗੋਟਾ ਕਿਨਾਰੀ ਖਿੰਡਾ ਕੇ,
ਛੁੱਟੀ ਮਨਾ, ਬੈਠੀ ਛੱਤੇ ਤੇ ਜਾ, ਮੱਖੀ—
ਫੁੱਲਾਂ ਨੂੰ ਫੋਲ, ਮਖਾਣੇ ਉੜਾ ਕੇ।
ਥੱਲੇ ਨੂੰ ਚੱਲੀ ਪਹਾੜੀ ਨਦੀ,
ਤੁਖਰਾਈ[4] ਹਵਾ ਨਾਲ ਰਾਗਣੀ ਗਾ ਕੇ,
ਵਿੱਛੁੜਦੇ ਚਕਵਾ ਚਕਵੀ ਤਕ,
ਤਾਰੇ ਰੋਏ ਉੱਤੋਂ ਤ੍ਰੇਲ ਵਹਾ ਕੇ।
ਪੁੰਨਿਆਂ ਦਾ ਚੰਦ, ਦੇਖ ਚਕੋਰਨੀ,
ਭੂਏ ਹੋਈ ਭੁੜਕੇ ਚਿਚਲਾ ਕੇ,
ਗੋਪੀਆਂ ਦੇਖ ਖਿੜੀ ਹੋਈ ਚਾਨਣੀ,
ਚੱਲ ਪਈਆਂ ਕੰਮ ਧੰਦੇ ਭੁਲਾ ਕੇ।
ਬੰਸੀ ਵਜੱਯੇ ਕਨ੍ਹੱਯੇ ਨੂੰ ਲੈ ਆਈਆਂ,
ਅੰਮਾਂ ਜਸ਼ੋਧਾਂ ਦੀ ਗੋਦੋਂ ਉਠਾ ਕੇ,
ਰਾਸ ਰਚੀ ਮਨਮੋਹਨ ਨੇ,
ਸਖੀਆਂ ਦੀ ਹਥੇਲੀ ਤੇ ਹੱਥ ਛੁਹਾ ਕੇ।

ਸਾਉਣ ਦਾ ਨਾਚ

(ਗੀਤ)

ਸਈਓ ! ਸਾਉਣ ਦੀ ਆ ਗਈ ਬਹਾਰ,
ਮੈਂ ਨਚਨੀ ਆਂ ਥਈਆ ਥਈਆ—ਟੇਕ
1. ਬਦਲੀਆਂ ਘੁਰ ਘੁਰ ਝੜੀਆਂ ਲਾਈਆਂ,
ਨਦੀਆਂ ਨਿਕਲ ਪਹਾੜਾਂ ਤੋਂ ਆਈਆਂ,
ਧਰਤੀ ਜਲ ਥਲ, ਸਰਵੇਂ ਫੁਲ ਫਲ,
ਫਸਲਾਂ ਤੇ ਆ ਗਿਆ ਨਿਖਾਰ।
ਮੈਂ ਨਚਨੀ ਆਂ ਥਈਆ ਥਈਆ।

---

1. ਸਰੂ ਜਾਤਿ ਦਾ ਇਕ ਲੰਮਾ ਬ੍ਰਿਛ। 2. ਇਕ ਫਲ। 3. ਮਾਝੇ ਦੀਆਂ ਇਸਤ੍ਰੀਆਂ।4. ਸੀਤਲ ਹੋਈ, ਠੰਢੀ ਹੋਈ।

2. ਪਿਪਲਾਂ ਦੀ ਛਾਵੇਂ ਪੀਂਘਾਂ ਪਈਆਂ,
ਜੋੜੀਆਂ ਬਣ ਬਣ ਝੂਟਣ ਸਈਆਂ,
ਕੰਤ ਕਬੂਲੀਆਂ[1], ਮਾਹੀ ਕੋਲ ਗਈਆਂ,
ਲਾ ਲਾ ਕੇ ਸੋਲਾ ਸ਼ਿੰਗਾਰ।
ਮੈਂ ਨਚਨੀ ਆਂ ਥਈਆ ਥਈਆ।

3. ਮਾਹੀ ਮੈਨੂੰ ਮਿਲ ਕੇ ਗੱਲ ਸਮਝਾਈ,
ਮਾਹੀ ਤੇ ਮੇਰੇ ਵਿਚ ਫਰਕ ਨਾ ਕਾਈ,
ਘਟ ਘਟ ਵਿਚ ਵਸਦਾ ਏ ਹਰਜਾਈ,
ਜੀ ਜੀ ਦਾ ਜੀਵਨ ਅਧਾਰ ।
ਮੈਂ ਨਚਨੀ ਆਂ ਥਈਆ ਥਈਆ।

4. ਮਾਹੀ ਦਾ ਤੇ ਮੇਰਾ ਪਿਆਰ ਪੁਰਾਣਾ,
ਉਸ ਸੱਦਣਾ, ਮੈਂ ਨਿਤ ਨਿਤ ਜਾਣਾ,
ਜਿਸ ਵੇਲੇ ਉਸ ਦਾ ਹੋਇਆ ਭਾਣਾ,
ਹੱਥ ਬੰਨ੍ਹੀ ਬੈਠੀ ਆਂ ਤਿਆਰ।
ਮੈਂ ਨਚਨੀ ਆਂ ਥਈਆ ਥਈਆ।

ਆਪ ਦੀ ਯਾਦ

(ਗਜ਼ਲ ਕੱਵਾਲੀ)

ਯਾਦ ਔਂਦਾ ਹੈ ਉ ਮੁੜ ਮੁੜ ਯਾਦ ਆਣਾ ਆਪ ਦਾ,
ਮਾਰ ਮਾਰ ਹਜ਼ਾਰਾਂ ਵਾਰੀ, ਫਿਰ ਜਿਵਾਣਾ ਆਪ ਦਾ।
ਮੇਰੀ ਗੁਸਤਾਖੀ ਤੋਂ ਚਿੜ ਕੇ, ਵੱਟ ਮੱਥੇ ਚਾੜ੍ਹਨਾ,
ਕੁਹਣ ਨੂੰ ਖੰਜਰ ਪਕੜ, ਫਿਰ ਤਰਸ ਖਾਣਾ ਆਪ ਦਾ।
ਸਦਕੇ ਬੇ-ਪਰਵਾਹੀਓਂ, ਕੁਰਬਾਨ ਕਾਲੇ ਬੁਰਕਿਓਂ,
ਘੁੰਮਣਾ ਘਰ ਘਰ ਤੇ ਫਿਰ ਮੂੰਹ ਨਾ ਦਿਖਾਣਾ ਆਪ ਦਾ।
ਸੁਪਨੇ ਅੰਦਰ ਆ ਕੇ ਪੂਰਾ ਕਰਨਾ ਵਾਹਦਾ ਵਸਲ ਦਾ।
ਚੁਪ ਚੁਪੀਤੇ, ਬਿਸਤਰੇ ਤੋਂ ਖਿਸਕ ਜਾਣਾ ਆਪ ਦਾ।
ਮੈਂ ਤੇ ਆਉਣ ਜਾਣ ਬਾਝੋਂ ਕੱਖ ਵੀ ਨਹੀਂ ਖੱਟਿਆ,
ਚਲ ਰਿਹਾ ਹੈ ਆਦ ਤੋਂ ਚੱਕਰ ਪੁਰਾਣਾ ਆਪ ਦਾ।
ਬੇ-ਰੁਖੀ ਤੇ ਬੇ-ਨਿਆਜ਼ੀ, ਹਾਇ ! ਮੈਂ ਸਦਕੇ ਗਈ,
ਬੇ-ਬਸੀ ਮੇਰੀ ਨੂੰ ਸੁਣ ਕੇ ਮੁਸਕਰਾਣਾ ਆਪ ਦਾ।
ਗੁੰਮ ਸੁੰਮ ਰਹਿਣਾ ਸਦਾ, ਨਾ ਹਸਣਾ, ਨਾ ਬੋਲਣਾ,
ਫੱਟਿਆ ਗਿਆ ਚਾਤ੍ਰਿਕ ਤਕ ਘੁੰਡ ਕਾਣਾ ਆਪ ਦਾ।

---

1. ਸਵੀਕਾਰ ਕੀਤੀਆਂ ਹੋਈਆਂ।

ਸੁੰਦਰਤਾ ਤੇ ਪ੍ਰੇਮ

(ਹੁਸਨ ਤੇ ਇਸ਼ਕ)

ਖਿੜਾਇਆ ਜਿਨ ਚਮਨ ਕੁਦਰਤ ਦਾ, ਉਹੀ ਰੱਬੀ ਇਸ਼ਾਰਾ ਤੂੰ।
ਵਸਾਈ ਚੰਦ ਵਿਚ ਜਿਨ ਠੰਢ, ਉਹ ਅੰਮ੍ਰਿਤ ਦੀ ਧਾਰਾ ਤੂੰ।
ਹੈ ਰੋਸ਼ਨ ਅੱਖ ਜਿਸ ਦੀ ਡਲ੍ਹਕ[1] ਪਾ ਕੇ, ਉਹ ਸਤਾਰਾ ਤੂੰ।
ਜ਼ਿਦ੍ਹੇ ਸਰ ਨ੍ਹਾ ਕੇ ਖਾਕੀ, ਹੋਣ ਨੂਰਾਨੀ, ੳ ਪਾਰਾ ਤੂੰ।
ਨਿਗੰਹ ਤੇਰੀ ਨੇ ਕੋਹੇ ਦੈਂਤ, ਅੰਮ੍ਰਿਤ ਦੀ ਵੰਡਾਈ ਵਿਚ,
ਗੁਆਚੀ ਸਾਨਤੀ ਸ਼ਿਵ ਦੀ, ਤੇਰੀ ਜਲਵਾ-ਨਮਾਈ[2] ਵਿਚ,
ਤੇਰੇ ਹੀ ਰੂਪ ਤੇ ਭੁੱਲਾਂ, ਖੁਦਾ ਰੁੱਝਾ ਖੁਦਾਈ ਵਿਚ,
ਤੂੰਹੇਂ ਹੂਰਾਂ ਸੁਝਾਈਆਂ ਮੁਸਲਿਮਾਂ ਨੂੰ, ਪਾਰਸਾਈ[3] ਵਿਚ।
ਤੇਰੀ ਬੰਸੀ ਦੀਆਂ ਤਾਨਾਂ, ਕਿਤੇ ਗੋਕੁਲ ਗੁੰਜਾਈ ਸੀ,
ਤੇਰੀ ਬਿਜਲੀ ਜ਼ੁਲੈਖਾਂ ਦੇ ਕਲੇਜੇ ਅੱਗ ਲਾਈ ਸੀ।
ਸ਼ਮ੍ਹਾ ਤੇਰੀ ਨੇ ਪਰਵਾਨੇ ਨੂੰ, ਕੁਰਬਾਨੀ ਸਿਖਾਈ ਸੀ,
ਤੇਰੀ ਹੀ ਮਹਿਕ ਨੇ ਉਠ, ਫੁੱਲ ਦੀ ਮਹਿਫਲ ਭਖਾਈ ਸੀ।
ਤੇਰੀ ਹੀ ਮੁਸਕਰਾਹਟ ਨੇ, ਊਸ਼ਾ ਤੇ ਨੂਰ ਪਾਇਆ ਹੈ,
ਤੇਰੀ ਹੀ ਜ਼ੁਲਫ ਦੇ ਵਿਚ, ਸ਼ਾਮ ਨੇ ਦਰਬਾਰ ਲਾਇਆ ਹੈ।
ਜਲਾਲੀ[4] ਰੂਪ ਤੇਰਾ ਹੀ, ਨਦੀ ਵਿਚ ਝਿਲ-ਮਿਲਾਇਆ ਹੈ,
ਲੱਗਾ ਸ਼ਿੰਗਾਰ ਪਰਬਤ ਨੂੰ, ਤੂੰਹੇਂ ਲਾੜਾ ਬਣਾਇਆ ਹੈ।
ਨਿਵਾਈ ਤੇਗ ਤਾਕਤ ਦੀ, ਹਕੂਮਤ ਤੂੰ ਝੁਕਾਈ ਹੈ,
ਤੇਰੀ ਮੇਢੀ ਦੇ ਵਲ ਨੇ, ਵਲ ਛੱਡੀ ਸਾਰੀ ਖੁਦਾਈ ਹੈ।
ਪਤਾ ਹੈ ਪਰ ਏ ਤੇਰੀ ਸ਼ਾਨ, ਕਿਨ ਅਰਸ਼ੀਂ ਚੜ੍ਹਾਈ,
ਤੇਰੇ ਗੋਹਰ[5] ਦੀ ਕਿਸ ਸੱਰਾਫ ਨੇ, ਕੀਮਤ ਵਧਾਈ ਹੈ ?
ਹੈ ਬੇਸ਼ਕ ਹੁਸਨ ਯੂਸੁਫ਼ ਪਰ, ਜ਼ੁਲੈਖ਼ਾਂ ਮੁੱਲ ਪਾਵੇ ਤਾਂ,
ਖਿੜੇ ਹੋਏ ਕਮਲ ਪਰ ਪ੍ਰੇਮ, ਭੌਰਾ ਬਣ ਕੇ ਆਵੇ ਤਾਂ।

ਪਪੀਹਾ

"ਪੀ ਪੀ" ਸਦਾ ਪੁਕਾਰਨ ਵਾਲੇ,
ਨੈਣਾਂ ਦੇ ਮਤਵਾਲੇ,
ਚੜ੍ਹੀ ਖੁਮਾਰੀ ਖੀਵੇ ਹੋ ਗਏ,
ਨਰਗਸ[6] ਨਿਗਹ ਪਈ ਦਾਤੇ ਦੀ,
ਬੇੜਾ ਲੱਗ ਗਿਆ ਬੰਨੇ;

1. ਚਮਕ। 2. ਸੁੰਦਰਤਾ ਦਾ ਦਰਸ਼ਨ। 3. ਪਵਿੱਤਰਤਾ, ਪਰਹੇਜ਼ਗਾਰੀ। 4. ਰੋਸ਼ਨ, ਨੂਰਾਨੀ। 5. ਮੋਤੀ।
6. ਇਕ ਖੁਸ਼ਬੂਦਾਰ ਚਿੱਟਾ ਫੁੱਲ ਜਿਸ ਦੀ ਸ਼ਕਲ ਨੂੰ ਸ਼ਰਮ ਵਾਲੀ ਅੱਖ ਨਾਲ ਉਪਮਾ ਦਿੱਤੀ ਜਾਂਦੀ ਹੈ।

ਨਦਰਿ ਨਿਹਾਲ ਹੋ ਗਿਆ ਚਾਤ੍ਰਿਕ,
ਤੱਕਿਆ ਨੈਣਾਂ ਵਾਲੇ।
ਚਾਤ੍ਰਿਕ ਚੁਭਕ ਪਿਰੰਮ[1] ਦੀ,
ਪੀ ਪੀ ਕਰੇ ਪੁਕਾਰ,
ਸ੍ਵਾਂਤਿ ਬੂੰਦ[2] ਜਦ ਆ ਮਿਲੀ,
ਬੇੜਾ ਹੋ ਗਿਆ ਪਾਰ

ਜੋੜੀ

ਵਾਹ ਨੈਣਾਂ ਦੀ ਜੋੜੀ—ਟੇਕ

ਨਰਗਸ ਵਾਂਗ ਧਰੂਹਾਂ[3] ਪਾਂਦੇ,
ਕਮਲ ਵਾਂਗ ਖਿੜ ਚਿੱਤ ਚੁਰਾਂਦੇ,
ਪਲਕਾਂ ਨਾਲ ਤੀਰ ਵਰਸਾਂਦੇ,
ਧਸਣ ਕਲੇਜੇ ਤੋੜੀ।
ਵਾਹ ਨੈਣਾਂ ਦੀ ਜੋੜੀ।

ਹਰਨ ਵਾਂਗ ਉਭਰੇ ਅਧਗੋਲੇ,
ਨਚਦੇ ਟਪਦੇ ਵਾਂਗ ਮਮੋਲੇ[4],
ਭਵਾਂ ਕਮਾਨਾਂ ਨਿਗਹ ਕਟਾਰਾਂ,
ਜਾਂਦੇ ਧੌਣ ਮਰੋੜੀ।
ਵਾਹ ਨੈਣਾਂ ਦੀ ਜੋੜੀ।

ਅੰਮ੍ਰਿਤ-ਛੰਨੇ[5] ਛੁਲਕੇ ਡੁਲ੍ਹੇ,
ਮਸਤੀ ਦੇ ਮੈ-ਖਾਨੇ ਖੁਲ੍ਹੇ
ਸਾਕੀ ਵਰਤਾਵੇ ਤਿੰਨ ਰੰਗੀ,
ਵੰਡੇ ਥੋੜੀ ਥੋੜੀ।
ਵਾਹ ਨੈਣਾਂ ਦੀ ਜੋੜੀ।

ਦੋ ਨੈਣਾਂ ਦੇ ਕੋਹੇ ਆਏ,
ਬਿਰਹ ਸਤਾਏ ਦਰਸ ਤਿਹਾਏ,
ਮਿਲੇ ਨਿਗਾਹ ਨੈਣਾਂ ਵਾਲੇ ਦੀ,
ਬਹੁਮੱਲੀ ਬਹੁਲੋੜੀ।
ਵਾਹ ਨੈਣਾਂ ਦੀ ਜੋੜੀ।

1. ਪ੍ਰੇਮ। 2. ਬਰਖਾ ਵਿਚ ਇਕ ਬੂੰਦ, ਜਿਸ ਦੀ ਪਪੀਹਾ ਤਾਂਘ ਕਰਦਾ ਹੈ। 3. ਖਿੱਚਾ।
4. ਚਿੜੀ ਦੇ ਆਕਾਰ ਦਾ ਇਕ ਬਹੁਤ ਚੰਚਲ ਪੰਛੀ। 5. ਅੰਮ੍ਰਿਤ ਦੇ ਕਟੋਰੇ, ਸੁੰਦਰ ਅੱਖਾਂ।

ਦੋਹਿਰੇ

1. ਹੁਸਨ-ਬਾਗ ਵਿਚ ਸੂਰਤਾਂ, ਖਿੱਚਣ ਲੱਖ ਧਿਆਨ,
ਵੇਖ ਮੁਸੱਵਰ[1] ਦੀ ਕਲਮ, ਮੈਂ ਜਾਵਾਂ ਕੁਰਬਾਨ।
2. ਦਮ ਦਮ ਵਿਚ ਦਾਤਾ ਸਿਮਰ, ਦਮ[2] ਦਾ ਕੀ ਵਿਸ਼ਵਾਸ ?
ਖਵਰੇ ਏਹੋ ਸਾਸ ਹੀ, ਹੋਇ ਅਖੀਰੀ ਸਾਸ।
3. ਕਦਰ ਬੜੀ ਹੈ ਸੱਚ ਦੀ, ਪਰ ਇਹ ਰਹੇ ਖਿਆਲ,
ਸੱਚਾ ਹੋਣਾ ਚਾਹੀਏ, ਆਪਣੇ ਆਪੇ ਨਾਲ।
4. ਤੂੰਹੇਂ ਸੱਚੋ ਸੱਚ ਕਹੁ, ਕਰ ਇਹ ਹੱਲ ਸਵਾਲ,
ਕਿਸ ਨੇ ਇਸ਼ਕ ਸਹੇੜਿਆ, ਆਪਣੀ ਮਰਜ਼ੀ ਨਾਲ।
5. ਬੈਠੇ ਬੈਠੇ ਰੱਬ ਨੂੰ, ਕੱਦ ਪਿਆ ਸੌਦਾ,
ਦੁਨੀਆਂ ਰਚ ਕੇ ਲਾਹ ਲਿਆ, ਆਪ ਇਸ਼ਕ ਦਾ ਚਾ।
6. ਤੋਰਨ ਲੱਗਿਆਂ ਕੰਨ ਵਿਚ ਫੂਕ ਇਸ਼ਕ ਦੀ ਮਾਰ,
ਫਿਰ ਕਿਉਂ ਆਖੇਂ ਨਾ ਕਰੀਂ, ਹੁਸਨੇ ਨਾਲ ਪਿਆਰ ?
7. ਕੱਛੂ-ਚਾਲੇ[3] ਤੁਰ ਪਏ, ਆਸ਼ਿਕ ਧਰ ਕੇ ਆਸ,
ਜ਼ੱਰੇ ਦੇ ਮਨ ਦੀ ਲਗਨ, ਪਹੁੰਚਾਂ ਸੂਰਜ ਪਾਸ।
8. ਬਾਹਰ ਕੀ ਹੈਂ ਭਾਲਦਾ ? ਆਪਣਾ ਅੰਦਰ ਫੋਲ,
ਤੇਰੀ ਲੈਲਾ ਮਜਨੂਆ[4] ! ਬੈਠੀ ਤੇਰੇ ਕੋਲ,
9. ਬੇਹੇ ਪੁਰਾਣੇ ਤਜਰਬੇ, ਐਵੇਂ ਸੁੱਟ ਨਾ ਪਾ,
ਮਾਲੀ ਵਾਂਗ ਪਨੀਰੀਆਂ, ਨਵੀਆਂ ਲਾਈ ਜਾ।

ਕਿਸੇ ਦਾ

(ਗਜ਼ਲ ਕੱਵਾਲੀ)

ਏ ਕੀ ਹੋ ਗਿਆ ਹੈ ਇਸ਼ਾਰਾ ਕਿਸੇ ਦਾ ?
ਕਿ ਮਨ ਸਹਿਕਦਾ ਹੈ ਸਹਾਰਾ ਕਿਸੇ ਦਾ।
ਮੇਰੇ ਕੰਨਾਂ ਵਿਚ ਗੂੰਜੇ ਦਰਸ਼ਨ ਦਾ ਵਾਅਦਾ,
ਪਤਾ ਕੀ ਕਦੋਂ ਤਕ ਹੈ ਲਾਰਾ ਕਿਸੇ ਦਾ।
ਮੈਂ ਰਾਹ ਵਿਚ ਖਲੋਤੀ ਜੁਗਾਂ ਤੋਂ ਉਡੀਕਾਂ,
ਕਿਸੇ ਦਿਨ ਤਾਂ ਹੋਸੀ ਇਸ਼ਾਰਾ ਕਿਸੇ ਦਾ।
ਨਿਗਾਹਾਂ ਮਿਲਾਣਾ ਤੇ ਫਿਰ ਖਿਸਕ ਜਾਣਾ,
ਥਰਕਦੀ ਹੈ ਬੇੜੀ ਮੇਰੇ ਨਿਸਚਿਆਂ ਦੀ,
ਹਨੇਰੇ 'ਚ ਢੂੰਡੇ ਸਤਾਰਾ ਕਿਸੇ ਦਾ।

---

1. ਚਿੱਤਰਕਾਰ। 2. ਸਾਹ। 3. ਸੁਸਤ ਰਫ਼ਤਾਰ।
4. ਪ੍ਰਸਿੱਧ ਪ੍ਰੇਮੀਆਂ ਦੇ ਨਾਂ, ਇਥੇ ਮਨੁੱਖੀ ਮਨ ਵਿਚ ਵਸਦੇ ਰੱਬ ਵਲ ਇਸ਼ਾਰਾ ਹੈ।

ਰਹੇ ਮੇਰੇ ਤਕਵੇ[1] ਦੀ ਡੋਰੀ ਸਲਾਮਤ,
ਮੈਂ ਮੱਲਿਆ ਹੈ ਇਕੋ ਦੁਆਰਾ ਕਿਸੇ ਦਾ

ਰਾਂਝੇ ਜੋਗੀ ਦੀ ਹਮਦਰਦੀ ਵਿਚ ਹੀਰ ਸਹਿਤੀ ਨੂੰ ਸਮਝਾਉਂਦੀ ਹੈ ਉਸਦੇ ਉੱਤਰ ਵਿਚ ਸਹਿਤੀ ਆਪਣਾ ਉਬਾਲ ਕਢਦੀ ਹੈ।

ਭਾਬੀ ਬੱਸ ਕਰ, ਮੈਂ ਸਭ ਕੁਝ ਸਮਝਦੀ ਹਾਂ, ਕਾਹਨੂੰ ਸੱਚੀਆਂ ਪਈ ਅਖਵਾਉਨੀ ਏਂ ?
ਮੇਰੀ ਅੱਖ ਹੈ ਤੇਰਿਆਂ ਦੀਦਿਆਂ ਤੇ ਡੋਰੇ ਘੁੰਡ ਵਿਚੋਂ ਜਿਹੜੇ ਪਾਉਨੀ ਏਂ।
ਕਿਹੜੇ ਸਾਕ ਪਿਛੇ ਆਂਦਰ ਫਟੀਓ ਈ ? ਬੜਾ ਏਸ ਤੇ ਲਹੂ ਪੰਘਰਾਉਨੀ ਏਂ।
ਅਗੇ ਘਟ ਹੈ ਚਬਲ[2] ਦੀ ਜੀਭ ਕੈਂਚੀ ? ਸਾਣ ਚਾੜ੍ਹ ਕੀ ਹੋਰ ਚਮਕਾਉਨੀ ਏਂ ?
ਇਸ ਤਬਾਖੜੀ[3] ਸੌਹੇਂ ਕੀ ਬੋਲਣਾ ਸੀ, ਭੂਏ ਚਾੜ੍ਹਕੇ ਤੂੰਹੇਂ ਭੁੜਕਾਉਣੀ ਏਂ।
ਇਸ ਕਲਬੂਤ[4] ਵਿਚ ਖੇਡਦਾ ਭੂਤ ਤੇਰਾ, ਜਿਨੂੰ ਸੈਨਤਾਂ ਨਾਲ ਨਚਾਉਨੀ ਏਂ।
ਟੀਟਣ[5] ਫਟ ਚੜ੍ਹਦੇ ਮੈਨੂੰ ਵੇਖਕੇ ਤੇ, ਤੋਰ ਵਿਖਾਣ ਨੂੰ ਅਗਾਂ ਜਦ ਆਉਨੀ ਏਂ।
ਵੇਖਾ ਚਾਕ ਭਾਰਾ ਕੀਕਰ ਝਾਕਦਾ ਏ ? ਜਦੋਂ ਹੱਸਕੇ ਘੁੰਡ ਖਿਸਕਾਉਂਨੀ ਏਂ।
ਕੀਕਰ ਚੁੰਝ ਸੁਆਰਦਾ ਅਗਾਂ ਹੋਵੇ, ਦਾਣਾ ਖਾਲ ਦਾ ਜਦੋਂ ਦਿਖਲਾਉਨੀ ਏਂ।
ਆ ਕੁਝ ਰਾਹ ਕਰ, ਭਲੇ ਦੀ ਅੰਸ ਬਣਾ ਜਾ, ਦਾੜ੍ਹੀ ਖੇੜਿਆਂ ਦੀ ਕਿਉਂ ਪੁਟਾਉਨੀ ਏਂ।
ਘੱਟਾ ਅੱਖੀਆਂ ਵਿਚ ਕੀ ਝੋਕਨੀ ਏ ? ਡੰਗਰ, ਮੁਝ ਨੂੰ ਪਈ ਬਣਾਉਨੀ ਏਂ।
ਕੋਲੇ ਝੰਗ[6] ਦੀਆਂ ਝੰਗੀਆਂ ਵਿਚ ਘੋਲੇ, ਕਾਲਕ ਰੰਗਪੁਰ[7] ਦੇ ਮੱਥੇ ਲਾਉਨੀ ਏਂ।
ਭਲੀ ਲੋਕ ਹੋ ਕੇ ਬਹਿ ਜਾ ਚੁਪ ਕਰਕੇ, ਕਾਹਨੂੰ ਫੋਲਣੇ ਹੋਰ ਫੁਲਵਾਉਨੀ ਏਂ ?
ਨਿਸ਼ਾ ਕਰ ਦਿਆਂਗੀ ਸਾਰੀ ਹੁਣੇ ਇਸਦੀ, ਕਿਉਂ ਫਕੀਰ ਦੀ ਟਿੰਡ ਭਨਵਾਉਨੀ ਏਂ।
ਓਧਰ ਹੋਰ ਬੁਝਾਰਤਾਂ ਪਾਉਨੀ ਏਂ, ਏਧਰ ਚਾਲਿਆਂ ਨਾਲ ਟਰਕਾਉਨੀ ਏਂ।
ਚੂਰੀ ਚਾਰ ਕੇ ਪਾਲਿਆ ਸਾਹਨ ਚੋਬਰ[8], ਸਾਡੇ ਨਾਲ ਹੁਣ ਭੇੜ ਲਗਵਾਉਨੀ ਏਂ।

ਹਾਇ ਨਾ ਤੋੜੀਂ ਵੇ ਦਿਲ ਮੇਰਾ

1. ਪਾਕ ਪਰੀਤਾਂ ਦਾ ਇਹ ਮੰਦਰ,
ਪੀੜਾਂ ਪੁੜਨ[9] ਕਲੇਜੇ ਅੰਦਰ,
ਇਥੇ ਮੋਹਨ ਕਰੇ ਵਸੇਰਾ,
ਹਾਇ ਨਾ ਤੋੜੀਂ ਵੇ ਦਿਲ ਮੇਰਾ।

2. ਬੰਦ ਕਲੀ ਕੋਮਲ ਵਡ ਮੁਲੀ,
ਮੂੰਹ ਮੀਟੀ ਹਾਲੀ ਨਹੀਂ ਖੁਲ੍ਹੀ,

---

1. ਆਸਰਾ। 2. ਅਬਾ ਤਬਾ ਬੋਲਣ ਵਾਲਾ। 3. ਛੋਟੀ ਤਵੀ ਵਰਗੇ। 4. ਸਰੀਰ, ਢਾਂਚਾ। 5. ਖਿਝਾਉਣਾ।
6. ਹੀਰ ਦਾ ਪੇਕਾ ਪਿੰਡ ਝੰਗ ਸਿਆਲ। 7. ਖੇੜਿਆਂ ਦਾ ਪਿੰਡ ਜਿਥੇ ਹੀਰ ਵਿਆਹੀ ਗਈ ਸੀ। 8. ਹੱਟਾ ਕੱਟਾ।
9. ਚੁਭਣ।

ਕੋਈ ਲੁਟ ਨਾ ਖੜੇ ਫਲੇਰਾ[1],
ਹਾਇ ਨਾ ਤੋੜੀਂ...
3. ਪੰਛੀ ਨੇ ਨਹੀਂ ਭਰੀ ਉਡਾਰੀ,
ਤੁਕਣੀ ਚਾਹੇ ਦੁਨੀਆਂ ਸਾਰੀ,
ਘਰ ਘਰ ਪਾ ਕੇ ਫੇਰਾ,
ਹਾਇ ਨਾ ਤੋੜੀਂ...
4. ਇਸ ਵਿਚ ਵਸਨ ਕਿਸੇ ਦੀਆਂ ਯਾਦਾਂ,
ਲਭਦਾ ਫਿਰਦਾ ਏ ਗੁਪਤ ਮੁਰਾਦਾਂ,
ਅਜੇ ਮਿਟਿਆ ਨਹੀਂ ਹਨੇਰਾ,
ਹਾਇ ਨਾ ਤੋੜੀਂ...
5. ਪਿਆਰ ਮੇਰਾ ਨਾ ਖੋਹੀਂ ਹਾਲੀ,
ਡਾਲੀ ਰਹੇ ਨਾ ਫੁਲੋਂ ਖਾਲੀ,
ਉਜੜ ਨ ਜਾਏ ਖੇੜਾ,
ਹਾਇ ਨਾ ਤੋੜੀਂ...

ਨੈਣਾਂ ਦੇ ਭੇਦ ਨਿਆਰੇ

ਨੈਣਾਂ ਦੇ ਭੇਦ ਨਿਆਰੇ ਨੀ ਸਖੀਏ। ਨੈਣਾਂ ਦੇ ਭੇਦ ਨਿਆਰੇ।
ਨੈਣ ਨੈਣਾਂ ਨਾਲ ਲੜ ਲੜ ਲੁਛਦੇ,
ਦਿਲ ਦੀਆਂ ਦਸਦੇ, ਦਿਲ ਦੀਆਂ ਪੁਛਦੇ,
ਗੁਝੇ ਗੁਝੇ ਕਰਕੇ ਇਸ਼ਾਰੇ, ਨੀ ਸਖੀਏ...
ਨੈਣਾਂ ਵਿਚ ਵਸਦੀ ਮਠੀ ਮਠੀ ਘੂਰੀ,
ਨਾ ਬੇਹੋਸ਼ੀ ਨਾ ਸੁਧ ਪੂਰੀ,
ਤਕਦੇ ਨੇ ਭੰਬਰ ਤਾਰੇ, ਨੀ ਸਖੀਏ...
ਨੈਣਾਂ ਦੇ ਵਪਾਰੀ ਦੂਰੋਂ ਆਏ,
ਤੀਰ ਤੇ ਕਮਾਨਾਂ ਨਾਲ ਲਿਆਏ,
ਮੰਗਦੇ ਨੇ ਨੈਣ ਉਧਾਰੇ, ਨੀ ਸਖੀਏ...
ਠਗਣੇ ਜਗ ਤੋਂ ਚਾਤ੍ਰਿਕ ਡਰ ਤੂੰ,
ਜੋ ਕੁਝ ਹੈਗਾ ਈ ਹਾਜ਼ਿਰ ਕਰ ਤੂੰ,
ਹਥਿਆਰ ਸੁਟ ਛਡ ਸਾਰੇ, ਨੀ ਸਖੀਏ...

ਨੀ ਸਖੀਓ

ਮੇਰੇ ਜਜ਼ਬਿਆਂ ਨੂੰ ਬਚਾਇਓ ਨੀ ਸਖੀਓ।
ਕਲੇਜੇ ਦੀ ਬਲਦੀ ਬੁਝਾਇਓ ਨੀ ਸਖੀਓ।

1. ਫੁੱਲ ਵੇਚਣ ਵਾਲਾ।

ਫੜਾ ਬੈਠੀ ਦਿਲ ਮੈਂ ਕਿਸੇ ਬੇਤਰਸ ਨੂੰ,
ਮਿਜ਼ਾਜੀ ਮਾਹੀ ਨੂੰ ਮਨਾਇਓ ਨੀ ਸਖੀਓ।
ਗੁਆਚੇ ਰਹੇ ਮੈਂ ਤੋਂ ਦੋਵੇਂ ਕਿਨਾਰੇ,
ਕੋਈ ਵੰਝ ਚੱਪਾ ਲਗਾਇਓ ਨੀ ਸਖੀਓ।
ਮੈਂ ਮੋਹੀ ਗਈ ਹੁਸਨ ਦੇ ਤਾਰਿਆਂ ਤੇ,
ਮੇਰੇ ਇਸ਼ਕ ਨੂੰ ਨਾ ਧੁਮਾਇਓ ਨੀ ਸਖੀਓ।
ਕਈ ਜਨਮ ਫਿਰ ਫਿਰ ਮੇਰੀ ਸੁਰਤ ਜਾਗੀ,
ਬੁਝੀ ਹੋਈ ਜੋਤੀ ਜਗਾਇਓ ਨੀ ਸਖੀਓ।
ਭੁਲੇਖੇ ਤੇ ਭਰਮਾਂ ਨੇ ਮਨ ਨੂੰ ਡੁਲਾਇਆ,
ਤਸੱਲੀ ਦੇ ਮਾਰਗ ਤੇ ਪਾਇਓ ਨੀ ਸਖੀਓ।
ਵਿਛੋੜੇ ਦੇ ਤੀਰਾਂ ਨੇ ਕੋਹ ਲੀਤਾ "ਚਾਤ੍ਰਿਕ",
ਕੋਈ ਰਾਮ ਰਹਬਰ ਮਿਲਾਇਓ ਨੀ ਸਖੀਓ।

ਸਾਕੀ ਨੂੰ

ਸਾਕੀ ਓ ਕਰਮਾ ਵਾਲਿਆ।
ਦਿਲ ਖੋਲ੍ਹ ਕੇ ਅਜ ਏ ਵਿਖਾ।
ਸ਼ੀਸ਼ਾ ਜ਼ਰਾ ਐਧਰ ਲਿਆ,
ਖੁਲ ਖੁਲ ਕੇ ਪਾ, ਗੁਟ ਗੁਟ ਪਿਆ।
ਉਪਰੋਂ ਅੰਗੂਠਾ ਤੇ ਹਟਾ,
ਤਰਸਾਏਂ ਕਿਉਂ ? ਪਯਾਲਾ ਤੇ ਭਰ,
ਇਕ ਹੋਰ ਭਰ, ਸਰਫਾ ਨਾ ਕਰ,
ਐਵੇਂ ਨਾ ਡਰ।
ਇਹ ਸੰਗ ਟੰਗ ਪਰੇ,
ਵਿਚੇ ਈ ਆ ਕੇ ਬੈਠ ਜਾ
ਮਹਿਫਲ ਏ ਦਰਵੇਸ਼ਾਂ ਦੀ ਏ,
ਕੋਈ ਗੈਰ ਨਹੀਂ, ਖੇਸ਼ਾਂ[1] ਦੀ ਏ।
ਸ਼ਾਬਾਸ਼ ਸਾਕੀ ਮਰਹਬਾ[2],
ਮਖਮੂਰ[3] ਕਰਕੇ ਘਰ ਨੂੰ ਜਾ।
ਜਾ ਸ਼ਾਦ[4] ਰਹੁ, ਆਬਾਦ ਰਹੁ,
ਰਿੰਦਾਂ[5] ਨੂੰ ਹਰਦਮ ਯਾਦ ਰਹੁ।

---

1. ਆਪਣੇ। 2. ਬਹੁਤ ਹੱਛਾ। 3. ਮਸਤ। 4. ਖ਼ੁਸ਼। 5. ਪੀਣ ਵਾਲੇ, ਨਸ਼ਈ।

ਪਰਦੇਸੀ ਢੋਲਾ

ਕਦੀ ਤੇ ਘਰ ਵਲ ਆ, ਮੇਰੇ ਪਰਦੇਸੀ ਢੋਲਾ।
ਸ਼ੱਧਰਾਂ ਦੇ ਸੋਮੇ ਸੁਕਦੇ ਜਾਂਦੇ,
ਜੀਵਨ ਜੋਤ ਜਗਾ, ਮੇਰੇ ਪਰਦੇਸੀ ਢੋਲਾ।
ਮੇਲ ਤੇਰੇ ਦੇ ਸੁਪਨੇ ਘੜਦਿਆਂ,
ਕਾਗ ਉਡਾ, ਉਡੀਕਾਂ ਕਰਦਿਆਂ,
ਜੁਗੜੇ ਗਏ ਵਿਹਾ[1], ਮੇਰੇ ਪਰਦੇਸੀ ਢੋਲਾ।
ਗਈ ਪੱਤ ਝੜੀ, ਆਏ ਪੁੰਗਾਰੇ[2]
ਤਾਂਘ ਰਹੇ ਰੁਖ ਬੂਟੇ ਸਾਰੇ,
ਨਵੀਂ ਬਹਾਰ ਲਿਆ, ਮੇਰੇ ਪਰਦੇਸੀ ਢੋਲਾ।
ਹਸਦਾ ਖਿੜਦਾ ਘਰ ਵਲ ਆ ਕੇ,
ਪਿਆਰ ਦੀਆਂ ਬਾਹਵਾਂ ਫੈਲਾ ਕੇ,
ਘੁਟ ਗਲਵਕੜੀ ਪਾ, ਮੇਰੇ ਪਰਦੇਸੀ ਢੋਲਾ।
ਰਾਤ ਹਨੇਰੀ ਝੱਖੜ ਝੋਲੇ,
ਸਿਦਕ ਦੀ ਬੇੜੀ ਡਗਮਗ ਡੋਲੇ,
ਫਜ਼ਲੀਂ[3] ਪਾਰ ਲੰਘਾ, ਮੇਰੇ ਪਰਦੇਸੀ ਢੋਲਾ।

ਹਾਏ ਜਵਾਨੀ

ਪ੍ਰੇਮ ਨਸ਼ੇ ਦੀ ਤਾਰ ਜਵਾਨੀ, ਫਬੀ ਹੋਈ ਗੁਲਜ਼ਾਰ ਜਵਾਨੀ।
ਹਰੀ ਭਰੀ ਨਿਸਰੀ ਹੋਈ ਡਾਲੀ, ਨਾਲ ਅਦਾਵਾਂ ਝੂਮਣ ਵਾਲੀ।
ਅੱਖੀਆਂ ਨਾਲ ਵੰਗਾਰਨ ਵਾਲੀ, ਝਿਪ ਝਿਪ ਛੁਰੀਆਂ ਮਾਰਨ ਵਾਲੀ।
ਸ਼ੋਖ ਸਲੋਨੀ[4] ਭਰ ਮਸਤਾਨੀ।
ਹਾਇ ਜਵਾਨੀ, ਹਾਏ ਜਵਾਨੀ।
ਨਦੀ ਹੜਾਂ ਵਿਚ ਆਈ ਹੋਈ, ਚੜ੍ਹੀ ਹੋਈ ਇਤਰਾਈ[5] ਹੋਈ।
ਉਛਲੇ, ਸ਼ੂਕੇ, ਠਾਠਾਂ ਮਾਰੇ, ਰੌੜਾਂ ਕਰਦੀ ਜਾਏ ਕਿਨਾਰੇ।
ਰਾਹ ਖਹਿੜਾ ਨਾ ਕੋਈ ਤੱਕੇ, ਧੱਕਿਆਂ ਨਾਲ ਹਟਾਵੇ ਡੱਕੇ।
ਸੰਭਲੀ ਜਾਏ ਨਾ ਤੇਜ ਰਵਾਨੀ।
ਹਾਏ ਜਵਾਨੀ, ਹਾਏ ਜਵਾਨੀ।
ਰੰਗਣ ਰੱਤਾ ਫੁੱਲ ਬਹਾਰੀ, ਖੰਭੜੀ ਖੰਭੜੀ ਰੂਪ ਸ਼ਿੰਗਾਰੀ।
ਸ਼ੋਖੀ ਫਬਣ, ਮਹਿਕ ਤੇ ਡਾਲੀ, ਰਾਹ ਜਾਂਦੇ ਨੂੰ ਫਾਹੁਣ ਵਾਲੀ।
ਲਟ ਲਟ ਕਰਦੀ ਸ਼ਮ੍ਹਾਂ ਹੁਸਨ ਦੀ, ਪਰਵਾਨੇ ਨੂੰ ਖਿਚ ਖਿਚ ਭੰਨਦੀ।

---

1. ਬੀਤ ਗਏ। 2. ਬੂਟੇ ਪੁੰਗਰਨ ਲਗੇ, ਬਸੰਤ ਰੁਤੇ। 3. ਕਿਰਪਾ ਨਾਲ। 4. ਸੁੰਦਰ। 5. ਆਕੜ ਵਿਚ।

ਲਖੇ[1] ਨਾ ਕੋਈ ਆਪਣਾ ਸਾਨੀ।
ਹਾਏ ਜਵਾਨੀ, ਹਾਏ ਜਵਾਨੀ।
ਬੇ-ਪਰਵਾਹ ਮੂੰਹ ਜ਼ੋਰ ਵਛੇਰੀ, ਚੜ੍ਹੀ ਹੋਈ ਹੰਕਾਰ ਹਨੇਰੀ।
ਛੁਲਕੇ ਪਾਰੇ ਵਾਂਗ ਮੁਤਾਣੀ[2], ਚੰਚਲ ਚਿਣਗ ਮੁਵਾਤੇ ਲਾਣੀ।
ਤਣੀਆਂ ਹੋਈਆਂ ਹੁਸਨ ਤਣਾਵਾਂ, ਆਕੜ ਭਰੀਆਂ ਉਚੀਆਂ ਵ੍ਹਾਵਾਂ।
ਉਭਰੀ ਛਾਤੀ ਗਰਬ ਗੁਮਾਨੀ।
ਹਾਏ ਜਵਾਨੀ, ਹਾਏ ਜਵਾਨੀ।
ਢਲ ਗਈ ਹਾਏ ਦੁਪਹਿਰ ਹੁਸਨ ਦੀ, ਝੌਂ ਗਈ ਹਾਇ ਬਹਾਰ ਚਮਨ ਦੀ।
ਹੋਈਆਂ ਹਰਨ, ਹਰਨ ਦੀਆਂ ਛਾਲਾਂ, ਜੋਤ ਬੁਝਾਈ ਆਣ ਤ੍ਰਿਕਾਲਾਂ।
ਸ਼ੂਕਾਂ, ਠਾਠਾਂ ਰਾਹੇ ਪਈਆਂ, ਸੀਨੇ ਵਿਚ ਸੱਧਰਾਂ ਰਹਿ ਗਈਆਂ।
ਨਿਕਲ ਗਿਆ ਉਹ ਰੋੜ੍ਹ ਤੂਫਾਨੀ।
ਹਾਏ ਜਵਾਨੀ, ਹਾਏ ਜਵਾਨੀ।
ਹਾਏ ਜਵਾਨੀ, ਹਾਏ ਜਵਾਨੀ, ਕਿਧਰ ਗਈ ਉਹ ਆਕੜ ਖਾਨੀ।
ਲੈ ਗਈ ਹਿੰਮਤ ਦੇ ਗਈ ਝੇਰੇ, ਰਜ ਰਜ ਮਾਨਣ ਦੇ ਹਟਕੋਰੇ।
ਮੋੜ ਲਿਆ ਦੇਵੇ ਜੇ ਕੋਈ, ਜੋ ਮੁਲ ਮੰਗੇ ਲੈ ਲਏ ਸੋਈ।
ਦੀਨ ਦੁਨੀ ਦੇ ਦਿਆਂ ਕੁਰਬਾਨੀ।
ਹਾਏ ਜਵਾਨੀ, ਹਾਏ ਜਵਾਨੀ।

ਹੰਝੂ ਰਹਿ ਗਏ ਭਰਦੇ

ਗੋਤਾ ਖੋਰ ਸਮੁੰਦਰ ਵਿਚੋਂ, ਕਢ ਕਢ ਸਿੱਪ ਖਿਲਾਰੇ।
ਹਥੋਂ ਹਥ ਵਿਹਾਝੀ[3] ਜ਼ਾਵਣ, ਮੋਤੀਆਂ ਦੇ ਵਣਜਾਰੇ।
ਕਿਸੇ ਦੀ ਝੋਲੀ ਇਕੋ ਭਰ ਦੇ, (ਕਈ) ਖਾਲੀ ਹਥ ਸਿਧਾਰੇ।
(ਪਰ) ਓਹ ਕੀ ਜਾਣਣ ਸਾਰ ਧੁਰਾਂ ਦੀ, (ਜਿਹੜੇ) ਸੋਚਣ ਖੜੇ ਕਿਨਾਰੇ।
ਉਹ ਆਏ, ਹਸ ਪਏ, ਹਥ ਕਢਿਆ, "ਕੁਝ ਹਈ ਤੇ ਅਗੇ ਧਰਦੇ।"
ਮੈਂ ਸਹਿਮੀ ਸਭ ਕੁਝ ਦੇ ਦਾਤੇ, ਹਾਸਾ ਤੇ ਨਹੀਂ ਕਰਦੇ ?
ਨੀਵੀਂ ਪਾ ਮੈਂ ਅੰਦਰ ਟੋਹਿਆ, (ਮੇਰੀਆਂ) ਚਾਰੇ ਕੰਨੀਆਂ ਖਾਲੀ।
ਅੱਖ ਪੱਟੀ ਉਹ ਜਾ ਚੁਕੇ ਸਨ, ਹੰਝੂ ਰਹਿ ਗਏ ਭਰਦੇ।

ਛੂਈ ਮੂਈ

ਮੈਂ ਛੂਈ ਮੂਈ ਕੁਆਰੀ, ਮੈਨੂੰ ਛੁਹ ਦੀ ਛੁਰੀ ਨਾ ਮਾਰ ਨੀ।
ਜਮ ਜਮ ਆਓ ਬਾਗ ਸਵੇਰੇ,
ਪੱਤੀਆਂ ਤੇ ਫੁਲ ਤਕ ਲਓ ਮੇਰੇ,
ਮਹਿਕਾਂ ਲੈ ਲਓ, ਠੰਢਕ ਪਾ ਲਓ,

1. ਜਾਣੇ। 2. ਮੂੰਹ ਦੇ ਭਾਵ। 3. ਲਾਜਵੰਤੀ ਨਾਂ ਦਾ ਫੁੱਲ ਜਿਸਨੂੰ ਆਦਮੀ ਹੱਥ ਲਾਵੇ ਤਾਂ ਉਹ ਸੁੰਗੜ ਜਾਂਦਾ ਹੈ।

ਵੇਖ ਨਜ਼ਾਕਤ[1], ਜੀ ਪਰਚਾ ਲਓ,
ਇਕ ਛੁਹ ਮੈਨੂੰ ਦੁਖਿਆਰੀ, ਮੈਨੂੰ...
ਫੁਲ ਕੇਰ ਕੇ ਬੀ ਲੱਭ ਲਾਂ ਗੀ,
ਬੀ ਸੁਟ ਕੇ, ਆਪੂੰ ਤੁਰ ਜਾਂ ਗੀ,
ਨਵੀਂ ਬਹਾਰੇ ਹੋਰ ਬਤੇਰੀ,
ਉਗਸੀ ਇਹੋ ਪਨੀਰੀ ਮੇਰੀ,
ਸੁਹਲ ਸੁਹਲ ਕੰਡਿਆਰੀ, ਮੈਨੂੰ...
ਨਾ ਮੈਂ ਹਾਰ ਸ਼ਿੰਗਾਰ ਲਗਾਵਾਂ,
ਨਾ ਰਾਹੀਆਂ ਤੇ ਡੋਰੇ ਪਾਵਾਂ,
ਸਾਦ ਮੁਰਾਦੀ, ਸਦਾ ਕੁਆਰੀ,
ਨਾ ਸੂਹੇ ਨਾ ਪਾਨ ਸੁਪਾਰੀ[2],
ਨਾ ਕਜਲੇ ਦੀ ਧਾਰੀ, ਮੈਨੂੰ...
ਕੁਦਰਤ ਮੈਨੂੰ ਸੁਰਤ ਦਿੱਤੀ,
ਫੁਲ ਬਿਨਫਸ਼ੇ ਵਾਂਗ ਪਸਿਤੀ,
ਨਾ ਹੰਢਾ ਨਾ ਕੋਈ ਹੰਢਾਵੇ,
ਦੇਖ ਲਵੇ ਪਰ ਛੂਹੋਂ ਬਚਾਵੇ,
ਸਭ ਤੋਂ ਰਹਾਂ ਨਿਆਰੀ, ਮੈਨੂੰ...

ਪ੍ਰੀਤਮ

ਤੇਰਾ ਮੇਰਾ ਪਿਆਰ, ਪ੍ਰੀਤਮਾ। ਤੇਰਾ ਮੇਰਾ ਪਿਆਰ। —ਟੇਕ
ਅਸਾਂ ਦੁਹਾਂ ਸਨ ਪ੍ਰੀਤਾਂ ਲਾਈਆਂ।
ਹਸ ਹਸ ਸਵ੍ਹਾਂ ਸੁਗੰਦਾਂ ਪਾਈਆਂ।
ਮਨ ਜਾਮਨ ਖਲਿਹਾਰ, ਪ੍ਰੀਤਮਾ ਤੇਰਾ ਮੇਰਾ ਪਿਆਰ।
ਤੂੰ ਮੇਰਾ, ਮੈਂ ਤੇਰੀ ਹੋਈ,
ਤੋੜਨ ਵਾਲਾ ਰਿਹਾ ਨਾ ਕੋਈ।
ਪ੍ਰੇਮ ਦੀ ਪੀਡੀ[3] ਤਾਰ, ਪ੍ਰੀਤਮਾ, ਤੇਰਾ ਮੇਰਾ ਪਿਆਰ।
ਕੁਦਰਤ ਸਾਨੂੰ ਕਾਰੇ ਲਾਇਆ,
ਹਸ ਹਸ ਫਰਜ਼ ਅਸਾਂ ਭੁਗਤਾਇਆ,
ਵੱਸ ਲਿਆ ਸੰਸਾਰ, ਪ੍ਰੀਤਮਾ, ਤੇਰਾ ਮੇਰਾ ਪਿਆਰ।
ਆ ਰਲ ਮਿਲ ਕੇ ਜੀ ਪਰਚਾਈਏ,
ਰੱਬ ਮਾਝੀ[4] ਦਾ ਤਰਲਾ ਪਾਈਏ,
ਲਗੀਏ ਪਰਲੇ ਪਾਰ ਪ੍ਰੀਤਮਾ, ਤੇਰਾ ਮੇਰਾ ਪਿਆਰ।

1. ਕੋਮਲਤਾ। 2. ਪਿਛੇ ਰਹੀ। 3. ਪੱਕੀ, ਦ੍ਰਿੜ੍ਹ। 4. ਮਲਾਹ।

ਪਪੀਹਾ

ਪਪੀਹੇ, ਗੀਤ ਤੇਰੇ ਅਣਮੋਲ-ਟੇਕ
ਪੀਆ ਨਾਲ ਤੇਰੀ ਪ੍ਰੀਤ ਪੁਰਾਣੀ,
ਜੁਗਾਂ ਜੁਗਾਂ ਦੀ ਲੰਮੀ ਕਹਾਣੀ,
ਦੱਸੀ ਜਾ ਕਲੇਜਾ ਫੋਲ, ਪਪੀਹੇ, ਗੀਤ ਤੇਰੇ...
ਨੀਵਾਂ ਤੇਰਾ ਆਲ੍ਹਣਾ ਤੇ ਉਚੀਆਂ ਉਡਾਰੀਆਂ,
ਸੱਧਰਾਂ ਤੇ ਰੀਝਾਂ ਲਾਹ ਲਈਂ ਸਾਰੀਆਂ,
ਪੁਜ ਕੇ ਪ੍ਰੀਤਮੇ ਕੋਲ ਪਪੀਹੇ, ਗੀਤ ਤੇਰੇ...
ਔਕੜਾਂ ਵਿਛੋੜੇ ਦੀਆਂ ਹੱਸ ਹੱਸ ਝੱਲੀ ਜਾ,
ਪੀਆ ਦਾ ਦੁਆਰਾ ਸਿਦਕ ਨਾਲ ਮੱਲੀ ਜਾ,
ਹੌਸਲੇ ਨੂੰ ਰੱਖ ਕੇ ਅਡੋਲ, ਪਪੀਹੇ, ਗੀਤ ਤੇਰੇ...
ਇਕ ਦਿਨ ਤੇਰੇ ਉਤੇਂ ਭਾਗਾਂ ਵਾਲਾ ਆਏਗਾ।
ਪੀਆ ਤੈਨੂੰ ਸੱਦ ਕੇ ਤੇ ਹਿੱਕ ਨਾਲ ਲਾਏਗਾ।
ਹਸ ਹਸ ਹੋਣਗੇ ਕਲੋਲ, ਪਪੀਹੇ, ਗੀਤ ਤੇਰੇ ਅਣਮੋਲ।

ਪ੍ਰੀਤ

ਯਖਸ਼[1] ਦਾ ਸੁਨੇਹਾ ਆਪਣੀ ਪ੍ਰੀਤਮਾ ਦੇ ਨਾਮ, ਮੇਘ ਦੂਤ[2] ਰਾਹੀਂ :
ਤੇਰੀ ਮੇਰੀ ਪ੍ਰੀਤ ਸਜਨੀਏ। ਤੇਰੀ ਮੇਰੀ ਪ੍ਰੀਤ—ਟੇਕ

ਕਿਸਮਤ ਸਾਨੂੰ ਵਖ ਵਖ ਕੀਤਾ,
ਸੁਟ ਪਰਦੇਸ ਵਤਨ ਖੋਹ ਲੀਤਾ,
ਹੋਈ ਬਣੀ ਅਨੀਤਿ[3], ਸਜਨੀਏ ਤੇਰੀ ਮੇਰੀ...
ਤੂੰ ਤੇ ਮੈਂ ਸਾਂ ਵਸਦੇ ਰਸਦੇ,
ਮੌਜਾਂ ਮਾਣ ਗੁਟਕਦੇ ਹਸਦੇ,
ਗਾ ਗਾ ਕੇ ਸੰਗੀਤ, ਸਜਨੀਏ ਤੇਰੀ ਮੇਰੀ...
ਯਾਦ ਤੇਰੀ ਹਿਰਦੇ ਵਿਚ ਮੇਰੇ,
ਅੜੀ ਰਹੇਗੀ ਸੰਝ ਸਵੇਰੇ,
ਘੜੀ ਮੇਲ ਦੀ ਤੀਕ, ਸਜਨੀਏ ਤੇਰੀ ਮੇਰੀ...
ਤੂੰ ਪਯਾਰੀ ਓਦਰ ਨਾ ਜਾਈਂ,
ਧੀਰਜ ਰਖਕੇ ਵਕਤ ਲੰਘਾਈਂ,
ਦਿਨ ਜਾਵਣਗੇ ਬੀਤ, ਸਜਨੀਏ ਤੇਰੀ ਮੇਰੀ...

1. ਦੇਵਤਿਆਂ ਦੀ ਇਕ ਖ਼ਾਸ ਜਾਤਿ ਦਾ ਦੇਵਤਾ।
2. ਬੱਦਲ ਦਾ ਦੂਤ, ਕਾਲੀ ਦਾਸ ਨੇ ਇਸ ਨਾਂ ਦੀ ਪੁਸਤਕ ਲਿਖੀ ਹੈ ਜਿਸ ਵਿਚ ਇਹ ਸੁਨੇਹਾ ਹੀ ਚੱਲ ਰਿਹਾ ਹੈ।
3. ਬੇਇਨਸਾਫੀ, ਅਨਿਆਇ।

ਮੇਘ ਦੂਤ ਦੱਸੇਗਾ ਤੈਨੂੰ,
ਕਦ ਛੁਟੀ ਮਿਲਨੀ ਹੈ ਮੈਨੂੰ,
ਪਾਲ ਪ੍ਰੀਤ ਦੀ ਰੀਤ, ਸਜਨੀਏ ਤੇਰੀ ਮੇਰੀ...
ਆਏ ਸਮਝੀਂ ਓਦੋਂ ਦਿਹਾੜੇ,
ਦੂਰ ਹੋਣਗੇ ਦੁਖੜੇ ਸਾੜੇ,
ਕਰ ਮੇਰੀ ਪਰਤੀਤ[1], ਸਜਨੀਏ ਤੇਰੀ ਮੇਰੀ...
ਤੂੰ ਤੇ ਮੈਂ ਇਕ ਮਿਕ ਹੋਵਾਂਗੇ,
ਕਸ਼ਟ ਵਰ੍ਹੇ ਭਰ ਦੇ ਭੁਲ ਜਾਂਗੇ।
ਮੁਕਸੀ ਤੁਰਤ ਉਡੀਕ, ਸਜਨੀਏ ਤੇਰੀ ਮੇਰੀ...

ਬੋੱਲੀਆਂ

1. ਪੱਲਾ ਮਾਰ ਕੇ ਬੁਝਾ ਗਈਓਂ ਦੀਵਾ,
   ਮੁੜਕੇ ਮੇਰੀ ਜੋਤ ਨਾ ਜਗੀਂ।
2. ਹੈਂਸਿਆਰੀਏ ਤਰਸ ਨਾ ਆਇਆ,
   ਤੋੜੀਆਂ ਗਰੀਬ ਜਾਣ ਕੇ।
3. ਮੇਰੇ ਮੋਤੀਆਂ ਤੇ ਆਬ ਨ ਆਈ,
   ਜਦੋਂ ਦੇ ਓ ਨਜ਼ਰੇ ਗਏ।
4. ਲੱਕ ਟੁਟਿਆ ਰਾਸ ਨਾ ਆਇਆ,
   ਲੱਖਾਂ ਮੈਂ ਟਕੋਰਾਂ ਕੀਤੀਆਂ।
5. ਜਦੋਂ ਢੋਲਕੀ ਤੇ ਕੋਇਲ ਕੋਈ ਬੋਲੇ,
   ਸ਼ਕ ਪੈਂਦਾ ਤੇਰੀ ਵਾਜ ਦਾ।
6. ਨਿੱਕੇ ਹੁੰਦਿਆਂ ਦੇ ਮਿਠੇ ਮਿਠੇ ਚੋਚਲੇ,
   ਹਾਲੀ ਮੈਨੂੰ ਭੁਲ ਨਾ ਸਕੇ।
7. ਓਥੋਂ ਉਗਿਆ ਨਾ ਫੇਰ ਕੋਈ ਬੂਟਾ,
   ਜਿਥੋਂ ਮੇਰਾ ਫੁਲ ਟੁਟਿਆ।
8. ਟੋਆ ਪੂਰਿਆ ਕਿਸੇ ਨਾ ਆ ਕੇ,
   ਰੁਗ ਭਰ ਲੈ ਗਈਓਂ ਜਿਥੋਂ।
9. ਤੇਰੇ ਪੈਰ ਦੀ ਵਾਜ ਨਾ ਆਈ,
   ਝਾਂਜਰਾਂ ਅਨੇਕ ਡਿਠੀਆਂ।
10. ਮੇਰੇ ਜਾਗ ਪੈਂਦੇ ਸੁਫਨੇ ਪੁਰਾਣੇ,
    ਇਕ ਵਾਰੀ ਲੰਘ ਜਾਂਦੀਓਂ।

---

1. ਵਿਸਾਹ, ਭਰੋਸਾ।

11. ਨਚ ਨਚ ਕੇ ਬਥੇਰੀਆਂ ਵਿਖਾਇਆ,
ਤੋਰ ਤੇਰੀ ਫੇਰ ਨਾ ਰਲੀ।
12. ਤੈਨੂੰ ਵੇਖ ਕੇ ਅਗ੍ਹਾ ਤੁਰ ਜਾਵਾਂ,
ਇਕੋ ਵਾਰੀਂ ਹੋਵੇਂ ਸਾਹਮਣੇ।
13. ਜੇ ਤੂੰ ਕੁੰਗੀਆਂ[1] ਨਾ ਖਾਂਦੀਓ ਵਡਾਣਕੇ[2],
ਭੂੰਡਣਾ[3] ਮੈਂ ਵੇਚ ਸੁਟਦਾ।
14. ਜਦੋਂ ਆਣ ਕੇ ਮੈਂ ਵੇਖਿਆ ਤ੍ਰਿਕਾਲੀਂ,
ਕੌਲ ਫੂਲ ਮੀਟਿਆ ਗਿਆ।
15. ਮੇਰੇ ਪਿਆਰ ਨੂੰ ਕੋਈ ਦਿਨ ਵੇਹਦੀਓਂ,
ਸ਼ਕ ਤੇਰੇ ਕੱਢ ਸੁਟਦਾ।
16. ਖੇਡ ਵੇਖੀਆਂ ਮੈਂ ਟਾਹਣੀਆਂ ਬਤੇਰੀਆਂ,
ਨਰਦ[4] ਦਾ ਸੁਆਦ ਨਾ ਗਿਆ।
17. ਤੋਤੀ ਖੁਲ੍ਹ ਕੇ ਨਾ ਕਾਫੀਆਂ[5] ਪਾਈਆਂ,
ਘੁਘੀ ਦੇ ਪਿਆਰ ਵਾਲੀਆਂ।
18. ਤੈਨੂੰ ਅੱਖੀਆਂ ਦੇ ਵਿਚ ਮੈਂ ਸੰਭਾਲਦਾ,
ਤੂੰ ਜੇ ਨਾ ਉਦਾਸ ਹੁੰਦੀਓਂ।
19. ਜੇ ਤੂੰ ਕੋਠੜੀ ਨੂੰ ਛਡ ਕੇ ਨਾ ਜਾਂਦੀਓਂ,
ਕੋਠੀਆਂ ਮੈਂ ਸੁਟ ਸੁਟਦਾ।

ਮੁਟਿਆਰੇ ਨੀ

ਜੋਬਨ ਮਤੀਏ ਮੁਟਿਆਰੇ ਨੀ,—ਟੇਕ

ਪੀਂਘ ਚੜ੍ਹੀ ਦੇ ਝੂਲਣ ਝੁਮਕੇ,
ਖਿੰਡੀਆਂ ਜ਼ੁਲਫਾਂ ਨੂੰ ਚੁੰਮ ਚੁੰਮ ਕੇ,
ਖਾਂਦੇ ਪ੍ਰੇਮ ਹੁਲਾਰੇ ਨੀ, ਜੋਬਨ ਮਤੀਏ ਮੁਟਿਆਰੇ ਨੀ।
ਉਠਦੀ ਛੈਲ ਜਵਾਨੀ ਤੇਰੀ,
ਰੂਪ ਕਲਾ ਲਾਸਾਨੀ[6] ਤੇਰੀ,
ਪ੍ਰੇਮ ਨੂੰ ਕਰੇ ਇਸ਼ਾਰੇ ਨੀ, ਜੋਬਨ ਮਤੀਏ ਮੁਟਿਆਰੇ ਨੀ।
ਜ਼ਹਿਰੀ ਨਾਗ, ਤੂਫਾਨੀ ਗੋਲੇ,
ਨੈਣ ਮਮੋਲੇ, ਉਡਣ ਖਟੋਲੇ,
ਗਗਨੋਂ ਤੋੜਨ ਤਾਰੇ ਨੀ, ਜੋਬਨ ਮਤੀਏ ਮੁਟਿਆਰੇ ਨੀ।
ਖਿੜੇ ਕੰਵਲ ਫੁਲ ਵਰਗਾ ਚਿਹਰਾ,

---

1. ਖਾਣ ਵਾਲੀ ਮਿੱਠੀ ਸ਼ਹਤ। 2. ਖੱਖਰ ਵਿਚੋਂ ਕੱਢ ਕੇ। 3. ਭੂੰਡਾਂ ਦੀ ਖੱਖਰ, ਜਾਂ ਮਾਖਿਓਂ ਦਾ ਛੱਤਾ। 4. ਚੌਪਟ ਦੀਆਂ ਗੀਟੀਆਂ। 5. ਇਕ ਰਾਗਣੀ ਜਾਂ ਕਾਵਿ ਰੂਪ ਦਾ ਨਾਂ। 6. ਲਾਜਵਾਬ।

ਗੁਟਕੇ ਸੇਉ ਮੁਖੜਾ ਤੇਰਾ,
ਡੁਲ੍ਹ ਪਏ ਮੋਤੀ ਸਾਰੇ ਨੀ, ਜੋਬਨ ਮਤੀਏ ਮੁਟਿਆਰੇ ਨੀ।
ਜੋਬਨ ਨੂੰ ਸਮਝਾ ਨੀ ਕੁੜੀਏ।
ਇਹ ਡੋਬੂ ਦਰਯਾ ਨੀ ਕੁੜੀਏ।
ਬਚ ਬਚ ਬਹੀਂ ਕਿਨਾਰੇ ਨੀ, ਜੋਬਨ ਮਤੀਏ ਮੁਟਿਆਰੇ ਨੀ।
ਹੁਸਨਾਂ ਵਾਲਾ ਸਿਰ ਦਾ ਸਾਈਂ।
ਸੰਭਲ, ਸੰਭੰਲ, ਨਿਉਂ, ਨਿਉ, ਜਾਈਂ।
ਚੰਨ ਦੇ ਚੈਨ ਚੁਬਾਰੇ ਨੀ, ਜੋਬਨ ਮਤੀਏ ਮੁਟਿਆਰੇ ਨੀ।

ਲੰਮੀ ਹੇਕ ਦਾ ਗੀਤ

ਧਾਰਨ—ਉਚੀ ਮਾੜੀ ਲਾਲ ਦੀ ਜਿਥੇ ਵਗਦੀ ਏ ਵਾਉ ਠੰਢੀ।

1. ਸੁਹਣਿਆ ਦੇ ਸਰਦਾਰ ਜੀ, ਤੁਸੀਂ ਜਾ ਵਸੇ ਪਰਿਓਂ ਪਰੇ,
ਸਾਹਿਬੋ ਤੁਸੀਂ ਆ ਕੇ ਨਾ ਫੇਰ ਮਿਲੇ।
2. ਉਚੀਆਂ ਕਰ ਕਰ ਅੱਡੀਆਂ ਅਸੀਂ ਰਾਹ ਤੇਰਾ ਤਕਦੇ ਰਹੇ।
ਹਾਇ ਰੱਬਾ ਅਸੀਂ ਤਕ ਤਕ ਹਾਰ ਗਏ।
3. ਪੁਛ ਪੁਛ ਰਾਹੀਆਂ ਪਾਂਧੀਆਂ ਅਸੀਂ ਬਹੁਤੇਰਾ ਲਭਦੇ ਰਹੇ,
ਸਾਹਿਬਾ ਸਾਨੂੰ ਦਸਿਆ ਨਾ ਭੇਤ ਕਿਸੇ।
4. ਸੁਪਨੇ ਅੰਦਰ ਆਪ ਦਾ, ਸਾਨੂੰ ਦਿਸਿਆ ਜਲਾਲ ਕਿਤੇ,
ਵਾਰੀ ਜਾ, ਸਾਨੂੰ ਨੂਰ ਦੇ ਪੁਤਲੇ ਦਿਸੇ।
5. ਧਾ ਗਲਵੱਕੜੀ ਪਾਣ ਨੂੰ, ਅਸੀਂ ਬਾਹਾਂ ਸਮੇਟੀ ਗਏ,
ਹਾਇ ਰੱਬਾ, ਤੁਸੀਂ ਚੁਪ ਕੀਤੇ ਤਿਲਕ ਗਏ।
6. ਆਸਾਂ ਉਚੀਆਂ ਤੇ ਲੰਮੀਆਂ, ਅਸੀਂ ਤਕਵੇ[1] ਦੇ ਕੰਢੇ ਖੜੇ,
ਸਾਹਿਬੋ, ਤੁਸੀਂ ਬਹੁੜੋਗੇ ਝਬਦੇ ਜਿਹੇ।
7. ਤਕ ਤਕ ਖੀਵੇ ਹੋਣਗੇ ਸਾਡੇ ਨੈਣ ਵਿਛੋੜੇ ਸੜ,
ਲਾਲ ਜੀ, ਜਿਹੜੇ ਛਮ ਛਮ ਵਰ੍ਹਦੇ ਰਹੇ।
8. ਜਿੰਦੋਂ ਸਾਵੀਂ ਲੈ ਲਵਾਂ ਖੰਭ ਵਿਕੰਦੜੇ[2] ਮਿਲ ਜਾਣ ਜੇ,
ਚਾਤ੍ਰਿਕ ਉਡ ਪਹੁੰਚੇ ਦੁਆਰੇ ਤਿਰੇ।

---
1. ਆਸਰਾ। 2. ਵਿਕਦੇ।

ਕੁਦਰਤ

ਬਹਾਰ ਦਾ ਸੁਨੇਹਾ

1. ਪੱਤਝੜੀ ਨੇ ਬਿਸਤਰਾ ਗੋਲ ਕੀਤਾ,
ਤੇ ਬਹਾਰ ਨੇ ਅੱਖੀਆਂ ਖੋਲ੍ਹੀਆਂ ਨੇਂ।
ਸਾਂਭੀ ਗੈਂਡੇ ਹਜ਼ਾਰੇ ਨੇ ਗੰਢ ਗੁਥਲੀ[1],
ਤੇ ਗੁਲਾਬ ਨੇ ਬੁਚਕੀਆਂ ਫੋਲੀਆਂ ਨੇਂ।
ਵਿਛੀਆਂ ਪੀਲੀਆਂ ਚਾਦਰਾਂ ਪੈਲੀਆਂ ਤੇ,
ਭਰ ਭਰ ਝੋਲੀਆਂ ਕਰਨੇ[2] ਨੇ ਡੋਲ੍ਹੀਆਂ ਨੇਂ।
ਬੂਹੇ ਖੁਲ੍ਹ ਗਏ ਮਹਿਕ ਦੇ ਠੇਕਿਆਂ ਦੇ,
ਭੌਰੇ ਭੌਣ ਲੱਗੇ ਬੰਨ੍ਹ ਬੰਨ੍ਹ ਟੋਲੀਆਂ ਨੇਂ।
ਕੁਦਰਤ ਹੀਰ ਸਿਆਲ ਤੋਂ ਬਾਹਰ ਨਿਕਲੀ,
ਰੰਗਾ ਰੰਗ ਦੇ ਵੇਸ ਵਟਾ ਕੇ ਤੇ।
ਸੁੱਤੇ ਮਾਹੀ ਦਾ ਕਾਲਜਾ ਟੁੰਬਿਆ ਸੂ,
ਅੱਖਾਂ ਰੱਤੀਆਂ ਦਾ ਜਾਦੂ ਪਾ ਕੇ ਤੇ।

2. ਜਗ, ਤਖਤ ਹਜ਼ਾਰੇ ਦਿਆ ਚਾਨਣਾ ਉਇ,
ਛਡ ਦੇ ਝਾਕ ਹੰਕਾਰਨਾਂ ਭਾਬੀਆਂ ਦੀ।
ਬੇਲੇ ਝੰਗ ਦੇ ਵਿਚ, ਤੇਰੀਆਂ ਕਿਸਮਤਾਂ ਨੇ,
ਕੁੰਜੀ ਸਾਂਭ ਰੱਖੀ ਕਾਮਯਾਬੀਆਂ ਦੀ।
ਹੱਡ ਭੰਨ ਕੇ ਮੱਝੀਆਂ ਚਾਰ ਜੀਵੇਂ,
ਤਾਂਹੀਏਂ ਵੇਖਸੇਂ ਸ਼ਾਨ ਨਵਾਬੀਆਂ ਦੀ।
ਤੇਰੀ ਵੰਝਲੀ ਦੇ ਵਿਚੋਂ ਗੂੰਜਣੀ ਏ,
ਦੱਬੀ ਹੋਈ ਆਵਾਜ਼ ਪੰਜਾਬੀਆਂ ਦੀ।
ਕਿਸਮਤ ਆਪਣੀ, ਸੋਹਣਿਆ ! ਢਾਲ ਆਪੇ,
ਇਉਂ ਨਹੀਂ ਬਹੀਦਾ ਢੇਰੀਆਂ ਢਾ ਕੇ ਤੇ।
ਤੇਰੇ ਮੱਥੇ ਤੇ ਫਤੇ ਹੈ ਲਿਖੀ ਹੋਈ,
ਹਿੰਮਤ ਵੇਖ ਤੇ ਸਹੀ ਅਜ਼ਮਾ ਕੇ ਤੇ।

3. ਉਠ ਬਹੁ ਨਵੀਂ ਬਹਾਰ ਦਿਆ ਲਾਲ ਫੁੱਲਾ !
ਜੀਵਨ ਆਪਣਾ ਜ਼ਰਾ ਮਹਿਕਾ ਮਾਹੀਆ !

---

1. ਫੁੱਲ ਦੀ ਡੋਡੀ ਤੋਂ ਭਾਵ ਹੈ। 2. ਇਕ ਖੁਸ਼ਬੋ ਵਾਲਾ ਫੁੱਲ।

ਤੇਰੇ ਖਿੜੇ ਬਾਝੋਂ ਠੰਢੀ ਹੋਵਣੀ ਨਹੀਂ,
ਆਸ ਪਾਸ ਦੀ ਤੱਤੀ ਹਵਾ ਮਾਹੀਆ !
ਤੇਰੇ ਮੂੰਹ ਵਲ ਪਈ ਦੁਨੀਆਂ ਤੱਕਦੀ ਏ,
ਚਿਣਗ ਪਿਆਰ ਦੀ ਦਿਲਾਂ ਵਿਚ ਲਾ ਮਾਹੀਆ !
ਜੇ ਬਹਿਸ਼ਤ[1] ਦੇ ਬਾਗ ਵਿਚ ਪਹੁੰਚਣਾ ਈ,
ਤਾਂ ਇਸ ਬਾਗ ਦੀ ਸ਼ਾਨ ਚਮਕਾ ਮਾਹੀਆ !
ਜਿਹੜੇ ਰਾਂਝਣੇ ਮਸਤ ਨੇਂ ਛੱਤਿਆਂ[2] ਤੇ,
ਓਹ ਨਹੀਂ ਹੀਰ ਲਈ ਕੰਨ ਪੜਵਾ ਸਕਦੇ।
ਜਿਹੜੇ ਸ਼ੇਰ ਨਹੀਂ ਤੜਪਦੇ ਜੰਗਲਾਂ ਨੂੰ,
ਓਹ ਨਹੀਂ ਪਿੰਜਰ ਤੋਂ ਬਾਹਰ ਆ ਸਕਦੇ।

ਬੁਲਬੁਲ ਨੂੰ

(ਲੰਮੀ ਹੇਕ ਦਾ ਗੀਤ)

1. ਫੁੱਲਾਂ ਦੀ ਪ੍ਰੇਮਣ ਬੁਲਬੁਲੇ!
ਰੰਗ ਰੱਤੀਏ ਮਤਵਾਲੀਏ!
ਬਹਿ ਬਹਿ ਕੇ ਲੁਸ ਲੁਸ ਕਰਦੀਆਂ-
ਲਗਰਾਂ ਤੇ ਝੂਮਣ ਵਾਲੀਏ!
ਜਜ਼ਬੇ ਤਿਰੇ ਕੋਮਲ ਜਿਹੇ,
ਸੂਰਤ ਤਿਰੀ ਭੋਲੀ ਜਿਹੀ,
ਪਿਆਰਾਂ ਦਾ ਸੋਮਾਂ ਦਿਲ ਤਿਰਾ,
ਦਰਦਾਂ ਭਰੀ ਬੋਲੀ ਤੇਰੀ।
ਜੁਗੜੇ ਗੁਜ਼ਰ ਗਏ ਗਾਵਿਆਂ,
ਪਿੰਜਰੇ ਦੇ ਵਿਚ ਜਦ ਦੀ ਤੜੀ,
ਉਡ ਉਡ ਆਕਾਸ਼ ਵਿਚ,
ਆਈ ਨ ਚਹਿਕਣ ਦੀ ਘੜੀ।
ਲਾ ਲਾ ਕੇ ਟਕਰਾਂ ਤੀਲੀਆਂ ਨੂੰ,
ਸਿਰ ਤੂੰ ਆਪਣਾ ਖੋਹ ਲਿਆ,
ਥਾਂ ਥਾਂ ਖਰੀਂਡ ਨੇਂ ਜਮ ਗਏ,
ਐਨਾ ਲਹੂ ਤੂੰ ਡੋਲ੍ਹਿਆ।
2. ਰੰਗਤ ਲਿਆਇਆ ਸਬਰ ਤੇਰਾ,
ਜੁਗ ਨਵਾਂ ਪਲਟਾਇਆ,
ਖਿੜਕੀ ਤੇਰੀ ਨੂੰ, ਵਾ ਨੇ—

1. ਸਵਰਗ। 2. ਸਿਰ ਦੇ ਅੱਧ-ਕੱਟੇ ਵਾਲ।

ਧੱਕਾ ਮਾਰ ਕੇ ਖਿਸਕਾਇਆ।
ਪਹੁ ਪੰਧ ਹੋ ਗਏ ਮੋਕਲੇ,
ਹੁਣ ਬਹਿ ਕੇ ਖੰਭ ਸੁਆਰ ਲੈ।
ਫੁੱਲਾਂ ਦੇ ਗਲ ਮਿਲ ਚਹਿਕ ਲੈ,
ਅਰਸ਼ੀ ਉਡਾਰੀ ਮਾਰ ਲੈ।
ਗਾ ਗਾ ਕੇ ਗੀਤ ਸੁਹਾਉਣੇ,
ਗੁੰਜਾਰ ਦੇ ਸੰਸਾਰ ਨੂੰ,
ਬਾਹਰ ਨਿਕਲ ਕੇ ਵਲਗਣੋ,
ਜੀਵਾ ਲੈ ਸੈਵ ਸਤਿਕਾਰ ਨੂੰ,
ਪਰ ਬੋਲ ਬੋਲੀ ਓਪਰੀ,
ਵੱਟਾ ਨਾ ਲਾਵੀਂ ਸ਼ਾਨ ਨੂੰ,
ਪੰਜਾਬ ਦੀ ਰਾਣੀ ਰਹੀ,
ਵਿਸਰੀਂ ਨਾ ਹਿੰਦੁਸਤਾਨ ਨੂੰ।

ਜ਼ਰਾ ਖਲੋ ਜਾ

ਲਟ ਲਟ ਕਰਦੇ ਅਰਸ਼ੀ ਤਾਰੇ,
ਜ਼ਰਾ ਖਲੋ ਜਾ, ਜ਼ਰਾ ਖਲੋ ਜਾ।
ਭੁਲਦਿਆਂ ਨੂੰ ਰਾਹ ਪਾਵਣ ਹਾਰੇ,
ਜ਼ਰਾ ਖਲੋ ਜਾ, ਜ਼ਰਾ ਖਲੋ ਜਾ,

1. ਨਾ ਕਰ ਕਾਹਲੀ ਇਕਲ ਦੇ ਸਾਥੀ,
ਨਾਲ ਤੇਰੇ ਜੀ ਪਰਚ ਰਿਹਾ ਸੀ,
ਰਾਤ ਨਿਕਲ ਗਈ, ਪਲ ਹਨ ਬਾਕੀ,
ਲਗੀ ਖੜੀ ਹੈ ਨਾਉ ਕਿਨਾਰੇ,
ਜ਼ਰਾ ਖਲੋ ਜਾ, ਜ਼ਰਾ ਖਲੋ ਜਾ।

2. ਤ੍ਰੇਲ ਛਮਾ ਛਮ ਬਰਸ ਚੁਕੀ ਹੈ,
ਬਨਰਾਈ ਨ੍ਹਾ ਧੋ ਬੈਠੀ ਹੈ,
ਜਾਗ ਕਲੀ ਨੂੰ ਔਣ ਲਗੀ ਹੈ,
ਖਾ ਖਾ ਸੀਤਲ ਪੌਣ ਹੁਲਾਰੇ,
ਜ਼ਰਾ ਖਲੋ ਜਾ, ਜ਼ਰਾ ਖਲੋ ਜਾ।

3. ਭਰ ਕੇ ਨੀਂਦ ਸੌਂ ਚੁਕਾ ਪੰਛੀ,
ਵਾਟ ਤਕ ਰਿਹਾ ਹੈ ਊਸ਼ਾ ਦੀ,
ਕਰਨ ਲਗਾ ਹੈ ਸ਼ੁਰੂ ਹੁਣੇ ਹੀ,
ਸ਼ੁਕਰਾਨੇ ਦੇ ਗੀਤ ਪਿਆਰੇ,
ਜ਼ਰਾ ਖਲੋ ਜਾ, ਜ਼ਰਾ ਖਲੋ ਜਾ।

4. ਉਚਟ ਗਈ ਨੀਨੀ ਬਾਲਾਂ ਦੀ,
ਟੋਲ ਰਹੇ ਹਨ ਛਾਤੀ ਮਾਂ ਦੀ,
ਸੁਣ ਸੁਣ ਕੇ ਠਿਣਕਾਰ ਇਨ੍ਹਾਂ ਦੀ,
ਉੱਸਲਵਟ ਲੈਂਦੇ ਹਨ ਸਾਰੇ,
ਜ਼ਰਾ ਖਲੋ ਜਾ, ਜ਼ਰਾ ਖਲੋ ਜਾ।

5. ਡੋਲ ਖੂਹਾਂ ਤੇ ਖੜਕ ਪਏ ਨੇਂ,
ਹਾਲੀ ਘਰ ਤੋਂ ਨਿਕਲ ਰਹੇ ਨੇਂ,
ਜੋਤ ਪੁਜਾਰੀ ਬਾਲ ਚੁਕੇ ਨੇਂ,
ਮੁੱਲਾ ਪਿਆ ਮਸੀਤ ਬੁਹਾਰੇ,
ਜ਼ਰਾ ਖਲੋ ਜਾ ਜ਼ਰਾ ਖਲੋ ਜਾ।

6. ਰਾਤ ਪੁਸ਼ਾਕ ਵਟਾਣ ਲਗੀ ਹੈ,
ਦਿਨ ਨੂੰ ਗਲੇ ਲਗਾਣ ਲਗੀ ਹੈ,
ਕੁਦਰਤ ਰਾਸ ਰਚਾਣ ਲਗੀ ਹੈ,
ਵੇਖ ਕੇ ਤੁਰੀਂ ਤਮਾਸ਼ੇ ਸਾਰੇ,
ਜ਼ਰਾ ਖਲੋ ਜਾ, ਜ਼ਰਾ ਖਲੋ ਜਾ।

ਚਸ਼ਮੇ ਨੂੰ

ਉਛਲ ਉਛਲ ਕੇ ਡੁਲ੍ਹਦਿਆਂ ਚਸ਼ਮਿਆਂ,
ਤੂੰ ਕਿਤ ਦੁਖ ਰੁੜ੍ਹਦਾ ਜਾਵੇਂ ?
ਦਿਲ ਦੀ ਤਹੀਂ ਵਲ੍ਹੇਟੀਆਂ ਸੱਧਰਾਂ,
ਕਢ ਕਢ ਢੇਰੀਆਂ ਲਾਵੇਂ।
ਕਿਸ ਦਿਲਬਰ ਦੀਆਂ ਹਿਜ਼ਰ-ਤਰਾਟਾਂ,
(ਤੇਰੇ) ਅੰਦਰ ਫੇਰਨ ਕਾਤੀ ?
ਰਗ ਰਗ ਵਿਚੋਂ ਢੂਨ ਪਰੂਹੇਂ,
(ਅਤੇ) ਅੱਖੀਆਂ ਰਾਹੀਂ ਵਹਾਵੇਂ ?

ਉੱਤਰ

ਅਰਸੋਂ ਪਟਕ, ਪਿਆਰ ਪਰਬਤ ਤੇ,
(ਉਨ) ਸਿਰ ਤੇ ਚੁੱਕ ਬਹਾਇਆ,
ਆਪਣਾ ਆਪ ਘੁਲਾ ਕੇ ਏਥੋਂ,
(ਉਹਦੀ) ਨਸ ਨਸ ਵਿਚ ਸਮਾਇਆ।
ਘੁੱਪ ਹਨੇਰਾ (ਅਤੇ) ਅਰਸ਼ ਵਿਛੋੜਾ,
(ਮੈਥੋਂ) ਗਏ ਨਾ ਮੂਲ ਸਹਾਰੇ,
ਕਿਰਨਾਂ ਰਾਹੀਂ ਚੜ੍ਹਨ ਉਤਾਂਹ ਨੂੰ,
(ਮੈਂ) ਕੁਦ ਕੁਦ ਬਾਹਰ ਆਇਆ।

ਨਾਲੇ ਨੂੰ

(ਗੀਤ)

ਬਰਫੀ ਟਿੱਲਿਓਂ ਲੱਥਿਆ,
ਨਾਲਿਆ ! ਉਤਰੀਂ ਧੀਰਜ ਨਾਲ,
ਕਾਹਲੀ ਅੱਗੇ ਟੋਏ ਕਹਿੰਦੇ,
ਰਖ ਮਸਤਾਨੀ ਚਾਲ।

1. ਬੜੇ ਕਠਿਨ ਹਨ ਰਸਤੇ ਤੇਰੇ,
ਘੁਲਣੇ ਹਨ ਤੂੰ ਘੋਲ ਬੁਤੇਰੇ,
ਪੈਰ ਮਲਕੜੇ ਧਰਦਾ ਜਾਈਂ,
ਮਿਲੇ ਜਿਧਰ ਦੀ ਢਾਲ,
ਨਾਲਿਆ ! ਉਤਰੀਂ ਧੀਰਜ ਨਾਲ।

2. ਨਿਰਮਲ ਸੀਤਲ ਜਲ ਦੇ ਪਿਆਸੇ,
ਜੁੜ ਰਹੇ ਤੇਰੇ ਆਸੇ ਪਾਸੇ,
ਦੂਰ ਦੁਰਾਡੀਆਂ ਫੇਰ ਸਹੀ,
ਕਰ ਨੇੜੇ ਦੀ ਸੰਭਾਲ,
ਨਾਲਿਆ ! ਉਤਰੀਂ ਧੀਰਜ ਨਾਲ।

3. ਜਦ ਤਕ ਹਈ ਨਰੋਆ ਪਾਣੀ,
ਮਿੱਠਤ ਤੇਰੀ ਨਿਭਦੀ ਏ ਜਾਣੀ,
ਗੰਧਲੇ ਪਾਣੀਆਂ ਦੇ ਵਿਚ ਰਲ ਕੇ,
ਆਪਾ ਲਈਂ ਨਾ ਗਾਲ,
ਨਾਲਿਆ ! ਉਤਰੀਂ ਧੀਰਜ ਨਾਲ।

ਸਾਉਣ

ਉਠ ਕੇ ਛੇੜ ਸਤਾਰ, ਜੋਗਣੇ ! ਉਠ ਕੇ ਛੇੜ ਸਤਾਰ।
ਸਹਿਕ ਸਹਿਕ ਕੇ ਸਾਵਣ ਆਇਆ, ਛੋਹ ਦੇ ਦੇਸ-ਮਲ੍ਹਾਰ[1], ਜੋਗਣੇ !

1. ਕਾਲਾ ਕਟਕ ਘਟਾਂ ਦਾ ਆਇਆ,
ਘੁੱਪ ਹਨੇਰ ਚੁਪਾਸੀਂ ਛਾਇਆ,
ਮਸਤੇ ਮੋਰਾਂ ਸ਼ੋਰ ਮਚਾਇਆ,
ਛਿੜੀ ਬਰੀਕ ਫੁਹਾਰ,
ਜੋਗਣੇ ! ਉਠ ਕੇ ਛੇੜ ਸਤਾਰ।

---

1. ਇਕ ਰਾਗ ਦਾ ਨਾਂ ਜੋ ਬਰਸਾਤ ਰੁੱਤ ਤੇ ਖ਼ੁਸ਼ੀ ਨਾਲ ਸੰਬੰਧਿਤ ਹੈ।

2. ਰਜ ਰਜ, ਗਜ ਗਜ ਬੱਦਲ ਵਰ੍ਹਿਆ,
ਜੰਗਲ ਬੇਲਾ ਹੋ ਗਿਆ ਹਰਿਆ,
ਜੱਟ ਦਾ ਵੇਖ ਕਲੇਜਾ ਠਰਿਆ,
ਬੇੜਾ ਹੋ ਗਿਆ ਪਾਰ,
ਜੋਗਣੇ ! ਉਠ ਕੇ ਛੇੜ ਸਤਾਰ।

3. ਘਾਹ ਨੇ ਧਰਤੀ ਨੂੰ ਢਕ ਲੀਤਾ,
ਬੂਟਿਆਂ ਵੇਸ ਨਵਾਂ ਅਜ ਕੀਤਾ,
ਲਗਰਾਂ ਪ੍ਰੇਮ-ਨਸ਼ਾ ਕੋਈ ਪੀਤਾ,
ਝੂਮਣ ਧੌਣ ਉਲਾਰ,
ਜੋਗਣੇ ! ਉਠ ਕੇ ਛੇੜ ਸਤਾਰ।

4. ਬਾਗਾਂ ਦੇ ਵਿਚ ਜੁੜੀਆਂ ਸਈਆਂ,
ਅੰਬਾਂ ਥੱਲੇ ਪੀਂਘਾਂ ਪਈਆਂ,
ਜੋਬਨ ਵਿਚ ਠਾਠਾਂ ਆ ਗਈਆਂ,
ਖੁਲ ਗਿਆ ਹੁਸਨ-ਬਜ਼ਾਰ,
ਜੋਗਣੇ ! ਉਠ ਕੇ ਛੇੜ ਸਤਾਰ।

5. ਕੋਈ ਹੱਸੇ, ਕੋਈ ਗਾਵੇ,
ਕੋਈ ਨੱਚੇ, ਕੋਈ ਗਿੱਧਾ ਪਾਵੇ,
ਕੋਈ ਕਿਸੇ ਨੂੰ ਗੁਝੀਆਂ ਲਾਵੇ,
ਅੱਖ ਦੀ ਸੈਨਤ ਮਾਰ,
ਜੋਗਣੇ ! ਉਠ ਕੇ ਛੇੜ ਸਤਾਰ।

6. ਸੁੱਤੀਆਂ ਸੁਰਤਾਂ ਸੌਣ ਜਗਾਈਆਂ,
ਸਜਣਾਂ ਨਾਲ ਪਰੀਤਾਂ ਲਾਈਆਂ,
ਸੌਹਾਂ ਸੁਗੰਧਾਂ ਚੇਤੇ ਆਈਆਂ,
ਬਿਹਬਲ ਹੋ ਗਿਆ ਪਿਆਰ,
ਜੋਗਣੇ ! ਉਠ ਕੇ ਛੇੜ ਸਤਾਰ।

7. ਛੇੜ ਸਤਾਰ, ਸਰੂਰ ਲਿਆ ਦੇ,
ਨਵਾਂ ਜਿਹਾ ਕੋਈ ਦੇਸ ਵਸਾ ਦੇ,
ਝੋਕੇ ਆਉਣ ਮਸਤ ਹਵਾ ਦੇ,
ਡੁਲ੍ਹ ਡੁਲ੍ਹ ਪਏ ਖੁਮਾਰ,
ਜੋਗਣੇ ! ਉਠ ਕੇ ਛੇੜ ਸਤਾਰ।

8. ਭਰ ਭਰ ਜਾਮ ਪਿਆਵੇ ਸਾਕੀ,
ਹਸਰਤ ਕੋਈ ਨਾ ਰਹਿ ਜਾਏ ਬਾਕੀ,
ਏਸ ਤੋਂ ਭੀ ਹੋ ਬਹੀਏ ਆਕੀ,
ਆਵੇ ਐਸੀ ਤਾਰ,
ਜੋਗਣੇ ! ਉਠ ਕੇ ਛੇੜ ਸਤਾਰ।

ਸ੍ਰਿਸ਼ਟੀ ਦਾ ਆਰੰਭ

1. ਆਰਾਮ ਵਿਚ ਸਨ ਸੁੱਤੀਆਂ, ਕੁਦਰਤ ਦੀਆਂ ਗੁਲਕਾਰੀਆਂ[1],
ਖਾਮੋਸ਼ੀਆਂ ਦੇ ਸਤਰ ਵਿਚ, ਸਨ ਬੰਦ ਸੁਰਤਾਂ ਸਾਰੀਆਂ।
ਕੱਢੇ ਨਹੀਂ ਸਨ ਖੰਭ, ਹਾਲੀ ਜ਼ਿੰਦਗੀ ਦੀ ਵੇਲ ਨੇ,
ਮਖਮਲ ਦੇ ਫਰਸ਼ਾਂ ਪਰ ਨਾ ਮੋਤੀ ਸਨ ਖਿਲਾਰੇ ਤ੍ਰੇਲ ਨੇ।
ਰੰਗਾਂ ਤੇ ਮਹਿਕਾਂ ਦਾ ਜਗਤ, ਕੁੱਖੇ ਨਹੀਂ ਆਇਆ,
ਆਕਾਸ਼ ਨੇ ਨ੍ਹਾ ਧੋ ਕੇ ਨੂਰੀ ਤਿਲਕ ਨਹਿੰ ਸੀ ਲਾਇਆ,
ਮੈਦਾਨ, ਪਰਬਤ, ਘਾਟੀਆਂ, ਝਰਨੇ, ਤਰਾਈਆਂ ਵਾਦੀਆਂ,
ਮਿਅਮਾਰ[2] ਕੁਦਰਤ ਦੇ, ਨਾ ਰਚੀਆਂ ਸਨ ਅਜੇ ਆਬਾਦੀਆਂ।
ਦਿਲ ਦੇ ਉਬਾਲਾਂ ਨੇ, ਲਹੂ ਅੰਦਰ ਨਾ ਆਂਦਾ ਜੋਸ਼ ਸੀ,
ਸਾਗਰ ਉਮੰਗਾਂ ਦਾ, ਤਰੰਗਾਂ ਤੋਂ ਬਿਨਾਂ, ਬੇਹੋਸ਼ ਸੀ।
ਤਰਬਾਂ ਨੂੰ ਲਰਜ਼ਾਂ ਦੇਣ ਤੋਂ, ਅਸਮਰਥ ਹਾਲੀ ਸਾਜ਼ ਸੀ,
ਪੱਤੀਂ ਵਲ੍ਹੇਟੀ ਗੰਧਿ ਵਾਂਗਰ, ਚੁਪ ਅਜੇ ਆਵਾਜ਼ ਸੀ।
ਮਹਿਫਲ ਭਖਾਉਣ ਨੂੰ, ਸ਼ਮਾਂ ਵਿਚ, ਅੱਗ ਹਾਲ ਜਗੀ ਨਾ ਸੀ,
ਲਗਰਾਂ ਨੂੰ ਪੀਂਘ ਝੁਟਾਣ ਖਾਤਰ ਮੰਦ ਪੌਣ ਵਗੀ ਨਾ ਸੀ।
ਸੀਨਾ ਰਤੀ[3] ਦਾ ਵਿੰਨ੍ਹਣੇ ਨੂੰ ਤੀਰ ਤਿੱਖੇ ਮੈਨ[4] ਦੇ,
ਕੁਦਰਤ ਨੇ, ਸਾੜੇ ਚਾੜ੍ਹ, ਨਾ ਤੱਯਾਰ ਕੀਤੇ ਸਨ ਅਜੇ।
ਠਾਠਾਂ ਨਹੀਂ ਸਨ ਮਾਰੀਆਂ, ਜੀਵਨ ਨਦੀ ਦੀ ਧਾਰ ਨੇ,
ਪਾਸਾ ਨਹੀਂ ਸੀ, ਸੁੰਨ ਨੀਂਦੋਂ, ਪਰਤਿਆ ਸੰਸਾਰ ਨੇ।
ਨਖ-ਸਿਖ[5] ਨਹੀਂ ਸੀ, ਫੁਲ ਦੇ ਮੂੰਹ ਤੇ, ਚਿਤੇਰੇ ਅੰਗਿਆ,
ਮਹਿੰਦੀ ਦਾ ਸੀਨਾ, ਗੋਰੀਆਂ ਤਲੀਆਂ ਨਹੀਂ ਸੀ ਰੰਗਿਆ।
ਹਰਿਆਉਲਾਂ ਨੇ ਮੌਲ, ਨਹਿੰ ਸੀ ਸੈਲ ਨੂੰ ਸ਼ਿੰਗਾਰਿਆ,
ਨਾ ਰਾਗ ਮਿੱਠਾ ਪੰਛੀਆਂ ਟਾਹਣੀ ਤੇ ਬੈਠ ਉਚਾਰਿਆ,
ਉਨਮਾਦ[6] ਨੇ, ਸੁਰ ਮੇਲ, ਤੰਬੂਰਾ ਨਹੀਂ ਸੀ ਛੋਹਿਆ,
ਕਰ ਕਰ ਅਦਾਵਾਂ ਰੂਪ ਨੇ, ਨਾ ਪ੍ਰੇਮ ਨੂੰ ਸੀ ਕੋਹਿਆ।

2. ਫੁਰਨਾ ਜਿਹਾ ਇਕ ਯਕਬਯਕ[7], ਬਿਜਲੀ ਦੇ ਵਾਂਗਰ ਕੂੰਦਿਆ,
ਥਰੱਟ, ਹਰਕਤ, ਰਗੜ ਗਰਮੀ, ਸ਼ਬਦ ਇਸ ਤੋਂ ਪ੍ਰਗਟਿਆ।
ਟੁੱਟਾ ਤਲਿਸਮ[8] ਚੁਪ ਦਾ, ਮੂੰਹ ਖੁਲ ਗਿਆ ਰਫਤਾਰ ਦਾ,
ਡੱਕਾ ਜਿਹਾ ਹਟ ਗਿਆ, ਜੀਵਨ ਨਦੀ ਦੀ ਧਾਰ ਦਾ।
ਧੁਨਿ[9] ਨੇ, ਸੁਰੀਲਾ ਰਾਗ ਛੋਹ ਕੇ, ਸੁਰਤ ਨੂੰ ਵਿਕਸਾਇਆ[10],

---

1. ਰੰਗ ਬਿਰੰਗੇ ਫੁੱਲ। 2. ਰਚਨਹਾਰ, ਉਸਾਰੀ ਕਰਨ ਵਾਲਾ। 3. ਕਾਮਦੇਵ ਦੀ ਪ੍ਰੇਮਕਾ।
4. ਕਾਮਦੇਵ (ਪ੍ਰੇਮ ਦਾ ਦੇਵਤਾ)। 5. ਨੈਣ, ਨਕਸ਼। 6. ਖੁਮਾਰੀ, ਮਸਤੀ। 7. ਇਕ ਦਮ, ਅਚਾਨਕ। 8. ਜਾਦੂ।
9. ਸੁਰੀਲੀ ਆਵਾਜ਼। 10. ਉੱਨਤ ਕੀਤਾ, ਖੇੜੇ ਵਿਚ ਲਿਆਂਦਾ।

ਕੁਦਰਤ-ਕਲੀ ਨੂੰ, ਝੂਣ ਕੇ, ਸੀਤਲ ਸਮੀਰ[1] ਜਗਾਇਆ।
ਚੈਤੰਨਤਾ ਨੇ, ਜੰਦਰਾ ਖਾਮੋਸ਼ੀਆਂ ਦਾ, ਲਾਹਿਆ,
ਬਾਤਨ[2] ਨੇ ਜ਼ਾਹਿਰ[3] ਹੋ ਕੇ, ਜੀਵਨ-ਜੋਤ ਨੂੰ ਟਿਮਕਾਇਆ।
ਸੁਰਜੀਤ ਕੀਤਾ ਬੀਜ ਨੂੰ, ਸ਼ਕਤੀ ਦੀਆਂ ਗਰਮਾਈਆਂ,
ਮਨ ਦੇ ਉਬਾਲਾਂ ਸੁਰਤ ਕਰ ਕੇ ਲੀਤੀਆਂ ਅੰਗੜਾਈਆਂ।
ਖੁੱਲੀ ਸਮਾਧੀ ਰੂਹ ਦੀ, ਤਰਬਾਂ ਨੇ ਛੋਹਿਆ ਨਾਚ ਜਾ,
ਧੜਕਣ ਲਗਾ ਦਿਲ ਕਾਮਨਾਂ ਦਾ, ਖੂਨ ਫੜੀਆਂ ਹਰਕਤਾਂ।
ਕੁਦਰਤ ਕਲੀ ਦੇ ਵਾਂਗ, ਨਿਕਲੀ ਪੜਦਿਓਂ ਚਟਕਾਰ ਕੇ,
ਸੂਖਮ ਨੇ ਹੋ ਅਸਥੂਲ, ਡਿੱਠੇ ਰੰਗ ਝਾਤੀ ਮਾਰ ਕੇ।
ਧਰ ਕੇ ਦਿਸ਼ਾ ਦਾ ਨਾਮ, ਗੇੜ ਚਲਾਇਆ ਆਕਾਸ਼ ਨੇ,
ਉਠ ਪੂਰਬੋਂ ਪੱਛਮ ਵਿਛਾਇਆ ਬਿਸਤਰਾ ਪਰਕਾਸ਼ ਨੇ।
ਮੋਤੀ ਖਿਲਾਰੇ ਸੇਜ ਤੇ, ਮਹਬੂਬ ਖਾਤਰ ਰਾਤ ਨੇ,
ਇਉਂ ਕਾਲ-ਚੱਕਰ ਦੀ ਟਿਕਾਈ ਨੀਂਹ ਕਾਯਾਨਾਤ[4] ਨੇ।
ਠੰਢਕ ਪੁਚਾ ਕੇ ਤ੍ਰੇਲ ਨੇ, ਉਲਟਾਏ ਵਰਕੇ ਫੁੱਲ ਦੇ,
ਪਰਭਾਤ ਡਿੱਠੇ ਜਾਗ ਕੇ, ਮਹਿਕਾਂ ਦੇ ਦਫਤਰ ਖੁਲ੍ਹਦੇ।
ਛਿੜਿਆ ਸੁਰੀਲਾ ਰਾਗ, ਬਿਰਛਾਂ ਤੇ ਬਹਾਰਾਂ ਆਈਆਂ,
ਸੰਸਾਰ ਅੱਖਾਂ ਖੋਲ੍ਹੀਆਂ, ਤਰਬਾਂ ਸਤਾਰ ਹਿਲਾਈਆਂ।
ਆਈ ਚਟਾਕਾ ਮਾਰ ਕੇ, ਹਸਤੀ[5] ਦੇ ਅੰਦਰ ਨੇਸਤੀ[6],
ਇਉਂ ਸ੍ਰਿਸ਼ਟਿ ਸਾਜੀ ਜਾ ਕੇ ਚਾਤ੍ਰਿਕ, ਕਾਰ ਜਗ ਦੀ ਤੁਰ ਪਈ।

ਹਿਮਾਲਾ

1. ਕੁਦਰਤ ਦੇ ਹੱਥਾਂ ਦੀ ਚਿਣੀ, ਚਿਟਾਨਾਂ ਦੀ ਦੀਵਾਰ ਹਿਮਾਲਾ,
ਸੁਹਜਾਂ[7] ਦਾ ਬਾਜ਼ਾਰ, ਖੁਦਾਈ ਰਹਿਮਤ[8] ਦਾ ਭੰਡਾਰ, ਹਿਮਾਲਾ,
ਇੰਦਰ ਰਾਜੇ ਦੇ ਲਸ਼ਕਰ ਦਾ, ਕੋਟ[9] ਕਿੰਗਹੇਦਾਰ ਹਿਮਾਲਾ,
ਭਾਰਤ ਦੇ ਅਣਮੁੱਕ ਖਜ਼ਾਨਿਆਂ ਦਾ ਕੁੰਜੀ-ਬਰਦਾਰ[10], ਹਿਮਾਲਾ।
ਬਾਬੇ ਆਦਮ ਦੇ ਵੇਲੇ ਦਾ ਜਟਾ ਜੂਟ ਕੋਈ ਸੰਤ ਉਦਾਸੀ,
ਬੂਟੀਆਂ ਧਾਤਾਂ ਦੀ ਭਰ ਬਗਲੀ[11], ਬੈਠਾ ਆਸਣ ਲਾ ਸੰਨਿਆਸੀ।
ਭਾਨਮਤੀ[12] ਦਾ ਥੈਲਾ ਸਾਂਭੀ, ਖੇਲ ਕਰੇ ਉਸਤਾਦ ਮਦਾਰੀ,
ਵੈਦ ਧਨੰਤਰ ਦਾ ਕੰਪੌਂਡਰ, ਖੋਲ੍ਹੀ ਬੈਠਾ ਹੱਟ ਪਸਾਰੀ,
ਅਰਸ਼ੋਂ ਆਇਆ ਤਾਜ ਚਾਨਣਾ, ਪਰਬਤ-ਰਾਜ ਸਜਾਈ ਬੈਠਾ,

---

1. ਪਉਣ। 2. ਗੁੱਪਤ। 3. ਪ੍ਰਗਟ। 4. ਕੁਦਰਤ, ਸ੍ਰਿਸ਼ਟੀ। 5. ਹੋਂਦ। 6. ਅਣਹੋਂਦ। 7. ਸੁੰਦਰਤਾ। 8. ਮੇਹਰ, ਬਖਸ਼ਿਸ਼। 9. ਕਿਲ੍ਹਾ। 10. ਚਾਬੀਆਂ ਸਾਂਭਣ ਵਾਲਾ, ਮਾਲਕ। 11. ਫਕੀਰਾਂ ਦੀ ਥੈਲੀ। 12. ਜਾਦੂ ਦਾ ਖੇਲ ਕਰਨ ਵਾਲੀ ਇਸਤ੍ਰੀ (ਭਾਨਮਤੀ ਦਾ ਪਟਾਰਾ ਮੁਹਾਵਰਾ ਹੈ)।

ਕ੍ਰਿਸ਼ਨ ਸਾਉਲਾ ਰਾਧਾਂ ਗੋਰੀ ਨੂੰ ਗਲਵਕੜੀ ਪਾਈ ਬੈਠਾ।
ਸੁਘੜ ਪਥੇਰਾ[1] ਸਿਲਾਂ ਬਣਾਵੇ, ਜੋੜ ਜਮਾ ਕੇ ਹੀਰੇ-ਕਣੀਆਂ,
ਕਿਰਨਾਂ ਨੂੰ ਭਰਮਾਵੇ ਜੌਹਰੀ, ਦਸ ਦਸ ਚੰਦਰਕਾਂਤਾ[2] ਮਣੀਆਂ।
ਸੈਲ[3] ਗਲੇਫ ਬਣਾਂਦਾ ਹੈ, ਹਲਵਾਈ, ਅਸਮਾਨੀ ਮਠਿਆਈ,
ਸੁਰਗੋਂ ਲੱਥਾ ਕਾਲਾ ਦੇਉ ਸੁਫੈਦ ਪਰੀ ਨੂੰ ਮੋਢੇ ਚਾਈ।
ਲਾਈ ਬੈਠਾ ਰੱਬੀ ਰੰਗਾਂ-ਮਹਿਕਾਂ ਦਾ ਬਾਜ਼ਾਰ ਫੁਲੇਰਾ,
ਹਰੀ ਹਰੀ ਮਸਲੰਦ[4] ਵਿਛਾ ਕੇ, ਕੁਦਰਤ ਰਾਣੀ ਪਾਇਆ ਡੇਰਾ।
ਟਿੰਬਰ[5] ਦੇ ਸੌਦਾਗਰ ਨੇ, ਲਾ ਚਿੱਟੇ ਤੰਬੂ, ਛੌਣੀ ਪਾਈ।
ਫਲ ਮੇਵੇ ਦੇ ਪਿੱਠੂ ਭਰ, ਰਸਾਂ ਕਸਾਂ ਨੇ ਲਾਮ ਲਗਾਈ।
ਅਬਸ਼ਾਰੀ[6] ਦਾ ਰਾਗ ਰਸੀਲਾ, ਚਸ਼ਮਿਆਂ ਦਾ ਦਿਲ ਪਿਆ ਉਛਾਲੇ,
ਪੱਥਰ ਦਿਲ ਹੋ ਪਾਣੀ ਪਾਣੀ, ਪਿਆ ਵਹਾਵੇ ਨਦੀਆਂ ਨਾਲੇ।
ਵਾਹ ਹਿਮਾਲਾ ! ਵਾਹ ਹਿਮਾਲਾ ! ਵਾਹਵਾ ਤੇਰੇ ਉੱਚ ਮੁਨਾਰੇ,
ਵਾਹ ਲਿਸ਼ਕਾਂ ! ਵਾਹ ਦਾਤਾਂ ਤਿਰੀਆਂ ! ਵਾਹ ਤੇਰੇ ਅਣਡਿੱਠ ਨਜ਼ਾਰੇ।
ਸਬਜ਼ੇ ਨੂੰ ਸੁਰਜੀਤ ਕਰੇਂ ਤੂੰ, ਸੁੰਦਰਤਾ ਨੂੰ ਸੱਚੇ ਢਾਲੇਂ,
ਠੰਢਕ ਦਾ ਪਰਵਾਹ ਚਲਾਵੇਂ, ਦੁਨੀਆਂ ਨੂੰ ਘਰ ਜਾ ਜਾ ਪਾਲੇਂ।
ਰੰਗ ਤੇਰੇ ਗੁਲਜ਼ਾਰਾਂ ਵਿਚ ਤੇ ਰਾਗ ਤੇਰਾ ਅਬਸ਼ਾਰਾਂ ਅੰਦਰ,
ਮਿੱਠਤ ਤੇਰੀ ਮੇਵਿਆਂ ਵਿਚ ਤੇ ਮਿਹਰ ਵਹਿੰਦੀਆਂ ਧਾਰਾਂ ਅੰਦਰ।
ਪੈਰ ਪਤਾਲੀਂ ਗੱਡੇ, ਗੱਲਾਂ ਕਰੇ ਅਕਾਸ਼ਾਂ ਨਾਲ ਅਟਾਰੀ,
ਕਾਬਲ ਬ੍ਰਹਮਾ ਨਾਲ ਯਰਾਨੇ, ਨਾਲ ਸਮੁੰਦਰਾਂ ਕੁੜਮਾਚਾਰੀ[7]।
ਉੜ੍ਹੀ ਧਰੁਵ ਦੇ ਜਾਦੂ ਵਾਂਗ, ਤਲਿਸਮ ਤੇਰਾ ਪੀ ਕਦੇ ਨ ਟੁੱਟਾ,
ਨਾ ਤੇਰੇ ਦਰਯਾ ਠਲ੍ਹੇ ਤੇ ਨਾ ਤੇਰਾ ਭੰਡਾਰ ਨਿਖੁੱਟਾ।
ਪਾਲ ਰਿਹਾ ਹੈਂ, ਖਲਕਤ ਨੂੰ, ਤੂੰ ਆਪਣਾ ਲਹੂ ਪਸੀਨਾ ਕਰ ਕੇ,
ਲੂੰ ਲੂੰ ਆਪਣਾ ਵੰਡ ਰਿਹਾ ਹੈਂ, ਛਾਤੀ ਉੱਤੇ ਪੱਥਰ ਧਰ ਕੇ।
ਉਠਦੇ ਨੇਂ ਜਦ ਕਾਲੇ ਬੱਦਲ, ਬੋਹਲ[8] ਤੇਰੇ ਤੋਂ ਪੰਡਾਂ ਚਾ ਕੇ,
ਚਾਂਦੀ ਸੋਨਾ ਜਾਣ ਖਿਲਾਰੀ, ਝੜੀਆਂ ਲਾ ਕੇ ਰੇੜ੍ਹ ਵਹਾ ਕੇ।
ਭਾਰਤ ਦੇ ਚੱਪੇ ਚੱਪੇ ਤੇ ਤੇਰੀ ਬਰਕਤ ਲਿਆ ਉਤਾਰਾ,
ਸਿੱਧੇ ਪੁੱਠੇ ਹੱਥੀਂ ਦੇ ਦੇ, ਕੱਟੇ ਦੁੱਖ ਦਲਿੱਦਰ ਸਾਰਾ।
ਜੁੱਗਾਂ ਤੋਂ ਅਹਿਸਾਨ ਤਿਰਾ ਇਹ ਸਾਡੇ ਸਿਰ ਤੇ ਹੁੰਦਾ ਆਇਆ,
ਪਰ ਤੇਰਾ ਅਣਟੋਟ ਖਜ਼ਾਨਾ, ਹੋਇ ਦਿਨੋ ਦਿਨ ਦੂਣ ਸਵਾਇਆ।
ਕਾਮਧੇਨ[9] ਤੇ ਕਲਪ ਬ੍ਰਿਛ[10] ਦੀ ਸੁਣੀ ਸੁਣਾਈ ਇੱਕ ਕਹਾਣੀ,

1. ਪੱਥਰ ਘੜਨ ਵਾਲਾ। 2. ਇਕ ਮਣੀ ਜੋ ਚੰਦਰਮਾ ਦੇ ਪ੍ਰਕਾਸ਼ ਵਿਚ ਅੰਮ੍ਰਿਤ ਰਿਸਦੀ ਮੰਨੀ ਜਾਂਦੀ ਹੈ।
3. ਪੱਥਰ, ਸਿਲਾਂ। 4. ਵਿਛਾਉਣਾ। 5. ਇਮਾਰਤੀ ਲਕੜੀ (ਅੰਗਰੇਜ਼ੀ ਸ਼ਬਦ ਹੈ)। 6. ਝਰਨੇ।
7. ਪੱਕੀ ਰਿਸ਼ਤੇਦਾਰੀ, ਸੰਬੰਧ। 8. ਢੇਰ, ਭੰਡਾਰ। 9. ਸਵਰਗ ਵਿਚ ਮੰਨੀ ਜਾਂਦੀ ਦੇਵਤਿਆਂ ਦੀ ਗਊ ਜਿਸ ਤੋਂ ਜੋ ਮੰਗੋ ਸੋ ਪਾਈਦਾ ਹੈ। 10. ਸੋਵਰਗ ਵਿਚ ਮੰਨਿਆ ਜਾਂਦਾ ਇਕ ਦੇਵਤਿਆਂ ਦਾ ਬ੍ਰਿਛ ਜੋ ਇਛਿਆ ਪੂਰੀਆਂ ਕਰਦਾ ਹੈ।

ਤੂੰ ਪਰਤੱਖ ਦੁਹਾਂ ਨੂੰ ਕੀਤਾ, ਵੰਡ ਵਲਾਹ ਕੇ ਦਾਣਾ ਪਾਣੀ।
ਸਦਾ ਜਵਾਨ ਰਹੇਂ ਤੂੰ ਸ਼ਾਲਾ, ਵੱਸੇ ਤੇਰੀ ਉੱਚ ਅਟਾਰੀ,
ਸਾਈਂ ਤੇਰੇ ਲੰਗਰ 'ਚਾਤ੍ਰਿਕ' ਪਰਲੋ ਤੀਕਰ ਰੱਖੇ ਜਾਰੀ।

ਝਰਨਾ (ਆਬਸ਼ਾਰ)

ਉੱਚਿਓਂ ਟਿੱਲਿਓਂ ਬਰਫ਼ਾਂ ਢਲੀਆਂ, ਛਡ ਤੁਰੀਆਂ ਘਰ ਬਾਰ, ਓ ਯਾਰ !
ਸਿਰਤਲਵਾਈਆਂ[1] ਹੋ ਕੇ ਨੱਠੀਆਂ, ਕਰਦੀਆਂ ਮਾਰੋ ਮਾਰ, ਓ ਯਾਰ !
ਸਿਦਕ ਉਡਾਈਆਂ ਉਡ ਕੇ ਆਈਆਂ, ਆ ਬਣੀਆਂ ਆਬਸ਼ਾਰ, ਓ ਯਾਰ !
ਵਾਹ ਆਬਸ਼ਾਰ ! ਬਾਂਕਿਆ ਯਾਰਾ ! ਸੁੰਦਰ ਰੂਪ ਅਪਾਰ, ਓ ਯਾਰ !
ਰੰਗ ਬਲੌਰੀ, ਚਮਕ ਜ਼ਮੁਰਦੀ[2] ਨੀਲਮ[3] ਦਾ ਝਲਕਾਰ, ਓ ਯਾਰ !
ਰਗ ਰਗ ਦੇ ਵਿਚ ਸ਼ਮਸ਼ੀ ਰਿਸ਼ਮਾਂ[4], ਖੇੜੀ ਨੂਰ ਬਹਾਰ, ਓ ਯਾਰ !
ਮਾਸੂਮਾਂ ਦੇ ਹਿਰਦੇ ਵਾਂਗਰ ਨਿਰਮਲ ਤੇਰੀ ਧਾਰ, ਓ ਯਾਰ !
ਸੀਤਲ ਛੁਹ, ਅਣਡਿੱਠਾ ਦਰਸ਼ਨ, ਤਨ ਮਨ ਦੇਵੇ ਠਾਰ, ਓ ਯਾਰ !
ਇਸ਼ਕ-ਲਹਿਰ ਵਿਚ ਰੁੜ੍ਹਿਆ ਜਾਵੇਂ ਜਿੰਦੜੀ ਕਰਨ ਨਿਸਾਰ[5] ਓ ਯਾਰ !
ਚਾਲ ਸਮੇਂ ਦੀ ਵਾਂਗਰ ਇਕ-ਰਸ ਵਜਦੀ ਤੇਰੀ ਤਾਰ, ਓ ਯਾਰ !
ਝਰ ਝਰ ਝਰਨ ਤੇਰੀ ਦੀਆਂ ਝੋਕਾਂ, ਪੰਛੀ ਲੈਣ ਖਲ੍ਹਾਰ, ਓ ਯਾਰ !
ਗੱਜੇਂ ਗੜ੍ਹਕੇਂ ਬੱਦਲ ਵਾਂਗਰ ਛੇੜੇਂ ਦੇਸ-ਮਲ੍ਹਾਰ[6], ਓ ਯਾਰ !
ਨਿਗਹ ਨਾ ਟਿਕਦੀ ਚਾਲ ਤੇਰੀ ਤੇ, ਦੇਵੇਂ ਸੁਰਤ ਵਿਸਾਰ, ਓ ਯਾਰ !
ਪ੍ਰੇਮ-ਉਬਾਲਾ ਝੱਗੋ ਝੱਗੀ, ਹੋਵੇ ਡਿਗਦਿਆਂ ਸਾਰ, ਓ ਯਾਰ !
ਪਟਕ ਪਟਕ ਕੇ ਜ਼ੁਹਦ[7] ਕਮਾਵੇਂ, ਢੂੰਡੇਂ ਮੁਕਤ-ਦੁਆਰ, ਓ ਯਾਰ !
ਪਯਾਰ ਦਾ ਬਲਕਾਰ[8] ਵਧਾਂਦਾ, ਹੋ ਜਾਵੇਂ ਬਲਿਹਾਰ, ਓ ਯਾਰ !
ਹੋਵੇਂ ਸ਼ਾਂਤ ਬਗਲ[9] ਵਿਚ ਬਹਿ ਕੇ, ਪ੍ਰੀਤਮ ਦੇ ਦਰਬਾਰ, ਓ ਯਾਰ !
ਐਸਾ ਮਿਲੇਂ ਕਿ ਫੇਰ ਨਾ ਵਿਛੁੜੇਂ, ਹੋ ਜਾਵੇਂ ਇਕ ਸਾਰ, ਓ ਯਾਰ !

ਫੁਹਾਰਾ

ਪਾਣੀ ਦਾ ਇਕ ਬੂਟਾ ਡਿੱਠਾ (ਜਿਹੜਾ) ਮੋਤੀਆਂ ਝਾੜ ਝੜੈਂਦਾ,
ਚੰਦੋਂ ਸੁਹਣਾ, ਬਰਫੋਂ ਚਿੱਟਾ, ਹਰ ਦਮ ਖਿੜਿਆ ਰਹਿੰਦਾ,
ਲੈ ਸਤਵੰਨੀਆਂ ਰਿਸ਼ਮਾਂ ਸ਼ਮਸ਼ੀ[10] ਹੀਰਿਆਂ ਨੂੰ ਝਲਕੈਂਦਾ।
ਉਠ ਉਠ ਚੜ੍ਹਦਾ, ਚੜ੍ਹ ਚੜ੍ਹ ਲਹਿੰਦਾ, ਸਿਰ-ਤਲਵਾਇਆ[11] ਪੈਂਦਾ।
ਸਿੱਕ ਵਸਲ[12] ਦੀ ਠਾਠਾਂ ਮਾਰੇ ਪ੍ਰੇਮ ਉਛਾਲੇ ਲੈਂਦਾ।

---

1. ਸਿਰ ਭਾਰ, ਹੇਠਾਂ ਵਲ। 2. ਸਬਜ਼-ਰਤਨ ਵਰਗੀ। 3. ਨੀਲੇ ਰੰਗ ਦੀ ਇਕ ਮਣੀ। 4. ਸੂਰਜੀ ਕਿਰਨਾਂ। 5. ਕੁਰਬਾਨ। 6. ਇਕ ਰਾਗ ਦਾ ਨਾਂ। 7. ਘਾਲਣਾ, ਮੁਸ਼ੱਕਤ। 8. ਬਲ, ਸ਼ਕਤੀ। 9. ਗੋਦ, ਨੇੜੇ ਤੋਂ ਭਾਵ ਹੈ। 10. ਸਤ ਰੰਗਾਂ ਵਾਲੀਆਂ, ਸੂਰਜ ਦੀਆਂ। 11. ਸਿਰ, ਭਾਰ ਹੇਠਾਂ ਵਲ। 12. ਮਿਲਾਪ ਦੀ ਤੀਬਰ ਇਛਿਆ।

ਸਬਰ ਵਿਹੂਣੇ ਆਸ਼ਕ ਵਾਂਗਰ ਟਿਕ ਕੇ ਪਲਕ ਨ ਬਹਿੰਦਾ।
ਜੋਬਨ ਹੁਸਨ ਹੁਲਾਰੇ ਖਾਂਦਾ, ਠਲ੍ਹਿਆ ਮੂਲ ਨ ਵੈਂਦਾ।
ਚੁੰਗੀਆਂ ਮਾਰੇ, ਸਿਦਕ ਨਾ ਹਾਰੇ, ਡਿਗ ਡਿਗ ਚੋਟਾਂ ਸਹਿੰਦਾ।
ਇਸ਼ਕੇ ਕੁੱਠਿਆਂ ਨੈਣਾਂ ਵਾਂਗਰ, ਛਮ ਛਮ ਛਮ ਛਮ ਵਹਿੰਦਾ।
ਮਾਹੀ ਨਾਲ ਮਿਲਣ ਦੀ ਖਾਤਰ ਪੁਰਜ਼ੇ ਹੋ ਹੋ ਲਹਿੰਦਾ।
ਕਰਮਾਂ ਦੇ ਵਿਚ ਆ ਕੇ ਵਿਛਦਾ (ਪਰ) ਮੂੰਹੋਂ ਕੁਝ ਨਹੀਂ ਕਹਿੰਦਾ।
ਮਾਹੀ ਨਾਲ ਮਾਹੀ ਬਣ ਬਹਿੰਦਾ (ਜਦੋਂ) ਆਣ ਦੁਆਰੇ ਢਹਿੰਦਾ।

ਗੁਲਾਬ ਦਾ ਫੁੱਲ

ਖਿੜਿਆ ਫੁੱਲ ਗੁਲਾਬ ਦਿਆ ! ਤੂੰ ਕਿਤ ਵਲ ਖਿੜ ਖਿੜ ਹੱਸੇਂ ?
ਪੀਂਘੇ ਚੜ੍ਹਿਆ ਲਏਂ ਹੁਲਾਰੇ, ਦਿਲ ਰਾਹੀਆਂ ਦਾ ਖੱਸੇਂ।
ਮੂੰਹ ਤੇ ਲਾਲੀ (ਤੇਰੇ) ਚਿੱਤ ਖੁਸ਼ਾਲੀ, (ਅਤੇ) ਲਟਕ ਮਬੂਬਾਂ ਵਾਲੀ,
ਅੱਖੀਆਂ ਨਾਲ ਅਵਾਜ਼ੇ ਕਸ ਕਸ ਅੱਖੀਆਂ ਦੇ ਵਿਚ ਧੱਸੇਂ।
ਹਾਤਮ[1] ਵਾਂਗ ਲੁਟਾਵੇਂ ਲਪਟਾਂ ਵੰਡ ਵੰਡ ਹੁਸਨ ਨ ਰੱਜੇਂ,
ਸੋਹਣਿਆਂ ਦਾ ਚਾ ਬਣੇਂ ਵਿਛੌਣਾ, (ਭਾਵੇਂ) ਖੁਦ ਕੰਡਿਆਂ ਵਿਚ ਵੱਸੇਂ।
ਠੰਢਕ ਪਾਵੇਂ, ਮਹਿਕ ਖਿੰਡਾਵੇਂ, ਮਹਿਲਾਂ ਵਿਚ ਜਦ ਜਾਵੇਂ,
ਹਸਦਾ ਹਸਦਾ ਟਹਿਲ ਕਮਾਵੇਂ, ਚੰਦਰ ਵਾਂਗਰ ਘਸੇਂ।
ਪਰ ਅੜਿਆਂ ਇਕ ਅਜਬ ਅੜੌਣੀ[2], ਗੰਢ ਨਾ ਸਾਥੋਂ ਖੁਲ੍ਹੇ,
ਵਲਾਂ ਛਲਾਂ ਵਿਚ ਉਮਰ ਗੁਜ਼ਾਰੇਂ, ਭੇਤ ਨਾ ਦਿਲ ਦਾ ਦੱਸੇਂ।
ਇਸ਼ਕ ਅਗਨ ਵਿਚ ਝੁਲਸੇ ਹੋਏ, ਕਿਉਂ ਨਹੀਂ ਤੈਥੋਂ ਠਰਦੇ ?
ਭੁੱਲ ਭੁਲੇਖੇ ਤੈਂਧਰ[3] ਲੰਘਣ (ਤਦ) ਫਨੀਅਰ ਵਾਂਗਰ ਡੱਸੇਂ।
ਸਾਰੀ ਦੁਨੀਆਂ (ਤੇਰੀ) ਸੋਭਾ ਕਰਦੀ, ਆਸ਼ਕ ਦੂਰੋਂ ਡਰਦੇ,
ਕਿਸਮਤ ਮਾਰਿਆਂ ਤੇ ਕਿਉਂ ਤੂੰ ਭੀ ਤੀਰ ਕਮਾਨਾਂ ਕੱਸੇਂ ?
ਆਖਣ ਲੱਗਾ, ਪੁੱਛ ਨਾ ਸਜਣਾ (ਮੇਰਾ) ਜੰਗਲ ਦੇ ਵਿਚ ਵਾਸਾ,
ਸੂਲੀ ਉੱਤੇ ਟੰਗਿਆਂ ਹੋਇਆਂ (ਮੈਨੂੰ) ਕੀ ਔਣਾ ਸੀ ਹਾਸਾ।
ਸਿੱਕਾਂ ਸਿਕਦਿਆਂ ਦੀਦੇ ਖੁਲ੍ਹਦੇ ਅੱਗੋਂ ਕੀ ਕੁਝ ਦਿੱਸੇ,
ਅੱਖ ਫਰੱਕਣ ਜੀਉਣਾ ਜਾਪੇ, ਪਾਣੀ ਵਿਚ ਪਤਾਸਾ।
ਸੰਝ ਸਵੇਰੇ (ਕੋਈ) ਮੱਥੇ ਲੱਗੇ (ਤਦ) ਬਿਟ ਬਿਟ ਤੱਕਣ ਲੱਗਾਂ,
ਧੁੜਕੁ[4] ਏਹੋ (ਮਤ) ਵੰਜਿਆ[5] ਜਾਵਾਂ, ਵਸਲੋਂ ਬਾਝ ਪਿਆਸਾ।
ਸੋਹਣਿਆਂ ਨੂੰ ਮੈਂ ਸੋਹਣਾ ਲੱਗਾਂ, (ਮੈਨੂੰ) ਸੋਹਣੇ ਲੱਗਣ ਚੰਗੇ,
ਉਡ ਉਡ ਚੰਬੜਾਂ ਕੋਈ ਲੈ ਗਲ ਲਾਵੇ, ਮੈਂ ਦਿਲ ਨੂੰ ਦਿਆਂ ਦਿਲਾਸਾ।

---

1. ਇਕ ਅਰਬੀ ਸਰਦਾਰ, ਜੋ ਨੀਤਿ ਨਿਪੁੰਣ, ਦਾਨੀ ਅਤੇ ਬੜਾ ਧਰਮਾਤਮਾ ਸੀ। 2. ਉਲਝਨ, ਗੁੰਝਲ। 3. ਤੇਰੇ ਵੱਲ। 4. ਫਿਕਰ ਚਿੰਤਾ। 5. ਥਾਲੀ।

ਉਗਿਆ, ਜੰਮਿਆ, ਖਿੜਿਆ, ਦੁਨੀਆਂ ਦਾ ਕੀ ਡਿੱਠਾ ?
ਉਜੜ ਜਾਵੇ (ਮਤ) ਖੇਪ[1] ਹੁਸਨ ਦੀ, ਦਮ ਦਾ ਕੀ ਭਰਵਾਸਾ ?
ਜੋ ਕੁਝ ਮੈਥੋਂ ਸਰਦਾ ਪੁਜਦਾ, ਕਾਹਲੀ ਕਾਹਲੀ ਵੰਡਾਂ,
ਰੈਨ ਬਸੇਰਾ[2] ਕਰ ਕੇ ਓੜਕ, ਮੱਲਣਾ ਅਗਲਾ ਪਾਸਾ।
ਆਸ਼ਕ ਦਾਂ ਦਿਲ ਸੜਿਆ ਭੁੱਜਿਆ, (ਮੈਨੂੰ) ਸੇਕ ਦੁਰੇਡਿਓਂ ਆਵੇ,
ਜਿਸ ਗੱਲ ਦੀ ਮੇਰੇ ਦਿਲ ਵਿਚ ਸੱਧਰ, (ਉਥੇ) ਮੁਸ਼ਕ[3] ਨਾ ਆਵੇ ਮਾਸਾ।
ਕੋਮਲ ਜਿੰਦੜੀ (ਮੇਰੀ) ਉਮਰ ਛੁਟੇਰੀ, ਓਧਰ ਬਲਦੀਆਂ ਆਹੀਂ,
ਇਸ਼ਕ ਭਬਕਾ[4] (ਮੈਥੋਂ) ਸੀਤਲ ਹੋਵੇ, ਚਾਤ੍ਰਿਕ ਕੂੜੀ ਆਸਾ।

ਬਸੰਤ

ਕੱਕਰਾਂ ਨੇ ਲੁੱਟ ਪੁੱਟ, ਨੰਗ ਕਰ ਛਡੇ ਰੁੱਖ,
ਹੋ ਗਏ ਨਿਹਾਲ ਅੱਜ ਪੁੰਗਰ ਕੇ ਡਾਲੀਆਂ।
ਡਾਲੀਆਂ ਕਚਾਹ[5] ਵਾਂਗ ਕੂਲੀਆਂ ਨੂੰ ਜਿੰਦ ਪਈ;
ਆਲ੍ਹਣੇ ਦੇ ਬੋਟਾ ਵਾਂਗ ਖੰਭੀਆਂ ਉਛਾਲੀਆਂ।
ਬਾਗਾਂ ਵਿਚ ਬੂਟਿਆਂ ਨੇ ਡੋਡੀਆਂ ਉਭਾਰੀਆਂ, ਤੇ
ਮਿੱਠੀ ਮਿੱਠੀ ਪੌਣ ਆ ਕੇ ਸੁੱਤੀਆਂ ਉਠਾਲੀਆਂ।
ਖਿੜ ਖਿੜ ਹੱਸਦੀਆਂ ਵੱਸਿਆ ਜਹਾਨ ਵੇਖ,
ਗੁੱਟੇ[6] ਉੱਤੇ ਕੇਸਰ, ਗੁਲਾਬ ਉੱਤੇ ਲਾਲੀਆਂ।
ਫੁੱਲਾਂ ਭਰੇ ਗਮਲਿਆਂ ਨੂੰ ਜੋੜਿਆ ਕਤਾਰ ਬੰਨ੍ਹ,
ਹਰੀ ਹਰੀ ਘਾਹ ਦੀ ਵਿਛਾਈ ਉੱਤੇ ਮਾਲੀਆਂ।
ਬੁਲਬੁਲ ਫੁੱਲ ਫੁੱਲ, ਫੁੱਲਾਂ ਦੇ ਸਦਕੇ ਲਏ,
ਭੌਰੇ[7] ਲਟਬੋਰਿਆਂ[8] ਨੂੰ ਆਈਆਂ ਖੁਸ਼ਹਾਲੀਆਂ।
ਪੰਛੀਆਂ ਨੇ ਗਾਵਿਆ ਹਿੰਡੋਲ[8] ਤੇ ਬਸੰਤ[9] ਰਾਗ,
ਚਿਰਾਂ ਪਿੱਛੋਂ ਰੱਬ ਨੇ ਮੁਰਾਦਾਂ ਨੇਂ ਵਿਖਾਲੀਆਂ।
ਕੇਸਰੀ ਦੁਪੱਟੇ ਨੂੰ ਬਸੰਤ ਕੌਰ[10] ਪਹਿਨ ਜਦੋਂ,
ਡੋਰੇ ਦਾਰ ਨੈਣਾਂ ਵਿਚੋਂ ਸੁੱਟੀਆਂ ਗੁਲਾਲੀਆਂ।

ਗੰਗਾ

ਨਾਰਾਇਣ[11] ਦੀਆਂ ਪ੍ਰੇਮ-ਤਰੰਗਾਂ ਜਦ ਉਛਾਲ ਵਿਚ ਆਈਆਂ,
ਸੂਰਜ ਨੇ ਓਹੋ ਉਡਣ-ਖਟੋਲੇ ਚਾੜ੍ਹ ਅਕਾਸ਼ ਪੁਚਾਈਆਂ,

---

1. ਦੌਲਤ। 2. ਰਾਤ ਦਾ ਵਾਸਾ। 3. ਸੋਮਾ। 4. ਭਾਂਬੜ। 5. ਇਕ ਬੂਟਾ।
6. ਅੱਧਖਿੜਿਆ ਫੁੱਲ, ਗੈਂਡੇ ਦੇ ਫੁੱਲ ਨੂੰ ਭੀ ਆਖਦੇ ਹਨ। 7. ਮਸਤ। 8. ਇਕ ਰਾਗ, ਜੋ ਬਸੰਤ ਰੁੱਤ ਨਾਲ ਸੰਬੰਧਿਤ ਹੈ।
9. ਇਕ ਰਾਗ ਜੋ ਬਸੰਤ ਰੁੱਤ ਦਾ ਰਾਗ ਮੰਨਿਆ ਗਿਆ ਹੈ। 10. ਬਸੰਤ (ਬਹਾਰ) ਰੁੱਤ ਨੂੰ ਹੀ ਬਸੰਤ ਕੌਰ ਬਣਾਇਆ ਹੈ।
11. ਸਮੁੰਦਰ ਭਾਵ ਸਮੁੱਚੇ ਪਾਣੀ ਤੋਂ ਹੈ।

ਦੇਵਤਿਆਂ ਦੇ ਦਿਲ ਵਿਚ ਵਸ ਕੇ, ਏਹ ਲਹਿਰਾਂ ਠਰ ਗਈਆਂ,
ਉਪਕਾਰਾਂ ਦੀਆਂ ਸੱਧਰਾਂ ਬਣ ਬਣ ਸੁਰਗੋਂ ਨਿਕਲ ਪਈਆਂ।
ਪ੍ਰੇਮ-ਬਗੀਚੇ ਜੰਮੀਆਂ ਪਲੀਆਂ, ਦਿਲ ਦੀਆਂ ਕੋਮਲ ਕਲੀਆਂ,
ਨੇਕੀ ਦੀ ਮਹਿਕਾਰ ਖਿਲਾਰਨ ਮਾਤ ਲੋਕ ਵਲ ਚਲੀਆਂ।
ਤ੍ਰੇਲ-ਕਣੀ ਦੇ ਵਾਂਗ ਮਲੂਕਾਂ[1], ਸੀਤਲ ਨੂਰੀ ਪਰੀਆਂ,
ਪਹਿਨ ਸੁਫੈਦ ਪੁਸ਼ਾਕਾਂ ਤੁਰੀਆਂ, ਬਨ ਬਣ[2] ਸ਼ੱਕਰ-ਤਰੀਆਂ[3]।
ਸੱਟਾਂ ਦੀ ਪਰਵਾਹ ਨ ਕੀਤੀ, ਡਿੱਗਣ ਤੋਂ ਨਾ ਡਰੀਆਂ,
ਰੱਬੀ ਰਹਿਮਤ ਵਾਂਗ ਉਤਰ, ਜੀ ਖੋਲ੍ਹ ਖੋਲ੍ਹ ਕੇ ਵਰ੍ਹੀਆਂ।
ਜਟਾਂ ਖਿਲਾਰੀ, ਸ਼ੰਕਰ[4] ਰੂਪ ਹਿਮਾਲਾ ਅੱਗੇ ਆਇਆ,
ਅਰਸ਼ੋਂ ਆਈ ਬਰਕਤ ਨੂੰ ਉਸ ਘੁਟ ਘੁਟ ਕੇ ਅਪਣਾਇਆ।
ਇਹ ਮਾਸੂਮ, ਨਿਰਮਲਾ[5], ਗੋਰੀ, ਗਈ ਜਟਾਂ ਤੇ ਠੱਗੀ,
ਮੁੜ੍ਹਕੋ, ਮੁੜ੍ਹਕਾ ਹੋਣ ਲਗੀ, ਜਦ ਜੋਗੀ ਦੇ ਗਲ ਲੱਗੀ।
ਸਿੰਜਰ ਗਈ ਪਤੀ ਦੇ ਸੀਨੇ, ਨਸ ਨਸ ਵਿਚ ਸਮਾਈ,
ਲੈ ਲੈ ਉਸ ਦੇ ਦਿਲੀ ਸੁਨੇਹੇ, ਬਾਹਰ ਗੁਫਾ ਤੋਂ ਆਈ।
ਠੰਢੀ ਠਰੀ, ਪਾਕ ਨੂਰਾਨੀ, ਇਸ ਗੰਗਾ ਦੀ ਧਾਰਾ,
ਫਜ਼ਲਾਂ[6] ਦਾ ਦਰਯਾ ਠੇਲ੍ਹਣ ਨੂੰ ਲੀਤਾ ਹੇਠ ਉਤਾਰਾ।
ਝਰ ਝਰ ਝਰੀ, ਸੈਲ ਤੇ ਪਟਕੀ, ਬੁੜ੍ਹਕੀ, ਛੱਠੀ ਨੱਸੀ,
ਰੋਕਾਂ ਅਟਕਾਂ ਨਾਲ ਝਗੜਦੀ, ਗੱਜੀ, ਗੁੜ੍ਹਕੀ ਵੱਸੀ।
ਸਹਿਮੀ, ਰੁਕੀ, ਫੇਰ ਉਠ ਦੌੜੀ ਖਾ ਖਾ ਝਾਟ ਕਲਾਵੇ,
ਸਖੀ ਸਹੇਲੀ ਜਿਹੜੀ ਦਿੱਸੇ, ਨਾਲ ਘਸੀਟੀ ਜਾਵੇ।
ਚੰਦੇ ਨਾਲ ਰਚਾਂਦੀ ਰਾਸਾਂ, ਤਾਰੇ ਗੋਦ ਖਿਡਾਂਦੀ,
ਕਿਰਨਾਂ ਦੇ ਮੂੰਹ ਪਾਣੀ ਭਰਦੀ, ਵਾ ਨੂੰ ਠੰਢਕ ਪਾਂਦੀ।
ਸੈਲਾਨਣ[7] ਸੈਲਾਂ ਦੇ ਸਿਰ ਤੇ ਸਿਹਰੇ ਜਾਇ ਚੜ੍ਹਾਈ,
ਆਲੇ ਦੁਆਲੇ ਜਾਇ ਵਿਛਾਈ, ਹਰੀ ਹਰੀ ਦਰਿਆਈ।
ਚੱਟੀ ਜਾਇ ਚਿਟਾਨਾਂ ਤਾਈਂ, ਮਾਰ ਮਾਰ ਕੇ ਧੱਕੇ,
ਕੰਢੀਂ ਖੜੇ ਕਿਨਾਰਿਆਂ ਦੇ ਵਲ, ਤਿਊੜੀਆਂ ਪਾ ਪਾ ਤੱਕੇ।
ਭਾਗੀਰਥ[8] ਦੇ ਪਿਤਰ ਉਧਾਰੇ, ਰਿਸ਼ੀਆਂ ਦੇ ਦਿਲ ਠਾਰੇ,
ਔਖੀਆਂ ਘਾਟੀਆਂ ਚੀਰ ਪਾੜ ਮੈਦਾਨੀਂ ਲਏ ਉਤਾਰੇ।
ਹੋਣ ਲਗੇ ਪਹੁ ਪੰਧ ਮੋਕਲੇ, ਪਧਰਾਈਆਂ[9] ਵਿਚ ਆ ਕੇ,

---

1. ਕੋਮਲ, ਸੋਹਲ, ਨਾਜ਼ਕ। 2. ਪਹਿਲਦਾਰ ਕਿਣਕੇ। 3. ਖੰਡ ਦੇ ਦਾਣੇ।
4. ਸ਼ਿਵਜੀ, ਪੁਰਾਣ ਅਨੁਸਾਰ ਉਨ੍ਹਾਂ ਅਕਾਸ਼ੋਂ ਆਈ ਗੰਗਾ ਨੂੰ ਆਪਣੀਆਂ ਜਟਾ ਵਿਚ ਨਿਵਾਸ ਦਿੱਤਾ ਸੀ। ਪ੍ਰਸਿੱਧ ਹੈ ਕਿ ਗੰਗਾ ਸ਼ਿਵਜੀ ਦੀਆਂ ਜਟਾਂ ਵਿਚੋਂ ਵਗਦੀ ਹੈ। (ਸ਼ਾਇਦ ਸ਼ਿਵਾਲਕ ਪਹਾੜ ਤੋਂ ਇਹ ਵਿਚਾਰ ਬਣਾਇਆ ਗਿਆ ਹੋਵੇ।
5. ਮੈਲ ਰਹਿਤ, ਅਛੋਹ। 6. ਮੇਹਰ, ਕਿਰਪਾ। 7. ਸੈਰ ਕਰਨ ਵਾਲੀ।
8. ਮਹਾਂਭਾਰਤ ਅਨੁਸਾਰ ਅਯੁਧਿਆ ਦਾ ਸੂਰਜਬੰਸੀ ਰਾਜਾ ਜਿਸਨੇ ਆਪਣੇ ਭਸਮ ਹੋਏ ਵੱਡੇ ਵਡੇਰਿਆਂ ਦੀ ਗਤੀ ਲਈ ਗੰਗਾ ਨੂੰ ਅਕਾਸ਼ ਤੋਂ ਲਿਆਂਦਾ ਸੀ। 9. ਮੈਦਾਨੀ ਇਲਾਕੇ।

ਕਾਂਗ ਚੜ੍ਹੀ ਉਪਕਾਰਾਂ ਦੀ, ਤ੍ਰਿਸ਼ਨਾ ਨੂੰ ਤਕਦਿਆਂ ਪਾ ਕੇ।
ਸੱਜੇ ਖੱਬੇ ਝੋਲੀਆਂ ਭਰ ਭਰ, ਦੌਲਤ ਡੋਲ੍ਹੀ ਜਾਵੇ,
ਜਿਉਂ ਜਿਉਂ ਸਖੀ ਲੁਟਾਵੇ ਤਿਉਂ ਤਿਉਂ ਸਾਈਂ ਬਰਕਤ ਪਾਵੇ।
ਨਾਜ਼ਕ ਸ਼ਾਖ ਤੁਰੀ ਪਰਬਤ ਤੋਂ, ਇਹ ਉਪਕਾਰਨ ਬੇਰੀ,
ਝੜਦੀ ਝਾੜ ਗਈ ਰਸਤੇ ਵਿਚ, ਹੁੰਦੀ ਗਈ ਵਡੇਰੀ।
ਨਾਰਾਇਣ ਦੇ ਦਿਲ ਦੀ ਆਂਦਰ ਸ਼ੰਕਰ ਸੀਸ ਚੜ੍ਹਾਈ,
ਸੁਰਗਾਂ ਦੀ ਸੁਰਸੁਰੀ[1] ਜਗਤ ਵਿਚ ਸੋਭਾ ਖੱਟਣ ਆਈ।
ਜਿਹੜੇ ਰਾਹੀਂ ਲੰਘਦੀ ਜਾਵੇ, ਦੁਨੀਆਂ ਜਾਇ ਵਸਾਈ,
ਮਹਿਮਾ ਕਰੇ ਲੁਕਾਈ 'ਚਾਤ੍ਰਿਕ' "ਜੈ ਜੈ ਗੰਗਾ ਮਾਈ"।

ਅਟਕ ਦਰਯਾ

ਅਟਕਾ ਵੇ ! ਤੂੰ ਅਟਕ[2] ਪਟਕਦਾ, ਲਟਕੀਂ ਮਟਕੀਂ[3] ਵਹਿਨਾ ਏਂ।
ਖੜ ਖੜ, ਕਲ ਕਲ, ਸਾਂ ਸਾਂ, ਰੀਂ ਰੀਂ, ਖਬਰੇ ਕੀ ਕੀ ਕਹਿੰਨਾ ਏਂ ?
ਨਾਗਣ ਵਾਂਗ ਵਲੇਵੇਂ ਖਾ ਖਾ, ਵਾਂਗ ਜ਼ੁਲਫ ਦੇ ਕੁੰਡਲ ਪਾ ਪਾ,
ਵਹੇਂ ਕਲਮ ਤਕਦੀਰੀ[4] ਵਾਂਗਰ, ਵਰਜਿਆ ਮੂਲ ਨਾ ਰਹਿਨਾ ਏਂ।
ਉਛਲੇਂ ਬੁੜ੍ਹਕੇਂ, ਹੰਬਲੇ ਮਾਰੇਂ, ਤਿਊੜੀਆਂ ਵੱਟੇਂ; ਝੱਗ ਖਿਲਾਰੇਂ,
ਆਸ਼ਕ ਦੇ ਦਿਲ ਵਾਂਗ ਬਿਸਬਰਾ ! ਚਉ[5] ਕਰ ਕੇ ਨਾ ਬਹਿਨਾ ਏਂ।
ਨਚਦਾ ਟਪਦਾ, ਚੁੰਗੀਆਂ ਭਰਦਾ, ਐਲੀ ਐਲੀ ਕਰਦਾ ਕਰਦਾ,
ਘੁੱਮਰ[6] ਪਾਂਦਾ, ਸ਼ੋਰ ਮਚਾਂਦਾ, ਪੰਧ ਲਮੇਰੇ ਪੈਨਾ ਏਂ।
ਢਕੀਆਂ, ਪਰਬਤ, ਜੰਗਲ, ਵਾੜੀ, ਜੋ ਕੁਝ ਵੇਖੇਂ, ਜਾਇੰ ਲਤਾੜੀਂ,
ਫਤਹ ਦਮਾਮੇ ਵਜਦੇ ਜਾਂਦੇ, ਮੂੰਹ ਜਿਤ ਵਲ ਧਰ ਲੈਨਾ ਏਂ।
ਕੂਲ੍ਹਾਂ ਝਰਨੇ ਆਲੇ ਦੁਆਲੇ, ਜਾਏਂ ਘਸੀਟੀ ਨਦੀਆਂ ਨਾਲੇ,
ਪੱਥਰ ਵੱਟਾ ਰੋੜ੍ਹੀ ਜਾਵੇ ਨਾਲ ਚਿਟਾਨਾਂ ਖਹਿਨਾ ਏਂ।
ਕਿੱਧਰੇ ਡਿਗਨਾ ਏਂ ਸਿਰਤਲਵਾਇਆ[7], ਕਿਧਰੇ ਥਾਲੀ ਵਿਚ ਟਿਕਾਇਆ,
ਆਕੜ ਚੌੜਾ ਹੋ ਬਹੇਂ ਕਿਧਰੇ ਬਿੱਲੀ ਵਾਂਗਰ ਛਹਿਨਾ ਏਂ।
ਕਿਧਰੇ ਹਾਥੀ ਹਾਥ[8] ਨਾ ਲੈਂਦੇ, ਕਿਧਰੇ, ਗਾਹਣ ਬਰੇਤੇ ਪੈਂਦੇ,
ਮਨ ਦੀਆਂ ਮੌਜਾਂ ਵਾਂਗ ਅਮੋੜਾ[9] ! ਹਰਦਮ ਚੜ੍ਹਦਾ ਲਹਿਨਾ ਏਂ।
ਪੱਧਰ ਵਿਚ ਜਦ ਪੈਰ ਪਸਾਰੇਂ ਢਿਗਾਂ[10], ਚੂਰੀ ਵਾਂਗ ਡਕਾਰੇਂ,
ਢਾਹੇ ਉਸਾਰੇਂ, ਡੋਬੇਂ ਤਾਰੇਂ, ਕਹੀਆਂ ਫੜ ਫੜ ਡਹਿਨਾ ਏਂ।
ਆਕੜ ਜ਼ੋਰ ਦਿਖਾਇੰ ਬੁਤੇਰਾ, ਓੜਕ ਕੱਖ ਨਾ ਰਹਿੰਦਾ ਤੇਰਾ,
ਕਤਰੇ ਵਾਂਗ ਸਮੁੰਦਰ ਦੇ ਵਿਚ ਸਿਰ ਪਰਨੇ ਜਦ ਢਹਿਨਾ ਏਂ।

---
1. ਦੇਵਤਿਆਂ ਦੀ ਨਦੀ, ਗੰਗਾ। 2. ਠਹਿਰਦਾ, ਸਿੰਧ ਦਰਿਆ ਦਾ ਹੀ ਦੂਜਾ ਨਾਂ ਹੈ। 3. ਲਟਕ ਨਾਲ, ਨਖਰੇ ਨਾਲ।
4. ਕਿਸਮਤ ਦੇ ਲੇਖਾਂ ਵਾਂਗ, ਜਿਨ੍ਹਾਂ ਦੀ ਕੋਈ ਸੇਧ ਤੇ ਪਤਾ ਨਹੀਂ। 5. ਟਿਕ ਕੇ। 6. ਚੱਕਰ ਵਿਚ ਘੁੰਮਦਾ, ਕਪਰ।
7. ਸਿਰ ਦੇ ਭਾਰ। 8. ਥਾਹ, ਸਾਰ। 9. ਜ਼ਿੱਦੀ। 10. ਨਦੀ ਦੇ ਕੰਢੇ ਤੋਂ ਡਿਗਣ ਵਾਲਾ ਜ਼ਮੀਨ ਦਾ ਟੋਟਾ।

ਫੁਹਾਰਾ

(ਅਮ੍ਰੀਕਨ ਕਵੀ James Russel Lowell ਦੀ ਕਵਿਤਾ ਦਾ ਅਨੁਵਾਦ)

1. ਠੰਢਿਆ ! ਮਿੱਠਿਆ ! ਉੱਚਿਆ ਸਾਰਿਆ !
ਪਯਾਰਿਆ ਪਯਾਰਿਆ, ਮੀਤ ਫੱਵਾਰਿਆ !
ਕੁਦਰਤੀ ਹੱਥ ਦਿਆ ਸਿੰਜਿਆ ਪਾਲਿਆ !
ਜਲ ਦਿਆ ਬੂਟਿਆ ! ਮੋਤੀਆਂ ਵਾਲਿਆ !

2. ਧੁੱਪ ਦੀ ਝਲਕ ਦੇ ਨਾਲ ਖਿੜ ਜਾਇੰ ਤੂੰ,
ਖੂਬ ਸਤਵੰਨੀਆਂ[1] ਨੂਰ ਫੈਲਾਇੰ ਤੂੰ,
ਲਿਸ਼ਕਦਾ ਪੁਸ਼ਕਦਾ, ਚੁੰਗੀਆਂ ਲਾਉਂਦਾ,
ਸਵੇਰ ਤੋਂ ਲੱਗ ਤੂੰ ਸੰਝ ਲੈ ਆਉਂਦਾ।

3. ਚੰਦ ਦੀ ਲੋਇ[2] ਝਲਕਾਰ ਜਦ ਮਾਰਦੀ,
ਬਰਫ ਤੋਂ ਚਿੱਟੀਆਂ ਛਬਾਂ[3] ਲਿਸ਼ਕਾਰਦੀ।
ਪ੍ਰੇਮ ਬੁੱਲਾ ਜਦੋਂ ਵਾਉ ਦਾ ਵੱਗਦਾ,
ਫੁੱਲ ਦੇ ਵਾਂਗ ਤੂੰ ਝੂਲਣੇ ਲੱਗਦਾ।

4. ਚਿਮਕਦੇ ਤਾਰਿਆਂ ਨਾਲ ਤੂੰ ਹੱਸਦਾ,
ਝੱਗ ਭਰ ਉਤ੍ਹਾਂ ਨੂੰ ਟੱਪਦਾ ਨੱਸਦਾ।
ਰਾਤ ਹੈ ਚੁੱਪ ਪਰ ਮਗਨ ਤੂੰ ਤੋਰ ਵਿਚ,
ਦਿਨੇ ਭੀ ਮਸਤ ਤੂੰ ਆਪਣੇ ਲੋਰ ਵਿਚ।

5. ਨਿੱਤ ਹੀ ਹੱਲਣਾ ਚੱਲਣਾ ਜਾਣਦਾ,
ਹਸਦਿਆਂ ਖਿੜਦਿਆਂ ਮੌਜ ਨੂੰ ਮਾਣਦਾ।
ਵੱਲ ਅਸਮਾਨ ਦੇ ਚੜ੍ਹਨ ਨੂੰ ਤੱਕਦਾ,
ਚੜ੍ਹਦਿਆਂ ਕਦੇ ਨਾ ਥੱਕਦਾ ਅੱਕਦਾ।

6. ਪਰਦਾ ਹਰ ਕਿਸੇ ਰੁੱਤ ਦੇ ਨਾਲ ਤੂੰ,
ਸੋਹਣਿਓਂ ਸੋਹਣਾ ਰਹੇਂ ਹਰ ਹਾਲ ਤੂੰ।
ਸਿਰੋਂ ਲੈ ਪੈਰ ਤਕ ਚਾਲ ਹੀ ਚਾਲ ਹੈ,
ਚੱਲਣੀ ਬੜੇ ਸੰਤੋਖ[4] ਦੇ ਨਾਲ ਹੈ।

7. ਇੱਕ ਸ੍ਵਾਭਾਉ[5] ਤੁਧ ਵਿਚ ਭਰਪੂਰ ਹੈ,
ਠੱਲ੍ਹਣਾ[6] ਜਿਦ੍ਹਾ ਸਮਰੱਥ[7] ਤੋਂ ਦੂਰ ਹੈ।
ਵੱਟਦਾ ਭੀ ਰਹੇਂ ਅੱਖ ਦੇ ਫੋਰ ਵਿਚ,
ਫਰਕ ਨਾ ਆਇ ਪਰ ਤੋਰ ਦੇ ਲੋਰ ਵਿਚ।

---

1. ਸੂਰਜ ਦੀ ਰੋਸ਼ਨੀ ਨਾਲ ਪਾਣੀ ਵਿਚ ਭੀ ਕਈ ਵਾਰ ਸੱਤੇ ਰੰਗ ਦਿਸਦੇ ਹਨ, ਸੱਤ ਰੰਗਾਂ ਵਾਲਾ। 2. ਚਾਨਣੀ। 3. ਸ਼ਾਨ, ਸਜਾਵਟਾਂ। 4. ਸਬਰ, ਟਿਕਾਉ। 5. ਆਦਤ, ਸੁਭਾਅ। 6. ਰੋਕਣਾ, ਹਟਾਉਣਾ। 7. ਸ਼ਕਤੀ, ਸਮੱਰਥਾ।

8. ਇਛਿਆ ਧਾਰ ਤੂੰ ਹਾਂਢ[1] ਨਾ ਤੋੜਦਾ,
ਸਿਦਕ ਨਾ ਹਾਰਦਾ, ਸਬਰ ਨਾ ਛੋੜਦਾ।
ਗਰਮੀਆਂ ਸਰਦੀਆਂ ਵੇਖ ਸਿਰ ਆਈਆਂ,
ਹੁੱਸੜੇਂ ਨਾ ਕਦੇ, ਇਹੋ ਵਡਿਆਈਆਂ।

9. ਸ਼ਾਨ ਸ਼ਿੰਗਾਰਿਆ ! ਉੱਚ ਫਵਾਰਿਆ !
ਦਿਲ ਮੇਰਾ ਕਾਸ਼[2] ! ਹੋ ਜਾਇ ਖਾ ਪਯਾਰਿਆ !
ਖਿੜਖਿੜਾ, ਬਦਲਵਾਂ, ਡੋਲ ਤੋਂ ਬਾਹਿਰਾ,
ਵਾਂਗ ਤੇਰੇ ਸਦਾ ਉਤ੍ਰਾਂ ਨੂੰ ਜਾ ਰਿਹਾ।

ਰਾਤ

1. ਲੈਲਾ[3] ! ਤੂੰ ਬੇਸ਼ਕ ਕਾਲੀ ਹੈਂ, ਪਰ ਬੜੇ ਨਸੀਬਾਂ ਵਾਲੀ ਹੈਂ।
ਦੁਨੀਆਂ ਦੀ ਮਾਰਾ ਮਾਰੀ ਤੋਂ, ਇਕ ਪਾਸੇ ਰੱਬ ਬਹਾਲੀ ਹੈਂ।
ਥੱਕੇ ਟੁੱਟੇ ਦੀ ਖਾਹੜੂ[4] ਹੈਂ, ਸੇਵਾਂ ਦੇ ਵਿਚ ਮਤਵਾਲੀ ਹੈਂ।
ਕੁਦਰਤ ਨੇ ਪੁਤਲੀ[5] ਅੱਖਾਂ ਦੀ, ਤੂੰ ਕਾਲੇ ਸੱਚੇ ਢਾਲੀ ਹੈਂ।

2. ਜਦ ਤੇਰਾ ਸਾਇਆ ਪੈਂਦਾ ਹੈ, ਅੰਬਰ ਸ਼ਤਰੰਜ ਵਿਛਾਂਦਾ ਹੈ।
ਗਰਮੀ ਦਾ ਰਾਜ ਪਲਟਦਾ ਹੈ, ਸੂਰਜ ਥਕ ਕੇ ਸੌਂ ਜਾਂਦਾ ਹੈ।
ਆਰਾਮ ਬਗੀਚੀ ਖਿੜਦੀ ਹੈ, ਠੰਢਕ ਦਾ ਪਹਿਰਾ ਆਂਦਾ ਹੈ।
ਮਿਹਨਤ ਨੂੰ ਛੁੱਟੀ ਮਿਲਦੀ ਹੈ, ਬਿਸਤਰ ਮਜ਼ਦੂਰ ਜਮਾਂਦਾ ਹੈ।

3. ਤੂੰ ਗੋਦ ਜਦੋਂ ਫੈਲਾਂਦੀ ਹੈਂ, ਦੁਨੀਆਂ ਦੀ ਚਿੰਤਾ ਨਸਦੀ ਹੈ।
ਕਿਰਤੀ ਦੀ ਧੁਖ[6] ਨਿਕਲਦੀ ਹੈ, ਨੀਂਦਰ ਜਦ ਤਲੀਆਂ ਝਸਦੀ ਹੈ।
ਅਰਸ਼ਾਂ ਤੇ ਮਹਿਫਲ ਭਖਦੀ ਹੈ, ਬਾਗਾਂ ਦੀ ਖਲਕਤ ਹਸਦੀ ਹੈ।
ਮਹਿਕਾਰ ਉਡਾਰੀ ਭਰਦੀ ਹੈ, ਅਰ ਤ੍ਰੇਲ ਛਮਾ-ਛਮ ਵਸਦੀ ਹੈ।

4. ਜਦ ਰਾਜ ਤੇਰਾ ਛਾ ਜਾਂਦਾ ਹੈ, ਦਰਬਾਰ ਸਰੂਰ[7] ਲਗਾਂਦਾ ਹੈ।
ਚੁਪ-ਚਾਂ ਦੀ ਨਗਰੀ ਵਸਦੀ ਹੈ, ਕੰਮੀ[8] ਨੂੰ ਚੰਦ ਹਸਾਂਦਾ ਹੈ।
ਆਲਾਪ ਨਦੀ ਦਾ ਛਿੜਦਾ ਹੈ ਪਰਬਤ ਸੁਣ ਢਲ ਢਲ ਆਂਦਾ ਹੈ।
ਤਾਰੇ ਮੋਤੀ[9] ਬਰਸਾਂਦੇ ਹਨ, ਅਰ ਖੇਤ ਸੰਭਾਲੀ ਜਾਂਦਾ ਹੈ।

5. ਦਿਨ ਭਰ ਜਦ ਲਹੂ ਪਸੀਨਾ ਕਰ, ਹਾਲੀ ਚੂਰਾ ਹੋ ਜਾਂਦਾ ਹੈ,
ਤੇਰੀ ਗੋਦੀ ਵਿਚ ਬਹਿੰਦਾ ਹੀ ਸੁਰਗਾਂ ਦੇ ਬੂਟੇ ਖਾਂਦਾ ਹੈ।
ਇਕ ਰਾਜਾ ਸੇਜ ਸਜਾਂਦਾ ਹੈ, ਇਕ ਮੰਗਤਾ ਟਾਟ ਵਿਛਾਂਦਾ ਹੈ।
ਸੁਪਨਾ ਇਕ ਤੇਰੀ ਮਾਇਆ ਦਾ, ਦੋਹਾਂ ਦਾ ਫਰਕ ਮਿਟਾਂਦਾ ਹੈ।

---

1. ਹਿੰਮਤ। 2. ਰੱਬ ਕਰੇ, ਐਸਾ ਹੋਵੇ। 3. ਰਾਤ। 4. ਟਿਕਾਣਾ, ਠਹਿਰਨ ਦੀ ਥਾਂ।
5. ਅੱਖ ਦੇ ਵਿਚਲੀ ਪੁਤਲੀ ਹੁੰਦੀ ਹੈ। ਸੋ ਰਾਤ ਨੂੰ ਅੱਖ ਦੀ ਪੁਤਲੀ ਕਿਹਾ ਹੈ ! 6. ਅਤਿ ਥਕੇਵੇਂ ਪਿੱਛੋ ਸਾਹ।
7. ਮਸਤੀ। 8. ਕੁਮੁਦਨੀ ਨਾਂ ਦਾ ਫੁੱਲ, ਜੋ ਰਾਤ ਨੂੰ ਖਿੜਦਾ ਹੈ, ਜਿਵੇਂ ਕੰਵਲ ਦਾ ਫੁੱਲ ਦਿਨੇ ਖਿੜਦਾ ਹੈ।
9. ਭਾਵ ਤਰੇਲ ਤੋਂ ਹੈ।

6. ਪਾਂਧੀ ਥਕ ਕੇ ਬਹਿ ਜਾਵੇ ਜਾਂ, ਤੂੰ ਆਪਣੇ ਪਾਸ ਟਿਕਾਂਦੀ ਹੈਂ।
ਪਸ਼ੂਆਂ ਨੂੰ ਲਾਇਂ ਉਗਾਲੀ ਤੇ, ਪੰਛੀ ਥਪਕਾਰ ਸੁਆਂਦੀ ਹੈਂ।
ਹਰਨਾ ਨੂੰ ਗੱਦੇ ਪਾ ਲੈਂਦੀ, ਸ਼ੇਰਾਂ ਨੂੰ ਜਦੋਂ ਜਗਾਂਦੀ ਹੈਂ।
ਸੁਖ ਨੀਂਦ ਸੁਆ ਕੇ ਵਸਤੀ ਨੂੰ, ਜੰਗਲ ਵਿਚ ਰਾਸ ਰਚਾਂਦੀ ਹੈਂ।

7. ਇਕ ਪਾਸੇ ਪ੍ਰੇਮ ਤੜਫਦਾ ਹੈ, ਇਕ ਧਿਰ ਹਸਰਤ[1] ਕੁਰਲਾਂਦੀ ਹੈ,
ਬੇਦਰਦਣ ਨਦੀ ਵਿਛੋੜੇ ਦੀ, ਵਿਚਕਾਰ ਪਈ ਤਰਸਾਂਦੀ ਹੈ,
ਤੇਰੇ ਦਰਵਾਜ਼ੇ ਖੁਲਦੇ ਨੇਂ, ਰਹਿਮਤ[2] ਪਾਸਾ ਪਲਟਾਂਦੀ ਹੈ,
ਸੱਧਰ ਦੀ ਨਾਲ ਮੁਰਾਦਾਂ ਦੇ, ਝੋਲੀ ਭਰ ਦਿੱਤੀ ਜਾਂਦੀ ਹੈ।

8. ਕਿਸਮਤ ਦੇ ਦਰਸ਼ਨ ਮੇਲੇ ਨੇਂ, ਪ੍ਰੇਮੀ ਨੂੰ ਕਾਹਲੀ ਪਾਵੀਂ ਨਾ,
ਕੁੱਕੜ ਨੂੰ ਆਖ ਅਰਾਮ ਕਰੇ, ਬਾਂਗੀ[3] ਨੂੰ ਹਾਲ ਜਗਾਵੀਂ ਨਾ,
ਸੁਖ-ਸੇਜ ਨਸੀਬਾਂ ਨਾਲ ਜੁੜੀ, ਦਿਨ ਚਾੜ੍ਹ ਵਿਛੋੜੇ ਪਾਵੀਂ ਨਾ,
ਪ੍ਰੀਤਮ ਦੀ ਨੀਂਦ ਉਟਕਦੀ ਹੈ, ਘੜਿਆਲ ਅਜੇ ਖੜਕਾਵੀਂ ਨਾ।

ਚਿਨਾਰ ਦਾ ਰੁੱਖ

ਕਸ਼ਮੀਰ ਵਿਚ ਇਹ ਰੁੱਖ ਆਮ ਮਿਲਦਾ ਹੈ। ਸ਼ਾਹੀ ਰੁੱਖ (Royal tree) ਹੋਣ ਕਰਕੇ, ਰਿਆਸਤ ਬਿਨਾਂ, ਕੋਈ ਇਸ ਨੂੰ ਵੱਢ ਟੁਕ ਨਹੀਂ ਸਕਦਾ।

ਸੁਰਗੀ ਰੁੱਖ, ਬਜ਼ੁਰਗ ਚਿਨਾਰਾ ! ਰੂਪ ਜਲਾਲੀ[4] ਪਾਇਆ,
ਕੂਲੇ ਕੂਲੇ ਪੱਤਰ ਤੇਰੇ ਠੰਢੀ ਸੰਘਣੀ ਛਾਇਆ।
ਕੱਦ ਉਚੇਰਾ, ਮੁੱਢ ਮੁਟੇਰਾ, ਲੰਮਾ ਚੌੜਾ ਘੇਰਾ,
ਪਿੱਪਲ ਤੇਰਾ ਪਾਣੀ ਭਰਦਾ, ਬੋਹੜ ਨੂੰ ਸ਼ਰਮਾਇਆ।
ਸੈ ਵਰਿਹਾਂ ਤੋਂ ਜੁਹਦ[5] ਕਮਾਵੇਂ ਖੜਾ ਖੜਾ ਇਕ ਟੰਗਾ,
ਧੁੱਪ ਸਹਾਰੇਂ ਆਪਣੇ ਉੱਤੇ, ਹੋਰਾਂ ਨੂੰ ਕਰ ਸਾਇਆ।
ਕੋਈ ਪੂਰ ਲੰਘਾਏ ਹੇਠੋਂ, ਡਿੱਠੇ ਕੋਈ ਜ਼ਮਾਨੇ,
ਪਰਉਪਕਾਰ ਤੇਰੇ ਨੇ ਬਾਬਾ ! ਮੇਰਾ ਮਨ ਭਰਮਾਇਆ।
ਚੱਲੇਂ ਜੋ ਪੰਜਾਬੇ ਵੰਨੇ ਦੁਨੀਆਂ ਨਵੀਂ ਵਿਖਾਵਾਂ,
ਮੈਦਾਨਾਂ ਵਿਚ ਖਲਕਤ ਤਾਈਂ, ਧੁੱਪਾਂ ਬਹੁਤ ਸਤਾਇਆ।
ਨੰਗਾ ਬੋਟ[6] ਬਣਾਸਣ ਏਥੇ, ਬਰਫਾਂ ਵਿਚ ਸਿਆਲੇ,
ਠੰਢ ਸਧਾਰਣ ਸਾਡੀ ਦੇ ਵਿਚ ਹੁਸਨ ਨਾ ਹੋਸੀ ਜ਼ਾਇਆ[7]।
ਸੁੰਞ ਮਦਾਨਾਂ ਅੰਦਰ ਪੂਰਾ ਪੁੰਨ ਫਲੇ ਨਾ ਤੇਰਾ,
ਰੌਣਕ ਦੇ ਵਿਚ ਚੱਲ, ਇਕੱਲੋਂ ਜੇ ਕਰ ਜੀ ਘਬਰਾਇਆ।

---

1. ਸੱਧਰ। 2. ਮੇਹਰ। 3. ਮੁਸਲਮਾਨਾਂ ਵਿਚ ਮਸੀਤ ਦਾ ਮੌਲਵੀ।
4. ਰੋਅਬ ਵਾਲਾ, ਸ਼ਾਨ ਵਾਲਾ, ਇਸ ਬ੍ਰਿਛ ਦੀ ਛਾਂ ਤੇ ਪਸਾਰਾ ਸਾਡੇ ਪਿੱਪਲ ਜਾਂ ਬੋਹੜ ਵਾਂਗ ਹੁੰਦਾ ਹੈ।
5. ਘਾਲਣਾ, ਤਪ।
6. ਪੱਤਿਆਂ ਰਹਿਤ, ਖਾਲਸ ਖਾਲੀ। (ਬਰਫ ਪੈਣ ਨਾਲ, ਪੰਜਾਬ ਦੀ ਪੱਤਝੜ ਵਾਂਗ, ਬੂਟਿਆਂ ਦੇ ਪੱਤੇ ਝੜ ਜਾਂਦੇ ਹਨ)।
7. ਖਰਾਬ, ਨਾਸ।

ਉੱਤਰ

ਚੱਲਣ ਨੂੰ ਸੌ ਵਾਰੀ ਚਲਨਾਂ, ਬੀਬਿਆ ਬਰਖੁਰਦਾਰਾ[1]।
ਪਰ ਪੰਜਾਬੇ ਅੰਦਰ ਮੇਰਾ ਹੋਣਾ ਨਹੀਂ ਗੁਜ਼ਾਰਾ।
ਇਨ੍ਹਾਂ ਉਚਾਈਆਂ ਦੇ ਵਿਚ ਤੈਨੂੰ ਬਰਕਤ ਮੇਰੀ ਜਾਪੇ,
ਰਤਾ ਕੁ ਹੇਠ ਉਤਰਿਆ ਇਸ ਨੇ ਕਰਨਾ ਤੁਰਤ ਕਿਨਾਰਾ।
ਨਾਲੇ ਦੇਖ ਕਿਸ ਤਰ੍ਹਾਂ ਮਰਾ ਜੰਮਿਆ ਸਾਇਆ ਸਿੱਕਾ,
"ਸ਼ਾਹੀ ਰੁੱਖ" ਕਹਾਵਾਂ ਏਥੇ, ਹੋ ਕੇ ਨੀਚ ਨਿਕਾਰਾ।
ਟਾਹਣੀ ਭੰਨ ਸਕੇ ਨਾ ਕੋਈ, ਬਿਨ ਸਰਕਾਰੋਂ ਮੇਰੀ,
ਇਸ ਰਖਵਾਲੀ ਖਾਤਰ ਕੋਈ ਤੇਰੇ ਪਾਸ ਨਾ ਚਾਰਾ।

ਨਿਸ਼ਾਤ ਬਾਗ

(ਸ੍ਰੀ ਨਗਰ, ਕਸ਼ਮੀਰ)

ਬੱਲੇ ਬੱਲੇ ਭਾਈ ਬਾਗ[2] ਨਿਸ਼ਾਤਾ ! ਸੋਭਾ ਤੇਰੀ ਕਿਹੜੇ ਮੂੰਹੋਂ ਉਚਾਰਾਂ,
ਖਿੱਚ ਲਿਆ ਮਨ ਕੁੰਡੀ ਫਸਾ, ਤੇਰੇ ਸੀਨੇ ਤੇ ਪੋਲਦੀਆਂ[3] ਗੁਲਜ਼ਾਰਾਂ[4],
ਨੀਝ[5] ਨੂੰ ਬੰਨ੍ਹ ਬਹਾਲ ਲਿਆ, ਫੁੱਟ ਪੈਣੇ ਫੁਹਾਰਿਆਂ ਤੇ ਆਬਸ਼ਾਰਾਂ[6],
ਇੰਦ੍ਰਪੁਰੀ ਕਿਤੋਂ ਲੱਭ ਪਏ, ਤਦ ਆਪਣੀ ਸਹੁੰ ਤੇਰੇ ਉੱਤੋਂ ਦੀ ਵਾਰਾਂ।
ਲੁੱਟ ਲਿਆ ਜਿਗਰਾ ਦਿਲ ਦਾ, ਰਸ-ਰੱਤੀ ਹਵਾ ਦੀਆਂ ਛੇੜੀ ਅਦਾਵਾਂ,
ਪਾਣੀ ਦੀ ਢਾਲ-ਉਛਾਲ[7] ਦੇ ਰਾਗ ਨੇ, ਤਖਤਿਆਂ ਦੇ ਉਤਰਾਵਾਂ ਚੜ੍ਹਾਵਾਂ,
ਧੁੱਪ ਦੀਆਂ ਝਲਕਾਂ ਸਤਰੰਗੀਆਂ, ਠੰਢੀਆਂ ਛਾਵਾਂ, ਹਰੇ ਹਰੇ ਘਾਵਾਂ,
ਟਾਹਣੀ ਦੀ ਝੋਕ, ਸ਼ਿਗੂਫੇ[8] ਦੀ ਸ਼ੋਖੀ ਨੇ, ਫੁੱਲ ਦੇ ਹਾਸੇ, ਕਲੀ ਦੇ ਹਯਾਵਾਂ[9]।
ਮਖਮਲ ਦੀ ਮਸਲੰਦ[10] ਤੇ ਡੋਲ੍ਹਿਆ, ਰੰਗ ਬਿਰੰਗਾ ਸੁਗੰਧਿਤ ਦਾਣਾ,
ਚੁੱਗਦਿਆ ਜਿਨੂੰ ਰੱਜੇ ਨਾ ਥੱਕੇ, ਨਿਗਾਹ-ਕਬੂਤਰ ਨਿੱਘਰ[11] ਜਾਣਾ,
ਫੁਲਾਂ ਤੋਂ ਉੱਠ ਫੁਹਾਰਿਆਂ ਤੇ ਫੁਹਾਰੇ ਤੋਂ ਦੌੜ ਕੇ ਫੁੱਲਾਂ ਤੇ ਆਣਾ,
ਤੱਕਦਿਆਂ ਪੱਥਰਾ ਗਈਆਂ ਅੱਖੀਆਂ ਮੁੱਕੇ ਨਾ ਏਸ ਦਾ ਤੰਦਣਤਾਣਾ[12],
ਬੈਠੇ ਨੇਂ ਧੂਣੀਆਂ ਪਾ ਤੇਰੇ ਬੂਹੇ ਤੇ ਦੇਸਾਂ ਦੇ ਗੱਭਰੂ ਤੇ ਮੁਟਿਆਰਾਂ,
ਹੱਸਦੇ ਖੇਡਦੇ ਗਾਂਦੇ ਵਜਾਂਦੇ, ਮਨਾਂਦੇ, ਨੇਂ ਐਸ਼ ਨਿਸ਼ਾਤ ਬਹਾਰਾਂ,
ਪੈ ਗਈਆਂ ਸੰਝਾਂ, ਨਾ ਲੱਥੀਆਂ ਡੰਝਾਂ[13], ਭੁਲਾ ਛੱਡੇ ਝੁੱਗੇ[14], ਵਿਸਾਰੀਆਂ ਕਾਰਾਂ,
ਫੁੱਲਾਂ ਤੋਂ ਫੁੱਲ ਨਖੇੜ ਲਏ, ਹਾਇ ! ਹਾਂਝੀਆਂ[15] ਪਾਪੀਆਂ ਪਾ ਪਾ ਪੁਕਾਰਾਂ।
ਐਸ਼ਾਂ ਲਈ ਮੁਗਲਾਣੀਆਂ ਰਾਣੀਆਂ ਸੱਚੇ ਜਦੋਂ ਤੇਰੀ ਸੂਰਤ ਢਾਲੀ,

---

1. ਪੁੱਤਰ ਵਰਗੇ ਛੋਟੇ ਤੇ ਹੋਣਹਾਰ ਬਾਲਕ ਲਈ ਸੰਬੋਧਨ ਸ਼ਬਦ।
2. ਸ਼ਬਦ ਅਰਥ ਖੁਸ਼ੀ, ਸ੍ਰੀ ਨਗਰ (ਕਸ਼ਮੀਰ) ਦੇ ਨੇੜੇ ਇਕ ਵੱਡਾ ਸਰਕਾਰੀ ਬਾਗ਼। 3. ਚਲਦੀਆਂ ਫਿਰਦੀਆਂ।
4. ਫੁਲਵਾੜੀਆਂ। 5. ਨਜ਼ਰ। 6. ਪਾਣੀ ਦੇ ਝਰਨੇ। 7. ਉਤਰਾ ਚੜ੍ਹਾਅ। 8. ਕਰੂਮਲਾਂ। 9. ਸ਼ਰਮ।
10. ਵਿਛੌਣਾ। 11. ਟਿਕਾਣਾ ਰਹਿਤ ਹੁੰਦੇ ਜਾਣਾ।
12. ਜੁਲਾਹੇ ਦੀ ਤਾਣੀ ਜਿਸ ਲਈ ਜੁਲਾਹਾ ਮੁੜ ਮੁੜ ਉਨ੍ਹਾਂ ਹੀ ਗੱਡੇ ਹੋਏ ਕਾਨਿਆਂ ਦੇ ਉਦਾਲੇ ਫਿਰਦਾ ਹੈ।
13. ਇੱਛਿਆ, ਚਾਹ, ਰੀਝ। 14. ਟਿਕਾਣਾ, ਘਰ। 15. ਮਲਾਹ, ਸ਼ਿਕਾਰੇ ਚਲਾਉਣ ਵਾਲੇ।

ਕੌਣ ਗਿਣਾਵੇ, ਸਜਾਉਣ ਤੇਰੀ ਤੇ, ਕਿੰਨੇ ਖਜ਼ਾਨੇ ਹੋਏ ਸਨ ਖ਼ਾਲੀ,
ਕਾਮਲ[1] ਕਾਰੀਗਰਾਂ ਦੇ ਦਿਮਾਗ਼ ਨੇ ਤੇਰੇ ਤੇ ਸਾਰੀ ਸਫਾਈ ਦਿਖਲਾਈ,
ਬੀਤ ਗਈਆਂ ਕਿੰਨੀਆਂ ਸਦੀਆਂ, ਪਰ ਜੋਬਨ ਤੇਰਾ ਹੈ ਵਾਧੇ ਤੇ ਹਾਲੀ।
ਕੌਲ ਫੁੱਲੀਂ ਭਰਪੂਰ ਜਲ ਡਲ[2] ਸਾਹਮਣੇ ਤੇਰੇ ਲਿਆ ਕੇ ਵਿਛਾਇਆ,
ਸੀਸ ਤੇਰੇ ਨੂੰ ਟਿਕਾ ਕੇ ਪਹਾੜ ਤੇ ਪੈਰਾਂ ਨੂੰ ਝੀਲ ਦੇ ਨਾਲ ਮਿਲਾਇਆ,
ਤੇਰੇ ਫੁਹਾਰੇ ਉਛਾਲਣ ਨੂੰ ਫਰਿਹਾਦ[3] ਕੋਈ, ਕੱਟ ਕੂਲ੍ਹ[4] ਲਿਆਇਆ,
ਜੁੱਗੀਂ ਜੀਵੇ ਤੇਰਾ ਜੋਬਨ 'ਚਾਤ੍ਰਿਕ' ਫੁੱਲੇਂ ਫਲੇਂ ਨਿਤ ਦੂਣ ਸਵਾਇਆ।

ਗੁਲਮਰਗ[5] (ਕਸ਼ਮੀਰ)

ਦੇਵਤਿਆਂ ਨੇ ਗੱਦੀ ਤੇ ਜਦ ਰਾਜਾ ਇੰਦ੍ਰ ਬਹਾਇਆ,
ਉਸ ਦੇ ਜੋਗ ਅਖਾੜੇ[6] ਦਾ ਭੀ ਜੀ ਵਿਚ ਚਾਉ ਸਮਾਇਆ।
ਵਿਸ਼ਕਰਮਾਂ[7] ਨੇ ਲੱਭਾ ਭਾਰਤ ਦਾ ਕਸ਼ਮੀਰ ਨਗੀਨਾ[8],
ਤਾਰਾ ਉਸ ਦੀਆਂ ਅੱਖਾਂ ਦਾ ਗੁਲਮਰਗ ਪਸਿੰਦੇ ਆਇਆ।
ਸੀਨਾ ਫੋਲ ਬਰਫ ਦਾ ਸੀਤਲ ਧਰਤੀ ਸਾਫ ਕਰਾਈ,
ਉੱਚੀ ਨੀਵੀਂ ਥਾਂ ਢੱਕਣ ਨੂੰ ਮਖਮਲ ਹਰੀ ਵਿਛਾਈ।
ਸੁਹਜ, ਸੁਰੂੱਪ ਸ਼ਿੰਗਾਰ ਜਗਤ ਦੇ, ਕੱਠੇ ਕੀਤੇ ਸਾਰੇ,
ਫੁੱਲਾਂ ਦੀ ਮਹਿਕਾਰ ਤ੍ਰੌਂਕ[9] ਕੇ, ਇੰਦ੍ਰ ਸਭਾ ਸਜਾਈ।
ਸਿਰ ਤਲਵਾਏ ਪਰਬਤ ਦੇ, ਦੋ ਪਾਸੀਂ ਢਾਲ ਬਣਾ ਕੇ,
ਰੋਮ ਰੋਮ ਵਿਚ ਰੰਗਣ ਪਾਈ, ਹਰੀ ਪਨੀਰੀ ਲਾ ਕੇ,
ਬਰਫੀ ਟਿੱਲਾ[10] ਘੋਲ ਘੋਲ ਕੇ ਨਹਿਰ ਅਕਾਸ਼ੀ ਆਂਦੀ,
ਵੁੱਲਰ[11] ਤਾਲ ਭਰਾਇਆ ਲਾਗੇ, ਕਮਲਾਂ ਨਾਲ ਸਜਾ ਕੇ।
ਅਸਮਾਨੀ ਸਾਗਰ ਦੇ ਮੋਤੀ, ਥਾਂ ਥਾਂ ਗਏ ਖਿਲਾਰੇ,
ਵਾਯੂ ਨੇ ਫੜ ਲਿਆ ਤੰਬੂਰਾ[12], ਰੁੱਖਾਂ ਸਾਜ ਸਵਾਰੇ।
ਹੂਰਾਂ ਪਰੀਆਂ ਨਾਚ ਕਰਨ ਨੂੰ ਪਹਿਨ ਪੁਸ਼ਾਕਾਂ ਆਈਆਂ,
ਇੰਦਰ ਰਾਜ ਬਿਬਾਣੇ[13] ਚੜ੍ਹਿਆ, ਖੋਲ ਖ਼ਜਾਨੇ ਵਾਰੇ।
ਵਾਹ ਗੁਲਮਰਗਾ ! ਰੱਬੀ ਤਖਤਾ ! ਤੂੰਹੇਂ ਤੇਰਾ ਸਾਨੀ,
ਠੰਢਕ ਮਹਿਕ ਸਜਾਉਣ ਤੇਰੀ, ਫਾਹੇ ਬ੍ਰਹਮ-ਗਿਆਨੀ[14]।

---

1. ਮਾਹਿਰ। 2. ਡੱਲ ਨਾਂ ਦੀ ਝੀਲ (ਸ਼ੀਸ਼ੇ ਦੀ ਟੁਕੜੀ)।
3. ਈਰਾਨ ਦਾ ਇਕ ਇਮਾਰਤਕਾਰ ਜਿਸਨੂੰ ਬਾਦਸ਼ਾਹ ਦੀ ਇਸਤ੍ਰੀ ਸ਼ੀਰੀ ਨਾਲ ਮੁਹੱਬਤ ਸੀ ਜਿਸ ਵਾਸਤੇ ਉਸ ਨੇ ਅਣਥਕ ਯਤਨ ਕਰਕੇ ਪਹਾੜ ਕਟਕੇ ਨਹਿਰ ਕੱਢੀ ਸੀ। 4. ਛੋਟੀ ਨਦੀ।
5. ਸ਼ਬਦ ਅਰਥ ਫੁੱਲਾਂ ਦਾ ਬਾਗ, ਕਸ਼ਮੀਰ ਵਿਚ 7-8 ਹਜ਼ਾਰ ਫੁੱਟ ਉੱਚਾ ਕਸਬਾ ਸ੍ਰੀ ਨਗਰ ਤੋਂ 50 ਕਿਲੋ ਮੀਟਰ ਦੂਰ ਹੈ।
6. ਰੰਗ ਭੂਮੀ। 7. ਦੇਵਤਿਆਂ ਦਾ ਚੀਫ ਇੰਜੀਨੀਅਰ, ਸਭ ਤੋਂ ਵੱਡਾ ਕਾਰੀਗਰ। 8. ਰਤਨ। 9. ਛਿੜਕ ਕੇ।
10. ਪਹਾੜੀ ਚੋਟੀਆਂ ਦੀ ਬਰਫ, ਗਲੇਸ਼ੀਅਰ।
11. ਕਸ਼ਮੀਰ ਦੀ ਵੂਲਰ ਨਾਮੀ ਝੀਲ, ਜਿਸਦੇ ਕੰਢੇ ਦਾ ਨਗਰ ਸੋਪੁਰ ਕਾਫੀ ਪ੍ਰਸਿੱਧ ਹੈ।
12. ਇਕ ਸੰਗੀਤਕ ਤੰਤੀ ਸਾਜ਼, (ਤਾਨਪੁਰਾ)। 13. ਦੇਵਤਿਆਂ ਦਾ ਅਕਾਸ਼ ਵਿਚ ਵਿਚਾਰਣ ਵਾਲਾ ਰੱਥ।
14. ਰੱਬੀ ਗਿਆਨ ਵਾਲੇ ਮਹਾਂ ਪੁਰਸ਼।

ਰੋਗ ਸੋਗ, ਚਿੰਤਾ, ਚੰਚਲਤਾ, ਤੇਰਾ ਦਰਸ਼ਨ ਝਾੜੇ,
ਅਠ ਪਹਿਰਾਂ ਦੇ ਮੇਲ ਤੇਰੇ ਦੀ, ਪੱਲੇ ਅਜੇ ਨਿਸ਼ਾਨੀ।

ਸੁਫੈਦੇ ਦਾ ਰੁੱਖ (ਕਸ਼ਮੀਰ ਵਿਚ)

ਇਹ ਮੈਦਾਨਾਂ ਦੇ ਸੁਫੈਦੇ (ਯੂਕਲਿਪਟਿਸ) ਨਾਲੋਂ ਵੱਖਰੀ ਕਿਸਮ ਦਾ ਹੈ।
ਅੰਗਰੇਜ਼ੀ ਨਾਮ ਲੰਬਾਰਡੀ ਪਾਪਲਰ ਹੈ। ਥੋੜੇ ਚਿਰ ਵਿਚ ਹੀ
ਕਸ਼ਮੀਰ ਵਿਚ ਆਮ ਹੋ ਗਿਆ ਹੈ।

ਲੰਮਿਆ ਉੱਚਿਆ ! ਛੈਲ ਸੁਫੈਦਿਆ ! (ਤੂੰ) ਕਿੱਤ ਵਲੈਤੋਂ ਆਇਆ ?
ਕਸ਼ਮੀਰੇ ਦੀ ਜੰਨਤ[1] ਅੰਦਰ, ਕਦ ਤੋਂ ਡੇਰਾ ਲਾਇਆ ?
ਕੰਨ ਖੜਿੱਕੇ[2] ਪੱਤਰ ਤੇਰੇ, ਨੀਝ ਤੇਰੀ ਅਸਮਾਨੀਂ,
ਤੱਛਿਆ[3] ਮੁੱਛਿਆ, ਗੋਰਾ ਚਿੱਟਾ, ਰੂਪ ਇਲਾਹੀ ਪਾਇਆ।
ਗੱਭਰੂ ਦਾ ਕੱਦ ਬਣਨ ਤੋਂ ਤੂੰ ਕਿਉਂ ਰਿਹੋਂ ਪਸਿੱਤਾ[4] ?
ਸਰੂ[5] ਅਤੇ ਸ਼ਮਸ਼ਾਦ[6] ਦੁਹਾਂ ਨੂੰ, ਕਵੀਆਂ ਅਰਸ਼ ਚੜ੍ਹਾਇਆ।
ਉਹ ਰੁੱਖੇ ਤੂੰ ਹਰਿਆ ਭਰਿਆ, ਉਹ ਖਰ੍ਹਵੇ ਤੂੰ ਕੂਲਾ,
ਭੁਲਿਆਂ ਨੂੰ ਤੂੰ ਓਦੋਂ ਕਿਉਂ ਨਾ ਆਪਣਾ ਆਪ ਜਚਾਇਆ ?

ਉੱਤਰ

ਪਾਰ ਸਮੁੰਦਰੋਂ ਦੂਰ ਦੁਰਾਡਾ, ਵਸਦਾ ਸਾਂ ਪ੍ਰਸਤਾਨੀਂ[7],
ਗੋਰਿਆਂ ਚਿੱਟਿਆਂ ਕਦਰ ਪਛਾਤੀ ਚਾੜ੍ਹ ਦਿਤਾ ਅਸਮਾਨੀਂ।
ਕਸ਼ਮੀਰ ਵਿਚ ਆ ਕੇ ਪਰੀਆਂ, ਮੈਨੂੰ ਨਾ ਜਦ ਪਾਇਆ,
ਚੁੱਕ ਲਿਆਂਦੀ ਏਸ ਅਖਾੜੇ, ਆਪਣੀ ਦੇਸ਼ ਨਿਸ਼ਾਨੀ।
ਸੌ ਵਰ੍ਹਿਆਂ ਤੋਂ ਉੱਪਰ ਹੋਇਆ, ਆਇਆਂ ਏਸ ਬਹਿਸ਼ਤੇ,
ਪਰ ਕਵੀਆਂ ਦੀ ਕਲਮ ਨਾ ਪਕੜੀ ਮੇਰੇ ਵੱਲ ਰਵਾਨੀ[8]।
ਹਰ ਗੱਲ ਮੇਰੀ ਸਰੂਏ ਨਾਲੋਂ ਵੇਖਣ ਨੂੰ ਦਹਿ ਚੰਦਾਂ[9],
ਗੋਰਿਆਂ ਤੋਂ ਉਪਰਾਉਣ[10] ਸ਼ਾਇਦ ਕਾਲੇ ਹਿੰਦੁਸਤਾਨੀ।

ਬਸੰਤ ਰੁੱਤ

1. ਹਾਰ ਸ਼ਿੰਗਾਰ ਸੁਆਰ ਬਹਾਰ,
ਉਭਾਰ ਕੇ ਜੋਬਨ, ਰੂਪ ਨਿਖਾਰ ਕੇ,
ਰੰਗ ਬਿਰੰਗਾ ਦੁਪੱਟਾ ਪਸਾਰ ਕੇ

---

1. ਸਵਰਗ। 2. ਕੰਨਾਂ ਵਰਗੇ।
3. ਫਾਲਤੂ ਹਿੱਸੇ ਕੱਟਕੇ ਸਵਾਰਿਆ ਹੋਇਆ ਕਿਉਂਕਿ ਇਸ ਦਾ ਤਣਾ ਭੀ ਸਾਫ਼ ਤੇ ਗੋਲ ਹੁੰਦਾ ਹੈ। 4. ਪਿੱਛੇ, ਘੱਟ।
5. ਇਕ ਬ੍ਰਿਛ ਜਿਸ ਦੇ ਸਿੱਧੇ ਤੇ ਗਠੇ ਹੋਏ ਰੂਪ ਨਾਲ ਜਵਾਨਾਂ ਦੇ ਕਦ ਨੂੰ ਉਪਮਾ ਦੇਂਦੇ ਹਨ।
6. ਸਰੂ ਵਰਗਾ ਹੀ ਇਕ ਹੋਰ ਬ੍ਰਿਛ। 7. ਵਿਦੇਸ਼ ਵਿਚ, ਪਰੀਸਥਾਨਾਂ ਵਿਚ। 8. ਤੇਜ਼ੀ। 9. ਦਸ ਗੁਣਾਂ।
10. ਝਿਜਕਦੇ, ਓਪਰਾ ਸਮਝਦੇ।

ਨੈਣਾਂ ਦੇ ਵਿਚ ਸਰੂਰ ਖਿਲਾਰ ਕੇ,
ਜਾਦੂ ਚਲਾਉਂਦੀ ਸੈਨਤਾਂ ਮਾਰ,
ਫਸਾਉਂਦੀ ਰਾਹੀ ਵੰਗਾਰ ਵੰਗਾਰ ਕੇ,
ਪੀਂਘ ਉਲਾਰ, ਸੁਗੰਧ ਪਸਾਰ ਕੇ,
ਮੋਏ ਜਿਵਾਉਂਦੀ, ਜੀਉਂਦੇ ਮਾਰ ਕੇ।

2. ਕੀਤੇ ਸ਼ੁਦਾਈ, ਵਗਾਈ ਹਵਾ,
ਇਸ ਕਾਮਨਹਾਰੀ[1] ਨੇ ਸੁੱਟ ਕੇ ਡੋਰੇ,
ਫੁੱਲਾਂ ਤੋਂ ਡਿੱਗਦੇ ਭੌਰੇ ਵਿਖਾਲ ਕੇ,
ਕਾਨ੍ਹ[2] ਨੂੰ ਗੋਪੀਆਂ ਦਿਤੇ ਨਿਹੋਰੇ[3]।
ਮਿੱਟੀ ਭੀ ਰੰਗੀ ਗਈ ਪਰ ਤੇਰੇ,
ਨਦੀਦੇ ਦੇ ਦੀਦੇ ਨੇਂ ਕੋਰੇ ਦੇ ਕੋਰੇ,
ਲੋੜ੍ਹ[4] ਪਿਆ ਇਸ ਗੋਕਲ ਨੂੰ,
ਏਥੇ ਊਠ ਨਾ ਕੁੱਦਣ, ਕੁੱਦਣ ਬੋਰੇ[5]।

3. ਡਾਲੀਆਂ ਤੇ ਫੱਲ ਝੂਮ ਰਹੇ,
ਵੇਖ ! ਕੀਕਰ ਖਾ ਖਾ ਝਕੋਲੇ ਹਵਾ ਦੇ,
ਆ ਖਾਂ ਜ਼ਰਾ ਬਿੰਦਰਾਬਨ[6] ਦੇ ਵਲ,
ਚੰਦ ਦੀ ਚਾਨਣੀ ਰਾਸ ਰਚਾ ਦੇ,
ਮਿੱਠੀ ਮਿੱਠੀ ਕੋਈ ਰਾਗਣੀ ਛੇੜ ਕੇ,
ਬੰਸਰੀ ਦੀ ਇਕ ਤਾਨ ਸੁਣਾ ਦੇ,
ਸਾਰਾ ਜਹਾਨ ਤਾਂ ਵੱਸ ਪਿਆ,
ਹੁਣ ਸਾਡੇ ਭੀ ਉੱਜੜੇ ਲੇਖ ਵਸਾ ਦੇ।

4. ਫੁੱਲਾਂ ਦੀ ਪਿਟਾਰੀ, ਪੀਲੇ, ਭੋਛਣੀ[7] ਸ਼ਿੰਗਾਰੀ,
ਇਹ ਛਲੇਡੇ[8] ਜਿਹੀ ਨਾਰੀ ਕਿਹੜੀ ਚੰਚਲ ਕੁਮਾਰੀ ਹੈ ?
ਪਾਇਲਾਂ ਕੀ ਪਾਵੇ, ਕਲਾਂ ਸੁੱਤੀਆਂ ਜਗਾਵੇ ਪਈ,
ਚਿੱਤ ਹੋਇਆ ਚਿੱਤ, ਚੜ੍ਹੀ ਅੱਖਾਂ ਨੂੰ ਖੁਮਾਰੀ ਹੈ।
ਰੁੱਖ ਬੂਟੇ, ਫੁੱਲ ਪੱਤ, ਘਾਹ ਤਿਣ, ਪਸ਼ੂ ਪੰਛੀ[9],
ਮੋਹੀ ਸ੍ਰਿਸ਼ਟਿ ਸਾਰੀ, ਬਾਲ ਬ੍ਰਿਧ, ਨਰ ਨਾਰੀ ਹੈ।
ਧੱਕਾ ਮਾਰ ਆਖਿਆ ਸੁਗੰਧ ਭਿੰਨੀ ਪੌਣ ਅੱਗੋਂ,
"ਹਟ ਜਾਓ ਲੋਕੋ, ਏ ਬਸੰਤ ਦੀ ਸਵਾਰੀ ਹੈ।

1. ਜਾਦੂ ਕਰਨ ਵਾਲੀ। 2. ਸ੍ਰੀ ਕ੍ਰਿਸ਼ਨ। 3. ਤਾਹਨੇ, ਮੇਹਣੇ। 4. ਹਨੇਰ ਜਾਇਆ।
5. ਊਠ ਨਾ ਕੁੱਦੇ ਬੋਰੇ ਕੁਦੇ, (ਮੁਹਾਵਰਾ ਹੈ) ਨਿਕਾਰੇ ਭੀ ਮਛਰ ਪਏ।
6. ਉਹ ਬਨ ਜਿਥੇ ਸ੍ਰੀ ਕ੍ਰਿਸ਼ਨ ਜੀ ਨੇ ਰਾਧਾ ਨਾਲ ਕ੍ਰੀੜਾ ਕੀਤੀ, ਮਥਰਾ ਦੇ ਨੇੜੇ ਬ੍ਰਿੰਦਾਬਨ। 7. ਬਸਤਰਾਂ ਵਿਚ।
8. ਛਲਣ ਵਾਲੀ। 9. ਹਰਿਆਵਲ।

ਵਰਖਾ ਰੁੱਤ

(ਪਹਿਲਾ ਹਿੱਸਾ ਮੌਲਾਨਾ ਹਾਲੀ[1] ਦੀ ਕਵਿਤਾ
"ਬਰਸਾਤ" ਦੇ ਆਧਾਰ ਤੇ ਲਿਖਿਆ)

1. ਵਰਖਾਂ ਰੁੱਤ ਆਂਈ ਪਯਾਰੀ ਪਯਾਰੀ,
ਤਪਤ ਗਰਮੀ ਦੀ ਹਰਨ ਹਾਰੀ।
ਠੰਢ ਲਯਾਈ ਤੇ ਸ਼ਾਂਤਿ ਲਯਾਈ,
ਸ੍ਵੱਛਤਾ ਤੇ ਇਕਾਂਤ ਲਯਾਈ,
ਹਿੱਕ ਧਰਤੀ ਦੀ ਸੜ ਰਹੀ ਸੀ,
ਲੋ ਬੜੀ ਸਿਰ ਤੇ ਚੜ੍ਹ ਰਹੀ ਸੀ,
ਵਰਖਾ ਨੇ ਇਸ ਨੂੰ ਠਾਰ ਦਿੱਤਾ,
ਭੂਤ ਉਸ ਦਾ ਉਤਾਰ ਦਿੱਤਾ।
ਰਾਜ ਸਬਜ਼ੀ ਦਾ ਛਾ ਗਿਆ ਹੈ,
ਰੂਪ ਹਰ ਸ਼ੈ ਤੇ ਆ ਗਿਆ ਹੈ।
ਕੌਹਾਂ ਜਿੱਧਰ ਨੂੰ ਨੀਝ ਜਾਵੇ,
ਦਿਸਦੇ ਹਨ ਝੁੰਡ ਸਾਵੇ ਸਾਵੇ।
ਹਰ ਜਗਹ ਕਯਾ ਹਰੀ ਹਰੀ ਹੈ,
ਮੌਲੀ ਪ੍ਰਿਥਵੀ ਜ਼ਰੀ[2] ਜ਼ਰੀ ਹੈ।
ਵਗਦੇ ਸਨ ਜਿੱਥੇ ਵਾ ਵਰੋਲੇ,
ਪੈ ਰਹੇ ਓਥੇ ਹਨ ਹੰਡੋਲੇ[3]।
ਰੰਗਾਂ ਵਿਚ ਆਏ ਬੇਲ ਬੂਟੇ,
ਫੁੱਲਾਂ ਨੂੰ ਦੇ ਰਹੇ ਨੇਂ ਝੂਟੇ।
ਟਹਿਕੀਆਂ ਹੋਈਆਂ ਟਾਹਣੀਆਂ ਨੇਂ,
ਉੜਦੀਆਂ ਜਿਉਂ ਸੁਆਣੀਆਂ[4] ਨੇਂ।
ਚਿਹਰੇ ਕਲੀਆਂ ਨੇ ਹਨ ਖਿੜਾਏ,
ਖਿਸਕਦਾ ਘੁੰਡ ਮੂੰਹ ਤੋਂ ਜਾਏ।
ਬਾਸਨਾ[5] ਚੜ੍ਹ ਹਵਾ ਦੇ ਘੋੜੇ,
ਰਾਹੀਆਂ ਤੇ ਪਾ ਰਹੀ ਹੈ ਡੋਰੇ।
ਭੌਰੇ ਫਿਰਦੇ ਨੇਂ ਬੌਰੇ ਹੋਏ,
ਡਿਗਦੇ ਨੇਂ ਡੌਰ ਭੌਰ ਹੋਏ।
ਜੱਫੇ ਪਾ ਪਾ ਕੇ ਪ੍ਰੀਤਮਾਂ ਨੂੰ,
ਠੰਢ ਪਾਂਦੇ ਨੇਂ ਛਾਤੀਆਂ ਨੂੰ।

---

1. ਉਰਦੂ ਦਾ ਪ੍ਰਸਿੱਧ ਸੁਧਾਰਕ ਕਵੀ। 2. ਚੱਪਾ ਚੱਪਾ। 3. ਝੂਟੇ, ਮੀਆਂ। 4. ਨੇਕ ਇਸਤ੍ਰੀਆਂ ਘਰਾਂ ਦੀਆਂ ਮਾਲਕਾਂ।
5. ਖੁਸ਼ਬੋ, ਸੁਗੰਧੀ।

ਸੀਨਾ ਬੁਲਬੁਲ ਦਾ ਫੁਲ ਰਿਹਾ ਹੈ।
ਬੇਵਸਾ ਹਾਸਾ ਡੁਲ ਰਿਹਾ ਹੈ।
ਪਯਾਰੇ ਦੀ ਉਭਰਦੀ ਜਵਾਨੀ,
ਦੇਖ ਕਰਦੀ ਹੈ ਛੇੜਖਾਨੀ।
ਛਾਤੀ ਨੂੰ ਲਾ ਕੇ ਗੁਦਗੁਦਾਵੇ,
ਪ੍ਰੇਮ ਦੀ ਚੋਟ ਭੀ ਚਲਾਵੇ।
ਪੁੱਛੋ ਨਾ ਅਜ ਸਮੀਰ ਦੀ ਗੱਲ,
ਮਿੱਠੀ, ਮੱਠੀ ਸੁਗੰਧ ਸੀਤਲ।
ਪੁਸ਼ਪ-ਰਸ[1] ਨਾਲ ਭਿੰਨੀ ਹੋਈ,
ਪੂਰੇ ਜੋਬਨ ਨੂੰ ਪੁੰਨੀ[2] ਹੋਈ,
ਪਰੁਪਕਾਰੀ ਦਾ ਜਸ ਬਣੀ ਹੈ,
ਯਾ ਸਮਾਧੀ ਦਾ ਰਸ ਬਣੀ ਹੈ।
ਬਾਗਾਂ ਦੀ ਸੰਪਦਾ[3] ਉਠਾ ਕੇ,
ਵੰਡੇ ਵਿਚ ਪ੍ਰੇਮੀਆਂ ਦੇ ਜਾ ਕੇ।
ਪੱਖਾ ਜੈਸਾ ਚਲਾਉਂਦੀ ਹੈ,
ਦੀਨ ਦੁਨੀਆਂ ਭੁਲਾਉਂਦੀ ਹੈ।
ਮੋਏ ਮਨ ਭੀ ਖਲੋਈ ਜਾਂਦੇ,
ਬਾਗ ਨੂੰ ਤਯਾਰ ਹੋਈ ਜਾਂਦੇ।
ਵਰਖਾ ਰੁਤ ਦੀ ਬਹਾਰ ਦੇਖਣ,
ਬੂਟਿਆਂ ਦਾ ਨਿਖਾਰ ਦੇਖਣ।
ਮੌਜਾਂ ਫੁੱਲਾਂ ਤੇ ਬੁਲਬੁਲਾਂ ਦੀ,
ਅੰਬ ਪਰ ਕੂਕ ਕੋਇਲਾਂ ਦੀ।
ਮੋਰਾਂ ਦੇ ਨਾਚ ਦਾ ਨਜ਼ਾਰਾ,
ਵਰਖਾ ਦਾ ਦ੍ਰਿਸ਼ ਪਯਾਰਾ ਪਯਾਰਾ।
ਗਗਨ ਪਰ ਫੌਜਾਂ ਦੀ ਚੜ੍ਹਾਈ,
ਮੇਘ-ਮੰਡਲ[4] ਦੀ ਆਓ ਜਾਈ।
ਕਾਲੀ ਕਾਲੀ ਘਟਾਂ ਦਾ ਘੁਰਨਾ[5],
ਗੱਜਣਾ, ਗੁੜ੍ਹਕਣਾ ਤੇ ਤੁਰਨਾ।
2. ਵੇਖੋ ! ਔਹ ਪਰਬਤਾਂ ਦੁਆਲੇ,
ਘਿਰ ਗਏ ਮੇਘ ਕਾਲੇ ਕਾਲੇ।
ਬਾਗਾਂ ਵਿਚ ਕੂਕ ਛਿੜ ਪਈ ਹੈ,

1. ਫੁੱਲਾਂ ਦਾ ਰਸ। 2. ਪੁੱਜੀ ਹੋਈ, ਭਰਪੂਰ। 3. ਦੌਲਤ। 4. ਬੱਦਲਾਂ ਦੀਆਂ ਘਟਾਂ। 5. ਗੱਜਣਾ।

ਮੋਰਾਂ ਦੀ ਜਾਨ ਖਿੜ ਪਈ ਹੈ।
ਆਹਾਂ ! ਕਯਾ ਮੌਜ ਹੋ ਰਹੀ ਹੈ,
ਕੱਠੀ ਕਯਾ ਫੌਜ ਹੋ ਰਹੀ ਹੈ।
ਵੰਨੋਵੰਨੀ[1] ਦੇ ਹਨ ਰਸਾਲੇ[2],
ਕੋਈ ਗੋਰੇ ਤੇ ਕੋਈ ਕਾਲੇ।
ਧਾਵਾ ਹੋਣਾ ਹੈ ਕੋਈ ਜਾਨੇ,
ਬੀੜੇ ਹਨ ਕਈ ਤੋਪਖਾਨੇ।
ਧੌਂਸੇ[3] ਪਰ ਚੋਟ ਲਗ ਰਹੀ ਹੈ,
ਤੋਪ ਬੰਦੂਕ ਦਗ ਰਹੀ ਹੈ।
ਸਾਰੇ ਦਲ ਬੱਦਲਾਂ ਦਾ ਛਾਇਆ,
ਧੁੱਪਾਂ ਪਰ ਪੈ ਰਿਹਾ ਹੈ ਸਾਇਆ।
ਰੁਕ ਗਿਆ ਆਉਣੋਂ ਉਜਾਲਾ,
ਤੰਬੂ ਇਕ ਤਣ ਗਿਆ ਹੈ ਕਾਲਾ।
ਬਿਜਲੀ ਰੋਹ ਆਈ ਕਿਲਕਦੀ[4] ਹੈ,
ਬਰਛੀ ਕਯਾ ਇਸ ਦੀ ਚਿਲਕਦੀ ਹੈ।
ਬੂੰਦਾ ਬੂੰਦੀ ਆਹਾ ! ਹਾਂ ! ਆਈ,
ਛਿੜ ਪਈ ਜ਼ੋਰ ਦੀ ਲੜਾਈ।
ਤੀਰ ਵਰ੍ਹਦੇ ਨੇ ਇਸ ਤਰ੍ਹਾਂ ਦੇ,
ਛਣ ਗਏ ਸੀਨੇ ਗਰਮੀਆਂ ਦੇ।
ਔੜ[5] ਦੇ ਸਿਰ ਤੇ ਫਿਰਿਆ ਪਾਣੀ,
ਘੱਟੇ ਦੀ ਹੋ ਗਈ ਹੈ ਘਾਣੀ[6]।
ਮੀਂਹ ਦਾ ਐਸਾ ਲਗਾ ਦਰੇੜਾ[7]।
ਰੁੜ੍ਹ ਗਿਆ ਗਰਮੀਆਂ ਦਾ ਬੇੜਾ।
3. ਦੇਖੋ ਹੁਣ ਸੀਨ[8] ਆਇਆ ਹੋਰੀ,
ਘਟ ਗਈ ਘਟ ਦੀ ਸੀਨਾਜ਼ੋਰੀ[9]।
ਚਿੱਟੀ ਝੰਡੀ ਹਿਲਾ ਹਿਲਾ ਕੇ,
ਕਿਰਨਾਂ ਆ ਗਈਆਂ ਰਾਹ ਬਣਾ ਕੇ,
ਫੌਜਾਂ ਹੁਣ ਕੂਚ ਬੋਲ ਦਿੱਤਾ।

---

1. ਕਿਸਮ ਕਿਸਮ ਦੇ, ਵੰਨ ਸੁਵੰਨੇ। 2. ਘੋੜ ਚੜ੍ਹੀ ਫੌਜ। 3. ਨਗਾਰੇ। 4. ਕੜਕਦੀ।
5. ਸੋਕਾ, ਮੀਂਹ ਨਾ ਵੱਸੇ ਤਾਂ ਔੜ ਲਗੀ ਕਹਿੰਦੇ ਹਨ।
6. ਨਾ, ਉਵ ਚਿਕੜ ਜੋ ਕੋਠੇ ਲਿੰਬਣ ਜਾਂ ਇਟਾਂ ਜੋੜਨ ਲਈ ਬਣਾਈਦਾ ਹੈ ਨੂੰ ਭੀ ਘਾਣੀ ਕਹਿੰਦੇ ਹਨ।
7. ਦਲੇਰਾਨਾ ਹੱਲਾ, ਬੁਛਾੜ। 8. ਨਜ਼ਾਰਾ। 9. ਜ਼ਬਰਦਸਤੀ, ਛਾਤੀ ਦੇ ਜ਼ੋਰ। (ਬਦੋਬਦੀ) ਕੋਈ ਕੰਮ ਕਰ ਜਾਣਾ।

ਨਾਕਾ[1] ਸੂਰਜ ਦਾ ਖੋਲ ਦਿੱਤਾ।
ਖਿੜ ਗਿਆ ਆਸਮਾਨ ਸਾਰਾ,
ਧੁਪ ਗਿਆ ਹੈ ਜਹਾਨ ਸਾਰਾ।
ਉੱਚੇ ਥਾਂ ਖੂਬ ਤਰ ਗਏ ਨੇਂ,
ਨੀਵੇਂ ਜਲ ਨਾਲ ਭਰ ਗਏ ਨੇਂ।
ਨਦੀਆਂ ਨੂੰ ਹੜ ਰੁੜ੍ਹਾ ਰਿਹਾ ਹੈ,
ਲੋੜ੍ਹਾ ਕਾਂਗਾਂ ਨੂੰ ਆ ਰਿਹਾ ਹੈ।
ਬ੍ਰਿਛਾਂ ਨੇ ਖੂਬ ਨ੍ਹਾ ਲਿਆ ਹੈ,
ਸਾਵਾ ਬਾਣਾ ਵਟਾ ਲਿਆ ਹੈ।
ਖੇਤੀਆਂ ਵਾਲੇ ਤਰ ਗਏ ਨੇਂ,
ਔੜ ਦੇ ਮਾਪੇ ਮਰ ਗਏ ਨੇਂ।
ਪਸ਼ੂਆਂ ਨੂੰ ਖੁਲ੍ਹ ਗਿਆ ਭੰਡਾਰਾ,
ਹੋ ਗਿਆ ਆਮ ਘਾਹ ਚਾਰਾ।
ਦੁੱਧਾਂ ਦਹੀਆਂ ਬਹਾਰਾਂ ਲਾਈਆਂ,
ਸੋਕੜਾਂ[2] ਨੇ ਝਲਾਰਾਂ[3] ਲਾਈਆਂ,
ਸਾਵੇਂ ਸਾਉਣ ਦੇ ਦੂਣੇ ਹੋਏ,
ਭਰ ਗਏ ਭੋਖੜੇ[4] ਦੇ ਟੋਏ।

4. ਰੰਗਾਂ ਵਿਚ ਆ ਗਈ ਲੁਕਾਈ,
ਪੇਟ ਵਿਚ ਪਾ ਰਹੀ ਕਮਾਈ।
ਅੰਬਾਂ ਦੀ ਆ ਗਈ ਹੈ ਸ਼ਾਮਤ[5],
ਬਣ ਗਏ ਜਾਮਨੂੰ ਨਿਆਮਤ[6]।
ਪੂੜੇ ਪਰ ਜੀਭ ਵਹਿ ਰਹੀ ਹੈ,
ਖੀਰਾਂ ਦੀ ਡੰਝ ਲਹਿ ਰਹੀ ਹੈ[7]।
ਕੋਈ ਮੌਜਾਂ ਉਡਾ ਰਿਹਾ ਹੈ,
ਰਾਗ ਰੰਗ ਕੋਈ ਗਾ ਰਿਹਾ ਹੈ।
ਬੰਸਰੀ ਫੜ ਲਈ ਕਿਸੇ ਨੇ,
ਜੋੜੀ ਹੈ ਧਰ ਲਈ ਕਿਸੇ ਨੇ।
ਕੋਈ ਮਲਹਾਰ[8] ਗੇੜਦਾ ਹੈ,
ਦੇਸ[9] ਨੂੰ ਕੋਈ ਛੇੜਦਾ ਹੈ।
ਸਈਆਂ ਰਲ ਮਿਲ ਕੇ ਆ ਰਹੀਆਂ ਨੇਂ,
ਬਾਗਾਂ ਨੂੰ ਭਾਗ ਲਾ ਰਹੀਆਂ ਨੇਂ।

---

1. ਰਸਤਾ, ਸੁਰਾਖ, ਮੋਘਾ। 2. ਸੁੱਕ ਗਏ ਲਵੇਰੇ, ਜੋ ਮੱਝਾਂ ਗਊਆਂ ਦੁੱਧ ਦੇਣੋਂ ਹਟ ਗਈਆਂ ਹੋਣ। 3. ਖੁਲ੍ਹਾ ਪ੍ਰਵਾਹ, ਵਹਾਉ। 4. ਭੁੱਖ। 5. ਬੁਰੇ ਦਿਨ, ਮੁਸੀਬਤ। 6. ਸੁਗਾਤ। 7. ਖੂਬ ਖਾਧੀ ਜਾਣੀ, ਰੀਝ ਪੂਰੀ ਕਰਨੀ। 8-9. ਰਾਗਾਂ ਦੇ ਨਾਂ।

ਚੱਲੋ ਅੜੀਓ ਨੀਂ ਪੀਂਘਾਂ ਪਾਈਏ।
ਹੂਟੇ ਲਈਏ ਤੇ ਗਾਉਣ ਗਾਈਏ।
ਪੀਂਘਾਂ ਦੇ ਛਿੜ ਪਏ ਹੁਲਾਰੇ,
ਬਿਰਹੋਂ ਦੇ ਭਖ ਉਠੇ ਅੰਗਾਰੇ।
ਯਾਦ ਪਯਾਰੇ ਦੀ ਆ ਪਈ ਹੈ,
ਬਿਰਹਨੀ[1] ਬਿਲਬਿਲਾ[2] ਪਈ ਹੈ।
ਪ੍ਰੇਮ ਨੇ ਖਾ ਲਏ ਉਛਾਲੇ,
ਅੱਖਾਂ ਦੇ ਬਣ ਗਏ ਪ੍ਰਨਾਲੇ।
ਬਾਲਮਾ ! ਵਾਰਨੇ ਤਿਹਾਰੇ,
ਦੇ ਜਾ ਸਾਉਣ ਦੇ ਦਿਨ ਉਧਾਰੇ।
ਸੱਦੋ ਨੀ ਮੇਰਾ ਚੀਰੇ ਵਾਲਾ,
ਸੀਨੇ ਵਿਚ ਸੁਲਗਦੀ ਜੁਆਲਾ[3]।
ਕਾਲਜੇ ਮੇਰੇ ਲੰਬੂ ਲਾ ਕੇ,
ਲੁਕ ਰਿਹਾ ਮਾਹੀ ਕਿੱਥੇ ਜਾ ਕੇ ?
ਨੀਝ ਰਸਤੇ ਦੇ ਵਿਚ ਪਰੋਤੀ,
ਸੁਕ ਗਈ ਬੂਹੇ ਤੇ ਖੜੋਤੀ।
ਸ਼ਾਮ ਘਟ[4] ਸ਼ਾਮ ਬਿਨ ਨਾ ਭਾਵੇ,
ਵਰਖਾ ਬਲਦੀ ਤੇ ਤੇਲ ਪਾਵੇ।
ਚੋਜ ਦੁਨੀਆਂ ਮਨਾ ਰਹੀ ਹੈ।
ਸ਼ਾਂਤਿ ਚੌਫੇਰੇ ਛਾ ਰਹੀ ਹੈ,
ਪਰ ਮੇਰੀ ਜਾਨ ਜਲ ਰਹੀ ਹੈ,
ਸ਼ਮਾ ਮਹਿਫਲ ਦੀ ਗਲ ਰਹੀ ਹੈ।
ਆ ਕੇ ਇਕ ਨੀਝ ਨਾਲ ਤਾਰੋ,
ਬਿਰਹ ਦੇ ਕਸ਼ਟ ਨੂੰ ਨਿਵਾਰੋ।
ਵਾਂਗ ਚਾਤ੍ਰਿਕ ਤੜਪ ਰਹੀ ਹਾਂ,
ਪਯਾਸੀ ਇਕ ਸ੍ਵਾਂਤ ਬੂੰਦ[5] ਦੀ ਹਾਂ।

ਸਾਉਣ

(ਮਾਝੇ ਦੇ ਇਕ ਪਿੰਡ ਵਿਚ)

ਸਾਉਣ ਮਾਂਹ, ਝੜੀਆਂ ਗਰਮੀ ਝਾੜ ਸੁੱਟੀ,
ਧਰਤੀ ਪੁੰਗਰੀ, ਟਹਿਕੀਆਂ ਡਾਲੀਆਂ ਨੇਂ,

1. ਵਿਛੜੀ ਹੋਈ। 2. ਵਿਆਕੁਲ ਹੋ ਕੇ ਵਿਰਲਾਪ ਕਰਨਾ। 3. ਬਿਰਹੋਂ ਦੀ ਅਗਨੀ। 4. ਕਾਲੀ ਘਟਾ। 5. ਮੀਂਹ ਦੀ ਜਿਸ ਬੂੰਦ ਨਾਲ ਪਪੀਹੇ ਦੀ ਪਿਆਸ ਬੁਝਦੀ ਹੈ, ਇਥੇ ਪ੍ਰੀਤਮ ਦੇ ਮਿਲਾਪ ਤੋਂ ਭਾਵ ਹੈ।

ਰਾਹ ਰੋਕ ਲਏ ਛੱਪੜਾਂ ਟੋਭਿਆਂ ਨੇ,
ਨਦੀਆਂ ਨਾਲਿਆਂ ਜੂਹਾਂ ਹੰਘਾਲੀਆਂ[1] ਨੇ,
ਧਾਈਂ ਉੱਸਰੇ, ਨਿੱਸਰੀ ਚਰ੍ਹੀ ਮੱਕੀ,
ਤੇ ਕਪਾਹੀਂ ਨਾ ਜਾਣ ਸੰਭਾਲੀਆਂ ਨੇਂ,
ਜੰਮੂ ਰਸੇ, ਅਨਾਰ ਵਿਚ ਆਈ ਸ਼ੀਰੀ[2] ,
ਚੜ੍ਹੀਆਂ ਸਬਜ਼ੀਆਂ ਨੂੰ ਗਿਠ ਗਿਠ ਲਾਲੀਆਂ ਨੇਂ,
ਤਿੜ੍ਹਾਂ[3] ਤਿੜਕੀਆਂ, ਪੱਠਿਆਂ ਲਹਿਰ ਲਾਈ,
ਡੰਗਰ ਛੱਡ ਦਿੱਤੇ ਖੁੱਲੇ ਪਾਲੀਆਂ ਨੇਂ,
ਵੱਟਾਂ ਬੱਧੀਆਂ ਜੋਤਰੇ ਖੋਲ੍ਹ ਦਿੱਤੇ,
ਛਾਵੇਂ ਮੰਜੀਆਂ ਡਾਹੀਆਂ ਹਾਲੀਆਂ ਨੇ।
ਪੇਕੀਂ ਬੈਠੀਆਂ ਤਾਈਂ ਦਿਹਾਰ[4] ਆਏ,
ਤੇ ਸ਼ਿੰਗਾਰ ਲਾਏ ਸਹੁਰੀਂ ਆਈਆਂ ਨੇ,
ਵੰਗਾਂ ਚੂੜੀਆਂ ਪਹਿਨੀਆਂ ਕੁਆਰੀਆਂ ਨੇ,
ਰੰਗ ਚੁੰਨੀਆਂ ਮਹਿੰਦੀਆਂ ਲਾਈਆਂ ਨੇ,
ਖੀਰਾਂ ਰਿੱਝੀਆਂ, ਪੂੜਿਆਂ ਡੰਝ ਲਾਹੀ,
ਕੁੜੀਆਂ ਵਹੁਟੀਆਂ ਨੇ ਪੀਂਘਾਂ ਪਾਈਆਂ ਨੇ,
ਗਿੱਧੇ ਵੱਜਦੇ, ਕਿਲਕਿਲੀ ਮੱਚਦੀ ਏ,
ਘਟਾਂ ਕਾਲੀਆਂ ਵੇਖ ਕੇ ਛਾਈਆਂ ਨੇ।
ਸੌਂਚੀ[5] ਖੇਡਦੇ ਗੱਭਰੂ ਪਿੜਾਂ ਅੰਦਰ,
ਛਿੰਝਾਂ[6] ਪਾਉਂਦੇ ਤੇ ਛਾਲਾਂ ਲਾਉਂਦੇ ਨੇ,
ਲੋਕੀ ਖੁਸ਼ੀ ਅੰਦਰ ਖੀਵੇ ਹੋਏ ਚਾਤ੍ਰਿਕ,
ਸਾਉਣ ਮਾਂਹ ਦੇ ਸੋਹਲੇ ਗਾਉਂਦੇ ਨੇ।

ਸੇਫਟੀ ਵਾਲ

ਸੇਫਟੀ[7] ਵਾਲ, ਸੇਫਟੀ ਵਾਲ। ਕਾਲ ਚਕ੍ਰ ਦੀ ਫਿਰਦੀ ਚਾਲ।

1. ਬਾਇਲਰ[8] ਦੇ ਵਿਚ ਜੋੜੀ ਭਾਫ਼,
ਇੰਜਨ ਵਾਹੀ ਜਾਏ ਸਾਫ।
ਮੱਠੀ ਹੋਣ ਲਗੇ ਜਦ ਤੋਰ,
ਕਾਇਮ ਰੱਖੇ ਉਸ ਦਾ ਜ਼ੋਰ।

1. ਖੇਤਾਂ ਨੂੰ ਧੋਤਾ ਹੈ। 2. ਮਿਠਾਸ। 3. ਘਾਹ ਦੀਆਂ ਤਿੜਾਂ। 4. ਤਿਉਹਾਰ। 5. ਕਬੱਡੀ ਵਾਂਗ ਇਕ ਪੇਂਡੂ ਖੇਡ। 6. ਘੋਲ ਕਰਨੇ।
7. ਇੰਜਨ ਵਿਚ ਭਾਫ ਬਣਾਉਣ ਵਾਲੀ ਮਸ਼ੀਨ ਦਾ ਇਕ ਸਵੈ-ਚਾਲਕ ਜੰਤਰ ਜਿਹੜਾ ਭਾਫ ਦੇ ਖ਼ਾਸ ਦਬਾਅ ਨਾਲ ਹੀ ਖੁਲ੍ਹਦਾ ਹੈ ਤੇ ਵਾਧੂ ਭਾਫ ਬਾਹਰ ਕੱਢ ਦਿੰਦਾ ਹੈ। 8. ਪਾਣੀ ਉਬਾਲਣ ਵਾਲਾ ਹਿੱਸਾ।

ਕੋਲਾ ਪੈ ਪੈ ਨਾਲੋ ਨਾਲ,
ਸੇਫਟੀ ਵਾਲ ਸੇਫਟੀ ਵਾਲ।

2. ਅਗ ਪਾਣੀ ਦਾ ਸਾਂਝਾ ਖੇਲ,
ਤਾਕਤ ਤੋਰੀ ਚੱਲੇ ਰੇਲ।
ਹੋਂ ਜਾਏ ਭਾਫ਼ ਜਦੋਂ ਮੂੰਹ ਜ਼ੋਰ,
ਪੈਣ ਲਗੇ ਆਖਰ ਦਾ ਸ਼ੋਰ।
ਖੁਲ ਜਾਏ ਤਦ ਸੇਫਟੀ ਵਾਲ,
ਸੇਫਟੀ ਵਾਲ, ਸੇਫਟੀ ਵਾਲ।

3. ਘੂਨੀ[1] ਘੁੱਗੂ ਰੌਲਾ ਪਾ,
ਅੱਤ[2] ਹੋਈ ਦੇਵੇ ਸਮਝਾ।
ਚਲੇ ਚੁਫੇਰੇ ਤੱਤੀ ਵਾ,
ਸਹਿਜੇ ਸਹਿਜੇ ਭਾਫ ਉਡਾ।
ਮੁੜ ਆ ਜਾਏ ਓਸੇ ਹਾਲ,
ਸੇਫਟੀ ਵਾਲ, ਸੇਫਟੀ ਵਾਲ।

4. ਕੁਦਰਤ ਦੀ ਇਹ ਚਾਲ ਕਦੀਮ[3],
ਵਧਦਾ ਜਾਏ ਜਦੋਂ ਸਟੀਮ[4]।
ਹਲ ਸੁੱਟੇ ਧਰਤੀ ਤੂੰ ਵਾਹ,
ਵਾਧੂ ਤਾਕਤ ਕਰੇ ਤਬਾਹ।
ਫਿਰ ਮੋਇਆਂ ਨੂੰ ਲਏ ਜਿਵਾਲ,
ਸੇਫਟੀ ਵਾਲ, ਸੇਫਟੀ ਵਾਲ।

ਗੁਲਾਬ

ਮੈਂ ਗੁਲਾਬ, ਮੇਰਾ ਕਰਤਵ ਏਹੋ।
ਖਿੜ ਖਿੜ ਬਾਗ ਸਜਾਣਾ,
ਸੁਕ ਸੜ ਜਾਣਾ (ਅਤੇ)
ਮੁੜ ਖੇੜੇ ਵਿਚ ਆਣਾ।
ਬਾਗ (ਸਲਾਮਤ)[5] ਬੂਟਾ ਹਰਿਆ।
ਜੀਵੇ ਜਾਗੇ ਮਾਲੀ,
ਸ਼ਾਲਾ ਬਣਿਆ ਰਹੇ ਮੇਰਾ ਇਥੇ,
ਨਿਤ ਨਿਤ ਆਉਣਾ ਜਾਣਾ।

---

1. ਖ਼ਤਰੇ ਦੀ ਅਵਾਜ਼। 2. ਅਖੀਰ, ਹਦੋਂ ਵੱਧ ਜਾਣਾ। 3. ਸ਼ੁਰੂ ਦੀ, ਪੁਰਾਣੀ। 4. ਭਾਫ਼।
5. ਕਾਇਮ, ਖੈਰੀਅਤ ਨਾਲ।

ਝਰਨੇ ਨਾਲ ਗੱਲਾਂ

ਪ੍ਰਸ਼ਨ :—
ਝਰਨਿਆਂ ਯਾਰਾ ! ਕਿਨ੍ਹਾਂ ਵਹਿਣਾਂ 'ਚ ਰੁੜਿਆ ਜਾ ਰਿਹੋਂ ?
ਬੇ ਮੁਰਾਦੇ[1] ਦਿਲ ਤਰ੍ਹਾਂ ਗੋਤੇ ਤੇ ਗੋਤਾ ਖਾ ਰਿਹੋਂ ?
ਪੱਥਰਾਂ ਤੇ ਮਾਰ ਸਿਰ, ਕੀ ਕੀਰਨੇ ਤੂੰ ਕਰ ਰਿਹੋਂ ?
ਇਹ ਤਸੀਹੇ ਰਾਤ ਦਿਨ ਕਿਸ ਦੀ ਲਗਨ 'ਚ ਜਰ ਰਿਹੋਂ ?
ਗੇੜ ਵਿਚ ਹਰਦਮ ਰਹਿਣ ਦੀ ਕੀ ਤੂੰ ਇੱਲਤ ਲਾ ਲਈ ?
ਰਾਹ ਵਿਚ ਗੋਡਾ[2] ਨਿਵਾਉਣ ਦੀ ਹੈ ਸਹੁੰ ਕਿਉਂ ਖਾ ਲਈ ?
ਸੱਚ ਦਸ ਕਿਸ ਸਿਕ ਨੇ ਲੂੰ ਲੂੰ ਤੇਰਾ ਤੜਫਾਇਆ ?
ਭਾਲ ਕਿਸ ਦੀ ਕਰਨ ਪੱਥਰ ਪਾੜਦਾ ਤੂੰ ਆਇਆ ?
ਦਰਦ ਕਿਸ ਦੀ ਚੀਸ ਹੈ, ਦਿਲ ਬਰੀ ਦੇ ਇਸ ਸ਼ੋਰ ਵਿਚ ?
ਲੋਰ ਹੈ ਕਿਸ ਇਸ਼ਕ ਦਾ, ਇਸ ਬੇਮੁਹਾਰੀ ਤੋਰ ਵਿਚ ?
ਉੱਤਰ :—
ਲੇਖ ਵਿਚ ਮੇਰੇ ਧੁਰੋਂ ਪੱਲੇ ਪਈ ਇਹ ਤੋਰ ਹੈ,
ਤੋਰ ਵਿਚ ਹੀ ਜਿੰਦਗੀ ਦਾ ਮਰਮ[3] ਕਰਦਾ ਸ਼ੋਰ ਹੈ।
ਉਮਰ ਦੇ ਘੜਿਆਲ ਦੀ ਸੂਈ ਤਰ੍ਹਾਂ ਨਿੱਤ ਚੱਲਣਾ,
ਹੌਂਸਲਾ ਨਾ ਹਾਰਨਾ ਪਰ ਚਾਲ ਨੂੰ ਨਾ ਠੱਲਣਾ।
ਵਧਦਿਆਂ ਜਾਣਾ ਅਗੇਰੇ ਮੁੜ ਨ ਪਿੱਛੇ ਤੱਕਣਾ,
ਮੁਸ਼ਕਲਾਂ ਨੂੰ ਮਲਦਿਆਂ ਪੈਰਾਂ ਤਲੇ, ਨਾ ਬੱਕਣਾ।
ਅਖ ਦਰਦਾਂ ਕੇਰਵੀ[4] ਮੇਰੀ ਬਹਾਰਾਂ ਲਾ ਰਹੀ,
"ਹਾਂ ਵਧੇ ਚਲੋ" ਪੁਕਾਰਾਂ ਚਾਲ ਮੇਰੀ ਪਾ ਰਹੀ।
ਮੈਂ ਇਸੇ 'ਦ੍ਰਿੜ ਚਾਲ' ਤੋਂ ਪਾਈਆਂ ਮੁਰਾਦਾਂ[5] ਸਾਰੀਆਂ,
ਸਿਖਿਆ ਮੇਰੇ ਚਲਣ ਤੋਂ ਹੌਸਲਾ ਸੰਸਾਰੀਆਂ।

ਸਵਾਲ ਜਵਾਬ
ਦੋਹਰੇ
ਪਹਿਲੀ ਤੁਕ ਵਿਚ ਸਵਾਲ ਤੇ ਦੂਜੀ ਵਿਚ ਜਵਾਬ।

1. ਫੁੱਲ ਗੁਲਾਬੀ ਸੁਹਣਿਆ !
(ਤੂੰ) ਬਣ ਗਿਓਂ, ਕਿਵੇਂ ਗੁਲਾਬ ?
ਖਿੜਾਂ, ਖਿੜਾਵਾਂ, ਸਭਸ ਨੂੰ,
ਮੇਰੇ ਮਾਲੀ[6] ਦਾ ਸੀ ਖਾਬ[7]।

1. ਜਿਸ ਦੀ ਇੱਛਾ ਪੂਰੀ ਨਾ ਹੁੰਦੀ ਹੋਵੇ।
2. ਸਾਹ ਲੈਣਾ—ਪੁਰਾਣਾ ਰਿਵਾਜ ਸੀ ਕਿ ਰਾਹੀ ਪਿੰਡ ਵਿਚ ਆਉਣ ਤੋਂ ਪਹਿਲਾਂ ਬਾਹਰ ਹੀ ਕਿਸੇ ਖੂਹ ਆਦਿ ਤੇ ਬਹਿ ਕੇ ਸਾਹ ਲੈਂਦਾ, ਮੂੰਹ ਹੱਥ ਧੋਂਦਾ ਤੇ ਜੁੱਤੀਆਂ ਆਦਿ ਝਾੜ ਕੇ ਪਾਉਂਦਾ ਸੀ, ਉਸ ਸਾਹ ਲੈਣ ਨੂੰ ਗੋਡਾ ਨਿਵਾਣਾ ਕਹਿੰਦੇ ਸਨ।
3. ਭੇਤ। 4. ਵਗਾਉਣ ਵਾਲੀ। 5. ਇਛਿਆ। 6. ਰੱਬ ਤੋਂ ਭਾਵ ਹੈ। 7. ਸੁਪਨਾ।

2. ਭਉਰਾ ! ਭਉਂ ਭਉਂ ਕੰਵਲ ਦਾ,
ਕਿਉਂ ਮਾਣੇਂ ਰਸ ਰੰਗ ?
ਸਭ ਕੋਈ ਮਰੇ, ਸੁਹਣੱਪ[1] ਤੇ,
ਰੱਬ ਦੀ ਇਹੋ ਉਮੰਗ !

3. ਤ੍ਰਿੱਤਲੀਏ ! ਤੂੰ ਲੈ ਲਏ।
ਕਿੱਥੋਂ ਐਨੇ ਰੰਗ ?
ਜਿਹੜਾ ਸੁਹਣਾ ਵੇਖਿਆ,
ਓਥੋਂ ਲੀਤਾ ਮੰਗ।

4. ਬੁਲਬੁਲ ਨੀਂ ! ਤੂੰ ਫੁੱਲ ਦਾ,
ਕਿਉਂ ਲਾ ਲਿਆ ਵਿਰਾਗ[2] ?
ਭੁੱਖੀ ਪ੍ਰੀਤਮ-ਛੋਹ ਦੀ,
ਭਟਕਾਂ ਬਾਗੋ ਬਾਗ।

5. ਪਾੜ ਪਪੀਹੇ ! ਚੁੰਝ ਨੂੰ,
ਕਿਉਂ ਨਿਤ ਪਾਵੇਂ ਕੂਕ ?
ਪ੍ਰੇਮ-ਕਣੀ ਦੀ ਤਾਂਘ ਵਿਚ,
ਉਠੇ ਕਲੇਜਿਓਂ ਹੂਕ।

6. ਕੋਇਲ ! ਕਿਉਂ ਤੂੰ ਕੂਕਦੀ,
ਕਾਲੀ ਗਈਓਂ ਹੋ ?
ਡਾਲੀ ਡਾਲੀ ਲੈਨੀ ਆਂ,
ਸੋਹਣੇ ਦੀ ਕਨਸੋ[3]।

ਵਹਿੰਦਾ ਜਾਏ[4]
(ਗੀਤ)

ਨੀਰ ਨਦੀ ਦਾ ਵਹਿੰਦਾ ਜਾਏ।
ਉਤਰ ਪਹਾੜੋਂ ਡਿਗਦਾ ਢਹਿੰਦਾ,
ਚੱਕਰ ਖਾਂਦਾ ਧੱਪੇ ਸਹਿੰਦਾ,
ਨਾਲ ਚਿਟਾਨਾਂ ਖਹਿੰਦਾ ਖਹਿੰਦਾ,
ਨੀਰ ਨਦੀ ਦਾ ਵਹਿੰਦਾ ਜਾਏ।
ਰਾਹ ਤੁਰਦਾ ਅਸਮਾਨੀ ਤਾਰਾ,
ਲਹਿਰਾਂ ਵਿਚ ਪਾ ਪਾ ਝਲਕਾਰਾ,

---

1. ਸੁੰਦਰਤਾ।
2. ਅਤਿ ਪ੍ਰੇਮ, ਪਰ ਇਥੇ ਆਮ ਪ੍ਰਚਲਿਤ, ਉਦਾਸੀ, ਵਿਛੋੜੇ ਦਾ ਦੁੱਖ ਆਦਿ ਅਰਥਾਂ ਵਿਚ ਵਰਤਿਆ ਹੈ। 3. ਖਬਰ।
4. ਵਿਸ਼ਾ ਅੰਗਰੇਜ਼ੀ ਦੀ ਪ੍ਰਸਿੱਧ ਕਵਿਤਾ, 'ਦੀ ਬਰੂਕ' ਨਾਲ ਰਲਦਾ ਹੈ ਪਰ ਭਾਵਾਂ ਵਿਚ ਉਚੇਰੇ ਭਾਵ ਹਨ।

'ਪੰਧ ਤੇਰਾ ਹੈ ਲੰਮਾ ਸਾਰਾ',
ਚਲ ਚਲ ਚਲ ਚਲ ਕਹਿੰਦਾ ਜਾਏ,
ਨੀਰ ਨਦੀ ਦਾ ਵਹਿੰਦਾ ਜਾਏ,
ਨਾਲ ਸਮੁੰਦਰ ਸਾਕਾਦਾਰੀ[1],
ਵਿਛੜੇ ਮਿਲੇ ਹਜ਼ਾਰਾਂ ਵਾਰੀ,
ਖਾ ਗਰਮੀ ਅਸਮਾਨੇ ਚੜ੍ਹਿਆ,
ਮੁੜ ਪਹਾੜ ਤੇ ਬਹਿੰਦਾ ਜਾਏ।
ਨੀਰ ਨਦੀ ਦਾ ਵਹਿੰਦਾ ਜਾਏ।

ਬਸੰਤ

ਜੰਗ ਜਿੱਤ ਕੇ ਆਏ ਫ਼ੌਜੀ

ਕੁਦਰਤ ਨੇ ਪਾਸਾ ਮੋੜਿਆ, ਤਸਵੀਰ ਦਾ ਰੁਖ ਪਲਟਿਆ,
ਬਿਸਤਰ ਉਠਾਇਆ ਪੱਤਝੜੀ, ਆ ਗਈ ਬਹਾਰ ਬਸੰਤ ਦੀ।
ਸਜਰੇ ਸ਼ਿਗੂਫੇ[2] ਪੁੰਗਰੇ, ਕਲੀਆਂ ਦੇ ਮੁੱਖੜੇ ਧੁਲ ਗਏ।
ਆਈਆਂ ਚਮਨ ਵਿਚ ਬਰਕਤਾਂ, ਮਹਿਕਾਂ ਦੇ ਦਫਤਰ ਖੁਲ੍ਹ ਗਏ।
ਨਿਕਲੀ ਬਸੰਤੋ ਵੇਸ ਕਰ, ਫੁੱਲਾਂ ਦੀ ਖਾਰੀ ਸਿਰ ਧਰ।
ਖਿੜਕੀ ਤੇ ਹਸ ਹਸ ਗਾਉਂਦੀ, ਨਚਦੀ ਤੇ ਪੈਲਾਂ ਪਾਉਂਦੀ।
ਮੱਥੇ ਤੇ ਡਲ੍ਹਕ ਸ਼ਹਾਬ[3] ਦੀ ਗੱਲ੍ਹਾਂ ਤੇ ਰੰਗ ਗੁਲਾਬ ਦਾ,
ਘਰ ਘਰ ਢੰਡੋਰਾ ਫਿਰ ਗਿਆ, ਮੈਂ ਹੁਸਨ ਹਾਂ ਪੰਜਾਬ ਦਾ।
ਆਖੇ ਨੀ ਆਓ ਸਹੇਲੀਓ ! ਅਣਖੀਲੀਓ ! ਅਲਬੇਲੀਓ !
ਆਓ ਬਣਾਈਏ ਟੋਲੀਆਂ, ਰਲ ਕੇ ਮਨਾਈਏ ਹੋਲੀਆਂ।
ਗਭਰੂਟ ਸਭ ਪੰਜਾਬ ਦੇ, ਮੁੱਛਾਂ ਦੇ ਵੱਟ ਸੁਆਰ ਕੇ।
ਕਰ ਕੇ ਲੜਾਈ ਦੀ ਫਤ੍ਹੇ, ਆ ਗਏ ਦਮਾਮੇ ਮਾਰਦੇ।
ਪਾਈਆਂ ਨੇ ਖਾਕੀ ਵਰਦੀਆਂ ਮੋਢੇ ਤੇ ਨੰਬਰ ਚਮਕਦੇ।
ਪਗੜੀ ਤੇ ਝਾਲਰ ਝੂਮਦੀ, ਛਾਤੀ ਤੇ ਤਕਮੇ ਲਮਕਦੇ।
ਝੋਲੇ ਸੁਗਾਤਾਂ ਦੇ ਭਰੇ, ਨੋਟਾਂ ਦੇ ਬਟੂਏ ਆਫਰੇ,
ਬੂਟਾ ਦੀ ਚਿਰ ਚਿਰ ਦੱਸਿਆ, ਰੌਲਾ ਪਿਆ ਔਹ ਆ ਗਿਆ।
ਬਾਂਕਾ ਸਿਪਾਹੀ ਆ ਗਿਆ, ਫੌਜੀ ਬਹਾਦੁਰ ਆ ਗਿਆ।
ਸੱਸ ਪੁੱਤ ਨੂੰ ਚੁੰਮਣ ਲੱਗ ਪਈ, ਮੈਂ ਸੰਗ ਕੇ ਅੰਦਰ ਜਾ ਵੜੀ।
ਸੋਚੀ ਕਿ ਮੈਂ ਨਹੀਂ ਹੱਸਣਾ, ਪੁੱਛੇ ਤੇ ਕੁਝ ਨਹੀਂ ਦੱਸਣਾ।
ਰਾਤਾਂ ਵਿਛੋੜੇ ਮਾਰੀਆਂ, ਰੋ ਰੋ ਕੇ ਕਿੰਜ ਗੁਜਾਰੀਆਂ।
ਅੱਗੇ ਈ ਮਜਾਜੀ[4] ਸੀ ਬੜਾ, ਹੁਣ ਤੇ ਲੜਾਕਾ ਬਣ ਗਿਆ।

---

1. ਰਿਸ਼ਤੇਦਾਰੀ। 2. ਕਲੀਆਂ। 3. ਲਾਲ ਰੰਗ ਦੀ (ਸਿਹਾਬ=ਅਸਮਾਨੀ ਟੁੱਟਦਾ ਤਾਰਾ)। 4. ਹੰਕਾਰੀ।

ਉਸ ਨੇ ਤੇ ਮੁਲ ਪਾਣਾ ਨਹੀਂ, ਪਰ ਮੈਂ ਵੀ ਡਰ ਜਾਣਾ ਨਹੀਂ।
ਆਖੇਗਾ ਜੇ, 'ਕੂ ਤੇ ਸਹੀ', ਆਖਾਂਗੀ ਮੈਂ 'ਛੇੜੋ ਨਾ ਜੀ'।
ਦੁਖਿਆਂ ਨੂੰ ਹੋਰ ਦੁਖਾਓ ਨਾ, ਪੱਛਾਂ ਤੇ ਮਿਰਚਾਂ ਪਾਓ ਨਾ।
ਸਾਡੀ ਤੁਹਾਨੂੰ ਸਾਰ ਕੀ, ਇਸ ਪ੍ਰੀਤ ਦਾ ਇਤਬਾਰ ਕੀ।
ਲੋਭੀ ਓ ਤਲਬਾਂ[1] ਦੇ ਤੁਸੀਂ, ਜੁੱਤੀ ਤੋਂ ਵਾਰੀ ਨੌਕਰੀ।
ਸਾਡੀ ਜਵਾਨੀ ਰੁਲ ਗਈ, ਉਲਫਤ[2] ਤੁਹਾਡੀ ਖੁਲ੍ਹ ਗਈ।
ਸੌ ਸੌ ਖਿਆਲਾਂ ਦੇ ਕਿਲ੍ਹੇ, ਢਾਏ ਉਸਾਰੇ ਅੰਦਰੇ।
ਪਰ ਹਾਇ ਨੀ ਦਿਲ ਚੰਦਰਾ, ਆਪੇ ਹੀ ਹੌਲਾ ਪੈ ਗਿਆ।
ਉਹ ਆ ਗਿਆ, ਮੈਂ ਹੱਸ ਪਈ, ਗਲ ਲੱਗ ਕੇ ਛਮ ਛਮ ਵੱਸ ਪਈ।

ਜਿਹਲਮ ਦਰਿਆ ਨੂੰ[3]

ਚਲ ਚਲ ਚਲ ਚਲ ਚਲਿਆ ਚਲ,
ਚਲਿਆ ਚਲ ਭਈ ਚਲਿਆ ਚਲ।—ਟੇਕ

ਪਰਬਤ ਪਰ ਬਰਫਾਨੀ ਢੇਰ, ਚਸ਼ਮਾ ਭਰਦੇ ਹੰਝੂ ਕੇਰ,
ਫੁੱਲਾਂ ਫਲਾਂ ਸ਼ਿੰਗਾਰੀ ਭੌਂ, ਇੰਦਰ ਪੁਰੀਓਂ ਪਿਆਰੀ ਭੌਂ,
ਵੈਰੀ ਨਾਗ[4] ਸੁਹਾਣੀ ਥਾਂ, ਓਹੋ ਥਾਂ ਹੈ ਤੇਰੀ ਮਾਂ,
ਨਿਰਮਲ ਸੀਤਲ ਵਹਿੰਦਾ ਜਲ, ਚਲਿਆ ਚਲ ਭਈ ਚਲਿਆ ਚਲ।
ਉਠ ਬਹੁ ਸ਼ੇਰਾ ਛਾਲਾਂ ਲਾ, ਰੋਕਾਂ ਅਟਕਾਂ ਚੀਰੀ ਜਾ।
ਗਰਜਾਂ ਬੜ੍ਹਕਾਂ ਮਾਰੀ ਜਾ, ਡਿਗ ਡਿਗ ਝੱਗ ਖਿਲਾਰੀ ਜਾ।
ਵਿਗ, ਵਲਾਵੇਂ ਰੋੜ੍ਹਾਂ, ਸ਼ੋਰ ਛੱਡ ਕੇ ਛੋਹ ਮਸਤਾਨੀ ਤੋਰ।
ਸ੍ਰੀ ਨਗਰ[5] ਦਾ ਭਰ ਦੇ ਡਲ[6], ਚਲਿਆ ਚਲ ਭਈ ਚਲਿਆ ਚਲ।
ਬਰਕਤ ਹੈ ਇਹ ਤੇਰੀ ਚਾਲ, ਦੁਨੀਆਂ ਵੱਸੇ ਇਸ ਦੇ ਨਾਲ।
ਝਾਤ ਦੁਪਾਸੜ ਪਾਈ ਜਾ, ਜੱਟ ਦੇ ਭਾਗ ਜਗਾਈ ਜਾ।
ਫਲ, ਫੁਲ, ਫਸਲਾਂ ਤਾਰੀ ਜਾ, ਮੋਤੀ ਗਿਰਦ ਖਿਲਾਰੀ ਜਾ।
ਵੁੱਲਰ[7] ਦੇ ਵਿਚ ਚਲ ਕੇ ਰਲ, ਚਲਿਆ ਚਲ ਭਈ ਚਲਿਆ ਚਲ।
ਏਥੋਂ ਫੇਰ ਅਗੇਰੇ ਹੋ, ਰਸਤੇ ਵਿਚ ਨਾ ਕਿਤੇ ਖਲੋ।
ਬੜਾ ਪਿਆ ਤੇਰਾ ਰਾਹ ਪੈਂਡੇ ਪੈ ਜਾ ਵਾਹੋ ਦਾਹ।
ਪੱਥਰ ਵੱਟਾ ਤੋੜੀ ਜਾ, ਜੋ ਮਿਲ ਜਾਏ ਰੋੜ੍ਹੀ ਜਾ।
ਪਾ ਦੇ ਪਰਬਤ ਵਿਚ ਤਰਥਲ, ਚਲਿਆ ਚਲ ਭਈ ਚਲਿਆ ਚਲ।
ਛੱਡ ਪਹਾੜ ਮਿਦਾਨੀਂ ਆ, ਚੌੜੀ ਕਰਕੇ ਹਿੱਕ ਵਿਖਾ।

---

1. ਤਨਖਾਹਾਂ। 2. ਪਿਆਰ, ਮੁਹੱਬਤ।
3. ਲਾਲਾ ਕ੍ਰਿਪਾ ਸਾਗਰ ਦੀ ਇਕ ਕਵਿਤਾ ਹੈ, 'ਜਿਹਲਮੇਂ ਦਾ ਪਾਣੀ ਆ ਵਗਦਾ ਹੀ ਹੋ'।
4. ਉਹ ਚਸ਼ਮਾ ਜਿਥੋਂ ਜੇਹਲਮ ਦਰਿਆ ਨਿਕਲਦਾ ਹੈ। 5. ਕਸ਼ਮੀਰ ਦੀ ਰਾਜਧਾਨੀ, ਇਕ ਵੱਡਾ ਨਗਰ।
6. ਡੱਲ ਝੀਲ ਜੋ ਸ੍ਰੀ ਨਗਰ ਸ਼ਹਿਰ ਕੋਲ ਹੀ ਹੈ। 7. ਕਸ਼ਮੀਰ ਦੀ ਇਕ ਹੋਰ ਝੀਲ।

ਦੇ ਜਾ ਆਪਣੇ ਨਾਂ ਦੀ ਯਾਦ, ਕੰਢੇ ਤੇ ਕਰ ਸ਼ਹਿਰ ਆਬਾਦ।
ਤੇਰੀ ਵੱਡੀ ਭੈਣ ਝਨਾਂ[1], ਰਲ ਕੇ ਰਖ ਲਓ ਇੱਕੋ ਨਾਂ।
ਸੀਤਲ ਕਰਦਾ ਮਾਰੂ ਥਲ, ਚਲਿਆ ਚਲ ਭਈ ਚਲਿਆ ਚਲ।
ਆਪਣੀ ਦਰਯਾ-ਦਿਲੀ ਵਿਖਾ, ਨਹਿਰਾਂ ਨਾਲ ਬਹਾਰਾਂ ਲਾ।
ਕਰ ਦੇ ਸਭ ਦਲਿੱਦਰ[2] ਦੂਰ, ਬਾਰਾਂ ਨੂੰ ਕਰ ਦੇ ਭਰਪੂਰ।
ਮੁੰਜੀ, ਗੰਨਾ, ਕਣਕ, ਕਪਾਹ, ਕਾਸੇ ਦੀ ਨਾ ਛੱਡ ਪਰਵਾਹ।
ਕੁਰਬਾਨੀ ਦਾ ਮਿਲਸੀ ਫਲ, ਚਲਿਆ ਚਲ ਭਈ ਚਲਿਆ ਚਲ।
ਰਾਵੀ ਆ ਗਈ ਦੇਸ ਵਸਾ, ਮਿਲ ਲੈ ਸੂ ਗਲਵਕੜੀ ਪਾ।
ਸਤਲੁਜ ਦੇ ਵਿਚ ਰਲੀ ਬਿਆਸ, ਉਹ ਵੀ ਆਈ ਤੁਹਾਡੇ ਪਾਸ।
ਕੱਠੇ ਹੋ ਕੇ ਪੰਜ ਦਰਯਾ[3], ਦੇਸ ਲਓ ਪੰਜਾਬ ਬਣਾ।
ਹੋ ਜਾਏ ਸਾਂਝਾ ਨਾਮ ਅਟੱਲ[4], ਚਲਿਆ ਚਲ ਭਈ ਚਲਿਆ ਚਲ।
ਚਲਣਾ ਹੈ ਜੀਵਨ ਦੀ ਸ਼ਾਨ, ਅਣ-ਚਾਲੂ ਦਾ ਥਾ ਸ਼ਮਸ਼ਾਨ।
ਬੰਦ ਨਾ ਕਰੀਂ ਕਦੇ ਤੂੰ ਚਾਲ, ਜਾ ਰਲ ਸਿੰਧ, ਸਮੁੰਦਰ ਨਾਲ।
ਉਥੋਂ ਉਡ ਕੇ ਚੜ੍ਹ ਆਕਾਸ਼, ਆ ਜਾ ਫੇਰ ਹਿਮਾਲਾ ਪਾਸ।
ਉਹੋ ਚਾਲ ਪੁਰਾਣੀ ਮਲ, ਚਲਿਆ ਚਲ ਭਈ ਚਲਿਆ ਚਲ।

ਆਵਾਗਵਨ

ਕਰ ਇਤਫਾਕ ਤ੍ਰੇਲ-ਕਣੀਆਂ ਨੇ,
ਮੋਤੀ ਚਾ ਝਲਕਾਇਆ,
ਪੌਣ ਚਲੀ, ਮੋਤੀ ਢਹਿ ਥੱਲੇ,
ਧਰਤੀ ਵਿਚ ਸਮਾਇਆ।
ਮੁੱਦਤ ਪਾ, ਇਕ ਨਵੇਂ ਸ਼ਿਗੂਫੇ[5],
ਹੋਰ ਗੁਲਾਬ ਖਿੜਾਇਆ,
ਚੱਕਰ ਦੇ ਵਿਚ ਤ੍ਰੇਲ ਪੈ ਗਈ,
ਕਰਤੇ ਗੇੜ ਚਲਾਇਆ।
ਆਉਣ ਜਾਣ ਅਨਾਦਿ ਅਨੰਤੀ[6],
ਚੱਕਰ ਚਲੇ ਪੁਰਾਣਾ,
ਤ੍ਰੇਲ-ਕਣੀ ਨੇ ਅਰਸ਼ੋਂ ਲਹਿ ਕੇ,
ਸਬਜ਼ੇ ਤੇ ਬਹਿ ਜਾਣਾ।
ਸੂਰਜ-ਕਿਰਨਾਂ ਭਾਫ ਬਣਾ ਕੇ,

1. ਦਰਿਆ ਚਨਾਬ। 2. ਗ਼ਰੀਬੀ।
3. ਬਿਆਸ, ਰਾਵੀ, ਸਤਲੁਜ, ਜੇਹਲਮ, ਝਨਾਂ ਇਨ੍ਹਾਂ ਪੰਜਾਂ ਤੋਂ ਹੀ ਨਾਂ ਪੰਜਾਬ ਪਿਆ ਸੀ।
4. ਪੰਜ ਨੰਦ ਨਾਂ ਦੇ ਟਿਕਾਣੇ ਉੱਤੇ, ਇਹ ਸਾਰੇ ਦਰਿਆ ਆ ਰਲਦੇ ਹਨ। 5. ਕਰੂੰਮਲ।
6. ਆਰੰਭ ਤੇ ਅੰਤ ਦੇ ਬਿਨਾਂ, ਲਗਾਤਾਰ।

ਫਿਰ ਅਰਸ਼ੇ ਪਹੁੰਚਾਣਾ।
ਜੀਵ, ਜੁਲਾਹੀ ਵਾਂਗ ਚਲਾਈ,
ਰੱਖੇ ਤੰਦਣ-ਤਾਣਾ।

ਬਸੰਤ

1. ਸਰਦੀ ਸਰਦ ਪੈ ਗਈ, ਆਈ ਰੁੱਤ ਮਿੱਠੀ,
ਖੇਤਰ ਪੱਲ੍ਹਰੇ[1] ਟਹਿਕੀਆਂ ਵਾੜੀਆਂ ਨੇਂ,
ਰੁਖ ਪੁੰਗਰੇ, ਡਾਲੀਆਂ ਫੁੱਲ ਕੱਢੇ,
ਲਗਰਾਂ ਖੁਸ਼ਕ, ਪੱਤ ਝੜੀ ਦੀਆਂ ਸਾੜੀਆਂ ਨੇ,
ਕਲੀਆਂ ਲੁਕ ਲੁਕ ਝਾਕਦੀਆਂ ਘੁੰਡ ਵਿਚੋਂ,
ਜਿਵੇਂ ਡੋਲਿਓਂ ਨਿਕਲੀਆਂ ਲਾੜੀਆਂ ਨੇ।
ਢੋਲਕ ਧਰੀ ਸ਼ਦਿਆਨੇ[2] ਦੀ ਬੁਲਬੁਲਾਂ ਨੇਂ,
ਅਤੇ ਭੌਰਿਆਂ ਸੁੱਖਣਾਂ ਚਾੜ੍ਹੀਆਂ ਨੇਂ।
ਕੁਦਰਤ ਨਿੱਕਲੀ ਹਾਰ ਸ਼ਿੰਗਾਰ ਕਰਕੇ,
ਨੱਢੀ ਬਾਹਰ ਸਿਆਲ[3] ਤੋਂ ਆਉਂਦੀ ਏ,
ਅਤ਼ਰ ਭਿੰਨੀਆਂ ਮਾਰ ਕੇ ਫੁੱਲ-ਛਟੀਆਂ,
ਮੁਰਦਾ ਰੂਹਾਂ ਨੂੰ ਮੁੜ ਕੇ ਜਿਵਾਉਂਦੀ ਏ।

2. ਨੀ ਕਪਾਹੀ ਦੁਪੱਟੜੇ ਵਾਲੀਏ ਨੀਂ।
ਕਾਮਨਹਾਰੀਏ[4] ਕਾਮ ਦੀਏ ਕੁੰਨੀਏ ਨੀਂ !
ਟਾਹਣੀ ਵਾਂਗ ਫੁੱਲਾਂ ਨਾਲ ਲੱਦੀਏ ਨੀਂ !
ਮਹਿਕਾਂ ਭਰੀ, ਫੁਲੇਲ[5] ਵਿਚ ਗੁੰਨ੍ਹੀਏ ਨੀਂ !
ਸਰੂ ਵਾਂਗ ਹੈ ਕਦੇ ਨਿਗਾਹ ਉੱਚੀ,
ਲਗਰ ਵਾਂਗ ਦੂਹਰੀ ਕਦੇ ਹੁੰਨੀਏ ਨੀਂ।
ਬਾਗਾਂ ਵਿਚ ਖੇਲੇਂ, ਥਈਆ ਥਈਆ ਕਰਦੀ,
ਸੈਤੀ[6] ਵਾਂਗ ਮੁਰਾਦ ਨੂੰ ਪੁੰਨੀਏ ਨੀਂ।
ਨੀ ਬਸੰਤ ਕੌਰੇ ! ਕੋਈ ਹੋਸ਼ ਕਰ ਨੀਂ,
ਤੈਨੂੰ ਮਰਨ-ਮਿੱਟੀ ਕਾਹਦੀ ਚੜ੍ਹੀ ਹੋਈ ਏ ?
ਨਿੱਕਲ ਖ਼ਿਜ਼ਾਂ[7] ਦੇ ਸੂਤਕੋਂ ਫੁੱਲੀਓਂ ਕਿਉਂ ?
ਔਧਰ ਦੇਖ, ਗਰਮੀ ਸਿਰ ਤੇ ਹੋਈ ਏ।

ਕਸ਼ਮੀਰ

1. ਚਲ ਮਨ ਅਰਸ਼-ਉਡਾਰੀ ਭਰ ਕੇ, ਕਸ਼ਮੀਰ ਦੇ ਰਾਹੇ ਪੈ ਜਾ,
ਭਾਰਤ ਦੇ ਨੈਣਾਂ ਦੇ ਤਾਰੇ, ਧਰਤੀ ਦੇ ਬਹਿਸ਼ਤ ਵਿਚ ਲੈ ਜਾ।

1. ਮੌਲੇ, ਫੁੱਲੇ, ਵਧੇ। 2. ਖ਼ੁਸ਼ੀ ਦੇ ਵਾਜੇ। 3. ਝੰਗ ਸਿਆਲ ਤੇ ਸਰਦੀ। 4. ਜਾਦੂਗਰਨੀ। 5. ਖ਼ੁਸ਼ਬੋ। 6. ਹੀਰ ਦੀ ਨਿਨਾਣ ਸਹਿਤੀ। 7. ਪੱਤਝੜ।

ਕੁਦਰਤ ਦੀ ਗੋਦੀ ਵਿਚ ਪਲਿਆ, ਫਲਾਂ ਮੇਵਿਆਂ ਦਾ ਭੰਡਾਰਾ
ਇੰਦਰ ਰਾਜੇ ਉਤਰ ਅਗਾਸੋਂ, ਲਾਇਆ ਜਿਸ ਥਾਂ ਆਣ ਅਖਾੜਾ।
ਚੱਪਾ ਚੱਪਾ ਜਿਸ ਧਰਤੀ ਦਾ, ਯਾ ਸਬਜ਼ਾ ਯਾ ਬਾਗ ਬਹਾਰਾਂ,
ਡਲ, ਝੀਲਾਂ ਨਦੀਆਂ ਨਾਲੇ ਚਸ਼ਮੇ ਸੋਮੇ ਤੇ ਅਬਸ਼ਾਰਾਂ[1]।
ਥਾਂ ਥਾਂ ਸ਼ਾਹੀ ਬਾਗ਼ਾਂ ਦੇ ਵਿਚ, ਉਛਲ ਉਛਲ ਕੇ ਵਹਿਣ ਫੁਹਾਰੇ,
ਨੀਲਮ[2], ਲਾਲ, ਜ਼ਮੁੱਰਦ[3], ਹੀਰੇ ਮਾਰਨ ਸਤਰੰਗੇ ਝਲਕਾਰੇ।
ਬਰਫਾਂ ਢੱਕੇ ਪਰਬਤ-ਟਿੱਲੇ, ਸੀਤਲ ਨੀਰ ਵਹਾਈ ਜਾਂਦੇ,
ਝਰ ਝਰ ਝਰਨ ਨਿਵਾਣਾਂ ਦੇ ਵੱਲ, ਰਾਗ ਰਸੀਲਾ ਗਾਈ ਜਾਂਦੇ।
ਜਿਧਰ ਜਿਧਰ ਬਰਫਾਨੀ ਨਾਲੇ ਵਲ ਖਾ ਖਾ ਕੇ ਵਹਿੰਦੇ ਜਾਵਣ,
ਧੂੰਏ ਵਾਂਗ ਤੁਖਾਰ[4] ਸੰਭਾਲੀ, ਥੱਲੇ ਥੱਲੇ ਲਹਿੰਦੇ ਜਾਵਣ।
ਵੈਰੀ ਨਾਗੋਂ[5] ਤੁਰੀ ਵਿਦਸਥਾ[6] ਸ੍ਰੀ ਨਗਰ ਰਾਹ ਵੂੱਲਰ ਆਈ,
ਓਥੋਂ ਨਿਕਲ, ਤੁਰੀ ਜਿਹਲਮ[7] ਨੂੰ, ਛੋੜ ਪੰਜਾਬ ਸਮੁੰਦਰ ਸਮਾਈ।
ਨੂਰਜਹਾਂ[8] ਤੇ ਤਾਜ ਮਹਲ ਗਈ, ਤੁਹਫੇ ਮੁਗਲ[9] ਸ਼ਹਾਂ ਬਣਵਾਏ,
ਕੁਝ ਢਹਿ ਗਏ, ਕੁਝ ਹਾਲੀ ਵੱਸਣ, ਦੁਨੀਆਂ ਉਨ੍ਹਾਂ ਤੋਂ ਸੁਖ ਪਾਏ।

2. ਵਾਹ ਕਸ਼ਮੀਰਾ ! ਵਾਹ ਕਸ਼ਮੀਰਾ ! ਵਾਹ ਰੌਣਕ, ਵਾਹ ਬਾਗ ਬਹਾਰਾਂ,
ਗਿੱਲੇ ਸੁੱਕੇ ਫਲ ਦੇ ਮੇਵੇ, ਪਰਬਤ-ਧਾਰਾਂ, ਪੈਦਾਵਾਰਾਂ।
ਫਲਾਂ ਸਮੇਤ ਬਿਰਛ ਜੰਗਲ ਦੇ, ਕਈ ਕਰੋੜ ਜ਼ਾਤੀਆਂ ਪਾਂਦੇ।
ਅੰਬਰ-ਤਾਰੇ ਗਿਣ ਸਕੀਏ, ਪਰ ਤੇਰੇ ਰੁੱਖ ਗਿਣੇ ਨਹੀਂ ਜਾਂਦੇ।
ਵਾਹ ਵਰਖਾ, ਬੱਦਲ ਤੇ ਬਿਜਲੀ, ਵਾਹ ਦੱਰੇ, ਵਾਹ ਸਰਦ ਹਵਾਵਾਂ,
ਖਿੜੇ ਕਮਲ, ਡਲ ਤੇ ਵੂੱਲਰ ਦੇ, ਤਕ ਤਕ ਸਦਕੇ ਹੁੰਦਾ ਜਾਵਾਂ।
ਪਹਿਲਗਾਮ[10], ਗੁਲਮਰਗ[11], ਮਟਨ[12], ਅਮਰਨਾਥ[13] ਜਹੇ ਸੁਰਗੀ ਝਾਕੇ,
ਸਾਰੇ ਗਿਣੇ ਨਾ ਜਾਣ ਨਜ਼ਾਰੇ, ਥੱਕਣ ਅੱਖਾਂ ਦਰਸ਼ਨ ਪਾ ਕੇ।
ਕੋਹ-ਹਿਮਾਲਾ ਦਾ ਤੂੰ ਜੇਠਾ ਪੁੱਤਰ, ਦਾਵੇਦਾਰ ਪੁਰਾਣਾ,
ਤੇਰੇ ਸਿਰ ਹੈ ਭਾਰਤ ਨੂੰ ਤ੍ਰਿਪਤਾਣਾ ਤੇ ਖ਼ੁਸ਼ਹਾਲ ਬਣਾਣਾ।
ਸ਼ਾਲਾ ਰਹੇਂ ਕਿਆਮਤ ਤੀਕਰ, ਜੀਣ ਤੇਰੀਆਂ ਬਾਗ ਬਹਾਰਾਂ,

---

1. ਝਰਨਾ। 2. ਨੀਲੇ ਰੰਗ ਦਾ ਕੀਮਤੀ ਪੱਥਰ। 3. ਸਬਜ਼ ਰੰਗ ਦਾ ਕੀਮਤੀ ਪੱਥਰ। 4. ਪਾਲਾ, ਸਰਦੀ।
5. ਦਰਿਆ ਜੇਹਲਮ ਦੇ ਨਿਕਲਣ ਦਾ ਸਥਾਨ (ਚਸ਼ਮਾ)। 6. ਜੇਹਲਮ ਦਰਿਆ ਦਾ ਪਹਿਲਾ ਨਾਂ। 7. ਜੇਹਲਮ ਸ਼ਹਿਰ।
8. ਜਹਾਂਗੀਰ ਦੀ ਬੇਗਮ।
9. ਪ੍ਰਚੱਲਿਤ ਵਿਚਾਰ ਹੈ ਕਿ ਚਸ਼ਮਾ ਵੈਰੀ ਨਾਗ ਉੱਤੇ ਜੋ ਮੰਦਰ ਸੀ ਉਸ ਨੂੰ ਢਾਹ ਕੇ ਜਹਾਂਗੀਰ ਨੇ ਨੂਰਜਹਾਂ ਲਈ ਇਥੇ ਮਹਲ ਬਣਵਾਇਆ ਜਿਸਦੇ ਖੰਡਰ ਹੁਣ ਤਕ ਹਨ, ਉਥੇ ਹੀ ਫੇਰ ਸ਼ਾਹਜਹਾਨ ਬਾਦਸ਼ਾਹ ਭੀ ਜਾ ਕੇ ਟਿਕਦਾ ਰਿਹਾ।
10. ਕਸ਼ਮੀਰ ਦਾ ਇਕ ਸੁੰਦਰ ਸ਼ਹਿਰ ਜਿਥੋਂ ਅਮਰਨਾਥ ਦੀ ਯਾਤਰਾ ਸ਼ੁਰੂ ਹੁੰਦੀ ਹੈ, ਇਸ ਲਈ ਪਹਿਲਾ ਗਾਉਂ ਹੈ, ਉਚਾਈ ਲਗਭਗ 6-7 ਹਜ਼ਾਰ ਫੁੱਟ ਹੈ। 11. ਕਸ਼ਮੀਰ ਦਾ ਇਕ ਨਗਰ ਜੋ 7-8 ਹਜ਼ਾਰ ਫੁੱਟ ਉਚਾਈ ਤੇ ਹੈ।
12. ਕਸ਼ਮੀਰ ਦਾ ਉਹ ਕਸਬਾ ਜੋ ਸ੍ਰੀ ਨਗਰ ਤੋਂ 40 ਮੀਲ ਪੂਰਬ ਵੱਲ ਹੈ। ਇਥੇ ਗੁਰੂ ਨਾਨਕ ਦੇਵ ਜੀ ਦਾ ਇਕ ਗੁਰਦੁਆਰਾ ਹੈ।
13. ਕਸ਼ਮੀਰ ਦੇ ਇਲਾਕੇ ਵਿਚ ਸ਼ਿਵ ਜੀ ਦਾ ਇਕ ਪਵਿੱਤਰ ਮੰਦਰ ਇਹ 13900 ਫੁੱਟ ਉੱਚੀ ਥਾਂ ਉੱਤੇ ਹੈ।

ਸਦ-ਵਰਤ ਰਹੇ ਜਾਰੀ ਤੇਰਾ, ਫਲ ਮੇਵੇ ਤੇ ਚੀਲ ਦਿਆਰਾਂ।
ਸੇਉ, ਬਦਾਮ, ਅੰਗੂਰ, ਖੁਮਾਨੀ, ਬੱਗੂ-ਗੋਸ਼ੇ[1] ਦਾ ਭੰਡਾਰਾ,
ਚਾਤ੍ਰਿਕ ਚਾਹੇ ਚਲ ਕੇ ਆਣਾ, ਪਰਸਣ ਤੇਰਾ ਸੁਰਗ-ਦੁਆਰਾ।

ਸਮੁੰਦਰੀ ਲਹਿਰ

1. ਮੈਂ ਲਹਿਰ ਮੇਰਾ ਅਸਲਾ ਹੈ ਹਲਦੇ ਰਹਿਣਾ।
ਮੇਰਾ ਕੰਮ, ਹਮੇਸ਼ ਅਗਾਂਹ ਵਲ ਚਲਦੇ ਰਹਿਣਾ।
ਕੰਢੇ ਤੇ ਆ ਕੇ ਰੇਤੇ ਵਿਚ ਸਉਂ ਜਾਣਾ,
ਡੂੰਘੀ ਡੂੰਘੀ ਹੋ, ਸਾਗਰ ਵਲ ਭਉਂ ਜਾਣਾ।
ਫੇਰੇ ਪਾ ਪਾ ਜਿਉਂ ਤਣੇ ਜੁਲਾਹੀ ਤਾਣਾ,
ਮੁਕੇ ਨਾ ਮੇਰਾ ਨਿਤ ਦਾ ਔਣਾ ਜਾਣਾ।
ਨਾ ਸੁਕੇ ਕਦੇ ਸਮੁੰਦਰ, ਨਾ ਢਹੇ ਕਿਨਾਰਾ,
ਪਰ ਮੇਰੀ ਜੀਵਨ-ਤੋਰ ਛਲਕਦਾ ਪਾਰਾ।

2. ਰਸਤੇ ਵਿਚ ਕਈ ਸਬੰਧ ਜੋੜਦੀ ਜਾਵਾਂ।
ਮਿਲ ਮਿਲ ਕੇ ਕਈਆਂ ਨਾਲ ਮੁਹੱਬਤਾਂ ਪਾਵਾਂ।
ਕੋਈ ਮੇਰੇ ਅੱਗੇ ਤੁਰੇ ਤੇ ਪਿਛੇ ਕੋਈ,
ਕਈ ਵਾਰ ਉਨ੍ਹਾਂ ਦੇ ਉਪਰ ਥੱਲੇ ਹੋਈ।
ਕੋਈ ਅੱਗੇ ਵਧਦੀ ਜਾਇ ਮਾਰਦੀ ਛਾਲਾਂ,
ਕੋਈ ਨਾਲ ਮੇਰੇ ਨਿਭ ਜਾਇ ਘਾਲਦੀ ਘਾਲਾਂ।
ਪਰ ਅੰਤ ਸਾਰੀਆਂ ਵੱਖੋ ਵੱਖ ਹੋ ਜਾਈਏ,
ਖਾ ਖਾ ਕੇ ਘੁੰਮਣ ਘੇਰ ਫੇਰ ਮੁੜ ਆਈਏ।

3. ਸਾਗਰ ਦੀ ਮੈਂ ਹਾਂ ਲਹਿਰ ਤੇ ਸਾਗਰ ਮੇਰਾ।
ਸਾਗਰ ਦੇ ਵਿਚ ਹੀ ਰਹਾਂ ਮਾਰਦੀ ਫੇਰਾ।
ਕੀ ਜਾਣਾਂ, ਕਿਉਂ ਸਾਗਰ ਨੇ ਲਹਿਰ ਬਣਾਈ,
ਕਿਸ ਕਾਰਣ ਮੇਰੇ ਅੰਦਰ ਹਿਲਜੁਲ ਪਾਈ।
ਜੀਅ ਕਰੇ ਖੁਤਖੁਤੀ[2] ਹੋਏ, ਕਿਤੇ ਟਿਕ ਜਾਵਾਂ,
ਬੇਬਸੀ ਆਪਣੀ ਚੀਰ ਕੇ ਦਿਲ ਦਿਖਲਾਵਾਂ।
ਪਰ ਸਾਗਰ ਗਹਿਰ ਗੰਭੀਰ, ਸੁਣੇ ਕਦ ਮੇਰੀ,
ਲਹਿਰਾਂ ਦਾ ਚਰਖਾ ਧਕ ਧਕ ਜਾਵੇ ਫੇਰੀ।

4. ਅਜਲੋਂ ਇਹ ਪੈ ਗਿਆ ਗਲ ਤਾਣਾ ਸੜ ਜਾਣਾ,
ਬਿਨ ਮਗਜ਼ੀ ਹਿਲ ਜੁਲ ਦਾ ਸੁਆਦ ਕੀ ਆਣਾ।
ਪਿੰਜਰੇ ਤੋਂ ਨਿਕਲ ਹਵਾ ਵਿਚ ਚੜ੍ਹ ਨਾ ਤੱਕਾਂ,

1. ਨਾਸ਼ਪਤੀ ਵਰਗਾ ਇਕ ਨਰਮ ਤੇ ਮਿੱਠਾ ਫਲ ਜੋ ਪਹਾੜੀ ਇਲਾਕੇ ਵਿਚ ਹੁੰਦਾ ਹੈ। 2. ਫਿਕਰ, ਘਬਰਾਹਟ ਜਿਹੀ।

ਨਾ ਪਰੇ ਖਲੋ ਕੇ ਸਾਗਰ ਨੂੰ ਪੁਛ ਸਕਾਂ।
ਜੇ ਜਾਲੀ ਮੇਰੇ ਗਿਰਦ ਲਾਈ ਸੀ ਤਾਣੀ,
ਤਦ ਆਜ਼ਾਦੀ ਦੀ ਤੜਪਣ ਕਿਉਂ ਸੀ ਲਾਣੀ ?
ਜੀ ਚਾਹੇ ਬਣਾਂ ਹਵਾੜ ਤੇ ਉਡ ਪੁਡ ਜਾਵਾਂ,
ਇਸ ਘੇਰੇ ਦੇ ਵਿਚ ਫੇਰ ਕਦੇ ਨਾ ਆਵਾਂ।

ਨਾਮਕਰਣ

ਵਿਸ਼ਨੁਪਦਾ[1]

ਮਾਨਸਰੋਵਰ ਝੀਲ ਪੁਰਾਣੀ।
ਅਰਸ਼ੋ ਉਤਰ ਹਿਮਾਲਯ ਢੱਠਾ,
ਨਿਰਮਲ, ਸੀਤਲ, ਮਧੁਰਾ[2] ਪਾਣੀ। ਮਾਨ...

1. ਦੇਵ ਲੋਕ ਤੋਂ ਠੰਢਕ ਆਈ,
ਪਾਤਾਲੋਂ ਉਬਲੀ ਗਰਮਾਈ,
ਮਾਤਲੋਕ ਵਿਚ ਧਾਰਾ ਧਾਈ,
ਸ਼ਾਂਤਿ ਸਿੰਧੁ ਵਿਚ ਜਾਇ ਸਮਾਣੀ। ਮਾਨ...

2. ਈਸ਼ਰ-ਗਿਆਨ, ਨੂਰ-ਭੰਡਾਰਾ,
ਹ੍ਰਿਦਯ-ਛੰਭ[3] ਵਿਚ ਲਿਆ ਉਤਾਰਾ,
ਬੁਧਿ, ਵਿਵੇਕ[4], ਸਭਯਤਾ ਦੁਆਰਾ,
ਮਨ ਨੇ ਉਸਦੀ ਮਾਹਿਮਾ ਜਾਣੀ। ਮਾਨ...

3. ਸੁੰਦਰਤਾ ਨੇ ਧੂਹਾਂ ਪਾਈਆਂ,
ਪ੍ਰੇਮ ਦੌੜਿਆ ਕਰ ਕਰ ਧਾਈਆਂ,
ਹੁਸਨ ਇਸ਼ਕ ਜਦ ਪ੍ਰੀਤਾਂ ਲਾਈਆਂ,
ਜਗ ਵਿਚ ਜਨਮੀ ਕਵਿਤਾ ਰਾਣੀ। ਮਾਨ...

4. ਮਨ-ਪੰਛੀ ਤੇ ਕਰ ਅਸਵਾਰੀ,
ਕਵਿਤਾ ਲਾਈ ਅਰਸ਼ ਉਡਾਰੀ,
ਸੀਤਲ ਕਰਨੀ ਦੁਨੀਆਂ ਸਾਰੀ,
ਮਾਨੁਖਤਾ ਦਾ ਰਿਣ ਭੁਗਤਾਣੀ। ਮਾਨ ਸਰੋਵਰ...

ਜਮਨਾ ਕਿਨਾਰੇ

ਜਮਨਾ ਦੇ ਕਿਨਾਰੇ, ਕੁਦਰਤ ਨੇ ਸੁਆਰੇ।
ਪਰਬਤ 'ਚੋਂ ਨਿਕਲ, ਜਮਨਾ ਦਾ ਜਲ,
ਇਧਰ ਉਧਰ ਉਛਲ ਉਛਲ,
ਧੋਈ ਚਲੋ ਦੋਵੇਂ ਕਿਨਾਰੇ। ਜਮਨਾ ਦੇ ਕਿਨਾਰੇ।

---

1. ਇਕ ਕਾਵਿ ਰੂਪ ਜੋ ਕਈ ਮਾਤਰਾਂ ਵਿਚ ਲਿਖਿਆ ਜਾਂਦਾ ਹੈ। 2. ਮਿੱਠਾ। 3. ਦਿਲ ਰੂਪੀ ਝੀਲ। 4. ਗਿਆਨ।

ਜਮਨੋਤਰੀਓ ਚਲ ਨਿਰਮਲ ਜਲ ਖਾਂਦਾ ਹੁਲਾਰੇ।
ਹਰਿਔਲ ਤੇ ਠੰਢਕ ਦੀ ਭਰੀ ਮਹਿਕ ਪਸਾਰੇ,
ਭਿੰਨੀ ਹੋਈ ਇਕ ਰੈਣ ਤੇ ਪੁੰਨਿਆਂ ਦੇ ਨਜ਼ਾਰੇ,
ਅਰਸ਼ਾਂ ਤੋਂ ਉਤਰ ਡੁਬਕਣੀਆਂ ਲੈਣ ਸਤਾਰੇ, ਜਮਨਾ ਦੇ ਕਿਨਾਰੇ।
ਚਸ਼ਮੇ ਤੋਂ ਚਲੀ ਨੀਲਜ਼ਲੀ[1] ਪੱਥਰ ਖੜਕਾਂਦੀ,
ਲੈ ਸੰਗ ਸਹੇਲੀ ਨੂੰ ਮਧਰ ਸੁਰਿ ਵਿਚ ਗਾਂਦੀ,
ਬਜਰੇ[2] 'ਚ ਖੜੀ ਹੋਈ, ਵੀਣਾ ਨੂੰ ਟੁਣਕਾਂਦੀ,
ਦਿਲੀਂ ਦੇ ਦੁਆਰੇ ਤ੍ਰੋਂ, ਮਥਰਾ ਨੂੰ ਤੁਰੀ ਜਾਂਦੀ,
ਕਰ ਬਾਂਹ ਖੜੀ ਸੱਜੀ ਪਈ ਕਰਦੀ ਇਸ਼ਾਰੇ। ਜਮਨਾ ਦੇ ਕਿਨਾਰੇ।

ਬਿਸਮਿਲ ਮੋਰ

ਮੈਂ ਕੁਦਰਤ ਦੀ ਡਾਢੀ ਸੁਹਣੀ ਰਚਨਾ ਹਾਂ,
ਬੀਬਾ ਪੰਛੀ, ਬਾਗਾਂ ਦੇ ਵਿਚ ਨੱਚਣ ਵਾਲਾ।
ਬਿਰਛਾਂ ਤੇ ਬਹਿ ਦੇਖ ਦੇਖ ਕੇ ਘਟਾਂ ਚੜ੍ਹਦੀਆਂ।
ਖੁਸ਼ੀਆਂ ਦੇ ਵਿਚ ਵਾਂਗ ਸੁਦਾਈਆਂ ਕੂਕਣ ਵਾਲਾ।
ਰੰਗ ਬਿਰੰਗੀ ਦੁਮ ਖਿਲਾਰ ਕੇ ਪੈਲਾਂ ਪਾ ਪਾ,
ਤ੍ਰੀਮਤ ਪਾਸੋਂ ਦਾਦ ਨਾਚ ਦੀ ਮੰਗਣ ਵਾਲਾ।
ਖੇਤਾਂ ਵਿਚੋਂ ਗੰਦੇ ਕੀੜੇ, ਫੋਲ ਫੋਲ ਕੇ ਪੇਟ ਪਾਲਣਾ।
ਸੱਪਾਂ ਵਰਗੇ ਜ਼ਹਿਰੀ ਜੀ ਨੂੰ ਧਰਤੀ ਉਤੋਂ ਮਾਰ ਮੁਕਾਣਾ।
ਨਾ ਮੈਂ ਮਾਲ ਕਿਸੇ ਦਾ ਚੁਕਿਆ, ਨਾ ਪੈਸੇ ਦੀ ਭਿਛਿਆ ਮੰਗੀ,
ਹਰ ਇਕ ਦੇ ਜੀ ਨੂੰ ਪਰਚਾ ਕੇ ਰਿਹਾ ਖੁਸ਼ੀ ਦਾ ਦਾਨ ਮੰਗਦਾ।
ਐਨਾ ਨਿਰਛਲ ਭੋਲਾ ਭਾਲਾ ਹੱਦੋਂ ਸੁਹਣਾ,
ਹੋ ਕੇ ਭੀ ਮੈਂ ਐਡਾ ਭੈੜੀ ਕਿਸਮਤ ਵਾਲਾ।
ਚਮਕ ਦਮਕ ਮੇਰੇ ਖੰਭਾਂ ਦੀ, ਉਭਰੀ ਛਾਤੀ, ਸਿਰ ਤੇ ਕਲਗੀ,
ਲੰਮੀ ਪੂਛਲ, ਬੇਕਦਰੀ ਦੀ ਗੋਲੀ ਖਾ ਕੇ ਬਿਸਮਲ[3] ਹੋਯਾ ਤੜਫ ਰਿਹਾ ਹਾਂ।
ਮੈਂ ਪੁਛਿਆ ਓ ਭੋਲੇ ਪੰਛੀ ਕਿਨ੍ਹੇ ਸਤਾਯਾ ?
ਕਹਿਣ ਲਗਾ ਮੈਂ ਇਨਸਾਨੀਅਤ ਮੋਰਾਂ ਵਾਲਾ ਰੂਪ ਧਾਰ ਕੇ।
ਮਾਨੁਖ ਨੂੰ ਪਰਚਾਣ ਲਗੀ ਸਾਂ, ਪਰ ਮੇਰੀ ਕੁਝ ਵਾਹ ਨਾ ਚੱਲੀ।

ਬਾਰਹਮਾਹ

ਚੇਤ

ਪਾਲੇ ਪਟਕ, ਪੱਤਝੜੀ ਪੁੰਨੀ[4], ਚੜ੍ਹੀ ਬਹਾਰ ਬਸੰਤ ਕੁਮਾਰੀ।
ਇਸ਼ਕ ਮੁਸ਼ਕ ਦਾ ਹੋਕਾ ਦੇਂਦੀ ਸਿਰ ਤੇ ਰੰਗ-ਮਹਿਕ ਦੀ ਖਾਰੀ।

---

1. ਨੀਲੇ ਜਲ ਦੀ ਧਾਰਾ। 2. ਸ਼ਿਕਾਰਾ, ਛੋਟੀ ਬੇੜੀ। 3. ਘਾਇਲ। 4. ਪੂਰਨ ਹੋਈ।

ਖੱਪ ਖਰੂਦੀ[1] ਹੋਲੀ ਬਾਜ਼ਾਂ, ਸੂਰਜ ਦੇ ਸਭ ਰੰਗ ਉਡਾਏ।
ਕੇਸੂ[2] ਕੇਸਰ, ਅਲਤਾ[3] ਰੋਲਾ[4] ਫੁੱਲਾਂ ਦੇ ਮੂੰਹ ਤੇ ਛਿੜਕਾਏ।
ਧਰਤੀ ਨੇ ਧਨ ਧਾਨ ਉਗਾਇਆ, ਖੀਵੀ ਹੋਈ ਬਨਸਪਤਿ ਸਾਰੀ।
ਪੁੰਗਰੇ ਬਿਰਛ, ਖਿੜੀ ਫੁਲਵਾੜੀ, ਘਾਹ ਚਾਰਾ ਸਬਜ਼ੀ ਤਰਕਾਰੀ।
ਨਵੀਂ ਫਸਲ ਦਾ ਮੂਢਾ ਬੱਝਾ, ਆਭੂ, ਧਾਣਾ[5] ਹੋਲਾਂ[6] ਆਈਆਂ,
ਕਣਕਾਂ ਛੋਲੇ ਲਾਲੀ ਫੜ ਫੜ ਕਿਰਸਾਣਾਂ ਨੂੰ ਦੇਣ ਵਧਾਈਆਂ।
ਫਗਣ ਦੇ ਦਿਨ ਪੂਰੇ ਹੋਏ, ਚੜ੍ਹਿਆ ਚੇਤ, ਨੁਰਾਤੇ[7] ਆਏ,
ਖਿੜੇ ਗੁਲਾਬ, ਪਈਆਂ ਗੁਲਕੰਦਾਂ, ਮਧੁ-ਮਖੀਰ ਨੇ ਛਤੇ ਲਾਏ।
ਸੂਹੇ ਬੇਰ, ਲੁਕਾਠ ਸੰਧੂਰੀ, ਸ਼ਹਿਦ ਭਰੇ ਸ਼ਹਤੂਤ ਬਦਾਨੇ,
ਕੁਦਰਤ ਨੇ ਖੋਲ੍ਹੇ ਮੈਖਾਨੇ, ਸਾਕੀ ਵਲ ਦੌੜੇ ਦੀਵਾਨੇ।

ਵਿਸਾਖ

ਚੜ੍ਹੇ ਵਿਸਾਖ ਵਿਸਾਖੀ ਆਈ, ਮੇਲਾ ਵੇਖਣ ਤੁਰੀ ਲੁਕਾਈ।
ਪਿੰਡ ਪਿੰਡ ਤੇ ਸ਼ਹਿਰ ਸ਼ਹਿਰ ਵਿਚ ਹੁੰਮ ਹੁੰਮਾ ਕੇ ਦੇਣ ਵਧਾਈ।
ਇਸੇ ਦਿਹਾੜੇ ਕਲਗੀਧਰ ਨੇ, ਪਰਖੇ ਸਿਖੀ ਦੇ ਵਣਜਾਰੇ।
ਸਿਰ ਤਲੀਆਂ ਤੇ ਧਰ ਕੇ ਨਿਤਰੇ, ਸਿਦਕੀ ਸੂਰੇ ਪੰਜ ਪਿਆਰੇ।
ਨਵੀਂ ਫਸਲ ਨੂੰ ਸਾਂਭਣ ਲਗੇ, ਜਟ ਹਿੰਮਤੀ ਕਾਹਲੀ ਕਾਹਲੀ।
ਵਾਢੀ ਕਰ, ਖਲਵਾੜੇ ਬੱਧੇ, ਰਾਖੀ ਕਰਨ ਬਹਿ ਗਿਆ ਹਾਲੀ।
ਅੰਨ ਕਮਾਇਆ ਕਰਕੇ ਘਾਲਾਂ, ਮਜੂਰਾਂ ਕੀਤਾ ਲਹੂ ਪਸੀਨਾ।
ਕੋਠੀ ਭਰ ਲਈ ਸਾਲ ਭਰ ਲਈ, ਮਿਹਨਤ ਕਰਕੇ ਇਕ ਮਹੀਨਾ।
ਸੂਰਜ ਢਾਲ ਬਰਫ ਪਰਬਤ ਦੀ, ਨਦੀਆਂ ਨਹਿਰਾਂ ਵਿਚ ਲਿਆਇਆ।
ਅੰਬਾਂ ਬੂਰ ਝਾੜਿਆ ਥਲੇ, ਕੋਇਲ ਕੂ ਕੂ ਸ਼ੋਰ ਮਚਾਇਆ।
ਦਿਨ ਤੱਤੇ, ਤੇ ਸੀਤਲ ਰਾਤਾਂ ਸੱਤੂ ਸ਼ਰਬਤ, ਪੱਖਾ ਸੇਵਾ,
ਤਿਲੀਅਰ[8], ਤੋਤੇ, ਲਵੇ, ਬਟੇਰੇ[9] ਡੇਲਾ ਆਇਆ ਪੰਜਵਾਂ ਮੇਵਾ।

ਜੇਠ

ਚੜ੍ਹਿਆ ਜੇਠ, ਚੜ੍ਹੀ ਸਿਰ ਗਰਮੀ, ਲੋ ਦੇ ਲੁੰਬੇ ਲੋਹੜ[10] ਮਚਾਂਦੇ,
ਸੁਹਲ-ਸਰੀਰ, ਅਮੀਰ ਸ਼ਹਿਰਨਾਂ, ਮੱਥੇ ਚੋਂਦੇ ਦਿਲ ਘਬਰਾਂਦੇ।
ਬੂਹੇ ਬੰਦ, ਬਦਨ ਅਧਨੰਗੇ, ਖੁਲ੍ਹੀਆਂ ਜ਼ੁਲਫਾਂ, ਪੱਖੇ ਚਲਦੇ,
ਕਲੀਆਂ ਵਾਂਗ ਸਿਮਟੀਆਂ ਹੋਈਆਂ, ਚੰਦਨ ਲੇਪ, ਪੈਰ ਵਿਚ ਜਲਦੇ।
ਬਾਹਰਵਾਰ ਖੁਦਾ ਦੀ ਖਲਕਤ, ਧਾਣਾਂ[11] ਵਾਂਗਰ ਭੁਜਦੀ ਜਾਵੇ,

---

1. ਰੌਲਾ ਪਾਉਣ ਵਾਲਿਆਂ। 2. ਗੁਲਾਬ ਦਾ ਫੁੱਲ। 3. ਲਾਲ ਰੰਗ। 4. ਇਕ ਰੰਗ। 5. ਹਰੇ ਕੱਚੇ, ਦੁੱਧ (ਪਾਣੀ) ਵਾਲੇ ਦਾਣੇ।
6. ਕੱਚੇ ਛੋਲਿਆਂ ਦੇ ਕੱਚੇ ਹਰੇ ਦਾਣੇ ਜੋ ਬੂਟਿਆਂ ਛਿੱਲਾਂ ਸਮੇਤ ਭੁੰਨ ਕੇ ਫਿਰ ਕੱਢ ਕੇ ਖਾਏ ਜਾਂਦੇ ਹਨ।
7. ਚੇਤ ਸੁਦੀ 1 ਤੋਂ 9 ਤੀਕ ਨੌਂ ਰਾਤਾਂ, ਦੁਰਗਾ ਦੇ ਉਪਾਸ਼ਕ ਇਹਨਾਂ ਦਿਨਾਂ ਵਿਚ ਦੇਵੀ ਦੇ ਨੌ ਰੂਪਾਂ ਦੀ ਪੂਜਾ ਕਰਦੇ ਹਨ।
8. ਇਕ ਪੰਛੀ। 9. ਬਟੇਰੇ ਦੀ ਜਾਤਿ ਦਾ ਇਕ ਪੰਛੀ। 10. ਗਜ਼ਬ ਕਰਦੇ। 11. ਜੌਆਂ ਦੇ ਭੁਜੇ ਦਾਣੇ।

ਰੇਡੀਓ-ਰੌਆਂ ਵਾਂਗ ਲਹਿਰੀਆਂ, ਭਖਦਾ ਭੁਖ ਥਰਰ ਥਰਰਾਵੇ,
ਵਲ ਖਾ ਖਾ ਕੇ ਵਾਉ ਵਰੋਲੇ, ਹੁੰਝਾ ਫੇਰ ਅਗਾਸੇ ਚੜ੍ਹਦੇ,
ਘਰਕਣ ਪਸ਼ੂ ਜਬਾਨਾਂ ਕਢ ਕਢਿ, ਪੰਛੀ ਪਤ੍ਰਾਂ ਵਿਚ ਲੁਕ ਵੜਦੇ,
ਖੇਤਾਂ ਅੰਦਰ ਫ਼ਲ੍ਹੇ[1] ਵਗ ਰਹੇ, ਤੂੜੀ ਭੋਹ ਵਸਾਏ ਜਾਂਦੇ,
ਬਝਦੇ ਬੋਹਲ[2] ਭਰੀਂਦੇ ਗੱਡੇ, ਜਟ ਦੇ ਭਾਗ ਜਗਾਏ ਜਾਂਦੇ,
ਤਾਂਬਾ ਧਰਮ, ਤੜਫ ਰਹੇ ਰਾਹੀ, ਬੋਹੜਾਂ ਥਲੇ, ਜੁਤੀਆਂ ਲਾਹ ਕੇ,
ਫਟਦੇ ਜਾਣ ਬਸਾਂ ਦੇ ਟਾਇਰ, ਤੁਰਨ ਅਗਾਂਹ ਵੀਲ ਬਦਲਾ ਕੇ,
ਖੀਰੇ, ਖਰਬੂਜ਼ੇ, ਹਦਵਾਣੇ, ਖੂਹੀਂ ਪਕਦੀ ਤਰ ਤਰਕਾਰੀ।
ਆੜੂ ਸਖਤ, ਫਾਲਸੇ[3] ਖੱਟੇ, ਜਾਮਨ ਕੱਚੇ, ਅੰਬ ਅਚਾਰੀ।

ਹਾੜ

ਹਾੜ ਚੜ੍ਹੇ ਹਾੜੀ ਗਈ ਸਾਂਭੀ, ਜੱਟਾਂ ਧੜ[4] ਤੇ ਮੁਸਲ[5] ਬੱਧੇ।
ਸੌਣੀ ਦਾ ਦਰਵਾਜ਼ਾ ਖੁਲ੍ਹਾ, ਛੱਟਾ ਪਿਆ ਹਾੜ ਗਿਆਂ ਅੱਧੇ,
ਗਾਚਾ[6], ਮੱਕੀ, ਚਰ੍ਹੀ, ਬਾਜਰਾ ਉਗ ਪਿਆ ਪਸ਼ੂਆਂ ਦਾ ਚਾਰਾ।
ਝੋਨਾ ਮੁੰਜੀ ਲਾਬਾਂ ਲਗੀਆਂ, ਵਲਿਆ ਗਿਆਂ ਕਮਾਦ ਕਿਨਾਰਾ।
ਚੂਲੀ ਭਰੀ ਹਿਮਾਚਲ[7] ਰਾਜੇ, ਡੁਲ੍ਹਣ ਲਗੀਆਂ ਧੌਲੀਆਂ ਧਾਰਾਂ।
ਨਿਕੀਆਂ ਨਿਕੀਆਂ ਕੂਲਾਂ ਰਲ ਕੇ, ਬਣ ਗਈਆਂ ਨਦੀਆਂ ਮੁਟਿਆਰਾਂ,
ਪਹਿਲ ਛਲੇ ਦੇ ਮੀਂਹ ਨੇ ਮਲੀ, ਪਾਟ ਚੁਕੀ ਧਰਤੀ ਦੀ ਛਾਤੀ,
ਹਰਿਆ ਘਾਹ ਝੂਕ ਝੂਕ ਕੇ ਮਾਰੇ, ਆਡਾਂ ਦੇ ਪਾਣੀ ਵਿਚ ਝਾਤੀ।
ਅਮਰੂਦਾਂ ਵਿਚ ਜਾਨ ਪੈ ਗਈ, ਅੰਬਾਂ ਨਾਖਾਂ ਹੋਸ਼ ਸੰਭਾਲੀ,
ਮੋਟਾ ਦਾਣਾ ਪਿਆ ਅਨਾਰੀਂ, ਖੁਰਮੇ[8] ਆੜੂ ਫੜ ਲਈ ਲਾਲੀ,
ਖਰਬੂਜੇ ਦੀ ਫੁਟ ਬਣੀ ਹੈ, ਜੰਮੂ[9] ਹੋ ਗਏ ਹਰਿਓਂ ਕਾਲੇ।
ਚਮਗਿਦੜਾਂ ਨੇ ਡਾਕੇ ਮਾਰੇ, ਤਕੜੇ ਹੋ ਗਏ ਬਾਗਾਂ ਵਾਲੇ।

ਸਾਉਣ

ਸਾਉਣ ਮੀਂਹ ਵਰਸਾਉਣ ਆਇਆ, ਹਰ ਇਤਵਾਰ ਖਿਡੀਂਦੇ ਸਾਂਵੇ,
ਨੂਹਾਂ ਧੀਆਂ ਪੀਂਘਾਂ ਮਾਨਣ, ਅੰਬਾਂ ਤੇ ਪਿਪਲਾਂ ਦੀ ਛਾਂਵੇ,
ਬਦਲਾਂ ਗਜ ਗਜ ਛਹਿਬਰ ਲਾਈ, ਦਾਦਰ[10], ਮੋਰ ਪਪੀਹੇ ਬੋਲੇ,
ਕੰਤ ਵਿਛੁੰਨੀਆਂ[11] ਸੁਲਗਣ ਲੁਕ ਲੁਕ, ਰੋ ਰੋ ਬੁਕ ਬੁਕ ਅਥਰੂ ਡੋਲ੍ਹੇ।

---

1. ਅਨਾਜ ਗਾਹੁਣ ਵੇਲੇ ਬਲਦਾਂ ਦੇ ਪਿੱਛੇ ਬੱਧਾ ਝਾਫਾ। 2. ਅਨਾਜ ਦਾ ਢੇਰ। 3. ਇਕ ਪ੍ਰਕਾਰ ਦਾ ਖਟ ਮਿੱਠਾ ਫਲ।
4. ਗਾਹੇ ਹੋਏ ਅੰਨ ਦੀ ਭੂਸੇ ਸਮੇਤ ਲਾਈ ਹੋਈ ਢੇਰੀ। 5. ਪਰਾਲੀ ਦੇ ਬਣਾਏ ਤੂੜੀ ਸਾਂਭਣ ਵਾਲੇ ਗੁੰਬਦ ਜੇਹੇ।
6. ਇਕ ਤਰ੍ਹਾਂ ਦੇ ਹਰੇ ਬੂਟੇ ਜੋ ਚਾਰੇ ਲਈ ਵਰਤੇ ਜਾਂਦੇ ਹਨ। 7. ਹਿਮਾਲੀਆ (ਭਾਵ ਬਰਫਾਂ ਦਾ ਘਰ)
8. ਆੜੂਆਂ ਦੀ ਇਕ ਕਿਸਮ। 9. ਜ਼ਾਮਨ। 10. ਡੱਡੂ। 11. ਪੱਤੀਆਂ ਤੋਂ ਵਿਛੜੀਆਂ।

ਹੜ੍ਹ ਆਇਆ ਤੇ ਸੋਕਾ ਗੁੜ੍ਹਿਆ, ਸਰਵੇ ਹੋ ਗਏ ਰੁਖ ਤੇ ਬੂਟੇ,
ਨਾਤਾ ਧੋਤਾ ਸਬਜ਼ਾਂ ਲਿਸ਼ਕੇ, ਫਲ ਝੂਮਣ, ਫੁਲ ਲੈਂਦੇ ਹੂਟੇ।
ਅੰਬ ਰਸੇ, ਘੁਲੇ ਰਾ ਜੰਮੂ, ਆੜੂ ਘੁਰੇ, ਅਲੂਚੇ ਫਿਸੇ,
ਬਗੂ ਗੋਸ਼ੇ ਖਸਤਾ ਹੋਏ, ਅਮਰੂਦਾਂ ਵਿਚ ਲਾਲੀ ਦਿੱਸੇ।
ਚਾਉਲਾਂ ਮੁਸ਼ਕਣ ਬੂਟੇ ਬੱਧੇ, ਮੱਲੀ ਉਚੀ ਧਰਤਿ ਕਪਾਹਵਾਂ,
ਵੱਟਾਂ ਬਝੀਆਂ ਜੋਤਰ[1] ਖੁਲ੍ਹੇ, ਲੋਕਾਂ ਲਭੀਆਂ ਠੰਢੀਆਂ ਛਾਵਾਂ।
ਵੰਝਲੀ[2] ਕੂਕੇ, ਤੂੰਬਾ[3], ਧੁਣਕੇ, ਮੇਲਾ ਲਗਾ ਬੋਹੜਾਂ ਥੱਲੇ।
ਮੁੰਗਲੀ, ਮੁਗਦਰ, ਕੌਡ ਕਬੱਡੀ, ਗਭਰੂ ਖੇਡਾਂ ਖੇਡਣ ਚੱਲੇ।

ਭਾਦੋਂ

ਖੀਰਾਂ ਖਾ ਕੇ ਸਾਵਣ ਸੁਤਾ, ਜਾਗ ਪਿਆ ਭਾਦੋਂ ਮਾਂਹ ਛੇਵਾਂ।
ਇੰਦਰ ਰਾਜੇ ਰੀਝ ਲਾਹ ਲਈ, ਮੁਕਾ ਮੀਂਹਾਂ ਦਾ ਤਰਸੇਵਾਂ।
ਇਕ ਪਲ ਹੁੰਮਸ[4], ਇਕ ਪਲ ਵਰਖਾ, ਮੌਨਸੂਨ ਦੇ ਨਾਜ਼ ਨਿਹੋਰੇ,
ਮੀਹਾਂ ਦੀ ਰੱਜੀ ਧਰਤੀ ਨੇ, ਜਲ ਖੂਹਾਂ ਦੇ ਤਲ ਵਲ ਤੋਰੇ।
ਛੱਡਿਆ ਬੂਰ ਮਕਈ ਜੁਆਰਾਂ, ਬਾਜਰਿਆਂ ਨੇ ਸਿਟੇ ਕੱਢੇ,
ਸੰਭਲੀ ਹੋਸ਼ ਕਪਾਹ ਕਮਾਦਾਂ, ਮੁੰਜੀ ਤੇ ਝੋਨੇ ਗਏ ਵੱਢੇ।
ਝਾਂਬੇ[5] ਝੰਬਣ ਪੱਕਾ ਦਾਣਾ, ਸੰਭਲ ਸੰਭਾਲੀ ਗਈ ਪਰਾਲੀ,
ਧੁਪ ਲੁਆਕੇ ਕੋਠਾ ਭਰ ਲਈ ਜੱਟੀ ਰਾਣੀ ਭਾਗਾਂ ਵਾਲੀ।
ਫਲ ਮੇਵੇ ਕਸ਼ਮੀਰ ਕਾਬਲੋਂ, ਈਰਾਨੋਂ ਬਾਦਾਮ ਮੰਗਾਏ।
ਸੀਸਤਾਨ[6] ਤੋਂ ਸਰਦੇ ਸੌਗੀ ਤੇ ਅੰਗੂਰਾਂ ਦੇ ਪਿੱਠੂ ਆਏ।
ਔਲਾ, ਹਰੜ ਪਹਾੜੀ ਗਲ ਗਲ, ਨਿੰਬੂ ਖੱਟੇ ਘਰ ਦੀ ਮਾਇਆ।
ਲੀਚੀ ਮੇਵਾ ਡੇਹਰਾਦੂਨੀ, ਚੀਕੂ ਦੱਖਣ ਦੇਸੋਂ ਆਇਆ।
ਅਧਰਕ, ਮਿਰਚ, ਮਟਰ ਸ਼ਿਮਲੇ ਦੇ ਮਿਠਥੋਲੀ ਖੱਜੀ[7] ਮੁਲਤਾਨੀ।
ਕੰਧਾਰੀ ਅਨਾਰ ਬੇਦਾਣੇ, ਨੋਕੀ[8] ਖੁਰਮਾ[9] ਤੇ ਖੁਰਮਾਨੀ[10]।
ਜਾਂਦਾ ਜਾਂਦਾ ਭਾਦੋਂ ਦੇ ਗਿਆ, ਮੱਖੀ ਮੱਛਰ ਤਾਪ ਤਪਾਲੀ।
ਡਾਕਟਰਾਂ ਨੇ ਫੜ ਮਲੇਰੀਆ, ਨਿੰਬੂ ਤੇ ਕੋਨੀਨ ਪਿਆਲੀ।

ਅੱਸੂ

ਅੱਸੂ ਮਾਹ ਸਰਾਧਾਂ ਵਾਲਾ, ਵੱਤਰ ਧਰਤੀ ਗਈ ਸਿਆੜੀ,
ਜਟਾਂ ਜੋੜ ਲਿਆ ਬੀ ਭੱਤਾ, ਬੀਜਣ ਖਾਤਿਰ ਅਗਲੀ ਹਾੜੀ,
ਚਰ੍ਹੀ ਮਕਈਆਂ ਨਿਸਰ ਪਈਆਂ, ਸੂਤਰ ਕੱਤਿਆ ਦੋਧਾ ਛਲੀਆਂ।
ਗੰਨਾ ਕੀਤਾ ਨਵਾਂ ਦੁਸਹਿਰੇ, ਸਿਰ ਸਿਰ ਪਹੁੰਚ ਕਪਾਹਾਂ ਫਲੀਆਂ।

---

1. ਹਲ ਵਾਹੁਣ ਲਈ ਬਲਦਾਂ ਦਾ ਜੋੜਨਾ, ਪੰਜਾਲੀ। 2. ਬੰਸਰੀ ਦੀ ਹੀ ਕਿਸਮ ਹੈ। 3. ਇਕ ਤਾਰਾ। 4. ਹੁੱਸੜ। 5. ਝੰਬਣ ਵਾਲੇ। 6. ਸ਼ਕਸਤਾਨ, ਬਲੋਚਿਸਤਾਨ ਦੀ ਪੱਛਮੀ ਸਰਹੱਦ ਉੱਤੇ ਇਕ ਦੇਸ਼। 7. ਖਜੂਰ। 8. ਇਕ ਫਲ। 9. ਇਕ ਫਲ। 10. ਇਕ ਫਲ।

ਭਾਂਤ ਭਾਂਤ ਦੇ ਚਾਉਲ ਨਿਕਲੇ, ਮਿਲਾਂ ਦੇ ਵਿਚ ਛੜਨ ਮਸ਼ੀਨਾਂ,
ਮਿਠੇ, ਖੱਟੇ, ਸੰਤਰਿਆਂ ਦੇ ਚੂਪਣ ਦਾ ਆ ਗਿਆ ਮਹੀਨਾ।
ਧਾਮਾ ਜੇਉਣ[1] ਬ੍ਰਾਹਮਣ ਚੱਲੇ, ਖੀਰ, ਪੂਰੀਆਂ, ਮਾਂਹ ਕਚਾਲੂ।
ਪਿਤਰਾਂ ਨੂੰ ਪਹੁੰਚਾਂਦੇ ਪਾਣੀ, ਲਾਲੇ ਰਸਮਾਂ ਦੇ ਸ਼ਰਧਾਲੂ।
ਰਾਤ ਦਾ ਛਾਬਾ ਝੁਕਣ ਲਗ ਪਿਆ, ਦਿਨ ਦਾ ਦਿਨ ਦਿਨ ਉਚਾ ਹੋਵੇ,
ਰਾਤੀਂ ਪਾਲਾ, ਦਿਨ ਗ਼ਰਮੀਲੇ, ਪੱਖੇ ਚਲਣ, ਮੁੜਕਾ ਚੋਵੇ।
ਨਿਰਮਲ, ਨਿਮਰ, ਮਧੁਰ ਬੋਲਦਾ ਜਿਉਂ ਕਰ ਸਦਪੁਰਖਾਂ ਦੀ ਬਾਣੀ,
ਤਿਉਂ ਹੀ ਨਿਉਂ ਨਿਉਂ ਨਿਰਮਲ ਵਹਿੰਦਾ ਅੱਸੂ ਵਿਚ ਨਦੀਆਂ ਦਾ ਪਾਣੀ।

ਕੱਤਕ

ਕੱਤਕ ਕੂੰਜਾਂ ਉਤਰ ਪਹਾੜੋਂ ਕੂਲੀਂ ਛੰਭੀਂ ਲੈਣ ਉਤਾਰਾ।
ਦੀਵਾਲੀ ਤੇ ਟੁਕੜੀ ਮੇਲਾ, ਉਚੀਆਂ ਉਡ ਉਡ ਕਰਨ ਨਜ਼ਾਰਾ।
ਗਰਮੀ ਗਈ, ਸਿਆਲਾ ਚੜ੍ਹਿਆ ਨਿਕਲੇ ਕੰਬਲ ਅਤੇ ਰਜ਼ਾਈਆਂ,
ਕੁੜੀਆਂ ਚਿੜੀਆਂ ਛੋਹੇ ਸਵੈਟਰ, ਗਏ ਮੰਗਾਏ ਉਨ ਸਲਾਈਆਂ।
ਕਣਕਾਂ ਛੋਲੇ ਜੌਂ ਬੀਜੇ ਗਏ, ਉਪਰੋਂ ਮੀਂਹ ਨੇ ਰਹਿਮਤ ਕੀਤੀ,
ਫੁਟ ਦੇ ਫੁਟ ਕਪਾਹਾਂ ਖਿੜੀਆਂ, ਚੋਣੀ[2] ਨੇ ਝੋਲੀ ਭਰ ਲੀਤੀ।
ਪੱਕ ਗਏ ਸੰਤਰੇ ਨਰੰਗੀਆਂ, ਗੁਟੇ ਗੈਂਡੇ[3] ਖਿੜ ਖਿੜ ਹੱਸੇ।
ਕੱਤਕ[4] ਪੁੰਨਿਆਂ ਨਨਕਾਣੇ, ਵਲ, ਹੁੰਮ ਹੁਮਾ ਕੇ ਨੱਸੇ।
ਵੱਢ ਮਕਈਆਂ ਕੁਟ ਕੁਟ ਛਲੀਆਂ, ਜੁਆਰ ਬਾਜਰੇ ਗਏ ਸੰਭਾਲੇ,
ਪੋਨਾ ਗੰਨਾ ਗਿਆ ਬਾਜ਼ਾਰੀਂ, ਕਾਠਾ ਲੈ ਗਏ ਛੇਲੀ ਵਾਲੇ,
ਵੇਲਣਿਆਂ ਵਿਚ ਰਵ੍ਹਾਂ ਪੀੜ ਕੇ, ਗੁੜ ਸ਼ਕਰ ਗੰਡਾਂ ਵਿਚ ਢਾਲੇ।
ਕੁਝ ਅੰਦਰ ਸੰਭਾਲ ਲਿਆ, ਕੁਝ ਜਟ ਨੇ ਕੀਤਾ ਸ਼ਾਹਾਂ ਹਵਾਲੇ।
ਸਖਣੇ ਖੇਤਾਂ ਵਿਚ ਹਲ ਵਾਹ ਕੇ, ਰੂੜੀ ਢੋ ਢੋ ਗਈ ਖਿਲਾਰੀ।
ਗਿਆ ਬੀਜਿਆ ਹਰਿਆ ਪੱਠਾ, ਆਲੂ ਗੋਭੀ ਤਰਕਾਰੀ।

ਮੱਘਰ

ਮੱਘਰ ਮਾਂਹ ਬਹਾਰ ਖੁਰਾਕੀ, ਸਰਦੀ ਨੂੰ ਸੋਧੇ ਗਰਮਾਈ,
ਭਾਂਤ ਭਾਤ ਦੇ ਮੇਵੇ ਦਾਣੇ, ਕੇਸਰ ਤੇ ਕਸਤੂਰੀ[5] ਆਈ।
ਪਰਬਤ ਤੇ ਬਰਫਾਨੀ ਗੋਹੜੇ ਰਾਤੀਂ ਪੌਣ, ਦਿਨੇ ਰੁੜ੍ਹ ਜਾਂਦੇ।
ਨਦੀਆਂ ਨਹਿਰਾਂ ਦੇ ਜਲ ਸੀਤਲ, ਖੇਤਾਂ ਵਿਚ ਖਿਲਰਦੇ ਜਾਂਦੇ।
ਧੁਸੇ[6] ਕਸ਼ਮੀਰੇ[7] ਗਏ ਪਹਿਨੇ, ਗਰੜੂ[8], ਗੁਦਮੇ[9], ਸ਼ਾਲ ਦੁਸ਼ਾਲੇ,

---

1. ਭੋਜਨ ਲਈ ਸੱਦੇ ਤੇ ਜਾਣਾ, ਇਥੇ ਸਰਾਧਾਂ ਵਲ ਸੰਕੇਤ ਹੈ। 2. ਕਪਾਹ ਚੁਗਣ ਵਾਲੀ।
3. ਗੇਂਦੇ ਦਾ ਅੱਧਖਿੜਿਆ ਫੁੱਲ। 4. ਸ੍ਰੀ ਗੁਰੂ ਨਾਨਕ ਦੇਵ ਜੀ ਦੇ ਜਨਮ ਦੀ ਤਿਥੀ।
5. ਇਕ ਸੁਗੰਧਤ ਪਦਾਰਥ ਜੋ ਕਸਤੂਰੇ ਹਿਰਨ ਦੀ ਨਾਭੀ 'ਚੋਂ ਨਿਕਲਦਾ ਹੈ।
6-7. ਦੋ ਤਹਿਆਂ ਵਾਲਾ ਉਨੀ ਵਸਤ੍ਰ। 8. ਡਬ ਖੜੱਬੇ, ਅਨੇਕਾਂ ਰੰਗਾਂ ਵਾਲੇ। 9. ਗੋਦੜੀਆਂ।

ਸੇ, ਅਖਰੋਟ, ਬਦਾਮ, ਛੁਹਾਰੇ, ਨਿਉਜ਼ੇ, ਪਿਸਤਾ, ਗਰਮ ਮਸਾਲੇ।
ਮੱਛੀ ਮਾਸ, ਕੇਕ ਤੇ ਆਂਡੇ, ਕਾਫੀ ਪੀਣ ਪੈਸਿਆਂ ਵਾਲੇ,
ਸਾਗ ਸਰ੍ਹੋਂ ਦਾ, ਮੱਕੀ ਆਟਾ, ਖਾਣ ਹਿੰਮਤੀ ਰਹਿਣ ਸੁਖਾਲੇ।
ਦੁਧ, ਦਹੀਂ, ਮੱਖਣ ਤੇ ਲੱਸੀ, ਜਟਕਾ ਖਾਣਾ ਸਭ ਨੂੰ ਭਾਵੇ,
ਗੁੜ ਖਾਣਾ, ਰਹੁ ਗੰਨਾ ਪੀਣਾ, ਖ਼ੂਨ ਵਧਾਇ, ਖ਼ੁਰਾਕ ਪਚਾਵੇ।
ਸੂਗਰ ਮਿਲਾਂ ਪੋਨਾ[1] ਕਾਠਾ, ਸਹ ਗੰਨੇ ਦਾ ਰਸ ਕਢਵਾਇਆ,
ਲੱਖਾਂ ਮਣ ਦੀ ਖੰਡ ਬਣਾਈ, ਸ਼ੀਰਾ ਡਿਸਟਿਲਰੀ[2] ਪਹੁੰਚਾਇਆ।
ਕਣਕਾਂ, ਛੋਲੇ ਹੋਏ ਉਚੇਰੇ, ਫੁਟ ਕਪਾਹ ਦੇ ਤੋੜੇ ਜਾਂਦੇ,
ਸੇਂਜੀ[3], ਮੈਣਾ[4], ਸਰ੍ਹੋਂ ਚਟਾਲਾ, ਖਾ ਖਾ ਚੌਖੁਰ[5] ਦੁਧ ਵਧਾਂਦੇ,

ਪੋਹ

ਪੋਹ ਪਾਲੇ ਹਥ ਪੈਰ ਸੌਂ ਗਏ, ਮੂੰਹੋਂ ਧੂਆਂ, ਦੰਦ ਕੜਕਦੇ।
ਹੀਟਰ ਚੁਲ੍ਹੇ, ਧੂੰਆਂ ਅੰਗੀਠੀ, ਅਗ ਦੇ ਮੂੰਹ ਵਲ ਲੋਕੀ ਤਕਦੇ।
ਪੱਤਝੜੀ ਨੇ ਪੱਤਰ ਝਾੜੇ ਰੁਖ ਹੋ ਗਏ ਨੰਗ ਧੜੰਗੇ (ਮਨੰਗੇ)।
ਖੂੰਘਾਂ ਉਤੇ ਕੱਟੇ ਹੋਏ ਗੁਡੇ ਟੰਗੇ ਰੰਗ ਬਰੰਗੇ।
ਧੁਪ ਲੁਕੀ ਬਦਲ ਚੜ੍ਹ ਆਏ, ਤਿਖੀ ਵਾ ਨੇ ਝੜੀ ਲਗਾਈ।
ਪੀਆ ਵਿਜੋਗਣ ਡਰ ਡਰ ਠੰਡੀਆਂ ਲੰਮੀਆਂ ਰਾਤਾਂ ਤੋਂ ਘਬਰਾਈ।
ਮੁੰਡਿਆਂ ਕੁੜੀਆਂ ਕੱਠਾ ਕੀਤਾ, ਮੰਗ ਮੰਗ ਲੋਹੜੀ ਦਾ ਸਰਮਾਇਆ।
ਲਕੜੀ ਗੋਹਾ, ਜਗੀ ਜੁਆਲਾ[6], ਗੰਨੇ ਗਰਮ ਪਟਾਕਾ ਪਾਇਆ।
ਸੁਖਣਾ ਵਾਲੀਆਂ ਚਰਖੇ ਚਾੜ੍ਹੇ, ਤਿਲ ਚਿੜਵੇਂ[7] ਸੁਟ ਸ਼ਗਨ ਮਨਾਏ।
ਪੁਤਰਾਂ ਵਾਲੀਆਂ ਲੋਹੜੀ ਵੰਡੀ, ਗੁੜ ਫੁਲ੍ਹੇ ਘਰ ਘਰ ਪਹੁੰਚਾਏ।
ਰਹੁ[8] ਦੀ ਖੀਰ ਰਾਤ ਨੂੰ ਚਾੜ੍ਹੀ, ਸੁਖ ਨਾਲ ਮਾਘੀ ਨੂੰ ਖਾਣੀ।
ਖੇਤਾਂ ਦੇ ਵਿਚ ਫੇਰੇ ਪਾਵੇ, ਨਦੀਆਂ ਦਾ ਬਰਫਾਨੀ ਪਾਣੀ।
ਪੋਹਟੀ[9] ਅਜੇ ਕਪਾਹ ਨਾ ਮੁਕੀ, ਵਿਚ ਖਲੋ ਗਿਆ ਪੱਠਾ ਹਰਿਆ।
ਜਟ ਨੇ ਵਢ ਕੇ ਮਣਛਿਟੀ ਦਾ, ਢੇਰ ਲਗਾ ਕੇ ਕੋਠਾ ਭਰਿਆ।

ਮਾਘ

ਚੜ੍ਹਿਆ ਮਾਘ ਰਾਤ ਝੁਕੀ ਕੁਝ ਦਿਨ ਦਾ ਹੋਇਆ ਕੱਦ ਲਮੇਰਾ,
ਚਿਲਮਿਲਾਂਦੀਆਂ ਧੁਪਾਂ ਪਾਇਆ, ਰੁੱਖਾਂ ਉਤੇ ਸੇਕ ਵਧੇਰਾ।

---

1. ਗੰਨੇ ਦੀ ਵਿਸ਼ੇਸ਼ ਕਿਸਮ ਜੋ ਕਮਾਦ (ਕਾਠੇਗੰਨੇ) ਤੋਂ ਮੋਟਾ ਹੁੰਦਾ ਹੈ। 2. ਸ਼ਰਾਬ ਤਿਆਰ ਕਰਨ ਵਾਲਾ ਕਾਰਖਾਨਾ।
3-4. ਪਸ਼ੂਆਂ ਦੇ ਚਾਰੇ ਲਈ ਬੀਜੇ ਜਾਣ ਵਾਲੇ ਖਾਸ ਹਰਿਆਵਲੇ ਬੂਟੇ। 5. ਚਾਰ ਖੁਰਾਂ ਵਾਲੇ ਜਾਨਵਰ, ਚੌਪਾਏ।
6. ਅੱਗ। 7. ਭਿਉਂਕੇ ਜਾਂ ਥੋੜ੍ਹਾ ਉਬਾਲਕੇ ਭੱਠੀ ਵਿਚ ਭੁੰਨ ਕੇ ਚਪਟੇ ਕੀਤੇ ਚੌਲ। 8. ਗੰਨੇ ਦਾ ਰਸ।
9. ਕਪਾਹ ਦੇ ਸੁੱਕੇ ਬੂਟੇ ਜੋ ਬਾਲਣ ਲਈ ਵਰਤਦੇ ਹਨ।

ਫਸਲ ਦੀ ਜੜ੍ਹ ਪੱਕੀ ਹੋਈ, ਧਰਤੀ ਪਕੜੀ ਖਲੋਤੇ ਤੀਲੇ,
ਸਰ੍ਹੋਂ ਤੋਰੀਏ ਖਿੜ ਖਿੜ ਹੱਸੇ, ਖੇਤ ਹੋ ਗਏ ਪੀਲੇ ਪੀਲੇ।
ਸੇਂਜੀ ਮੈਣਾ[1], ਘਾਹ ਛਟਾਲਾਂ[2], ਆਕੜ ਆਕੜ ਉਠ ਖਲੋਤੇ,
ਮੀਂਹ ਨੇ ਮਿਹਰ ਅਕਾਸ਼ੋਂ ਕੀਤੀ, ਪੱਠੇ ਹੋ ਗਏ ਨਾਤੇ ਧੋਤੇ,
ਧਰਤੀ ਵਿਚੋਂ ਜੀਵਨ-ਜੋਤੀ, ਸਬਜ਼ੇ ਦੇ ਸੀਨੇ ਵਿਚ ਆਈ,
ਸੁਤੀ ਹੋਈ ਬਸੰਤ ਰੁਤ ਨੇ, ਪਾਸਾ ਪਰਤ ਲਈ ਅੰਗੜਾਈ।
ਕੀਤੀ ਹੋਸ਼ ਸਿਆਲੀ ਫੁੱਲਾਂ, ਗੁਲ ਦਾਊਦੀ[3] ਗਟਾ[4] ਗੇਂਦਾ।
ਸੂਰਜ ਮੁੱਖੀ ਡਾਹਲੀਆਂ, ਖੈਰਾ[5], ਫੁਲਮਟਰ ਚੜ੍ਹ ਪੀਂਘ ਝੁਟੇਂਦਾ।
ਧੁੱਪਾਂ ਖਾ ਬੂਟੇ ਗਰਮਾਏ, ਆਇਆ ਗੰਢਾ ਵਿਚ ਪੁੰਗਾਰਾ।
ਮਹਿਲ ਸੰਭਾਲੀ ਜਾਏ ਨਾ ਬਾਗੀਂ, ਕਰਨੇ[6] ਪਾਇਆ ਖਿਲਰ ਖਿਲਾਰਾ।

ਫੱਗਣ

ਫੱਗਣ ਮਾਂਹ ਮੁਬਾਰਕ ਚੜ੍ਹਿਆ, ਬੈਠੀ ਤਖਤ ਬਸੰਤੋਂ[7] ਰਾਣੀ,
ਰੂਪ ਚੜ੍ਹ ਗਿਆ ਫੁੱਲਾਂ ਉਤੇ, ਫਸਲਾਂ ਫਲਾਂ ਜਵਾਨੀ ਮਾਣੀ।
ਮਦ, ਮਾਸ਼ੂਕ[8] ਮੰਦਨ[9], ਮਸਤਾਨੇ, ਮਹਿਕ-ਨਗਰ ਵਿਚ ਪਹੁੰਚੇ ਸਾਰੇ,
ਇਸ਼ਕ ਹੁਸਨ ਨੂੰ ਪੂਜਣ ਚੜ੍ਹਿਆ, ਬਾਗ਼ ਬਣੇ ਹਨ ਠਾਕਰਦੁਆਰੇ,
ਹੋਲੀ ਬਾਜ਼ਾਂ[10] ਭੰਗ ਚੜ੍ਹਾਈ, ਅੱਠ ਦਿਹਾੜੇ ਬਣੇ ਸੁਦਾਈ,
ਸ਼ਹਿਰਾਂ ਦਾ ਸਭ ਕੂੜਾ ਮਿਟੀ, ਪੇਂਡੂ ਰਾਹੀਆਂ ਦੇ ਸਿਰ ਪਾਈ।
ਰੰਗ ਘੋਲ, ਲੀੜੇ ਗੁਤਿਆਏ[11] ਕਾਲੇ ਮੂੰਹ ਕੀਤੇ ਕਰਵਾਏ।
ਹੋਲੇ ਦਾ ਜਲੂਸ ਜਦ ਚੜ੍ਹਿਆ, ਤਦ ਵੀ ਭੜੂਏ ਬਾਜ਼ ਨਾ ਆਏ।
ਮਥੁਰਾ, ਗੋਕਲ ਬਿੰਦ੍ਰਾਬਨ ਵਿਚ, ਕ੍ਰਿਸ਼ਨ ਰੂਪ ਧਰ ਕੁਦਰਤ ਆਈ।
ਰੰਗਾਂ ਮਹਿਕਾਂ ਦੀ ਮਠਿਆਈ, ਜੀ ਜੀ ਦੀ ਝੋਲੀ ਵਿਚ ਪਾਈ।
ਇਕ ਦੂਜੇ ਨੂੰ ਦੇਣ ਵਧਾਈਆਂ, ਨਵੀਂ ਮੁਬਾਰਕ ਫਸਲ ਬਹਾਰੀ।
ਘਰ ਘਰ ਹੁਸਨ ਹੁਲਾਰੇ ਖਾਵੇ, ਖੁਸ਼ੀਆਂ ਦੀ ਚੜ੍ਹ ਗਈ ਖੁਮਾਰੀ।
ਬਾਰਾਹਮਾਹ ਸਮਾਪਤ ਕੀਤੇ, ਤਕ ਕੁਦਰਤ ਦੀ ਚਿਤਰਕਾਰੀ।
ਮੌਸਮ ਦੇ ਮੇਲੇ ਚੋਂ ਚਾਤ੍ਰਿਕ, ਚੁਣ ਚੁਣ ਵੰਡੇ ਫੁਲ ਬਹਾਰੀ।

---

1. ਹਰੇ ਪੱਤੇ ਲਈ ਬੀਜੇ ਜਾਣ ਵਾਲੇ ਦੋ ਪ੍ਰਕਾਰ ਦੇ ਬੂਟੇ। 2. ਇਕ ਕਿਸਮ ਦਾ ਘਾਹ, ਬਰਸੀਨ।
3. ਸਰਦੀਆਂ ਵਿਚ ਹੋਣ ਵਾਲੇ ਇਕ ਬੂਟੇ ਨੂੰ ਇਕੋ ਲਗਣ ਵਾਲਾ ਚੌੜਾ ਫੁੱਲ ਜਿਸ ਦੀਆਂ ਪੱਤੀਆਂ ਵਾਂਗ ਹੁੰਦੀਆਂ ਹਨ।
4. ਗੈਂਡੇ ਦਾ ਅੱਧਖਿੜਿਆ ਫੁਲ। 5. ਬਿਨਾਂ ਸੁਗੰਧ ਇਕ ਫੁੱਲ ਤੇਲੀਆਂ। 6. ਖੱਟੇ ਦਾ ਫੁੱਲ। 7. ਬਸੰਤ ਰੁੱਤ।
8. ਮਸਤੀ, ਸ਼ਰਾਬ। 9. ਪਿਆਰਾ। 10. ਕਾਮਦੇਵ, ਹੋਲੀ ਖੇਡਣ ਵਾਲਿਆਂ। 11. ਗਿੱਲੇ ਕੀਤੇ।

ਇਤਿਹਾਸ

ਮਹਾਰਾਜਾ ਰਣਜੀਤ ਸਿੰਘ ਨੂੰ ਉਸ ਦੀ ਸ਼ਤਾਬਦੀ (18-6-1939) ਪਰ

ਮੈਂ ਮੰਨਦਾ ਤੈਨੂੰ ਦਾਨਸ਼[1] ਦਾ ਭੰਡਾਰਾ,
ਪਰਜਾ ਪਾਲਕ, ਜਰਨੈਲ, ਸੂਰਮਾ ਭਾਰਾ।
ਤੂੰ ਸਿੱਖ ਰਾਜ ਦੀ ਇੱਕੋ ਇੱਕ ਨਿਸ਼ਾਨੀ,
ਗੁਰੂ ਘਰ ਦਾ ਸ਼ਰਧਾਵਾਨ ਦਿਲਾਵਰ[2], ਦਾਨੀ।
ਹਰਿਮੰਦਰ ਸੇਵਾ ਤੋੜ ਚੜ੍ਹਾਉਣ ਵਾਲਾ,
ਸ੍ਰੀ ਕਲਗੀਧਰ ਦੀ ਮਹਿਮਾਂ ਦਾ ਮਤਵਾਲਾ।
ਕੁਲ ਆਪਣੀ ਗੁਰੂ ਚਰਨਾਂ ਤੋਂ ਸਦਕੇ ਕੀਤੀ,
ਕਾਲੇ ਕੋਹਾਂ[3] ਤੇ ਯਾਦਗਾਰ ਰਚ ਲੀਤੀ।
ਮੈਂ ਮੰਨਦਾ ਹਾਂ ਇਕਬਾਲ ਤੇਰਾ ਲਾਸਾਨੀ[4],
ਮੁਲਤਾਨ ਤੀਕ ਤੇ ਤੇਰੀ ਸੀ ਨਿਗਰਾਨੀ।
ਫਿਰਦੇ ਸਨ ਤੇਰੇ ਸ਼ੇਰ ਮਾਰਦੇ ਨਾਅਰਾ
ਕਾਬਲ ਤਕ ਤੇਰਾ ਗਜਦਾ ਸੀ ਜੈਕਾਰਾ।
ਪਰ ਮੇਰਾ ਸਿਰ ਸਤਕਾਰ ਲਈ ਨੀਵਾਂ ਹੈ,
ਇਸ ਲਈ, ਕਿ ਸਭ ਦੇ ਦਿਲ ਵਿਚ ਤੇਰਾ ਥਾਂ ਹੈ।
ਤੂੰ ਪਹਿਲਾ ਹੈਂ ਮੇਰੇ ਪੰਜਾਬ ਦਾ ਵਾਲੀ,
ਜਿਨ ਹਿੰਮਤ ਕਰ, ਤਕਦੀਰ ਦੇਸ਼ ਦੀ ਢਾਲੀ।
ਤੂੰ ਤੀਲਾ ਤੀਲਾ ਜੋੜ ਬਹਾਰੀ ਬੰਨ੍ਹੀ,
ਬਿਸਮਾਰਕ[5] ਵਰਗੀ ਸੋਚ ਤੇਰੀ ਗਈ ਮੰਨੀ।
ਜੇ ਤੈਨੂੰ ਸਾਥੋਂ ਹੋਣੀ ਖੋਹ ਨਾ ਖੜਦੀ,
ਪੰਜ ਦਰਿਆਵਾਂ ਦੀ ਸ਼ਾਨ ਕਿਤੇ ਜਾ ਚੜ੍ਹਦੀ।
ਹੁਣ ਤੇਰੇ ਪਿੱਛੋਂ ਦੇਸ਼ ਅਬਾਦ ਬੜਾ ਹੈ,
ਮੀਆਂ, ਲਾਲਾ, ਸਰਦਾਰ, ਸਭੋ ਵਸਦਾ ਹੈ।
ਘਰ ਘਰ ਵਿਚ ਝਲਕੇ ਪਈ ਸ਼ਾਨ ਨਵਾਬੀ,
ਪਰ ਨਜ਼ਰ ਨਾ ਆਵੇ ਕੋਈ ਨਿਰੋਲ ਪੰਜਾਬੀ।

---

1. ਅਕਲਮੰਦੀ। 2. ਬਹਾਦਰ।
3. ਕਾਲੇ ਪਹਾੜਾਂ ਉੱਤੇ, ਭਾਵ ਨਾਦੇੜ ਸ਼ਹਿਰ ਦੇ ਗੁਰਦਵਾਰੇ ਹਜ਼ੂਰ ਸਾਹਿਬ ਤੋਂ ਹੈ।
4. ਅਦੁਤੀ। 5. ਜਰਮਨੀ ਦਾ ਇਕ ਪ੍ਰਸਿੱਧ ਰਾਜਨੀਤਿ-ਵੇਤਾ, (1815-1898) ਚਾਂਸਲਰ, ਤੇ ਸੁਧਾਰਕ।

ਤੇਰੀ ਅਰਬੀ ਦੇ ਨਾਲ ਸਲੂਕ[1] ਸਿਧਾਇਆ,
ਨਕਸ਼ਾ ਪੰਜਾਬ ਦਾ ਕੁਦਰਤ ਨੇ ਬਦਲਾਇਆ।
ਜੇ ਮੁੜ ਆ ਕੇ ਬੰਨ੍ਹ ਸਕੇਂ ਉਹੋ ਸ਼ੀਰਾਜ਼ਾ[2],
ਖੁਲ੍ਹ ਜਾਏ ਸਾਡੀ ਉੱਨਤੀ ਦਾ ਦਰਵਾਜ਼ਾ।

ਮਹਾਤਮਾ ਗਾਂਧੀ

ਜਦ ਭਾਰਤ ਦੇ ਵਿਚ ਤਾਕਤ ਨੇ ਆਪਣੀ ਤਾਕਤ ਅਜ਼ਮਾ ਲੀਤੀ,
ਜ਼ੋਰਾਵਰ ਨੇ ਬੇ-ਜ਼ੋਰਾਂ ਤੇ, ਰਜ ਰਜ ਕੇ ਧੌਂਸ ਜਮਾ ਲੀਤੀ।
ਸਾਹ ਲੈਣਾ ਮੁਸ਼ਕਿਲ ਦਿਸਦਾ, ਆਜ਼ਾਦੀ ਦੀ ਫਰਯਾਦ ਲਈ,
ਬੁਲਬੁਲ ਦਾ ਰੋਣਾ ਧੋਣਾ ਭੀ, ਗੁਸਤਾਖ਼ੀ ਸੀ ਸੱਯਾਦ[3] ਲਈ।
ਜਿਉਂ ਜਿਉਂ ਸਖਤੀ ਸਿਰ ਚੜ੍ਹ ਗਈ, ਨਰਮੀ ਕੁਝ ਜਿਗਰਾ ਫੜ ਗਈ।
ਪਾਹ ਚੜ੍ਹੀ ਗਈ, ਇਹ ਅੜੀ ਗਈ, ਹੱਕਾਂ ਲਈ ਹਿੰਮਤ ਲੜੀ ਗਈ।
ਤਲਵਾਰ ਤੋਪ ਬੰਦੂਕ ਬੰਬ ਜਦ ਸਭ ਨੁਸਖੇਂ ਬੇਕਾਰ ਗਏ,
ਤਦ ਭਗਵਾਨ ਵੱਲੋਂ ਭਾਰਤ ਵਿਚ, ਭੇਜੇ ਨਿਰਭੈ ਅਵਤਾਰ ਗਏ।
ਇਸ ਨਵੇਂ ਬੁੱਧ ਨੇ ਚੜ੍ਹਦਿਆਂ ਹੀ ਤਾਕਤ ਦਾ ਚਰਖ ਭੁਆ ਦਿੱਤਾ,
ਫੁੰਕਾਰੇ ਭਰਦੇ ਇੰਜਨ ਦਾ, ਵਧ ਕੇ ਕਾਂਟਾ ਬਦਲਾ ਦਿੱਤਾ।
ਸੁਤੇ ਹੋਏ ਜਿੰਨ ਨੂੰ ਕੀਲ ਲਿਆ, ਸਚਿਆਈ ਦੀਆਂ ਕਲਾਮਾਂ ਨੇ,
ਵਗਦੇ ਦਰਿਆ ਨੂੰ ਰੋਕ ਲਿਆ, ਕੁਰਬਾਨੀ ਦੇ ਪੈਗਾਮਾਂ ਨੇ।
ਲੰਗੋਟੀ ਵਾਲੇ ਬਾਪੂ ਦੀ, ਲਲਕਾਰ ਗਈ ਅਸਮਾਨਾਂ ਤੇ,
ਚੁਪ-ਬਰਤੀ ਛਾਯਾ ਪੈ ਗਈ, ਚਲਾਕ ਸਿਆਸਤ-ਦਾਨਾਂ[4] ਤੇ।
ਇਸ ਅਤਿ ਵਿਸ਼ਾਲ ਛਾਤੀ ਉਹਲੇ, ਇਕ ਪ੍ਰੇਮ-ਸਿੰਧ[5] ਲਹਿਰਾਂਦਾ ਸੀ,
ਲੰਗੋਟੀ ਬੰਦ ਸੁਦਾਮਾ ਵਿਚ, ਮੋਹਨ ਝਲਕਾਰੇ ਪਾਂਦਾ ਸੀ।
ਬੇ-ਤਾਜ ਬਾਦਸ਼ਾਹ ਭਾਰਤ ਦਾ, ਪਰ ਨਗਨ ਫਿਰਨ ਤੋਂ ਆਰ[6] ਨਹੀਂ,
ਜਰਨੈਲ ਸਾਰੀਆਂ ਫੌਜਾਂ ਦਾ, ਪਰ ਹੱਥਾਂ ਵਿਚ ਹਥਿਆਰ ਨਹੀਂ।
ਅਪਣਾ ਕੇ ਸੂਦ ਅਛੂਤ ਦੁਖੀ, ਹੰਕਾਰੀ ਦੇ ਗਲ ਲਾਏ ਤੂੰ,
ਰੱਬ ਦੇ ਅਣ-ਕੰਧੇ ਮੰਦਿਰ ਵਿਚ, ਚੌਵਰਨੇ[7] ਭਗਤ ਬਹਾਏ ਤੂੰ !
ਤੂੰ ਛੋਹੀ ਉਸਾਰੀ ਕੌਮੀ ਸੀ, ਇਤਫ਼ਾਕ ਦੇ ਗੀਤ ਸੁਣਾਂਦਾ ਸੈਂ।
ਗੁਰ ਨਾਨਕ ਵਾਂਗਰ, ਭਾਰਤ ਵਿਚ, ਤੂੰ ਸਾਂਝਾ ਪੀਰ ਸਦਾਂਦਾ ਸੈਂ।
ਬਾਰਾਂ ਸੌ ਸਾਲ ਗੁਲਾਮੀ ਦੇ, ਮੁਕ ਗਏ ਭਾਰਤ ਦੁਖਿਆਰੀ ਦੇ,
ਚੁਕਵਾ ਕੇ ਘਰ ਪਹੁੰਚਾਏ ਗਏ, ਥੈਲੇ ਉਸਤਾਦ ਮਦਾਰੀ ਦੇ।
ਤੂੰ ਧੁਨ ਵਿਚ ਮੇਲ ਮਿਲਾਪਾਂ ਦੀ, ਢਾਕਾ, ਬੰਗਾਲਾ[8] ਗਾਹ ਮਾਰੇ,

1. ਭਲਾ ਵਰਤਾਓ, ਸ਼ਿਸ਼ਟਾਚਾਰ। 2. ਬਾਨ੍ਹਣੂ। 3. ਸ਼ਿਕਾਰੀ। 4. ਰਾਜਨੀਤਿਕ ਆਗੂ। 5. ਪਿਆਰ ਦਾ ਸਾਗਰ।
6. ਲੱਜਾ, ਸ਼ਰਮ, ਝਿਜਕ। 7. ਚਾਰੇ ਵਰਣਾਂ ਦੇ, ਸਭ ਜਾਤਾਂ ਦੇ। 8. ਪੂਰਬੀ ਭਾਰਤ ਦੇ ਪ੍ਰਾਂਤ।

ਜਦ ਫਿਰ ਫਿਰ ਆਇਓਂ ਦਿੱਲੀ ਵਿਚ, ਚੋਲੇ ਜਰਜਰੇ[1] ਵਗਾਹ ਮਾਰੇ,
ਇਸ ਨੇਕੀ ਦੇ ਰਾਹ ਚਲਦੇ ਨੇ ਬਹਿ ਨਾਮ ਰਾਮ ਦਾ ਲੀਤਾ ਤੂੰ,
ਅਣ-ਮੰਗਿਆ ਜਾਮ ਸ਼ਹਾਦਤ[2] ਦਾ, ਗੋਲੀ ਖਾ ਖਾ ਕੇ ਪੀਤਾ ਤੂੰ।
ਕਤਰਾ ਰਲ ਗਿਆ ਸਮੁੰਦਰ ਵਿਚ, ਸੂਰਜ ਨੇ ਕਿਰਨ ਬੁਲਾ ਲੀਤੀ,
ਭਗਵਨ ਨੇ ਜਗਦੀ ਜੋਤ ਮੰਗਾ, ਚਰਨਾਂ ਦੇ ਪਾਸ ਬਹਾ ਲੀਤੀ।
ਹਰ ਥਾਂ ਦੁਹਰਾਇਆ ਜਾਂਦਾ ਹੈ, ਮਾਨੁਖਤਾ ਦਾ ਪੈਗਾਮ ਤੇਰਾ,
ਦੁਨੀਆਂ ਭਰ ਦਿਆਂ ਮਹਾਂ-ਪੁਰਖਾਂ ਵਿਚ, ਸ਼ਾਮਲ ਹੋ ਗਿਆ ਨਾਮ ਤਿਰਾ।
ਨਿਸ਼ਕਾਮ[3] ਰੂਹ ਲਾਫਾਨੀ[4] ਦੇ ਨੇੜੇ ਆ ਸਕਦਾ ਕਾਲ ਨਹੀਂ,
ਉਪਕਾਰੀ ਗਾਂਧੀ ਦੀ ਸ਼ੋਭਾ ਨੂੰ, ਚਾਤ੍ਰਿਕ ਕਦੇ ਜ਼ਵਾਲ[5] ਨਹੀਂ।

ਭਗਵਨ

ਅਨਾਥ ਜਨਿਤਾ ਦੇ ਨਾਥ ਮੋਹਨ !
ਜਸੋਧਾਂ ਮਈਆ ਦੇ ਲਾਲ ਭਗਵਨ !
ਅਜੀਬ ਗਲ ਹੈ, ਕਿ ਤੇਰੀ ਭਾਰਤ,
ਅਜੇ ਤਲਕ ਹੈ ਕੰਗਾਲ ਭਗਵਨ !
ਤੂੰ ਵੇਖੇ ਜਨਤਾ ਦੇ ਸਿਰ ਕਟੀਂਦੇ,
ਤੂੰ ਵੇਖੇ ਲਹੂਆਂ ਦੇ ਹੜ ਵਹੀਂਦੇ,
ਤੇ ਬੰਦੇ ਰੁਲਦੇ ਤਬਾਹ ਥੀਂਦੇ,
ਨਾ ਆਇਆ ਤੈਨੂੰ ਉਬਾਲ ਭਗਵਨ !
ਤੂੰ ਮੁਰਦਿਆਂ ਦਾ ਅੰਬਾਰ ਤਕਦੋਂ,
ਤੂੰ ਰੱਤੇ ਪਾਣੀ ਦੀ ਧਾਰ ਤਕਦੋਂ,
ਤੜਪਦਿਆਂ ਦੀ ਪੁਕਾਰ ਸੁਣਦੋਂ,
ਤੇ ਤਕਦੋਂ ਵਿਧਵਾ ਦੇ ਹਾਲ ਭਗਵਨ !
ਤੂੰ ਵੇਖ ਲੈਂਦੋਂ ਹੂਰਾਂ ਪਰੀਆਂ,
ਜੋ ਖੋਹ ਕੇ ਮੁਸ਼ਟੰਡਿਆਂ ਨੇ ਖੜੀਆਂ,
ਜੋ ਬੇ-ਦਰੇਗਾਂ[6] ਦੀ ਭੇਟ ਚੜ੍ਹੀਆਂ,
ਜੋ ਸੜੀਆਂ ਗਲ ਲਾ ਕੇ ਬਾਲ ਭਗਵਨ !
ਜੋ ਆਲ੍ਹਣੇ ਏਨ੍ਹਾਂ ਬੁਲਬੁਲਾਂ ਦੇ,
ਬੁਲੰਦ ਥਾਂ ਸਨ ਹੁਲਾਰੇ ਖਾਂਦੇ,
ਕਜ਼ਾ ਨੇ ਉਹ ਉਹ ਤੂਫ਼ਾਨ ਆਂਦੇ,
ਕਿ ਰਲ ਗਏ ਖ਼ਾਕ ਨਾਲ ਭਗਵਨ !

---

1. ਬਹੁਤ ਪੁਰਾਣੇ। 2. ਸ਼ਹੀਦੀ। 3. ਬੇਗਰਜ਼। 4. ਅਮਰ, ਅਬਿਨਾਸ਼ੀ। 5. ਘਾਟਾ, ਅਵੂਨਤੀ।
6. ਬੇਰਹਿਮ, ਪੱਥਰ ਦਿਲ।

ਤੂੰ ਛੋੜ ਦੇ ਠਾਕੁਰੀ ਹਿੰਡੋਲਾ[1],
ਪਹਿਨ ਲੈ ਰਿਫ਼ਯੂਜੀਆਂ[2] ਦਾ ਚੋਲਾ,
ਤੂੰ ਦੇਖ ਦੁਖਿਆਰਿਆਂ ਦਾ ਟੋਲਾ,
ਤੇ ਫਿਰਦਾ ਰਹੁ ਨਾਲ ਨਾਲ ਭਗਵਨ !
ਤੂੰ ਅਰਬਾਂ ਖਰਬਾਂ ਦੇ ਤਕ ਉਜਾੜੇ,
ਤੇ ਦੇਖ ਫਿਰਦੇ ਜੋ ਮਾਰੇ ਮਾਰੇ,
ਜੋ ਬੈਠੇ ਹੋਏ ਤੇਰੇ ਸਹਾਰੇ,
ਤੂੰ ਕਰ ਉਨ੍ਹਾਂ ਦੀ ਸੰਭਾਲ ਭਗਵਨ !
ਪਸ਼ੌਰੋਂ ਚਲ ਕੇ ਜੋ ਦਿੱਲੀ ਆਏ,
ਤੇ ਸੂਬਿਆਂ ਵਿਚ ਗਏ ਖਿੰਡਾਏ,
ਬਿਗਾਨੀ ਬੋਲੀ ਤੇ ਥਾਂ ਪਰਾਏ,
ਤੂੰ ਬਾਹੋਂ ਫੜ ਕੇ ਉਠਾਲ ਭਗਵਨ !
ਵਿਰਾਟ[3] ਸੂਰਤ ਤੇਰੀ 'ਚ ਸਾਰੇ
ਅਕਾਸ਼ੋਂ ਟੁਟ ਟੁਟ ਕੇ ਡਿਗਦੇ ਤਾਰੇ,
ਤੂੰ ਦੇਖੇ ਹੋਸਣ ਏ ਸਭ ਨਜ਼ਾਰੇ,
ਵਿਖਾਂਦੇ ਹੋਣੀ ਦੇ ਤਾਲ ਭਗਵਨ !
ਹੈਂ ਤੂੰ ਭੀ ਭਾਰਤ ਦਾ ਜਾਇਆ ਹੋਇਆ,
ਉਸੇ ਦੇ ਦਿਲ ਵਿਚ ਸਮਾਇਆ ਹੋਇਆ,
ਜੇ ਹੈਂ ਦਇਆ ਵਿਚ ਤੂੰ ਆਇਆ ਹੋਇਆ,
ਤਾਂ ਕਰ ਵਿਖਾ ਇਕ ਕਮਾਲ ਭਗਵਨ।
ਤੂੰ ਫੜ ਲੈ ਸ਼ੈਤਾਨ ਦੇ ਭੁਲਾਏ,
ਜੋ ਲਾਲਚਾਂ ਨੇ ਕੁਰਾਹੇ ਪਾਏ,
ਦਿਖਾ ਕੇ ਦੁਰ-ਭਾਗ ਦੇ ਸਤਾਏ,
ਤੂੰ ਦੇਸ਼ ਭਗਤੀ ਸਿਖਾਲ ਭਗਵਨ।

ਆਗ਼ਾ ਸਾਹਿਬ[4]

(ਲਾਹੌਰ[5] ਦੇ ਪ੍ਰਸਿਧ ਉਸਤਾਦ 'ਆਗਾ' ਦੇ ਦੇਹਾਂਤ ਸਮੇਂ ਲਿਖੀ ਗਈ ਸੀ)

ਸਾਡੇ ਸੱਜਣਾ ! ਰੁੱਠ ਕੇ ਉੱਠ ਤੁਰਿਓਂ,
ਸਾਡੀ ਦੋਸਤੀ ਦਿਲ ਤੋਂ ਭੁਲਾ ਦਿੱਤੀ,

1. ਮਾਲਕਾਂ ਦੀ ਪਾਲਕੀ, ਝੂਲੇ। 2. ਪਾਕਿਸਤਾਨ ਤੋਂ ਉਜੜ ਕੇ ਆਏ ਲੋਕ।
3. ਬਹੁਤ ਵੱਡਾ, ਮਹਾਂਭਾਰਤ ਅਨੁਸਾਰ ਭਗਵਾਨ ਸ੍ਰੀ ਕ੍ਰਿਸ਼ਨ ਜੀ ਨੇ ਆਪਣਾ ਵਿਰਾਟ ਰੂਪ ਦਿਖਾ ਕੇ ਅਰਜਨ ਨੂੰ ਯੁੱਧ ਕਰਨ ਲਈ ਪ੍ਰੇਰਿਆ ਸੀ।
4. ਉਸਤਾਦ ਤੋਂ ਏਥੇ ਭਾਵ ਕਵਿਤਾ ਵਿਚ ਮੰਨਿਆ ਪ੍ਰਮੰਨਿਆ ਹੈ, ਉਂਵ ਇਨ੍ਹਾਂ ਦੇ ਭੀ ਸ਼ਗਿਰਦ ਹੁੰਦੇ ਹਨ।
5. ਲਾਹੌਰ ਵਿਚ ਜਿਸ ਵੇਲੇ ਉਰਦੂ ਵਾਲਿਆਂ ਨੇ ਪੰਜਾਬੀ ਦਾ ਬਾਈਕਾਟ ਕਰ ਦਿੱਤਾ ਸੀ, ਆਗ਼ਾ ਉਸਤਾਦ ਨੇ ਦਲੇਰੀ ਨਾਲ ਆਪਣੇ ਸਕੂਲ ਨੂੰ ਜਾਰੀ ਰੱਖਿਆ।

ਤੂੰ ਸ਼ਿੰਗਾਰ ਸੈਂ ਸਾਡੀਆਂ ਮਹਿਫਲਾਂ ਦਾ,
ਵਿਚੋਂ ਚਾਨਣੀ ਸ਼ਮ੍ਹਾਂ ਬੁਝਾ ਦਿੱਤੀ,
ਤੇਰੀ ਸ਼ਾਨ ਚਮਕਾਇਆ ਸ਼ਾਇਰੀ ਨੂੰ,
ਪਾ ਕੇ ਜਾਨ ਅਸਮਾਨ ਚੜ੍ਹਾ ਦਿੱਤੀ।
ਲਾਹ ਜੰਜਾਲ ਤੇ ਛੱਡ ਧੰਦਾਲ[1] ਸਾਰੇ,
ਜਾ ਨਵੇਕਲੀ ਝੌਂਪੜੀ ਪਾ ਦਿੱਤੀ।
ਬਗਲੀ[2] ਪਾ ਤੁਰਿਓਂ ਛੱਡ ਯਾਰ ਬੇਲੀ,
ਬਗਲੀ ਵਿਚ ਹੁਣ ਧੂਣੀ ਰੁਮਾ ਦਿੱਤੀ।
ਰੁੱਝੋਂ ਸੈਰ ਬਹਿਸ਼ਤਾਂ ਦੀ ਖੋਲ੍ਹ ਤਾਕੀ,
ਫ਼ਾਨੀ[3] ਜੱਗ ਦੀ ਝਾਕ ਹਟਾ ਦਿੱਤੀ,
ਕਤਰੇ[4] ਬਹਿਰ ਦਾ ਪਾਇਆ ਵਿਸਾਲ ਜਾ ਕੇ,
ਆਪਣੀ ਬੁਲਬੁਲੇ ਹਸਤੀ ਮਿਟਾ ਦਿੱਤੀ,
ਹੋ ਫ਼ਨਾਹ[5] ਜ਼ੱਰਾ ਆਫ਼ਤਾਬ ਬਣਿਆ,
ਆਉਣ ਜਾਣ ਦੀ ਤਾਂਘ ਮੁਕਾ ਦਿੱਤੀ।
ਤੇਰੀ ਮੌਤ ਨੇ ਦਿੱਤੀਆਂ ਖੋਲ੍ਹ ਅੱਖਾਂ,
ਮੌਤ ਸਾਨੂੰ ਭੀ ਯਾਦ ਕਰਵਾ ਦਿੱਤੀ।
ਜਿਹੜੀ ਸ਼ਾਂਨਤੀ ਢੂੰਡਦੇ ਹੋਏ ਬੱਗੇ,
ਤੂੰ ਅਮਾਨਤੀ ਰਮਜ਼ ਸਮਝਾ ਦਿੱਤੀ।

ਬੇਈ[6] ਹੋ ਗਈ ਬੇ-ਈਮਾਨ

ਇੰਦਰ ਰਾਜ ਕ੍ਰੋਧ ਵਿਚ ਆਇਆ,
ਬਦਲ ਦਾ ਲਸ਼ਕਰ ਸਦਵਾਇਆ,
ਚਲਾ ਗਿਆ ਅੰਗਰੇਜ਼ੀ ਪਹਿਰਾ,
ਪਰ ਫਿਰ ਬੀ ਪੰਜਾਬੇ ਅੰਦਰ,
ਲੜ ਲੜ ਮਰਨੋਂ ਬਾਜ਼ ਨਾ ਆਏ,
ਹਿੰਦੂ, ਸਿਖ ਤੇ ਮੁਸਲਮਾਨ।
ਹੁਕਮ ਚੜ੍ਹਾਇਆ ਕੱਠੇ ਹੋ ਕੇ—
ਵਰਖਾ ਕਰੋ ਜ਼ੋਰ ਦੀ ਐਨੀ,
ਰੁੜ ਪੁੜ੍ਹ ਜਾਵਣ ਸਭ ਸ਼ੈਤਾਨ।
ਬਦਲਾਂ ਨੇ ਗੁੱਸੇ ਵਿਚ ਆ ਕੇ,
ਲੈ ਆਂਦਾ ਐਨਾ ਤੂਫਾਨ।
ਨਦੀਆਂ ਨਾਲੇ ਚੜ੍ਹ ਚੜ੍ਹ ਆਏ,

1. ਧੰਦੇ ਕੰਮ ਕਾਰ। 2. ਭਿੱਖਿਆ ਮੰਗਣ ਦੀ ਥੈਲੀ। 3. ਨਾਸ਼ਮਾਨ।
4. ਬੂੰਦ ਨੇ ਸਮੁੰਦਰ ਦਾ ਮਿਲਾਪ ਪ੍ਰਾਪਤ ਕੀਤਾ, ਭਾਵ ਆਤਮਾ ਪਰਮਾਤਮਾ ਵਿਚ ਲੀਨ ਹੋਈ। 5. ਸੂਰਜ।
6. ਵੇਈਂ (ਬੇਈਂ) ਇਕ ਨਦੀ ਦਾ ਨਾਂ ਹੈ ਜੋ ਸੁਲਤਾਨਪੁਰ ਲੋਧੀ ਤੇ ਕਪੂਰਥਲੇ ਕੋਲੋਂ ਵਗਦੀ ਹੈ।

ਕੰਢੇ ਦੰਦੇ ਤੋੜੀ ਜਾਣ।
ਬੇਈਂ ਨਦੀ ਕਪੂਰਥਲੇ ਦੀ,
ਜਿਸ ਨੇ ਕਿਸੇ ਜ਼ਮਾਨੇ ਅੰਦਰ,
ਗੁਰ ਨਾਨਕ ਨੂੰ ਤਿੰਨ ਦਿਹਾੜੇ,
ਗੋਦੀ ਵਿਚ ਛੁਪਾਈ ਰਖਿਆ,
ਇਸ ਵ੍ਰਖਾ ਦੀ ਕਾਂਗ[1] ਦੇ ਅੰਦਰ,
ਰੋੜ੍ਹ ਲੈ ਗਈ ਲੱਖਾਂ ਜਾਨਾਂ,
ਡੰਗਰ ਵੱਛਾ ਤੇ ਇਨਸਾਨ।
ਬੇਈਂ ਹੋ ਗਈ ਬੇ-ਈਮਾਨ।
ਨਾ ਤੱਕਿਆ ਉਸ ਤੀਮਤ ਬੱਚਾ,
ਨਾ ਤੱਕਿਆ ਉਸ ਬਿਰਧ ਜਵਾਨ।
ਮੱਝੀਂ ਗਾਈਂ ਭੇਡ ਬਕਰੀਆਂ,
ਲਦੇ ਲਦਾਏ ਸਮਾਨੀ ਗੱਡੇ,
ਕਪੜੇ ਲੀੜੇ ਦੇ ਸੰਦੂਕ,
ਚਰਖੇ, ਮੰਜੇ, ਭਾਂਡੇ ਬਰਤਨ,
ਕੁੱਕੜੀਆਂ ਦੇ ਭਰੇ ਟੋਕਰੇ,
ਆਟਾ ਕੋਟਾਂ ਮਿਰਚ ਮਸਾਲਾ,
ਸਭ ਸ਼ੈ ਹੋਈ ਵਿਰਾਨ।
ਨਾ ਤੱਕਿਆ ਉਸ ਜੰਞੂ ਟਿੱਕਾ,
ਨਾ ਦੇਖੇ ਉਸ ਤਸਬੀ ਮਾਲਾ,
ਕੱਛ, ਕੜਾ, ਕਿਰਪਾਨ,
ਮਜ਼ਹਬ ਧਰਮ ਇਮਾਨ,
ਨਾ ਇਨਸਾਨ, ਨਾ ਹੈਵਾਨ,
ਬੇਈਂ ਹੋ ਗਈ ਬੇ-ਈਮਾਨ।
ਪਾਣੀ ਦੇ ਧੱਕੇ ਵਿਚ ਚੜ੍ਹ ਕੇ,
ਕੁਝ ਨਾ ਕੀਤੀ ਗਈ ਸੰਭਾਲ,
ਅੱਠ ਪਹਿਰ ਦੀ ਵਰਖਾ ਅੰਦਰ,
ਬੇਈਂ ਫੈਲੀ ਮੀਲਾਂ ਤੀਕਰ,
ਰੇਲਾਂ ਪਟੜੀਆਂ ਭੀ ਹਿੱਲ ਗਈਆਂ,
ਪੁਲ ਦਾ ਭੀ ਕਾਫ਼ੀ ਨੁਕਸਾਨ।
ਬੇਈਂ ਹੋ ਗਈ ਬੇ-ਈਮਾਨ।
ਅਗਲੇ ਦਿਨ ਜਦ ਪਾਣੀ ਲੱਥੇ,
ਮੀਲਾਂ ਵਿਚ ਬਰੇਤਾ ਨੰਗਾ,

1. ਹੜ।

ਲੱਖਾਂ ਲਾਸ਼ਾਂ ਲੇਟੀਆਂ ਪਈਆਂ,
ਬੰਦਿਆਂ ਨਾਲੋਂ ਡੰਗਰ ਬਹੁਤੇ,
ਹੋਰ ਬਿਅੰਤ ਸਮਾਨ।
ਲੱਖਾਂ ਦਾ ਨੁਕਸਾਨ, ਹੇ ਮੇਰੇ ਭਗਵਾਨ।
ਮੱਛ ਕੱਛ ਸੰਸਾਰ ਤੇਂਦਵੇ,
ਭਰ ਭਰ ਬੁਰਕ ਡਕਾਰੀ ਜਾਨ,
ਬੇਈਂ ਹੋ ਗਈ ਬੇ-ਈਮਾਨ।
ਦੇਖ ਕੇ ਹੋਣੀ ਦੇ ਇਹ ਕਾਰੇ।
ਬੰਦਾ ਹੋ ਜਾਵੇ ਹੈਰਾਨ।
ਹੇ ਭਗਵਾਨ, ਹੇ ਭਗਵਾਨ !
ਤੂੰਹੇਂ ਜਾਣੇ ਤੇਰੀ ਸ਼ਾਨ।

ਜਵਾਹਰ ਲਾਲ ਨਹਿਰੂ

ਜਿਸ ਜੋਧੇ ਨੇ ਜਿਤਿਆ, ਦੁਨੀਆਂ ਦਾ ਸਨਮਾਨ
ਨਹਿਰੂ ਹੀਰਾ ਹਿੰਦ ਦਾ, ਸਚਮੁਚ ਦਾ ਇਨਸਾਨ।
ਨਿਰਭੈ ਤੇ ਨਿਰਵੈਰ ਜਨ, ਨੀਤੀ ਦਾ ਭੰਡਾਰ,
ਗਾਂਧੀ ਜੀ ਦੇ ਮਰਮ[1] ਦਾ, ਸਚਾ ਪੈਰੋਕਾਰ[2]।
ਗਾਂਧੀ ਜੀ ਨੇ ਕਰ ਲਿਆ, ਜਾ ਬੈਕੁੰਠ[3] ਨਿਵਾਸ,
ਸਭ ਮਨਸੂਬੇ[4] ਰਹਿ ਗਏ ਨਹਿਰੂ ਜੀ ਦੇ ਪਾਸ,
ਜਿਸਨੇ ਗੋਵਰਧਨ[5] ਜਿਹਾ, ਭਾਰ ਲਿਆ ਸੰਭਾਲ।
ਇਕ ਜਵਾਹਰ ਲਾਲ ਹੈ, ਭਾਰਤ ਮਾਂ ਦਾ ਲਾਲ।

ਮੇਰੇ ਭਾਰਤ

ਮੇਰੇ ਭਾਰਤ ! ਜੱਗ ਵਿਚ ਤੇਰੀ, ਕਿਸੇ ਸਮੇਂ ਸੀ ਸ਼ਾਨ ਨਿਰਾਲੀ,
ਚੋਟੀ ਤੇ ਪ੍ਰਤਾਪ[6] ਦਾ ਸੂਰਜ ਰਾਜੇ ਪਰਜਾ ਦੀ ਖੁਸ਼ਹਾਲੀ।
ਦੌਲਤ, ਅੰਨ, ਜਵਾਹਰ, ਮੋਤੀ, ਵਿਦਯਾ, ਜੋਤਸ਼ ਨੀਤਿ ਉਚੇਰੀ,
ਪਰਦੇਸੀ ਭੀ ਗਏ ਸਲਾਂਹਦੇ, ਦਾਨਸ਼[7] ਦਾਨ, ਦਲੇਰੀ ਤੇਰੀ।
ਕਾਰੀਗਰੀ, ਘੜਤ, ਮਿਅਮਾਰੀ,[8] ਚਿਤ੍ਰਕਲਾ, ਬੁਤਗਰੀ,[9] ਜਰਾਹੀ,[10]
ਜੁੱਧਨੀਤਿ-ਨੇਤਾ[11] ਸੈਨਾਪਤਿ, ਸ਼ਸਤ੍ਰੀ[12] ਅਸਤ੍ਰੀ[13] ਪੀਰ ਸਿਪਾਹੀ।

---

1. ਭੇਦ। 2. ਪਿਛੇ ਚਲਣ ਵਾਲਾ, ਅਨੁਯਾਈ। 3. ਸਵਰਗ। 4. ਸਲਾਹਵਾਂ।
5. ਗੋਬਰ ਦਾ ਪਹਾੜ, ਜੋ ਆਪਣੀ ਉਂਗਲੀ ਤੇ ਉਠਾ ਕੇ ਸ੍ਰੀ ਕ੍ਰਿਸ਼ਨ ਜੀ ਨੇਂ ਗੋਕਲ ਨੂੰ ਇੰਦਰ ਦੇ ਰੋਸ ਤੋਂ ਬਚਾਇਆ ਸੀ।
6. ਸ਼ਾਨ। 7. ਸਿਆਣਪ। 8. ਭਵਨ ਨਿਰਮਾਣ ਕਲਾ, ਰਾਜਗੀਰੀ। 9. ਬੁੱਤ ਘੜਨੇ।
10. ਚੀਰ ਫਾੜ ਦੀ ਡਾਕਟਰੀ ਵਿਦਿਆ। 11. ਲੜਾਈ ਦੀ ਕਲਾ ਵਿਚ ਪਰਬੀਨ ਜਰਨੈਲ।
12. ਸ਼ਸਤਰ ਚਲਾਣ ਵਾਲੇ। 13. ਦੂਰੋਂ ਮਾਰ ਕਰਨ ਵਾਲੇ।

ਚੜ੍ਹੀ ਅਕਾਸ਼ ਪਤੰਗ ਤੇਰੀ ਤਕ, ਉਪਰੋਂ ਤਾੜਨ ਇੱਲਾਂ ਆਈਆਂ,
ਸੋਨ-ਚਿੜੀ ਨੂੰ ਬੋਚਣ ਖਾਤਰ, ਲੱਗੀਆਂ ਪੈਣ ਨਿਗ੍ਹਾ ਲਲਚਾਈਆਂ।
ਯੂਨਾਨੋਂ ਆ ਸ਼ਾਹ ਸਿਕੰਦਰ[1], ਜਿਹਲਮ ਤੀਕਰ ਫਿਰ ਫਿਰ ਤੱਕਿਆ,
ਆਇਆ ਸੀ ਕੁਝ ਅਸਰ ਪਾਣ, ਪਰ ਸ਼ਾਨ ਤੇਰੀ ਤਕ ਪਹੁੰਚ ਨ ਸਕਿਆ।
ਅਰਬੀ, ਈਰਾਨੀ ਆ ਝਪਟੇ, ਪੈ ਗਈ ਲਾਲਚ ਦੀ ਬੀਮਾਰੀ,
ਮੁੜ ਮੁੜ ਆ ਮਹਮੂਦ[2] ਗਜ਼ਨਵੀ ਲੁਟਿਆ ਖੂਬ ਅਠਾਰਾਂ ਵਾਰੀ।
ਸੋਮਨਾਥ[3] ਗੁਜਰਾਤੀ ਮੰਦਿਰ, ਕੀਤੀ, ਹੂੰਝਾ ਫੇਰ ਸਫਾਈ,
ਤਖਤ[4] ਤਾਊਸ ਲੁਟੇਰਾ ਨਾਦਰ, ਲੈ ਵੜਿਆ ਊਠਾਂ ਤੇ ਚਾਈ।
ਮਾਰਾ ਮਾਰੀ ਕਰਦਾ ਬਾਬਰ, ਆ ਦਿੱਲੀ ਵਿਚ ਪੈਰ ਜਮਾਇਆ,
ਸੱਤ ਪੀਹੜੀਆਂ[5] ਲੂਣ ਤੇਰਾ ਖਾ, ਆਖਰ ਵੇਲੇ ਦਗਾ ਕਮਾਇਆ।
ਔਰੰਗਜ਼ੇਬ ਨੀਤ ਦੇ ਖੋਟੇ, ਹਿੰਦੂਆਂ ਦੀ ਕਤਲਾਮ ਮਚਾਈ,
ਸ਼ਿਵਾ ਜੀ ਤੇ ਗੁਰੂ ਗੋਬਿੰਦ ਨੇ, ਮੁਗਲ ਰਾਜ ਦੀ ਅਲਖ ਮੁਕਾਈ।
ਅਹਿਮਦ ਸ਼ਾਹ ਅਬਦਾਲੀ[6] ਨੇ ਆ, ਨਾਲ ਖ਼ਾਲਸੇ ਮੱਥਾ ਲਾਇਆ,
ਪਰ ਸਿੰਘਾਂ ਨੇ ਮਗਰੇ ਮਗਰੇ, ਮਾਰ ਚਪੇੜਾਂ ਘਰ ਪਹੁੰਚਾਇਆ।
ਮਹਾਰਾਜਾ ਰਣਜੀਤ ਸਿੰਘ ਨੇ ਉਠ ਪੰਜਾਬ ਦੀ ਸ਼ਾਨ ਬਣਾਈ,
ਪਰ ਹੋਣੀ ਨੇ ਅਧਖੜ ਉਮਰੇ, ਜਗਦੀ ਜਗਦੀ ਜੋਤ ਬੁਝਾਈ।
ਗ਼ਦਰੋਂ[7] ਬਾਦ ਫ਼ਰੰਗੀ[8] ਆਇਆ, ਮਲਕਾਂ ਨੂੰ ਚਾ ਤਖ਼ਤ ਬਹਾਇਆ,
ਪੜਪੋਤੇ ਤਕ ਲੁਟ ਲੁਟ ਖਾਧਾ, ਸਭ ਕੁਝ ਤੇਰਾ ਅੰਦਰ ਪਾਇਆ।
ਚਤੁਰ ਮਦਾਰੀ ਵਰ੍ਹਾ ਡੂਢ ਸੌ, ਅੱਖੀਂ ਘੱਟਾ ਪਾਂਦਾ ਪਾਂਦਾ,
ਰੁਖ਼ਸਤ[9] ਹੋ ਗਿਆ, ਪਰ ਤੇਰੇ ਦੋ ਟੋਟੇ ਕਰ ਗਿਆ ਜਾਂਦਾ ਜਾਂਦਾ।
ਸਾਰੀ ਰਾਤ ਹਨੇਰਾ ਢੋਂਦਿਆਂ, ਟੈਕਸ ਡਾਲੀਆਂ[10] ਦੇ ਦੇ ਬੀਤੀ,
ਜਿੰਨੇ ਆਏ ਵਾਰੋ ਵਾਰੀ, ਸਭ ਨੇ ਰੱਤ ਤੇਰੀ ਹੀ ਲੀਤੀ।
ਲੁੱਟਾਂ ਦੇ ਵਿਚ ਨਸਦਿਆਂ ਭਜਦਿਆਂ, ਮਤ ਗਈ ਜਨਤਾ ਦੀ ਮਾਰੀ,
ਤਾਕਤ ਵਾਲੀ ਛਾਤੀ[11] ਤੇਰੀ ਦੁੱਖ ਵਿਚ ਗਈ ਲਤਾੜੀ ਸਾਰੀ।
ਮੁੱਕੀ ਰਾਤ ਮੁਸੀਬਤ ਦੀ, ਹੁਣ ਧੁੱਮ ਪਈ ਊਸ਼ਾ ਦੀ ਲਾਲੀ,

1. ਸਲੂਕਸ ਦਾ ਪੁੱਤਰ ਸਿਕੰਦਰ ਜੋ ਯੂਨਾਨ ਦਾ ਬਾਦਸ਼ਾਹ ਸੀ ਤੇ ਇਸ ਨੇ ਭਾਰਤ ਤੇ ਹਮਲਾ ਕੀਤਾ ਸੀ।
2. ਗਜ਼ਨੀ ਦਾ ਬਾਦਸ਼ਾਹ ਜਿਸਨੇ ਹਿੰਦ ਉਪਰ ਦਸਵੀਂ ਯਾਰਵੀਂ ਸਦੀ ਵਿਚ 18 ਹਮਲੇ ਕੀਤੇ ਸਨ ਤੇ ਬੇਅੰਤ ਧਨ ਦੌਲਤ ਲੁੱਟ ਕੇ ਗਜ਼ਨੀ ਗਿਆ। 3. ਕਾਠੀਆਵਾੜ ਦੇ ਇਲਾਕੇ ਵਿਚ ਸਮੁੰਦਰ ਕਿਨਾਰੇ ਇਕ ਪ੍ਰਸਿੱਧ ਮੰਦਿਰ।
4. ਮੋਰ ਦੀ ਸ਼ਕਲ ਦਾ ਇਕ ਸਿੰਘਾਸਨ ਜੋ ਸ਼ਾਹਜਹਾਨ ਨੇ ਬਣਵਾਇਆ ਸੀ।
5. ਮੁਗਲ ਬਾਦਸ਼ਾਹ ਅਕਬਰ ਤੇ ਉਸਦੀ ਸੰਤਾਨ ਜੋ ਪਿਛੋਂ ਤਾਂ ਭਾਰਤੀ ਹਿੰਦੂ ਜਨਤਾ ਉੱਤੇ ਹੀ ਜ਼ੁਲਮ ਕਰਨ ਲਗ ਪਈ ਤੇ ਜਿੰਨ੍ਹਾਂ ਦੀਆਂ ਸਤ ਪੀੜ੍ਹੀਆਂ ਨੇ ਰਾਜ ਕੀਤਾ।
6. ਇਕ ਗਰੀਬ ਪਠਾਣ ਜੋ ਉਨੱਤੀ ਕਰਕੇ ਨਾਦਰਸ਼ਾਹ ਦਾ ਸੈਨਾਪਤੀ ਬਣਿਆ ਤੇ ਉਸ ਦੀ ਮੌਤ ਉਪਰੰਤ ਇਸਨੇ ਕੰਧਾਰ, ਸਿੰਧ, ਪੰਜਾਬ ਤੇ ਕਸ਼ਮੀਰ ਤੇ ਕਬਜ਼ਾ ਕਰ ਲਿਆ। 7. 1857 ਈ. ਦਾ ਗਦਰ। 8. ਅੰਗਰੇਜ਼। 9. ਵਿਦਾ।
10. ਅਫਸਰਾਂ ਨੂੰ ਖੁਸ਼ ਕਰਨ ਲਈ ਫਲ, ਸਬਜ਼ੀ ਆਦਿਕ ਦੀ ਭੇਟਾ। 11. ਪੰਜਾਬ।

ਹਿੰਮਤ ਦੇ ਕੇ ਫੇਰ ਜਗਾ ਲੈ, ਘੂਕੀ ਵਿਚ ਪਈ ਖੁਸ਼ਹਾਲੀ।
ਫੜ ਝੰਡਾ ਸਚਿਆਈ ਦਾ, ਤੇ ਪੈਦਾ ਕਰ ਜੀਵਨ ਦੇ ਹੀਲੇ,
ਇਤਿਫਾਕ ਦੀ ਲੋਰੀ ਦੇ ਕੇ, ਜੋੜ ਬਹਾਰੀ ਦੇ ਸਭ ਤੀਲੇ।
ਚਾਤ੍ਰਿਕ ਤੇਰਾ ਭਗਤ ਪੁਰਾਣਾ, ਬੁੱਢਾ ਹੋ ਗਿਆ ਆਸਾਂ ਕਰਦਾ,
ਆਜ਼ਾਦੀ ਦਾ ਖੁਲ੍ਹ ਗਿਆ ਬੂਹਾ, ਵੜਦਾ ਨਹੀਂ ਬਲੈਕੋਂ ਡਰਦਾ।

ਸ਼ਾਇਰ ਦੀ ਸੱਦ[1]

(ਧਾਰਨਾ—ਮਿਰਜ਼ਾ ਸਾਹਿਬਾਂ)

ਉਠ ਨੀ ਨੂਰਾ[2] ਬੀਬੀਏ, ਪਾਸਾ ਤੇ ਪਰਤਾ,
ਤੇਰੀ ਛੇਜ ਹਲੂਣੇ ਕਦੋਂ ਦਾ, ਰਾਵੀ ਖੌਰੂ ਪਾ।
ਖੋਲ੍ਹ ਬਹਿਸ਼ਤੀ[3] ਬਾਰੀਆਂ, ਵੇਖੇਂ ਨਵਾਂ ਜਹਾਨ,
ਪਿਛਲੇ ਪਾਸੇ ਵੱਲ ਵੀ, ਮਾਰੀਂ ਜ਼ਰਾ ਧਿਆਨ।
ਕਿੱਥੇ ਈ ਜਲਵਾ ਹੁਸਨ ਦਾ ? ਕਿੱਥੇ ਈ ਸ਼ਾਹੀ ਤਾਜ ?
ਕਿਸ ਨੂੰ ਸੌਂਪਿਆ ਸ਼ਮੇਂ ਨੇ, ਹਿੰਦ ਤੇਰੇ ਦਾ ਰਾਜ ?
ਚੱਕਰ ਫਿਰਿਆ ਕਾਲ ਦਾ, ਪਛੜ ਗਿਆ ਇਕਬਾਲ[4],
ਪਰ ਤੇਰੀ ਤਾਰੀਖ਼ ਤੇ ਜੀਉਂਦੀ ਏ ਤੇਰੇ ਨਾਲ।
ਇਸ ਰਾਵੀ ਨੇ ਕਰ ਛਡੇ, ਪਾਰ ਕਰੋੜਾਂ ਪੂਰ,
ਤੈਨੂੰ ਸਾਂਭੀ ਰੱਖਣਾ, ਰੱਬ ਨੂੰ ਸੀ ਮਨਜ਼ੂਰ।
ਖੁਰ ਖੁਰ ਕੱਲਰ ਹੋ ਗਿਆ ਫੁੱਲੋਂ ਸੂਹਲ ਸਰੀਰ,
ਖੁਦੀ ਹੋਈ ਹੈ ਦਿਲਾਂ ਤੇ, ਪਰ ਤੇਰੀ ਤਸਵੀਰ।
ਦੀਵਾ ਭੰਬਟ ਨਾ ਰਹੇ, ਨਾ ਬੁਲਬੁਲ ਨਾ ਫੁੱਲ,
ਸ਼ੁਹਰਤ ਤੇਰੇ ਤਾਨ ਦੀ, ਪਰ ਨਹੀਂ ਸਕਦੀ ਭੁੱਲ।
ਸੂਰਤ, ਦਾਨਸ਼[5] ਸ਼ਾਇਰੀ ਚੌਥਾ ਪਤੀ ਪਿਆਰ,
ਚਹੁੰ ਥੰਮਾਂ ਤੇ ਖੜਾ ਹੈ ਨੂਰਾਨੀ ਮੀਨਾਰ।
ਰੰਗ ਬਿਰੰਗੀ ਜ਼ਿੰਦਗੀ ਅਜਬ ਉਤਾਰ ਚੜ੍ਹਾ,
ਇਕ ਪਲ ਅੱਥਰੂ ਕੇਰਦੇ, ਇਕ ਪਲ ਦੇਣ ਖਿੜਾ।
ਕੁੱਖੇ ਪਈ ਈਰਾਨ ਦੇ, ਅੱਖ ਖੁਲ੍ਹੀ ਕੰਧਾਰ,
ਦਾਣਾ ਪਾਣੀ ਆਗਰੇ ਵਿਚ ਲਾਹੌਰ ਮਿਜ਼ਾਰ[6]।

---

1. ਕਿਸੇ ਮੌਤ ਸਮੇਂ ਲਿਖੀ ਜਾਣ ਵਾਲੀ ਵਾਰ ਦਾ ਕਾਵਿ ਰੂਪ; ਆਮ ਤੌਰ ਤੇ ਇਸ ਵਿਚ ਨਾਇਕ ਜਾਂ ਨਾਇਕਾਂ ਨੂੰ ਸੰਬੋਧਨ (ਸਦ ਮਾਰਨੀ) ਕੀਤਾ ਜਾਂਦਾ ਹੈ।
2. ਨੂਰਜਹਾਂ, ਜਹਾਂਗੀਰ ਦੀ ਰਾਣੀ, ਜਿਸ ਦਾ ਮਕਬਰਾ ਲਾਹੌਰ ਵਿਚ ਬਾਦਸ਼ਾਹ ਜਹਾਂਗੀਰ ਦੇ ਮਕਬਰੇ ਦੇ ਨੇੜੇ ਹੈ ਪਰ ਨੂਰ ਜਹਾਂ ਦੇ ਮਕਬਰੇ ਦੀ ਹਾਲਤ ਬਹੁਤ ਖਰਾਬ ਹੈ।
3. ਸਵਰਗੀ। 4. ਇੱਜ਼ਤ, ਸ਼ਾਨੋ ਸ਼ੌਕਤ। 5. ਅਕਲ। 6. ਮਕਬਰਾ।

ਸ਼ੇਰ ਅਫਗਨ[1] ਜਿਹਾ ਸ਼ੇਰਦਿਲ ਛੁਟ ਗਿਆ ਕਦਰ ਸ਼ਨਾਸ[2],
ਪਰ ਆਖਰ ਜਹਾਂਗੀਰ ਦੀ ਅੱਖ ਵਿਚ ਮਿਲ ਗਿਆ ਵਾਸ।
ਸ਼ਾਹ ਦੀਆਂ ਅੱਖਾਂ ਸਾਹਮਣੇ ਜੇਕਰ ਪੈਂਦੀਓਂ ਚੱਲ,
ਬਣਦਾ ਹਿੰਦੁਸਤਾਨ ਵਿਚ ਦੂਜਾ ਤਾਜ ਮਹੱਲ।
ਕੁਦਰਤ ਖੂੰਜੇ ਪਾ ਛਡੀ ਸੁਹਣਿਆਂ ਦੀ ਸਰਕਾਰ,
ਨਾ ਸ਼ਾਨਾਂ ਦਾ ਮਕਬਰਾ ਨਾ ਉਤੇ ਮੀਨਾਰ।
ਥਾਂ ਥਾਂ ਤ੍ਰੇੜਾਂ ਪਾਟੀਆਂ ਥਾਂ ਥਾਂ ਜਾਪੇ ਖੋੜ,
ਕੌਮਾਂ ਹਿੰਦੁਸਤਾਨ ਦੀਆਂ ਵਿਚ ਜਿਵੇਂ ਅਣਜੋੜ।
ਕਿਰਲੇ, ਕਹਿਣੇ, ਟਿੱਡੀਆਂ ਮੱਲੀ ਬੈਠੇ ਥਾਂ,
ਪਾਇਆ ਗੰਦ ਕਬੂਤਰਾਂ ਸਮਝੀ ਕੋਈ ਸਰਾਂ।
ਤੂੰ ਪਰ ਅੱਖਾਂ ਮੀਟ ਕੇ ਸਭ ਕੁਝ ਲਿਆ ਸਹਾਰ,
ਸਿਰ ਤੋਂ ਰੋਜ਼ ਲੰਘਾਨੀ ਏਂ ਸੈ ਰੇਲਾਂ ਦਾ ਭਾਰ।

ਜਨਮ

ਖਵਾਜਾ ਮੁਹੰਮਦ ਸ਼ਰੀਫ ਇਕ ਈਰਾਨੀ ਸਰਦਾਰ,
ਮੁਹਰਾ[3] ਸੀ ਦਰਬਾਰ ਦਾ ਦਾਨਾ[4] ਇੱਜ਼ਤ ਦਾਰ।
ਹਾਕਮ ਰਿਹਾ ਹਿਰਾਤ[5] ਦਾ ਫਿਰ ਬਣ ਗਿਆ ਵਜ਼ੀਰ,
ਉਸ ਦੇ ਪੁੱਤ ਗਿਆਸ ਦੀ ਰੁੱਸ ਗਈ ਤਕਦੀਰ।
ਰਿਜਕ ਮੁਹਾਰਾਂ ਚੁੱਕੀਆਂ ਪਿਆ ਦਿਨਾਂ ਦਾ ਫੇਰ,
ਦਾਨਸ਼ ਤੇ ਇਕਬਾਲ ਦੇ ਦਿੱਤੇ ਪੈਰ ਉਖੇੜ।
ਦਾਣੇ ਪਾਣੀ ਹਿੰਦ ਦੇ ਖਿੱਚੀ ਅੰਦਰੋਂ ਤਾਰ,
ਚਾਰੇ ਕੰਨੀਆਂ[6] ਝਾੜ ਕੇ ਛਡ ਤੁਰਿਆ ਘਰ ਬਾਰ।
ਨਾਲ ਤ੍ਰੀਮਤ ਤੁਰ ਪਈ ਕੁੱਖੇ ਲੈ ਕੇ ਬਾਲ,
ਅੱਗੇ ਅੱਗੇ ਕਾਫ਼ਲਾ ਗੁਰਬਤ[7] ਨਾਲੋ ਨਾਲ।
ਰਾਹ ਵਿਚ ਪੀੜਾਂ ਉਠੀਆਂ ਨਾ ਦਾਈ ਦਾ ਦੰਮ,
ਅੱਧੀ ਰਾਤੀਂ ਤੜਫ ਕੇ ਮਾਂ ਨੂੰ ਪਿਆ ਵਿਅੰਮ[8]।
ਜੰਮੀਓਂ ਵਾਂਗ ਸ਼ਕੁੰਤਲਾ, ਮਿਲਿਆ ਵਾਸ ਉਜਾੜ,
ਨਾ ਮਾਂ ਹਿੱਕੇ ਲਾਇਆ, ਨਾ ਮੂੰਹ ਪਾਈ ਧਾਰ।
ਉੱਤੇ ਪਾਟਾ ਪੋਤੜਾ ਥੱਲੇ ਸੁੱਕਾ ਘਾਹ,
ਨਾ ਸੁੱਟਣ ਦਾ ਹੌਂਸਲਾ ਨਾ ਪਾਲਣ ਦੀ ਵਾਹ।
ਓੜਕ ਰੋ ਧੋ ਮਾਪਿਆਂ ਆਂਦਰ ਦਿੱਤੀ ਤੋੜ,
ਸੁਟ ਗਏ ਟੁਕੜੀ ਚੰਦ ਦੀ ਰੱਬ ਨੂੰ ਰਾਖਾ ਛੋੜ।

1. ਨੂਰਜਹਾਂ ਦਾ ਪਹਿਲਾ ਪਤੀ ਜਿਸ ਨੂੰ ਮਰਵਾ ਕੇ ਜਹਾਂਗੀਰ ਨੇ ਇਸ ਨਾਲ ਸ਼ਾਦੀ ਕੀਤੀ ਸੀ।
2. ਕਦਰ ਪਾਉਣ ਵਾਲਾ। 3. ਮੁੱਖੀ। 4. ਸਿਆਣਾ। 5. ਅਫਗਾਨਿਸਤਾਨ ਦਾ ਇਕ ਇਲਾਕਾ। 6. ਸਭ ਕੁਝ।
7. ਗ਼ਰੀਬੀ। 8. ਬੱਚਾ ਜਨਮਿਆ।

ਰੋਂਦਿਆਂ ਤੈਨੂੰ ਵੇਖ ਕੇ ਹੱਸ ਪਈ ਤਕਦੀਰ,
ਹਿੰਦ ਦੀਏ ਪਟਰਾਣੀਏ, ਕਿਉਂ ਹੋਵੇਂ ਦਿਲਗੀਰ ?
ਜਿਥੋਂ ਬੇਟੀ ਟੁੱਟੀ ਏ ਉਥੇ ਈ ਦੇਸਾਂ ਜੋੜ,
ਉਹਨੀਂ ਥਣੀਂ ਚੁੰਘਾਵਸਾਂ ਦੂੰਹ ਘੜੀਆਂ ਦੀ ਲੋੜ।
ਤੜਕੇ ਤੁਰਿਆ ਕਾਫਲਾ ਉਠੀ ਬਾਂਗ ਦਰਾ[1],
ਕਿਸਮਤ ਅੱਗੋਂ ਬਹੁੜ ਕੇ ਦਿੱਤਾ ਢੋ ਢੁਕਾ।
ਤੂੰ ਰਾਹ ਜਾਂਦੇ ਧਿਆਨ ਨੂੰ ਆਪੇ ਲਿਆ ਵੰਗਾਰ,
ਵੇਖ ਸਜਾਈ ਵਿਲਕਦੀ ਪੰਖਰ ਪਿਆ ਪਿਆਰ।
ਸੌਦਾਗਰ ਮਸਊਦ[2] ਨੇ ਤੈਨੂੰ ਲਿਆ ਉਠਾ,
ਮਾਂ ਤੇਰੀ ਨੂੰ ਲੱਭ ਕੇ ਗੱਦੇ ਦਿੱਤਾ ਪਾ।
ਬੋਹਣੀ ਹੋਈ ਨਸੀਬ ਦੀ ਖੁਲ੍ਹ ਪਿਆ ਰੁਜ਼ਗਾਰ,
ਤਲਬ[3] ਲਗੀ, ਰੋਟੀ ਜੁੜੀ, ਪੈਦਲ ਹੋਈ ਸਵਾਰ,
ਰੁਲਦਾ ਵੇਖ ਗਿਆਸ ਨੂੰ, ਸੁਣ ਸੌਦਾਗਰ ਹਾਲ,
ਬਾਹੋਂ ਫੜ ਜਾ ਮੇਲਿਆ, ਅਕਬਰ ਸ਼ਾਹ ਦੇ ਨਾਲ।
ਦਿਨ ਜਦ ਹੋਵਣ ਪੱਧਰੇ ਉਗਣ ਭੁੱਜੇ ਮਾਂਹ,
ਰੱਬ ਫੜਾਈ ਸ਼ਾਹ ਨੂੰ ਪਿਉ ਤੇਰੇ ਦੀ ਬਾਂਹ।
ਤੌਰ ਤਰੀਕਾ ਵੇਖ ਕੇ ਅਕਬਰ ਲਿਆ ਪਛਾਣ,
ਰੱਖ ਲਿਆ ਦਰਬਾਰ ਵਿਚ, ਮਹਿਲੀਂ ਆਉਣ ਜਾਣ।
ਮਾਂ ਤੇਰੀ ਦਾ ਪੈ ਗਿਆ ਬੇਗਮ ਨਾਲ ਸਹੇਲ,
ਸ਼ਾਹੀ ਟੱਬਰ ਨਾਲ ਨਿੱਤ ਹੋਵੇ ਤੇਰਾ ਮੇਲ।
ਇਲਮ[4] ਸਲੀਕਾ, ਸ਼ਾਇਰੀ, ਦਾਨਸ, ਮਿੱਠਾ ਬੋਲ,
ਨਸੀਆਂ ਪੰਜੇ ਦੌਲਤਾਂ ਆਈਆਂ ਤੇਰੇ ਕੋਲ।
ਨਾਮ ਰਖਾ 'ਮਿਹਰੁਲਨਿਸਾ' ਲੱਗੀਓਂ ਹੋਣ ਜਵਾਨ,
ਚੰਦ ਈਰਾਨੀ ਹੁਸਨ ਦਾ ਚਮਕਿਆ ਹਿੰਦੁਸਤਾਨ।
ਵਿਹਲਿਆਂ ਬਹਿ ਕੇ ਰੱਬ ਨੇ ਲੀਕੀ ਸੀ ਤਸਵੀਰ,
ਸੱਤਰ ਹਿੱਸੇ ਰੂਪ ਦੇ ਤੀਹ ਹਿੱਸੇ ਤਕਦੀਰ।
ਨੈਣ ਮਮੋਲੇ ਸ਼ਰਬਤੀ, ਜ਼ੁਲਫਾਂ ਕੁੰਡਲਦਾਰ।
ਮੱਥੇ ਡਲ੍ਹਕ ਮਤਾਬ[5] ਦੀ ਹੰਸਾਂ ਦੀ ਰਫਤਾਰ।
ਅਕਬਰ, ਕਲੀ ਅਨਾਰ ਦੀ ਤੋੜ ਛਡੀ ਚਿਣਵਾ,

---

1. ਸਵੇਰ ਦੀ ਨਮਾਜ਼ ਦੀ ਸੱਦ। 2. ਉਸ ਕਾਫਲੇ ਦੇ ਸਰਦਾਰ ਦਾ ਨਾਂ। 3. ਤਨਖਾਹ। 4. ਵਿਦਿਆ।
5. ਚਿੜੀ ਦੇ ਆਕਾਰ ਦਾ ਇਕ ਪੰਛੀ ਜੋ ਬਹੁਤ ਚੰਚਲ ਹੁੰਦਾ ਹੈ।

ਤੇਰੀ ਮਹਿਕ ਸਲੀਮ[1] ਨੂੰ ਭੌਰਾ ਲਿਆ ਬਣਾ।
ਇਕ ਕਬੂਤਰ ਉਡ ਗਿਆ, ਦੂਜਾ ਆਪ ਉਡਾ,
ਚੋਭੀ ਨਸ਼ਤਰ ਵਾਂਗ ਤੂੰ ਭੋਲੀ ਜਿਹੀ ਅਦਾ।
ਪਾਰੱਸ ਦੀ ਨੂਰੀ ਪਰੀ ਲਗਾ ਸਲੀਮ ਉਡਾਣ,
ਪਰ ਅਕਬਰ ਦੀ ਤਾੜ ਨੇ ਪੇਸ਼ ਨਾ ਦਿੱਤੀ ਜਾਣ।
ਤੇਰਾ ਅੰਕਦ[2] ਪੜ੍ਹਾ ਕੇ ਅਲੀ ਕੁਲੀ[3] ਦੇ ਨਾਲ।
ਅੱਖੀਓਂ ਉਹਲੇ ਕਰਨ ਲਈ ਜਾ ਸੁੱਟਿਆ ਬੰਗਾਲ।
ਪਿਓ ਦੇ ਸਿਰ ਤੇ ਬੈਠਿਆਂ ਚੱਲੀ ਕੋਈ ਨਾ ਵਾਹ।
ਤੈਨੂੰ ਨਾਲ਼ ਬਹਾਣ ਦੀ ਭਖਦੀ ਰੱਖੀ ਭਾਹ।

ਨਵਾਂ ਦੌਰ

ਅਕਬਰ ਅੱਖਾਂ ਮੀਟੀਆਂ ਵਾਗ ਫੜੀ ਜਹਾਂਗੀਰ,
ਤੈਨੂੰ ਪਿੰਜਰੇ ਪਾਣ ਦੀ ਕਰਨ ਲਗਾ ਤ਼ਦਬੀਰ।
ਸ਼ੇਰ ਅਫਗਨ ਨੂੰ ਭੇਜਿਆ ਪਰਦੇ ਨਾਲ ਸੁਨਾਂਹ[4],
'ਮਿਹਰ-ਨਿਸਾ' ਨੂੰ ਛੱਡ ਦੇ, ਅੱਗੋਂ ਹੋਈ ਨਾਂਹ।
ਅੱਗੇ ਲੱਗੀ ਅੱਗ ਸੀ, ਉਤੋਂ ਪੈ ਗਿਆ ਤੇਲ,
ਅਫਗਾਨ ਨੂੰ ਮਰਵਾਣ ਦਾ ਨਵਾਂ ਰਚਾਇਆ ਖੇਲ।
ਕੋਕੋ[5] ਕੁਤਬਦੀਨ ਦੇ ਹੱਥੋਂ ਛੇੜੀ ਛੇੜ,
ਬਰਦਵਾਨ[6] ਵਿਚ ਮੱਚਿਆ ਦੋ ਸ਼ੇਰਾਂ ਦਾ ਭੇੜ।
ਸ਼ੇਰ ਅਫਗਨ ਜਦ ਘਿਰ ਗਿਆ ਖਿੱਚ ਲਈ ਸ਼ਮਸ਼ੇਰ,
ਕੁਤਬਦੀਨ ਨੂੰ ਮਾਰ ਕੇ, ਕੀਮਾਂ ਹੋ ਗਿਆ ਢੇਰ।
ਸੂਹ ਪੁੱਜੀ ਜਹਾਂਗੀਰ ਨੂੰ ਹੋ ਗਿਆ ਸ਼ੇਰ ਹਲਾਲ,
ਜ਼ਬਤ ਕਰਾਇਆ ਮਾਲ ਧਨ ਤੇਰੀ ਡੋਲੀ ਨਾਲ,
ਵਿਕ ਚੁੱਕਾ ਸੀ ਤਦੋਂ ਦਾ, ਤੂੰ ਸੈਂ ਜਦੋਂ ਜਵਾਨ,
ਪੂਰੀ ਹੋਈ ਮੁਰਾਦ ਤੇ ਡੋਰੇ ਲੱਗਾ ਪਾਣ।
ਅੱਗੇ ਸ਼ਾਹੀ ਹੁਕਮ ਦੇ ਤੇਰੀ ਨਹੀਂ ਸੀ ਵਾਹ,
ਤਦ ਵੀ ਤੇਰੀ ਅਣਖ ਨੇ ਕੀਤੀ ਨਾ ਪਰਵਾਹ।

ਦੂਸਰੀ ਸ਼ਾਦੀ

ਸ਼ੇਰ ਅਫਗਨ ਦੇ ਸੋਗ ਵਿਚ ਬੀਤ ਗਏ ਦਿਨ ਢੇਰ,
ਜਾਗੋ ਮੀਟੋ ਬਖ਼ਤ[7] ਨੇ ਅੱਖ ਉਘੇੜੀ ਫੇਰ।

---

1. ਜਹਾਂਗੀਰ ਦਾ ਪਹਿਲਾ ਨਾਂ। 2. ਨਿਕਾਹ, ਮੁਸਲਮਾਨੀ ਰੀਤ ਅਨੁਸਾਰ ਵਿਆਹ।
3. ਸ਼ੇਰ ਅਫਗਾਨ ਦਾ ਪਹਿਲਾ ਨਾਉਂ। 4. ਸੁਨੇਹਾ। 5. ਬੰਗਾਲ ਵਿਚ ਇਕ ਸਥਾਨ।
6. ਇਕ ਹੋਰ ਪ੍ਰਸਿੱਧ ਸ਼ਹਿਰ ਦਾ ਨਾਂ। 7. ਸਮਾਂ।

ਮਲ੍ਹਮਾਂ ਲਾ ਲਾ ਵਕਤ ਨੇ ਠੰਢੇ ਕੀਤੇ ਘਾ[1],
ਬੱਲੇ ਸ਼ਾਹੀ ਪਿਆਰ ਦੇ ਬਦਲੀ ਗਏ ਹਵਾ !
ਹੌਲੀ ਹੌਲੀ ਪਰੀ ਨੂੰ ਸ਼ੀਸ਼ੇ ਲਿਆ ਉਤਾਰ,
ਦਿਲ ਨਜਰਾਨਾ ਰੱਖ ਕੇ ਕਰ ਦਿੱਤੀ ਮੁਖਤਾਰ[2] ,
ਮਿਹਰ ਨਿਸਾ ਤੋਂ ਬਣ ਗਈ ਮਲਕਾ ਨੂਰ ਜਹਾਨ,
ਕਿਸਮਤ ਬੋਝਿਓਂ ਕੱਢ ਕੇ ਸੌਂਪੀ ਸ਼ਾਹੀ ਸ਼ਾਨ।
ਹੁਸਨ, ਸਿਆਣਪ, ਸ਼ਾਇਰੀ ਨਾਲ ਇਲਮ ਦਾ ਜ਼ੋਰ,
ਮਿੱਠੀ ਮਿੱਠੀ ਮੁਸਕਣੀ ਲੋੜ੍ਹਾ ਮਾਰੇ ਹੋਰ।
ਫੁੱਲ ਕਿਰਨ ਗੱਲ ਕਰਦਿਆਂ ਨੈਣ ਨਸ਼ੀਲੀ ਭਾਹ,
ਤਕ ਤਕ ਬੁਲਬੁਲ ਚਹਿਕਦੀ ਖੀਵਾ ਹੋਵੇ ਸ਼ਾਹ।
ਦਿਲ ਦੇ ਤਖਤੋਂ ਸੌਂਕਣਾ ਪਰੇ ਪਰੇ ਖਿਸਕਾ,
ਤੇਰੀ ਦਾਨਸ਼ਵਰੀ[3] ਨੇ ਆਸਣ ਲਿਆ ਜਮਾ।
ਦੋ ਪਿਆਲੇ ਇਕ ਸੀਖ਼ ਤੋਂ ਵਣਜ ਲਿਆ ਤੂੰ ਸ਼ਾਹ,
ਐਸਾ ਵਿਛਿਆ ਹੱਥ ਤੇ ਪਲਕ ਨਾ ਕਰੇ ਵਿਸਾਹ।
ਘਿਉ ਵਿਚ ਪੰਜੇ ਉਂਗਲਾਂ ਤਾਬੇ[4] ਹਿੰਦੁਸਤਾਨ,
ਇੱਕ ਮੁੱਠ ਵਿਚ ਦਰਬਾਰ ਸੀ, ਦੂਜੀ ਵਿਚ ਸੁਲਤਾਨ।
ਅਰਜ਼ਾਂ ਤੇ ਦਰਖਾਸਤਾਂ, ਪਰਵਾਨੇ ਚਾਲਾਨ,
ਲੰਘਣ ਤੇਰੀ ਨਿਗਹ ਵਿਚ ਸਭ ਸ਼ਾਹੀ ਫਰਮਾਨ।
ਭੈਣ, ਭਰਾ ਤੇ ਬਾਪ ਦਾ ਐਨਾ ਸੀ ਗਠ-ਜੋੜ,
ਕੋਈ ਤੇਰੇ ਹੁਕਮ ਨੂੰ ਮੂਲ ਨਾ ਸਕੇ ਮੋੜ।
ਕਰਨ ਤਮਾਸ਼ਾ ਪੁਤਲੀਆਂ ਤੇਰੀ ਸੈਨਤ ਨਾਲ,
ਮੁਹਰੇ ਸਭ ਸ਼ਤਰੰਜ ਦੇ ਚੱਲਣ ਤੇਰੀ ਚਾਲ।
ਭਰ ਭਰ ਆਉਣ ਟੋਕਰੇ ਮਿਸਲਾਂ[5] ਦੇ ਅੰਬਾਰ,
ਨਾਂ ਧਰ ਕੇ ਸੁਲਤਾਨ ਦਾ ਤੂੰ ਤੋਰੇਂ ਸਭ ਕਾਰ।

ਦਾਨਸ਼ਮੰਦੀ

ਤੂੰ ਸੈਂ ਆਪਣੇ ਸਮੇਂ ਦੀ ਦਾਨੀ ਤੇ ਪਰਧਾਨ,
ਤੈਥੋਂ ਥਰ ਥਰ ਕੰਬਦੇ ਰਹੇ ਸਿਆਸਤ ਦਾਨ।
ਪਿਉ ਇਤਬਾਰੀ ਤਖ਼ਤ ਦਾ ਭਾਈ ਆਸਫ ਜਾਹ,
ਫਿਰ ਭੀ, ਔਰ ਜ਼ਾਤ ਇਕ, ਦੂਜੀ ਬੇ-ਹਮਰਾਹ[6]।
ਸੱਜਣ ਇੱਕੋ ਸ਼ਾਹ ਸੀ, ਵੈਰੀ ਕੁੱਲ ਜਹਾਨ,
ਬੱਤੀਆਂ ਦੰਦਾਂ ਵਿਚ ਤੂੰ ਰਹੀਓਂ ਵਾਂਗ ਜ਼ਬਾਨ।

1. ਜ਼ਖਮ। 2. ਇਨਚਾਰਜ। 3. ਅਕਲਮੰਦੀ, ਸਿਆਣਪ। 4. ਹੁਕਮ ਵਿਚ। 5. ਮੁਕੱਦਮਿਆਂ ਦੇ ਕਾਗਜ਼। 6. ਬਿਨਾਂ ਸਾਥੀ।

ਜੋ ਗੋਂਦਾਂ ਤੂੰ ਗੁੰਦੀਆਂ ਸਭ ਚੜ੍ਹ ਗਈਆਂ ਤੋੜ,
ਪਰ ਇਹ ਸ਼ਾਹ ਜਹਾਨ ਦਾ ਰਿਹਾ ਰੜਕਦਾ ਰੋੜ।
ਸ਼ਹਿਰਯਾਰ[1] ਸੀ ਪਰਨਿਆ ਤੇਰੀ ਧੀ ਦੇ ਨਾਲ,
ਤਖ਼ਤ ਜਵਾਈ ਬਹਾਣ ਦੀ ਗੱਲ ਨਾ ਸੱਕੀ ਦਾਲ।
ਆਸਫ ਜਾਹ ਭਰਾ ਦੀ, ਧੀ ਸੀ ਖ਼ੁੱਰਮ ਕੋਲ,
ਭੈਣ ਭਰਾ ਦੇ ਸ਼ੁਰੂ ਸਨ ਗੁੱਝੇ ਗੁੱਝੇ ਘੋਲ।
ਦੋਹਾਂ ਦੇ ਵਿਚ ਤੀਸਰਾ ਆ ਵੜਿਆ ਸ਼ੈਤਾਨ,
ਬਦਬਖ਼ਤੀ[2] ਨੇ ਸੱਦਿਆ ਆਪ ਮਹਾਬਤ ਖਾਨ[3]।
ਸ਼ਾਹ ਕਾਬਲ ਵਲ ਚੱਲਿਆ, ਲਾਂ ਲਸ਼ਕਰ ਦੇ ਨਾਲ,
ਜਿਹਲਮ ਆਣ ਖਿਲਾਰਿਆ ਨਵਾਂ ਮਹਾਬਤ ਜਾਲ।
ਲਸ਼ਕਰ ਸਾਰਾ ਲੰਘ ਗਿਆ ਥੋੜ੍ਹੇ ਰਹੇ ਉਰਾਰ,
ਪੱਤਣ ਡੱਕਾ ਪਾਇ ਕੇ ਜਾਣ ਨਾ ਦਿੱਤਾ ਪਾਰ,
ਸ਼ਾਹ ਨੂੰ ਪਾ ਕੇ ਪਿੰਜਰੇ ਤੰਬੂ ਵਿਚ ਲਿਆ,
ਤੇਰੇ ਕਤਲ ਕਰਾਣ ਦਾ ਹੁਕਮ ਲਿਆ ਲਿਖਵਾ।
ਪੈ ਗਿਆ ਵਖ਼ਤ ਪੈਗੰਬਰੀ[4] ਕਿਸਮਤ ਖਾਧੀ ਹਾਰ,
ਹੱਥੀਂ ਪੈਰੀਂ ਬੇੜੀਆਂ ਸਿਰ ਉੱਤੇ ਤਲਵਾਰ।
ਸ਼ਾਹ ਦੇ ਹੋਈ ਸਾਹਮਣੇ ਹਸਰਤ ਦੀ ਤਸਵੀਰ,
ਲਿਫ਼ ਕੇ ਉਸ ਬਖਸ਼ਾ ਲਈ ਬੰਦੇ ਤੋਂ ਤਕਸੀਰ[5]।
ਐਥੋਂ ਜਾਨ ਛੁਡਾ ਕੇ ਕਾਬਲ ਤੁਰਿਆ ਸ਼ਾਹ,
ਮੁੜਦੀ ਵਾਰੀ ਰਾਹ ਵਿਚ ਘੇਰਾ ਦਿੱਤਾ ਪਾ।
ਆਪ ਮੁਹੱਬਤ ਵੱਟ ਕੇ ਫਾਹੀ ਲਈ ਪੁਆ,
ਤੇਰੀ ਦਾਨਸ਼ਵਰੀ[6] ਨੇ ਦੁਸ਼ਮਣ ਲਿਆ ਦਬਾ।
ਨਾਲੇ ਸ਼ਾਹ ਛੁਡਾ ਲਿਆ ਨਾਲੇ ਸਕਾ ਭਰਾ,
ਦੁਸ਼ਮਣ ਦੱਖਣ ਟੁਰ ਗਿਆ ਟਲ ਗਈ ਸਿਰ ਬਲਾ।

ਦੂਜਾ ਰੰਡੇਪਾ

ਅਗਲੇ ਸਾਲ ਲਾਹੌਰ ਤੋਂ ਸ਼ਾਹ ਤੁਰਿਆ ਕਸ਼ਮੀਰ,
ਛੇ ਮਹੀਨੇ ਕੱਟ ਕੇ, ਮੁੜ ਪਈ ਫੇਰ ਵਹੀਰ।
ਕਲਮਾਂ ਵਗੀਆਂ ਪੁੱਠੀਆਂ ਗੁੱਸੇ ਹੋਈ ਕਜ਼ਾ[7],
ਮਰਜ਼ ਪੁਰਾਣੀ ਦਮੇਂ ਦੀ ਸ਼ਾਹ ਨੂੰ ਲਿਆ ਦਬਾ।
ਚਲਦੀ ਚਲਦੀ ਗੱਡੀਓਂ ਉਤਰ ਪਈ ਤਕਦੀਰ,
ਬਣੇ ਤਣੇ ਇਕਬਾਲ ਤੇ, ਦਿੱਤੀ ਫੇਰ ਲਕੀਰ।
ਸੱਦ ਪਈ ਦਰਗਾਹ ਤੋਂ, ਹੋ ਪਿਆ ਸ਼ਾਹ ਤਿਆਰ,

1. ਇਕ ਹੋਰ ਸਰਦਾਰ, ਨੂਰ ਜਹਾਂ ਦਾ ਜਵਾਈ। 2. ਬਦਕਿਸਮਤੀ। 3. ਇਕ ਹੋਰ ਸਰਦਾਰ। 4. ਰੱਬੀ।
5. ਅਪਰਾਧ, ਗੁਨਾਹ, ਭੁੱਲ। 6. ਅਕਲ। 7. ਮੌਤ।

ਦੱਮ ਦਮਾਮਾ[1] ਹੁੰਦਿਆਂ ਦਮ ਦੇ ਦਿੱਤੀ ਹਾਰ।
ਹੱਥੋਂ ਛੁੱਟਾ ਬਾਜ ਤੱਕ (ਤੇਰੇ) ਤੋਤੇ ਉਡ ਗਏ,
ਤਾਜ, ਤਸੱਲਤ[2], ਤਾਲਿਆ[3] ਤਖਤੋਂ ਡਿੱਗ ਪਏ।
ਸੂਰਜ ਡੁੱਬਾ ਵੇਖ ਕੇ (ਤੇਰੀ) ਅੱਖੀਂ ਪਿਆ ਹਨੇਰ,
ਆਪਣੇ ਅਤੇ ਬਿਗਾਨਿਆਂ ਅੱਖਾਂ ਲਈਆਂ ਫੇਰ।
ਨਰਦਾਂ[4] ਹੋਈਆਂ ਪੁੱਠੀਆਂ ਚੌਪੜ ਚੌੜ ਚੁਪੱਟ,
ਆਸਫ਼ ਸਕੇ ਭਰਾ ਨੇ ਮਾਰੀ ਗੁੱਝੀ ਸੱਟ।
ਘੇਰ ਲਿਆ ਪਰਦੇਸ ਵਿਚ ਬਾਹਰ ਨਾ ਦਿੱਤਾ ਜਾਣ,
ਉਧਰ ਨਾਲ ਇਸ਼ਾਰਿਆਂ ਸੱਦਿਆ ਸ਼ਾਹ ਜਹਾਨ।
ਤਖਤ ਗਿਆ ਜਦ ਮੱਲਿਆ, ਲਿਆ ਸਮੇਟ ਪਖੰਡ,
ਸ਼ਹਰਯਾਰ ਨੂੰ ਮਾਰ ਕੇ ਪਈ ਭਰਾ ਨੂੰ ਠੰਢ।
ਵੰਜੀ ਗਈਓਂ ਜੱਗ ਤੋਂ ਰਹਿ ਗਿਆ ਰੱਬ ਦਾ ਨਾਂ,
ਢੱਠਾ ਬੋੜ੍ਹ ਸੁਹਾਗ ਦਾ ਨਾਲੇ ਢਹਿ ਗਈ ਛਾਂ।
ਸ਼ਾਹੀ ਦਿਲ ਤੋਂ ਲਹਿ ਗਈ, ਵਹਿ ਗਏ ਸਾਰੇ ਖਾਬ,
ਲਾਸ਼ ਚੁਕਾ ਕੇ ਕੰਤ ਦੀ ਲੈ ਆਂਦੀ ਪੰਜਾਬ,
ਸ਼ਾਹਦਰੇ[5] ਦੀ ਜੂਹ ਵਿਚ ਮੱਯਤ[6] ਨੂੰ ਦਫ਼ਨਾ,
ਜੋਗਣ ਬਣ ਗਈ ਪੀਆ ਦੀ ਧੂਣੀ ਲਈ ਰਮਾ।
ਨਾ ਤੂੰ ਪਹਿਧਾ[7] ਰੰਗਿਆ ਨਾ ਸਿਰ ਲਾਇਆ ਤੇਲ,
ਮਹਿੰਦੀ ਪਾਨ, ਸ਼ਿੰਗਾਰਦਾਨ, ਰਾਵੀ ਦਿੱਤੇ ਠੇਲ੍ਹ।
ਚੂਲੀ ਪਾਈ ਐਸ਼ ਤੇ ਸਦਕੇ ਕੀਤੀ ਜਾਨ,
ਸ਼ਾਹ ਦੇ ਸਿਰ ਤੋਂ ਤਾਜ ਤੂੰ ਕਰ ਦਿੱਤਾ ਕੁਰਬਾਨ।
ਤਸਬੀ[8] ਫੜ ਲਈ ਹੱਥ ਵਿਚ ਤ੍ਰੁੱਡਾ[9] ਲਿਆ ਵਿਛਾ,
ਅੱਲਾ ਅੱਲਾ ਕਰਦਿਆਂ ਦਿੱਤੀ ਉਮਰ ਲੰਘਾ।
ਕੀਮਤ ਕਦਰ-ਸ਼ਨਾਸ ਦੀ ਪਾਈ ਸਿਦਕ ਨਿਭਾ।
ਔਰਤ ਹਿੰਦੁਸਤਾਨ ਦੀ ਵਾਲਾ ਜ਼ੁਹਦ[10] ਵਿਖਾ।
ਖੜ ਪੁੱਗੀ ਜਾ ਸੁੱਤੀਓਂ ਸ਼ਾਹ ਦੇ ਕਦਮਾਂ ਕੋਲ,
ਲਿਖੇ ਪਏ ਹਨ ਤਦੋਂ ਦੇ ਤੇਰੇ ਮੂੰਹ ਦੇ ਬੋਲ।
"ਮੈਂ ਆਜਜ਼ ਦੀ ਕਬਰ ਤੇ ਨਾ ਦੀਵਾ ਨਾ ਫੁੱਲ,
ਨਾ ਭੰਬਟ ਦਾ ਪਰ ਸੜੇ, ਨਾ ਬੋਲੇ ਬੁਲਬੁਲ।"*

*ਫਾਰਸੀ ਦੇ ਸੇਅਰ ਦਾ ਸੁੰਦਰ ਸ਼ਾਬਦਿਕ ਅਨੁਵਾਦ ਹੈ।
1. ਦੌਲਤ ਤੇ ਹੁਕਮ। 2. ਹਕੂਮਤ। 3. ਭਾਗ, ਕਿਸਮਤ। 4. ਚੌਪੜ ਦੇ ਗੋਟ।
5. ਲਾਹੌਰ ਕੋਲ ਰਾਵੀ ਪਾਰ ਇਕ ਬਸਤੀ। 6. ਲਾਸ਼। 7. ਪਹਿਨਿਆਂ। 8. ਮਾਲਾ। 9. ਫੂੜੀ।
10. ਮੁਸ਼ਕਤ, ਅਮਲ, ਤਪ।

ਖਾਤਮਾ

ਤੂੰ ਮਰ ਗਈ ਸਭ ਜਗ ਮਰੇ, ਰਹੇ ਖੁਦਾ ਦਾ ਨਾਂ,
ਪਰ ਹੋ ਗਈ ਇਤਿਹਾਸ ਵਿਚ ਮੁਹਕਮ[1] ਤੇਰੀ ਥਾਂ।
ਤੂੰ ਸੈਂ ਪੁਤਲੀ ਪਿਆਰ ਦੀ ਆਦਲ[2] ਤੇ ਦਾਨਾ,[3]
ਨਾਲ ਅਮੀਰ ਗਰੀਬ ਦੇ ਹਸਮੁਖੜਾ ਵਰਤਾ।
ਮਰਦਾਨੀ ਮੈਦਾਨ ਦੀ, ਤੀਰ-ਅੰਦਾਜ਼ ਸਵਾਰ,
ਜੰਗਲ ਦੇ ਵਿਚ ਸ਼ੇਰ ਦਾ ਕਰਦੀ ਰਹੀ ਸ਼ਿਕਾਰ।
ਸ਼ਿੰਗਾਰਾਂ ਤੇ ਫੈਸ਼ਨਾਂ ਦੀ ਰਹੀਓਂ ਉਸਤਾਦ,
ਤੇਰੀ ਹੈ ਅਹਿਸਾਨਮੰਦ ਅਤਰਾਂ[4] ਦੀ ਈਜਾਦ।
ਗੁਣ ਤੇ ਹੋਰ ਅਨੇਕ ਭੀ, ਰਹਿ ਗਏ ਤੇਰੇ ਨਾਲ,
ਪਰ ਇਕ ਖੂਬੀ ਨੂੰ ਕਦੇ ਔਣਾ ਨਹੀਂ ਜ਼ਵਾਲ[5]।
ਖਿਦਮਤ ਕੀਤੀ ਅਦਬ[6] ਦੀ ਰੀਝਾਂ ਚਾਵਾਂ ਨਾਲ,
ਸੁਖਨਵਰਾਂ[7] ਦੇ ਹੁਨਰ ਦੀ ਪਾਈ ਕਦਰ ਕਮਾਲ।
ਬੂਕਲੀਮ[8] ਦਰਬਾਰ ਦਾ ਸ਼ਾਇਰ, ਤੇ ਦਾਨਾ,
ਤੂੰ ਫੜ ਉਸ ਦੀਆਂ ਗਲਤੀਆਂ ਧੌਣ ਲਈ ਝੁਕਵਾ।
ਇਕ ਮਿਸਰਾ ਜੇ ਸ਼ਾਹ ਦੇ ਮੂੰਹੋਂ ਨਿਕਲ ਪਿਆ,
ਤੂੰ ਹਸ ਹਸ ਕੇ ਦੂਸਰਾ ਦਿੱਤਾ ਤੁਰਤ ਸੁਣਾ।

ਆਖਰੀ ਅਰਜ਼

ਧੀ ਸੈਂ ਤੂੰ ਈਰਾਨ ਦੀ, ਹਿੰਦੁਸਤਾਨੀ ਨਾਰ,
ਭੈਣ ਬਣੀ ਪੰਜਾਬ ਦੀ, ਠਾਰਾਂ ਸਾਲ ਗੁਜ਼ਾਰ।
ਮਿੱਟੀ ਮੇਰੇ ਵਤਨ ਦੀ ਆਈ ਤੈਨੂੰ ਰਾਸ,
ਪਹਿਲਾਂ ਕਬਰ ਬਣਾ ਲਈ, ਪਿੱਛੋਂ ਕੀਤਾ ਵਾਸ।
ਪੰਜਾਬਣ ਬਣ ਹਿਸਟਰੀ[9] ਹੋਈ ਤੇਰੀ ਮੁਦਾਮ,[10]
ਇਹ ਕੰਮ ਕਰੇ ਤਾਂ ਰਹੇਗਾ ਕਾਇਮ ਤੇਰਾ ਨਾਮ।
ਤੇਰੇ ਸਮੇਂ ਪੰਜਾਬ ਵਿਚ ਜੋ ਸੀ ਮੇਲ ਮਿਲਾਪ,
ਉਹੋ ਵਕਤ ਵਿਖਾਲ ਦੇ ਵਿਚ ਖਲੋ ਕੇ ਆਪ।
ਹਿੰਦੂ ਮੁਸਲਿਮ ਇਕ ਸਨ ਇਕ ਮਾਂ ਦੇ ਲਾਲ,
ਜਪਦੇ ਰਾਮ ਰਹੀਮ ਨੂੰ ਬਹਿ ਕੇ ਨਾਲੋ ਨਾਲ।
ਤੇਰੇ ਸੁੱਤੇ ਸੁੱਤਿਆਂ ਆਏ ਕਈ ਭੁਚਾਲ,

---

1. ਪੱਕੀ। 2. ਨਿਆਂਕਾਰੀ। 3. ਅਕਲਮੰਦ।
4. ਵਿਚਾਰ ਹੈ ਗੁਲਾਬ ਦੇ ਅਤਰ ਦੀ ਕਾਢ ਨੂਰ ਜਹਾਂ ਦੀ ਹੈ।
5. ਘਾਟਾ। 6. ਸਾਹਿਤ। 7. ਕਵੀ, ਸ਼ਾਇਰ।
8. ਜਹਾਂਗੀਰ ਦੇ ਦਰਬਾਰ ਦਾ ਇਕ ਸ਼ਾਇਰ। 9. ਇਤਿਹਾਸ। 10. ਪੱਕੀ।

ਵਕ਼ਤੀਂ ਕਟਿਆ ਸਮੇਂ ਨੇ ਪੂਰਾ ਤਿੰਨ ਸੌ ਸਾਲ।
ਪਰ ਇਸ ਵੀਹਵੀਂ ਮਦੀ ਨੇ ਡਿੱਠੇ ਉਹ ਉਹ ਹਾਲ,
ਸੱਚ ਸ਼ਰਮ ਦਾ ਮਾਰਿਆ ਮੂੰਹ ਤੇ ਲਏ ਰੁਮਾਲ।
ਇਨਸਾਨੀਅਤ ਇਸ ਤਰ੍ਹਾਂ ਹੋ ਗਈ ਲਹੂ ਲੁਹਾਣ,
ਵਰਕੇ ਭੀ ਤਾਰੀਖ਼ ਦੇ ਅੱਖਾਂ ਪਏ ਲੁਕਾਣ।
ਹਿੰਦੂ ਮੁਸਲਿਮ ਪਿਆਰ ਦਾ ਭਰਿਆ ਛੰਭ ਅਡੋਲ,
ਢੀਮਾਂ ਵਰ੍ਹ ਕੇ ਉਪਰੋਂ ਚਿੱਕੜ ਦਿੱਤਾ ਘੋਲ।
ਸਿਖਰ ਚੜ੍ਹੇ ਇਖਲਾਕ[1] ਨੂੰ ਧੁਰ ਥਲੇ ਪਟਕਾ,
ਸੋਨੇ ਦੀ ਝਲਕਾਰ ਨੇ ਲਿਆ ਗੁਲਾਮ ਬਣਾ।
ਚਿੱਕੜ ਭਰੀਆਂ ਆਤਮ੍ਹਾਂ, ਮੁਰਦਾ ਹੋਏ ਜ਼ਮੀਰ,
ਫਿਰ ਗਹੀ ਧਰਮ ਈਮਾਨ ਦੀ ਗਰਦਨ ਤੇ ਸ਼ਮਸ਼ੀਰ।
ਬੇਇਤਬਾਰੀ ਛਾ ਗਈ ਕਾਲੀ ਬਦਲੀ ਵਾਂਗ,
ਪਾਟੇ ਹੋਏ ਦਿਲਾਂ ਨੇ ਧਾਰੇ ਝੂਠੇ ਸਾਂਗ।
ਖ਼ੁਦਗਰਜ਼ੀ ਨੇ ਅੱਖੀਆਂ ਦਾ ਖੋਹ ਲਿਆ ਹਯਾ,
ਭਾਈ ਭਾਈਆਂ ਦਾ ਲਹੂ ਪੀਂਦੇ ਡੀਕਾਂ ਲਾ।
ਰੱਬ-ਪਰਸਤੀ[2] ਵਹਿ ਗਈ ਦੌਲਤ ਦੇ ਦਰਯਾ,
ਦੁਨੀਆਂ ਪਾਗਲ ਹੋ ਗਈ ਦੀਨ ਲਏ ਬਦਲਾ।
ਚਾਲਾਂ ਤੇ ਚਾਲਾਕੀਆਂ ਦਾ ਖੁਲ੍ਹ ਗਿਆ ਬਜ਼ਾਰ,
ਰੱਬ ਨੂੰ ਭੀ ਜੋ ਠੱਗ ਲੈਣ, ਬਣੇ ਭਗਤ ਹੁਸ਼ਿਆਰ।
ਨਜ਼ਰ ਨਾ ਆਵੇ ਹੌਸਲਾ ਕਰੇ ਜੋ ਖੁਲ੍ਹ ਕੇ ਗੱਲ,
ਸਭ ਭੇਡਾਂ ਮੂੰਹ ਕਾਲੀਆਂ ਸੱਚ ਨਾ ਸੱਕਣ ਝੱਲ।
ਤੇਰੇ ਵੇਲੇ ਧਨ ਤੇਰਾ ਲਗਾ ਖ਼ੁਦਾ ਦੇ ਰਾਹ,
ਤੇਰਾ ਦਾਨ ਗਰੀਬ ਦਾ ਬਣਿਆ ਪੁਸ਼ਤ-ਪਨਾਹ[3],
ਤੂੰ ਤੇ ਓਸ ਬਹਿਸ਼ਤ ਦੀ ਕੀਤੀ ਨਾ ਪਰਵਾਹ,
ਏਥੇ ਹੀ ਪੰਜਾਬ ਨੂੰ ਲਿਆ ਬਹਿਸ਼ਤ ਬਣਾ।
ਜਮ ਜਮ ਏਥੇ ਵੱਸ ਤੂੰ ਰੋਜ਼ ਕਿਆਮਤ[4] ਤੀਕ,
ਵਿਗੜੇ ਹੋਏ ਪੰਜਾਬ ਦਾ ਦਿਲ ਕਰਦੀ ਰਹੁ ਠੀਕ।
ਮੋਈਆਂ ਹੋਈਆਂ ਰੂਹਾਂ ਨੂੰ ਚਾਬਕ ਮਾਰ ਜਗਾ,
ਆਜ਼ਾਦੀ ਦਾ ਮਰਤਬਾ[5] ਕੱਠਿਆਂ ਕਰ ਸਮਝਾ।
ਅੱਲਾ ਬਖਸ਼ੀ ਮਗ਼ਫਰਤ[6] ਵਿਚ ਬਹਿਸ਼ਤਾਂ ਵਾਸ,
ਮੁਫ਼ਲਿਸ[7] ਅਤੇ ਯਤੀਮ ਸਭ ਬੈਠੇ ਹੋਨੀਂ ਪਾਸ।

---

1. ਸਭਿਅਤਾ। 2. ਰੱਬ ਦੀ ਪੂਜਾ। 3. ਪੀੜ੍ਹੀਆਂ ਤਕ ਸਹਾਰਾ। 4. ਪਰਲੋ ਦਾ ਦਿਨ। 5. ਮਹਾਨਤਾ। 6. ਸ਼ਾਂਤੀ। 7. ਕੰਗਾਲ।

ਅੰਮ੍ਰਿਤਸਰੀਆ ਚਾਤ੍ਰਿਕ ਆਇਆ ਦਰਦ ਵੰਡਾਣ,
ਉਨੀ ਸੌ ਚੌਤਾਲੀਆ (1944) ਸਾਲ ਮਸੀਹੀ ਜਾਣ।
ਉੱਨੀ ਸੌ ਤਰਵੰਜਵੇਂ, ਨੌ ਸਾਲਾਂ ਦੇ ਬਾਦ,
ਪਾ ਕੇ ਜਾਮਾ ਗੁਰਮੁਖੀ ਤਾਜ਼ਾ ਹੋਈ ਯਾਦ।

ਮਹਾਂਬੀਰ[1]

ਹਾਮੀ ਸੱਚ ਦਾ, ਜ਼ੁਲਮ ਦਾ ਘੋਰ ਵੈਰੀ,
ਦਰਦੀ ਦੁਖੀ ਦਾ, ਮਿਤ੍ਰ ਦਿਲਗੀਰ[2] ਦਾ ਹੈ।
ਸੋਮਾ ਵੀਰਤਾ ਦਾ, ਆਗੂ ਸ਼ੀਲਤਾ[3] ਦਾ,
ਯੋਧਾ ਰਣਾਂ ਦਾ, ਚਿੱਤ ਗੰਭੀਰ ਦਾ ਹੈ।
ਆਪਣੇ ਸੁਖਾਂ ਨੂੰ ਵਾਰਨੇ ਕਰਨ ਵਾਲਾ,
ਭਾਈਵਾਲ ਬੇਚੈਨਾਂ ਦੀ ਪੀੜ ਦਾ ਹੈ।
ਸੇਵਾ ਲਖਸ਼[4] ਤੇ ਪ੍ਰੇਮ ਆਦਰਸ਼ ਜਿਸ ਦਾ,
ਖਿਦਮਤਗਾਰ[5] ਗਰੀਬ ਅਮੀਰ ਦਾ ਹੈ।
ਰੋਮ ਰੋਮ ਅੰਦਰ ਰਮਿਆ ਰਾਮ ਜਿਸ ਦੇ,
ਸੱਚਾ ਭਗਤ ਮਹਾਰਾਜ ਰਘੁਬੀਰ[6] ਦਾ ਹੈ।
ਦਾਸ ਜਾਨ ਕੇ ਰਾਮ ਨਿਵਾਸ ਕੀਤਾ,
ਧੰਨ ਧੰਨ ਸਰੀਰ ਮਹਾਬੀਰ ਦਾ ਹੈ।
ਰੱਤ ਦੇਉਤਿਆਂ ਦੀ ਪੰਘਰ ਪ੍ਰਗਟ ਹੋਈ।
ਸੀਤਾ[7] ਰੂਪ ਸੰਸਾਰ ਵਿਚ ਧਾਰਿਆ ਹੈ।
ਅਤਯਾਚਾਰ ਅਨਯਾਇ ਨਿਵਾਰਨੇ ਨੂੰ,
ਕਸ਼ਟ ਬਨਾਂ ਦਾ ਆਪ ਸਹਾਰਿਆ ਹੈ।
ਬਚਨ ਪਿਤਾ ਦਾ ਪਾਲ ਰਘੁਬੀਰ ਜੇ ਨੇ,
ਰਾਜ ਪਾਟ ਨੂੰ ਧਰਮ ਤੋਂ ਵਾਰਿਆ ਹੈ।
ਸੀਤਾ ਹਰੀ, ਮਰੀਚ[8] ਨੂੰ ਹਰਨ ਕਰਕੇ,
ਰਾਵਣ ਹੋਰ ਅਨਰਥ ਇਹ ਮਾਰਿਆ ਹੈ।
ਰਾਮ ਰੁਦਨ[9] ਕਰਦੇ ਜੰਗਲ ਵਿਚ ਡਿਠੇ,

---

1. ਭਾਵ ਸ੍ਰੀ ਹਨੂੰਮਾਨ ਤੋਂ ਹੈ ਜਿਸ ਨੇ ਰਾਮ-ਭਗਤੀ ਤੇ ਸੇਵਾ ਦਾ ਅਦੁੱਤੀ ਨਮੂਨਾ ਪੇਸ਼ ਕੀਤਾ। 2. ਉਦਾਸ।
3. ਭਲਮਣਸਊ, ਨੇਕ ਸੁਭਾ। 4. ਨਿਸ਼ਾਨਾ। 5. ਸੇਵਾਦਾਰ। 6. ਰਘੁਵੰਸ਼ ਦੇ ਮੁਖੀਏ ਸ੍ਰੀ ਰਾਮ ਚੰਦ੍ਰ ਜੀ।
7. ਰਾਜਾ ਜਨਕ ਦੀ ਪੁੱਤਰੀ ਅਤੇ ਸ੍ਰੀ ਰਾਮਚੰਦ੍ਰ ਜੀ ਦੀ ਪਤਨੀ। ਲੋਕਾਂ ਵਿਚ ਕਥਾ ਪ੍ਰਚਲਿਤਤ ਹੈ ਕਿ ਲੰਕਾ ਦੇ ਰਾਜੇ ਰਾਵਣ ਨੇ ਰਿਖੀਆਂ ਤੋਂ ਖਰਾਜ ਮੰਗਿਆ, ਰਿਖੀਆਂ ਪਾਸ ਦੇਣ ਨੂੰ ਕੁਝ ਨਹੀਂ ਸੀ। ਇਸ ਲਈ ਆਪਣਾ ਲਹੂ ਦਿੱਤਾ। ਰਿਖੀਆਂ ਦੇ ਲਹੂ ਦਾ ਭਰਿਆ ਘੜਾ ਜ਼ਮੀਨ ਵਿਚ ਦਬਾ ਦਿੱਤਾ ਗਿਆ ਜਿਸ ਵਿਚ ਸੀਤਾ ਜਨਮੀ ਤੇ ਰਾਵਣ ਦੇ ਨਾਸ਼ ਦਾ ਕਾਰਣ ਹੋਈ।
8. ਤਾਰਕਾ ਰਾਖਸ਼ੀ ਦਾ ਪੁੱਤਰ, ਜੋ ਰਾਵਣ ਦਾ ਫੌਜੀ ਸਰਦਾਰ ਸੀ, ਇਹ ਸੀਤਾ ਦੇ ਚੁਰਾਉਣ ਸਮੇਂ ਸੋਨੇ ਦਾ ਮ੍ਰਿਗ ਬਣਿਆ ਸੀ। 9. ਵਿਰਲਾਪ।

ਛੁੱਟਾ ਅੱਖੀਆਂ ਤੋਂ ਸੋਮਾ ਨੀਰ ਦਾ ਹੈ।
ਦਾਸ ਜਾਨ ਕੇ ਰਾਮ ਨਿਵਾਸ ਕੀਤਾ,
ਧੰਨ ਧੰਨ ਸਰੀਰ ਮਹਾਂਬੀਰ ਦਾ ਹੈ।
ਚਰਨ ਫੜ ਲਈ ਧਰ ਲਏ ਵਿਚ ਹਿਰਦੇ,
ਦਰਦ ਰਾਮ ਦੇ ਮਨੋਂ ਵਿਸਾਰ ਦਿੱਤਾ।
ਬਾਲੀ[1] ਬਲੀ ਮਰਵਾ ਸੁਗ੍ਰੀਵ[2] ਤਾਈਂ,
ਫੌਜਾਂ ਸਣੇ ਚਰਨਾਂ ਵਿਚ ਖੁਲਿਹਾਰ ਦਿੱਤਾ।
ਸਾਗਰ ਚੀਰ, ਲੰਕਾ ਜਾ ਕੇ ਦਾਹ ਕੀਤੀ,
ਹਿਰਦਾ ਜਾਨਕੀ ਦਾ ਜਾਕੇ ਠਾਰ ਦਿੱਤਾ।
ਲੈ ਕੇ ਬਾਨਰਾਂ[3] ਦੀ ਸੈਨਾ ਦਿਨਾਂ ਅੰਦਰ,
ਸੇਤਬੰਦ ਰਾਮੇਸ਼ਵਰ ਉਸਾਰ ਦਿੱਤਾ।
ਛਿੜਿਆ ਧਰਮ ਅਧਰਮ ਦਾ ਯੁਧ ਜਿਸ ਦਮ,
ਜਾਂਦਾ ਵੈਰੀ ਦੇ ਦਲਾਂ ਨੂੰ ਚੀਰਦਾ ਹੈ।
ਦਾਸ ਜਾਨ ਕੇ ਰਾਮ ਨਿਵਾਸ ਕੀਤਾ,
ਧੰਨ ਧੰਨ ਸ਼ਰੀਰ ਮਹਾਂਬੀਰ ਦਾ ਹੈ।
ਮੇਘਨਾਦ[4] ਨੇ ਬਰਛੀ ਚਲਾਈ ਐਸੀ,
ਲਛਮਨ ਜਤੀ ਦੀ ਹੋਸ਼ ਭੁਲਾ ਦਿੱਤੀ।
ਹਾਹਾਕਾਰ ਪੈ ਗਈ ਕਾਰਜ਼ਾਰ[5] ਅੰਦਰ,
ਵਿਪਦਾ[6] ਹੋਰ ਇਕ ਰਾਮ ਨੂੰ ਪਾ ਦਿੱਤੀ।
ਏਸ ਫਿਕਰ ਨੇ ਰਾਮ ਦੇ ਭਗਤ ਸੱਚੇ,
ਹਨੂੰਮਾਨ ਦੀ ਜਾਨ ਸੁਕਾ ਦਿੱਤੀ।
ਰਾਤੋ ਰਾਤ ਸੰਜੀਵਨੀ[7] ਬੂਟੀ,
ਲਛਮਣ ਬੀਰ ਦੀ ਜਿੰਦ ਬਚਾ ਦਿੱਤੀ।
ਪਰਬਤ[8] ਹੱਥ ਤੇ ਲੱਤ ਲੰਗੜਾਉਂਦੀ ਹੈ,

---

1. ਸੁਗ੍ਰੀਵ ਦਾ ਵੱਡਾ ਭਾਈ ਜੋ ਦੱਖਣੀ ਬਾਨਰਾਂ ਦਾ ਰਾਜਾ ਸੀ।
3. ਸੀਤਾ ਨੂੰ ਖੋਜਣ ਤੇ ਮੁੜ ਪ੍ਰਾਪਤ ਕਰਨ ਲਈ ਸ੍ਰੀ ਰਾਮਚੰਦ੍ਰ ਜੀ ਨੇ ਸੁਗ੍ਰੀਵ ਨਾਲ ਮਿਤ੍ਰਤਾ ਮੰਗੀ ਅਤੇ ਬਾਲੀ ਨੂੰ ਮਾਰਕੇ ਸੁਗ੍ਰੀਵ ਨੂੰ ਰਾਜ ਗੱਦੀ ਪਰ ਬਿਠਾਇਆ। ਹਨੂੰਮਾਨ ਸੁਗ੍ਰੀਵ ਦਾ ਮੰਤਰੀ ਸੀ ਤੇ ਇਸੇ ਰਾਹੀਂ ਸ੍ਰੀ ਰਾਮਚੰਦ੍ਰ ਜੀ ਦੀ ਮੁਲਾਕਾਤ ਸੁਗ੍ਰੀਵ ਨਾਲ ਹੋਈ ਸੀ। 3. ਸੁਗ੍ਰੀਵ ਦੀ ਬਾਨਰਾਂ ਦੀ ਸੈਨਾ ਲੈ ਕੇ ਸ੍ਰੀ ਰਾਮਚੰਦ੍ਰ ਜੀ ਨੇ ਲੰਕਾ ਤੇ ਹਮਲਾ ਕੀਤਾ ਸੀ।
4. ਮੰਦੋਦਰੀ ਦੇ ਉਦਰ ਤੋਂ ਰਾਵਣ ਪੁੱਤ੍ਰ ਜੋ ਬੱਦਲ ਵਾਂਗ ਗਜਦਾ ਸੀ। ਇਸ ਨੇ ਲੰਕਾ ਯੁੱਧ ਵਿਚ ਲਛਮਣ ਨੂੰ ਬਰਛੀ ਮਾਰ ਕੇ ਬੇਹੋਸ਼ ਕੀਤਾ ਸੀ। ਅੰਤ ਨੂੰ ਇਹ ਲਛਮਣ ਅਤੇ ਸ੍ਰੀ ਰਾਮਚੰਦ੍ਰ ਜੀ ਦੇ ਹੱਥੋਂ ਮਾਰਿਆ ਗਿਆ। 5. ਜੰਗ, ਯੁੱਧ।
6. ਮੁਸੀਬਤ। 7. ਇਕ ਬੂਟੀ ਜਿਸ ਨੂੰ ਫਟ ਤੇ ਲਾਉਣ ਨਾਲ ਜ਼ਖਮ ਮਿਲ ਜਾਂਦਾ ਹੈ।
8. ਸਰਯੋਖਧਿ ਪਰਬਤ-ਰਾਮਾਇਣ ਲੰਕਾ ਕਾਂਡ ਦੇ 74ਵੇਂ ਅਧਿਆਏ ਵਿਚ ਜ਼ਿਕਰ ਹੈ ਕਿ ਹਿਮਵਾਨ ਪਰਬਤ ਤੋਂ ਅਗੇ ਰਿਖਭ ਅਤੇ ਕੈਲਾਸ਼ ਪਰਬਤ ਦੇ ਮੱਧ ਸਰਯੋਖਧਿ ਪਹਾੜ ਹੈ। ਇਸ ਪਹਾੜ ਦਾ ਪਸਾਰਾ ਲੰਕਾ ਤੋਂ ਚਾਰ ਹਜ਼ਾਰ ਕੋਸ ਲਿਖਿਆ ਹੈ। ਲਛਮਣ ਦੇ ਮੂਰਛਿਤ ਹੋਣ ਤੇ ਹਨੂੰਮਾਨ ਇਸ ਪਰਬਤ ਨੂੰ ਉਠਾਕੇ ਲੈ ਆਇਆ ਸੀ। ਜਦ ਹਨੂੰਮਾਨ ਇਹ ਪਰਬਤ ਲੈ ਕੇ ਅਯੁਧਿਆ ਉਪਰੋਂ ਉਡਿਆ ਜਾ ਰਿਹਾ ਸੀ ਤਾਂ ਭਰਤ ਨੇ ਕੋਈ ਉਪਦ੍ਰਵੀ ਰਾਖਸ਼ ਸਮਝਕੇ ਤੀਰ ਮਾਰ ਕੇ ਸਿੱਟ ਲਿਆ। ਬਾਅਦ ਵਿਚ ਅਸਲੀਅਤ ਦਾ ਪਤਾ ਲਗਣ ਤੇ ਭਰਤ ਨੇ ਆਪਣੇ ਤੀਰ ਤੇ ਬਿਠਾ ਕੇ ਹਨੂੰਮਾਨ ਨੂੰ ਪਰਬਤ ਸਮੇਤ ਲੰਕਾ ਪੁਚਾ ਦਿੱਤਾ।

ਦਰਦ ਗੋਡੇ ਤੇ ਭਰਤ ਦੇ ਤੀਰ ਦਾ ਹੈ।
ਦਾਸ ਜਾਨਕੇ ਰਾਮ ਨਿਵਾਸ ਕੀਤਾ,
ਧੰਨ ਧੰਨ ਸਰੀਰ ਮਹਾਂਬੀਰ ਦਾ ਹੈ।
ਸੇਵਾ ਹੋਵੇ ਤਾਂ ਹੋਵੇ ਫਿਰ ਇਸ ਤਰ੍ਹਾਂ ਦੀ,
ਤਨੋਂ ਮਨੋਂ ਹੋਵੇ ਤੇ ਨਿਸ਼ਕਾਮ ਹੋਵੇ।
ਨਾ ਕੋਈ ਗਰਜ਼ ਹੋਵੇ ਨਾ ਕੋਈ ਚਾਹ ਹੋਵੇ,
ਭੁਲਾ ਆਪਣਾ ਐਸ਼ ਆਰਾਮ ਹੋਵੇ।
ਜੁਗ ਬੀਤ ਜਾਵਣ ਯਾਦ ਰਹੇ ਜ਼ਿੰਦਾ,
ਭੁਲਾ ਜਗਤ ਦੇ ਦਿਲੋਂ ਨਾ ਨਾਮ ਹੋਵੇ।
ਵਾਹਵਾ ਦਲਾਂ ਦਿਆਂ ਮਾਲਕਾ ਮਹਾਂਬੀਰਾ,
ਤੇਰੀ ਬੀਰਤਾ ਦਾ ਚਰਚਾ ਆਮ ਹੋਵੇ।
ਦੁਨੀਆਂ ਕਰੇ ਉਪਕਾਰ ਨੂੰ ਪਯਾਰ ਚਾਤ੍ਰਿਕ,
ਪਾ ਕੇ ਪੂਰਨਾ ਤੇਰੀ ਨਜ਼ੀਰ[1] ਦਾ ਹੈ।
ਦਾਸ ਜਾਨ ਕੇ ਰਾਮ ਨਿਵਾਸ ਕੀਤਾ,
ਧੰਨ ਧੰਨ ਸਰੀਰ ਮਹਾਂਬੀਰ ਦਾ ਹੈ।

ਜਾਣ ਦੇ

ਗੀਤ ਖਮਾਂਚ-ਧਾਰਨਾ :—ਡਾਢੇ ਜ਼ਾਲਮ ਲੋਕੀ ਸ਼ੀਰੀਂ ਤੇਰੇ ਸ਼ਹਿਰ ਦੇ ਨੀ

ਬਾਲ-ਕ੍ਰਿਸ਼ਨ, ਗਵਾਲਨਾਂ ਦੇ ਸਾਹਮਣੇ ਬੰਸੀ ਵਜਾਂਦਾ ਹੈ ਤਾਂ ਉਹ ਰੁਕ ਜਾਂਦੀਆਂ ਹਨ ਕਾਹਨਾ,

ਕੀ ਹੁੰਦਾ ਈ, ਹਟ ਜਾ, ਸਾਨੂੰ ਜਾਣ ਦੇ ਵੇ—ਟੇਕ

1. ਨਾਲ ਬੰਸਰੀ ਦੇ ਜਾਦੂ ਪਾਨਾ ਏਂ ਕਿਉਂ ?
ਸਾਨੂੰ ਤੁਰਦਿਆਂ ਨੂੰ ਅਟਕਾਨਾ ਏਂ ਕਿਉਂ ?
ਵੇਖਾਂ ਕੇਡਾ ਦਿਨ ਚੜ੍ਹ ਆਇਆ, ਦੁਧ ਪੁਚਾਣ ਦੇ ਵੇ।
2. ਮਸ਼ਕਰਿਆ[2] ! ਕਾਲੇ ਕਲੋਟਿਆ ਵੇ।
ਦੁਧ ਦਹੀਂ ਮਖਣ ਦਿਆ ਚੋਟਿਆ[3] ਵੇ।
ਜਾ ਕੇ ਖੇਡ ਉਨ੍ਹਾਂ ਵਿਚ, ਜਿਹੜੇ ਤੇਰੇ ਹਾਣ ਦੇ ਵੇ।
3. ਮੇਰੀ ਮਟਕੀ ਹੁਣੇ ਟੁਟ ਜਾਣੀ ਸੀ,
ਤੇਰੀ ਅੰਮਾਂ ਨੂੰ ਭਰਨੀ ਆਣੀ ਸੀ,
ਮੈਨੂੰ ਤਾਨ੍ਹੇ ਸੁਣਨੇ ਪੈਂਦੇ ਸੱਸ ਨਨਾਣ ਦੇ ਵੇ।
4. ਨਿਕਾ ਜਿਹਾ, ਪਥਾੜੇ[4] ਪਾਣਾਂ ਏਂ ਤੂੰ,
ਦਿਸੇ ਤੰਦ, ਪਰ ਅੰਦਰੋ ਤਾਣਾ ਏ ਤੂੰ।
ਤੇਰੇ ਖੇਖਨ ਚਾਤ੍ਰਿਕ ਹੋਰੀਂ ਠੀਕ ਪਛਾਣਦੇ ਵੇ।

---

1. ਉਦਾਹਰਣ। 2. ਮਖੌਲ ਕਰਨ ਵਾਲਾ। 3. ਚੋਗ। 4. ਝਗੜੇ।

ਰਾਧਾਂ ਦਾ ਮਿਹਣਾ

(ਊਧਵ ਜੀ ਅੱਗੇ)

*ਸਗਣਾਤਮਿਕ ਸਵੱਯੇ

1. ਸੁਣ ਊਧਵ[1] ਗੋਕੁਲ ਦੇ ਦਿਨ ਤਾਂ,
ਮਰ ਕੇ, ਭਰ ਕੇ, ਲੰਘ ਜਾਵਣਗੇ।
ਪਰ ਯਾਦ ਰਖੇ, ਉਸ ਨੂੰ ਸੁਪਨੇ,
ਇਸ ਜੰਗਲ ਦੇ ਤੜਫਾਵਣਗੇ।
ਇਕ ਸੂਲ ਚੁਭੇ, ਕਿ ਅਹੀਰ[2] ਗਰੀਬ,
ਬੜੇ ਸੁਣ ਕੇ ਸ਼ਰਮਾਵਣਗੇ।
ਜਦ ਨਾਨਕਿਆਂ ਘਰ ਦੋਹਿਤਰਾ,
ਕਹਿ ਲੋਕ ਮਖੌਲ ਉਡਾਵਣਗੇ।

2. ਘਨ ਸ਼ਾਮ[3] ਨੇ ਜੀ ਕਰੜਾ ਕਰਕੇ,
ਮਥਰਾ ਵਿਚ ਪੈਰ ਪਸਾਰ ਲਏ।
ਇਕ ਨੀਰ ਕੁਰੂਪ ਫੁਲੇਰਣ[4] ਤੇ,
ਵਿਛ ਕੇ ਸਭ ਦੇ ਹਕ ਮਾਰ ਲਏ।
ਬਿੰਦਰਾਬਨ ਦੇ ਰੰਗ ਰਾਗ ਤਜੇ,
ਫੁਲ ਤੋੜ ਗਿਆ ਚੁਣ ਖਾਰ ਲਏ।
ਹੁਣ ਆਖ ਸੂ ਏਸ ਹਿਯੈ[5] ਚਿ ਜੜੀ,
ਠਗ ਮੂਰਤ[6] ਨੂੰ ਭਿ ਉਤਾਰ ਲਏ।

ਗੋਪੀ ਦਾ ਨਾਚ

(ਕਾਫੀ)

ਨੀ ਮੈਂ ਸਮਝ ਗਈ ਅਸਰਾਰ[7], ਨਚਨੀ ਆਂ ਥਈਆ ਥਈਆ, ਟੇਕ :

1. ਓਹੋ ਈ ਕਾਲੀ ਕਮਲੀ ਵਾਲਾ,
ਓਹੋ ਈ ਗਊਆਂ ਦਾ ਰਖਵਾਲਾ,
ਅਹਿਮਦ[8], ਨਾਨਕ, ਕਾਹਨ, ਗਵਾਲਾ,
ਸਾਰਿਆਂ ਦੀ ਇਕੋ ਨੁਹਾਰ, ਨਚਨੀ ਆਂ ਥਈਆ ਥਈਆ।

---

* ਸਗਣ=ਦੋ ਲਘੂ (ਛੋਟੀਆਂ ਲਗ) ਇਕ ਗੁਰੂ (ਲੰਮੀ ਲਗ) ਜਿਵੇਂ 'ਪਰ ਯਾਦ ਰਖੇ ਉਸ ਨੂੰ ਸੁਪਨੇ' ਵਿਚ ਵੇਖ ਸਕਦੇ ਹੋ। ਆਮ ਸਵਈਯੇ ਵਿਚ ਪਹਿਲਾਂ ਇਕ ਗੁਰੂ ਤੇ ਫੇਰ ਦੋ ਲਘੂ (=ਭਗਣ) ਸੱਤ ਵਾਰ ਲਿਆ ਕੇ ਤੁਕ ਦੇ ਅੰਤ ਦੋ ਗੁਰੂ ਵਰਤੀਦੇ ਸਨ।

1. ਦੇਵ ਭਾਗ ਯਾਦਵ ਦਾ ਪੁੱਤ੍ਰ, ਜੋ ਸ੍ਰੀ ਕ੍ਰਿਸ਼ਨ ਜੀ ਦਾ ਚਾਚਾ ਅਤੇ ਮਿੱਤਰ ਸੀ। ਇਹ ਦਵਾਰਿਕਾ ਤੋਂ ਸ੍ਰੀ ਕ੍ਰਿਸ਼ਨ ਜੀ ਦੇ ਸੁਨੇਹੇ ਲੈ ਕੇ ਬਿੰਦ੍ਰਾਬਨ ਦੀਆਂ ਗੋਪੀਆਂ ਪਾਸ ਗਿਆ ਸੀ। 2. ਗਵਾਲਾ।
3. ਸ੍ਰੀ ਕ੍ਰਿਸ਼ਨ ਜੋ ਬੱਦਲ ਜਿਹਾ ਸ਼ਯਾਮ ਰੰਗਾ ਹੈ।
4. ਮਾਲਣ-ਕੁਬਜਾ, ਕੰਸ ਦੀ ਇਕ ਕੁਬੜੀ ਦਾਸੀ ਜਿਸਨੇ ਕੰਸ ਦਾ ਸੁਗੰਧ ਵਾਲਾ ਲੇਪ (ਜੋ ਕਿ ਉਹ ਬਣਾਉਣ ਤੇ ਮਲਣ ਵਿਚ ਬੜੀ ਨਿਪੁੰਨ ਸੀ), ਪ੍ਰੇਮ ਨਾਲ ਸ੍ਰੀ ਕ੍ਰਿਸ਼ਨ ਜੀ ਨੂੰ ਮਲਿਆ, ਸ੍ਰੀ ਕ੍ਰਿਸ਼ਨ ਜੀ ਨੇ ਪ੍ਰਸੰਨ ਹੋ ਕੇ ਉਸ ਦਾ ਕੁਬ ਠੀਕ ਕਰ ਦਿੱਤਾ। 5. ਹਿਰਦੇ। 6. ਮੋਹ ਲੈਣ ਵਾਲੀ ਸੂਰਤ। 7. ਭੇਦ। 8. ਹਜਰਤ ਮੁਹੰਮਦ ਸਾਹਿਬ।

2. ਹਰ ਫੁਲ ਦੇ ਚਿਹਰੇ ਤੇ ਹਸਦਾ,
ਘਟ ਘਟ ਦੇ ਵਿਚ ਚੁਪ ਚੁਪ ਵਸਦਾ,
ਪਰਦਿਆਂ ਉਹਲਿਓਂ ਤਕ ਤਕ ਦਸਦਾ,
ਸਭ ਥਾਈਂ ਮੇਰਾ ਖਿਲਾਰ, ਨਚਨੀ ਆਂ ਥਈਆ ਥਈਆ।

3. ਹੁਸਨ ਇਸ਼ਕ ਅਜ਼ਲਾ[1] ਅਫਸਾਨਾ,
ਖੋਲਿਆ ਸਾਕੀ ਨੇ ਮੈਖਾਨਾ,
ਫਜ਼ਲ[2] ਕਰਮ ਦਾ ਭਰ ਪੈਮਾਨਾ,
ਕਰ ਦੇਵੇਗਾ ਬੇੜਾ ਪਾਰ, ਨਚਨੀ ਆਂ ਥਈਆ ਥਈਆ।

ਉਪਕਾਰੀ ਬਾਬਾ

ਧਾਰਨਾ : ਝੋਕ ਰਾਂਝ ਵਾਲੀ

ਮੁੰਜੀ[3] ਤੇ ਆਈ ਲਾਲੀ ਖਿੜੀਆਂ ਕਪਾਹੀ ਵੋ,
ਕੂੰਜਾਂ ਉਤਾਰੇ ਲੀੜੇ, ਨਦੀਆਂ ਦੇ ਢਾਈਂ ਵੋ।
ਫਿਰ ਗਈਆਂ ਰੁਤਾਂ, ਰਾਤਾਂ ਤ੍ਰੇਲਾਂ ਨੇ ਠਰੀਆਂ
ਵਿਛ ਗਈ ਏ ਮਖਮਲ, ਹੋਈਆਂ ਹਰੀਆਂ ਕਿਆਰੀਆਂ
ਬਾਗੀਂ ਨਾਰੰਗੀਆਂ ਨੇ ਲਾਈ ਬਹਾਰ ਜੀ,
ਗੁਟੇ ਸੁਨਹਿਰੀ ਰੰਗਣ ਦਿੱਤੀ ਪਸਾਰ ਜੀ।
ਸਦਕੇ ਵੇ ਚੰਦਾ ਤੇਰੀ ਚਿਟੀ ਚਨੈਣ ਤੋਂ,
ਅੱਖ਼ੀ ਨਾ ਰੱਜੇ ਤੇਰੀ ਠੰਢਕ ਲੈਣ ਤੋਂ।
ਠਰ ਗਈਆਂ ਹਿੱਕਾਂ, ਕੁਦਰਤ ਹੋਈ ਨਿਹਾਲ ਜੀ,
ਤ੍ਰਿਪਤੀ[4] ਪਸਾਰੀ ਮਾਤਾ ਤ੍ਰਿਪਤਾ ਦੇ ਲਾਲ ਜੀ,
ਘੋਲੀ ਮੈਂ ਵਾਰੀ, ਬਾਬਾ ਤੇਰੇ ਪਿਆਰ ਤੋਂ,
ਕਰ ਦਿੱਤੇ ਸਦਕੇ ਸੁਖ ਦੁਖੀਏ ਸੰਸਾਰ ਤੋਂ।
ਉਜੜਦੀ ਵਾੜੀ ਆ ਕੇ, ਲੀਤੀ ਸੰਭਾਲ ਜੀ,
ਮਿੱਟੀ ਵਿਚ ਰੁਲਦੇ ਲਾਏ, ਛਾਤੀ ਦੇ ਨਾਲ ਜੀ।
ਸੱਚ ਦੀ ਦੋਹੀ[5] ਫੇਰੀ, ਚਾਨਣ ਪਸਾਰਿਆ,
ਧਰਮ ਦਾ ਧੌਲ[6] ਡਿਗਦਾ, ਡਿਗਦਾ ਖੁਲਹਾਰਿਆ।
ਪਾਪਾਂ ਕੁਕਰਮਾਂ ਕੀਤੀ, ਧਰਤੀ ਨਿਢਾਲ ਸੀ,
ਸੱਚ ਨੂੰ ਮੂੰਹੋਂ ਕੱਢਣਾ ਹੋਇਆ ਮੁਹਾਲ ਸੀ।
ਬਾਬੇ ਨੇ ਖਰੀਆਂ ਖਰੀਆਂ ਬਾਣੀਆਂ ਬੋਲੀਆਂ,
ਔਝੜੇ[7] ਭੁਲਿਆਂ ਦੀਆਂ ਖਿੜਕੀਆਂ ਖੋਲੀਆਂ।

---

1. ਅਰੰਭ ਤੋਂ, ਮੁੱਢ ਦਾ। 2. ਮੇਹਰ। 3. ਚਾਵਲਾਂ ਦੀ ਫਸਲ। 4. ਸਤੁੰਸ਼ਟਤਾ। 5. ਦੁਹਾਈ, ਪ੍ਰਸਿੱਧੀ। 6. ਬਲਦ, ਮੰਨਿਆ ਜਾਂਦਾ ਹੈ ਕਿ ਧਰਤੀ ਨੂੰ ਇਕ ਬਲਦ ਨੇ ਚੁੱਕਿਆ ਹੋਇਆ ਹੈ, ਸ੍ਰੀ ਗੁਰੂ ਨਾਨਕ ਦੇਵ ਜੀ ਨੇ 'ਧੌਲ ਧਰਮ' ਕਿਹਾ ਹੈ। 7. ਕੁਰਸਤੇ ਜਾਣ ਵਾਲੇ।

ਹਰੀਆਂ ਤੇ ਭਰੀਆਂ ਹੋਈਆਂ ਸੁੰਞੀਆਂ ਬਾਰਾਂ ਜੀ,
ਨਾਮ ਦੀਆਂ ਧੁਨੀਆਂ ਉਠਣ ਪ੍ਰੇਮ ਦੀਆਂ ਤਾਰਾਂ ਜੀ।
ਘਰ ਘਰ ਦੇ ਅੰਦਰ ਹੋਵੇ ਕੀਰਤਨ ਕਰਤਾਰ ਦਾ,
ਨਾਮ ਦਾ ਬੇੜਾ ਊਚਾਂ ਨੀਚਾਂ ਨੂੰ ਤਾਰਦਾ।
ਧੰਨ ਬਾਬਾ ਨਾਨਕ ਜਿਸਨੇ ਲਾਈ ਇਹ ਵਾੜੀ ਜੀ,
ਪਾਇਆ ਸੁਮਾਰਗ[1] ਰੰਗਣ ਭਗਤੀ ਦੀ ਚਾੜ੍ਹੀ ਜੀ।
ਬਾਬੇ ਦੀਆਂ ਵੇਲਾਂ ਹਰੀਆਂ ਲੱਗੀ ਬਹਾਰ ਜੀ,
ਸਿਖੀ ਤੇ ਸੰਗਤ ਦਾ ਨਾ ਆਵੇ ਸ਼ੁਮਾਰ[2] ਜੀ।

ਸ੍ਰੀ ਪੰਚਮ ਪਾਤਸ਼ਾਹ ਦੀ ਕੁਰਬਾਨੀ

ਆ ਦਿਲਾ ਅਜ ਰੱਜ ਕੇ ਰੋ ਲੈਣ ਦੇ,
ਹੌਲਿਆਂ ਰੋ ਰੋ ਕੇ ਜੀ ਹੋ ਲੈਣ ਦੇ।
ਫੁਟ ਕੇ ਦਿਲ ਦੇ ਫਫੋਲੇ ਵਹਿਣ ਦੇ,
ਪ੍ਰੇਮ ਦੇ ਮਨ ਨੂੰ ਤਮਾਚੇ ਸਹਿਣ ਦੇ।
ਘਾਉ ਚਰਕੇ ਖਾਕੇ ਤਾਜ਼ੇ ਹੋਣ ਦੇ,
ਮਿੱਝ ਬਣ ਬਣ ਕਾਲਜੇ ਨੂੰ ਚੋਣ ਦੇ।
ਫਿਰਨ ਦੇ ਸੀਨੇ ਦੇ ਅੰਦਰ ਆਰੀਆਂ,
ਲੈਣ ਦੇ ਗਮ ਦੇ ਸਮੁੰਦਰ ਤਾਰੀਆਂ,
ਰਹਿਣ ਦੇ ਰੁਝਾ ਰਿਦਾ ਫਰਯਾਦ[3] ਵਿਚ,
ਹੋਣ ਦੇ ਬਿਹਬਲ ਕਿਸੇ ਦੀ ਯਾਦ ਵਿਚ।
ਮਨ ਦੇ ਮੰਦਰ ਖੋਲ੍ਹ ਦੇ ਉਸ ਯਾਰ ਨੂੰ,
ਸੌਂਪ ਦੇ ਸੀਨਾ ਉਦ੍ਹੇ ਸਤਕਾਰ ਨੂੰ।
ਮਾਂਜ ਦੇ ਸ਼ੀਸ਼ਾ[4] ਉਦੇ ਬਿਠਲਾਣ ਨੂੰ,
ਬੁਕਲੇ ਦੀਦਾਰ ਝੁਕ ਝੁਕ ਪਾਣ ਨੂੰ,
ਛੇੜ ਦੇ ਉਸਦੇ ਤਰਾਨੇ ਦੀ ਸਤਾਰ,
ਚਾੜ੍ਹ ਦੇ ਉਸ ਪ੍ਰੇਮ ਰੰਗਣ ਦਾ ਖੁਮਾਰ।
ਧੂੜ ਉਸਦੇ ਚਰਨ ਦੀ ਸਿਰ ਚਾੜ੍ਹ ਦੇ,
ਉਸਦੀ ਮਹਿਮਾਂ ਹਿਤ ਕਪਟ ਉਘਾੜ ਦੇ।
ਜਿਸ ਦੀ ਕੁਰਬਾਨੀਆਂ ਦੀ ਯਾਦ ਨੇ,
ਕਰ ਛਡੇ ਹਿਰਦੇ ਦੇ ਬਾਗ ਅਬਾਦ ਨੇ।
ਜਿਸ ਨੇ ਸਦਕੇ ਹੋ ਕੇ ਧਰਮ ਬਚਾ ਲਿਆ,

1. ਚੰਗਾ ਰਸਤਾ। 2. ਗਿਣਤੀ। 3. ਦਰਦ ਵਾਲੀ ਪੁਕਾਰ। 4. ਦਿਲ, ਹਿਰਦਾ।

ਆਪ ਕੁਮਲਾ ਕੇ ਬਗੀਚਾ ਲਾ ਲਿਆ।
ਕਤਰਾ ਸਦਕੇ ਹੋ ਕੇ ਦਰਯਾ ਚੱਲਿਆ।
ਬੀਜ ਹੋ ਨਿਰਮੂਲ ਬੂਟਾ ਫੱਲਿਆ।
ਸੀਸ ਕਰ ਕੁਰਬਾਨ ਸ਼ਾਨ ਬਚਾ ਲਈ,
ਨਾਥ ਹੋਇ ਅਨਾਥ ਕੌਮ ਬਚਾ ਲਈ।
ਧਰਮ ਅਰ ਤਾਕਤ ਦਾ ਹੋਯਾ ਟਾਕਰਾ,
ਜਾਨ ਉਪਰ ਖੇਲ ਸੱਚ ਸੁਲਾਕਿਆ।
ਭਠੀਆਂ ਤੇ ਆਣ ਕੁੰਦਨ[1] ਡਲ੍ਹਕਿਆ,
ਸਾਣ ਤੇ ਚੜ੍ਹ ਗਿਆ ਹੀਰਾ ਪਰਖਿਆ।
ਤਪਦੀਆਂ ਲੋਹਾਂ ਤੇ ਆਸਣ ਕਰ ਲਿਆ,
ਗਰਮ ਰੇਤਾ ਉਪਰੋਂ ਭੀ ਜਰ ਲਿਆ।
ਛਾਲਿਆਂ ਨੇ ਛਹਿਬਰਾਂ ਹਨ ਲਾਈਆਂ,
ਮਿਝ ਵਗ ਵਗ ਹਡੀਆਂ ਨਿਕਲਾਈਆਂ।
ਪਰ ਨਿਕਲਦਾ ਮੂੰਹ ਦੇ ਵਿਚੋਂ ਸੀ ਨਹੀਂ,
ਕਸ਼ਟ ਮਾਨੋਂ ਪਹੁੰਚਿਆ ਹੀ ਸੀ ਨਹੀਂ।
ਭਾਣੇ ਵਿਚ ਦਿਲ ਇਸ ਤਰ੍ਹਾਂ ਸਰਸ਼ਾਰ[2] ਹੈ,
ਠਾਰ ਮਨ ਨੂੰ ਭਾਸਦੀ ਗੁਲਜ਼ਾਰ ਹੈ।
ਲਿਵ ਲਗੀ ਹੋਈ ਹੈ ਉਸ ਕਰਤਾਰ ਵਿਚ,
ਘੁਲ ਗਏ ਸਭ ਦਰਦ ਲਿਵ ਦੀ ਤਾਰ ਵਿਚ।
ਧੁਨ ਉਠੇ ਹਰ ਤਰਬ ਵਿਚੋਂ ਨਾਮ ਦੀ,
ਪਰਖ ਵਿਸਰੀ ਦੁਖ ਤੇ ਆਰਾਮ ਦੀ।
ਖੂਨ ਨਿਰਦੋਸ਼ਾ ਜ਼ਿਮੀਂ ਤੇ ਡੁਲ੍ਹਿਆ।
ਦਵਾਰ ਆਜ਼ਾਦੀ ਦਾ ਮਾਨੋਂ ਖੁਲ੍ਹਿਆ।
ਖੇਲ ਅਗਨੀ ਨਾਲ ਸਤਿਗੁਰ ਹੋਲੀਆਂ,
ਵੰਡਿਆ ਸੰਤੋਸ਼ ਭਰ ਭਰ ਝੋਲੀਆਂ।
ਧਰਮ ਦੀ ਖਾਤਰ ਰਚੀ ਕੁਰਬਾਨਗਾਹ,
ਹੋ ਗਿਆ ਕੁਰਬਾਨ ਪੰਚਮ ਪਾਤਸ਼ਾਹ।
ਸਿਦਕੀਆਂ ਨੂੰ ਰਾਹ ਦਿਖਾਉਣ ਵਾਸਤੇ,
ਜਾ ਬਿਰਾਜੇ ਸਤਿਗੁਰੂ ਅਕਾਸ਼ ਤੇ।
ਜਾਚ ਦੱਸੀ ਆਨ ਸ਼ਾਨ ਬਚਾਣ ਦੀ,
ਸੱਚ ਖਾਤਰ ਦਾਰ[3] ਤੇ ਚੜ੍ਹ ਜਾਣ ਦੀ।
ਧਰਮ ਜਗਵੇਦੀ[4] ਤੇ ਚੋਵਣ ਦੀ ਬਲੀ,

1. ਸੋਨਾ। 2. ਮਗਨ, ਮਸਤੀ ਵਿਚ। 3. ਸੂਲੀ, ਫਾਂਸੀ। 4. ਯਗ ਲਈ ਅਗਨੀ, ਕੁਰਬਾਨੀ ਦੀ ਵੇਦੀ।

ਰਸਮ ਸਿਖੀ ਵਿਚ ਏਥੋਂ ਤੁਰ ਪਈ।
ਸਿਦਕੀਆਂ ਦੇ ਝੁੰਡ ਸਾਹਵੇਂ ਡਟ ਗਏ,
ਆਰਿਆਂ ਦੇ ਹੇਠ ਆ ਆ ਕਟ ਗਏ।
ਉਬਲਦੀ ਦੇਗਾਂ ਦੇ ਅੰਦਰ ਕੜ੍ਹ ਗਏ,
ਚਰਖੀਆਂ ਦੇ ਰਾਹ ਅਕਾਸ਼ੀਂ ਚੜ੍ਹ ਗਏ।
ਬੰਦ ਬੰਦ ਕਟਾਉਣਾ ਭੀ ਜਰ ਗਏ,
ਪੁੱਠੀਆਂ ਖਲਾਂ ਦੇ ਦਰਯਾ ਤਰਬ ਗਏ,
ਰੰਬੀਆਂ ਤੇ ਨਾਲ ਖੱਲ ਛਿਲਾ ਲਈ,
ਡਕਰੇ ਸੰਤਾਨ ਝੋਲੀ ਪਾ ਲਈ।
ਪਾਰ ਲੰਘੇ ਘਾਟ ਤੋਂ ਤਲਵਾਰ ਦੇ,
ਟਾਕਰੇ ਕਰ ਕਰਕੇ ਅਤਯਾਚਾਰ ਦੇ।
ਗੋਲੀਆਂ ਦੇ ਅਗੇ ਹਿਕਾਂ ਡਾਹੀਆਂ,
ਹੋਏ ਠੰਢੇ ਪੈ ਕੇ ਤੇਲ ਕੜਾਹੀਆਂ।
ਕੰਧ ਵਿਚ ਚਿਣਵਾਕੇ ਜਾਨਾਂ ਵਾਰੀਆਂ,
ਸਹਿ ਗਏ ਪੀੜਾਂ ਦਰੇੜਾਂ ਸਾਰੀਆਂ,
ਜੂਝ ਕੇ ਰਣ ਵਿਚ ਧਰਮ ਬਚਾ ਲਿਆ,
ਕਸ਼ਟ ਤੋਂ ਨਿਰਜੀਵ ਦੇਸ਼ ਛੁਡਾ ਲਿਆ।
ਤੇਲ ਪੈ ਪੈ ਜੀਉਂਦੇ ਹੀ ਸੜ ਗਏ,
ਧਰਮ ਦੀ ਖਾਤਰ ਸ਼ਹੀਦੀ ਚੜ੍ਹ ਗਏ।
ਖੇਲ੍ਹ ਕੇ ਜਾਨਾਂ ਤੇ ਸ਼ਾਨਾਂ ਪਾਈਆਂ,
ਪ੍ਰੇਮ ਗਲੀਏ ਵੜ ਕੇ ਜਿੰਦਾਂ ਲਾਈਆਂ।
ਧਰਮ ਦੀ ਰਾਹ ਵਿਚ ਲੁਟਾਯਾ ਮਾਲ ਧਨ,
ਸੱਚ ਪਰ ਸਦਕੇ ਚੜ੍ਹਾਯਾ ਜਾਨ ਤਨ।
ਜੇਲ ਵਿਚ ਸੜ ਸੜ ਕੇ ਉਮਰਾਂ ਗਾਲੀਆਂ,
ਨੰਗਿਆਂ ਬਹਿ ਬਹਿ ਕੇ ਰਾਤਾਂ ਜਾਲੀਆਂ।
ਧੰਨ ਸਤਿਗੁਰ ਸਿਦਕ ਜਿਨ ਸਿਖਲਾਇਆ,
ਪ੍ਰੇਮ ਰੰਗਣ ਚਾੜ੍ਹ ਮਾਰਗ ਪਾਇਆ।
ਧੰਨ ਸਿੱਖੀ ਜਿਸਨੇ ਕਾਰਾਂ ਚੁਕੀਆਂ,
ਸੰਗਤਾਂ ਉਸ ਆਣ ਤੇ ਮਰ ਮੁਕੀਆਂ।
ਆਂਚ ਨਾ ਪਰ ਆਉਣ ਦਿੱਤੀ ਆਣ ਪਰ,
ਸ਼ਾਨ ਕਾਇਮ ਰਖ ਲਈ ਇਸ ਤ੍ਰਾਣ ਪਰ।
ਜਸ ਦਾ ਆਕਾਸ਼ ਤਾਰਾ ਚਮਕਿਆ,
ਮਾਣ ਦਾ ਸੇਹਰਾ ਚੁਤਰਫੋਂ ਚੜ੍ਹ ਰਿਹਾ,

ਸਿਦਕ ਦੇ ਉਸ ਮੇਘ ਵਿਚੋਂ ਹੇ ਗੁਰੋ,
ਸਵਾਂਤ ਬਿੰਦੂ[1] ਚਾਤ੍ਰਿਕ ਨੂੰ ਭੀ ਦਿਓ।

ਮੀਆਂ ਮੀਰ ਦੀ ਮੰਗ

ਸਾਈਂ ਮੀਆਂ ਮੀਰ ਵਲੋਂ, ਕੁਰਬਾਨੀਆਂ ਦੇ ਆਗੂ, ਤੱਤਿਆਂ ਤਵਿਆਂ ਤੇ ਸਰੀਰ ਨੂੰ ਹੋਮ ਰਹੇ ਸ੍ਰੀ ਗੁਰੂ ਅਰਜਨ ਜੀ ਦੀ ਸੇਵਾ ਵਿਚ ਜ਼ੁਲਮ ਦੇ ਲਿਕਲਦੇ ਸੋਮੇ ਨੂੰ ਝਟ ਪਟ ਬੰਦ ਕਰ ਲੈਣ ਦੀ ਮੰਗ :

ਮੇਰੇ ਸੱਚ ਦਿਆ ਸ਼ੈਦਾਈਆਂ, ਇਹ ਕੀ ਅੱਜ ਕਲਾ ਵਰਤਾਈਆਂ ?
ਸੂਰਤ ਡਿਠੀ ਨਾ ਜਾਇ ਹਜ਼ੂਰ ਦੀ, ਲੂੰ ਲੂੰ ਬਣ ਗਿਆ ਸ਼ਕਲ ਨਸੂਰ[2] ਦੀ।
ਲੋਹ, ਲੋਹੀ ਲਾਖੀ ਹੋ ਰਹੀ, ਬੰਦ ਬੰਦ ਤੋਂ ਚਰਬੀ ਚੋ ਰਹੀ
ਤੱਤੀ ਰੇਤ ਦੀ ਪੈ ਰਹੀ ਪੁਹਾਰ[3] ਹੈ ਮਚੀ ਚੌਹੀਂ ਪਾਸੀਂ ਹਾਹਾਕਾਰ ਹੈ।
ਤੇਰੇ ਮੱਥੇ ਤੇ ਵੱਟ ਨਾ ਆਉਂਦਾ, ਤਰਸ ਕਿਉਂ ਨਹੀਂ ਜੱਗ ਤੇ ਖਾਉਂਦਾ ?
ਜੇਕਰ ਸੱਚ ਤਸੀਹੇ ਪਾਇਗਾ, ਕੌਣ ਏਸ ਦੇ ਨੇੜੇ ਆਇਗਾ ?
ਸੋਮਾ ਪਾਪ ਦਾ ਜੰਮਦਿਆਂ ਮਾਰ ਦੇ, ਏਸ ਰੋੜ ਨੂੰ ਏਥੇ ਹੀ ਖੁਲਾਰ ਦੇ।
ਨਹਿ ਤਾਂ ਹਿਲੇਗੀ ਜੜ ਸਚਿਆਈ ਦੀ, ਜਾਣੀ ਪੇਸ਼ ਨਹੀਂ ਫੇਰ ਸਿੰਜਾਈ ਦੀ।
ਉਚਾ[4] ਹੋਇਆ ਜੇ ਹੌਸਲਾ ਪਾਪ ਦਾ, ਧਰਮ ਫੇਰ ਨਹੀਂ ਟਿਕਦਾ ਜਾਪਦਾ।
ਠਲ੍ਹ ਏਸ ਨੂੰ ਅੱਜ ਨਾ ਪਾਇੰਗਾ, ਲੱਖਾਂ ਲਾਸ਼ਾਂ ਦਾ ਬੰਦ ਬਣਵਾਇੰਗਾ।
ਮੰਨ ਵਸਤਾ ਕੱਢ ਆਵਾਜ਼ ਨੂੰ, ਕਰਦੇ ਖਾਕ ਸ਼ਾਹ ਪਾਪ ਦੇ ਰਾਜ ਨੂੰ,
ਇਕੋ ਮਾਰਕੇ ਨਾਅਰਾ ਆਹ ਦਾ, ਰੋੜਾ ਚੁਕ ਦੇ ਧਰਮ ਦੀ ਰਾਹ ਦਾ।

ਗੁਰੂ ਸਾਹਿਬ ਵਲੋਂ ਇਨਕਾਰ

ਸਾਈਂ ਲੋਕਾਂ ਨੂੰ ਇਹ ਨਹੀਂ ਫੱਬਦਾ, ਚਾਹੀਏ ਮੰਨਣਾ ਭਾਣਾ ਰੱਬ ਦਾ।
ਸ਼ਾਂਤਮਈ ਦੀ ਢਾਲ ਬਚਾਇਗੀ, ਏਸ ਜੁਲਮ ਦਾ ਖੋਜ਼ ਮਿਟਾਇਗੀ।
ਸੱਚ ਨਾਲ ਮੈਂ ਕੱਚ ਨਹੀਂ ਮਿਲਾਉਣਾ, ਵੱਟ ਪਾਇਕੇ ਵੱਟਾ ਨਹੀਂ ਲਾਉਣਾ।
ਜੋ ਕੁਝ ਹੁਕਮ ਹੈ ਉਪਰੋਂ ਆ ਰਿਹਾ, ਉਹ ਹੈ ਪੂਰਾ ਹੁੰਦਾ ਜਾ ਰਿਹਾ।
ਸਾਰਾ ਫਿਕਰ ਹੈ ਸਿਰਜਣ ਹਾਰ ਨੂੰ, ਹਥ ਦੇਵੇਗਾ ਓਹੋ ਸੰਸਾਰ ਨੂੰ।

ਸ੍ਰੀ ਪੰਚਮ ਪਾਤਸ਼ਾਹ ਪਾਸੋਂ, ਗੁਰੂ ਗ੍ਰੰਥ ਸਾਹਿਬ ਵਿਚੋਂ, ਕੁਝ ਸ਼ਬਦ ਸੁਣਨ ਦੇ ਬਾਦ ਜਹਾਂਗੀਰ ਬਾਦਸ਼ਾਹ ਦੀ ਰਾਇ ਤੇ ਮੰਗ

ਇਸ ਕਿਤਾਬ ਵਿਚ ਤੁਸਾਂ ਜੋ ਰੰਗ ਬੱਧਾ,
ਬੇ ਮਿਸਾਲ ਹੈ ਉਹ, ਬੇ ਨਜੀਰ ਹੈ ਉਹ,

---

1. ਸਵਾਤਿ ਨਛਤ੍ਰ ਵਿਚ ਹੋਈ ਵਰਖਾ ਦੀ ਇਕ ਬੂੰਦ, ਪੁਰਾਣਾਂ ਵਿਚ ਲਿਖਿਆ ਹੈ ਕਿ ਇਸ ਬੂੰਦ ਨਾਲ ਪਪੀਹੇ ਦੀ ਤ੍ਰਿਖਾ ਬੁਝਦੀ ਹੈ ਤੇ ਇਹ ਸਿੱਪੀ ਵਿਚ ਪੈ ਕੇ ਮੋਤੀ ਬਣਦੀ ਹੈ। ਭਾਵ ਗੁਰੂ ਤੋਂ ਸਿਦਕ ਮੰਗਣ ਦੀ ਹੈ।
2. ਸਦਾ ਵਗਦਾ ਜ਼ਖਮ, ਲਾਇਲਾਜ ਫੋੜਾ। 3. ਫੁਹਾਰ। 4. ਵਧਿਆ।

ਮੁਰਦਾ ਰੂਹਾਂ ਵਿਚ ਜਿੰਦ ਪੈ ਜਾਇ ਜਿਸ ਥੀਂ,
ਇਸ ਕਲਾਮ ਵਿਚ ਭਰੀ ਤਾਸੀਰ ਹੈ ਉਹ।
ਹਿੰਦੁਸਤਾਨ ਜਿਸ ਚੀਜ਼ ਤੇ ਨਾਜ਼ ਕਰਸੀ,
ਨਸਲਾਂ ਅਗਲੀਆਂ ਲਈ ਜਾਗੀਰ ਹੈ ਉਹ,
ਜਿਸ ਨੂੰ ਏਸ ਕਲਾਮ ਵਿਚ ਖੋਟ ਭਾਸੇ,
ਬੇ-ਸ਼ਊਰ[1] ਬੇ-ਦੀਨ[2] ਬੇਪੀਰ[3] ਹੈ ਉਹ।
ਚੰਗੀ ਗੱਲ ਹੁੰਦੀ ਜੇਕਰ ਇਸ ਦੇ ਵਿਚ,
ਕੁਝ ਇਸਲਾਮ ਦਾ ਭੋਰਾ ਵੀ ਪਾ ਛਡਦੇ।
ਦੋ ਇਕ ਬੰਦ ਹਜ਼ਰਤ ਸੁਲਿਲਾਹ[4] ਬਾਬਤ,
ਚੰਗੇ ਜਹੇ ਲਫ਼ਜਾਂ ਵਿਚ ਅੜਾ ਛਡਦੇ।

ਗੁਰੂ ਸਾਹਿਬ ਦਾ ਉਤਰ

ਭੋਜਨ ਆਤਮਾ ਦਾ, ਸਦਾ ਪ੍ਰੇਮ ਵਾਲਾ,
ਹੋਕਾ ਸੱਚ ਦਾ, ਰੱਬੀ ਕਲਾਮ ਹੈ ਇਹ।
ਪਾਪ ਲਹਿਰ ਵਿਚ ਕੁੜ੍ਹਦੀਆਂ ਰੂਹਾਂ ਖਾਤਰ,
ਕੰਡਾ ਅਮਨ ਦਾ, ਸ਼ਾਂਤਿ ਦਾ ਧਾਮ ਹੈ ਇਹ।
ਦੁਨੀਆਂ ਵਿਚ ਪਰਲੋਕ ਦੀ ਪਾਇ ਸੋਝੀ,
ਖਾਲਸ ਨਾਮ, ਜਮਸ਼ੈਦ[5] ਦਾ ਜਾਮ ਹੈ ਇਹ।
ਲਿਖਿਆ ਗਿਆ ਮੁਹਾਕਬੇ[6] ਵਿਚ ਬਹਿ ਕੇ,
ਅਰਸ਼ੋਂ ਉਤਰਿਆ ਧੁਰੀ ਪੈਗ਼ਾਮ ਹੈ ਇਹ।
ਪ੍ਰੇਮ ਬਾਗ ਵਿਚ ਕੁਦਰਤੀ ਮਹਿਕ ਬਾਝੋਂ,
ਕਿਸੇ ਕਾਗਤੀ ਫੁਲਾਂ ਦਾ ਨਾਂ ਹੈ ਨਹੀਂ।
ਬਿਨਾਂ ਅਰਸ਼ ਤੋਂ ਵੱਸਿਆਂ ਮੋਤੀਆਂ ਦੇ,
ਕੋਈ ਕਚਕੜਾ ਧਰਨ ਦਾ ਥਾਂ ਹੈ ਨਹੀਂ।

ਸ੍ਰੀ ਦਸ਼ਮੇਸ਼ ਆਗਮਨ

ਦਿਲਾ ਉਜੜੇ ਚਮਨ ਦੇ ਵਿਚ ਨਵੀਂ ਰੰਗਣ ਲਿਆ ਉਠ ਕੇ,
ਹਨੇਰੇ ਵਿਚ ਨਾ ਬੈਠਾ ਰਹੁ ਕੋਈ ਦੀਵਾ ਜਗਾ ਉਠ ਕੇ,
ਕੋਈ ਉਪਕਾਰ ਦੀ ਮੂਰਤ ਬਿਠਾ ਲੈ ਏਸ ਮੰਦਰ ਵਿਚ,
ਤੇ ਉਸਦੀ ਆਰਤੀ ਖਾਤਰ ਏ ਮੁਰਦਾ ਰੂਹ ਜਿਵਾ ਉਠਕੇ।
ਜਿਨ੍ਹੇ ਕੁਰਬਾਨੀਆਂ ਕਰ ਕਰ ਤੇਰੀ ਵਿਗੜੀ ਬਣਾਈ ਸੀ,

---

1. ਬੇ-ਸਮਝ। 2. ਅਧਰਮੀ। 3. ਬੇਗੁਰਾ। 4. ਰੱਬ ਦਾ ਰੂਪ, ਹਜ਼ਰਤ ਮੁਹੰਮਦ ਸਾਹਿਬ। 5. ਅੰਮ੍ਰਿਤ ਦਾ ਪਿਆਲਾ। 6. ਰੱਬ ਨਾਲ ਇਕ ਮਿਕ ਹੋ ਕੇ।

ਤੂੰ ਉਸ ਦਾਤੇ ਦੀ ਦੌਲਤ ਝੋਲੀਆਂ ਭਰ ਭਰ ਲੁਟਾ ਉਠ ਕੇ।
ਨਿਸ਼ਾਨਾ ਜੇੜ੍ਹਾ ਤਕ ਕੇ ਉਸ ਨੇ ਤੀਰ ਆਪਣੇ ਚਲਾਏ,
ਉਦ੍ਹੇ ਤੋਰੇ ਹੋਏ ਕਾਸਦ[1] ਨੂੰ ਮੰਜ਼ਿਲ ਤੇ ਪੁਚਾ ਉਠ ਕੇ।
ਨਾ ਜ਼ਾਹਰ[2] ਦਾ ਪੁਜਾਰੀ ਬਣ ਨਾ ਬਾਤਨ[3] ਉਠਾਂ ਪਰਦਾ,
ਜੋ ਅੰਦਰ ਜੋਤ ਜਗਦੀ ਸੀ, ਤੂੰ ਉਸ ਦੀ ਲੋ ਲਗਾ ਉਠ ਕੇ।
ਜਿਗਹ[4] ਕਲਗੀ, ਪੁਸ਼ਾਕੇ, ਬਾਜ਼ ਦੇ ਭੀ ਗੀਤ ਗਾ ਬੇਸ਼ਕ,
ਉਦ੍ਹੇ ਦਿਲ ਵਿਚ ਲੁਕੇ ਮਕਸਦ ਨੂੰ ਪਰ ਤੋੜੇ ਚੜ੍ਹਾ ਉਠ ਕੇ।
ਉਦ੍ਹੀ ਬੰਸੀ ਦੀਆਂ ਤਾਨਾਂ ਮੋਈ ਮਿੱਟੀ ਜਿਵਾਈ ਸੀ,
ਉਹੋ ਸੁਰ ਛੇੜ ਕੇ ਖਾਮੋਸ਼ ਤਰਬਾਂ ਨੂੰ ਹਿਲਾ ਉਠ ਕੇ।
ਉਨੇ ਸੇਵਾ ਦੀ ਵਾੜੀ ਲਾ ਕੇ, ਪਾ ਪਾ ਖੂਨ ਸਿੰਜੀ ਸੀ,
ਉਸੇ ਸੇਵਾ ਦਾ ਮੇਵਾ ਖਾ ਤੇ ਖਲਕਤ ਨੂੰ ਖੁਆ ਉਠ ਕੇ।
ਓ ਚਸ਼ਮਾ ਸੀ ਪਿਆਰਾਂ ਦਾ ਓ ਸੋਮਾ ਸ਼ਾਨਤੀ ਦਾ ਸੀ,
ਤੂੰ ਦਰਦਾਂ ਦੀ ਦਵਾਈ ਬਣ ਤੇ ਦੁਖੀਆਂ ਨੂੰ ਬਚਾ ਉਠ ਕੇ।
ਉਨ੍ਹੇ ਇਕ ਪ੍ਰੇਮ ਤੇ ਉਪਕਾਰ ਦੀ ਨਗਰੀ ਵਸਾਈ,
ਤੂੰ ਉਸਦਾ ਪਹਿਰੂਆ ਬਣ ਕੇ ਉਦ੍ਹੀ ਸ਼ੋਭਾ ਵਧਾ ਉਠ ਕੇ।
ਉਨ੍ਹੇ ਸੰਤਾਨ ਸਦਕਾ ਕਰਕੇ ਤੈਨੂੰ ਗੋਦ ਪਾਇਆ ਸੀ,
ਤੂੰ ਆਪਣਾ ਆਪ ਸਦਕਾ ਚੜ੍ਹ ਕੇ ਕਰ ਹੱਕ ਅਦਾ ਉਠ ਕੇ।
ਉਨ੍ਹੇ ਸਵਾਰਥ[5] ਦੀ ਦੌਲਤ ਚਾ ਕੇ ਸਤਲੁਜ ਵਿਚ ਰੁੜਾਈ ਸੀ,
ਤੂੰ ਉਸ ਦੀ ਪੈਰਵੀ ਵਿਚ ਆਪਣੀ ਹਸਤੀ ਮਿਟਾ ਉਠ ਕੇ,
ਉਦੇ ਬਾਲੇ ਹੋਏ ਦੀਵੇ ਦਾ ਮੁਕਦਾ ਤੇਲ ਵੇਖੇਂ ਜੇ,
ਤੂੰ ਚਰਬੀ ਢਾਲ ਕੇ ਤਨ ਦੀ ਅਟਲ ਚਾਨਣ ਖਿੰਡਾ ਉਠ ਕੇ।
ਚਾਤ੍ਰਿਕ ਬਣ ਸੁਆਂਤੀ ਬੂੰਦ ਦਾ, ਛਡ ਦੇ ਸਮੁੰਦਰ ਨੂੰ,
ਖੜਾ ਹੋ ਕੇ ਉਦ੍ਹਾ ਪੈਗਾਮ ਦੁਨੀਆਂ ਨੂੰ ਸੁਣਾ ਉਠ ਕੇ।

ਕਲਗੀਧਰ ਆਗਮ

ਚਾਹ ਹੈ ਤਾਂ ਕਿਸੇ ਦਰਦਮੰਦ ਨਾਲ ਪਿਆਰ ਕਰ।
ਦਿਲ ਹੈ ਤਾਂ ਕਿਸੇ ਜਾਂ-ਨਿਸਾਰ[6] ਪਰ ਜਾਂ ਨਿਸਾਰ ਕਰ।
ਜੇ ਜੀਭ ਹੈ ਤੇ ਜੀਭ ਨੂੰ ਬੋਲਣ ਦਾ ਸ਼ੌਕ ਹੈ,
ਤਾਂ ਕਲਗੀਧਰ ਦੇ ਪਜਾਰ ਦੀ ਮਹਿਮਾ ਉਚਾਰ ਕਰ।
ਸੁਰੱਮਤ[7] ਹੈ ਤਾਂ ਸਹਿਕੇ ਵਿਖਾ ਕਸ਼ਟ ਆਪ ਤੇ,
ਉਸ ਸੂਰਬੀਰ ਤੋਂ ਸਰੀਰ ਤਾਰ ਤਾਰ ਕਰ।

1. ਸੁਨੇਹਾ ਪੁਚਾਉਣ ਵਾਲਾ। 2. ਸਰਗੁਣ। 3. ਨਿਰਗੁਣ ਲੁਕਿਆ। 4. ਸਿਰ ਦਾ ਮੁਕਟ। 5. ਖ਼ੁਦਗਰਜ਼ੀ।
6. ਜਾਨ ਦੇਣ ਵਾਲੇ ਤੋਂ। 7. ਬਹਾਦਰੀ।

ਸੰਤਾਨ ਹੈ ਤਾਂ ਘੋਲ ਘੁਮਾ ਦਿਓ ਦੇਸ਼ ਤੋਂ,
ਉਸ ਵਾਂਗ ਨਾਓ ਕੌਮ ਦੀ ਵਖਤ[1] ਤੋਂ ਪਾਰ ਕਰ।
ਧਨ ਹੈ ਤਾਂ ਦੇ ਲੁਟਾ ਕਿਸੇ ਦਿਲ ਦੇ ਉਬਾਲ ਤੋਂ
ਹੋ ਬੇਸਰੋ-ਸਮਾਨ[2] ਦੁਖੀ ਦਾ ਉਧਾਰ ਕਰ।
ਆਵਾਜ਼ ਹੈ ਤਾਂ ਜ਼ੁਲਮ ਦੇ ਵਿਰੋਧ ਵਿਚ ਉਠਾ,
ਤਲਵਾਰ ਹੈ ਤਾਂ ਜ਼ਾਲਮਾਂ ਤੇ ਡਟ ਕੇ ਵਾਰ ਕਰ।
ਜੋ ਕੁਝ ਦਿਖਾ ਗਿਆ ਹੈ ਓ ਕਰਕੇ, ਓਕਰ ਦਿਖਾ,
ਉਸ ਕਦਮ ਤੇ ਚਲਕੇ ਕੋਈ ਪਰੁਪਕਾਰ ਕਰ।
ਤੌਫੀਕ[3] ਜਾਪਦੀ ਨਹੀਂ ਚਾਤ੍ਰਿਕ ਜੇ ਹੋਰ ਕੁਝ,
ਉਸ ਦੀ ਕ੍ਰਿਪਾ ਦਾ ਧੰਨਵਾਦ ਬਾਰ ਬਾਰ ਕਰ।

ਠਾਰਿਆ ਸੰਸਾਰ ਜਿਸ ਦੀ ਠਾਰ ਨੇ

ਵਾਰਨੇ ਜਾਵਾਂ ਉਦੇ ਤੋਂ ਵਾਰਨੇ,
ਮੋਹ ਲਈ ਦੁਨੀਆਂ ਜਿਦੇ ਉਪਕਾਰ ਨੇ।
ਜਿੰਦ ਸਦ ਕੇ ਕਰ ਦਿਆਂ ਉਸ ਕਲਗੀਓਂ,
ਨੂਰ ਫੈਲਾਯਾ ਜਿਦ੍ਹੇ ਝਲਕਾਰ ਨੇ।
ਜਾਗਿਆ ਸਵੈਮਾਨ, ਜਿਸਦੀ ਜਾਗ ਨਾਲ,
ਠਾਰਿਆ ਸੰਸਾਰ ਜਿਸ ਦੀ ਠਾਰ ਨੇ।
ਖੁਲ੍ਹ ਗਏ ਬੰਧਨ ਜਿਦ੍ਹੀ ਇਕ ਨੀਝ ਨਾਲ,
ਮੁਕਲ ਕੀਤਾ ਦੇਸ਼ ਜਿਸ ਦੇ ਪਯਾਰ ਨੇ।
ਦੇ ਕੇ ਵਹਦਤ[4] ਦੀ ਪਿਆਲੀ ਰਸ ਭਰੀ,
ਸੁਰਤ ਨੂੰ ਅਰਸ਼ੀਂ ਚੜ੍ਹਾਯਾ ਤਾਰ ਨੇ।
ਵਾਹ, ਮੇਰੇ ਕੁਰਬਾਨੀਆਂ ਦੇ ਆਗੂਆ,
ਠਲ੍ਹ ਪਾ ਦਿੱਤੀ ਤੇਰੇ ਈਸ਼ਾਰ[5] ਨੇ।
ਵਾਹ, ਤੇਰਾ ਸੱਚ ਹਿਤ ਸਰਬੰਸ ਤਯਾਗ,
ਧਰਮ ਪਰ ਚਾਰੇ ਦੁਲਾਰੇ ਵਾਰਨੇ।
ਵਾਹ, ਤੇਰਾ ਮੋਇਆਂ ਨੂੰ ਕਰਨਾ ਜ਼ਿੰਦਿਆਂ,
ਵਾਹ ਤੇਰੇ ਡੁਬੇ ਜਹਾਜ਼ ਉਭਾਰਨੇ।
ਵਾਹ, ਤੇਰਾ ਕਰੁਣਾ-ਜਨਿਤ-ਬੀਰਤਵ[6] ਬਲ,
ਧਾਂਕ ਪਾ ਦਿੱਤੀ ਜਿਦ੍ਹੀ ਬਲਕਾਰ ਨੇ।
ਜੁਲਮੀਆਂ ਦੇ ਦੰਦ ਖੱਟੇ ਹੋ ਗਏ,

1. ਕਸ਼ਟ। 2. ਖਾਲੀ ਹਥ। 3. ਸਮਰੱਥਾ। 4. ਏਕਤਾ, ਅਦਵੈਤਵਾਦ। 5. ਕੁਰਬਾਨੀ। 6. ਦਯਾ ਭਾਵ ਤੋਂ ਪੈਦਾ ਹੋਈ ਬੀਰਤਾ।

ਭਾਂਜ ਖਾਧੀ ਪਾਪ ਅਤਿਯਾਚਾਰ ਨੇ।
ਖ਼ੂਨ ਸਦੀਆਂ ਦੇ ਜਮੇ ਗਰਮਾ ਲਏ,
ਸੇਕ ਦੇ ਦੇ ਤੇਰੇ ਸਵੈ-ਸਤਕਾਰ ਨੇ।
ਤੜਫ ਉਠੀਆਂ ਸਤੀਆਂ ਸਭ ਨਾੜੀਆਂ,
ਕੂੰਦਾ[1] ਪਾਈ ਜਦ ਤੇਰੀ ਤਲਵਾਰ ਨੇ।
ਖ਼ੂਨ ਦੇ ਦੇ ਸਿੰਜਿਆ ਜਦ ਵਾੜੀਆਂ,
ਫੁਲ ਬਣ ਮਹਿਕਾਂ ਖਿੰਡਾਰੀਆਂ ਖਾਰ ਨੇ।
ਬਖ਼ਸ਼ਣਾ ਚਾਤ੍ਰਿਕ ਗੁਨਾਹੀ ਨੂੰ ਪਿਤਾ,
ਤੇਰੀ ਰਹਿਮਤ ਦੇ ਖੁਲ੍ਹੇ ਭੰਡਾਰ ਨੇ।

ਮੰਗਲ ਮਨਾਓ ਦਸਮੇਸ਼ ਗੁਰ ਦਾ

ਦੁਨੀ ਦਾ ਸਹਾਈ ਤੇ ਬਸੀਠ ਧੁਰ ਦਾ
ਮੰਗਲ ਮਨਾਓ ਦਸਮੇਸ਼ ਗੁਰ ਦਾ—ਟੇਕ

1. ਆਣ ਜਿਨ੍ਹਾਂ ਜਗ ਤੇ ਬਚਾਯਾ ਦੇਸ਼ ਨੂੰ,
ਦੂਰ ਕੀਤਾ ਦੀਨ ਦੁਖੀ ਦੇ ਕਲੇਸ਼ ਨੂੰ,
ਸਤੰਜ ਤੇ ਧਰਮ ਦਾ ਨਿਸ਼ਾਨ ਗੱਡਿਆ,
ਠੰਢਕ ਪੁਚਾਨ ਵਾਲਾ ਬਾਗ ਅੱਡਿਆ,
ਸੂਰਜ ਚੜ੍ਹਾਯਾ ਨਾਮ ਤੇ ਪਿਆਰ ਦਾ,
ਮਾਰਗ ਦਿਖਾਯਾ ਸਚੇ ਕਰਤਾਰ ਦਾ,
ਦੂਰ ਕੀਤਾ ਪਾਪ ਅਗਿਆਨ ਉਰ[2] ਦਾ,
ਮੰਗਲ ਮਨਾਓ ਦਸਮੇਸ਼ ਗੁਰ ਦਾ।

2. ਵਾਰ ਦਿੱਤਾ ਆਪਣੇ ਅਨੰਦ ਸੁਖ ਨੂੰ,
ਸੀਸ ਉਤੇ ਚੁਕਿਆ ਪਰਾਏ ਦੁਖ ਨੂੰ,
ਹੱਥੀਂ ਤੋਰ ਲਾਲ ਸਾਹਮਣੇ ਕੁਹਾ ਲਏ,
ਦੇ ਕੇ ਸਰਬੰਸ ਦੁਖੀਏ ਛੁਡਾ ਲਏ,
ਆਪ ਜੇ ਨਾ ਆ ਕੇ ਵੰਝ ਚੱਪਾ ਲਾਉਂਦੇ,
ਰੁੜ੍ਹੀ ਜਾਂਦੀ ਬੇੜੀ ਨੂੰ ਨਾ ਹੱਥ ਪਾਉਂਦੇ,
ਕਿਸੇ ਨੂੰ ਭੀ ਕੋਈ ਨਾ ਉਪਾਉ ਫੁਰਦਾ,
ਮੰਗਲ ਮਨਾਓ ਦਸਮੇਸ਼ ਗੁਰ ਦਾ।

3. ਨਗਰੀ ਧਰਮ ਦੀ ਹਨੇਰਾ ਛਾ ਗਿਆ,
ਸਤਯ ਸੁਰ[3] ਬਦਲਾਂ ਦੇ ਹੇਠਾਂ ਆ ਗਿਆ।
ਦੀਵਾ ਜੋ ਹਨੇਰੇ ਵਿਚ ਕੋਈ ਜਗਦਾ,
ਓਸ ਦਾ ਪ੍ਰਕਾਸ਼ ਝਟ ਬਿੰਦ ਤੱਗਦਾ[4],

---

1. ਚਮਕ। 2. ਦਿਲ। 3. ਸੂਰਜ। 4. ਨਿਭਣਾ।

ਪਾਪ ਦੀ ਹਨੇਰੀ ਨਾਲ ਓਵੇਂ ਬੁਝਦਾ,
ਭੁਲਿਆਂ ਨੂੰ ਰੱਬ ਦਾ ਨਾ ਰਾਹ ਸੁਝਦਾ,
ਥੰਮ੍ਹ ਲਿਆ ਆਣ ਜਗ ਝੋਰੇ ਝੁਰਦਾ,
ਮੰਗਲ ਮਨਾਓ ਦਸਮੇਸ਼ ਗੁਰ ਦਾ।

4. ਪਾਪ ਤੇ ਕੁਸੱਤ ਓ ਔਰੰਗਜ਼ੇਬ ਦਾ,
ਅਜ ਕਲ ਆਖਣਾ ਨਾ ਮੂੰਹੋਂ ਜ਼ੇਬਦਾ[1],
ਓਸ ਦੇ ਜੁਲਮ ਅਗੇ ਹਿੱਕ ਡਾਹ ਕੇ,
ਪਾਪੀਆਂ ਤੇ ਤੀਰਾਂ ਨਾਲ ਆਹੂ ਲਾਹ ਕੇ,
ਸ਼ਾਂਤ ਸੁਖ ਸਾਰੇ ਵਰਤਾਯਾ ਜਗ ਤੇ,
ਸਤਯਾ ਦਾ ਪਾਣੀ ਪਾਯਾ ਅੱਗ ਤੇ,
ਦੂਰ ਕੀਤਾ ਦੇਸ਼ ਦਾ ਕਲੇਸ਼ ਉਰ ਦਾ,
ਮੰਗਲ ਮਨਾਓ ਦਸਮੇਸ਼ ਗੁਰ ਦਾ।

5. ਮੁਰਦਿਆਂ ਦੇ ਵਿਚੋਂ ਬੀਰ ਕੌਮ ਸਾਜ ਕੇ,
ਗਾਖੜੂ[2] ਬਣਾਇ ਸਿੰਘ ਯੋਗ-ਰਾਜ ਕੇ,
ਆਪ ਫੜ ਖੰਡਾ, ਸ਼ੇਰ ਪਿਛੇ ਲਾ ਲਏ,
ਰਾਖਸ਼ ਦੇ ਮੂੰਹੋਂ ਦੁਖੀਏ ਛੁਡਾ ਲਏ,
ਉਦੋਂ ਜੇ ਨਾ ਪੰਥ ਏ ਗੁਰੂ ਸਜਾਂਵਦੇ,
ਅੰਮ੍ਰਿਤ ਛਿੜਕ ਕੇ ਨਾ ਜਿੰਦ ਪਾਂਵਦੇ,
ਹਿੰਦ ਦਾ ਨਾ ਦੀਹਦਾ ਕਿਤੇ ਖੋਜ ਖੁਰ ਦਾ,
ਮੰਗਲ ਮਨਾਓ ਦਸਮੇਸ਼ ਗੁਰ ਦਾ।

6. ਧਰਮ ਕਰਮ ਕਿਤੇ ਛਪ ਜਾਂਵਦਾ,
ਸੂਰਜ ਸਚਾਈ ਦਾ ਨਾ ਦਿਸ ਆਂਵਦਾ,
ਵਾੜੀਆਂ ਨੂੰ ਵਾੜ ਹੀ ਮੁਕਾਇ ਸੁਟਦੀ,
ਸ਼ਾਂਤ ਦੇ ਜਮਾਨੇ ਦੀ ਉਮੈਦ ਟੁਟਦੀ,
ਜ਼ਾਲਮਾਂ ਦੇ ਅਗੇ ਮਾਰੇ ਮਾਰੇ ਫਿਰਦੇ,
ਦੇਂਦੇ ਨਾ ਖਲੋਣ ਕਿਤੇ ਵੈਰੀ ਸਿਰ ਦੇ,
ਉਠਦਾ ਨਾ ਵਾਲੀ ਜੇ ਅਨੰਦਪੁਰ ਦਾ,
ਮੰਗਲ ਮਨਾਓ ਦਸਮੇਸ਼ ਗੁਰ ਦਾ।

7. ਆਣ ਜੇ ਨਾ ਮੇਲੇ ਵਿਚ ਸ਼ੇਰ ਬੁਕਦਾ,
ਹਿੰਦੂ ਦਾ ਜਹਾਨ ਵਿਚੋਂ ਖੋਜ ਮੁਕਦਾ,
ਚੱਟੇ ਜਾਂਦੇ ਟਿਕੇ ਜੰਞੂ ਟੁਟ ਜਾਂਵਦੇ,
ਦੀਨ ਬੰਧੂ ਆਣਕੇ ਜੇ ਨਾ ਛੁਡਾਂਵਦੇ,

---

1. ਸੱਜਦਾ, ਫਬਦਾ। 2. ਔਖਾ ਕੰਮ ਕਰਨ ਵਾਲੇ।

ਭੇਡਾਂ ਵਾਂਗ ਦੇਸ਼ ਦਿਨੇ ਰਾਤ ਕੁਸਦਾ,
ਘਰ ਘਾਟ ਜਾਨ ਮਾਲ ਸਾਰਾ ਖੁਸਦਾ,
ਲੱਗ਼ਕੇ ਜੇ ਅਗੇ ਨਾ ਪਿਆਰਾ ਤੁਰਦਾ,
ਮੰਗ਼ਲ ਮਨਾਓ ਦਸਮੇਸ਼ ਗੁਰ ਦਾ।

ਗੁਰੂ ਰੂਪ ਗ੍ਰੰਥ

ਨਾਮ ਦੇ ਜਹਾਜ਼, ਪੰਥ ਖਾਲਸੇ ਦੀ ਜਿੰਦ ਜਾਨ,
ਗੁਰੂ ਰੂਪ ਗ੍ਰੰਥ ਕਰਾਂ ਜੱਸ ਕੀ ਬਿਆਨ ਤੇਰਾ।
ਲੋਕ ਪਰਲੋਕ ਦਾ ਸਹਾਈ ਤੂੰਏਂ ਜਾਪਨਾ ਏ,
ਧਰਤ ਉਤੇ ਅੰਗਿਆ ਏ ਗਯਾਨ ਆਸਮਾਨ ਤੇਰਾ।
ਰੋਸ਼ਨ ਜਹਾਨ ਜਾਪੇ ਤੇਰੀ ਰੋਸ਼ਨਾਈ ਨਾਲ,
ਜ਼ਰਿਆ ਦੇ ਸੀਨੇ ਵਿਚ ਲਿਸ਼ਕਦਾ ਏ ਭਾਨ ਤੇਰਾ,
ਊਚ ਨੀਚ ਰਾਉ ਰੰਕ ਖਾ ਰਿਹਾ ਏ ਦਾਨ ਤੇਰਾ,
ਦੇਸ ਪਰਦੇਸ ਵਿਚ ਝੂਲਦਾ ਨਿਸ਼ਾਨ ਤੇਰਾ।
ਚਾਨਣੇ ਮੁਨਾਰੇ ! ਤੇਰੇ ਪੰਜਵੇਂ ਸਰੂਪ ਜਦੋਂ,
ਰਾਮਸਰ ਬੈਠ ਕੇ ਉਸਾਰੀ ਤੇਰੀ ਲਾਈ ਸੀ।
ਤੇਰੇ ਦਰਵਾਜ਼ੇ ਤੇ ਸਲਾਮੀਆਂ ਚੜ੍ਹਾਣ ਲਈ,
ਸਾਰੇ ਨੇਕ ਬੰਦਿਆਂ ਦੀ ਰੂਹ ਤੁਰ ਆਈ ਸੀ।
ਆਦਿ ਵਿਚ ਜੀਵਨ ਦੀ ਇਟ ਧਰੀ ਆਪ ਗੁਰਾਂ,
ਛੇਕੜੇ ਮੰਦਾਵਣੀ[1] ਦੀ ਮੋਹਰ ਲਗਾਈ ਸੀ।
ਜੁਗੋ ਜੁਗ ਜਾਗਣੀ, ਜਹਾਨ ਨੂੰ ਜਗਾਣ ਵਾਲੀ,
ਸਚਖੰਡ ਜੋਤ ਗਈ ਜਗ ਤੇ ਜਗਾਈ ਸੀ।
ਰੱਬੀ ਤਰਜਮਾਨ ਸੁਚੇ ਹੀਰਿਆਂ ਦੀ ਖਾਨ ਤੇਰੀ,
ਸ਼ਾਨ ਤੇ ਪਵਿਤ੍ਰਤਾ ਬਿਆਨ ਤੋਂ ਨਿਆਰੀ ਏ।
ਪ੍ਰੇਮ ਰੰਗ ਰੰਗੀ ਹੋਈ, ਖੂਨ ਨਾਲ ਸਿੰਜੀ ਹੋਈ,
ਕੰਟਕ ਬਿਹੀਨ[2] ਤੇਰੀ ਫੁਲਾਂ ਦੀ ਕਿਆਰੀ ਏ।
ਨਾਮ ਦਾ ਭੰਡਾਰ ਦੀਨ ਦੁਨੀ ਦਾ ਸਹਾਰਾ ਰੂਪ,
ਜੀਵਨ ਦੀ ਜੋਤ ਤੇਰੀ ਪ੍ਰੇਮ ਦੀ ਖੁਮਾਰੀ ਏ।
ਸੀਨੇ ਸਤਕਾਰ ਤੇਰਾ, ਬਾਹੀਂ ਬਲਕਾਰ ਤੇਰਾ,
ਜੀਭਾਂ ਤੇ ਉਚਾਰ ਤੇਰਾ ਜਾਨ ਤੈਥੋਂ ਵਾਰੀ ਏ।
ਸੋਢੀ ਸੁਲਤਾਨ ਦਿਆਂ ਹਥਾਂ ਦੇ ਨਿਸ਼ਾਨ ਤੇਰੇ,
ਦਰਸ਼ਨਾਂ ਦੇ ਦਾਨ ਨਾਲ ਰੂਹਾਂ ਸਰਸ਼ਾਰ[3] ਹੋਣ,

---

1. ਮੁੰਦਾਵਣੀ ਮ: ੫ ਸਿਰਲੇਖ ਹੇਠ ਗੁਰੂ ਗ੍ਰੰਥ ਸਾਹਿਬ ਦੇ ਅੰਤ ਪੁਰ ਪਾਠ ਹੈ, ਜਿਸਦਾ ਭਾਵ ਅੰਤਿਮ ਮੁਹਰ ਛਾਪ ਹੈ ਹੁਣ ਅਰਥ ਬੁਝਾਰਤ ਗੁੰਝਲ ਭੀ ਕਰਦੇ ਹਨ। 2. ਕੰਡ ਬਿਨਾਂ। 3. ਮਗਨ।

ਸੰਗਤਾਂ ਨਿਹਾਲ ਹੋਣ ਚੌਣੇ ਇਕਬਾਲ ਹੋਣ,
ਅਰਬ ਖਰਬ ਤੇਰੇ ਸ਼ਰਧਾਲੂ ਪਰਵਾਰ ਹੋਣ।
ਘਰ ਘਰ ਅੰਦਰ ਤੇਰੀ ਧਰਮ ਸਾਲ ਹੋਵੇ,
ਨਾਮ ਉਪਦੇਸ਼ ਹਰ ਸੀਨਿਓ ਉਚਾਰ ਹੋਣ।
ਜੁਗੋ ਜੁਗ ਹੇਤ ਤੇਰੀ ਖਰੀ ਟਕਸਾਲ ਚਲੇ,
ਸੰਗਤਾਂ ਦੇ ਬੇੜੇ ਤੇਰੇ ਪਾਠ ਨਾਲ ਪਾਰ ਹੋਣ।
ਦਾਤਾ ਤੇਰੇ ਦਵਾਰ ਤੇ ਭਿਖਾਰੀ ਦਾਤ ਮੰਗਦੇ ਨੇ,
ਤੇਰੀ ਸੁਧ ਬਾਣੀ ਦਾ ਸਦੀਵ ਪਰਚਾਰ ਹੋਵੇ।
ਤੇਰੇ ਚਰਨ ਨਾਲ ਪ੍ਰੀਤ ਪ੍ਰੀਤਮਾ ਅਡੋਲ ਰਹੇ,
ਮੇਰੇ ਦਿਲਦਾਰ ਦਾ ਹਜ਼ਾਰ ਸਤਕਾਰ ਹੋਵੇ।
ਸੂਬਾ ਨਿਤ ਖਿੜੇ ਪਰਵਾਰ ਦੀ ਬਹਾਰ ਨਾਲ,
ਆਤਮਾ ਦੇ ਵਿਚ ਤੇਰਾ ਜੀਵਨ ਸੰਚਾਰ ਹੋਵੇ।
ਦਰਸ਼ਨਾਂ ਨੂੰ ਆਈ ਸਭ ਸੰਗਤ ਨਿਹਾਲ ਹੋਵੇ,
ਚਾਤ੍ਰਿਕ ਦਾ ਚਿਤ ਤੇਰਾ ਝਾੜੂ ਬਰਦਾਰ ਹੋਵੇ।

ਵਿਸਾਖੀ ਦੀ ਵਧਾਈ

(ਪੰਜ ਪਿਆਰਿਆਂ ਦੀ ਚੋਣ ਦੇ ਬਾਦ, ਕੇਸ ਗੜ੍ਹ ਦੇ ਮੈਦਾਨ ਦਾ ਨਜ਼ਾਰਾ)

ਮੇਰੇ ਪ੍ਰੀਤਮ ਨੇ ਅਜ ਕੈਸੀ ਨਵੀਂ ਦੁਨੀਆਂ ਵਸਾਈ ਹੈ,
ਕਿ ਰੌਣਕ ਕੇਸ ਗੜ੍ਹ ਦੇ ਰੂਪ ਤੇ ਅਣਡਿਠ ਆਈ ਹੈ।
ਲਗੇ ਤੰਬੂ ਕਨਾਤਾਂ ਹਰ ਜਗਹ ਇਹ ਸੋ ਸੁਣਾਂਦੇ ਨੇ,
ਕੋਈ ਰੱਬੀ ਸੁਨੇਹਾ ਸੁਣਨ ਨੂੰ ਆਈ ਖੁਦਾਈ ਹੈ।
ਉਛਾਲੇ ਮਾਰਦਾ ਹੈ ਨੂਰ ਦਾ ਦਰਯਾ ਸਿੰਘਾਸਣ ਤੇ,
ਡਲ੍ਹਕ ਸੂਰਜ ਦੀ ਅੰਮ੍ਰਿਤ ਕੁੰਡ ਦੇ ਵਿਚ ਝਿਲਮਲਾਈ ਹੈ।
ਨਸ਼ਾ ਅਰਸ਼ੀ ਹੈ ਨੈਣਾਂ ਵਿਚ, ਇਲਾਹੀ ਲੋ ਹੈ ਮਸਤਕ ਤੇ,
ਕੋਈ ਖੇੜਾ ਖਿੜਾਉਣ ਦੀ ਰੁਚੀ ਦਿਲ ਵਿਚ ਸਮਾਈ ਹੈ।
ਸਿਦਕ ਦੀ ਪਰਖ ਹੋ ਚੁਕੀ, ਲਹੂ ਤਲਵਾਰ ਪੀ ਬੈਠੀ,
ਮੋਏ ਜ਼ਿੰਦਾ ਕਰਨ ਦੀ ਹੁਣ ਪਿਲਾਈਦੀ ਦਵਾਈ ਹੈ।
ਹੁਣੇ ਜਿਸ ਬਾਗ ਦੇ ਫੁਲਾਂ ਤੇ ਛਾਈ ਕੁਝ ਉਦਾਸੀ ਸੀ,
ਕਿਸੇ ਅੰਮ੍ਰਿਤ ਦੇ ਛਟੇ ਨੇ ਨਵੀਂ ਇਕ ਜਾਨ ਪਾਈ ਹੈ।
ਜਿਨ੍ਹਾਂ ਕਲੀਆਂ ਕਲੇਜਾ ਚੀਰ ਕੇ ਅਪਨਾ ਵਿਖਾਯਾ ਸੀ,
ਉਨ੍ਹਾਂ ਤੇ ਤ੍ਰੇਲ ਰਹਿਮਤ ਦੀ ਅਜਬ ਰੰਗ ਲਿਆਈ ਹੈ।
ਸਬਕ ਕੁਰਬਾਨੀਆਂ ਦਾ, ਪ੍ਰੇਮ ਪੋਥੀ ਅਜ ਪੜ੍ਹਾਂਦੀ ਹੈ,
ਬੁਝੇ ਹੋਏ ਦੀਵਿਆਂ ਦੇ ਮੂੰਹ ਤੇ ਚਮਕੀ ਰੋਸ਼ਨਾਈ ਹੈ।

ਦਿਲਾਂ ਵਿਚ ਕਾਂਗ[1] ਕਾਂਗਾ ਤੇ, ਅਕਾਲੀ ਜੋਸ਼ ਦੀ ਆਈ,
ਅਜ਼ਾਦੀ ਦੇ ਮਹਲ ਦੀ ਛਿੜ ਪਈ ਮਾਨੋ ਚਿਣਾਈ ਹੈ।
ਰਿਹਾ ਹੈ ਖੌਲ ਤਾਜ਼ਾ ਖ਼ੂਨ, ਅਜ ਬੇਸੁਰਤ ਨਾੜਾਂ ਵਿਚ,
ਕਲੀ ਕਾਯਾਂ ਪਲਟਕੇ ਫੁਲ ਦੀ ਸੂਰਤ ਵਟਾਈ ਹੈ,
ਹਨੇਰਾ ਪਾਪ ਤੇਂ ਅਨਾਯਾਇ ਦਾ ਘਟਦਾ ਘਟਣ ਲੱਗਾ,
ਸਮਾਧੀ ਖੋਲ ਕੇ ਯੋਗੀ ਨੇ ਅਜ ਤਲਵਾਰ ਚਾਈ ਹੈ।
ਪਿਸੇ ਹੋਏ ਜ਼ੱਰਿਆਂ ਜੁੜ ਜੁੜ ਕੇ ਪਰਬਤ ਰੂਪ ਧਾਰਿਆ ਹੈ,
ਗੁਰੂ ਗੋਬਿੰਦ ਸਿੰਘ ਨੇ ਦੇਸ਼ ਦੀ ਕਿਸਮਤ ਜਗਾਈ ਹੈ।
ਅਮਨ ਤੇ ਸ਼ਾਂਤੀ ਦੀ ਥੁੜ ਨੇ ਜੀਵਨ ਜੋਤ ਵਾਲੀ ਹੈ,
ਖੁਸ਼ੀ ਵਿਚ ਆਖਦੇ ਚਾਤ੍ਰਿਕ, ਵਧਾਈ ਹੈ ਵਧਾਈ ਹੈ।

ਕਿਰਤਘਣਾ ਜੀਆ

ਕਿਰਤਘਣਾ ਜੀਆ, ਘਣਾ ਸੌਂ ਲਿਆ ਈ,
ਆ ਹੁਣ ਫਰਜ਼ ਦੀ ਕਿਸ਼ਤ ਭੁਗਤਾ ਲਈਏ।
ਪੂਰਨ[2] ਭਾਂਡਿਆਂ ਪੂਰਨੇ ਪਾਏ ਜੇਹੜੇ,
ਚਲਕੇ ਉਨ੍ਹਾਂ ਤੇ ਜੀਵਨ ਬਣਾ ਲਈਏ।
ਜਿਨ੍ਹਾਂ ਫੁਲਾਂ ਨੇ ਚੋਭਾਂ ਸਹਾਰੀਆਂ ਸਨ,
ਫੁੱਲ ਉਨ੍ਹਾਂ ਦੇ ਸਿਰ ਤੇ ਵਰ੍ਹਾ ਲਈਏ।
ਜਿਨ੍ਹਾਂ ਵਾੜੀਆਂ ਸਿੰਜੀਆਂ ਲਹੂ ਦੇ ਦੇ,
ਉਹਨਾਂ ਦਰਦੀਆਂ ਦੇ ਗੀਤ ਗਾ ਲਈਏ।
ਇਕ ਦਰਵੇਸ਼ ਦੇ ਭੇਸ ਵਿਚ ਦੇਸ ਖਾਤਰ,
ਪੰਚਮੇਸ਼[3] ਕਰੇਸ਼ ਕੀ ਝੱਲਿਆ ਸੀ ?
ਸਦਾਚਾਰ ਅਜ਼ਾਦੀ ਤੇ ਧਰਮ ਤਾਈਂ,
ਗਰਕ ਹੋਣ ਤੋਂ ਕਿਸ ਤਰ੍ਹਾਂ ਠੱਲਿਆ ਸੀ ?
ਇਕ ਵਕਤ ਸੀ ਜਦੋਂ ਪੰਜਾਬ ਸਾਡਾ,
ਘੁੰਮਣ ਘੇਰੀਆਂ ਵਿਚ ਗੋਤੇ ਖਾ ਰਿਹਾ ਸੀ।
ਧਰਮ ਕਰਮ ਸਹੁੰ ਖਾਣ ਨੂੰ ਰਹਿ ਗਏ ਸਨ,
ਤੇ ਸਵੈਮਾਨ ਅੱਖਾਂ ਫੇਰੀ ਜਾ ਰਿਹਾ ਸੀ।
ਸੱਚ ਆਖਣੋਂ ਪ੍ਰਾਣ ਪਏ ਕੰਬਦੇ ਸਨ,
ਰਾਜ ਦੰਭ[4] ਪਾਖੰਡ ਵਗਾ ਰਿਹਾ ਸੀ।
ਢਿਡੋਂ ਭੁਖੇ ਤੇ ਕੰਨੀਓਂ ਸਖਣੇ ਸਾਂ,

1. ਲਹਿਰ। 2. ਪੂਰੇ ਭਾਂਡੇ ਮੁਹਾਵਰਾ ਹੈ, ਇਥੇ ਭਾਵ ਮਹਾਂ ਪੁਰਖਾਂ ਤੋਂ ਹੈ। 3. ਸ੍ਰੀ ਗੁਰੂ ਅਰਜਨ ਦੇਵ ਜੀ।
4. ਮਕਰ ਫਰੇਬ ਦਾ ਰਾਜ।

ਆਸਮਾਨ ਪੁੱਠੇ ਚੱਕਰ ਲਾ ਰਿਹਾ ਸੀ।
ਉਦੋਂ ਸਤਿਗੁਰਾਂ ਤਪਦਿਆਂ ਮਾਰੂਆਂ ਵਿਚ,
ਕੰਢਾ ਸ਼ਾਂਤੀ ਦਾ ਮੁੜ ਵਿਖਾ ਦਿੱਤਾ।
ਰੂਹ[1] ਖਿਚ ਕੇ ਮਸਤੀ ਤੇ ਪ੍ਰੇਮ ਵਾਲਾ,
ਗੁਰੂ ਗ੍ਰੰਥ ਦੇ ਵਿਚ ਸੀ ਪਾ ਦਿੱਤਾ।
ਬੂਹਾ ਖੁਲ੍ਹ ਗਿਆ ਰੱਬੀ ਖਜ਼ਾਨਿਆਂ ਦਾ,
ਲਗੇ ਭੌਣ ਪਰਸਣ ਆ ਦਰਬਾਰ ਅੰਦਰ।
ਪ੍ਰੇਮ ਸਿਦਕ ਦਿਆਂ ਬੱਦਲਾਂ ਝੜੀ ਲਾਈ,
ਮਹਿਕੀ ਧਰਮ ਵਾੜੀ ਸੁੰਞੀ ਬਾਰ ਅੰਦਰ।
ਲੰਗਰ ਵਰਤਿਆ ਨਾਮ ਤੇ ਏਕਤਾ ਦਾ,
ਆਈ ਕਾਂਗ ਸਤ ਸੰਗ ਦੀ ਧਾਰ ਅੰਦਰ।
ਮੱਥਾ ਠਣਕਿਆ ਰਾਜਸੀ ਪਾਲਿਸੀ ਦਾ,
ਆਵੇ ਫਰਕ ਮਤ ਸ਼ਾਹੀ ਵਿਕਾਰ ਅੰਦਰ।
ਪਾ ਪਾ ਪੱਜ ਇਸ ਅਰਸ਼ੀ ਉਕਾਬ[2] ਖਾਤਰ,
ਖੋਟੀ ਨੀਤ ਨੇ ਪਿੰਜਰਾ ਤਿਆਰ ਕੀਤਾ।
ਅਤਯਾਚਾਰੀਆਂ ਨੇ ਝੂਠੇ ਕੰਨ ਭਰ ਭਰ,
ਓੜਕ ਅਣਖ ਅਜ਼ਾਦੀ ਤੇ ਵਾਰ ਕੀਤਾ।
ਓਧਰ ਭਠੀਆਂ ਤੇ ਤਵੇ ਤਾਈ ਦੱਸਣ,
ਏਧਰ ਗੀਤ ਗੋਬਿੰਦ ਦੇ ਗਾਈਦੇ ਸਨ।
ਉਪਰ ਗਰਮ ਰੇਤੇ ਭਰ ਭਰ ਪਾਈਦੇ ਸਨ,
ਇਧਰ ਸ਼ਾਂਤ ਦੇ ਫੁੱਲ ਬਰਸਾਈਦੇ ਸਨ।
ਓਧਰ ਤੇਗ ਦੇ ਜੌਹਰ ਪਰਤਾਈਦੇ ਸਨ,
ਏਧਰ ਸਬਰ ਦੇ ਜੌਹਰ ਅਜ਼ਮਾਈਦੇ ਸਨ।
ਇਕ ਧਿਰ ਦੇਗ ਦੇ ਵਿਚ ਪਾਣੀ ਖੌਲਦਾ ਸੀ,
ਇਕ ਧਿਰ ਉਛਲਿਆ ਖੂਨ ਕੁਰਬਾਨੀਆਂ ਦਾ।
ਰੱਬੀ ਜੋਤ ਵਿਚ ਜੋਤ ਜਾ ਲੀਨ[3] ਹੋਈ,
ਭਾਂਡਾ ਭੰਨਿਆ ਯੁਗ ਸ਼ੈਤਾਨੀਆਂ ਦਾ।
ਆਪਣੇ ਆਪ ਨੂੰ ਅੱਗ ਵਿਚ ਹੋਮ ਦਿੱਤਾ,
ਐਪਰ ਸੱਚ ਨੂੰ ਸੇਕ ਨਾ ਆਣ ਦਿੱਤਾ,
ਦੀਵੇ ਧਰਮ ਦੇ ਤੇ ਭੰਭਟ ਜਾਨ ਕੀਤੀ,
ਐਪਰ ਅਣਖ ਨੂੰ ਨਾ ਹੱਥੋਂ ਜਾਣ ਦਿੱਤਾ।
ਜ਼ੋਰ ਜ਼ੁਲਮ ਦਾ ਦੌਰ ਪਲਟਾ ਦਿੱਤਾ,

---

1. ਸਤ, ਅਸਰ। 2. ਬਹੁਤ ਹੀ ਉੱਚਾ ਉਡਣ ਵਾਲਾ ਇਕ ਪੰਛੀ। 3. ਸਮਝਾਉਣਾ।

ਸਤ ਬੋਲ ਨਾ ਐਪਰ ਪਲਟਾਣ ਦਿੱਤਾ।
ਨੀਂਹ ਰਖਕੇ ਨਵੀਆਂ ਇਮਾਰਤਾਂ ਦੀ,
ਤੰਬੂ ਸਿਦਕ ਸਚਾਈ ਦਾ ਤਾਣ ਦਿੱਤਾ।
ਸਾਈਆਂ ਸਾਨੂੰ ਵੀ ਮਤ ਸਿਖਾ ਐਸੀ,
ਮਿਲਕੇ ਦੇਸ਼ ਦੀ ਵਿਗੜੀ ਬਣਾ ਲਈਏ।
ਪਾਣੀ ਸਿੰਜ ਸਤਿਗੁਰਾਂ ਦੀ ਯਾਦ ਵਾਲਾ,
ਵਾੜੀ ਸੂਕਦੀ ਨੂੰ ਭਾਗ ਲਾ ਲਈਏ।

ਸਰ ਸ਼ਾਦੀ ਲਾਲ[1] ਨੂੰ

ਪ੍ਰਤੀਨਿਧੀ ਤਾਜ ਦੇ, ਤੇ ਥੰਮ੍ਹ ਬ੍ਰਿਟਿਸ਼ ਰਾਜ ਦੇ,
ਸਮਾਜ ਦੇ ਸਹਾਰੇ ! ਕਰਾਂ ਕੀ ਕੀ ਵਡਿਆਈ ਤੇਰੀ।
ਬਿਕ੍ਰਮੀ[2], ਨੌਸ਼ੇਰਵਾਂ[3] ਕਿਤਾਬਾਂ ਵਿਚ ਵਾਚਦੇ ਸਾਂ,
ਦਿੱਸਣ ਪ੍ਰਤੱਖ ਇਨਸਾਫ ਤੇ ਸਚਾਈ ਤੇਰੀ।
ਉਚਾ ਸਿਰ ਕੀਤਾ ਤੂੰ ਪੰਜਾਬ ਤੇ ਪੰਜਾਬੀਆਂ ਦਾ,
ਇੰਗਲੈਂਡ ਤੀਕ ਮੰਨੀ ਗਈ ਹੈ ਦਨਾਈ ਤੇਰੀ।
ਚਾਨਣੇ ਮੁਨਾਰੇ ! ਵਧੇਂ ਦੂਤੀਆਂ ਦੇ ਚੰਦ ਵਾਂਗ,
ਖਾਜੇ[4] ਜਿਡੀ ਉਮਰ ਤੇ ਹਿਮਾਲਾ ਦੀ ਉਚਾਈ ਤੇਰੀ।
ਸਰ ਸ਼ਾਦੀ ਲਾਲ ! ਮੈਂ ਪੰਜਾਬੀ ਆਖਾਂ ਮਾਣ ਨਾਲ,
ਤੇਰੇ ਬਾਝ ਹੋਰ ਕੌਣ ਸੁਣੇਗਾ ਦੁਹਾਈ ਮੇਰੀ ?
ਲਾਲ ਤੇਰੇ ਸਾਂਭ ਲਏ ਪੇਟੀਆਂ[5] ਬਿਗਾਨੀਆਂ ਨੇ,
ਨੈਣ ਮੇਰੇ ਆਪਣੇ ਤੇ ਜੋਤ[6] ਹੈ ਪਰਾਈ ਮੇਰੀ।
ਬੱਚੇ ਨੇ ਨਦਾਨ ਤੇ ਮੈਂ ਵਾਂਗ ਛੁਟੜਾਂ ਦੇ,
ਖੁਲ੍ਹੀਆਂ ਅਦਾਲਤਾਂ 'ਚ ਹੋਵੇ ਨਾ ਸੁਣਾਈ ਮੇਰੀ।
ਤੂਹੇਂ ਮੇਰੇ ਧੌਲਿਆਂ ਦੀ ਲਾਜ ਰੱਖ ਚਾਨਣਾ ਵੇ,
ਸੌਂਕਣਾਂ[7] ਨਵੇਲਾਂ ਨਾਲ ਫੱਬੇ ਨਾ ਲੜਾਈ ਮੇਰੀ।

ਜਲੰਧਰ ਦੇ ਇਕਬਾਲ ਨਾਮੀ ਸ਼ਾਇਰ ਦੀ ਮੌਤ ਪੁਰ ਲਿਖੀ ਗਈ

ਦਰਦ ਭਰੀ ਅਜ ਆਹ ਨਿਕਲ ਅਸਮਾਨਾਂ ਨੂੰ ਗੁੰਜਾਂਦੀ ਹੈ,
ਸ਼ਮਾਂ ਵਿਚਾਰੀ ਭਰ ਭਰ ਅੱਖਾਂ ਹੰਝੂ ਗਰਮ ਵਹਾਂਦੀ ਹੈ।

---

1. ਅੰਗਰੇਜ਼ਾਂ ਦੇ ਰਾਜ ਵੇਲੇ ਸਰ ਸ਼ਾਦੀ ਲਾਲ ਇਕ ਬਹੁਤ ਪ੍ਰਸਿੱਧ ਤੇ ਹਰਮਨ ਪਿਆਰੇ ਜਸਟਿਸ ਸਨ।
2. ਰਾਜਾ ਬ੍ਰਿਕਮਾਦਿਤਯ-ਗਰਦਭਿਲ ਰਾਜੇ ਦਾ ਪੁੱਤ੍ਰ, ਉਜੈਨ ਦਾ ਰਾਜਾ, ਜਿਸਨੇ ਸੰਮਤ ਬਿਕ੍ਰਮੀ, ਈਸਵੀ ਤੋਂ 56 ਵਰ੍ਹੇ ਪਹਿਲਾਂ ਆਰੰਭ ਕੀਤਾ। ਇਹ ਆਪ ਵੱਡਾ ਪੰਡਿਤ ਤੇ ਵਿਦਵਾਨਾਂ ਦੀ ਕਦਰ ਕਰਨ ਵਾਲਾ ਸੀ।
3. ਈਰਾਨ ਦਾ ਇਕ ਪ੍ਰਸਿੱਧ ਨਿਆਏਕਾਰੀ ਬਾਦਸ਼ਾਹ। 4. ਪਾਣੀ ਦਾ ਦੇਵਤਾ। 5. ਹੋਰ ਭਾਸ਼ਾਵਾਂ ਤੋਂ ਭਾਵ ਹੈ।
6. ਭਾਵ ਸੋਚ ਵਿਚਾਰ ਤੋਂ ਹੈ। 7. ਹੋਰ ਬੋਲੀਆਂ।

ਮਹਿਫਲ ਵਿਚ ਨਾ ਰੌਣਕ ਜਾਪੇ, ਮੱਧਮ ਪਏ ਤੰਬੂਰੇ ਨੇ,
ਬਾਗਾਂ ਵਿਚ ਉਦਾਸੀ ਮਾਰੀ ਬੁਲਬੁਲ ਰਾਗ ਨਾ ਗਾਂਦੀ ਹੈ।
ਪੰਜਾਬੀ ਦੇ ਲਾਲਾਂ ਵਿਚੋਂ ਹੀਰਾ ਇਕ ਗੁਆਚ ਗਿਆ,
ਹੋਣੀ ਵੇਖੋ ਦੌਲਤ ਸਾਡੀ ਕੀਕਰ ਪਈ ਮੁਕਾਂਦੀ ਹੈ।
ਭਰੀ ਅੰਜਮਨ[1] ਵਿਚੋਂ ਰੋਸ਼ਨ ਤਾਰਾ ਤੋੜ ਲਿਆ,
ਇਸ ਬੇਦਰਦ ਭਰੇ ਪਰ੍ਹੇ ਵਿਚ ਕਹੀ ਅਨ੍ਹੇਰੀ ਆਂਦੀ ਹੈ।
ਅਸਮਾਨਾਂ ਵਿਚ ਬਾਗ ਬਹਿਸ਼ਤੀ ਰੌਣਕਦਾਰ ਬਨਾਉਣ ਨੂੰ,
ਦੁਨੀਆਂ ਦੇ ਵਡਮੁਲੇ ਗੌਹਰ[2] ਚੁਣ ਚੁਣ ਪਈ ਪੁਚਾਂਦੀ ਹੈ।
ਖੁਸ ਗਿਆ ਇਕਬਾਲ ਸਤਾਰਾ ਗੋਦ ਵਿਚੋਂ ਜਿਸ ਮਾਈ ਦਾ,
ਉਸਦੇ ਦਿਲ ਦੇ ਜ਼ਖਮਾਂ ਦੀ ਨਾ ਪੀੜ ਸਹਾਰੀ ਜਾਂਦੀ ਹੈ।
ਲੈ ਓ ਯਸ਼ਾਰ ਇਨਾਲਿਲਾ[3] ਦੇ ਫੁੱਲ ਸੰਭਾਲੀ ਯਾਰਾਂ ਦੇ,
ਸਾਡੇ ਪਾਸ ਖਲੋਵਣ ਤੋਂ ਜੇ ਤਬ[4] ਤੇਰੀ ਘਬਰਾਂਦੀ ਹੈ।
ਥਾਂ ਬਣਾਈਂ ਸਾਡੀ ਭੀ ਉਸ ਸ਼ਾਂਤਮਈ ਬਗੀਚੇ ਵਿਚ,
ਦੁਨੀਆਂ ਵਾਲੀ ਚਿੰਤਾ ਚਾਤ੍ਰਿਕ ਜਿਥੇ ਝਾਤ ਨਾ ਪਾਂਦੀ ਹੈ।

---

1. ਸਭਾ। 2. ਮੋਤੀ। 3. ਅੰਤਮ ਅਰਦਾਸ। 4. ਤਬੀਅਤ।

ਸਮਾਜ

ਸੰਭਲ ਕੇ

(ਗ਼ਜ਼ਲ)

ਲਹੂਓ ਲੁਹਾਣ ਦਿਲ ਜੇ, ਤਕਣਾ ! ਦੁਖ਼ਾ ਨਾ ਦੇਣਾ,
ਦੀਦਾਰ ਦਾ ਸਵਾਲੀ, ਬੂਹਿਓਂ ਉਠਾ ਨਾ ਦੇਣਾ।
ਇਕ ਰਾਜ ਹੈ ਪੁਰਾਣਾ, ਇਸ ਦਿਲ ਦੇ ਵਿਚ ਤੜਫਦਾ,
ਮਿਟ ਜਾਇ ਨਾ ਤਮੰਨਾ, ਅੰਧੇਰ ਪਾ ਨਾ ਦੇਣਾ।
ਰੱਬ ਨੇ ਤੇ ਕਾਇਨਾਤੋਂ, ਮਹਿੰਗਾ ਸੀ ਦਿਲ ਬਣਾਇਆ,
ਵਹਿਸ਼ੀ ਜਿਹਾ ਸਮਝ ਕੇ, ਸਸਤਾ ਲੁਟਾ ਨਾ ਦੇਣਾ।
ਮਰ ਮਰ ਕੇ ਉਕਰਿਆ ਹੈ, ਨਕਸ਼ਾ ਮੁਹੱਬਤਾਂ ਦਾ,
ਪੈਰਾਂ ਦੇ ਹੇਠ ਮਲ ਕੇ, ਇਸ ਨੂੰ ਮਿਟਾ ਨਾ ਦੇਣਾ।
ਨਾਕਾਮੀਆਂ[1] ਦੇ ਸਦਮੇ, ਸਹਿਣੋਂ ਨਹੀਂ ਮੈਂ ਡਰਦਾ,
ਵਾਅਦਾ ਵਿਸ਼ਾਲ[2] ਦਾ ਪਰ ਉਕੜਾ ਭੁਲਾ ਨਾ ਦੇਣਾ।

ਕੀ ਡਿੱਠਾ

ਦੁਨੀਆਂ ਸਾਜਣ ਵਾਲੇ ਸਾਈਂ ! ਜੀਆਂ ਦੇ ਰਖਵਾਲੇ ਸਾਈਂ।
ਦਿਲ ਦੀ ਤਾਰ ਹਿਲਾਉਣ ਵਾਲੇ ! ਚੰਗਿਆਈ ਵਲ ਲਾਉਣ ਵਾਲੇ।
ਪ੍ਰੇਮ ਤਰਾਨੇ ਛੇੜਨ ਵਾਲੇ ! ਕਲੀ ਧਰਮ ਦੀ ਖੇੜਨ ਵਾਲੇ।
ਧਰਤ ਅਕਾਸ਼ ਹੁਕਮ ਵਿਚ ਤੇਰੇ, ਤੇਰੀ ਮਰਜ਼ੀ ਰੂਹਾਂ ਪਰੇਰੇ।
ਸਚਿਆਈ ਦਾ ਤੂੰ ਦਿਵਾਨਾ, ਪ੍ਰੇਮ ਸ਼ਮਾਂ ਦਾ ਤੂੰ ਪਰਵਾਨਾ।
ਚੰਗਿਆਂ ਤੋਂ ਤੂੰ ਸਦਕੇ ਜਾਵੇਂ, ਬੁਰਿਆਂ ਨੂੰ ਤੂੰ ਮੂੰਹ ਨਾ ਲਾਵੇਂ।
ਪਰ ਗੁਸਤਾਖ਼ੀ ਬਖ਼ਸ਼ੀ ਜਾਵੇ, ਖੇਲ ਤੇਰੇ ਦੀ ਸਮਝ ਨਾ ਆਵੇ।
ਤੇਰੀ ਖ਼ਲਕਤ ਦੇ ਵਿਚ ਆ ਕੇ, ਮਾਨੁਖਤਾ ਦਾ ਚੋਲਾ ਪਾ ਕੇ।
ਹਰ ਥਾਂ ਦੇਖੀ ਧੋਖੇਬਾਜ਼ੀ, ਖੋਟੀ ਧਾਤ ਮੁਲੰਮਾ[3] ਸਾਜ਼ੀ।
ਉਪਰ ਕਾਨੇ, ਥੱਲੇ ਟੋਏ, ਝੂਠੇ ਸਾਂਗ ਬਣਾਏ ਹੋਏ।

---

1. ਅਸਫਲਤਾਵਾਂ। 2. ਮੇਲ, ਮੁਲਾਕਾਤ। 3. ਕਿਸੇ ਸਸਤੀ ਧਾਤ ਉਪਰ ਕੀਮਤੀ ਧਾਤ ਦਾ ਪਾਣੀ ਚੜ੍ਹਾਉਣਾ।

ਤਿਆਰ ਹੋ

(ਗ਼ਜ਼ਲ)

ਓ ਨੀਂਦ ਵਿਚ ਲੁਟ ਚੁਕੇ ਮੁਸਾਫਿਰ ! ਤੂੰ ਉਠ ਕੇ ਬਹੁ ਹੋਸ਼ਿਆਰ ਹੋ ਜਾ,
ਗੁਜ਼ਰ ਗਈ ਰਾਤ ਮੁਸ਼ਕਿਲਾਂ ਦੀ, ਕਮਰਕਸਾ ਕਰ, ਤਿਆਰ ਹੋ ਜਾ।
ਤੂੰ ਕੀ ਦਲੀਲਾਂ ਦੁੜਾ ਰਿਹਾ ਹੈਂ ? ਕਿਨਾਰੇ ਬਹਿ ਬਹਿ ਕੇ ਔਕੜਾਂ ਦੇ,
ਛਲਾਂਗ ਲਾ ਇਕ ਬਹਾਦੁਰਾਂ ਦੀ ਤੇ ਇਸ ਸਮੁੰਦਰ ਤੋਂ ਪਾਰ ਹੋ ਜਾ।
ਜੋ ਰੋੜ੍ਹ ਆਵੇ ਮੁਸੀਬਤਾਂ ਦਾ, ਤੂੰ ਮੂੰਹ ਭੁਆ ਦੇ ਚਿਟਾਨ ਬਣ ਕੇ,
ਜੋ ਮੁਸ਼ਕਿਲਾਂ ਦਾ ਪਹਾੜ ਵੇਖੇਂ, ਤਾਂ ਉਸ ਦੇ ਸਿਰ ਤੇ ਸਵਾਰ ਹੋ ਜਾ।
ਅਛੂਤ, ਬਾਹਮਣ, ਪੁਜਾਰੀ, ਹਰਿਜਨ, ਮਲੇਛ, ਕਾਫ਼ਰ ਤੇ ਹਿੰਦੂ ਮੋਮਨ,
ਜੋ ਸਭ ਦਾ ਦਿਲ ਧੋ ਕੇ ਸਾਫ ਕਰ ਦੇ, ਤੂੰ ਓਸ ਗੰਗਾ ਦੀ ਧਾਰ ਹੋ ਜਾ।
ਨਿਮਾਜ਼ ਰੋਜ਼ੇ ਤੇ ਪਾਠ ਪੂਜਾ ਤੋਂ, ਦਿਲ ਤੇਰਾ ਜੇ ਉਟਕ ਗਿਆ ਹੈ,
ਤਾਂ ਮਰ ਨਾ ਐਵੇਂ ਹਰਾਮ ਮੌਤੇ, ਵਤਨ ਦਾ ਖ਼ਿਦਮਤ ਗੁਜ਼ਾਰ ਹੋ ਜਾ।

ਦੋਹੜਾ

ਮੁੱਲਾਂ ਮਿਸ਼ਰ ਨਿਖੇੜੀ ਰਖਦੇ, ਲਾ ਲਾ ਗੁੱਝੀਆਂ ਅੱਗਾ,
ਲੈਕਚਰ ਕਰਦਿਆਂ ਜਾਣ ਨਾ ਡਿੱਠੇ, (ਜਦ) ਮੂੰਹੋਂ ਉਗਾਲਣ ਝੱਗਾਂ,
ਲੈ ਚੰਦਾ ਜਦ ਠੇਕੇ ਅਪੜੇ, (ਤਦ) ਸੂਰਤ ਬਦਲੀ ਠੱਗਾਂ,
ਇਕੋ ਬੋਤਲ, ਇਕੋ ਠੂਠੀ, (ਅਤੇ) ਵੱਟੀਆਂ ਹੋਈਆਂ ਪੱਗਾਂ।

ਸਮੇਂ ਦੀ ਬਹਾਰ

(ਗੀਤ)

ਨਵੀਓਂ ਨਵੀਂ ਬਹਾਰ, ਸਮੇਂ ਦੀ ਨਵੀਓਂ ਨਵੀਂ ਬਹਾਰ

1. ਨਵੇਂ ਸਮੇਂ ਦੇ ਨਵੇਂ ਨਜ਼ਾਰੇ,
ਨਵੀਂ ਜਵਾਨੀ, ਨਵੇਂ ਹੁਲਾਰੇ,
ਨਵੇਂ ਬਜ਼ਾਰ, ਤਮਾਸ਼ੇ ਮੇਲੇ,
ਨਵੇਂ ਹੁਸੀਨ, ਨਵੇਂ ਅਲਬੇਲੇ,
ਨਵੀਂ ਨਸ਼ੇ ਦੀ ਤਾਰ
ਸਮੇਂ ਦੀ ਨਵੀਓਂ ਨਵੀਂ ਬਹਾਰ।

2. ਪਿਛਲੀ ਹੋ ਗਈ ਗੱਲ ਪੁਰਾਣੀ,
ਨਵਿਆਂ ਛੋਹੀ ਨਵੀਂ ਕਹਾਣੀ।
ਪਿਛਲੇ ਲੀਹਾਂ ਨਾਲ ਖਲੋ ਗਏ,
ਨਵੇਂ ਨਿਸ਼ਾਨ ਅਗੇਰੇ ਹੋ ਗਏ,
ਬਦਲ ਗਿਆ ਸੰਸਾਰ,

ਸਮੇਂ ਦੀ ਨਵੀਓਂ ਨਵੀਂ ਬਹਾਰ।

3. ਕੁਦਰਤ ਅਦਲ-ਬਦਲ ਤੇ ਹੱਸੀ,
ਨਵੀਂ ਸੜਕ ਨਵਿਆਂ ਨੂੰ ਦੱਸੀ।
ਸਹਿਮ ਗੁਲਾਮੀ ਅੰਦਰ ਵੜ ਗਈ।
ਆਜ਼ਾਦੀ ਕੋਠੇ ਤੇ ਚੜ੍ਹ ਗਈ,
ਲਿਆ ਮੋਰਚਾ ਮਾਰ,
ਸਮੇਂ ਦੀ ਨਵੀਓਂ ਨਵੀਂ ਬਹਾਰ।

ਹੇ ਇਨਸਾਨ

1. ਤੂੰ ਨਹੀਂ ਉਹ ਹਸਤੀ ? ਜਿਸਨੇ—
ਧਰਤੀ ਉਤੇ ਪੈਰ ਜਮਾ ਕੇ,
ਪੱਥਰ, ਪਰਬਤ, ਸਾਗਰ ਟੋਹੇ,
ਆਸ ਪਾਸ ਦੀ ਰੌਨਕ ਦੇਖੀ,
ਫਿਰ ਅੱਖੀਆਂ ਨੂੰ ਉਤ੍ਹਾਂ ਉਠਾਇਆ,
ਤਾਰਿਆਂ ਦਾ ਅੰਦਾਜ਼ਾ ਲਾਇਆ,
ਵੇਖ ਚੁਫ਼ਿੱਤਣ ਕਾਇਨਾਤ[1] ਦੀ,
ਲਗ ਪਿਓਂ ਹੋਰ ਹਿਰਾਨ।

2. ਤੂੰਹੇਂ ਨਹੀਂ ਉਹ ਹਸਤੀ ! ਜਿਸਨੇ—
ਕੱਲੇ ਬੈਠਿਆਂ ਸੋਚਾਂ ਕਰ ਕਰ—
ਰੱਬ ਦਾ ਹੁਲੀਆ ਡੌਲ ਮਾਰਿਆ,
ਆਪਣੇ ਵਰਗਾ ਚਿਹਰਾ ਮੁਹਰਾ,
ਸਭ ਤੋਂ ਸਿਆਣਾ, ਹਸਮੁਖ ਗੋਰਾ,
ਧੋਤੀ, ਤਿਲਕ, ਬਿਜੰਤੀ[2] ਮਾਲਾ,
ਲੰਮੀਆਂ ਬਾਹਾਂ, ਚੌੜੀ ਛਾਤੀ
ਸਾਰਿਆਂ ਤੋਂ ਬਲਵਾਨ।

3. ਤੂੰ ਨਹੀਂ ਉਹ ? ਜਿਸਨੇ—
ਰੱਬ ਦੇ ਦਿਲ ਵਿਚ ਆਪੋ ਬਹਿ ਕੇ,
ਉਸ ਦੇ ਮੂੰਹੋਂ ਕਹਾਈਆਂ ਗੱਲਾਂ।
ਉਸੇ ਦੇ ਹਿਰਦੇ ਵਿਚ ਧਰੀਆਂ,
ਜੱਗ, ਹਵਨ, ਭਗਤੀ ਦੀਆਂ ਲੋੜਾਂ,

---

1. ਕੁਦਰਤ। 2. ਹਾਰ, ਜਿੱਤ ਦਾ ਚਿੰਨ੍ਹ।

ਰਿਸ਼ੀ, ਮੁਨੀ, ਉਸ ਤੋਂ ਸਜਵਾ ਕੇ,
ਰਚ ਲਏ ਵੇਦ ਪੁਰਾਣ।

4. ਤੂੰਹੇਂ ਨਹੀਂ ? ਜਿਨ ਦਿਉਤੇ ਥਾਪੇ,
ਕੋਈ ਹਸੌਣਾ, ਕੋਈ ਡਰੌਣਾ,
ਕੋਈ ਦਿਆਲੂ, ਕੋਈ ਗੁਸੈਲਾ,
ਸਭ ਦੇ ਅੱਗੇ ਮੱਥੇ ਰਗੜੇ,
ਸੁੱਖਣਾਂ ਸੁੱਖੀਆਂ, ਬਚੜੇ ਮੰਗੇ,
ਮੇਵੇ, ਦਾਣੇ, ਦੌਲਤ, ਕਪੜੇ,
ਆਪੇ ਦਾਤ ਵਰਾਹੀਆਂ ਕੀਤੀਆਂ,
ਆਪੇ ਮੰਗਿਆ ਦਾਨ।

5. ਤੂੰਹੇਂ ਨਹੀਂ ? ਜਿਨ ਅਣਡਿੱਠਿਆਂ ਦੀ,
ਮੇਰੇ ਨਾਲ ਪਛਾਣ ਕਰਾਈ,
ਸਿਫਤ ਸੁਣਾ ਕੇ, ਲਗਨ ਲਗਾਈ।
ਇਸ ਨਾਟਕ ਦੇ ਪਾਤਰ ਸਾਰੇ,
ਲੀਲ੍ਹਾ ਕਰਦੇ ਬੜੀ ਮਨੋਹਰ।
ਪਰ, ਏਨ੍ਹਾਂ ਦੇ ਪਿਛਲੇ ਪਾਸੇ,
ਤੇਰੀ ਰੂਹ ਖਲੋਤੀ ਭਾਸੇ।
ਬੜਾ ਜ਼ਹੀਨ[1] ਚਿਤੇਰਾ ਹੈਂ ਤੂੰ,
ਹੈਂ ਓੜਕ ਇਨਸਾਨ।

ਅਯਾਲੀ

ਅਸ਼ਕੇ ਤਿਰੇ ਅਯਾਲੀ[2] ਬਾਬ ! ਧੰਨ ਤੂੰ ਤੇ ਧੰਨ ਤੇਰਾ ਦਾਬਾ।
ਭੇਡਾਂ ਤੇਰੀਆਂ ਚਰਨ ਹਜ਼ਾਰਾਂ, ਬੁਢੀਆਂ, ਨਢੀਆਂ ਤੇ ਮੁਟਿਆਰਾਂ।
ਕੋਈ ਚਿੱਟੀ ਤੇ ਕੋਈ ਕਾਲੀ, ਕੋਈ ਘੋਨੀ ਕੋਈ ਵਾਲਾਂ ਵਾਲੀ।
ਤਾੜ ਤੇਰੀ ਹੈ ਸਭ ਤੇ ਉੱਤੇ, ਘੇਰੀ ਰਖਦਾ ਤੇਰੇ ਕੱਤੇ।
ਆ ਗਈ ਕਿਧਰੋਂ ਰੱਬ ਸਬੱਬੀ, ਕਾਬੂ ਤੇਰੇ ਰੰਗ ਦੀ ਡੱਬੀ।
ਸਭ ਨੂੰ ਠੱਪੇ ਲਾਈ ਜਾਵੇਂ, ਆਪਣਾ ਰੰਗ ਚੜ੍ਹਾਈ ਜਾਵੇਂ।
ਲਗ ਗਈ ਤੇਰੀ ਜਿਨ੍ਹੂੰ ਨਿਸ਼ਾਨੀ, ਹੋ ਨਹੀਂ ਸਕਦੀ ਫੇਰ ਬਿਗਾਨੀ।
ਇਧਰ ਉਧਰ ਜੇ ਹੋ ਜਾਵੇ, ਬਿੱਲਾ ਤੇਰਾ ਤੁਰੰਤ ਫੜਾਵੇ।
ਜਾਦੂ ਤੇਰੀ ਲੰਮੀ ਛੜ ਦਾ, ਦੂਰੋਂ ਪਿਆ ਸੰਭਾਲਾਂ ਕਰਦਾ।
ਸੁਣਨ ਜਦੋਂ ਸ਼ਿਸ਼ਕਾਰਾ ਤੇਰਾ, ਜੋੜ ਜੋੜ ਸਿਰ ਘੱਤਣ ਘੇਰਾ।

---

1. ਸਮਝਦਾਰ। 2. ਆਜੜੀ।

ਨਾ ਕੋਈ ਹਿੱਲੇ, ਨਾ ਕੋਈ ਬੋਲੇ, ਨਾ ਕੋਈ ਨੱਸਣ ਦਾ ਰਾਹ ਟੋਲੇ।
ਜੋ ਕੁਝ ਕਹੇਂ, ਕਮਾਈ ਜਾਵਣ, ਜੋ ਕੁਝ ਦੇਵੇਂ ਖਾਈ ਜਾਵਣ।
ਵਧਦਾ ਜਾਏ ਇੱਜੜ ਤੇਰਾ, ਵਾੜਾ ਹੁੰਦਾ ਜਾਏ ਚੁੜੇਰਾ।
ਸਮਾਂ ਵੇਖ ਤੂੰ ਕੈਂਚੀ ਵਾਹੇਂ, ਫੜਕੇ ਉੱਨ ਸਭਸ ਦੀ ਲਾਹੇਂ।
ਏਹੋ ਹੀ ਰੁਜ਼ਗਾਰ ਹੈ, ਤੇਰਾ, ਉਨ ਦੀ ਖ਼ਾਤਰ ਪਿਆਰ ਹੈ ਤੇਰਾ।

ਕ੍ਰਿਸਾਨ ਨੂੰ

1. ਚੌਧਰੀ ਬਹਾਦਰਾ ! ਤੂੰ ਗੀਟੀਆਂ ਕੀ ਗਾਲਨਾ ਏਂ ?
ਕਿਹੜੇ ਦੁੱਖ[1] ਨਾਲ ਹੈ ਬਿਤਾਲਾ ਜਿਹਾ ਤਾਲ ਤੇਰਾ ?
ਮਿਲਖਾਂ-ਜਗੀਰਾਂ ਦਿਆ ਮਾਲਕਾ ! ਤੂੰ ਲੱਕ ਬੰਨ੍ਹ,
ਢਿੱਗੀ ਕੇਹੀ ਢਾਈ[2] ? ਕਿੱਧਰ ਜਾ ਪਿਆ ਖ਼ਿਆਲ ਤੇਰਾ ?
ਝੂਰੇ ਤੇਰਾ ਛਿੱਤਰ, ਤੇ ਹੁੱਸੜੇ ਬਲਾ ਤੇਰੀ,
ਜੰਮਿਆ ਏ ਕੌਣ ਵਿੰਗਾ ਕਰਨ ਵਾਲਾ ਵਾਲ ਤੇਰਾ ?
2. ਸਰ ਤੇ ਵਜ਼ੀਰ ਤੇਰੇ, ਕੌਂਸਲਾ ਦੀ ਦੇ ਮੀਰ ਤੇਰੇ,
ਜੱਸ ਤੇ ਸਫ਼ੀਰ ਤੇਰੇ, ਰਾਜੇ, ਸਰਦਾਰ ਤੇਰੇ,
ਮਲਕ ਤੇ ਨਵਾਬ ਤੇਰੇ, ਤਕਮੇ ਤੇ ਖ਼ਿਤਾਬ ਤੇਰੇ,
ਖ਼ਾਨ, ਸੁਲਤਾਨ, ਕਪਤਾਨ, ਸੂਬੇਦਾਰ ਤੇਰੇ,
ਰੱਬ ਦੀ ਜ਼ਮੀਨ ਤੇਰੀ, ਅੰਨ ਦੇ ਅੰਬਾਰ ਤੇਰੇ,
ਦੇਸ਼ ਦੀ ਅਬਾਦੀ ਵਿਚ ਪੰਜਾਂ ਵਿਚੋਂ ਚਾਰ ਤੇਰੇ,
ਕੁੰਜੀ ਤੇਰੇ ਹਥ, ਦਰਬਾਰ ਤੇਰੀ ਮੁੱਠ ਵਿੱਚ,
ਹੁਕਮ ਤੇਰਾ, ਜ਼ੋਰ ਤੇਰਾ, ਹੁੰਦੇ[3] ਅਖ਼ਤਿਆਰ ਤੇਰੇ।
3. ਰੱਬ ਲਾਇਆ ਭਾਗ, ਤੇਰੇ ਬਾਗ ਤੇ ਬਹਾਰ ਆਈ,
ਤਾਰੇ ਵਾਂਗ ਜਾਪੇ ਤੇਰੀ ਗੁੱਡੀ ਅਸਮਾਨ ਵਿਚ।
ਉੱਜਲਾ ਦੇ ਦੇਸ, ਤੇਰੀ ਜੋਤ ਦੇ ਉਜਾਲੇ ਨਾਲ,
ਸੋਨਾ ਨਿੱਤ ਉੱਤੇ ਤੇਰੇ ਖੇਤਰਾਂ ਦੀ ਖ਼ਾਨ ਵਿਚ,
ਲੋਹੇ, ਲੂਣ ਬਾਝੋਂ ਦਸ ਹੋਰ ਭੀ ਹੈ ਚੀਜ਼ ਕੋਈ ?
ਪੈਦਾ ਜੋ ਨਾ ਹੋਵੇ ਤੇਰੇ ਆਪਣੇ ਚੁਗਾਨ ਵਿਚ,
ਪੈਂਚਾ ਪਰਮੇਸ਼ਰਾ ! ਇਮਾਨ ਨਾਲ ਸੱਚ ਆਖੀਂ,
ਅਜ ਤੇਰਾ ਸਾਨੀ ਕੋਈ ਹੈਗਾ ਏ ਜਹਾਨ ਵਿਚ ?
4. ਘਾਲ ਤਾਂ ਹੈ ਪੂਰੇ ਸੋਲਾਂ ਆਨਿਆਂ ਦੀ ਤੇਰੀ, ਪਰ
ਫੁੱਟ ਗਿਆਂ ਲੇਖਾਂ ਉੱਤੇ ਤੇਰਾ ਅਖਤਿਆਰ ਨਹੀਂ ਊਂ,

---

1. ਸੋਚਾਂ, ਸੋਚਣਾ। 2. ਹਿੰਮਤ ਹਾਰਨੀ। 3. ਅਹੁਦੇ, ਪਦਵੀਆਂ।

ਰਾਜੇ ਤੋਂ ਭਿਖਾਰੀ ਤੀਕ ਖ਼ੈਰ ਤੇਰੀ ਮੰਗਦੇ ਨੇਂ,
ਵਿਚੋਂ ਪਰ ਸੱਚੀ ਪੁੱਛੇਂ, ਕੋਈ ਤੇਰਾ ਯਾਰ ਨਹੀਂ ਊਂ,
ਤੇਰੀਆਂ ਹੀ ਬੋਟੀਆਂ ਤੇ ਦੰਦ ਹੈਨੀਂ ਸਾਰਿਆਂ ਦੇ,
ਕੋਈ ਤਰਸ ਖ਼ਾਣ ਵਾਲਾ ਤੇਰੇ ਤੇ ਤਿਆਰ ਨਹੀਂ ਊ,
ਆਪਣੇ ਹੀ ਪੈਰੀਂ ਜਦੋਂ ਉੱਠ ਸੱਕੇਂ, ਉੱਠ ਬਹੀਂ,
ਹੋਰ ਕਿਸੇ ਯਾਰ ਉੱਤੇ ਸਾਨੂੰ ਇਤਬਾਰ ਨਹੀਂ ਊਂ,
5. ਕੋਈ ਬਾਹੋਂ ਫੜਨ ਤੇ ਉਠੌਣ ਵਾਲਾ, ਭੋਲਿਆ ਓਇ !
ਤੈਨੂੰ ਇਹ ਜਾਪਦਾ ਏ ਜੱਫਾ ਇਹ ਪਿਆਰਾਂ ਦਾ,
ਤੇਰੇ ਮਿੱਠੇ ਲਹੂ ਉੱਤੇ ਜੋਕਾਂ ਪਈਆਂ ਪਲਦੀਆਂ ਨੇ,
ਕਿਹਨੂੰ ਕੌੜਾ ਲੱਗਦਾ ਈ ਮਾਸ ਜ਼ਿਮੀਂਦਾਰਾਂ ਦਾ ?
ਤੇਰੇ ਉੱਲੂ[1] ਹੋਣ ਨਾਲ ਉੱਲੂ ਸਿੱਧਾ[2] ਹੋ ਰਿਹਾ ਏ,
ਦੇ ਦੇ ਕੇ ਫੂਲੌਣੀਆਂ[3] ਨਚਾਉਣ ਵਾਲੇ ਯਾਰਾਂ ਦਾ,
ਸੱਜਣ ਤੇ ਵੈਰੀ ਦੀ ਪਛਾਣ ਕਰ ਹੋਸ਼ ਨਾਲ,
ਵੱਖ ਕਿੱਧਰੇ ਜਾ ਰਿਹਾ ਏ ਪਾਣੀ ਇਨ੍ਹਾਂ ਧਾਰਾਂ ਦਾ।

ਦੋਹੜਾ

ਜਗ ਵਿਚ ਜਿਸ ਨੂੰ, ਜੁੜ ਜਾਂਦੀ ਹੈ, ਖੰਨੀ ਮੰਨੀ ਖਾਣ ਲਈ,
ਕੁੱਲੀ ਬਹਿਣ ਬਹਾਣ ਲਈ ਤੇ ਜੁੱਲੀ ਰਾਤ ਲੰਘਾਣ ਲਈ,
ਬਰਦਾ[4] ਨਹੀਂ ਕਿਸੇ ਦਾ, ਤੇ ਨਾ, ਹੁਕਮ ਕਿਸੇ ਤੇ ਕਰਦਾ ਹੈ,
ਕਹੁ ਸੂ ਖੁਸ਼ੀਆਂ ਮਾਣ, ਕਿ ਕਾਫ਼ੀ ਹੈ ਇਹ ਉਮਰ ਬਿਤਾਣ ਲਈ।
(ਉਮਰ ਖਿਆਮ*)

ਸੰਧਿਆ

1. ਸੰਧਿਆ ਸੁਹਾਉਣੇ ਸਮਾਨ ਹੈ ਸਜਾ ਰਹੀ
ਵਿੱਛੜੇ ਮਿਲਾਣ ਦੀਆਂ ਬਣਤਰਾਂ ਬਣਾ ਰਹੀ।
ਚਾਨਣਾ ਹਨੇਰੇ ਨਾਲ ਜੱਫੀਆਂ ਹੈ ਪਾ ਰਿਹਾ,
ਇਕ ਦੂਆ ਜਾਪਦਾ ਹੈ ਰਾਜ ਨੂੰ ਵਟਾ ਰਿਹਾ।
ਮੱਥੇ ਅਸਮਾਨ ਦੇ ਤੇ ਭਖਦੀਆਂ ਨੇ ਲਾਲੀਆਂ,
ਆਤਸ਼ੀ[5] ਵਟਾਏ ਵੇਸ, ਬੱਦਲੀਆਂ ਕਾਲੀਆਂ।
ਝੌਲਾ ਜਿਹਾ ਰਹਿ ਗਿਆ ਏ ਧੁੱਪ ਦੀ ਨੁਹਾਰ ਦਾ,

---

* ਫ਼ਾਰਸੀ ਦਾ ਪ੍ਰਸਿੱਧ ਕਵੀ ਜਿਸ ਦੀਆਂ ਰੁਬਾਈਆਂ ਪ੍ਰਸਿੱਧ ਹਨ ਜਿਨ੍ਹਾਂ ਵਿਚ ਸ਼ਰਾਬ ਆਦਿ ਦਾ ਅਲੰਕਾਰ ਆਮ ਹੈ।
1. ਬੇਵਕੂਫ। 2. ਮਤਲਬ ਪੂਰਾ। 3. ਫੋਕੀ ਖੁਸ਼ਾਮਦ। 4. ਨੌਕਰ। 5. ਅੱਗ ਵਰਗੇ।

ਨਿੱਕਾ ਜਿਹਾ ਚੰਦ, ਵਿਚੋਂ ਝਾਤੀਆਂ ਏ ਮਾਰਦਾ।
ਪੰਛੀਆਂ ਨੇ ਆਲ੍ਹਣੇ ਨੂੰ ਮਾਰੀਆਂ ਉਡਾਰੀਆਂ,
ਝੁੱਗੀ ਵੱਲ ਕੀਤੀਆਂ ਮਜ਼ੂਰ ਨੇ ਤਿਆਰੀਆਂ।
ਹਿੱਕ ਲਿਆ ਵੱਗ ਨੂੰ ਚਰਾਂਦ ਵਿਚੋਂ ਪਾਲੀਆਂ,
ਤੋਰ ਲਿਆ ਖੁਰਲੀਆਂ ਨੂੰ ਢੱਗਾ ਵੱਛਾ ਹਾਲੀਆਂ।
ਪਿੰਡ ਦੇ ਦੁਆਲੇ ਧੂੜ ਡੰਗਰਾਂ ਧੁਮਾਈ ਏ,
ਮੰਦਰੀਂ ਪੁਜਾਰੀਆਂ ਨੇ ਟੱਲੀ ਖੜਕਾਈ ਏ।
ਰਾਹੀਆਂ, ਟਿਕਾਣਿਆਂ ਤੇ, ਥਾਵਾਂ ਆਣ ਮੱਲੀਆਂ,
ਹੱਟੀਆਂ ਤੋਂ ਸੌਦੇ ਦੀਆਂ ਚੁੰਗਾਂ ਮੁਕ ਚੱਲੀਆਂ।
ਭੱਠੀਆਂ ਤੇ ਨੱਢੀਆਂ ਦੀ ਭੀੜ ਮੱਠੀ ਹੋ ਗਈ,
ਭੌਣੀਆਂ ਦੀ ਚੀਕਚਾਕ ਖੂਹਾਂ ਤੇ ਖਲੋ ਗਈ।
ਪੱਤਣੀਂ ਮਲਾਹਾਂ ਬੰਨ੍ਹ ਦਿੱਤੀਆਂ ਨੇ ਬੇੜੀਆਂ,
ਮਿੱਠੀਆਂ ਮਹੀਨ ਸੁਰਾਂ ਨਦੀਆਂ ਨੇ ਛੇੜੀਆਂ।
ਅੰਬਾਰ ਤੇ ਨੂਰ ਦੀਆਂ ਖੁਲ੍ਹੀਆਂ ਪਟਾਰੀਆਂ,
ਪਾਣੀ ਵਿਚ ਲੀਤੀਆਂ ਨੇ ਤਾਰਿਆਂ ਨੇ ਤਾਰੀਆਂ।

2. ਪਿਆਰ ਤੇ ਮਿਲਾਪ ਦੀਆਂ ਖੁਲ੍ਹ ਗਈਆਂ ਬਾਰੀਆਂ,
ਕੰਮ-ਧੰਧੇ ਛੱਡ ਦਿੱਤੇ ਕਾਰੀਆਂ ਵਿਹਾਰੀਆਂ।
ਪ੍ਰੇਮੀਆਂ ਨੂੰ ਪ੍ਰੀਤਮਾਂ ਦੀ ਯਾਦ ਹੈ ਸਤਾ ਰਹੀ,
ਰੂਹਾਂ ਦੀਆਂ ਰੂਹਾਂ ਨਾਲ ਗੱਲਾਂ ਹੈ ਕਰਾ ਰਹੀ।
ਸੱਧਰਾਂ ਨੇ ਖਾ ਲਏ ਨੇਂ ਕੰਨ ਇੰਤਜ਼ਾਰ ਦੇ,
ਅੱਖਾਂ ਵਿਚ ਝਲਕਦੇ ਨੇਂ ਅੱਥਰੂ ਪਿਆਰ ਦੇ।
ਇਕ ਮੁਟਿਆਰ ਨੇ ਦਲੀਜਾਂ ਆਣ ਮੱਲੀਆਂ,
ਪਿਆਰੇ ਦੀ ਉਡੀਕ ਵਿਚ ਲੱਤਾਂ ਸੁੱਕ ਚੱਲੀਆਂ।
ਧੜਕਦੇ ਕਲੇਜੇ ਦੀ ਤਾਂ ਉਹੋ ਤਿੱਖੀ ਚਾਲ ਹੈ,
ਸੁੱਧ ਬੁੱਧ ਭੁੱਲੀ ਬੈਠਾ ਹੋਰ ਵਾਲ ਵਾਲ ਹੈ।
ਯਕਾਯਕ ਮੁੱਕੀਆਂ ਉਡੀਕ ਦੀਆਂ ਸਾਇਤਾਂ[1],
ਨੈਣਾਂ ਅੱਗੇ ਨੈਣਾਂ ਨੇ ਲਗਾਈਆਂ ਸ਼ਿਕਾਇਤਾਂ,
ਮੋਤੀਏ ਦੇ ਹਾਰ, ਅੱਗੇ ਹੋ ਕੇ ਠੰਢ ਪਾਈ ਏ,
ਗੁੱਸੇ ਤੇਂ ਲਚਾਰੀ ਦੀ ਸਫ਼ਾਈ ਕਰਵਾਈ ਏ।
ਵੱਟੀਆਂ ਦਲੀਜਾਂ ਨਾਲ ਪਲੰਘ ਨਿਵਾਰੀ ਦੇ,
ਡੁੱਲ੍ਹ ਪਏ ਹਾਸੇ, ਐਨੀ ਲੰਮੀ ਇੰਤਜ਼ਾਰੀ ਦੇ।
ਰੱਬ ਰੱਖੇ ਕਾਇਮ ਕਲੇਜੀਂ ਪਈ ਠੰਢ ਨੂੰ,
ਘੁੱਟ ਘੁੱਟ ਰੱਖਣ ਮੁਹੱਬਤਾਂ ਦੀ ਗੰਢ ਨੂੰ।

---

1. ਘੜੀ ਪਲ, ਵਕਤ।

ਕੀ ਹੋਇਆ ?

ਜੇ ਤੂੰ ਬਹੁਤ ਰੁਪਏ ਕਮਾਏ, ਤਾਂ ਕੀ ਹੋਇਆ ?
ਮਹਿਲ ਉਸਾਰੇ, ਬਾਗ ਲੁਆਏ, ਤਾਂ ਕੀ ਹੋਇਆ ?
ਜੇ ਤੂੰ ਹੋ ਗਿਆ ਵਡ ਪਰਵਾਰੀ, ਤਾਂ ਕੀ ਹੋਇਆ ?
ਭਗਤ, ਗਿਆਨੀ, ਸੁਘੜ, ਬਪਾਰੀ, ਤਾਂ ਕੀ ਹੋਇਆ ?
ਬੱਚਿਆਂ ਨੂੰ ਤਾਲੀਮ ਦਿਵਾਈ, ਤਾਂ ਕੀ ਹੋਇਆ ?
ਸਾਕੀਂ ਅੰਗੀ ਸੋਭਾ ਪਾਈ, ਤਾਂ ਕੀ ਹੋਇਆ ?
ਆਪਣਿਆਂ ਨੂੰ ਕੰਮੀ ਲਾਇਆ, ਤਾਂ ਕੀ ਹੋਇਆ ?
ਮਣਸਿਆ ਪੂਜਿਆ, ਧਰਮ ਕਮਾਇਆ, ਤਾਂ ਕੀ ਹੋਇਆ ?
ਇਹ ਤਾਂ ਆਮ ਕਹਾਣੀ ਹੋਈ, ਹੋਰ ਅਨੋਖੀ ਗਲ ਕਰ ਕੋਈ।
ਭਲਾ ਬਿਗਾਨਿਆਂ ਦਾ ਕੋਈ ਕੀਤਾ ? ਸੋਚ ਰਿਹਾ ਹੈਂ,
ਫੱਟ ਕਲੇਜੇ ਦਾ ਕੋਈ ਸੀਤਾ ? ਸੋਚ ਰਿਹਾ ਹੈਂ,
ਖੁਸ਼ ਕੀਤਾ ਈ ਹਕ ਹਮਸਾਇਆ[1] ? ਸੋਚ ਰਿਹਾ ਹੈਂ,
ਮੁਲਕੀ ਕਾਜ਼[2] ਲਈ ਕੁਝ ਲਾਇਆ ? ਸੋਚ ਰਿਹਾ ਹੈਂ,
ਵਿਦਯਾ ਦੇ ਪਰਚਾਰ ਲਈ ਕੁਝ ? ਸੋਚ ਰਿਹਾ ਹੈਂ,
ਰੋਗੀਆਂ ਦੇ ਉਪਚਾਰ ਲਈ ਕੁਝ ? ਸੋਚ ਰਿਹਾ ਹੈਂ,
ਉਠਿਆ ਈ ਕੋਈ ਪ੍ਰੇਮ-ਉਛਾਲਾ ? ਸੋਚ ਰਿਹਾ ਹੈਂ,
ਸੀਤਲਾ ਕੀਤਾ ਈ ਆਲ ਦੁਆਲਾ ? ਸੋਚ ਰਿਹਾ ਹੈਂ,
ਸੋਚਣ ਵਿਚ ਨਾ ਉਮਰ ਗੁਆ ਤੂੰ, ਭਲੇ ਅਰਥ ਵਲ ਭੀ ਕੁਝ ਲਾ ਤੂੰ।

ਹੱਥ ਨਾ ਲਾਈਂ ਕਸੁੰਭੜੇ

(ਕਾਫੀ)

1. ਸੁਣ ਪਰਵਾਨਿਆਂ ! ਭੁਜ ਭੁਜ ਮਰਨਾ,
ਖੇਡ ਨਹੀਂ ਦਾਨਾਈ ਦੀ,
ਇਸ਼ਕ-ਝਨਾਂ ਦੀਆਂ ਲਹਿਰਾਂ ਫੜ ਫੜ,
ਤਾਕਤ ਨਹੀਂ ਅਜ਼ਮਾਈ ਦੀ,

2. ਮੁੜ ਮੁੜ ਪਰਦਾ ਪਰੇ ਹਟਾ ਨਾ,
ਸ਼ਰਾ ਅਦਬ ਦੀ ਨੂੰ ਹਥ ਪਾ ਨਾ,
ਕੱਚੀਆਂ ਤੰਦਾਂ ਬੰਨ੍ਹ ਬੰਨ੍ਹ ਮਟਕੀ,
ਖੂਹ ਵਿਚ ਨਹੀਂ ਪਲਮਾਈ ਦੀ।

---

1. ਗਵਾਂਢੀ। 2. ਦੇਸ਼ ਦੇ ਭਲੇ ਦੇ ਉਦੇਸ਼ ਲਈ (ਅੰਗਰੇਜ਼ੀ ਸ਼ਬਦ ਕਾਜ਼ ਵਰਤਿਆ ਹੈ)।

3. ਇਸ ਮਕਤਬ[1] ਦਾ ਸਬਕ ਨਿਰਾਲਾ,
ਭੁਲ ਜਾਏ ਬਹੁਤ ਘੋਖਣ ਵਾਲਾ,
ਵਸਲ ਦੀਆਂ ਮਠਿਆਈਆਂ ਨਾਲੋਂ,
ਚੰਗੀ ਏ ਕੌੜ ਜੁਦਾਈ ਦੀ।

4. ਮਨਸੂਰੇ ਨੂੰ ਪੁਛ ਲੈ ਜਾ ਕੇ,
ਕੀ ਲਭਿਓ ਸੂ ਚਿਲਮਨ[2] ਚਾ ਕੇ ?
ਮਿਲਦਿਆਂ ਸਾਰ ਸਲਾਮੀ ਮਿਲ ਗਈ,
ਇਸ ਸੂਰਤ-ਅਸ਼ਨਾਈ[3] ਦੀ।

ਗ੍ਰਿਹਸਥ ਆਸ਼੍ਰਮ

1. ਕੁਦਰਤ ਸੁੰਨ-ਸਪਾਹ ਤੋਂ ਜਦ ਅੱਖ ਉਘੇੜੀ,
ਛੱਟੇ ਮਾਰ ਹਯਾਤ[4] ਦੇ, ਫੁਲਵਾੜੀ ਖੇੜੀ।
ਅੰਬਰ ਨੂੰ ਲਿਸ਼ਕਾਇਆ, ਧਰਤੀ ਪੁੰਗਰਾਈ,
ਜੀ-ਜੰਤਾਂ ਦੇ ਸੀਨਿਆਂ ਵਿਚ ਜੋਤ ਜਗਾਈ।
ਉੱਤਮ ਜੂਨ ਮਨੁੱਖ ਨੂੰ ਸਰਦਾਰ ਬਣਾਇਆ,
ਦੀਵਾ ਬਾਲ ਗਿਆਨ ਦਾ ਸਿਰ ਵਿਚ ਟਿਕਾਇਆ।
ਦਿਲ ਵਿਚ ਦਰਦ ਪਿਆਰ ਦੀ ਇਕ ਚਿਣਗ ਭਖਾਈ,
ਅੱਖ਼ੀਂ ਦੀਦ ਵਸਾਇ ਕੇ, ਮੂੰਹ ਮਿੱਠਤ ਪਾਈ।

2. ਵੇਖ ਵਿਧਾਤਾ ਵੱਸਿਆ, ਸੁਹਜਾਂ ਦਾ ਖੇੜਾ,
ਰੱਬੀ ਕਲਾ-ਚਲਾਣ ਨੂੰ, ਇਕ ਦਿੱਤਾ ਗੇੜਾ,
ਨਰ ਨਾਰੀ ਦੀਆਂ ਜੋੜੀਆਂ ਕਰ ਆਹਰੇ ਲਾਇਆ,
ਪਹਿਲਾ ਜੋੜ ਸੁਲੱਖਣਾ ਦਿਨ ਰਾਤ ਬਣਾਇਆ।
ਦਿਨ ਨੂੰ ਜੀਵਨ ਸੌਂਪਿਆ, ਉੱਦਮ, ਗੁਰਮਾਈ,
ਮਿੱਠੀ ਗੱਦ ਅਰਾਮ ਦੀ ਚਾ ਰਾਤ ਬਣਾਈ।

3. ਸਾਇਤ[5] ਵੇਖ ਸੁਲੱਖਣੀ ਫਿਰ ਜੋੜ ਜੁੜਾਏ,
ਤੀਵੀਂ ਮਰਦ ਬਹਾਲ ਕੇ ਪੈਮਾਨ[6] ਕਰਾਏ।
ਹੱਥ ਵਧਾ ਕੇ ਮਰਦ ਨੇ ਲਈ ਜ਼ਿੰਮੇਵਾਰੀ,
ਫੜ ਕੇ ਬਾਂਹ, ਸਹਾਇਤਾ ਲਈ ਤੁਰ ਪਈ ਨਾਰੀ।
ਪ੍ਰੇਮ, ਸਿਦਕ, ਸਤਕਾਰ ਨੇ ਆ ਲੀਤਾ ਵਾਸਾ,
ਦੁਹਾਂ ਦਿਲਾਂ ਵਿਚ ਵਿਤਕਰਾ ਨਾ ਜਾਪੇ ਮਾਸਾ।
ਸਾਂਝਾ ਦੋਹਾਂ ਤਾਕਤਾਂ ਨੇ ਮਾਰ ਉਛਾਲਾ,
ਔਖੇ ਜੀਉਣ-ਪੰਧ ਨੂੰ ਕਰ ਲਿਆ ਸੁਖਾਲਾ।

---

1. ਸਕੂਲ। 2. ਚਿੱਕ, ਭਾਵ ਪਰਦਾ। 3. ਜਾਣ ਪਛਾਣ, ਪ੍ਰੇਮ। 4. ਜੀਵਨ। 5. ਘੜੀ, ਸਮਾਂ। 6. ਇਕਰਾਰ।

4. ਸੰਗਮ ਜਿਉਂ ਦਿਨ ਰਾਤ ਦਾ ਪਰਭਾਤ ਖਿੜਾਵੇ,
ਕੁਦਰਤ ਭਰ ਭਰ ਝੋਲੀਆਂ, ਮਹਿਕਾਰ ਲੁਟਾਵੇ।
ਬੋਲੇ ਮੁਰਦਾ ਤੂੰਬੜੀ, ਗਜ਼ ਤਰਬ ਮਿਲਾਇਆਂ,
ਦੋ ਤਾਰਾਂ ਬਿਜਲੀ ਦੀਆਂ ਰਲ ਪਲਟਣ ਕਾਇਆ।
ਗੱਡੀ ਤਿਵੇਂ ਗ੍ਰਿਹਸਥ ਦੀ ਇਤਫਾਕ[1] ਚਲਾਵੇ,
ਏਕਾ ਰੱਬੀ ਬਰਕਤਾਂ ਨੂੰ ਖਿੱਚ ਲਿਆਵੇ।
ਪ੍ਰੇਮ-ਨਸ਼ੇ ਵਿਚ ਮੱਤਿਆਂ ਨੂੰ ਪੋਹਣ ਨਾ ਪਾਲੇ,
ਔਘਟ[2] ਘਾਟ ਸਲੂਕ ਥੀਂ ਹੋ ਜਾਣ ਸੁਖਾਲੇ।
5. ਸੂਖਮ, ਪੁਤਲੀ ਨੂਰ ਦੀ, ਉਪਕਾਰਣ ਨਾਰੀ,
ਬੂਹੇ ਖੋਲ ਪਿਆਰ ਦੇ, ਸਾਂਭੀ ਦਿਲਦਾਰੀ।
ਦੁਖੀਏ, ਥੱਕੇ, ਓਦਰੇ ਦਾ ਜੀ ਪਰਚਾਣਾ,
ਆਪੂੰ ਸੇਕ ਸਹਾਰ ਕੇ ਠੰਢਕ ਪਹੁੰਚਾਣਾ।
ਛਾਤੀ ਠੋਕ ਮਨੁੱਖ ਨੇ ਦਿਲਬਰੀ ਬਨ੍ਹਾਈ,
ਮੇਰੇ ਬੈਠਿਆਂ, ਕਰੀਂ ਨਾ ਤੂੰ ਚਿੰਤਾ ਰਾਈ।
ਦੁਖ-ਸੁੱਖ, ਝੱਖੜ-ਝੋਲਿਆਂ ਵਿਚ ਸਾਥੀ ਤੇਰਾ,
ਕੋਲ ਖਲੋਤਾ ਸੁਣ ਰਿਹਾ ਪਰਮੇਸ਼ਰ ਮੇਰਾ।
6. ਰੱਬ ਦੁਹਾਂ ਵਿਚ ਵੱਸਿਆ ਕੀਤੇ ਸ਼ੁਕਰਾਨੇ,
ਦੁਨੀਆਂ ਸੁਰਗ ਬਣਾਣ ਵਿਚ ਹੋਏ ਮਸਤਾਨੇ।
ਮਿੱਠਤ, ਸੇਵਾ, ਨਿਮ੍ਰਤਾ, ਨੇਕੀ, ਸਚਿਆਈ,
ਦਯਾ, ਗ਼ਰੀਬੀ, ਪ੍ਰੇਮ ਦੀ ਮਹਿਕਾਰ ਖਿੰਡਾਈ।
ਕਿਰਤ ਕਮਾਈ ਧਰਮ ਦੀ, ਸਾਈਂ ਤੇ ਡੋਰੀ,
ਸਿਦਕੋਂ ਡੋਲ ਨਾ ਡਿੱਗਣਾ, ਹੋ ਪੋਰੀ ਪੋਰੀ।
ਪਰਉਪਕਾਰ ਕਮਾਉਂਦੇ, ਹੋ ਬੇਰੀ ਨੀਵੀਂ,
ਜ਼ੀਨਤ[3] ਬਣੇ ਜਹਾਨ ਦੀ, ਭਰਤਾ ਤੇ ਤੀਵੀਂ।

ਆ ! ਰਲ ਮਿਲ ਕੇ...

1. ਆ ਭਈ ਸਜਣਾ ! ਕੱਠਿਆਂ ਬਹੀਏ,
ਦੁਖ-ਸੁਖ ਫੋਲ, ਘੜੀ ਪੈ ਰਹੀਏ।
ਮੈਂ ਤੇ ਦੂਰ ਬੜੀ ਹੈ ਜਾਣਾ,
ਤੇਰਾ ਕਿਧਰੋਂ ਹੋਇਆ ਆਣਾ ?
ਧੋ ਲੈ ਪੈਰ, ਥਕੇਵਾਂ ਲਾਹ ਲੈ,

---

1. ਏਕਾ। 2. ਕਠਿਨ। 3. ਸੋਭਾ, ਸੁੰਦਰਤਾ।

ਐਥੇ ਈ ਪੈ ਜਾ, ਮੰਜੀ ਡਾਹ ਲੈ,
ਗੱਲ ਕਰ ਕੋਈ, ਜੀ ਪਰਚਾਈਏ,
ਆ ! ਰਲ ਮਿਲ ਕੇ ਰਾਤ ਲੰਘਾਈਏ।

2. ਤੂੰ ਡਾਢਾ ਹਸਮੁਖ ਹੈਂ ਯਾਰਾ।
ਕੇਡਾ ਲਗਨਾ ਏਂ ਪਿਆਰਾ ਪਿਆਰਾ।
ਖਬਰੇ ਕੀ ਜਾਦੂ ਤੂੰ ਕੀਤਾ,
ਦੋ ਗੱਲਾਂ ਵਿਚ ਮਨ ਮੋਹ ਲੀਤਾ।
ਰੋਟੀ ਸਾਡੇ ਪਾਸ ਬੜੀ ਹੈ,
ਤੇਰੀ ਭੀ ਹੈ ਮੇਰੀ ਭੀ ਹੈ।
ਕੋਲੋ ਕੋਲੀ ਬਹਿ ਕੇ ਖਾਈਏ,
ਆ ! ਰਲ ਮਿਲ ਕੇ ਰਾਤ ਲੰਘਾਈਏ।

3. ਛਡ ਦੇ ਖਹਿੜਾ ਸੁਰਾਂ, ਧਰਮ ਦਾ,
ਬੈਠ ਮੁਕਾਈਏ ਕਿੱਸਾ ਗਮ ਦਾ,
ਮੈਂ ਬਾਹਮਣ ਤੂੰ ਸਯਦ ਹੋਵੇਂ,
ਅਤੇ ਅਸੀਂ ਪਾਂਧੀ ਹਾਂ ਦੋਵੇਂ।
ਤੂੰ ਮੈਨੂੰ, ਮੈਂ ਤੈਨੂੰ ਸਹਿਣਾ,
ਦਿਨ ਚੜ੍ਹਿਆ ਬਹਿ ਤੇ ਨਹੀਂ ਰਹਿਣਾ,
ਹਾਲੀ ਹਸ ਹਸ ਜੀ ਪਰਚਾਈਏ।
ਆ ਰਲ ਮਿਲ ਕੇ ਰਾਤ ਲੰਘਾਈਏ।

4. ਏਸ ਸਰਾਂ ਵਿਚ ਡੇਰਾ ਪਾ ਕੇ,
ਤੁਰ ਜਾਂਦੇ ਹਨ ਲੋਕੀਂ ਆ ਕੇ,
ਹਰ ਕੋਈ ਰਹਿੰਦਾ ਰਾਹ ਵਿਚ ਮਿਲਦਾ,
ਕੋਈ ਕੋਈ ਲਭਦਾ, ਮਹਰਮ ਦਿਲ ਦਾ,
ਸਵੀਏਂ ਧਰ ਕੇ ਬਾਂਹ ਸਰ੍ਹਾਣੇ,
ਦਿਨ ਚੜਦੇ ਨੂੰ ਸਾਈਂ ਜਾਣੇ,
ਕਿਸ ਪਾਸੇ ਵਲ ਮੂੰਹ ਪਰਤਾਈਏ,
ਆ ਰਲ ਮਿਲ ਕੇ ਰਾਤ ਲੰਘਾਈਏ।

ਤੇਰਾ ਕੋਈ ਨਹੀਂ

1. ਜਦ ਖ਼ਾਬ ਸੁਨਹਿਰੀ ਲੈ ਲੈ ਕੇ,
ਬਾਹਰ ਵਲ ਧਿਆਨ ਦੁੜਾਇਆ ਮੈਂ,
ਕੋਈ ਸੰਗੀ ਸਾਥੀ ਭਾਲਣ ਨੂੰ,
ਦੁਨੀਆਂ ਦੇ ਪਿੜ ਵਿਚ ਆਇਆ ਮੈਂ।
ਅੰਦਰ ਦੀ ਤੜਪ ਮਿਟਾਣ ਲਈ,
ਦਿਲ ਫੋਲ ਫੋਲ ਦਿਖਲਾਇਆ ਮੈਂ,

ਪਰ ਹਰ ਪਾਸਿਓਂ ਆਵਾਜ਼ ਮਿਲੀ—
ਤੂੰ ਜਗ ਵਿਚ ਕੱਲਮਕੱਲਾ ਹੈਂ।

2. ਘਬਰਾ ਕੇ ਏਸ ਇੱਕਲ ਤੋਂ ਮੈਂ,
ਸਦਵਾਇਆ ਮਿਤਰਾਂ ਯਾਰਾਂ ਨੂੰ,
ਇੱਜ਼ਤ ਦੇ ਭਾਈਵਾਲਾਂ ਨੂੰ,
ਕਰਵਾਇਆ ਯਾਦ ਪਿਆਰਾਂ ਨੂੰ,
ਸਖਣੀ ਥਾਂ ਦਿਲ ਦੀ ਭਰਨ ਲਈ,
ਖੜਕਾਇਆ ਗੁਝੀਆਂ ਤਾਰਾਂ ਨੂੰ,
ਪਰ ਇਕ ਇਕ ਤਰਬ ਪੁਕਾਰ ਉਠੀ-
ਤੂੰ ਜਗ ਵਿਚ ਕੱਲਮਕੱਲਾ ਹੈਂ।

3. ਤੂੰ ਡਾਵਾਂਡੋਲ ਪਰਾਇਆਂ ਤੋਂ,
ਆਪਣਾ ਪਰਵਾਰ ਸਦਾਇਆ ਮੈਂ,
ਔਲਾਦ ਦੁਆਲੇ ਜੋੜ ਲਈ,
ਤੀਵੀਂ ਨੂੰ ਪਾਸ ਬਹਾਇਆ ਮੈਂ,
ਮੰਗਵਾ ਕੇ ਭੈਣਾਂ ਭਾਈਆਂ ਨੂੰ,
ਸੀਨੇ ਦਾ ਸੂੰਵ ਵਿਖਾਇਆ ਮੈਂ,
ਸਭ ਦੇ ਦਿਲ ਅੰਦਰੋਂ ਕਹਿਣ ਲਗੇ-
ਤੂੰ ਜਗ ਵਿਚ ਕੱਲਮਕੱਲਾ ਹੈਂ।

4. ਆਪਣੇ ਬੇਗਾਨੇ ਪਰਖ ਪਰਖ,
ਜੰਗਲ ਵਲ ਕੀਤੀ ਧਾਈ ਮੈਂ,
ਕੱਲਿਆਂ ਬਹਿ ਪੋਥੀ ਕੁਦਰਤ ਦੀ,
ਫੜ ਵਰਕ ਵਰਕ ਉਲਟਾਈ ਮੈਂ,
ਜੰਗਲ ਪਰਬਤ ਤੇ ਨਦੀਆਂ ਨੂੰ,
ਆਪਣੀ ਬੇਬਸੀ ਸੁਣਾਈ ਮੈਂ,
ਸਭ ਥਾਓਂ ਗੁਪਤ ਅਵਾਜ਼ ਮਿਲੀ—
ਤੂੰ ਜਗ ਵਿਚ ਕੱਲਮਕੱਲਾ ਹੈਂ।

5. ਆਸਾਂ ਦਾ ਲੱਕ ਤ੍ਰੁੜਾ ਓੜਕ।
ਰੱਬ ਦੇ ਦਰਵਾਜ਼ੇ ਆਇਆ ਮੈਂ,
ਦੱਸ ਤੋਤਾਚਸ਼ਮੀ ਦੁਨੀਆਂ ਦੀ,
ਦਿਲ ਛੇਕੋ ਛੇਕ ਦਿਖਾਇਆ ਮੈਂ,
ਆਵਾਜ਼ ਮਿਲੀ, ਤੇਰੇ ਹੀ ਲਈ ਤਾਂ,
ਤੈਨੂੰ ਇੰਜ ਬਣਾਇਆ ਮੈਂ,
ਤੂੰ ਆਪਣਾ ਆਪ ਬਣਾਣ ਲਈ,
ਹੀ ਜਗ ਵਿਚ ਕਲੱਮਕੱਲਾ ਹੈਂ।

ਦੋਹੜਾ

ਲੱਖ ਹੱਟੀਆਂ ਤੇ ਲੱਖ ਬਪਾਰੀ ਕਰਨ ਉੱਥਲ ਪਥੱਲੇ।
ਸੌਦੇ ਵੇਚਣ, ਨਵੇਂ ਵਿਹਾਝਣ, ਮਹਿੰਗੇ ਅਤੇ ਸਵੱਲੇ।
ਕਈਆਂ ਖਟ ਖਟ ਬੋਝੇ ਭਰ ਲਏ, ਕਈਆਂ ਮੂਲ ਗੁਆਇਆ।
ਉਹੋ ਖੱਟੀ ਖੱਟੀ ਸਮਝੀ ਜੇੜੀ ਤੁਰਦਿਆਂ ਰਹਿ ਜਾਏ ਪੱਲੇ।

ਨਾਰੀ

(ਕਾਲੰਗੜਾ)

1. ਮੇਰੀਏ ਪ੍ਰੇਮ ਚਮਨ ਦੀਏ ਮਾਲਣੇ,
ਮੇਰੀਏ ਧੁਰ ਦੀਏ ਮਹਰਮ ਹਾਲਣੇ,
ਦੁਖ ਸੁਖ ਦੀਏ ਭਾਈਵਾਲਣੇ,
ਤੂੰ ਤਾਂ ਪੁਤਲੀ ਏਂ ਰੱਬ ਦੇ ਪਿਆਰ ਦੀ।
ਨੀਂ ਮੈਂ ਸਾਰ ਨਾ ਸਮਝੀ ਨਾਰ ਦੀ।

2. ਜਦੋਂ ਕੁਦਰਤ ਖੇਲ ਰਚਾਇਆ,
ਮੈਨੂੰ ਤੇਰਾ ਈ ਸਾਥ ਮਿਲਾਇਆ,
ਤੂੰਹੇਂ ਆਣ ਕੇ ਸੁੰਞ ਹਟਾਇਆ,
ਤੂੰਹੇਂ ਛੇੜੀ ਤਰਬ ਸਤਾਰ ਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

3. ਤੇਰੀ ਚਾਲ ਤੇ ਢਾਲ ਕਮਾਲ ਸੀ,
ਦੁਨੀਆਂ ਫੱਬਦੀ ਹੀ ਤੇਰੇ ਨਾਲ ਸੀ,
ਅੱਖੀਂ ਨੂਰ ਤੇ ਮੂੰਹ ਤੇ ਜਲਾਲ ਸੀ,
ਅੰਦਰ ਪ੍ਰੀਤ ਸੀ ਠਾਠਾਂ ਮਾਰਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

4. ਜਾਂ ਤੂੰ ਹੱਸੀਓਂ ਤਾਂ ਜੱਗ ਵੱਸਿਆ,
ਜਾਂ ਤੂੰ ਵੱਸੀਓਂ ਤਾਂ ਜੱਗ ਰੱਸਿਆ,
ਤੂੰਹੇਂ ਭੇਦ ਖੁਸ਼ੀ ਦਾ ਦੱਸਿਆ,
ਤੂੰਹੇਂ ਖੋਲ੍ਹੀ ਗੰਢ ਪਿਆਰ ਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

5. ਜਿੱਧਰ ਵੇਖਿਆ, ਤੇਰੀ ਹੀ ਸ਼ਾਨ ਸੀ,
ਜੋ ਕੁਝ ਲੱਭਿਆ, ਤੇਰਾ ਹੀ ਦਾਨ ਸੀ,
ਤੇਰੇ ਦਮ ਥੀਂ ਵੱਸਦਾ ਜਹਾਨ ਸੀ,
ਤੂੰਹੇਂ ਜਾਨ ਸੈਂ ਇਸ ਗੁਲਜ਼ਾਰ ਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

6. ਜਾਂ ਤੂੰ ਆਣ ਬਰੂਹ[1] ਸਜਾਈਆਂ,
ਸੱਭੇ ਬਰਕਤਾਂ ਘਰ ਵਿਚ ਆਈਆਂ,
ਮੂੰਹੋਂ ਮੰਗੀਆਂ ਦੌਲਤਾਂ ਪਾਈਆਂ,
ਆਈ ਖਿਜ਼ਾਂ ਤੇ ਸ਼ਾਨ ਬਹਾਰ ਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

7. ਮੇਰੀ ਗੁੱਡੀ ਨੂੰ ਤੂੰਹੇਂ ਚੜ੍ਹਾਇਆ,
ਮੈਨੂੰ ਜਗ ਵਿਚ ਅਮਰ ਬਣਾਇਆ,
ਮੇਰੀ ਆਬ ਨੂੰ ਤੂੰ ਚਮਕਾਇਆ,
ਰਹੀਓਂ ਅੰਦਰ ਬਾਹਰ ਸ਼ਿੰਗਾਰਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

8. ਤੂੰਹੇ ਥਾਂ ਥਾਂ ਖੇਡਾਂ ਖਿਲਾਰੀਆਂ,
ਤੇਰੇ ਨਾਲ ਨੇਂ ਸਾਂਝਾਂ ਸਾਰੀਆਂ,
ਸਾਕਾਦਾਰੀਆਂ, ਕੁੜਮਾਚਾਰੀਆਂ,
ਤੂੰਹੇਂ ਰੌਣਕ ਇਸ ਸੰਸਾਰ ਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

9. ਤਪ ਖ਼ਪ ਕੇ ਜਦ ਮੈਂ ਆਇਆ,
ਤੇਰੇ ਪ੍ਰੇਮ ਨੇ ਕੌਲ ਖਿੜਾਇਆ,
ਸਾਰਾ ਫਿਕਰ ਪਰੇ ਸੁੱਟ ਪਾਇਆ,
ਡਿੱਠੀ ਸੂਰਤ ਜਦ ਗਮਖਾਰ ਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

10. ਜਿੱਥੇ ਹਿੰਮਤ ਢਾਹੀਆਂ ਢੇਰੀਆਂ,
ਤੂੰਹੇਂ ਦਿੱਤੀਆਂ ਹੱਲਾ ਸ਼ੇਰੀਆਂ,
ਤੂੰਹੇਂ ਦਿਲ ਦੀਆਂ ਕੁੰਜੀਆਂ ਫੇਰੀਆਂ,
ਰਹੀਓਂ ਡੁਬਦੀਆਂ ਬੇੜੀਆਂ ਤਾਰਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

11. ਜਾਂ ਮੈਂ ਰਣ ਵਲ ਪੈਰ ਵਧਾਇਆ,
ਸ਼ਗਨਾਂ ਨਾਲ ਤੂੰ ਖੜਗ[2] ਫੜਾਇਆ,
ਮੇਰਾ ਜਿਗਰਾ ਸ਼ੇਰ ਬਣਾਇਆ,
ਜਾ ਜਾ ਨਾਲ ਰਹੀਓਂ ਲਲਕਾਰ ਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

12. ਪੈਰ ਥਿੜਕਿਆ ਜਦ ਭਲਿਆਈਓਂ,
ਤੂੰਹੇਂ ਰਾਹਬਰ[3] ਬਣ ਕੇ ਆਈਓਂ,
ਦਿੱਤਾ ਡੋਲਣ ਨਾ ਸਚਿਆਈਓਂ,

---

1. ਬੂਹਾ, ਦਰਵਾਜ਼ਾ। 2. ਤਲਵਾਰ। 3. ਰਾਹ ਦਸੇਰਾ, ਆਗੂ।

ਰਹੀਓਂ ਵਿਗੜੀ ਪੈਜ ਸੁਆਰਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

13. ਆਇਆ ਜਦ ਕੋਈ ਕਿਸਮਤ ਮਾਰਿਆ,
ਤੈਨੂੰ ਧਰਮ ਦੇ ਨਾਂ ਤੇ ਵੰਗਾਰਿਆ,
ਤੈਥੋਂ ਗਿਆ ਨਾ ਸੇਕ ਸਹਾਰਿਆ,
ਰਹੀਓਂ ਧੁਖਦੀਆਂ ਆਂਦਰਾਂ ਠਾਰ ਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

14. ਹਰੀ ਚੰਦ ਨੇ ਬੋਲ ਜਾਂ ਹਾਰਿਆ,
ਤੇਰੀ ਅਣਖ ਨੇ ਮਿਹਣਾ ਮਾਰਿਆ,
ਆਪਾ ਵੇਚ ਤੂੰ ਨਾਵਾਂ ਤਾਰਿਆ,
ਰਹੀਓਂ ਸਾਬਤ ਕੌਲ ਕਰਾਰ ਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

15. ਜਾਂ ਕੋਈ ਕਾਂਗ ਦੁਖਾਂ ਦੀ ਆਉਂਦੀ,
ਦੁਨੀਆਂ ਸਾਰੀ ਸੀ ਲੜ ਖਿਸਕਾਉਂਦੀ,
ਤੂੰਹੇ ਦਿੱਸੀਓਂ ਸਾਥ ਨਿਭਾਉਂਦੀ,
ਬਾਹੋਂ ਫੜ ਫੜ ਪਾਰ ਉਤਾਰ ਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

16. ਜਦੋਂ ਰੋਗ-ਬੀਮਾਰੀਆਂ ਆਈਆਂ,
ਡਰ ਡਰ ਸਜਣਾਂ ਅੱਖਾਂ ਚੁਰਾਈਆਂ,
ਤੂੰਹੇਂ ਬਹਿ ਬਹਿ ਰਾਤਾਂ ਕਟਾਈਆਂ,
ਰਹੀਓਂ ਮੇਰੇ ਤੋਂ ਜਿੰਦੜੀ ਵਾਰਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

17. ਜਦ ਮੈਂ ਕੌੜੀਆਂ ਫਿੱਕੀਆਂ ਬੋਲਿਆ,
ਤੂੰ ਨਾ ਸਾਹਮਣੇ ਮੂੰਹ ਕਦੇ ਖੋਲ੍ਹਿਆ,
ਆਇਆ ਗੱਚ ਤੇ ਲੁਕ ਕੇ ਰੋ ਲਿਆ,
ਬੁੱਧੀ ਪ੍ਰੀਤ ਦੀ ਦੁਖੜੇ ਸਹਾਰ ਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

18. ਖੋਟੇ ਰਾਹਾਂ ਤੇ ਜਦ ਮੈਂ ਚੱਲਿਆ,
ਤੇਰਾ ਸੁਹਲ ਕਲੇਜਾ ਸੱਲਿਆ,
ਤੂੰ ਨਾ ਫੇਰ ਵੀ ਪੜਦਾ ਉਥੱਲਿਆ,
ਭੁੱਲਾਂ ਮੇਰੀਆਂ ਰਹੀਓਂ ਵਿਸਾਰ ਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

19. ਤੇਰੇ ਰੂਪ ਨੂੰ ਮੈਂ ਨਾ ਪਛਾਣਿਆ,
ਤੈਨੂੰ ਮਿੱਟੀ ਦੀ ਬਾਜੀ ਜਾਣਿਆ,
ਤੈਨੂੰ ਬਾਂਦੀਆਂ ਵਾਂਗਰ ਮਾਣਿਆ,

ਪਾਈ ਕਦਰ ਨਾ ਤੇਰੇ ਪਿਆਰ ਦੀ।
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

20. ਰੱਬੀ ਬਰਕਤਾਂ ਨਾਲ ਸ਼ਿੰਗਾਰੀਏ,
ਠੰਢੀ ਛਾਂ ਸਤਵੰਤੀਏ ਨਾਰੀਏ।
ਬਹਿ ਜਾ ਅੱਖਾਂ 'ਚ ਰਾਮ ਸੁਆਰੀਏ।
ਹੋ ਗਈ ਹੱਦ ਤੇਰੇ ਉਪਕਾਰ ਦੀ,
ਨੀ ਮੈਂ ਸਾਰ ਨਾ ਸਮਝੀ ਨਾਰ ਦੀ।

ਦੋਹੜਾ

ਜੋ ਆਇਆ, ਏਥੇ ਹੀ ਆਇਆ, ਏਥੋਂ ਹੀ ਡਿੱਠਾ, ਜਾਂਦਾ,
ਏਸੇ ਖੇਤ, ਰਿਹਾ ਹਰ ਕੋਈ, ਬੀਜ, ਬੀਜ ਫਲ ਖਾਂਦਾ,
ਦੂਰ ਦੁਰਾਡੀ ਗੱਲ ਜਿ ਤੈਨੂੰ ਚੇਤੇ ਹੈ ਆ ਦੱਸ ਦੇ,
ਮੈਂ ਤੇ, ਨਾ ਡਿੱਠਾ, ਨਾ ਸੁਣਿਆ, ਗਿਆ ਪਰਤ ਕੇ ਆਂਦਾ।

ਵਿਸਾਖੀ ਦਾ ਮੇਲਾ

1. ਪੱਕ ਪਈਆਂ ਕਣਕਾਂ, ਲੁਕਾਠ ਰਸਿਆ,
ਬੂਰ ਪਿਆ ਅੰਬਾਂ ਨੂੰ, ਗੁਲਾਬ ਹੱਸਿਆ।
ਬਾਗਾਂ ਉੱਤੇ ਰੰਗ ਫੇਰਿਆ ਬਹਾਰ ਨੇ,
ਬੇਰੀਆਂ ਲਿਫਾਈਆਂ ਟਾਹਣੀਆਂ ਦੇ ਭਾਰ ਨੇ।
ਪੁੰਗਰੀਆਂ ਵੱਲਾਂ ਵੇਲਾਂ ਰੁਖੀਂ ਚੜ੍ਹੀਆਂ,
ਫੁਲਾਂ ਹੇਠੋਂ ਫਲਾਂ ਨੇ ਪਰੋਈਆਂ ਲੜੀਆਂ।
ਸਾਈਂ ਦੀ ਨਿਗਾਹ ਜੱਗ ਤੇ ਸਫਲੀ ਏ,
ਚਲ ਨੀ ਪ੍ਰੇਮੀਏ, ਵਿਸਾਖੀ ਚਲੀਏ।

2. ਦੂਰ ਦੂਰ ਥਾਓਂ ਵਣਜਾਰੇ ਆਏ ਨੇ,
ਸੂਹਣੇ ਸੂਹਣੇ ਕੁੰਜਾਂ ਤੇ ਫੀਤੇ ਲਿਆਏ ਨੇ।
ਗਜਰਿਆਂ ਤੇ ਵੰਗਾਂ ਦਾ ਨਾ ਅੰਤ ਕੋਈ ਏ,
ਮੰਡੀ ਝੂਠੇ ਗਾਹਣਿਆਂ ਦੀ, ਲੱਗੀ ਹੋਈ ਏ।
ਹੱਟੀਆਂ ਹਜ਼ਾਰਾਂ ਹਲਵਾਈਆਂ ਲਾਈਆਂ,
ਸੈਂਕੜੇ ਸੁਗਾਤਾਂ ਨਾਲੇ ਹੋਰ ਆਈਆਂ।
ਹੱਟੀ ਹੱਟੀ ਸ਼ੌਕੀਆਂ ਦੀ ਭੀੜ ਖੜੀ ਏ,
ਚਲ ਨੀ ਪ੍ਰੇਮੀਏ, ਵਿਸਾਖੀ ਚਲੀਏ।

3. ਥਾਈਂ ਥਾਈਂ ਖੇਡਾਂ ਤੇ ਪੰਘੂੜੇ ਆਏ ਨੇਂ,
ਜੋਗੀਆਂ ਮਦਾਰੀਆਂ ਤਮਾਸ਼ੇ ਲਾਏ ਨੇ।

ਵੰਝਲੀ[1], ਲੰਗੋਜ਼ਾ[2], ਕਾਟੋ[3], ਤੂੰਬਾ[4] ਵੱਜਦੇ,
ਛਿੰਝ ਵਿੱਚ ਸੂਰੇ ਪਹਿਲਵਾਨ ਗੱਜਦੇ।
ਕੱਠਾ ਹੋ ਕੇ ਆਇਆ ਰੌਲਾ ਸਾਰੇ ਜੱਗ ਦਾ,
ਭੀੜ ਵਿਚ ਮੋਢੇ ਨਾਲ ਮੋਢਾ ਵੱਜਦਾ।
ਕੋਹਾਂ ਵਿਚ ਮੇਲੇ ਨੇ ਜ਼ਮੀਨ ਮੱਲੀ ਏ,
ਚਲ ਨੀ ਪ੍ਰੇਮੀਏ, ਵਿਸਾਖੀ ਚਲੀਏ।

4. ਬਾਲ, ਬੁੱਢੇ, ਗੱਭਰੂ, ਮੇਲੇ 'ਚ ਆਏ ਨੇਂ,
ਟੁੰਬ ਟੁੰਬ ਰੀਝਾਂ ਨੇ ਸਾਰੇ ਜਗਾਏ ਨੇਂ।
ਭਾਂਤੋ ਭਾਂਤ ਦਿਲ, ਭਾਂਤੋ ਭਾਂਤ ਮਾਲ ਨੇਂ,
ਟੋਲ ਰਹੇ ਆਪੋ ਆਪਣਾ ਖ਼ਿਆਲ ਨੇਂ।
ਮੇਲੇ ਦੀ ਬਹਾਰ ਏ ਤਿਕਾਲਾਂ ਤੀਕ ਏ,
ਸੌਦਾ ਲੈ ਵਿਹਾਝ, ਜਿੰਦ੍ਹੀ ਜੋ ਤਫ਼ੀਕ[5] ਹੇ।
ਪਲੋ ਪਲੀ ਵਿਚ ਹੋਣੀ ਚੱਲੋ ਚਲੀ ਏ,
ਚਲ ਨੀ ਪ੍ਰੇਮੀਏ, ਵਿਸਾਖੀ ਚਲੀਏ।

ਦੋਹੜਾ

ਜਿਸ ਰਾਹ ਤੇ ਤੂੰ ਤੁਰਨ ਲਗਾ ਹੈਂ, ਜਮ ਜਮ ਕਦਮ ਉਠਾ ਲੈ,
ਪਰ, ਪੈਂਡੇ ਨੂੰ ਮਿਣ ਸਕੇਂਗਾ ? ਇਹ ਤਖਮੀਨਾ[6] ਲਾ ਲੈ।
ਜਿਨ ਇਸ ਸ਼ਹੁ ਵਿਚ, ਟੁਭਕੀ[7] ਮਾਰੀ, ਮੁੜ ਕੇ ਉਤਾਂਹ ਨਾ ਆਇਆ,
ਜੋ ਕੁਝ ਤੈਥੋਂ ਬਣ ਸਦਕਾ ਹੈ, ਬਾਹਰੇ ਬੈਠ ਬਣਾ ਲੈ।

ਮੇਰੀ ਦੁਨੀਆਂ

ਕੋਈ ਕਹਿ ਛਡੇ, ਇਹ ਖ਼ਿਆਲੀ ਏ ਦੁਨੀਆਂ,
ਮੇਰੀ ਤੇ ਜਹਾਨੋਂ ਨਿਰਾਲੀ ਏ ਦੁਨੀਆਂ।

1. ਏ ਦੁਨੀਆਂ ਤੇ ਮੈਂ ਹੀ ਵਸਾਈ ਹੋਈ ਹੈ,
ਬੜੇ ਜਤਨ ਕਰ ਕਰ ਸਜਾਈ ਹੋਈ ਹੈ,
ਗ਼ਲਤ ਹੈ, ਕਿ ਸੁਹਜਾਂ ਤੋਂ ਖ਼ਾਲੀ ਏ ਦੁਨੀਆਂ,
ਮੇਰੀ ਤੇ ਜਹਾਨੋਂ ਨਿਰਾਲੀ ਏ ਦੁਨੀਆਂ।

2. ਜੇ ਖੋਟੀ ਹੈ, ਮੈਂ ਇਸ ਨੂੰ ਸਮਝਾ ਲਵਾਂਗਾ,
ਜੇ ਟਿਕਦੀ ਨਹੀਂ, ਤਾਂ ਮੈਂ ਅਟਕਾ ਲਵਾਂਗਾ,

---

1. ਬੰਸਰੀ। 2. ਇਕ ਪ੍ਰਕਾਰ ਦੀ ਛੋਟੀ ਬੰਸਰੀ ਜੋ ਮੂੰਹ ਵਿਚ ਸਿੱਧੀ ਰਖਕੇ ਵਜਾਈਦੀ ਹੈ।
3. ਵਜਾਉਣ ਦਾ ਇਕ ਪੇਂਡੂ ਸਾਜ਼ ਜਿਸਦੇ ਉੱਤੇ ਲੱਕੜ ਦੀ ਇਕ ਗਾਲ੍ਹੜ (ਕਾਟੋ) ਬਣੀ ਹੁੰਦੀ ਹੈ। 4. ਇਕਤਾਰਾ।
5. ਸਮੱਰਥਾ, ਤਾਕਤ। 6. ਅੰਦਾਜ਼ਾ, ਅਨੁਮਾਨ। 7. ਸਮੁੰਦਰ।

ਪਿਆਰਾਂ ਤੇ ਵਿਛ ਜਾਣ ਵਾਲੀ ਏ ਦੁਨੀਆਂ,
ਮੇਰੀ ਤੇ ਜਹਾਨੋਂ ਨਿਰਾਲੀ ਏ ਦੁਨੀਆਂ।

3. ਤਿਆਗੀ ! ਏ ਮੇਰੇ ਤੇ ਮੂੰਹ ਲਗ ਚੁਕੀ ਹੈ,
ਜਵਾਨੀ ਦੀ ਛੁਹ, ਪਰਚ ਲੈ, ਐਬ ਕੀ ਹੈ?
ਹੁਸੀਨਾਂ ਦੇ ਨੈਣਾਂ ਦੀ ਲਾਲੀ ਏ ਦੁਨੀਆਂ,
ਮੇਰੀ ਤੇ ਜਹਾਨੋਂ ਨਿਰਾਲੀ ਏ ਦੁਨੀਆਂ।

4. ਮੈਂ ਕਿਸਮਤ ਦੇ ਨਾਵੇਂ ਨਵੇਂ ਲਿਖ ਲਵਾਂਗਾ,
ਨਾ ਸੁਣੀਆਂ ਸੁਣਾਈਆਂ ਤੇ ਫੁਲ ਫੁਲ ਬਹਾਂਗਾ,
ਬੜੀ ਵਾਰ ਡਿਗ ਡਿਗ ਸੰਭਾਲੀ ਏ ਦੁਨੀਆਂ,
ਮੇਰੀ ਤੇ ਜਹਾਨੋਂ ਨਿਰਾਲੀ ਏ ਦੁਨੀਆਂ।

5. ਜੇ ਚੋਲਾ ਵਟਾ ਕੇ ਨਹੀਂ ਮੂੰਹ ਵਿਖਾਣਾ,
ਮੈਂ ਕਰਨਾ ਹੈ ਕੀ ਸੁਰਗ ਪਾਟਾ ਪੁਰਾਣਾ,
ਮੈਂ ਸੁੱਤੀ ਹੋਈ ਫਿਰ ਉਠਾਲੀ ਏ ਦੁਨੀਆਂ,
ਮੇਰੀ ਤੇ ਜਹਾਨੋਂ ਨਿਰਾਲੀ ਏ ਦੁਨੀਆਂ।

6. ਮੈਂ ਮੁਕਤੀ ਭੀ ਛੱਡੀ ਆਜ਼ਾਦੀ ਦਾ ਸਦਕਾ,
ਸੁਨੇਹਾ ਹੈ ਇਹ ਤੇ ਨਵੀਂ ਜ਼ਿੰਦਗੀ ਦਾ,
ਜਵਾਨਾਂ ਨੇ ਮਰ ਮਰ ਕੇ ਭਾਲੀ ਏ ਦੁਨੀਆਂ,
ਮੇਰੀ ਤੇ ਜਹਾਨੋਂ ਨਿਰਾਲੀ ਏ ਦੁਨੀਆਂ।

7. ਇਦ੍ਹੇ ਕੋਲੋਂ ਕਮਜ਼ੋਰ ਡਰਦੇ ਨੇ ਐਵੇਂ,
ਹਕੀਕਤ[1] ਨੂੰ ਬਦਨਾਮ ਕਰਦੇ ਨੇ ਐਵੇਂ,
ਅਸਲ ਵਿਚ ਤੇ ਡਾਢੀ ਸੁਖਾਲੀ ਏ ਦੁਨੀਆਂ,
ਮੇਰੀ ਤੇ ਜਹਾਨੋਂ ਨਿਰਾਲੀ ਏ ਦੁਨੀਆਂ।

8. ਕੋਈ ਲਏ ਉਡਾਰੀ, ਸਹਾਰਾ ਦਿਆਂਗਾ,
ਚੜ੍ਹੇ ਪੀਂਘ ਤੇ, ਮੈਂ ਹੁਲਾਰਾ ਦਿਆਂਗਾ,
ਅਕਾਸ਼ੋਂ ਉਚੇਰੀ ਬਹਾਲੀ ਏ ਦੁਨੀਆਂ,
ਮੇਰੀ ਤੇ ਜਹਾਨੋਂ ਨਿਰਾਲੀ ਏ ਦੁਨੀਆਂ।

ਤੁਰਿਆ ਚਲ

ਤੁਰਿਆ ਚਲ ਇਕਸਾਰ, ਮੁਸਾਫਿਰ !
ਤੁਰਿਆ ਚਲ ਇਕਸਾਰ।
ਬੰਦ ਨਾ ਕਰ ਰਫ਼ਤਾਰ ਮੁਸਾਫਿਰ !
ਤੁਰਿਆ ਚਲ ਇਕਸਾਰ।

1. ਸੱਚਾਈ।

1. ਰਾਹ ਤੇਰਾ ਹੈ ਬੜਾ ਲੰਮੇਰਾ,
ਤੁਰਿਆ ਚਲ ਪਰ ਕਰ ਕੇ ਜੇਰਾ,
ਜਿਸ ਥਾਂ ਤੇ ਪੈ ਜਾਏ ਹਨੇਰਾ,
ਤੁਰ ਪਉ ਰਾਤ ਗੁਜ਼ਾਰ, ਮੁਸਾਫਿਰ !
ਤੁਰਿਆ ਚਲ ਇਕਸਾਰ।

2. ਤੋਰ ਤੇਰੀ ਹੈ ਮੱਠੀ ਮੱਠੀ,
ਰਾਹ ਦੀ ਰਾਸ ਕਰੀ ਨਾ ਕੱਠੀ,
ਜੋ ਸ਼ੈ ਵੇਖੇਂ ਡਿੱਗੀ ਢੱਠੀ,
ਉਸ ਨੂੰ ਲਈਂ ਸੁਆਰ, ਮੁਸਾਫਿਰ !
ਤੁਰਿਆ ਚਲ ਇਕਸਾਰ।

3. ਕੰਡੇ, ਕੂੜਾ, ਤਿਲਕਣ, ਗਾਰਾ,
ਹੂੰਝੀ ਜਾ ਰਸਤੇ 'ਚੋਂ ਸਾਰਾ,
ਜਿਸ ਥਾਂ ਦੇਖੇਂ ਗੰਦ ਖਿਲਾਰਾ,
ਕਢ ਦੇ ਝਾੜੂ ਮਾਰ, ਮੁਸਾਫਿਰ !
ਤੁਰਿਆ ਚਲ ਇਕਸਾਰ।

4. ਫ਼ਰਜ਼ ਤੇਰਾ ਹੈ ਮੰਜ਼ਲ ਮੁਕਾਣਾ,
ਭੁਲਿਆਂ ਨੂੰ ਰਾਹ ਦੱਸੀ ਜਾਣਾ,
ਨਾਲ ਦਿਆਂ ਨੂੰ ਤੋੜ ਪੁਚਾਣਾ,
ਵੰਡ ਉਨ੍ਹਾਂ ਦਾ ਭਾਰ, ਮੁਸਾਫਿਰ !
ਤੁਰਿਆ ਚਲ ਇਕਸਾਰ।

5. ਰਾਹੀਆਂ ਦੇ ਨਾਸੂਰ[1] ਪੁਰਾਣੇ,
ਤੂੰ ਹਨ ਲਾ ਕੇ ਮਲ੍ਹਮ ਹਟਾਣੇ,
ਜੋ ਬੇਖ਼ਬਰ ਇਲਾਜ ਨਾ ਜਾਣੇ,
ਦੱਸੀਂ ਨਾਲ ਪਿਆਰ, ਮੁਸਾਫਿਰ !
ਤੁਰਿਆ ਚਲ ਇਕਸਾਰ।

ਪੇਂਡੂ ਜੀਵਨ

ਪਠਾਨਕੋਟ ਦੇ ਲਾਗੇ 'ਸ਼ਾਹਪੁਰ ਕੰਢੀ' ਨਾਮ ਦਾ ਕਸਬਾ ਰਾਵੀ ਦੇ ਕਿਨਾਰੇ ਉੱਚੇ ਟਿੱਲੇ ਤੇ ਵਸਦਾ ਹੈ। ਏਥੇ ਜੰਮੂ, ਚੰਬਾ ਤੇ ਅੰਗਰੇਜ਼ੀ* ਰਾਜ ਦੀਆਂ ਹੱਦਾਂ ਰਲਦੀਆਂ ਹਨ। ਇਸ ਤੋਂ ਚਾਰ ਮੀਲ ਓਰੇ ਮਾਧੋਪੁਰ ਹੈਡ ਹੈ, ਜਿਥੋਂ ਰਾਵੀ ਵਿਚੋਂ ਦੋ ਵੱਡੀਆਂ ਨਹਿਰਾਂ ਨਿਕਲਦੀਆਂ ਹਨ ਤੇ

---

* ਕਵਿਤਾ 1947 ਤੋਂ ਪਹਿਲਾਂ ਦੀ ਹੈ।

1. ਜ਼ਖਮ।

ਬਾਕੀ ਦਾ ਪਾਣੀ ਆਪਣੇ ਕੁਦਰਤੀ ਰਾਹ ਤੇ ਤੁਰਿਆ ਜਾਂਦਾ ਹੈ। ਇਸ ਕਵਿਤਾ ਵਿਚ ਸ਼ਾਹਪੁਰ ਦੀ ਸੀਨਰੀ ਭੀ ਸ਼ਾਮਲ ਹੈ।

1. ਪਰਖਤ ਦੀਆਂ ਭੂਲ ਭਲਈਆਂ ਤੋਂ
ਰਾਵੀ ਨੇ ਜਾਨ ਛੁਡਾਈ ਹੈ,
ਕੰਢੀ ਦੇ ਖੁਲ੍ਹੇ ਮਦਾਨਾਂ ਵਿਚ,
ਲੇਟਣ ਲਈ ਦੇਹ ਪਸਰਾਈ[1] ਹੈ।
ਆਸੀਂ ਪਾਸੀਂ ਹਰਿਆਉਲ ਨੇ,
ਜੰਗਲ ਵਿਚ ਮੰਗਲ ਲਾਇਆ ਹੈ,
ਫਸਲਾਂ ਤੇ ਵੱਖਰ ਵਾੜੀ ਨੇ,
ਕੰਢੀ ਦਾ ਕੁਰਬ[2] ਵਧਾਇਆ ਹੈ।
ਇਕ ਸ਼ਾਹਜਹਾਨੀ ਕੋਟ ਜਿਹੇ ਦਾ,
ਖੰਡਰ ਖੜਾ ਕਿਨਾਰੇ ਤੇ,
ਟਿਕਦੇ ਨੇਂ ਕਦੀ ਸ਼ਿਕਾਰੀ ਆ,
ਜੀਉਂਦਾ ਹੈ ਇਸੇ ਸਹਾਰੇ ਤੇ।
ਇਕ ਪਾਸੇ ਪੈਰ ਹਿਮਾਲਾ ਦੇ,
ਇਕ ਪਾਸੇ ਸਿਰ ਡੂੰਘਾਈ ਦਾ,
ਇਕ ਬੋਹੜ ਤਲੇ ਸਿਰ ਜੁੜਦਾ ਹੈ,
ਉਤਰਾਈ ਨਾਲ ਚੜ੍ਹਾਈ ਦਾ।

2. ਇਸ ਸਦਾ-ਸੁਹਾਵੀ ਧਰਤੀ ਦੇ,
ਟਿੱਲੇ ਤੇ ਕੁਦਰਤ ਵਸਦੀ ਹੈ,
ਕਚਿਆਂ ਕੁਲਿਆਂ ਵਿਚ ਜੀਵਨ-ਰੌ,
ਘੁੰਡਾਂ ਦੇ ਉਹਲੇ ਹਸਦੀ ਹੈ।
ਭੋਲੇ ਤੇ ਭਰਵੇਂ ਚਿਹਰਿਆਂ ਨੂੰ,
ਰੱਬ ਵਿਹਲਿਆਂ ਬਹਿ ਬਹਿ ਘੜਦਾ ਹੈ,
ਕੰਗਾਲੀ ਪੜਦੇ ਪਾਂਦੀ ਹੈ,
ਪਰ ਫੁਟ ਫੁਟ ਹੁਸਨ ਉਘੜਦਾ ਹੈ।
ਜੋਬਨ ਦੀ ਹਿੱਕ ਉਭਰਦੀ ਤਕ,
ਰਸ-ਭਰੇ ਨੈਣ ਮੁਸਕਾਂਦੇ ਨੇ,
ਕੋਈ ਲਹਿਰ ਉਗਲਦੀ ਮੋਤੀ ਹੈ,
ਪਰ ਸਿੱਪ ਸੰਭਾਲੀ ਜਾਂਦੇ ਨੇਂ।
ਲਕ ਲਚਕਾਂ ਖਾ ਖਾ ਦਸਦਾ ਹੈ,
ਪਾਣੀ ਢੋਂਦੀਆਂ ਮੁਟਿਆਰਾਂ ਦਾ,

1. ਫੈਲਾਈ। 2. ਦਰਜਾ, ਰੁਤਬਾ, ਨੇੜਤਾ।

ਇਹ ਖੇੜਾ ਜੰਗਲੀ ਫੁੱਲਾਂ ਦਾ,
ਮੁਹਤਾਜ ਨਹੀਂ ਸ਼ਿੰਗਾਰਾਂ ਦਾ।

3. ਸਾਉਣ ਮਾਂਹ ਨ੍ਹਾ ਧੋ ਬੈਠਾ ਹੈ,
ਸਬਜ਼ੇ ਨੇ ਵੇਸ ਵਟਾਇਆ ਹੈ,
ਚਰ੍ਹੀਆਂ ਮੱਕੀਆਂ ਨੂੰ ਬੂਰ ਪਿਆ,
ਘਾਹ ਫੁਟ ਫੁਟ ਬਾਹਰ ਆਇਆ ਹੈ।
ਚਰ ਚੁਗ ਕੇ ਪੇਟ ਭਰੇ ਪਸ਼ੂਆਂ,
ਮਤਵਾਲੇ ਹੋ ਉਂਘਲਾਂਦੇ ਨੇ,
ਵਾਗੀ ਮੁੰਡੇ ਬੋਹੜਾਂ ਦੀ ਛਾਂ—
ਹੇਠਾਂ ਲੈ ਆਣ ਬਹਾਂਦੇ ਨੇਂ।
ਕੋਈ ਹਸਦਾ ਹੈ, ਕੋਈ ਗਾਂਦਾ ਹੈ,
ਕੋਈ ਮੁਰਲੀ ਪਿਆ ਵਜਾਂਦਾ ਹੈ।
ਕੋਈ ਫੜ ਫੜ ਟਾਹਣ ਹਿਲਾਂਦਾ ਹੈ,
ਕੋਈ ਖਹਿ ਖਹਿ ਜ਼ੋਰ ਦਿਖਾਂਦਾ ਹੈ।
ਨੀਂਦਰ ਤੇ ਮਿੰਨਤਾਂ ਕਰਦੀ ਹੈ,
ਪਰ ਕੌਣ ਉਦ੍ਹੇ ਵਲ ਤਕਦਾ ਹੈ,
ਇਸ ਮਹਿਫਲ ਦੇ ਵਿਚ ਮੁਰਦਾ ਭੀ,
ਆ ਕੇ ਨਾ ਚੁਪ ਰਹਿ ਸਕਦਾ ਹੈ।

4. ਸੂਰਜ ਭੀ ਢਲਦਾ ਜਾਂਦਾ ਹੈ,
ਡੰਗਰ ਭੀ ਕਾਹਲੇ ਪੈ ਗਏ ਨੇਂ।
ਵਾਗੀ ਚੜ੍ਹ ਬੈਠੇ ਮਹੀਆਂ ਤੇ,
ਨਾਲੇ ਵਿਚ ਨ੍ਹਾਉਣ ਲੈ ਗਏ ਨੇਂ।
ਨ੍ਹਾਂਦੇ ਨੇਂ ਰੀਝਾਂ ਲਾਹ ਲਾਹ ਕੇ,
ਪਾਣੀ ਪੀ ਪੀ ਕੇ ਰਜਦੇ ਨੇਂ,
ਤਿਰਕਾਲੀਂ ਘਾਟੀ ਚੜ੍ਹਦੇ ਨੇਂ,
ਤੇ ਖੁਰਲੀ ਦੇ ਵਲ ਭਜਦੇ ਨੇਂ।
ਮੂੰਹ ਚੁਕ ਚੁਕ ਵੱਛੀਆਂ ਕੱਟੀਆਂ ਨੇ,
ਮਾਂ ਮਾਂ ਕਰ ਖੌਰੂ ਪਾਇਆ ਹੈ,
ਦਿਨ ਭਰ ਦੇ ਵਿਛੁੜੇ ਹੋਇਆਂ ਦਾ,
ਸੰਧਿਆ ਨੇ ਮੇਲ ਕਰਾਇਆ ਹੈ।
ਇਹ ਸੰਧਿਆ ਕਿਹੀ ਨਿਰਾਲੀ ਹੈ,
ਜਿਸ ਵਿਚ ਨਹੀਂ ਲਸ ਉਦਰੇਵੇਂ[1] ਦੀ,

1. ਓਦਰਨਾ, ਕਿਸੇ ਬਿਨਾਂ ਉਦਾਸ ਹੋਣਾ।

ਨਿਰਮਲ ਅਕਾਸ਼ ਹੈ ਖੁਸ਼ੀਆਂ ਦਾ,
ਸੀਤਲ ਹੈ ਜਾਨ ਥਕੇਵੇਂ ਦੀ।
5. ਸਾਈਆਂ, ਇਸ ਸੁਹਣੇ ਜੀਵਨ ਨੂੰ,
ਤੂੰ ਮੈਥੋਂ ਕਾਹਨੂੰ ਖੋਹ ਲੀਤਾ ?
ਜਿਸ ਦੀ ਭੋਲੀ ਨਿਰਛਲਤਾ ਨੇ,
ਅਜ ਭੀ ਮੇਰਾ ਮਨ ਮੋਹ ਲੀਤਾ।
ਸਾਦੀ ਜਿਹੀ ਮੂਰਤ, ਮਿੱਟੀ ਦੀ—
ਲਿਬੜੀ ਹੋਈ ਬਾਹਰੋਂ ਲਗਦੀ ਹੈ,
ਇਸ ਭਸਮ ਤਲੇ, ਪਰ ਜੀਵਨ ਦੀ,
ਚੰਗਿਆੜੀ ਕੋਈ ਮਘਦੀ ਹੈ।
ਰੱਬ ਨੇ ਇਹ ਰੂਹਾਂ ਘੜ ਘੜ ਕੇ,
ਕੁਦਰਤ ਦੀ ਗੋਦੇ ਪਾਈਆਂ ਨੇਂ,
ਅਜ਼ਾਦ ਹਵਾ ਨੇ, ਬੇਫ਼ਿਕਰੀ ਦੀ—
ਲੋਰੀ ਦੇ ਪਰਚਾਈਆਂ ਨੇਂ।
ਕੁਝ ਨਾ ਹੁੰਦਿਆਂ ਭੀ ਸਭ ਕੁਝ ਹੈ,
ਜੀ ਠੰਢਾ, ਚਿਹਰਾ ਹਸਦਾ ਹੈ,
ਬੇਦਾਗ ਦਿਲਾਂ ਦੇ ਮੰਦਿਰ ਵਿਚ,
ਧੰਨੇ ਦਾ ਠਾਕੁਰ[1] ਵਸਦਾ ਹੈ।

ਦੋਹੜਾ

ਪਿੱਛਾ ਰਿਹਾ ਪਿਛਾਂਹ, ਅਗੇਤਾ ਦੂਰ ਬੜੀ ਹੈ,
ਹੁਣ ਦੀ ਕਰ ਸੰਭਾਲ, ਕੰਮ ਦੀ ਇਹੋ ਘੜੀ ਹੈ।

ਫਿਰਕੇਬਾਜ਼ ਨੂੰ

(ਰਾਗ ਭੀਮ)

ਬਾਬਾ ਜੀ ! ਹੁਣ ਤੇ ਜਾਣ ਦਿਓ,
ਕੋਈ ਸੁਖ ਦਾ ਸਾਹ ਭੀ ਆਣ ਦਿਓ। ਟੇਕ
1. ਤੁਸੀਂ ਮਸਲੇ ਘੜਦੇ ਓ ਬਹਿ ਬਹਿ ਕੇ,
ਉੱਜੜ ਗਈ ਖ਼ਲਕਤ ਖਹਿ ਖਹਿ ਕੇ,
ਔਝੜ[2] ਵਲ ਹੋਰ ਘਸੀਟੋ ਨਾ,

---
1. ਇਕ ਭਗਤ ਧੰਨਾ ਜਿਸ ਨੂੰ ਠਾਕੁਰ (ਪੱਥਰ ਦੇ ਰੂਪ) ਵਿਚੋਂ ਰੱਬ ਦੇ ਦੀਦਾਰ ਹੋਏ ਦੱਸੇ ਜਾਂਦੇ ਹਨ।
2. ਉਜਾੜ, ਪੁੱਠੇ ਰਾਹ।

ਸਾਨੂੰ ਅਸਲੀ ਮੰਜਲ ਮੁਕਾਣ ਦਿਓ।
ਬਾਬਾ ਜੀ ! ਹੁਣ ਤੇ...

2. ਮਤ ਮਾਰੀ ਗਈ ਏ ਸੁਣ ਸੁਣ ਕੇ,
ਮੁਰ ਲੱਥੇ (ਹਾਂ) ਸੂਲਾਂ ਚੁਣ ਚੁਣ ਕੇ,
ਹੁਣ ਹੋਰ ਪੁਆੜੇ ਫੇਰ ਸਹੀ,
ਸਾਨੂੰ ਅਗਲਾ ਕੰਮ ਭੁਗਤਾਨ ਦਿਓ।
ਬਾਬਾ ਜੀ ! ਹੁਣ ਤੇ...

3. ਸਾਨੂੰ ਨਵੇਂ ਸਲੋਕ ਸਿਖਾਓ ਨਾ,
ਭਾਈਆਂ ਦੇ ਸਿਰ ਪੜਵਾਓ ਨਾ,
ਏਹ ਮਿਰਚ ਮਸਾਲੇ ਰਹਿਣ ਦਿਓ,
ਦੁਨੀਆਂ ਨੂੰ 'ਖਾਣ ਕਮਾਣ ਦਿਓ।
ਬਾਬਾ ਜੀ ! ਹੁਣ ਤੇ...

4. ਫਿਰਕੇਦਾਰੀ ਤੋਂ ਮੋੜ ਨਹੀਂ,
ਪਰ ਅਜ ਕਲ ਇਸ ਦੀ ਲੋੜ ਨਹੀਂ,
ਏਨੂੰ ਫੇਰ ਕਦੇ ਲਈ ਸਾਂਭ ਛਡੋ,
ਸਾਨੂੰ ਘੁਟ ਘੁਟ ਜੱਫੀਆਂ ਪਾਣ ਦਿਓ।
ਬਾਬਾ ਜੀ ! ਹੁਣ ਤੇ...

5. ਕੁਝ ਤਰਸ ਕਰੋ, ਇਨਸਾਫ਼ ਕਰੋ,
ਖਲਕਤ ਨੂੰ ਹੁਣ ਤੇ ਮਾਫ਼ ਕਰੋ,
ਸਾਨੂੰ ਪਾੜ ਪਾੜ ਕੇ ਨਾ ਮਾਰੋਂ,
ਕਿਤੇ ਕੱਠਿਆਂ ਬਹਿ ਕੇ ਖਾਣ ਦਿਓ।
ਬਾਬਾ ਜੀ ! ਹੁਣ ਤੇ...

6. ਜਿਸ ਰੱਬ ਨੇ ਪਾਟਕ ਪਾਇਆ ਹੈ,
ਜਿਨ ਨਫਰਤ ਕਰਨ ਸਿਖਾਇਆ ਹੈ,
ਓਨੂੰ ਡੋਬ ਸਮੁੰਦਰ ਖਾਰੇ ਵਿਚ,
ਸਾਨੂੰ ਸਾਂਝਾ ਤੰਬੂ ਤਾਣ ਦਿਓ।
ਬਾਬਾ ਜੀ ! ਹੁਣ ਤੇ...

7. ਜੋ ਸਾਈਂ ਸਭ ਵਿਚ ਵਸਦਾ ਹੈ,
ਜੋ ਦਿਲ ਵਸ ਕਰਨੇ ਦਸਦਾ ਹੈ,
ਸਾਨੂੰ ਓਸ ਪ੍ਰੇਮ ਦੀ ਮੂਰਤ ਦੇ,
ਬੂਹੇ ਤੇ ਸੀਸ ਝੁਕਾਣ ਦਿਓ।
ਬਾਬਾ ਜੀ ! ਹੁਣ ਤੇ...

ਤੂੰ ਲਾਸਾਨੀ ਹੈਂ

ਗ਼ਜ਼ਲ

ਬਾਗੋਂ ਹਵਾ ਵਿਚ ਫੈਲਦੀ ਮਹਿਕ ਵਾਂਗਰ,

ਫਿਰੇ ਭਟਕਦਾ ਤੇਰਾ ਖਿਆਲ ਕਾਹਨੂੰ ?
ਤੂੰ ਤੇ ਸੂਹਜ ਸੁਰੂਪ ਸੰਸਾਰ ਦਾ ਹੈਂ,
ਹੋਵੇ ਫੇਰ ਤੇਰਾ ਮੰਦਾ ਹਾਲ ਕਾਹਨੂੰ ?
ਤੇਰੇ ਨਾਲ ਜਹਾਨ ਦੀਆਂ ਬਣਤਰਾਂ ਨੇਂ,
ਬੇਨਿਸ਼ਾਨ ਦਾ ਤੂੰਹੇਂ ਨਿਸ਼ਾਨ ਜਾਪੇਂ,
ਰਾਜ਼ਦਾਰ[1] ਹੋ ਕੇ ਰੱਬੀ ਕੁਦਰਤਾਂ ਦਾ,
ਫਿਰੇਂ ਲਟਕਦਾ ਮਹਿਮਾਂ ਦੇ ਨਾਲ ਕਾਹਨੂੰ ?
ਤੈਨੂੰ ਯਾਦ ਨਹੀਂ ਕਿ ਤੇਰੀ ਕਰਮ ਖੇਤੀ,
ਤੇਰੇ ਹਥਾਂ ਹੀ ਨੇਪਰੇ ਚਾੜ੍ਹਨੀ ਹੈ,
ਨਿਕਲ ਬਾਹਰ ਬੇਖਬਰੀ ਦੇ ਜਾਲ ਵਿਚੋਂ,
ਅੰਨ੍ਹੇ ਖੂਹਾਂ ਵਿਚ ਮਾਰਨਾ ਏਂ ਛਾਲ ਕਾਹਨੂੰ ?
ਜਾ ਜਾ ਬੂਹੀਂ ਬਿਗਾਨੀਂ ਕੀ ਲਿਲ੍ਹਕਨਾ ਏਂ ?
ਕਿੱਥੇ ਗਿਆ ਤੇਰਾ ਬੇਮਿਸਾਲ ਆਪਾ ?
ਆਪਣੇ ਜਲਵਿਆਂ ਤੋਂ ਕਰ ਲੈ ਨੂਰ ਪੈਦਾ,
ਤੈਥੋਂ ਵੱਖਰੀ ਹੋਵੇ ਮਸ਼ਾਲ ਕਾਹਨੂੰ ,
ਦੁਨੀਆਂ ਜਾਗ ਉੱਠੇ ਤੇਰੇ ਨਾਅਰਿਆਂ ਥੀਂ,
ਆਪਣੇ ਵਾਕ ਵਿਚ ਐਸੀ ਤਸੀਰ ਭਰ ਦੇ,
ਬਰਕਤ ਵਰ੍ਹੇ ਇਸ ਬਾਗ਼ ਦੇ ਬੂਟਿਆਂ ਤੇ,
ਤੇਰੀ ਸ਼ਾਨ ਨੂੰ ਆਵੇ ਜ਼ਵਾਲ[2] ਕਾਹਨੂੰ ?

ਸੰਭਲ ਕੇ

ਸੰਭਲ ਕੇ ਪੈਰ ਧਰ, ਪਾਂਧੀ !
ਏ ਧਰਤੀ ਓ ਅਜ਼ਾਬਾਂ[3] ਦੀ,
ਅਜ਼ਾਬਾਂ ਬੇਹਿਸਾਬਾਂ ਦੀ,
ਏ ਦੁਨੀਆਂ ਇਨਕਲਾਬਾਂ ਦੀ।
ਚਮਕਦੇ ਜ਼ੱਰਿਆਂ ਨੂੰ ਚਾ ਕੇ,
ਧਰਤੀ ਤੋਂ, ਹਵਾ ਹੱਸੀ,
ਏ ਮਿੱਟੀ ਉਡ ਖਲੋਤੀ ਹੈ,
ਰੁਝੇ ਹੋਏ ਆਫਤਾਬਾਂ[4] ਦੀ।
ਗਲੇਡੂ ਭਰ, ਖਿਜ਼ਾਂ ਬੋਲੀ,
ਦਊਦੀ[5] ਤੇ ਹਜ਼ਾਰੇ[6] ਨੂੰ,

---

1. ਭੇਤ ਜਾਨਣ ਵਾਲਾ। 2. ਘਾਟਾ, ਅਵ੍ਨਤੀ। 3. ਮੁਸੀਬਤ। 4. ਸੂਰਜ।
5. ਸਰਦੀਆਂ ਵਿਚ ਖਿੜਨ ਵਾਲੇ ਅਨੇਕ ਰੰਗਾਂ ਦੇ ਫੁੱਲਾਂ ਵਾਲਾ ਬੂਟਾ। 6. ਹਜ਼ਾਰ ਪੰਖੜੀਆਂ ਵਾਲਾ ਗੇਂਦਾ।

ਚਲੋ, ਕਰੀਏ ਚਮਨ ਖਾਲੀ,
ਬਹਾਰ ਆਈ ਗੁਲਾਬਾਂ ਦੀ।
ਖੁਦੀ ਦੇ ਲੋਰ ਵਿਚ, ਦੁਨੀਆਂ,
ਨਹੀਂ ਦਿਸਦੀ ਦਿਵਾਨੇ ਨੂੰ,
ਕੋਈ ਦਿਨ ਦੀ ਪਰਾਹੁਣੀ ਹੈ,
ਏ ਬਦਮਸਤੀ ਸ਼ਰਾਬਾਂ ਦੀ।
ਸਿਕੰਦਰ ਦੀ ਤਲੀ ਖ਼ਾਲੀ,
ਕਹੀ ਜਾਂਦੀ ਸੀ ਖ਼ਲਕਤ ਨੂੰ,
ਨਾ ਦੇਵੇ ਸਾਥ, ਤੁਰਦੀ ਵਾਰ,
ਦੌਲਤ ਕਾਮਯਾਬਾਂ ਦੀ।
ਹਰੇ ਹੋਏ ਪਾਂਡਵਾਂ ਦੇ ਦਿਨ—
ਫਿਰੇ ਤਕ ਕੇ, ਕਜ਼ਾ ਕੂਕੀ,
ਏ ਸ਼ਾਹੀ ਭੀ ਬਣੀ ਰਹਿ ਜਾਇਗੀ—
ਜ਼ੀਨਤ[1] ਕਿਤਾਬਾਂ ਦੀ।
ਹੁਸਨ ਤੇ ਇਸ਼ਕ ਦੀਆਂ ਛੇੜਾਂ,
ਖੜੀ ਤਕਦੀਰ ਤਕਦੀ ਸੀ,
ਉਡੇਗੀ ਖ਼ਾਕ ਓੜਕ ਨੂੰ,
ਦੁਹਾਂ ਖ਼ਾਨਾ-ਖ਼ਰਾਬਾਂ[2] ਦੀ।
ਮੈਂ ਜ਼ਾਹਿਦ-ਰਿੰਦ[3], ਦਾਨਾ-ਮੂੜ੍ਹ,
ਸੂਫੀ-ਮਸਤ ਸਭ ਕੁਝ ਜੇ,
ਨਾ ਫੋਲੋ ਦੋਸਤੋ ! ਬੁਚਕੀ—
ਮੇਰੇ ਅੰਬਾਂ ਸਵਾਬਾਂ[4] ਦੀ।

ਪੇਟ ਦੇ ਪੁਜਾਰੀਆ !

ਪੇਟ ਦੇ ਪੁਜਾਰੀਆ ! ਓ ਰੱਬ ਦਿਆਂ ਝੋਟਿਆ !
ਭੱਠ ਵਾਂਗ ਭੁੱਖੜਾ ! ਭੜੋਲੇ ਵਾਂਗ ਮੋਟਿਆ !
'ਦੇਈਂ ਦੇਈਂ ਦੇਈਂ ਦੀ ਦੁਹਾਈ ਪਾਣ ਵਾਲਿਆ !
ਰੱਬ ਨੂੰ ਵੀ ਲੁੱਟ ਲੁੱਟ ਖਾਈ ਜਾਣ ਵਾਲਿਆ ?
ਮੰਦਰੇ, ਮਸੀਤੇ, ਧਰਮਸਾਲ ਜਦੋਂ ਜਾਏਂ ਤੂੰ,
ਨੱਕ ਗੋਡਾ ਏਸੇ ਪੇਟ ਵਾਸਤੇ ਘਸਾਏ ਤੂੰ !
ਅੱਗੇ ਤੋਂ ਅਗੇਰੇ, ਹੱਥ ਹਿਰਸ ਦਾ ਵਧਾਨਾ ਏਂ,
ਪਾਣੀ ਉੱਤੇ ਤੇਲ ਵਾਂਗ ਪੱਸਰਦਾ ਜਾਨਾ ਏਂ।

1. ਸਜਾਵਟ। 2. ਘਰ ਦਾ ਨਾਸ਼ ਕਰਨ ਵਾਲੇ। 3. ਤਪੀ ਤੇ ਸ਼ਰਾਬੀ। 4. ਪੁੰਨਾਂ।

ਅੱਜ ਘੋੜਾ ਗੱਡੀ ਏ, ਕੱਲ ਮੰਗੇਂ ਕਾਰ ਤੂੰ,
ਤੀਜੇ ਦਿਨ ਏਸ ਤੋਂ ਵੀ ਹੋਵੇਂ ਅਵਾਜ਼ਾਰ ਤੂੰ।
ਮਿੰਬਰੀ ਤੋਂ ਕੌਂਸਲ, ਤੇ ਕੌਂਸਲੋਂ ਅਸੰਬਲੀ,
ਭਾਰੀ ਹੁੰਦੀ ਜਾਏ, ਜਿੰਨੀ ਭਿੱਜੇ ਤੇਰੀ ਕੰਬਲੀ।
ਰੱਬ ਜਾਣੇ, ਕੇਡਾ ਤੇਰੀ ਹਿਰਸ ਦਾ ਮੁਨਾਰਾ ਏ,
ਕਿੱਥੇ ਤੇਰੀ ਕਾਮਨਾ ਦੇ ਸਿੰਧੁ ਦਾ ਕਿਨਾਰਾ ਏ।
ਜਿਹੜਾ ਤੇਰੇ ਲਾਗੇ ਲੱਗਾ, ਓਹੋ ਗਿਆ ਰੰਗਿਆ,
ਚਸਕਿਆਂ ਦੇ ਨਾਗ ਨੇ ਕਬੀਲਾ ਸਾਰਾ ਡੰਗਿਆ।
ਤੀਵੀਂ ਏ ਤੇ ਫ਼ੈਸ਼ਨਾਂ ਦੇ ਥੱਲੇ ਗਈ ਘੁੱਟੀ ਏ,
ਭੋਲੀ ਭਾਲੀ ਦੇਵੀ ਦੀ ਤੂੰ ਆਬ ਰੋਲ ਸੁੱਟੀ ਏ।
ਦਿਲ ਉਹਦਾ ਰੱਬ ਦੇ ਪਿਆਰ ਦਾ ਖ਼ਜ਼ਾਨਾ ਏ,
ਤੈਨੂੰ ਉਹਦੇ ਮਾਣਨ ਦਾ ਮਿਲ ਗਿਆ ਬਹਾਨਾ ਏ।
ਭੰਨ ਤੋੜ ਸੁੱਟਿਆ ਤੂੰ ਕੁਦਰਤੀ ਸੁਗਾਤ ਨੂੰ,
ਝੋਕ ਦਿੱਤਾ ਅੱਗ ਵਿਚ ਉਹਦੇ ਜਜ਼ਬਾਤ ਨੂੰ।
ਬੱਚਿਆਂ ਨੂੰ ਚੰਦਰੀਆਂ ਚਾਟਾਂ ਤੂੰ ਲਗਾਈਆਂ,
ਦੇਸਾਂ ਪਰਦੇਸਾਂ ਦੀਆਂ ਚੌੜਾਂ[1] ਚੰਬੜਾਈਆਂ।
ਤਰਸ ਤਰਸ ਲੋਕ ਜਿਨ੍ਹਾਂ ਨਜਾਮਤਾਂ ਨੂੰ ਪਾਂਦੇ ਨੇਂ,
ਤੇਰੇ ਨੌਨਿਹਾਲ ਚੱਖ ਚੱਖ ਥੁੱਕੀ ਜਾਂਦੇ ਨੇਂ।
ਤੁਰਨ ਜੋਗੇ ਛੱਡੇ ਨਹੀਂ ਊਂ ਨਾਲ ਸੰਸਾਰ ਦੇ,
ਹੋ ਗਏ ਸ਼ਿਕਾਰ ਤੇਰੇ ਫੂੱਕਲੇ ਪਿਆਰ ਦੇ।
ਟਾਹਣੀ ਵਾਂਗ ਕੂਲਾ ਸੀ ਮਸੂਮ ਦਿਲ, ਬਾਲਾਂ ਦਾ,
ਖਾ ਗਏ ਫਟਾਕਾ ਤੇਰੇ ਆਤਸ਼ੀ ਖ਼ਿਆਲਾਂ ਦਾ।
ਦੇਸ ਤੇ ਬਹਾਰ ਸੀ ਲਿਆਣੀ ਜਿਨ੍ਹਾਂ ਫੁੱਲਾਂ ਨੇ,
ਝੁਲਸ ਦਿੱਤਾ ਉਨ੍ਹਾਂ ਨੂੰ ਅਯਾਸ਼ੀ ਦੇ ਪੜੁੱਲਾਂ[2] ਨੇ।
ਅੱਠੇ ਪਹਿਰ ਮਰਨਗੇ ਤਾਂ ਰੀਝਾਂ ਮਸਾਂ ਲਾਹਣਗੇ,
ਕਿਹੜੀ ਘੜੀ ਭੰਨ ਕੇ, ਓਹ ਦੇਸ਼ ਨੂੰ ਬਚਾਣਗੇ ?
ਖੱਟੀ ਦਿਆ ਭੁੱਖਿਆ ! ਏ ਚੰਗੇ ਰੰਗ ਲਾਏ ਨੀਂ,
ਹਿਰਸ ਦੇ ਪਹਾੜ ਕੇਡੇ ਉੱਚੇ ਚਾ ਬਣਾਏ ਨੀਂ।
ਹੋ ਜਾ ਅੱਖੋਂ ਦੂਰ, ਐਵੇਂ ਗੁੱਸਾ ਕੀ ਚੜ੍ਹਾਨਾ ਏਂ,
ਰੱਬ ਨੂੰ ਵੀ ਮੂਰਖਾ ! ਤੂੰ ਅੰਨ੍ਹਿਆਂ ਬਣਾਨਾ ਏਂ ?
ਸੌ ਨੂੰ ਭੁੱਖਾ ਮਾਰ, ਤੈਨੂੰ ਕੱਲੇ ਨੂੰ ਰਜਾਏਗਾ ?
ਕਿੰਨਾ ਚਿਰ ਤੇਰੀ ਉਹ ਲਿਹਾਜ ਕਰੀ ਜਾਏਗਾ ?
ਰੱਬ ਨੂੰ ਜੇ ਸੱਚ ਮੁੱਚ ਰੱਬ ਹੀ ਪਛਾਣਦੋਂ,

1. ਖ਼ਰਾਬ ਕਰਨ ਵਾਲੀਆਂ। 2. ਸਹਾਰੇ।

ਫੇਰ ਦਾਤ ਓਸਦੀ ਨੂੰ ਵਰਤਣਾ ਭੀ ਜਾਣਦੋਂ।
ਖਾਂਦੋਂ ਕੁਝ ਆਪ, ਕੁਝ ਹੋਰਾਂ ਨੂੰ ਖੁਆਉਂਦੋਂ,
ਸੱਧਰਾਂ ਦੇ ਢੇਰ ਵੇਖ ਚਾਖ ਕੇ ਬਣਾਉਂਦੋਂ।
ਰੱਬ ਤੇਰੈ ਭਾਣੇ ਪਰ ਜੀਉਂਦਾ ਹੀ ਮਰ ਗਿਆ,
ਧਰਤਿ ਦੀ ਹਕੂਮਤ ਹਵਾਲੇ ਤੇਰੇ ਕਰ ਗਿਆ।

ਕਿਉਂ ?

(ਕਾਫੀ)

ਫਸ ਕੇ ਖ਼ਿਆਲੀ ਗੋਰਖਧੰਦੀਂ[1],
ਫਾਹੀਆਂ ਗਲ ਵਿਚ ਪਾਨਾ ਏਂ ਕਿਉਂ ?
ਖੁਲ੍ਹੀ ਸੜਕ ਜਰਨੈਲੀ ਹੁੰਦਿਆਂ,
ਪਗਡੰਡੀਆਂ ਵਲ ਜਾਨਾ ਏਂ ਕਿਉਂ ?

1. ਇਕ ਬੂਹੇ ਜੇ ਬਹਿ ਜਾਏਂ ਡਟ ਕੇ,
ਸੁਰਤ ਤੇਰੀ ਕਿਉਂ ਥਾਂ ਥਾਂ ਭਟਕੇ,
ਦੇਖ ਪਰਾਈਆਂ ਗੰਢ ਗੁਥਲੀਆਂ,
ਜੀ ਆਪਣਾ ਤਰਸਾਨਾ ਏਂ ਕਿਉਂ?

2. ਦੁਨੀਆਂ ਨਾਲ ਨਾ ਰੁਸ ਰੁਸ ਬਹੁ ਤੂੰ,
ਲੀਹਾਂ ਨਾਲ ਨਾ ਉਲਝਿਆ ਰਹੁ ਤੂੰ,
ਰੱਬ ਦੀਆਂ ਚਸ਼ਮਾਂ ਦੇ ਵਿਚ ਵੱਸ ਕੇ,
ਅੱਖੀਆਂ ਪਿਆ ਚੁਰਾਨਾ ਏ ਕਿਉਂ ?

3. ਸਚਿਆਈ ਦਾ ਪੱਲਾ ਫੜ ਕੇ,
ਬੈਠਾ ਏਂ ਮੂੰਹ ਤੇ ਜੰਦਰਾ ਜੜ ਕੇ,
ਤਕ ਕੇ ਪਿਆ ਹਨੇਰ ਚੁਫੇਰ,
ਚਮਕਣ ਤੋਂ ਘਬਰਾਨਾ ਏਂ ਕਿਉਂ ?

4. ਹਿੰਮਤ ਤੇਰੀ ਨਦੀਆਂ ਮੋੜੇ,
ਅਕਲ ਤੇਰੀ ਤਕਦੀਰਾਂ ਜੋੜੇ,
ਸਾਰੇ ਜਗ ਦੀ ਜ਼ੀਨਤ[2] ਹੋ ਕੇ,
ਆਪਣਾ ਆਪ ਲੁਕਾਨਾ ਏਂ ਕਿਉਂ ?

5. ਹਥ ਤੇ ਸਰਹੋਂ ਉਗਾ ਕੇ ਦਸ ਦੇ,
ਨਵਾਂ ਬਹਿਸ਼ਤ ਬਣਾ ਕੇ ਦਸ ਦੇ,
ਚੰਨਣ[3] ਬੂਟਾ ਬਣ ਵਿਚ ਹੋ ਕੇ,
ਮਹਿਕਣ ਤੋਂ ਸ਼ਰਮਾਨਾ ਏਂ ਕਿਉਂ ?

---

1. ਉਲਝੇਵੇਂ ਵਿਚ। 2. ਸੋਭਾ, ਸਜਾਵਟ।
3. ਇਕ ਸੁਗੰਧੀ ਵਾਲਾ ਬ੍ਰਿਛ ਜਿਸ ਦੀ ਸੁਗੰਧੀ ਨਾਲ ਉਸ ਜੰਗਲ ਦੇ ਹੋਰ ਬੂਟੇ ਸੁਗੰਧਿਤ ਹੋ ਜਾਂਦੇ ਹਨ।

6. ਤੂੰ ਦੁਨੀਆਂ ਦਾ, ਦੁਨੀਆਂ ਤੇਰੀ,
ਜੋ ਹੈਗਾ ਈ ਕਰ ਦੇ ਢੇਰੀ,
ਪਰਵਾਨੇ ਦੀ ਜੂਨੇ ਪੈ ਕੇ,
ਖੇਖਨ ਪਿਆ ਬਣਾਨਾ ਏਂ ਕਿਉਂ ?

7. ਪ੍ਰੇਮ-ਗਲੀ ਵਿਚ ਖੂਨ ਵਹਾ ਦੇ,
ਬਿਜਲੀ ਵਾਂਗ ਕਰੰਟ ਦੁੜਾ ਦੇ,
ਭਰੀ ਸੁਰਾਹੀ ਨੂੰ ਉਲਟਾ ਦੇ,
ਚੁਲੀ ਚੁਲੀ ਵਰਤਾਨਾ ਏਂ ਕਿਉਂ ?

8. ਤਰਦਾ ਰਹੁ, ਨਾ ਢੂੰਡ ਕਿਨਾਰਾ,
ਦੂਜਿਆਂ ਦੇ ਕੰਮ ਆ ਜਾ ਸਾਰਾ,
ਖਾਰ ਚੁਭਣ ਦੇ ਮਹਿਕ ਲੁਟਾਂਦਿਆਂ,
ਫੁਲ ਦਾ ਫਰਜ ਭੁਲਾਨਾ ਏਂ ਕਿਉਂ ?

ਕੀ ਲੈਣਾ ਈ ਓਧਰ ਜਾ ਕੇ

(ਗੀਤ)

1. ਮੈਨੂੰ ਤੇ ਕੋਈ ਫਰਕ ਨਾ ਭਾਸੇ,
ਵੇਖ ਚੁਕੇ ਹਾਂ ਦੋਵੇਂ ਪਾਸੇ,
ਸੌ ਵਾਰੀ ਪਰਤਾ ਕੇ।
ਕੀ ਲੈਣਾ ਈ ਓਧਰ ਜਾ ਕੇ ?

2. ਇਕ ਕਿਨਾਰਿਓਂ ਦੂਆ ਕਿਨਾਰਾ,
ਸਮਝਦੀਆਂ ਹਨ ਪਿਆਰਾ ਪਿਆਰਾ,
ਅੱਖੀਆਂ ਧੋਖਾ ਖਾ ਕੇ,
ਕੀ ਲੈਣਾ ਈ ਓਧਰ ਜਾ ਕੇ ?

3. ਓਥੇ ਈ ਪਿਛਲੀ ਵਾਰ ਗਏ ਸਾਂ,
ਫੇਰ ਇਧਰ ਹੀ ਆਣ ਰਹੇ ਸਾਂ,
ਰੌਲਿਆਂ ਤੋਂ ਘਬਰਾ ਕੇ,
ਕੀ ਲੈਣਾ ਈ ਓਧਰ ਜਾ ਕੇ ?

4. ਅਜ਼ਮਾਈਆਂ ਨੂੰ ਕਿਉਂ ਅਜ਼ਮਾਈਏ ?
ਆ ਕੋਈ ਸਜਰੀ ਪੀਂਘ ਚੜ੍ਹਾਈਏ,
ਨਵਾਂ ਹਿੰਡੋਲਾ ਪਾ ਕੇ,
ਕੀ ਲੈਣਾ ਈ ਓਧਰ ਜਾ ਕੇ ?

5. ਐਥੇ ਈ ਵੱਸੀਏ, ਐਥੇ ਹੀ ਰਹੀਏ,
ਪਾਰਲਿਆਂ ਨੂੰ ਭੀ ਸੱਦ ਲਈਏ,
ਸਾਂਝੀ ਰੌਣਕ ਲਾ ਕੇ,
ਕੀ ਲੈਣਾ ਈ ਓਧਰ ਜਾ ਕੇ ?

6. ਪਾਰ ਗਿਆਂ ਜੋ ਜੋ ਸਨ ਲੱਭੇ,
ਏਥੇ ਹੀ ਆ ਮਿਲਨੇ ਹਨ ਸੱਭੇ,
ਚੋਲੇ ਹੋਰ ਵਟਾ ਕੇ,
ਕੀ ਲੈਣਾ ਈ ਓਧਰ ਜਾ ਕੇ ?

ਜੀਵਨ ਪੰਧ

ਕਮਰ ਕੱਸ ਪਾਂਧੀ ਓ ਬੇਗਮ ਨਗਰ[1] ਦੇ !
ਸਫ਼ਰ ਹੈ ਦੂਰ ਦਾ, ਤੱਯਾਰ ਹੋ ਜਾ,
ਨਿਕਲ ਗਿਆ ਕਾਫ਼ਲਾ ਹੁਸ਼ਯਾਰ ਹੋ ਜਾ।
ਚੜ੍ਹਾਈ ਹੈ ਬੜੀ ਦੁਸ਼ਵਾਰ[2] ਤੇਰੀ,
ਹੈ ਮੰਜਿਲ ਤਾਰਿਆਂ ਤੋਂ ਭੀ ਉਚੇਰੀ।
ਨਾ ਕੋਈ ਭਾਰ ਮੋਢੇ ਤੇ ਉਠਾਵੀਂ,
ਚਮਨ ਦੀ ਮਹਿਕ ਤਕ ਨਾ ਨਾਲ ਚਾਵੀਂ,
ਸੁਆਰਥ ਹੋਇਗਾ ਜੋ ਨਾਲ ਤੇਰੇ,
ਉਠਾਣੇ ਪੈਰ ਕਰ ਦੇਗਾ ਉਖੇਰੇ।
ਮੁਕਾ ਦੇ ਦੁਖ ਸੁਖਾਂ ਦੀ ਚਾਹਨਾ ਨੂੰ,
ਚੁਕਾ ਦੇ ਕਰਮ ਫਲ ਦੀਆਂ ਕਾਮਨਾ ਨੂੰ,
ਹਵਾੜਾਂ ਵਾਂਗ ਹੌਲਾ ਹੋ ਕੇ ਚੜ੍ਹ ਜਾ,
ਮਿਟਾ ਘੇਰੇ ਨੂੰ ਨੁਕਤੇ ਵਤ ਸੁਕੜ ਜਾ।
ਪਰ ਇਸ ਨੁਕਤੇ ਦੀ ਹਸਤੀ ਨਾ ਮਿਟਾਵੀਂ,
ਕਿਸੇ ਮੁਲ ਤੋਂ ਭੀ ਇਸ ਨੂੰ ਨਾ ਗੁਆਵੀਂ,
ਜੇ ਤੂੰ ਹੋਇਓਂ ਤਾਂ ਹੈ ਸੰਸਾਰ ਤੇਰਾ,
ਹੈ ਤੇਰਾ ਮਰਤਬਾ[3] ਸਭ ਤੋਂ ਉਚੇਰਾ।
ਤੂੰ ਜਦ ਤਕ ਜ਼ੁਜ਼[4] ਹੈਂ ਕੁਲ ਦਾ ਹੈਂ ਨਜ਼ਾਰਾ।
ਹੈਂ ਕਤਰੇ ਵਿਚ ਸਮੁੰਦਰ ਕੈਦ ਸਾਰਾ।
ਦਲੀਜਾਂ ਵਿਚ ਖੜਾ ਰਖ ਤਾਂਘ ਜਾਰੀ,
ਇਹੋ ਹੈ ਬੰਦਗੀ ਦੀ ਪਾਸਦਾਰੀ।

ਚੱਲ ਚਲੀਏ ਔਸ ਕਿਨਾਰੇ

(ਗੀਤ)

1. ਇਸ ਪਾਸੇ ਦੀ ਮੌਜ ਬੜੀ ਹੈ,
ਪਰ ਤਕ ਤਕ ਕੇ ਭਰ ਗਿਆ ਜੀ ਹੈ-

---

1. ਅਜਿਹੀ ਆਤਮਕ ਅਵੱਸਥਾ ਜਿਸ ਵਿਚ ਕੋਈ ਚਿੰਤਾ ਨਹੀਂ ਪੈਂਦੀ। 2. ਔਖੇ। 3. ਪਦਵੀ, ਅਹੁਦੇ। 4. ਹਿਸਾ।

ਮੁੜ ਮੁੜ ਉਹੋ ਨਜ਼ਾਰੇ,
ਚਲ ਚਲੀਏ ਔਸ ਕਿਨਾਰੇ।

2. ਪਾਰ ਚਲਣ ਵਿਚ ਕਾਹਦਾ ਡਰ ਹੈ ?
ਓਧਰ ਕੋਈ ਬਿਗਾਨਾ ਘਰ ਹੈ ?
ਜਾਂਦੇ ਪਏ ਹਨ ਸਾਰੇ,
ਚਲ ਚਲੀਏ ਔਸ ਕਿਨਾਰੇ।

3. ਖਬਰੇ ਓਧਰ ਕੀ ਲਭਦਾ ਹੈ ?
ਜੋ ਜਾਂਦਾ ਹੈ, ਟਿਕ ਜਾਂਦਾ ਹੈ,
ਪਿਛਾਂ ਨਾ ਝਾਤੀ ਮਾਰੇ,
ਚਲ ਚਲੀਏ ਔਸ ਕਿਨਾਰੇ।

4. ਨਵੇਂ ਜਗਤ ਦੀਆਂ ਨਵੀਆਂ ਬਾਤਾਂ,
ਖਬਰੇ ਕੀ ਕੀ ਮਿਲਣ ਸੁਗਾਤਾਂ,
ਵਿਛੜੇ ਹੋਏ ਪਿਆਰੇ,
ਚਲ ਚਲੀਏ ਔਸ ਕਿਨਾਰੇ।

5. ਭਾਰ ਕਿਸੇ ਤੇ ਮੂਲ ਨਾ ਪਾਂਗੇ,
ਹੌਲੀ ਹੌਲੀ ਤੁਰੇ ਚਲਾਂਗੇ,
ਆਪਣੇ ਆਪ ਸਹਾਰੇ,
ਚਲ ਚਲੀਏ ਔਸ ਕਿਨਾਰੇ।

6. ਪਰਲੇ ਪਾਸੇ ਤੁਰ ਫਿਰ ਲਾਂਗੇ,
ਦੇਖ ਦਿਖਾ ਕੇ ਮੁੜ ਆ ਜਾਂਗੇ,
ਭਲਕੇ ਇਸੇ ਕਿਨਾਰੇ,
ਚਲ ਚਲੀਏ ਔਸ ਕਿਨਾਰੇ।

ਭੈੜਾ ਜੀ

1. ਇਸ ਜੀ ਭੈੜੇ ਦਾ ਕੀ ਕਰੀਏ ?
ਜਿਸ ਨੂੰ ਕੋਈ ਦਾਰੂ ਪਚਦਾ ਨਹੀਂ,
ਭੱਠ ਪਏ ਚਣੇ ਸੜ ਜਾਣੇ ਨੂੰ,
ਕੋਈ ਜੀ ਪਰਚਾਵਾ ਜਚਦਾ ਨਹੀਂ,
ਮੈਂ ਸਾਰੇ ਪਾਪੜ ਵੇਲ ਚੁਕਾ,
ਪਰ ਚੌ[1] ਕਰਕੇ ਨਾ ਬੈਠਾ ਜੀ।

2. ਇਸ ਪਾਪੀ ਦੇ ਪਰਚਾਣ ਲਈ,
ਸੌ ਸੌ ਸ਼ਤਰੰਜ ਖਿਲਾਰੀ ਮੈਂ,

---
1. ਅਰਾਮ, ਟਿਕਾ।

ਕੋਈ ਸੀਤਲ ਕੁਟੀਆ ਭਾਲਦਿਆਂ,
ਗਾਹ ਮਾਰੀ ਦੁਨੀਆਂ ਸਾਰੀ ਮੈਂ।
ਸਾਗਰ, ਪਰਬਤ, ਜੰਗਲ ਛਾਣੇ,
ਪਰ ਚੌ ਕਰਕੇ ਨਾ ਬੈਠਾ ਜੀ।

3. ਇੰਦਰ ਦੀ ਮਹਿਫਲ ਲਾ ਲਾ ਕੇ,
ਪਰੀਆਂ ਦੇ ਨਾਚ ਵਿਖਾਏ ਮੈਂ,
ਹਲਵੇ ਪਕਵਾਨ ਖੁਆਏ ਮੈਂ,
ਅੰਗੂਰੀ ਜਾਮ ਪਿਆਏ ਮੈਂ,
ਕੋਈ ਹਸਰਤ ਬਾਕੀ ਨਾ ਛੱਡੀ,
ਪਰ ਚੌ ਕਰਕੇ ਨਾ ਬੈਠਾ ਜੀ।

4. ਇਸ ਲੋਭੀ ਖ਼ਾਤਰ, ਲੁੱਟ ਲੁੱਟ ਕੇ,
ਸੋਨੇ ਦੇ ਢੇਰ ਲਗਾਏ ਮੈਂ,
ਮਿਤਰਾਂ ਦੇ ਲਹੂ ਨਚੋੜੇ ਮੈਂ,
ਭਾਈਆਂ ਦੇ ਗਲ ਕਟਵਾਏ ਮੈਂ,
ਜਿਸ ਜਤਨ ਜੁੜੀ, ਮੈਂ ਲੈ ਆਂਦੀ,
ਪਰ ਚੌ ਕਰਕੇ ਨਾ ਬੈਠਾ ਜੀ।

5. ਮੈਂ ਇਸ ਦੀ ਸ਼ਾਨ ਵਧਾਣ ਲਈ,
ਪਹੁੰਚਾਇਆਂ ਰਾਜ-ਦੁਆਰਾਂ ਵਿਚ,
ਲਖਪਤੀਆਂ ਨੂੰ ਖੜਿਆਂ ਕੀਤਾ,
ਇਸ ਦੇ ਜੋੜੇ-ਬਰਦਾਰਾਂ[1] ਵਿਚ,
ਨਵਾਬਾਂ ਦੇ ਸਿਰ ਖ਼ਮ[2] ਕੀਤੇ,
ਪਰ ਚੌ ਕਰਕੇ ਨਾ ਬੈਠਾ ਜੀ।

6. ਇਸ ਵਹਿਸ਼ੀ ਖ਼ਾਤਰ ਜਾ ਧਸਿਆ,
ਮੈਂ ਖੜਕਦੀਆਂ ਤਲਵਾਰਾਂ ਵਿਚ,
ਸੰਗਿਆ ਨਾ ਪਰਬਤ ਚੀਰਨ ਤੋਂ,
ਕੁੱਦ ਪਿਆ ਤੁਫਾਨੀ ਧਾਰਾਂ ਵਿਚ,
ਜੋ ਨਾਚ ਨਚਾਏ, ਨਚਿਆਂ ਮੈਂ,
ਪਰ ਚੌ ਕਰਕੇ ਨਾ ਬੈਠਾ ਜੀ।

7. ਚੰਚਲ ਪਾਰੇ[3] ਨੂੰ ਬੰਨ੍ਹਣ ਲਈ,
ਚਤੁਰਾਈ ਸਾਰੀ ਘੋਲੀ ਮੈਂ,
ਸੂਫ਼ੀ ਦੇ ਖੀਸੇ ਟੋਹੇ ਮੈਂ,
ਗਜਾਨੀ ਦੀ ਗੰਢੜੀ ਫੋਲੀ ਮੈਂ,

---

1. ਜੁੱਤੀਆਂ ਝਾੜਨ ਵਾਲੇ। 2. ਝੁਕਾਏ। 3. ਰਨ ਦੀ ਚੰਚਲਤਾ (ਪਾਰੇ ਦੇ ਕਾਬੂ ਨਾ ਆਉਣ ਤੋਂ)।

ਕੀੜਾ ਬਣ ਗਿਆ ਕਿਤਾਬਾਂ ਦਾ,
ਪਰ ਚੌਂ ਕਰਕੇ ਨਾ ਬੈਠਾ ਜੀ।

8. ਜਾ ਵਸਤੀ ਵਿਚ ਜੀ ਨਾ ਟਿਕਿਆ,
ਮੈਂ ਅਜ਼ਮਾਇਆ ਵੀਰਾਨੇ ਨੂੰ,
ਸੀਨੇ ਵਿਚ ਜੋਤ ਜਗਾ ਦਿੱਤੀ,
ਇਸ ਬੇਸਿਦਕੇ ਪਰਵਾਨੇ ਨੂੰ,
ਜਲਵੇ ਦਿਖਲਾਏ ਤੂਰਾਂ[1] ਦੇ,
ਪਰ ਚੌਂ ਕਰਕੇ ਨਾ ਬੈਠਾ ਜੀ।

9. ਬਾਜ਼ਾਰ ਹੁਸਨ ਦੇ ਲਾਏ ਮੈਂ,
ਜੋਬਨ ਦੇ ਜਾਮ ਚੜ੍ਹਾਏ ਮੈਂ,
ਨਾਗਾਂ ਨੂੰ ਕੀਲਣ ਮੈਂ ਸਿਖਿਆ,
ਹਰਨਾਂ ਨੂੰ ਸੰਗਲ ਪਾਏ ਮੈਂ,
ਮੈਂ ਕਾਮਨ[2] ਪਾਏ ਕਲੀਆਂ ਨੂੰ,
ਪਰ ਚੌਂ ਕਰਕੇ ਨਾ ਬੈਠਾ ਜੀ।

10. ਦੌਲਤ ਦੇ ਦਾਮ ਖਿਲਾਰੇ ਮੈਂ,
ਮਿਹਨਤ ਦੇ ਮਹਿਲ ਪੁਆਏ ਮੈਂ,
ਪਰਭਾਤ, ਦੁਪਹਿਰ, ਤਿਕਾਲਾਂ ਦੇ,
ਗਹੁ ਨਾਲ ਮਜ਼ੇ ਅਜ਼ਮਾਏ ਮੈਂ,
ਗਰਮੀ ਦੇਖੀ, ਸਰਦੀ ਦੇਖੀ,
ਪਰ ਚੌਂ ਕਰਕੇ ਨਾ ਬੈਠਾ ਜੀ।

11. ਕੁਝ ਨਾ ਹੁੰਦਿਆਂ ਭੀ ਹੋ ਜਾਵਣ ਲਈ,
ਸੌ ਸੌ ਸਾਂਗ ਉਤਾਰੇ ਮੈਂ,
ਕਦੀ ਆਹ ਬਣਿਆ, ਕਦੀ ਔਹ ਬਣਿਆ,
ਲੈ ਲੈ ਕੇ ਖੰਭ ਉਧਾਰੇ ਮੈਂ,
ਸਭ ਕੁਝ ਬਣ ਕੇ ਜਦ ਕੁਝ ਨਾ ਰਿਹਾ,
ਤਦ ਚੌਂ ਕਰਕੇ ਜਾ ਬੈਠਾ ਜੀ।

ਦੋਹੜਾ

ਅੰਦਰ ਵੜ ਵੜ ਡੁਸਕਦਿਆਂ[3] ! (ਤੂੰ) ਕੀ ਗਲ ਪਾ ਲਏ ਝੇੜੇ ?
ਲੰਮੀਆਂ ਮੰਜਲਾਂ (ਦੇ) ਲੰਮੇ ਗੇੜੇ, (ਤੈਥੋਂ) ਜਾਣੇ ਨਹੀਂ ਨਿਬੇੜੇ।
ਉਠ, ਚਲ ਬਹੀਏ, ਇਕਲਵਾਜੇ, (ਜਿਥੇ) ਪਹੁੰਚ ਨਾ ਸਕਣ ਬਖੇੜੇ[4]।
ਪਿਛਾਂਹ ਅਗਾਹ ਦੀਆਂ ਰਹਿਣ ਨਾ ਝਾਕਾਂ, (ਤੈਨੂੰ) ਦੋਵੇਂ ਜਾਪਣ ਨੇੜੇ।

---

1. ਪਹਾੜ ਕੋਹਤੂਰ ਜਿਥੇ ਮੂਸਾ ਨੂੰ ਰੱਬ ਦੇ ਦਰਸ਼ਨ ਹੋਏ ਮੰਨੇ ਜਾਂਦੇ ਹਨ। 2. ਟੂਣੇ, ਜਾਦੂ। 3. ਹਟਕੋਰੇ ਭਰਦਿਆਂ। 4. ਝਗੜੇ।

ਜੀਵਨ ਜੋਤ

(ਗਜ਼ਲ)

ਜਗਤ ਵਿਚ ਜੀ ਕੇ, ਜਿਉਂਦਾ ਰਹਿਣ ਦੇ ਸਮਾਨ ਪੈਦਾ ਕਰ,
ਜੋ ਮਰ ਕੇ ਭੀ ਅਮਰ ਹੋ ਜਾਇ, ਐਸੀ ਜਾਨ ਪੈਦਾ ਕਰ।
ਸਮੁੰਦਰ ਤੋਂ ਨਿਖਰ ਕੇ ਭੀ, ਤੂੰ ਕਤਰਾ ਹੈਂ ਸਮੁੰਦਰ ਦਾ,
ਉਛਾਲਾ ਮਾਰ ਕੇ ਇਸ ਵਿਚ, ਕੋਈ ਤੂਫਾਨ ਪੈਦਾ ਕਰ।
ਤੂੰ ਜੀਵਨ ਹੈਂ ਜਹਾਨਾਂ ਦਾ, ਨਾ ਬਹੁ ਬੇਜਾਨ ਬੁਤ ਬਣ ਕੇ,
ਜੋ ਨਕਸ਼ਾ ਪਲਟ ਦੇ ਦੂਨੀਆਂ ਦਾ, ਉਹ ਘਮਸਾਨ ਪੈਦਾ ਕਰ।
ਤੇਰਾ ਇਸ ਤੰਗ ਧਰਤੀ ਤੇ, ਗੁਜ਼ਾਰਾ ਹੈ ਬੜਾ ਮੁਸ਼ਕਿਲ,
ਸਤਾਰਾ ਬਣ ਕੇ, ਚਮਕਣ ਵਾਸਤੇ-ਅਸਮਾਨ ਪੈਦਾ ਕਰ।
ਨਾ ਬਣਿਆ ਬੇ-ਹਕੀਕਤ ਰਹੁ, ਹਕੀਕਤ-ਆਸ਼ਨਾ[1] ਹੋ ਜਾ,
ਓ ਸੂਖਮ ! ਆਪਣੇ ਫੈਲਣ ਲਈ-ਮੈਦਾਨ ਪੈਦਾ ਕਰ।
ਸ਼ਮਾ ਬਣ ਕੇ, ਭਖਾ ਮਹਿਫਲ ਜਗਾ ਦੇ ਜੋਤ ਦੁੰਨੀਆਂ ਤੇ,
ਕਲੀ ਦੀ ਜੂਨ ਛਡ ਦੇ, ਖਿੜ ਕੇ ਚਮਨਿਸਤਾਨ[2] ਪੈਦਾ ਕਰ।
ਤੜਪ ਹੈ ਤੇਰੇ ਅੰਦਰ ਉਹ, ਮਚਾ ਦੇਵੇ ਕਿਆਮਤ ਜੋ,
ਕੋਈ ਕਰਤਬ ਵਿਖਾਲਣ ਨੂੰ, ਨਵਾਂ ਚੌਗਾਨ[3] ਪੈਦਾ ਕਰ।
ਨਾ ਸਿੱਪੀ ਵਾਂਗ, ਇਕ ਇਕ ਬੂੰਦ ਦੀ ਖ਼ਾਤਿਰ, ਤੜਪਦਾ ਰਹੁ,
ਤੂੰ ਦਿਲ-ਦਰਯਾ ਦੇ ਅੰਦਰ, ਮੋਤੀਆਂ ਦੀ ਖਾਨ ਪੈਦਾ ਕਰ।
ਤੇਰੇ ਹੀ ਕਰਮ ਫਲ ਕੇ, ਕਿਸਮਤਾਂ ਦਾ ਬਾਗ ਲਾਉਣਗੇ,
ਤੂੰ ਜਿਗਰੇ ਨਾਲ, ਤਾਕਤ ਆਪਣੀ ਦਾ ਗਜਾਨ ਪੈਦਾ ਕਰ।
ਤੇਰੀ ਬੰਸੀ ਦੇ ਅੰਦਰ, ਆਪ ਮੋਹਨ ਫੂਕ ਭਰਦਾ ਹੈ,
ਗੁੰਜਾ ਕੇ ਜੋ ਜ਼ਿਮੀਂ ਅਸਮਾਨ, ਐਸੀ ਤਾਨ ਪੈਦਾ ਕਰ।
ਜਿਨ੍ਹਾਂ ਨੇ ਜੋੜ ਕੇ ਤਿਣਕੇ, ਜਹਾਨ ਆਬਾਦ ਕੀਤੇ ਸਨ,
ਜੇ ਹਿੰਮਤ ਹੈ, ਤਾਂ ਐਸੇ ਸੂਰਮੇ ਬਲਵਾਨ ਪੈਦਾ ਕਰ।

ਜੰਗਲ ਦਾ ਫੁੱਲ

1. ਓ ਭੌਂ ਭੌਂ ਕੇ ਤਕਦੇ ਪਏ ਰਾਹੀਆ !
ਗਲੇਡੂ ਭਰੀ, ਕਿਉਂ ਹੈਂ ਤੂੰ ਜਾ ਰਿਹਾ ?
ਕੀ ਫੜਨਾ ਏਂ ਕੁਦਰਤ ਦੀਆਂ ਗ਼ਲਤੀਆਂ ?
ਕੀ ਗਿਣਨਾ ਏਂ ਕਿਸਮਤ ਦੀਆਂ ਸਖ਼ਤੀਆਂ ?
ਤੂੰ ਕੀ ਸਮਝਿਆ ? ਰੂਪ ਜੋਬਨ ਮੇਰਾ—

1. ਸੱਚ ਦਾ ਪ੍ਰੇਮੀ। 2. ਬਾਗਾਂ ਦਾ ਦੇਸ਼। 3. ਮੈਦਾਨ।

ਉਜਾੜਾਂ 'ਚ ਮਾਣੇ ਬਿਨਾਂ ਰੁਲ ਗਿਆ ?
ਦਿਲੀ ਵਲਵਲੇ ਸੌਂ ਗਏ ਜਾਗ ਕੇ ?
ਨਿਗਹ ਭਰ ਕੇ ਝਾਤੀ ਨਾ ਪਾਈ ਕਿਸੇ ?
ਨਾ ਦਿਲਬਰ ਦਾ ਢੋਆ[1] ਬਣਾਇਆ ਕਿਸੇ ?
ਨਾ ਲਿਟ ਦੀ ਬਗ਼ਲ ਵਿਚ ਬਹਾਇਆ ਕਿਸੇ ?
ਕਿਸੇ ਸੁੰਦਰੀ ਦੀ ਸਜੀ ਸੇਜ਼ ਤੇ—
ਮਜੇ ਨਾ ਲਏ ਰਾਤ ਭਰ ਲੇਟ ਕੇ ?
ਨਾ ਮੰਦਰ ਕਿਸੇ ਵਿਚ ਚੜ੍ਹਾਇਆ ਗਿਆ ?
ਕਿਸੇ ਕਬਰ ਤੇ ਨਾ ਵਿਛਾਇਆ ਗਿਆ ?

2. ਸਜਨ ! ਐਡੀ ਛੇਤੀ ਨਾ ਹੋ ਜਾ ਦੁਖੀ,
ਕਿ ਦੁਨੀਆਂ ਹੈ ਮੇਰੀ ਅਨੋਖੀ ਜਿਹੀ।
ਕੀ ਫੁੱਲ, ਰਹਿ ਕੇ ਜੰਗਲ ਦੇ ਵਿਚ ਫੁੱਲ ਨਹੀਂ ?
ਕੀ ਯੂਸਫ[2] ਦਾ ਖੂਹ ਵਿਚ ਕੋਈ ਮੁਲ ਨਹੀਂ।
ਕੀ ਦਿਲ ਵਿਚ ਲੁਕੀ ਕੋਈ ਦੌਲਤ ਨਹੀਂ ?
ਇਰਾਦੇ ਦੇ ਵਿਚ ਕੋਈ ਤਾਕਤ ਨਹੀਂ ?
ਮੇਰੇ ਸੁਪਨਿਆਂ ਵਿਚ ਹੈ ਉਹ ਵਲਵਲਾ,
ਜਿਨੂੰ ਰਾਸ ਆਈ ਹੈ ਜੰਗਲ ਦੀ ਵਾ।
ਮੇਰੇ ਸਾਜ਼ ਵਿਚ ਉਹ ਹੈ ਸੁਰ ਗੂੰਜਦਾ,
ਜਿਨੂੰ ਮੈਂ ਹੀ ਸਕਦਾ ਹਾਂ ਸੁਣ ਤੇ ਸੁਣਾ।
ਮੇਰੇ ਤੋਂ ਨਹੀਂ ਦੂਰ ਹਾਸਿਲ[3] ਮੇਰਾ,
ਸਮੁੰਦਰ ਹੈ ਕਤਰੇ 'ਚ ਸੁੱਤਾ ਪਿਆ।
ਓ ਜ਼ੱਰਾ ਝੁਰੇ ਕਿਉਂ ? ਜਿਦ੍ਹਾ ਆਫ਼ਤਾਬ—
ਘਰ ਆ ਕੇ ਨਿਵਾਜਣ ਨੂੰ ਹੋਵੇ ਬਿਤਾਬ।
ਮੇਰੀ ਜੇਬ ਵਿਚ ਰਾਤ ਹੈ ਵਸਲ ਦੀ,
ਨਹੀਂ ਮੈਨੂੰ ਹੀ ਪਰ ਉਤਾਉਲ ਕੋਈ।
ਖ਼ਿਆਲਾਂ ਦੀ ਦੁਨੀਆਂ ਨੂੰ ਦਿਲ ਵਿਚ ਲਈ,
ਲੰਘਾਈ ਗ੍ਰਿਆ ਹਾਂ ਮੈਂ ਜੁਗੜੇ ਕਈ।
ਮੈਂ ਜਾ ਜਾ ਕੇ ਔਂਦਾ ਹਾਂ ਮੁੜ ਏਸ ਥਾਂ,
ਮੰਜ਼ਲ ਦੀ ਲਮਾਈ ਤੋਂ ਨਾ ਘਾਬਰਾਂ।
ਰਾਹ ਵਿਚ ਖ਼ਾਰ ਹੋਸਣ ਹਜ਼ਾਰ,
ਤਸੱਵਰ[4] ਹੈ ਪਰ ਮੇਰਾ ਉਹ ਜ਼ੋਰਦਾਰ—

1. ਭੇਟਾ ਲਈ ਪੇਸ਼ ਕੀਤਾ ਸਾਮਾਨ।
2. ਕੁਰਾਨ ਮਜੀਦ ਅਨੁਸਾਰ ਯਕੂਬ ਦਾ ਪੁੱਤਰ ਤੇ ਇਬਰਾਹੀਮ ਦਾ ਪੋਤਰਾ ਜੋ ਬਹੁਤ ਸੁੰਦਰ ਸੀ ਤੇ ਮਤਰੇਏ ਭਰਾਵਾਂ ਨੇ ਈਰਖਾ ਕਰਕੇ ਜੰਗਲ ਦੇ ਇਕ ਖੂਹ ਵਿਚ ਸੁੱਟ ਦਿੱਤਾ ਸੀ, ਪਰ ਕੱਢਿਆ ਗਿਆ ਤੇ ਪੈਗੰਬਰ ਬਣਿਆ। 3. ਮਨੋਰਥ।
4. ਸੂਰਜ।

ਕਿ ਜੰਗਲ ਮੇਰਾ ਬਾਗ ਬਣ ਜਾਇਗਾ।
ਸਜਨ ਤੁਰ ਕੇ ਖੁਦ ਮੇਰੇ ਘਰ ਆਇਗਾ।

ਦੋਹੜਾ

ਚੰਗਿਆਂ ਭਲਿਆਂ ਗਲ ਲਗਿਆਂ ਨੂੰ, (ਤੁਸਾਂ) ਧੁਰ ਥੱਲੇ ਪਟਕਾਇਆ।
ਦੁਨੀਆਂ ਇਧਰੋਂ ਔਧਰ ਹੋ ਗਈ, (ਤੁਸਾਂ) ਨਕਸ਼ਾ ਹੀ ਪਲਟਾਇਆ।
ਹੌਲੀ ਹੌਲੀ, ਉਤਾਂਹ ਚੜ੍ਹਨ ਦਾ, (ਅਸਾਂ) ਤ੍ਰਾਣ ਬਤੇਰਾ ਲਾਇਆ।
ਠੇਡੇ ਖਾਂਦਿਆਂ, ਮੰਜ਼ਲ ਨਾ ਮੁੱਕੀ, (ਤੁਸਾਂ) ਚੰਗਾ ਸਫਰ ਛੁਹਾਇਆ।

ਖੁਦਾਯਾ ! ਏ ਪਾਏ ਨੀ ਕੀ ਕੀ ਪੁਆੜੇ ?

1. ਜਿਧਰ ਵੇਖੀਏ ਰਹਿਮਤਾਂ ਦੀ ਝੜੀ ਹੈ,
ਕੋਈ ਨਾ ਕੋਈ ਛੇੜਖਾਨੀ ਖੜੀ ਹੈ।
ਸਿਆਪੇ ਦੀ ਜੜ੍ਹ ਹੈ, ਏ ਦੁਨੀਆਂ ਭੀ ਕੀ ਹੈ,
ਲੜਾਈਆਂ ਝਮੇਲੇ, ਉਜਾੜੇ ਪੁਜਾੜੇ,
ਖੁਦਾਯਾ ! ਏ ਪਾਏ ਨੀ ਕੀ ਕੀ ਪੁਆੜੇ ?

2. ਰਿਜਕ ਦੇ ਅਡੰਬਰ, ਭਰਾਵਾਂ ਦੀ ਦਾਰੀ,
ਉਲਾਦਾਂ ਦੇ ਸੁਖ, ਮੁਲਕਾਂ ਦੀ ਜਿੰਮੇਵਾਰੀ,
ਖੁਦਾ ਦੀ ਇਬਾਦਤ, ਅਗਾਂਹ ਦੀ ਤਿਆਰੀ,
ਜ਼ਰਾ ਜਿੰਨੀ ਜਿੰਦੜੀ ਤੇ ਐਨੇ ਪਬਾੜੇ,
ਖੁਦਾਯਾ ! ਏ ਪਾਏ ਨੀ ਕੀ ਕੀ ਪੁਆੜੇ ?

3. ਜਵਾਨੀ ਦੀ ਵਹਿਸ਼ਤ, ਖੁਦੀ ਦੀ ਖੁਮਾਰੀ,
ਨਵਾਬੀ ਦਾ ਚਾ, ਮੁਫਤਖੋਰਾਂ ਦੀ ਯਾਰੀ,
ਅਯਾਸ਼ੀ ਦੀ ਧੁਨ, ਫੈਸ਼ਨਾਂ ਦੀ ਬਿਮਾਰੀ,
ਬੁਰਾ ਹਾਲ ਓੜਕ ਤੇ ਥੱਕੇ ਦਿਹਾੜੇ ?
ਖੁਦਾਯਾ ! ਏ ਪਾਏ ਨੀ ਕੀ ਕੀ ਪੁਆੜੇ ?

4. ਅਮੀਰਾਂ ਦੇ ਧੱਕੇ ਮਜੂਰਾ ਦੀ ਕਲਕਲ,
ਮੁਥਾਜਾਂ ਦੀ ਦੇ ਦੇ, ਬਖੀਲਾਂ ਦੀ ਹਲਹਲ,
ਕੰਗਾਲੀ ਦਾ ਰੋਣਾ ਤੇ ਕਰਜ਼ੇ ਦੀ ਦਲ ਦਲ,
ਬਿਕਾਰੀ ਦੇ ਹੌਕੇ, ਗਰੀਬੀ ਦੇ ਹਾੜੇ,
ਖੁਦਾਯਾ ! ਏ ਪਾਏ ਨੀ ਕੀ ਕੀ ਪੁਆੜੇ ?

5. ਪੜ੍ਹਾਈ ਦੇ ਵੈਦੇ, ਵਿਕੈਂਸੀ[1] ਦੇ ਹਾਵੇ,
ਸਿਫਾਰਸ਼ ਦੀ ਟੋਹ, ਦਰਦੀਆਂ ਦੇ ਦਿਖਾਵੇ,
ਮੌਕੂਫੀ[2] ਦਾ ਡਰ ਅਫਸਰਾਂ ਦੇ ਡਰਾਵੇ,

---
1. ਨੌਕਰੀ ਲਈ ਖਾਲੀ। 2. ਕੰਮ ਤੋਂ ਕੱਢੇ ਜਾਣਾ।

ਰੀਡੱਕਸ਼ਨ[1] ਤੇ ਛਾਂਟੀ ਰੌਲੇ ਅਵਾੜੇ,
ਖੁਦਾਯਾ ! ਏ ਪਾਏ ਨੀ ਕੀ ਕੀ ਪੁਆੜੇ ?

6. ਫਸਾਦਾਂ ਦੇ ਘਮਸਾਨ, ਮਜ਼੍ਹਬੀ ਤਰੇੜਾਂ,
ਨਿਗੁਣੀਆਂ ਕਿਰੜਾਂ, ਨਿਕੰਮੀਆਂ ਛੇੜਾਂ,
ਚੁਆਤੀਆਂ ਚੌੜਾਂ, ਉਖੇੜਾਂ, ਦਰੇੜਾਂ,
ਭਰਾਵਾਂ ਦੇ ਝਗੜੇ, ਨਖੇੜੇ ਤੇ ਪਾੜੇ,
ਖੁਦਾਯਾ ! ਏ ਪਾਏ ਨੀ ਕੀ ਕੀ ਪੁਆੜੇ ?

7. ਵਿਖਾਲੇ ਦੇ ਹੰਝੂ ਤੇ ਫਰਜ਼ੀ ਡਰਾਮੇ,
ਸੁਲਹ ਦੇ ਬਹਾਨੇ ਤੇ ਦੰਗੇ ਹੰਗਾਮੇ,
ਕਦਾਰੇ ਮੁਕੰਦੇ, ਮਰ੍ਹਾਜੇ ਤੇ ਗਾਮੇ[2]।
ਅਮਲ ਦੇ ਮੁਦਈਆਂ ਦੇ ਜੰਗੀ ਅਖਾੜੇ,
ਖੁਦਾਯਾ ! ਏ ਪਾਏ ਨੀ ਕੀ ਕੀ ਪੁਆੜੇ ?

8. ਪੁਜਾਰੀ ਦੀ ਤੂੰ ਤੂੰ, ਮੌਲਵੀ ਦੀ ਮਲਾਮਤ[3],
ਹਕੂਮਤ ਦਾ ਡਰ ਫਿਰਕੇਦਾਰੀ ਦੀ ਲਾਨਤ,
ਅਜ਼ਾਦੀ ਦੇ ਸੁਪਨੇ, ਗੁਲਾਮੀ ਦਾ ਸ਼ਾਮਤ,
ਪਰਾਈ ਪਰ੍ਹੇ ਦੁਸ਼ਮਨਾਂ ਦੀ ਦੁਗਾੜੇ[4],
ਖੁਦਾਯਾ ! ਏ ਪਾਏ ਨੀ ਕੀ ਕੀ ਪੁਆੜੇ ?

9. ਨਮਾਇਸ਼ ਦੇ ਟਿੱਕੇ ਤੇ ਦਿਲ ਕਾਲੇ ਕਾਲੇ,
ਫਰਿਸ਼ਤੇ ਦੀ ਸੂਰਤ, ਕਸਾਈਆਂ ਦੇ ਚਾਲੇ,
ਬਗਲ ਵਿਚ ਛੁਰੀ ਸਿਰ ਤੇ ਦੂਹਰੇ ਦਮਾਲੇ,
ਸ਼ਿਤਾਨੀ ਅਮਲ ਤੇ ਸ਼ਰੱਈਆਂ ਦੇ ਦਾੜ੍ਹੇ,
ਖੁਦਾਯਾ ! ਏ ਪਾਏ ਨੀ ਕੀ ਕੀ ਪੁਆੜੇ ?

ਮਸਕੀਨ[5] ਦਾ ਦਿਲ

(ਕਾਫੀ)

ਸੰਭਲ ਸੰਭਲ ਚਲ ਦੌਲਤਵੰਦਾ !
ਦਿਲ ਮਸਕੀਨ ਦੁਖਾਵੀਂ ਨਾ,
ਨਾਜ਼ਕ ਸ਼ੀਸ਼ਾ ਤਿੜਕ ਨਾ ਜਾਵੇ,
ਪੈਰਾਂ ਵਿਚ ਠੁਕਰਾਵੀਂ ਨਾ।
ਸੱਧਰਾਂ ਦੀ ਫੁਲਵਾੜੀ ਉ,

---

1. ਕਰਮਚਾਰੀ ਘਟਾ ਦੇਣੇ। 2. ਘਟੀਆ ਕਿਸਮ ਦੇ ਬੰਦਿਆਂ ਦੇ ਪ੍ਰਚੱਲਿਤ ਨਾਮ। 3. ਫਿਟਕਾਰ। 4. ਨਿਸ਼ਾਨੇ, ਗੋਲੀਆਂ। 5. ਨਿਮਰ, ਨਿਮਾਣਾ।

ਇਹ ਅਰਮਾਨਾਂ ਦੀ ਨਗਰੀ ਊ,
ਵੇਖ, ਕੱਚੀਆਂ ਕਲੀਆਂ ਨੀ,
ਕੋਈ ਤਾ ਦੇ ਕੇ ਤੜਫਾਵੀਂ ਨਾ।
ਜੇ ਸ਼ੁਹਦੇ[1] ਦੀ ਕਿਸਮਤ ਥਕ ਕੇ,
ਦੁਹ ਘੜੀਆਂ ਲਈ ਸੌਂ ਗਈ ਏ,
ਤਾਂ ਕੀ ਡਰ ਹੈ ? ਟਿਕੀ ਰਹਿਣ ਦੇ,
ਠੇਡਿਆਂ ਨਾਲ ਸਤਾਵੀਂ ਨਾ।
ਸੋਹਣਾ ਨਹੀਂ, ਮਲੂਕ[2] ਨਹੀਂ,
ਚਾਟੂ ਚਾਤੁਰ ਚਾਲਾਕ ਨਹੀਂ,
ਜੀ ਵਿਚ ਰੱਬ ਦਾ ਭਉ ਤਾਂ ਹੈ,
ਬਸ ਕਾਫੀ ਹੈ, ਘਬਰਾਵੀਂ ਨਾ।
ਕੀ ਹੋਇਆ, ਜੇ ਵਲ ਛਲ ਕਰ,
ਮਾਇਆ ਇਸ ਨੇ ਜੋੜੀ ਨਹੀਂ,
ਦਿਲ ਦੀ ਦੌਲਤ ਦਇਆ-ਗਰੀਬੀ—
ਦੀ ਕੀਮਤ ਭੁਲ ਜਾਵੀਂ ਨਾ।
ਸੂਰਜ ਚੰਦ, ਹਵਾ ਤੇ ਪਾਣੀ,
ਤੇਰੇ ਕੋਈ ਹੋਰ ਨਹੀਂ,
ਇਕਸੇ ਪਿਉ ਦੀ ਪੂੰਜੀ ਤੋਂ,
ਦੂਰ ਦੂਰ ਕਰ ਦੂਰ ਹਟਾਵੀਂ ਨਾ।
ਸਿਦਕੀ ਜੀਵ ਨੂੰ ਕੁਝ ਨਾ ਕਹੁ,
ਤੇ ਭੋਲੇ ਦਿਲੋਂ ਅਸੀਸਾਂ ਲੈ,
ਪਾਕ[3] ਰੂਹਾਂ ਦੀ ਅੰਦਰ ਨੂੰ,
ਕਲਪਾ ਕੇ ਕਹਿਰ ਕਮਾਵੀਂ ਨਾ।
ਢੇਰ ਸੁਆਹ ਦਾ ਸਮਝੀਂ ਨਾ,
ਏਹ ਦਬੇ ਹੋਏ ਚੰਗਿਆੜੇ ਨੀਂ,
ਵੇਖੀਂ ਝੱਲ ਖਿਲਾਰੀਂ ਨਾ,
ਤੁਖਣਾ[4] ਦੇ ਦੇ ਭੜਕਾਵੀਂ ਨਾ।
ਚਾਬਕ ਤੇਰੇ ਜਾਏ ਸਹਾਰੀ,
ਡਰਦਾ ਅੱਖ ਉਠਾਂਦਾ ਨਹੀਂ,
ਵਕਤ ਉਡੀਕ ਰਿਹਾ ਹੈ ਕੋਈ,
ਸੱਚੀਆਂ ਮੂੰਹੋਂ ਕਢਾਵੀਂ ਨਾ।
ਇਕ ਦਿਨ ਆਵੇਗਾ ਜਦ ਦੋਵੇਂ,

1. ਵਿਚਾਰਾ। 2. ਸੁਹਲ, ਕੋਮਲ। 3. ਪਵਿੱਤ੍ਰ। 4. ਚੋਭਾਂ ਲਾਉਣੀਆਂ, ਭੜਕਾਉਣਾ।

ਜੋਖੇ ਜਾਂਚੇ ਜਾਓਗੇ,
ਮਸਕੀਨੀ ਦੇ ਨਾਲ ਅਮੀਰੀ,
ਉਤਰ ਸਕੇਗੀ ਸਾਵੀਂ ਨਾ।

ਵਿਧਵਾ ਦੇ ਹਟਕੋਰੇ

1. ਰੱਬਾ ਵੇ ਰੱਬਾ ! ਤੂੰ ਸਭਨਾਂ ਦਾ ਰਾਖਾ ਏਂ,
ਭੁੱਖੇ ਤੇ ਨੰਗੇ ਦਾ ਦਾਤਾ ਅਖਵਾਨਾ ਏਂ,
ਪਾਪੀ ਤੇ ਪੁੰਨੀ ਤੇ ਮੋਹਰਾਂ ਬਰਸਾਨਾ ਏਂ,
ਵਿਧਵਾਂ ਦੀ ਵਾਰੀ ਤੂੰ ਕਿੱਥੇ ਸੌਂ ਜਾਨਾ ਏਂ ?
ਘੁੱਟੇ ਹੋਏ ਦਿਲ ਦੇ ਅਰਮਾਨਾਂ ਵਲ ਤਕਦਾ ਨਹੀਂ,
ਟੁੱਟੇ ਹੋਏ ਫੁੱਲਾਂ ਨੂੰ ਪਾਣੀ ਨਾ ਪਾਨਾ ਏਂ,
ਭਰਿਆਂ ਹੀ ਥਾਵਾਂ ਨੂੰ ਭਰਨਾ ਤੂੰ ਪਇਆ ਏਂ ?
ਸੱਖਣਿਆਂ ਕੋਲੋਂ ਕਿਉਂ ਕੰਨੀ ਕਤਰਾਨਾ ਏਂ ?

2. ਚੇਤਾ ਈ ? ਜਿੱਦਿਨ ਇਹ ਚੰਨਣ ਦੀ ਗਲੀ ਤੂੰ,
ਸੁੱਭਰ[1] ਤੇ ਚੋਲੇ ਪਾ, ਚਾੜ੍ਹੀ ਸੀ ਡੋਲੇ ਤੇ।
ਪੇਕੇ ਤੇ ਸਹੁਰੇ ਘਰ ਆਦਰ ਹੀ ਆਦਰ ਸੀ,
ਸਦਕੇ ਕੋਈ ਜਾਂਦਾ ਸੀ ਚਿਹਰੇ ਇਸ ਭੋਲੇ ਤੇ,
ਪੁਛਦਾ ਨਹੀਂ ਕੋਈ ਹੁਣ ਟੁੱਟੀ ਹੋਈ ਟਾਹਣੀ ਨੂੰ,
ਭਖਦੀ ਨਹੀਂ ਲਾਲੀ ਅਜ ਬੁਝੇ ਹੋਏ ਕੋਲੇ ਤੇ,
ਸੱਕਾ ਸੈਂ ਤੂੰ ਭੀ ਤਾਂ ਵਸਦੇ ਦਰਵਾਜ਼ੇ ਦਾ,
ਪੈਂਦੀ ਨਹੀਂ ਝਾਤੀ ਹੁਣ ਢੱਠੇ ਹੋਏ ਖੋਲੇ ਤੇ।

3. ਉੱਜੜ ਗਈ ਵਾੜੀ ਦਾ ਵਾਲੀ ਕੋਈ ਬਣਦਾ ਨਹੀਂ,
ਸਾਥੀ ਇਸ ਦੁਖੀਆਂ ਦੇ, ਝੋਰੇ ਤੇ ਹਾਵੇ ਨੇਂ,
ਦਿਉਰਾਂ ਤੇ ਜੇਠਾਂ ਨੇ, ਛਡ ਦਿੱਤੇ ਦਾਵੇ ਨੇਂ,
ਪੇਕੇ ਘਰ ਵੱਲੋਂ ਵੀ ਫੋਕੇ ਪਰਚਾਵੇ ਨੇਂ,
ਲਮਕਦੀਆਂ ਲੀਰਾਂ ਨੇਂ, ਖੁੱਥਾ[2] ਇਹ ਝਾਟਾ ਏ,
ਫ਼ਿਕਰਾਂ ਤੇ ਚਿੰਤਾਂ ਦੇ ਹੁੰਦੇ ਪਏ ਧਾਵੇ ਨੇਂ,
ਚੰਦਰਿਆਂ ਲੇਖਾਂ ਵੀ ਲੀਤੇ ਪਰਤਾਵੇਂ ਨੇਂ,
ਜਿੱਧਰ ਮੈਂ ਤਕਨੀ ਆਂ, ਭਖਦੇ ਪਏ ਆਵੇ ਨੇਂ।

4. ਰੀਝਾਂ ਤੇ ਚਾਵਾਂ ਨੂੰ ਚੂਲੀ ਤਾਂ ਪਾਈ ਸੀ,
ਭੁੱਖੇ ਇਸ ਟੋਏ ਨੂੰ ਕੇਹੜੇ ਖੂਹ ਪਾਵਾਂ ਮੈਂ ?
ਚਰਖਾ ਤੇ ਚਕੀ ਵੀ ਚੁੱਕੇ ਗਏ ਦੁਨੀਆਂ ਤੋਂ,

---

1. ਸੁਹਣੇ ਕਪੜਿਆਂ ਗਹਿਣਿਆਂ ਨਾਲ ਭਰੀ। 2. ਖਿੰਡਿਆ ਹੋਇਆ।

ਠੂਠਾ ਫੜ ਮੰਗਣ ਤੋਂ ਆਪੂੰ ਸ਼ਰਮਾਵਾਂ ਮੈਂ,
ਚੌਧਰੀਆਂ ਅੱਗੇ ਭੀ ਹਾੜੇ ਮੈਂ ਪਾ ਹਾਰੀ,
ਹੁਣ ਕਿਸ ਦੇ ਬੂਹੇ ਤੇ ਪਿੱਟਣ ਨੂੰ ਜਾਵਾਂ ਮੈਂ,
ਹੱਸਣ ਤੇ ਪਹਿਨਣ, ਸਭ ਕਾਸੇ ਤੋਂ ਵੰਜੀ ਗਈ,
ਟੁੱਕਰ ਦੇ ਹੱਥੋਂ ਵੀ ਮਹੁਰਾ ਹੁਣ ਖਾਵਾਂ ਮੈਂ ?

5. ਭੋਲ, ਵਡਿਆਈਆਂ ਦੇ ਭੁੱਖੇ ਖੜਪੈਂਚਾਂ[1] ਨੂੰ,
ਸੁੱਝੇ ਨਾ ਵਾ ਕਿਹੜੇ ਪਾਸੇ ਦੀ ਵਹਿੰਦੀ ਏ,
ਕਾਂ, ਕੁੱਤੇ, ਕੀੜੇ ਤਾਂ ਪਲਦੇ ਨੇਂ ਏਨ੍ਹਾਂ ਤੇ,
ਆਦਮ ਦੀ ਬੱਚੀ ਹਟਕੋਰੇ ਪਈ ਲੈਂਦੀ ਏ,
ਜਲਸੇ, ਕਰਤੂਤਾਂ, ਤੇ ਮਹਿਫਲ ਦੀ ਮਸਤੀ ਵਿਚ,
ਪੈਰਾਂ ਦੀ ਬਲਦੀ ਦੀ ਸੋਚ ਨਾ ਪੈਂਦੀ ਏ,
ਦੁਨੀਆਂ ਦੀ ਰੋਟੀ ਦੇ ਜਾਮਨ ਇਸ ਭਾਰਤ ਦੀ,
ਛਾਤੀ ਤੇ ਆਵੀ ਤਾਂ ਧੁਖਦੀ ਹੀ ਰਹਿੰਦੀ ਏ।

ਬੁਲਬੁਲ

(ਗਜ਼ਲ)

ਖ਼ਿਜ਼ਾਂ[2] ਨੂੰ ਵੇਖ ਕੇ, ਰੋ ਰੋ ਨਾ ਸਿਰ ਖਪਾ, ਬੁਲਬੁਲ।
ਬਹਾਰ ਆਈ ਖੜੀ ਹੈ, ਨਾ ਜੀ ਡੁਲਾ ਬੁਲਬੁਲ !
ਸਰੂਰ ਵਸਲ ਦਾ ਲੈ ਲੈ ਕੇ, ਝੂਮਦੇ ਦਿਲ ਨੂੰ,
ਮਜ਼ਾ ਉਡੀਕ ਦੇ ਦਰਦਾਂ ਦਾ ਭੀ ਚਖਾ, ਬੁਲਬੁਲ !
ਜੇ ਤਲ ਕੇ ਰਾਨ[3] ਦੀ ਮਛਲੀ, ਕਦੇ ਖੁਆਲੀ ਸੀ,
ਫੜਾ ਕੇ ਕੱਚਾ ਘੜਾ, ਤਰਨ ਭੀ ਸਿਖਾ, ਬੁਲਬੁਲ !
ਲਗਾ ਦਿਖਾਈ ਏ ਬਾਜ਼ੀ, ਜਿਨ੍ਹਾਂ ਨੇ ਸਿਰ ਧੜ ਦੀ,
ਉਨ੍ਹਾਂ ਨੂੰ ਦਾਰ ਤੇ ਭੀ, ਦਿਸ ਪਿਆ ਖ਼ੁਦਾ, ਬੁਲਬੁਲ !
ਦਿਖਾ ਕੇ ਸਾੜ ਕਲੇਜੇ ਦੇ, ਪ੍ਰੀਤ ਕਿਉਂ ਭੰਡੇਂ ?
ਏ ਦਾਗ ਇਸ਼ਕ ਦੀ ਚਾਦਰ ਤੇ, ਨਾ ਲਗਾ, ਬੁਲਬੁਲ ?

ਪੁਰਾਣੀ ਪ੍ਰੀਤ

(ਗੀਤ)

ਤੇਰੀ ਮੇਰੀ ਪ੍ਰੀਤ ਪੁਰਾਣੀ,
ਤੇਰੀ ਮੇਰੀ ਪ੍ਰੀਤ।

1. ਤੂੰ ਤੇ ਮੈਂ ਸਾਂ ਭਾਈ ਭਾਈ,
ਪਤਾ ਨਹੀਂ, ਕਿਨ ਲੂਤੀ[4] ਲਾਈ,

---

1. ਆਗੂ, ਚੌਧਰੀ। 2. ਪੱਤਝੜ। 3. ਪੱਟ ਦਾ ਅੰਦਰਲਾ ਭਾਗ। 4. ਚੁਗਲੀ।

ਬੈਠੇ ਬੈਠਿਆਂ, ਵਹਿਸ਼ਤ ਆਈ,
ਖੋਟੀ ਹੋ ਗਈ ਨੀਤ, ਬਿਰਾਦਰ,
ਤੇਰੀ ਮੇਰੀ ਪ੍ਰੀਤ।

2. ਹਮਸਾਏ ਸਾਂ ਮਾਂ ਪਿਓ ਜਾਏ,
ਕੱਠਿਆਂ ਅਸਾਂ ਯਰਾਨੇ ਪਾਏ,
ਇਕਸੇ ਥਾਂ ਸਨ ਦਹਾਂ ਬਣਾਏ-
ਮੰਦਰ ਅਤੇ ਮਸੀਤ, ਚੌਧਰੀ,
ਤੇਰੀ ਮੇਰੀ ਪ੍ਰੀਤ।

3. ਰੱਬ ਦੀ ਭੌਂ ਸੀ ਵੱਸਦੀ ਆਈ,
ਤੇਰੀ ਮੇਰੀ ਰਹੀ ਸਫਾਈ,
ਜਦ ਦੀ ਅਸਾਂ ਇਮਾਰਤ ਲਾਈ,
ਲਗ ਪਈ ਹੋਣ ਪਲੀਤ[1], ਸਜਨ ਜੀ।
ਤੇਰੀ ਮੇਰੀ ਪ੍ਰੀਤ।

4. ਰੱਬ ਸੀ ਸਾਡੇ ਅੰਦਰੀਂ ਰਹਿੰਦਾ,
ਮੈਂ ਤੈਨੂੰ ਕੁਝ ਨਹੀਂ ਕਹਿੰਦਾ,
ਤੂੰ ਸੈਂ ਮੇਰੀਆਂ ਸਾਰੀਆਂ ਸਹਿੰਦਾ,
ਉਡ ਗਈ ਕਿਉਂ ਪਰਤੀਤ[2] ? ਭਰਾਵਾਂ,
ਤੇਰੀ ਮੇਰੀ ਪ੍ਰੀਤ।

5. ਇਹ ਦੁਨੀਆਂ ਤੇ ਨਹੀਂ ਸੀ ਮਾੜੀ,
ਅਸਾਂ ਦੁਹਾਂ ਨੇ ਸ਼ਾਨ ਵਿਗਾੜੀ,
ਸਿਰ ਸਾਡੇ ਵਿਚ ਘੂਕੀ ਚਾੜ੍ਹੀ,
ਪਾ ਕੇ ਕਿਸੇ ਤਵੀਤ, ਬਿਰਾਦਰ।
ਤੇਰੀ ਮੇਰੀ ਪ੍ਰੀਤ।

6. ਆ, ਹੁਣ ਵੀ ਕੁਝ ਰੱਬ ਤੋਂ ਡਰੀਏ,
ਚੰਗੇ ਭਲੇ, ਕਿਉਂ ਖਹਿ ਖਹਿ ਮਰੀਏ,
ਮਤਲਬ ਦੀ ਕੋਈ ਗੱਲ ਵੀ ਕਰੀਏ,
ਉਮਰ ਚਲੀ ਹੈ ਬੀਤ, ਭਰਾਵਾਂ।
ਤੇਰੀ ਮੇਰੀ ਪ੍ਰੀਤ।

7. ਜਾਣ ਜਾਣ ਜੋ ਛੇੜਾਂ ਛੇੜੇ,
ਉਸ ਦਾ ਝਗੜਾ ਕੌਣ ਨਿਬੇੜੇ ?
ਗਲ ਪਾ ਲਏ ਰਾਹ ਜਾਂਦੇ ਝੇੜੇ,

---

1. ਅਪਵਿਤ੍ਰ, ਭ੍ਰਿਸ਼ਟ। 2. ਭਰੋਸਾ।

ਅੰਦਰੋਂ ਸੀ ਬਦਨੀਤ ਸਜਨ ਜੀ !
ਤੇਰੀ ਮੇਰੀ ਪ੍ਰੀਤ।

੪. ਉਠ ਖਾਂ, ਰਲ ਕੇ ਜੱਫੀਆਂ ਪਾਈਏ,
ਵਾ ਵੱਗਦੀ ਵਲ ਮੂੰਹ ਪਰਤਾਈਏ,
ਚੌੜਾਂ[1] ਛੱਡੀਏ, ਟੁਕੜਾ ਖਾਈਏ,
ਗਾਈਏ ਸਾਂਝੇ ਗੀਤ, ਬਿਰਾਦਰ !
ਤੇਰੀ ਮੇਰੀ ਪ੍ਰੀਤ।

ਜੁਗ ਗਰਦੀ

(ਗਜ਼ਲ)

ਮੇਰੇ ਵੇਂਹਦੇ ਵੇਂਹਦਿਆਂ ਹੀ ਚਮਨ ! ਤੇਰਾ ਰੰਗ ਰੂਪ ਬਦਲ ਗਿਆ,
ਰੱਬ ਜਾਣੇ, ਓਸ ਬਹਾਰ ਤੇ, ਕੋਈ ਜਾਦੂ ਟੂਣਾ ਕੀ ਚਲ ਗਿਆ।
ਕੋਈ ਐਸੀ ਉਲਟੀ ਹਵਾ ਚਲੀ, ਕਿਸੇ ਐਸੀ ਬਿਜਲੀ ਦੀ ਛੂਹ ਲਗੀ,
ਕਿ ਪੁਕਾਰ ਪੰਛੀਆਂ ਦੀ ਉਠੀ-ਹਾਇ ! ਵਸਦਾ ਆਲ੍ਹਣਾ ਜਲ ਗਿਆ।
ਨਾ ਓਹ ਦੌਰ ਹੈ, ਨਾ ਖ਼ੁਮਾਰ ਹੈ, ਹਿੰਡੋਲ[2] ਹੈ, ਨਾ ਮਲ੍ਹਾਰ[3] ਹੈ,
ਨਾ ਓ ਹੁਸਨ ਹੈ, ਨਾ ਨਿਖਾਰ ਹੈ, ਤੇਰਾ ਰੰਗਲਾ ਜੋਬਨ ਢਲ ਗਿਆ।
ਕੋਈ ਦਿਨ ਸੀ, ਤੇਰੀ ਉਠਾਨ ਸੀ, ਤੇਰਾ ਘਰ, ਤੇ ਘਰ ਦਾ ਨਿਸ਼ਾਨ ਸੀ,
ਤੇਰੀ ਸ਼ਾਨ ਤਕਦਾ ਜਹਾਨ ਸੀ, ਓਹ ਸੁਨਹਿਰੀ ਵੇਲਾ ਹੀ ਛਲ ਗਿਆ,
ਨਾ ਓ ਹੰਸ ਨੇਂ, ਨਾ ਓ ਮਾਨਸਰ, ਨਾ ਓ ਮਹਿਫਲਾਂ, ਨਾ ਓਹ ਸੁਖ਼ਨਵਰ,
ਨਾ ਓਹ ਸਿਰ ਤੇ ਨਾ ਓਹ ਸਲਾਮੀਆਂ, ਓ ਤੇ ਕਾਫਲਾ ਹੀ ਨਿਕਲ ਗਿਆ।

ਪ੍ਰੋਹਤ ਨੂੰ

1. ਭਲਿਆ ਲੋਕਾ ! ਪਿਛਾਂ ਖਲੋਤਾ,
ਝੂਰ ਝੂਰ ਕੇ, ਕੀ ਤਕਦਾ ਹੈਂ ?
ਤੇਰੇ ਸਾਥੀ ਅਗ੍ਹਾਂ ਨਿਕਲ ਗਏ ?
ਕਦੇ ਕਦੇ ਓਹ ਕੰਡ ਭੁਆ ਕੇ,
ਤੇਰੇ ਵੱਲ ਇਸ਼ਾਰੇ ਕਰਕੇ,
ਹਸ ਹਸ ਦੂਹਰੇ ਹੁੰਦੇ ਜਾਵਣ,
ਫੇਰ, ਬੜੀ ਬੇਗੌਲੀ[4] ਅੰਦਰ,
ਰਾਹ ਆਪਣੇ ਪੈ ਜਾਣ।

---

1. ਖਰਾਬੀਆਂ। 2-3. ਖੁਸ਼ੀ ਪ੍ਰਗਟਾਉਣ ਵਾਲੇ ਰਾਗ ਜੋ ਕ੍ਰਮ ਵਾਰ ਬਸੰਤ ਤੇ ਬਰਸਾਤ ਰੁੱਤ ਨਾਲ ਸੰਬੰਧਿਤ ਹਨ।
4. ਬੇਪਰਵਾਹੀ।

2. ਔਖਾ ਨਾ ਹੋ, ਕੁੜ੍ਹਨਾ ਛਡ ਦੇ,
ਤੁਰ ਗਏ ਨੇ, ਤਾਂ ਤੁਰੇ ਜਾਣ ਦੇ,
ਤੇਰੇ ਪਾਸੋਂ, ਕਿਸੇ ਤਰ੍ਹਾਂ ਵੀ—
ਚਾਲ ਇਨ੍ਹਾਂ ਦੀ ਰੁਕ ਨਹੀਂ ਸਕਣੀ।
ਹਾਂ, ਪਰ ਏਨਾਂ ਆਪ ਸੋਚ ਲੈ।
ਜਿਨ੍ਹਾਂ ਉੱਤੇ, ਪੱਛੋ ਤਾ ਕੇ—
ਪਰਤ ਪੈਣ ਦੀ ਆਸ਼ਾ ਕਰਨਾ ਏ,
ਉਨ੍ਹਾਂ ਤਿਲਾਂ ਵਿਚ, ਤੇਲ ਦੇਣ ਦਾ,
ਹੈ ਕੁਝ ਬਾਕੀ ਤ੍ਰਾਣ ?

3. ਜਿਨ੍ਹਾਂ ਦਿਉਤਿਆਂ, ਮੂਰਤੀਆਂ ਦਾ,
ਮਠਾਂ ਮੰਦਰਾਂ ਤੇ ਕਬਰਾਂ ਦਾ,
ਰੁਅਬ ਦਿਖਾ ਕੇ, ਧਮਕੀਆਂ ਦੇਵੇ,
ਉਹ, ਮਿੱਟੀ ਦੇ ਮਾਧੋ ਹੀ ਨੇਂ ?
ਯਾ ਉਨ੍ਹਾਂ ਵਿਚ, ਵਰ-ਸਰਾਪ ਦਾ,
ਹੈ ਕੋਈ ਨੈਣ ਪਰਾਣ ?

4. ਭੋਲੇ ਸਜਣਾ ! ਸਮੇਂ ਬਦਲ ਗਏ,
ਮੁੱਕ ਗਿਆ ਦੌਰ ਜਹਾਲਤਾਂ[1] ਵਾਲਾ।
ਆ ਗਏ ਸੋਚਾਂ ਖੋਜਾਂ ਵਾਲੇ,
ਤਪ-ਬਲ ਤੇਰਾ ਖੀਣ ਹੋ ਗਿਆ,
ਭਰਮ ਭਉ ਸਭ ਲਹਿੰਦਾ ਜਾਵੇ।
ਸਾਰੇ ਤੇਰੇ ਉਡਦੇ ਜਾਵਣ,
ਖੀਰ ਪੂੜੀਆਂ, ਹਲਵੇ ਮੰਡੇ।
ਹੌਲੀ ਹੌਲੀ, ਮੁਕਦੇ ਜਾਂਦੇ—
ਸ਼ਰਧਾਲੂ ਜਜਮਾਨ।

5. ਏਨ੍ਹਾਂ ਦੇ ਵਿਚ ਜੇ ਕੋਈ ਹੁੰਦੀ—
ਨੇਕ ਨੀਯਤੀ ਯਾ ਸਚਿਆਈ,
ਤਦ ਤੇਰਾ ਕੁਝ ਵਸ ਵੀ ਚਲਦਾ।
ਪਰ ਹੁਣ ਤੇ ਕਲਬੂਤ[2] ਰਹਿ ਗਿਆ,
ਸਾਹਸਤ ਹੀਣਾ, ਅੰਦਰੋਂ ਪੋਲਾਂ।
ਹੁਣ ਤੂੰ ਆਸ ਪਰਾਈ ਛਡ ਦੇ,
ਆਪਣੀ ਹਿੰਮਤ ਨਾਲ, ਕੋਈ ਦਿਨ,
ਕਰੀ ਚਲ ਗੁਜ਼ਰਾਨ।

---

1. ਬੇਸਮਝੀ। 2. ਪਿੰਜਰ।

ਨੌਜਵਾਨ ਕੁੜੀ ਨੂੰ

ਉਠ ਕੇ ਹੰਭਲਾ ਮਾਰ,
ਕੁਮਾਰੀ ! ਉਠ ਕੇ ਹੰਭਲਾ ਮਾਰ !
ਨਵੇਂ ਚਮਨ ਦੀਏ ਨਵੀਏਂ ਕਲੀਏ !
ਖਿੜ ਕੇ ਮਹਿਕ ਪਸਾਰ,
ਕੁਮਾਰੀ ! ਉਠ ਕੇ ਹੰਭਲਾ ਮਾਰ।

1. ਜਾਗ, ਕੋਈ ਚੰਗਿਆੜਾ ਲਾ ਦੇ
ਗਾਫ਼ਲ[1] ਪਈਆਂ ਰੂਹਾਂ ਜਗਾ ਦੇ,
ਮੂਰਖਤਾ ਦੀਆਂ ਜੜ੍ਹਾਂ ਹਿਲਾ ਦੇ,
ਸਚ ਦਾ ਫੜ ਹਥਿਆਰ,
ਕੁਮਾਰੀ ! ਉਠ ਕੇ ਹੰਭਲਾ ਮਾਰ।

2. ਸੁਟ ਦੇ ਪਰੇ ਪੁਰਾਣਾ ਬਾਣਾ,
ਤੂੰ ਹੈ ਨਵਾਂ ਜਹਾਨ ਵਸਾਣਾ,
ਨੇਕੀ ਤੇ ਉਪਕਾਰ ਕਮਾਣਾ,
ਆਪਣਾ ਆਪਾ ਵਾਰ,
ਕੁਮਾਰੀ ! ਉਠ ਕੇ ਹੰਭਲਾ ਮਾਰ।

3. ਸੂਲਾਂ ਤੇਰੇ ਗਿਰਦ ਹਜ਼ਾਰਾਂ,
ਧੂਹੀ ਖਲੋਤੀਆਂ ਨੌਂ ਤਲਵਾਰਾਂ,
ਸ਼ਰਾ ਧਰਮ ਦੇ ਠੇਕੇਦਾਰਾਂ,
ਰਾਹ ਛਡਿਆ ਖਲਿਹਾਰ,
ਕੁਮਾਰੀ ! ਉਠ ਕੇ ਹੰਭਲਾ ਮਾਰ।

4. ਕਦਮ ਕਦਮ ਤੇ ਖੌਦੇ ਹੋਏ,
ਖ਼ੁਦਗਰਜੀ ਨੂੰ ਡੂੰਘੇ ਟੋਏ,
ਥਾਂ ਥਾਂ ਖਿੜਕਣ ਨਵੇਂ ਨਰੋਏ,
ਫੜ ਫੜ ਕਰ ਹੁਸ਼ਿਆਰ,
ਕੁਮਾਰੀ ! ਉਠ ਕੇ ਹੰਭਲਾ ਮਾਰ।

5. ਮਨ ਤੇਰੇ ਦੀਆਂ ਸੁੱਤੀਆਂ ਸੋਆਂ,
ਬਣਨਗੀਆਂ ਭਿੰਨੀਆਂ ਖੁਸ਼ਬੋਆਂ,
ਕੱਲਰ ਮਾਰੀਆਂ ਸੁੰਞੀਆਂ ਭੋਆਂ,
ਹੋ ਜਾਸਣ ਗੁਲਜ਼ਾਰ,
ਕੁਮਾਰੀ ! ਉਠ ਕੇ ਹੰਭਲਾ ਮਾਰ।

---

1. ਬੇਖ਼ਬਰ।

6. ਰਾਹ ਹੈ ਤੇਰਾ ਬੜਾ ਉਖੇਰਾ,
ਵੈਰੀ ਦਲ ਨੇ ਘਤਿਆ ਘੇਰਾ,
ਪਰ ਨਿਰਦੋਸ਼ ਇਰਾਦਾ ਤੇਰਾ,
ਔਣ ਨਾ ਦੇ ਗਾ ਹਾਰ,
ਕੁਮਾਰੀ ! ਉਠ ਕੇ ਹੰਭਲਾ ਮਾਰ।

7. ਤੂੰ ਬਣ ਜਾ ਉਸ਼ਾ ਦੀ ਲਾਲੀ,
ਰੋਸ਼ਨ ਕਰ ਦੇ ਨੁਕਰਾਂ ਖ਼ਾਲੀ,
ਸੁਣ ਸੁਣ ਤਾਨੇ, ਮਿਹਣੇ ਗਾਲੀ,
ਹਸ ਹਸ ਲਈਂ ਸਹਾਰ,
ਕੁਮਾਰੀ ! ਉਠ ਕੇ ਹੰਭਲਾ ਮਾਰ।

੮. ਸਾਈਂ ਤੇਰੇ ਨਾਲ ਰਹੇਗਾ,
ਹਰ ਮੈਦਾਨ ਸਹਾਰਾ ਦੇ ਗਾ,
ਜਗ ਤੇਰਾ ਸਤਕਾਰ ਕਰੇਗਾ,
ਵੇਖ ਤੇਰਾ ਬਲਕਾਰ,
ਕੁਮਾਰੀ ! ਉਠ ਕੇ ਹੰਭਲਾ ਮਾਰ।

ਅੰਦਰ ਦਾ ਚੋਰ

(ਕਾਫ਼ੀ ਕੱਵਾਲੀ)

ਅੰਦਰ ਵਸਦਾ ਚੋਰ,
ਨੀ ! ਮੇਰੇ ਅੰਦਰ ਵਸਦਾ—ਟੇਕ।

ਨਾ ਬੋਲੇ, ਨਾ ਬੋਲਨ ਦੇਵੇ, ਧੜਕੇ ਜ਼ੋਰ, ਜ਼ੋਰ ਨੀ ! ਮੇਰੇ...
ਪੰਡਤ ਮੁੱਲਾਂ ਨੂੰ ਸ਼ਹਿ ਦੇ ਦੇ, ਰੋਜ਼ ਕਰਾਵੇ ਸ਼ੋਰ ਨੀ ! ਮੇਰੇ...
ਸ਼ਰਾ ਧਰਮ ਦੀਆਂ ਦੇਣ ਦੁਹਾਈਆਂ, ਅੰਦਰੋਂ ਮਤਲਬ ਹੋਰ ਨੀ !...
ਹੁਸਨ ਤੋਂ ਸਦਕੇ ਹੋਣ ਨਾ ਦੇਂਦੇ, ਇਸ਼ਕ ਨੂੰ ਕਰਨ ਟਕੋਰ, ਨੀ !...
ਸਈਓ ! ਸਾਨੂੰ ਕੁਝ ਨਾ ਆਖੋ, ਛਡ ਦਿਓ ਲੰਮੀ ਡੋਰ, ਨੀ !...
ਵਾਂਗ ਲਗਾਮ ਨਾ ਜਾਏ ਸੰਭਾਲੀ, ਇਸ਼ਕ ਮੇਰਾ ਮੂੰਹ ਜ਼ੋਰ, ਨੀ !...
ਹੁਸਨ ਮੇਰੇ ਹਰਜਾਈ[1] ਦੇ ਨੇ, ਕੀਤੀ ਨਿਗਹ ਚਕੋਰ, ਨੀ !...
ਤਰਬ ਤਰਬ ਵਿਚ ਗੂੰਜ ਉਸੇ ਦੀ ਘਟ ਘਟ ਵਿਚ ਘਨਘੋਰ ਨੀ !
ਕਾਸ਼ੀ ਕਾਬਾ ਕੋਈ ਨਾ ਸੁਝਦਾ, ਆਇਆ ਐਸਾ ਲੋਰ, ਨੀ !
ਮੇਰੇ ਅੰਦਰ ਵਸਦਾ।

---

1. ਵਿਆਪਕ, ਹਰ ਥਾਂ ਵੱਸਦੇ।

ਹਾਇ ! ਨਾ ਤੋੜ

(ਗੀਤ)

ਨਾ ਤੋੜੀਂ, ਵੇ ! ਨਾ ਤੋੜੀਂ,
ਬੇਤਰਸ ਨਵ੍ਹਾਂ ਨੂੰ ਹੋੜੀਂ, ਨਾ...

ਫੁਲ ਚੋਣੇ, ਬੀਬੇ ਰਾਣੇ !
ਮ੍ਹਾਂ ਜੀਊ, ਜਵਾਨੀ ਮਾਣੇਂ !
ਸਹਿਜੇ ਸਹਿਜੇ ਹਥ ਪਾਵੀਂ,
ਬਚ ਬਚ ਕੇ ਵਾਰ ਚਲਾਵੀਂ।
ਫੁਲਾਂ ਦਾ ਲਾਹ ਲੈ ਚਾ ਤੂੰ,
ਪਰ ਕਲੀਆਂ ਕੋਲ ਨਾ ਜਾ ਤੂੰ,
ਮਾਂ ਦੀ ਗੋਦੀ ਵਿਚ ਪਈਆਂ,
ਕੋਈ ਸੁਪਨਾ ਲੈ ਰਹੀਆਂ,
ਸੁਤਿਆਂ ਨਾ ਧੌਣ ਮਰੋੜੀਂ,
ਨਾ ਤੋੜੀਂ, ਵੇ ! ਨਾ ਤੋੜੀਂ।

2. ਏ ਕਸਤੂਰੇ[1] ਹਿਰਨੋਟੇ,
ਹਾਲੀ ਨੇਂ ਛੋਟੇ ਛੋਟੇ।
ਘੁਟ ਘੁਟ ਅਰਮਾਨ ਪਏ ਨੇਂ,
ਕੋਈ ਵਕਤ ਉਡੀਕ ਰਹੇ ਨੇਂ,
ਤਕ ਤਕ ਕੇ ਰੂਪ ਇਨ੍ਹਾਂ ਦੇ,
ਫਸ ਜਾਵਣ ਗੇ ਰਾਹ ਜਾਂਦੇ।
ਮੈ ਨਾਲ ਛੁਲਕਦੇ ਪਿਆਲੇ,
ਪੀ ਪੀ ਹੋਸਣ ਮਤਵਾਲੇ,
ਨਾ ਬੰਦ ਸੁਰਾਹੀਆਂ ਰੋੜੀਂ,
ਨਾ ਤੋੜੀਂ, ਵੇ ! ਨਾ ਤੋੜੀਂ।

3. ਏਹ ਮੋਤੀ ਸੁਹਲ ਸਜਾਏ,
ਸਿਪੀਆਂ ਵਿਚ ਕੁਦਰਤ ਪਾਏ।
ਬਟੂਏ ਪਏ ਮੁਸ਼ਕ ਤਤਾਰੀ[2]।
ਏਹ ਨਿੰਬੂਏ ਨੇ ਸਰਕਾਰੀ,
ਦਫਤਰ ਨੇ ਵਲਵਲਿਆਂ[3] ਦੇ,
ਸੋਮੇ ਨੇ ਇਸ਼ਕ, ਝਨਾ ਦੇ।
ਪਾਂਧੀ ਨੇ ਪ੍ਰੇਮ ਨਗਰ ਦੇ,

---

1. ਇਕ ਜਾਤ ਦਾ ਹਿਰਨ ਜਿਸਦੀ ਨਾਭ ਵਿਚੋਂ ਕਸਤੂਰੀ ਨਿਕਲਦੀ ਹੈ।
2. ਤਾਤਾਰ ਦੇਸ਼ ਦਾ, ਜਿਥੋਂ ਦਾ ਅਤਰ ਪ੍ਰਸਿੱਧ ਹੈ। 3. ਉਤਸ਼ਾਹ, ਉਮੰਗ, ਜਜ਼ਬੇ।

ਪਹੁੰਚਣ ਦਾ ਹੀਲਾ ਕਰਦੇ,
ਰਾਹ ਵਿਚ ਨਾ ਬੇੜਾ ਬੋੜੀਂ,
ਨਾ ਤੋੜੀਂ, ਵੇ ! ਨਾ ਤੋੜੀਂ।

4. ਇਹ ਗੁੰਚੇ ਲਟ ਲਟ ਜਗਦੇ,
ਚੰਗਿਆੜੇ ਦਿਲ ਦੇ ਅੱਗ ਦੇ,
ਅਸਮਤ[1] ਦੇ ਬੰਦ ਖਜ਼ਾਨੇ,
ਏਹ ਰੱਬ ਦੇ ਖਲਵਤਖਾਨੇ,[2]
ਵਲ ਛਲ ਤੋਂ ਦਿਲ ਨੇ ਖਾਲੀ,
ਦੇਖੀ ਨਹੀਂ ਦੁਨੀਆਂ ਹਾਲੀ।

5. ਨਾ ਹੁਸਨ, ਬਜ਼ਾਰ ਲਗਾਇਆ,
ਨਾ ਵਾਹਵਾ ਵਾ ਅਖਵਾਇਆ,
ਅਧਵਾਟਿਓਂ ਪਿਛਾਂ ਨਾ ਮੋੜੀਂ,
ਨਾ ਤੋੜੀਂ, ਵੇ ! ਨਾ ਤੋੜੀਂ।

ਮਨ ਸਮਝਾਵਾ

ਆ, ਬਹਿ ਜਾ ਦਿਲ ! ਹੁਣ ਚੁਪ ਕਰਕੇ,
ਬਸ ਕਰ ਇਸ ਮਾਰਾਮਾਰੀ ਨੂੰ।
ਮੈਂ ਤਾੜ ਲਿਆ, ਓਹਲੇ ਬਹਿ ਕੇ,
ਤੇਰੀ ਚਤੁਰਾਈ ਸਾਰੀ ਨੂੰ।

1. ਬਾਹਰ ਕੁਝ ਮਕਰ ਖਿਲਾਰੇਂ ਤੂੰ,
ਅੰਦਰ ਕੁਝ ਲੋਹੜੇ ਮਾਰੇਂ ਤੂੰ,
ਆ ਟਲ ਜਾ ਪੁਠੀਆਂ ਚਾਲਾਂ ਤੋਂ,
ਛਡ ਦੇ ਇਸ ਦੁਨੀਆਂ ਦਾਰੀ ਨੂੰ।

2. ਤੇਰਾ ਮੂੰਹ ਕਿਆ ਭੋਲਾ ਭਾਲਾ ਹੈ,
ਪਰ ਦਿਲ ਤੂਫਾਨੀ ਗੋਲਾ ਹੈ,
ਕਦ ਤੀਕਰ ਪੋਚੀ ਜਾਵੇਂਗਾ ?
ਇਸ ਬੇਬੁਨਿਆਦ ਉਸਾਰੀ ਨੂੰ।

3. ਜੁਗੜੇ ਹੋ ਗਏ ਨੀਂ ਖਪਦੇ ਨੂੰ,
ਪਿੜ ਬੰਨ੍ਹ ਬੰਨ੍ਹ ਨਚਦੇ ਟਪਦੇ ਨੂੰ,
ਦਸ ਖਾਂ ਕੁਝ ਹਥ ਭੀ ਆਇਆ ਈ ?
ਕਰ ਕਰ ਕੇ ਲੋਕਾਚਾਰੀ ਨੂੰ।

---

1. ਲਜਿਆ ਹਯਾ। 2. ਸ਼ਰਾਬਖਾਨੇ, ਮਸਤੀ ਦੇ ਘਰ।

4. ਚੁਕ ਪੜਦਾ, ਹੁਣ ਜ਼ਾਹਰ ਹੋ ਜਾ,
ਜੋ ਅੰਦਰੋਂ ਹੈਂ, ਬਾਹਰ ਹੋ ਜਾ,
ਕੀ ਫੈਦਾ ? ਏਸ ਤਮਾਸ਼ੇ ਦਾ,
ਦਸ ਦੇ ਲੁਕਵੀਂ ਬੀਮਾਰੀ ਨੂੰ।

5. ਜੇ ਜਾਨ ਘੁਮਾਣੋਂ ਡਰਦਾ ਹੈਂ,
ਤਦ ਇਸ਼ਕ ਇਸ਼ਕ ਕੀ ਕਰਦਾ ਹੈਂ ?
ਛੰਡ ਖਹਿੜਾ ਮਕ਼ਰ ਦਿਖਾਵੇ ਦਾ,
ਮੰਨ ਲੈ ਆਪਣੀ ਲਾਚਾਰੀ ਨੂੰ।

6. ਮੋਮਨ ਨਹੀਂ, ਤਾਂ ਕਾਫਿਰ ਹੀ ਰਹੁ,
ਪਰ ਤਸਬੀ ਫੜ ਫੜ ਕੇ ਨਾ ਬਹੁ,
ਪਾਪੀ ਭੀ ਪਾਰ ਲਗਾਣ ਦੀਆਂ,
ਤੌਫ਼ੀਕਾਂ ਨੇਂ ਉਸ ਬਾਰੀ ਨੂੰ।

ਜੋਗੀ

ਟੁਕ ਸੁੰਨ-ਸਮਾਧ ਹਟਾ ਜੋਗੀ।
ਕੋਈ ਰਾਗ ਰਸੀਲਾ ਗਾ ਜੋਗੀ।

1. ਚੁਪ ਸਾਧੀ ਊ ਢੇਰ ਜ਼ਮਾਨੇ ਦੀ,
ਕੁਝ ਸੁਧ ਭੀ ਲੈ ਬੁਤਖਾਨੇ[1] ਦੀ,
ਛਡ ਝਾਕ ਜਹਾਨ ਬਿਗਾਨੇ ਦੀ,
ਕੁਟੀਆ ਵਿਚ ਜੋਤ ਜਗਾ ਜੋਗੀ।

2. ਤੇਰਾ ਦਿਲ ਦੁਨੀਆਂ ਤੋਂ ਨਸਦਾ ਹੈ,
ਗੁੰਝਲਾਂ ਵਿਚ ਜਾ ਜਾ ਫਸਦਾ ਹੈ,
ਪਰ ਰੱਬ ਤਕ ਤਕ ਕੇ ਹਸਦਾ ਹੈ,
ਇਹ ਤੇਰਾ ਅਜਬ ਸ਼ੁਦਾ ਜੋਗੀ।

3. ਰੱਬ ਫੜਨਾ ਜੀ ਤਾਂ ਚਾਹੁੰਦਾ ਹੈ,
ਪਰ ਰੱਬ ਵੀ ਫੜਿਆ ਜਾਂਦਾ ਹੈ ?
ਜੋ ਘਰ ਘਰ ਹਸਦਾ ਗਾਂਦਾ ਹੈ,
ਉਸ ਜੀਉਂਦੇ ਰੱਬ ਨੂੰ ਪਾ ਜੋਗੀ।

4. ਤੂੰ ਚੰਦਨ ਘਸ ਘਸ ਲਾਂਦਾ ਹੈਂ,
ਪਰ ਗਿਰਦੇ ਝਾਤ ਨਾ ਪਾਂਦਾ ਹੈਂ,
ਠੰਢਕ ਨੂੰ ਪੌਹਣ ਨਾ ਦੇਂਦੀ ਹੈ—
ਬਾਹਰ ਦੀ ਗਰਮ ਹਵਾ ਜੋਗੀ।

---

1. ਮੰਦਰ ਜਿਥੇ ਮੂਰਤੀ ਜਾਂ ਬੁੱਤ ਦੀ ਪੂਜਾ ਹੋਵੇ।

5. ਉਠ ਦੇਖ, ਕਿਧਰ ਛਾਂ ਢਲਦੀ ਹੈ,
ਵਾ ਕਿਸ ਪਾਸੇ ਦੀ ਚਲਦੀ ਹੈ,
ਜੋ ਅਗਨ ਚੁਫੇਰੇ ਬਲਦੀ ਹੈ,
ਕਰ ਉਸ ਦਾ ਕੋਈ ਉਪਾ ਜੋਗੀ।

6. ਜਿਸ ਘਰ ਦੀ ਲਛਮੀ ਰੁੱਸ ਗਈ ਏ,
ਮਤ ਮੁਸਾ[1] ਗਈ, ਜੀਨਤ[2] ਖੁਸ ਗਈ ਏ,
ਕੁਲ ਚਾਲ, ਰੀਤ ਸਭ ਘੁਸ[3] ਗਈ ਏ,
ਉਸ ਦੀ ਕੁਝ ਬਣਤ ਬਣਾ ਜੋਗੀ।

7. ਔਹ ਦੇਖ, ਭਗਤ ਕੀ ਕਰਦੇ ਨੀਂ,
ਟੁਕਰਾਂ ਤੋਂ ਲੜ ਲੜ ਮਰਦੇ ਨੀਂ,
ਤੇਰੇ ਰੱਬ ਤੋਂ ਭੀ ਨਾ ਡਰਦੇ ਨੀਂ,
ਏਨ੍ਹਾਂ ਨੂੰ ਕੁਝ ਸਮਝਾ ਜੋਗੀ।

8. ਇਕ ਰਬ, ਤੇ ਪੰਥ ਹਜ਼ਾਰਾਂ ਨੇਂ,
ਸਭ ਦੇ ਹਥ ਵਿਚ ਤਲਵਾਰਾਂ ਨੇਂ,
ਸੁਰਗਾਂ ਦਿਆਂ ਠੇਕੇਦਾਰਾਂ ਨੇਂ,
ਹੋਲੀ ਜਹੀ ਛਡੀ ਮਚਾ ਜੋਗੀ।

9. ਉਠ, ਤਕੜਾ ਹੋ ! ਕਰ ਖ਼ਿਆਲ ਜ਼ਰਾ,
ਪੜ੍ਹ ਮੰਤਰ, ਰੂਹਾਂ ਉਠਾਲ ਜ਼ਰਾ,
ਭਗਤਾਂ ਦਾ ਖ਼ੂਨ ਉਛਾਲ ਜ਼ਰਾ,
ਮਰ ਕੇ ਜੀਉਣਾ ਸਿਖਲਾ ਜੋਗੀ।

10. ਜਦ ਆਪਣਾ ਆਪ ਘੁਮਾਵੇਂਗਾ,
ਰੱਬ ਦੇ ਰਾਹ ਵਿਚ ਕੰਮ ਆਵੇਂਗਾ,
ਤਦ ਹੀ ਤੂੰ ਮੁਕਤੀ ਪਾਵੇਂਗਾ,
ਸੁਆਰਥ ਦੀ ਭੇਟ ਚੜ੍ਹਾ ਜੋਗੀ।

ਸ਼ਾਵਾ ਸ਼ੇ

1. ਦੁਨੀਆਂ ਦੀ ਦੌੜੋਂ ਪਛੜ ਗਏ—
ਪਾਂਧੀ ! ਹਿੰਮਤ ਨਹੀਂ ਹਾਰੀ ਦੀ,
ਸ਼ੇਰਾਂ ਨੂੰ ਝੁਰਨਾ ਕੀ ਆਖੇ,
ਢੇਰੀ ਨਹੀਂ ਢਾਹੀ ਉਸਾਰੀ ਦੀ।

2. ਕਿਸਮਤ ਨੂੰ ਬਹਿ ਬਹਿ ਯਾਦ ਨਾ ਕਰ,
ਨਾਕਾਮੀ ਦੀ ਫ਼ਰਯਾਦ ਨਾ ਕਰ,

---

1. ਮੱਧਮ ਪੈ ਗਈ। 2. ਸਜਾਵਟ, ਸੋਭਾ। 3. ਭੁਲ ਗਈ।

ਤਾਕਤ ਨੂੰ ਇਉਂ ਬਰਬਾਦ ਨਾ ਕਰ,
ਹਾਜਤ[1] ਨਹੀਂ ਗਿਲਹ ਗੁਜ਼ਾਰੀ ਦੀ।

3. ਜਿਸ ਦਿਲ ਨੂੰ ਪਿਆ ਡੁਲਾਂਦਾ ਹੈਂ,
ਫ਼ਿਕਰਾਂ ਵਿਚ ਗੋਤੇ ਖਾਂਦਾ ਹੈਂ,
ਏਸੇ ਨੂੰ ਰੱਬ ਨੇ ਸੌਂਪੀ ਹੈਂ,
ਸਰਦਾਰੀ ਦੁਨੀਆਂ ਸਾਰੀ ਦੀ।

4. ਦਿਲ ਊੜਾ[2] ਹੈ ਅਫ਼ਸਾਨੇ[3] ਦਾ,
ਵਰਤਾਵਾ ਹੈ ਮੈਖ਼ਾਨੇ ਦਾ,
ਦਿਲ ਨੇ ਹੀ ਆ ਕੇ ਹਰਕਤ ਵਿਚ,
ਛੇੜੀ ਸੀ ਖੇਲ ਮਦਾਰੀ ਦੀ।

5. ਦਿਲ ਮੁਰਦਾ ਰੂਹਾਂ ਜਗਾ ਸਕਦਾ ਏ,
ਦਿਲ ਪੱਥਰਾਂ ਨੂੰ ਪੰਘਰਾ ਸਕਦਾ ਏ,
ਦੁਨੀਆਂ ਉਲਟਾ ਪਲਟਾ ਸਕਦਾ ਏ,
ਬਣ ਔਖਿਧ[4] ਹਰ ਬੀਮਾਰੀ ਦੀ।

6. ਪ੍ਰਹਿਲਾਦ[5] ਦੇ ਦਿਲ ਦਾ ਚੇਤਾ ਕਰ,
ਫਰਿਹਾਦ[6] ਦੇ ਦਿਲ ਦਾ ਚੇਤਾ ਕਰ,
ਦਿਲ ਨੇ ਹੀ ਨਹੀਂ ਸੀ ਲਾਜ ਰੱਖੀ ?
ਇਕ ਨੰਗੀ ਹੋ ਰਹੀ ਨਾਰੀ ਦੀ।

7. ਜਦ ਦਿਲ ਤੇਰਾ ਤੁਲ ਜਾਵੇਗਾ,
ਤਾਰੇ ਭੀ ਤੋੜ ਲਿਆਵੇਗਾ,
ਇਸ ਦਿਲ ਥੀਂ ਉਠੇ ਇਰਾਦੇ ਤੇ,
ਬਰਸੇਗੀ ਰਹਿਮਤ ਬਾਰੀ ਦੀ।

8. ਉਠ ਹਿੰਮਤ ਕਰ, ਤੇ ਤਣ ਜਾ ਫਿਰ,
ਜੇ ਬਣਨਾ ਚਾਹੇਂ ਬਣ ਜਾ ਫਿਰ,
ਚਾਹੇ ਬਹਿ ਜਾ ਰਾਜ-ਸਿੰਘਾਸਣ ਤੇ,
ਚਾਹੇ ਕਫ਼ਨੀ ਪਹਿਨ ਭਿਖਾਰੀ ਦੀ।

ਬੁਲਬੁਲ

ਖ਼ਾਜਾ ਖਿਜ਼ਰ[7] ਦੇ ਬਾਗ਼ ਦਿਆ ਸੁਹਲ ਫੁੱਲਾ।
ਫੁੱਲ ਫੁੱਲ ਬਹਿੰਦਿਆਂ ! ਚੁੰਗੀਆਂ ਭਰਦਿਆਂ ਉਇ !

1. ਜ਼ਰੂਰਤ। 2. ਭਾਵ ਹੈ ਕਿ ਮੁੱਢ। 3. ਕਿੱਸਾ, ਕਹਾਣੀ। 4. ਦਵਾਈ।
5. ਹਰਨਾਕਸ਼ ਦਾ ਪੁਤ੍ਰ, ਪ੍ਰਹਿਲਾਦ ਭਗਤ।
6. ਈਰਾਨ ਦਾ ਇਕ ਰਾਜਗੀਰ ਜਿਸਦਾ ਈਰਾਨ ਦੀ ਰਾਣੀ ਸ਼ੀਰੀ ਨਾਲ ਪਿਆਰ ਸੀ।
7. ਮੁਸਲਮਾਨੀ ਗ੍ਰੰਥਾਂ ਅਨੁਸਾਰ ਪਾਣੀ ਦਾ ਫਰਿਸ਼ਤਾ (ਜਲਦੇਵਤਾ)।

ਸਿਰ ਤੇ ਟੋਪ ਸਤਵੰਨੀਆਂ[1] ਪਹਿਨ ਕੇ ਤੇ,
ਪਾਰੇ ਵਾਂਗ ਝਿਲਮਿਲ-ਝਿਲਮਿਲ ਕਰਦਿਆਂ ਉਇ !
1. ਡਿਗਦੇ ਝਰਨਿਆਂ ਨੂੰ ਕੁਦ ਕੁਦ ਫੜਦਿਆਂ ਉਇ !
ਲਹਿਰਾਂ ਨਾਲ ਬਿਦ ਤਾਰੀ ਤਰਦਿਆਂ ਉਇ !
ਘੁੰਮਣਘੇਰ ਵਿਚ ਫੇਰੀਆਂ ਲੈਂਦਿਆਂ ਉਇ !
ਪਲ ਵਿਚ ਜੰਮਦਿਆਂ ਤੇਂ ਪਲ ਵਿਚ ਮਰਦਿਆਂ ਉਇ !
ਲਿਸ਼ਕ-ਪੁਸ਼ਕ, ਮਲੂਕੀ ਤੇ ਨਾਜ਼ ਨਖ਼ਰੇ,
ਵਿੰਨ੍ਹੀ ਜਾਂਦੀ ਹੈ ਬਾਂਕੀ ਅਦਾ ਤੇਰੀ।
ਖਾ ਖਾ ਵੱਫੀਆਂ ਵਧੇ ਹੋਏ ਮੱਟ ਵਾਂਗਰ,
ਬੱਝੀ ਹੋਈ ਹੈ ਸੋਹਣੀ ਹਵਾ ਤੇਰੀ।
2. ਬਹਿ ਕੇ ਸੋਚ, ਇਹ ਝੂਲਣਾ ਮਹਿਲ ਤੇਰਾ,
ਕਿਸੇ ਢੋਲ ਦੇ ਪੋਲ ਤੇ ਖੜਾ ਤਾਂ ਨਹੀਂ ?
ਕਿਸੇ ਇਸ਼ਕ ਦੇ ਵਹਿਣ ਵਿਚ ਰੁੜ੍ਹੀ ਜਾਂਦੀ,
ਸੋਹਣੀ ਨਾਰ ਦਾ ਤੂੰ ਕੱਚਾ ਘੜਾ ਤਾਂ ਨਹੀਂ ?
ਗੁੰਬਦ ਗੋਲ ਵਿਚ ਨੂਰ ਜਹਾਨ ਦੀ ਥਾਂ,
ਕਿਸੇ ਗੜੇ ਦੀ ਲਾਸ਼ ਦਾ ਥੱੜਾ ਤਾਂ ਨਹੀਂ ?
ਜਿਹੜੀ ਛੱਲ ਦੇ ਸਿਰ ਚੜ੍ਹ ਚੜ੍ਹ ਨੱਚਦਾ ਹੈਂ,
ਵਾਜਾਂ ਮਾਰਦਾ ਓਸ ਨੂੰ ਰੜਾ[2] ਤਾਂ ਨਹੀਂ ?
ਆਫਰ ਗਿਓਂ ਤੂੰ ਪਲਕ ਦੀ ਝਲਕ ਪਾ ਕੇ,
ਆਪਣੀ ਉਮਰ ਦੀ ਸਮਝਦਾ ਸਾਰ ਭੀ ਹੈਂ ?
ਜਿਹੜੀ ਹਵਾ ਦੇ ਘੋੜੇ ਤੇ ਚੜ੍ਹੀ ਬੈਠੋਂ,
ਉਸ ਦੀ ਇੱਕ ਚਪੇੜ ਦੀ ਮਾਰ ਭੀ ਹੈਂ ?
3. ਅਗੋਂ ਬੁਲਬੁਲੇ ਨੇ ਇਹ ਜਵਾਬ ਦਿੱਤਾ,
ਤੂੰ ਘਬਰਾ ਨਾ, ਐਡਾ ਅਣਜਾਣ ਨਹੀਂ ਮੈਂ,
ਸਿਰ ਤੇ ਬੰਨ੍ਹ ਖੱਫਣ ਘਰੋਂ ਨਿਕਲਿਆ ਸਾਂ,
ਲੰਮੀ ਉਮਰ ਤੇ ਵੇਚਦਾ ਜਾਨ ਨਹੀਂ ਮੈਂ,
ਆਏ ਹਵਾ ਭੱਖੀ, ਡੇਰਾ ਕੂਚ ਕੀਤਾ,
ਘੜੀਆਂ ਪਲਾਂ ਤੋਂ ਬਹੁਤ ਮਹਿਮਾਨ ਨਹੀਂ ਮੈਂ,
ਪੱਕੇ ਪੈਂਤੜੇ ਬੰਨ੍ਹ ਕੇ ਬਹਿਣ ਵਾਲਾ,
ਹਿਰਸਾਂ ਵਿੱਚ ਗ਼ਲਤਾਨ[3] ਇਨਸਾਨ ਨਹੀਂ ਮੈਂ।
ਮੈਂ ਤਾਂ ਹੱਸ ਕੇ ਨੂਰ ਵਿਚ ਨੂਰ ਬਣਨਾਂ,
ਤੂੰ ਇਹ ਹੋਰਥੇ ਰਾਗਣੀ ਗਾ ਜਾ ਕੇ,

---

1. ਸੱਤ ਰੰਗਾ। 2. ਸੁੱਕਾ, ਮਹਾਨ। 3. ਖੁਭਿਆ ਹੋਇਆ।

ਐਸ਼ਾਂ ਵਿਚ ਜੋ ਰੱਬ ਭੁਲਾਈ ਬੈਠੇ,
ਮੌਤ ਉਨ੍ਹਾਂ ਨੂੰ ਯਾਦ ਕਰਵਾ ਜਾ ਕੇ।

4. ਬੰਦੇ ਵਾਂਗ ਮੈਂ ਅੱਡੀਆਂ ਰਗੜਦਾ ਨਹੀਂ,
ਮਰਨ ਲੱਗਿਆਂ ਲੱਤਾਂ ਅੜਾਉਂਦਾ ਨਹੀਂ,
ਜੋੜ ਜੋੜ ਸਿਕੰਦਰ[1] ਦੇ ਵਾਂਗ ਮਾਯਾ,
ਪਿੱਛੋਂ ਸੱਖਣੇ ਹੱਥ ਵਿਖਾਉਂਦਾ ਨਹੀਂ,
ਰਾਵਣ ਵਾਂਗ ਮੈਂ ਕਾਲ ਨੂੰ ਬੰਨ੍ਹਦਾ ਨਹੀਂ,
ਤੇ ਸ਼ੱਦਾਦ[2] ਵਰਗੇ ਬਾਗ ਲਾਉਂਦਾ ਨਹੀਂ,
ਲਾਲਾਂ ਚੱਟਦਾ ਨਹੀਂ ਜਿੰਦ ਰੋਲਦਾ ਨਹੀਂ,
ਟੱਬਰ ਵਾਸਤੇ ਬੀਮੇ ਕਰਾਉਂਦਾ ਨਹੀਂ।
ਇਹ ਇਨਸਾਨ ਹੀ ਹੈ, ਲੋਈ ਲਾਹ[3] ਜਿਸ ਨੇ,
ਅੱਡ ਛੱਡਿਆ ਐਡ ਅਡੰਬਰਾਂ ਨੂੰ,
ਸਾਰੀ ਧਰਤ ਤੇ ਕਬਜ਼ਾ ਜਮਾ ਚੁੱਕ,
ਜੱਫੇ ਮਾਰਦਾ ਹੈ ਚੜ੍ਹ ਚੜ੍ਹ ਅੰਬਰਾਂ ਨੂੰ।

5. ਤੂੰ ਇਨਸਾਨ ਹੈਂ ਰੱਬ ਦਾ ਸਾਹਬਜ਼ਾਦਾ,
ਜਿੰਨਾ ਚਾਹੇਂ ਪਾਖੰਡ ਰਚਾਈ ਜਾ ਤੂੰ,
ਦੁਨੀਆਂ ਛਲੀ ਜਾ, ਚਲੀ ਜਾ, ਮਲੀ ਜਾ ਤੂੰ,
ਵਲਗਣ ਵਲੀ ਜਾ, ਮੌਜਾਂ ਉਡਾਈ ਜਾ ਤੂੰ,
ਵੇਖੀ ਜਾਏਗੀ ਅਗ੍ਹਾਂ ਦੀ ਅਗ੍ਹਾਂ ਵੇਲੇ,
ਹਾਲੀ ਹਿਰਸ ਦੇ ਜਾਲ ਫੈਲਾਈ ਜਾ ਤੂੰ,
ਆਹ ਲਾਹੀ ਜਾ, ਛੁਰੀਆਂ ਚਲਾਈ ਜਾ ਤੂੰ।
ਮਾਰ ਮਾਰ ਮਾਰਾਂ ਢੇਰ ਲਾਈ ਜਾ ਤੂੰ,
ਖੱਫਣ ਅੰਤ ਵੇਲੇ ਖਬਰੇ ਲੱਭਣਾ ਨਹੀਂ,
ਐਪਰ ਜੀਉਂਦਿਆਂ ਜੀ ਦਾ ਧਰਵਾਸ ਹੀ ਸਹੀ,
'ਚਾਤ੍ਰਿਕ' ਨਾਲ ਤਾਂ ਏਸ ਨੇ ਚੱਲਣਾ ਨਹੀਂ,
ਨਰਕਾਂ ਵਾਸਤੇ ਪਾਪ ਦੀ ਰਾਸ ਹੀ ਸਹੀ।

ਸੱਤ ਸਵਾਲ

(ਬਾਬੂ ਸੂਰਜ ਨਰਾਇਣ ਮਿਹਰ (ਦਿੱਲੀ) ਦੀ ਉਰਦੂ ਕਵਿਤਾ ਦੇ ਅਧਾਰ ਤੇ ਲਿਖੀ ਗਈ)

1. ਸੁਣਿਆ-ਵੱਡ ਵਡੇਰਿਆਂ ਤੇਰਿਆਂ ਦੀ,
ਸ਼ੋਭਾ ਖਿੱਲਰੀ ਸਾਰੇ ਜਹਾਨ ਦੇ ਵਿਚ,

1. ਯੂਨਾਨ ਦਾ ਬਾਦਸ਼ਾਹ ਜਿਸਨੇ ਸੰਨ 327 ਪੂਰਬ ਈਸਵੀ ਵਿਚ ਭਾਰਤ ਤੇ ਹਮਲਾ ਕੀਤਾ ਸੀ।
2. ਇਕ ਬਾਦਸ਼ਾਹ ਜਿਸ ਨੇ ਲਟਕਦੇ ਬਾਗ਼ ਬਣਵਾਏ ਮਨ ਤੇ ਜਿਸਦਾ ਯਤਨ ਸੀ ਕਿ ਧਰਤੀ ਉੱਤੇ ਹੀ ਸਵਰਗ ਦਾ ਨਮੂਨਾ ਬਣੇ। 3. ਸ਼ਰਮ ਲਾਹ ਕੇ।

ਖ਼ਾਨਦਾਨ ਸੀ ਉਹੀ ਉੱਚੀ ਆਨ ਵਾਲਾ,
ਚਮਕੇ ਸ਼ਾਨ ਜਿਸ ਦੀ ਆਸਮਾਨ ਦੇ ਵਿਚ।
ਰਾਠ ਸੂਰਮੇ, ਰਿਜ਼ਕ ਤੇ ਅਣਖ ਵਾਲੇ,
ਉੱਘੇ ਬੜੇ ਸਨ ਦਯਾ ਤੇ ਦਾਨ ਦੇ ਵਿਚ।
ਐਪਰ ਸੱਜਣਾ ! ਕਰੀਂ ਹੰਕਾਰ ਨਾ ਤੂੰ,
ਕੇਵਲ ਜੰਮ ਉੱਚੇ ਖ਼ਾਨਦਾਨ ਦੇ ਵਿਚ।
ਕੰਘੀ ਮਾਰ[1] ਕੇ ਦੱਸ ਖਾਂ ! ਵਿਚ ਤੇਰੇ,
ਓਨ੍ਹਾਂ ਵੱਡਿਆਂ ਦੀ ਕੋਈ ਚਾਲ ਭੀ ਹੈ ?

2. ਮੰਨ ਲਿਆ ਖ਼ਜ਼ਾਨਿਆਂ ਤੇਰਿਆਂ ਤੇ,
ਚੋਖਾ ਭਾਗ ਪਰਮਾਤਮਾ ਲਾਇਆ ਹੈ,
ਛਣਕ ਮਣਕ ਨੇ ਅੱਜ ਇਕਬਾਲ ਤੇਰਾ,
ਫ਼ਰਸ਼ੋਂ ਚੁੱਕ ਅਰਸ਼ਾਂ ਤੇ ਪੁਚਾਇਆ ਹੈ,
ਹੱਸ ਖੇਡ ਕੇ ਲੰਘਦਾ ਸਮਾਂ ਸਾਰਾ,
ਸੁਪਨੇ ਵਿੱਚ ਭੀ ਦੁੱਖ ਨਾ ਪਾਇਆ ਹੈ,
ਐਸ਼ ਅਸ਼ਰਤਾਂ ਵਿਚ ਗ਼ਲਤਾਨ ਸੱਜਣ !
ਚੇਤਾ ਹੋਰ ਦਾ ਭੀ ਕਦੇ ਆਇਆ ਹੈ ?
ਏਸ ਬੋਹਲ[2] ਵਿੱਚੋਂ, ਦੱਸੀਂ, ਬੁੱਕ ਭਰ ਕੇ,
ਪੂਰਾ ਕਿਸੇ ਦਾ ਕੀਤਾ ਸਵਾਲ ਭੀ ਹੈ ?

3. ਮੰਨ ਲਿਆ, ਤੂੰ ਰਹਿਣ ਨੂੰ ਬੜੇ ਸੋਹਣੇ,
ਮੰਦਰ ਕੋਠੀਆਂ ਬੰਗਲੇ ਪਾ ਲਏ ਨੇਂ।
ਸੰਗਮਰਮਰੀ ਫ਼ਰਸ਼, ਰੰਗੀਲ ਛੱਤਾਂ,
ਫੁੱਲਾਂ ਬੂਟਿਆਂ ਨਾਲ ਮਹਿਕਾ ਲਏ ਨੇਂ।
ਢੂੰਡ ਢੂੰਡ ਸਜਾਉਟਾਂ ਆਦੀਆਂ ਨੇਂ,
ਅੰਦਰ ਝਾੜ ਫ਼ਾਨੂਸ[3] ਭੀ ਲਾ ਲਏ ਨੇਂ।
ਅੰਨ੍ਹਾ ਰੋੜ੍ਹਿਆ ਮਾਲ ਗਲਕਾਰੀਆ[4] ਤੇ,
ਸਕੋਚ ਕੁਰਸੀਆਂ ਮੇਜ ਸਜਵਾ ਲਏ ਨੇਂ।
ਕਿਸੇ ਮਿਤ੍ਰ ਪਰਾਹੁਣੇ ਦੱਸ ਤਾਂ ਸਹੀ,
ਖਾਧਾ ਅੰਨ੍ਹ, ਬਹਿ ਕੇ ਤੇਰੇ ਨਾਲ ਭੀ ਹੈ ?

4. ਮੰਨ ਲਿਆ, ਤੂੰ ਬੜਾ ਬਲਕਾਰ ਵਾਲਾ,
ਕਰ ਕਰ ਕਸਰਤਾਂ ਦੇਹ ਲਿਸ਼ਕਾ ਲਈ ਤੂੰ,
ਚੌੜੀ ਹਿੱਕ ਤੇ ਜ਼ੋਰ ਵਿਚ ਭਰੇ ਡੌਲੇ,

1. ਘੋਖ ਕੇ, ਸੋਚ ਕੇ। 2. ਢੇਰ, ਭੰਡਾਰ।
3. ਚਰਾਗ ਦਾਨ, ਮੋਮਬਤੀ ਆਦਿ ਜਲਾਣ ਲਈ ਸ਼ੀਸ਼ੇ ਦੇ ਗੁਲਦਸਤੇ ਜਿਹੇ। 4. ਕਪੜਿਆਂ ਉੱਤੇ ਫੁੱਲ ਬੂਟੇ ਪਾਉਣੇ।

ਗਰਦਨ ਸ਼ੇਰ ਦੇ ਵਾਂਗ ਅਕੜਾ ਲਈ ਤੂੰ,
ਸੰਗਲ ਤੋੜਦਾ ਮੋਟਰਾਂ ਰੋਕ ਲੈਂਦਾ,
ਗੱਡੀ ਹਿੱਕ ਉਤੋਂ ਦੀ ਲੰਘਾ ਲਈ ਤੂੰ,
ਇਸ ਬਲਕਾਰ ਤੇ ਸੱਜਣਾ ! ਆਕੜੀਂ ਨਾ,
ਤਾਕਤ ਨਾਲ ਜੇ ਧਾਂਕ ਬੈਠਾ ਲਈ ਤੂੰ।
ਦੱਸ, ਖਿਮਾ ਤੇ ਹੌਸਲਾ ਹਈ ਪੱਲੇ ?
ਤਾਕਤ ਨਾਲ, ਇਨਸਾਫ ਦਾ ਖਯਾਲ ਭੀ ਹੈ ?

5. ਮੰਨ ਲਿਆ, ਭਈ ਸ਼ਹਿਦ ਦੇ ਘੁੱਟ ਆਉਣ,
ਜੀਭ ਜਦੋਂ ਤੇਰੀ ਬੋਲ ਬੋਲਦੀ ਹੈ,
ਉਛਲ ਉਛਲ ਕੇ ਦਿਲ ਬਾਹਰ ਵਾਰ ਆਵੇ,
ਜਦ ਤਕਦੀਰ ਤੇਰੀ ਖਿੜਕੇ ਖੋਲਦੀ ਹੈ।
ਭੰਬਟ ਪੈਣ ਡਿਗ ਡਿਗ ਤੇਰੀ ਸ਼ਮਾ ਉਤੇ,
ਹੋ ਹੋ ਗਰਮ ਜਦ ਅੱਥਰੂ ਡੋਲ੍ਹਦੀ ਹੈ।
ਜਾਦੂਗਰ ! ਕਮਾਲ ਕਰ ਦੱਸਿਓ ਈ,
ਐਪਰ ਖਬਰ ਕੁਝ ਢੋਲ ਦੇ ਪੋਲ[1] ਦੀ ਹੈ ?
ਰੋਗੀ ਦੁਖੀ ਦਾ ਦਰਦ ਵੰਡਾਣ ਖਾਤਰ,
ਆਇਆ ਜੀਉ ਵਿਚ ਤੇਰੇ ਉਬਾਲ ਭੀ ਹੈ ?

6. ਮੰਨ ਲਿਆ, ਵਿਦਵਾਨ ਤੇ ਚਤੁਰ ਭਾਰਾ,
ਖੋਜੀ ਇਲਮ ਦਾ, ਅਕਲ ਦਾ ਕੋਟ ਹੈਂ ਤੂੰ,
ਛੱਕੇ ਬਹਿਸ ਦੇ ਵਿਚ ਛੁਡਵਾਉਂਦਾ ਹੈਂ,
ਕਵੀਆਂ ਪੰਡਿਤਾਂ ਦੇ ਫੜਦਾ ਖੋਟ ਹੈਂ ਤੂੰ,
ਐਮ. ਏ. ਪਾਸ, ਇੰਗਲੈਂਡ ਰੀਟਰਨ ਭੀ ਹੈਂ,
ਕੌਂਸਲ ਵਾਸਤੇ ਜਿੱਤਦਾ ਵੋਟ ਹੈਂ ਤੂੰ,
ਐਪਰ ਪੜ੍ਹੇ ਤੇ ਅਮਲ ਜੋ ਨਹੀਂ ਕੀਤਾ,
ਹਾਲੀ ਆਲ੍ਹਣੇ ਤੋਂ ਡਿੱਗਾ ਬੋਟ ਹੈਂ ਤੂੰ।
ਦੱਸ—ਧਰਮ, ਆਚਰਣ ਤੇ ਨੇਕੀਆਂ ਦੀ,
ਕੀਤੀ ਪੋਥੀਆਂ ਦੇ ਵਿਚੋਂ ਭਾਲ ਭੀ ਹੈਂ ?

7. ਰੂਪ ਰੰਗ ਤੇਰੇ, ਕੀਤੀ ਦੰਗ ਦੁਨੀਆ,
ਮੰਨ ਲਿਆ, ਤੇਰੀ ਉੱਚੀ ਸ਼ਾਨ ਭੀ ਹੈ,
ਸੱਚੇ ਵਿਚ ਢਲਿਆ ਅੰਗ ਅੰਗ ਤੇਰਾ,
ਨਾਲ ਆਗਿਆਕਾਰ ਸੰਤਾਨ ਭੀ ਹੈ,

---

1. ਦਿਖਾਵੇ ਮਾਤਰ, ਥੋਥਾਪਣ।

ਰਿਜ਼ਕ[1] ਫ਼ਜ਼ਲ[2] ਇੱਜ਼ਤ, ਮਿਲਖ[3] ਹੁਕਮ-ਹਾਸਲ,
ਕਿਸਮਤ ਵੱਲ, ਸਾਈਂ ਮਿਹਰਬਾਨ ਭੀ ਹੈ,
ਸਭ ਕੁਝ ਹੁੰਦਿਆਂ ਭੀ 'ਚਾਤ੍ਰਿਕ' ਯਾਦ ਕਰ ਖਾਂ,
ਪਾਪ ਕਰਦਿਆਂ ਕੰਬਦੀ ਜਾਨ ਭੀ ਹੈ ?
ਪ੍ਰੇਮ, ਸਭਜਤਾ, ਦਯਾ, ਭਲ਼ਮਾਣਸੀ ਦਾ,
ਮੂੰਹ ਤੇ ਝਲਕਦਾ ਰੱਬੀ ਜਲਾਲ[4] ਭੀ ਹੈ ?

ਨਿਮ੍ਰਤਾ

ਜੀਆ ! ਉਤਰ ਹੰਕਾਰ ਦੇ ਕਿੰਗਰੇ ਤੋਂ,
ਨਦੀਆਂ ਵੇਖ ਨੀਵਾਣ ਵਲ ਵਹਿੰਦੀਆਂ ਨੂੰ,
ਮਾਣ ਮੱਤੀਆਂ ਛੁੱਟੜਾਂ ਬਹਿੰਦੀਆਂ ਨੂੰ,
ਟਹਿਲਾਂ ਵਾਲੀਆਂ ਮਹਿਲਾਂ ਵਿਚ ਰਹਿੰਦੀਆਂ ਨੂੰ,
ਪੱਤਣ ਛੱਲਾਂ ਦੇ ਵੱਟ ਨੂੰ ਚੂਪ ਜਾਂਦੇ,
ਔਧਰ ਵੇਖ, ਢਿੱਗਾਂ ਖੁਰ ਖੁਰ ਢਹਿੰਦੀਆਂ ਨੂੰ,
ਸੁਰਮੇ ਵਾਂਗ ਹੋ, ਦੇਖ ਲੈ, ਰੰਗ ਲਗਦਾ,
ਤਲੀਆਂ ਗੋਰੀਆਂ ਤੇ ਚੜ੍ਹੀਆਂ ਮਹਿੰਦੀਆਂ ਨੂੰ।
ਨਿਉਂ ਨਿਉਂ ਬੇਰ ਸਮਝਾਉਂਦੀ ਸਿੰਬਲਾਂ ਨੂੰ,
ਤੋੜ ਪਹੁੰਚਦੇ ਢਾਲ ਨੂੰ ਜਾਣ ਵਾਲੇ,
ਨੇਕੀ, ਨਿਮ੍ਰਤਾ ਨਿਉਣ ਨਿਰਮਾਣ ਸੇਵਾ,
ਚਾਰੇ ਵੇਸ ਨੇਂ ਸਾਈਂ ਰਿਝਾਣ ਵਾਲੇ।
ਅੱਖਾਂ ਨਾਲ ਦਹਿਲੀਜ਼ ਦੇ ਸੀਪ ਗਈਆਂ,
ਜੇੜ੍ਹੀਆਂ ਪ੍ਰੇਮ ਦੀ ਨਿਗਹ ਨੇ ਕੁੱਠੀਆਂ ਨੇਂ,
ਜੋਬਨ ਰੂਪ ਦੇ ਮਾਣ ਨੂੰ ਮਣਸ ਦਿੱਤਾ,
ਧੌਣ ਸੁੱਟ ਕੇ ਫੇਰ ਨਾ ਉੱਠੀਆਂ ਨੇਂ,
ਤਕਵਾ[5] ਮਿਹਰ ਦਾ ਰੱਖ ਕੇ ਠਿਲ੍ਹ ਪਈਆਂ,
ਠਾਠਾਂ ਵੇਖ ਨਾ ਪਰਤੀਆਂ ਪੁੱਠੀਆਂ ਨੇਂ,
ਬੇਲੇ ਚੀਰ, ਲਿਤਾੜ ਲਏ, ਸ਼ੇਰ ਸੁੱਤੇ,
ਪ੍ਰੇਮ-ਲੋਰ ਵਿਚ, ਮਾਹੀ ਦੀਆਂ ਮੁੱਠੀਆਂ ਨੇਂ।
ਆਪਾ ਗਾਲ ਕੇ ਬੀਜ ਦਾ ਰੁੱਖ ਬਣਦਾ,
ਨੀਵੇਂ ਹੋਇ, ਉੱਚੀ ਪਦਵੀ ਪਾਈ ਦੀ ਏ।
ਪੈਰੀਂ ਡਿੱਗ ਕੇ ਵੇਲ ਚੜ੍ਹ ਸਿਖਰ ਜਾਏ,
ਕਰਾਮਾਤ ਇਹ ਸਾਰੀ ਨਰਮਾਈ ਦੀ ਏ।

1. ਰੋਜ਼ੀ। 2. ਕ੍ਰਿਪਾ, ਮੇਹਰ। 3. ਜਾਗੀਰ, ਜਾਇਦਾਦ। 4. ਨੂਰ, ਰੋਹਬ। 5. ਆਸਰਾ।

ਨੀਵੀਂ ਬਾਉਲੀ ਦੀ ਰਹੇ ਹਿੱਕ ਠੰਡੀ,
ਭੌਣ ਪਰਸਦੇ ਓਸ ਦੇ ਦ੍ਵਾਰ ਉੱਤੇ,
ਨੀਵੀਂ ਨੀਂਹ ਸਿਰ ਡਾਹ ਖਲੋਂਵਦੀ ਏ,
ਮਹਿਲ ਮਾੜੀਆਂ ਲੈਂਦੀ ਉਸਾਰ ਉਤੇ,
ਨੀਵੇਂ ਘਾਹ ਨੂੰ ਕੋਈ ਨਾ ਢਾਹ ਸੱਕੇ,
ਬੇਸ਼ਕ ਹੋਣ ਹਨੇਰੀ ਦੇ ਵਾਰ ਉੱਤੇ,
ਨੀਵ੍ਹੀਂ ਰਹੇ ਨਿਗਾਹ ਕੁਲਵੰਤੀਆਂ[1] ਦੀ,
ਟਿੱਕਾ ਜੱਸ ਦਾ ਲੈਣ ਸੰਸਾਰ ਉੱਤੇ।
ਨਿਉਂ ਕੇ ਰਾਮ ਨੇ ਰਾਮ[2] ਕਰ ਰਾਮ[3] ਲੀਤਾ,
ਲਹਿਣੇ[4] ਪਾਈ ਗੁਰਿਆਈ ਕਮਾਈ ਕਰਕੇ,
'ਚਾਤ੍ਰਿਕ' ਜਿਤੇ ਨੀਵਾਂ ਉੱਚਾ ਹਾਰ ਜਾਵੇ,
ਜਿਸ ਨੇ ਪਾਈ, ਪਾਈ ਨਿਮ੍ਰਤਾਈ ਕਰਕੇ।

ਨਾਸ਼ਮਾਨ ਜਹਾਨ

ਦੇਖ ਫੁਲ ਫੁਲ ਕੇ ਨ ਬਹੁ ਇਸ ਚਾਰ ਦਿਨ ਦੀ ਸ਼ਾਨ ਤੇ,
ਦਿਨ ਕਦੀ ਰਹਿੰਦੇ ਨਹੀਂ ਇਕੋ ਜਿਹੇ ਇਨਸਾਨ ਤੇ।
ਮਾਲ ਦੌਲਤ, ਹੁਕਮ ਹਾਸਿਲ, ਲਾਉਂ ਲਸ਼ਕਰ, ਰੰਗ ਰਾਗ,
ਫਿਲਮ ਫਿਰਦੀ ਵੇਖ, ਕਿਉਂ ਚਾੜ੍ਹੀ ਨਿਗਹ ਅਸਮਾਨ ਤੇ ?
ਕੰਸ, ਰਾਵਣ, ਹਿਰਨਕੱਸ਼ਪ ਕਾਲ ਨੇ ਸਭ ਕੜ ਲਏ,
ਧੌਨ ਅਕੜਾਈ ਜਿਨ੍ਹਾਂ ਤਲਵਾਰ ਦੇ ਅਭਿਮਾਨ ਤੇ।
ਕੋਸ਼ ਕਾਰੂੰ[5] ਦਾ ਸਿਕੰਦਰ ਦੀ ਤਲੀ ਤੋਂ ਕਿਰ ਗਿਆ,
ਰਹਿ ਗਿਆ ਸ਼ੱਦਾਦ[6] ਦਾ ਰਚਿਆ ਬਹਿਸ਼ਤ ਜਹਾਨ ਤੇ।
ਨਾਸ਼ਮਾਨੀ ਚੀਜ਼ ਪਰ, ਕਾਇਮ ਸਮਝ, ਜੋ ਵਿਛ ਗਿਆ,
ਹੱਸਦੇ ਹਨ ਸੂਝ ਵਾਲੇ, ਉਸ ਦੇ ਅਗਜਾਨ[7] ਤੇ।
ਛੁੱਟਣਾ ਹੈ ਅੰਤ ਜਿਸ, ਉਸ ਨਾਲ 'ਚਾਤ੍ਰਿਕ' ਜੋੜ ਕੀ ?
ਭਾਲ ਸੁੱਚੇ ਲਾਲ, ਨਾ ਭੁਲ ਕਚਕੜੇ[8] ਦੀ ਖਾਨ ਤੇ।

ਮਹਿੰਦੀ ਦੀ ਪੁਕਾਰ

(ਇਹ ਕਵਿਤਾ ਲਗਪਗ 1908 ਵਿਚ, ਇਕ ਉਰਦੂ ਨਜ਼ਮ ਦੇ ਸਹਾਰੇ ਪਰ ਲਿਖੀ ਗਈ ਸੀ। ਹੁਣ ਬਹੁਤ ਸਾਰੀ ਕਾਂਟ ਛਾਂਟ ਕਰਕੇ ਛਾਪੀ ਜਾਂਦੀ ਹੈ।)

---

1. ਚੰਗੀਆਂ ਕੁਲਾਂ ਦੀਆਂ ਇਜ਼ਤਦਾਰ ਇਸਤ੍ਰੀਆਂ। 2. ਪਰਸਰਾਮ। 3. ਅਧੀਨ।
4. ਸ੍ਰੀ ਗੁਰੂ ਅੰਗਦ ਦੇਵ ਜੀ, ਸਿੱਖਾਂ ਦੇ ਦੂਜੇ ਗੁਰੂ ਦਾ ਪਹਿਲਾ ਨਾਂ। 5. ਮਿਸਰ ਦਾ ਇਕ ਵਡਾ ਧਨੀ ਜੋ ਬੜਾ ਕੰਜੂਸ ਸੀ।
6. ਇਕ ਬਾਦਸ਼ਾਹ। 7. ਬੇਸਮਝੀ, ਨਾਦਾਨੀ। 8. ਕੱਚ।

ਪਰਭਾਤ ਅੱਖਾਂ ਖੋਲ੍ਹੀਆਂ, ਸਿਰ ਨੂਰ ਨੇ ਸਰਕਾਇਆ,
ਲੁਕਿਆ ਹਨੇਰਾ ਰਾਤ ਦਾ ਚਾਨਣ ਪਸਾਰੀ ਮਾਇਆ।
ਮਿਲ ਬੈਠਿਆਂ ਦੇ ਘਾਤਕੀ[1], ਅਰਥਾਤ ਕੁੱਕੜ ਪਾਤਕੀ,[2]
ਸੁਖਾਦਾਇਨੀ ਪਰਭਾਤ ਦੀ, ਦਿੱਤੀ ਵਧਾਈ ਆ ਸੁਣਾ।
ਮਿੱਠੀ ਤੇ ਮੱਠੀ ਪੌਣ ਨੇ, ਦਿੱਤੇ ਹਿਲੋਰੇ ਆਣ ਕੇ,
ਸੁੱਤੇ ਜੋ ਲੰਮੀ ਤਾਣ ਕੇ, ਓਹ ਟੁੰਬ ਕੇ ਦਿੱਤੇ ਜਗਾ।
ਆਨੰਦ-ਦਾਇਕ ਪੌਣ ਦੀ, ਉਹ ਸੱਦ ਮਹਿਕਾਂ ਭਿੰਨੜੀ,
ਪਹੁੰਚੀ ਦਿਮਾਗੋਂ ਜਿਸ ਘੜੀ, ਮੈਂ ਬਿਸਤਰੇ ਤੇ ਜਾਗਿਆ।
ਸੰਸਾਰ ਨੂਰੋ ਨੂਰ ਨੂੰ, ਆਨੰਦ ਵਿਚ ਭਰਪੂਰ ਨੂੰ,
ਜਦ ਵੇਖਿਆ ਮੈਂ ਜਾਗ ਕੇ, ਦਿਲ ਨਾ ਰਿਹਾ ਫਿਰ ਰੋਕਿਆ।
ਉਠ ਬਾਗ ਵਲ ਨੂੰ ਤੁਰ ਪਿਆ, ਇਕ ਵੀਹ[3] ਵਿਚ ਦੀ ਲੰਘਿਆ,
ਓਥੇ ਮੈਂ ਕੌਤਕ ਹੋਰ ਹੀ, ਦਿਲ ਚੀਰਵਾਂ ਇਕ ਦੇਖਿਆ।
ਇਕ ਮਹਿਲ ਹੇਠਾਂ ਸੀ ਪਈ ਬੇਹੀ ਬਿਰੰਗੀ ਮਹਿੰਦੜੀ,
ਜਿਸ ਨੂੰ ਕਿਸੇ ਸੁਕੁਮਾਰਿ[4] ਨੇ ਧਤਕਾਰ ਕੇ ਸੀ ਸੁੱਟਿਆ।
ਇਹ ਕੀਰਨੇ ਸੀ ਕਰ ਰਹੀ, ਰੋ ਰੋ ਕੇ ਉਹ ਦੁੱਖਾਂ ਸੜੀ,
ਹੈ, ਹਾਇ ! ਰਾਤੋ ਰਾਤ ਹੀ, ਸੀ ਕੀ ਤੇ ਕੀ ਹੁਣ ਹੋ ਗਿਆ ?
ਮਹਿੰਦੀ ਦੀ ਦਰਦਾਂ ਵਾਲੜੀ, ਜਦ ਵਾਜ ਇਹ ਕੰਨੀਂ ਪਈ,
ਠਲ੍ਹੀ ਤਬੀਅਤ ਨਾ ਰਹੀ, ਪੁੱਛੀ ਹਕੀਕਤ ਪਾਸ ਜਾ।
ਬੋਲੀ ਓ ਅੱਗੋਂ ਰੋਇ ਕੇ, ਆਹ ਵੇਖ ! ਪਾਸ ਖਲੋਇ ਕੇ,
ਸਿਖਯਾ ਦਾ ਗਾਹਕ ਹੋਇ ਕੇ, ਸੁਣ ਲੈ ਮੇਰੀ ਕੁਝ ਵਿੱਥਿਆ[5]।
ਬਾਗਾਂ ਦੇ ਅੰਦਰ ਕਿਸ ਤਰ੍ਹਾਂ ਪਾਲੀ ਸਾਂ ਪਿਆਰੇ ਮਾਲੀਆਂ,
ਕਰ ਕਰ ਸਿੰਜਾਈਆਂ ਗੋਡੀਆਂ, ਪਰਵਾਨ ਚਾੜ੍ਹੀ ਪ੍ਰੀਤ ਲਾ।
ਜੋਬਨ ਜਵਾਨੀ ਦੀ ਲਹਿਰ, ਦਾ ਆਯਾ ਜਦ ਮੈਂ ਤੇ ਕਹਿਰ,
ਸੁਕਿਆ ਨਾ ਦਿਲ ਮੇਰਾ ਠਹਿਰ, ਇਕ ਹੋਰ ਗੱਲ ਚਾਹੁਣ ਲਗਾ,
ਹੋਵੇ ਕੋਈ ਨਵ-ਯੋਬਨਾ[6], ਸ਼ਿੰਗਾਰ ਮੈਂ ਉਸ ਦਾ ਬਣਾਂ,
ਹਰ ਵਕਤ ਪਾਸ ਉਸ ਦੇ ਰਹਾਂ, ਮਾਣਾਂ ਮੈਂ ਮੌਜਾਂ ਹੀ ਸਦਾ।
ਇਹ ਸਿੱਕ ਦਿਲ ਵਿਚ ਸੀ ਬੜੀ, ਆਵੇ ਕੋਈ ਸੁਖ ਦੀ ਘੜੀ,
ਕਿਸਮਤ ਮੇਰੀ ਐਸੀ ਲੜੀ, ਉਹ ਵਕਤ ਵੀ ਆ ਢੁੱਕਿਆ।
ਮਾਲੀ ਨੇ ਇਕ ਦਿਨ ਤੋੜ ਕੇ ਡਾਲਾਂ ਤੋਂ ਹਾਇ ਵਿਛੋੜ ਕੇ,
ਘਰ ਆਣ ਭੰਨ ਮਰੋੜ ਕੇ, ਧੁੱਪੇ ਟਿਕਾ, ਲੀਤਾ ਸੁਕਾ।
ਫਿਰ ਦੇਖ ! ਓਸ ਬਿਤਰਸ ਨੇ, ਇਕ ਹੋਰ ਕੀਤਾ ਕਹਿਰ ਏ,

---

1. ਘਾਤਕ, ਮਾਰਨ ਵਾਲਾ। 2. ਪਾਪ ਕਰਨ ਵਾਲਾ। 3. ਗਲੀ, ਰਸਤਾ। 4. ਕੋਮਲ ਅੰਗਾਂ ਵਾਲੀ ਬਾਲਿਕਾ।
5. ਕਹਾਣੀ। 6. ਨਵੀਂ ਜਵਾਨੀ ਵਾਲੀ।

ਕਰ ਕਰ ਕੇ ਚੂਰਾ ਹੱਡੀਆਂ, ਸੁਰਮੇ ਤਰਾਂ ਲੀਤਾ ਬਣਾ।
ਇਕ ਦਿਨ ਅਖੀਰੀ ਇਹ ਹੋਈ ਨਵ-ਜੋਬਨਾ ਇਕ ਸੀ ਕੋਈ,
ਜਿਸ ਦੀ ਚਿਰਾਂ ਤੋਂ ਸਿੱਕ ਸੀ ਉਸ ਪਾਸ ਇਨ ਦਿੱਤਾ ਪੁਚਾ।
ਮੈਂ ਧੰਨਵਾਦ ਮਨਾਇਆ, ਹੁਣ ਤਾਂ ਸਮਾਂ ਉਹ ਆਇਆ,
ਜਿਸ ਦੇ ਮਿਲਣ ਦੀ ਤਾਂਘ ਵਿਚ ਸੀ ਦੁੱਖ ਐਨਾ ਝਾਗਿਆ।
ਉਸ ਪਜਾਰ ਕੋਮਲ ਹੱਥ ਲਾ, ਪਹਿਲੇ ਬਣਾ ਕੇ ਗੁੰਨ੍ਹਿਆ,
ਫਿਰ ਨਾਲ ਡਾਢੀ ਪ੍ਰੀਤ ਦੇ, ਹੱਥੀਂ ਤੇ ਪੈਰੀਂ ਲਾ ਲਿਆ।
ਉਸ ਦੇ ਪਿਆਰੇ ਸੋਹਣਿਆਂ, ਹੱਥਾਂ ਦੇ ਉੱਪਰ ਲੇਟਣਾ,
ਤੇ ਨਾਲ ਚਰਨਾਂ ਲਿਪਟਣਾ, ਮੈਨੂੰ ਬੜਾ ਚੰਗਾ ਲਗਾ।
ਮੈਂ ਹੋ ਗਈ ਖੀਵੀ ਜਿਹੀ, ਸੱਧਰ ਚਿਰਾਂ ਦੀ ਪੁਜ ਗਈ,
ਮੈਂ ਕੀ ਕਹਾਂ ਉਸ ਵਕਤ ਦਾ, ਆਨੰਦ ਸੀ ਜੋ ਆ ਰਿਹਾ।
ਬਸ ਰਾਤ ਭਰ ਉਸ ਸੁੰਦਰੀ, ਦੇ ਹੱਥ ਚੁੰਮਦੀ ਹੀ ਰਹੀ,
ਕਰਦੀ ਸਫਲ ਸਾਂ ਜ਼ਿੰਦਗੀ, ਚਰਨਾਂ ਤੇ ਉਸ ਦੇ ਸਿਰ ਟਿੰਕਾ।
ਮੈਂ ਸੁਖ ਸਦਾ ਦੇ ਜਾਣ ਕੇ, ਸੌਂ ਰਹੀ ਲੰਮੀ ਤਾਣ ਕੇ,
ਪਰ ਇਕ ਝਕੋਲੇ[1] ਆਣ ਕੇ, ਸੁੱਤੀ ਪਈ ਨੂੰ ਟੁੰਬਿਆ।
ਨੀਂ ! ਜਾਗ ! ਬਹੁਤਾ ਸੌਂ ਨਾ ਜਾ, ਉਠ ਵੇਖ ਤੌਰ ਜਹਾਨ ਦਾ,
ਜਦ ਰੋਲ ਇਹ ਕੰਨੀ ਪਿਆ, ਮੇਰਾ ਕਲੇਜਾ ਧੜਕਿਆ,
ਅੱਖਾਂ ਉਘੜਦੇ ਸਾਰ ਹੀ, ਉੱਠੀ ੳ ਪਲੰਘੋਂ ਲਾਡਲੀ,
ਹਾ ਹਾਂ ! ਨਾ ਕਹਿ ਮੈਂ ਸਕਦੀ, ਜੋ ਹਾਲ ਮੇਰਾ ਹੋਇਆ।
ਨਿਸ[2] ਭਰ ਅਨੰਦ ਕੋ, ਰਸ ਚੂਪ, ਰੂਪ ਗਵਾਇ ਕੇ,
ਮੇਰਾ ਢੰਗ ਵੀ ਬਦਲਾਇ ਕੇ, ਹੁਣ ਨਾਲ ਨਹੁੰ ਦੇ ਪੁੱਛਿਆ।
ਉਹ ਨਹੁੰ ਕਿਹੇ ਸੀ ਮਾਰਦੀ, ਇਕ ਫੇਰਦੀ ਤਲਵਾਰ ਸੀ,
ਨੱਕ ਚਾੜ੍ਹਦੀ ਦੁਰਕਾਰਦੀ, ਕੋਠੇ ਤੋਂ ਥੱਲੇ ਪਟਕਿਆ।
ਜੋਬਨ ਦਾ ਬੇੜਾ ਬੋੜ[3] ਕੇ, ਕਾਸੇ ਨਾ ਜੋਗੀ ਛੋੜ ਕੇ,
ਪਹਿਲੇ ਅਕਾਸ਼ੇ ਚਾੜ੍ਹ ਕੇ, ਪੌੜੀ ਲਈ ਤਲਿਓਂ ਹਟਾ।
ਕਿਸਮਤ ਮੇਰੀ ! ਹਾ ! ਚੰਦਰੀ, ਝਾਗੇ ਏ ਦੁਖ ਖਾਤਰ ਜਿਦ੍ਹੀ,
ਪਾਲੀ ਨਾ ਪ੍ਰੀਤੀ ਓਸ ਭੀ, ਐਹ ਹਾਲ ਹੈ ਹੁਣ ਹੋ ਰਿਹਾ।
ਖਬਰੇ ਏਹ ਚਸਕਾ ਚੰਨ ਦਾ, ਕੀ ਕੀ ਹੈ ਹੋਰ ਦਿਖਾਉਂਦਾ,
ਇਸ ਤੇ ਭੀ ਬਹੁਤ ਦੁੱਖੜਾ, ਪੈਣਾ ਹੈ ਕਿਹੜਾ ਪੇਸ਼ ਆ।
ਕੀ ਸੀ, ਤੇ ਕੀ ਹੁਣ ਹੋ ਰਹੀ, ਸੋਨੇ ਤੇ ਮਿੱਟੀ ਬਣ ਗਈ,
ਹੈ ! ਹਾਇ ! ਇਸ ਸੰਸਾਰ ਦਾ, ਉਹ ਮੁੱਢ ਤੇ ਇਹ ਅੰਤ ਹਾਂ।

1. ਹਵਾ ਦਾ ਬੁਲਾ। 2. ਰਾਤ। 3. ਡੋਬ।

ਮਹਿੰਦੀ ਦਾ ਸੁਣ ਕੇ ਹਾਲ ਇਹ, ਮੈਨੂੰ ਆਇਆ ਖਿਆਲ ਇਹ,
ਸਾਰੇ ਜਗਤ ਦੇ ਨਾਲ ਹੈ, ਏਸੇ ਤਰ੍ਹਾਂ ਹੀ ਵਰਤਦਾ।
ਜਿਹੜੇ ਸੁਖਾਂ ਦੇ ਵਾਸਤੇ, ਲੋਕੀਂ ਨੇਂ ਘਾਲਾਂ ਘਾਲਦੇ,
ਓਹ ਅੰਤ ਜਦ ਹਨ ਮੁੱਕਦੇ, ਇਸ ਤੋਂ ਭੀ ਹੁੰਦਾ ਹੈ ਬੁਰਾ।
ਤਾਂ ਤੇ ਅਨਸਥਿਰ[1] ਚੰਨ ਤੇ, ਬਹਿਣਾ ਕਦੇ ਨਾ ਭੁਲ ਕੇ,
ਇਹ ਚਾਰ ਦਿਨ ਦੀ ਚਾਨਣੀ, ਲਹਿਰਾ ਵਿਖਾ ਹੋਵੇ ਵਿਦਾ।
ਇਹ ਨਾਸ਼ਮਾਨ ਜਹਾਨ ਹੈ, ਬਦਲੀ ਇਥੇ ਹਰ ਆਨ ਹੈ,
ਮੰਦਰ ਦੇ ਥਾਂ ਸ਼ਮਸ਼ਾਨ ਹੈ, ਸ਼ਾਦੀ ਦੇ ਵਿਚ ਗ਼ਮੀਆਂ ਸਦਾ।
ਆਕਾਸ਼ ਦਾ ਇਹ ਫੇਰ ਹੈ, ਚਾਨਣ ਦੇ ਥਾਂ ਅੰਧੇਰ ਹੈ,
ਦਿਨ ਰਾਤ, ਸੁਖ ਦੁਖ, ਜਨਮ ਖੈ, ਇਹ ਗੇੜ ਨਿਸ ਦਿਨ ਚਲ ਰਿਹਾ।
ਨਿਸਚਿੰਤ ਹੋ ਕੇ ਨਾ ਬਹੋ, ਹੁਸ਼ਿਆਰ ਹਰ ਵੇਲੇ ਰਹੋ,
ਇਤਬਾਰ ਰੱਤੀ ਨਾ ਕਰੇ, ਇਸ ਠੱਗ ਸਮੇਂ ਤੇ ਤੌਰ ਦਾ।

ਬਲਦ ਦੀ ਕਹਾਣੀ

(ਲਗਭਗ 1905 ਵਿਚ ਲਿਖੀ ਗਈ ਸੀ)

ਪਾ ਕੇ ਜਾਮਾ ਬਲਦ ਦਾ, ਦੁਖ ਘਣੇ ਉਠਾਏ,
ਹੌਕੇ ਭਰਦਿਆਂ ਲੰਘਦੀ ਕੁਝ ਪੇਸ਼ ਨਾ ਜਾਏ,
ਕੋਈ ਨਾ ਵਾਹਰੂ[2] ਦਿੱਸਦਾ, ਸੁਣ ਦੁੱਖ ਹਟਾਏ,
ਅਸੀਂ ਬਿਦੋਸੇ ਡਾਢਿਆਂ ਦੇ ਕਾਬੂ ਆਏ॥੧॥
ਜੰਮੇ ਮਾਵਾਂ ਲਾਡਲੇ, ਨਾ ਦੁੱਧ ਚੁੰਘਾਇਆ,
ਫੜ ਕਿਰਸਾਣ, ਮਸੂਮ ਦੇ ਗਲ ਰਸਾ ਪਾਇਆ,
ਮੈਨੂੰ ਦੁੱਧੋਂ ਵਾਂਜ[3] ਕੇ ਸਭ ਆਪ ਚੁਆਇਆ,
ਚੌਥਾ ਹਿੱਸਾ ਇਕ ਥਣ, ਹਿੱਸੇ ਵਿਚ ਆਇਆ॥੨॥
ਰੁਲ ਖੁਲ ਭਲਾ ਜਿ ਪਲ ਪਏ, ਕੁਝ ਆਸੰਙ[4] ਆਈ,
ਸਿੰਙ ਨਾ ਪਾਏ ਉਗਣੇ, ਦੁੱਖਾਂ ਘਟ ਛਾਈ,
ਨਿੱਜ ਜੁਆਨੀ ਆਉਂਦੀ ਨਾ ਜਣਦੀ ਮਾਈ,
ਖੀਰੇ[5] ਦੰਦੀਂ ਜੱਟ ਨੇ ਪੰਜਾਲੀ ਪਾਈ॥੩॥
ਵੇਖੀ ਰੱਜ ਬਹਾਰ ਨਾ, ਸਿਰ ਕਜੀਏ[6] ਆਏ,
ਉਮਰਾ ਸੀ ਕੁਝ ਮੌਜ ਦੀ, ਉਸ ਬੰਨ੍ਹ ਚਲਾਏ,

---

1. ਟਿਕਾਉ ਰਹਿਤ, ਨਾ ਰਹਿਣ ਵਾਲੇ। 2. ਮਦਦਗਾਰ। 3. ਖਾਲੀ ਰਖਕੇ। 4. ਹਿੰਮਤ ਤਾਕਤ। 5. ਦੁੱਧ ਦੇ ਦੰਦੀ। 6. ਮੁਸੀਬਤਾਂ।

ਪੱਥਰ ਵਰਗੀ ਧਰਤ ਨੂੰ ਹਲ ਡਾਹ ਪੁਟਾਏ,
ਉੱਤੋਂ ਜੰਘੀ ਨੱਪ ਕੇ ਵਿਚ ਜ਼ਿਮੀਂ ਧਸਾਏ॥੪॥
ਦੋ ਦੋ ਪਹਿਰ ਦਬੱਲਦੇ ਇਕ ਸਾਹੇ ਜੋ ਕੇ।
ਖਾਧਾ ਪੀਤਾ ਨਿੱਕਲੇ ਪਰਸੀਨਾ ਹੋ ਕੇ,
ਗੱਡੀ ਹੇਠ ਜਿ ਆ ਗਏ ਮਰ ਜਾਈਏ ਢੋ ਕੇ,
ਵੇਖੇ ਆਣ ਜੇ ਅੰਬੜੀ ਗਲ ਲਗੀਏ ਰੋ ਕੇ ॥੫॥
ਫੇਰ ਨਾ ਰੱਖੇ ਜੀਉ ਤੇ ਸਭ ਦੁੱਖਾ ਭੁਲਾਏ,
ਐਲੀ ਐਲੀ[1] ਕਰਦਿਆਂ ਸਭ ਕੰਮ ਚਲਾਏ,
ਇਹ ਸਾਡਾ ਬਲਕਾਰ ਭੀ ਨਾ ਵੇਖ ਸੁਖਾਏ,
ਲੰਮੇ ਪਾਇਆ ਜੂੜ ਕੇ ਪਾ ਨੱਥ ਨਥਾਏ॥੬॥
ਕੂਲੇ ਅੰਗ ਸਰੀਰ ਦੇ ਥਕ ਚੂਰਾ ਹੋਏ,
ਸੁਹਣੇ ਕੰਨ੍ਹੇ[2] ਜੂਲਿਆਂ ਦੇ ਨਾਲ ਸੁਜੋਏ[3],
ਪਾ ਪਾ ਪੂੜੇ ਪੰਜਾਲੀਆਂ ਕੀਤੇ ਅਧਮੋਏ,
ਕਾਵਾਂ ਠੂੰਗੇ ਮਾਰ ਕੇ ਪਾ ਜਿਤੇ ਟੋਏ॥੭॥
ਦਾਣਾ ਪੱਠਾ ਖਾਣ ਦਾ ਸੀ ਠੱਕ ਨ ਕੋਈ,
ਜਦ ਜੀ ਚਾਹੇ ਜੱਟ ਦਾ, ਉਹ ਰੱਖੇ ਜੋਈ,
ਬੈਠੇ ਸੁੱਤੇ ਵਗਦਿਆਂ ਇਹ ਅਟਕਲ[4] ਹੋਈ,
ਕਰੀਏ ਪਏ ਉਗਾਲੜੀ[5] ਧਰਵਾਸਾ ਸੋਈ॥੮॥
ਧੁੱਪ ਜੇਠ ਦੀ ਕੜਕਦੀ, ਦਿਨ ਸਿਰ ਤੇ ਆਇਆ,
ਪੰਛੀ ਫੜਕ ਨਾ ਸਕੇ ਜਦ, ਫਲ੍ਹਿਆਂ[6] ਤੇ ਲਾਇਆ,
ਰਾਤ ਸਿਆਲੀ ਕੱਕਰੀ ਫੜ ਜੂਲਾ ਪਾਇਆ,
ਸੀਤੇ ਆਏ ਵਗਦਿਆਂ ਪਰ ਸਿਰ ਨਾ ਹਿਲਾਇਆ॥੯॥
ਵੇਖ ਜਿਨ੍ਹੂੰ ਰੱਤ ਸੁੱਕਦੀ ਉਹ ਚਾਰਾ ਸੁੱਕਾ,
ਖੱਲੜ[7] ਭਰਿਆ ਖਾਇ ਕੇ ਭੋ ਸੁੱਕ-ਭਰੁੱਕਾ[8],
ਡੰਡਲ ਖਾ ਢਿੱਡ ਭਰ ਲਿਆ ਜਦ ਪੱਠਾ ਮੁੱਕਾ,
ਜ਼ਹਿਰ ਮਾਰ ਕਰ ਖਾਵਦੇ ਸਭ ਤੀਲਾ ਤੁੱਕਾ॥੧੦॥
ਆਪਣੀ ਮਿੱਝ ਪੰਘਾਰ ਕੇ ਜੋ ਤੇਲ ਬਣਾਇਆ,
ਉਸ ਦਾ ਫੋਗ, ਜੁ ਖਲ ਰਹੇ ਸੋ ਹਿੱਸੇ ਆਇਆ।
ਉਹ ਭੀ ਭਾਗਾਂ ਨਾਲ ਹੀ ਵਿਚ ਤੂੜੀ ਪਾਇਆ,
ਛੇਈਂ ਛਿਮਾਹੀਂ ਮੇਲ ਕੇ ਇਕ ਸੇਰ ਖੁਆਇਆ॥੧੧॥

---

1. ਬੜੇ ਜੋਸ਼ ਨਾਲ। 2. ਮੋਢੇ। 3. ਜੋੜੇ ਜਾਂ ਸੁੱਜੇ। 4, ਜਾਦ, ਮੁਹਾਰਤ। 5. ਉਗਾਲੀ ਕਰਨ।
6. ਅਨਾਜ ਨੂੰ ਗਾਹਣ ਲਈ ਬਲਦਾਂ ਦੇ ਪਿੱਛੇ ਬੱਧਾ ਭਾਰੀ ਸੁਹਾਗਾ ਜੇਹਾ। 7. ਚੰਮ ਦੀ ਥ਼ੈਲੀ, ਭਾਵ ਪੇਟ।
8. ਬਿਲਕੁਲ ਸੁੱਕਾ।

ਗਿਣ ਗਿਣ ਦੱਸ ਨਾ ਸਕਦਾ ਜੋ ਕਜ਼ੀਏ ਪੈਂਦੇ,
ਉੱਚੀ ਨੀਵੀਂ ਜਿਮੀਂ ਵਿਚ ਨਿਤ ਡਿਗਦੇ ਢਹਿੰਦੇ,
ਵਗਦੇ ਦਿਨ ਤੇ ਰਾਤ ਹੀ, ਬਹਿ ਸਾਹ ਨਾ ਲੈਂਦੇ,
ਗਰਮੀ ਸੀਤ ਨਾ ਵੇਖੀਏ, ਮੀਂਹ ਝੱਖੜ ਵਹਿੰਦੇ ॥੧੨॥
ਢਿੱਡੋਂ ਭੁੱਖੇ ਸਕਤ[1] ਬਿਨ, ਫਿਰ ਨਾਂਹ ਨਾ ਹੋਵੇ,
ਖੂਹ, ਖਰਾਸੇ[2] ਹੱਲ ਜਾਂ ਸੋਹਾਗੇ ਜੋਵੇ,
ਭਾਵੇਂ ਗੱਡੀ ਲੱਦ ਕੇ ਉਹ ਕੂੜਾ ਢੋਵੇ,
ਘਾਲਾਂ ਘਾਲ ਸਰੀਰ ਇਹ, ਫਿਰ ਪੁੱਗ ਖਲੋਵੇ[3] ॥੧੩॥
ਆਸੰਙ ਜਾਇ ਜਵਾਬ ਦੇ, ਹਡ ਹੁੰਦੇ ਬੁਢੇ,
ਉਮਰਾ ਲੰਘੇ ਵਖਤ ਵਿੱਚ, ਹੁਣ ਖਾਂਦੇ ਠੁੱਡੇ,
ਖਾਲੀ ਹੋਈਆਂ ਵੱਖੀਆਂ, ਵਿਚ ਪੈ ਗਏ ਖੁੱਡੇ,
ਧੱਕੇ ਦੇ ਵਾ ਡੇਗਦੀ, ਜਿਉਂ ਕਾਗਤ ਗੁੱਡੇ[4] ॥੧੪॥
ਪਾਲੇ ਕੌਣ ਨਖੱਟੂਆ[5] ਬਿਨ ਮਾਲਕ ਸੱਚੇ,
ਹਰ ਕੋਈ ਲਾਗੂ ਕੰਮ ਦਾ ਬਿਨ ਕੌਮ ਨਾ ਜੱਚੇ,
ਓੜਕ ਦੁੱਖੀ ਮੌਤ ਦਾ ਆ ਭਾਂਬੜ ਮੱਚੇ,
ਪਿੱਛਾ ਅਜੇ ਨਾ ਛੱਡਦੇ ਏਹ ਲੋਕੀਂ ਕੱਚੇ ॥੧੫॥
ਪੁੱਠਾ ਕਰ ਕੇ ਟੰਗਦੇ ਫਿਰ ਖੱਲ ਲੁਹਾਂਦੇ,
ਬੋਟੀ ਬੋਟੀ ਵੰਡਦੇ ਕੁਝ ਖੌਫ ਨਾ ਖਾਂਦੇ,
ਗਿਰਝਾਂ ਕਾਵਾਂ ਕੁੱਤਿਆਂ ਤੋਂ ਮਾਸ ਤੁੜਾਂਦੇ,
ਹੱਡ ਨਿਮਾਣੇ ਪੀਹਣ ਨੂੰ ਪਰਦੇਸ਼ ਪਚਾਂਦੇ ॥੧੬॥
ਹਿੱਸੇ ਵਖਰੇ ਹੋ ਗਏ ਕੁਝ ਥਾਇ ਲੁਟਾਇਆ,
ਬਾਕੀ ਰਹਿ ਗਈ ਖਲ ਸੀ, ਤੰਬੂਰ[6] ਮੜ੍ਹਾਇਆ,
ਪੌਂਦੀ ਅਰੇ ਭਿ ਮਾਰ ਹੈ, ਦੁਖ ਦੂਣ ਸਵਾਇਆ,
ਕੁੱਝ ਸਿਵਾ ਕੇ ਜੁੱਤੀਆਂ ਵਿਚ ਖੇਹ ਰੁਲਾਇਆ ॥੧੭॥
ਆ ਮਨ ! ਏਸ ਕਹਾਣੀਓਂ, ਕੁਝ ਲਾਭ ਉਠਾਈਏ,
ਇਸ ਨੂੰ ਆਪਣੇ ਆਪ ਤੇ ਧਰ ਕੇ ਪਰਤਾਈਏ,
ਖਾ ਖਾ ਮਾਲ ਹਰਾਮ ਦਾ ਨਾ ਢਿੱਡ ਵਧਾਈਏ,
ਮਾਲਕ ਸੱਚੇ ਰੱਬ ਦੀ ਕੁਝ ਕਾਰ ਕਮਾਈਏ ॥੧੮॥
ਡੰਗਰ ਵੱਲੋਂ ਵੇਖ ਕੇ ਇਹ ਫੁਰਨਾ ਆਵੇ,
ਅਕਲ ਵਿਹੂਣਾ ਪਸ਼ੂ ਭੀ ਕੀ ਸਿੱਖ ਸਿਖਾਵੇ ?
ਸੇਵਕ ਧਰਮ ਨਿਭਾਉਂਦਾ ਨਾ ਆਪ ਗਿਣਾਵੇ,

---

1. ਸ਼ਕਤੀ ਤੋਂ ਬਿਨਾਂ। 2. ਆਟਾ ਪੀਹਣ ਦੀ ਵੱਡੀ ਚੱਕੀ ਜੋ ਪਸ਼ੂ ਚਲਾਉਂਦੇ ਹਨ। 3. ਪੂਰਾ ਉਤਰੇ। 4. ਕਾਗਜ਼ ਦੀਆਂ ਬਣੀਆਂ ਉਡਾਉਣ ਵਾਲੀਆਂ ਗੁੱਡੀਆਂ। 5. ਵੇਹਲੜ, ਕਮਾਈ ਨਾ ਕਰਨ ਵਾਲੇ। 6. ਰਾਗ ਲਈ ਇਕ ਸਾਜ਼, ਤਾਨਪੂਰਾ।

ਖਾ ਕੇ ਸ੍ਵਾਮੀ-ਅੰਨ ਨੂੰ ਨਿਤ ਟਹਿਲ ਕਮਾਵੇ ॥੧੯॥
ਵਾਰੇਂ ਆਪਾ ਓਸ ਤੋਂ ਨਾ ਸੁਖ ਦੁਖ ਵੇਖੇ।
ਕੱਖ ਕੰਡਾ ਲੈ ਖਾਂਵਦਾ, ਨਾ ਖਲ ਗੁੜ ਪੇਖੇ,
ਦੇਵੇਂ ਕਾਰ ਅਮੁੱਲੜੀ[1] ਫਿਰ ਕਰੇ ਨ ਲੇਖੇ,
ਪਸ਼ੂਓਂ ਅਸੀਂ ਭਰਾਂਦ[2] ਹੋ ਪੈ ਰਹੇ ਭੁਲੇਖੇ ॥੨੦॥
ਸ੍ਵਾਮੀ ਸੱਚੇ ਦਰੋਂ ਨਿਤ ਦਾਤਾਂ ਖਾਂਦੇ,
ਚੰਗੀ ਸੁਚੰਗੀ ਭੇਜਦਾ ਘਰ ਬੈਠੇ ਪਾਂਦੇ,
ਦੁਰਲਭ ਜੂਨ ਮਨੁੱਖ ਦੀ ਵਿਚ ਸਭ ਜੂਨਾਂ ਦੇ,
ਪਾ ਕੇ ਫੇਰ ਅਕਾਲ ਦਾ ਨਾ ਸ਼ੁਕਰ ਅਲਾਂਦੇ ॥੨੧॥
ਢੱਗੇ, ਕੁੱਤੇ, ਬਿੱਲਿਓਂ, ਗਏ ਮੋਏ ਮਾਰੇ,
ਓਹ ਭੀ ਨਾਲ ਇਸ਼ਾਰਿਆਂ ਖਾ ਸ਼ੁਕਰ ਉਚਾਰੇ,
ਅਸੀਂ ਨਿਲੱਜੇ ਖਾਇ ਕੇ ਦੋ ਮਾਰ ਡਕਾਰੇ,
ਫੇਰ ਉਨ੍ਹਾਂ ਤੋਂ ਚੰਗੀਆਂ ਨੂੰ ਹੱਥ ਪਸਾਰੇ ॥੨੨॥
ਫਿੱਟ ਇਵੇਹਾ ਜੀਵਿਆ[3] ਖਾ ਢਿੱਡ ਵਧਾਇਆ,
ਯਾਦ ਨਾ ਕੀਤਾ ਦੇਣਹਾਰ, ਨਾ ਸ਼ੁਕਰ ਅਲਾਇਆ,
ਨਾ ਕੁਝ ਖਾਧਾ ਵੰਡ ਕੇ, ਨਾ ਭਲਾ ਕਮਾਇਆ,
ਪੀੜ ਬਿਗਾਨੀ ਸਹਿਣ ਦਾ ਨਾ ਚੇਤਾ ਆਇਆ ॥੨੩॥
ਆ ਮਨ ਮੂਰਖ ! ਬੈਠ ਕੇ ਕੁਝ ਗੋਸ਼ਟ[4] ਕਰੀਏ,
ਪਸ਼ੂਆਂ ਵਾਂਗ ਸੁਆਰੀਏ ਜਿਸ ਦਰ ਦਾ ਚਰੀਏ,
ਉਸ ਦੀ ਦਿੱਤੀ ਦਾਤ ਦੇ ਕਰ ਹਿੱਸੇ ਧਰੀਏ,
ਖਾਈਏ ਦੇਈਏ ਹੋਰਨਾਂ, ਸੁਖ ਸਾਸੀਂ ਮਰੀਏ ॥੨੪॥

ਮਾਇਆ ਧਾਰੀ

ਦੁਨੀਆਦਾਰੀ ਦੇ ਵਿਉਪਾਰੀ !
ਚਾਲਿਓਂ ਉਖੜੇ ਮਾਇਆਧਾਰੀ !
ਬਾਗ ਬਹਿਸ਼ਤੀ ਦਾ ਫੁੱਲ ਹੋ ਕੇ,
ਕੰਡਿਆ ਨਾਲ ਲਗਾਵੇਂ ਯਾਰੀ ॥੧॥
ਦੇਵਤਿਆਂ ਦਾ ਚੋਲਾ ਪਾ ਕੇ,
ਪ੍ਰੇਮ-ਨਗਰ-ਪਾਂਧੀ ਅਖਵਾ ਕੇ,
ਮਾਇਆ ਦੇ ਚੱਕਰ ਵਿਚ ਆ ਕੇ,
ਲਾ ਬੈਠੋਂ ਇਹ ਕੀ ਬੀਮਾਰੀ ? ॥੨॥

1. ਗਏ ਗਵਾਤੇ। 2. ਬਲਦ। 3. ਅਜਿਹੇ ਜੀਣ ਨੂੰ ਫਿਟਕਾਰ ਹੈ। 4. ਸੋਚ ਵਿਚਾਰ, ਗਲਬਾਤ।

ਸ਼ਾਂਤਿ-ਸਮੁੰਦਰ ਦਾ ਮੋਤੀ ਤੂੰ,
ਕਿਸ ਦਲਦਲ ਵਿਚ ਲਾਇਆ ਜੀ ਤੂੰ ?
ਤੁਰਨ ਲਗੇ ਕੀ ਖੇਪ[1] ਭਰੀ ਸੀ ?
ਖੋਲੀ ਆ ਕੇ ਕੀ ਮੁਨਿਆਰੀ[2] ? ॥ ੩ ॥
ਤੇਰਾ ਸੀ ਏਕਾਂਤ ਟਿਕਾਣਾ,
ਨਦੀ ਕਿਨਾਰੇ ਬਹਿ ਬਹਿ ਗਾਣਾ,
ਮਾਇਆ ਭਾਲ ਸੁੰਢ ਦੀ ਗੰਢੀ,
ਬਣ ਬੈਠੋਂ ਭਾਰਾ ਪਨਸਾਰੀ ॥ ੪ ॥
ਮਹਿਕ, ਖਿੜਾਉ, ਸੁਹੱਪਣ ਪਾ ਕੇ,
ਹਰਿਮੰਦਰ ਚੜ੍ਹਨਾ ਸੀ ਜਾ ਕੇ,
ਧਸਦਾ ਜਾਇੰ ਧੰਦਾਲਾਂ[3] ਦੇ ਵਿਚ,
ਲੈਂਦਾ ਲੈਂਦਾ ਅਰਸ ਉਡਾਰੀ ॥ ੫ ॥
ਦੁਨੀਆਂ ਦੀ ਇਸ ਹੇਰਾ ਫੇਰੀ,
ਅੱਖੀਂ ਘੱਟਾ ਪਾਇਆ ਤੇਰੀ।
ਜੌਂ ਲੈ ਲਏ ਤੂੰ ਕਣਕੋਂ ਸਾਵੀਂ[4],
ਰੋੜ੍ਹ ਛਡੀ ਹੁਸ਼ਿਆਰੀ ਸਾਰੀ ॥ ੬ ॥
ਹੋਸ਼ ਕਰੀਂ, ਓਇ ਮਦ-ਮਤਵਾਲੇ !
ਘਿਰੇ ਝਮੇਲੇ ਆਲ ਦੁਆਲੇ,
ਸੁਟ ਦੇ ਪਰੇ ਫ਼ਿਕਰ ਦੀਆਂ ਪੰਡਾਂ,
ਕਰ ਲੈ ਆਪਣੀ ਜਾਨ ਨਿਆਰੀ ॥ ੭ ॥
ਵਿਗੜੀ ਨੂੰ, ਹਈ ਵਕਤ ਬਣਾ ਲੈ,
ਬੇਰ ਡੁਲ੍ਹੇ ਚੁਣ ਝੋਲੀ ਪਾ ਲੈ,
ਛਲ ਗਿਆ 'ਚਾਤ੍ਰਿਕ' ਜੇ ਕਰ ਵੇਲਾ,
ਪਛਤਾਵੇਂਗਾ ਜਾਂਦੀ ਵਾਰੀ ॥ ੮ ॥

ਮੇਲੇ ਵਿਚ ਜੱਟ

1. ਤੂੜੀ ਤੰਦ ਸਾਂਭ, ਹਾੜੀ ਵੇਚ ਵੱਟ ਕੇ,
ਲੰਬੜਾਂ ਤੇ ਸ਼ਾਹਾਂ ਦਾ ਹਿਸਾਬ ਕੱਟ ਕੇ।
ਮੀਂਹਾਂ ਦੀ ਉਡੀਕ ਤੇ ਸਿਆੜ[5] ਕੱਢ ਕੇ।
ਮਾਲ ਢਾਂਡਾ ਸਾਂਭਣੇ ਨੂੰ ਚੂਹੜਾ, ਛੱਡ ਕੇ।
ਪੱਗ ਝੱਗਾ ਚਾਦਰ ਨਵੇਂ ਸਿਵਾਇ ਕੇ,

1. ਮਾਲ, ਵਸਤੂ। 2. ਫੁਟਕਲ ਵਸਤੂਆਂ ਦੀ ਦੁਕਾਨ ਦਾ ਸਾਮਾਨ। 3. ਵਿਹਾਰਾਂ ਵਿਚ ਲੀਨ। 4. ਤੋਲ ਵਿਚ ਬਰਾਬਰ। 5. ਖੇਤੀ ਹੋਕੇ।

ਸੰਮਾਂ ਵਾਲੀ ਡਾਂਗ ਉਤੇ ਤੇਲ ਲਾਇ ਕੇ।
ਕੱਛੇ ਮਾਰ ਵੰਝਲੀ ਅਨੰਦ ਛਾ ਗਿਆ,
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।

2. ਹਾਣੀਆਂ ਦੀ ਢਾਣੀ ਵਿਚ ਲਾੜਾ ਸੱਜਦਾ,
ਬੱਘ ਬੱਘ ਬੱਘ ਜਿਵੇਂ ਸ਼ੇਰ ਗੱਜਦਾ।
ਹੀਰੇ ਨੂੰ ਅਰਕ[1] ਨਾਲ ਹੁੱਜਾਂ ਮਾਰਦਾ,
ਸੈਨਤਾਂ ਦੇ ਨਾਲ ਰਾਮੂ ਨੂੰ ਵੰਗਾਰਦਾ।
ਚੰਗੀ ਜੇਹੀ ਸੱਦ ਲਾ ਦੇ, ਬੱਲੇ ਬੇਲੀਆ !
ਤੂੰਬਾ ਜਰਾ ਖੋਲ ਖਾਂ, ਜੁਆਨਾ ਤੇਲੀਆ !
ਸਰੂ ਵਾਂਗ ਝੂਲ ਵੰਝਲੀ ਸੁਣਾ ਗਿਆ,
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।

3. ਤੂੰਬੇ ਨਾਲ ਭਾਂਤੋਂ ਭਾਂਤ ਬੋਲ ਬੋਲੀਆਂ,
ਹਾੜ ਵਿਚ ਜੱਟਾਂ ਨੇ ਮਨਾਈਆਂ ਹੋਲੀਆਂ।
ਛਿੰਝ ਦੀ ਤ੍ਰਿਆਰੀ ਹੋਈ, ਢੋਲ ਵੱਜਦੇ,
ਕੱਸ ਕੇ ਲੰਗੋਟ ਆਏ ਸ਼ੇਰ ਗੱਜਦੇ।
ਲਿਸ਼ਕਦੇ ਨੇਂ ਪਿੰਡੇ ਗੁੰਨੇ ਹੋਏ ਤੇਲ ਦੇ,
ਮਾਰਦੇ ਨੇਂ ਛਾਲਾਂ ਦੂਲੇ ਡੰਡ ਪੇਲਦੇ।
ਕਿੱਸੂ ਨੂੰ ਸੁਰੈਣਾ ਪਹਿਲੇ ਹੱਥ ਢਾ ਗਿਆ,
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।

4. ਵਾਰੀ ਹੁਣ ਆ ਗਈ ਜੇ ਪੀਣ ਖਾਣ ਦੀ,
ਰੇਉੜੀਆਂ ਜਲੇਬੀਆਂ ਦੇ ਆਹੂ ਲਾਹਣ ਦੀ।
ਹੱਟੀਆਂ ਦੇ ਵੱਲ ਆ ਪਏ ਨੇਂ ਟੁੱਟ ਕੇ,
ਹੂੰਝ ਲਈਆਂ ਥਾਲੀਆਂ ਜੁਆਨਾਂ ਜੁੱਟ ਕੇ।
ਖੁਲ੍ਹ ਗਈਆਂ ਬੋਤਲਾਂ ਗਲਾਸ ਫ਼ਿਰਿਆ,
ਤੇਲੀਆਂ ਤੇ ਡੂਮਾਂ ਦਾ ਕਲੇਜਾ ਘਿਰਿਆ।
ਬੂੱਕਾਂ ਤੇ ਕਮੀਣ[2] ਨੂੰ ਮਜ਼ਾ ਚਖਾ ਗਿਆ,
ਮਾਰਦਾ ਦਮਾਮੇ, ਜੱਟ ਮੇਲੇ ਆ ਗਿਆ।

ਜੀਉਣ ਪੰਧ ਦੀ ਛੇਕੜਲੀ ਮਜ਼ਲ

(ਇਕ ਬੁੱਢੇ ਦੀਆਂ ਅਖੀਰੀ ਘੜੀਆਂ)

1. ਜੀਵਨ ਦੀਆਂ ਮਜ਼ਲਾਂ ਮਾਰ ਮਾਰ ਚੂਰਾ ਹੋਇਆ ਇਕ ਰਾਹੀ ਹੈ,
ਕੁਝ ਘੜੀਆਂ ਟਿਕ, ਸਾਹ ਲੈਣ ਲਈ, ਓੜਕ ਦੀ ਮੰਜੀ ਡਾਹੀ ਹੈ।

---

1. ਕੂਹਣੀ। 2. ਗਰੀਬ ਕਾਮੇ।

ਉਡ ਗਏ ਹਨ ਰੰਗ ਬਹਾਰਾਂ ਦੇ, ਪਤਝੜ ਨੇ ਪੀਲਾ ਪਾਇਆ ਹੈ,
ਹਿਸ ਹਿਸ ਕੇ ਰੀਝਾਂ ਚਾਵਾ ਨੇ ਤਨ ਭੁਗੜੀ[1] ਵਾਂਗ ਸੁਕਾਇਆ ਹੈ।
ਲੰਘ ਗਈ ਹੈ ਕਾਂਗ ਜਵਾਨੀ ਦੀ, ਤਪ-ਤੇਜ ਪੈ ਗਿਆ ਮਾੜਾ ਹੈ।
ਬਲ ਬੁਝੀ ਚਿਖਾ ਦੇ ਸੀਨੇ ਵਿਚ, ਕੋਈ ਧੜਕ ਰਿਹਾ ਚੰਗਿਆੜਾ ਹੈ।
ਉੱਤਰ ਗਈ ਮਸਤੀ ਜੋਬਨ ਦੀ, ਖਿੱਜਰ[2] ਪਿਆ ਬਿਟ ਬਿਟ ਤਕਦਾ ਹੈ,
ਜਿੰਦੜੀ ਪਈ ਟੁਟਦੀ ਖੁਸਦੀ ਹੈ, ਪਰ ਮੂੰਹੋਂ ਬੋਲ ਨਾ ਸਕਦਾ ਹੈ।

2. ਦਮ ਰੁਕਦਾ ਹੈ, ਜੀ ਕਾਹਲਾ ਹੈ, ਸਾਹ ਖੁਸ਼ਕ, ਗਲੇਡੂ ਭਰਦੇ ਨੇਂ,
ਦਿਲ ਘਿਰਦਾ, ਸਿਰ ਚਕਰਾਂਦਾ ਹੈ, ਤੇ ਡੇਲੇ[3] ਹਾੜੇ ਕਰਦੇ ਨੇਂ।
ਹੈਰਾਨ ਨਿਗਹ ਹੈ, ਦੇਖ ਦੇਖ ਕੇ, ਕੁਦਰਤ ਅੱਖ ਚੁਰਾਂਦੀ ਨੂੰ।
ਮਰ ਮਰ ਕੇ ਜੋੜੀ ਦੌਲਤ ਮਾਇਆ, ਲੜੋਂ ਖਿਸਕਦੀ ਜਾਂਦੀ ਨੂੰ।
ਅਗਲੇ ਬੇਹਾਥ ਸਮੁੰਦਰ ਨੂੰ ਤਕ ਤਕ ਕੇ ਗੋਤੀਂ ਜਾਂਦਾ ਹੈ,
ਮੋਢੇ ਦੀ ਗੰਢ ਕੁਵੱਲੀ ਨੂੰ, ਚੁੱਕਣ ਤੋਂ ਜੀ ਕਣਿਆਂਦਾ[4] ਹੈ।
ਕਾਲਾ, ਕਰੂਪ ਨਿਰਦਈ ਕਾਲ, ਖਖਵਾੜਾਂ[5] ਖੋਲ ਡਰਾਂਦਾ ਹੈ,
ਤ੍ਰੇਲੀ ਤੇ ਤ੍ਰੇਲੀ ਛੁਟਦੀ ਹੈ, ਤਨ ਠੰਢਾ ਹੁੰਦਾ ਜਾਂਦਾ ਹੈ।

3. ਤੀਵੀਂ ਪਈ ਪੱਖਾ ਝਲਦੀ ਹੈ, ਅੰਮਾਂ ਜਾਈ ਸਿਰ ਝਸਦੀ ਹੈ,
ਧੀ ਮੂੰਹ ਵਿਚ ਚਮਚੇ ਪਾਂਦੀ ਹੈ, ਨੂੰਹ ਗਿਰਜੇ ਭਜਦੀ ਨਸਦੀ ਹੈ,
ਪੁੱਤਰ ਮੂੰਹ ਪੂੰਝੀ ਜਾਂਦਾ ਹੈ, ਮਿੱਤਰ ਪਏ ਧੀਰ ਬਨ੍ਹਾਂਦੇ ਨੇਂ,
ਆਸੇ ਪਾਸੇ ਪਰਵਾਰੀ ਸਭ, ਪਰਚਾਂਦੇ ਦਰਦ ਵੰਡਾਂਦੇ ਨੇਂ।
ਸੇਵਾ ਵਿਚ ਕੋਈ ਊਣ ਨਹੀਂ, ਖਰਚਾਂ ਵਿਚ ਕੋਈ ਸੁਕੋੜ[6] ਨਹੀਂ।
ਹਮਦਰਦਾਂ ਦੀ ਕੋਈ ਘਾਟ ਨਹੀਂ, ਮਾਇਆ ਦੀ ਕੋਈ ਥੋੜ ਨਹੀਂ।
ਇਹ ਸਭ ਕੁਝ ਹੁੰਦੇ ਸੁੰਦੇ ਭੀ, ਮੂੰਹ ਸੁਕਦਾ ਜੀ ਘਬਰਾਂਦਾ ਹੈ,
ਦੁਨੀਆਂ ਤੋਂ ਰੁੜ੍ਹਦੇ ਜਾਂਦੇ ਨੂੰ, ਕੋਈ ਤਿਣਕਾ ਨਜ਼ਰ ਨਾ ਆਂਦਾ ਹੈ,

4. ਦੌਲਤ ਕੋਈ ਖੋਹਣ ਨਾ ਖੋਹੰਦੀ ਹੈ, ਦਾਰੂ[7] ਕੋਈ ਕਾਟ ਨਾ ਕਰਦਾ ਹੈ,
ਪੁਤ੍ਰਾਂ ਦੀ ਪੇਸ਼ ਨਾ ਜਾਂਦੀ ਹੈ, ਤੀਵੀਂ ਤੋਂ ਕੁਝ ਨਾ ਸਰਦਾ ਹੈ,
ਬੇਲੀ ਹਨ ਸਭ ਸਲ ਬਰਕਤ ਦੇ, ਬਣੀਆਂ[8] ਦਾ ਕੋਈ ਖ਼ਿਆਲ ਨਹੀਂ,
ਕੋਈ ਯਾਰ ਵੰਡਾਂਦਾ ਭਾਰ ਨਹੀਂ, ਕੋਈ ਸਾਥੀ ਤੁਰਦਾ ਨਾਲ ਨਹੀਂ।
ਇਕ ਪਾਸੇ ਧਨ ਪਰਵਾਰ ਖੜਾ, ਦਮ ਦਮ[9] ਦਾ ਦਾਮ[10] ਚੁਕਾਂਦਾ ਹੈ,
ਇਕ ਪਾਸੇ ਘੁੱਪ ਹਨੇਰੇ ਦਾ, ਪੈਂਦਾ ਪਿਆ ਜਾਨ ਸੁਕਾਂਦਾ ਹੈ।
ਜੀ ਤੜਫ ਰਿਹਾ ਹੈ ਜੀਉਣ ਨੂੰ, ਪਰ ਕਾਲ ਕਾਹਲੀਆਂ ਪਾਂਦਾ ਹੈ,
ਇਸ ਸਹਿਮ ਨਾਲ, ਜੁੱਸੇ ਦਾ ਲਹੂ, ਪਸੀਨਾ ਹੋਈਂ ਜਾਂਦਾ ਹੈ।

---

1. ਸੁੱਕ ਕੇ ਝੁਰੜੀਦਾਰ ਹੋ ਗਏ ਫੁੱਲਾਂ ਦੀ ਤਰ੍ਹਾਂ। 2. ਵਰਣ, ਪਾਣੀ ਦਾ ਦੇਵਤਾ, ਭਾਵ ਬੁਢੇਪਾ। 3. ਅੱਖੀਆਂ। 4. ਝਿਜਕਦਾ, ਬਚਣ ਦਾ ਯਤਨ ਕਰਦਾ। 5. ਜਬਾੜੇ (ਮੂੰਹ)। 6. ਕਮੀ (ਬੱਚਤ)। 7. ਦੁਆਈ। 8. ਮੁਸੀਬਤਾਂ। 9. ਸੁਆਸ ਸੁਆਸ। 10 ਮੱਲ।

5. ਜੀਵਨ ਵਿਚ ਕੀਤੇ ਪੁੰਨ ਪਾਪ, ਸਭ ਅੱਖਾਂ ਸਾਹਵੇਂ ਆਏ ਨੇਂ,
ਜਮਦੂਤਾਂ ਡੇਲੇ ਪਾੜ ਪਾੜ, ਨੇਜੇ ਤੇ ਗਰਜ ਵਿਖਾਏ ਨੇਂ।
ਜੀ ਡਰ ਡਰ ਲੁਕਦਾ ਛਪਦਾ ਹੈ, ਮੂੰਹ ਵੱਟਦਾ ਅੱਖ ਚੁਰਾਂਦਾ ਹੈ,
ਦਰਦੀ ਕਹਿੰਦੇ ਹਨ ਆਖ ਰਾਮ, ਇਹ ਹੋਰ ਦੁਹਾਈਆਂ ਪਾਂਦਾ ਹੈ।
ਰੂੰ ਵਾਂਗੂੰ ਸਰੀਰ ਪਿੰਜਦਾ ਹੈ, ਅਰ ਜਿੰਦ ਨਿਕਲਦੀ ਵੜਦੀ ਹੈ,
ਇਸ ਭਰੇ ਭਾਗ ਪਰਵਾਰ ਨਾਲ, ਮੋਹ ਟੁਟਣਾ ਕੋਈ ਆਸਾਨ ਨਹੀਂ,
ਰੁੱਖਾਂ ਤੋਂ ਝੜਿਆ ਮਾਲ ਨਹੀਂ, ਮੰਗ ਕੇ ਆਂਦੀ ਸੰਤਾਨ ਨਹੀਂ।

6. ਬੇ ਤਰਸ ਕਾਲ ਦੇ ਪਹੁੰਚੇ ਨੇ, ਓੜਕ ਇਹ ਘੋਲ ਮੁਕਾ ਦਿੱਤਾ,
ਮਾਇਆ ਦੇ ਸੰਗਲ ਤੋੜ ਤਾੜ, ਦੁਨੀਆਂ ਦਾ ਸਾਥ ਛੁਡਾ ਦਿੱਤਾ,
ਮੁਕ ਗਏ ਬਖੇੜੇ ਜੀਵਨ ਨੇ, ਵਖਤਾਂ ਤੋਂ ਜਾਨ ਛੁਡਾ ਲੀਤੀ।
ਇਸ ਸ਼ਾਂਤ ਚਮਨ ਵਿਚ ਬੈਠੇ ਨੂੰ, ਕੋਈ ਨਹੀਂ ਆਜ਼ਾਰ[1] ਨਹੀਂ,
ਚਿੰਤਾ ਦੀਆਂ ਧੁੱਪਾਂ ਲੋਆਂ ਥੀਂ, ਕੁਮਲਾਂਦੀ ਇਹ ਗੁਲਜ਼ਾਰ[2] ਨਹੀਂ।
ਦੁਨੀਆਂ ਦੇ ਝਗੜੇ ਝਾਂਜੇ ਤੋਂ, ਇਹ ਮੌਤ ਛੁਡਾ ਲੈ ਜਾਂਦੀ ਹੈ,
ਫਿਰ ਇਸ ਤੋਂ ਡਰ ਡਰ ਕੇ, ਚਾਤ੍ਰਿਕ ! ਕਿਉਂ ਤੇਰੀ ਜਾਨ ਘਬਰਾਂਦੀ ਹੈ ?

ਕਬਰਸਤਾਨ

1. ਇਸ ਦਗੜ ਦਗੜ ਦੀ ਦੁਨੀਆਂ ਤੋਂ, ਇੱਕਲੇਵਾਂਜੇ ਇਕ ਵਾਸੀ ਹੈ,
ਖਾਮੋਸ਼ੀ ਜਿਸ ਦੀ ਬੋਲੀ ਹੈ, ਤੇ ਰੌਣਕ ਜਿਦ੍ਹੀ ਉਦਾਸੀ ਹੈ।
ਨਾ ਦੀਵਾ ਕੋਈ ਬਲਦਾ ਹੈ, ਨਾ ਭੰਬਟ ਪਰ ਝੁਲਸਾਂਦਾ ਹੈ,
ਨਾ ਫੁਲ ਹੁਲਾਰੇ ਖਾਂਦਾ ਹੈ, ਨਾ ਭੌਰਾ ਘੂਕਰ ਪਾਂਦਾ ਹੈ।

2. ਵਾਸੀ ਇਸ ਚੁਪ ਦੀ ਨਗਰੀ ਦੇ, ਸਦੀਆਂ ਤੋਂ ਕੱਠੇ ਰਹਿੰਦੇ ਨੇਂ,
ਪਰ ਸਾਂਝੀ ਹੋਈ ਜਬਾਨ ਨਹੀਂ, ਨਾ ਦਿਲ ਦੀ ਵੇਦਨ[3] ਕਹਿੰਦੇ ਨੇਂ।
ਅਰਮਾਨ ਧਰੇ ਹਨ ਛਾਤੀ ਤੇ, ਤੇ ਪੈਰ ਪਸਾਰ ਬਿਰਾਜੇ ਨੇਂ।
ਜਦ ਦੇ ਇਹ ਧੌਲਰ[4] ਮੱਲੇ ਨੇਂ, ਨਾ ਖੋਲ੍ਹੇ ਮੁੜ ਦਰਵਾਜੇ ਨੇਂ।

3. ਕੋਈ ਨਸ਼ਾ ਇਲਾਹੀ ਪੀ ਬੈਠੇ, ਉਤਰੀ ਨਹੀਂ ਜਿਦ੍ਹੀ ਖੁਮਾਰੀ ਹੈ,
ਸਾਗਰ[5] ਨਾ ਸਿੱਧਾ ਕੀਤਾ ਹੈ, ਸਾਕੀ ਵਲ ਝਾਤ ਨਾ ਮਾਰੀ ਹੈ।
ਸਤਰੰਜਾਂ ਵਿਛੀਆਂ ਪਈਆਂ ਨੇਂ, ਉਠ ਕੇ ਨਾ ਖੇਡ ਮੁਕਾਈ ਹੈ,
ਫੁਲਾਂ ਦੀ ਸੇਜ ਸਜਾਈ ਤੇ, ਬੈਠਣ ਦੀ ਘੜੀ ਨਾ ਆਈ ਹੈ।

4. ਬਹਿਰਾਮ[6] ਪੁਰੇ ਦੇ ਮਹਿਲਾਂ ਦਾ, ਕੋਈ ਕੋਮਲ ਰਾਜ ਦੁਲਾਰਾ ਹੈ,
ਜਮਸ਼ੇਦ ਨਗਰ[7] ਦੇ ਅਰਸ਼ਾਂ ਤੋਂ, ਟੁੱਟਾ ਹੋਇਆ ਕੋਈ ਤਾਰਾ ਹੈ।

---

1. ਦੁੱਖ, ਕਲੇਸ਼। 2. ਫੁਲਵਾੜੀ। 3. ਦੁੱਖ, ਤਕਲੀਫ। 4. ਮਹਿਲ। 5. ਪਿਆਲਾ। 6. ਇਕ ਵੱਡਾ ਸ਼ਹਿਰ।
7. ਇਕ ਹੋਰ ਸ਼ਹਿਰ।

ਕੋਈ ਐਸ਼ ਬਾਗ ਦੀ ਸੁਹਲ ਕਲੀ, ਫੁਲ ਦੀਵੇ ਨੂੰ ਕੁਰਲਾਂਦੀ ਹੈ?
ਕੋਈ ਪ੍ਰੀਤਮ ਦੀਆਂ ਉਡੀਕਾਂ ਵਿਚ, ਕਿਰਮਾਂ[1] ਤੋਂ ਨੈਣ ਬਚਾਂਦੀ ਹੈ।

5\. ਹੇ ਅਮਨਾਬਾਦੀ[2] ਲੋਕੋ ਵੇ ! ਆਖ ਪੱਟੋ ਪਾਸਾ ਮੋੜੋ ਵੇ,
ਇਹ ਲੰਮਾ ਰੋਸਾ ਕਾਹਦਾ ਹੈ ਹੁਣ ਮੁਹਰਾਂ ਮੂੰਹ ਤੋਂ ਤੋੜੋ ਵੇ।
ਤਾਰੇ ਹੋ ਕਿਦ੍ਹੀਆਂ ਅੱਖਾਂ ਦੇ ? ਹੋ ਲਾਲ ਤੁਸੀਂ ਕਿਸ ਮਾਈ ਦੇ ?
ਵਾਲੀ ਹੋ ਕਿੰਨ੍ਹਾਂ ਵਲੈਤਾਂ ਦੇ ? ਮਾਲਿਕ ਕਿਸ ਹੂਰਾਂ ਜਾਈ ਦੇ ?

6\. ਕੀਕਰ ਦੇ ਸੁਹਲ ਸਰੀਰੇ[3] ਸੌ ? ਕੀ ਅਤਰ ਫੁਲੇਲਾਂ[4] ਮਲਦੇ ਸੌ ?
ਸ਼ਿੰਗਾਰ ਕਿਹੋ ਜਿਹਾ ਲਾਂਦੇ ਸੌ ? ਕਿਸ ਹੰਸ ਚਾਲ ਥੀਂ ਚਲਦੇ ਸੌ ?
ਕਿਸ ਰਣ ਵਿਚ ਤੇਗਾਂ ਵਾਹੀਆਂ ਸਨ ? ਕੀ ਮਾਣ ਮਰਤਬਾ[5] ਪਾਇਆ ਸੀ ?
ਕਿੰਨੀ ਕੁ ਧਰਤੀ ਮੱਲੀ ਸੀ ? ਕਿੰਨੀ ਕੁ ਜੋੜੀ ਮਾਇਆ ਸੀ ?

7\. ਸੁਲਤਾਨ ਖ਼ਾਨ ਸੀ ਕੌਣ ਕੌਣ ? ਤੇ ਕੌਣ ਉਦ੍ਹਾ ਦਰਬਾਰੀ ਸੀ ?
ਹਾਥੀ ਤੇ ਕਿਹੜਾ ਚੜ੍ਹਦਾ ਸੀ ? ਦਰ ਦਰ ਦਾ ਕੌਣ ਭਿਖਾਰੀ ਸੀ ?
ਫੁੱਲਾਂ ਤੇ ਕਿਹੜਾ ਸੌਂਦਾ ਸੀ ? ਤੇ ਕੌਣ ਖਾਕ ਵਿਚ ਰੁਲਦਾ ਸੀ ?
ਮਜ਼ਦੂਰੀ ਕਿਹੜਾ ਕਰਦਾ ਸੀ ? ਤੇ ਛਤ੍ਰ ਕਿਦ੍ਹੇ ਸਿਰ ਝੁਲਦਾ ਸੀ ?

8\. ਇਸ ਉਡਦੀ ਖੇਹ ਵਿਚ ਪਤਾ ਨਹੀਂ, ਪ੍ਰਮਾਣੂ[6] ਕਿਸ ਕਿਸ ਸਿਰ ਦੇ ਨੇਂ ?
ਰਾਜਾ ਤੇ ਰੰਕ ਇਕੱਠੇ ਹੋ, ਆਕਾਸ਼ ਭਟਕਦੇ ਫਿਰਦੇ ਨੇਂ।
ਗਲ ਗਿਆ ਵਰਕ ਇਤਿਹਾਸਾਂ ਦਾ, ਜੋ ਖੋਜ ਖੁਰਾ ਕੋਈ ਦਸਦਾ ਸੀ,
ਇਸ ਮਿੱਟੀ ਵਾਲਾ ਛਤ੍ਰਪਤੀ[7], ਉਸ ਮੰਦਰ ਦੇ ਵਿਚ ਵਸਦਾ ਸੀ।

9\. ਖੁਸਰੋ[8] ਦਾ ਖੋਪੜ ਖੁਰ ਖੁਰ ਕੇ, ਕਬਰਾਂ ਦਾ ਕੱਲਰ ਹੋਇਆ ਹੈ,
ਕੁਮਿਹਾਰ ਚੱਕ ਤੇ ਚਾੜ੍ਹਨ ਨੂੰ, ਪਾਣੀ ਪਾ ਪਾ ਕੇ ਗੋਇਆ ਹੈ।
ਬਲਕਾਰ ਮਾਰ ਕੇ ਵਰਜ ਸਕੇ, ਗਲ ਗਈ ਉਹ ਜੀਭ ਲੜਾਕੀ ਹੈ,
ਧੂ ਕੇ ਤਲਵਾਰ ਹਟਾ ਦੇਵੇ, ਉਹ ਡੌਲਾ ਭੀ ਨਾ ਬਾਕੀ ਹੈ।

10\. ਜੀ ਚਾਹੇਗਾ ਤਾਂ ਦੀਵਾ ਘੜ ਕਬਰਾਂ ਵਿਚ ਫੇਰ ਪਚਾਵੇਗਾ,
ਜਾਂ ਠੂਠੀ ਰਚ, ਮਹਬੂਰਾਂ ਦੀ ਬੁੱਲੀਂ ਇਕ ਵਾਰ ਛੁਹਾਵੇਗਾ।
ਬੇਕਦਰਾਂ ਦੇ ਵਸ ਪੈਕੇ ਪਰ, ਫਰਯਾਦ ਨਾ ਕੋਈ ਮਚਾਂਦਾ ਹੈ,
ਕੁਦਰਤ ਦੇ ਹੋਰਾਂ ਫੇਰਾਂ ਨੂੰ, ਚੁਪ ਕੀਤਾ ਵੇਖੀ ਜਾਂਦਾ ਹੈ।

11\. ਆ ਦਿਲ ! ਏਥੇ ਹੀ ਰਹਿ ਪਈਏ ਕੀ ਕਰਨ ਪਿਛਾਂਹ ਹੁਣ ਜਾਣਾ ਹੈ ?
ਉਹ ਚਾਰ ਦਿਨਾਂ ਦੀ ਖਪ ਖਪ ਹੈ, ਓੜਕ ਦਾ ਇਹੋ ਟਿਕਾਣਾ ਹੈ।
ਉਹ ਹਿਰਸਾਂ ਦੇ ਹਟਕੋਰੇ ਨੇਂ, ਇਸ ਸੁਰਗੇ ਕੋਈ ਅਜ਼ਾਰ[9] ਨਹੀਂ।
ਇਸ ਨਸ਼ੇ ਚੜ੍ਹਾਈ ਅਰਸ਼ਾਂ ਤੇ, ਮੁੜ ਹੇਠ ਉਤਰ ਦੀ ਤਾਰ ਨਹੀਂ !

1\. ਕੀੜੇ। 2. ਸ਼ਾਂਤੀ ਦੇ ਸ਼ਹਿਰ। 3. ਕੋਮਲ ਦੇਹ ਵਾਲੇ। 4. ਖੁਸ਼ਬੋਦਾਰ ਵਸਤੂ। 5. ਅਹੁਦਾ, ਪਦਵੀ।
6. ਜ਼ਰੇ, ਕਣਕੇ। 7. ਜਿਸਦੇ ਸਿਰ ਛੱਤਰ ਝੂਲਦੇ ਹੋਣ। 8. ਇਕ ਪ੍ਰਸਿੱਧ ਬਾਦਸ਼ਾਹ। 9. ਦੁੱਖ, ਕਲੇਸ਼।

ਸੁਰਗੀ ਜੀਉੜੇ

1. ਪਰਬਤ ਦੇ ਪੈਰਾਂ ਹੇਠ ਪਈ, ਇਕ ਨਿਕੀ ਜਿਹੀ ਪਧਰਾਈ[1] ਹੈ,
ਇਕ ਪਾਸੇ ਵੱਟੇ ਰਿੜ੍ਹਦੇ ਨੇਂ, ਇਕ ਪਾਸੇ ਕੁਝ ਸਬਜ਼ ਈ[2] ਹੈ।
ਇਸ ਉੱਘੜ-ਗੁਧੜੀ[3] ਤੇ, ਇਕ ਛੰਨ ਮੀਹਾਂ ਦੀ ਮਾਰੀ ਹੈ,
ਛੱਪਰ ਜਿਸ ਦਾ ਹੈ ਡੋਲ ਰਿਹਾ ਤਿੜਕੀ ਹੋਈ ਚਾਰਦਿਵਾਰੀ ਹੈ।
2. ਇਸ ਦਾ ਵਾਸੀ ਇਕ ਕਿਰਤੀ ਹੈ, ਕੰਗਾਲੀ ਜਿਸਦੀ ਮਾਇਆ ਹੈ,
ਮਜ਼ਦੂਰੀ ਜਿਦ੍ਹਾ ਸਹਾਰਾ ਹੈ, ਸੰਤੋਖ[4] ਜਿਦ੍ਹਾ ਸਰਮਾਇਆ ਹੈ।
ਜੋ ਚੱਕੀ ਫੇਰ ਮੁਸ਼ੱਕਤ ਦੀ, ਆਪਨੇ ਹਡ ਪੀਹ ਪੀਹ ਖਾਂਦਾ ਹੈ,
ਪਰਭਾਤੇ ਨਿਕਲ ਜਾਂਦਾ ਹੈ, ਤੇ ਸੰਝ ਪਿਆ ਘਰ ਆਂਦਾ ਹੈ,
3. ਦੋ ਟੁੱਟ ਬੁੱਸੇ ਮੰਜੇ ਨੇਂ, ਕੁਝ ਲੀੜੇ ਅੰਧੋਰਾਣੇ[5] ਨੇਂ,
ਦੋ ਠੂਠੇ, ਇਕ ਕੁਨਾਲੀ[6] ਹੈ, ਦੋ ਖਾਲੀ ਮੱਟ ਪੁਰਾਣੇ ਨੇਂ।
ਖਿੜਕੀ ਲਾਗੇ ਇਕ ਚੁੱਲ੍ਹਾ ਹੈ, ਚੁੱਲੇ ਵਿਚ ਢੀਂਗਰ[7] ਬਲਦੇ ਨੇ,
ਇਕ ਕਾਲਕਲਿੱਟੀ ਤੌੜੀ ਵਿਚ, ਪਾਲਕ ਦੇ ਪੱਤਰ ਉਬਲਦੇ ਨੇਂ।
4. ਇਕ ਤ੍ਰੀਮਤ ਗੋਦੇ[8] ਬਾਲ ਲਈ, ਚਾਦਰ ਨੂੰ ਗਾਂਢੇ ਲਾਂਦੀ ਹੈ,
ਜਦ ਬਾਲ ਉਤਾਂਹ ਨੂੰ ਤਕਦਾ ਹੈ ਇਹ ਹਸ ਕੇ ਨਿਗਾਹ ਰਲਾਂਦੀ ਹੈ।
ਉਹ ਬੁਲ੍ਹ ਜਰਾ ਫੁਰਕਾਂਦਾ ਹੈ, ਇਹ ਖੀਵੀ ਹੋ ਹੋ ਜਾਂਦੀ ਹੈ,
ਸੁਟ ਸੁਟ ਕੇ ਤ੍ਰੇਲ ਪਿਆਰਾਂ ਦੀ, ਚੰਬੇ ਦੀ ਕਲੀ ਖਿੜਾਂਦੀ ਹੈ।
5. ਹੱਥਾਂ ਵਿਚ ਸੂਈ ਧਾਗਾ ਹੈ ਸੀਨੇ ਵਿਚ ਸਿਦਕ ਖ਼ਜ਼ਾਨਾ ਹੈ,
ਕੰਗਾਰ ਮਜੂਰ ਸੁਆਮੀ ਦੇ, ਚੇਤੇ ਵਿਚ ਮਨ ਮਸਤਾਨਾ ਹੈ।
ਕੁਟੀਆ ਦਿਸਦੀ ਹੈ ਰਾਜ-ਮਹਲ ਇਸ ਸ਼ਮ੍ਹਾ-ਪ੍ਰੇਮ-ਪੰਘਰਾਈ[9] ਨੂੰ,
"ਜਸਮਾ"[10] ਰਸ ਰੰਗੀ 'ਟੀਕਮ' ਦੇ, ਠੁਕਰਾਂਦੀ ਹੈ ਕੁਰਾਈ ਨੂੰ !
6. ਦਿਨ ਥੱਲੇ ਤੁਰਿਆ ਜਾਂਦਾ ਹੈ, ਸ਼ਾਮਾਂ ਦੀ ਆਓ ਆਈ ਹੈ,
ਸੂਰਜ ਨੇ ਤੀਰ ਮੁਕਾ ਸਾਰੇ, ਲਹਿੰਦੇ ਵਲ ਧੌਣ ਭੁਲਾਈ ਹੈ।
ਅਰਸ਼ਾਂ ਤੇ ਜ਼ਰੀ ਕਿਨਾਰੀ[11] ਦੇ ਇਉਂ ਥਾਨ ਖਿਲਾਰੀ ਜਾਂਦਾ ਹੈ,
ਥੱਕਾ ਟੁੱਟਾ ਮਜ਼ਦੂਰ ਜਿਵੇਂ, ਉਘਲਾਂਦਾ ਟਾਟ ਵਿਛਾਂਦਾ ਹੈ।

---

1. ਮੈਦਾਨੀ ਜ਼ਮੀਨ। 2. ਹਰਿਆਵਲ। 3. ਉਚੀ ਨੀਵੀਂ। 4. ਸਬਰ। 5. ਹੰਢੇ ਹੋਏ, ਪੁਰਾਣੇ।
6. ਮਿੱਟੀ ਦੀ ਪਰਾਤ। 7. ਟਾਹਣੀਆਂ ਜਾਂ ਕੰਡੇ ਵਾਲੀਆਂ ਝਾੜੀਆਂ, ਬਾਲਣ ਲਈ। 8. ਗੋਦ ਵਿਚ।
9. ਪਿਆਰ ਵਿਚ ਪੰਘਰੀ ਹੋਈ ਇਸਤ੍ਰੀ ਨੂੰ।
10. ਜਸਮਾ ਨਾਮ ਦੀ ਇਕ ਪਤੀ ਪਰਾਇਣਾ ਪਰਮ ਸੁੰਦਰੀ, ਆਪਣੇ ਸੁਆਮੀ ਟੀਕਮ ਨਾਲ ਰਾਜਸਰੋਵਰ ਦੀ ਖੁਦਾਈ ਵਿਚ ਟੋਕਰੀ ਢੋਇਆ ਕਰਦੀ ਸੀ ਪਾਟਨ (ਗੁਜਰਾਤ) ਦੇ ਰਾਜੇ ਸਿੱਧਰਾਜ ਵਲੋਂ ਪਟਰਾਣੀ ਬਣਾਈ ਜਾਣ ਦੇ ਲਾਲਚ ਨਾਲ ਭੀ ਜਸਮਾ ਦਾ ਮਨ ਨਾ ਡੋਲਿਆ। ਓੜਕ ਇਸ ਦੀ ਹਮੈਤ ਵਿਚ ਇਕ ਘੋਰ ਸੰਗ੍ਰਾਮ ਹੋਇਆ ਤੇ ਬਹੁਤ ਸਾਰੇ 'ਓੜ' (ਟੀਕਮ ਦੇ ਜਾਤ ਭਾਈ) ਮਾਰੇ ਗਏ। ਜਸਮਾ ਨੇ ਭੀ ਸੈਂਕੜੇ ਸੈਨਿਕਾਂ ਨੂੰ ਮਾਰ ਕੇ ਅੰਤ ਕਟਾਰੀ ਨਾਲ ਆਪਣੀ ਜਾਨ ਗੁਆ ਦਿੱਤੀ, ਪਰ ਅਧਰਮੀ ਠਾਕੁਰ (ਰਾਜੇ) ਦੀ ਦੁਰਾਸ਼ਾ ਨੂੰ ਅਖੀਰ ਦਮ ਤਕ ਠੁਕਰਾਈ ਰਖਿਆ।
11. ਸੋਨੇ ਦੀ ਤਾਰ ਨਾਲ ਕੱਢੀ ਹੋਈ।

7. ਜੋ ਨੰਗ ਭੜੰਗੇ ਮੁੰਡੇ ਨੇਂ, ਮਿਟੀ ਵਿਚ ਨ੍ਹਾ ਨ੍ਹਾ ਰਜਦੇ ਨੇਂ,
ਟਿੱਬੀ ਤੋਂ ਝੌਲਾ ਪੈਂਦਿਆਂ ਹੀ, ਹਰਨਾਂ ਦੇ ਵਾਂਗਰ ਭਜਦੇ ਨੇਂ,
ਸਾਹ ਮਿਉਂਦਾ ਨਹੀਂ ਕਲੇਜੇ ਵਿਚ, ਅੰਮਾਂ ਨੂੰ ਆ ਕੇ ਦਸਦੇ ਨੇਂ।
'ਔਹ ਬਾਪੂ ਤੁਰਿਆ ਔਂਦਾ ਹੈ' ਇਹ ਕਹਿ ਕੇ ਓਧਰ ਨਸਦੇ ਨੇਂ।
੮. ਇਕ ਪਾਸੇ ਮਾਇਆ ਤਰੁਠਦੀ[1] ਹੈ, ਇਕ ਪਾਸੇ ਤ੍ਰਿਸ਼ਨਾ[2] ਤਰਦੀ ਹੈ,
ਅੱਖਾਂ ਨੂੰ ਜੋਤ ਦੁਪਾਸਿਓਂ ਮਿਲ, ਕੋਈ ਗੁਝੀਆਂ ਗੱਲਾਂ ਕਰਦੀ ਹੈ।
ਚੁੰਬਕ ਲੋਹੇ ਤੋਂ ਕਾਹਲਾ ਹੋ, ਭੋਇੰ ਤੇ ਨਾ ਪੈਰ ਟਿਕਾਂਦਾ ਹੈ,
ਲੋਹਾ ਲੱਤਾਂ ਸੁੰਗੜਾਂਦਾ ਹੈ, ਅਰ ਬਹਾਂ ਖਿਲਾਰੀ ਜਾਂਦਾ ਹੈ।
9. ਇਕ ਜਨ ਹਿੱਕ ਠੰਢਿਆਂ ਦੀ ਹੈ, ਇਕ ਮਗਰੋਂ ਜੱਫੀ ਪਾਂਦੀ ਹੈ,
ਦੋ ਪੁੜਾਂ ਵਿਚਾਲੇ ਦੁਨੀਆਂ ਦੀ, ਸਾਰੀ ਚਿੰਤਾ ਪਿਸ ਜਾਂਦੀ ਹੈ।
ਉਡ ਗਿਆ ਥਕੇਵਾਂ ਦਿਨ ਭਰ ਦਾ, ਝੁੱਗੀ ਤਕ ਆਂਦੇ ਹੀ,
ਖਿੜ ਪਿਆ ਮੋਤੀਆਂ ਸ਼ਾਮਾਂ ਨੂੰ, ਇਕ ਪ੍ਰੇਮ ਹੁਲਾਰਾ ਖਾਂਦੇ ਹੀ।
10. ਗੁਟਕਣ ਚਰੋਕਣੀ ਲਗਦੀ ਹੈ, ਜਿਉਂ ਚੰਦ ਤਿਕਾਲੀਂ ਚੜ੍ਹਦਾ ਹੈ,
ਉਹ ਬੁਚਕੀ[3] ਇਨੂੰ ਫੜਾਂਦਾ ਹੈ, ਤੇ ਆਪ ਅੰਞਾਣਾ ਫੜਦਾ ਹੈ।
ਉਹ ਚੁਮ ਚੁਮ ਖੀਵਾ ਹੁੰਦਾ ਹੈ, ਇਹ ਗੰਢਾਂ ਖੋਲ੍ਹੀ ਜਾਂਦੀ ਹੈ,
ਉੱਲਰ ਉੱਲਰ ਕੇ ਵੇਖਦਿਆਂ, ਬਾਲਾਂ ਨੂੰ ਪਰੇ ਹਟਾਂਦੀ ਹੈ।
11. ਇਕ ਪੱਲੇ ਆਟਾ ਕੋਟਾ ਹੈ, ਇਕ ਕੰਨੀ ਮਿੱਠੇ ਛੋਲੇ ਨੇਂ,
ਕੁਝ ਟੋਟੇ ਦਾਗੀ ਨਾਖਾਂ ਦੇ, ਮੁੰਡਿਆਂ ਨੇ ਹਸ ਹਸ ਫੋਲੇ ਨੇਂ।
ਮਾਂ ਛੋਲੇ ਪਾਵੇ ਤਲੀਆਂ ਤੇ, ਏਹ ਫੱਕੇ ਮਾਰੀ ਜਾਂਦੇ ਨੇਂ,
ਨਾਦਰ ਦੇ ਤਖਤ ਤਾਊਸੋਂ[4] ਭੀ ਇਹ ਵਧ ਕੇ ਤ੍ਰਿਪਤੀ ਪਾਂਦੇ ਨੇਂ।
12. ਜੋ ਮਿੱਸਾ ਤਿੱਸਾ ਜੁੜਿਆ ਹੈ, ਉਹ ਰਿੰਨ੍ਹ ਪਕਾ ਕੇ ਖਾਂਦੇ ਨੇਂ,
ਸਾਈਂ ਦਾ ਸ਼ੁਕਰ ਮਨਾਂਦੇ ਨੇਂ, ਤੇ ਸੌਣ ਲਈ ਘਬਰਾਂਦੇ ਨੇਂ।
ਨਾ ਸਾੜੇ ਹਨ, ਨਾ ਕੀਨਾ[5] ਹੈ, ਇਹ ਖੁਸ਼ੀਆਂ ਦੀ ਆਬਾਦੀ ਹੈ,
ਜਾਂ ਪ੍ਰੇਮ-ਬਾਗ ਦੀਆਂ ਮਹਿਕਾਂ ਨੇਂ, ਜਾਂ ਹਾਸਾ ਤੇ ਆਜ਼ਾਦੀ ਹੈ।
13. ਉਹ ਮਲਕਾਂ ਹੈ ਇਸ ਮੰਦਰ ਦੀ, ਇਹ ਸ਼ਾਹ ਸਿਕੰਦਰ ਘਰ ਦਾ ਹੈ,
ਉਹ ਇਸ ਤੋਂ ਜਾਨ ਘੁਮਾਂਦੀ ਹੈ, ਇਹ ਉਦ੍ਹੇ ਮਰਾਣੇ[6] ਮਰਦਾ ਹੈ।
ਉਹ ਵਾਂਗ ਮੋਰਨੀ ਖਿੜਦੀ ਹੈ, ਇਹ ਮੋਰ ਵਜਦ[7] ਵਿਚ ਆਂਦਾ ਹੈ,
ਇਉਂ ਘਰ ਇਸ ਪ੍ਰੇਮੀ ਜੋੜੇ ਦਾ, ਇਕ ਸੁਰਗ ਜਿਹਾ ਬਣ ਜਾਂਦਾ ਹੈ।
14. ਮਾਯਾ-ਧਾਰੀ ਜਿਸ ਸ਼ਾਂਤ ਮਈ ਜੀਵਨ ਹਿਤ ਘੁਲਦਾ ਰਹਿੰਦਾ ਹੈ,
ਉਹ ਇਸ ਕੱਖਾਂ ਦੀ ਕੁੱਲੀ ਵਿਚ, ਮਜ਼ਦੂਰ ਪਾਸ ਆ ਬਹਿੰਦਾ ਹੈ।
ਸ਼ਾਹੀ ਮਹਿਲਾਂ ਦੀਆਂ ਛੇਜਾਂ ਤੇ, ਜੋ ਨੀਂਦਰ ਤੋੜੇ[8] ਕਸਦੀ ਹੈ,
ਉਹ ਏਸ ਬਹਿਸ਼ਤੇ ਆ ਆ ਕੇ, ਚਾਤ੍ਰਿਕ ਦੀਆਂ ਤਲੀਆਂ ਝਸਦੀ ਹੈ।

---

1. ਮੇਹਰਬਾਨ ਹੁੰਦੀ। 2. ਤੀਬਰ ਇਛਿਆ। 3. ਗੰਢੜੀ।
4. ਮੋਰ ਦੀ ਸ਼ਕਲ ਦਾ ਸਿੰਘਾਸਣ ਜੋ ਸ਼ਾਹਜਹਾਨ ਨੇ ਸਤ ਕਰੋੜ ਦਸ ਲੱਖ ਰੁਪਏ ਖਰਚ ਕੇ ਬਣਾਇਆ ਸੀ। 5. ਵੈਰ।
6. ਮੌਤ। 7. ਸਰੂਰ, ਖੇੜਾ, ਮਸਤੀ। ੮. ਭਾਵ ਨਖਰੇ ਕਰਨਾ, ਰੁੱਸਣਾ।

ਦੁਨੀਆਂ ਦੇ ਪੁਆੜੇ

ਕੀ ਪੁਆੜੇ ਪਾ ਲਏ ? ਦੁਨੀਆਂ ਤੇ ਚਾਤ੍ਰਿਕ ! ਆਣ ਕੇ,
ਕੰਡਿਆਂ ਵਿਚ ਫਸ ਗਈ ਜਿੰਦੜੀ, ਬਗੀਚਾ ਜਾਂਣ ਕੇ।
ਬਾਲਪਨ ਦੇ ਚਾਰ ਦਿਨ, ਲੰਘੇ ਸੁਖਾਲੇ ਸਨ ਜ਼ਰਾ,
ਛੱਟ ਐਸੀ ਆ ਪਈ, ਫਿਰ ਯਾਦ ਆਏ ਨਾਨਕੇ।
ਪੇਟ ਦਾ ਝੁਲਕਾ, ਸੁਖਾਂ ਦੀ ਭਾਲ, ਜਗ ਤੇ ਜੋੜ-ਤੋੜ,
ਪੈ ਗਏ ਅਣਗਿਣਤ ਬੰਨ੍ਹਣ, ਇੱਕ ਤੰਬੂ ਤਾਣ ਕੇ।
ਜਾਨ ਫ਼ਿਕਰਾਂ, ਹੱਡ ਟੱਬਰ ਦੋਸਤਾਂ ਨੇ ਬੇਟੀਆਂ,
ਤੋੜ ਖਾਧਾ ਸਾਰਿਆਂ, ਕੂਲਾ ਸ਼ਿਕਾਰ ਪਛਾਣ ਕੇ।
ਦੂਜਿਆਂ ਦੇ ਵਾਸਤੇ, ਕੀਤਾ ਪਸੀਨਾ ਖ਼ੂਨ ਨੂੰ,
ਆਪਣੇ ਪੱਲੇ ਪਈ ਨਾ ਖ਼ਾਕ, ਮਿੱਟੀ ਛਾਣ ਕੇ।
ਸੱਧਰਾਂ ਦੇ ਟਾਹਣ ਤੇ ਦਿਲ ਟੰਗਿਆ ਹੀ ਰਹਿ ਗਿਆ,
ਵੇਖਣ ਮਿਲਿਆ ਨਾ ਇਕ ਦਿਨ ਭੀ ਖੁਸ਼ੀ ਦਾ ਮਾਣ ਕੇ।
ਲਾਹ ਗਲੋਂ ਜੰਜਾਲ ਤੇ ਕਰ ਬੰਦ ਦੁਨੀਆਂ ਦੀ ਗ਼ਜ਼ਲ,
ਕਾਫੀਆ[1] ਮਤ ਮੌਤ ਕਰ ਦੇ ਤੰਗ ਤੇਰਾ, ਰਾਣ[2] ਕੇ।

ਉਡੀਕ ਦਾ ਰਸ

ਸਿੱਕਾਂ ਸਧਰਾਂ ਦਾ ਜਦ ਤੀਕਰ, ਦਿਲ ਵਿਚ ਰਿਹਾ ਵਸੇਰਾ,
ਚੋਭਾਂ, ਚੀਸਾਂ, ਆਹਾਂ, ਉਡੀਕਾਂ, ਪਾਈ ਰਖਿਆ ਡੇਰਾ।
ਮਿਲੀ ਮੁਰਾਦ ਤੇ ਲਾਟਾਂ ਬੁਝੀਆਂ ਸੁੰਞਾ ਹੋ ਗਿਆ ਖੇੜਾ,
ਸਮਝ ਪਈ ਉਸ ਦੂਰੀ ਵਿਚ ਸੀ, ਵਸਲੋਂ[3] ਸੁਆਦ ਵਧੇਰਾ।
ਪ੍ਰੀਤਮ ਦਾ ਆਣਾ ਪਰ ਆ ਕੇ ਪਰਤ ਪਰਤ ਤੜਫਾਣਾ,
ਫੇਰ ਮਿਲਣ ਦੀ ਚੋਬ ਚੁਆਤੀ[4] ਲਟਕ ਜਿਹੀ ਲਾ ਜਾਣਾ।
ਆਣਾ, ਲੁਕ ਜਾਣਾ, ਆ ਜਾਣਾ, ਰਖਣੀ ਤਾਂਘ ਬਣਾਈ,
ਦਿਲ ਵਿਚ ਤੜਫ ਜਿਵਾਲੀ ਰੱਖੇ ਏਹੋ ਤੰਦਣ ਤਾਣਾ[5]।

ਕਵੀ

ਜਿਹੜੇ ਕੌਮਾਂ ਨੂੰ ਪਾਰ ਉਰਾਰ ਕਰਦੇ,
ਉਨ੍ਹਾਂ ਬੇੜੀਆਂ ਦਾ ਨਾਖ਼ੁਦਾ[6] ਹੈ ਤੂੰ,

---

1. ਕਵੀਆਂ ਦਾ ਉਰਦੂ ਮੁਹਾਵਰਾ ਹੈ 'ਕਾਫੀਆ ਤੰਗ ਹੋਣਾ,' ਕਿ ਕਵਿਤਾ ਵਿਚ ਅੰਤ ਉਤੇ ਅਨੁਪ੍ਰਾਸ ਜੋੜਨ ਲਈ ਸ਼ਬਦ ਨਾ ਲੱਭਣੇ, ਆਪ ਅਰਥ ਤੰਗ ਹੋ ਜਾਣਾ। 2. ਬਦਨਾਮ ਕਰਨਾ। 3. ਮੇਲ ਤੋਂ। 4. ਅੱਗ, ਤੜਪ। 5. ਰੁਝੇਵਾਂ (ਸੋਚ ਵਿਚਾਰ)। 6. ਮਲਾਹ।

ਮੁਲਕੀ ਪਿਆਰ ਦੇ ਬਾਗ਼ ਜੋ ਹਰੇ ਕਰਦੇ,
ਉਹ ਬਹਾਰ-ਭਿੰਨੀ ਠੰਢੀ ਵਾ ਹੈਂ ਤੂੰ,
ਮੁਰਦਾ ਰੂਹਾਂ ਨੂੰ ਚੁੱਕ ਬਹਾਲ ਦੇਵੇ,
ਉਹ ਮਸੀਹੇ[1] ਦੀ ਕਾਰੀ ਦਵਾ ਹੈਂ ਤੂੰ,
ਜਿਸ ਦੀ ਕਲਮ ਦਾ ਹੁੱਝ ਪਲਟਾਏ ਤਖ਼ਤੇ,
ਕਿਸਮਤ ਘੜਨ ਵਾਲੀ ਉਹ ਕਜ਼ਾ ਹੈਂ ਤੂੰ।
ਜਿਨ੍ਹਾਂ ਥਲਾਂ ਵਿਚ ਲਹੂ ਦੀ ਡਾਂਝ[2] ਡਿੱਠੀ,
ਨਹਿਰਾਂ ਜੋਸ਼ ਦੀਆਂ ਤੂੰਹੋ ਲੈ ਆਉਂਦਾ ਸਏਂ,
ਜਿਥੇ ਉੱਸਰੇ ਮਹਿਲ ਆਜ਼ਾਦੀਆਂ ਦੇ,
ਇੱਟਾਂ ਤੂੰਹੇ ਘੜ ਘੜ ਓਥੇ ਲਾਉਂਦਾ ਸਏਂ।
ਖ਼ਲਕਤ ਖ਼ਿਆਲ ਦੀ ਅੱਖ ਦੇ ਫੇਰ ਅੰਦਰ,
ਤੂੰਹੇਂ ਦੇਖਿਆ ਰਚ ਕੇ ਦਿਖਾਉਣ ਵਾਲਾ,
ਖੰਭਾਂ ਬਾਝ ਅਸਮਾਨ ਤੇ ਪਹੁੰਚ ਕੇ ਤੇ,
ਰਿਸ਼ਮਾਂ ਸੁੱਟ ਕੇ ਧਰਤ ਚਮਕਾਉਣ ਵਾਲਾ,
ਟੁੱਬੀ ਮਾਰ ਕੇ ਸੋਚ ਦੇ ਸਾਗਰਾਂ ਵਿਚ,
ਮੋਤੀ ਸੁਖਨ[3] ਦੇ ਚੁਣ ਚੁਣ ਲਿਆਉਣ ਵਾਲਾ,
ਰੰਗ ਰੰਗ ਦੇ ਕੁਦਰਤੀ ਬਾਗ਼ ਵਿੱਚੋਂ,
ਕਲੀਆਂ ਗੁੰਦ ਕੇ ਸਿਹਰੇ ਬਣਾਉਣ ਵਾਲਾ।
ਸੂਕਰ ਨਦੀ ਦੀ, ਰਾਗ ਪੰਖੇਰੂਆਂ ਦਾ,
ਸ਼ੋਖੀ ਫੂਲ ਦੀ, ਸਿਦਕ ਪਰਵਾਨਿਆਂ ਦਾ,
ਤੇਰੀ ਕਲਮ ਅਮਾਨਤੀ ਖੋਲ੍ਹ ਦੇਂਦੀ,
ਗੁੱਝਾਂ ਜੰਦਰਾ ਰੱਬੀ ਖਜ਼ਾਨਿਆਂ ਦਾ।
ਕਿਧਰੇ ਰਾਜ ਦਰਬਾਰਾਂ ਦਾ ਥੰਮ੍ਹ ਜਾਪੇ,
ਮਹਿਫਲ ਵਿਚ ਭੀ ਬੱਝੀ ਹਵਾ ਤੇਰੀ,
ਇਕ ਧਿਰ ਪ੍ਰੇਮ ਦੇ ਨੈਣਾਂ ਵਿਚ ਡੁਸਕਨਾ ਏਂ,
ਇਕ ਧਿਰ ਹੁਸਨ ਵਿਚ ਝਲਕੇ ਅਦਾ ਤੇਰੀ,
ਕਿਧਰੇ ਸਬਕ ਪੜ੍ਹਾਉਨਾ ਏਂ ਦਾਨਿਆਂ ਨੂੰ,
ਵਹਿਸ਼ਤ ਭਰੀ ਭੀ ਨਿਕਲੇ ਸਦਾ[4] ਤੇਰੀ,
ਐਧਰ ਜਾਮ ਸੁਰਾਹੀ ਤੇ ਡੁਲਨਾ ਏਂ,
ਔਧਰ ਸੂਫੀਆਂ[5] ਨਾਲ ਭੀ ਰਾ ਤੇਰੀ।
ਜਿਹੜੀ ਤਰਬ ਨੂੰ ਕਿਸੇ ਥਰਕਾ ਡਿੱਠਾ,
ਗੂੰਜ ਉਸੇ ਤੋਂ ਨਿਕਲੀ ਜਨਾਬ ਦੀ ਸੀ,

1. ਬਚਾਉਣ ਵਾਲਾ, ਰਾਖਾ। 2. ਭੁਖ, ਤੰਗੀ। 3. ਕਵਿਤਾ। 4. ਕੂਕ। 5. ਸ਼ਰਾਬ ਨਾ ਪੀਣ ਵਾਲੇ।

ਜਿਹੜੇ ਫੁੱਲਾਂ ਨੇ ਬਾਗ਼ ਆਬਾਦ ਕੀਤੇ,
ਰੰਗਣ ਉਨ੍ਹਾਂ ਤੇ ਏਸੇ, ਗ਼ੁਲਾਬ ਦੀ ਸੀ।
ਜਿਹੜੇ ਇਸ਼ਕ ਦੇ ਥਲਾਂ ਵਿਚ ਭੁੱਜ ਮੋਏ,
ਅੱਖਾਂ ਉਨ੍ਹਾਂ ਦੇ ਸਿਰ ਤੇ ਵਰ੍ਹਾਈਆਂ ਤੂੰ,
ਜਿਨ੍ਹਾਂ ਪ੍ਰੇਮ ਦੇ ਹੜੀਂ ਸਰਬੰਸ ਰੋੜ੍ਹੇ,
ਸ਼ਾਨਾਂ ਉਨ੍ਹਾਂ ਦੀਆਂ ਅਰਸ਼ੀ ਚੜ੍ਹਾਈਆਂ ਤੂੰ,
ਰੁੱਸੀ ਰਹੀ ਖੁਸ਼ਹਾਲੀ ਹਮੇਸ਼ ਤੈਥੋਂ,
ਨੰਗੇ ਧੜੀਂ ਪਰ ਤੇਗਾਂ ਚਲਾਈਆਂ ਤੂੰ,
ਹੋ ਕੇ ਫੁੱਲ ਤੂੰ ਕੰਡਿਆਂ ਨਾਲ ਕੱਟੀ,
ਪੀੜਾਂ ਸਭ ਦੀਆਂ ਆਪ ਨੂੰ ਲਾਈਆਂ ਤੂੰ,
ਜ਼ਰਾ ਜਾਗ ਖਾਂ ਅੱਜ ਭੀ ਦੂਲਿਆ[1] ਉਇ !
ਇੱਕ ਫੂਕ ਕਲਾਮ ਦੀ ਮਾਰ ਦੇ ਖਾਂ,
ਦੇਸ਼ ਰੁਲ ਗਿਆ ਘਰ ਦੇ ਸਲੂਕ[2] ਬਾਝੋਂ,
ਇਸ ਨੂੰ ਆਪਣੇ ਪੈਰੀਂ ਖਲ੍ਹਾਰ ਦੇ ਖਾਂ।

ਬਾਲ ਵਰੇਸ ਤੇ ਜੀਉਣ ਪੰਧ

ਉਹ ਬਾਲ ਵਰੇਸ, ਆਹਾ ! ਹਾਂ, ਕੈਸਾ ਸੁਖ-ਜੀਉੜਾ ਜੀ ਸੀ,
ਸ਼ਾਦੀ ਗਮੀਓਂ ਇਕ ਪਾਸੇ, ਆਪਣੀ ਦੁਨੀਆਂ ਵਸਦੀ ਸੀ,
ਸੱਜਣ ਵੈਰੀ ਦੀਆਂ ਪਰਖਾਂ ਤੋਂ ਅੱਜ ਅਜੇ ਕੋਰੀ ਸੀ,
ਕੰਗਾਲੀ ਅਤੇ ਅਮੀਰੀ ਵਿਚ ਫਰਕ ਨਾ ਕੋਈ ਭੀ ਸੀ,
ਭੋਲੇ ਭਾਲੇ ਮੁਖੜੇ ਨੇ, ਪਾਈ ਸੀ ਡਲ੍ਹਕ ਇਲਾਹੀ[3],
ਸਾਰੀ ਦੁਨੀਆਂ ਸੀ ਰੱਯਤ[4] ਤੇ ਆਪਾਂ ਦੀ ਸੀ ਸ਼ਾਹੀ।
ਸ਼ਾਹੀ ਭੀ ਉਹ ਜੋ ਨੱਚੇ, ਸਿਰ ਚੜ੍ਹ ਕੇ ਸ਼ਹਿਨਸ਼ਾਹਾਂ ਦੇ,
ਮੇਰੇ ਕਦਮਾਂ ਦੇ ਥੱਲੇ, ਸਨ ਨੈਣ ਵਿਛਾਏ ਜਾਂਦੇ,
ਪਜਾਰੀ ਪਜਾਰੀ ਸੂਰਤ ਦਾ ਕਬਜ਼ਾ ਸੀ ਵਿਚ ਦਿਲਾਂ ਦੇ,
ਫਰਮਾਨ ਮੂੰਹੋਂ ਜੋ ਨਿਕਲਣ, ਇਕ ਪਲ ਨਾ ਅਟਕਣ ਪਾਂਦੇ,
ਤਲਵਾਰ ਨਾ ਫੌਜ ਖਜ਼ਾਨਾ ਪਰ ਨਿਉਂ ਨਿਉਂ ਹੋਣ ਸਲਾਮਾਂ,
ਇਕ ਪ੍ਰੇਮ-ਪਕੜ ਵਿਚ ਬੱਧੇ ਸਭ ਰਹਿੰਦੇ ਵਾਂਗ ਗੁਲਾਮਾਂ।
ਕਰਦੇ ਸਨ ਹੱਥੀਂ ਛਾਵਾਂ, ਅਣਮੁੱਲੇ ਨੌਕਰ ਮੇਰੇ,
ਮੈਂ ਖਿੜ ਕੇ ਜ਼ਰਾ ਦਿਖਾਵਾਂ, ਸੱਧਰ ਸੀ ਖੜੀ ਚੁਫੇਰੇ,
ਅਧਖਿੜੇ ਕਮਲ ਤੋਂ ਪੜਦਾ, ਕੋਈ ਵਾ ਝੱਲ ਉਲੇਰੇ,
ਬਦਲੀਂ ਤੋਂ ਚੰਦ ਨਿਕਲ ਕੇ, ਕਰ ਦੇਵੇ ਦੂਰ ਹਨੇਰੇ,

1. ਬਹਾਦਰਾਂ। 2. ਏਕਤਾ, ਚੰਗੀ ਵਰਤੋਂ। 3. ਰੱਬੀ। 4. ਜਨਤਾ, ਪਰਜਾ।

ਪਰ ਮਨ ਆਪਣਾ ਸੀ ਮੌਜੀ, ਪਰਵਾਹ ਨਾ ਰਤੀ ਰਖਦੇ ਸਾਂ,
ਜੀ ਆਵੇ ਤਾਂ ਰੋ ਪੈਂਦੇ, ਜੀ ਆਵੇ ਤਾਂ ਹਸਦੇ ਸਾਂ।
ਮੈਂ ਸੁੰਦਰਤਾ ਦਾ ਸੋਮਾ, ਅਰ ਪ੍ਰੇਮ-ਬਹਿਰ[1] ਦਾ ਮੋਤੀ,
ਕੋਮਲ ਸਾਂ ਵਾਂਗ ਸ਼ਿਗੂਫ਼ੇ[2], ਤਾਰੇ ਦੀ ਡਲ੍ਹਕੇ ਜੋਤੀ,
ਪਾਰੇ ਵਾਂਗਰ ਸਾਂ ਚੰਚਲ, ਖੇੜੂ ਜਿਉਂ ਕਲੀ ਪਰੋਤੀ,
ਮੇਰੇ ਦਰਵਾਜ਼ੇ ਆ ਕੇ, ਰਹਿੰਦੀ ਸੀ ਖਲਕ ਖਲੋਤੀ,
ਮੇਰਾ ਹੀ ਸਾਂਗ ਬਣਾ ਕੇ, ਸੰਸਾਰ ਕਾਮ[3] ਨੇ ਮੋਹਿਆ,
ਨੈਣਾਂ ਦੇ ਤੀਰ ਚਲਾ ਕੇ, ਮਾਸੂਮ ਰਤੀ[4] ਨੂੰ ਕੋਹਿਆ।
ਉਹ ਆਲਾ ਭੋਲਾ ਹਾਸਾ, ਚੁਟਕੀ ਭਰ ਲਏ ਦਿਲਾਂ ਦੀ,
ਨੈਣਾਂ ਦਾ ਜਾਦੂ ਪਾ ਕੇ, ਪੁਤਲੀ ਬਣਿਆ ਨੈਣਾਂ ਦੀ,
ਮੈਂ ਦੁਨੀਆਂ ਨੂੰ ਪਰਚਾਵਾਂ, ਦੁਨੀਆਂ ਮੈਨੂੰ ਪਰਚਾਂਦੀ,
ਮੇਰੀ ਸੋਖੀ ਗੁਸਤਾਖੀ, ਹਸ ਹਸ ਕੇ ਸਹਾਰੀ ਜਾਂਦੀ,
ਹੋਰਾਂ ਦੇ ਲਈ ਪਸ਼ੂ ਸਨ, ਮੇਰੀ ਇਨਸਾਨ ਸਵਾਰੀ,
ਮੇਰੇ ਚਰਨਾਂ ਨੂੰ ਚੁੰਮਣ ਲਈ ਤਰਸੇ ਜ਼ਿਮੀਂ ਵਿਚਾਰੀ,
ਜੀ ਭੈੜਾ ਹੋਇ ਰਤੀ ਜਾਂ, ਨੀਂਦਰ ਉਚਾਟ ਹੋ ਜਾਵੇ,
ਸੂਕ ਜਾਏ ਲਹੂ ਮਾਤਾ ਦਾ, ਨਾ ਚੈਨ ਪਿਤਾ ਨੂੰ ਆਵੇ,
ਕੋਈ ਦਾਰੂ ਦਰਮਲ ਢੂੰਡੇ, ਕੋਈ ਲੋਰੀ ਦੇ ਪਰਚਾਵੇ,
ਭੁਖ ਨੀਂਦ ਹਰਾਮ ਕਰਾਵਾਂ, ਜਦ ਤਕ ਜੀ ਮੇਰਾ ਚਾਹਵੇ,
ਮਕਦੂਰ[5] ਕਿਦ੍ਹਾ ਸੀ ਘਰ ਵਿਚ, ਮੈਂ ਜਾਗਾਂ ਤੇ ਸੌਂ ਜਾਂਦਾ,
ਮੈਂ ਜਦ ਤਕ ਦਿਆਂ ਨਾ ਛੁੱਟੀ, ਕੋਈ ਡਰਦਾ ਅੱਖ ਨਾ ਲਾਂਦਾ।
ਉਹ ਨਿਹਕਲੰਕ[6] ਜੀਵਨ ਸੀ, ਪਾਪ ਦੁਰਾਡਿਉਂ ਨਸਦੇ,
ਇਸ ਮਾਰ ਧਾੜ ਜਗ ਦੀ ਤੋਂ, ਇੱਕਲਵਾਜੇ ਸਾਂ ਵਸਦੇ,
ਆ ਆ ਕੇ ਏਸ ਦੁਆਰੇ, ਤਜਾਗੀ ਸਨ ਤਲੀਆਂ ਝਸਦੇ,
ਏਸੇ ਵਰੇਸ ਨੂੰ ਸਾਰੇ, "ਮਾਸੂਮ ਉਮਰ" ਸਨ ਦਸਦੇ,
ਨਾ ਜੰਮੇ ਦੀਆਂ ਵਧਾਈਆਂ, ਮੋਇਆਂ ਦਾ ਸੀ ਨਾ ਸਿਆਪਾ,
ਨਾ ਐਸ਼ਾਂ ਰੁੜ੍ਹੀ ਜਵਾਨੀ, ਨਾ ਮੁਰਦਾ ਜੂਨ ਬੁਢਾਪਾ।
ਜਿਗਰਾ ਸੀ ਐਡਾ ਵੱਡਾ ਸਾਂ ਮਸਤ ਹਮੇਸ਼ਾਂ ਰਹਿੰਦੇ,
ਨਾ ਗੱਲ ਕਿਸੇ ਦੀ ਸੁਣਦੇ, ਨਾ ਆਪਣੇ ਦਿਲ ਦੀ ਕਹਿੰਦੇ,
ਸਰਦੀ ਗਰਮੀ ਦੁਖ ਸੁਖ ਨੂੰ ਚੁਪ ਚਾਪ ਸਦਾ ਸਾਂ ਸਹਿੰਦੇ,
ਨਿੰਦਾ ਚੁਗਲੀ ਤੋਂ ਹਟ ਕੇ ਸਾਂ ਦੂਰ ਦੁਰਾਡੇ ਬਹਿੰਦੇ,
ਹੰਕਾਰ ਨਾ ਪਾਸੇ ਸਾੜੇ, ਨਾ ਕਾਮ ਕ੍ਰੋਧ ਕਲਪਾਵੇ,

1. ਪਿਆਰ ਦਾ ਸਮੁੰਦਰ। 2. ਕਰੂੰਮਲਾਂ।
3-4. ਕਾਮਦੇਵ ਜਾਂ ਪਿਆਰ ਦਾ ਦੇਵਤਾ ਜਿਸ ਦੀ ਪ੍ਰੇਮਕਾ ਨਾਮੀ ਹੈ, ਉਸ ਨੂੰ ਭੀ ਬਾਲ ਰੂਪ ਵਿਚ ਦਿਖਾਇਆ ਜਾਂਦਾ ਹੈ। 5. ਤਾਕਤ, ਸਮੱਰਥਾ। 6. ਨਿਰਦੋਸ਼।

ਐਸਾ ਸੁਭਾਉ ਸੀ ਖੇੜੂ, ਜੋ ਆਵੇ ਹਸਦਾ ਜਾਵੇ।
ਬੰਨ੍ਹਣ ਨਾ ਕੋਈ ਪਾਇਆ, ਸਭ ਤਰਫੋਂ ਸੀ ਆਜ਼ਾਦੀ,
ਨਾ ਲਾਲਚ ਦੀ ਬੀਮਾਰੀ, ਨਾ ਸੜਨ ਕੁੜ੍ਹਨ ਦੀ ਵਾਦੀ,
ਨਾ ਗਏ ਨਾਲ਼ ਸੀ ਚਿੰਤਾ, ਨਾ ਆਏ ਦੀ ਸੀ ਸ਼ਾਦੀ[1]
ਇਕਸਾਰ ਮੇਰੇ ਭਾਣੇ ਸਨ, ਸੁੰਨਸਾਨ ਅਤੇ ਆਬਾਦੀ,
ਮੀਟੀ ਸੀ ਅੱਖ ਜਗਤ ਤੋਂ, ਅਰ ਅੰਦਰ ਸੀ ਰੁਸ਼ਨਾਈ,
ਬਿਨ ਗਜਾਨ ਧਜਾਨ ਤੋਂ ਮੁਕਤੀ ਆਪਾਂ ਨੇ ਹੀ ਸੀ ਪਾਈ।
ਹੇ ਬਾਲ-ਵਰੇਸ ਪਿਆਰੀ ! ਦੋ ਦਿਨ ਦੀ ਮੌਜ ਵਿਖਾ ਕੇ,
ਤੁਰ ਗਈਓਂ ਐਡੀ ਛੇਤੀ, ਤੂੰ ਭਰਮ ਜਿਹਾ ਕਿਉਂ ਲਾ ਕੇ ?
ਰੋਣਾ ਆ ਜਾਵੇ ਤੈਨੂੰ, ਅਜ ਵੇਖੇਂ ਜੇਕਰ ਆ ਕੇ,
ਉਹ ਫੁੱਲ ਗੁਲਾਬੀ ਚਿਹਰਾ, ਕੀਕੁਰ ਹੋਇਆ ਕੁਮਲਾ ਕੇ,
ਜਦ ਦੀ ਤੂੰ ਵਿੱਛੁੜ ਗਈਓਂ, ਮੈਂ ਦੁੱਖੋ ਦੁੱਖ ਉਠਾਵਾਂ,
ਆ ਬੈਠ, ਕਲੇਜਾ ਫੋਲਾਂ, ਵਖਤਾਂ ਦੇ ਵੈਣ ਸੁਣਾਵਾਂ।
ਆ ਗਈ ਕੁਮਾਰ[2] ਅਵਸਥਾ, ਉਹ ਭੀ ਸੀ ਕੁਝ ਕੁਝ ਚੰਗੀ,
ਨਾ ਫਿਕਰਾਂ ਦੇ ਸਨ ਹੌਕੇ, ਨਾ ਖਾਣ ਪੀਣ ਦੀ ਤੰਗੀ,
ਖੇਡਾਂ ਦੀ ਰਹਿਣੀ ਮਸਤੀ, ਹਾਣੀ ਸਨ ਅੰਗੀ ਸੰਗੀ,
ਬਸ ਨਸਦੇ ਭਜਦੇ ਆਏ, ਆਏ ਤੇ ਰੋਟੀ ਮੰਗੀ,
ਖਾਧੀ ਤੇ ਲੰਮੀ ਤਾਣੀ, ਜਾਗੇ ਤੇ ਖਾ ਕੇ ਨੱਠੇ,
ਪੈਸੇ ਕੁਝ ਬੋਝੇ ਪਾਏ ਤੇ ਹੋਏ ਗਲੀ ਵਿਚ ਕੱਠੇ।
ਲਾਟੂ, ਗੁੱਡੀ, ਮਠਿਆਈ, ਜੋ ਜੀ ਕੀਤਾ ਲੈ ਆਏ,
ਸੱਧਰ ਨਾ ਬਾਕੀ ਛੱਡੀ, ਜੀ ਭਰ ਭਰ ਚੈਨ ਉਡਾਏ,
ਮਾਂ ਬਾਪ ਬੜੇ ਸਨ ਦਰਦੀ, ਹਸ ਹਸ ਕੇ ਲਾਡ ਕਰਾਏ,
ਏਹ ਮੌਜ ਬਹਾਰਾਂ ਦੇ ਭੀ, ਦਿਨ ਹੋ ਗਏ ਅੰਤ ਪਰਾਏ,
ਸੂਤਕ[3] ਤੋਂ ਨਾ ਅਜੇ ਨਿਕਲੇ, ਗਲ ਪੈ ਗਏ ਨਵੇਂ ਪੁਆੜੇ,
ਸਭ ਮਜ਼ੇ ਕਿਰਕਿਰੇ ਹੋਏ, ਜਦ ਗਏ ਸਕੂਲੇ ਤਾੜੇ।
ਪੜ੍ਹਨੇ ਵਿਚ ਜੀ ਨਾ ਲੱਗੇ, ਬੰਨ੍ਹ ਬੰਨ੍ਹ ਉਸਤਾਦ ਬਹਾਵੇ,
ਕਮਜ਼ੋਰ ਦੁੱਧ ਦੀ ਦੰਦੀਂ, ਲੋਹੇ ਦੇ ਚਣੇ ਚਬਾਵੇ,
ਘੂਰੀ ਵਟ ਵਟ ਕੇ ਤਾੜੇ, ਸੋਟੀ ਫੜ ਜਾਨ ਸੁਕਾਵੇ,
ਉਹ ਦਿਨ ਪਰਮੇਸ਼ਰ ਕਰਕੇ, ਦੁਸ਼ਮਣ ਤੇ ਭੀ ਨਾ ਆਵੇ,
ਲਟ ਪਟ ਪੈਂਛੀ ਨੂੰ ਰਟਦਿਆਂ, ਸਾਹ ਹਰਦਮ ਰਹਿੰਦਾ ਪੀਤਾ,
ਇਹ ਜ਼ਹਿਰ ਪਿਆਲਾ ਓੜਕ, ਮਰ ਭਰ ਕੇ ਮਿੱਠਾ ਕੀਤਾ।
ਲਿਖ ਪੂੰਝ ਸਕਣ ਜਦ ਲੱਗੇ, ਤਕ ਨਿਕਲ ਅਖਾੜੇ ਆਏ,

1. ਖੁਸ਼ੀ। 2. ਬਾਲਕ। 3. ਜਨਮ ਦੇ ਮੁੱਢਲੇ ਦਿਨ।

ਦੀਵਾ ਫੜ ਦੁਨੀਆਂ ਛਾਣੀ, ਰੁਜ਼ਗਾਰ ਕਿਤੇ ਮਿਲ ਜਾਏ,
ਪਰ ਹਾਇ ਕਿਸਮਤ ! ਏਧਰ ਭੀ ਚੰਗੀ ਚੰਦ ਚੜ੍ਹਾਏ,
'ਨੋ ਵੈਕੇਨਸੀ' ਦੇ ਪੌਲੇ ਹਰ ਬੂਹੇ ਤੇ ਲਟਕਾਏ,
ਖਾ ਖਾ ਕੇ ਧਕੇ ਧੌੜੇ, ਜੀ ਕੋਲੇ ਹੋਇਆ ਸੜ ਕੇ,
ਅਫਸੋਸ ਇਹੋ ਹੀ ਆਂਵੇ, ਕੀ ਲਿਆ ਮਨਾ ਤੂੰ ਪੜ੍ਹ ਕੇ ?
ਹੂ ਡਰ ਕੋਈ ਹੁੰਦਾ, ਪੱਲੇ, ਕੋਈ ਮ੍ਰਿਨਤ ਕਿਤੋਂ ਮਿਲ ਜਾਂਦੀ,
ਪਰ ਬਿਨਾ ਜਮਾ ਤਫਰੀਕੋਂ[1] ਕੋਈ ਗੱਲ ਨਹੀਂ ਸੀ ਆਂਦੀ,
ਪਿਓ ਸੋਟਾਂ ਸੁਟ ਸੁਟ ਸਾੜੇ, ਮਾਂ ਭਿਉਂ ਭਿਉਂ ਗੁਝੀਆਂ ਲਾਂਦੀ,
ਆਪਣੀ ਭੀ ਵਿਹਲੇ ਬੈਠਿਆਂ, ਸੀ ਜਾਨ ਪਈ ਘਬਰਾਂਦੀ,
ਓੜਕ ਇਕ ਅਫਸਰ ਕਹਿਕੇ, ਇਕ ਜਾਬ[2] ਜਿਹਾ ਦਿਲਵਾਇਆ,
ਤਦ ਜਾ ਕੇ ਏਸ ਅਜ਼ਾਬੋਂ,[3] ਕੁਝ ਸਾਹ ਸੁਖ਼ਾਲਾ ਆਇਆ।
ਇਸ ਲੈ ਦੇ ਵਿਚ ਐਨੇ ਨੂੰ, ਆਈ ਸੁਖ ਨਾਲ ਜਵਾਨੀ,
ਜੋਬਨ ਨੇ ਅੱਖ਼ ਉਘੇੜੀ ਤੇ ਅਕਲ ਹੋਈ ਦੀਵਾਨੀ,
ਰੀਝਾਂ ਦੇ ਅੱਡੇ ਚੜ੍ਹ ਕੇ, ਲੜ ਲਾ ਲਈ ਧੀ ਬਿਗਾਨੀ,
ਚੀਂ ਚੀਂ ਚਾਂ ਚਾਂ ਦੀਆਂ ਵਾਜਾਂ ਦੀ ਹੋਣ ਲਗੀ ਹੈਰਾਨੀ,
ਬਸ ਅੱਗੋਂ ਕੁਝ ਨਾ ਪੁੱਛੋ ਰੱਬ ਦੇ ਤੇ ਬੰਦਾ ਝੱਲੇ,
ਵਖਤਾਂ ਦਾ ਪਰਬਤ ਉੱਤੇ, ਤੇ ਮੈਂ ਗਰੀਬ ਸਾਂ ਥੱਲੇ।
ਸਿਰ ਤੇ ਆ ਪਈਆਂ ਪੰਡਾਂ, ਟੱਬਰਦਾਰੀ ਦੇ ਭਾਰੇ,
ਤੀਵੀਂ ਨੇ ਗ੍ਰਿੱਚੀ ਨੱਪੀ, ਬਾਲਾਂ ਨੇ ਹੱਥ ਪਸਾਰੇ,
ਲੱਜਾਂ ਲੀਹਾਂ ਦੀਆਂ ਜੋਕਾਂ, ਦੁਸਤੰਮੇ[4], ਭਾਈਚਾਰੇ,
ਬਸ ਡਿਗਰੀ ਪਰਚੇ[5] ਲੈ ਲੈ, ਕੁਰਕੀ[6] ਨੂੰ ਆ ਗਏ ਸਾਰੇ,
ਜੋ ਲੱਭਾ ਗਏ ਸੰਭਾਲੀ, ਚੌਪਾਸਿਓਂ ਪੈ ਗਈ ਲੋਟੀ,
ਘਿਰੀ ਗਈ ਇਹ ਜਿੰਦ ਨਿਮਾਣੀ, ਵੰਡੀ ਗਈ ਬੋਟੀ ਬੋਟੀ।
ਰੋ ਧੋ ਇਹ ਔਖੀ ਘਾਟੀ, ਭੀ ਓੜਕ ਤੋੜ ਚੜ੍ਹਾਈ,
ਐਨੇ ਨੂੰ ਸਿਰ ਤੋਂ ਮਾਂ ਪਿਉ ਨੇ ਆਪਣੀ ਜਾਨ ਛੁਡਾਈ,
ਭੈਣਾਂ ਨੇ ਲੇਖੇ ਮੰਗੇ, ਤੇ ਚੂਸਣ ਲੱਗੇ ਭਾਈ,
ਪੰਚਾਇਤ ਲਗਾਮੋਂ ਫੜ ਕੇ,ਚੌਧਰ ਦੀ ਛੱਟ ਚੁਕਾਈ,
ਮੇਲੀ ਗੇਲੀ, ਸ਼ਰਧਾਲੂ ਸਭ ਹੋਏ ਦੁਆਲੇ ਆ ਕੇ,
ਖੀਸੇ ਕਰ ਲੀਤੇ ਖਾਲੀ, ਸਿਰ ਪਿਓ ਦੀ ਪੱਗ ਬਨ੍ਹਾ ਕੇ।
ਕੋਈ ਚੰਦਾ ਆ ਕੇ ਮੰਗੇ, ਕੋਈ ਦਾਨ ਲਈ ਉਕਸਾਵੇ,
ਕੋਈ ਫ਼ਰਜ਼ ਦੇਸ਼ ਦਾ ਦੱਸੇ, ਕੋਈ ਕੌਮੀ ਦਰਦ ਸੁਣਾਵੇ,

---

1. ਹਿਸਾਬ ਕਿਤਾਬ। 2. ਨੌਕਰੀ, (ਅੰਗਰੇਜ਼ੀ ਨੌਕਰੀ)। 3. ਮੁਸੀਬਤ ਕੋਲੋਂ। 4. ਮਿਤ੍ਰਤਾ।
5. ਮਾਲ ਅਸਬਾਬ ਤੇ ਜਾਇਦਾਦ ਨੀਲਾਮ ਕਰਾਉਣ ਦਾ ਅਦਾਲਤੀ ਹੁਕਮ।
6. ਜਾਇਦਾਦ ਦੀ ਮਲਕੀਅਤ ਖ਼ੁਸਣੀ।

ਕੋਈ ਮਰਨ ਪਰਨ ਤੇ ਸੱਦੇ, ਕੋਈ ਜਲਸੇ ਵਿਚ ਬੁਲਾਵੇ,
ਕੋਈ ਮੁਲਾਕਾਤ ਦਾ ਸ਼ੌਕੀ, ਦਿਨ ਸਾਰਾ ਚੁੱਲ੍ਹੇ ਪਾਵੇ,
ਗੁੱਸਾ ਤਾਂ ਚੜ੍ਹੇ ਬਥੇਰਾ, ਪਰ ਚੁੱਪ ਸ਼ਰਮ ਦੇ ਮਾਰੇ,
ਮੈਂ ਢੀਠਾਂ ਵਾਂਗਰ ਹਸ ਹਸ ਏਹ ਸਾਰੇ ਜਜ਼ੀਏ[1] ਤਾਰੇ।
ਹੁਣ ਚੜ੍ਹਦਾ ਆਇ ਬੁਢਾਪਾ, ਲਚਕਾਰ ਕਮਰ ਵਿਚ ਆਈ,
ਵਾਲਾਂ ਨੇ ਵੇਸ ਵਟਾਇਆ, ਦੰਦਾਂ ਭੀ ਹਿਲਜੁਲ ਲਾਈ,
ਪਰ ਲੋੜਾਂ ਦੇ ਵਿਚ ਘਿਰਿਆਂ, ਨਿਭਦੀ ਨਹੀਂ ਦਾਉ-ਘੁਸਾਈ,
ਦੇ ਦੇ ਸਰੀਰ ਨੂੰ ਥੰਮ੍ਹੀ ਜਾਂਦਾ, ਹਾਂ ਝਟ ਲੰਘਾਈ,
ਪਰ ਬਕਰੇ ਦੀ ਮਾਂ ਕਦ ਤਕ ਹੈ ਓੜਕ ਖੈਰ ਮਨਾਣਾ,
ਦੁਨੀਆਂਦਾਰੀ ਨੇ ਖਬਰੇ ਕੀ ਕੀ ਹੈ ਹੋਰ ਵਿਖਾਣਾ।
ਹੁਣ ਜੀ ਤਾਂ ਏਹੋ ਚਾਹੇ, ਕੀ ਲੈਣਾ ਹੱਡ ਰੁਲਾ ਕੇ,
ਭਰਿਆ ਮੇਲਾ ਛੱਡ ਤੁਰੀਏ, ਦੁਨੀਆਂ ਤੇ ਚੂਲੀ ਪਾ ਕੇ,[2]
ਪਰ ਜਦੋਂ ਅਞਾਣੇ ਬਹਿੰਦੇ ਨੇਂ ਆਲ ਦੁਆਲੇ ਆ ਕੇ,
ਮਨ ਬੇਈਮਾਨ ਹੋ ਜਾਏ, ਮਮਤਾ ਦੀਆਂ ਖਿੱਚਾਂ ਖਾ ਕੇ,
ਇਸ ਲਟਕ ਜਿਹੀ ਵਿਚ ਅੜਿਆ, ਕਿਧਰੇ ਨਾ ਚਿੱਤ ਖਲੋਵੇ,
ਫਿਰ ਆਖੀ ਦਾ ਹੈ : ਵਾਹਵਾ, ਜੋ ਹੁੰਦੀ ਹੈ ਸੋ ਹੋਵੇ।
ਇਸ਼ ਜੀਉਣ ਪੰਧ ਵਿਚ ਪੈ ਕੇ, ਸਾਰੇ ਸੁਆਦ ਅਜ਼ਮਾਏ,
ਸੁਖ ਦੁਖ ਦੇ ਝੱਖੜ ਝੋਲੇ, ਉੱਤੋਂ ਦੀ ਬੜੇ ਲੰਘਾਏ,
ਜੋਬਨ ਦੇ ਲਹਿਰੇ ਲੁੱਟੇ, ਚੌਧਰ ਦੇ ਚੈਨ ਉਡਾਏ,
ਪਰ ਰਾਜ ਤੇਰੇ ਦੇ ਬੁੱਲੇ, ਮੁੜ ਕੇ ਨਹੀਂ ਨਜ਼ਰੇ ਆਏ,
ਇਕ ਬਾਲ-ਵਰੇਸ ਜਗਤ ਤੇ, ਹੈ ਚੀਜ਼ ਸਲਾਹੁਣ ਵਾਲੀ,
ਬਾਕੀ ਜੀਵਨ ਦੀ ਚਾਤ੍ਰਿਕ, ਇਕ ਘੜੀ ਨਾ ਦੁੱਖੋਂ ਖਾਲੀ।

ਕਵੀ ਰਚਨਾ

1. ਫੁਲ ਦੀ ਮਹਿਕ ਸ਼ਹਿਦ ਦੀ ਮਿੱਠਤ, ਮੱਖਣ ਦੀ ਨਰਮਾਈ,
ਪਾਰਿਓਂ ਤੜਪ ਤ੍ਰੇਲ ਤੋਂ ਠੰਢਕ, ਬਰਫੋਂ ਨਿਰਮਲ ਪਾਈ,
ਤਾਰਿਓ ਡਲ੍ਹਕ[3], ਬਿਜਲੀਉਂ ਚਾਨਣ, ਸੂਰਜ ਤੋਂ ਗਰਮਾਈ,
ਚੰਦਰਮਾਂ ਦਾ ਰਸ ਨਿਚੋੜ ਕੇ, ਸਭ ਸ਼ੈ ਖਰਲ[4] ਕਰਾਈ,
ਇਸ ਮਾਵੇ ਦਾ ਪੁਤਲਾ ਘੜ ਕੇ ਨੂਰ ਪੁਸ਼ਾਕ ਪਿਨ੍ਹਾਈ,
ਇਸ ਦਾ ਨਾਮ 'ਕਵੀ' ਰਖ ਬ੍ਰਹਮਾ[5], ਜਾਨ ਪ੍ਰੇਮ ਦੀ ਪਾਈ।
2. ਸੁੰਦਰ, ਸੁਘੜ ਪ੍ਰੇਮ ਦਾ ਪੁਤਲਾ, ਨਿਗਹ ਨਾ ਜਾਇ ਟਿਕਾਈ,
ਐਸਾ ਅਦਭੁਤ[6] ਜੀਵ ਬਣਾ ਕੇ, ਭੁਲ ਗਿਆ ਚਤੁਰਾਈ,

---

1. ਟੈਕਸ। 2. ਚੂਲੀ ਪਾ ਕੇ = ਤਿਆਗ ਕੇ। 3. ਚਮਕ। 4. ਪੀਹ ਕੇ ਮਿਲਾਈ।
5. ਪੁਰਾਣਾਂ ਅਨੁਸਾਰ ਸ੍ਰਿਸ਼ਟੀ ਸਾਜਣ ਵਾਲਾ ਦੇਵਤਾ। 6. ਅਜੀਬ।

ਨੀਝ ਧਰੀ ਪਰਵਾਨੇ ਦੀ, ਅਰ ਸੁਰਤ ਹਰਨ ਦੀ ਲਾਈ,
ਭੌਰੇ ਦੀ ਸੁੰਘਣ ਦੀ ਸ਼ਕਤੀ, ਮੱਛੀ ਚਾਖ ਲਗਾਈ,
ਦਿਲ ਦਿੱਤਾ ਪਰ ਕਲੀਓਂ ਕੋਮਲ, ਚਮਕ ਬਿਅੰਤ ਵਸਾਈ,
ਜੋ ਦਿੱਤਾ ਸੋ ਹੱਦੋਂ ਵਧ ਕੇ, ਹੋਇ ਨਾ ਜਿਦ੍ਹੀ ਸਮਾਈ।
3. ਇਸ ਤੋਂ ਬਾਦ ਵਿਧਾਤਾ[1] ਉੱਠੀ, ਰਹਿੰਦੀ ਗਿੱਲ ਸੁਕਾਈ,
ਮੱਥੇ ਲੇਖ ਲਿਖਣ ਲੱਗੀ ਨੇ ਪੁੱਠੀ ਕਲਮ ਵਗਾਈ,
ਸੱਧਰ ਸਿੱਕ, ਸੇਕ, ਨਾਕਾਮੀ,[2] ਅਰ ਫਰੀਆਦ ਦੁਹਾਈ,
ਦਰਦਾਂ, ਚੀਸਾਂ, ਚੁਭਕਾਂ, ਸਾੜੇ, ਸੁਲਗਣ, ਸੱਲ ਜੁਦਾਈ,
ਦੁੱਖ ਪਰਾਏ, ਸਹੇੜਨ ਵਾਲੀ, ਤੀਖਣ ਚੇਤਨਤਾਈ।
ਇਹ ਸਭ ਰਾਸ, ਗਰੀਬ ਕਵੀ ਹਿੱਸੇ ਚਾਤ੍ਰਿਕ ਆਈ।

ਗਰੀਬ ਕਿਰਸਾਨ

(ਛੰਦ—ਦੋਹਰਾ। ਧਾਰਨਾ-ਮਿਰਜ਼ਾ ਸਾਹਿਬਾ)

1. ਕੱਕਰੀ ਰਾਤ ਸਿਆਲ ਦੀ, ਵਰਤੀ ਸੁੰਞ ਮਸਾਣ,
ਖਲਕਤ ਸੁੱਤੀ ਅੰਦਰੀਂ ਨਿਘੀਆਂ ਬੁੱਕਲਾਂ ਤਾਣ॥੧॥
ਪਿਛਲੇ ਪਹਿਰ ਤਰੇਲ ਦੇ ਮੋਤੀ ਜੰਮਦੇ ਜਾਣ,
ਬੁੱਕਲੋਂ ਮੂੰਹ ਜੇ ਕੱਢੀਏ, ਪਾਲਾ ਪੈਂਦਾ ਆਣ॥੨॥
ਇਸ ਵੇਲੇ ਜਾਂ ਜਾਗਦੇ, ਤਾਰੇ ਵਿਚ ਅਸਮਾਨ,
ਜਾਂ ਕੋਈ ਕਰਦਾ ਭਗਤ ਜਨ ਖੂਹੇ ਤੇ ਇਸ਼ਨਾਨ॥੩॥
ਜਾਂ ਇਕ ਕਿਸਮਤ ਦਾ ਬਲੀ, ਜਾਗ ਰਿਹਾ ਕਿਰਸਾਣ,
ਪਾਣੀ ਲੌਂਦਿਆਂ ਪੈਰ ਹਥ, (ਜਿਦ੍ਹੇ) ਨੀਲੇ ਹੁੰਦੇ ਜਾਣ॥੪॥
2. ਸਿਖਰ ਦੁਪਹਿਰੇ ਜੇਠ ਦੀ, ਵਰ੍ਹਨ ਪਏ ਅੰਗਿਆਰ,
ਲੋਆਂ ਵਾਉ-ਵਰੋਲਿਆਂ[3], ਰਾਹੀ ਲਏ ਖਲ੍ਹਾਰ॥੫॥
ਲੋਹ ਤਪੇ ਜਿਉਂ ਪਿਰਥਵੀ, ਭੱਖ ਲਵਨ ਅਸਮਾਨ,
ਪਸ਼ੂਆਂ ਜੀਭਾਂ ਸੁੱਟੀਆਂ, ਪੰਛੀ ਭੁਜਦੇ ਜਾਣ॥੬॥
ਲੁਕੀ ਲੁਕਾਈ ਅੰਦਰੀਂ, ਨਿਕਲੇ ਬਾਹਰ ਨਾ ਸਾਹ,
ਪਰ ਪਿੜ ਵਿਚ ਕਿਰਸਾਣ ਇਕ, ਫਲ੍ਹਾ[4] ਰਿਹਾ ਹੈ ਵਾਹ॥੭॥
ਸਿਰੁ ਪੈਰਾ ਤਕ ਨਿੱਚੁੜੇ, ਮੜ੍ਹਕਾ ਵਾਹੋਦਾਹ,
ਪਰ ਸ਼ਾਬਾਸ਼ੇ ਦੂਲਿਆ (ਤੈਨੂੰ) ਰਤਾ ਨਹੀਂ ਪਰਵਾਹ ॥੮॥
3. ਮਾਉਂ ਲਡਿੱਕਾ ਜੰਮਿਓਂ, ਰਖਿਓਸੁ ਨਾਉਂ ਗੁਲਾਬ,
(ਪਰ) ਕਿਸਮਤ ਦੇ ਕੇ ਵਾੜ ਵਿਚ (ਤੇਰੀ) ਕੀਤੀ ਜੂਨ ਖ਼ਰਾਬ॥੯॥

---

1. ਤਕਦੀਰ, ਕਿਸਮਤ। 2. ਅਸਫਲਤਾ। 3. ਤੇਜ਼ ਹਵਾ ਦੇ ਘੁੰਮਣ ਘੇਰੇ। 4. ਅਨਾਜ ਦੀ ਗਹਾਈ ਕਰਨ।

ਦੁਨੀਆਂ ਖਾਇ ਮਲਾਈਆਂ, ਤੇਰੇ ਹਿੱਸੇ (ਆਈ) ਛਾਹ[1],
ਮੋਟਾ ਠੁੱਲ੍ਹਾ ਪਹਿਨ ਲੈ ਮਿੱਸੀ ਤਿੱਸੀ ਖਾਹ ॥੧੦॥
ਹੱਲ, ਸੁਹਾਗੇ, ਗੋਡੀਆਂ, (ਤੇਰੇ) ਸਿਰ ਤੇ ਰਹਿਣ ਸਵਾਰ,
ਪੱਲੇ ਤੇਰੇ ਪੈ ਗਈ, ਪਸ਼ੂਆਂ ਵਾਲੀ ਕਾਰ ॥੧੧॥
ਰਾਤੀਂ ਆ ਪਏਂ ਟੁੱਟ ਕੇ, ਚਾੜ੍ਹੇ ਨੀਂਦ ਖ਼ੁਮਾਰ,
ਕੁੱਕੜ ਬਾਂਗੇ ਫੇਰ ਤੂੰ, ਉਸੇ ਤਰ੍ਹਾਂ ਤਿਆਰ ॥੧੨॥

4. ਤਨ ਟੰਗਿਆ ਵਿਚ ਕਾਰ ਦੇ, ਜਾਨ ਟੰਗੀ ਅਸਮਾਨ,
ਮੁਠ ਵਿਚ ਤੇਰੀ ਕਾਲਜਾ, ਬਦਲਾ ਵਿਚ ਧਿਆਨ ॥੧੩॥
ਰਖ ਲਏ ਰੱਬ ਜਿ ਸੋਕਿਓਂ[2], (ਤਦ) ਝਖੜੋਂ ਸੁਕਦਾ ਸਾਹ,
ਗੜਿਓਂ, ਅਹਿਣੋਂ[3], ਕੁੰਗੀਓਂ[4] ਪੈਂਦਾ ਨਹੀਂ ਵਿਸਾਹ ॥੧੪॥
ਸੁਖ ਸੁਖ ਲੱਖ ਸਰੀਣੀਆਂ, ਪੱਕਣ ਚਾਰ ਕਸੀਰ,
ਤਦ ਭੀ ਸੁਣ ਸੁਣ ਕਹਿਬਤਾਂ[5], (ਤੈਨੂੰ) ਔਂਦੀ ਨਹੀਂ ਖਲ੍ਹੀਰ[6] ॥੧੫॥
"ਪੱਕੀ ਖੇਤੀ ਵੇਖ ਕੇ ਗਰਬ ਕਰੇ ਕਿਰਸਾਣ,
ਵਾਓਂ, ਝੱਖੜ ਝੋਲਿਓਂ, ਘਰ ਆਵੇ ਤਾਂ ਜਾਣ" ॥੧੬॥

5. ਪੱਕੀ, ਵੱਢੀ ਬੰਨ੍ਹ ਲਈ, ਆਣ ਧਰੀ ਖਲਵਾਰ।
ਤਦ ਭੀ ਧੜਕੇ ਕਾਲਜਾ, (ਕੋਈ) ਦੁਸ਼ਮਣ ਕਰੇ ਨਾ ਵਾਰ ॥੧੭॥
ਬਤੀਓਂ ਦੰਦੋਂ ਜੀਭ ਨੂੰ, ਜੇ ਰੱਬ ਲਏ ਬਚਾਇ,
ਚਾਈਂ ਚਾਈਂ ਗਾਹ ਕੇ, ਧੜ[7] ਦੇਵੇਂ ਤਦ ਲਾਇ ॥੧੮॥
ਅਜੇ ਵਸਾਇ ਨਾ ਚੁੱਕਿਓਂ, ਲਾਗੂ ਬੈਠੇ ਆਇ,
ਲਾਗੀ[8], ਵੇਗੀ[9], ਸੇਪੀਆਂ[10], ਝੁਰਮਟ ਦਿੱਤਾ ਪਾਇ ॥੧੯॥
ਰਹਿੰਦਾ ਬੋਹਲ ਹੁੰਝਾ ਲਿਆ, ਆ ਕੇ ਲਹਿਣੇਦਾਰ,
ਤੇਰੇ ਪੱਲੇ ਰਹਿ ਗਈ, ਤੂੜੀ ਪੰਡਾਂ ਚਾਰ ॥੨੦॥

6. ਚਾਰੇ ਕੰਨੀਆਂ ਚੂਪਦਾ, ਘਰ ਆਇਆ ਕਿਰਸਾਣ,
ਗੋਡਿਆਂ ਵਿਚ ਸਿਰ ਤੁੰਨ ਕੇ, ਗੋਤੀਂ ਲੱਗਾ ਜਾਣ ॥੨੧॥
ਹਾਇ ਓ ਰੱਬਾ ਡਾਢਿਆ ! ਕੀ ਬਣੀਆਂ ਮੈਂ ਨਾਲ ?
ਮਰ ਗਿਆ ਕਰਦਾ ਮਿਹਨਤਾਂ, ਓੜਕ ਭੈੜਾ ਹਾਲ ॥੨੨॥
ਨਾ ਮੈਂ ਦਿੱਤਾ ਮਾਮਲਾ,[11] ਨਾ ਕੋਈ ਲੀਤਾ ਢੋਰ[12],
ਬੀ ਭੱਤਾ ਭੀ ਹੈ ਨਹੀਂ, ਲੋੜਾਂ ਕਈ ਹੋਰ ॥੨੩॥
ਅੰਨ ਵਰ੍ਹਾ ਭਰ ਖਾਣ ਨੂੰ, ਟਾਕੀ ਟੱਲਾ[13] ਨਾਲ,
ਕਰਜਾ ਭੀ ਕੁਝ ਰਹਿ ਗਿਆ, ਸਿਰ ਤੇ ਖੜਾ ਸਿਆਲ ॥੨੪॥

---

1. ਲੱਸੀ। 2. ਸੋਕੜਾ, ਔੜ। 3. ਗੜੇ। 4. ਅਨਾਜ ਦਾ ਨਾਸ਼ ਕਰਨ ਵਾਲੀ। 5. ਲੋਕਾਂ ਦੀਆਂ ਗੱਲਾਂ। 6. ਧੀਰਜ। 7. ਫਸਲ ਦਾ ਢੇਰ। 8-9-10. ਪਿੰਡ ਵਿਚ ਵਸਦੇ ਕਾਮੇ। 11. ਸਰਕਾਰੀ ਮਾਲੀਆ, ਭੂਮਿਕਰ। 12. ਪਸ਼ੂ। 13. ਕਪੜਾ ਲੀੜਾ।

7. ਜੱਟੀ ਘੁਰਕੇ ਜੱਟ ਨੂੰ, (ਹੈ ਹੈ) ਪਿਆ ਕਿਧਰ ਦਾ ਲੋੜ੍ਹ[1] ?
ਖੱਟੀ ਸਾਰੇ ਸਮੇਂ ਦੀ, ਕਿੱਥੇ ਆਇਓਂ ਰੋੜ੍ਹ ॥੨੫॥
(ਮੈਂ) ਮਾਘੋਂ ਕੂਕਣ ਲੱਗੀ ਆਂ, 'ਕੁੜੀ ਹੋਈ ਮੁਟਿਆਰ,'
ਸਾਡੀ ਕੋਠੀ ਸੱਖਣੀ, ਲੋਕੀ ਕਰਨ ਬਹਾਰ ॥੨੬॥
ਵਾਰੀ ਸਦਕੇ ਵਾਹੀਓਂ, ਸਾਨੂੰ ਨਹਿੰ ਦਰਕਾਰ,
ਪੱਛੀ ਲਾ ਇਸ ਭੋਇੰ ਨੂੰ, (ਜੋ) ਰਹਿੰਦੀ ਮਰਲੇ ਚਾਰ ॥੨੭॥
ਭਰਤੀ ਹੋ ਜਾ ਫੌਜ ਵਿਚ, ਕੁਝ ਕਰ ਰੁਜ਼ਗਾਰ,
(ਜਾ) ਨਿੱਘਰ ਨਹਿੰ ਤਾਂ ਸ਼ਹਿਰ ਨੂੰ, (ਓਥੇ) ਲੋੜ੍ਹੇ ਦੀ ਹੈ ਕਾਰ ॥੨੮॥

8. ਜੱਟਾ ! ਵੇਖੀਂ ਉੱਕਦੋਂ[2] ਸਿੱਖ ਸਿਖਾਇਆ ਨਾਰ,
ਛਡ ਬਹਿੰਦੋਂ ਮਤ ਸਹਿਮ ਕੇ, ਉੱਤਮ ਖੇਤੀ ਕਾਰ ॥੨੯॥
ਇਕ ਦਾਣਾ ਜੇ ਫਲ ਪਏ, ਦਾਣਾ ਬਣੇ ਹਜ਼ਾਰ,
ਡੱਕੇ ਮਾਰ ਨਾ ਰੋੜ੍ਹ ਨੂੰ, ਸੋਮਾ ਉਸ ਦਾ ਮਾਰ ॥੩੦॥
ਦੁਨੀਆਂ ਵੱਸੇ ਰੰਗ ਵਿਚ, ਤੂੰ ਕਿਉਂ ਰਿਹੋਂ ਕੰਗਾਲ ?
ਬਰਕਤ ਕਿੱਧਰ ਉੱਡਦੀ, ਇਸ ਦੀ ਕਰ ਪੜਤਾਲ ॥੩੧॥
ਅਮਰੀਕਾ ਵਿਚ ਜੱਟ ਹੀ, ਹੋ ਰਹੇ ਮਾਲਾ ਮਾਲ,
ਸੁਣ ਲੈ ! ਤੇਰੇ ਢਿੱਡ 'ਚੋਂ ਕਿਉਂ ਨਾ ਨਿਕਲੇ ਕਾਲ ॥੩੨॥

9. ਇਕ 'ਇਲਮ'[3] ਦੀ ਊਣ[4] ਹੈ, ਮੁੰਡੇ ਪੜ੍ਹਨੇ ਪਾਇ,
ਦੂਜਾ ਝੱਸ[5] ਸ਼ਰਾਬ ਦਾ, ਇਸ ਤੋਂ ਜਾਨ ਛੁਡਾਇ ॥੩੩॥
ਤੀਜਾ ਐਬ ਕੁਪੱਤ[6] ਦਾ, ਖਹਿ ਖਹਿ ਮਰੋ ਭਰਾਇ,
ਫੇਰ ਮੁਕੱਦਮੇ ਲੜਦਿਆਂ, ਝੁੱਗਾ[7] ਉੱਜੜ ਜਾਇ ॥੩੪॥
ਪੰਜਵਾਂ ਚਸਕਾ ਕਰਜ਼ ਦਾ, ਵਾਹਣ[8] ਛਡੇ ਤੂੰ ਖਾਇ,
ਪੰਜੇ ਭੈੜੀਆਂ ਵਾਦੀਆਂ, ਬਰਕਤ ਖੜਨ ਉਡਾਇ ॥੩੫॥
ਜੇ ਪੰਜਾਂ ਦੇ ਪੰਜਿਓਂ, ਪਾ ਜਾਵੇਂ ਛੁਟਕਾਰ,
ਫੇਰ ਜਿ ਪੂਰੀ ਨਾ ਪਏ (ਤਦ) ਚਾਤ੍ਰਿਕ ਜ਼ਿੰਮੇਵਾਰ ॥੩੬॥

ਰਾਗ

ਰਾਗ ! ਤੂੰ ਕਿਸ ਮੋਹਣੀ ਦੇ ਰੂਪ ਦਾ ਝਲਕਾਰ ਹੈਂ ?
ਕਿਸ ਬਹਿਸ਼ਤੀ[9] ਹੂਰ ਦੀ ਪਾਜ਼ੇਬ ਦਾ ਛਣਕਾਰ ਹੈਂ ?
ਖਿੱਚਿਆ ਕਿਹੜੇ ਰਸਾਂ ਦਾ ਰੂਹ ਤੇਰਾ ਨਾਦ ਹੈ ?
ਪ੍ਰੇਮ ਦੇ ਕਿਸ ਬਹਿਰ[10] ਵਿਚ ਦੁਨੀਆਂ ਤੇਰੀ ਅਬਾਦ ਹੈ ?

---

1. ਅਨਰਥ, ਹਨੇਰ। 2. ਭੁਲ ਜਾਏਂ। 3. ਵਿਦਿਆ। 4. ਘਾਟਾ। 5. ਭੈੜੀ ਵਾਦੀ। 6. ਲੜਾਈ।
7. ਘਰ ਬਾਰ। 8. ਖੇਤ। 9. ਸਵਰਗੀ। 10. ਮੁਰਾਦ ਭੂਮਿਕਾ ਜਾਂ ਸਟੇਜ ਤੋਂ ਹੈ।

ਤੇਰੀ ਲੈ ਵਿਚ ਝੂੰਮਦੀ ਕਿਸ ਸੋਮ ਰਸ[1] ਦੀ ਤਾਰ ਹੈ ?
ਬਣ ਗਿਆ ਤੇਰਾ ਤਰੱਨਮ[2] ਰੂਹ ਦਾ ਆਧਾਰ ਹੈ ?
ਨ੍ਹਾ ਕੇ ਤੇਰੇ ਕੌਸਰੇ[3] ਮਹਿਕਾਂ ਨਸੀਮ[4] ਨਿਚੋੜਦੀ,
ਹੈ ਨਿਆਮਤ[5] ਹੋਰ ਭੀ ਦੁਨੀਆਂ ਤੇ ਤੇਰੇ ਜੋੜ ਦੀ ?
ਹੀਰਿਆਂ ! ਕਿਸ ਸਾਣ ਚੜ੍ਹ ਚੀਰੀ ਕਲੇਜਾ ਜਾਇ ਤੂੰ ?
ਦਿਲ ਦੀਆਂ ਖਾਮੋਸ਼ ਤਰਬਾਂ ਕਿਉਂ ਪਿਆ ਤੜਫਾਇ ਤੂੰ ?
ਤੇਰੇ ਬਿਹਰੇ ਫੂਕ ਕੇ ਕੋਇਲ ਨੂੰ ਕੀਤਾ ਕਾਲਿਆਂ[6],
ਤੇਰਾ ਦਰ ਖੜਕਾਇਆ ਅਲਮਸਤ[7] ਅੱਲਾ-ਵਾਲਿਆਂ[8]।
ਮਾਲ ਦੌਲਤ ਢੇਰ ਹੋਏ ਤੇਰੀ ਇਕ ਆਵਾਜ਼ ਤੇ,
ਹੁਸਨ ਸਦਕੇ ਹੋ ਗਿਆ ਤੇਰੇ ਨਸ਼ੀਲੇ ਨਾਜ਼ ਤੇ,
ਸਿਰ ਹਕੂਮਤ ਨੇ ਝੁਕਾਇਆ ਆ ਤੇਰੇ ਦਰਬਾਰ ਵਿਚ,
ਤੂੰ ਪਰੋਤਾ ਖਲਕ ਸਾਰੀ ਨੂੰ ਗਲੇ ਦੇ ਹਾਰ ਵਿਚ।
ਤੀਰ ਕੱਸਣ ਬੈਠ ਕਿਸ ਦੇ ਨੈਣ ਵਿਚ ਸਿਖਦਾ ਰਿਹੋਂ ?
ਕਿੱਥੇ ਬਹਿ ਕੇ ਲੇਖ ਉੱਚੇ ਆਪਣੇ ਲਿਖਦਾ ਰਿਹੋਂ ?
ਤੇਰੇ ਮੋਤੀ ਦੀ ਡਲ੍ਹਕ ਕਿਸ ਸਿੱਪ ਵਿਚ ਪਲਦੀ ਰਹੀ ?
ਤੇਗ ਕਿਸ ਮਹਬੂਬ ਦੇ ਹੱਥੋਂ ਤਿਰੀ ਚਲਦੀ ਰਹੀ ?
ਬੰਸੀ ਵਾਲਾ[9] ਕੀ ਹਵਾ ਤੇਰੇ ਤੇ ਦਮ ਕਰਦਾ ਰਿਹਾ ?
ਬੀਣਾ[10] ਨਾਰਦ[11] ਛੇੜ ਤੇਰੇ ਕੰਨ ਕੀ ਭਰਦਾ ਰਿਹਾ ?
ਕਿਸ ਪਰੀ ਨੇ ਤੈਨੂੰ ਇੰਦਰ ਦੇ ਅਖਾੜੇ ਵਾੜਿਆ ?
ਕਿਹੜੇ ਬਾਜੂ ਬਾਵਰੇ[12] ਅਰਸ਼ਾਂ ਤੇ ਤੈਨੂੰ ਚਾੜ੍ਹਿਆ ?
ਹੀਰ ਤੇਰੇ ਬਾਗ਼ ਵਿਚ ਕੀ ਕਿਲਕਿਲੀ ਸੀ ਪਾਉਂਦੀ ?
ਵੰਝਲੀ ਰਾਂਝਣ ਦੀ ਤੇਰਾ ਗੀਤ ਕੀ ਸੀ ਗਾਉਂਦੀ ?
ਕੀ ਕਲਾਮਾਂ[13] ਫੂਕ ਕੇ ਛੱਡੋਂ ਹਵਾ ਵਿਚ ਤੀਰ ਤੂੰ ?
ਫਾਹੇਂ ਪੰਛੀ, ਮਿਰਗ ਮੋਹੇਂ, ਬੰਨ੍ਹੇ ਵਹਿੰਦੇ ਨੀਰ ਤੂੰ ?
ਬਲ ਉਠੇ ਭਾਂਬੜ, ਜਦੋਂ ਦੀਪਕ[14] ਤੇਰੇ ਦੀ ਲੈ ਲਗੀ,
ਵਸ ਪਏ ਬੱਦਲ, ਜਦੋਂ ਮਲਹਾਰ[15] ਕੀਤਾ ਤੂੰ ਕਦੀ।
ਉੱਛਲੇ ਖੂਹਾਂ ਦੇ ਦਿਲ, ਜਦ ਤੇਰਾ ਭੈਰਵਾ[16] ਬੋਲਿਆ,
ਖਿੜ ਪਿਆ ਅਕਾਸ਼ ਜਦ ਤੂੰ ਆਸ[17] ਦਾ ਦਰ ਖੋਲ੍ਹਿਆ,

---

1. ਸੋਮ (ਚੰਦ੍ਰਮਾ) ਦਾ ਰਸ (ਅੰਮ੍ਰਿਤ) ਤਥਾ ਸ਼ਰਾਬ। 2. ਅੰਮ੍ਰਿਤ ਕੁੰਡ ਤੋਂ। 3. ਖਿਰਨ, ਲੈ, ਸੁਰ।
4. ਸਮੀਰ, ਅੰਮ੍ਰਿਤ ਵੇਲੇ ਦੀ ਹਵਾ। 5. ਦੁਰਲਭ ਵਸਤੂ। 6. ਸੰਸਾਰ, ਮਿਜਾਜ਼ੀ, ਪ੍ਰੇਮ ਤੋਂ ਮੁਰਾਦ। 7. ਮਸਤ ਮਲੰਗ।
8. ਰੱਬੀ, ਹਕੀਕੀ। 9. ਸ੍ਰੀ ਕ੍ਰਿਸ਼ਨ ਜੀ। 10. ਤੰਤੀ ਸਾਜ਼ ਜੋ ਨਾਰਦ ਵਜਾਉਂਦੇ ਸਨ।
11. ਇਕ ਰਿਖੀ ਜੋ ਇਧਰ ਉਧਰ ਲੂਤੀ ਲਾ ਕੇ ਝਗੜੇ ਕਰਾ ਦੇਂਦਾ, ਸਿਆਣਪ ਦਾ ਪ੍ਰਤੀਕ, ਜਿਸਨੂੰ ਵੀਣਾ ਵਜਾਉਂਦਾ ਮੰਨਿਆ ਜਾਂਦਾ ਹੈ।
12. ਅਕਬਰ ਦੇ ਵੇਲੇ ਦਾ ਇਕ ਪ੍ਰਸਿੱਧ ਗਵੱਈਆ ਜਿਸ ਤਾਨ ਸੈਨ ਨਾਲ ਟਾਕਰਾ ਕਰਕੇ ਰਾਗ ਗਾਉਣ ਦੀ ਖੁਲ੍ਹ ਲਈ ਸੀ।
13. ਮੰਤਰ। 14. ਰਾਗ ਜਿਸਦੇ ਗਾਉਣ ਨਾਲ ਅੱਗ ਲਗਦੀ ਮੰਨੀ ਜਾਂਦੀ ਹੈ।
15. ਰਾਗ ਜਿਸਦੇ ਗਾਉਣ ਨਾਲ ਵਰਖਾ ਹੁੰਦੀ ਮੰਨੀ ਜਾਂਦੀ ਹੈ। 16. ਸਵੇਰ ਦੇ ਵੇਲੇ ਗਾਏ ਜਾਣ ਵਾਲਾ ਰਾਗ।
17. ਆਸਾ ਰਾਗਣੀ, ਦੂਜੇ ਅਰਥ ਉਮੈਦ।

ਤਾਰੇ ਤੜਫੇ, ਸ਼ਾਮ ਨੇ ਕਲਿਆਣ[1] ਜਦ ਕੀਤੀ ਤਿਰੀ,
ਤ੍ਰੇਲ ਪੈ ਗਈ ਜੋਗ ਤੇ, ਜਦ ਰਾਤ ਕੁਝ ਬੀਤੀ ਤਿਰੀ।
ਹਾਇ ! ਤੇਰੇ ਸਾਜ਼ ਵਿਚ ਕੀ ਸੋਜ਼[2] ਹੈ ਚਿਚਲਾ ਰਿਹਾ ?
ਕਾਂਗ ਤੇਰੀ ਨਾਲ ਕਿਉਂ ਜਿਗਰਾ ਹੈ ਰੁੜ੍ਹਿਆ ਜਾ ਰਿਹਾ ?
ਕਿਸ ਵਿਜੋਗਣ ਦਾ ਕਲੇਜਾ ਚੀਰਦਾ ਤੂੰ ਆਇਉਂ ?
ਸੱਪ ਉੱਡਦੇ ਕੀਲਣੇ ਕਿਸ ਮਾਂਦਰੀ ਸਿਖਲਾਇਓ ?
ਲੁੱਟੀਆਂ ਸੱਤੇ ਸੁਰਾਂ ਕਿੱਥੋਂ ਏ ਲੋਟੀ ਪ੍ਰਾਣੀਆਂ ?
ਧੂ ਕੇ ਕਿੱਥੋਂ ਆਂਦੀਆਂ ਧੂਹਾਂ ਏ ਜੀ ਨੂੰ ਖਾਣੀਆਂ ?
ਖਿੱਚੀਆਂ ਕਿਸ ਬਾਰਿਓਂ ਉਸਤਾਦ ਤਾਰਾਂ ਤੇਰੀਆਂ ?
ਨੱਚਿਆ ਤਾਊਸ[3] ਗਜ਼ ਨੇ ਲੀਤੀਆਂ ਜਦ ਫੇਰੀਆਂ ?
ਧੁਨ ਅਨਾਹਦ[4] ਸੁਣਦਿਆਂ ਸੂਫੀ ਨੇ ਤਾੜੀ[5] ਪੀ ਲਈ,
ਪ੍ਰੇਮ ਦੀ ਦੁਨੀਆਂ ਨਵੀਂ ਆਬਾਦ ਸਿਰ ਵਿਚ ਹੋ ਗਈ।
ਤੇਰੇ ਵਰਗਾ ਹੋਰ ਕੁਝ ਦਿਸਦਾ ਨਹੀਂ ਸੰਸਾਰ ਤੇ,
ਨੱਚਦਾ ਹੈ ਦਿਲ ਖੁਦਾਈ ਦਾ ਤਿਰੀ ਹੀ ਤਾਰ ਤੇ।
ਫਿਕਰ, ਗਮ, ਦੁਖ ਦਰਦ ਸਭ ਜਾਣ ਤੇਰੇ ਆਇਆਂ,
ਅੱਖੀਆਂ ਵਿਚ ਜਾਣ ਤਕ ਕੇ ਤੇਰੀ ਨੂਰੀ ਕਾਇਆ।
ਤੂੰ ਹਜ਼ੂਰੀ ਦਾਤ ਹੈਂ, ਕੁਦਰਤ ਦਾ ਤੂੰ ਸ਼ਿੰਗਾਰ ਹੈਂ,
ਰੂਹ ਦਾ ਅਧਾਰ ਹੈਂ, ਹਰ ਮੌਸਮੀ ਗੁਲਜ਼ਾਰ ਹੈਂ।
ਆ ਗਲੇ ਲਗ ਜਾ ਮਿਰੇ, ਮੈਂ ਤੇਰਾ ਆਸ਼ਿਕ ਜ਼ਾਰ[6] ਹਾਂ,
ਨਾਮ ਨੂੰ ਚਾਤ੍ਰਿਕ ਹਾਂ, ਪਰ ਮੂੰਹ ਖੋਲ੍ਹਣੋਂ ਲਾਚਾਰ ਹਾਂ।

ਗ੍ਰਹਸਥਣ ਦਾ ਧਰਮ

1. ਕੰਤ ਦੀ ਪਿਆਰੀਏ ! ਰੂਪ ਸਿੰਗਾਰੀਏ !
ਚੰਦ ਦੇ ਵਾਂਗ ਪਰਵਾਰ-ਪਰਵਾਰੀਏ !
ਫੁੱਲ ਫਲ ਨਾਲ ਭਰਪੂਰੀਏ ਡਾਲੀਏ !
ਨਿੱਕਿਆਂ ਨਿੱਕਿਆਂ ਬੱਚਿਆਂ ਵਾਲੀਏ !
ਪਿਆਰ ਵਿਚ ਖੀਵੀਏ[7] ! ਪ੍ਰੇਮ-ਮਸਤਾਨੀਏ !
ਠੰਢੀਏ ! ਮਿੱਠੀਏ ! ਧੀਰੀਏ[8] ਦਾਨੀਏ[9] !
ਗ੍ਰਹਸਥ ਵਿਚ ਗ੍ਰਸੀ ਧੰਦਾਲ[10] ਵਿਚ ਧੱਸੀਏ !
ਫ਼ਰਜ਼ ਮਰਯਾਦ[11] ਦੇ ਜਾਲ ਵਿਚ ਫੱਸੀਏ !

---

1. ਸ਼ਾਮ ਵੇਲੇ ਗਾਇਆ ਜਾਣਾ ਵਾਲਾ ਇਕ ਰਾਗ, ਦੂਜੇ ਅਰਥ ਜੱਸ ਗਾਉਣਾ। 2. ਦਰਦ।
3. ਮੋਰ ਅਤੇ ਇਕ ਤੰਤੀ ਸਾਜ਼ ਦਾ ਨਾਂ। 4. ਅਨਾਹਦ ਸ਼ਬਦ, ਜੋ ਰਾਗ ਜੋਗੀ ਦਸਵੇਂ ਦੁਆਰ ਵਿਚ ਸੁਣਦੇ ਹਨ।
5. ਸਮਾਧੀ ਅਤੇ ਇਕ ਤਰ੍ਹਾਂ ਦਾ ਨਸ਼ਾ। 6. ਦਰਦ ਵਿਚ, ਚਿੰਤਾ ਵਿਚ। 7. ਮਸਤ। 8. ਧੀਰਜ ਵਾਲੀ।
9. ਸਿਆਣੀਏ। 10. ਧੰਦੇ। 11. ਫਰਜ਼ਾਂ ਤੇ ਮਰਯਾਦਾ ਦੇ ਬੰਧਨਾਂ ਵਿਚ।

ਬੰਨ੍ਹਣੀਂ ਬੱਝੀਏ ! ਟਹਿਲ ਵਿਚ ਰੁੱਝੀਏ !
ਮਾਲਕੇ[1], ਪਾਲਕੇ[2], ਖ਼ਾਲਕੇ[3], ਗੁੱਝੀਏ !
ਨ੍ਹਾਇ ਧੋ, ਤਿਲਕ ਲਾ, ਫੁੱਲ ਮੰਗਵਾਇ ਕੇ,
ਧੂਪ ਨਈਵੇਦ[4] ਵਿਚ ਥਾਲ ਦੇ ਲਾਇਕੇ,
ਮੰਦਰੀਂ ਰੋਜ ਕਿਸ ਵਾਸਤੇ ਜਾਨੀਏਂ ?
ਭਟਕਦੀ ਫ਼ਿਰਨੀਏਂ, ਝਾਤੀਆਂ ਪਾਨੀਏਂ !
ਦਰ ਬਦਰ[5] ਹੋਇ ਕਿਸ ਚੀਜ਼ ਦੇ ਵਾਸਤੇ ?
ਪੂਜਦੀ ਪੀਰ ਕਿਸ ਲਾਭ ਦੀ ਆਸ ਤੇ ?
ਤੀਰਥੀਂ ਜਾਨੀਏਂ ਭੁੱਖਿਆਂ ਮਰਨੀ ਏਂ,
ਨੱਕ ਨੂੰ ਰਗੜਦੀ ਮਿੰਨਤਾਂ ਕਰਨੀ ਏ,
ਦੇਵੀਆਂ ਦੇਵਤੇ ਇਕ ਨਾ ਛੱਡਦੀ,
ਸੇਉਂਦੀ ਪੂਜਦੀ ਚੰਦੀਆਂ ਅੱਡਦੀ।
ਮੜ੍ਹੀ, ਮਠ, ਗੋਰ[6], ਸਿਲ ਪੱਥਰਾਂ ਧਿਆਉਂਦੀ,
ਤੁਲਸੀਆਂ[7] ਪਿੱਪਲਾਂ ਪਾਸ ਕੁਰਲਾਉਂਦੀ।
ਸਾਧੂਆਂ ਪਾਸ ਜਾਂ ਮੁੱਠੀਆਂ ਭਰਨੀ ਏਂ,
ਵਾਸਤੇ ਪਾਨੀ ਏਂ, ਕੀਰਨੇ[8] ਕਰਨੀ ਏ।
ਕਾਸ ਦੇ ਵਾਸਤੇ ਕਾਰ ਇਹ ਚੁੱਕੀ ਆ !
ਤਰਲਿਆਂ ਨਾਲ ਇਹ ਜੀਭ ਸੁੱਕੀ ਆ !
ਰਾਜ ਹੈ, ਭਾਗ ਹੈ, ਆਲ ਔਲਾਦ ਹੈ,
ਆਲ ਦੁਆਲੜੇ[9] ਬਾਗ ਆਬਾਦ ਹੈ।
ਉਂਗਲੀ ਬਾਲ, ਇਕ ਹਿੱਕ ਤੇ ਲਾਲ ਹੈ,
ਰਾਤ ਦਿਨ ਵਾਹ ਆਨੰਦ ਦੇ ਨਾਲ ਹੈ।
ਹੋਰ ਕਿਸ ਚੀਜ਼ ਦੀ ਰਾਣੀਏ ! ਭੁੱਖ ਹੈ ?
ਰੜਕ[10] ਕੀ ਹੋਰ ? ਕਿਸ ਗੱਲ ਦਾ ਦੁੱਖ ਹੈ ?
ਮੌਤ ਦਾ ਖੌਫ ਹੈ ? ਨਰਕ ਦਾ ਤ੍ਰਾਸ ਹੈ ?
ਭੌਜਲੋਂ ਮੁਕਤ ਹੋ ਜਾਣ ਦੀ ਆਸ ਹੈ ?
ਭਗਤਿ ਦੇ ਵਾਸਤੇ ਚਿੱਤ ਹੈ ਭਰਮਦਾ ?
ਸਿੱਧੜਾ ਰਾਹ ਨਹੀਂ ਲਭਦਾ ਧਰਮ ਦਾ ?

2. ਆ ! ਜ਼ਰਾ ਬੈਠ ਕੁਝ ਗੱਲ ਸਮਝਾਂ ਦਿਆਂ,
ਔਝੜੋਂ ਕੱਢ ਕੇ ਡੰਡੀਏ ਪਾ ਦਿਆਂ।

---

1. ਮਾਲਕ, ਸਵਾਮੀ। 2. ਪਾਲਣ ਵਾਲੀ। 3. ਪੈਦਾ ਕਰਨ ਵਾਲੀ।
4. ਦੇਵਤਿਆਂ ਦੀ ਪੂਜਾ ਲਈ ਭੇਟਾ ਚੜ੍ਹਾਈ ਜਾਣ ਵਾਲੀ ਸਮੱਗਰੀ। 5. ਬੂਹੇ ਬੂਹੇ। 6. ਕਬਰ।
7. ਇਕ ਪਵਿੱਤਰ ਸਮਝਿਆ ਜਾਣ ਵਾਲਾ ਬੂਟਾ ਜਿਸਦੇ ਪੱਤੇ ਸੁਗੰਧੀ ਵਾਲੇ ਹੁੰਦੇ ਹਨ। 8. ਤਰਲੇ।
9. ਆਸ ਪਾਸ। 10. ਚੋਭ, ਦੁੱਖ।

ਬਾਹਰ ਕੁਝ ਭੀ ਨਹੀਂ ਰੱਖਿਆ, ਭੋਲੀਏ !
ਆ ਜ਼ਰਾ ਆਪਣੇ ਅੰਦਰੇ ਟੋਲੀਏ !
ਨਾਰ ਦਾ ਦ੍ਵਾਰ[1] ਹੀ ਦ੍ਵਾਰਿਕਾ[2] ਧਾਮ ਹੈ,
ਗੰਗ, ਗੋਦਾਵਰੀ, ਪ੍ਰਾਗ[3] ਬ੍ਰਿਜਗਾਮ[4] ਹੈ।
ਘਰੇ ਘਨਸ਼ਾਮ[5] ਘਟ ਘਟ ਵਿਚੇ ਵੱਸਦਾ,
ਪ੍ਰੇਮ ਦੀ ਡੋਰ ਤੇ ਨੱਚਦਾ ਹੱਸਦਾ,
ਉੱਜਲਾ ਰੱਖ ਇਸ ਧਰਮ-ਅਸਥਾਨ ਨੂੰ,
ਮੰਦਰਾਂ ਵਾਂਗ ਚਮਕਾਇ ਕੇ ਸ਼ਾਨ ਨੂੰ।
ਸਾਫ ਵਾਯੂ ਰਹੇ ਰੁਮਕਦੀ ਦੁਆਰ ਤੇ,
ਤੰਦਰੁਸਤੀ ਸਦਾ ਆਇ ਪਰਵਾਰ ਤੇ।
ਠੁੱਕ ਸਿਰ ਚੀਜ਼ ਹਰ ਇੱਕ ਧਰ ਲਾਇ ਕੇ,
ਛੰਡ ਫਟਕਾਇ ਕੇ, ਮਾਂਜ ਲਿਸ਼ਕਾਇ ਕੇ।
ਰੀਝ ਦੇ ਨਾਲ ਕਰ ਤਜਾਰ ਪਕਵਾਨ ਨੂੰ,
ਰੋਚਕੀ[6] ਪਾਚਕੀ[7] ਹੋਇ ਜੋ ਖ਼ਾਣ ਨੂੰ।
ਭੋਗ ਲਗਵਾਇ ਮਾਸੂਮ ਸੰਤਾਨ ਨੂੰ,
ਕੰਤ ਭਗਵਾਨ ਨੂੰ, ਮੀਤ[8] ਮਹਿਮਾਨ[9] ਨੂੰ।
3. ਕੰਤ ਭਗਵੰਤ[10] ਪਰਤੱਖ ਅਵਤਾਰ ਹੈ,
ਆਪ ਹਰ ਹਾਲ ਵਿਚ ਲੈ ਰਿਹਾ ਸਾਰ ਹੈ।
ਆਪ ਦੁਖ ਝੱਲ ਆਰਾਮ ਪਹੁੰਚਾਉਂਦਾ,
ਲੱਦਿਆ ਪੱਥਿਆ ਰਾਤ ਘਰ ਆਉਂਦਾ।
ਪੂਰਦਾ ਆਸ, ਨਾ ਬੋਲ ਪਰਤਾਉਂਦਾ,
ਹੱਸ ਪਰਚਾਉਂਦਾ, ਨਾਜ਼ ਕਰਵਾਉਂਦਾ।
ਓਸ ਦਾ ਦਾਨ ਘਰ ਰਿੱਝਦਾ ਪੱਕਦਾ,
ਦੇਂਦਿਆਂ ਦੇਂਦਿਆਂ ਮੂਲ ਨਾ ਥੱਕਦਾ।
ਆਉਂਦੇ ਸਾਰ ਵਿਚ ਅੱਖ ਬਿਠਲਾਇ ਲੈ,
ਹੱਕ ਤਲੀਆਂ ਤਲੇ ਰੱਖ ਪਰਚਾਇ ਲੈ।
ਠਾਰ ਦੇ ਚਿਤ, ਇਸ਼ਨਾਨ ਕਰਵਾਇ ਕੇ,
ਤ੍ਰਿਪਤ ਕਰ ਦੇਵਤਾ, ਭੋਗ ਲਗਵਾਇ ਕੇ।
ਨੀਵਿਆਂ ਚੱਲ ਕੇ, ਮਿੱਠੜਾ ਬੋਲ ਕੇ,
ਖੰਡ ਘਿਉ ਪ੍ਰੇਮ ਤੇ ਟਹਿਲ ਦਾ ਘੋਲ ਕੇ।

---

1. ਦਰਵਾਜਾ। 2. ਹਿੰਦੂਆਂ ਦਾ ਪਵਿੱਤਰ ਤੀਰਥ ਜਿਥੋਂ ਦਾ ਰਾਜ ਸ੍ਰੀ ਕ੍ਰਿਸ਼ਨ ਜੀ ਨੇ ਕੰਸ ਤੋਂ ਖੋਹ ਕੇ ਉਗ੍ਰਸੈਨ ਨੂੰ ਦਿਤਾ ਸੀ। 3. ਤੀਰਥ ਪ੍ਰਾਗ ਰਾਜ (ਅਲਾਹਾਬਾਦ)। 4. ਮਥੁਰਾ ਬ੍ਰਿੰਦਾਬਨ ਜਿਥੇ ਸ੍ਰੀ ਕ੍ਰਿਸਨ ਜੀ ਗਊਆਂ ਚਰਾਇਆ ਕਰਦੇ ਸਨ। 5. ਸ੍ਰੀ ਕ੍ਰਿਸ਼ਨ ਜੀ ਅਰਥਾਤ ਭਗਵਾਨ। 6. ਸਵਾਦਲੀ। 7. ਛੇਤੀ ਹਜ਼ਮ ਹੋਣ ਵਾਲੀ। 8. ਸੱਜਣ, ਮਿੱਤਰ। 9. ਪ੍ਰਾਹੁਣਾ। 10. ਪਤੀ-ਪਰਮੇਸ਼ਰ।

ਉਸ ਦੀਆਂ ਖੱਟੀਆਂ ਰੱਖ ਸੰਭਾਲ ਕੇ,
ਵਰਤ ਬੇਸ਼ੱਕ, ਪਰ ਦੇਖ ਕੇ ਭਾਲ ਕੇ।
ਸਾਂਭ ਕੇ ਰੱਖ ਕੁਝ ਦੁਖ ਸੁਖਾਂ ਵਾਸਤੇ,
ਲੱਜ ਲੀਹ, ਰੀਤ ਅਰ ਢੰਗ ਦੀ ਆਸ ਤੇ।
ਰੱਥ ਭੀ ਛਿਣਕ, ਉਪਕਾਰ ਕਰ, ਦਾਨ ਦੇ,
ਦੇਖ ਤੌਫੀਕ[1] ਪਰ ਯੋਗ ਜੋ ਸ਼ਾਨ ਦੇ।

4. ਏਸ ਤੋਂ ਬਾਦ ਇਕ ਧਰਮ ਹੈ ਨਾਰ ਦਾ,
ਕੁਦਰਤੀ ਨੇਮ ਅਰ ਹੁਕਮ ਕਰਤਾਰ ਦਾ।
ਆਲ ਔਲਾਦ ਨੂੰ ਜੰਮਣਾ ਪਾਲਣਾ,
ਜੁਹਦ[2] ਨੂੰ ਜਾਲਣਾ,[3] ਘਾਲ ਨੂੰ ਘਾਲਣਾ।
ਗਰਭ ਦਾ ਪਾਰ ਜੋ ਸੌਂਪਿਆ ਨਾਰ ਨੂੰ,
ਰੱਖਣੇ ਵਾਸਤੇ ਕੈਮ ਸੰਸਾਰ ਨੂੰ।
ਅਗਲਿਓਂ ਬਾਰਿਓਂ[4] ਲੰਘ ਕੇ ਆਉਣਾ,.
ਜਿੰਦ ਨੂੰ ਮੌਤ ਦੇ ਮੂੰਹ ਵਿਚ ਪਾਉਣਾ।
ਤਦ ਕਿਤੇ ਜਾਇ ਕੇ ਸ਼ਕਲ ਸੰਤਾਨ ਦੀ।
ਵੇਖਣੀ ਮਿਲੇ ਇਹ ਦਾਤ ਭਗਵਾਨ ਦੀ।
ਪੋਟਿਆਂ ਨਾਲ ਅੰਗੂਰਾਂ[5] ਨੂੰ ਪਾਲਣਾ,
ਜਾਨ ਦੇ ਨਾਲ ਲਾ ਬਾਲ ਸੰਭਾਲਣਾ।
ਆਪਣੀ ਜਿੰਦ ਨੂੰ ਖੇਹ ਵਿਚ ਰੋਲਣਾ।
ਗੰਦ ਨੂੰ ਮਿੱਧਣਾ, ਚੈਨ ਸੁਖ ਘੋਲਣਾ।
ਵੱਲ ਦੇ ਵਾਂਗ ਇਸ ਜਿੰਦ ਨੂੰ ਠਾਰਨਾ।
ਨੀਂਦ ਨੂੰ ਵਾਰਨਾ, ਭੁੱਖ ਨੂੰ ਮਾਰਨਾ।
ਜੀਭ ਨੂੰ ਵਾਂਜਣਾ, ਹੌਲੀਓਂ ਭਾਰੀਓਂ,
ਤੱਤੀਓਂ, ਬਿੰਧੀਓਂ, ਖੱਟੀਓਂ ਖਾਰੀਓਂ।
ਗੋਡਣਾ, ਸਿੰਜਣਾ, ਰਾਖੀਆਂ ਕਰਨੀਆਂ।
ਡਾਕਟਰ ਵੈਦ ਦੀਆਂ ਚੱਟੀਆਂ[6] ਭਰਨੀਆਂ।
ਸੁੱਕਣਾ ਸੁਖਦਿਆਂ ਰੱਬ ਰਛਪਾਲ[7] ਜੇ,
ਚਾੜ੍ਹ ਦੇ ਤੋੜ ਇਹ ਮਾਤ ਦਾ ਮਾਲ ਜੇ।
ਪਾਲਣਾ, ਪੋਸਣਾ, ਪੂੰਝਣਾ ਕੱਜਣਾ,
ਹੱਸਦੇ ਖੇਡਦੇ ਵੇਖ ਨਾ ਰੱਜਣਾ।

---

1. ਸਮਰੱਥਾ, ਤਾਕਤ। 2. ਤਪੱਸਿਆ। 3. ਸਹਣਾ, ਭੋਗਣਾ।
4. ਮੌਤ ਦੇ ਮੂੰਹ ਵਿਚੋਂ, ਪਰਲੇ ਦਰਵਾਜਿਉਂ (ਸ਼ਬਦ ਅਰਥ, ਤਾਰਾਂ ਬਣਾਉਣ ਲਈ ਛਾਨਣਾ ਜਿ:ਾ)।
5. ਬਹੁਤ ਔਖਾ ਕੰਮ ਕਰਨਾ। 6. ਮਰਜ਼ੀ ਤੋਂ ਬਿਨ੍ਹਾਂ ਮਜਬੂਰੀ ਹੇਠ ਕੁਝ ਦੇਣਾ। 7. ਰੱਖਿਆ ਕਰਨ ਵਾਲਾ।

ਕੰਮ ਵਿਚ ਚੰਮ[1] ਪਰ ਖਯਾਲ ਹੈ ਲਾਲ ਤੇ,
ਨੱਚਦੀ ਨੀਝ ਹੈ ਬਾਲ ਤੇ ਤਾਲ ਤੇ।

5. ਬਾਲ ਇਸ ਬਾਰਿਓਂ ਲੰਘ ਜਦ ਜਾਉਂਦਾ,
ਭਾਰ ਇਕ ਹੋਰ ਸਿਰ ਨਾਰ ਦੇ ਆਉਂਦਾ।
ਨੇਕ ਬਦ ਚੱਜ ਆਚਾਰ[2] ਸਮਝਾਉਂਦਾ।
ਤੋਤਿਆਂ ਵਾਂਗ ਸਭ ਗੱਲ ਸਿਖਲਾਉਣਾ।
ਝੂਠ ਤੋਂ ਵਰਜਣਾ, ਸੱਚ ਵਲ ਲਾਉਣਾ,
ਬੁਰੇ ਤੇ ਭਲੇ ਦਾ ਫ਼ਰਕ ਦਿਖਲਾਉਣਾ।
ਉੱਠਣਾ ਬੈਠਣਾ, ਬੋਲਣਾ, ਚੱਲਣਾ,
ਦੱਸ ਫਿਰ ਵਿਦਿਆ ਵਾਸਤੇ ਘੱਲਣਾ।
ਮੱਤ ਸਿਖਲਾਇ ਕੇ ਫੇਰ ਪਰਨਾਉਣਾ,[3]
ਧਰਮ ਅਰ ਕਰਮ ਦੀ ਡੰਡੀਏ ਪਾਉਣਾ।

6. ਐਡੜੇ ਫਰਜ਼ ਜਦ ਰੱਬ ਨੇ ਪਾਏ ਨੇਂ,
ਹੋਰ ਕੀ ਆਪ ਤੂੰ ਨਾਲ ਚੰਬੜਾਏ ਨੇ ?
ਉੱਠ ਮਰਦਾਨਗੀ ਨਾਲ ਕਰ ਕਾਰ ਨੂੰ,
ਆਰਤੀ ਚਾੜ੍ਹ ਇਸ ਬਾਗ ਪਰਵਾਰ ਨੂੰ।
ਰਾਮ ਰਛਪਾਲ ਹੈ, ਕ੍ਰਿਸ਼ਨ ਗੋਪਾਲ ਹੈ,
ਵੈਸ਼ਨੋ[4] ਸੀਤਲ[5], ਭਗਵਤੀ[6] ਜ੍ਵਾਲ[7] ਹੈ,
ਜਾਗ ਪਰਭਾਤ ਇਸ਼ਨਾਨ ਕਰਵਾਇ ਨੇਂ,
ਉੱਜਲੇ ਸੋਹਣੇ ਚੀਰ[8] ਪਹਿਨਾਇ ਨੇਂ,
ਲਾਪਸੀ[9] ਦੁੱਧ ਦਾ ਭੋਗ ਲਗਵਾਇ ਦੇ,
ਜੋ ਤੇਰੇ ਪਾਸ ਹੈ, ਭੇਟ ਭੁਗਤਾਇ ਦੇ।
ਰੋਣ ਤਾਂ ਪਜਾਰ ਦੇ ਨਾਲ ਪਰਚਾਇ ਦੇ,
ਲੜਨ ਤਾਂ ਵੰਡ ਕੇ ਖਾਣ ਸਮਝਾਇ ਦੇ।
ਭਾਗਵਤ ਪਾਠ[10] ਹੈ ਲੋਰੀਆਂ ਤੇਰੀਆਂ,
ਪਜਾਰ ਦੀ ਨੀਝ ਪਰਦੱਖਣਾਂ[11] ਫੇਰੀਆਂ।
ਖੇਡ ਦੇ ਵਿੱਚ ਜਦ ਪਰਚਦਾ ਬਾਲ ਹੈ,
ਵੇਖ ਕਿਆ ਵੱਜਦਾ ਸੰਖ ਘੜਿਆਲ ਹੈ।
ਜੀਉਂਦੇ ਜਾਗਦੇ ਦੇਉਤੇ ਛੱਡ ਕੇ,
ਸੇਉਣੇ ਸੈਲ[12] ਕੀ ਦੰਦੀਆਂ ਅੱਡ ਕੇ।

---

1. ਸਰੀਰ। 2. ਤਰੀਕੇ, ਆਚਰਣ। 3. ਵਿਆਹ ਕਰਨਾ। 4. ਵੈਸ਼ਨੋ ਦੇਵੀ। 5. ਸੀਤਲਾ ਦੇਵੀ ਜੋ ਖੋਤੇ ਦੀ ਸਵਾਰੀ ਕਰਦੀ ਮੰਨੀ ਜਾਂਦੀ ਹੈ। 6. ਦੁਰਗਾ ਦੇਵੀ, ਸ਼ਕਤੀ ਦੀ ਦੇਵੀ। 7. ਜਵਾਲਾ ਦੇਵੀ। 8. ਕਪੜੇ। 9. ਮਿਠੀ ਕੜ੍ਹਾਹੀ, ਸੀਰਾ। 10. ਭਾਗਵਤ ਪੁਰਾਣ ਦਾ ਪਾਠ। 11. ਪ੍ਰਕਰਮਾ, ਆਲੇ ਦੁਆਲੇ ਫਿਰਨਾ। 12. ਪੱਥਰ ਪੂਜਣੇ।

ਸੌਂਪ ਜੋ ਛਡੀ ਆ ਕਰ ਕਰਤਾਰ ਨੇ,
ਬਹੁਤ ਹੈ ਏਤਨੀ ਤੁੱਧ ਦੇ ਕਾਰਨੇ।
ਰੱਬ ਕਿਰਪਾਲ ਇਨਸਾਫ ਦਾ ਦ੍ਵਾਰ ਹੈ,
ਓਸ ਨੂੰ ਆਪਣੀ ਸ੍ਰਿਸ਼ਟਿ ਦਾ ਪਜਾਰ ਹੈ।
ਨਰਮ ਦਿਲ. ਨਾਜ਼ਕੀ ਬਖਸ਼ ਕੇ ਨਾਰ ਨੂੰ
ਸੁੱਟਿਆ ਓਸ ਤੇ ਪ੍ਰੇਮ ਦੇ ਭਾਰ ਨੂੰ।
ਸ਼ੀਲਤਾ, ਮਿੱਠਤਾ ਟਹਿਲ ਭਲਿਆਈਆਂ,
ਐਡੀਆਂ ਭਾਰੀਆਂ ਚੁੰਗੀਆਂ ਲਾਈਆਂ।
ਫ਼ਰਜ਼ ਇਹ ਪਾਲਦੀ ਰੀਝ ਦੇ ਨਾਲ ਤੂੰ,
ਹੋਹੁ ਬੇਸ਼ੱਕ ਸੰਸਾਰ ਤੋਂ ਕਾਲ ਤੂੰ।
ਦੇਵੀਆਂ ਵਾਂਗ ਸੁਖ ਸ਼ਾਨਤੀ ਪਾਇਂ ਗੀ,
ਸਿੱਧੜੀ ਲੰਘ ਦਰਵਾਜ਼ਿਓਂ ਜਾਇੰਗੀ।
ਸਾਧ ਜੋ ਲੱਭਦੇ ਧੂਣੀਆਂ ਬਾਲ ਕੇ,
ਨਾਰ ਪਾ ਜਾਇ ਉਹ ਬਾਲਕੇ ਪਾਲ ਕੇ।
ਘੋਰ ਤਪ ਨਾਰ ਦਾ ਜਾਇ ਬੇਕਾਰ ਨਾ,
ਹੋਰਥੇ ਚਾਤ੍ਰਿਕ ਝਾਤੀਆਂ ਮਾਰ ਨਾ।

ਪਿਤਾ ਵਲੋਂ ਪੁੱਤ੍ਰ ਨੂੰ ਸੂਚਨਾ

(ਮੌਲਾਨਾ ਹਾਲੀ ਦੀ ਉਰਦੂ ਨਜ਼ਮ ਦਾ ਉਤਾਰਾ)

ਮਾਪਿਆਂ ਦਾ ਪੁੱਤ ਸੀ ਇਕ ਲਾਡਲਾ,
ਜਿੰਦ ਅੰਤਾਂ ਦੀ, ਸਹਾਰਾ ਬਾਪ ਦਾ
ਪਰਚਦੇ ਸਨ ਜੀ, ਉਸੇ ਇਕ ਬਾਲ ਨਾਲ,
ਚਾਨਣਾ ਸੀ ਘਰ ਉਸੇ ਇਕ ਲਾਲ ਨਾਲ,
ਵਾਲ ਵਿੰਗਾ ਜੇ ਕਦੇ ਹੋਵੇ ਉਦ੍ਹਾ,
ਮੱਛੀ ਵਾਂਗਰ ਤੜਫਦੇ ਮਾਤਾ ਪਿਤਾ।
ਰਾਤ ਵੇਲੇ ਸਦਕੇ ਉਦ੍ਹੇ ਲੈਂਦੇ ਰਹਿਨ,
ਜਾਨ ਤਕ ਤੋਂ ਉਸ ਲਈ ਤੱਜਾਰ ਸਨ।
ਲਾਡਾਂ ਚਾਵਾਂ ਦੇ ਪੰਘੂੜੇ ਖੇਡਦਾ,
ਦਸ ਵਰ੍ਹੇ ਦੀ ਉਮਰ ਨੂੰ ਅੱਪੜ ਪਿਆ।
ਵਿਦਿਆ ਪਟੜੀ ਤੇ ਚੜ੍ਹਿਆ ਨਾ ਅਜੇ,
ਚਾਰ ਅੱਖਰ ਭੀ ਓ ਪੜ੍ਹਿਆ ਨਾ ਅਜੇ।
ਮਾਪਿਆਂ ਦਾ ਜ਼ੋਰ ਭੀ ਕੁਝ ਘੱਟ ਸੀ,
ਹੁੰਦਾ ਜਾਂਦਾ ਇੰਝ ਚੌੜ ਚੁਪੱਟਾ[1] ਸੀ।
ਪੜ੍ਹਨ ਤੋਂ ਸੀ ਇਸ ਤਰ੍ਹਾਂ ਕਨਿਆਉਂਦਾ[2]

1. ਖਰਾਬ, ਨਿਕੰਮਾ, ਵਿਗੜਿਆ। 2. ਭੱਜਦਾ, ਕੰਨੀ ਕਤਰਾਉਂਦਾ।

ਕਾਂ ਗੁਲੇਲੇ ਤੋਂ ਜਿਵੇਂ ਘਬਰਾਉਂਦਾ।
ਪਾ ਕੇ ਦਿਨ ਉਸ ਤੇ ਜਵਾਨੀ ਜਦ ਚੜ੍ਹੀ,
ਰੰਗ ਤਦ ਲੈ ਆਈ ਘਾਉਲ ਓਸ ਦੀ।
ਲਾਡ ਦੀ ਕਰਤੂਤ ਸਾਰੀ ਘੁਲ ਗਈ।
ਮਾਪਿਆਂ ਦੀ ਟਹਿਲ ਸੇਵਾ ਭੁਲ ਗਈ।
ਸਾਹਮਣੇ ਹਰ ਗੱਲ ਵਿਚ ਬੋਲਣ ਲਗਾ,
ਸ਼ਰਮ ਨੂੰ ਅੱਖਾਂ ਵਿਚੋਂ ਡੋਲ੍ਹਣ ਲਗਾ,
ਮੋੜ ਸੇਵਾ ਦੇ ਤਾਂ ਕੀ ਸਨ ਮੋੜਨੇ,
ਲਗ ਪਿਆ ਉਲਟਾ ਸਗੋਂ ਦਿਲ ਤੋੜਨੇ।
ਖੱਲੜੀ ਵਿਚ ਖੌਫ ਰੱਤੀ ਨਾ ਰਿਹਾ,
ਪੱਲੇ ਨਾ ਬੰਨ੍ਹੇ ਕਿਸੇ ਦੀ ਸਿੱਖਿਆ।
ਧਨ ਬਿਲੋੜਾ ਬਾਹਰ ਜਾਇ ਉਜਾੜਦਾ,
ਮਾਪਿਆਂ ਨੂੰ ਤਾਉ ਦੇ ਦੇ ਸਾੜਦਾ।
ਵੱਡਿਆਂ ਦੀ ਮੱਤ ਲੈਣੋਂ ਨੱਸਦਾ,
ਆਖਦੇ ਤਾਂ ਪੰਜ ਪੱਥਰ ਕੱਸਦਾ।
ਭੈੜਿਆਂ ਦੇ ਨਾਲ ਗੋਸ਼ਟ[1] ਹੋ ਗਈ,
ਜਾਕੇ ਬੈਠਾ ਨਾ ਭਲੀ ਬੈਠਕ ਕਦੀ।
ਸ਼ਹਿਰ ਵਿਚ 'ਲਟੋਰ'[2] ਨਾਂ ਉਸ ਦਾ ਪਿਆ,
ਅਰ ਤਮਾਸ਼ਾ-ਘਰ ਟਿਕਾਣਾ ਬਣ ਗਿਆ।
ਮੌਤ ਦਾ ਡਰ ਜਿਸ ਟਿਕਾਣੇ ਸਮਝਦਾ,
ਓਸ ਰਾਹੋਂ ਭੁੱਲ ਕੇ ਨਾ ਲੰਘਦਾ।
ਸਿੱਖਿਆ ਤੋਂ ਸੀ ਸਦਾ ਘਬਰਾਉਂਦਾ,
ਛਾਂ ਭਲੇ ਲੋਕਾਂ ਦੀ ਹੇਠ ਨ ਆਉਂਦਾ।
ਗੱਲ ਗੱਲ ਤੇ ਘਰ ਲੜਾਈ ਪਾ ਬਹੇ,
ਹਰ ਕਿਸੇ ਦੇ ਨਾਲ ਸਿੱਡਾ[3] ਲਾ ਬਹੇ।
ਸ਼ਾਨਤੀ ਧੀਰਜ ਠਰ੍ਹੰਮਾ ਨਾ ਰਹੇ,
ਤੁੱਛ ਜਿੰਨੀ ਗੱਲ ਨੂੰ ਨਾ ਜਰ ਸਕੇ।
ਵਾਗ ਮਨ ਦੀ ਸਾਂਭਣੋਂ ਲਾਚਾਰ ਸੀ।
ਜੀਭ ਰੋਕਣ ਦਾ ਭੀ ਨਾ ਬਲਕਾਰ ਸੀ।
ਉਸ ਦੇ ਕੰਡੇ ਸਭ ਨੂੰ ਪੈਂਦੇ ਸਾਂਭਣੇ,
ਡਰਦਿਆਂ ਪਰ ਹੋ ਨਾ ਸਕਣ ਸਾਹਮਣੇ।
ਅਸਲ ਵਿਚ ਉਹ ਕੁੱਖ ਭੈੜੀ ਦਾ ਨਾ ਸੀ,
ਪਟਿਆ ਹੋਇਆ ਸੀ ਬੈਠਕ[4] ਚੰਦਰੀ।

---

1. ਗੱਲ ਬਾਤ। 2. ਫਿਰਾਤੂ, ਭੌਂਦੂ, ਵਿਗੜਿਆ। 3. ਅੜੀ, ਜਿਦ, ਝਗੜਾ। 4. ਸਾਥ, ਸੰਗਤ।

ਜਦ ਉਦ੍ਹਾ ਇਹ ਹਾਲ ਹੱਦੋਂ ਟੱਪਿਆ,
ਨੱਕ ਵਿਚ ਦਮ ਮਾਪਿਆਂ ਦਾ ਆ ਗਿਆ।
ਬਾਪ ਨੇ ਤਦ ਸੱਦ ਕੋਲ ਬਹਾਇਆ,
ਨਾਲ ਮਿੱਠਤ ਦੇ ਉਹਨੂੰ ਸਮਝਾਇਆ-
ਲੱਾਲ ! ਉਹ ਦਿਨ ਯਾਦ ਹਨ, ਜਾਂ ਭੁਲ ਗਏ ?
ਜਦ ਏ ਜੋਬਨ ਤੇ ਜਵਾਨੀ ਕੁਛ ਨਾ ਸੇ।
ਜਦ ਖਬਰ ਤੀਕ ਸੀ ਨਾ ਆਪਣੇ ਆਪ ਦੀ,
ਸੀ ਨਹੀਂ ਸਿੱਞਾਣ ਮਾਂ ਅਰ ਬਾਪ ਦੀ।
ਰਾਖੀਆਂ ਸਨ ਕਰ ਰਹੇ ਮਾਤਾ ਪਿਤਾ,
ਆਪ ਸੌ ਤਦ ਮਾਸ ਦਾ ਇਕ ਲੋਥੜਾ।
ਨਾਮ ਮਾਤਰ ਨੂੰ ਏ ਸਾਰੇ ਅੰਗ ਸਨ,
ਹਿੱਲਣੋਂ ਜੁਲਣੋਂ ਪਰੰਤੂ ਤੰਗ ਸਨ।
ਗਿੱਡ ਅੱਖਾਂ ਤੋਂ ਛੁਡਾ ਸਕਦੇ ਨਾ ਸੇ,
ਮੂੰਹ ਤੋਂ ਮੱਖੀ ਉਡਾ ਸਕਦੇ ਨਾ ਸੇ,
ਅੱਗ ਜਲ ਦਾ ਫਰਕ ਨਹਿੰ ਸੇ ਜਾਣਦੇ,
ਵਿਹੁ ਤੇ ਅੰਮ੍ਰਿਤ ਨੂੰ ਨਾ ਮੂਲ ਪਛਾਣਦੇ।
ਰਾਤ ਅਰ ਦਿਨ ਦਾ ਨਹੀਂ ਸੀ ਗਜਾਨ ਕੁਛ,
ਧੁੱਪ ਅਰ ਛਾਂ ਦੀ ਨਾ ਸੀ ਪਹਿਚਾਨ ਕੁਛ।
ਭੁੱਖ ਨਾਲ ਬਿਚੈਨ ਹੋ ਜਾਂਦੇ ਸੇ, ਪਰ,
ਅਪਨੀ ਬੇਚੈਨੀ ਦੀ ਨਾ ਪੈਂਦੀ ਖ਼ਬਰ।
ਪਿਆਸ ਲਗਦੀ ਸੀ ਤਾਂ ਰੋ ਪੈਂਦੇ ਸਦਾ,
ਪਰ ਨਾ ਪਾਣੀ ਮੰਗਣਾ ਸੀ ਆਉਂਦਾ।
ਖਾ ਲਿਆ ਜੋ ਕੁਝ ਅਸਾਂ ਦਿੱਤਾ ਖੁਆ,
ਪੀ ਲਿਆ ਜੋ ਕੁਝ ਅਸਾਂ ਦਿੱਤਾ ਪਿਆ।
ਕੇਈ ਵਾਰੀ ਅੱਗ ਨੂੰ ਫੜ ਫੜ ਲਿਆ,
ਪਾਣੀ ਦੇ ਵਿਚ ਕੁੱਦਣੋਂ ਨਾ ਸੰਗਿਆ।
ਇਹ ਲੜਾਕੀ ਜੀਭ ਕਿੱਥੇ ਸੀ ਤਦੋਂ ?
ਗੱਲ ਭੀ ਇਕ ਕਰਨੀ ਸੀ ਔਖੀ ਜਦੋਂ ?
ਸਭ ਨੂੰ ਰੋ ਰੋ ਦੇਂਦਾ ਸੀ ਜਗਾ,
ਆਪਣੇ ਪਰ ਰੋਣ ਦਾ ਨਾਹਿੰ ਸੀ ਪਤਾ।
ਦੁੱਖ ਦਾ ਦਾਰੂ ਪਿਲਾਂਦੇ ਸਾਂ ਜਦੋਂ,
ਰੋ ਕੇ ਘਰ ਸਿਰ ਪਰ ਉਠਾਂਦਾ ਸੈਂ ਜਦੋਂ।
ਠੰਢ ਵਿਚ ਲੀੜੇ ਅਸਾਂ ਜਦ ਪਾਉਣੇ,

ਤੂੰ ਘੜੀ ਵਿਚ ਖੇਹ ਨਾਲ ਰੁਲਾਉਣੇ।
ਸੂਗ[1] ਮਿੱਟੀ ਚਿੱਕੜੋਂ ਕਰਦਾ ਨਾ ਸੀ,
ਗੰਦਗੀ ਅਰ ਮੈਲ ਤੋਂ ਡਰਦਾ ਨਾ ਸੀ,
ਮਾਉਂ ਨੇ ਸਭ ਗੰਦ ਮੰਦ ਸਮੇਟਣਾ,
ਗਿੱਲੇ ਥਾਓਂ ਚੁੱਕ, ਓਥੇ ਲੇਟਣਾ।
ਉਸ ਸਮੇਂ ਮਾਪੇ ਨਾ ਹੁੰਦੇ ਜੇ ਕਦੇ,
ਏਸ ਦੁਖ ਨੂੰ, ਲਾਲ ਜੀ ! ਤਦ ਸਮਝਦੇ।
ਹਾਲ ਦਿਲ ਦਾ ਕਹਿਣ ਦੀ ਤਾਕਤ ਨਾ ਸੀ,
ਰੋਣ ਬਾਝੋਂ ਆਉਂਦਾ ਸੀ ਹੋਰ ਕੀ ?
ਭੁੱਖ ਤ੍ਰੇਹ ਜਿਸ ਵਕਤ ਸੀਗੀ ਲੱਗਦੀ,
ਬੁੱਲੀਆਂ ਹੀ ਟੇਰ ਸਕਦੇ ਸੀ ਤੁਸੀਂ।
ਪਰ ਅਸੀਂ ਸਾਂ ਅਟਕਲੋਂ[2] ਲਖ[3] ਜਾਉਂਦੇ,
ਬੁੱਝ ਦਿਲ ਦੀ, ਆਣ ਸਾਂ ਪਰਚਾਉਂਦੇ।
ਪਜਾਸ ਥੀਂ ਆਤੁਰ ਜੇ ਪਾਂਦੇ ਸਾਂ ਅਸੀਂ,
ਬਿਨ ਕਹੇ ਪਾਣੀ ਪਿਆਂਦੇ ਸਾਂ ਅਸੀਂ।
ਭੁੱਖ ਕਰਕੇ ਜੇ ਵਿਆਕੁਲ ਪਾਉਂਦੇ
ਦੁੱਧ ਤੈਨੂੰ ਬਾਰ ਬਾਰ ਚੁੰਘਾਉਂਦੇ।
ਰੂਪ ਸਨ ਮਾਲੂਮ ਸਾਰੇ ਆਪ ਦੇ,
ਸਮਝਦੇ ਸਾਂ ਸਭ ਇਸ਼ਾਰੇ ਆਪ ਦੇ।
ਦੁੱਖ ਤੈਨੂੰ ਜੇ ਰਤੀ ਹੁੰਦਾ ਕਦੀ,
ਖਿੱਚ ਪੈਂਦੀ ਆਂਦਰਾਂ ਨੂੰ ਆਪ ਹੀ।
ਭੁੱਲ ਸਾਨੂੰ ਜਾਂਦੀਆਂ ਸੱਤੇ ਸੁੱਧਾਂ[4],
ਦੌੜਦੇ ਫਿਰਦੇ ਸਾਂ ਵਾਂਗਰ ਪਾਗਲਾਂ।
ਕਈ ਰਾਤਾਂ ਜਾਗ ਜਾਗ ਗੁਜ਼ਾਰੀਆਂ,
ਰਾਤਾਂ ਓਹ ਜੋ ਜੁੱਗਾਂ ਨਾਲੋਂ ਭਾਰੀਆਂ।
ਹੋਰ ਤੀਵੀਂ ਦਾ ਨਾ ਪਰਛਾਵਾ ਛੁਹੇ,
ਮਾਂ ਦੀ ਛਾਤੀ ਨਾਲ ਰਹਿੰਦੇ ਚੰਬੜੇ।
ਦੁੱਧ ਜੇਕਰ ਓਪਰਾ ਦਿੱਤਾ ਕਦੇ,
ਮੂੰਹ ਭੁਆ ਕੇ ਦੰਦ ਅੱਗੋਂ ਮੀਟਦੇ
ਮਾਂ ਨੇ ਪਰ ਗਲ ਇਸ ਤਰ੍ਹਾਂ ਸੀ ਲਾਇਆ,
ਦੁੱਖ ਸਹਿ ਕੇ ਆਪ ਦਾ ਸੁਖ ਚਾਹਿਆ।
ਇੱਕ ਨਾ ਇੱਕ ਦੁੱਖ ਰਹਿੰਦਾ ਨਾਲ ਸੀ,

---

1. ਘਿਰਣਾ, ਗਿਲਾਨੀ। 2. ਅਨੁਮਾਨ ਨਾਲ, ਅੰਦਾਜ਼ੇ ਨਾਲ। 3. ਜਾਣਦੇ। 4. ਸੁੱਧ ਬੁੱਧ।

ਅੱਜ ਖਸਰਾ[1] ਕੱਲ ਮਾਤਾ[2] ਤੁੱਸਦੀ।
ਸਿਆਣਿਆਂ ਦੇ ਪੈਰ ਜਾ ਜਾ ਪਕੜਦੇ,
ਨੱਕ ਗੋਡਾ ਦਿਉਤਿਆਂ ਦੇ ਰਗੜਦੇ।
ਭੱਜੇ ਫਿਰਦੇ ਸਾਂ ਹਕੀਮਾਂ ਦੇ ਸਦਾ,
ਢੂੰਡਦੇ ਫਿਰਦੇ ਸਦਾ ਦਾਰੂ ਦਵਾ।
ਸਿਆਣਿਆਂ ਜੋ ਮੰਗਿਆ ਸੋ ਪਾਇਆ,
ਲੈਂਦਿਆਂ ਰਕਮਾਂ ਦਰੇਗ[3] ਨਾ ਆਇਆ !
ਰੋਗ ਨੂੰ ਵਧਿਆ ਜਦੋਂ ਸਾਂ ਦੇਖਦੇ,
ਫਿਕਰ ਦੇ ਵਿਚ ਸਾਹ ਸਾਡੇ ਸੁੱਕਦੇ।
ਰਾਤ ਦਿਨ ਪਿਉ ਗਰਕ ਚਿੰਤਾ ਵਿਚ ਸੀ,
ਮਾਂ ਦੀ ਆਂਦਰ ਨੂੰ ਭੀ ਪੈਂਦੀ ਖਿੱਚ ਸੀ,
ਜੀ ਜਰਾ ਜਜਮਾਲਿਆ[4] ਜੇ ਜਾਉਂਦਾ,
ਚੈਨ ਨਾ ਸਾਨੂੰ ਭੀ ਪਲ ਭਰ ਆਉਂਦਾ।
ਸੁੱਖਾਂ ਸੁਖਦੇ ਤੇਰੀਆਂ ਅੱਠੇ ਪਹਿਰ,
ਵੱਟ ਮੱਥੇ ਵੇਖ ਬਣਦੀ ਜਾਨ ਪਰ।
ਤੇਰੀ ਖ਼ਾਤਰ ਦੁੱਖ ਤੇ ਦੁੱਖ ਉਠਾਇਆ,
ਦਸ ਬਰਸ ਤਕ ਚੈਨ ਪਲ ਨਾ ਪਾਇਆ।
ਦੁੱਖ ਤੇਰੀ ਟਹਿਲ ਦੇ ਵਿਚ ਪਾਏ ਓਹ,
ਦੁਸ਼ਮਣਾਂ ਨੂੰ ਰੱਬ ਨਾ ਦਿਖਲਾਏ ਓਹ !
ਆਵੇਗੀ ਸੇਵਾ ਅਸਾਡੀ ਯਾਦ ਤਾਂ,
ਆਪਣੇ ਘਰ ਹੋਇਗੀ ਔਲਾਦ ਜਾਂ।
ਹੋਸ ਆਈ ਸੂਤਕੋਂ ਜਦ ਨਿੱਕਲੇ,
ਫਿਰ ਫਿਕਰ ਹੋਈ ਕਿ ਇਹ ਕੁਛ ਪੜ੍ਹ ਲਵੇ।
ਦੋ ਰਖੇ ਉਸਤਾਦ ਇਲਮ ਪੜ੍ਹਾਣ ਨੂੰ,
ਇੱਕ ਖੜ੍ਹਨਾ ਇੱਕ ਹਿਸਾਬ ਸਿਖਾਣ ਨੂੰ।
ਪੰਜ ਇੱਕ ਨੂੰ, ਇੱਕ ਨੂੰ ਮਿਲਦੇ ਸੇ ਦਸ,
ਏਹ ਰਹੇ ਨੌਕਰ ਬਰਾਬਰ ਦੋ ਬਰਸ।
ਆਪਣੇ ਆਪਣੇ ਕੰਮ ਵਿਚ ਹੁਸ਼ਿਆਰ ਸਨ,
ਪਰ ਤੇਰੇ ਹੱਥੋਂ ਹੋਏ ਲਾਚਾਰ ਸਨ.
ਦੋਵੇਂ ਆਪਣਾ ਜ਼ੋਰ ਸਾਰਾ ਲਾ ਥਕੇ,
ਤੈਨੂੰ ਪਰ ਅੱਖਰ ਨਾ ਇੱਕ ਪੜ੍ਹਾ ਸਕੇ।
ਖੇਡ ਤੋਂ ਭੀ ਵਿਹਲ ਨਹੀਂ ਸੀ ਆਉਂਦੀ,

1. ਚੇਚਕ ਦੀ ਤਰ੍ਹਾਂ ਦੀ ਇਕ ਬੀਮਾਰੀ। 2. ਚੇਚਕ, ਸੀਤਲਾ। 3. ਅਫ਼ਸੋਸ, ਸੰਕੋਚ। 4. ਦੁੱਖੀ ਰੋਗੀ।

ਲਿਖਣ ਪੜ੍ਹਨੋਂ ਜਾਨ ਸੀ ਘਬਰਾਉਂਦੀ।
ਮੁਫਤ ਦੀ ਚੱਟੀ ਅਸੀਂ ਭਰਦੇ ਰਹੇ।
ਦੋ ਵਰ੍ਹੇ ਤਕ ਟਹਿਲ ਭੀ ਕਰਦੇ ਰਹੇ।
ਪਰ ਜਦੋਂ ਤੂੰ ਕੱਖ ਭੀ ਨਾ ਸਿੱਖਿਆ,
ਦੇ ਕੇ ਕੁਛ ਦੋਹਾਂ ਨੂੰ ਮੱਥਾ ਟੇਕਿਆ।
ਭਲ ਕੇ ਜਦ ਆਈ ਜਵਾਨੀ ਸੁੱਖ ਨਾਲ,
ਵਜਾਹ ਦੇ ਭਾਰੇ ਦਾ ਆਇਆ ਤਦ ਖਿਆਲ।
ਹੁੰਦੀਆਂ ਸਨ ਜਾਤ ਵਿਚ ਕੁੜਮਾਈਆਂ,
ਵਜੋਹੜੀਆਂ[1] ਭੀ ਦੇਖੀਆਂ ਦਿਖਲਾਈਆਂ।
ਗਹਿਣੇ ਕਪੜੇ ਦਾ ਨਾ ਬਹੁਤ ਰਿਵਾਜ ਸੀ,
ਪੈਸਿਆਂ ਦੇ ਨਾਲ ਹੁੰਦਾ ਕਾਜ ਸੀ।
ਜੇ ਅਸੀਂ ਭੀ ਘਰ ਬਚਾਣਾ ਚਾਹੁੰਦੇ,
ਛੈਣਿਆਂ ਦੇ ਨਾਲ ਪੁੱਤ ਵਿਆਹੁੰਦੇ।
ਪਰ ਅਸਾਂ ਜੀ ਆਪਣੇ ਵਿਚ ਸੋਚਿਆ,
ਇਕ ਪੁੱਤਰ ਫੇਰ ਉਹ ਭੀ ਲਾਡਲਾ।
ਲਗ ਜਾਵੇ ਭਾਵੇਂ ਸਾਰੀ ਜਾਇਦਾਦ,
ਵਜਾ ਵਜਾ ਕੇ ਵੇਖ ਲਈਏ ਪਰ ਮੁਰਾਦ[2]।
ਐਸ ਵੇਲੇ ਭੀ ਲੱਥੀ ਰੀਝ ਨਾ,
ਹੋਰ ਕਿਹੜੇ ਵਜਾਹ ਕਰਨੇ ਨੇਂ ਅਸਾਂ।
ਫੇਰ ਇਹ ਦਿਨ ਹੱਥ, ਕਿੱਥੋਂ ਆਇਗਾ,
ਜੀ ਦੇ ਵਿਚ ਅਰਮਾਨ ਇਕ ਰਹਿ ਜਾਇਗਾ।
ਧਾਰ ਕੇ ਇਹ ਨੀਤ ਵਿਆਹ ਰਚਾਇਆ,
ਜੋ ਭੀ ਸਰ ਬਣ ਸੱਕਿਆ ਸੋ ਲਾਇਆ,
ਯਾਦ ਜੇਕਰ ਨਾ ਹੋਵੇ ਆਪਣਾ ਵਿਆਹ,
ਸ਼ਹਿਰ ਦੇ ਛੋਟੇ ਵਡੇ ਹਨ ਸਭ ਗਵਾਹ।
ਜਾਣਦੇ ਨੇਂ ਸਭ ਸ਼ਰੀਕੇ ਦੇ ਭਰਾ,
ਧਨ ਕਿਵੇਂ ਸੀ ਪਾਣੀ ਵਾਂਗੂੰ ਰੋੜ੍ਹਿਆ।
ਦੇਣ ਲੱਗੇ ਕੁਝ ਨਾ ਸਰਫ਼ਾ[3] ਛੱਡਿਆ,
ਜਿਸ ਨੂੰ ਦਿੱਤਾ, ਖੋਲ੍ਹ ਕੇ ਦਿਲ ਦੇ ਲਿਆ।
ਅਗਲੀ ਅਰ ਪਿਛਲੀ ਪੁਰਾਣੀ ਤੇ ਨਈ,
ਜੰਦਰੇ ਵਿਚ ਰਾਸ ਪੂੰਜੀ ਪੈ ਗਈ।
ਰੋਕੜੀ[4] ਜੋ ਭਾਰ ਸੀ ਬਾਜ਼ਾਰ ਦਾ,
ਉਹ ਤਾਂ ਹੌਲਾ ਹੋ ਗਿਆ ਭਾਵੇਂ ਬੜਾ।

1. ਵਿਆਹ, ਸ਼ਾਦੀਆਂ। 2. ਮਨਮੰਗੀ ਵਸਤੂ, ਖ਼ੁਸ਼ੀ, ਇਛਿਆ। 3. ਕਮੀ, ਬੱਚਤ। 4. ਰਕਮਾਂ, ਨਕਦੀ, ਰੁਪਈਏ।

ਪਰ ਜੋ ਹੈ ਜੈਦਾਦ ਤਦ ਦੀ ਫਸ ਚੁਕੀ,
ਅੱਜ ਤਕ ਸੜਦਾ ਹੈ ਜੀ ਉਸ ਦੇ ਲਈ।
ਹੈ ਬਹੁਤ ਉਸ ਦੇ ਛੁਡਾਉਣ ਦਾ ਧਿਆਨ,
ਪਰ ਨਹੀਂ ਬਣਦਾ ਕੋਈ ਇਸਦਾ ਸਮਾਨ।
ਘਰ ਦੇ ਵਿਚ ਜੋ ਹੈ ਏ ਭੰਗੀ ਹੋ ਰਹੀ,
ਤੇਰੀ ਖਾਤਰ ਹੀ ਮੁਸੀਬਤ ਹੈ ਪਈ।
ਜ਼ਰ ਤੇ ਜਿੰਦੋਂ ਵੱਧ ਕੇ ਨਾ ਕੋਈ ਚੀਜ਼,
ਆਦਮੀ ਨੂੰ ਹੋਇ ਦੁਨੀਆਂ ਵਿਚ ਅਜ਼ੀਜ਼।
ਜਾਨ ਭੀ ਦੇਣੋਂ ਨਾ ਮੂੰਹ ਨੂੰ ਮੋੜਿਆ,
ਧਨ ਭੀ ਤੈਥੋਂ ਵਾਰਨੇ ਕਰ ਛੋੜਿਆ।
ਖਾਣ ਨੂੰ ਹੰਡਾਣ ਨੂੰ ਜੋ ਚਾਹਿਆ,
ਸੋਈ ਹਾਜ਼ਰ ਕਰ ਕੇ ਭਾਰਾ ਲਾਹਿਆ।
ਗੱਡੀ ਘੋੜੇ ਚੜ੍ਹਨ ਨੂੰ ਤੈਨੂੰ ਜੁੜੇ,
ਦਾਸ ਟਹਿਲਾਂ ਕਰਨ ਨੂੰ ਤੈਨੂੰ ਜੁੜੇ।
ਹੁਣ ਤੇਰਾ ਵੇਲਾ ਸੀ ਭਾਰ ਲਾਹਣ ਦਾ
ਬੁੱਢੇ ਮਾਂ ਪਿਉ ਨੂੰ ਆਰਾਮ ਪੁਚਾਣ ਦਾ।
ਖੂਬ ਉਸ ਸੇਵਾ ਦਾ ਫਲ ਪਹੁੰਚਾਇਓ !
ਮਾਣ ਸਾਡਾ ਖੂਬ ਰੱਖ ਦਿਖਾਇਓ !
ਫਲ ਇਹੋ ਸੀ ਓਸ ਘੁਲ ਘੁਲ ਮਰਨ ਦਾ ?
ਮੁੱਲ ਇਹ ਸੀ ਓਸ ਸੇਵਾ ਕਰਨ ਦਾ ?
ਅੱਖ ਵਿਚ ਰੱਤੀ ਨਹੀਂ ਪਿਉ ਦਾ ਲਿਹਾਜ,
ਮਾਉਂ ਨੂੰ ਝਿੜਕਨ ਲਗੇ ਆਵੇ ਨਾ ਲਾਜ।
ਘਰ ਦਾ ਦੋ ਦੋ ਦਿਨ ਨਾ ਬੂਹਾ ਤੱਕਦੇ,
ਆ ਗਏ ਤਾਂ ਪੰਜ ਪੱਥਰ ਚੱਕਦੇ।
ਬਾਹਰ ਹਰ ਥਾਂ ਛਿੜ ਪਈ ਚਰਚਾ ਤੇਰੀ,
ਆਖੀਓ ਭੈੜੀ ਤਾਂ ਸੁਣੀਓ ਈ ਬੁਰੀ।
ਟਿਚਕਰਾਂ ਕਰਦੇ ਨੇ ਸਾਨੂੰ ਬਿਰਧ ਬਾਲ,
ਸਾਨੂੰ ਭੀ ਬਦਨਾਮ ਕੀਤੇ ਆਪ ਨਾਲ।
ਮੂੰਹ ਨਹੀਂ ਹੁੰਦਾ ਕਿਸੇ ਦੇ ਰੂਬਰੂ[1],
ਮਿੱਟੀ ਦੇ ਵਿਚ ਮਿਲ ਗਈ ਹੈ ਆਬਰੂ[2]।
ਹੁਣ ਤਾਂ ਸਾਡਾ ਚੱਲਣਾ ਹੀ ਹੈ ਭਲਾ,
ਪਤ ਗਈ ਤਾਂ ਹੋਰ ਕੀ ਬਾਕੀ ਰਿਹਾ।
ਮੇਰਾ ਤੈਨੂੰ ਯਾਦ ਹੈ ਸਾਰਾ ਹਵਾਲ,

1. ਸਾਹਮਣੇ। 2. ਇੱਜ਼ਤ।

ਕਰਜ਼ ਵਿਚ ਬੱਧਾ ਪਿਆ ਹੈ ਵਾਲ ਵਾਲ।
ਹੱਥ ਵਿਚ ਜ਼ਰ ਹੈ ਨਾ ਬਾਂਹ ਵਿਚ ਜ਼ੋਰ ਹੈ,
ਫ਼ਿਕਰ ਚਿੰਤਾ ਲੱਕ, ਦਿੱਤਾ ਤੋੜ ਹੈ।
ਹੁਣ ਤਾਂ ਹੈ ਇਹ ਜਿੰਦ ਸਾਹ ਵਰੋਲਦੀ,
ਮਰਨ ਖਾਤਰ ਥਾਂ ਪਈ ਹੈ ਟੋਲਦੀ।
ਤੇਰੇ ਵਿਚ ਜੇ ਹੌਸਲਾ ਹੁੰਦਾ ਕਦੀ,
ਤਦ ਤਿਰੇ ਸਿਰ ਤੇ ਏ ਬਣਦਾ ਫਰਜ਼ ਸੀ।
ਸਿਰ ਤੇ ਲੈਂਦੋ ਚੁੱਕ ਮੇਰੀ ਕਾਰ ਨੂੰ,
ਮੇਰੇ ਕੰਨ੍ਹੇ ਤੋਂ ਲਹਾਂਦੋਂ ਭਾਰ ਨੂੰ।
ਜਿਸ ਤਰ੍ਹਾਂ ਕੀਤੀ ਅਸਾਂ ਸੇਵਾ ਤੇਰੀ,
ਬਾਂਹ ਫੜ ਲੈਂਦੇ ਤੂੰ ਸਾਡੀ ਇਸ ਘੜੀ।
ਭਾਰ ਅਸਾਂ ਹੁਣ ਤਕ ਉਠਾਈ ਰੱਖਿਆ,
ਹੁਣ ਤੇਰਾ ਵੇਲਾ ਸੀ ਮੋਢਾ ਦੇਣ ਦਾ।
ਸੁਖ ਅਸੀਂ ਭੀ ਦੇਖਦੇ ਸੰਤਾਨ ਦੇ,
ਲੋਕ ਕਰਦੇ ਜੱਸ ਕੁਲ ਦੀ ਸ਼ਾਨ ਦੇ।
ਸੁਖ ! ਸਾਡੀ ਤਾਂ ਗੁਜ਼ਰ ਹੀ ਜਾਇਗੀ,
ਕੰਢੇ ਦਰਿਆ ਦੇ ਬਰੂਟੀ ਹੈ ਖੜੀ।
ਤੂੰ ਤਾਂ ਹੈ ਪਰ ਉਮਰ ਏਥੇ ਕੱਟਣੀ,
ਹੁਣ ਅਜੇ ਸੁਖੀਂ ਜਵਾਨੀ ਹੈ ਚੜ੍ਹੀ।
ਹੁਣ ਭੀ ਆਪਣੀ ਹੋਸ਼ ਸੰਭਾਲ, ਸਮਝ ਜਾ,
ਕੂੜੀ ਦੁਨੀਆਂ ਦੇ ਭੁਲੇਵੇਂ ਪਰ ਨਾ ਜਾ।
ਖਿੰਡ ਗਈਆਂ ਬਹੁਤ ਹੁਣ ਰੁਸ਼ਨਾਈਆਂ,
ਕਦ ਤਲਕ ਆਖਰ ਏ ਬੇ-ਪਰਵਾਹੀਆਂ।
ਖਾਣ ਖੇਡਣ ਦਾ ਜ਼ਮਾਨਾ ਹੋ ਚੁਕਾ,
ਨੀਂਦ ਆਲਸ ਦਾ ਬਹਾਨਾ ਹੋ ਚੁਕਾ।
ਕਾਲ ਦਾ ਚੱਕਰ ਹੈ ਹਰ ਦਮ ਘਾਤ ਵਿਚ,
ਬਾਜ਼ੀ ਆਈ ਚਾਹੁੰਦੀ ਹੈ ਮਾਤ ਵਿਚ।
ਖੁੱਸਿਆ ਵੇਲਾ ਕਦੀ ਮੁੜਨਾ ਨਹੀਂ,
ਦੇਖ ਭਾਈ ! ਫੇਰ ਇਹ ਜੁੜਨਾ ਨਹੀਂ।
ਜੇ ਰਿਹੋਂ ਹੁਣ ਭੀ ਤੂੰ ਓਸੇ ਹੀ ਤਰ੍ਹਾਂ,
ਕਰ ਲਵੇਗਾ ਠੀਕ ਆਪੇ ਹੀ ਸਮਾਂ।
ਤੱਕਲੇ ਦੇ ਵਾਂਗ ਸਿੱਧਾ ਕਰ ਲਊ,
ਠੇਡਿਆਂ ਦੇ ਨਾਲ ਅੱਗੇ ਧਰ ਲਊ।
ਫਿਰ ਸੰਭਲਨਾ ਕੰਮ ਜਿਹੜੇ ਆਇਗਾ ?
ਜਦ ਸੰਭਲਿਆਂ ਨਾ ਸੰਭਲਿਆ ਜਾਇਗਾ।
ਉੱਡਣੇ ਨੂੰ ਜੀ ਕਰੂ ਆਕਾਸ਼ ਵਲ,

ਰਹਿ ਨਾ ਜਾਏਗਾ ਪਰੰਤੂ ਬਾਂਹ ਬਲ।
ਬੁੱਧਿ ਹੋਵੇਗੀ ਤੇ ਧਨ ਨਾ ਹੋਇਗਾ,
ਕੋਈ ਭੀ ਪੂਰਾ ਜਤਨ ਨਾ ਹੋਇਗਾ।
ਜਦ ਸਮਾਂ ਇਹ ਰੰਗਤਾਂ ਦਿਖਲਾਇਗਾ,
ਯਾਦ 'ਹਾਲੀ' ਦਾ ਕਿਹਾ ਤਦ ਆਇਗਾ।

ਸਹੁਰੇ ਜਾਂਦੀ ਨੂੰ, ਪ੍ਰੇਮ-ਸੰਦੇਸ਼

ਬੀਬੀਏ ਰਾਣੀਏ ! ਬਾਲੜੀ ਬੱਚੀਏ !
ਗ੍ਰਸਥ ਦੇ ਰੁੱਖ ਦੀ ਡਾਲੀਏ ਕੱਚੀਏ !
ਖੇਡ ਦੀ ਪਜਾਰੀਏ ! ਲਾਡ ਦੀ ਗਿੱਝੀਏ !
ਛੋਪਿਆਂ, ਗੁਡੀਆਂ, ਖੇਨੂੰਆਂ[1] ਰੁੱਝੀਏ !
ਪ੍ਰੇਮ ਪੰਘੂੜਿਆਂ ਵਿਚ ਤੂੰ ਪਲੀ ਏਂ,
ਅੱਜ ਪਰ ਹੋਰ ਪਰਵਾਰ ਵਿਚ ਚੱਲੀ ਏਂ।
ਪੰਧ ਹੈ ਸਾਹਮਣੇ ਨਵੇਂ ਸੰਸਾਰ ਦਾ,
ਖੇਲ ਹੈ ਸ਼ੁਰੂ ਤਲਵਾਰ ਦੀ ਧਾਰ ਦਾ।
ਉੱਠ ਹੁਸ਼ਿਆਰ ਹੋ ! ਕਾਰ ਸੰਭਾਲ ਲੈ,
ਫਰਜ਼ ਨੂੰ ਸਮਝ, ਮਰਯਾਦ ਨੂੰ ਪਾਲ ਲੈ।
ਏਸ ਮਰਯਾਦ ਵਿਚ ਵੜਦਿਆਂ ਸਾਰ ਤੂੰ,
ਹੋਇੰਗੀ ਮੁਸ਼ਕਲਾਂ ਨਾਲ ਦੋ ਚਾਰ[2] ਤੂੰ,
ਪ੍ਰੇਮ ਪਰ ਇਨ੍ਹਾਂ ਦਾ ਰੂਪ ਪਲਟਾਇਗਾ,
ਖ਼ਾਰ[3] ਜੋ ਜਾਪਦਾ ਫੁੱਲ ਬਣ ਜਾਇਗਾ।
ਪ੍ਰੇਮ ਥੀਂ ਪਾਲੀਓਂ, ਪ੍ਰੇਮ ਦੀ ਆਸ ਤੇ,
ਰੱਬ ਨੇ ਘੱਲੀਓਂ, ਪ੍ਰੇਮ ਦੇ ਵਾਸਤੇ।
ਟਹਿਲ ਦਾ ਮਹਿਲ ਇਕ ਸੋਹਣਾ ਪਾਣ ਨੂੰ,
ਫੁੱਲ ਪੁਰ ਤ੍ਰੇਲ ਦਾ ਰੂਪ ਹੋ ਜਾਣ ਨੂੰ।
ਪ੍ਰੇਮ ਦਾ ਮਹਿਕਦਾ ਬਾਗ਼ ਇਕ ਲਾਇ ਦੇ,
ਪਿਆਰ ਪਸਰਾਇ ਦੇ, ਠੰਢ ਵਰਤਾਇ ਦੇ।
ਪ੍ਰੇਮ ਦੇ ਸਿੰਧੂ[4] ਵਿਚ ਮਾਰ ਲੈ ਤਾਰੀਆਂ,
ਚੀਰ ਜਾ ਔਖੀਆਂ ਘਾਟੀਆਂ ਸਾਰੀਆਂ।
ਰਣ ਜਦੋਂ ਪ੍ਰੇਮ ਦਾ ਜਿੱਤਿਆ ਜਾਇਗਾ,
ਸਾਹਮਣੇ ਸੁਰਗ ਦਾ ਦ੍ਵਾਰ ਫਿਰ ਆਇਗਾ।
ਪ੍ਰੇਮ ਦੀਆਂ ਦੇਵੀਆਂ ਰੂਪ ਸ਼ਿੰਗਾਰੀਆਂ,
ਪੂਰਸਨ[5] ਤੇਰੀਆਂ ਸੱਧਰਾਂ ਸਾਰੀਆਂ।

1. ਗੇਂਦ। 2. ਆਮ੍ਹੋ ਸਾਹਮਣੇ। 3. ਕੰਡਾ। 4. ਸਮੁੰਦਰ। 5. ਪੂਰਾ ਕਰਨਗੀਆਂ।

ਨੂਰ ਦਾ ਚਾਨਣਾ ਤਾਜ ਪਹਿਨਾਇ ਕੇ,
ਭਾਗ ਸਭ ਲਾਇ ਕੇ, ਬਰਕਤਾਂ ਪਾਇ ਕੇ।
ਸੌਂਪਸਨ ਵਾਂਗ ਗ੍ਰਹਸਥ ਸੰਸਾਰ ਦੀ,
ਆਪ ਠਰ ਜਾਇੰਗੀ ਹੋਰਨਾਂ ਠਾਰਦੀ।

ਵਿਦਿਆ ਦੀ ਥੋੜ

ਹਿੰਦੁਸਤਾਨੀਆਂ ! ਜਾਗ ਕੇ ਮਾਰ ਝਾਤੀ,
ਤੇਰੇ ਜੀਉਣ ਦਾ ਅੱਜ ਕੋਈ ਹਾਨ ਭੀ ਹੈ ?
ਪੱਲੇ ਆਪਣੇ ਕੋਈ ਕਰਤੂਤ[1] ਭੀ ਹੈ ?
ਗਲਦੀ ਕਿਸੇ ਮਹਿਫਲ ਅੰਦਰ ਦਾਲ ਭੀ ਹੈ ?
ਮਾਲਾ ਮਾਲ ਹੋ ਗਏ ਭਾਈਵਾਲ ਸਾਰੇ,
ਤੇਰੇ ਨਾਲ ਦਾ ਕੋਈ ਕੰਗਾਲ ਭੀ ਹੈ ?
ਖੇਡਾਂ ਵਿਚ ਕਰ ਲਈ ਬਰਬਾਦ ਬਾਜ਼ੀ,
ਬਾਕੀ ਰਹਿ ਗਈ ਅਜੇ ਕੋਈ ਚਾਲ ਭੀ ਹੈ ?
ਉੱਠ ! ਹੰਭਲਾ ਮਾਰ, ਬਲਬੀਰ ਸ਼ੇਰਾ !
ਦੁਨੀਆਂ ਵੇਖ ਕੀਕਰ ਛਾਲਾਂ ਮਾਰ ਰਹੀ ਏ।
ਪੜ੍ਹ ਪੜ੍ਹ ਵਿੱਦਿਆ, ਟੋਲ ਕੇ ਇੱਟ ਚੂਨਾ,
ਕਿਸਮਤ ਆਪਣੀ ਆਪੇ ਉਸਾਰ ਰਹੀ ਏ।
ਤੂੰ ਔਲਾਦ ਹੈਂ ਉਨ੍ਹਾਂ ਉਪਕਾਰੀਆਂ ਦੀ,
ਜਿਨ੍ਹਾਂ ਵਿੱਦਿਆ ਦੇ ਲੰਗਰ ਲਾਏ ਹੋਏ ਸਨ।
ਭੰਭਟ ਵਾਂਗ ਦੁਨੀਆਂ ਉਡ ਉਡ ਆ ਰਹੀ ਸੀ,
ਐਸੇ ਇਲਮ ਦੇ ਦੀਵੇ ਜਗਾਏ ਹੋਏ ਸਨ।
ਤੇਰੇ ਬੋਹੜ ਦੀ ਵੇਖ ਕੇ ਛਾਉਂ ਠੰਢੀ,
ਡੇਰੇ ਮਿਸਰ ਯੂਨਾਨ[2] ਨੇ ਪਾਏ ਹੋਏ ਸਨ।
ਤੇਰੇ ਗਜਾਨ-ਬਗੀਚੇ ਦੀ ਮਹਿਕ ਲੁੱਟਣ,
ਭੌਰੇ ਸਾਰੇ ਜਹਾਨ ਦੇ ਆਏ ਹੋਏ ਸਨ।
ਏਸ ਦੀਵੇ ਦੀ ਲੋ ਵਿਚ ਤੁਰਨ ਵਾਲੇ,
ਅੱਜ ਵਿਚ ਅਸਮਾਨ ਦੇ ਚਮਕ ਰਹੇ ਨੇਂ,
ਐਪਰ, ਹਾਇ ! ਕਿਸਮਤ ਐਸਾ ਗੇੜ ਖਾਧਾ।
ਤੇਰੇ ਆਪਣੇ ਚੀਥੜੇ ਲਮਕ ਰਹੇ ਨੇਂ।
ਗ਼ਫ਼ਲਤ[3] ਮਾਰਿਆ ! ਸੋਚ ਕੇ ਵੇਖ ਤਾਂ ਸਹੀ,
ਉਹ ਅੱਜ ਬੋਲਦੀ ਤੇਰੀ ਸਤਾਰ ਕਿਉਂ ਨਹੀਂ ?

---

1. ਕੰਮ ਕਰਨਾ। 2. ਮਿਸਰ ਤੇ ਯੂਨਾਨ ਆਪਣੀ ਪੁਰਾਤਨ ਸੱਭਿਅਤਾ, ਹੁਨਰ ਆਦਿ ਲਈ ਪ੍ਰਸਿੱਧ ਹਨ। 3. ਲਾਪਰਵਾਹੀ।

ਤੇਰੇ ਸੋਨੇ ਦੀ ਖਾਣ ਦੀ ਪੁੱਛ ਕਿਉਂ ਨਹੀਂ ?
ਤੇਰਾ ਮੰਡੀਆਂ ਵਿਚ ਇਤਬਾਰ ਕਿਉਂ ਨਹੀਂ ?
ਗਾਂਧੀ, ਬੋਸ, ਟੈਗੋਰ ਦੇ ਬੈਠਿਆਂ ਭੀ,
ਤੇਰੇ ਬਾਗ ਵਿਚ ਫਿਰਦੀ ਬਹਾਰ ਕਿਉਂ ਨਹੀਂ ?
ਤੇਰੇ ਆਲ੍ਹਣੇ ਨੂੰ ਵੇਖ ਅੱਗ ਲੱਗੀ,
ਪਾਣੀ ਡੋਲ੍ਹਦਾ ਕੋਈ ਗ਼ਮਖ਼ਾਰ[1] ਕਿਉਂ ਨਹੀਂ ?
ਮੇਰੀ ਜਾਚ ਵਿਚ ਵੈਰਨ ਅਵਿੱਦਿਆ ਨੇ,
ਇਸ ਫਰਯਾਦ ਵਿਚ ਅਸਰ ਨਹੀਂ ਰਹਿਣ ਦਿੱਤਾ।
'ਸੱਤ ਅੱਠ ਫੀ ਸਦੀ' ਦੇ ਡੱਕਿਆਂ ਨੇ,
ਤੇਰੀ ਨਦੀ ਨੂੰ ਅਗ੍ਹਾਂ ਨਹੀਂ ਵਹਿਣ ਦਿੱਤਾ।
ਜਿਨ੍ਹਾਂ ਕੌਮਾਂ ਤੇ ਦੇਸ਼ਾਂ ਨੇ ਅਗ੍ਹਾਂ ਹੋ ਕੇ,
ਜੋਤ ਵਿੱਦਿਆ ਦੀ ਘਰ ਜਗਾ ਲਈ ਹੈ,
ਉਨ੍ਹਾਂ ਕੁੰਜੀ ਖਜ਼ਾਨੇ ਦੀ ਪਾ ਲਈ ਹੈ,
ਕਿਸਮਤ ਆਪਣੀ ਉਨ੍ਹਾਂ ਪਲਟਾ ਲਈ ਹੈ,
ਪੈਰ ਉਨ੍ਹਾਂ ਦੇ ਅੱਜ ਇਕਬਾਲ[2] ਚੁੰਮੇ,
ਘਰ ਵਿਚ ਸੋਨੇ ਦੀ ਲੰਕਾ ਬਣਾ ਲਈ ਹੈ।
ਰੱਬੀ ਤਾਕਤਾਂ ਮੁੱਠ ਵਿਚ ਮੀਟ ਲਈਆਂ,
ਸੋਭਾ ਖੱਟ ਲਈ, ਸ਼ਾਨ ਚਮਕਾ ਲਈ ਹੈ।
ਤੂੰ ਪਰ ਹੁੰਦਿਆਂ ਸੁੰਦਿਆਂ ਮਾਲ ਘਰ ਵਿਚ,
ਚਾਨਣ ਬਾਝ ਵੇਖ ਨਾ ਸਕਦਾ ਹੈਂ,
ਐਸਾ ਘੁੱਸ ਕੇ ਤਾਲੋਂ ਬਿਤਾਲ ਹੋਇਓਂ,
ਟੁੱਕਰ ਵਾਸਤੇ ਭੀ ਬਿਟ ਬਿਟ ਤਕਦਾ ਹੈਂ।
ਸੱਜਣ ! ਹੋਸ਼ ਕਰ ਕੁਝ, ਸਾਵਧਾਨ ਹੋ ਜਾ !
ਸੁੱਤੇ ਰਹਿਣ ਦਾ ਅਜ ਕਲ ਜ਼ਮਾਨਾ ਨਹੀਂ ਊਂ,
ਵੇਲਾ ਛਲ ਗਿਆ ਫੇਰ ਨਹੀਂ ਹੱਥ ਔਣਾ,
ਸੁਣਨਾ ਕਿਸੇ ਨੇ ਤੇਰਾ ਬਹਾਨਾ ਨਹੀਂ ਊਂ,
ਜਦ ਤਕ ਆਪਣੇ ਤਰਕਸ਼ ਵਿਚ ਤੀਰ ਹੈ ਨਹੀਂ,
ਤੈਥੋਂ ਫੁੰਡਿਆ ਜਾਣਾ ਨਿਸ਼ਾਨਾ ਨਹੀਂ ਊਂ,
ਮਿਹਨਤ ਬਾਝ ਦਿਹਾੜੀਆਂ ਦੇਈ ਜਾਵੇ,
ਐਸਾ ਕੁਦਰਤ ਦਾ ਕਾਰਖਾਨਾ ਨਹੀਂ ਊਂ।
ਤੇਰੀਆਂ ਬਾਹਾਂ ਵਿਚ ਜ਼ੋਰ ਨਹੀਂ ਵਿੱਦਿਆ ਦਾ,
ਓਧਰ ਕਲਮ ਨੇ ਕੁਦਰਤ ਭਰਮਾਈ ਹੋਈ ਏ,
ਸੱਤੇ ਬਰਕਤਾਂ[3] ਉਨ੍ਹਾਂ ਦਾ ਭਰਨ ਪਾਣੀ,

1. ਦਰਦੀ। 2. ਇੱਜ਼ਤ, ਤੇਜ਼ ਪ੍ਰਤਾਪ। 3. ਹਰ ਤਰ੍ਹਾਂ ਦੀ ਸਫ਼ਲਤਾ।

ਜਿਨ੍ਹਾਂ ਵਿੱਦਿਆ ਦੇਵੀ ਰਿਝਾਈ ਹੋਈ ਏ,
ਆਓ, ਵੀਰ ਜੀ ! ਜੋਤਰਾ ਲਾ ਸਾਂਝਾ,
ਏਸ ਤਾਣੀ ਨੂੰ ਪਹਿਲੇ ਸੁਲਝਾ ਲਈਏ,
ਗੱਲਾਂ ਸਾਰੀਆਂ ਪਿੱਛੋਂ ਨਜਿਠ ਲਾਂ ਗੇ,
ਹਾਲੀ ਪੈਰਾਂ ਦੀ ਬਲਦੀ ਬੁਝਾ ਲਈਏ,
ਇਸ ਅਵਿੱਦਿਆ ਦੀ ਬੇੜੀ ਕੱਟ ਲਈਏ,
ਘੁਮਣ ਘੇਰ ਤੋਂ ਬੇੜੀ ਬਚਾ ਲਈਏ,
ਜਿਹੜੀ ਦੇਵੀ ਨੂੰ ਦੇਸ ਨੇ ਪੂਜਣਾ ਹੈ,
ਉਸ ਦੇ ਬਹਿਣ ਲਈ ਮੰਦਰ ਬਣਾ ਲਈਏ।
ਖਾਣਾ ਹੀਰਿਆਂ ਦੀ ਜਿਸ ਦਿਨ ਲੱਭ ਲੀਤੀ,
ਉਸ ਦਾ ਮੁੱਲ ਭੀ ਝੋਲੀ ਪੁਆ ਲਵਾਂਗੇ।
ਚਾਤ੍ਰਿਕ ਸੋਨੇ ਦਾ ਭਾਂਡਾ ਤਿਆਰ ਕਰਕੇ,
ਦੁੱਧ ਸ਼ੇਰਨੀ ਦਾ ਫਿਰ ਚੁਆ ਲਵਾਂਗੇ।

ਅਨਾਥ (ਯਤੀਮ) ਦਾ ਨਾਰਾ

ਆਲ੍ਹਣੇ ਤੋਂ ਡਿੱਗੇ ਹੋਏ ਬੋਟ ਨੂੰ ਬਚਾਵੇ ਕੌਣ ?
ਮੂੰਹ ਦੀਆਂ ਗਰਾਹੀਆਂ ਟੁੱਕ ਕੇ ਖੁਆਵੇ ਕੌਣ ?
ਰੋਂਦੇ ਨੂੰ ਹਸਾਵੇ, ਭੁੰਜੇ ਲੇਟਦੇ ਨੂੰ ਚਾਵੇ ਕੌਣ ?
ਝਾੜ ਪੂੰਝ, ਚੁੰਮ ਘੁੱਟ ਹਿੱਕ ਨਾਲ ਲਾਵੇ ਕੌਣ ?
ਮਲ ਮਲ ਨੁਹਾਵੇ, ਕੰਘੀ ਵਾਹਵੇ, ਤੇਲ ਲਾਵੇ ਕੌਣ ?
ਸੁਹਣੇ ਸੁਹਣੇ ਕੱਪੜੇ ਪਿਨ੍ਹਾਵੇ ਤੇ ਖਿਡਾਵੇ ਕੌਣ ?
ਮਾਪਿਆਂ ਬਗੈਰ ਮੈਂ ਅਨਾਥ ਦੀਆਂ ਸੱਧਰਾਂ ਨੂੰ,
ਪੂਰੀਆਂ ਕਰਾਵੇ ਤੇ ਕਲੇਜੇ ਠੰਢ ਪਾਵੇ ਕੌਣ ?
ਆਂਦਰਾਂ ਦੀ ਸਾਂਝ ਬਿਨਾਂ ਸੇਕ ਕਿਨੂੰ ਆਉਂਦਾ ਹੈ ?
ਪਿਆਰ ਜਿਹੀ ਚੀਜ ਭਲਾ ਦੇਂਦਾ ਹੈ ਉਧਾਰ ਕੌਣ ?
ਅੰਮਾਂ ਦੀਆਂ ਲੋਰੀਆਂ ਤੇ ਬਾਪੂ ਦੀਆਂ ਜੱਫੀਆਂ ਦੀ,
ਟੁੱਟੇ ਹੋਏ ਫੁੱਲ ਨੂੰ ਦਿਖਾਂਦਾ ਹੈ ਬਹਾਰ ਕੌਣ ?
ਸੁੱਖਾਂ ਸੁੱਖ ਪੁੰਗਰੇ ਲਡਿੱਕੇ ਨੌਨਿਹਾਲ ਨਾਲ,
ਪਾਲਦਾ ਪਿਆਰ ਕੌਣ ? ਪੁੱਛਦਾ ਹੈ ਸਾਰ ਕੌਣ ?
ਬਾਂਹ ਫੜੇ ਚਾਤ੍ਰਿਕ ਨਿਮਾਣੇ ਤੇ ਯਤੀਮ ਦੀ ਜੋ,
ਐਸਾ ਦਯਾਵਾਨ ਦਿੱਸੇ ਬਾਝ ਕਰਤਾਰ ਕੌਣ ?

ਬਾਲ ਵਿਧਵਾ

1. ਇਕ ਦਿਨ ਕੁੜੀ ਮੁਟਿਆਰ ਇਕ ਨਜ਼ਰ ਆਈ,
ਬੈਠੀ ਥੜੇ ਤੇ ਜਾਨ ਕਲਪਾ ਰਹੀ ਸੀ।

ਝੁਲਸੇ ਹੋਏ ਗੁਲਾਬ ਦੇ ਫੁੱਲ ਵਾਂਗਰ,
ਮੁਰਦਿਹਾਣ ਚਿਹਰੇ ਉੱਤੇ ਛਾ ਰਹੀ ਸੀ।
ਨੀਵੀਂ ਧੌਣ, ਉਦਾਸ, ਬੇਆਸ ਜੈਸੀ,
ਡੂੰਘੇ ਵਹਿਣ ਅੰਦਰ ਗੋਤੇ ਖਾ ਰਹੀ ਸੀ।
ਗੁੱਝੇ ਦਰਦ ਨੂੰ ਸਬਰ ਕਰ ਪੀ ਰਹੀ ਸੀ,
ਅੱਖਾਂ ਰਾਹ ਪਰ ਡੁਲ੍ਹਦੀ ਜਾ ਰਹੀ ਸੀ।
ਮੈਂ ਖਲੋ ਕੇ ਪੁੱਛਿਆ, ਸੁਘੜ ਧੀਏ !
ਕਾਹਨੂੰ ਇਸ ਤਰ੍ਹਾਂ ਹਉਕੇ ਭਰ ਰਹੀ ਏਂ ?
ਘੁੰਡੀ ਖੋਲ੍ਹ ਦਿਲ ਦੀ, ਮੈਂ ਕੁਝ ਕਰਾਂ ਕਾਰੀ,
ਆਤਮ-ਘਾਤ ਗੁੱਝਾ ਕਾਹਨੂੰ ਕਰ ਰਹੀ ਏਂ ?

2. ਅੱਗੋਂ ਕਹਿਣ ਲਗੀ, ਕੁਝ ਨਾ ਪੁੱਛ ਬਾਬਾ !
ਇਹ ਉਹ ਰੋਗ ਹੈ ਜਿਸਦੀ ਦਵਾ ਕੋਈ ਨਹੀਂ।
ਇਹ ਨਾਸੂਰ ਅੰਦਰ ਅੰਦਰ ਪਿਆ ਪੱਕੇ,
ਹੁਕਮ ਲਾਉਣ ਦਾ ਇਸ ਨੂੰ ਹਵਾ ਕੋਈ ਨਹੀਂ।
ਇਹ ਉਹ ਜੂਨ ਹੈ ਜਿਦ੍ਹੇ ਵਿਚ ਹਿਰਸ[1] ਕੋਈ ਨਹੀਂ,
ਜਿਸ ਵਿਚ ਰੀਝ ਕੋਈ ਨਹੀਂ, ਸੱਧਰ ਚਾ ਕੋਈ ਨਹੀਂ।
ਜੇਕਰ ਜੀਓ ਤਾਂ ਪੁੱਛਦਾ ਵਾਤ ਕੋਈ ਨਹੀਂ,
ਜੇਕਰ ਮਰੇ ਤਾਂ ਅੱਗੇ ਅਟਕਾ ਕੋਈ ਨਹੀਂ।
ਅੱਖਾਂ ਖੁਲ੍ਹਦਿਆਂ ਹੀ ਮੱਥੇ ਚੋ ਲੱਗੇ,
ਸੀਨਾ ਹੋ ਗਿਆ ਹੈ ਦਾਗੋ ਦਾਗ਼ ਮੇਰਾ।
ਕਿਸਮਤ ਲੜ ਪਈ, ਮੜ ਗਏ ਲੇਖ ਤੱਤੇ,
ਉੱਜੜ ਗਿਆ ਉਮੈਦਾਂ ਦਾ ਬਾਗ਼ ਮੇਰਾ।

3. ਅਲ੍ਹੜ ਜਾਨ, ਅੱਗੇ ਜੰਗਲ ਕੰਡਿਆਂ ਦਾ,
ਚੰਚਲ ਚੰਦਰੇ ਜੀ ਦਾ ਵਿਸਾਹ ਕੋਈ ਨਹੀਂ,
ਦਿੱਸੇ ਸਾਹਮਣੇ ਉਮਰ ਪਹਾੜ ਜੇਡੀ,
ਸਿਰ ਲੁਕਾਣ ਨੂੰ ਸੁੱਝਦੀ ਜਾਹ[2] ਕੋਈ ਨਹੀਂ,
ਠੰਢੀ ਛਾਂ ਕੋਈ ਨਹੀਂ, ਸੁਖ ਦਾ ਸਾਹ ਕੋਈ ਨਹੀਂ,
ਭਰ ਭਰ ਦੇਣ ਵਾਲਾ ਸਾਵਲ ਸ਼ਾਹ[3] ਕੋਈ ਨਹੀਂ,
ਕੁਦਰਤ ਨਾਲ ਮੁਕਾਬਲਾ ਪਿਆ ਓਧਰ,
ਏਧਰ ਕਿਸੇ ਨੂੰ ਮੇਰੀ ਪਰਵਾਹ ਕੋਈ ਨਹੀਂ,
ਸਿਰ ਤੇ ਭੂਤ ਜਵਾਨੀ ਦਾ ਪਿਆ ਨੱਚੇ,
ਭਾਈਵਾਲ ਇੱਜ਼ਤ ਦਾ ਮਲਾਹ ਕੋਈ ਨਹੀਂ,

---

1. ਸ਼ੌਕ, ਚਾਹ, ਉਮੰਗ। 2. ਥਾਂ। 3. ਵੈਸ਼ਨਵਾਂ ਦੇ ਨਿਸ਼ਚੈ ਅਨੁਸਾਰ ਨਰਸੀ ਭਗਤ ਦੀ ਹੁੰਡੀ ਤਾਰਨ ਲਈ ਸ੍ਰੀ ਕ੍ਰਿਸ਼ਨ ਜੀ ਨੇ ਸ਼ਾਹੂਕਾਰ ਦਾ ਰੂਪ ਧਾਰਨ ਕੀਤਾ।

ਏਧਰ ਵਾਹ ਕੋਈ ਨਹੀਂ, ਓਧਰ ਚਾਹ ਕੋਈ ਨਹੀਂ,
ਸੁਣਦਾ ਆਂਹ ਕੋਈ ਨਹੀਂ, ਦਿਸਦਾ ਰਾਹ ਕੋਈ ਨਹੀਂ,

4. ਮੈਨੂੰ ਹੁਕਮ ਨਹੀਂ ਉੱਜਲੇ ਕਪੜੇ ਦਾ,
ਰੱਜ ਖਾਣ ਦਾ ਨਹੀਂ, ਮਲ ਕੇ ਨ੍ਹਾਣ ਦਾ ਨਹੀਂ,
ਵਾਲ ਵਾਹਣ ਦਾ ਨਹੀਂ, ਖਿੰਧਾ ਲਾਣ ਦਾ ਨਹੀਂ,
ਫੁੱਲ ਪਾਣ ਦਾ ਨਹੀਂ, ਗਾਉਣ ਗਾਣ ਦਾ ਨਹੀਂ,
ਸਈਆਂ ਨਾਲ ਰਲ ਕੇ ਕਿਧਰੇ ਜਾਣ ਦਾ ਨਹੀਂ,
ਜੀ ਪਰਚਾਣ ਦਾ ਨਹੀਂ, ਹੱਸਣ ਹੱਸਾਣ ਦਾ ਨਹੀਂ,
ਦਿਲ ਦੀਆਂ ਸੱਧਰਾਂ ਕਿਧਰੇ ਸੁਣਾਨ ਦਾ ਨਹੀਂ,
ਫੱਟਾਂ ਅੱਲਿਆਂ ਨੂੰ ਵਾ ਲੁਆਣ ਦਾ ਨਹੀਂ।
ਰੱਸੇ ਰਸਮ ਦੇ ਵਿਚ ਹਰਨੀ ਗਈ ਜੂੜੀ,
ਮਾਂ ਦੀ ਸੁੱਖ-ਲੱਧੀ ਡੰਗਰ ਢੋਰ ਹੋ ਗਈ।
ਦੁਨੀਆਂ ਹੱਸਦੀ, ਵੱਸਦੀ ਰੱਸਦੀ ਏ,
ਇਕੋ ਮਹੀਏਂ ਜਹਾਨ ਦੀ ਚੋਰ ਹੋ ਗਈ।

5. ਸੁਹਣੇ ਬਾਗ ਨੇਂ, ਬਾਗੀਂ ਬਹਾਰ ਭੀ ਹੈ,
ਉਸ ਵਿਚ ਫੁੱਲ ਭੀ ਹੈ, ਫੁੱਲ ਤੇ ਰੰਗ ਭੀ ਹੈ,
ਠੰਢੀ ਵਾ ਭੀ ਹੈ, ਵਾ ਵਿਚ ਮਹਿਕ ਭੀ ਹੈ,
ਮਹਿਕ ਵਿਚ ਗੁੱਝਾ ਜ਼ਹਿਰੀ ਡੰਗ ਵੀ ਹੈ,
ਵਖਤੀਂ ਵਿਹੜਿਆ ਭੈੜਾ ਸਰੀਰ ਭੀ ਹੈ,
ਉਸ ਵਿਚ ਦਿਲ ਤੇ ਦਿਲ ਵਿਚ ਉਮੰਗ ਭੀ ਹੈ,
ਬੁਲਬੁਲ ਕੈਦ ਹੈ, ਕੈਦ ਵਿਚ ਤੰਗ ਭੀ ਹੈ,
ਸੀਨੇ ਅੱਗ ਭੀ ਹੈ, ਅੱਖੀਂ ਸੰਗ ਭੀ ਹੈ।
ਖਿੜਕੀ ਖੋਲ੍ਹ ਕੇ ਹੁਕਮ ਨਹੀਂ ਉਡਣੇ ਦਾ,
ਪਿੰਜਰੇ ਵਿਚ ਨਾ ਖੁਲ੍ਹ ਫ਼ਰਯਾਦ ਦੀ ਹੈ।
ਤੁਰ ਜਾਂ ਜੱਗ ਤੋਂ ਗੁੰਮ ਦੀ ਗੁੰਮ ਰਹਿ ਕੇ,
ਇਹ ਸਲਾਹ ਬੇ-ਤਰਸ ਸੱਯਾਦ[1] ਦੀ ਹੈ।

6. ਤਿੱਖੀ ਧਾਰ ਤੇ ਤੁਰਨ ਨੂੰ ਤਿਆਰ ਹਾਂ ਮੈਂ,
ਐਪਰ ਨਿਭੇਗੀ ਇਸ ਤਰ੍ਹਾਂ ਕਾਰ ਕੀਕਰ ?
ਜੱਗੋਂ ਬਾਹਰੀਆਂ ਲੀਹਾਂ ਤੇ ਅੜੇ ਰਹਿ ਕੇ,
ਬੇੜਾ ਹਿੰਦੀਆਂ ਦਾ ਹੋਸੀ ਪਾਰ ਕੀਕਰ ?
ਜਿਹੜੀ ਧਰਤ ਤੇ ਆਵੀਆਂ ਧੁਖਣ ਥਾਂ ਥਾਂ,
ਰੰਗਣ ਦੇਵੇਗੀ ਓਥੇ ਬਹਾਰ ਕੀਕਰ ?
ਜਿਸ ਸੁਸਾਇਟੀ ਦੇ ਮਨ ਵਿਚ ਮਿਹਰ ਹੈ ਨਹੀਂ,

---

1. ਸ਼ਿਕਾਰੀ।

ਰੱਬ ਕਰੇਗਾ ਓਸ ਨੂੰ ਪਿਆਰ ਕੀਕਰ ?
ਜਿਹੜੀ ਮਾਂ ਦੇ ਬੂਹੇ ਤੇ ਚਿਖਾ ਬਲਦੀ,
ਬੁਰਕੀ ਕਿਸ ਤਰ੍ਹਾਂ ਸੰਘੋਂ ਲੰਘਾ ਲਏਗੀ ?
ਜਿਹੜੇ ਵੀਰ ਦੀ ਭੈਣ ਮੁਟਿਆਰ ਵਿਧਵਾ,
ਭਾਬੀ ਸੂਹੇ ਸਾਵੇ ਕੀਕਰ ਲਾ ਲਏਗੀ ?

7. ਤੂੰ ਬਿਰਾਦਰੀ ਕਿਸੇ ਨੂੰ ਆਖ ਜਾ ਕੇ,
ਪਾਣੀ ਸਿਰੋਂ ਹੁਣ ਲੰਘਦਾ ਜਾ ਰਿਹਾ ਹੈ।
ਦੁਖੀਆਂ ਵਾਸਤੇ ਦਰਦ ਹੁਣ ਰਿਹੈਂ ਕੋਈ ਨਹੀਂ,
ਜੱਗ ਸੁਖਾਂ ਲਈ ਵਾੜੀਆਂ ਲਾ ਰਿਹਾ ਹੈ।
ਅੰਨ੍ਹੇ ਬੋਲਿਆਂ ਬਣਨ ਦੇ ਗਏ ਵੇਲੇ,
ਦੇਖ ਗੀਤ ਆਜ਼ਾਦੀ ਦੇ ਗਾ ਰਿਹਾ ਹੈ।
ਧੀਆਂ ਭੈਣਾਂ ਨੂੰ ਕੋਈ ਨਹੀਂ ਪੂਜਦਾ ਹੁਣ,
ਲੋਕੋ ! ਘਟਦੀਆਂ ਦਾ ਪਹਿਰਾ ਆ ਰਿਹਾ ਹੈ।
ਭੱਠ ਪਿਆ ਸੋਨਾ ਜਿਹੜਾ ਕੰਨ ਪਾੜੇ,
ਕਿਹੜੀ ਗੱਲ ਬਦਲੇ ਘੁਲ ਘੁਲ ਮਰੇ ਕੋਈ ?
ਜਿਹੜੇ ਧਰਮ ਵਿਚ ਪਾਪ ਨੂੰ ਮਿਲੇ ਪਾਣੀ,
ਚੋਂਦੀ ਛੱਤ ਹੇਠਾਂ ਉਸ ਨੂੰ ਧਰੇ ਕੋਈ ?

ਸੁਖੀ ਜੀਉਣ ਦੀ ਕੁੰਜੀ

ਸੁੱਖ-ਨੀਂਦੇ ਜੇ ਸੁੱਤਾ ਚਾਹੇਂ, ਵੱਸ ਨਾ ਪਈਂ ਅਮੀਰਾਂ ਦੇ।
ਬੰਦੀਜਨ[1] ਦੇ ਹਲੂਏ ਨਾਲੋਂ, ਟੁਕੜੇ ਭਲੇ ਫ਼ਕੀਰਾਂ ਦੇ।
ਵਿਚ ਗ਼ੁਲਾਮੀ ਹੋਈ ਖ਼ੁਨਾਮੀ[2], ਸੁੱਕਣ ਲਹੂ ਸਰੀਰਾਂ ਦੇ।
ਸੀਨੇ ਹੱਥ, ਧੌਣ ਨਿਹੁੜਾਈ[3], ਖੜੇ ਵਾਂਗ ਤਸਵੀਰਾਂ ਦੇ।
ਰੰਚਕ ਰੰਜ[4] ਰਾਉ ਨੂੰ ਅਇਆ, ਸਿਰ ਕਟ ਜਾਣ ਵਜ਼ੀਰਾਂ ਦੇ।
ਸਦ-ਪਰਸੰਨ, ਡੰਨ ਤੋਂ ਚੋਖੇ, ਛੰਨ ਝੌਂਪੜੇ ਕੀਰਾਂ[5] ਦੇ।
ਖੀਰਾਂ ਨਾਲ ਭਰੇ ਕਿਸ ਕਾਰੇ, ਮੁਖੜੇ ਦਿਲ ਦਿਲਗੀਰਾਂ[6] ਦੇ।
ਕਰ ਗੁਜ਼ਰਾਨ ਸੁਤੰਤਰਤਾ ਵਿਚ, ਪਹਿਨ ਗੋਦੜੇ ਲੀਰਾਂ ਦੇ।

ਤਾਰਾ

(ਇਕ ਅੰਗਰੇਜ਼ੀ ਕਵਿਤਾ ਦਾ ਸੁਤੰਤਰ ਅਨੁਵਾਦ)

ਨੂਰ ਦੇ ਚਸ਼ਮਿਓਂ ਨ੍ਹਾਤਿਆ ਤਾਰਿਆ ! ਕੈਸਾ ਹੈਂ ਤੂੰ ਪਜਾਰਾ ਪਜਾਰਾ,
ਸੁਟ ਸੁਟ ਪੀਂਘਾਂ ਰਿਸ਼ਮਾਂ ਵਾਲੀਆਂ, ਦੁਨੀਆਂ ਨੂੰ ਦੇਂ ਪ੍ਰੇਮ-ਹੁਲਾਰਾ।

---

1. ਕੈਦੀ। 2. ਭੁੱਲ। 3. ਝੁਕਾਈ। 4. ਰਤਾ ਕੁ ਗੁੱਸਾ। 5. ਨਿਰਧਨ। 6. ਉਦਾਸ।

ਫੁਲ ਤੋਂ ਚੁਕਦੀ ਸ਼ਹਿਦ ਨੂੰ ਮੱਖੀ, ਵੇਖ ਕੇ ਤੈਨੂੰ ਘਰ ਵਲ ਆਵੇ,
ਥਕ ਕੇ ਚੂਰ ਹੋਏ ਮਜ਼ਦੂਰ ਦਾ, ਤੂੰਹੇਂ ਕਰਾਂਦਾ ਹੈਂ ਛੁਟਕਾਰਾ।
ਸ਼ਾਂਤੀ ਦਾ ਜੋ ਰਾਜ ਲਿਆਵੇ, ਉਹ ਹੈ ਤੇਰੀ ਸੁੰਦਰ ਜੋਤੀ,
ਅੰਬਰ ਤੋਂ ਬਰਸਾ ਕੇ ਠੰਢਕ, ਤੂੰਹੇਂ ਖਿਲਾਰੇ ਥਾਂ ਥਾਂ ਮੋਤੀ।
ਚੜ੍ਹਤ ਤੇਰੀ ਥੀਂ ਅਸਮਾਨਾਂ ਦਾ ਇੰਜ ਨਿਖਰਦਾ ਚਿਹਰਾ ਮੁਹਰਾ,
ਹਾਰ ਸ਼ਿੰਗਾਰੀ ਰਾਧਕਾਂ ਜੀਕਰ, ਹੁੰਦੀ ਏ ਸ਼ਾਮ ਦੇ ਕੋਲ ਖਲੋਤੀ।
ਸਜਿਆ ਫਬਿਆ ਰੰਗ ਰੰਗੀਲਾ, ਜਦ ਤੂੰ ਆਪਣਾ ਰੂਪ ਨਿਖਾਰੇਂ,
ਜ਼ਿਮੀਂ ਦੀਆਂ ਗੁਲਜ਼ਾਰਾਂ ਵਿਚੋਂ ਉਠਦੀਆਂ ਮਹਿਕਾਂ ਤਾਈਂ ਖਿਲਾਰੇ।
ਦੂਰ ਦੁਰਾਡੇ ਜੰਗਲੀਂ ਬੁਕਦੇ, ਨਿਕਲਨ ਘੁਰਿਓਂ ਸ਼ੇਰ ਬਘੇਲੇ।
ਖੁਸ਼ੀਆਂ ਦੇ ਸ਼ਦੀਆਨੇ[1] ਛਿੜਦੇ, ਜਦ ਤੂੰ ਹੱਸ ਕੇ ਝਾਤੀ ਮਾਰੇਂ।
ਵਿਹਲਾ ਹੋਕੇ ਤੁਰਦਾ ਹਾਲੀ, ਰਾਗ ਖੁਸ਼ੀ ਦੇ ਗਾਂਦਾ ਗਾਂਦਾ,
ਡੰਗਰ ਵੱਛਾ ਛਾਲਾਂ ਮਾਰੇ, ਖੁਰਲੀ ਦੇ ਵਲ ਜਾਂਦਾ ਜਾਂਦਾ।
ਖਾਣ ਪੀਣ ਦੇ ਆਹਰੀਂ ਲੱਗੇ, ਝੁੱਗੀਆਂ ਵਾਲੇ ਬਾਲ ਕੇ ਚੁੱਲੇ,
ਹਿਲਜੁਲ ਬਾਝ ਜਿਨ੍ਹਾਂ ਦਾ ਧੂੰਆਂ, ਚੜ੍ਹੇ ਉਤਾਂਹ ਵਲ ਖਾਂਦਾ-ਖਾਂਦਾ।
ਤਾਰਾ ਹੈਂ ਤੂੰ ਆਸ਼ਕ ਦਾ ਦਿਲ ਨਾਲ ਮਾਸ਼ੂਕ[2] ਮਿਲਾਉਣ ਵਾਲਾ।
ਵਿੱਛੁੜਿਆ ਦੀਆਂ ਸੋਚਾਂ ਦਾ ਤੂੰ, ਚੇਤਾ, ਖੋਹਾਂ ਪਾਉਣ ਵਾਲਾ।
ਮਿਠੀਆਂ ਮਿਠੀਆਂ ਸੌਂਹਾਂ ਸੁਗੰਦਾਂ, ਨਾਲ ਸਿਦਕ ਦੇ ਪਾਈਆਂ ਹੋਈਆਂ।
ਕੰਮੀਂ ਧੰਦੀਂ ਰੁੱਝਿਆਂ ਤਾਈਂ, ਤੂੰ ਹੈਂ ਯਾਦ ਕਰਾਉਣ ਵਾਲਾ।

ਬੇਰੁਜ਼ਗਾਰੀ

(ਜ਼ਰ ਬਿਨਾਂ ਇਸ਼ਕ ਟੈਂ ਟੈਂ)

ਰਹੁ ਵੇ ਇਸ਼ਕਾ ! ਬੱਸ ਕਰੀਂ, ਹੁਣ ਛੱਡ ਦੇ ਮੁੰਨਣੇ ਚੇਲੇ,
ਕੰਨਾਂ ਨੂੰ ਨਾ ਚੰਗਾ ਲੱਗੇ, ਤੇਰਾ ਰਾਗ ਕੁਵੇਲੇ।
ਨਾ ਓਹ ਹੀਰਾਂ, ਨਾ ਓਹ ਰਾਂਝੇ, ਨਾ ਮੰਗੂ[3] ਨਾ ਬਾਰਾਂ,
ਸੁਤੜੇ ਸ਼ੇਰ ਉਲਾਂਘਣ ਵਾਲੇ ਨਾ ਓਹ ਸੁੰਞੇ ਬੇਲੇ
ਨਾ ਮੱਖਣ ਨਾ ਮੱਖਣ ਪਾਲੇ, ਕੁੰਢੀਆਂ ਮੁੱਛਾਂ ਵਾਲੇ,
ਸੋਹਣਿਆਂ ਦੇ ਗਲ ਕੁੰਡਲ ਪਾ ਪਾ ਨਾਗਣ ਜ਼ੁਲਫ ਪਾ ਪੇਲੇ।
ਨਾ ਚਿਹਰਿਆਂ ਤੇ ਲਾਲੀ ਭਖਦੀ, ਨਾ ਨੈਣਾਂ ਵਿਚ ਡੋਰੇ,
ਪਿੱਲੇ ਪਿੰਡੇ, ਮੂੰਹ ਵਸਾਰੀ[4], ਬੱਗੇ ਬੱਗੇ ਡੇਲੇ।
ਨਾ ਓਹ ਹਰਨਾਂ ਵਾਂਗ ਛੜੱਪੇ, ਨਾ ਓਹ ਖਾਧ ਖੁਰਾਕਾਂ,
ਨਾ ਅਜ਼ਾਦੀ, ਨਾ ਖ਼ੁਸ਼ਹਾਲੀ, ਨਾ ਜੋਬਨ ਅਲਬੇਲੇ[5]।

---

1. ਖੁਸ਼ੀ ਦੇ ਵਾਜੇ। 2. ਪ੍ਰੀਤਮਾ, ਜਿਸਨੂੰ ਪਿਆਰ ਕੀਤਾ ਜਾਵੇ। 3. ਪਸ਼ੂਆਂ ਦਾ ਵੱਗ। 4. ਪੀਲੇ, ਹਲਦੀ ਵਰਗੇ। 5. ਮਸਤ।

ਰੀਝਾਂ ਕੌਣ ਕਰੇ ਹੁਣ ਤੇਰੀਆਂ, ਦਿਲ ਫ਼ਿਕਰਾਂ ਨੂੰ ਘੇਰੇ,
ਢਿੱਡੋਂ ਭੁੱਖੇ ਮਾਹੀਆਂ ਦੇ ਗਲ, ਪੈ ਗਏ ਹੋਰ ਝਮੇਲੇ।
ਉੱਜੜ ਜਾਣ ਪੜ੍ਹਾਂਦੇ ਮਾਪੇ, ਅੱਗੋਂ ਕਾਰ ਨਾ ਲੱਭੇ,
ਜਾਨ ਪਈ ਹਟਕੋਰੇ ਖਾਂਦੀ, ਐਸ਼ ਕਰਨ ਕਿਸ ਵੇਲੇ ?
ਇਸ਼ਕੋਂ ਰੂਪ ਵਟਾ ਕੇ ਜੇ ਰੁਜ਼ਗਾਰ ਕਦੇ ਬਣ ਜਾਵੇਂ,
ਹੋਣ ਮੁਰੀਦ ਹਜ਼ਾਰਾਂ ਤੇਰੇ, ਬਾਬੂ ਨਵੇਂ ਨਵੇਲੇ।
"ਨੋ ਵਕੈਨਸੀ"[1] ਪੌਲਾ ਵੱਜੇ, ਜਿਸ ਦਫਤਰ ਵਲ ਤੱਕੇ,
ਬੂਟ ਗੰਢਾਈ ਦੇਂਦਿਆਂ ਮੁੱਕੇ ਕੰਨੀਓਂ ਪੈਸੇ ਧੇਲੇ।
ਵਹੁਟੀ ਆਖੇ, ਬਾਬੂ ਜੀ ! ਆਟਾ ਲੈ ਆਓ ਬਜ਼ਾਰੋਂ,
ਖਿਝ ਕੇ ਕਹੇ, ਦਫਾ ਹੋ ਜਾ, ਕਿਉਂ ਖਾਧੀ ਊ ਜਾਨ, ਚੁੜੇਲੇ !
ਬੇਰੁਜ਼ਗਾਰੀ ਸ਼ੇਰਾਂ ਵਰਗੇ ਗਭਰੂ ਚਾਕੂ ਕੀਤੇ,
ਇਕ ਇਕ ਟੁਕੜੇ ਖਾਤਰ 'ਚਾਤ੍ਰਿਕ' ਸੌ ਸੌ ਪਾਪੜ ਵੇਲੇ।

ਮਾਂ ਦਾ ਧੀ ਨੂੰ ਕਠਹਾਰ

(ਧਾਰਨਾ ਜੇ ਸਾਡੀ ਬੀਬੀ ਮੋਟਾ ਪੀਹੇ...)

ਸਾਈਂ ਜੀਵੀ ! ਹੇ ਵਡਭਾਗਣ, ਸੁਖੀ ਵਸੇਂ ਹੋ ਬੁੱਢ ਸੁਹਾਗਣ,
ਦਿਨ ਦਿਨ ਭਾਗ ਮੱਥੇ ਦੇ ਜਾਗਣ, ਮਾਣੇਂ ਠੰਢੀਆਂ ਛਾਈਂ ਧੀ।
ਗੱਲ ਮੇਰੀ ਇਕ ਲੈ ਜਾ ਪੱਲੇ, ਸੁਖ ਸੰਪਦ[2] ਮਿਲਸੀ ਇਸ ਗੱਲੇ,
ਜੀਵਨ ਦੇ ਦਿਨ ਹੋਣ ਸੁਖੱਲੇ, ਇਸ ਨੂੰ ਭੁੱਲ ਨਾ ਜਾਈਂ ਧੀ।
ਪੇਕੇ ਘਰ ਜੋ ਉਮਰ ਲੰਘਾਈ, ਇਸ ਵਿਚ ਫ਼ਿਕਰ ਨਹੀਂ ਸੀ ਕਾਈ,
ਹੁਣ ਤੂੰ ਜਾਣਾ ਜੂਹ ਪਰਾਈ, ਓਥੇ ਚੱਜ[3] ਵਿਖਾਈਂ ਧੀ।
ਸੱਸੂ, ਸਹੁਰਾ, ਨਣਦ, ਜਿਠਾਣੀ, ਮਾਂ ਪਿਉਂ ਭੈਣਾਂ ਵਾਂਗਰ ਜਾਣੀਂ,
ਨੀਵੀਂ ਅੱਖੀ, ਕੋਮਲ ਬਾਣੀ, ਮੱਥੇ ਵੱਟ ਨਾ ਪਾਈਂ ਧੀ।
ਛੇਤੀ ਸੁਣਨਾ, ਹੌਲੀ ਕਹਿਣਾ, ਹੱਸੂੰ ਹੱਸੂੰ ਕਰਦੀ ਰਹਿਣਾ,
ਸੰਜਮ ਦੇ ਵਿਚ ਉੱਠਣ ਬਹਿਣਾ, ਸੁਘੜਾਂ ਹਾਰ[4] ਰਖਾਈਂ ਧੀ।
ਸਹੁਰੇ ਹੁੰਦੇ ਤਿਲਕਣਬਾਜ਼ੀ, ਹਰ ਗੱਲੇ ਕਹਿ ਭਲਾ ਭਲਾ ਜੀ,
ਗਲੀ ਗੁਆਂਢਣ ਰੱਖੀਂ ਰਾਜ਼ੀ, ਚਿੱਤ ਨਾ ਕੋਈ ਦੁਖਾਈਂ ਧੀ।
ਕਦੇ ਨਾ ਮਾਰੀਂ ਕੂੜੀਆਂ ਠੀਸ[5] ਅੜਬਾਂ[6] ਦੀਆਂ ਨ ਸਿੱਖੀ ਰੀਸਾਂ,
ਰਾਜੀ ਕਰ ਕਰ ਲਈਂ ਅਸੀਸਾਂ, ਨਿਉਂ ਨਿਉਂ ਝਟ ਲੰਘਾਈਂ ਧੀ।
ਮਿੱਠਾ ਕਹਿਣਾ, ਕੌੜਾ ਜਰਨਾ, ਹਰ ਗੱਲ ਦੇ ਵਿਚ ਜੀ ਜੀ ਕਰਨਾ,
ਠੰਢੀ ਹੋਇ ਕ੍ਰੋਧ ਨੂੰ ਹਰਨਾ, ਪਿੱਤਾ ਮਾਰ[7] ਵਿਖਾਈਂ ਧੀ।

---

1. ਕੋਈ ਥਾਂ ਖਾਲੀ ਨਹੀਂ, ਦਫਤਰਾਂ ਵਾਲਿਆਂ ਨੇ ਨੌਕਰੀਆਂ ਬਾਬਤ, ਪੁੱਛਣ ਵਾਲਿਆਂ ਤੋਂ ਵਕਤ ਬਚਾਉਣ ਲਈ ਬਾਹਰ ਲਿਖ ਕੇ ਲਾਇਆ ਹੁੰਦਾ ਸੀ, 'ਇਸ ਦਫਤਰ ਵਿਚ ਕੋਈ ਨੌਕਰੀ ਖਾਲੀ ਨਹੀਂ।' 2. ਸੁਖ ਤੇ ਧਨ ਦੌਲਤ। 3. ਸੁਚੱਜਤਾ। 4. ਵਾਂਗ। 5. ਗੱਪਾਂ। 6. ਜਿੱਦੀ, ਲੜਾਕੇ। 7. ਗੁੱਸਾ ਰੋਕ ਕੇ।

ਵੇਖ ਕਿਸੇ ਨੂੰ ਕਰੀਂ ਨਾ ਸਾੜਾ, ਇਹ ਲੱਛਣ ਤੀਵੀਂ ਨੂੰ ਮਾੜਾ,
ਸਾੜੇ ਦੇ ਥਾਂ ਪਏ ਉਜਾੜਾ, ਮੰਦਾ ਰੋਗ ਨਾ ਲਾਈਂ ਧੀ।
ਬਹੁਤਾ ਬੋਲਣ, ਝੂਠ ਬਖੀਲੀ, ਕਦੇ ਨਾ ਕਰੀਂ ਨਾ ਬਣੀ ਹਠੀਲੀ,
ਨੀਵੇਂ ਨੈਣ, ਜ਼ਬਾਨ ਰਸੀਲੀ, ਮੱਥਾ ਸਦਾ ਖਿੜਾਈਂ ਧੀ।
ਤੜਕੇ ਜਾਗ ਚਿਰਾਕੀ ਸੌਣਾ, ਦਿਨੇ ਸੌਣ ਦਾ ਝੱਸ ਨਾ ਪੌਣਾ,
ਦੇਹ ਨੂੰ ਆਲਸ ਰੋਗ ਨਾ ਲੌਣਾ, ਘਰ ਨੂੰ ਸ੍ਵਰਗ ਬਣਾਈਂ ਧੀ।
ਪੇਕਿਆਂ ਦਾ ਧਨ ਨਾਮ[1] ਸਲਾਹ ਕੇ, ਕੀ ਲੈਣਾ ਪਰਤਾਪ ਸੁਣਾ ਕੇ,
ਜੋ ਸੁਖ ਡਿੱਠੇ ਸਹੁਰੇ ਜਾ ਕੇ, ਗੀਤ ਉਨ੍ਹਾਂ ਦੇ ਗਾਈਂ ਧੀ।
ਜਾਦੂ ਟੂਣੇ ਮੰਤਰ ਝਾੜੇ, ਝੂਠੇ ਹਨ ਏਹ ਸਭ ਪੁਆੜੇ,
ਤੀਵੀਂ ਤਾਈਂ ਕਰਨੇ ਮਾੜੇ, ਝਾਤੀ ਭੁੱਲ ਨਾ ਪਾਈਂ ਧੀ।
ਪਾਂਧੇ ਰੌਲ, ਜੋਤਸ਼ੀ ਸਾਰੇ, ਗੱਲਾਂ ਕਰ ਕਰ ਤੋੜਨ ਤਾਰੇ,
ਜੋ ਪਰਮੇਸ਼ਰ ਰੱਖੇ ਮਾਰੇ, ਉਸਦੀ ਆਸ ਤਕਾਈਂ ਧੀ।
ਸ੍ਵਾਮੀ ਹੈ ਪਰਮੇਸ਼ਰ ਤੇਰਾ, ਉਸ ਤੋਂ ਕੋਇ ਦੇਵ ਵਡੇਰਾ,
ਉਸ ਸੇਵਾ ਦਾ ਲਾਭ ਚੰਗੇਰਾ, ਹੋਰ ਨਾ ਕਿਧਰੇ ਜਾਈਂ ਧੀ।
ਸਾਈਂ ਤੇਰਾ ਸਭ ਸੁਖ ਰਾਸੀ[2] ਉਸ ਦੀ ਰਹਿਣਾ ਬਣ ਕੇ ਦਾਸੀ,
ਪਾਵੇਂ ਤਦ ਸੁਖ ਅਬਿਨਾਸੀ[3], ਉਸ ਦੀ ਟਹਿਲ ਕਮਾਈਂ ਧੀ।
ਮਾਲਕ ਦੇ ਹੁਕਮਾਂ ਵਿਚ ਰਹਿਣਾ, ਇਹ ਤੀਵੀਂ ਦਾ ਉੱਤਮ ਗਹਿਣਾ,
ਗੁੱਸੇ ਨੂੰ ਕਰ ਧੀਰਜ ਸਹਿਣਾ, ਸੁੱਚਾ ਜ਼ੇਵਰ ਪਾਈਂ ਧੀ।
ਕੋਈ ਭੁੱਲ ਕਰੇ ਜੇ ਸਾਈਂ, ਤਦ ਭੀ ਮੱਥੇ ਵੱਟ ਨਾ ਪਾਈਂ।
ਸਮਾਂ ਟਲਾਇ, ਇਕੱਲੇ ਤਾਈਂ, ਮਿਠੀ ਬਣ ਸਮਝਾਈਂ ਧੀਂ।
ਉਜਲੇ ਲੀੜੇ ਪਹਿਨੀਂ ਚੰਗੇ, ਐਪਰ ਗੂੜ੍ਹੇ ਰੰਗ ਨਾ ਰੰਗੇ,
ਢੱਕਣ ਜੁੱਸਾ ਹੋਣ ਸੁਢੰਗੇ[4], ਹੰਢਣਸਾਰ ਹੰਢਾਈਂ ਧੀ।
ਜੇ ਇਹ ਸਿਖਜਾ ਕੰਠ ਕਰੇਂਗੀ, ਤੁਰ ਏਹਨਾਂ ਤੇ ਸੁਖੀ ਰਹੇਂਗੀ,
ਸੁਖ ਸੰਪਤ ਭੰਡਾਰ ਭਰੇਂਗੀ, ਰੋਜ ਇਨ੍ਹਾਂ ਨੂੰ ਗਾਈਂ ਧੀ।

ਇਕ ਧੀ ਦੀ ਚਿੱਠੀ, ਮਾਪਿਆਂ ਵਲ

(ਹੱਥ ਜੋੜ, ਸਿਰ ਨਯਾਇ ਜੁਹਾਰ[5] !)

1. ਧਰਮੀ ਬਾਬਲ ! ਦਰਦਣ ਅੰਮਾਂ ! ਜੀਓ ਜਾਗੋ ਜੁੱਗ ਹਜ਼ਾਰ !
ਸੁੱਖ ਨਾ ਮੁੱਕਣ, ਦੁੱਖ ਨਾ ਢੁੱਕਣ, ਹੋਵੇ ਜੱਸ ਜਹਾਨੀਂ ਚਾਰ !
ਵੇਲ ਵਧੇ ਪਰਤਾਪ ਸਵਾਇਆ, ਸਾਈਂ ਦੇਇ ਅਖੁੱਟ ਭੰਡਾਰ !
ਗਊ ਨਿਮਾਣੀ ਧੀਇ ਇਵਾਣੀ, ਦਾਣੇ ਪਾਣੀ ਦੇ ਅਨੁਸਾਰ,
ਰੱਬ ਨੇ ਘੱਲੀ ਦੁਨੀਆਂ ਦੇ ਵਿਚ, ਚੁਗਣੇ ਹੇਤ ਤੁਹਾਡੀ ਬਾਰ।
ਲੂੰ ਲੂੰ ਮੇਰਾ ਦੇਇ ਅਸੀਸਾਂ ਜੋ ਜੋ ਕੀਤੇ ਸਨ ਉਪਕਾਰ,

---

1. ਘਰ। 2. ਖਜਾਨਾ। 3. ਨਾਸ ਨਾ ਹੋਣ ਵਾਲਾ। 4. ਚੰਗੇ ਢੰਗ ਵਾਲਾ। 5. ਨਮਸਕਾਰ।

ਸਿਲ ਫਿੱਕੀ[1] ਆਮਾਨ[2] ਬਿਗਾਨੀ, ਸੱਲਾਂ ਸੂਲਾਂ ਦੀ ਆਗਾਰ[3]।
ਹਸ ਹਸ ਸਿਰ ਤੇ ਕਾਰ ਉਠਾਈ, ਉਸ ਦਾਤੇ ਦੀ ਦਾਤ ਚਿਤਾਰ,
ਪਾਲੀ, ਪੋਸੀ, ਗੋਦ ਖਿਡਾਈ, ਸਾਰੇ ਕੀਤੇ ਚਾਓ ਮਲ੍ਹਾਰ।
ਬਾਲ ਵਰੇਸੇ ਰਾਜ ਕਰਾਇਆ, ਕੀਤਾ ਪੁੱਤਾਂ ਵਾਂਗ ਪਿਆਰ,
ਹੋਇ ਸਿਆਣੀ ਗੋਦੀ ਲੈ ਲੈ, ਵੀਰ ਖਿਡਾ ਹੋਵਾਂ ਬਲਿਹਾਰ।
ਸਈਆਂ ਨਾਲ ਰਲਾਂ ਤੇ ਜਾਵਾਂ, ਸਾਵੇਂ ਖੇਡਣ ਬਾਹਰ ਵਾਰ,
ਹੱਸਾਂ, ਖੇਡਾਂ, ਗਾਵਾਂ, ਬੋਲਾਂ, ਰਾਤ ਲੰਘਾਵਾਂ ਲਾਇ ਭੰਡਾਰ।
ਚੰਗਾ ਚੋਖਾ ਖਾਵਾਂ ਖੇਡਾਂ, ਫਿਕਰ ਨਾ ਕੋਈ ਕੰਮ ਨਾ ਕਾਰ।
2. ਲਗਰ ਲਮੇਰੀ ਚਾਰ ਦਿਨਾਂ ਵਿਚ, ਹੋਇ ਪਈ ਜਦ ਮੈਂ ਹੁਸ਼ਿਆਰ,
ਮਾਲਿਕਿਆਣੀ, ਘਰ ਦੀ ਰਾਣੀ, ਸਭ ਕੁਝ ਦੀ ਕੀਤੀ ਮੁਖਤਾਰ[4]।
ਰੱਖਾਂ, ਪਾਵਾਂ, ਖਰਚਾਂ, ਖਾਵਾਂ, ਸੌਂਪ ਦਿੱਤਾ ਸਾਰਾ ਘਰ ਬਾਰ,
ਅੰਮਾ ਰਾਣੀ ਮੱਥੇ ਉੱਪਰ ਵੱਟ ਨਾ ਪਾਇਆ ਵੇਖ ਵਿਗਾੜ।
ਬਾਬਲ ਰਾਜੇ ਦੇ ਪਰਤਾਪੋਂ ਕੋਇ ਨਾ ਮੈਨੂੰ ਹਟਕਣਹਾਰ।
ਰਾਜ ਘਰੇ ਵਿਚ ਕੱਲੀ ਮਾਲਕ ਜੋ ਜੀ ਚਾਹੇ ਕਰਾਂ ਬਹਾਰ।
ਜਾਂ ਖੁਸ਼ੀਆਂ ਤੇ ਜਾਂ ਉਸ ਧਰਮੀ ਰਾਜੇ ਬਾਬਲ ਦਾ ਦਰਬਾਰ।
ਜਾਂ ਤ੍ਰਿੰਞਣ ਜਾਂ ਗੁੱਡੀਆਂ ਖੇਨੂੰ, ਜੋੜਾ ਕਰਾਂ ਪਟੋਲੇ[5] ਤਿਆਰ।
ਹੋਰ ਨਾ ਕੋਈ ਲੋਇ ਜਗਤ ਦੀ ਕਿਸ ਪਾਸੇ ਵੱਸੇ ਸੰਸਾਰ।
ਬੇਫ਼ਿਕਰੀ ਦਾ ਜੀਵਨ ਐਸਾ ਕੱਟ ਲਿਆ ਉਸ ਉਮਰ ਮਝਾਰ[6]
ਭੁੱਲ ਨਾ ਜਾਸੀ ਜੀਂਦੀ ਜਿੰਦੇ ਅੰਮਾਂ ਬਾਪੂ ਦਾ ਉਪਕਾਰ।
ਯਾਦ ਰਖੇਂਗੀ ਓਸ ਸਮੇਂ ਨੂੰ ਜਿਸ ਵਿਚ ਪਾਏ ਸੁੱਖ ਅਪਾਰ।
3. ਬਾਪੂ ਦੇ ਪਰਤਾਪ ਲੁਭਾਈ, ਭੁੱਲ ਗਈ ਮੈਂ ਭੁਲਣਹਾਰ।
ਜਾਤਾ ਸੁੱਖ ਸਦਾ ਤੇ ਸੰਗੀ ਬਾਬਲ ਦਾ ਵੱਸੇ ਦਰਬਾਰ।
ਕੀ ਲੋੜਾਂ ਤੇ ਕੀ ਹਨ ਗ਼ਰਜਾਂ ? ਸਿੱਖਾਂ ਕੋਈ ਕਾਰ ਵਿਹਾਰ।
ਏਸ ਫਿਟੇਵੇਂ ਅੱਗੇ ਕਾਰਨ, ਸਿੱਖ ਨਾ ਸੱਕੀ ਅੱਖਰ ਚਾਰ।
ਸੂਈਆਂ ਚੋਭ ਕਸੀਦਾ ਦੱਸੇ, ਉਸਤਾਨੀ ਨਿਤ ਮਾਰੇ ਮਾਰ।
'ਨੀ ਕੁੜੀਏ ! ਕੁਝ ਸਿੱਖ ਸਿਆਣਪ, ਹੋਈ ਹੈਂ ਹੁਣ ਤੂੰ ਮੁਟਿਆਰ।
ਪਰ ਬੇਕਿਸਮਤ ਮੂਰਖ ਨੇ ਮੈਂ, ਮੂਲ ਨਾ ਕੀਤੀ ਕੁਝ ਵਿਚਾਰ।
ਸਮਾਂ ਟਪਾਇਆ ਦਾਉ ਘੁਸਾਈਂ, ਦਿਨ ਦਿਨ ਹੁੰਦੀ ਗਈ ਖਿਡਾਰ।
ਓੜਕ ਨੂੰ ਹੁਣ ਗ਼ਫ਼ਲਤ ਦਾ ਫਲ ਭੁਗਤਣ ਸੰਦੀ ਆਈ ਵਾਰ।
ਮਾਪੇ ਵੇਖਣ ਗੋਤੇ ਜਾਵਣ, "ਹੁਣ ਬੀਬੀ ਹੋਈ ਮੁਟਿਆਰ"।
ਚੋਰੀ ਚੋਰੀ ਮੇਰੇ ਪਾਸੋਂ ਅੰਦਰ ਬਹਿ ਕੇ ਕਰਨ ਵਿਚਾਰ।
ਓੜਕ ਪੱਕ ਸਲਾਹ ਠਰ੍ਹਾਈ ਨਾਈ ਬ੍ਰਾਹਮਣ ਕਰੋ ਤਿਆਰ।
ਮੈਂ ਭਿੱਛਕਾ[7] ਦੇ ਮੰਗਣ ਕਾਰਨ, ਵੇਖਣ ਕੋਈ ਉੱਚ ਦੁਆਰ।

---

1. ਔਖਾ ਕੰਮ। 2. ਅਮਾਨਤ। 3. ਭੰਡਾਰ ਖਜ਼ਾਨਾ। 4. ਅਧਿਕਾਰੀ। 5. ਗੁੱਡੀਆਂ ਦੇ ਕਪੜੇ। 6. ਵਿਚਕਾਰ। 7. ਮੰਗਤੀ।

4. ਚਾਰ ਦਿਨਾਂ ਵਿਚ ਸਭ ਕੁਝ ਹੋ੍ਇਆ ਲਾਗੂ ਆਏ ਬਾਹਰ ਵਾਰ।
ਸੋਹਲਿਆ[1] ਦੀ ਢੋਲਕ ਵੱਜੀ, ਸੱਈਆਂ ਗਾਇਆ ਮੰਗਲਚਾਰ।
ਚੂਲੀ ਪਾਇ, ਫੜਾਇਆ ਰੱਸਾ, ਅੰਮਾ ਬਾਪੂ ਪਰ੍ਹਾਂ ਖਲ੍ਹਾਰ।
ਲੋਕੀ ਹੱਸਣ ਤੇ ਮੈਂ ਰੋਵਾਂ, ਇਹ ਕੀ ਹੋਇਆ ਹੇ ਕਰਤਾਰ।
ਘਰ ਦੀ ਮਾਲਕਿਆਣੀ ਤਾਈਂ ਧੱਕਾ ਮਿਲਿਆ ਇਸ ਪ੍ਰਕਾਰ।
ਟੁੱਟਾ ਦਖ਼ਲ ਅਜੇਹਾ, ਆਪੇ ਚੁੱਕ ਨਾ ਸਕਾਂ ਕਲੀਰੇ[2] ਚਾਰ।
ਜੰਮੀ ਪਲੀ ਸਿਆਣੀ ਹੋਈ ਘਾਹ ਚੁਗਿਆ ਜਿਸ ਜੂਹ ਮਝਾਰ।
ਅੱਚਣਚੇਤ ਬਿਦਾਵਾ ਮਿਲਿਆ, ਜਿੱਥੋਂ ਦੀ ਸਾਂ ਦਾਵੇਦਾਰ[3]1
ਜਿਨ੍ਹਾਂ ਦੀ ਬਣ ਮਾਲਿਕ ਬੈਠੀ, ਓਹ ਮਿਲਸਣ ਹੁਣ ਖੱਟ ਖਿਲਾਰ[4]।
ਰੋ ਰੋ ਕੇ ਸਿਰ ਖਾਲੀ ਕੀਤਾ, ਤਰਲਾ ਕੀਤਾ ਲੱਖ ਹਜ਼ਾਰ।
"ਨੀ ਅੰਮਾ ! ਜੋ ਹੁਕਮ ਕਰੇਂਗੀ, ਬੰਦੀ ਤੇਰੀ ਤਾਬੇਦਾਰ।
"ਬਾਪੂ ਜੀ ! ਕੁਝ ਤਰਸ ਕਰੋ, ਨਾ ਧੱਕਾ ਦੇਵੋ ਬਾਹਰਵਾਰ।"
"ਵੀਰਾਂ ਦਾ ਕਰ ਗੋਲਪਣਾ[5], ਮੈਂ ਪਿੱਛ ਪੀਆਂਗੀ ਚੌਲ ਨਿਤਾਰ।"
ਜੋ ਆਇਆ ਮੈਂ ਚੰਬੜ ਚੰਬੜ, ਏਹੋ ਕੀਤੀ ਅਰਜ਼ ਗੁਜ਼ਾਰ।
"ਜਗਤ-ਚਾਲ" ਕਹਿ ਲੜ ਛੁਡਵਾਂਦੇ, ਕੋਈ ਨਾ ਸੁਣਦਾ ਹਾਲ ਪੁਕਾਰ।

5. ਤੁਰੋ ਤੁਰੀ ਏਨੇ ਨੂੰ ਹੋਈ, ਚੁੱਕਣ ਆਏ ਚਾਰ ਕਹਾਰ।
ਅੰਨ ਦਿੱਤਾ, ਧਨ ਦੌਲਤ ਦਿੱਤੀ, ਕੱਪੜ ਦੇ ਲਾਏ ਅੰਬਾਰ।
ਘੋੜੇ, ਜੋੜੇ, ਗਾਈਂ, ਮੱਝੀਂ, ਦਿੱਤੀ ਦਾਤ ਅਨੰਤ ਅਪਾਰ।
ਗਲ ਪੱਲਾ ਮੂੰਹ ਘਾਹ ਬਾਬਲ ਦੇ, ਸਈਆਂ ਕੀਤੀ ਬਿਨੈ ਉਚਾਰ।
"ਜੋੜੇ ਝਾੜਨ ਹੇਤ ਤੁਹਾਡੇ ਬੀਬੀ ਦਿੱਤੀ ਖਿਦਮਤਗਾਰ[6]।"
"ਜੇ ਬੀਬੀ ਕੁਝ ਮੰਦਾ ਬੋਲੇ, ਢੱਕ ਲਿਓ ਜੇ ਕਿਰਪਾ ਧਾਰ।"
"ਠੁੱਲਾ ਕੱਤੇ ਮੋਟਾ ਪੀਹੇ, ਤਾਂ ਸਮਝਾਇਓ ਨਾਲ ਪਿਆਰ।"
"ਥੋੜਾ ਦੇਣਾ ਬਹੁਤੀ ਮਿੰਨਤ, ਬਰਦੇ[7] ਅਸੀਂ ਤੁਸੀਂ ਸਰਕਾਰ।"
"ਧੀਆਂ ਵਾਂਗ ਲਡਾਸਾਂ ਬੀਬੀ" ਸਹੁਰੇ ਕੀਤਾ ਕੌਲ ਕਰਾਰ।
ਭਾਈ ਬਾਹੀ ਪਕੜ ਖਲੋਤੇ, ਭੈਣਾਂ ਨੈਣਾਂ ਲਾਈ ਤਾਰ।
ਮੈਂ ਰੋਵਾਂ ਤੇ ਮਾਪੇ ਰੋਵਣ, ਰੋਵੇ ਸਭ ਖਲਾ ਪਰਵਾਰ।
ਰੋਇ ਧੋਇ ਕੇ ਵਿਦਿਆ ਕੀਤਾ, ਭਾਰੋਂ ਟੁੱਟੀ ਉਡੇ[8] ਹਾਰ।
ਖੁੱਟ ਗਿਆ ਉਹ ਦਾਣਾ ਪਾਣੀ, ਟੁੱਟ ਗਿਆ ਉਹ ਨੇਹੁੰ ਪਿਆਰ।
ਛੁਟ ਗਿਆ ਸਈਆਂ ਦਾ ਮੇਲਾ, ਖੁੱਸ ਗਿਆ ਬਾਬਲ ਦਾ ਦ੍ਵਾਰ।
ਦੇਸ ਬਿਗਾਨੇ ਜੂਹ ਪਰਾਈ, ਡੋਲਾ ਦਿੱਤਾ ਆਣ ਉਤਾਰ।
ਨਵਿਆਂ ਲੋਕਾਂ ਦੇ ਵਿਚ ਆਈ, ਹੋਣ ਲਗਾ ਆਦਰ ਸਤਕਾਰ।

---

1. ਖੁਸ਼ੀ ਦੇ ਗੀਤ। 2. ਨਿਕੇ ਨਿਕੇ ਗਹਿਣੇ ਕਪੜੇ। 3. ਹੱਕਦਾਰ, ਅਧਿਕਾਰੀ।
4. ਮੰਜੀ ਉੱਤੇ ਖਿਲਾਰ ਕੇ ਵਿਖਾਇਆ ਦਾਜ। 5. ਗੁਲਾਮੀ। 6. ਸੇਵਾ ਕਰਨ ਵਾਲੀ। 7. ਨੌਕਰ। 8. ਕੂੰਜ।

ਸਹੁਰੇ ਦੰਮੀ[1] ਬੁੱਕ ਭਰਾਏ, ਸੱਸੂ ਪੀਤਾ ਪਾਣੀ ਵਾਰ।
ਪੀੜ੍ਹਾ, ਪਲੰਘ, ਨਿਣਾਨਾਂ ਗੀਟੇ, ਹੱਸਣ ਖੇਡਣ ਨਾਲ ਵਿਹਾਰ।
6. ਖਾਣ ਹੰਡਾਣ ਦਿਨਾਂ ਦਾ ਮੁੱਕਾ, ਕੀਤੀ ਖੁਸ਼ੀ ਦਿਹਾੜੇ ਚਾਰ।
ਪੀੜ੍ਹਾ ਛੱਡ ਫੜੀ ਹੁਣ ਸੇਵਾ, ਤਿਲਕਣ ਬਾਜ਼ੀ ਦੇ ਵਿਚਾਰ।
ਚੱਜ ਨਾ ਸਿੱਖੀ, ਪੜ੍ਹੇ ਨਾ ਅੱਖਰ, ਡਿੱਠੀ ਘਰ ਦੀ ਚਾਰ ਦਿਵਾਰ।
ਚਿੱਤ ਨਾ ਯਾਦ ਖਾਬ ਵਿਚ ਹੈਸਨ ਜੋ ਆ ਪਏ ਅਚਾਨਕ ਭਾਰ।
ਕਿੰਸ ਤੱਤੀ ਨੂੰ ਚੇਤਾ ਭੀ ਸੀ, ਸਹੁਰੇ ਹੋਰ ਨਵਾਂ ਸੰਸਾਰ।
ਵਰਤਣ ਨਾਲ ਬਿਗਾਨੜਿਆਂ ਦੇ, ਪੌਣੀ ਹੈ ਇਸ ਉਮਰ ਮਝਾਰ।
ਗਿਣ ਗਿਣ ਬੋਲਣ ਚੱਲਣ ਹੋਸੀ, ਖਾਵਣ ਪੀਵਣ ਸੰਜਮਦਾਰ[2]।
ਅੱਖਾਂ ਬੰਦੀਖਾਨੇ ਪੈਸਣ, ਟੋਹ ਟੋਹ ਹੋਇ ਸਕੇਗੀ ਕਾਰ।
ਅਕਲੋਂ ਬਾਝ ਸਲਾਹੇ ਕਿਹੜਾ, ਨੁਕਤਾਚੀਨਾਂ ਦੇ ਦਰਬਾਰ।
ਮਾਪਿਆਂ ਦੇ ਹਾੜੇ ਸਭ ਭੁੱਲੇ, ਦਾਤਾਂ ਨੂੰ ਭੀ ਗਏ ਡਕਾਰ।
ਗਲ ਦਾ ਹਾਰ ਹੋਏ ਆ ਮਿਹਣੇ, ਤਾਨ੍ਹਿਆਂ ਟੋਕਾਂ ਦੀ ਭਰਮਾਰ।
ਨਣਦ, ਜਿਠਾਣੀ ਘੂਰੀ ਵੱਟਣ, ਸੱਸੂ ਆਖੇ ਚਲ ਮੁਰਦਾਰ।
ਮਾਂ ਕੁਚੱਜੀ ਡੋਲੀ ਪਾਈ, ਝਿੜਕਾਂ ਖਾਣ ਬਿਗਾਨੇ ਬਾਰ।
ਅੱਖਰ ਚਾਰ ਪੜ੍ਹਾਇ ਨਾ ਸੱਕੀ, ਨਾਹਿੰ ਸਿਖਾਇਆ ਚੱਜ ਆਹਾਰ।
ਫ਼ਿਕਰ ਨਾ ਫ਼ਾਕਾ, ਨਾਲ ਅਵੈਲਾਂ[3] ਫ਼ਿਰ ਫ਼ਿਰ ਹੁੰਦੀ ਰਹੀ ਖੁਆਰ।
ਯਾਦ ਨਾ ਸੀ ਏਹ ਪੇਕੇ ਮਾਪੇ, ਚਾਰ ਦਿਨਾਂ ਦੀ ਮੌਜ ਬਹਾਰ ?
ਓੜਕ ਜਾਣਾ ਸਹੁਰਿਆਂ ਦੇ, ਜਿੱਥੇ ਵੇਖੀ ਜਾਣੀ ਕਾਰ।
ਕਿਸੇ ਨਾ ਗੱਲ ਸੁਝਾਈ ਸੀ ਇਹ ? ਅੱਗੇ ਦਾ ਕਰ ਲੈ ਉਪਕਾਰ।
ਜੀਵਨ ਦੇ ਮੈਦਾਨ ਵੜਨ ਤੋਂ ਪਹਿਲੇ ਸਿਖ ਮਾਰਨ ਤਲਵਾਰ।
ਪੇਕਾ ਘਰ ਇਕ ਪਾਠਸ਼ਾਲ ਹੈ ਸਿੱਖਣ ਨੂੰ ਜਗ ਦਾ ਵਰਤਾਰ।
ਬਾਲੀ ਉਮਰਾ ਫ਼ਰਸਤ[4] ਦੇ ਦਿਨ, ਜੋ ਕੁਝ ਸਿੱਖ ਲਿਆ ਸੋ ਸਾਰ।
ਅੱਗੇ ਗਇਆ ਮਾਮਲਿਆ[5] ਦਾ ਸਿਰ ਤੇ ਪੈਣਾ ਭਾਰਾ ਭਾਰ।
ਕੱਚੀ ਪੱਕੀ ਜੇਹੀ ਨਿਕਲੀ ਆਵੀ ਵਿਚੋਂ ਬਾਹਰ ਵਾਰ।
ਜੋ ਹੋਇਆ ਸੋ ਹੋ ਗਿਆ ਏਥੇ ਅੱਗੇ ਖਾਲੀ ਉਡੀਕੇ ਕਾਰ।
ਪਿਉ ਦੀ ਜੂਹ, ਖਿਡਾਰਾਂ ਕੁੜੀਆਂ, ਨਾਲ ਨਾ ਚੱਲਣ ਤੁਰਦੀ ਵਾਰ।
ਕੱਤਣ ਵਾਲੀਆਂ ਹੋਣ ਸੁਰਖਰੂ ਵੱਤਣ[6] ਵਾਲੀਆਂ ਹੋਣ ਲਚਾਰ।
ਵਿਗੜੇ ਕੰਮ, ਅਕਲ ਜੇ ਦੇਈਏ, ਰੋਵੇਂ ਕਿਉਂ ਡੁਸਕਾਰੇ ਮਾਰ ?
ਪੇਕੇ ਉਮਰਾ ਖੇਡ ਗਵਾਈ ਤੇਰੇ ਜਿਹੀਆਂ ਖਾਣ ਪੰਜਾਰ[7]।

---

1. ਪੈਸਿਆਂ ਨਾਲ। 2. ਸੰਕੋਚ ਨਾਲ, ਢੰਗ ਨਾਲ। 3. ਬੁਰੇ ਸੁਭਾ ਵਾਲੀਆਂ। 4. ਵੇਹਲ। 5. ਸਮੱਸਿਆਵਾਂ। 6. ਫਿਰਨ ਤੁਰਨ। 7. ਜੁੱਤੀਆਂ।

7. ਕੀਤੀ ਚੁਪ ਨਿਮਾਣੀ ਹੋ ਕੇ, ਸਿਰ ਨੀਵਾਂ ਕਰ ਗਈ ਸਹਾਰ।
ਜੋ ਆਖਣ ਜੀ ਜੀ ਕਰ ਮੰਨਾਂ, ਕਰ ਨਾ ਸਕਾਂ ਕੋਈ ਤਕਰਾਰ[1]।
ਜੀਕਰ ਨਿਭੇ ਨਿਭਾਵਾਂ ਸਿਰ ਤੇ, ਕਰਾਂ ਨਾ ਕਿਸ ਬੇ ਗਿਲਹ ਗੁਜ਼ਾਰ[2]।
ਪਰ ਅੰਮਾਂ ਮੈਂ ਅਰਜ਼ ਕਰਾਂ ਇਕ, ਜੋ ਤੈਂ ਕੀਤੇ ਚਾਉ ਮਲ੍ਹਾਰ।
ਕੰਮ ਨਾ ਮੇਰੇ ਆਏ ਏਥੇ, ਹੋਰ ਚੀਜ਼ ਇਕ ਸੀ ਦਰਕਾਰ[3]।
ਲਾਡਾਂ ਦੇ ਥਾਂ ਝਿੜਕਾਂ ਦੇਂਦੀ, ਧੀ ਨੂੰ ਕਰਦੀ ਮਾਰ ਸੁਆਰ।
ਚੱਜ ਅਚਾਰ, ਬਿਗਾਨੀ ਵਰਤਣ, ਵਿਦਜਾ ਗੁਣ ਦੀ ਹੁੰਦੀ ਸਾਰ।
ਮਾਂ ਮੈਂ ਬਾਰ ਬਿਗਾਨੇ ਆ ਕੇ, ਸੁਖ ਵਿਚ ਲੈਂਦੀ ਉਮਰ ਗੁਜ਼ਾਰ।
ਹੁਣ ਭੀ ਜਿਹੜੇ ਧੀਆਂ ਵਾਲੇ, ਉਹਨਾਂ ਨੂੰ ਕਹਿ ਦਿਓ ਪੁਕਾਰ।
ਲਾਡਾਂ ਦਾ ਕੁਝ ਮੁੱਲ ਨਾ ਪੈਂਦਾ, ਵੇਖੇ ਜਾਂਦੇ ਚੱਜ ਅਚਾਰ।
ਤਾਂ ਤੇ ਧੀਆਂ ਇੰਜ ਨਾ ਤੋਰੋ ਅੱਗੇ ਜਾ ਕੇ ਹੋਣ ਲਚਾਰ।
ਮੱਤ ਦਿਓ, ਮਤ ਲਾਡ ਕਰਾਓ, ਵਿਦਜਾ ਦਾ ਦੇਵੋ ਭੰਡਾਰ।
'ਚੱਜਾਂ' ਦਾਜ, ਗੁਣਾਂ ਦਾ ਗਹਿਣਾ, ਤੇਵਰ ਬੇਵਰ[4] ਸ਼ੁਭ ਆਚਾਰ।
ਸਹੁਰੇ ਜਾਇ ਸੁਖੀ ਤਦ ਵੱਸਣ, ਪੱਲੇ ਹੋਵਣ ਕੌਡਾਂ ਚਾਰ।
ਸ਼ੁਭ ਗੁਣ, ਵਿਦਜਾ, ਸ਼ੀਲ ਸਿਆਣਪ, ਇਨ ਬਿਨ ਔਖੀ ਚੱਲੇ ਕਾਰ।
ਹੋਰ ਕਹਾਂ ਕੀ ਅੰਮਾਂ ਜੀ ਮੈਂ, ਏਹੋ ਬਿਨਤੀ ਬਾਰੰਬਾਰ।
ਠੰਢੀ ਵਾਉ ਭਖੀ ਜੇ ਚਾਹੋ, ਤਾਂ ਕਰਿਓ ਵਿਦਜਾ ਪਰਚਾਰ।
ਵਿਦਜਾ ਬਾਝ ਬੁਰੀ ਗਤ ਹੋਵੇ, ਅੱਗੇ ਧੀਆਂ ਹੋਣ ਖੁਆਰ।
ਨ ਦਰਗਾਹੋ ਢੋਈ ਮਿਲਦੀ, ਨਾ ਸੁਖ ਮਿਲਦਾ ਇਸ ਸੰਸਾਰ।

ਤ੍ਰਿਸ਼ਨਾ ਦਾ ਪੁਤਲਾ

ਸਾਇੰਸ ਦੀ ਬਰਕਤ ਨਾਲ, ਮਨੁੱਖ ਨੇ ਕੁਦਰਤੀ ਤਾਕਤਾਂ ਉੱਤੇ ਜੋ ਕਬਜ਼ਾ ਪ੍ਰਾਪਤ ਕਰ ਲਿਆ ਹੈ, ਉਸ ਦਾ ਫਲ ਤਾਂ ਇਹ ਹੋਣਾ ਚਾਹੀਦਾ ਸੀ, ਕਿ ਦੁਨੀਆਂ ਤ੍ਰਿਪਤ ਹੋ ਜਾਂਦੀ। ਪਰ ਹੁੰਦਾ ਅਸਲ ਇਹ ਹੈ ਕਿ ਇਨਸਾਨੀ ਹਿਰਸ ਦਾ ਮੂੰਹ ਦਿਨੋ ਦਿਨ ਖੁਲ੍ਹਦਾ ਜਾਂਦਾ ਹੈ। ਇਕ ਦੂਜੇ ਨੂੰ ਆਪਣੀ ਖ਼ੁਦਗਰਜ਼ੀ ਦੇ ਚੱਕਰ ਵਿਚ ਵਲੀ ਜਾਂਦਾ ਹੈ, ਇਸ ਬਲ ਦਾ ਅਨੁਚਿਤ ਵਰਤਾਉ ਇਥੋਂ ਤਕ ਪੈਰ ਪਸਾਰ ਰਿਹਾ ਹੈ, ਕਿ ਅਮਨ ਤੇ ਆਜ਼ਾਦੀ ਦੋਵੇਂ ਖ਼ਤਰੇ ਵਿੱਚ ਜਾ ਪਏ ਹਨ; ਕੁਦਰਤੀ ਤਾਕਤਾਂ ਪਾਸੋਂ ਸੁਖ ਲੈਣ ਦੀ ਥਾਂ ਦੂਜਿਆਂ ਨੂੰ ਨਿਰਜੀਵ ਬਣਾਉਣ ਦਾ ਕੰਮ ਲਿਆ ਜਾਂਦਾ ਹੈ। ਇਸ ਕਵਿਤਾ ਵਿਚ ਤਾਕਤ ਤੇ ਦੌਲਤ ਦੇ ਅਯੋਗ ਵਰਤਾਉ ਦੀ ਝਾਕੀ ਦਿਖਾ ਕੇ ਪ੍ਰਾਸਚਿਤ ਦਾ ਰਸਤਾ ਸੁਝਾਇਆ ਗਿਆ ਹੈ।[5]

1. ਢਾਲੀ ਗਈ ਖ਼ਲਕਤ ਜਦੋਂ, ਕੁਠਆਲੀਏ[6] ਆਕਾਰ ਦੀ
ਮਨ ਨੂੰ, ਜਗਾ ਕੇ ਜੋਤ, ਲੋ ਲਾਈ ਗਈ ਸੰਸਾਰ ਦੀ।

---

1. ਝਗੜਾ। 2. ਪੁਕਾਰ। 3. ਲੁੜੀਂਦੀ।
4. ਤੇਵਰ=ਤਿੰਨ ਕਪੜੇ—ਚੁੰਨੀ, ਕਮੀਜ ਸਲਵਾਰ। ਬੇਵਰ=ਦੋ ਕਪੜੇ—ਕਮੀਜ਼ ਸਲਵਾਰ।
5. ਇਹ ਨੋਟ ਕਵੀ ਨੇ ਆਪ ਦਿੱਤਾ ਹੋਇਆ ਹੈ। 6. ਕੁਠਾਲੀ, ਜਿਸ ਵਿਚ ਸੋਨਾ ਪੰਘਾਰਦੇ ਹਨ।

ਨਰਗਸ[1] ਦੇ ਦੀਦੇ ਖੋਲ੍ਹ ਕੇ, ਤ੍ਰਿਸ਼ਨਾ ਨੇ ਡੋਰਾ ਪਾਇਆ,
ਲਾਲਾ ਦਾ ਸੀਨਾ ਰੰਗ, ਸੱਧਰ ਨੇ ਲਹੂ ਗਰਮਾਇਆ।
ਚੜ੍ਹ ਚੜ੍ਹ, ਉਮੰਗਾਂ ਦੀ ਨਦੀ ਵਿਚ, ਆ ਰਿਹਾ ਤੂਫਾਨ ਸੀ,
ਇਸ ਰੋੜ੍ਹ ਵਿਚ, ਤਖਤੇ ਜਿਹੇ ਤੇ ਡੋਲਦਾ ਇਨਸਾਨ ਸੀ।
ਨਿੱਕੀ ਜਿਹੀ ਸੀ ਜਿੰਦ, ਪਰ ਉਸ ਵਿਚ ਤਰੰਗ ਅਨੇਕ ਸਨ,
ਭਰ ਭਰ ਉਛਲਦੇ ਖ਼ੂਨ ਥੀਂ, ਸੀਨੇ ਦੇ ਸਾਰੇ ਛੇਕ ਸਨ।
ਹਰਦਮ ਸੀ ਦਿਲ ਦਾ ਜ਼ੋਸ਼ ਉਠ ਉਠ ਨਾੜ ਨਾੜ ਟਪਾ ਰਿਹਾ,
ਲਹਿਰਾਂ ਦੇ ਵਾਂਗ ਖਿਆਲ ਸੀ, ਇਕ ਆ ਰਿਹਾ, ਇਕ ਜਾ ਰਿਹਾ।
ਚਾਹ ਸੀ ਕਿ ਸਭਨਾਂ ਤਾਕਤਾਂ ਨੂੰ ਮੁੱਠ ਵਿਚ ਦਬਾ ਲਵਾਂ,
ਸੰਸਾਰ ਨੂੰ, ਪੁਤਲੀ ਦੇ ਵਾਂਗਰ, ਤਾਰ ਨਾਲ ਨਚਾ ਲਵਾਂ।
2. ਤਾੜੀ[2] ਬਦੀ[3] ਭੂਤ ਨੇ, ਹਾਲਤ ਏ ਜਦ ਇਨਸਾਨ ਦੀ,
ਮਾਰੀ ਏ ਕੰਨੀਂ ਫੂਕ ਸਭ ਖਾਤਰ ਹੈ ਤੇਰੀ ਜਾਨ ਦੀ।
ਤੇਰੇ ਸੁਖਾਂ ਦੇ ਵਾਸਤੇ ਰਚਿਆ ਗਿਆ ਸੰਸਾਰ ਹੈ,
ਇਸ ਤੇ ਹਕੂਮਤ ਕਰਨ ਦਾ ਤੈਨੂੰ ਹੀ ਹੁਣ ਅਧਿਕਾਰ ਹੈ।
ਸ਼ੇਰਾਂ ਨੂੰ ਪਾ ਲੈ ਪਿੰਜਰੇ, ਹਾਥੀ ਦੇ ਸਿਰ ਅਸਵਾਰ ਹੋ,
ਫੌਜਾਂ ਬਣਾ ਕੇ ਰਾਜ ਕਰ, ਬਹੁ ਤਖ਼ਤ ਤੇ, ਹੁਸ਼ਿਆਰ ਹੋ !
ਅੜ ਜਾਇ ਜੋ, ਕੰਡਾ ਉਦ੍ਹਾ, ਨੇਜ਼ਾ ਅੜਾ ਕੇ ਕੱਢ ਦੇ,
ਹੋਵੇ ਨਾ ਨੀਵੀਂ ਧੌਣ ਜੋ, ਤਲਵਾਰ ਧਰ ਕੇ ਵੱਢ ਦੇ।
ਤਲਵਾਰ ਤੋਪ ਬੰਦੂਕ ਤੋਂ ਜੇਕਰ ਕੋਈ ਬਚ ਜਾਇਗਾ,
ਏਰੋਪਲੇਨ[4] ਅਕਾਸ਼ ਤੋਂ, ਅੰਗਿਆਰ ਤਦ ਬਰਸਾਇਗਾ।
ਕੁਦਰਤ ਨੇ ਸੱਭੇ ਤਾਕਤਾਂ ਤੇਰੇ ਅਧੀਨ ਬਣਾਈਆਂ,
ਬਿਜਲੀ ਦੁੜਾ ਕੇ ਜ਼ੁਲਮੀਆਂ ਕਰਿਆ ਕਰੀਂ ਜੀ ਆਈਆਂ।
ਝੁਕ ਜਾਇਗਾ ਸਿਰ ਰੂਪ ਦਾ, ਇਕਬਾਲ ਦੀ ਦਹਿਲੀਜ਼ ਤੇ,
ਹਾਜ਼ਰ ਕਰੇਗੀ ਜਾਨ, ਮਾਰੇਂਗਾ ਨਿਗਹ ਜਿਸ ਚੀਜ਼ ਤੇ।
ਉਠ ! ਸ਼ੇਰ ਬਣ ! ਮੈਦਾਨ ਵਿਚ, ਤਲਵਾਰ ਵਧ ਕੇ ਵਾਹ ਲੈ,
ਸਿੱਕਾ ਚਲਾ ਲੈ ਆਪਣਾ, ਕਰ ਜ਼ੁਲਮ ਡੰਝਾਂ ਲਾਹ[5] ਲੈ।
ਸਭ ਨਜਾਮਤਾਂ ਅਰ ਤਾਕਤਾਂ ਹਾਜ਼ਰ ਤੇਰੇ ਦਰਬਾਰ ਵਿਚ,
ਵਾ ਵਲ ਤੇਰੀ ਤੱਕੇ, ਓ ਐਸਾ ਕੌਣ ਹੈ ਸੰਸਾਰ ਵਿਚ ?
3. ਇਹ ਫੂਕ ਭਰ ਇਨਸਾਨ ਨੂੰ ਬਦੀਆਂ ਦਾ ਭੂਤ ਫੁਲਾ ਗਿਆ।
ਬੇਸਮਝ ਕੱਚਾ ਜਿੰਨ, ਝਟ ਹੰਕਾਰ ਦੇ ਵਿਚ ਆ ਗਿਆ।
ਲੱਗਾ ਕਰਨ ਜੀ ਆਈਆਂ, ਦਿਲ ਵਿਚ ਹਰਾਮ ਸਮਾਇਆ,

1. ਇਕ ਨਿੱਕੇ ਤੇ ਚਿੱਟੇ ਫੁੱਲ ਦਾ ਨਾਂ, ਫ਼ਾਰਸੀ ਉਰਦੂ ਕਵਿਤਾ ਵਿਚ ਅੱਖਾਂ ਨੂੰ ਇਸ ਨਾਲ ਆਮ ਉਪਮਾ ਦੇਂਦੇ ਹਨ।
2. ਦੇਖੀ। 3. ਸ਼ੈਤਾਨ। 4. ਹਵਾਈ ਜਹਾਜ਼। 5. ਰੱਜ ਰੱਜ ਕੇ ਰੀਝਾਂ ਪੂਰੀਆਂ ਕਰਨੀਆਂ।

ਖ਼ੁਦਗਰਜ਼ੀਆਂ ਦਾ ਜ਼ਹਿਰ ਰਗ ਰਗ ਓਸ ਦੀ ਵਿਚ ਧਾਇਆ।
ਥਾਂ ਥਾਂ ਹਿਰਸ ਦੇ ਜਾਲ ਫੈਲਾਏ ਗਏ ਸੰਸਾਰ ਤੇ,
ਲੈ ਲੈ ਅਮਨ ਦਾ ਨਾਮ, ਨੀਂਹ ਰੱਖੀ ਗਈ ਤਲਵਾਰ ਤੇ।
ਲੱਖਾਂ ਹਜ਼ਾਰਾਂ ਸਿਰ, ਤਮਾਸ਼ੇ ਹੇਤ, ਕਟਵਾਏ ਗਏ,
ਅੱਯਾਸ਼ੀਆਂ[1] ਦੇ ਬਾਗ਼ ਲਹੂਆਂ ਨਾਲ ਸਿੰਜਵਾਏ ਗਏ।
ਬਲਵਾਨ ਨੇ ਕਮਜ਼ੋਰ ਨੂੰ ਧੌਣੋਂ ਪਕੜ ਕੇ ਜੋ ਲਿਆ,
ਸਰਮਾਏਦਾਰੀ ਸੀਰਮਾ[2] ਫੜ ਮਿਹਨਤੀ ਦਾ ਚੋ ਲਿਆ।
ਡੂੰਘੇ ਹਨੇਰੇ ਪਾਪ ਦੇ ਵਿਚ ਬਿਜਲੀਆਂ ਸੀ ਢਾ ਰਿਹਾ,
ਮਿੱਟੀ ਦਾ ਪੁਤਲਾ ਖ਼ੂਨ ਦੇ ਦਰਿਆਉ ਵਿਚ ਸੀ ਨ੍ਹਾ ਰਿਹਾ।
ਮਿਲਦੀ ਸੀ ਠੰਢਕ ਰੂਹ ਨੂੰ ਧੱਕੇ ਤੇ ਅਤਯਾਚਾਰ ਵਿਚ,
ਰਸ ਆਉਂਦਾ ਸੀ ਰਾਗ ਦਾ ਤਲਵਾਰ ਦੇ ਟਣਕਾਰ ਵਿਚ।
ਮਾਲੀ ਸੀ ਉਠਦੀਆਂ ਕੂੰਬਲਾਂ ਫੜ ਫੜ ਮਰੁੰਡੀ ਜਾ ਰਿਹਾ,
ਸ਼ੈਤਾਨ ਬਣ ਕੇ ਖ਼ਿਜ਼ਰ[3], ਵੱਟੇ ਬੇੜੀਆਂ ਵਿਚ ਪਾ ਰਿਹਾ।

4. ਡਿੱਠਾ ਤਮਾਸ਼ਾ ਨੇਕੀਆਂ ਦੇ ਦੇਵਤੇ ਜਦ ਆਇ ਕੇ,
ਸਿਰ ਫੜ ਲਿਆ ਘਬਰਾਇ ਕੇ, ਸੋਚਣ ਲਗਾ ਗ਼ਮ ਖਾਇ ਕੇ।
ਵੇਖੋ ! ਅਮਨ ਦੇ ਦੇਵਤੇ ਨੂੰ ਵਗ ਗਈ ਹੈ ਮਾਰ ਕੀ !
ਆਇਆ ਸੀ ਕਾਹਦੇ ਵਾਸਤੇ, ਤੇ ਕਰ ਰਿਹਾ ਹੈ ਕਾਰ ਕੀ !
ਸੁਖ ਸ਼ਾਨਤੀ ਦਾ ਰਾਜ ਫੈਲਾਣਾ ਜਿਦ੍ਹਾ ਈਮਾਨ ਹੈ,
ਕਰਤੂਤ ਉਸਦੀ ਵੇਖ ਕੇ ਸ਼ੈਤਾਨ ਭੀ ਹੈਰਾਨ ਹੈ।
ਇਹ ਸੱਭਤਾ ਦਾ ਮੁਦੱਈ[4] ਖੇਖਨ ਹੈ ਕੀ ਕੀ ਕਰ ਰਿਹਾ।
ਆਜ਼ਾਦੀਆਂ ਦਾ ਨਾਮ ਲੈ ਲੈ, ਬੇੜੀਆਂ ਹੈ ਘੜ ਰਿਹਾ !
ਹੈ ਪਾਈ ਜਾਂਦਾ ਪੇਟ ਵਿਚ, ਲੁਟ ਲੁਟ ਹਲਾਲ ਹਰਾਮ ਨੂੰ,
ਬਦਨਾਮ ਕਰਦਾ ਹੈ ਕਿਵੇਂ 'ਇਨਸਾਨੀਅਤ' ਦੇ ਨਾਮ ਨੂੰ !
ਇਸ 'ਅਸ਼ਰਫਲਮਖਲੂਕ'[5] ਵਲ ਤੱਕੋ, ਖ਼ੁਦਾ ਦੀ ਸ਼ਾਨ ਹੈ !
ਦੁਨੀਆਂ ਤਬਾਹ ਕਰ ਦੇਣ ਵਿਚ ਗ਼ਲਤਾਨ ਜਿਸ ਦੀ ਜਾਨ ਹੈ।

5. ਝੁਰ ਝੁਰ ਕੇ ਓੜਕ ਬੋਲਿਆ, ਉਇ ਅਕਲਮੰਦਾ ਭਾਰਿਆ।
ਸ਼ੈਤਾਨ ਦੇ ਚੜ੍ਹ ਹੱਥ ਤੂੰ, ਇਹ ਕੀ ਪਖੰਡ ਖਿਲਾਰਿਆ ?
ਕੰਡੇ ਜੋ ਬੀਜੀ ਜਾਇੰ, ਕੀਕਰ ਫੁੱਲ ਏਹ ਬਣ ਜਾਣਗੇ ?
ਕੋਲੇ ਜੋ ਘੋਲੀ ਜਾਇੰ, ਕੀਕਰ ਸੁਰਖ਼ਰੂ ਕਰਵਾਣਗੇ ?
ਏਹ ਹੱਥ ਲਹੂਆਂ ਲਿਬੜੇ ਰਹਿਮਤ ਲਈ ਫੈਲਾਇੰਗਾ ?
ਇਹ ਅੱਖ ਖ਼ੂਨੀ, ਸਾਹਮਣੇ ਕਰਦਾ ਸ਼ਰਮ ਨਾ ਖਾਇੰਗਾ ?
ਮੱਥੇ ਤੇ ਚੰਦਨ-ਤਿਲਕ ਅਰ ਸੀਨੇ ਗਿਠ ਗਿਠ ਸ਼ਾਹੀਆਂ[6],

---

1. ਐਸ਼ ਇਸਰਤ, ਰੰਗਰਲੀਆਂ। 2. ਲਹੂ। 3. ਦੇਵਤਾ, ਪਾਣੀ ਦਾ ਫਰਿਸ਼ਤਾ। 4. ਦਾਵੇਦਾਰ, ਹਮਾਇਤੀ।
5. ਕੁਰਾਨ ਮਜੀਦ ਅਨੁਸਾਰ ਸਾਰੇ ਪ੍ਰਾਣੀਆਂ ਨਾਲੋਂ ਸ੍ਰੇਸ਼ਟ ਮਨੁੱਖ। 6. ਕਾਲਖਾਂ।

ਲੈ ਲੈ ਅਮਨ ਦਾ ਨਾਂ, ਮਚਾਈ ਜਾਇੰ ਘੋਰ ਤਬਾਹੀਆਂ !
ਕਰਤੂਤ ਤੇਰੀ ਦੇ ਜਦੋਂ ਤੋਪੇ ਉਧੇੜੇ ਜਾਣਗੇ,
ਨਿੱਯਤ ਤੇਰੀ ਤੋਂ ਓਪਰੇ ਪੋਚੇ ਉਚੇੜੇ ਜਾਣਗੇ।
ਹੋਵਣਗੀਆਂ ਤਦ ਨੰਗੀਆਂ ਏਹ ਸਾਰੀਆਂ ਅੱਯਾਰੀਆਂ[1]
ਸ਼ੀਸ਼ੇ ਅਮਲ ਦੇ ਸਾਹਮਣੇ ਹੋ ਝਾਤੀਆਂ ਜਦ ਮਾਰੀਆਂ।
ਫੁਰਨੇ ਤੇਰੇ ਜੋ ਗੋਂਦ ਗੁੰਦਣ, ਲੁਕ ਕੇ ਸਤਵੀਂ ਕੋਠੜੀ,
ਉਹ ਫਿਲਮ ਬਣ ਬਣ ਕੇ ਵਲ੍ਹੇਟੇ ਜਾਣ ਨਾਲੋ ਨਾਲ ਹੀ।
ਘਸਵੱਟੀਆਂ[2] ਤੇ ਆ ਕੇ, ਸਭ ਪਰਪੰਚ[3] ਚੁਗਲੀ ਖਾਣਗੇ,
ਫੁਲੀਆਂ ਜਦੋਂ ਵਹੀਆਂ ਏ ਸਾਰੇ ਪਾਜ ਉੱਘੜ ਜਾਣਗੇ।
ਅੱਡੇ ਲਗਾ ਇਸ ਨਫਸ[4] ਦੇ, ਛੁਰੀਆਂ ਚਲਦੀ ਜਾਇੰ ਜੋ,
ਝੁੱਗੀ ਉਸਾਰਨ ਵਾਸਤੇ ਮੰਦਰ ਢਹਾਈ ਜਾਇੰ ਜੋ,
ਚੱਲਣ ਲਗੇ ਇਹ ਮਾਲ ਧਨ, ਨਾ ਸਾਥ ਮੂਲ ਨਿਭਾਇਗਾ,
ਨੇਕੀ ਬਦੀ ਦਾ ਭਾਰ ਸਿਰ ਤੇ ਲੱਦਿਆ ਰਹਿ ਜਾਇਗਾ।
ਅੱਖਾਂ ਤੋਂ ਜਦ ਪੂੰਝੀ ਗਈ ਚਰਬੀ ਤੇਰੇ ਹੰਕਾਰ ਦੀ,
ਸੁਭ ਪਾਣ ਪਤ ਲਹਿ ਜਾਇਗੀ ਤਲਵਾਰ ਦੇ ਬਲਕਾਰ ਦੀ।
ਹੋ ਬਾਉਲਾ ਬਘਿਆੜ ਵਾਂਗ, ਸ਼ਿਕਾਰ ਹੈਂ ਤੂੰ ਟੋਲਦਾ,
ਕਾਂ ਵਾਂਗ, ਕੁੱਠਾ ਕਾਮਨਾਂ[5] ਦਾ, ਗੰਦ ਥਾਂ ਥਾਂ ਫੋਲਦਾ।
ਤ੍ਰਿਸ਼ਨਾ ਅਗਨ ਵਿਚ, ਹੋ ਰਿਹਾ, ਭੜਥਾ ਤੇਰਾ ਆਚਾਰ ਹੈ;
ਪਸ਼ੂਆਂ ਤੋਂ ਵਧ ਕੇ ਸਿਰ ਤੇਰੇ ਤੇ ਕਾਮ-ਭੂਤ ਸਵਾਰ ਹੈ।
ਆ ! ਹੋਸ਼ ਕਰ ! ਤੇ ਸਮਝ ਜਾ, ਛਡ ਦੇ ਏ ਸੀਨਾ ਜ਼ੋਰੀਆਂ[6]
ਹੈ ਵਕਤ, ਧੋ ਲੈ ਮੱਥਿਓਂ, ਲੁਕ ਲੁਕ ਕਮਾਈਆਂ ਚੋਰੀਆਂ।
ਜਦ ਛਲ ਗਿਆ ਵੇਲਾ ਤਾਂ ਰੋ ਰੋ ਅੰਤ ਨੂੰ ਪਛਤਾਇੰਗਾ।
ਸ਼ਰਮਾਇੰਗਾ, ਚਿਚਲਾਇੰਗਾ, ਪਰ ਫਲ ਨਾ ਕੋਈ ਪਾਇੰਗਾ।
ਮੰਗੇਂਗਾ ਮੁਹਲਤ ਹੋਰ ਜਦ, ਵਿਗੜੀ ਸੁਆਰਨ ਵਾਸਤੇ।
ਮਿਲਨੇ ਉਧਾਰੇ ਦਮ ਨਹੀਂ, ਵਿਛਿਆ ਨਾ ਰਹੁ ਇਸ ਆਸ ਤੇ।
ਵੇਲਾ ਇਹੋ ਹੈ ਸਮਝ ਜਾ, ਆ ਬਾਜ਼ ਇਸ ਕਰਤੂਤ ਤੋਂ,
ਛੇਤੀ ਛੁਡਾ ਲੈ ਜਾਨ, ਚਾਤ੍ਰਿਕ ! ਇਸ ਬਦੀ ਦੇ ਭੂਤ ਤੋਂ।

ਡਾਲੀਓਂ ਝੜਿਆ ਫੁੱਲ

1. ਇੱਕ ਫੁੱਲ, ਜਿਨ ਵਿਚ ਬਗੀਚੇ, ਜੋਬਨ-ਮੱਤਾ ਰੂਪ ਦਿਖਾ ਕੇ,
ਕਈ ਹਜ਼ਾਰਾਂ ਅੱਖਾਂ ਦੇ ਵਿਚ ਘਰ ਕੀਤਾ ਸੀ, ਠੰਢਕ ਪਾ ਕੇ।

1. ਚਲਾਕੀ, ਧੋਖੇ। 2. ਪਰਖ ਕਰਨਾ। 3. ਠਗੀਆਂ। 4. ਮਨ ਵਾਸ਼ਨਾ। 5. ਤ੍ਰਿਸ਼ਨਾ, ਵਾਸ਼ਨਾ। 6. ਜ਼ੁਲਮ।

ਕਈ ਮਨਾਂ ਨੂੰ ਲੁੱਟ ਲਿਆ ਸੀ, ਲਪਟਾਂ[1] ਦਾ ਬਾਜ਼ਾਰ ਲਗਾ ਕੇ,
ਸ਼ਮਾ ਜਿਦ੍ਹੀ ਤੇ ਭੰਭਟ ਵਾਂਗਰ ਸਦਕੇ ਹੁੰਦੀ ਖਲਕਤ ਆ ਕੇ।
ਪਰ ਹੁਣ ਓਸ ਬਹਾਰ-ਦਰਬ[2] ਨੂੰ, ਧੁੱਪ ਬਿਦਰਦਣ ਲੁੱਟ ਲਿਆ ਸੀ,
ਕਿਰਨਾਂ ਰਸਤੇ, ਸੂਰਜ ਸਾਰਾ ਰੂਪ ਜਵਾਨੀ ਚੂਪ ਗਿਆ ਸੀ।
ਉਹ ਮਹਬੂਬੀ ਸ਼ਾਨ ਹੁਸਨ ਦੀ, ਬੁਰਿਹਾਲੀ[3] ਵਿਚ ਵੱਟ ਗਈ ਸੀ,
ਕੋਮਲਤਾ ਅਰ ਭਾਹ ਗੁਲਾਬੀ ਲੋ ਦੁਪਹਿਰ ਦੀ ਚੱਟ ਗਈ ਸੀ।
ਫੁੱਟ ਗਿਆ ਤੂੰਬਾ ਅਰ ਟੁੱਟੀ ਤਾਰ ਕੁਰੰਗ ਫਸਾਉਣ ਵਾਲੀ,
ਸਰਦ ਹੋ ਗਈ ਸ਼ਮਾ, ਜਗਤ ਨੂੰ ਚਾਨਣ ਤੇ ਭਰਮਾਉਣ ਵਾਲੀ।
ਅਸਤ[4] ਗਿਆ ਉਹ ਚੰਦ, ਜਿਦ੍ਹੇ ਤੋਂ ਨੀਝ ਚਕੋਰ ਉਠਾਂਦੇ ਨਾ ਸਨ,
ਮਾਤ ਹੋ ਚੁਕੀ ਸੀ ਹੁਣ ਬਾਜ਼ੀ, ਦਰਸ਼ਕ ਘੁੱਮਰ ਪਾਂਦੇ ਨਾ ਸਨ।
ਕੋਮਲ ਪੰਖੜੀਆਂ ਝੜ ਝੜ ਕੇ, ਖੇਰੂ ਖੇਰੂ ਹੋ ਗਈਆਂ ਸਨ।
ਵਾਂਗ ਬਿਰੰਗੀ ਮਹਿੰਦੀ, ਤਖਤੋਂ ਡਿੱਗ, ਜ਼ਿਮੀਂ ਪਰ ਆ ਪਈਆਂ ਸਨ।
ਪੱਛੀ ਵਾਂਗਰ ਨਿੱਚੁੜ ਕੇ, ਹੁਣ ਦੇਹੀ ਪੁਰਜ਼ਾ ਪੁਰਜ਼ਾ ਹੋਈ,
ਹਸਰਤ ਭਰੀ ਨਿਗਾਹ ਥੀਂ ਤੱਕੇ, ਪਰ ਅੱਗੋਂ ਨਾ ਪੁੱਛੇ ਕੋਈ।
ਜ਼ਾਲਮ ਮਾਲੀ ਨੇ, ਪੱਛਾਂ ਪਰ ਹੋਰ ਲੂਣ ਇਕ ਪਾ ਦਿੱਤਾ ਸੀ,
ਝਾੜੂ ਮਾਰ, ਬਗੀਚੇ ਵਿਚੋਂ, ਇਕ ਕਿਨਾਰ ਲਾ ਦਿੱਤਾ ਸੀ।
ਚੂਪੇ ਹੋਏ ਪਾਨ ਵਾਂਗ, ਹੁਣ ਪੁਸ਼ਪ ਨਿਮਾਣਾ, ਕੂੜਾ ਹੋ ਕੇ,
ਇਕ ਦਰਸ਼ਕ ਪਰ ਕੱਢ ਰਿਹਾ ਸੀ, ਗੁੱਸਾ ਆਪਣੇ ਜੀ ਦਾ ਰੋ ਕੇ।

2. ਰਾਹੇ ਰਾਹੇ ਜਾਵਣ ਵਾਲੇ ! ਪਰੇ ਪਰੇ ਕਿਉਂ ਤਿਲਕੀ ਜਾਵੇਂ ?
ਓ ਗਮਰੁੱਠ[5], ਬਿਦਰਦ ਮਤਲਬੀ ! ਧੌਣ ਭੁਆ ਕਿਉਂ ਅੱਖ ਚੁਰਾਵੇਂ ?
ਇਹ ਸੀ ਮਿਹਰ ? ਮੁਹੱਬਤ ਏਹੋ ? ਏਥੋਂ ਤਕ ਹੀ ਸੀ ਗਮਖਾਰੀ[6] ?
ਮਤਲਬ ਦੀ ਹੀ ਯਾਰੀ ਸੀ ? ਅਰ ਹੁਸਨ ਪਰਸਤੀ[7] ਤੇਰੀ ਸਾਰੀ ?
ਬਸ ? ਇਹੋ ਸੀ ਪੱਲੇ ਤੇਰੇ ? ਮੁੱਲ ਮੇਰੀ ਕੁਰਬਾਨੀ ਸੰਦਾ,
ਰਸ ਨੂੰ ਚੂਪ, ਫੋਗ ਤੇ ਸੂਗੇਂ[8] ਸ੍ਵਾਰਥ ਦਾ ਹੀ ਸੀ ਤੂੰ ਬੰਦਾ ?
ਹਾਂ ! ਉਹ ਪ੍ਰੇਮ ਵਿਖਾਂਦਾ ਸੀ ਤੂੰ ਇਸੇ ਲਈ ? ਵਡਿਆ ਵਡਿਆ ਕੇ,
ਖਿੱਚ ਲਏਂਗਾ ਪੌੜੀ ਹੇਠੋਂ, ਮਦ-ਮਸਤੀ ਦੇ ਸਿਖਰ ਚੜ੍ਹਾ ਕੇ।
ਢਲੀ ਦੁਪਹਿਰ ਹੁਸਨ ਦੀ ਉੱਤੇ, ਝਾਤੀ ਭੀ ਮੁੜ ਨਹਿੰ ਸੀ ਪਾਣੀ ?
ਇਸ਼ਕ ਹਕੀਕੀ[9] ਨਹਿੰ ਸੀ ਜੇਕਰ ਕਿਉਂ ਸੀ ਕੂੜੀ ਪ੍ਰੀਤ ਜਿਤਾਣੀ ?
ਚਲਦੇ ਫਿਰਦੇ ਹੱਡੀਂ, ਸੌਖਾ ਹਮਦਰਦੀ ਦਾ ਰਾਗ ਸੁਣਾਣਾ,
ਤੰਗੀ ਤੁਰਸੀ ਵੇਲੇ ਭੀ ਤਾਂ ਲੱਗੀ ਨੂੰ ਹੀ ਤੋੜ ਨਿਭਾਣਾ।

---

1. ਖੁਸ਼ਬੋਆਂ। 2. ਬਸੰਤ ਰੁੱਤ ਦਾ ਧਨ। 3. ਮੰਦੇ ਹਾਲ। 4. ਛੁਪ ਗਿਆ। 5. ਰੁੱਸਿਆ ਹੋਇਆ।
6. ਹਮਦਰਦੀ। 7. ਸੁੰਦਰਤਾ ਦੀ ਪੂਜਾ। 8. ਘ੍ਰਿਣਾ ਕਰੇਂ। 9. ਸੱਚਾ ਪਿਆਰ।

ਸ਼ੋਕ ਤੇਰੀ ਬੇਦਰਦੀ ਪਰ ਹੈ, ਜਿਸ ਸ਼ੈ ਤੋਂ ਤੂੰ ਸੁਖ ਸੀ ਪਾਇਆ,
ਉਸ ਪਰ ਗਲਤ ਨਿਗਹ ਹੀ ਪਾ ਕੇ ਕੁਝ ਹੁੰਦਾ ਅੰਦੋਹ ਜਿਤਾਇਆ।
ਪ੍ਰੀਤ ਪੁਰਾਣੀ ਚੇਤੇ ਕਰ ਕੇ, ਹੰਝੂ ਸਨ ਦੋ ਚਾਰ ਵਹਾਣੇ,
ਮੋਏ ਦੀ ਭੀ ਫੁੱਲ ਚੁਗਾ ਕੇ, ਲਾ ਛਡਦੇ ਨੇਂ ਲੋਕ ਟਿਕਾਣੇ।
3. ਪਰ ਸੱਜਣ ਕੀ ਵੱਸ ਤਿਰੇ ਹੈ, ਦੁਨੀਆਂ ਵਿਚ ਇਹੋ ਵਰਤਾਰਾ,
ਕਦਰ ਪਏ ਕਰਤੱਬ[1] ਦੀ ਹੀ, ਝੁਕਦੇ ਨੂੰ ਹੀ ਮਿਲੇ ਸਹਾਰਾ।
ਜਦੰ ਤਕ ਚਲੇ ਖਰਾ ਹੈ ਤਦ ਤਕ, ਜਦ ਤਕ ਰਸ, ਤਦ ਤੀਕ ਰਸੀਲਾ।
ਜਦ ਤਕ ਲਹੂ, ਤਦੋਂ ਤਕ ਲਾਲੀ, ਜਦ ਤਕ ਲਾਲੀ ਤਦ ਤਕ ਲੀਲ੍ਹਾ।
ਜਦ ਤਕ ਜਾਨ, ਜਹਾਨ ਤਦੋਂ ਤਕ, ਜਦ ਤਕ ਸਿਰ ਤਦ ਤੀਕ ਸਲਾਮੀ,
ਜਦ ਤਕ ਤੇਲ ਤਦੋਂ ਤਕ ਚਾਨਣ, ਜਦ ਤਕ ਹਿੰਮਤ, ਤਦ ਤਕ ਹਾਮੀ।
ਜਦ ਤਕ ਹੁਸਨ ਇਸ਼ਕ ਹੈ ਤਦ ਤਕ, ਜਦ ਤਕ ਧਨ, ਤਦ ਤੀਕ ਭਿਖਾਰੀ,
ਜਦ ਤਕ ਮਿਹਰ, ਮੁਹੱਬਤ ਤਦ ਤਕ, ਜਦ ਤਕ ਦਰ ਤਦ ਤਕ ਹੈ ਦਾਰੀ[2]।
ਜਦ ਤਕ ਆਪਣਾ ਆਪ ਜਲਾਓ ਤਦ ਤਕ ਝੁਲਸਣਗੇ ਪਰਵਾਨੇ,
ਆਪਣਾ ਆਪ ਮੁਹਾਏ[3] ਬਾਝੋਂ ਆਪਣੇ ਭੀ ਬਣ ਜਾਣ ਬਿਗਾਨੇ।
ਠੰਢਕ ਹੈ, ਤਦ ਜਮੇ ਰਹੋਗੇ, ਤਪ ਜਦ ਤਕ ਹੈ ਤੇਜ ਰਹੇਗਾ,
ਜਦ ਤਕ ਘਸੇ ਤਦੋਂ ਤਕ ਚਮਕੇ, ਜ਼ਰ ਨੂੰ ਹੀ ਜਗ ਯਾਰ ਕਹੇਗਾ।
ਮਤਲਬ ਬਾਝ ਪਸੀਜੇ ਕਿਹੜਾ, ਬਿਰਧ ਬੈਲ ਨੂੰ ਪਾਵੇ ਚਾਰਾ,
ਦੰਮਾਂ ਦੇ ਦਮ[4] ਵਜਣ ਦਮਾਮੇ[5], ਕੰਮ ਕਰਾਵੇ ਚੰਮ ਪਿਆਰਾ।
ਕੁਦਰਤ ਦਾ ਭੀ ਨੇਮ ਇਹੋ ਹੈ, ਜਦ ਤਕ ਜੋ ਜਿਸ ਜੋਗ ਰਹੇਗਾ,
ਤਦ ਤਕ ਉਸ ਨੂੰ ਮਿਲੇ ਟਿਕਾਣਾ, ਉਸ ਤੋਂ ਬਾਦ ਗਿੜਾਉ ਮਿਲੇਗਾ।
ਕੇਲਾ ਕੱਟ ਦਿੱਤਾ ਜਾਂਦਾ ਹੈ, ਫਲੀ ਜਦੋਂ ਦੇਣੋਂ ਰਹਿ ਜਾਵੇ,
ਵੱਲਾਂ ਪੁੱਟ ਵਗਾਂਦੇ ਬਾਹਰ, ਜਦ ਖਰਬੂਜ਼ਾ ਹੱਥ ਨਾ ਆਵੇ।
ਛਾਂਗ ਦਿੱਤੇ ਜਾਂਦੇ ਹਨ ਕੰਡੇ, ਬੇਰੀ ਦਾ ਜਦ ਫਲ ਹੋ ਚੁੱਕੇ,
ਬੇਲੇ ਸਾੜ ਦਿਤੇ ਜਾਂਦੇ ਹਨ, ਕਾਨੇ ਦਾ ਜਦ ਮੌਸਮ ਮੁੱਕੇ।
ਕੌਮਾਂ ਨੂੰ ਆਦਰਸ਼ ਗਿਰਨ ਪਰ ਅਧੋਗਤੀ[6] ਵਿਚ ਜਾਣਾ ਪੈਂਦਾ,
ਰਾਜੇ ਵਿਚ ਅਯੋਗਤਾ ਆਇਆਂ ਝੱਟ ਉਦ੍ਹੀ ਥਾਂ ਦੂਜਾ ਲੈਂਦਾ।
ਇਸੇ ਤਰ੍ਹਾਂ ਕਮਜ਼ੋਰੀ ਮੇਰੀ ਦਰਦ ਦਰਦੀਆਂ ਦਾ ਖੋਹ ਲੀਤਾ,
ਖ਼ਾਰ ਬਣਾਇਆ ਅੱਖਾਂ ਸੰਦਾ, ਤਖਤੋਂ ਸੁੱਟ ਨਿਮਾਣਾ ਕੀਤਾ।
4. ਇੱਕ ਸਮਾਂ ਉਹ ਸੀ ਜਦ ਮੇਰੀ ਹਰੀ ਅੰਗੂਰੀ ਨਿਕਲ ਰਹੀ ਸੀ,
ਗੋਡੀ, ਰੂੜੀ, ਪਾਣੀ ਆਦਿਕ ਟਹਿਲਾਂ ਦੀ ਲਗ ਰਹੀ ਝੜੀ ਸੀ।

---

1. ਕੰਮਾਂ। 2. ਲਿਹਾਜ਼। 3. ਲੁਟਾਏ। 4. ਸਾਹਾਂ ਨਾਲ। 5. ਨਗਾਰੇ। 6. ਅਵ੍ਨਤੀ, ਗਿਰਾਵਟ।

ਜ਼ਰਾ ਕੁ ਪੌਣ ਜਦੋਂ ਖਲਿਹਾਰੀ, ਮਾਲੀ ਮੇਰਾ ਬਣਿਆ ਭਉਰਾ[1],
ਝੱਖੜ, ਧੁੱਪ, ਸਿਲ੍ਹਾਬੋਂ[2] ਸੇਕੋਂ, ਰਾਖੀ ਕਰਨ ਵਿਖੇ ਸੀ ਬਉਰਾ[3]।
ਇਕ ਇਕ ਕੂੰਬਲ ਨਿੱਕਲਦੀ ਨੂੰ ਰੋਜ਼ ਸਵੇਰੇ ਰਹਿੰਦਾ ਗਿਣਦਾ,
ਸੱਧਰ ਭਰਿਆ ਚਾਈਂ ਚਾਈਂ ਪੋਟਿਆਂ ਨਾਲ ਉਚਾਈ ਮਿਣਦਾ।
ਚਿੜੀ ਜਨੌਰ ਪਾ ਪੱਤੀ ਤੋੜੇ, ਭੇਡ ਬੱਕਰੀ ਮੂੰਹ ਨਾ ਪਾਵੇ,
ਕੋਇ ਬਿਲੋੜੀ ਸ਼ਾਖ਼ ਨਾ ਨਿਕਲੇ, ਟਿੰਘ ਕਿਸੇ ਵਿਚ ਵਿੰਗ ਨਾ ਆਵੇ।
ਬਾਲਕ ਵਾਂਗ ਨੁਹਾਵੇ ਪੂੰਝੇ, ਗਿੱਡਾਂ ਮੈਲਾਂ ਝਾੜੇ ਧੋਵੇ,
ਪਾਲਣ ਪੋਸਣ, ਰਾਖੀ ਚੌਖੀ ਤੋਂ ਬੇ-ਫ਼ਿਕਰਾ ਘੜੀ ਨਾ ਹੋਵੇ।
ਮੇਰੇ ਸੁੱਖੀ ਸਾਂਦੀ ਮੌਲਣ ਹੇਤ ਸੁਖਣਾਂ ਸੁੱਖੀ ਦੀਆਂ ਸਨ,
ਲਹੂ ਚੂਲੀਆਂ ਸਿੰਜ ਸਿੰਜ ਕੇ ਟਹਿਲਾਂ ਮੇਰੀਆਂ ਹੋ ਰਹੀਆਂ ਸਨ।

5. ਭੜਕ ਦੜਕ ਮੇਰੀ ਭੀ ਆਹਾ ! ਸੱਚੀ ਮੁੱਚੀ ਐਸੀ ਹੀ ਸੀ,
'ਹੋਨਹਾਰ ਬਿਰਵਾ ਕੇ ਚਿਕਨੇ ਪਾਤ' ਸ਼ਲਾਘਾ ਠੀਕ ਮਿਰੀ ਸੀ।
ਹਰ ਇਕ ਸ਼ਾਖ ਲੁਸਲੁਸੀ[4] ਮੇਰੀ ਹਰੀ ਕਚਾਹ ਮੁਲਾਇਮ ਪਿਆਰੀ,
ਅਤੀ ਮਲਕ ਬਾਲ ਦੀ ਲੂਈਂ ਵਾਂਗ ਜਿਦ੍ਹੇ ਤੇ ਸੀ ਕੰਡਿਆਰੀ।
ਕੋਮਲ ਕੂਮਲੀਆਂ ਮਿਰੀਆਂ ਦਾ ਹਾ ! ਉਹ ਕੱਚੀ ਕੱਚੀ ਲਾਲੀ,
ਕਿਸੇ ਹਿਮਾਲਾ ਵਾਸਨਿ[5] ਦੇਵੀ ਦੇ ਸੁਕੁਮਾਰ ਕਪੋਲਾ[6] ਵਾਲੀ
ਚਿਕਨਾਈ ਅਰ ਚਮਕ ਵਾਸਤੇ ਕੁਦਰਤ ਮੱਖਣ ਝਾਸ ਕਰਾਵੇ,
ਝੂਟਣ ਖਾਤਰ ਪੱਟ-ਪੰਘੂੜਾ ਦਾਈ ਪੌਣ ਹਿਲਾਈ ਜਾਵੇ।
ਮਾਲੀ ਦੀ ਮਿਹਨਤ ਦੇ ਘਰ ਵਿਚ ਸ਼ਦੀਆਨੇ[7] ਦੀ ਢੋਲਕ ਖੜਕੀ,
ਮੈਨੂੰ ਜਨਮ ਦੇਣ ਹਿਤ ਜਿਸ ਦਿਨ ਸਿੱਪੀ ਵਾਂਗਰ ਡੋਡੀ ਤਿੜਕੀ।
ਸੀ ਮੇਰੇ ਪਰਵਾਨ ਚੜ੍ਹਨ ਵਿਚ ਭਾਵੇਂ ਵਕਤ ਅਜੇ ਬਹੁਤੇਰਾ,
ਪਰ ਮੇਰੇ ਦਰਸ਼ਨ ਦੇ ਚਾਖੂ[7] ਪਾਉਣ ਲਗੇ ਹੁਣ ਤੋਂ ਹੀ ਫੇਰਾ।
ਛਿਲੇ[8] ਵਿਚ ਮਤ ਅਪਦਾ[9] ਕੋਈ ਮੇਰੇ ਕੋਮਲ ਤਨ ਤੇ ਆਵੇ,
ਪੌਤੜਿਆਂ ਵਿਚ ਢੱਕੀ ਰਖਦੇ ਆਸੋਂ ਪਾਸੋਂ ਪੱਤਰ ਸਾਵੇ।
ਪਰ ਮੇਰੀ ਨਿਰ-ਅੰਕੁਸ਼[10] ਸ਼ੋਖੀ ਗੂੜ੍ਹੇ ਰਕਤ ਨਸ਼ੇ ਵਿਚ ਮੱਤੀ।
ਇਸ ਪਰਦੇ ਦੇ ਜੀਵਨ ਤਾਈਂ ਨਹੀਂ ਪਸਿੰਦ ਲਿਆਈ ਰੱਤੀ।
ਮਾਰ ਚਟਾਕਾ ਜ਼ੋਰ ਨਾਲ ਮੈਂ ਨਵੇਂ ਜਗਤ ਨੂੰ ਦੇਖਣ ਰੁੱਝਾ,
ਰਾਹੀਆਂ ਉੱਤੇ ਪਾ ਪਾ ਡੋਰੇ, ਲਗਾ ਖਲ੍ਹਾਰਨ ਗੁੱਝਾ ਗੁੱਝਾ।
ਤ੍ਰੇਲ ਸਮੀਰੋਂ[11] ਠੰਢਕ ਲੈਕੇ, ਅਰ ਸੂਰਜ ਦੀ ਪਾ ਗਰਮਾਈ,

---

1. ਪਿਆਰ ਕਰਨ ਵਾਲੇ ਤੋਂ ਭਾਵ ਹੈ। 2. ਗਿਲ। 3. ਪਾਗ਼ਲ, ਮਸਤ। 4. ਕੱਚੀ ਤੇ ਰਸ ਵਾਲੀ। 5. ਵੱਸਣ ਵਾਲੀ। 6. ਗਲ੍ਹਾਂ। 7. ਸਵਾਦ ਲੈਣ ਵਾਲੇ, ਚੱਖਣ ਵਾਲੇ। 8. ਚਾਲੀਹੇ ਤੋਂ ਬਦਲਿਆ ਸ਼ਬਦ ਹੈ, ਭਾਵ ਲੁਕ ਕੇ ਬਹਿਣ ਦੇ ਦਿਨ। 9. ਬਿਪਤਾ। 10. ਸੁਤੰਤਰ, ਬੰਧਨ ਬਿਨਾਂ। 11. ਸਵੇਰ ਦੀ ਹਵਾ।

ਜ਼ਰਾ ਕੁ ਹੋਰ ਸੂਤਕੋਂ[1] ਨਿਕਲ ਹਾਲਤ ਅੱਧ-ਖਿੜੀ ਦੀ ਆਈ।
ਦੇਖ ਉਠਾਨ ਫਬਨ[2] ਮੇਰੀ ਨੂੰ ਭੌਣ[3] ਲਗੇ ਦ੍ਵਾਰ ਤੇ ਪਰਸਨ,
ਹਰ ਪਾਸੇ ਤੋਂ ਸੱਧਰ ਉੱਠੇ, ਹੋ ਜਾਵਣ ਖੁਲ ਕੇ ਹੁਣ ਦਰਸ਼ਨ।
6. ਜੀਵਨ ਇਹ ਮਾਸੂਮੀ ਦਾ ਸੀ, ਗਰਮੀ ਸਰਦੀ ਨਹਿੰ ਸੀ ਡਿੱਠੀ,
ਪਿਆ ਨਾ ਵਾਹ ਉਤਾਰ ਚੜ੍ਹਾਈਂ ਚੱਖੀ ਨਹਿੰ ਸੀ ਕੌੜੀ ਮਿੱਠੀ।
ਉਪਕਾਰੀ ਹੱਥਾਂ ਵਿਚ ਹੋਇਆ ਮੌਲਣ ਫੈਲਣ ਸੀ ਸਭ ਮੇਰਾ,
ਉਸੇ ਤਰ੍ਹਾਂ ਉਪਕਾਰ ਵਾਸਤੇ ਮਨ ਵਿਚ ਜਗਿਆ ਚਾਉ ਵਧੇਰਾ।
ਸੱਧਰ ਚਾਉ ਦਰਸ਼ਕਾਂ ਦੇ ਨੇ ਕੁਝ ਮਨ ਵਿਚ ਉਤਸ਼ਾਹ ਵਧਾਇਆ,
ਅਰ ਕੁਛ ਆਪਣੇ ਹੁਸਨ-ਗਰਬ ਨੇ ਮੇਰੇ ਸੀਨੇ ਨੂੰ ਉਭਰਾਇਆ।
ਉਠੀ ਲਾਲਸਾ ਦੁਨੀਆਂ ਨੂੰ ਕੁਝ ਆਪਣਾ ਆਪ ਵਿਖਾਣਾ ਚਾਹੀਏ,
ਪੁਸ਼ਪ ਜੂਨ ਨੂੰ ਸਫਲ ਕਰਨ ਹਿਤ, ਪਰਉਪਕਾਰ ਕਮਾਣਾ ਚਾਹੀਏ।
ਪਤਾ ਨਾ ਸੀ, ਇਸ ਹਾਲਤ ਵਿਚ ਹੀ ਬਚ-ਬਚਾਓ, ਹੈ ਆਪਣਾ ਸਾਰਾ,
ਜ਼ਰਾ ਕੁ ਹੋਰ ਅਗੇਰੇ ਹੋਇਆਂ ਰੋੜ੍ਹ ਲਿਜਾਗੁ ਕਾਲ-ਜਲ ਧਾਰਾ[4]।
ਮੂਰਖਤਾ, ਚੰਚਲਤਾ ਅਥਵਾ ਗਰਬ[5] ਹੁਸਨ ਦਾ, ਜੋ ਕੁਝ ਭੀ ਸੀ,
ਦਾਨਾਈ ਅਰ ਦੂਰੰਦੇਸ਼ੀ[6] ਮੇਰੀ ਉਸ ਲੇ ਖੋਹ ਖੜੀ ਸੀ।
ਸੰਗਾ ਲਾਹ, ਉਭਰ ਹੋ ਬੈਠਾ, ਜੋਬਨ ਆਪਣਾ ਸਭ ਨਿਖੜਾਇਆ[7],
ਪੂਰਣਮਾ ਦੇ ਚੰਦ ਵਾਂਗ ਮੈਂ ਰੂਪ-ਰਾਸ ਦਾ ਢੇਰ ਲਗਾਇਆ।
ਬੂਹੇ ਖੋਲ ਸਖਾਵਤ[8] ਦੇ ਮੈਂ, ਵੰਡਣ ਲਗਾ ਮਹਿਕ ਅਰ ਮਸਤੀ,
ਠੰਢਕ, ਹੁਸਨ, ਤਰਾਵਟ ਆਪਣੀ ਸਭ ਦੇ ਹੇਤ ਲਗਾਈ ਸਸਤੀ।
ਜੋ ਆਵੇ ਠੰਢਿਆਵੇ ਅੱਖਾਂ ਨਾਲ ਸੁਗੰਧੀ ਤਨ ਮਨ ਠਾਰੇ,
ਰੋਕ ਅਮੀਰ ਗਰੀਬਾਂ ਤਾਈਂ ਕੋਇ ਨਹੀਂ ਸੀ ਮੇਰੇ ਦ੍ਵਾਰੇ।
ਭੌਰੇ ਹੋ ਲਟਬੌਰੇ ਫਿਰਦੇ ਰੂਪ ਮੇਰੇ ਦਾ ਰਾਗ ਸੁਣਾਂਦੇ,
ਸੰਝ ਸਵੇਰ ਦਰਸ਼ਕਾਂ ਸੰਦੇ ਟੋਲੇ ਆ ਆ ਜੀ ਪਰਚਾਂਦੇ।
ਪਾ ਕੇ ਠੰਢ ਅਸ਼ੀਸਾਂ ਦੇਂਦੇ, ਰੂਪ ਮੇਰੇ ਦੀ ਮਹਿਮਾ ਕਰਦੇ,
ਮਾਨੁਖ ਛੋੜ ਜਨੌਰਾਂ ਤੀਕਰ ਹੁਸਨ ਮੇਰੇ ਦੇ ਹੋਏ ਬਰਦੇ।
ਮਹਿਕ ਮੇਰੀ ਨੇ ਉੱਡ ਚੁਫੇਰੇ ਬਨ ਨੂੰ ਉਪਬਨ[9] ਕਰ ਦਿਖਲਾਇਆ,
ਆਲੇ ਦੁਆਲੇ ਜੱਸ ਮੇਰੇ ਨੇ ਡਾਢਾ ਸੋਹਣਾ ਰੰਗ ਜਮਾਇਆ,
ਨੌਬਤ[10] ਖੂਬ ਵਜਾਈ ਆਪਣੀ ਸੋਭਾ ਭੀ ਖੱਟੀ ਬਹੁਤੇਰੀ,
ਧਾਕ ਬਿਠਾਈ ਸੁੰਦਰਤਾ ਦੀ ਇਸ਼ਕ ਹੁਸਨ ਪਰ ਹੋਇਆ ਢੇਰੀ।

---

1. ਜਨਮ ਦੇ ਆਰੰਭਕ ਦਿਨ। 2. ਸਜਾਵਟ। 3. ਲੋਕ ਜਾਂ ਗ੍ਰਹਿ ਚੱਕ੍ਰ।
4. ਜਲ ਦੇ ਵਹਣ ਵਰਗੀ ਮੌਤ ਜੋ ਸਭ ਕੁਝ ਰੋੜ ਕੇ ਲੈ ਜਾਂਦੀ ਹੈ। 5. ਹੰਕਾਰ। 6. ਦੂਰ ਦੀ ਸੋਚ।
7. ਨਿਖਰਿਆ। 8. ਉਦਾਰਤਾ, ਖੁਲ੍ਹ ਦਿਲੀ। 9. ਸੁੰਦਰ ਬਾਗ਼। 10. ਢੋਲ, ਨਗਾਰਾ ਭਾਵ ਮਸ਼ਹੂਰੀ ਕੀਤੀ।

7. ਪਰ ਸੱਜਣ ! ਅਫ਼ਸੋਸ ! ਜਗਤ ਵਿਚ ਨਹੀਂ ਸਥਿਰਤਾ[1] ਤੇ ਇਕਰੰਗੀ,
ਇਕ ਇਕ ਪਲ ਇਕ ਨਵੀਂ ਲਿਆਵੇ ਆਪਣੇ ਨਾਲ ਖ਼ੁਸ਼ਾਲੀ ਤੰਗੀ,
ਛੱਲ ਸਮੁੰਦਰ ਦੀ ਉਗਲੱਛੇ, ਇਕ ਪਲ ਘੁੱਗਾ, ਇਕ ਪਲ ਮੋਤੀ,
ਇਕ ਧਿਰ ਮੰਗਲ ਤੇ ਸ਼ਦੀਆਨੇ, ਇਕ ਧਿਰ ਹੋਵੇ ਮੌਤ ਖਲੋਤੀ।
ਇਕ ਹੱਥ ਦੇਇ ਹਕੂਮਤ ਡੰਡਾ, ਠੂਠਾ ਦੂਜੇ ਹੱਥ ਫੜਾਵੇ,
ਤਖ਼ਤਾਂ ਵਾਲੇ ਪਾ ਵਖਤਾਂ ਵਿਚ, ਕੁਦਰਤ ਆਪਣਾ ਖੇਲ ਵਿਖਾਵੇ।
ਅਰਸ਼ੋਂ ਡੇਗ ਖਾਕ ਵਿਚ ਰੋਲੇ, ਕਿਣਕਾ ਚੁਕ ਅਕਾਸ਼ ਪੁਚਾਵੇ,
ਸਾਗਰ ਜੀਉਰ[2] ਬਣਾਵੇ ਰੇਤਾ, ਥਲਾਂ ਵਿਖੇ ਦਰਯਾਉ ਵਹਾਵੇ,
ਮਿੱਟੀ ਦਾ ਚਾ ਸੋਨਾ ਕਰਦੀ, ਹੀਰੇ ਤੋਂ ਕੰਕਰ ਬਣ ਜਾਂਦੇ,
ਆਵਾਗੌਣ ਗੇੜ ਨਿਤ ਰਹਿੰਦਾ, ਖਾਲੀ ਭਰੇ, ਭਰੇ ਸਖਣਾਂਦੇ[3],
ਹਰ ਸ਼ੈ ਵਿਚ ਅਨਸਥਿਰਤਾ ਨੇ, ਐਸਾ ਆਪਣਾ ਆਪ ਵਸਾਇਆ,
ਜੋ ਆਵੇ ਸੋ ਜਾਵਣ ਖ਼ਾਤਰ, ਜੋ ਜਾਵੇ ਸੋ ਸਮਝੋ ਆਇਆ।
ਦਿਨ ਆ ਕੇ ਦੇ ਸੋਇ ਰਾਤ ਦੀ, ਚਾਨਣ ਦੀ ਸੁਧ ਦੇਇ ਹਨੇਰਾ,
ਕੁਦਰਤ ਦੇ ਚਰਖ਼ੇ ਦਾ ਚੱਕਰ, ਹਰ ਇਕ ਸ਼ੈ ਨੂੰ ਦੇਂਦਾ ਫੇਰਾ।
ਕਾਇਮ ਹੈ ਇਕ ਜ਼ਾਤ ਪ੍ਰਭੂ ਦੀ, ਹੋਰ ਸਭਸ ਨੇ ਆ ਕੇ ਜਾਣਾ,
ਆਪਣਾ ਆਪਣਾ ਵੇਲਾ ਆਇਆਂ ਟਿਕੇ ਨਾ ਜੰਕ[4] ਨਾ ਅਟਕੇ ਰਾਣਾ।
ਕਾਲ ਬਲੀ ਦੀ ਚੋਟ ਨਾ ਤਰਸੇ, ਦੇਖ ਹੁਸਨ ਯਾ ਕੋਮਲਤਾਈ,
ਚੰਦ੍ਰ-ਮੁੱਖੀ[5] ਮਹਬੂਬਾਂ[6] ਦੀ ਭੀ ਇਸ ਭਾਂਬੜ ਵਿਚ ਉਹ ਗਰਾਹੀ।
ਇਸੇ ਦਰੇੜ[7] ਕਾਲ ਦੀ ਅੰਦਰ, ਖੜ ਪੁੱਗੀ[8] ਹੁਣ ਮੇਰੀ ਆ ਕੇ,
ਉਠ ਚਲੀ ਵਣਜਾਰੀ[9] ਜ਼ਿੰਦਗੀ, ਕੁਝ ਘੜੀਆਂ ਦੀ ਖੇਡ ਵਿਖਾ ਕੇ।

8. ਖ਼ਾਲੀ ਕਰੋ ਮੁਸਾਫਰਖਾਨਾ, ਘੜੀਆਲੀ[10] ਨੇ ਠੋਕਰ ਮਾਰੀ,
ਬੱਧੇ ਭਾਰ ਮੁਸਾਫ਼ਰ ਭੌਰੇ, ਅਮਲਾਂ ਦੀ ਸਿਰ ਚਾਈ ਖਾਰੀ।
ਕੁਦਰਤ ਨੂੰ ਹੁਣ ਮੇਰਾ ਰਹਿਣਾ, ਇਕ ਨਜ਼ਰ ਨਾ ਚੰਗਾ ਲੱਗੇ,
ਓਹੋ ਬਣਾਏ ਵੈਰੀ ਮੇਰੇ, ਜੋ ਸਨ ਗੇ ਪ੍ਰਿਤਪਾਲਕ[11] ਅੱਗੇ।
ਕਿਸਮਤ ਉਲਟ ਪਏ ਜਿਸ ਵੇਲੇ, ਆਪਣੇ ਭੀ ਹੋ ਜਾਣ ਪਰਾਏ,
ਹੱਥੀਂ ਛਾਵਾਂ ਕਰਨੇ ਵਾਲੇ, ਲੋਹੂ ਦੇ ਬਣ ਜਾਣ ਤਿਹਾਏ।
ਸੂਰਜ, ਜਿਸ ਨੇ ਕਿਰਨਾਂ ਪਾ ਪਾ, ਮੇਰਾ ਜਗ ਵਿਚ ਬੂਟਾ ਲਾਇਆ,
ਉਹੋ ਬਣਾ ਕੇ ਤੀਰ ਨੁਕੀਲੇ, ਰੂਪ ਰੰਗ ਸਭ ਫਿੱਕਾ ਪਾਇਆ।
ਧਰਤੀ, ਜਿਸ ਨੇ ਆਪਣੇ ਵਿਚੋਂ, ਬੀਜੋਂ ਚੁੱਕ ਵਜੂਦ[12] ਬਣਾਇਆ,

---

1. ਕਾਇਮੀ, ਟਿਕਾਉ। 2. ਪੀ ਕੇ। 3. ਖਾਲੀ ਹੁੰਦੇ। 4. ਫ਼ਕੀਰ, ਗਰੀਬ। **5. ਚੰਨ ਵਰਗੇ ਮੁਖੜੇ।**
6. ਪਿਆਰਿਆਂ। 7. ਦਬਾਉ। 8. ਔਧ ਪੁਗੀ, ਵਕਤ ਆਇਆ।
9. ਵਣਜ ਕਰਨ ਆਈ, ਭਾਵ ਵਣਜਾਰੇ ਵਾਂਗ ਫੇਰੀ ਪਾਉਣ ਵਾਲੀ। 10. ਸਮੇਂ ਦਾ ਘੰਟਾ ਵਜਾਉਣ ਵਾਲਾ।
11. ਪਾਲਣ ਵਾਲੇ। 12. ਹਸਤੀ, ਹੋਂਦ।

ਹੁਣ ਚਾਹੇ ਕਰ ਕੂੜਾ ਮੇਰਾ, ਆਪਣੇ ਅੰਦਰ ਫੇਰ ਖਪਾਇਆ।
ਚੁਕ ਲਿਗਈ ਸੁਗੰਧੀ ਮੇਰੀ, ਵਿਚ ਅਕਾਸ਼ ਸਮੀਰ ਉਡਾ ਕੇ,
ਨਰਗਸ ਨਿਗਹ ਪ੍ਰੇਮੀਆਂ ਵਾਲੀ, ਝੱਪ ਲਿਗਈ ਸੁਹਪਣ ਆ ਕੇ।
ਸ਼ਹਿਦ, ਪਰਾਗ ਉਡਾਇਆ ਮੱਖੀ, ਛੜਾਂ ਚਲਾਇ ਸ਼ਿਰਾਜ਼ਾ[1] ਭੰਨੇ,
ਬੰਨ੍ਹ ਬਹਾਰੀ ਵਾਲਾ ਟੁੱਟਾ, ਹੋਈ ਸਾਰੀ ਬਰਕਤ ਬੰਨੇ।
ਇਕੁ ਇਕ ਖੰਭ ਕਿਰਨ ਹੁਣ ਲੱਗਾ, ਡਿਗਦੇ ਸਾਰ ਝੁਲਸਿਆ ਜਾਵੇ,
ਇਉਂ ਮਾਲਕ ਨੂੰ ਧੱਕੇ ਪੈ ਕੇ ਚਮਨ ਵਿਚੋਂ ਮਿਲ ਗਏ ਬਿਦਾਵੇ[2]।
ਹੁਣੇ ਹੁਣੇ ਇਕ ਮਿਰਗ ਸੁਨਹਿਰੀ ਹਰੀ ਅੰਗੂਰੀ ਚਰਦਾ ਚਰਦਾ,
ਹਾਂ, ਇਕ ਹੰਸ ਚੁਗੇਂਦਾ ਮੋਤੀ ਨਦੀ ਕਿਨਾਰੇ ਤਰਦਾ ਤਰਦਾ।
ਖੇਡਾਂ ਦਾ ਮੁਸ਼ਤਾਕ[3] ਕਬੂਤਰ, ਗੁਟਕੂੰ ਗੁਟਕੂੰ ਕਰਦਾ ਕਰਦਾ,
ਕਾਲ ਬਲੀ ਦੀ ਭੇਟ ਹੋ ਗਿਆ, ਜੀਉਣ ਦਾ ਦਮ ਭਰਦਾ।

9. ਖੇਡ ਹੋ ਗਈ ਪੂਰੀ ਸੱਜਣ ! ਸੁਖ ਡਿੱਠੇ, ਦੁਖ ਭੀ ਸੀ ਪਾਣਾ,
ਕੁਦਰਤ ਦੇ ਅਣਮੋੜ ਹੁਕਮ ਨੂੰ, ਕਿਸ ਤਾਕਤ ਨੇ ਸੀ ਪਲਟਾਣਾ ?
ਬੜੇ ਬੜੇ ਬਲਕਾਰਾਂ ਵਾਲੇ, ਦੁਨੀਆਂ ਵਿਚ ਅਟਕ ਨਾ ਸੱਕੇ,
ਉੱਠਦਿਆਂ ਇਕ ਪਲਕ ਨਾ ਲੱਗੀ, ਬੈਠੇ ਬਨ੍ਹ ਟਿਕਾਣੇ ਪੱਕੇ।
ਰਾਵਣ ਜੈਸੇ ਬਲੀ ਨਾ ਰਹੇ, ਕਾਰੂੰ ਜਿਹੇ ਪਦਾਰਥ-ਧਾਰੀ,
ਸ਼ਾਹ ਸਿਕੰਦਰ ਜਿਹੇ ਤਿਜੱਸੀ[4], ਹਰਨਾਖਸ਼ ਜੈਸੇ ਹੰਕਾਰੀ।
ਹਾਤਮ[5] ਜੈਸੇ ਸਖੀ ਤੁਰ ਗਏ, ਵੈਦ ਧਨੰਤਰ[6] ਜਿਹੇ ਸਿਆਣੇ,
ਬਿਕ੍ਰਮ ਜੈਸੇ ਆਦਲ[7] ਦਾਨੀ[8], ਨਾਦਰਸ਼ਾਹ ਜਿਹੇ ਜਰਵਾਣੇ[9]
ਇਸ ਸ਼ਾਹੀ ਪਰਵਾਨੇ ਅੱਗੇ, ਰੱਤੀ ਨਾ ਉਕਾਬਰੀ[10] ਚੱਲੀ,
ਧਨ, ਪਰਵਾਰ, ਅਕਲ ਅਰ ਬਲ ਨੇ ਮੌਤ ਕਿਸੇ ਦੀ ਮੂਲ ਨਾ ਠਲ੍ਹੀ।
ਓਸੇ ਹੁਕਮ ਹਜ਼ੂਰੀ ਅੰਦਰ, ਮੈਂ ਭੀ ਆਪਣੀ ਖੇਡ ਸੰਭਾਲੀ,
ਅਰ ਇਸ ਦਾ ਅਫਸੋਸ ਨਹੀਂ ਕੁਝ, ਹੋਣੀ ਹੈ ਹੋਵਣ ਹੀ ਵਾਲੀ।
ਜੋ ਹੋਈ ਸੋ ਵਾਹਵਾ ਹੋਈ, ਜੋ ਬੀਤੀ ਸੋ ਚੰਗੀ ਬੀਤੀ,
ਪਰ ਤੂੰ ਤਾਂ ਕੁਝ ਹਾਲ ਮੇਰੇ ਤੋਂ, ਸਿਖਜਾ ਹੁੰਦੀ ਧਾਰਨ ਕੀਤੀ।
ਮੈਂ ਆਇਆ, ਤੁਰ ਗਿਆ ਜਗਤ ਤੋਂ, ਛੱਡ ਗਿਆ ਕੀ, ਕੀ ਲੈ ਤੁਰਿਆ ?
ਨਾਮ ਨਿਸ਼ਾਨ ਰਿਹਾ ਨਾ ਬਾਕੀ, ਬਿਰਛੋਂ ਪੱਤ ਪੁਰਾਣਾ ਭੁਰਿਆ।

---

1. ਬਣਤਰ, ਵਿਉਂਤ। 2. ਤਿਆਗ-ਪਤ੍ਰ। 3. ਸ਼ੌਕੀਨ। 4. ਤੇਜ ਵਾਲੇ।
5. ਹਾਤਿਮਤਾਈ—ਇਕ ਅਰਬੀ ਸਰਦਾਰ ਜੋ ਬੜਾ ਨੀਤਿਨਿਪੁੰਨ, ਦਾਨੀ ਅਤੇ ਧਰਮਾਤਮਾ ਸੀ।
6. ਦੇਵਤਿਆਂ ਦਾ ਵੈਦ ਜੋ ਚੌਦਾਂ ਰਤਨਾਂ ਵਿਚੋਂ ਇਕ ਮੰਨਿਆ ਜਾਂਦਾ ਹੈ। 7. ਨਿਆਂ ਕਰਨ ਵਾਲੇ।
8. ਫ਼ਾਰਸ ਦਾ ਇਕ ਜਾਲਮ ਬਾਦਸ਼ਾਹ ਜਿਸਨੇ 1139 ਈਸਵੀ ਵਿਚ ਭਾਰਤ ਤੇ ਚੜ੍ਹਾਈ ਕੀਤੀ ਸੀ
9. ਜ਼ਾਲਮ। 10. ਨਾਂਹ, ਨੁਕਰ, ਉਜਰ।

ਕੀ ਕੀ ਮੇਰੀ ਤੁੱਛ ਜੀਵਨੀ, ਆਪਣੇ ਪਿੱਛੇ ਛੱਡ ਚਲੀ ਹੈ ?
ਏਸ ਅਨਸਥਿਰ ਦੁਨੀਆਂ ਅੰਦਰ, ਵਸਤ ਵਿਹਾਝਣਾ[1] ਵਾਲੀ ਕੀ ਹੈ ?
10. ਦੁਨੀਆਂ ਦੇ ਵਿਚ ਆਪੋ ਵਿਚੀ, ਇਕ ਦੂਏ ਤੋਂ ਸੁਖ ਮਿਲਦਾ ਹੈ,
ਮੈਂ ਤੇਰੀ, ਤੂੰ ਮੇਰੀ ਸੇਵਾ, ਨੇਮ ਪਰੰਪਰ[2] ਚੱਲ ਰਿਹਾ ਹੈ।
ਇਕ ਕਰੇ ਦੂਜਾ ਨਾ ਜਾਣੇ, ਇਸ ਨੂੰ ਨਾਸ਼ੁਕਰੀ ਕਹਿੰਦੇ ਨੇਂ,
ਕ੍ਰਿਤਘਨਤਾ ਅਰ ਨਾਸ਼ੁਕਰੀ ਤੋਂ, ਭਲੇ ਪੁਰਸ਼ ਬਚ ਕੇ ਰਹਿੰਦੇ ਨੇਂ।
ਕ੍ਰਿਤਘਨਤਾ[3] ਦਾ ਪਾਪ ਜਗਤ ਵਿਚ ਸਭ ਪਾਪਾਂ ਤੋਂ ਕਹਿੰਦੇ ਭਾਰਾ,
ਕੀਤੇ ਨੂੰ ਜਾਣਨ ਵਾਲਾ, ਘੋਰ ਪਾਤਕੀ,[4] ਨੀਚ ਨਿਕਾਰਾ।
ਐਸੇ ਲੋਕਾਂ ਪਾਸੋਂ ਦੁਨੀਆਂ ਬਚ ਕੇ ਪਰੇ ਹੈ ਰਹਿੰਦੀ,
ਕਿਸੇ ਲਾਭ ਦੀ ਆਸ ਉਨ੍ਹਾਂ ਤੋਂ ਮਨ 'ਚ ਧਾਰ ਨ ਬਹਿੰਦੀ।
ਤਾਂ ਤੇ ਏਸ ਪਾਪ ਤੋਂ ਬਚਣਾ ਵਾਜਬ[5] ਹਰ ਇਕ ਜੀਵ ਲਈ ਹੈ,
ਜੋ ਇਸ ਔਗੁਣ ਤੋਂ ਨਹਿੰ ਬਚਦਾ, ਉਸ ਦਾ ਜੀਵਨ ਸ਼ੋਕ ਮਈ[6] ਹੈ।
ਆਪਣੇ ਤੋਂ ਜੋ ਮਾੜਾ ਹੋਵੇ, ਸੁਖ਼ ਉਸ ਪਾਸੋਂ ਹੋਵੇ ਪਾਇਆ,
ਉਸ ਨੂੰ ਵੀ ਉਪਕਾਰ ਸਮਝ ਕੇ, ਮਨ ਤੋਂ ਚਾਹੀਏ ਨਹੀਂ ਭੁਲਾਇਆ।
ਉਹ ਜੋ ਕੁਦਰਤ ਦੇ ਹੁਕਮਾਂ ਵਿਚ ਦੁਖ ਸੁਖ ਦੇ ਵਿਚ ਜਾ ਫਸਿਆ ਹੈ,
ਨਿਰਬਲ ਹੈ, ਬੇਸਾਹਸਤਾ[7] ਹੈ, ਕਸ਼ਟ ਕਲੇਸ਼ ਸਹਾਰ ਰਿਹਾ ਹੈ।
ਤਦ ਸਾਡਾ ਹੈ ਫ਼ਰਜ ਕਿ ਉਸ ਦੇ ਨਾਲ ਜ਼ਰਾ ਅੰਦੋਹ[8] ਜਿਤਾਈਏ,
ਉਸ ਦੇ ਦੁਖ ਨੂੰ ਆਪਣਾ ਲਖ ਕੇ, ਉਸ ਦਾ ਹੌਲਾ ਭਾਰ ਕਰਾਈਏ,
ਉਸ ਦੀ ਪੀੜ ਭੁਲਾਉਣ ਖ਼ਾਤਰ, ਜੋ ਬਣ ਸੱਕੇ ਅੱਗੇ ਧਰੀਏ,
ਉਸ ਦੀ ਨੇਕੀ ਦੇ ਬਦਲੇ ਵਿਚ ਉਸ ਦੇ ਨਾਲ ਭਲਾਈ ਕਰੀਏ।
ਸਿਖਜਾ ਲਓ ਕਿ ਹੋਰ ਕਿਸੇ ਪਰ ਜੋ ਉਖਿਆਈ ਆਣ ਪਈ ਹੈ,
ਮਤ ਆਪਣੇ ਪਰ ਭੀ ਆ ਜਾਵੇ, ਅਰ ਇਸ ਵਿਚ ਸੰਸਾ ਹੀ ਕੀ ਹੈ ?
ਕੁਦਰਤ ਦੀ ਉਲਟਾ-ਪੁਲਟੀ ਵਿਚ ਸੁਖ ਦੇ ਆਸਣ ਦੁਖ ਆ ਬਹਿੰਦੇ,
ਸੁਖੀਏ ਦੁਖੀ, ਦੁਖੀ ਸੁਖਿਆਰੇ, ਰਾਤ ਦਿਨੇ ਹੁੰਦੇ ਹੀ ਰਹਿੰਦੇ।
ਦਰਦ ਦਿਲੇ ਦੀ ਖ਼ਾਤਰ ਈਸ਼ਰ, ਜਾਮਾ ਦਿੱਤਾ ਹੈ ਇਨਸਾਨੀ,
ਨੇਕੀ ਤੇ ਭਲਿਆਈ ਦੀ ਦੁਨੀਆਂ ਤੇ ਰਹਿ ਜਾਇ ਨਿਸ਼ਾਨੀ।
ਯਾਦ ਕਿਸੇ ਨੂੰ ਜੇਕਰ ਆਵੇ, ਉਸ ਦੇ ਜੀ ਨੂੰ ਠੰਢਕ ਪਾਵੇ,
ਜੀਵਨ ਸਫਲ ਉਸੇ ਦਾ, ਚਾਤ੍ਰਿਕ, ਮਰ ਕੇ ਭੀ ਵਾਹਵਾ ਅਖਵਾਵੇ।

ਹਿੰਮਤ ਦੀ ਫਤਹਿ

ਪੰਜ ਕੁਦਰਤੀ ਤਾਕਤਾਂ ਇਕ ਦਿਨ ਪਰ੍ਹਾ[9] ਜਮਾਣ,
ਹਰ ਇਕ ਆਪੋ ਆਪਣੀ, ਲੱਗੀ ਸਿਫ਼ਤ ਸੁਣਾਨ।

---

1. ਪ੍ਰਾਪਤ ਕਰਨ ਵਾਲੀ। 2. ਪੁਰਾਣਾ ਢੰਗ। 3. ਕੀਤੀ ਨਾ ਜਾਣਨਾ। 4. ਬਹੁਤ ਵੱਡਾ ਪਾਪੀ। 5. ਠੀਕ। 6. ਦੁੱਖ ਵਾਲਾ। 7. ਸਾਹ ਸੱਤ ਹੀਣ। 8. ਹਮਦਰਦੀ। 9. ਇਕਤੱਰਤਾ।

1. ਦੌਲਤ ਆਖੇ : ਜੱਗ ਦੀ ਮੈਂ ਕਾਰ ਚਲਾਵਾਂ,
ਜਿੱਧਰ ਜਾਵਾਂ, ਹੁੰਦੀਆਂ ਨੇ ਹੱਥੀ ਛਾਵਾਂ[1]।
ਦਿੱਸਣ ਸੱਤੇ ਬਰਕਤਾਂ, ਜਦ ਜਾਇ ਖਲੋਵਾਂ,
ਉੱਲੂ ਬੋਲਣ ਲੱਗਦੇ, ਜੇ ਮੈਂ ਨਾ ਹੋਵਾਂ।
ਮਾਇਆ ਮੇਰੀ ਤਖਤਿਆਂ[2] ਤੋਂ ਤਖ਼ਤ[3] ਬਣਾਵੇ,
ਜਾਦੂ ਮੇਰਾ ਆਕੀਆਂ[4] ਦੀ ਧੌਣ ਨਿਵਾਵੇ।
ਐਬੀ ਮੂਰਖ ਘਾਤਕੀ[5] ਤੇ ਨੀਚ ਨਿਗੱਲੇ[6],
ਢੱਕ ਲਵਾਂ ਸਭ ਐਬ ਮੈਂ ਟਕਿਆਂ[7] ਦੇ ਥੱਲੇ।

2. ਅਕਲ ਕਹੇ : ਤੂੰ ਛੱਡ ਨੀ ਝੂਠੀ ਵਡਿਆਈ,
ਤੈਨੂੰ ਪੈਦਾ ਕਰ ਰਹੀ ਮੇਰੀ ਦਾਨਾਈ[8]।
ਕਾਢਾਂ ਰਹਿੰਦੀ ਕਢਦੀ ਮੈਂ ਸੰਝ ਸਵੇਰੇ,
ਢੇਰ ਲਗਾਵਾ ਲੱਭ ਕੇ ਮਿੱਟੀ 'ਚੋਂ ਤੇਰੇ।
ਖੋਤੇ ਦੇ ਗਲ ਲਾਲ ਦੀ ਮੈਂ ਪਰਖ ਸਿਖਾਵਾਂ,
ਮੂਰਖ ਖੇਹ ਰੁਲਾਈਓਂ ਸਾਂਭੀ ਦਾਨਾਵਾਂ।
ਤੇਰਾ ਖੋਜ ਨਾ ਦਿੱਸਦਾ ਜੇ ਮੈਂ ਨਾ ਆਂਦੀ,
ਪੱਲੇ ਪੈ ਕੇ ਅਹਿਮਕਾਂ[9], ਪਈ ਧੱਕੇ ਖਾਂਦੀ।

3. ਵਿਦਯਾ ਆਖੇ : ਅਕਲ ਨੂੰ ਮੈਂ ਸਾਣ ਚੜ੍ਹਾਵਾਂ[10],
ਦੱਬੇ ਦਾਨੇ[11] ਦਾਨਿਆਂ ਦੇ ਹੱਥ ਫੜਾਵਾਂ।
ਇਕ ਅੜੇਸੇ[12] ਕਲਮ ਦੀ, ਤਖਤੋਂ ਉਲਟਾਵਾਂ,
ਧਰਮ, ਨਿਆਂ, ਤੇ ਰੱਬ ਨੂੰ ਮੈਂ ਹੀ ਸਮਝਾਵਾਂ।
ਦੌਲਤ ਵਾਲੇ ਆਲਮਾਂ[13] ਦਾ ਭਰਦੇ ਪਾਣੀ,
ਮੇਰੇ ਹੱਥ ਹਕੂਮਤਾਂ ਦੀ ਕਲਾ[14] ਭੁਆਣੀ।
ਬੇ-ਇਲਮਾਂ ਨੂੰ ਮੰਗਿਆ ਭੀ ਖੈਰ ਨਾ ਪੈਂਦਾ,
ਕਲਮੋਂ ਲਹੂ ਜਹਾਨ ਦਾ ਨਿਤ ਸੁਕਾ ਰਹਿੰਦਾ।

4. ਹੋਣੀ ਘੂਰੀ ਵੱਟ ਕੇ ਗੁੱਸੇ ਵਿਚ ਬੋਲੀ,
ਬੜ ਬੜ ਕੀ ਹੈ ਕਰ ਰਹੀ ਇਹ ਪਾਗਲ ਟੋਲੀ ?
ਬਖਸ਼ਸ਼ ਮੇਰੇ ਲੰਗਰੋਂ ਸਭਸੇ ਨੂੰ ਜੁੜਦੀ,
ਕਲਮ ਵਗੀ ਤਕਦੀਰ ਦੀ ਕਿਸ ਪਾਸੋਂ ਮੁੜਦੀ ?
ਵਗਦੇ ਵਹਿਣ ਸੁਕਾ ਦਿਆਂ, ਜਲ ਥਲੀਂ ਵਹਾਵਾਂ,

---

1. ਬਹੁਤ ਸਨਮਾਨ ਹੋਣਾ। 2. ਫਾਂਸੀ ਦਾ ਤਖਤਾ। 3. ਰਾਜ ਗੱਦੀ। 4. ਬਾਗੀਆਂ। 5. ਕਾਤਲ।
6. ਜੋ ਕੀਤੇ ਵਚਨਾਂ ਤੋਂ ਟਲ ਜਾਂਦੇ ਹਨ, ਬੇਇਤਬਾਰੇ। 7. ਪੈਸੇ। 8. ਅਕਲ। 9. ਮੂਰਖਾਂ। 10. ਤਿੱਖਾ ਕਰਨਾ।
11. ਦਾਣੇ, ਭੰਡਾਰ, ਜਾਂ ਪੁਰਾਣੇ ਸਿਆਣਿਆਂ ਜੋ ਮਰ ਚੁੱਕੇ ਹਨ ਦੇ ਵਚਨ ਪੁਸਤਕਾਂ ਦੇ ਰੂਪ ਵਿਚ।
12. ਕਲਮ ਨਾਲ ਲਿਖੇ ਇਕ ਵਾਕ ਨਾਲ। 13. ਵਿਦਵਾਨਾਂ। 14. ਮੁਹਾਵਰਾ ਹੈ ਅਰਥਾਤ ਮੋੜਨਾ, ਜਾਂ ਬਦਲਣਾ।

ਤਖਤੋਂ ਸੁੱਟ, ਸ਼ਜਾਦਿਆਂ ਤੋਂ ਭੱਠ ਝੁਕਾਵਾਂ[1]।
ਮੂੰਹ ਦੀ ਮੂੰਹ ਵਿਚ ਘੁੱਟ ਲਾਂ, ਜਦ ਘਿੱਟ[2] ਮਰੋੜਾਂ,
ਵਾਗਾਂ ਜਾਣ ਨਾ ਠਲ੍ਹੀਆਂ, ਮੈਂ ਜਿੱਧਰ ਮੋੜਾਂ।
5. ਹਿੰਮਤ ਉਠ ਕੇ ਸ਼ੇਰ ਜਿਉਂ, ਮਾਰੇ ਲਲਕਾਰਾ,
ਮੇਰੀ ਤਾਕਤ ਸਾਹਮਣੇ ਕੋਈ ਟਿਕਣ ਨਾ ਹਾਰਾ।
ਢਾਲੇ ਨਿਤ ਨਸੀਬ ਨੂੰ ਮੇਰੀ ਕੁਠਿਆਲੀ,
ਫੁੱਲ ਖਿੜਾਵਾਂ ਕਿਸਮਤਾਂ ਦੀ ਸੁੱਕੀ ਡਾਲੀ।
ਕਿਸਮਤ ਕਿਸਮਤ ਆਖ ਕੇ ਢਿੱਲੜ ਚਿਚਲਾਂਦੇ,
ਹਿੰਮਤ ਵਾਲੇ ਪਰਬਤਾਂ ਨੂੰ ਚੀਰ ਲਿਜਾਂਦੇ।
ਹੱਡ ਨਾ ਹਿੱਲਣ ਆਪਣੇ ਕਿਸਮਤ ਨੂੰ ਰੋਂਦੇ।
ਚੁੰਗੀਆਂ ਭਰਦੇ ਹਿੰਮਤੀ, ਜਾ ਅਗ੍ਹਾਂ ਖਲੋਂਦੇ।
ਸੁੱਤੇ ਲੇਖ ਬਹਾਦਰਾਂ, ਕਰ ਜੁਹਦ[3] ਜਗਾਏ,
ਰੇਖੀਂ ਮੇਖਾਂ ਮਾਰ ਕੇ ਦਿਨ ਫਿਰ ਵਿਖਾਏ,
ਕਿਸਮਤ ਵੱਲ ਦਲਿੱਦਰੀ[4] ਪਿਆ ਬਿਟ ਬਿਟ ਵੇਖੇ,
ਨਕਦੋ ਨਕਦ ਚੁਕਾਂ ਮੈਂ, ਮਿਹਨਤ ਦੇ ਲੇਖੇ।
ਔਕੜ[5] ਕੇਡੀ ਆ ਪਏ, ਮੈਂ ਕਰਾਂ ਸੁਖਾਲੀ,
ਫੂਕਾਂ ਮਾਰ ਉਡਾ ਦਿਆਂ, ਕਿਸਮਤ-ਘਟ ਕਾਲੀ।
ਗ਼ਜ਼ਨੀ ਵਿਚੋਂ ਠਿਲ੍ਹੀਆਂ, ਹਿੰਮਤ ਦੀਆਂ ਕਾਂਗਾ,
ਕਿਸਮਤ ਖੜੀ ਅੜੁੰਬ[6] ਕੇ, ਮਹਮੂਦੀ[7] ਸਾਂਗਾਂ।
ਗੌਰੀ[8] ਚੜ੍ਹਿਆ ਗੱਜ ਕੇ, ਜਦ ਘੱਤ ਵਹੀਰਾਂ[9]
ਕਿਸਮਤ ਪਾਣੀ ਅੱਗਿਓਂ, ਹੋ ਲੀਰਾਂ ਲੀਰਾਂ।
ਜੈ ਚੰਦ[10] ਆਪ ਵੰਗਾਰ ਕੇ ਲੰਕਾ ਲੁਟਵਾਈ,
ਨੱਕ ਨਕੇਲ ਗੁਲਾਮੀਆਂ ਦੀ ਵੱਟ ਪੁਆਈ।
ਹਿੰਮਤ ਕੀਤੀ ਆਜੜੀ[11], ਦਿੱਲੀ ਵਿਚ ਆ ਕੇ,
ਤਖਤ ਤਊਸ[12] ਉਡਾਇਆ, ਕਤਲਾਮ ਮਚਾ ਕੇ।
ਫੇਰ ਨਿਕਲ ਇਕ ਸੂਰਮੇ, ਤਲਵਾਰ ਚਲਾਈ,
ਹਿੰਮਤ ਕਾਬਲ ਜਾ ਵੜੀ, ਪੈ ਗਈ ਦੁਹਾਈ।
ਹਿੰਮਤ ਅੱਖਾਂ, ਮੀਟੀਆਂ, ਜਿਸ ਵੇਲੇ ਆ ਕੇ,

---

1. ਔਖੇ ਕੰਮ, ਗਰੀਬੀ ਵਿਚ। 2. ਮੁਹਾਵਰਾ ਹੈ, ਭਾਵ ਹੈ, ਗਲ ਘੁਟਣਾ। 3. ਮੁਸ਼ੱਕਤ। 4. ਆਲਸੀ।
5. ਮੁਸੀਬਤ। 6. ਪਰੋ ਕੇ। 7. ਮਹਮੂਦ ਗਜਨਵੀ ਦੀ ਫੌਜ ਦੀਆਂ। 8. ਮੁਹੰਮਦ ਗੌਰੀ। 9. ਫੌਜਾਂ ਲੈ ਕੇ।
10. ਅਜਮੇਰ ਦਾ ਰਾਜਪੂਤ ਰਾਜਾ ਜਿਸ ਨੇ ਗੌਰੀ ਦਾ ਸਾਥ ਦੇ ਕੇ ਪ੍ਰਿਥਵੀ ਰਾਜ ਨੂੰ ਮਰਵਾਇਆ ਸੀ ਤੇ ਫਿਰ ਆਪਣਾ ਰਾਜ ਤੇ ਜਾਨ ਵੀ ਖੁਹਾ ਬੈਠਾ। 11. ਨਾਦਰਸ਼ਾਹ।
12. ਮੋਰ ਦੀ ਸ਼ਕਲ ਦਾ ਇਕ ਕੀਮਤੀ ਤਖਤ ਜੋ ਮੁਗਲ ਬਾਦਸ਼ਾਹ ਸ਼ਾਹਜਹਾਂ ਨੇ ਬਣਵਾਇਆ ਸੀ।

ਕਿਸਮਤ ਚੜ੍ਹੀ ਪੰਜਾਬ ਦੀ ਗੈਰਾ ਦੀ ਢਾਕੇ[1]।
ਧੌਲਾ[2] ਬੱਦਲ ਉਠਿਆ ਇਕ ਲਹਿੰਦੀ ਗੁੱਠੋਂ,
ਲੱਭੀ ਖਾਣ ਯਕੂਤ[3] ਦੀ, ਮਿੱਟੀ ਦੀ ਮੁੱਠੋਂ।
ਕੋਠੀ ਆਣ ਬਪਾਰ ਦੀ ਹਿੰਮਤ ਨੇ ਪਾਈ,
ਕਿਸਮਤ ਹਿੰਦੁਸਤਾਨ ਦੀ ਓਵੇਂ ਪਲਟਾਈ।
ਹਿੰਮਤ ਜਿਹੜੇ ਕੰਮ ਨੂੰ ਲੱਕ ਬੰਨ੍ਹ ਖਲੋਵੇ,
ਸੁੱਕਾ ਕੰਡਾ ਫੁੱਲ ਕੇ ਗੁਲਦਸਤਾ ਹੋਵੇ।
ਨਿੱਯਤ ਘੜੇ ਮੁਰਾਦ ਨੂੰ ਲਾ ਹਿੰਮਤ ਤੌਣੀ,
ਪਾਣੀ ਵਾਂਗਰ ਵਗ ਤੁਰੇ, ਜੋ ਪਵੇ ਅੜੌਣੀ[4]।
ਪੱਕੀ ਨਿਯਤ ਧਾਰ ਕੇ ਜੋ ਚੌਣਾ ਚੱਕੇ[5],
ਰੱਬ ਭਿ ਚਾਤ੍ਰਿਕ ਉਸ ਦਾ ਫਲ ਰੋਕ ਨਾ ਸੱਕੇ।

ਕਵੀ ਦਾ ਰੱਬ

ਪ੍ਰੇਮ ਦੇ ਕੁੱਠੇ ਕਵੀ ! ਦੀਦਾਰ ਦੇ ਭੁੱਖੇ ਕਵੀ !
ਜਾਨ ਤੇਰੀ, ਪਾਰੇ ਵਾਂਗਰ, ਤਲਮਲਾਵੇ ਕਿਸ ਲਈ ?
ਮਹਿਕ ਵਾਂਗਰ ਖਿੰਡੀ ਹੋਈ ਸੂਰਤ, ਕੀ ਹੈ ਭਾਲਦੀ ?
ਕੇਰ ਮੋਤੀ ਹੰਝੂਆਂ ਦੇ, ਝੋਲੀ ਤੇਰੀ ਭਰ ਗਈ,
ਢੂੰਡਦਾ ਹੈਂ ਰੱਬ ਨੂੰ ? ਕਲਪੇ ਹੋਏ ਆਕਾਰ ਵਿਚ ?
ਭੋਲਿਆਂ ! ਆ ਭਲਾ, ਕੁਦਰਤ ਦੀ ਖਿੜੀ ਗੁਲਜ਼ਾਰ ਵਿਚ।
ਛੰਭ-ਸ਼ੀਸ਼ਾ[6] ਦੇਖ, ਫੜ ਲੈ ਆਰਸੀ ਜਾਂ ਤ੍ਰੇਲ ਦੀ,
ਤੱਕ, ਕੁਦਰਤ ਰੱਬ ਦੀ, ਖੇਲਾਂ ਕਿਵੇਂ ਹੈ ਖੇਲਦੀ ?
ਪਰਬਤਾਂ ਪਰ ਨੱਚਦੀ, ਪਧਰਾਈਆਂ[7] ਵਿਚ ਪੇਲਦੀ,
ਸਾਗਰਾਂ ਨੂੰ ਰਿੜਕਦੀ ਅਰ ਝਰਨਿਆਂ ਨੂੰ ਠੇਲਦੀ,
ਮੋਤੀਆਂ ਦੇ ਬੁੱਕ ਸੁੱਟ, ਸ਼ਿੰਗਾਰਦੀ ਹੈ ਰਾਤ ਨੂੰ,
ਥਾਲ ਕੁੰਦਨ[8] ਦਾ ਪਰੋਸੇ, ਉੱਠਦੀ ਪਰਭਾਤ ਨੂੰ,
ਖਿੱਚ ਜਿਸ ਦੀ ਰੂਪ ਪਰ, ਤੜਫਣ ਸਿਖਾਇਆ ਪਿਆਰ ਨੂੰ,
ਲੈ ਜਿਦ੍ਹੀ ਥਰਕਾਉਂਦੀ ਹੈ, ਜ਼ਿੰਦਗੀ ਦੀ ਤਾਰ ਨੂੰ,
ਸੇਕ ਜਿਸ ਦਾ, ਗਰਮ ਰੱਖੇ ਖੂਨ ਦੀ ਰਫਤਾਰ[9] ਨੂੰ
ਰਸ ਜਿਦ੍ਹਾ ਭਟਕਾ ਰਿਹਾ ਹੈ, ਫੁੱਲ ਦੀ ਮਹਿਕਾਰ ਨੂੰ,
ਰੂਪ ਜਿਸ ਦਾ, ਸ਼ਾਮ[10] ਦੇ ਕੱਥੇ ਤੇ ਝਲਕਾਂ ਮਾਰਦਾ,

1. ਵਿਦੇਸ਼ੀਆਂ ਦੀ ਗੋਦ, ਜਾਂ ਪਿੱਠ। 2. ਅੰਗਰੇਜ਼, ਚਿੱਟੇ ਰੰਗ ਤੋਂ। 3. ਇਕ ਕੀਮਤੀ ਪੱਥਰ। 4. ਰੁਕਾਵਟ, ਮੁਸ਼ਕਿਲ। 5. ਕੰਮ ਆਰੰਭੇ। 6. ਝੀਲ ਦਾ ਸ਼ੀਸ਼ਾ। 7. ਮੈਦਾਨ। 8. ਸੋਨਾ। 9. ਚਾਲ। 10. ਤ੍ਰਿਕਾਲਾਂ।

ਚੜ੍ਹਤ ਜਿਸ ਦੀ ਦੇਖ ਕੇ ਜੀ ਖਿੜ ਪਏ ਸੰਸਾਰ ਦਾ।
ਜੋਤ ਜਗਦੀ ਹੈ ਜਿਦ੍ਹੀ, ਹਰ ਚਾਨਣੇ ਮੀਨਾਰ[1] ਤੇ,
ਜਿਸ ਦੀਆਂ ਗੁਲਕਾਰੀਆਂ[2] ਦਾ ਰੰਗ ਰੂਪ ਬਹਾਰ ਤੇ,
ਮੌਜ[3] ਜਿਸ ਦੀ ਪੇਲਦੀ, ਜੀਵਨ ਨਦੀ ਦੀ ਧਾਰ ਤੇ,
ਸੁਰ ਜਿਦ੍ਹੀ ਥੱਰਾਉਂਦੀ ਹੈ, ਪ੍ਰੇਮ-ਰਸ ਦੀ ਤਾਰ ਤੇ,
ਨੀਝ ਜਿਸ ਦੀ ਨਾਲ ਹੋਇਆ, ਨੂਰ ਨੂਰੋ ਨੂਰ ਹੈ,
ਉਹ ਕਵੀ ਦਾ ਰੱਬ ਹੈ ਜੋ ਹਰ ਜਗਾ ਭਰਪੂਰ ਹੈ।
ਮੰਦਿਰਾਂ ਅਰ ਮਸਜਿਦਾਂ ਵਿਚ ਕੈਦ ਹੋ ਬਹਿੰਦਾ ਨਹੀਂ
ਪੋਥੀਆਂ ਅਰ ਵੱਟਿਆਂ ਵਿਚ, ਜੁੜਿਆ ਰਹਿੰਦਾ ਨਹੀਂ
ਵਾਜਿਆਂ ਤੋਂ ਤ੍ਰਿਭਕਦਾ ਅਰ ਬਾਂਗ ਤੋਂ ਖਹਿੰਦਾ ਨਹੀਂ,
'ਤੁਰਕ ਨੀਚ-ਮਲੇਛ' ਹਿੰਦੂ ਦੋਜ਼ਖੀ[4] ਕਹਿੰਦਾ ਨਹੀਂ,
ਸ਼ਕਤੀਆਂ ਦਾ ਬੰਨ੍ਹ[5] ਕਰਦਾ ਸਭ ਕਿਸੇ ਨੂੰ ਪਿਆਰ ਹੈ,
ਉੱਠ, ਮੱਥਾ ਟੇਕ, ਚਾਤ੍ਰਿਕ ! ਇਹ ਤੇਰਾ ਕਰਤਾਰ ਹੈ।

ਸਤਜੁਗ

1. ਓ ਸਾਦਗੀ ਦੇ ਜੀਵਨ ! ਆਰਾਮ ਦੇ ਜ਼ਮਾਨੇ !
ਮਾਸੂਮੀਆਂ ਦੇ ਚਸ਼ਮੇ ! ਆਨੰਦ ਦੇ ਖ਼ਜ਼ਾਨੇ !
ਓ ਪ੍ਰੀਤ ਦੇ ਫੁਹਾਰੇ ! ਸਚਿਆਈਆਂ ਦੇ ਸੋਮੇ !
ਕਿਸ ਰੋੜ੍ਹ ਵਿਚ ਵਹਾਏ ਤੂੰ ਆਪਣੇ ਫਸਾਨੇ ?
ਕਿਸ ਭੀੜ ਵਿਚ ਗੁਆਚਾ, ਉਹ ਸਾਦਗੀ ਦਾ ਗਹਿਣਾ ?
ਕਿਸ ਸ਼ਹਿਰ ਵਿਚ ਉਜਾੜੇ, ਓਹ ਵੱਸਦੇ ਵਿਰਾਨੇ ?
ਕਿਸ ਪਤ-ਝੜੀ ਨੇ ਝਾੜੀ, ਬਰਕਤ ਤੇਰੇ ਚਮਨ ਦੀ ?
ਓਹ ਕੁਦਰਤੀ ਬਹਾਰਾਂ, ਓਹ ਪ੍ਰੇਮ ਦੇ ਤਰਾਨੇ ?
ਕਜਾ ਮੌਜ ਸੀ ਜਦੋਂ ਤੂੰ ਮੈਨੂੰ ਖਿਡਾ ਰਿਹਾ ਸੀ,
ਇਸ ਰੌਲਿਓਂ ਨਿਆਰੀ, ਦੁਨੀਆਂ ਵਸਾ ਰਿਹਾ ਸੀ।

2. ਉਹ ਜੰਗਲਾਂ ਦਾ ਵਾਸਾ, ਓਹ ਕੁਦਰਤੀ ਨਜ਼ਾਰੇ !
ਸਾਈਂ ਨੂੰ ਯਾਦ ਕਰਨਾ, ਬਹਿ ਬਹਿ ਨਦੀ ਕਿਨਾਰੇ !
ਸਿੱਧੀ ਜਿਹੀ ਤਬੀਅਤ, ਸਾਦਾ ਜਿਹਾ ਪਰ੍ਹਾਵਾ,
ਫਲ ਫੁਲ ਦੀਆਂ ਖੁਰਾਕਾਂ, ਛੰਨਾਂ ਦੇ ਵਿਚ ਗੁਜ਼ਾਰੇ !
ਨਾ ਲੋਭ, ਨਾ ਲਟਾਕੇ[6], ਨਾ ਚੋਰੀਆਂ, ਨਾ ਡਾਕੇ।
ਨਾ ਪੇਟ ਦੇ ਪੁਆੜੇ[7], ਨਾ ਪਾਪ ਦੇ ਪਸਾਰੇ।

---

1. ਲਾਈਟ ਹਾਊਸ ਭਾਵ ਦਿਮਾਗ। 2. ਰੰਗ ਬਿਰੰਗੀਆਂ ਫੁਲਵਾੜੀਆਂ। 3. ਲਹਿਰ। 4. ਨਰਕ ਦਾ ਭਾਗੀ। 5. ਭਾਵ ਕੇਂਦ੍ਰ ਰੂਪ। 6. ਸ਼ੌਕ। 7. ਝੰਬੇਲੇ, ਦੁੱਖ, ਸਿਆਪੇ।

ਖੁਲ੍ਹੇ ਅਨੰਦ ਲੈਣਾ, ਬੇਫਿਕਰ ਹੋ ਕੇ ਸੌਣਾ,
ਕੁਦਰਤ ਨੂੰ ਸੌਂਪ ਛੱਡੇ ਸਨ, ਇੰਤਜ਼ਾਮ ਸਾਰੇ।
ਗਾ ਗਾ ਕੇ ਰਾਗ ਰੱਬੀ, ਖਿੜਿਆਂ ਹਮੇਸ਼ ਰਹਿਣਾ,
ਨਾ ਬਾਂਗ ਤੋਂ ਝਗੜਨਾ, ਨਾ ਵਾਜਿਆਂ ਤੋਂ ਖਹਿਣਾ।

3. ਉਹ ਡੀਲ ਡੋਲ ਬਾਂਕੀ, ਤੇ ਚਿਹਰਿਆਂ ਤੇ ਲਾਲੀ,
ਬੇਫ਼ਿਕਰੀਆਂ ਦੀ ਮਸਤੀ, ਬਿਨ ਪੈਸਿਓਂ ਖੁਸ਼ਾਲੀ।
ਨਾ ਆਮਦਨ ਦੇ ਧਾੜੇ, ਨਾ ਖਰਚ ਦੇ ਉਜਾੜੇ,
ਨਾ ਲੋਭ, ਨਾ ਲੜਾਈ, ਨਾ ਸਾਂਝ ਨਾ ਭਿਆਲੀ।
ਯਾ ਹੱਸਣਾ ਯਾ ਗਾਣਾ, ਯਾ ਰੱਬ ਨੂੰ ਧਿਆਣਾ,
ਨਾ ਨੌਕਰੀ, ਨਾ ਵਾਹੀ, ਨਾ ਵਣਜ[1] ਨਾ ਦਲਾਲੀ।
ਨਾ ਮਾਲਕੀ ਦਾ ਦਾਵਾ, ਨਾ ਚਾਕਰੀ ਦਾ ਹਾਵਾ,
ਨਾ ਸਾਹਬ ਨੂੰ ਸਲਾਮਾਂ, ਨਾ ਅਫਸਰਾਂ ਨੂੰ ਡਾਲੀ[2]।
ਨਾ ਸਰਦੀਆਂ ਨੇ ਪੋਹਣਾ ਨਾ ਗਰਮੀਆਂ ਸਤਾਣਾ।
ਨਾ ਪੀੜ ਪਰਬ ਹੋਣੀ, ਨਾ ਡਾਕਟਰ ਦੇ ਜਾਣਾ।

4. ਉਸ ਸਾਦਗੀ ਤੋਂ ਸਦਕੇ, ਸ਼ਿੰਗਾਰ ਦੀ ਪਟਾਰੀ,
ਉਸ ਝੌਂਪੜੀ ਤੋਂ ਵਾਰੀ, ਇਹ ਅਕਲ ਦੀ ਅਟਾਰੀ[3]।
ਆਰਾਮ ਤੇ ਖੁਸ਼ੀ ਦੀ, ਜੜ ਮੇਖ ਜਿਨ ਉਖੇੜੀ,
ਫਿਕਰਾਂ ਤੇ ਹੌਕਿਆਂ ਦੀ, ਚੰਬੜ ਗਈ ਬਿਮਾਰੀ।
ਲੋੜਾਂ ਤੇ ਲਾਲਚਾਂ ਦੀ, ਗਲ ਪੈ ਗਈ ਪੰਜਾਲੀ,
ਸੂਲੀ ਤੇ ਜਾਨ ਟੰਗੀ, ਹਰਦਮ ਰਹੇ ਵਿਚਾਰੀ।
ਪਾਪੜ ਅਨੇਕ ਵੇਲੇ, ਵਲ ਛਲ ਕਈ ਖਿਲਾਰੇ,
ਹੋਈ ਨਾ ਫੇਰ ਮੱਠੀ, ਇਹ ਹਿਰਸ ਹੈਂਸਿਆਰੀ[4]।
ਦੁਨੀਆਂ ਦੇ ਵਹਿਣ ਪੈਕੇ, ਮੈਂ ਦੀਨ ਭੀ ਗੁਆਇਆ,
ਪਰ ਰੁੜ੍ਹ ਗਿਆ ਬਿਆਸਾ, ਕੰਢਾ ਨਾ ਹੱਥ ਆਇਆ।

5. ਆ ਜਾ, ਤੇ ਆ ਕੇ ਮੈਨੂੰ, ਇਸ ਕੈਦ ਤੋਂ ਛੁਡਾ ਜਾ,
ਇਸ ਭੱਠ ਵਿਚ ਭੁਜਦੀ ਜਿੰਦੜੀ ਨੂੰ ਚੈਨ ਪਾ ਜਾ।
ਲੋੜਾਂ ਦੇ ਪਰਬਤਾਂ ਨੂੰ ਲਾਂਭੇ ਜ਼ਰਾ ਹਟਾ ਕੇ,
ਸੰਤੋਸ਼[5] ਦਾ ਖ਼ਜ਼ਾਨਾ, ਉਹ ਆਪਣਾ ਲਭਾ ਜਾ।
ਆ ਵੇਖ ਟੁਕੜਿਆਂ ਤੇ ਤਲਵਾਰ ਖੜਕਦੀ ਨੂੰ,
ਇਹ ਭੋਖੜਾ ਹਟਾ ਜਾ, ਤੰਦੂਰ[6] ਨੂੰ ਬੁਝਾ ਜਾ।
ਇਤਫ਼ਾਕ ਦਾ ਸ਼ਿਵਾਲਾ[7], ਤੇ ਪ੍ਰੇਮ ਦੇ ਪੁਜਾਰੀ,
ਰਲ ਮਿਲ ਕੇ ਗਾਣ ਵਾਲਾ, ਉਹ ਗੀਤ ਭੀ ਸਿਖਾ ਜਾ।

---

1. ਵਪਾਰ। 2. ਅਫ਼ਸਰਾਂ ਨੂੰ ਖੁਸ਼ ਕਰਨ ਲਈ ਟੋਕਰੀ ਵਿਚ ਫਲ ਫੁਲ ਆਦਿ ਦੀ ਭੇਟਾ।
3. ਉੱਚਾ ਚੁਬਾਰਾ, ਵੱਡਾ ਮਕਾਨ। 4. ਜ਼ਾਲਮ। 5. ਸੰਤੋਖ। 6. ਭੁੱਖ ਦੀ ਅਗਨੀ। 7. ਮੰਦਿਰ।

ਇਸ ਅਕਲ ਤੇ ਦਨਾਈ, ਉਲਟੀ ਨਦੀ ਵਹਾਈ,
ਇਕ ਲੋਹੜ ਆ ਗਿਆ ਹੈ, ਤਹਿਜ਼ੀਬ[1] ਕਾਢ੍ਹੀ ਆਈ।

ਤਾਰਾ

(ਸਰ ਇਕਬਾਲ ਦੇ ਇਕ ਖਿਆਲ ਦਾ ਅਨੁਵਾਦ)

ਨੂਰਾਨੀ ਤਾਰੇ ! ਤੂੰ ਹਰਦਮ, ਕਿਉਂ ਡੁਬਕੂੰ ਡੁਬਕੂੰ ਕਰਦਾ ਹੈਂ ?
ਘਬਰਾਵੇਂ ਚੰਦਰਮਾਂ ਤੋਂ ? ਯਾ, ਲੋ ਤੜਕੇ ਦੀ ਤੋਂ ਡਰਦਾ ਹੈ ?
ਕੀ ਰੂਪ ਢਲਣ ਦਾ ਖਤਰਾ ਹੈ ? ਚਿੰਤਾ ਯਾ ਦਮਕ ਚੁਰੀਵਣ ਦੀ ?
ਯਾ ਸਧਰ ਜੀ ਤੜਫਾਂਦੀ ਹੈ, ਦੁਨੀਆਂ ਅੰਦਰ ਥਿਰ ਜੀਵਣ ਦੀ ?
ਪਾਈ ਹੈ ਚਮਕ ਅਮੁੱਲੀ ਤੂੰ, ਅਰਸ਼ਾਂ ਦੀ ਮੌਜ ਹੰਡਾਂਦਾ ਹੈਂ,
ਫਿਰ ਕਿਉਂ ਦਿਲ ਪਿਆ ਡੁਲਾਂਦਾ, ਤੇ ਥਰ ਥਰ ਕਰ ਰਾਤ ਲੰਘਾਂਦਾ ਹੈ ?

ਉੱਤਰ— ਰਾਹੀ ਹੈਰਾਨ ਨਾ ਹੋ, ਦੁਨੀਆਂ ਵਿਚ ਇਹੋ ਦੁਰੰਗੀ ਜਾਰੀ ਹੈ,
ਜੋ ਬਾਤ ਇਕਸ ਨੂੰ ਮਾੜੀ ਹੈ, ਉਹ ਦੂਜੇ ਨੂੰ ਸੁਖਕਾਰੀ ਹੈ।
ਇਕ ਪਾਸੇ ਅੱਖ ਲਗੇ, ਦੁਨੀਆਂ ਦੂਜੇ ਪਾਸੇ ਵਸ ਪੈਂਦੀ ਹੈ,
ਇਕ ਮੰਦਰ ਢਾ ਕੇ ਮੌਤ, ਦੂਏ ਜੀਵਨ ਦੀ ਨੀਂਹ ਧਰ ਲੈਂਦੀ ਹੈ।
ਡੋਡੀ ਦਾ ਜੀਵਨ ਮੁਕਦਾ ਹੈ, ਤਦ ਜੋਬਣ ਫੁੱਲ ਖਿੜਾਂਦਾ ਹੈ,
ਸੂਰਜ ਦੀ ਅੱਖ ਉਘੜਦੀ ਹੈ, ਤਾਰਾ ਮੰਡਲ ਸੌਂ ਜਾਂਦਾ ਹੈ।
ਤੂੰ ਜਿਸ ਟਿਕਾਊ ਨੂੰ ਲਭਦਾ ਹੈਂ ਮੁਸ਼ਕਿਲ ਹੈ ਇਸ ਕਾਰਖਾਨੇ ਵਿਚ,
ਇਕ ਸਦਾ-ਫਿਰੰਤੂ[2] ਕਾਲ ਚਕ੍ਰ[3] ਹੀ, ਥਿਰ ਹੈ ਏਸ ਜ਼ਮਾਨੇ ਵਿਚ।

ਅੱਖੀਆਂ

ਅੱਖੀਓ ! ਤੱਕਣਾ ਸਿਫਤ ਤੁਹਾਡੀ,
ਕੌਣ ਕਹੇ ਤੁਸੀਂ ਤੱਕੋ ਨਾ,
ਜਗਤ ਤਮਾਸ਼ਾ ਜਮ ਜਮ ਤੱਕੋ,
ਤਕਦੀਆਂ ਤਕਦੀਆਂ ਥੱਕੋ ਨਾ।
ਰੱਬੀ ਨੂਰ ਝਲਕਦਾ (ਏ) ਫੁਟ ਫੁਟ,
ਫੁਲ ਫੁਲ ਡਾਲੀ ਡਾਲੀ ਤੇ,
ਹੁਸਨ ਸੁਹੱਪਣ ਓਸ ਮਾਹੀ ਦਾ
ਰਜ ਰਜ ਵੇਖੋ ਝੱਕੋ ਨਾ।
ਪਰ, ਇਸ ਤਕ ਵਿਚ, ਚੇਤਾ ਰਖਣਾ !
ਮੈਲੀਆਂ ਮੂਲ ਨਾ ਹੋਇਓ ਜੇ,
ਜੀਵਨ-ਦਾਤੇ ਦੇ ਅੰਮ੍ਰਿਤ ਨੂੰ,
ਜ਼ਹਿਰ ਬਣਾ ਕੇ ਫੱਕੋ ਨਾ।

---

1. ਨਵੀਂ ਸੱਭਿਅਤਾ। 2. ਸਦਾ ਚਲਣ ਵਾਲਾ। 3. ਸਮੇਂ ਦਾ ਚੱਕਰ।

ਸਤਾਰ ਦੀ ਤਰਬ

ਨਾਜ਼ਕ ਤਰਬ ਸਤਾਰ ਦੀਏ ! ਤੂੰ ਕੀ ਫਰਿਆਦ ਮਚਾਵੇਂ ?
ਸੂਹਲ ਕਿਸੇ ਦੀ ਵੀਣੀ ਵਾਂਗਰ ਥਰ ਥਰ ਕੰਬੀ ਜਾਵੇਂ।
ਥਰਕ ਤੇਰੀ ਵਿਚ ਸੁਆਦ ਇਲਾਹੀ[1] ਸੁੱਤੀ ਕਲਾ ਜਗਾਵੇਂ,
ਅਰਸ਼ੇ ਚਾੜ੍ਹ ਸੁਰਤ ਦੀ ਗੁੱਡੀ ਤੁਣਕੇ ਨਾਲ ਨਚਾਵੇਂ।
ਗੂੰਜ ਤੇਰੀ ਦੀਆਂ ਲੁਕਵੀਆਂ ਰਮਜ਼ਾਂ ਧੂਹੀ ਜਾਣ ਕਲੇਜਾ,
ਕੀ ਪਾ ਕੇ ਤੂੰ ਗੁੰਗੇ ਵਾਂਗਰ, ਗੁਣ ਗੁਣ ਗੁਣ ਗੁਣ ਗਾਵੇਂ ?
ਕਹਿਣ ਲਗੀ : ਇਸ ਥਰਕਣ ਵਿਚ ਇਹ ਰਮਜ਼[2] ਪਈ ਥੱਰਾਵੇ,
ਜੀਵਨ ਜੋਤ ਜਗੇ ਜਦ ਸੀਨੇ, ਹਰਕਤ ਦੇ ਵਿਚ ਆਵੇ।
ਹਰਕਤ ਨਾਲ ਹੁਲਾਰੇ ਖਾਂਦੀ, ਹਰ ਸ਼ੈ ਦੀ ਜ਼ਿੰਦਗਾਨੀ,
ਜੀਵਨ ਚਾਲ, ਚਾਲ ਹੈ ਜੀਵਨ, ਇਸ ਬਿਨ ਲੋਥ ਸਦਾਵੇ।
ਮੈਂ ਜੀਵਾਂ ਹਰਕਤ ਵਿਚ ਆ ਕੇ, ਰਾਗ ਛਿੜੇ ਰੂਹਾਨੀ,
ਤਾਰ ਮੇਰੀ ਜਦ ਮਾਲਕ ਉਪਰੋਂ ਠੁੰਗੇ ਨਾਲ ਹਿਲਾਵੇ।

ਮਨ ਸਮਝਾਵਾ

(ਗਜ਼ਲ)

ਦਿਲਾ ! ਕੁਝ ਹੋਸ਼ ਕਰ, ਮਾਹੀ ! ਦੁਹਾਈਆਂ ਨਾ ਮਚਾਇਆ ਕਰ,
ਨਾ ਸੜ ਸੜ ਜਾਨ ਲੂਹਿਆ ਕਰ, ਨਾ ਰੋ ਰੋ ਜੀ ਖਪਾਇਆ ਕਰ,
ਸ਼ੁਦਾਈਆ ! ਸਮਝ ਜਾ ਹੁਣ ਭੀ, ਏ ਚੇਟਕ ਚੰਦਰੇ ਛਡ ਦੇ,
ਦਿਲਾਂ ਨੂੰ ਖੋਹ ਖੜਨ ਵਾਲੇ ਬਿਦਰਦਾਂ ਵਲ ਨਾ ਜਾਇਆ ਕਰ।
ਬੜੇ ਬੇਤਰਸ, ਪੱਥਰ ਦਿਲ, ਬੜੇ ਡਾਢੇ, ਬੜੇ ਖੋਟੇ,
ਇਨ੍ਹਾਂ ਦੇ ਪਾਸ ਜਾ ਜਾ ਕੇ, ਨਾ ਝਿੜਕਾਂ ਰੋਜ਼ ਖਾਇਆ ਕਰ।
ਜਿਨ੍ਹਾਂ ਦੀਆਂ ਅੱਖੀਆਂ ਵਿਚ ਦੀਦ ਕੁਦਰਤ ਨੇ ਨਹੀਂ ਪਾਈ,
ਉਨ੍ਹਾਂ ਦੇ ਸਾਹਮਣੇ ਬਹਿ ਬਹਿ ਨਾ ਕਢ ਕਢ ਦਿਲ ਵਿਖਾਇਆ ਕਰ।
ਇਨ੍ਹਾਂ ਪੀੜਾਂ ਨੂੰ ਝੱਲਣ ਦਾ ਤੇਰੇ ਵਿਚ ਹੈ ਨਹੀਂ ਜੁਰਕਾ,
ਸ਼ਮ੍ਹਾ ਦੇ ਨਾਲ ਭੰਭਟ ਵਾਲੀਆਂ ਸ਼ਰਤਾਂ ਨਾ ਲਾਇਆ ਕਰ।
ਲਹੂ ਪੀ ਪੀ ਕੇ ਪਲੀਆਂ ਨਾਗਣਾਂ ਨੂੰ ਛੇੜ ਨਾ ਬੈਠੀਂ,
ਕਟਾਰਾਂ ਸਾਣ ਚੜ੍ਹੀਆਂ ਤੋਂ ਕਲੇਜੇ ਨੂੰ ਬਚਾਇਆ ਕਰ।
ਇਨ੍ਹਾਂ ਦਾਗ਼ਾਂ ਭਰੇ ਚੰਦਾਂ ਦੇ ਵਿਚ ਠੰਢਕ ਨਹੀਂ ਵਸਦੀ,
ਇਲਾਹੀ ਨੂਰ ਵਾਲੀ ਜੋਤ, ਘਰ ਬਹਿ ਕੇ ਜਗਾਇਆ ਕਰ।
ਤੂੰ ਜਿਸ ਬੁੱਤ ਦਾ ਪੁਜਾਰੀ ਹੈਂ ਉਸੇ ਦੇ ਗੀਤ ਗਾ ਚਾਤ੍ਰਿਕ !
ਨਿਕੰਮੇ ਵੈਣ ਪਾ ਪਾ ਕੇ, ਨਾ ਦੁਨੀਆਂ ਨੂੰ ਸੁਣਾਇਆ ਕਰ।

---

1. ਰੱਬੀ। 2. ਰਹੱਸਯ, ਭੇਤ।

ਪੰਜਾਬੀ ਮਾਤਾ ਦੀ ਦੁਹਾਈ

ਧਾਰਨਾ—ਮਤ ਪੂਛ ਮੇਰਾ ਅਹਿਵਾਲ (ਭੈਰਵੀ)

ਜਾਗੋ ਵੇ ਮੇਰਿਓ ਸ਼ੇਰੋ ਵੇ ! ਕਿਉਂ ਦੇਰ ਲਗਾਈ ਵੇ ?
ਮੈਂ ਲੁੱਟ ਲਈ ਦਿਨ ਦੀਵੀਂ ਵੇ, ਕੋਈ ਸੁਣੋ ਦੁਹਾਈ ਵੇ !
ਮੇਰਾ ਦੋ ਕਰੋੜ ਕਬੀਲਾ,
ਕੋਈ ਝਬਦੇ ਕਰਿਓ ਹੀਲਾ,
ਮੈਂ ਘਰ ਦੀ ਮਾਲਕਿਆਣੀ ਹੁੰਦੀ ਜਾਂ ਪਰਾਈ ਵੇ ! ਜਾਗੋ...
ਕੱਖਾਂ ਤੋਂ ਹੌਲੀ ਹੋਈ,
ਮੈਨੂੰ ਕਿਤੇ ਨਾ ਮਿਲਦੀ ਢੋਈ,
ਮਤਰੇਈਆਂ ਨੂੰ ਕਰ ਅੱਗੇ ਅੰਮਾਂ ਘਰੋਂ ਕਢਾਈ ਵੇ ! ਜਾਗੋ...
ਬਾਬੇ ਨਾਨਕ ਦੀ ਵਡਿਆਈ,
ਬੁਲ੍ਹੇ ਨੇ ਮੈਥੋਂ ਪਾਈ,
ਅਵਤਾਰਾਂ ਪੀਰਾਂ ਫਕੀਰਾਂ ਦੀ ਮੈਂ ਤਖਤ ਬਹਾਈ ਵੇ ! ਜਾਗੋ...
ਸਭ ਸਈਆਂ ਅੱਗੇ ਗਈਆਂ,
ਮਨਜ਼ੂਰ ਹਜ਼ੂਰੇ ਪਈਆਂ,
ਮੈਂ ਭਰੇ ਸਰੋਂ ਤੁਰ ਚੱਲੀ, 'ਚਾਤ੍ਰਿਕ' ਵਾਂਗ ਤਿਹਾਈ ਵੇ ! ਜਾਗੋ...

ਮਹਿਫਲ

ਸਾਕੀ ! ਅਜ ਤੇਰੀ ਮਹਿਫਲ ਵਿਚ,
ਕੋਈ ਰਾਗ਼ ਨਹੀਂ, ਕੋਈ ਰੰਗ ਨਹੀਂ।
ਚੱਕਰ ਨਹੀਂ ਜਾਮ ਸੁਰਾਹੀ ਦਾ,
ਕੋਈ ਨਚਦਾ ਮਸਤ ਮਲੰਗ ਨਹੀਂ।
ਮਤਲਬ ਦੇ ਬੰਦੇ ਬੈਠੇ ਨੇਂ,
ਬੁਕਲਾਂ ਵਿਚ ਚੋਰ ਹੈ ਗ਼ਰਜ਼ਾਂ ਦਾ,
ਟੁਕੜੇ ਬਿਨ ਕੋਈ ਉਮੰਗ ਨਹੀਂ,
ਬਿਨ ਪੈਸੇ ਕੋਈ ਮੰਗ ਨਹੀਂ।
ਕੋਈ ਅਗਨ ਨਹੀਂ, ਚੰਗਿਆਈ ਦੀ,
ਕੋਈ ਲਗਨ ਨਹੀਂ ਕੁਰਬਾਨੀ ਦੀ,
ਇਨਸਾਫ, ਅਸੂਲ, ਸਚਾਈ ਦਾ,
ਕੋਈ ਰੰਗ ਨਹੀਂ, ਕੋਈ ਢੰਗ ਨਹੀਂ।
ਉਪਰੋਂ ਹੈ ਸ਼ਾਨ ਮੁਲਮੇ[1] ਦੀ,
ਅੰਦਰੋਂ ਕੋਈ ਖੋਟਾ ਸਿੱਕਾ ਹੈ,
ਅੱਖੀਆਂ ਵਿਚ ਘੱਟਾ ਪੈਂਦਾ ਹੈ,
ਕੋਈ ਅਣਖ ਨਹੀਂ ਕੋਈ ਸੰਗ ਨਹੀਂ।

---

1. ਕਿਸੇ ਘਟੀਆ ਧਾਤ ਉੱਤੇ ਵਧੀਆ ਧਾਤ ਦਾ ਪਾਣੀ।

ਇਸਤ੍ਰੀ

ਬੁਕਲ ਮਾਰ ਘਰੋਂ ਨਿਕਲੀ ਸੀ,
ਰਾਹ ਵਿਚ ਘੁੰਡ ਹਟਾਇਆ।
ਅਗਾਂਹ. ਗਈ ਤਾਂ ਸਿਰ ਭੀ ਨੰਗਾ,
ਬੁਢਿਆਂ ਰੌਲਾ ਪਾਇਆ।
ਬਾਬਾ! ਵੇਖ ਬਦਲਦੀ ਦੁਨੀਆਂ,
ਹੱਸ ਕੇ ਕਿਉਂ ਨਹੀਂ ਕਹਿੰਦਾ,
ਲੱਥੀ ਗਲੋਂ ਗੁਲਾਮੀ, ਪਹਿਰਾ
ਆਜ਼ਾਦੀ ਦਾ ਆਇਆ,
ਇਕ ਨੇ ਨੰਗਾ ਨਾਚ ਵਿਖਾਇਆ,
ਇਕ ਨੇ ਬੁਰਕਾ ਪਾਇਆ।
ਇਹ ਭੀ ਔਰਤ, ਉਹ ਭੀ ਔਰਤ,
ਕਿਸ ਨੇ ਫਰਕ ਬਣਾਇਆ ?
ਚਾਲਾਕੀ ਖੁਦਗਰਜ਼ ਮਰਦ ਦੀ,
ਹੱਸ ਕੇ ਅੱਗੋਂ ਬੋਲੀ:
"ਪੈਸੇ ਨਾਲ ਖਰੀਦ ਆਜ਼ਾਦੀ,
ਅੰਦਰ ਨਾਚ ਕਰਾਇਆ।"

ਅਦਲ ਬਦਲ

ਸਾਕੀ! ਅਜ, ਕਿਦ੍ਹੇ ਇਸ਼ਾਰੇ ਨੇ—
ਬਦਲਾਈ ਚਾਲ ਜ਼ਮਾਨੇ ਦੀ ?
ਸੂਰਤ ਵਟ ਗਈ-ਸੁਰਾਹੀ ਦੀ,
ਰੰਗਤ ਫਿਰ ਗਈ ਪੈਮਾਨੇ ਦੀ।
ਪੰਡਤ, ਮੁੱਲਾਂ, ਤੇ ਭਾਈ ਜੀ,
ਅਜ ਸਣੇਂ ਮੁਰੀਦਾਂ ਆਣ ਵੜੇ।
ਇਸ—ਇਨਸਾਨਾਂ ਦੀ—ਮਹਿਫਲ ਵਿਚ,
ਰੱਬ ਲਾਜ ਰਖ਼ੇ ਮੈਖਾਨੇ ਦੀ।

ਸੰਤ ਕਲਾਸ

ਪੂਰ, ਗੁਸਾਈਂ[1], ਬਾਬਾ, ਸੰਤ,
ਸਤਿਗੁਰ ਜੀ, ਮਹਾਰਾਜ, ਮਹੰਤ।
ਕੁਝ ਫਿਰਤੂ[2], ਕੁਝ ਗੱਦੀ ਦਾਰ[3],

1. ਸੰਨਿਆਸੀਆਂ ਦਾ ਇਕ ਫਿਰਕਾ। 2. ਚਲਦੇ ਫਿਰਦੇ। 3. ਇਕ ਥਾਂ ਗੱਦੀ ਬਣਾ ਕੇ ਬਹਿਣ ਵਾਲੇ ਲੋਕ।

ਛੜੇ ਛਾਂਟ ਕੁਝ ਸਣ ਪਰਿਵਾਰ।
ਭਾਂਤ ਭਾਂਤ ਦੇ ਪਹਿਨ ਲਿਬਾਸ,
ਉਪਰ ਪਈ ਇਕ ਸੰਤ ਕਲਾਸ।
ਪਰਮੇਸ਼ਰ ਦੇ ਸੋਲ ਇਜੰਟ,
ਮਜ਼ਹਬ ਨੂੰ ਰਖ ਲੈਣ ਸਟੰਟ[1]।
ਲੰਮਾ ਚੋਗ਼ਾ, ਅੱਖਾਂ ਲਾਲ,
ਕੱਠਾ ਕਰਦੇ ਫਿਰਨਾ ਮਾਲ।
ਮਠ, ਮੰਦਿਰ, ਦਿਹੁਰਾ, ਗੁਰੂ ਧਾਮ,
ਜੋ ਚਾਹਿਆ ਰਖ ਲੈਣਾ ਨਾਮ।
ਕਿਸੇ ਬੜੇ ਤੋਂ ਨੀਂਹ ਰਖਵਾ,
ਦੇਣੀ ਕਿਤੇ ਉਸਾਰੀ ਲਾ।
ਕੱਚਾ ਪੱਕਾ ਕੰਮ ਸੁਆਰ,
ਬੱਚਤ ਜਾਣੀ ਆਪ ਡਕਾਰ।
ਟਬਰਦਾਰ ਗ਼ਰੀਬਾਂ ਨਾਲ,
ਹਰ ਵੇਲੇ ਸੇਵਾ ਦਾ ਸੁਆਲ।
ਮੂੰਹ ਮੰਗੀ ਮਿਲ ਜਾਏ ਮੁਰਾਦ,
ਸੁਖਣਾਂ ਨਾਲ ਮਿਲੇ ਔਲਾਦ।
ਜੇ ਕੋਈ ਕਰ ਬੈਠੇ ਤਕਰਾਰ,
ਹੋ ਜਾਣਾ ਸਿਰ ਤੇ ਅਸਵਾਰ।
ਦੁਸ਼ਟ ਦੁਸ਼ਟ ਦੀ ਸ਼ਿਸ਼ਕਰ[2] ਲਾ,
ਕੁੱਤੇ ਦੇਣੇ ਮਗਰ ਦੁੜਾ।

ਹੰਕਾਰੀ ਨੂੰ

ਸੜ ਸੜ ਕੇ, ਹੰਕਾਰ ਦੇਵਤਾ !
ਕਿਉਂ ਛੱਡੇਂ ਗੁੱਸੇ ਦੇ ਤੀਰ ?
ਟੋਟੇ ਟੋਟੇ ਹੁੰਦੀ ਜਾਵੇ,
ਡੂਮ-ਡਰਾਵਿਆਂ[3] ਦੀ ਜ਼ੰਜੀਰ।
ਅੰਦਰੋਂ ਬਾਹਰੋਂ ਹੋ ਗਈ ਨੰਗੀ,
ਤੇਰੇ ਹਿਰਦੇ ਦੀ ਤਸਵੀਰ।
ਲੇਖ ਪੁਰਾਣੇ ਮਿਟਦੇ ਜਾਂਦੇ,
ਪਾ ਹੁਣ ਕੋਈ ਨਵੀਂ ਲਕੀਰ।
ਤੇਰੇ ਪਿੱਛੇ ਤੁਰਦਾ ਤੁਰਦਾ,

1. ਲੋਕ ਦਿਖਾਵੇ ਲਈ ਤਮਾਸ਼ਾ ਜਾਂ ਕੰਮ। 2. ਕੁੱਤਿਆਂ ਨੂੰ ਕਿਸੇ ਦੇ ਪਿੱਛੇ ਪਾਉਣ ਲਈ ਅਵਾਜ਼। 3. ਫੋਕੇ ਡਰਾਵੇ।

ਹੁੰਦਾ ਜਾਏ ਦੇਸ਼ ਕੰਗਾਲ।
ਰੋਟੀ ਦੀ ਕੋਈ ਡੇਲ[1] ਬਣਾ ਦੇ,
ਰੁੜ੍ਹ ਨਾ ਜਾਏਂ ਤੂੰ ਭੀ ਨਾਲ।
ਮੁਲਤ[2] ਹੋਏ ਸ਼ਰਧਾ ਦੇ ਠੱਪੇ,
ਨਵੇਂ ਕਾਲ ਦੀ ਕਿਸਮਤ ਢਾਲ।
ਮਿਹਨਤੀਆਂ ਦਾ ਸਿਰ ਜੁੜਵਾ ਕੇ,
ਪੁਰਸ਼ਾਰਥ[3] ਦੀ ਜਾਚ ਸਿਖਾਲ।

ਹਿੰਮਤ

ਮੈਂ ਤਕਦੀਰਾਂ, ਘੜੀਆਂ ਭੱਜੀਆਂ,
ਸੈ ਬਲੀਆਂ ਬੁਝ ਗਈਆਂ।
ਪਰ ਹਿੰਮਤ ਦੀਆਂ—ਪਾਈਆਂ ਲੀਕਾਂ,
ਦਿਨ ਦਿਨ ਉਘੜਨ ਪਈਆਂ।
ਤੂੰ ਆਲਸ ਦਾ—ਪੱਲਾ ਫੜ ਕੇ,
ਨਾਂ ਕਿਸਮਤ ਦਾ ਧਰਿਆ।
ਹਿੰਮਤੀਆਂ ਨੇ, ਮਾਰ ਕੇ ਬਾਹਾਂ,
ਸੈ ਨਦੀਆਂ ਤਰ ਲਈਆਂ।

ਬਣਾਂਦਾ ਕਿਓਂ ਨਹੀਂ !

ਪਿੰਜਰੇ ਵਿਚ ਪਰਚੇ ਹੋਏ ਪੰਛੀ !
ਰੱਬ ਦਾ ਸ਼ੁਕਰ ਮਨਾਂਦਾ ਕਿਉਂ ਨਹੀਂ ?
ਖੁਲੀ ਹੋਈ ਖਿੜਕੀ ਤਕ ਕੇ ਭੀ,
ਗਰਦਨ ਉਤਾਂਹ ਉਠਾਂਦਾ ਕਿਉਂ ਨਹੀਂ ?
ਮੁੱਦਤ ਦਾ ਤਰਸੇਵਾਂ ਤੇਰਾ,
ਖੁਲ੍ਹੀ ਹਵਾ ਵਿਚ ਉਤਾਂਹ ਚੜ੍ਹਨ ਦਾ,
ਹੁਣ ਤੇ ਤੇਰਾ ਵੱਸ ਚਲਦਾ ਹੈ,
ਭਰ ਕੇ ਪਰ ਫੈਲਾਂਦਾ ਕਿਉਂ ਨਹੀਂ ?
ਉਂਗਲੀ ਨਾਲ ਇਸ਼ਾਰੇ ਪਾ ਪਾ,
ਨਾਚ ਬੁਤੇਰੇ ਨੱਚ ਲਏ ਨੀਂ,
ਆਪਣੇ ਹੱਥੀਂ ਲੀਹਾਂ ਪਾ ਕੇ,
ਕਿਸਮਤ ਨਵੀਂ ਬਣਾਂਦਾ ਕਿਉਂ ਨਹੀਂ ?

1. ਢੰਗ। 2. ਮੈਲੇ, ਘਸੇ। 3. ਮੇਹਨਤ, ਉਦਮ।

ਸੰਗਲ ਦੇ ਖਿਲਰੇ ਹੋਏ ਟੋਟੇ,
ਮੁੜ ਕੇ ਜੇ ਕੋਈ ਜੋੜਨ ਲੱਗੇ,
ਹਿੰਮਤ ਦਾ ਫੁੰਕਾਰਾ ਭਰ ਕੇ,
ਮੂਜ਼ੀ ਪਰੇ ਹਟਾਂਦਾ ਕਿਉਂ ਨਹੀਂ ?
ਮੀਸਣਿਆਂ[1] ਮਾਸ਼ੂਕਾਂ ਦਾ ਮੂੰਹ,
ਚੰਦ ਚੜੇ ਮੁਸਕਾ ਉਠਿਆ ਹੈ,
ਛੁਹ ਕੇ ਨਾਚ ਮਲੰਗਾ ਵਾਲਾ,
ਮਹਿਫਲ ਨੂੰ ਗਰਮਾਂਦਾ ਕਿਉਂ ਨਹੀਂ ?
ਮੈਖਾਨੇ ਵਿਚ ਸਾਕੀ ਆਇਆ,
ਨਾਲ ਬਹਾ ਲੈ ਘੁੰਡ ਉਠਾ ਕੇ,
ਇਕਸੇ ਬੇੜੀ ਦੇ ਵਿਚ ਬਹਿ ਕੇ,
ਪੀਂਦਾ ਅਤੇ ਪਿਆਂਦਾ ਕਿਉਂ ਨਹੀਂ ?
ਮੱਥੇ ਟਿਕਦੇ ਸਨ ਨਿਤ ਜਿਸ ਥਾਂ,
ਢਾਹ ਸੁਟਿਆ ਉਹ ਥੜਾ ਸਮੇਂ ਨੇ,
ਨਵੇਂ ਜ਼ਮਾਨੇ ਦਾ ਫੜ ਪੱਲਾ,
ਨਵਾਂ ਜਹਾਨ ਵਸਾਂਦਾ ਕਿਉਂ ਨਹੀਂ ?
ਤੇਰੇ ਈ ਕਸ਼ਟ ਸਹੇੜੇ ਹੋਏ,
ਬਣ ਗਏ ਨੇਂ ਨਾਸੂਰ ਪੁਰਾਣੇ,
ਦੇਵਤਿਆਂ ਦਾ ਮੂੰਹ ਕੀ ਤਕਨਾ ਏਂ
ਆਪੂੰ ਹੱਥ ਹਿਲਾਂਦਾ ਕਿਉਂ ਨਹੀਂ ?

ਅੱਗ

(ਗੀਤ)

ਮੇਰੇ ਅੰਦਰ ਬਲਦੀ ਏ ਅੱਗ ਲੋਕੋ,
ਮੇਰੇ ਚਾਰ ਚੁਫੇਰੇ ਅੱਗ ਲੋਕੋ।

1. ਧਰਮ ਨਿਆਂ ਨੂੰ ਮਿਲੇ ਨਾ ਢੋਈ,
ਤਾਕਤ ਫਿਰਦੀ ਏ ਬਿਫਰੀ[2] ਹੋਈ,
ਥਰ ਥਰ ਕੰਬਦਾ ਏ ਜੱਗ ਲੋਕੋ,
ਮੇਰੇ ਲਹਿੰਦੇ ਚੜ੍ਹਦੇ ਅੱਗ ਲੋਕੋ।

2. ਘਰ ਘਰ ਲਾਲਚ ਤੇ ਖੁਦਗਰਜ਼ੀ,
ਇਕ ਦੂਜੇ ਦੀ ਰਲੇ ਨਾ ਮਰਜ਼ੀ,

---

1. ਬਾਹਰੋਂ ਚੁਪ ਰਹਿਣ ਵਾਲੇ ਪਰ ਚਲਾਕ। 2. ਖਿੰਡੀ ਹੋਈ।

ਸਭ ਦੀ ਬਾਂਗ ਅਲੱਗ ਲੋਕੋ,
ਮੇਰੇ ਐਧਰ ਔਧਰ ਅੱਗ ਲੋਕੋ।

3. ਕੁਕੜਾਂ ਵਾਂਗਰ ਲੀਡਰ ਲੜਦੇ,
ਬੇ ਬੁਨਿਆਦ ਬਹਾਨੇ ਘੜਦੇ,
ਖਤਰੇ ਵਿਚ ਹੈ ਪੱਗ[1] ਲੋਕੋ,
ਮੇਰੇ ਆਸੇ ਪਾਸੇ ਅੱਗ ਲੋਕੋ।

4. ਹਿੰਦੂ, ਮੁਸਲਿਮ, ਸਿਖ, ਈਸਾਈ
ਪਾਟੇ ਫਿਰਦੇ ਭਾਈ ਭਾਈ,
ਦੂਤੀਆਂ[2] ਦੇ ਆਖੇ ਲੱਗ ਲੋਕੋ,
ਮੇਰੇ ਅੰਦਰ ਬਲਦੀ ਏ ਅੱਗ ਲੋਕੋ।

ਦਿਲ ਇਕ ਦਲੀਲਾਂ ਦੋ

ਕਿਸੇ ਵੇਲੇ ਖਿੜ ਖਿੜ ਖੀਵਾ ਹੋ ਜਾਂ,
ਕਿਸੇ ਵੇਲੇ ਪੈਨਾਂ ਰੋ, ਦਿਲ ਇਕ, ਦਲੀਲਾਂ ਦੋ।

1. ਇਕ ਕਹੇ, ਦੁਨੀਆਂ ਡਾਢੀ ਮਿੱਠੀ,
ਤੂੰ ਸ਼ਾਇਦ ਵੱਸ ਕੇ ਨਹੀਂ ਡਿੱਠੀ।
ਟੱਬਰ, ਦੌਲਤ, ਰੌਣਕ, ਹਾਸੇ।
ਮੇਲਾ ਹੀ ਮੇਲਾ ਆਸੇ ਪਾਸੇ।
ਪਿਆਰ, ਹਿਮਾਇਤ[3], ਮਿੱਠੀ ਤਕਣੀ,
ਮਰ ਕੇ ਭੀ ਇਹ ਭੁਲ ਨਹੀਂ ਸਕਣੀ,
ਇੱਜ਼ਤ ਤੇ ਅਬਰੋ, ਦਿਲ ਇਕ, ਦਲੀਲਾਂ ਦੋ।

2. ਦੂਜੀ ਆਖੇ, ਠਗਣੀ ਮਾਇਆ,
ਤੂੰ ਦੁਨੀਆਂ ਨੂੰ ਗਲ ਕਿਉਂ ਲਾਇਆ ?
ਤੇਰਾ ਪੰਧ ਬੜਾ ਹੈ ਲੰਮਾ,
ਇਕ ਦਮ ਭੀ ਨਾ ਵੀਟ[4] ਨਿਕੰਮਾ।
ਸੋਨਾ ਚਾਂਦੀ ਸਭ ਕੁਝ ਸੁਟ ਦੇ,
ਮੋਹ ਮਮਤਾ ਦੀ ਸੰਘੀ ਘੁਟ ਦੇ।
ਬਹਿ ਜਾ ਬੂਹੇ ਢੋ, ਦਿਲ ਇਕ, ਦਲੀਲਾਂ ਦੋ।

3. ਇਕ ਕਹੇ, ਡਰ ਨਾ ਜਾ, ਬਾਹਰ ਨਿਕਲ ਤੂੰ,
ਝਾਤੀ ਮਾਰ ਦੁਆਲੇ ਵਲ ਤੂੰ,
ਸੇਕ ਬੁਝਾ ਦੇ, ਗੰਦ ਹਟਾ ਦੇ,
ਆਂਢ ਗੁਆਂਢੀਆਂ ਨੂੰ ਠੰਢ ਪਾ ਦੇ।

---

1. ਇਜ਼ਤ। 2. ਚੁਗਲਖੋਰਾਂ। 3. ਤਰਫਦਾਰੀ, ਮਦਦ, ਸਹਾਇਤਾ। 4. ਡੋਲ੍ਹ।

ਇਹੋ ਜਿਹੇ ਬਹਿਸ਼ਤ ਬਣਾ ਦੇ।
ਪਿਆਰਾਂ ਦੀ ਫੁਲਵਾੜੀ ਲਾ ਲੈ,
ਆਦਰ ਦੀ ਖ਼ੁਸ਼ਬੋ, ਦਿਲ ਇਕ, ਦਲੀਲਾਂ ਦੋ।

4. ਦੂਈ ਕਹੇ, ਕਿਉਂ ਟੱਕਰਾਂ ਮਾਰੇਂ ?
ਪਿਆ ਪਰਾਏ ਡੰਗਰ ਚਾਰੇਂ।
ਆਪਣਾ ਆਪ ਨਬੇੜ ਬਖੇੜਾ[1],
ਲਾਹ ਸੁਟ ਗਲੋਂ ਬਿਗਾਨਾ ਝੇੜਾ।
ਤੂੰ ਸਭ ਦਾ ਚਾਚਾ ਨਹੀਂ ਲਗਦਾ,
ਫਿਕਰ ਪੈ ਗਿਆ ਸਾਰੇ ਜਗ ਦਾ।
ਬਹਿ ਜਾ ਲਾਂਭੇ ਹੋ, ਦਿਲ ਇਕ, ਦਲੀਲਾਂ ਦੋ।

5. ਵਾਜ ਆਈ ਜੇ ਤਕੜਾ ਹੋਵੇਂ,
ਪੂਰੀਆਂ ਹੋਣ ਦਲੀਲਾਂ ਦੋਵੇਂ।
ਦੁਹ ਹੱਥੀ ਦੇ ਰਾਸਾਂ ਫੜ ਕੇ,
ਕਾਬੂ ਕਰ ਲੈ ਉਪਰ ਚੜ੍ਹ ਕੇ।
ਆਪ ਕਿਸੇ ਤੋਂ ਕਾਂਬ[2] ਨਾ ਖਾ ਤੂੰ,
ਦੋਵੇਂ ਆਪਣੇ ਮਗਰ ਚਲਾ ਤੂੰ।
ਤਕ ਕੇ ਜ਼ਰਾ ਖਲੋ, ਦਿਲ ਇਕ, ਦਲੀਲਾਂ ਦੋ।

ਪ੍ਰੇਮ ਸੰਦੇਸ਼

ਹਸ ਹਸ ਸਮਾਂ ਲੰਘਾ ਓ ਮਿੱਤਰਾ ! ਹਸ ਹਸ ਸਮਾਂ ਲੰਘਾ।

1. ਸੁਟ ਦੇ ਫਿਕਰ ਅੰਦੇਸ਼ੇ[3] ਜੀ ਦੇ,
ਸਭ ਨੂੰ ਦੇ ਸੰਦੇਸ਼ ਖੁਸ਼ੀ ਦੇ,
ਪ੍ਰੇਮ ਸਤਾਰ ਸੁਣਾ, ਓ ਸਜਣਾ !
ਹਸ ਹਸ ਸਮਾਂ ਲੰਘਾ।

2. ਜੋ ਮਿਲ ਗਈ ਗਲਵਕੜੀ ਪਾ ਲੈ,
ਅੱਖੀਆਂ ਪੈਰਾਂ ਹੇਠ ਵਿਛਾ ਲੈ,
ਮੰਨ ਕੇ ਸਕਾ ਭਰਾ, ਓ ਸਜਣਾ !
ਹਸ ਹਸ ਸਮਾਂ ਲੰਘਾ।

3. ਕਿਨ ਪਾਈਆਂ ਸਨ ਕਚੀਆਂ ਤ੍ਰੇੜਾਂ ?
ਕਿਸ ਦੇ ਛੇੜਿਆਂ, ਛਿੜੀ ਛੇੜਾਂ ?
ਚੰਬੜੀ ਕਦੋਂ ਬਲਾ, ਓ ਮਿਤਰਾ !
ਹਸ ਹਸ ਸਮਾਂ ਲੰਘਾ।

---
1. ਝਗੜਾ। 2. ਡਰ। 3. ਡਰ, ਖ਼ਤਰਾ, ਚਿੰਤਾ।

4. ਤੇਰਾ ਕੰਮ ਖੁਸ਼ੀਆਂ ਤੇ ਹਾਸੇ,
ਅਮਨ ਪਸਰ ਜਾਏ ਚਾਰੇ ਪਾਸੇ,
ਗੁੱਸੇ ਗਿਲੇ ਭੁਲਾ, ਓ ਮਿਤਰਾ !
ਹਸ ਹਸ ਸਮਾਂ ਲੰਘਾ।

ਅੰਧ ਵਿਸ਼ਵਾਸ

ਮੁਕਤੀ ਸੁਰਗ, ਉਮਰ ਤੇ ਕਿਸਮਤ, ਸਭ ਕੁਝ ਤੇਰੇ ਪੱਲੇ,
ਸਚਿਆਈ ਦੀ ਬੁਚਕੀ ਕਾਹਨੂੰ, ਦੱਬੀ ਬੈਠਾ ਏਂ ਥੱਲੇ ?
ਤੂੰ ਜਾਤਾ, ਅੰਨ੍ਹੇ ਵਿਸ਼ਵਾਸੀ, ਮੁਕਣੇ ਨਹੀਂ ਮੁਕਾਇਆਂ,
ਪਰ ਇਸ ਨਵੇਂ ਜਗਤ ਵਿਚ ਤੇਰੀ, ਜਾਦੂਗਰੀ ਨਾ ਚਲੇ।
ਦੇਵਤਿਆਂ ਰਿਸ਼ੀਆਂ ਦੇ ਵੇਲੇ, ਵਰ ਸਰਾਪ ਸਨ ਚਲਦੇ,
ਚੂਲੀ ਭਰ ਕੇ ਮੰਤਰ ਪੜ੍ਹਿਆ, ਨਕਸ਼ੇ ਰਹੇ ਬਦਲਦੇ।
ਕਲਜੁਗ ਨੇ ਸਭ ਕਥਾ ਕਹਾਣੀ, ਨੰਗੀ ਕਰ ਦਿਖਲਾਈ,
ਪਰ ਮੂਰਖ ਅੰਨ੍ਹੇ ਵਿਸ਼ਵਾਸੋਂ, ਹਾਲੀ ਭੀ ਨਹੀਂ ਟਲਦੇ।

ਮੋਤੀ

ਗੋਤਾ ਖੋਰ ਸਮੁੰਦਰ ਵਿਚੋਂ ਕਢ ਕਢ ਸਿੱਪ ਖਿਲਾਰੇ,
ਹੱਥੋ ਹੱਥ ਵਿਹਾਝੀ ਜਾਵਣ, ਮੋਤੀਆਂ ਦੇ ਵਣਜਾਰੇ।
ਕਿਸੇ ਦੀ ਝੋਲੀ ਇਕੋ ਭਰ ਦੇ, ਕਈ ਖਾਲੀ ਹੱਥ ਸਿਧਾਰੇ[1]।
ਪਰ, ਓਹ ਕੀ ਜਾਣਨ ਸਾਰ ਦੁਰਾਂ[2] ਦੀ, ਜਿਹੜੇ ਸੋਚਣ ਖੜੇ ਕਿਨਾਰੇ।

ਗੁਲਾਬ

ਮੈਂ ਗੁਲਾਬ, ਮੇਰਾ ਕਰਤਵ ਏਹੋ,
ਖਿੜ ਖਿੜ ਬਾਗ਼ ਸਜਾਣਾ।
ਸੁਕ ਸੜ ਜਾਣਾ, ਭੁਰ ਜਾਣਾ, (ਅਤੇ)
ਮੁੜ ਖੇੜੇ ਵਿਚ ਆਣਾ।
ਬਾਗ਼ ਸਲਾਮਤ, ਬੂਟਾ ਹਰਿਆ,
ਜੀਵੇ ਜਾਗੇ ਮਾਲੀ,
ਸ਼ਾਲਾ ਬਣਿਆ ਰਹੇ, ਮੇਰਾ ਏਥੇ,
ਨਿਤ ਨਿਤ ਆਉਣ ਜਾਣਾ।

---

1. ਚਲੇ ਗਏ। 2. ਮੋਤੀ।

ਨਵਾਂ ਜ਼ਮਾਨਾ

ਸਮਾਂ ਲਿਆਵੇ ਨਵੀਓਂ ਨਵੀਆਂ, ਪਰਦੇ ਤੇ ਤਸਵੀਰਾਂ।
ਹਰ ਸਵੇਰ ਨੂੰ ਪਾਸਾ ਪਰਤਣ, ਬਦਲਦੀਆਂ ਤਕਦੀਰਾਂ।
ਪੂੰਝੇ ਗਏ ਪੁਰਾਣੇ ਨਾਵੇਂ, ਵਟਦੇ ਗਏ ਅਕੀਦੇ,
ਦੱਬੇ ਮੁਰਦੇ ਨਹੀਂ ਜਿਵਾਣੇ, ਆ ਕੇ ਪੀਰ ਫ਼ਕੀਰਾਂ।
ਹੁਸਨ ਤੇਰੇ ਦੀ ਨਵੀਂ ਸ਼ਮਾਂ ਤੇ, ਅਸੀਂ ਹੋਏ ਪਰਵਾਨੇ।
ਖੋਟੇ ਹੋਏ ਕਿਆਸੀ[1] ਸਿੱਕੇ, ਖੁਲ੍ਹ ਗਏ ਖੋਜ ਖ਼ਜ਼ਾਨੇ।
ਸਜਨੀ, ਸੇਜ, ਸ਼ਰਾਬ, ਸੁਰਾਹੀ, ਪੁਨਰ ਜਨਮ ਵਿਚ ਆਏ।
ਰਿੰਦਾਂ[2] ਦੀ ਮਹਿਫਲ ਵਿਚ ਬਹਿ ਗਏ, ਸੁਰਗਾਂ ਦੇ ਦੀਵਾਨੇ।

ਨਵੀਆਂ ਲੀਹਾਂ

ਉਠ ਸੁੱਤੀਆਂ ਰੂਹਾਂ ਜਗਾ ਸਜਣਾ।
ਇਕ ਨਵਾਂ ਜਹਾਨ ਵਸਾ ਸਜਣਾ।

1. ਸੁਟ ਪਰੇ ਪੁਰਾਣੀਆਂ ਲੀਹਾਂ ਨੂੰ,
ਨਕਲੀ ਖਿਚੀਆਂ ਤਸਵੀਰਾਂ ਨੂੰ,
ਢਾਹ ਮਸਤਕ ਦੀਆਂ ਲਕੀਰਾਂ ਨੂੰ,
ਤਕਦੀਰਾਂ ਨੂੰ ਪਲਟਾ ਸਜਣਾ।
ਉਠ ਸੁੱਤੀਆਂ...

2. ਤੂੰ ਸੁਰਗ ਦੀ ਸੋ ਤੇ ਫੁਲ ਗਿਆ ਏਂ,
ਪਰ ਆਪਣਾ ਆਸਣ ਭੁਲ ਗਿਆ ਏਂ,
ਵਹਿਮਾਂ ਵਿਚ ਫਸਿਆ ਰੁਲ ਗਿਆ ਏਂ,
ਅਸਲੀਅਤ ਨੂੰ ਅਜ਼ਮਾ ਸਜਣਾ।
ਉਠ ਸੁੱਤੀਆਂ...

3. ਤੈਨੂੰ ਮਤਲਬੀਏ ਚਮਕਾ ਰਹੇ ਨੇਂ,
ਭਾਈਆਂ ਤੋਂ ਪਾੜੀ ਜਾ ਰਹੇ ਨੇਂ,
ਨਫਰਤ ਦਾ ਜਾਲ ਵਿਛਾ ਰਹੇ ਨੇਂ,
ਬਚ ਬਚ ਕੇ ਪੈਰ ਟਿਕਾ ਸਜਣਾ।
ਉਠ ਸੁੱਤੀਆਂ ਰੂਹਾਂ...
ਇਕ ਨਵਾਂ ਜਹਾਨ...

ਆਸਤਕ ਨਾਸਤਕ

1. ਰੱਬ ਦਿਆ ਪੂਜਕਾ ! ਰੱਬ ਦਿਆਂ ਵਾਰਸਾ !
ਸੱਚਮੁੱਚ ਰੱਬ ਨੂੰ ਰੱਬ ਹੈਂ ਸਮਝਦਾ ?

---
1. ਸੋਚੇ ਹੋਏ, ਕਲਪੇ ਹੋਏ। 2. ਨਾਸਤਕ, (ਆਮ ਸ਼ਰਾਬੀ ਤੋਂ ਭਾਵ)।

ਫੇਰ ਇਹ ਦੱਸ ਖਾਂ, ਉਸ ਤੇਰੇ ਰੱਬ ਨੇ,
ਤੈਨੂੰ ਹੀ ਆਪਣਾ ਆਪ ਕਿਉਂ ਸੌਂਪਿਆ ?
2. ਜੇ ਤੇਰੀ ਰਾਇ ਵਿਚ, ਇਹੋ ਗੱਲ ਠੀਕ ਹੈ,
ਤਾਂ ਤੇ ਤੂੰ ਰੱਬ ਨੂੰ ਠੀਕ ਨਹੀਂ ਸਮਝਿਆ।
ਗਰਜ਼ ਦਾ ਰੱਬ, ਤੂੰ ਆਪ ਹੈ ਘੜ ਲਿਆ।
ਆਸਤਕ ਹੋਣ ਦਾ ਨਿਰਾ ਇਕ ਡਾਮ[1] ਹੈ।
ਹੋਰਨਾਂ ਰੱਬ ਦਿਆਂ ਬੰਦਿਆਂ ਵਾਸਤੇ,
ਤੇਰੇ ਵਿਚ ਕੋਈ ਨਹੀਂ ਚਿਣਗ ਸਤਕਾਰ ਦੀ।
ਤੂੰ ਉਨ੍ਹਾਂ ਨੂੰ ਕੋਈ ਹੱਕ ਨਹੀਂ ਬਖਸ਼ਦਾ—
ਅੰਦਰੇਂ ਬੈਠਕੇ, ਆਪਣੇ ਰੱਬ ਨੂੰ,
ਜਿਸ ਤਰ੍ਹਾਂ ਚਾਹੁਣ ਓਹ; ਕਹਿ ਸਕਣ ਦਿਲ ਦੀਆਂ।
3. ਇਕ ਇਨਸਾਨ, ਜੋ ਨੇਕ ਹੈ, ਪਾਕ ਹੈ,
ਚਾਹੁੰਦਾ ਏ ਰਾਤ ਦਿਨ ਭਲਾ ਸੰਸਾਰ ਦਾ,
ਦੂਜਿਆਂ ਸਾਰਿਆਂ ਵਾਂਗ ਹੀ ਸਾਊ ਹੈ।
ਚਾਹੇ ਹੈ ਮੁਸਲਮਾਨ, ਚਾਹੇ ਈਸਾਈ ਹੈ,
ਆਰਯਾ, ਪਾਰਸੀ, ਜੈਨ ਜਾਂ ਵੈਸ਼ਨੋ,
ਤੂੰ ਉਹਨੂੰ ਵੇਖ ਕੇ ਕੁੜ੍ਹਨ ਕਿਉਂ ਲਗ ਪਏਂ ?
ਜੇ ਤੇਰੇ ਢੰਗ ਤੇ ਰੱਬ ਨਹੀਂ ਪੂਜਦਾ,
ਤੂੰ ਉਦ੍ਹੇ ਰਾਹ ਵਿਚ ਖੜਾ ਕਿਉਂ ਹੋ ਰਹੇਂ ?
4. ਰੱਬ ਤਾਂ ਕਦੇ ਭੀ ਬੁਰਾ ਨਹੀਂ ਮੰਨਦਾ।
ਮਾੜਿਆਂ ਚੰਗਿਆਂ ਵਾਸਤੇ ਓਸਦੇ—
ਬੂਹੇ ਤਾਂ ਕਦੇ ਵੀ ਬੰਦੀ ਨਹੀਂ ਹੋ ਸਕੇ।
ਤੂੰਹੇਂ ਕਿਉਂ ਓਸ ਦਾ ਸੋਧਰ[2] ਬਣ ਗਿਓਂ ?
ਯਾ ਤੇਰੀ ਸਮਝ ਦੇ ਵਿਚ ਕੁਝ ਊਣ[3] ਹੈ,
ਯਾ ਤੇਰਾ ਰੱਬ ਕੋਈ ਵੱਖਰਾ ਰੱਬ ਹੈ।

ਅੱਖੀਆਂ

ਅੱਖੀਆਂ ਬੁਰੀ ਬਲਾ, ਵੇ ਲੋਕੋ !
ਅੱਖੀਆਂ ਬੁਰੀ ਬਲਾ।
1. ਲੰਮੀ ਲਗਨ, ਅਨੋਖੇ ਸੁਪਨੇ,
ਅਣਹੋਣੇ ਜਿਹੇ ਚਾ, ਵੇ ਲੋਕੋ ! ਅੱਖੀਆਂ...

---

1. ਡੰਮ, ਪਖੰਡ, ਬਹਾਨਾ। 2. ਸੱਕਾ, ਪਿਆਰਾ। 3. ਕਸਰ, ਘਾਟ।

2. ਫੱਟਿਆਂ ਜਾਣਾ ਤੇ ਚੈਨ ਨਾ ਲੈਣਾ,
ਅਲ੍ਹੜ ਜਿਹਾ ਸ਼ੁਭਾ, ਵੇ ਲੋਕੋ ! ਅੱਖੀਆਂ...
3. ਗੋਤਾ ਲਾਉਣ, ਸਮੁੰਦਰੋਂ ਡੂੰਘਾ
ਤਾਰਿਆਂ ਤੀਕ ਚੜ੍ਹਾ, ਵੇ ਲੋਕੋ ! ਅੱਖੀਆਂ...
4. ਆਪੇ ਲੱਗਣ ਤੇ ਆਪੇ ਲੂਸਣ[1]
ਭਾਂਬੜ ਲੈਣ ਮਚਾ, ਵੇ ਲੋਕੋ ! ਅੱਖੀਆਂ...
5. ਰੋੜ੍ਹੇ ਪਈਆਂ ਜਾਣ ਨਾ ਠਲ੍ਹੀਆਂ,
ਠੇਲ੍ਹ ਸੁਟਣ ਦਰਯਾ, ਵੇ ਲੋਕੋ ! ਅੱਖੀਆਂ...
6. ਆਪ ਸ਼ਿਕਾਰੀ ਤੇ ਆਪੇ ਪੰਛੀ,
ਆਪੇ ਖੇਡਣ ਦਾ, ਵੇ ਲੋਕੋ ! ਅੱਖੀਆਂ ਬੁਰੀ ਬਲਾ।

ਮੈਂ ਕਿਸੇ ਗੱਲੋਂ ਨਹੀਂ ਡਰਨਾ

1. ਕਿਉਂ ਨਾਪਾਂ ਮੈਂ ਤਾਰ ਦਮਾਂ ਦੀ ?
ਕਾਹਨੂੰ ਦੇਖਾਂ ਮਜ਼ਲ ਅਗਾਂਹ ਦੀ ?
ਪਿਛਲੀ-ਅਗਲੀ ਦੋਵੇਂ ਮੇਰੀਆਂ,
ਬਹਿ ਕੇ ਮੈਂ ਕੀ ਕਰਨਾ ?
ਮੈਂ ਕਿਸੇ ਗਲੋਂ ਨਹੀਂ ਡਰਨਾ।
2. ਮਕਸਦ[2] ਉੱਚਾ, ਪੰਧ ਲਮੇਰਾ,
ਜਦ ਅੱਖ ਖੋਲ੍ਹੀ ਨਵਾਂ ਸਵੇਰਾ।
ਲੱਖ ਆਉਣ ਤੂਫਾਨ ਬਿਜਲੀਆਂ,
ਨਾ ਡੁਬਣਾ ਨਾ ਸੜਨਾ,
ਮੈਂ ਕਿਸੇ ਗਲੋਂ ਨਹੀਂ ਡਰਨਾ।
3. ਮੈਂ ਜੀਊਂਦਾ, ਮੈਂ ਨਵਾਂ ਨਰੋਇਆ,
ਮੈਂ ਹੀ ਏ ਮੇਲਾ ਲਾਇਆ ਹੋਇਆ,
ਹਰ ਪਿੰਡ ਮੇਰਾ (ਤੇ) ਹਰ ਘਰ ਮੇਰਾ,
ਜਦ ਚਾਹਣਾ, ਜਾ ਵੜਨਾ,
ਮੈਂ ਕਿਸੇ ਗਲੋਂ ਨਹੀਂ ਡਰਨਾ।
4. ਲੈ-ਪਰਲੈ[3] ਦੇ ਲੰਘ ਕੇ ਗੇੜੇ,
ਦੇਸ਼ ਕਾਲ ਤੋਂ ਹੋਰ ਅਗੇਰੇ,
ਤੁਰਿਆਂ ਜਾਣਾ, ਤੁਰਦਿਆਂ ਰਹਿਣਾ,
ਪੈਰ ਪਿਛਾਂਹ ਨਹੀਂ ਧਰਨਾ,
ਮੈਂ ਕਿਸੇ ਗਲੋਂ ਨਹੀਂ ਡਰਨਾ।

---

1. ਜਲਨ, ਸੜਨ, ਦੁਖਣ। 2. ਨਿਸ਼ਾਨਾ। 3. ਉਤਪਤੀ ਤੇ ਨਾਸ।

ਕਵੀ ਦਾ ਹਾੜਾ

1. ਰਫੀਕੋ[1] ! ਮੇਰੇ ਹਾਲ ਤੇ ਤਰਸ ਖਾ ਕੇ,
ਏ ਦੱਸੋ ਕਿ ਮੇਰਾ ਜਨਮ ਕਿਸ ਲਈ ਸੀ ?
ਕਜ਼ਾ[2] ਨੇ ਉਤਾਰਨ ਲਗੇ ਆਸਮਾਨੋਂ,
ਮੇਰੇ ਵਾਸਤੇ, ਕਿਉਂ ਇਹੋ ਥਾਂ ਚੁਗੀ[3] ਸੀ ?
ਗਰੀਬਾਂ ਗੁਲਾਮਾਂ, ਮਜ਼ੂਰਾਂ ਦੀ ਧਰਤੀ,
ਨਾ ਹਾਸਾ, ਨਾ ਖੇੜਾ, ਨਾ ਕਪੜਾ, ਨਾ ਰੋਟੀ।
ਨਿਖੇੜੇ, ਬਖੇੜੇ, ਲੜਾਈ, ਭਿੜਾਈ,
ਪਰਹੇ[4] ਆਪਣੀ ਤੇ ਅਦਾਲਤ ਪਰਾਈ।

2. ਕਵੀ ਹੋ ਕੇ ਦਿਲ ਦੀ ਮੈਂ ਕਿਸ ਨੂੰ ਸੁਣਾਵਾਂ ?
ਉਮਲ ਪੈਣ ਹੰਝੂ, ਤਾਂ ਕਿਸ ਥਾਂ ਵਹਾਵਾਂ ?
ਮੈਂ ਖੋਲ੍ਹਾਂ ਕਿਵੇਂ ਜੀਭ ਦੇ ਜੰਦਰੇ ਨੂੰ ?
ਕਿਦ੍ਹੇ ਤੋਂ ਪੁਰਾਣਾ ਤਲਿੱਸਮ[5] ਤੁੜਾਵਾਂ ?
ਨਾ ਜ਼ਰ ਹੈ, ਨਾ ਯਾਰੀ, ਨਾ ਹਿੰਮਤ, ਨਾ ਏਕਾ,
ਨਾ ਹੱਥ ਪੈਰ ਖੁਲ੍ਹੇ, ਨਾ ਦਾਰੂ ਦਾ ਸਿੱਕਾ।
ਭਗੀਰਥ ਦੀ ਗੰਗਾ[6] ਕਿਵੇਂ ਮੋੜ ਖਾਵੇ ?
ਲਿਖੀ ਹੋਈ ਤਕਦੀਰ ਕੀਕਰ ਵਟਾਵਾਂ ?
ਲਹੂ ਜਮ ਚੁਕੇ ਨੂੰ ਕਿਵੇਂ ਸੇਕ ਆਵੇ ?
ਤੇ ਪੱਥਰ ਹਟਾ ਕੇ ਹਵਾ ਕੌਣ ਲਾਵੇ ?

3. ਓ ਕਵੀਆ ! ਨਾ ਡਰ, ਹੋਸ਼ ਨੂੰ ਕਰ ਟਿਕਾਣੇ,
ਏ ਧਰਤੀ ਹੈ ਉਜੜੀ ਹੋਈ ਤੇਰੇ ਭਾਣੇ ?
ਏ ਬੀਰਾਂ ਦੀ ਧਰਤੀ, ਜਵਾਨਾਂ ਦੀ ਧਰਤੀ,
ਏ ਲਾਲਾਂ ਜਵਾਹਰਾਂ ਤੇ ਖ਼ਾਨਾਂ ਦੀ ਧਰਤੀ
ਫਲਾਂ ਮੇਵਿਆਂ ਦਾ ਖਜ਼ਾਨਾ ਹਿਮਾਲਾ,
ਇਹ ਬੁਧ ਤੇ ਕ੍ਰਿਸ਼ਨ ਦੇ ਨਿਸ਼ਾਨਾਂ ਦੀ ਧਰਤੀ।

4. ਜ਼ਰਾ ਦੇਖ, ਆਇਆ ਨਵਾਂ ਕਾਲ ਚੱਕਰ,
ਸ਼ੁਆ ਉਠ ਰਹੀ ਹੈ ਹਨੇਰੇ ਦੇ ਅੰਦਰ।
ਆਜ਼ਾਦੀ ਦੀ ਉਸਰਨ ਲਗੀ ਹੈ ਇਮਾਰਤ,
ਲਿਖੀ ਜਾ ਰਹੀ ਹੈ ਨਵੀਂ ਤੇਰੀ ਕਿਸਮਤ।
ਨਵੀਂ ਰੋਸ਼ਨੀ ਨੇ ਬਟਨ ਹੈ ਦਬਾਇਆ,
ਓ ਪਰਦਾ ਪੁਰਾਣਾ ਗਿਆ ਹੈ ਉਠਾਇਆ।

---

1. ਮਿਤਰੋ, ਦੋਸਤੋ। 2. ਮੌਤ, ਕਿਆਮਤ। 3. ਛਾਂਟੀ, ਚੁਣੀ। 4. ਪੰਚਾਇਤ, ਇਕੱਤਰਤਾ। 5. ਜਾਦੂ।
6. ਪੁਰਾਣਾਂ ਅਨੁਸਾਰ ਭਾਗੀਰਥ ਨਾਂ ਦੇ ਇਕ ਰਾਜੇ ਨੇ ਸਵਰਗ ਵਿਚੋਂ ਗੰਗਾ ਲਿਆਂਦੀ ਸੀ।

ਨਿਰਾਸ਼ਾ ਦੀ ਗੱਦੀ ਤੇ ਆ ਬੈਠੀ ਆਸ਼ਾ,
ਸ਼ੁਰੂ ਹੋ ਗਿਆ ਏਕਤਾ ਦਾ ਤਮਾਸ਼ਾ।
ਚਮਨ ਤੇਰਾ ਆਬਾਦ ਹੋ ਕੇ ਰਹੇਗਾ।
ਵਤਨ ਤੇਰਾ ਆਜ਼ਾਦ ਹੋ ਕੇ ਰਹੇਗਾ।

ਮਦਾਰੀ

1. ਮੀਆਂ ਮਦਾਰੀਆਂ ! ਤੇਰਾ ਤਮਾਸ਼ਾ,
ਕੀਤਾ ਕਿਸੇ ਨਾ ਪਸੰਦ।
ਡੌਰੂ ਖੜਕਾ ਕੇ, ਬੰਸਰੀ ਵਜਾ ਕੇ,
ਲੋਕਾਂ ਨੂੰ ਲੀਤਾ ਤੂੰ ਜੋੜ,
ਅੱਖੀਆਂ ਬਚਾਉਂਦਾ, ਹੱਥ ਖਿਸਕਾਉਂਦਾ,
ਮਣਕਿਆਂ ਨੂੰ ਦੇਨਾ ਏਂ ਤੋੜ।
ਸੱਚਿਆਂ ਨੂੰ ਝੂਠਿਆਂ ਝੂਠਿਆਂ ਨੂੰ ਸੱਚਿਆਂ,
ਕਰ ਕਰ ਕੇ ਹੁੰਨਾ ਏਂ ਅਨੰਦ।

2. ਕਦੇ ਔਸ ਬੰਦੇ ਨੂੰ, ਕਦੇ ਐਸ ਬੰਦੇ ਨੂੰ,
ਆਪਣਾ ਤੂੰ ਲੈਨਾ ਏਂ ਬਣਾ,
ਥੈਲੇ ਨੂੰ ਫਰੋਲ ਕੇ, ਝੂਠ ਸੱਚ ਬੋਲ ਕੇ,
ਇਕ ਨੂੰ ਤੂੰ ਦੇਨਾ ਏਂ ਜਿਤਾ।
ਤੇਰੀਆਂ ਚਲਾਕੀਆਂ, ਤਾੜ ਲਈਆਂ ਸਾਰਿਆਂ,
ਕਰ ਹੁਣ ਤਮਾਸ਼ੇ ਨੂੰ ਬੰਦ।

ਅਸੀਂ ਚਾਰੇ ਯਾਰ ਪੁਰਾਣੇ

1. ਹਿੰਦੂ, ਮੁਸਲਿਮ, ਸਿਖ, ਈਸਾਈ,
ਇਕ ਮਾਂ ਜਾਏ, ਚਾਰ ਭਾਈ,
ਰੱਬ ਜਾਣੇ ਕੀ ਟਪਲਾ[1] ਖਾ ਗਏ,
ਹੋ ਕੇ ਸਿਆਣੇ ਬਿਆਣੇ। ਅਸੀਂ...

2. ਕੋਈ ਪੁਜਾਰੀ, ਕੋਈ ਨਿਮਾਜ਼ੀ,
ਘਰੋ ਘਰੀ ਸਨ ਰਾਜ਼ੀ ਬਾਜ਼ੀ,
ਇਕਸੇ ਰੱਬ ਨੂੰ ਮੰਨਦੇ ਆਏ।
ਬਾਹਮਣ ਅਤੇ ਮੁਲਾਣੇ। ਅਸੀਂ...

3. ਦੇਸ ਮੋਕਲਾ, ਕਿਰਤ ਬਥੇਰੀ,
ਖੁਲ੍ਹੀਆਂ ਹਿੱਕਾਂ, ਦਿਲੀਂ ਦਲੇਰੀ,

---
1. ਭੁਲੇਖਾ।

ਪੰਜਾਬੀ ਦਾ ਅਸਲਾ ਨਹੀਂ ਸੀ,
ਦਿਲ ਦੇ ਭੇਤ ਲੁਕਾਣੇ। ਅਸੀਂ...

4. ਤੂੰ ਸਹੀ ਚੰਗਾ, ਮੈਂ ਸਹੀ ਮਾੜਾ,
ਕੋਈ ਭੀ ਨਹੀਂ ਦਿਲਾਂ ਵਿਚ ਪਾੜਾਂ,
ਨਿਕੀਆਂ ਨਿਕੀਆਂ ਗੱਲਾਂ ਬਦਲੇ,
ਕਾਹਨੂੰ ਵੈਰ ਵਧਾਣੇ। ਅਸੀਂ...

5. ਅੱਖੀਆਂ ਫਿਰਨ ਪਜਾਰ ਦੀਆਂ ਭੁਖੀਆਂ,
ਆ ਛਡ ਦੇਈਏ ਗੱਲਾਂ ਰੁਖੀਆਂ,
ਤਕਦਾ ਨਹੀਂ ! ਵਾ ਵਗਦੀ ਵਲ ਹੀ,
ਤੁਰਦੇ ਲੋਕ ਸਿਆਣੇ। ਅਸੀਂ...

6. ਹੁਣ ਭੀ ਸਭ ਕੁਝ ਹੋ ਸਕਦਾ ਹੈ,
ਡੋਬੂ ਰੋਹੜ ਖਲੋ ਸਕਦਾ ਹੈ,
ਲਾ ਲੈਣ ਜੇਕਰ ਬੇੜਾ ਬੰਨੇ,
ਰਲ ਕੇ ਸੁਘੜ ਮੁਹਾਣੇ[1]। ਅਸੀਂ...

7. ਪੇਂਡੂ, ਸ਼ਹਿਰੀ, ਸਾਊ, ਕੰਮੀ,
ਚਾਹ ਸੁੱਟਣ ਜੇ ਵੱਟ ਨਿਕੰਮੀ,
ਓਹੋ ਭਰਾ ਤੇ ਓਹੋ ਜੱਫੀਆਂ,
ਵਲ ਵਿੰਗ ਭੁਲ ਭੁਲ ਜਾਣੇ।
ਅਸੀਂ ਚਾਰੇ ਯਾਰ ਪੁਰਾਣੇ।

8. ਪਾੜੂਆਂ ਨਿਖੇੜੂਆਂ ਦੀ ਇਕ ਨਾ ਮੰਨੀਏ,
ਸਗੋਂ ਉਨ੍ਹਾਂ ਦਾ ਬੂਥਾ ਭੰਨੀਏ,
ਨਾਲ ਸਲੂਕ, ਅਮਨ ਦੇ ਸਿਹਰੇ,
ਅਸਾਂ ਹੀ ਗਲੀਂ ਪੁਆਣੇ।
ਅਸੀਂ ਚਾਰੇ ਯਾਰ ਪੁਰਾਣੇ।

ਦੇਸ਼ ਦਰਦ

1. ਦਿਲ ਦਰਜਾ ਵਿਚ, ਸੋਚ ਬੁਲਬੁਲੇ, ਉਠ ਉਠ ਕੇ ਬਹਿ ਜਾਂਦੇ ਨੇਂ,
ਦੇਸ਼ ਦਰਦ ਦੇ ਸੁਪਨ ਮੁਨਾਰੇ, ਉਸਰ ਉਸਰ ਢਹਿ ਜਾਂਦੇ ਨੇਂ।
ਫਰਜ਼, ਸਚਾਈ, ਅਕਲ, ਦਲੇਰੀ, ਰੋਜ਼ ਹਲੂਣੇ ਦੇਂਦੇ ਨੇਂ,
ਪਰ, ਪਰ ਵਸ-ਦੇ ਸਭ ਮਨਸੂਬੇ[2] ਬਣੇ ਬਣੇ ਰਹਿ ਜਾਂਦੇ ਨੇਂ।
ਪਰ ਭੀ ਹਨ, ਪਹੁੰਚੇ ਭੀ ਹਨ, ਹਿੰਮਤ ਭੀ ਹੈ, ਪੀੜਾ ਭੀ ਹੈ।
ਉੱਡਣ ਨੂੰ ਤੱਯਾਰ ਭੀ ਹਾਂ, ਆਕਾਸ਼ ਭੀ ਪਿਆ ਬੁਲਾਂਦਾ ਹੈ,
ਪਰ ਪਿੰਜਰੇ ਦੀ ਖਿੜਕੀ ਵਿਚੋਂ ਇਕ ਤੀਲੀ ਕਢਣੀ ਬਾਕੀ ਹੈ।

---

1. ਮਲਾਹ। 2. ਵਿਚਾਰਾਂ, ਸਲਾਹਵਾਂ।

ਸੰਸਾਰ ਜੰਗ

ਕੋਈ ਮੋੜੇ ਵੇ, ਕੋਈ ਮੋੜੇ।
ਇਸ ਬਿਫਰੇ ਹੋਏ ਹਾਥੀ ਨੂੰ,
ਕੋਈ ਮੋੜੇ ਵੇ, ਕੋਈ ਮੋੜੇ।

1. ਦੁਨੀਆਂ ਵਿਚ ਪੈ ਗਿਆ ਭੜਥੂ
ਘੁਗ ਵਸਦੇ ਸ਼ਹਿਰ ਉਜੜ ਗਏ।
ਧਨ, ਧਾਮ, ਸੁਹਜ, ਸਰਮਾਏ,
ਕੁਝ ਡੁੱਬ ਗਏ, ਕੁਝ ਸੜ ਗਏ।,
ਡਾਢੀ ਹੰਕਾਰਨ ਹੋਣੀ,
ਅਜ ਚੜ੍ਹੀ ਹਵਾ ਦੇ ਘੋੜੇ।
ਕੋਈ ਮੋੜੇ ਵੇ, ਕੋਈ ਮੋੜੇ।

2. ਧਰਤੀ ਦੀ ਫਟ ਗਈ ਛਾਤੀ,
ਸਾਗਰ ਦਾ ਖੌਲੇ ਪਾਣੀ।
ਤਾਕਤ ਹੋਈ ਟੋਟੇ ਟੋਟੇ,
ਪਲਚੀ[1] ਗਈ ਸਾਰੀ ਤਾਣੀ।
ਸ਼ੈਤਾਨ ਫਰਿਸ਼ਤਾ ਬਣ ਕੇ,
ਉਪਦੇਸ਼ ਕਰੇ ਬੇਲੋੜੇ।
ਕੋਈ ਮੋੜੇ ਵੇ, ਕੋਈ ਮੋੜੇ।

3. ਖੁਦਗਰਜ਼ੀ ਹੋ ਗਈ ਅੰਨ੍ਹੀ,
ਮਾਇਆ ਨੂੰ ਚੜ੍ਹ ਗਈ ਮਸਤੀ।
ਨੰਗੀ ਹੋ ਹੋ ਕੇ ਨਚਦੀ,
ਭੂਤੀ ਹੋਈ ਐਸ਼ ਪਰਸਤੀ।
ਅਸ਼ਰਾਫਤ ਹੋ ਗਈ ਸਸਤੀ,
ਜ਼ੋਰਾਵਰ ਲਹੂ ਨਿਚੋੜੇ।
ਕੋਈ ਮੋੜੇ ਵੇ, ਕੋਈ ਮੋੜੇ।

4. ਬੰਦਿਆਂ ਦੀਆਂ ਲਾਸ਼ਾਂ ਚਿਣ ਕੇ,
ਇਕ ਉਸਰੇ ਪਈ ਅਟਾਰੀ।
ਇਸ ਲਹੂਆਂ ਦੇ ਦਰਯਾ ਵਿਚ,
ਤਰ ਜਾਸੀ ਦੁਨੀਆਂ ਸਾਰੀ।
ਪਰ ਸਚਿਆਈ ਦੀ ਥੁੜ ਨੇ,

---

1. ਉਲਝੀ।

ਆਸ਼ਾ ਦੇ ਬੇੜੇ ਤੋੜੇ।
ਕੋਈ ਮੋੜੇ ਵੇ, ਕੋਈ ਮੋੜੇ।

5. ਮਾਨੁਖ਼ਤਾ ਦਰਦਾਂ ਮਾਰੀ,
ਸਿਵਿਆਂ[1] ਤੇ ਬੈਠੀ ਝੁਰੇ।
ਮੇਰੇ ਅਮਨ ਚੈਨ ਦੇ ਸੁਪਨੇ,
ਖਬਰੇ ਕਦ ਹੋਸਣ ਪੂਰੇ।
ਖਖੜੀ ਖਖੜੀ ਰੂਹਾਂ ਦੇ,
ਕਦ ਸਿਰ ਜਾਵਣਗੇ ਜੋੜੇ।
ਕੋਈ ਮੋੜੇ ਵੇ, ਕੋਈ ਮੋੜੇ।

ਇਨਸਾਨਸਤਾਨ

1. ਉਠ ਸਾਕੀ ! ਇਕ ਹੰਭਲਾ ਮਾਰ, ਨਵਾਂ ਨਸ਼ਾ ਕੋਈ ਕਰ ਤੱਯਾਰ।
ਚੜ੍ਹ ਜਾਵੇ ਸੁਰਤੀ ਅਸਮਾਨ, ਦਿੱਸਣ ਲਗ ਪਏ ਨਵਾਂ ਜਹਾਨ।
ਨਵਾਂ ਬਗੀਚਾ, ਨਵੀਂ ਬਹਾਰ, ਨਵੀਂ ਜਵਾਨੀ, ਨਵਾਂ ਨਿਖਾਰ,
ਨਵੀਂ ਜ਼ਮੀਨ, ਨਵਾਂ ਅਸਮਾਨ ਸਚਮੁਚ ਦਾ ਇਨਸਾਨਸਤਾਨ।
2. ਹਿੰਦੂ ਮੋਮਨ, ਸਿਖ, ਈਸਾਈ, ਸਾਰੇ ਜਾਪਣ ਭਾਈ ਭਾਈ।
ਦਸਤਕਾਰ,[2] ਕਿਰਤੀ, ਕਿਰਸਾਣ, ਸਾਂਝੀ ਰੋਟੀ ਵੰਡ ਕੇ ਖਾਣ।
ਭੁੱਖ, ਨੰਗ, ਚਿੰਤਾ, ਬੇਕਾਰੀ, ਹਟ ਜਾਏ ਧੜਕੇ[3] ਦੀ ਬੀਮਾਰੀ।
ਘੁਲ ਮਿਲ ਜਾਵਣ ਧਰਮ ਇਮਾਨ, ਸਚਮੁਚ ਦਾ ਇਨਸਾਨਸਤਾਨ।
3. ਸਾਂਝੇ ਹੋਣ ਮਸੀਤਾਂ ਮੰਦਰ, ਵੱਸੇ ਰੱਬ ਦਿਲਾਂ ਦੇ ਅੰਦਰ।
ਲੀਡਰ ਹੋਣ ਦਿਆਨਤਦਾਰ,[4] ਮੇਲ ਮੁਹੱਬਤ ਦਾ ਪਰਚਾਰ।
ਮਤਲਬੀਏ ਤੇ ਪਾੜਣ ਵਾਲੇ, ਭੁਲ ਜਾਵਣ ਸ਼ਤਰੰਜ ਦੇ ਚਾਲੇ।
ਟੁਕਰਾਂ ਤੋਂ ਨਾ ਵਢ ਵਢ ਖਾਣ, ਸਚਮੁਚ ਦਾ ਇਨਸਾਨਸਤਾਨ।
4. ਵਡਿਆਂ ਦਾ ਦਿਲ ਹੋ ਜਾਏ ਵੱਡਾ, ਢਾਹ ਸੁੱਟਣ ਨਫਰਤ ਦਾ ਅੱਡਾ।
ਵੰਡ ਖਾਣ ਦੀ ਪੈ ਜਾਏ ਵਾਦੀ[5], ਮੰਗ ਸਕਣ, ਸਾਂਝੀ ਆਜ਼ਾਦੀ।
ਸਾਂਝੀਆਂ ਚੋਣਾਂ, ਸਾਂਝੀ ਪੀੜ, ਉਂਗਲ ਸੜਿਆਂ ਧੁਖੇ ਸਰੀਰ।
ਇਕ ਦੂਜੇ ਤੋਂ ਸਦਕੇ ਜਾਣ, ਸਚਮੁਚ ਦਾ ਇਨਸਾਨਸਤਾਨ।

ਪੇਟ ਪੂਜਾ

ਨਾ ਕੋਈ ਠਾਕੁਰ (ਤੇ) ਨਾ ਕੋਈ ਪੂਜਕ, ਸਭ ਰੋਟੀ ਦੇ ਉਪਰਾਲੇ।
ਚਿਟੀਆਂ ਪੱਗਾਂ (ਤੇ) ਦੂਹਰੇ ਟਿੱਕੇ, ਅੰਦਰੋਂ ਹਿਰਦੇ ਕਾਲੇ।

---
1. ਚਿਖਾ। 2. ਹੱਥੀਂ ਕੰਮ ਕਰਨ ਵਾਲਾ ਉਦਯੋਗੀ। 3. ਚਿੰਤਾ, ਫ਼ਿਕਰ। 4. ਈਮਾਨਦਾਰ। 5. ਆਦਤ।

ਹੱਥ ਵਿਚ ਮਾਲਾ (ਤੇ) ਮੂੰਹ ਵਿਚ ਮੰਤਰ, ਕੱਛ ਵਿਚ ਤੇਜ਼ ਕਟਾਰੀ,
ਐਸੇ ਠੱਗਾਂ ਨਾਲੋਂ ਚੰਗੇ, ਖੀਸੇ ਕਤਰਨ ਵਾਲੇ।
ਏਜੰਟਾਂ ਨੂੰ ਸੰਮਣ[1] ਆਏ, (ਤੁਸੀਂ) ਹਲਵਾ ਖਾ ਖਾ ਫੁਲ ਗਏ।
ਮੂਰਖ ਪਰਜਾ ਲੁਟ ਲੁਟ ਖਾ ਲਈ, (ਅਤੇ) ਅਸਲ ਮਨੋਰਥ ਭੁਲ ਗਏ।
ਜਾਗ ਉਠੀ ਹੈ ਦੁਨੀਆਂ, ਹੁਣ ਤੇ ਭੇਜ ਦਿਓ ਅਸਤੀਫੇ,
ਮਜ਼ਦੂਰਾਂ ਕਿਰਸਾਨਾਂ ਖਾਤਰ ਰੱਬ ਦੇ ਬੂਹੇ ਖੁਲ੍ਹ ਗਏ।

ਏਕਾ

ਆ ਵੀਰਨਾ ਆ ਬੇਲੀਆ !

1. ਆ ਸੋਚੀਏ, ਬਹਿ ਕੇ ਜ਼ਰਾ। ਇਕ ਵਕਤ ਸੀ, ਦੋਵੇਂ ਅਸੀਂ,
ਸਚ ਮੁੱਚ ਦੇ ਇਨਸਾਨ ਸਾਂ। ਇਕ ਖ਼ੂਨ ਸੀ, ਇਕ ਜਾਨ ਸਾਂ।
ਇਕੋ ਦੁਹਾਂ ਦਾ ਬੱਬ[2] ਸੀ, ਸਾਂਝਾ ਦੁਹਾਂ ਦਾ ਰੱਬ ਸੀ।
ਨਾ ਵੈਰ ਸਨ, ਨਾ ਛੇੜ ਸੀ, ਨਾ ਫੁੱਟ ਸੀ, ਨਾ ਤੇੜ ਸੀ।
ਸੀਨੇ ਫਰਿਸ਼ਤੇ[3] ਵਾਂਗ ਸਨ, ਧੀਆਂ ਤੇ ਭੈਣਾਂ ਸਾਂਝੀਆਂ।
ਹਮਸਾਏ[4] ਮਾਂ ਪਿਉ ਜਾਏ ਸਾਂ, ਖਾਂਦੇ ਕਮਾਂਦੇ ਆਏ ਸਾਂ।
ਪਰ ਹੁਣ ਤੇ ਹਾਲਤ ਹੋਰ ਹੈ, ਢਿੱਡਾਂ ਵਿਚ ਵੜ ਗਿਆ ਚੋਰ ਹੈ।
ਵਖਰੀ ਜਿਹੀ ਵਾ ਵਗੀ, ਤੈਨੂੰ ਤੇ ਮੈਨੂੰ ਆ ਲਗੀ।
ਮੂੰਹ ਮੁੜ ਗਏ, ਦਿਲ ਫਟ ਗਏ, ਮੋਹ ਘਟ ਗਿਆ, ਰਾਹ ਵਟ ਗਏ।
ਕੁਝ ਹੱਕ ਕੰਨ ਵਿਚ ਕਹਿ ਗਏ, ਕੁਝ ਸ਼ੱਕ ਹੱਡੀਂ ਬਹਿ ਗਏ।
ਆਗੂ ਭੀ ਐਸੇ ਮਿਲ ਪਏ, ਪਾੜੀ ਦੁਹਾਂ ਦਾ ਦਿਲ ਗਏ।
ਚੰਗੇ ਭਲੇ ਸਾਂ ਵੱਸਦੇ, ਅਜ ਕਲ ਬਦਲ ਗਈ ਤੋਰ ਕਿਉਂ ?
ਤੂੰ ਹੋਰ ਕਿਉਂ ? ਮੈਂ ਹੋਰ ਕਿਉਂ ?

2. ਓਹੋ ਜ਼ਿਮੀ ਅਸਮਾਨ ਉਹੋ, ਅੱਲਾ ਉਹੋ, ਇਨਸਾਨ ਉਹੋ।
ਆ ਵੱਟ ਦਿਲ ਦੇ ਕੱਢੀਏ, ਖੁਦਗਰਜ਼ੀਆਂ ਹੁਣ ਛੱਡੀਏ।
ਲਾਈਏ ਪਨੀਰੀ ਪਿਆਰ ਦੀ, ਇਤਫਾਕ[5] ਦੀ, ਇਤਬਾਰ ਦੀ।
ਨਾ ਤੂੰ ਸੜੇਂ ਨਾ ਮੈਂ ਕੁੜ੍ਹਾਂ, ਨਾ ਤੂੰ ਥੁੜੇਂ ਨਾ ਮੈਂ ਥੁੜਾਂ।
ਹੁਣ ਭੀ ਜੇ ਹੋਏ ਸਾਫ ਨਾ, ਭੁੱਲਾਂ ਨੂੰ ਕੀਤਾ ਮਾਫ ਨਾ।
ਚੜ੍ਹ ਜਾਂਗੇ ਘੁਮਣਘੇਰ ਵਿਚ, ਪੈ ਜਾਂਗੇ ਲੰਮੇ ਫੇਰ ਵਿਚ।
ਪੰਜਾਬ ਦੇ ਹੀਰੇ ਅਸੀਂ, ਸੜਨਾ ਅਸਾਡੀ ਖੋ[6] ਨਹੀਂ।
ਅਸਲਾ ਨਹੀਂ ਖੋਟਾ ਤਿਰਾ, ਜਿਗਰਾ ਨਹੀਂ ਛੋਟਾ ਮਿਰਾ।
ਤੂੰ ਮੈਂ ਜਿ ਘੁਲ ਮਿਲ ਜਾਵੀਏ, ਚੁੱਕਾਂ ਦੇ ਵਿਚ ਨਾ ਆਵੀਏ,

---
1. ਕਚਹਿਰੀ ਵਲੋਂ ਸੱਦਾ। 2. ਬਾਪ, ਪਿਤਾ। 3. ਦੇਵਤੇ। 4. ਗਵਾਂਢੀ। 5. ਏਕਾ, ਮਿਲਵਰਤਨ।
6. ਸੁਭਾਅ, ਆਦਤ।

ਬੇਖੌਫ਼ ਹੋ ਕੇ ਵੱਸੀਏ, ਬਣ ਕੇ ਨਮੂਨਾ ਦੱਸੀਏ।
ਲਾਊ ਬੁਝਾਊ ਆਏ ਜੋ, ਲੂਤੀ ਚੁਆਤੀ ਲਾਏ ਜੋ,
ਬੂਥਾ ਉਦ੍ਹਾ ਚਾ ਭੰਨੀਏ, ਆਖਾ ਨਾ ਉਸ ਦਾ ਮੰਨੀਏ।
ਦੋ ਤਾਕਤਾਂ ਜੁੜ ਜਾਣ ਜੇ, ਕੋਈ ਸਕੇਗਾ ਤੋੜ ਕਿਉਂ ?
ਤੂੰ ਹੋਰ ਕਿਉਂ, ਮੈਂ ਹੋਰ ਕਿਉਂ ? ਤੂੰ ਸਾਧ ਕਿਉਂ ਮੈਂ ਚੋਰ ਕਿਉਂ ?

ਪੁਰਾਣਾ ਰਾਜ਼

1. ਜੁੱਗਾਂ ਤੋਂ ਚਲਿਆ, ਇਕ ਰਾਜ਼ ਪੁਰਾਣਾ,
ਮੈਂ ਸਮਝ ਚੁਕਾ ਹਾਂ, ਪਰ ਕੀਕਰ ਆਖਾਂ ?
ਇਹ ਹੋਛੀ ਦੁਨੀਆਂ, ਸੁਣ ਸਹਿ ਨਹੀਂ ਸਕਦੀ।
2. ਇਕ ਸਾਫ਼ ਸਚਾਈ, ਦਾ ਸੂਰਜ ਚੜ੍ਹਿਆ,
ਚਿਰ ਚੋਖਾ ਹੋਇਆ, ਪਰ ਨੂਰ ਮੁਨਾਰੇ—
ਦੀਆਂ ਕਿਰਨਾਂ ਉੱਤੇ, ਅੱਖ ਡਹਿ[1] ਨਹੀਂ ਸਕਦੀ।
3. ਇਕ ਅਜਬ ਤਲਿੱਸਮ[2], ਟੁਟ ਚੁਕਾ ਚਿਰੋਕਾ,
ਇਕ ਗੁਪਤ ਖਜ਼ਾਨਾ, ਮੂੰਹ ਖੁਲ੍ਹਾ ਪਿਆ ਹੈ,
ਪਰ ਜੀਭ ਸੰਗਾਊ ਕੁਝ ਕਹਿ ਨਹੀਂ ਸਕਦੀ।
4. ਮੇਰਾ ਤੇ ਤੇਰਾ, ਨਹੀਂ ਪਰਦਾ ਕੋਈ,
ਤੂੰ ਮੇਰਾ ਮਹਿਰਮ[3], ਮੈਂ ਤੇਰਾ ਭੇਤੀ।
ਇਹ ਗੁੱਝੀ ਛਿੱਪੀ, ਗੱਲ ਰਹਿ ਨਹੀਂ ਸਕਦੀ।
5. ਉਹ ਦਿਨ ਹੈ ਨੇੜੇ, ਸਭ ਖਲਕ ਕਹੇਗੀ,
ਕਿਨ ਨੀਹਾਂ ਧਰੀਆਂ, ਕਿਨ ਮਹਿਲ ਉਸਾਰੇ,
ਇਹ ਬਣੀ ਅਟਾਰੀ, ਹੁਣ ਢਹਿ ਨਹੀਂ ਸਕਦੀ।

ਹੀਰਾ

ਹੀਰਿਆ ! ਤੈਨੂੰ ਪਾੜ ਰਹੇ ਉਸਤਾਦ
1. ਕਣੀਆਂ ਥਪ ਥਪ ਸਾਣ[4] ਬਣਾਇਆ,
ਰਗੜ ਰਗੜ ਤੇਰਾ ਵਜਨ ਘਟਾਇਆ,
(ਪਰ) ਸਗੋਂ ਵਧੀ ਤੇਰੀ ਆਬ[5],
ਹੀਰਿਆ ! ਤੈਨੂੰ ਪਾੜ ਰਹੇ ਉਸਤਾਦ।
2. ਪਾੜਨ ਵਾਲੇ, ਫਿਰਨ ਦੁਆਲੇ,
ਤੂੰ ਓਹਨਾਂ ਦੇ ਮੂੰਹ ਕਰ ਕਾਲੇ,

---

1. ਚੁਕ, ਲੱਗ। 2. ਜਾਦੂ। 3. ਭੇਤੀ।
4. ਹੀਰੇ ਛਿਲਣ (ਤਰਾਸ਼ਣ) ਲਈ ਜੰਤਰ ਜਿਵੇਂ ਲੋਹੇ ਦੇ ਸੰਦ ਤੇਜ਼ ਕਰਨ ਲਈ ਹੁੰਦਾ ਹੈ। 5. ਸ਼ਾਨ, ਚਮਕ।

ਸੌਂ ਨਹੀਂ ਗਿਆ ਪੰਜਾਬ,
ਹੀਰਿਆ ! ਤੈਨੂੰ ਪਾੜ ਰਹੇ ਉਸਤਾਦ।

3. ਘਸਦਾ ਰਹੁ ਪਰ ਤ੍ਰੇੜ ਨਾ ਖਾਵੀਂ,
ਟੋਟਿਆਂ ਵਿਚ ਨਾ ਵੰਡਿਆ ਜਾਵੀਂ,
(ਆਪਣਾ) ਅਸਲਾ ਰੱਖੀਂ ਯਾਦ,
ਹੀਰਿਆ ! ਤੈਨੂੰ ਪਾੜ ਰਹੇ ਉਸਤਾਦ।

4. ਅਜ ਨਹੀਂ ਤੇ ਕੁਝ ਹੋਰ ਦਿਨਾਂ ਨੂੰ,
ਲਭ ਲਏਂਗਾ ਤੂੰ ਆਪਣੇ ਥਾਂ ਨੂੰ,
(ਕਿਸੇ) ਦਰਦੀ ਦੇ ਸਿਰ ਦਾ ਤਾਜ,
ਹੀਰਿਆ ! ਤੈਨੂੰ ਪਾੜ ਰਹੇ ਉਸਤਾਦ।

ਰਬਾਬ[1]

ਰਬਾਬੀ ! ਧਰ ਦੇ ਹੇਠ ਰਬਾਬ।

1. ਚੂਲਾਂ ਹਿੱਲੀਆਂ, ਖੋਚਲ ਕਿੱਲੀਆਂ,
ਤਾਰਾਂ ਤਰਬਾਂ ਪੈ ਗਈਆਂ ਢਿੱਲੀਆਂ,
ਭੁਰ ਗਈ ਤੰਦੀ, ਘਸ ਗਿਆ ਜ਼ਖ਼ਮਾ,
ਖਲੜੀ ਹੋਈ ਖਰਾਬ,
ਰਬਾਬੀ ! ਧਰ ਦੇ ਹੇਠ ਰਬਾਬ !

2. ਬੋਤਲ ਸਖਣੀ ਕਰ ਗਿਆ ਸਾਕੀ,
ਮਹਿਫਲ ਵਿਚ ਰੌਣਕ ਨਹੀਂ ਬਾਕੀ,
ਅਥਰੂ ਡੋਲ੍ਹ ਸ਼ਮਾ ਦਾ ਚਾਨਣ,
ਦੇਂਦਾ ਜਾਏ ਜਵਾਬ,
ਰਬਾਬੀ ! ਧਰ ਦੇ ਹੇਠ ਰਬਾਬ !

3. ਟੁਟਦੇ ਜਾਣ ਖਿਲਾਰੇ ਤਾਣੇ,
ਭੁਲਦੇ ਜਾਂਦੇ ਗੀਤ ਪੁਰਾਣੇ,
ਅੱਖੀਆਂ ਅਗੋਂ ਹਟਦੇ ਜਾਂਦੇ,
ਘੜੇ ਸੁਨਹਿਰੀ ਖਾਬ,
ਰਬਾਬੀ ! ਧਰ ਦੇ ਹੇਠ ਰਬਾਬ !

4. ਇਸ ਰਬਾਬ ਨੂੰ ਤੀਲੀ ਲਾ ਦੇ,
ਲਭਦਾ ਈ ਤਾਂ ਕੋਈ ਹੋਰ ਲਿਆ ਦੇ,
ਨਵੀਆਂ ਤਰਜ਼ਾਂ, ਗੀਤ ਅਨੋਖੇ,

---

1. ਇਕ ਤੰਤੀ ਸਾਜ਼।

ਨਗਮਿਆਂ ਭਰੀ ਕਿਤਾਬ,
ਰਬਾਬੀ ! ਧਰ ਦੇ ਹੇਠ ਰਬਾਬ !

ਲਾਚਾਰੀ

ਯਾਰ ਕਹਿਣ:—ਧਰਤੀ ਦੀਆਂ ਗੱਲਾਂ—ਅੱਕ ਗਏ ਪੜ੍ਹ ਪੜ੍ਹ ਕੇ।
ਕੁਦਰਤ ਦੀ ਮੈਂ ਥਾਹ ਨਾ ਲੱਭੀ, ਅਸਮਾਨਾਂ ਤੇ ਚੜ੍ਹ ਕੇ।
ਸੁਰਗ ਨਰਕ ਦੀ ਦਾਸਤਾਨੀ ਨੇ[1] ਦਿਲ ਨੂੰ ਖਿੱਚ ਨਾ ਪਾਈ,
ਮੂਰਖ ਨੂੰ ਸਮਝਾਣਾ ਮੁਸ਼ਕਿਲ, ਬਹਿ ਜਾਵਾਂ ਚੁਪ ਕਰਕੇ।

ਆਸ਼ਾਵਾਦ

ਆਸ਼ਾ ਅਤੇ ਨਿਰਾਸ਼ਾ ਡਿਠੀਆਂ, ਇਕ ਹੱਸੇ, ਇਕ ਰੋਵੇ।
ਦਿਨ ਚਾਨਣ ਤੇ ਰਾਤ ਹਨੇਰਾ, ਸੱਜੇ ਖੱਬੇ ਦੋਵੇਂ।
ਮੈਂ ਚਾਨਣ ਦੇ ਨਾਲ ਤੁਰ ਪਿਆ, ਪਿਛੇ ਪਿਆ ਹਨੇਰਾ।
ਮਨ ਦੇ ਹੱਥ ਵਿਚ ਸਭ ਕੁਝ ਹੈ, ਉਹ ਜੋ ਚਾਹੇ ਸੋ ਹੋਵੇ।

ਆਦਰਸ਼ਵਾਦ

1. ਆਦਰਸ਼ਵਾਦ, ਆਦਰਸ਼ਵਾਦ, ਪੜ੍ਹ ਸੁਣ ਕੇ ਆਵੇ ਸੁਆਦ ਸੁਆਦ।
ਨਾਟਕ ਦੇ ਪਾਤਰ ਅਤਿ ਅਨੂਪ[2], ਜੀਵਨ ਪਵਿਤ੍ਰ ਭਗਵਾਨ ਸਰੂਪ[3]।
ਕੰਨੀਆਂ ਵਲ੍ਹੇਟ ਕੇ ਤੁਰਨ ਫਿਰਨ, ਗੱਲ ਗੱਲ ਵਿਚ ਮੂੰਹੋਂ ਫੁੱਲ ਕਿਰਨ।
ਦਿਉਤੇ ਅਕਾਸ਼ ਤੋਂ ਛਾਲ ਮਾਰ, ਉਤਰੇ ਮਨੁੱਖ ਦਾ ਰੂਪ ਧਾਰ।
ਨਿਰਮਲ ਚਰਿਤ੍ਰ, ਹਿਰਦੇ ਵਿਸ਼ਾਲ, ਕਟ ਜਾਣ ਪਾਪ ਇਕ ਛੋਹ ਨਾਲ।
ਜੀ ਚਾਹੇ ਨਸ ਕੇ ਫੜਾਂ ਚਰਨ, ਹੋ ਕੇ ਪ੍ਰਸੰਨ ਕੁਝ ਮੇਹਰ ਕਰਨ।
ਪਾ ਪਜਾਰ ਨੀਝ, ਥਪਕੀ ਦੇ ਨਾਲ, ਕਰ ਦੇਣ ਮੁਕਤ, ਹੋ ਜਾ ਨਿਹਾਲ।
2. ਪਰ ਜਿਉਂ ਜਿਉਂ ਹੋਇਆ ਕੋਲ ਕੋਲ, ਤਲਿਓਂ ਦਿਸਿਆ ਕੁਝ ਪੋਲ ਪੋਲ[4]।
ਖਿਜਰੀ[5] ਲਿਬਾਸ, ਨਾਰਦ ਨੁਹਾਰ, ਚਾਦਰ ਸੁਫੈਦ, ਦਿਲ ਦਾਗ਼ਦਾਰ[6]।
ਅੱਖੀਆਂ ਵਿਚ ਲਾਜ, ਨਾ ਮੂੰਹ ਵਿਚ ਬੋਲ, ਬੇਆਬ[7] ਤਾਬ, ਗੌਹਰ[8] ਅਮੋਲ।
ਸਬਜ਼ੇ ਦੇ ਸੀਨੇ ਵਿਚ ਉਜਾੜ, ਸਾਗਰ ਵਿਚ ਲਾਵੇ ਦਾ ਪਹਾੜ।
ਦਿਲ ਭੜਥਾ ਹੋ ਗਿਆ ਸੇਕ ਨਾਲ, ਸਚ ਦੀ ਤਲਾਸ਼ ਡਿਗ ਪਈ ਚੁਫਾਲ।

---

1. ਕਹਾਣੀ। 2. ਸੁੰਦਰ, ਉਪਮਾ ਰਹਿਤ। 3. ਵਾਗੂੰ, ਵਰਗਾ। 4. ਖਾਲੀ ਖਾਲੀ। 5. ਦੇਵਤਿਆਂ ਵਾਲਾ ਚਿੱਟਾ। 6. ਦਾਗੀ, ਦੋਸ਼ ਭਰਿਆ। 7. ਸ਼ਾਨ ਚਮਕ ਤੋਂ ਬਿਨਾਂ। 8. ਮੋਤੀ।

ਪੰਛੀ ਮੁੜ ਆਏ ਤਕ ਸੁਰਾਬ[1], ਆਸ਼ਾ ਦੇ ਹੋ ਗਏ ਗਲਤ ਖਾਬ।
ਸਚ ਤੋਂ ਬਗੈਰ ਆਦਰਸ਼ਵਾਦ, ਬੇਅਰਥ, ਬਿਲੋੜਾ, ਬੇਸੁਆਦ।

ਸ਼ਿਕਾਰੀ

ਅੱਗੇ ਬਲਬ ਜਗੇ ਬਿਜਲੀ ਦਾ, ਪਿੱਛੇ ਘੁੱਪ ਹਨੇਰਾ।
ਇਸ ਪੜਦੇ ਦੇ ਹੇਠ, ਸ਼ਿਕਾਰੀ, ਪਾਈ ਬੈਠੇ ਡੇਰਾ।
ਤਸਬੀ[2], ਤਿਲਕ, ਸਲੀਬ[3], ਸਿਮਰਨਾ, ਜੁਗ ਜੁਗ ਜੀਉਣ ਸਹਾਰੇ।
ਬੇ ਸਮਝਾਂ ਨੇ, ਰੱਬ ਦੇ ਰਾਹ ਤੇ, ਰਖਿਆ ਰਿਜ਼ਨ[4] ਬੁਤੇਰਾ।

ਆਨੰਦ

ਹਰ ਵੇਲੇ ਆਨੰਦ[5] ਰਿਹਾ ਕਰ, ਹਰ ਵੇਲੇ ਆਨੰਦ।
1. ਪਹੁ ਫੁਟਦੀ ਤੋਂ ਖਾਓ ਪੀਏ ਤਕ, ਲੜ ਜੀਵਨ ਸੰਗ੍ਰਾਮ।
ਅੱਖ ਖੁਲ੍ਹੇ ਤਦ ਸਜਰੇ ਰਣ ਵਿਚ, ਵਧ ਵਧ ਪਾ ਦੇ ਸ਼ਾਮ।
ਦੁਖਾਂ ਸੁਖਾਂ ਦੀ ਮੰਜ਼ਲ ਮੁਕਾਂਦਾ, ਖੇੜਾ ਕਰੀਂ ਨਾ ਬੰਦ।
ਹਰ ਵੇਲੇ ਆਨੰਦ ਰਿਹਾ ਕਰ, ਹਰ ਵੇਲੇ ਆਨੰਦ।
2. ਚਾਨਣ ਅਤੇ ਹਨੇਰਾ ਦੋਵੇਂ, ਤੁਰਦੇ ਨਾਲੋਂ ਨਾਲ।
ਹਰ ਹੰਭਲੇ ਵਿਚ ਲੁਕੀਆਂ ਛਿਪੀਆਂ—ਖੁਸ਼ੀਆਂ ਦੀ ਕਰ ਭਾਲ।
ਸੂਰਜ ਨਿੱਘ ਪੁਚਾਂਦਾ ਜਾਵੇ, ਠੰਢਕ ਦੇਵੇ ਚੰਦ।
ਹਰ ਵੇਲੇ ਆਨੰਦ ਰਿਹਾ ਕਰ, ਹਰ ਵੇਲੇ ਆਨੰਦ।
3. ਅਦਲ ਬਦਲ ਦਾ ਚੱਕਰ ਚੱਲੇ, ਆਸ਼ਾ ਦੇ ਆਧਾਰ।
ਹਸਦਾ ਹਸਦਾ, ਬਾਹਾਂ ਮਾਰਦਾ, ਨਦੀਓਂ ਹੋ ਜਾ ਪਾਰ।
ਪਰ ਮੱਥੇ ਤੇ, ਕਿਸੇ ਸਮੇਂ ਭੀ, ਵੱਟ ਨਾ ਕਰੀਂ ਪਸੰਦ।
ਹਰ ਵੇਲੇ ਆਨੰਦ ਰਿਹਾ ਕਰ, ਹਰ ਵੇਲੇ ਆਨੰਦ।
4. ਕੁਦਰਤ ਤੈਨੂੰ ਅਗਾਂਹ ਵਧਾਵੇ, ਜੇਕਰ ਤ੍ਰਿਪੀ ਚਾਲ।
ਪਿਛਾਂਹ ਖਲੋਤੇ ਸਾਥੀਆਂ ਨੂੰ ਭੀ, ਸੱਦ ਰਲਾ ਲੈ ਨਾਲ।
ਖਿੜਦਾ ਅਤੇ ਖਿੜਾਂਦਾ ਜਾਵੇ, ਦਾਤਾ ਦਾ ਫਰਜ਼ੰਦ[6],
ਹਰ ਵੇਲੇ ਆਨੰਦ ਰਿਹਾ ਕਰ, ਹਰ ਵੇਲੇ ਆਨੰਦ।

ਮਾਤ ਭੂਮੀ

(ਗਜ਼ਲ)

ਗੁਲਾਮ ਜਨਤਾ ਦੀ ਮਾਤ ਭੂਮੀ ! ਨਿਰਾਸ ਨਾ ਹੋ ਨਾ ਕੰਬ ਥਰ ਥਰ।
ਲਹੂ ਪਿਆ ਕੇ ਨਾ ਪਾਲ ਚਿੰਤਾ, ਨਾ ਨੈਣ ਭਰ ਭਰ ਕੇ ਜੀ ਬੁਰਾ ਕਰ।

---

1. ਮ੍ਰਿਗ-ਤ੍ਰਿਸ਼ਨਾ, ਰੇਤ ਤੋਂ ਪਾਣੀ ਦਾ ਭੁਲੇਖਾ। 2. ਮਾਲਾ।
3. ਸੂਲੀ ਦਾ ਚਿੰਨ੍ਹ ਜਿਸਨੂੰ ਈਸਾਈ ਗਲਾਂ ਵਿਚ ਪਹਿਨਦੇ ਹਨ। 4. ਓਹਲਾ। 5. ਖੁਸ਼ੀ ਦੀ ਹਾਲਤ ਵਿਚ। 6. ਪੁੱਤਰ।

ਬਿਤਰਸ ਹੁੰਦੇ ਨੇ ਬੁਤ ਹਮੇਸ਼ਾਂ, ਤੂੰ ਪੱਥਰਾਂ ਤੋਂ ਉਮੈਦ ਨਾ ਰਖ,
ਤੂੰ ਉਠ ਖੜੀ ਹੋ, ਇਰਾਦਾ ਕਰ ਕੇ, ਤੇ ਆਪ ਬਣ ਕੇ ਵਿਖਾਲ ਬੁਤਗਰ[1]।
ਤੂੰ ਜਿਸ ਸਤਾਰੇ ਦੀ ਲੋ ਨੂੰ ਤਰਸੇਂ, ਓ ਚੜ੍ਹ ਚੁਕਾ ਹੈ ਬੜੇ ਚਿਰਾਂ ਦਾ।
ਤੂੰ ਜਿਸ ਅਗਨ ਦੀ ਤਲਾਸ਼ ਵਿਚ ਹੈਂ, ਓ ਜਗ ਰਹੀ ਹੈ ਤੇਰੇ ਹੀ ਅੰਦਰ।
ਪਰਾਏ ਪੁਤ੍ਰਾਂ ਦਾ ਕੀ ਭਰੋਸਾ, ਪਰਾਈ ਛਾਹ ਤੇ ਮੁਨਾ ਨਾ ਝਾਟਾ,
ਤੂੰ ਆਪਣੀ ਔਲਾਦ ਵਿਚੋਂ ਕਰ ਖਮੋਸ਼ ਸੇਵਕ, ਬੇਗਰਜ਼ ਲੀਡਰ।

ਪੁਜਾਰੀ ਨੂੰ

ਬਾਬਾ ! ਤੇਰੀ ਢਹਿਣ ਲਗੀ ਊ ਅਟਾਰੀ।

1. ਪਿੱਲੀਆਂ ਇੱਟਾਂ, ਰੇਤਲਾ ਗਾਰਾ,
ਥਰਡ ਕਲਾਸ[2] ਮਸਾਲਾ ਸਾਰਾ,
ਹੇਠੋਂ ਕੱਲਰ ਚੜ੍ਹਦਾ ਆਵੇ,
ਭੁਰ ਭੁਰ ਪਏ ਉਸਾਰੀ।
ਬਾਬਾ ! ਤੇਰੀ ਢਹਿਣ ਲਗੀ ਊ ਅਟਾਰੀ।

2. ਬੜੇ ਚਿਰਾਂ ਤੋਂ ਝੋਲੇ ਖਾਵੇ,
ਥੱਲਿਓਂ ਨੀਂਹ ਖਿਸਕਦੀ ਜਾਵੇ,
ਜਿਸ ਦਿਨ ਕੋਈ ਹਲੂਣਾ[3] ਆਇਆ,
ਡਿਗ ਪੈਣੀ ਹੈ ਸਾਰੀ।
ਬਾਬਾ ! ਤੇਰੀ ਢਹਿਣ ਲਗੀ ਊ ਅਟਾਰੀ।

3. ਦੁਨੀਆਂ ਹੁੰਦੀ ਜਾਏ ਸਿਆਣੀ,
ਹੁਣ ਤੇਰੀ ਕੋਈ ਪੇਸ਼ ਨਾ ਜਾਣੀ,
ਬੇੜੀ ਛੇਕੋ ਛੇਕ ਪੁਰਾਣੀ,
ਲਭਣੀ ਨਹੀਂ ਸਵਾਰੀ।
ਬਾਬਾ ! ਤੇਰੀ ਢਹਿਣ ਲਗੀ ਊ ਅਟਾਰੀ।

4. ਸੁਰਗ ਨਰਕ ਤੋਂ ਕਪੜਾ ਲਹਿ ਗਿਆ,
ਮਜ਼ਹਬ ਇਕ ਦਿਖਾਵਾ ਰਹਿ ਗਿਆ,
ਜਾਂ ਦਿਸਦੇ ਨੇ ਮਾਇਆ ਧਾਰੀ,
ਜਾਂ ਰਹਿ ਗਏ ਵਿਭਚਾਰੀ[4]।
ਬਾਬਾ ! ਤੇਰੀ ਢਹਿਣ ਲਗੀ ਊ ਅਟਾਰੀ।

ਪੁੰਨ ਪਾਪ

ਆਪੇ ਭੈੜੇ ਪਾਸੇ ਜਾਵੇਂ, ਆਪੇ ਪਾਪ ਬਣਾਵੇਂ।
ਧਰਮਰਾਜ[5] ਦੀ ਚੜ੍ਹੇਂ ਕਚਹਿਰੀ, ਆਪੇ ਡੰਡ ਲੁਆਵੇਂ।

---

1. ਬੁੱਤ ਬਣਾਉਣ ਵਾਲਾ। 2. ਨਖਿਧ। 3. ਝਟਕਾ। 4. ਬੁਰੇ ਕੰਮ ਕਰਨ ਵਾਲੇ।
5. ਮੌਤੋਂ ਬਾਅਦ ਜੀਵ ਦੀ ਕਰਨੀ ਅਨੁਸਾਰ ਨਿਆਂ ਕਰਨ ਤੇ ਫਲ ਦੇਣ ਵਾਲਾ ਦੇਵਤਾ।

ਥੱਲੇ ਉਤਰ, ਨਿਆਂ ਦੇ ਤਖਤੋਂ ਮਨ ਕਿਉਂ ਹੋਇਆ ਮੈਲਾ ?
ਸਭ ਤੋਂ ਖਰੀ ਸਿਆਣਪ ਉਹ, ਜੇ ਪਹਿਲਾਂ ਈ ਪੈਰ ਬਚਾਵੇਂ।
ਤੂੰਹੇਂ ਕਰਤਾ, ਤੂੰਹੇਂ ਭੁਗਤਾ[1], ਤੂੰਹੇਂ ਤਖ਼ਤ ਅਦਲ[2] ਦਾ।
ਘੁਟ ਕੇ ਫ਼ੜ ਲੈ ਮਨ ਦੀਆਂ ਵਾਗਾਂ, ਜੋ, ਪਲ ਪਲ ਰਹੇ ਬਦਲਦਾ।
ਸੀਤ ਹੋ ਜਾਏ ਤਨ ਮਨ ਤੇਰਾ, ਜੋ, ਬਣ ਕੇ ਰਹੇ ਕਿਸੇ ਦਾ।
ਨਾ ਤੂੰ ਬਣ ਕਾਰਜ ਦਾ ਕਰਤਾ, ਨਾ ਬਣ ਭਾਗੀ[3] ਫਲ ਦਾ।

ਪੰਛੀ ਉਡਾਰੀ

ਪੰਛੀ ! ਜ਼ਰਾ ਭਰ ਕੇ ਮਾਰ ਉਡਾਰੀ।

1. ਪਿੰਜਰੇ ਦਾ ਮੋਹ ਤੋੜ ਚੁਕਾ ਹੈਂ,
ਨੀਵੀਂ ਧਰਤੀ ਛੋੜ ਚੁਕਾ ਹੈਂ,
ਉਡਦਾ ਉਡਦਾ ਅਰਸ਼ੇ ਚੜ੍ਹ ਜਾ,
(ਜਿਥੋਂ) ਦਿਸ ਪਏ ਦੁਨੀਆਂ ਸਾਰੀ।
ਪੰਛੀ ! ਜ਼ਰਾ ਭਰ ਕੇ ਮਾਰ ਉਡਾਰੀ।

2. ਫੁਲਦੀ ਜਾਵੇ ਛਾਤੀ ਤੇਰੀ,
ਨਿਗਹ ਬਣਾ ਲੈ ਹੋਰ ਚੁੜੇਰੀ,
ਜਿਸ ਸੂਰਤ ਵਿਚ ਝਾਤੀ ਪਾਵੇਂ,
ਜਿੰਦੋਂ ਲਗੇ ਪਿਆਰੀ।
ਪੰਛੀ ! ਜ਼ਰਾ ਭਰ ਕੇ ਮਾਰ ਉਡਾਰੀ।

3. ਮੇਰ ਤੇਰ ਦੀਆਂ ਕੰਧਾਂ ਢਾ ਦੇ,
ਸਭ ਥਾਂ ਪਿਆਰ ਪਨੀਰੀ ਲਾ ਦੇ।
ਹਸਮੁਖ, ਨਿਰਮਲ, ਸੀਤਲ ਜਿੰਦੜੀ,
ਦੁਖੀਆਂ ਦੀ ਦਿਲਦਾਰੀ[4]।
ਪੰਛੀ ! ਜ਼ਰਾ ਭਰ ਕੇ ਮਾਰ ਉਡਾਰੀ।

4. ਖੰਭ ਖੁਲ੍ਹੇ ਅੱਖੀਆਂ ਵਿਚ ਲਾਲੀ,
ਵੰਡਦਾ ਚੱਲ ਖੁਸ਼ੀ ਖੁਸ਼ਹਾਲੀ।
ਸੁਣ ਸੁਣ ਤੇਰੇ ਗੀਤ ਰਸੀਲੇ,
ਛਿੜ ਪਏ ਪ੍ਰੇਮ ਉਸਾਰੀ।
ਪੰਛੀ ! ਜ਼ਰਾ ਭਰ ਕੇ ਮਾਰ ਉਡਾਰੀ।

---

1. ਭੋਗਣ ਵਾਲਾ। 2. ਇਨਸਾਫ਼। 3. ਹਿੱਸੇਦਾਰ। 4. ਪਿਆਰ, ਮੁਹੱਬਤ।

ਸਾਕੀਆ

ਭਰ ਭਰ ਜਾਮ ਪਿਆ, ਸਾਕੀਆ ! ਭਰ ਭਰ ਜਾਮ ਪਿਆ।

1. ਤੇਰੇ ਅੰਦਰ ਮੱਟ ਬੜੇ ਨੇਂ,
ਚਾਲੀ ਕ੍ਰੋੜ ਪਿਆਕ[1] ਖੜੇ ਨੇਂ,
ਬੂੰਦ ਬੂੰਦ ਤੇ ਉਡਦੀ ਜਾਵੇ,
ਪੀਪਾ ਇਹ ਉਲਟਾ।
ਸਾਕੀਆ ! ਭਰ ਭਰ ਜਾਮ ਪਿਆ।

2. ਸੁਣ ਸੁਣ ਤੇਰੇ ਫਰਜ਼ੀ ਲਾਰੇ,
ਕਾਹਲੇ ਪੈਂਦੇ ਜਾਂਦੇ ਸਾਰੇ,
ਮੰਗਦੇ ਮੰਗਦੇ ਫਾਵੇ ਹੋ ਗਏ,
ਐਨਾ ਨਾ ਤਰਸਾ
ਸਾਕੀਆ ! ਭਰ ਭਰ ਜਾਮ ਪਿਆ।

3. ਤੇਰੀ ਇਕ ਪੁਰਾਣੀ ਵਾਦੀ[2],
ਰਿੰਦਾਂ[3] ਨਾਲ ਕਰੇਂ ਉਸਤਾਦੀ[4]।
ਕਿਸੇ ਨੂੰ ਥੋੜੀ ਕਿਸੇ ਨੂੰ ਬਹੁਤੀ,
ਸਿਰ ਦੇਵੇ ਪੜਵਾ।
ਸਾਕੀਆ ! ਭਰ ਭਰ ਜਾਮ ਪਿਆ।

4. ਤੂੰ ਤੇ ਰਿੰਦ ਹੁਣ ਦੋ ਨਹੀਂ ਰਹਿ ਗਏ,
ਇਕਸੇ ਬੇੜੀ ਦੇ ਵਿਚ ਬਹਿ ਗਏ।
ਪੀਂਦਾ ਅਤੇ ਪਿਆਂਦਾ ਚਲ ਹੁਣ,
ਐਵੇਂ ਨਾ ਸ਼ਰਮਾ।
ਸਾਕੀਆ ! ਭਰ ਭਰ ਜਾਮ ਪਿਆ।

ਜਮਦੂਤ ਨੂੰ

ਜਮਦੂਤ[5] ! ਮੇਰੇ ਤੇ ਹਾਲੀ ਰੁਅਬ ਜਮਾ ਨਾ,
ਵਾਰੰਟ ਮੌਤ ਦੇ ਘੜੀ ਮੁੜੀ ਦਿਖਲਾ ਨਾ।
ਰੱਬ ਦਾ ਸਵਾਲ ਤਾਂ ਬੜਾ ਦੁਰੇਡਾ ਜਾਪੇ,
ਡੁਬਦਾ ਤਰਦਾ, ਲਗ ਜਾਂ ਗਾ ਕੰਢੇ ਆਪੇ।
ਪਰ ਹਾਲੀ ਤੇ ਏਸੇ ਜਹਾਨ ਵਿਚ ਮੇਰਾ,
ਸੁਰਖਰੂ[6] ਹੋਣ ਦਾ ਕੰਮ ਪਿਆ ਬਹੁਤੇਰਾ।

---

1. ਪੀਣ ਵਾਲੇ। 2. ਆਦਤ। 3. ਪੀਣ ਵਾਲੇ। 4. ਚਲਾਕੀ।
5. ਮੌਤ ਤੋਂ ਬਾਅਦ ਰੂਹ ਨੂੰ ਲਿਜਾਣ ਵਾਲੇ ਧਰਮ ਰਾਜ ਦੇ ਦੂਤ। 6. ਸਫਲ ਹੋ ਕੇ ਜਾਣ।

ਖਾਬਾਂ ਦੀ ਦੁਨੀਆਂ ਵਸ ਨਹੀਂ ਸੱਕੀ ਹਾਲੀ,
ਕਈ ਨੁਕਰਾਂ ਅੰਦਰੋਂ ਜਾਪਣ ਖਾਲੀ ਖਾਲੀ।
ਬੱਦਲ ਜਿਹੇ ਵਾਂਗ, ਖੜੀ ਵਿਚਕਾਰ ਨਿਰਾਸ਼ਾ,
ਦਿਸਦਾ ਨਹੀਂ ਮੈਨੂੰ ਸਾਫ ਪਾਰਲਾ ਪਾਸਾ।
ਮੈਂ ਸਚਮੁਚ ਦਾ ਇਨਸਾਨ ਕਹਾ ਨਹੀਂ ਸਕਿਆ,
ਖਿਲਰੇ ਹੋਏ ਤੀਲੇ ਜੋੜ ਬਣਾ ਨਹੀਂ ਸਕਿਆ।
ਉਚਿਆਂ ਚੜ੍ਹ ਕੇ, ਕੋਈ ਪਜਾਰ ਝਾਤ ਨਹੀਂ ਪਾਈ,
ਨਾ ਭਾਰਤ ਮਾਤਾ ਦੀ ਕੁਝ ਬਣਤ ਬਣਾਈ।
ਅੰਧੇਰੇ ਵਿਚ ਨਹੀਂ ਕੀਤਾ ਕੋਈ ਉਜਾਲਾ[1],
ਸੀਤਲ ਨਹੀਂ ਕੀਤਾ ਆਪਣਾ ਆਲਾ ਦੁਆਲਾ।
ਨਾ ਆਪਣੀ ਜੂਨ ਸੁਆਰੀ, ਤੇ ਨਾ ਕਿਸੇ ਦੀ,
ਬਹਿ ਕੇ ਟੋਹੀ ਨਹੀਂ ਨਾੜ ਕਿਸੇ ਹਿਰਦੇ ਦੀ।
ਅੰਦਰ ਮੇਰੇ ਤੰਦੂਰ ਜਿਹਾ ਤਪਦਾ ਹੈ,
ਪਰ ਬੇਬਸ ਪਾਸੋਂ ਹੋ ਕੁਝ ਨਹੀਂ ਸਕਦਾ ਹੈ।
ਜਿਉਂ ਜਿਉਂ ਹੁੰਦੀ ਹੈ ਦੇਰ, ਗਰਕਦਾ ਜਾਵਾਂ।
ਮੈਂ ਸ਼ਰਮ ਮਾਰਿਆ ਧੌਣ ਨਾ ਉਤਾਂਹ ਉਠਾਵਾਂ।
ਪਰ ਆਸਾ ਮੇਰੀ ਤਾਰ ਵਧਾਈ ਜਾਵੇ,
ਝਾਨ ਝੰਬੇ ਖੰਭ ਉਗਾਈ ਜਾਵੇ।
ਹਰ ਘੜੀ ਨਵਾਂ ਇਤਿਹਾਸ ਬਣਾ ਸਕਦੀ ਹੈ।
ਹਰ ਹੋਣੀ ਸਜਰਾ ਦੌਰ ਲਿਆ ਸਕਦੀ ਹੈ।
ਮੈਂ ਮੁਠ ਵਿਚ ਮੌਤ ਹਜਾਤ[2] ਸਾਂਭ ਕੇ ਰਖੀਆਂ।
ਆਜ਼ਾਦੀ ਦਾ ਦਿਨ ਦੇਖ ਲੈਣ ਏਹ ਅੱਖੀਆਂ।

ਸ਼ੂਦਰ ਅਛੂਤ

ਜੰਮਦਿਆਂ ਮਾਨੁੱਖ ਨੇ, ਮਾਨੁੱਖਤਾ ਨੂੰ ਧਾਰਿਆ,
ਮਨੂ[3] ਨੇ ਕਮਜ਼ੋਰ ਨੂੰ, ਸ਼ੂਦਰ ਬਣਾ, ਧਤਕਾਰਿਆ[4]।
ਜੀ ਉਠੀ ਇਨਸਾਨੀਅਤ ਨੇ, ਫੇਰ ਗਲ ਨੂੰ ਲਾ ਲਿਆ,
ਸਿਰ ਨਹੀਂ ਹੰਕਾਰ ਦਾ—ਉਠਦਾ ਸ਼ਰਮ ਦਾ ਮਾਰਿਆ।
ਬਾਹਮਣ-ਖਤਰੀ ਟਿੱਕਿਆਂ ਵਾਲੇ, ਜਾਤਾਂ ਦੇ ਹੰਕਾਰੀ।
ਸੰਤ ਮਹੰਤ, ਸੰਭਾਲੀ ਬੈਠੇ, ਰੱਬ ਦੀ ਠੇਕੇਦਾਰੀ।
ਛੂਹ ਛਾਇਆ ਦਾ ਕੋਹੜ ਸੰਭਾਲੀ, ਤੁਰਦਿਆਂ ਸ਼ਰਮ ਨਾ ਆਵੇ,
ਮਾਨੁਖਤਾ ਦੇ ਜੌਹਰ[5] ਬਾਝੋਂ, ਲਾਨਤ ਹੈ ਇਹ ਸਾਰੀ।

---

1. ਰੋਸ਼ਨੀ, ਚਾਨਣ। 2. ਜੀਵਨ।
3. ਹਿੰਦੂ ਮਤਿ ਅਨੁਸਾਰ ਇਕ ਮਹਾਂ ਵਿਦਵਾਨ ਪੁਰਖ ਜਿਸਦੇ ਬਣਾਏ ਸੂਤਰ ਧਰਮ ਦਾ ਮੂਲ ਮੰਨੇ ਜਾਂਦੇ ਹਨ, ਮਨੂ ਸਿਮ੍ਰਤਿ ਵਿਚ ਜਾਤ ਪਾਤ ਦੀ ਨੀਂਹ ਰਖੀ ਗਈ ਹੈ। 4. ਦੁਰਕਾਰਿਆ। 5. ਗੁਣ ਖੂਬੀ।

ਪ੍ਰੇਮ ਸਤਾਰ

1. ਪ੍ਰੇਮ ਜਗਤ ਹੈ ਬੜਾ ਉਚੇਰਾ,
ਘਟ ਘਟ ਵਿਚ ਭਗਵਾਨ ਦਾ ਡੇਰਾ,
ਨਸ ਨਸ ਦੇ ਵਿਚ ਖੜਕ ਰਹੀ ਹੈ,
ਪ੍ਰੇਮ ਦੀ ਸਾਂਝੀ ਤਾਰ।
ਜੋਗੀਆ ! ਪ੍ਰੇਮ ਦੀ ਛੇੜ ਸਤਾਰ।

2. ਸ਼ੰਗਾ[1] ਧਰਮ ਦੇ ਭੁਲ ਜਾ ਝੇੜੇ,
ਰੋਟੀ ਦੇ ਕਰ ਖ਼ਤਮ ਬਖੇੜੇ[2],
ਦਿਲ ਹੋ ਜਾਵਣ ਨੇੜੇ ਨੇੜੇ,
ਜਾਗ ਉਠੇ ਸਤਕਾਰ।
ਜੋਗੀਆ ! ਪ੍ਰੇਮ ਦੀ ਛੇੜ ਸਤਾਰ।

3. ਮਨੋਂ ਉਠਾ ਦੂਈ ਦਾ ਡੇਰਾ,
ਜੋਗ ਹੋਵੇ ਸੰਪੂਰਣ ਤੇਰਾ,
ਸਾਂਝੇ ਮੰਡਪ ਦੇ ਵਿਚ ਲਾ ਲੈ,
ਭਗਵਾਨ ਦਾ ਦਰਬਾਰ।
ਜੋਗੀਆ ! ਪ੍ਰੇਮ ਦੀ ਛੇੜ ਸਤਾਰ।

ਖੁਲੇ ਦਰਵਾਜ਼ੇ

(ਗਜ਼ਲ)

ਪੁਰਾਣਾ ਭੇਦ ਜ਼ਾਹਰ ਹੋ ਚੁਕਾ ਹੈ, ਉਠ, ਦਲੇਰੀ ਕਰ।
ਤੇਰੇ ਖੜਕਾਣ ਦੀ ਹੈ ਲੋੜ, ਖੁਲ ਜਾਣਾ ਹੈ ਆਪੇ ਦਰ।
ਤੁਰੀ ਹੋਈ ਰੌਸ਼ਨੀ ਦੀ ਰੌ, ਤੇਰੇ ਤਕ ਆਣ ਪਹੁੰਚੀ ਹੈ,
ਹਨੇਰਾ ਦੂਰ ਕਰ ਸਾਰਾ, ਪੁਚਾ ਕੇ ਚਾਨਣਾ ਘਰ ਘਰ।
ਖਜ਼ਾਨਾ ਗਿਆਨ ਦਾ ਭਰਿਆ ਪਿਆ ਹੈ ਚੱਪੇ ਚੱਪੇ ਤੇ,
ਤਲਿੱਸਮ[3] ਤੋੜ ਕੇ, ਕਢ ਦੇ ਖਿਆਲੀ ਭੂਤਨੇ ਦਾ ਡਰ।
ਤੇਰੇ ਤੇ ਰੱਬ ਦੇ ਵਿਚਕਾਰ, ਪਰਦਾ ਸੀ ਨਾ ਹੈ ਉਹਲਾ।
ਤੁਸੀਂ ਦੋਵੇਂ ਤਮਾਸ਼ਾਗਰ[4] ਤੇ ਦੁਨੀਆਂ ਇਕ ਤਮਾਸ਼ਾ ਘਰ।
ਸਚਾਈ ਨੇ ਸਚਾਈ ਅੰਤ ਜ਼ਾਹਰ ਹੋ ਕੇ ਰਹਿਣਾ ਹੈ,
ਤਣੇ ਹੋਏ ਜਾਲ ਤੋੜੀ ਚੱਲ, ਮੁਹਿੰਮ ਭਰਮਾਂ ਦੀ ਕਰ ਲੈ ਸਰ।
ਜੇ ਹਿੰਮਤ ਹੈ ਤਾਂ ਘੜ ਤਕਦੀਰ, ਆਪਣੀ ਆਪਣੇ ਹੱਥੀਂ,
ਪਰਾਈ ਨਾਉ ਤੇ ਨਾ ਤਰ, ਨਾ ਲੈ ਕਿਧਰੋਂ ਉਧਾਰੇ ਪਰ।

---

1. ਇਸਲਾਮ ਧਰਮ ਦੀਆਂ ਪਾਬੰਦੀਆਂ। 2. ਝਗੜੇ। 3. ਜਾਦੂ। 4. ਤਮਾਸ਼ਾ ਕਰਨ ਵਾਲੇ।

ਹਰਿਕ ਗੇੜਾ ਲਿਆਂਦਾ ਹੈ, ਨਵੀਂ ਦੁਨੀਆਂ, ਨਵਾਂ ਨਕਸ਼ਾ,
ਜ਼ਮਾਨੇ ਨਾਲ ਤੁਰਿਆ ਚਲ, ਤੇ ਡਰ ਡਰ ਕੇ ਨ ਹਰ ਹਰ ਕਰ।

ਨਵੇਂ ਪੁਰਾਣੇ

ਵਡਿਆਂ ਦੀ ਖਿੱਚੀ ਹੋਈ ਮਦਿਰਾ[1], ਹੋ ਗਈ ਬਹੁਤ ਪੁਰਾਣੀ।
ਐਨੀ ਤਿੱਖੀ ਤੇ ਗਲਘੋਟੂ[2], ਮੁਸ਼ਕਿਲ ਹੋਈ ਲੰਘਾਣੀ।
ਸੈ ਨਸਲਾਂ ਦੀ ਢਾ ਉਸਾਰ ਨੇ, ਰੰਗ ਕਈ ਪਲਟਾਏ,
ਕਿਉਂ ਨਾ ਮੈਂ ਭੀ ਸੁਣਾਂ ਸੁਣਾਵਾਂ, ਅਜ ਦੀ ਨਵੀਂ ਕਹਾਣੀ।
ਵਿਆਸ[3] ਤੇ ਸੁਖਦੇਵ[4] ਨੂੰ, ਸੁਪਨੇ ਮਿਲੇ ਭਗਵਾਨ ਦੇ,
ਕਾਗਤਾਂ ਤੇ ਵਾਹ ਗਏ, ਨਕਸ਼ੇ ਜ਼ਿਮੀ ਅਸਮਾਨ ਦੇ।
ਵਕਤ ਨੇ ਵਿਸ਼ਵਾਸ ਪੱਥਰ ਤੋਂ ਲਕੀਰਾਂ ਮੇਟੀਆਂ,
ਖੋਜੀਆਂ ਨੇ ਪਲਟ ਦਿੱਤੇ, ਲੇਖ ਹਿੰਦੁਸਤਾਨ ਦੇ।

ਕਾਣਾ ਘੁੰਡ

ਲੰਮੇ ਦੀਏ ਲੰਮੀਏ ਨਾਰੇ !
ਤੇਰੇ ਕਾਣੇ ਘੁੰਡ ਨੇ ਮਾਰਿਆ।

1. ਘੁੰਡ ਦੇ ਉਹਲਿਓਂ ਦੁਨੀਆਂ ਛਾਣੇਂ,
ਸਭ ਨੂੰ ਤੱਕੇਂ, ਸਭ ਨੂੰ ਜਾਣੇਂ,
ਆਪੂੰ ਲੁਕ ਬਹੇਂ ਕਿਨਾਰੇ। ਤੇਰੇ ਕਾਣੇ...
2. ਹੋਰਾਂ ਨਾਲ ਪਰੀਤਾਂ ਲਾਵੇਂ,
ਮਸਕੀਨਾਂ[5] ਵਲ ਝਾਤ ਨਾ ਪਾਵੇਂ,
ਤੇਰੇ ਮਾਂਹ ਤੇ ਕਿਸੇ ਨਹੀਂ ਮਾਰੇ। ਤੇਰੇ ਕਾਣੇ...
3. ਵੰਗਾਂ ਭੀ ਛਣਕਣ, ਝਾਂਜਰ ਬੋਲੇ,
ਕਿਉਂ ਬਹਿਨੀਏਂ ਕਰ ਕਰ ਉਹਲੇ,
ਕਰ ਲੈਣ ਦੇ ਖੁਲ੍ਹੇ ਨਜ਼ਾਰੇ। ਤੇਰੇ ਕਾਣੇ...
4. ਤੂੰ ਸਾਡੀ ਤੇ ਅਸੀਂ ਭੀ ਤੇਰੇ
ਹਸ ਕੇ ਬਹੀਏ, ਹੋਈਏ ਨੇੜੇ,
ਹਟ ਜਾਣ ਭੁਲੇਖੇ ਸਾਰੇ।
ਤੇਰੇ ਕਾਣੇ ਘੁੰਡ ਨੇ ਮਾਰਿਆ।

---

1. ਸ਼ਰਾਬ। 2. ਗਲ ਘੁਟਣ ਵਾਲੀ। 3. ਵੇਦ ਵਿਆਸ ਜਿਸਨੇ ਵੇਦਾਂਤ ਸੂਤ੍ਰ ਰਚਿਆ ਸੀ।
4. ਵੇਦ ਵਿਆਸ ਦਾ ਪੁੱਤਰ ਜੋ ਬੜਾ ਗਿਆਨਵਾਨ ਹੋਇਆ।
5. ਨਿਮਰ, ਹਲੀਮ।

ਜੀਵਨ ਸਾਥ

1. ਪਿਆਰੀ ! ਮੈਂ ਤੇਰੇ ਬਾਝੋਂ ਇਕੱਲਾ ਤੇ ਇਕਾਰਾ ਸਾਂ।
ਤੇਰੀ ਸੰਗਤ ਵਿਚ ਟਕਸਾਲੇ[1] ਬਿਨਾਂ ਬਿਲਕੁਲ ਨਿਕਾਰਾ ਸਾਂ।
ਤੇਰੀ ਥੁੜੱ ਦੀ ਕਰਾਈ ਸੂਝ, ਵਸਦੇ ਪੰਛੀਆਂ ਪਸ਼ੂਆਂ,
ਤੜਪਦਾ, ਢੂੰਢਦਾ ਫਿਰਦਾ, ਕੋਈ ਜੀਵਨ-ਸਹਾਰਾ ਸਾਂ।

2. ਇਕੇਰਾਂ ਤੂੰ ਤੇ ਮੈਂ ਵਖ ਵਖ, ਭਟਕਦੇ ਜੰਗਲਾਂ ਵਿਚ ਸਾਂ,
ਅਚਾਨਕ, ਇਕ ਨਦੀ ਕੰਢੇ, ਨਿਗਾਹਾਂ ਸਾਡੀਆਂ ਲੜੀਆਂ।
ਤੇਰੇ ਲਈ ਓਪਰਾ ਸਾਂ ਮੈਂ, ਮੇਰੇ ਲਈ ਓਪਰੀ ਸੈਂ ਤੂੰ,
ਠਠੰਬਰ ਕੇ ਖੜੇ ਹੋ ਗਏ, ਤੂੰ ਆਪਣੀ ਥਾਂ, ਮੈਂ ਆਪਣੀ ਥਾਂ।

3. ਦੂਹਾਂ ਦੇ ਦਿਲ ਉਛਲ ਆਏ ਦੁਵੱਲੀ ਕਾਲਜੇ ਧੜਕੇ।
ਪਈ ਇਕ ਖਿੱਚ ਪੈਰਾਂ ਨੂੰ, ਅਸੀਂ ਕੁਝ ਹੋ ਗਏ ਨੇੜੇ।
ਤੂੰ ਆਪਣੇ ਨੈਣਾਂ ਵਿਚ ਖੁਭਾ ਕੇ ਮੇਰਾ ਦਿਲ ਟੋਹਿਆ,
ਅਤੇ ਮੈਂ ਆਪਣਾ ਸਭ ਕੁਝ, ਵਿਛਾਇਆ ਸਾਹਮਣੇ ਤੇਰੇ।

4. ਖ਼ੁਸ਼ੀ ਨੇ ਇਕ ਸੁਰੂਰ[2] ਆਂਦਾ, ਬੜੇ ਹੱਸੇ, ਬੜੇ ਉਛਲੇ,
ਤਰਾਨੇ ਪਿਆਰ ਦੇ ਛਿੜ ਪਏ, ਤੰਬੂਰੇ ਇਕ ਸੁਰੇ ਹੋ ਕੇ।
ਇਸ਼ਾਰੇ ਨਾਲ, ਜੀਵਨ ਸਾਥ ਦੇ ਵਾਅਦੇ ਅਸਾਂ ਕਰ ਲਏ।
ਬਿਨਾਂ ਜਾਣੇ, ਬਿਨਾਂ ਪਰਖੇ, ਬਿਨਾਂ ਬੋਲੇ ਅਸੀਂ ਤੁਰ ਪਏ।

5. ਤੂੰ ਆਪਣੀ ਬਾਂਹ ਅਗਾਂਹ ਕੀਤੀ, ਮੈਂ ਬਰਕਤ ਸਮਝ ਕੇ ਫੜ ਲਈ।
ਕਰੰਟ ਐਸੀਂ ਪਈ ਸਾਂਝੀ, ਕਿ ਦੁਨੀਆਂ ਜਗਮਗਾ ਉੱਠੀ।
ਦਿਲਾਂ ਦੀਆਂ ਧੜਕਣਾਂ, ਮੂੰਹ ਜੋੜ, ਗੱਲਾਂ ਕਰਨ ਲਗ ਪਈਆਂ।
ਲਿਪਟ ਗਏ ਆਤਮਾ ਐਸੇ, ਮੈਂ ਤੂੰ ਹੋ ਗਿਆ, ਤੂੰ ਮੈਂ ਹੋ ਗਈ।

6. ਅਕਾਸ਼ੋਂ ਖ਼ਾਕ ਦੀ ਜੋੜੀ ਨੂੰ ਕਾਦਰ[3] ਨੇ ਦੁਆ ਦਿੱਤੀ।
ਗਲਾਂ ਵਿਚ, ਅਸ਼ਰਫੁਲ ਮਖ਼ਲੂਕ[4] ਦੀ ਜੈਮਾਲ ਪਾ ਦਿੱਤੀ।
ਸਿੰਘਾਸਣ ਆਦਮੀਅਤ ਦਾ, ਮਿਲੀ ਬਖਸ਼ੀਸ਼ ਬੰਦੇ ਨੂੰ,
ਰਜ਼ਾ ਸੁਣਾ ਕੇ ਅਸਾਂ, ਤਸਲੀਮ[5] ਦੀ ਗਰਦਨ ਝੁਕਾ ਦਿੱਤੀ।

7. ਸਿਰਾਂ ਤੇ ਚਾ ਲਈ ਸੇਵਾ, ਅਸਾਂ ਦੁਨੀਆਂ ਵਸਾਉਣ ਦੀ।
ਨਵੇਂ ਰਸਤੇ ਦੇ ਕੰਡੇ ਹੂੰਝ ਕੇ, ਸੁਹਣੀ ਬਣਾਉਣ ਦੀ।
ਵਫ਼ਾ, ਸਤਕਾਰ, ਹਿੰਮਤ, ਦਰਦ, ਕੁਰਬਾਨੀ, ਤੜਪ, ਜਿਗਰਾ,
ਮਨੁੱਖੀ ਆਤਮਾ ਦੀ ਅਣਖ, ਆਜ਼ਾਦੀ ਬਚਾਉਣ ਦੀ।

8. ਲਗਾ ਕੇ ਰੌਣਕਾਂ, ਧਰਤੀ ਤੇ, ਤੂੰ ਸਭਨਾਂ ਦੀ ਛਾਂ ਬਣੀਓਂ।
ਰਿਸ਼ੀ, ਅਵਤਾਰ, ਪੈਗੰਬਰ, ਸ਼ਹੀਦਾਂ ਦੀ ਤੂੰ ਮਾਂ ਬਣੀਓਂ।

---

1. ਘੜੇ, ਬਣਾਏ। 2. ਨਸ਼ਾ। 3. ਰੱਬ। 4. ਸਰਵ-ਸ੍ਰੇਸ਼ਟ ਜੀਵ ਮਨੁੱਖ। 5. ਰਜ਼ਾਮੰਦੀ।

ਮੇਰੀ ਕੀਮਤ ਵਧਾਈ, ਨੇਕੀਆਂ ਦਾ ਰਾਹ ਦਸ ਦਸ ਕੇ,
ਜਗਤ ਮਾਤੇਸ਼੍ਵਰੀ[1] ਸਤਕਾਰ ਤੇ ਪੂਜਾ ਦੀ ਥਾਂ ਬਣੀਓਂ।

ਰੱਬ ਦੀ ਦੁਹਾਈ

ਵੇ ਰੱਬਾ ! ਤੂੰ ਏ ਕੇਹੋ ਜਹੀ ਦੁਨੀਆਂ ਬਣਾਈ ?
1. ਜਦੋਂ ਤੂੰ ਬਣਾਏ ਰਾਜੇ ਰਾਣੇ,
ਵਾਂਜੇ ਰਖੇ ਕਿਉਂ ਕੰਗਲੇ ਨਿਮਾਣੇ ?
ਐਡੀ ਸੁਹਣੀ ਲੀਲ੍ਹਾ ਰਚ ਕੇ
ਇਹ ਕੀ ਤੂੰ ਲੀਕ ਲੁਆਈ[2] ?
ਵੇ ਰੱਬਾ ! ਤੂੰ ਏ ਕੇਹੋ ਜਹੀ ਦੁਨੀਆਂ ਬਣਾਈ ?
2. ਇਕ ਧਿਰ ਤੜਫਣ ਅਮਨ ਦੇ ਹਾਮੀ,
ਇਕ ਧਿਰ ਨਕ ਨਕ ਆਈ ਗੁਲਾਮੀ,
ਲਹੂ ਤਿਹਾਈ ਤਾਕਤ ਖਬਰੇ,
ਕੀਕੂੰ ਤੂੰ ਸਿਰ ਤੇ ਚੜ੍ਹਾਈ।
ਵੇ ਰੱਬਾ ! ਤੂੰ ਏ ਕੇਹੋ ਜਹੀ ਦੁਨੀਆਂ ਬਣਾਈ ?
3. ਖਤਰੇ ਵਿਚ ਹੈ ਤੇਰੀ ਵਡਿਆਈ,
ਤ੍ਰਾਹ ਤ੍ਰਾਹ ਕਰ ਉਠੀ ਸਾਰੀ ਖ਼ੁਦਾਈ,
ਵੇਖ ਕੇ ਭੱਠ ਵਿਚ ਭੁਜਦਾ ਬੰਗਾਲਾ[3],
ਜਾਗ ਨਾ ਤੈਨੂੰ ਆਈ ?
ਵੇ ਰੱਬਾ ! ਤੂੰ ਏ ਕੇਹੋ ਜਹੀ ਦੁਨੀਆਂ ਬਣਾਈ ?
4. ਮਾੜਿਆਂ ਦੀ ਗਲ ਮੰਨਦਾ ਕਿਉਂ ਨਹੀਂ ?
ਤਕੜਿਆਂ ਦਾ ਮੂੰਹ ਭੰਨਦਾ ਕਿਉਂ ਨਹੀਂ ?
ਜਾਂ ਰਖ ਨੇਕੀ ਤੇ ਪ੍ਰੇਮ ਦੇ ਪੁਤਲੇ,
ਜਾਂ ਰਖ ਬੰਬਾਂ ਦੀ ਲੜਾਈ।
ਵੇ ਰੱਬਾ ! ਤੂੰ ਏ ਕੇਹੋ ਜਹੀ ਦੁਨੀਆਂ ਬਣਾਈ ?

ਕੀ ਕੀ ਹੈ

ਸੰਸਾਰ ਹੈ ਇਕ ਫੁਰਨਾ, ਜੀਵਨ ਹੈ ਇਕ ਇਸ਼ਾਰਾ।
ਕੁਦਰਤ ਹੈ ਇਕ ਤਮਾਸ਼ਾ, ਦੁਨੀਆਂ ਹੈ ਇਕ ਨਜ਼ਾਰਾ।
ਸੁੰਦਰਤਾ ਹੈ ਇਕ ਦੀਪਕ, ਅਰ ਇਸ਼ਕ ਹੈ ਇਕ ਪਰਵਾਨਾ।
ਸ੍ਰਿਸ਼ਟੀ ਹੈ ਮੂਲ ਮਕਸਦ[4] ਮਾਇਆ ਹੈ ਇਕ ਪਸਾਰਾ।

---

1. ਸੰਸਾਰ ਦੀ ਮਾਤਾ। 2. ਬਦਨਾਮੀ। 3. ਬੰਗਾਲ ਪ੍ਰਾਂਤ ਵਿਚ ਹੋਏ ਦੰਗਿਆਂ ਵਲ ਇਸ਼ਾਰਾ ਹੈ। 4. ਅਸਲ ਮਨੋਰਥ।

ਜੀਣਾ ਹੈ ਇਕ ਨਿਆਮਤ[1], ਮਰਨਾ ਹੈ ਇਕ ਹਕੀਕਤ[2]।
ਇਕ ਵਹਿਣ ਹੈ ਹਯਾਤੀ[3], ਅਰ ਮੌਤ ਹੈ ਇਕ ਕਿਨਾਰਾ।
ਮੁਕਤੀ ਹੈ ਇਕ ਨਿਸ਼ਾਨਾ, ਮਜ਼ਹਬ ਹੈ ਇਕ ਬਹਾਨਾ।
ਹੈਂ ਨਰਕ ਇਕ ਡਰਾਵਾ, ਤੇ ਸੁਰਗ ਹੈ ਇਕ ਲਾਰਾ।
ਬੰਦਾ ਹੈ ਇਕ ਮੁਸਾਫ਼ਿਰ, ਪਰਲੋਕ ਹੈ ਇਕ ਮੰਜ਼ਿਲ[4]।
ਹਰ ਸਫਰ ਇਕ ਸਰਾਂ ਹੈ, ਆਸ਼ਾ ਹੈ ਇਕ ਸਹਾਰਾ।
ਕਿਸਮਤ ਹੈ ਇਕ ਤਸੱਵੁਰ[5] ਸੰਕਲਪ ਹੈ ਇਕ ਰਹਬਰ[6],
ਤਕਦੀਰ ਹੈ ਇਕ ਹੀਲਾ, ਹਿੰਮਤ ਹੈ ਇਕ ਹੁਲਾਰਾ।
ਮਾਨੁੱਖਤਾ ਹੈ ਮੇਵਾ, ਮਕਸਦ ਹੈ 'ਲੋਕ ਸੇਵਾ'।
ਮਿਲ ਬੈਠਣਾ ਗਨੀਮਤ[7], ਇਕ ਰਾਤ ਦਾ ਗੁਜ਼ਾਰਾ।
ਜਿਤਨੀ ਹੈ ਰਾਤ ਬਾਕੀ, ਖੁਸ਼ ਖੁਸ਼ ਲੰਘਾ ਦੇ ਸਾਕੀ,
ਚੜ੍ਹਿਆ ਹੀ ਚਾਹੁੰਦਾ ਹੈ, ਪਰਭਾਤ ਦਾ ਸਤ੍ਹਾਰਾ[8]।

ਬੋਲੀ ਹੈ ਪੰਜਾਬੀ ਸਾਡੀ

ਅਸਾਂ ਨਹੀਂ ਭੁਲਾਉਣੀ, ਬੋਲੀ ਹੈ ਪੰਜਾਬੀ ਸਾਡੀ।
ਏਹੋ ਜਿੰਦ ਜਾਨ ਸਾਡੀ,
ਮੋਤੀਆਂ ਦੀ ਖਾਨ ਸਾਡੀ,
ਹੱਥੋਂ ਨਹੀਂ ਗੁਆਉਣੀ, ਬੋਲੀ ਹੈ ਪੰਜਾਬੀ ਸਾਡੀ।
ਤ੍ਰਿੰਞਣਾਂ ਭੰਡਾਰਾਂ ਵਿਚ,
ਵੰਝਲੀ ਤੇ ਵਾਰਾਂ ਵਿਚ,
ਮਿੱਠੀ ਤੇ ਸੁਹਾਉਣੀ, ਬੋਲੀ ਹੈ ਪੰਜਾਬੀ ਸਾਡੀ।
ਜੋਧ ਤੇ ਕਮਾਈਆਂ ਵਿਚ,
ਜੰਗਾਂ ਤੇ ਲੜਾਈਆਂ ਵਿਚ,
ਏਹੋ ਜਿੰਦ ਪਾਉਣੀ, ਬੋਲੀ ਹੈ ਪੰਜਾਬੀ ਸਾਡੀ।
ਫੁੱਲਾਂ ਦੀ ਕਿਆਰੀ ਸਾਡੀ,
ਸੁਖਾਂ ਦੀ ਅਟਾਰੀ ਸਾਡੀ,
ਭੁੱਲ ਕੇ ਨਹੀਂ ਢਾਉਣੀ, ਬੋਲੀ ਹੈ ਪੰਜਾਬੀ ਸਾਡੀ।

ਸਿਦਕਾਂ ਵਾਲਿਆਂ ਦੇ ਬੇੜੇ ਪਾਰ ਨੇਂ !

(ਗੀਤ ਕਾਲੰਗੜਾ)

1. ਨੀ ਪੰਜਾਬ ਦੀਏ ਪਟਰਾਣੀਏ !
ਤਖਤੋਂ ਡਿੱਗੀ ਪੰਜਾਬੀ ਨਿਮਾਣੀਏ !

---

1. ਦੁਰਲਭ ਵਸਤੂ। 2. ਸੱਚਾਈ। 3. ਉਮਰ। 4. ਟਿਕਾਣਾ, ਟੀਚਾ। 5. ਖ਼ਿਆਲ, ਕਲਪਨਾ। 6. ਆਗੂ, ਗੁਰੂ। 7. ਕੀਮਤੀ ਵਸਤੂ। 8. ਚਾਨਣ, ਆਸ਼ਾ ਦਾ ਚਿੰਨ੍ਹ—ਏਥੇ ਸੂਫ਼ੀ ਭਾਵ ਕਿ ਉਮਰ ਦੀ ਰਾਤ ਮੁੱਕਣ ਉੱਤੇ ਰੱਬ ਨਾਲ ਮੇਲ ਹੋਣ ਦੀ ਆਸ਼ਾ ਪੂਰੀ ਹੋ ਜਾਵੇਗੀ।

ਪਿੱਛੇ ਪਾਈ ਧਰੇਲਾਂ[1] ਦੀ ਮਾਰ ਨੇ,
ਸਿਦਕਾਂ ਵਾਲਿਆਂ ਦੇ ਬੇੜੇ ਪਾਰ ਨੇਂ।

2. ਬਾਬੇ ਨਾਨਕ ਦੀਏ ਵਡਿਆਈਏ !
ਬੁਲ੍ਹੇ ਸ਼ਾਹ[2] ਦੀਏ ਸਿਰ ਤੇ ਚਾਈਏ !
ਫੇਰੇ ਦਿਨ ਤੇਰੇ ਸਿਰਜਣਹਾਰ ਨੇ,
ਸਿਦਕਾਂ ਵਾਲਿਆਂ ਦੇ ਬੇੜੇ ਪਾਰ ਨੇਂ।

3. ਹੋਈ ਸਾਈਂ ਦੀ ਨਜ਼ਰ ਸਵੱਲੀ ਏ,
ਤੇਰੀ ਕੱਟੀ ਮੁਸੀਬਤ ਚੱਲੀ ਏ,
ਉੱਠੇ ਜਾਗ ਤੇਰੇ ਬਰਖੁਰਦਾਰ[3] ਨੇਂ,
ਸਿਦਕਾਂ ਵਾਲਿਆਂ ਦੇ ਬੇੜੇ ਪਾਰ ਨੇਂ।

4. ਆ ਕੇ ਸਾਂਭ ਲੈ ਆਪਣੀਆਂ ਗੱਦੀਆਂ,
ਗਈਆਂ ਮਾਵਾ ਮਤ੍ਰੇਈਆਂ ਰੱਦੀਆਂ,
ਹੱਕੋ ਹੱਕ ਹੁਣ ਲੱਗੇ ਨੇ ਨਿਤਾਰਨੇ,
ਸਿਦਕਾਂ ਵਾਲਿਆਂ ਦੇ ਬੇੜੇ ਪਾਰ ਨੇਂ।

ਜਵਾਨ ਭਾਰਤੀ ਨੂੰ

(ਗੀਤ)

ਜਵਾਨਾ ! ਹਿੰਮਤ ਜ਼ਰਾ ਵਿਖਾ।

1. ਨੀਂਦੋਂ ਜਾਗ ਪਿਆ ਜਗ ਸਾਰਾ,
ਗਿਆ ਜਹਾਲਤ[4] ਦਾ ਅੰਧਿਆਰਾ,
ਤੂੰ ਬਣ ਕੇ ਪਰਭਾਤੀ ਤਾਰਾ,
ਸੂਰਜ ਨਵਾਂ ਚੜ੍ਹਾ,
ਜਵਾਨਾ ! ਹਿੰਮਤ ਜ਼ਰਾ ਵਿਖਾ।

2. ਪਲਚ ਗਿਆ ਮਜ਼ਹਬ ਦਾ ਤਾਣਾ,
ਗਲ ਪੈ ਗਿਆ ਇਤਿਹਾਸ ਪੁਰਾਣਾ,
ਭੋਲੇ ਪਾਂਧੀ ਤੇ ਰਾਹ ਬਿਖੜਾ,
ਪੱਥਰ ਪਰੇ ਹਟਾ,
ਜਵਾਨਾ ! ਹਿੰਮਤ ਜ਼ਰਾ ਵਿਖਾ।

3. ਮਾਨੁਖਤਾ ਚੱਕਰ ਵਿਚ ਆਈ,
ਸਹਿਮੀ ਫ਼ਿਰਦੀ ਹੈ ਸਚਿਆਈ,
ਕਲਮ, ਜ਼ਬਾਨ ਦੁਹਾਂ ਤੇ ਜੰਦਰੇ,

---

1. ਬਿਨਾਂ ਵਿਆਹ ਰਖੀ ਹੋਈ ਇਸਤ੍ਰੀ, ਰਖੇਲੀ। 2. ਕਸੂਰ ਨਿਵਾਸੀ ਇਕ ਪ੍ਰਸਿੱਧ ਪੰਜਾਬੀ ਸੂਫੀ ਤੇ ਕਵੀ।
3. ਲਾਇਕ ਤੇ ਆਗਿਆਪਾਲਕ ਸਪੁੱਤ੍ਰ। 4. ਬੇਸਮਝੀ, ਅਵਿਦਿਆ।

ਪਿੰਜਰੇ ਪਿਆ ਖੁਦਾ,
ਜਵਾਨਾ ! ਹਿੰਮਤ ਜ਼ਰਾ ਵਿਖਾ।

4. ਬਾਹਰ ਨਿਕਲ ਆ ਲਾਹ ਕੇ ਸੰਗਾ,
ਪਾਖੰਡਾਂ ਨੂੰ ਕਰ ਸੁਟ ਨੰਗਾ,
ਭਗਵਾ, ਨੀਲਾ, ਮਹਿੰਦੀ ਰੰਗਾ,
ਬੁਰਕਾ ਦਿਹ ਉਲਟਾ,
ਜਵਾਨਾ ! ਹਿੰਮਤ ਜ਼ਰਾ ਵਿਖਾ।

5. ਪੈਦਾ ਕਰ ਜਾਗ੍ਰਤ ਵਿਸ਼ਵਾਸੀ,
ਭਾਰਤ ਦੀ ਹੋ ਜਾਇ ਖ਼ਲਾਸੀ,
ਤੂੰ ਜਾਗੇਂ ਤਾਂ ਸਭ ਜਗ ਜਾਗੇ,
ਚਲ ਪਵੇ ਨਵੀਂ ਹਵਾ,
ਜਵਾਨਾ ! ਹਿੰਮਤ ਜ਼ਰਾ ਵਿਖਾ।

6. ਰੱਬ ਮਜੌਰਾਂ[1] ਪਾਸੋਂ ਖੋਹ ਲੈ,
ਉਸ ਦੇ ਦਿਲ ਦੀ ਮਰਜ਼ੀ ਟੋਹ ਲੈ,
ਫਿਰ ਸਚਿਆਈ ਦਾ ਦਰਵਾਜ਼ਾ,
ਓਸੇ ਤੋਂ ਖੁਲ੍ਹਵਾ,
ਜਵਾਨਾ ! ਹਿੰਮਤ ਜ਼ਰਾ ਵਿਖਾ।

ਰਾਹੀ ਨੂੰ

ਗਲ ਵਿਚ ਭਟਕਦੇ ਰਾਹੀਆ ! ਥੱਕਾ ਤੇ ਘਬਰਾਇਆ ਹੋਇਆ,
ਧੜਕੇ ਦਿਲ, ਤਲਾਸ਼ ਦੀ ਚਿੰਤਾ, ਮੂੰਹ ਤੇਰਾ ਕੁਮਲਾਇਆ ਹੋਇਆ।
ਖਬਰੇ ਲੰਮੀ ਮੰਜ਼ਿਲ ਤੇਰੀ, ਮੁੱਕਣ ਵਿਚ ਅਜੇ ਨਹੀਂ ਆਈ,
ਕਿਸ ਚਸ਼ਮੇ ਵਲ ਤੁਰਿਆ ਜਾਵੇਂ ? ਆਸ਼ਾ ਦਾ ਪਰਚਾਇਆ ਹੋਇਆ।
ਕੇਡੀ ਦੂਰੋਂ ਤੁਰਦਾ ਆਇਓਂ ? ਟਪਦਾ ਪਰਬਤ ਨਦੀਆਂ ਨਾਲੇ,
ਵੇਸ ਵਟਾਂਦਾ, ਠੇਡੇ ਖਾਂਦਾ, ਸਹਿੰਦਾ ਮੀਂਹ ਧੁੱਪਾਂ ਤੇ ਪਾਲੇ।
ਰਾਤਾਂ ਕੱਟੀਆਂ, ਸੂਰਜ ਚਾੜ੍ਹੇ, ਦਿਨ ਢਾਲੇ, ਤਿਰਕਾਲਾਂ ਪਈਆਂ,
ਚੱਕਰ ਫੇਰ ਨਾ ਮੁੱਕੇ ਉਸ ਦੇ, ਜਿਸ ਕੋਹਲੂ ਦੇ ਰਿਹੋਂ ਦੁਆਲੇ।
ਪੈਂਡਾ ਤੇਰਾ ਘਟ ਜਾਣਾ ਸੀ, ਮਰਕਜ਼[2] ਵਲ ਜੇ ਤੁਰਿਆ ਜਾਂਦੋਂ,
ਭਰਮ ਭੁਲੇਖਿਆਂ ਤੋਂ ਬਚ ਬਚ ਕੇ, ਵਲ ਵਿੰਗਾਂ ਵਲ ਝਾਤ ਨਾ ਪਾਂਦੋਂ।
ਕਤਰੇ ਵਾਂਗ ਖੁਦੀ ਦਾ ਜਾਮਾ, ਪਾ ਥਾਂ ਥਾਂ ਨਾ ਭੌਂਦਾ ਫਿਰਦੋਂ,
ਜਲ ਵਿਚ ਵਾਂਗ ਬੁਲਬੁਲੇ ਰਹਿੰਦੋਂ, ਵਿਚੋਂ ਈ ਉਠਦੋਂ, ਵਿਚਿ ਸਮਾਂਦੋਂ।

---

1. ਪੰਡਤ, ਮੁੱਲਾਂ ਆਦਿਕ ਤੋਂ ਭਾਵ ਹੈ। 2. ਮਨੋਰਥ, ਮੰਜ਼ਲ, ਟਿਕਾਣਾ।

ਇਕ ਸੱਧਰ

ਪ੍ਰਭੂ ! ਤਿਰੀ ਕ੍ਰਿਪਾ ਦੇ ਨਾਲ, ਜਿਸ ਤਰ੍ਹਾਂ ਦੀ ਜ਼ਿੰਦਗੀ,
ਅਰੋਗ ਤੇ ਅਚਿੰਤ, ਹੱਸ ਖੇਡ ਕੇ ਗੁਜ਼ਰ ਗਈ,
ਉਸੇ ਤਰ੍ਹਾਂ ਲੰਘਾ ਦੇ, ਰਹਿ ਗਏ ਜੋ ਹੋਰ ਚਾਰ ਦਿਨ,
ਏ ਹੱਡ ਪੈਰ ਚਲਦਿਆਂ, ਸੁਖੀ ਸੁਖੀ, ਖੁਸ਼ੀ ਖੁਸ਼ੀ,
ਕਿਸੇ ਦਾ ਕਰਜ਼ ਚੁੱਕਣਾ, ਪਏ ਨਾ ਆ ਕੇ ਤੰਗਸੀ[1],
ਸਮਰਥ ਦੇ, ਕਿ ਹੋ ਸਕੇ, ਮਦਦ ਕਿਸੇ ਮੁਥਾਜ ਦੀ।

ਸਮਾਂ ਬੜਾ ਬਲਵਾਨ

(ਗੀਤ ਕਾਲੰਗੜਾ)

ਸਮਾਂ ਬੜਾ ਬਲਵਾਨ, ਦੋਸਤਾ ! ਸਮਾਂ ਬੜਾ ਬਲਵਾਨ।

1. ਜਿਧਰ ਜਿਧਰ ਇਹ ਤੁਰਿਆ ਜਾਏ, ਪੈਂਦੇ ਜਾਣ ਨਿਸ਼ਾਨ,
ਅੱਗੇ ਅੱਗੇ ਨੇਕ ਇਰਾਦੇ, ਮਗਰ ਮਗਰ ਸ਼ੈਤਾਨ।
ਦੋਸਤਾ ! ਸਮਾਂ ਬੜਾ ਬਲਵਾਨ।
2. ਭੋਲੀ ਭਾਲੀ ਪਰਜਾ ਦਾ ਮਨ, ਮਤਲਬੀਏ ਭਰਮਾਣ,
ਕਿਰਤ ਕਮਾਈ ਜਾਣ ਲੁਟਾਈ, ਕਿਰਤ ਤੇ ਕਿਰਸਾਣ।
ਦੋਸਤਾ ! ਸਮਾਂ ਬੜਾ ਬਲਵਾਨ।
3. ਹਿੰਮਤ ਵਾਲੇ ਮਾਰ ਕੇ ਹੰਭਲਾ, ਕਿਸਮਤ ਆਪ ਬਣਾਣ,
ਤਾਕਤ ਦੌਲਤ ਤਕਦੇ ਰਹਿ ਗਏ, ਜਿਤ ਗਏ ਨੈਣ ਪਰਾਣ।
ਦੋਸਤਾ ! ਸਮਾਂ ਬੜਾ ਬਲਵਾਨ।
4. ਹੱਕ ਹਲਾਲ ਦਾ ਅੰਨ ਮਿਹਨਤੀ, ਰਜ ਕੇ ਲਗ ਪਏ ਖਾਣ,
ਰਾਜਾ ਪਰਜਾ ਰਾਜ਼ੀ ਹੋ ਗਏ, ਖੁਸ਼ ਹੋ ਗਿਆ ਭਗਵਾਨ।
ਦੋਸਤਾ ! ਸਮਾਂ ਬੜਾ ਬਲਵਾਨ।

ਪਿੰਜਰਾ ਬੁਲਬੁਲ ਨੂੰ

ਬੁਲਬੁਲ ਨੀਂ ਦੀਵਾਨੀ ਬੁਲਬੁਲ ! ਘੋਲੇਂ ਕੀ ਚਤੁਰਾਈ ਤੂੰ ?
ਖੇਖਨ ਕਰ, ਡੁਸਕਾ ਕੇ ਦੀਦੇ, ਦੁਨੀਆਂ ਸਿਰ ਤੇ ਚਾਈ ਤੂੰ।
ਫਾਂਧੀ[2] ਤੈਨੂੰ ਫੜ ਕੀ ਆਂਦਾ, ਜ਼ਹਿਮਤ[3] ਸਿਰ ਤੇ ਚਾ ਬੈਠਾ।
ਬੈਠਾ ਬੈਠਾ, ਉਸਤਰਿਆਂ ਦੀ ਮਾਲਾ ਗਲ ਵਿਚ ਪਾ ਬੈਠਾ।
ਤੇਰੇ ਪਿੰਜਰੇ ਨਾਲ ਉਦ੍ਹੀ ਭੀ, ਜਾਨ ਲਟਕਦੀ ਰਹਿੰਦੀ ਏ,

1. ਤੰਗੀ। 2. ਸ਼ਿਕਾਰੀ। 3. ਮੁਸੀਬਤ।

ਪਰ ਤੇਰੀ ਬੇਸਬਰ ਤਬੀਅਤ, ਚੌ ਕਰਕੇ ਨਹੀਂ ਬਹਿੰਦੀ ਏ।
ਸੁਟ ਸੁਟ ਧੌਣ, ਪਖੰਡ ਖਿਲਾਰੇਂ, ਤੜਫ ਤੜਫ ਦਿਖਲਾਨੀ ਏਂ,
ਮਾਲਕ ਦੇ ਉਪਕਾਰਾਂ ਦਾ ਇਹ ਮੋੜ ਖਰਾ ਭੁਗਤਾਨੀ ਏਂ,
ਦੁਨੀਆਂ ਵਿਚ ਇਨਸਾਫ਼ ਨਹੀਂ, ਜਾਂ ਤੈਨੂੰ ਵਗ ਗਈ ਮਾਰ ਕੋਈ,
ਤੇਰੇ ਵਰਗੀ ਨਾਸ਼ੁਕਰੀ ਦੇ ਨਾਲ ਕਰੇ ਕੀ ਪਿਆਰ ਕੋਈ।
ਭਲਿਆਈ ਦੀ ਰਸਮ ਜਹਾਨੋਂ, ਏਸ ਤਰ੍ਹਾਂ ਉਠ ਜਾਵੇਗੀ,
ਤੇਰੇ ਨਾਲ ਹਜ਼ਾਰਾਂ ਲੋਕਾਂ ਦੀ ਭੀ ਸ਼ਾਮਤ ਆਵੇਗੀ।
ਆ ਟਲ ਜਾ, ਤੇ ਰਾਹ ਰਸਤਾ ਫੜ, ਸ਼ੁਕਰ ਖ਼ੁਦਾ ਦਾ ਕਰਿਆ ਕਰ,
ਖਾਂਦੀ ਪੀਂਦੀ, ਵਸਦੀ ਰਸਦੀ, ਹੌਕੇ ਨਾ ਨਿਤ ਭਰਿਆ ਕਰ।

ਬੁਲਬੁਲ ਪਿੰਜਰੇ ਨੂੰ

ਪਿੰਜਰਿਆ ! ਤੂੰ ਕਿਸ ਪਥਰੀਲੇ ਜੰਗਲ ਦੇ ਵਿਚ ਪਲਿਓਂ ਵੇ ?
ਆਪਣੇ ਵੱਡ ਵਡੇਰੇ ਦੀ ਕਰਤੂਤੋਂ ਮੂਲ ਨ ਟਲਿਓਂ ਵੇ।
ਉਸ[1] ਦੇ ਤਨ ਨੂੰ ਚੰਦਨ ਬਨ ਦੀਆਂ ਲਪਟਾਂ ਨੇ ਮਹਿਕਾਇਆ ਨਾ,
ਆਂਢ ਗੁਆਂਢ ਬਹਾਰ ਖਿੜੀ ਨੇ, ਰੂਪ ਤੇਰਾ ਪਲਟਾਇਆ ਨਾ।
ਨਾ ਉਸ ਨੂੰ ਕੁਝ ਪੋਹੰਦਾ ਸੀ, ਨਾ ਤੇਰੇ ਜੀ ਨੂੰ ਲਗਦੀ ਏ,
ਕੀ ਜਾਣੇ ਤੂੰ, ਦੁਨੀਆਂ ਤੇ, ਵਾ ਕਿਸ ਪਾਸੇ ਦੀ ਵਗਦੀ ਏ।
ਜੰਗਲ ਦੇ ਵਿਚ ਖੁਲ੍ਹਿਆਂ ਫਿਰ ਫਿਰ, ਕਦੇ ਨਾ ਚੁਗਿਆ ਚੋਗਾ ਤੂੰ।
ਫਲ, ਫੁਲ, ਮਹਿਕ ਮਿਠਾਸ ਬਿਨਾਂ, ਰਹਿ ਗਿਓਂ ਟਿਚਕਰਾਂ ਜੋਗਾ ਤੂੰ।
ਕੰਨਾਂ ਤੇਰਿਆਂ ਨੇ ਨਾ ਸੁਣਿਆਂ, ਆਜ਼ਾਦੀ ਦੀਆਂ ਤਾਨਾਂ ਨੂੰ,
ਖੁਸ਼ਕ ਦਿਲਾਂ ! ਕੀ ਸਮਝ ਸਕੇਂ ਤੂੰ, ਬੁਲਬੁਲ ਦੇ ਅਰਮਾਨਾਂ[2] ਨੂੰ।
ਸਤੀ ਹੋਈ ਦੇ ਘਾਵਾਂ ਤੇ ਤੂੰ, ਲੂਣ ਮਿਰਚ ਕਿਉਂ ਪਾਂਦਾ ਹੈਂ ?
ਅਰਸ਼ਾਂ ਦੀ ਸੈਲਾਨਣ ਨੂੰ, ਪਿੰਜਰੇ ਦਾ ਰਾਗ ਸੁਣਾਂਦਾ ਹੈਂ।
ਤੂੰ ਕਿਸਮਤ ਦਾ ਕਾਇਲ[3] ਰਹੁ, ਮੈਂ ਹਿੰਮਤ ਕਦੇ ਨਾ ਹਾਰਾਂਗੀ,
ਜਾਨ ਜਦੋਂ ਤਕ ਬਾਕੀ ਹੈ, ਮੈਂ ਰੋਵਾਂਗੀ ਪਰ ਮਾਰਾਂਗੀ।

ਜੀਵਨ ਨਈਆ
(ਗੀਤ)

ਜੀਵਨ ਨਈਆ ਡਗਮਗ ਡੋਲੇ,
ਆਸ਼ਾ ਨਦੀ ਕਿਨਾਰੇ ਤੇ,
ਅੰਧੇਰੇ ਨੇ ਨਿਗਹ ਜਮਾਈ,

---
1. ਬਾਂਸ ਤੋਂ ਭਾਵ ਹੈ। 2. ਸਧਰਾਂ, ਮਨੋਭਾਵ। 3. ਮੰਨਣ ਵਾਲਾ।

ਕਿਸੇ ਗੁਪਤ ਝਲਕਾਰੇ ਤੇ।
ਅਰਸ਼ੇ ਚੜ੍ਹੀ ਪਤੰਗ ਥਰਕਦੀ,
ਧੀਰੇ ਧੀਰੇ ਡੋਰ ਸਰਕਦੀ,
ਹੁੰਦੀ ਜਾਵੇ ਤਾਰ ਲਮੇਰੀ,
ਨਾ ਮਾਲੂਮ ਸਹਾਰੇ ਤੇ।
ਪੀਂਘ ਚੜ੍ਹੀ ਹੈ ਅਜ਼ਲੀ[1], ਅਬਦੀ[2],
ਪਿਛਾਂਹ ਅਗਾਂਹ ਦੀਆਂ ਸੀਮਾਂ ਲਭਦੀ,
ਆਵੇ ਜਾਵੇ ਫੜ ਫੜ ਛੋਹਾਂ,
ਉਡਦੀ ਫਿਰੇ ਹੁਲਾਰੇ ਤੇ।
ਦੇਸ਼ ਕਾਲ ਦਾ ਕੀ ਅੰਦਾਜ਼ਾ,
ਛਡਿਆ ਮੁਹਕਮ[3] ਦਰਵਾਜ਼ਾ,
ਪੁਤਲੀ ਨੱਚੇ ਤਕਵਾ[4] ਰੱਖੀ,
ਤਾਰ ਹਿਲਾਉਣ ਹਾਰੇ ਤੇ।
ਮੋਮਨ ਹਾਂ, ਯਾ ਕਾਫਰ ਹਾਂ ਮੈਂ,
ਸਮਝ ਰਖੀ ਹੈ ਆਪਣੀ ਥਾਂ ਮੈਂ,
ਕਤਰਾ ਸਾਗਰ ਵਿਚ ਮਿਲ ਜਾਣਾ,
ਝਟਕੇ ਨਾਲ ਇਸ਼ਾਰੇ ਤੇ।

ਮੁਸਾਫਿਰ ਨੂੰ

(ਗੀਤ)

ਮੁਸਾਫਿਰ ! ਜਾਗ ਹੋਈ ਪਰਭਾਤ—ਟੇਕ
ਪੂਰਬ ਪੱਛਮ ਰੋਸ਼ਨ ਹੋ ਗਏ,
ਮੁਕ ਗਈ ਕਾਲੀ ਰਾਤ।
ਮੁਸਾਫਿਰ ! ਜਾਗ ਹੋਈ ਪਰਭਾਤ।
ਸੁਤਿਆਂ ਸੁਤਿਆਂ ਜੁਗੜੇ ਬੀਤੇ,
ਲੁਟਦੇ ਰਹੇ ਯਾਰ ਬਦਨੀਤੇ,
ਹਰਕਤ ਦੇ ਵਿਚ ਆਈ ਗੁਲਾਮੀ,
ਤਕ ਤਕ ਨਵੀਂ ਹਯਾਤ।
ਮੁਸਾਫਿਰ ! ਜਾਗ ਹੋਈ ਪਰਭਾਤ।
ਸੌਂ ਉਠਿਆ ਬਾਹਮਣ ਮੌਲਾਣਾ,
ਜਾਣ ਵਲੈਟੀ ਜਾਲ ਪੁਰਾਣਾ,

1. ਆਰੰਭ ਤੋਂ, ਸ੍ਰਿਸ਼ਟੀ ਦੇ ਆਦਿ ਤੋਂ। 2. ਨਾਸ਼ ਰਹੱਤ। 3. ਦ੍ਰਿੜ੍ਹ, ਪੱਕਾ। 4. ਆਸਰਾ।

ਹਿੰਮਤ ਦੇ ਦਰਵਾਜ਼ੇ ਖੁਲ੍ਹ ਗਏ,
ਕਿਸਮਤ ਪੈ ਗਈ ਮਾਤ।
ਮੁਸਾਫਿਰ ! ਜਾਗ ਹੋਈ ਪਰਭਾਤ।
ਖਿਲਰ ਗਏ ਪਿੰਜਰੇ ਦੇ ਤੀਲੇ,
ਜਾਗ ਉਠੇ ਜੀਵਨ ਦੇ ਹੀਲੇ,
ਕੁਦਰਤ ਨੇ ਪੰਛੀ ਨੂੰ ਬਖਸ਼ੀ,
ਆਜ਼ਾਦੀ ਦੀ ਦਾਤ।
ਮੁਸਾਫਿਰ ! ਜਾਗ ਹੋਈ ਪਰਭਾਤ।
ਪ੍ਰੇਮ ਨਦੀ ਵਿਚ ਭਾਈਚਾਰਾ,
ਢੂੰਢਣ ਲਗ ਪਿਆ ਮੁਕਤ ਕਿਨਾਰਾ।
ਧੋ ਧੋ ਲਾਹੀਂ ਮੈਲ ਦਿਲਾਂ ਦੀ,
ਦੂਰ ਹੋਈ ਛੂ ਛਾਤ।
ਮੁਸਾਫਿਰ ! ਜਾਗ ਹੋਈ ਪਰਭਾਤ।
ਸਭ ਦੁਨੀਆਂ ਦੀ ਸਾਂਝੀ ਵਸਤੀ,
ਜੀਵਨ ਜੁਗਤੀ ਹੋ ਗਈ ਸਸਤੀ,
ਲਹੂ ਰਲ ਗਿਆ ਕਾਲਾ ਗੋਰਾ,
ਮਾਨੁਖਤਾ ਦੀ ਜਾਤ।
ਮੁਸਾਫਿਰ ! ਜਾਗ ਹੋਈ ਪਰਭਾਤ।
ਖੀਵ ਹੋ ਗਿਆ ਆਸ਼ਾਵਾਦੀ,
ਜੀਭ ਕਲਮ ਦੀ ਤਕ ਆਜ਼ਾਦੀ,
ਘਰ ਘਰ ਦੇਂਦੀ ਫਿਰੇ ਮੁਨਾਦੀ,
ਸਾਈਂ ਦੀ ਸੌਗਾਤ।
ਮੁਸਾਫਿਰ ! ਜਾਗ ਹੋਈ ਪਰਭਾਤ।

ਚਾਨਣ

(ਗੀਤ ਕੱਵਾਲੀ)

ਚਾਨਣ ਮੇਰੇ ਅੰਦਰ ਬਾਹਰ—ਟੇਕ
ਰੌਸ਼ਨ ਮੇਰਾ ਚਾਰ ਚੁਫੇਰਾ,
ਹਰ ਹੁਜਰੇ[1] ਮਾਹੀ ਦਾ ਡੇਰਾ,
ਲੌਲਾਕ[2] ਦਾ ਤਾਣਾ ਪੇਟਾ,

---

1. ਬੰਦਗੀ ਕਰਨ ਦਾ ਸਥਾਨ।
2. ਸੱਤਵਾਂ ਆਸਮਾਨ, ਭਾਵ ਇਹ ਕਿ ਸਰਬ ਸੰਸਾਰ ਜਾਂ ਤਿਨਾਂ ਲੋਕਾਂ ਦੀ ਲੰਬਾਈ ਚੌੜਾਈ।

ਉਣੀ ਹੋਈ ਹੈ ਇਕ ਇਕ ਤਾਰ।
ਚਾਨਣ ਮੇਰੇ ਅੰਦਰ ਬਾਹਰ।
ਲੰਮਾ ਰਸਤਾ, ਚੌੜਾ ਘੇਰਾ,
ਲੈ ਪਰਲੈ ਦਾ ਅਜ਼ਲੀ ਗੇੜਾ,
ਕਦੇ ਹਨੇਰਾ, ਕਦੇ ਸਵੇਰਾ,
ਲੱਗੀ ਰਹਿੰਦੀ ਏ ਢਾਹ ਉਸਾਰ।
ਚਾਨਣ ਮੇਰੇ ਅੰਦਰ ਬਾਹਰ।
ਹਰ ਪਲ ਜੀਵਨ ਦਾ ਸੰਦੇਸ਼ਾ,
ਜੀਵਨ ਚਲਦਾ ਰਹੇ ਹਮੇਸ਼ਾ,
ਟਿੰਡਾਂ ਦਾ ਇਕ ਗੇੜ ਮੁਕਾਇਆ,
ਨਵਾਂ ਜਹਾਨ ਮਿਲੇ ਤੱਯਾਰ।
ਚਾਨਣ ਮੇਰੇ ਅੰਦਰ ਬਾਹਰ।
ਦੁਨੀਆਂ ਦਾ ਮੈਂ ਹੋ ਗਿਆ ਭੇਤੀ,
ਮਿਲ ਪੈਂਦੇ ਹਾਂ ਛੇਤੀ ਛੇਤੀ,
ਮਨ ਪੰਛੀ ਤੇ ਤਨ ਪਿੰਜਰੇ ਦੇ,
ਨਿਭਦੇ ਆਏ ਕੌਲ ਕਰਾਰ।
ਚਾਨਣ ਮੇਰੇ ਅੰਦਰ ਬਾਹਰ।

ਆਸ਼ਾਵਾਦ

ਆਸ਼ਾ ਦੇ ਆਧਾਰ, ਖੜੋਤੀ ਹੈ ਮਖ਼ਲੂਕ[1] ਖ਼ੁਦਾ ਦੀ,
ਛੱਲ ਕਦੇ ਆ ਹੀ ਜਾਵੇਗੀ ਮਿਹਰਾਂ ਦੇ ਦਰਯਾ ਦੀ।
ਮੂਰਖ ਨੂੰ ਭੀ ਮਿਲ ਜਾਂਦੀ ਹੈ, ਜੰਗਲ ਦੇ ਵਿਚ ਰੋਟੀ,
ਕੰਨਾਂ ਨੂੰ ਲਾ ਹੱਥ, ਕਦੇ ਨਾ ਬਣੀਂ ਨਿਰਾਸ਼ਾਵਾਦੀ।

ਦਿਲੀ ਵਲਵਲੇ

ਮੈਂ ਪੈਦਾ ਹੋਇਆ ਇਸ ਦੁਨੀਆਂ ਵਿਚ,
ਚਾਰ ਦਿਹਾੜੇ ਜੀਉਣ ਲਈ,
ਭਲਿਆਂ ਲੋਕਾਂ ਵਿਚ ਬਹਿਣ ਲਈ,
ਇਨਸਾਨ ਬਣਨ ਤੇ ਨੀਉਣ ਲਈ।
ਕੁਝ ਰੋਟੀ ਦਾ ਉਪਰਾਲਾ ਸੀ,
ਕੁਝ ਪੜ੍ਹਨ ਲਿਖਣ ਦਾ ਚਸਕਾ ਸੀ,

1. ਖਲਕਤ, ਲੋਕਾਈ।

ਕਵਿਤਾ ਕਰਦਾ ਸਾਂ ਦੇਸ਼ ਲਈ,
ਯਾ ਪਾਟੇ ਸੀਨੇ ਸੀਉਣ ਲਈ।
ਈਸ਼ਰ ਹੈ ਸਚਮੁਚ ਬਹੁਤ ਬੜਾ,
ਪਰ ਮੈਂ ਉਸ ਨੂੰ ਨਹੀਂ ਪਾ ਸਕਿਆ,
ਨਾ ਉਸ ਦੇ ਭੇਦ ਸਮਝ ਸਕਿਆ,
ਨਾ ਦੁਨੀਆਂ ਨੂੰ ਸਮਝਾ ਸਕਿਆ।
ਮਜ਼ਹਬ ਤੇ ਫਿਰਕੇਦਾਰੀ ਦੀ,
ਰੰਗਣ ਨੇ ਮੈਨੂੰ ਮੋਹਿਆ ਨਹੀਂ,
ਮੈਂ ਧਰਤੀ ਦਾ ਪੰਖੇਰੂ ਸਾਂ,
ਅਸਮਾਨਾਂ ਤਕ ਨਹੀਂ ਜਾ ਸਕਿਆ।
ਨਰਕਾਂ ਦੀ ਮੈਨੂੰ ਖੌਫ ਨਹੀਂ,
ਸੁਰਗਾਂ ਵਿਚ ਜਾਣਾ ਚਾਹੁੰਦਾ ਨਹੀਂ,
ਇਨਸਾਨੀਅਤ ਦਾ ਹਾਮੀ ਹਾਂ,
ਲੁਟ ਲੁਟ ਕੇ ਖਾਣਾ ਚਾਹੁੰਦਾ ਨਹੀਂ।
ਰੱਬ ਦੇ ਚਾਲਾਕ ਏਜੰਟਾਂ ਨੂੰ,
ਨਿਤ ਨੰਗਾ ਕਰਦਾ ਆਇਆ ਹਾਂ,
ਖੱਟੀ ਇਸ ਲੋਕ ਦੇ ਲੋਕਾਂ ਦੀ,
ਪਰਲੋਕ ਪੁਚਾਣਾ ਚਾਹੁੰਦਾ ਨਹੀਂ।
ਮੈਂ ਬੰਦਿਆਂ ਵਰਗਾ ਬੰਦਾ ਹਾਂ,
ਪੈਗ਼ੰਬਰ ਨਹੀਂ ਮਲਾਹ ਨਹੀਂ,
ਮੈਂ ਸੰਤ ਨਹੀਂ, ਗੁਰ-ਪੀਰ ਨਹੀਂ,
ਮੁਕਤੀ ਦੀ ਹਾਲੀ ਚਾਹ ਨਹੀਂ।
ਬੁਲਬੁਲਾ ਸਮੁੰਦਰ ਵਿਚ ਤਰਦਾ,
ਜਿਸ ਦਿਨ ਜੀ ਆਵੇ ਫਟ ਜਾਵੇ,
ਕੋਈ ਮੇਰੀ ਬਾਬਤ ਕੁਝ ਆਖੇ,
ਇਸ ਦੀ ਮੈਨੂੰ ਪਰਵਾਹ ਨਹੀਂ।

ਓਇ ਦੂਰ ਦੇ ਰਾਹੀ !

ਧਾਰਨਾ:—ਐ ਕਾਫਲੇ ਵਾਲੇ !

ਓਇ ਲੰਮੇ ਮੁਸਾਫਿਰ ! ਤੇਰਾ ਪੰਧ ਪੁਰਾਣਾ,
ਕਦ ਛੋਹਿਆ ਸਫਰ ਤੂੰ ? ਕਦ ਘਰ ਤੂੰ ਜਾਣਾ ?
ਰਸਤੇ ਵਿਚ ਕੀ ਕੀ ਸੁਖ ਦੁਖ ਤੂੰ ਮਾਣੇ ?
ਕੀ ਵੇਸ ਵਟਾਏ, ਛੱਡ ਚੋਲੇ ਪੁਰਾਣੇ ?
ਕਿਸ ਤਾਕਤ ਤੈਨੂੰ ਇਸ ਰਾਹ ਤੇ ਪਾਇਆ ?

ਕੀ ਹੁਕਮ ਚੜ੍ਹਾਏ ? ਕੀ ਨਾਚ ਨਚਾਇਆ ?
ਜਿਸ ਕਾਦਰ ਕੁਦਰਤ ਦੀ ਸਫਾ ਵਿਛਾਈ,
ਉਹ ਤੇਰਾ ਕਮਾਂਡਰ, ਤੂੰ ਉਸ ਦਾ ਸਿਪਾਹੀ।
ਓਇ ਦੂਰ ਦੇ ਰਾਹੀ !
ਕੀ ਦੱਸੇ ਕੋਈ, ਤੇਰੇ ਪੈਰਾਂ ਥੱਲੇ,
ਥਰ ਕਿੰਨੇ ਬੱਝੇ, ਹੜ੍ਹ ਕਿੰਨੇ ਚੱਲੇ ?
ਬਣ ਜਲ ਦਾ ਕੀੜਾ, ਕਦ ਭੁਇੰ ਤੇ ਆਇਆ ?
ਕਦ ਸੰਗਲ ਦੇ ਰੁੱਖਾਂ ਵਿਚ ਡੇਰਾ ਲਾਇਆ ?
ਕਦ ਬਣ ਪੰਖੇਰੂ, ਹੋ ਗਿਓਂ ਉਡਾਰੂ ?
ਚੌਖੁਰਾ[1] ਬਣ ਹੋਇਓਂ ਕਦ ਤਾਰੂ ਚਾਰੂ ?
ਕਦ ਬਾਂਦਰ ਜੂਨੋਂ ਤੂੰ ਨਸਲ ਵਟਾਈ ?
ਕਦ ਬੰਦਾ ਬਣ ਕੇ ਤੂੰ ਨਾਰ ਵਿਆਹੀ ?
ਓਇ ਦੂਰ ਦੇ ਰਾਹੀ !
ਇਕ ਵਕਤ ਤੂੰ ਬਣਿਆ, ਇਕ ਵਡ ਪਰਵਾਰੀ,
ਘੜ ਪੱਥਰ ਬਣਿਓਂ, ਮਿਰਗਾਂ ਦਾ ਸ਼ਿਕਾਰੀ।
ਤੂੰ ਜੋੜ ਕਬੀਲਾ ਇਕ ਨਗਰ ਵਸਾਇਆ,
ਰਾਜਾ ਜਿਹਾ ਬਣ ਕੇ, ਤੂੰ ਰਣ ਵਿਚ ਆਇਆ।
ਹਥਿਆਰ ਫੜਾ ਕੇ ਤੂੰ ਫੌਜ ਬਣਾਈ,
ਇਕ ਹੋਰ ਕਬੀਲੇ ਤੇ ਜਾਇ ਚੜ੍ਹਾਈ,
ਬੰਦੂਕਾਂ ਤੋਪਾਂ ਧਰ ਜੰਗ ਮਚਾਈ।
ਬੰਬ ਅਰਸ਼ੋਂ ਵੱਸੇ, ਮਚ ਗਈ ਤਬਾਹੀ।
ਓਇ ਦੂਰ ਦੇ ਰਾਹੀ !
ਐਥੋਂ ਤਕ ਜਾ ਕੇ, ਕੀ ਕੀ ਬਣਿਆ ਤੇਰਾ ?
ਪੈਂਡਾ ਨਹੀਂ ਮੁੱਕਾ ਰਾਹ ਪਿਆ ਬੁਤੇਰਾ ?
ਹੁਣ ਐਟਮ ਬੰਬ ਦੀ ਆ ਗਈ ਹੈ ਵਾਰੀ,
ਤੂੰ ਸਾਂਭ ਸਕੇਂਗਾ, ਹੁਣ ਦੁਨੀਆਂ ਸਾਰੀ।
ਪਰ ਲੰਮਾ ਪੈਂਡਾ, ਤੂੰ ਕਿਉਂ ਨਹੀਂ ਤਕਦਾ ?
ਕੀ ਬੰਦਿਓਂ ਦਿਉਤਾ ਤੂੰ ਬਣ ਨਹੀਂ ਸਕਦਾ ?
ਇਕ ਰੀਝ ਅਮਨ ਦੀ ਜੋ ਚਾਹੇਂ ਲਾਹੀ,
ਤੂੰ ਰਚ ਸਕਦਾ ਹੈਂ ਇਕ ਸਮਾਂ ਅਲਾਹੀ।
ਓਇ ਦੂਰ ਦੇ ਰਾਹੀ !

1. ਚਾਰ ਖੁਰਾਂ ਵਾਲੇ ਜੀਵ, ਚੁਪਾਏ, ਪਸ਼ੂ।

ਵੀਣਾ

(ਗੀਤ)

(ਮਨ ਸਮਝਾਵਾ)

ਮਧੁਰ ਧੁਨ ਗਾ ਮੇਰੀ ਵੀਣਾ ! ਟੇਕ

1. ਨਾਜ਼ਕ ਤਰਬਾਂ, ਕੋਮਲ ਤਾਰਾਂ,
ਲੰਮੀਆਂ ਉੱਚੀਆਂ ਤੇ ਮੁਟਿਆਰਾਂ।
ਤੜਫਣ, ਜ਼ੀਵਨ ਛੁਹ ਦੀਆਂ ਭੁਖੀਆਂ,
ਜ਼ਖਮੇ ਨਾਲ ਬੁਲਾ ਮੇਰੀ ਵੀਣਾ,
ਮਧੁਰ ਮਧੁਰ ਧੁਨ ਗਾ ਮੇਰੀ ਵੀਣਾ।

2. ਸੁੰਦਰ ਸੁੰਦਰੀਆਂ ਵਿਚ ਅੜੀਆਂ,
ਕੋਈ ਇਸ਼ਾਰਾ ਤਾਂਘਣ ਖੜੀਆਂ।
ਦੇ ਕੇ ਸੁਹਲ ਜਿਹਾ ਲਚਕਾਰਾ,
ਬੰਦ ਬੰਦ ਥਰਕਾ ਮੇਰੀ ਵੀਣਾ।
ਮਧੁਰ ਮਧੁਰ ਧੁਨ ਗਾ ਮੇਰੀ ਵੀਣਾ।

3. ਛੇੜ ਕੋਈ ਰਸਰਸਾ ਤਰਾਨਾ,
ਆਪਣੇ ਜੀਵਨ ਦਾ ਅਫ਼ਸਾਨਾ।
ਲੈ ਪਰਲੈ ਦਾ ਗੀਤ ਪੁਰਾਣਾ,
ਗਾ ਗਾ ਧੌਣ ਹਿਲਾ ਮੇਰੀ ਵੀਣਾ,
ਮਧੁਰ ਮਧੁਰ ਧੁਨ ਗਾ ਮੇਰੀ ਵੀਣਾ।

4. ਜਦ ਤਕ ਚਲੇ ਚਲਾਈ ਚਲ ਤੂੰ,
ਦੁਨੀਆਂ ਨਾਲ ਨਿਭਾਈ ਚਲ ਤੂੰ;
ਜਦ ਹੋ ਜਾਏ ਉਛਾੜ ਪੁਰਾਣਾ,
ਨਵਾਂ ਲਈਂ ਬਦਲਾ ਮੇਰੀ ਵੀਣਾ,
ਮਧੁਰ ਮਧੁਰ ਧੁਨ ਗਾ ਮੇਰੀ ਵੀਣਾ।

ਨੇਮ ਤੇ ਪ੍ਰੇਮ

(ਕਾਫ਼ੀ ਕਵਾਲੀ)

ਇਕ ਦਿਨ ਨੇਮ ਤੇ ਪ੍ਰੇਮ ਦੁਹਾਂ ਵਿਚ ਹੋ ਪਈ ਛੇੜ ਛਿੜਾਈ ਸੀ,
ਹਸਦਿਆਂ ਹਸਦਿਆਂ ਵਾਧੇ ਪੈ ਗਏ, ਲੱਸੀ ਵਾਂਗ ਲੜਾਈ ਸੀ।
ਨੇਮ ਕਹੇ ਮਰਜਾਦਾ[1] ਬਾਝੋਂ, ਕੋਈ ਗੱਲ ਨਾ ਸਰਨੀ ਹੈ,
ਪ੍ਰੇਮ ਕਹੇ ਮੈਂ ਖੰਭ ਖੁਹਾ ਕੇ, ਦੁਨੀਆਂ ਕੈਦ ਨਾ ਕਰਨੀ ਹੈ।

1. ਨਿਯਮ।

ਨੇਮ ਕਹੇ ਫੜ ਮਨ ਦੀਆਂ ਵਾਗਾਂ, ਨੱਕ ਦੀ ਸੇਧੇ ਜਾਣਾ ਹੈ,
ਪ੍ਰੇਮ ਕਹੇ ਇਹ ਮੱਤਾ[1] ਹਾਥੀ, ਬਿਨਾਂ ਲਗਾਮ ਚਲਾਣਾ ਹੈ।
ਨਮੇ ਕਹੇ ਚਲ ਮੰਦਰ ਦੇ ਵਿਚ, ਚੰਦਨ ਤਿਲਕ ਲਗਾਇਆ ਕਰ,
ਪ੍ਰੇਮ ਕਹੇ ਬਹਿ ਇੱਕਲਵਾਂਜੇ, ਅੰਦਰ ਜੋਤ ਜਗਾਇਆ ਕਰ।
ਨੇਮ ਕਹੇ ਫੜ ਤੁਲਸੀ ਮਾਲਾ, ਹਰ ਦਮ ਨਾਮ ਧਿਆਈਦਾ,
ਪ੍ਰੇਮ ਕਹੇ ਸਮਝਾ ਕੇ ਲੇਖਾ, ਰੱਬ ਨੂੰ ਨਹੀਂ ਪਰਚਾਈਦਾ।
ਪ੍ਰੇਮ ਕਹੇ ਉਸ ਮਨ ਮੋਹਨ ਤੋਂ, ਖੂੰਜ ਨਾ ਕੋਈ ਖਾਲੀ ਹੈ।
ਨੇਮ ਕਹੇ ਮੈਂ ਜ਼ੁਹਦ[2] ਕਮਾ ਕੇ, ਜੰਨਤ[3] ਦੇ ਵਿਚ ਜਾਣਾ ਹੈ,
ਪ੍ਰੇਮ ਕਹੇ ਅਸਾਂ ਏਸੇ ਜਗ ਵਿਚ, ਨਵਾਂ ਬਹਿਸ਼ਤ ਬਣਾਣਾ ਹੈ।
ਨੇਮ ਕਹੇ ਮੈਂ ਫਲਸਫਿਆਂ ਦਾ, ਉੱਚਾ ਤੰਬੂ ਤਾਣ ਲਿਆ,
ਪ੍ਰੇਮ ਕਹੇ ਮੈਂ ਬੇ-ਇਲਮ[4] ਵਿਚ, ਵਸਦਾ ਰੱਬ ਪਛਾਣ ਲਿਆ।
ਨੇਮ ਕਹੇ ਮੈਂ ਲੀਹਾਂ ਕਦੀਮੀ[5], ਉੱਤੇ ਉੱਤੇ ਜਾਣਾ ਹੈ,
ਪ੍ਰੇਮ ਕਹੇ ਮੈਂ ਜੁਗ ਜੁਗ ਦੇ ਵਿਚ, ਨਵਾਂ ਲਿਬਾਸ ਵਟਾਣਾ ਹੈ।

ਜਗ ਰਚਨਾ

ਸੋਚਾਂ ਖੋਜਾਂ ਤਜਰਬਿਆਂ ਨੇ, ਕੀਤਾ ਅੰਤ ਨਿਤਾਰਾ,
ਕਾਦਰ ਵਿਚੋਂ ਕੁਦਰਤ ਬਣ ਗਈ, ਸੁਹਜਾਂ ਦਾ ਭੰਡਾਰਾ।
ਹੁਸਨ ਇਸ਼ਕ ਦਾ ਕਿੱਸਾ ਛਿੜਿਆ, ਅਗਨਿ ਪ੍ਰੇਮ ਦੀ ਜਾਗੀ,
ਨਰ ਮਦੀਨ ਦਾ ਸੰਗਮ[6] ਹੋ ਕੇ, ਫੈਲ ਗਿਆ ਜਗ ਸਾਰਾ।
ਮਾਨੁਖਤਾ ਨੇ ਹੋਸ਼ ਸੰਭਾਲੀ, ਰੱਬ ਦਾ ਹੁਲੀਆ ਘੜਿਆ,
ਕਲਪੀ ਗਈ ਖਿਆਲ ਦੀ ਦੁਨੀਆ, ਰਿਸ਼ੀਆਂ ਮੁਨੀਆਂ ਦੁਆਰਾ।
ਸਿੱਧਾਂਤਾਂ ਤੇ ਮਤਭੇਦਾਂ ਦੀ, ਪੈ ਗਈ ਭੀੜ ਚੁਫੇਰੇ,
ਫਿਰਕੇਦਾਰਾਂ[7] ਨੇ ਲੜ ਭਿੜ ਕੇ, ਕੀਤਾ ਚੌੜ ਅਖਾੜਾ।

ਅਣਮੁੱਕ ਰਸਤਾ

ਰਾਹੀ ਦੇ ਚਿਹਰੇ ਤੇ, ਖਿੜਦੇ ਹਾਸੇ, ਵੱਲ ਨਾ ਜਾਈਂ,
ਸੀਨੇ ਵਿਚ ਨਾਸੂਰ[8] ਪੁਰਾਣੇ ਚੋਣ ਹਜ਼ਾਰੀਂ ਥਾਈਂ।
ਜੀਉਣ ਪੰਧ ਦੀ ਅਦਲ ਬਦਲ ਵਿਚ, ਹੁਲੀਏ ਕਈ ਵਟਾਏ,
ਪਤਾ ਨਹੀਂ ਇਸ ਰਾਹ ਵਿਚ ਤੁਰਿਆ ਜਾਣਾ ਹੈ ਕਦ ਤਾਈਂ।

---

1. ਮਸਤ। 2. ਤਪੱਸਿਆ, ਘਾਲਣਾ। 3. ਸਵਰਗ। 4. ਅਨਪੜ੍ਹਾਂ। 5. ਮੁੱਢ ਦਾ। 6. ਮਿਲਾਪ।
7. ਪੱਖਪਾਤੀ, ਆਪਣੇ ਮਜ਼ਹਬ ਦਾ ਪੱਖ ਕਰਨ ਵਾਲੇ। 8. ਲਗਾਤਾਰ ਰਿਸਦਾ ਜ਼ਖਮ।

ਨਵੀਂ ਦੁਨੀਆਂ

(ਗੀਤ)

ਪੰਛੀਆ ! ਨਵੀਂ ਉਡਾਰੀ ਮਾਰ, ।—ਟੇਕ

1. ਖੰਭ ਖਿਲਾਰ; ਫੁਲਾ ਕੇ ਛਾਤੀ,
ਅਰਸ਼ੇ ਪਹੁੰਚ, ਮਾਰ ਇਕ ਝਾਤੀ,
ਵੇਖ ਰਚੀਂਦਾ ਮਾਤ ਲੋਕ ਵਿਚ,
ਸੁਪਨਿਆਂ ਦਾ ਸੰਸਾਰ।
ਪੰਛੀਆ ! ਨਵੀਂ ਉਡਾਰੀ ਮਾਰ ।

2. ਰੰਗ ਨਸਲ ਤਕ ਘੁਲਦੇ ਮਿਲਦੇ,
ਮਿਟਦੇ ਜਾਂਦੇ ਪਾੜੇ ਦਿਲ ਦੇ,
ਰਲਦੇ ਲਹੂ, ਰਿਵਾਜ ਬਦਲਦੇ,
ਏਕੇ ਦਾ ਪਰਚਾਰ,
ਪੰਛੀਆ ! ਨਵੀਂ ਉਡਾਰੀ ਮਾਰ ।

3. ਦਫ਼ਨ ਹੋ ਰਹੀ ਫਿਰਕੇਦਾਰੀ,
ਛੂਹ ਦੀ ਲਾਹਨਤ, ਬੇ-ਇਤਬਾਰੀ,
ਗਲਤ ਅਕੀਦਿਆਂ[1] ਦੀ ਬੀਮਾਰੀ,
ਸਭ ਦੁਨੀਆਂ ਬੇਜ਼ਾਰ[2],
ਪੰਛੀਆ ! ਨਵੀਂ ਉਡਾਰੀ ਮਾਰ ।

4. ਤਕ ਮਜ਼ਹਬ ਦਾ ਸੂਰਜ ਢਲਦਾ,
ਮਾਨੁੱਖਤਾ ਦਾ ਸਿੱਕਾ ਚਲਦਾ,
ਮਕਰ, ਦਿਖਾਵੇ ਦਾ ਮੂੰਹ ਕਾਲਾ,
ਸੱਚ ਦੀ ਜੈ ਜੈ ਕਾਰ,
ਪੰਛੀਆ ! ਨਵੀਂ ਉਡਾਰੀ ਮਾਰ ।

5. ਜੰਗ ਜਦਲ[3] ਹਟਕੋਰੇ ਖਾਂਦਾ,
ਅਮਨ ਨਵਾਂ ਸੰਸਾਰ ਵਸਾਂਦਾ,
ਆਪਣੀ ਮੌਤੇ ਮਰਦਾ ਜਾਂਦਾ,
ਤਾਕਤ ਦਾ ਹੰਕਾਰ,
ਪੰਛੀਆ ! ਨਵੀਂ ਉਡਾਰੀ ਮਾਰ ।

6. ਸਭ ਦੁਨੀਆਂ ਦੀ ਸਾਂਝੀ ਧਰਤੀ,
ਖੋਜਾਂ ਵਾਲੇ ਹੋ ਰਹੇ ਭਰਤੀ,

---

1. ਵਿਸ਼ਵਾਸ। 2. ਦੁੱਖੀ, ਤੰਗ। 3. ਲੜਾਈ।

ਫੋਲ ਫੋਲ ਕੇ ਬਾਹਰ ਲਿਆਉਣ,
ਦੌਲਤ ਦਾ ਭੰਡਾਰ,
ਪੰਛੀਆ ! ਨਵੀਂ ਉਡਾਰੀ ਮਾਰ ।

ਮਾਲਣ ਨੂੰ

(ਗੀਤ)

ਮਾਲਣੇ ! ਗੁੰਦ ਕੇ ਲਿਆ ਦੇ ਹਾਰ—ਟੇਕ

1. ਪ੍ਰੇਮ ਬਗੀਚਾ, ਕੋਮਲ ਕਲੀਆਂ,
ਕੁਦਰਤ ਦੀ ਗੋਦੀ ਵਿਚ ਪਲੀਆਂ,
ਧੁਰ ਦਰਗਾਹੋਂ ਵੰਡਣ ਚਲੀਆਂ,
ਸੇਵਾ ਦੀ ਮਹਿਕਾਰ।
ਮਾਲਣੇ ਗੁੰਦ ਕੇ ਲਿਆ ਦੇ ਹਾਰ।

2. ਮਹਿਕ ਦੇ ਅੰਦਰ ਰਮਜ਼[1] ਉਚੇਰੀ,
ਇਹ ਦੁਨੀਆਂ ਫੁੱਲਾਂ ਦੀ ਢੇਰੀ,
ਮਹਿਕ ਲੁਟਾ ਕੇ ਸੁੱਕ ਸੜ ਜਾਣਾ,
ਕਰ ਕਰ ਪਰਉਪਕਾਰ।
ਮਾਲਣੇ ! ਗੁੰਦ ਕੇ ਲਿਆ ਦੇ ਹਾਰ।

3. ਸਾਈਂ ਦਾ ਸਦਕਾ ਜੱਗ ਵਿਚ ਆਈਆਂ,
ਸਾਈਂ ਨੇ ਸੇਵਾ ਹੇਤ ਬਣਾਈਆਂ,
ਕਰ ਲੈ ਬੰਦਿਆਂ ਨੇਕ ਕਮਾਈਆਂ,
ਮਾਨੁੱਖ ਜਨਮ ਸੁਆਰ।
ਮਾਲਣੇ ! ਗੁੰਦ ਕੇ ਲਿਆ ਦੇ ਹਾਰ।

4. ਚਾਤ੍ਰਿਕ ਲੱਗ ਜਾ ਸੇਵਾ ਦੀ ਕਾਰੇ,
ਵੰਡ ਸੁਟ ਜੀਵਨ ਦੇ ਫੁੱਲ ਸਾਰੇ,
ਪਹੁੰਚ ਸਕੇਂ ਜੇ ਦੂਰ ਕਿਨਾਰੇ,
ਬੇੜਾ ਹੋ ਜਾਏ ਪਾਰ।
ਮਾਲਣੇ ! ਗੁੰਦ ਕੇ ਲਿਆ ਦੇ ਹਾਰ।

ਖੁਸ਼ ਰਹੁ

(ਕਾਫ਼ੀ ਕੱਵਾਲੀ)

1. ਗ਼ਮਾਂ ਦੀ ਡੋਬ ਦੇ ਬੇੜੀ,
ਖੁਸ਼ੀ ਦੀ ਨੈਂ 'ਚਿ ਤਰਿਆ ਕਰ,

1. ਭੇਦ ਰਹਸਯ।

ਬਰਾਬਰ ਤੇ ਖੜਾ ਰਹਿ ਕੇ,
ਡਰਾਇਆ ਕਰ ਨਾ ਡਰਿਆ ਕਰ।

2. ਜੇ ਚੜ੍ਹ ਬੈਠੇਂ ਚੁਮਜ਼ਲੇ ਤੇ,
ਤਾਂ ਹੇਠਾਂ ਭੀ ਨਿਗਾਹ ਮਾਰੀਂ,
ਗਰੀਬਾਂ ਤੇ ਮੁਥਾਜਾਂ ਤੇ,
ਕੋਈ ਉਪਕਾਰ ਕਰਿਆ ਕਰ।

3. ਤੂੰ ਸੂਰਜ ਵਾਂਗ ਤੇਜੱਸੀ[1],
ਤੇ ਚੰਦਰ[2] ਵਾਂਗ ਸੀਤਲ ਹੈਂ,
ਉਦ੍ਹੇ ਗੁਣ ਨਾਲ ਕਾਇਮ ਰਹੁ,
ਇਦ੍ਹੇ ਗੁਣ ਨਾਲ ਠਰਿਆ ਕਰ,

4. ਤਿਰਾ ਜੌਹਰ[3] ਹੈ ਸੁਬਹਾਨੀ[4]।
ਤਿਰੀ ਹੈ ਸ਼ਾਨ ਸੁਲਤਾਨੀ,
ਸਦਾ ਖੁਸ਼ ਰਹਿਣ ਦੀ ਆਦਤ—
ਪਕਾ, ਹੌਕੇ ਨਾ ਭਰਿਆ ਕਰ।

ਸਾਕੀ

(ਕਾਫੀ ਕੱਵਾਲੀ)

1. ਰਹੇ ਸਲਾਮਤ, ਤਿਰੇ ਚਮਨ ਦੀ,
ਸਦਾ ਸੁਹਾਣੀ ਬਹਾਰ ਸਾਕੀ !
ਹੁਸਨ ਤੇਰੇ ਦਾ ਨਿਖਾਰ ਦੇਖਾਂ ਮੈਂ,
ਹਸ਼ਰ[5] ਤਕ ਤੇਰੇ ਬਰ ਕਰਾਰ[6] ਸਾਕੀ !

2. ਅਜ਼ਲ ਦੇ ਦਿਨ ਤੋਂ ਖੁਲ੍ਹਾ ਹੋਇਆ,
ਤਿਰੇ ਸਦਾ ਬਰਤ ਦਾ ਦੁਆਰਾ,
ਮੈਂ ਪੀਤੀ ਮੁੜ ਮੁੜ ਹਜ਼ਾਰਾਂ ਵਾਰੀ,
ਰਿਹਾ ਅਧੂਰਾ ਖੁਮਾਰ ਸਾਕੀ !

3. ਏ ਆਪਣੀ ਹਸਤੀ ਭੀ ਕੀ ਏ ਹਸਤੀ,
ਦਿਨੇ ਬੁਲੰਦੀ ਤੇ ਰਾਤ ਪਸਤੀ
ਏ ਚਰਖਾ ਚਲਦਾ ਏ ਜ਼ਬਰਦਸਤੀ,
ਤੇ ਗੇੜੇ ਭੀ ਬੇ-ਸ਼ੁਮਾਰ ਸਾਕੀ !

4. ਮੈਂ ਫਿਰਕੇਦਾਰੀ ਤੋਂ ਤੰਗ ਆਇਆ,
ਬੁੱਤਾਂ ਦੀ ਪੂਜਾ ਤੋਂ ਕੁਝ ਨਾ ਪਾਇਆ,
ਮੈਂ ਖ਼ੁਦ ਤਰੀਕਤ[7] ਤੋਂ ਜੀ ਚੁਰਾਇਆ
ਤੇ ਤੇਰੇ ਵੱਲ ਹਾਂ ਤਿਆਰ ਸਾਕੀ !

---

1. ਪ੍ਰਕਾਸ਼ ਵਾਲਾ। 2. ਚੰਨ। 3. ਨੂਰ, ਪ੍ਰਕਾਸ਼। 4. ਪਵਿੱਤਰ, ਧੰਨ। 5. ਕਿਆਮਤ, ਪਰਲੋ, ਅੰਤ। 6. ਕਾਇਮ।
7. ਧਾਰਮਿਕ ਤਰੀਕਾ, ਸ਼ਰ੍ਹਾ, ਨਿਜਮਾਵਲੀ।

5. ਉਡੀਕ ਨੇ ਮੈਨੂੰ ਕੜ ਲਿਆ ਹੈ,
ਤੇ ਪੱਲਾ ਤਕੜੇ ਦਾ ਫੜ ਲਿਆ ਹੈ,
ਹੈ ਵਾਅਦਿਆਂ ਤੇ ਯਕੀਨ ਮੇਰਾ,
ਤੇ ਕਰ ਰਿਹਾਂ ਇੰਤਜ਼ਾਰ ਸਾਕ਼ੀ !

6. ਪਿਆ ਤੂੰ ਇਸ ਵਾਰ ਬਹੁਤ ਸਾਰੀ,
ਕਿ ਤਾਰ ਚੜ੍ਹ ਜਾਏ ਇਕੋ ਵਾਰੀ,
ਨਾ ਜਾਏ ਮੁੜ ਕੇ ਹਿਠਾਂ ਉਤਾਰੀ,
ਤੇ ਬੇੜਾ ਹੋ ਜਾਏ ਪਾਰ ਸਾਕੀ !

ਜੀਵਨ ਜੋੜੀ

ਜੀਵਨ ਸਾਥ ਉਸੇ ਨੂੰ ਕਹਿੰਦੇ,
ਦੋਵੇਂ ਦਿਲ ਹੋ ਜਾਣ ਇਕੱਠੇ,
ਇਕ ਟਿਕਾਣਾ, ਇਕ ਨਿਸ਼ਾਨਾ,
ਸਫਰ ਮੁਕਾਣਾਂ ਨੱਠੇ ਨੱਠੇ।
ਮਿਲੇ ਦਿਲਾਂ ਦੀ ਸਾਂਝੀ ਧੜਕਣ,
ਗੱਡੀ ਦੇ ਦੋ ਚੱਲਣ ਪਹੀਏ,
ਵੱਖਰੇ ਵੱਖਰੇ ਮਕਸਦ[2] ਵਾਲੇ,
ਚਲਦੇ ਨੇਂ ਪਰ ਢਿੱਲੇ ਮੱਠੇ।
ਕੁਦਰਤ ਢਾਲੀ ਭਾਗਾਂ ਵਾਲੀ,
ਨਰ ਨਾਰੀ ਦੀ ਸੁੰਦਰ ਜੋੜੀ।
ਉੱਚੇ ਮਕਸਦ, ਗਰਦਨ ਨੀਵੀਂ,
ਮਿੱਠਤ ਬਹੁਤੀ, ਆਕੜ ਥੋੜ੍ਹੀ,
ਪ੍ਰੇਮ ਨਿਮ੍ਰਤਾ, ਨੇਕੀ ਸੇਵਾ,
ਸਚਿਆਈ ਤੇ ਦਇਆ ਗਰੀਬੀ,
ਸੱਤਾਂ ਸਿਫ਼ਤਾਂ ਵਾਲੀ ਜੋੜੀ,
ਜੀਵੇ ਜਾਗੇ ਜੁੱਗਾਂ ਤੋੜੀ।

ਨਿਮ੍ਰਤਾ

ਦੋਹਰਾ : ਦਰਦ ਵੰਡਾਉਣ ਵਾਸਤੇ, ਰਚੇ ਗਏ ਇਨਸਾਨ,
ਜੱਸ ਕਰਨ ਨੂੰ ਦੇਉਤੇ, ਅੱਗੇ ਈ ਘੱਟ ਨਾ ਸਾਨ।
ਰੱਬ ਦੇਇ ਇਕਬਾਲ, ਜੇ ਕਰੇ ਸਿੰਬਲ,
ਬੇਰੀ ਵਾਂਗ ਨਿਉਂ, ਜੀਉਰ[2] ਕੇ ਖਾਈਏ ਜੀ,

1. ਮਨੋਰਥ, ਟੀਚਾ। 2. ਪਚਾ ਕੇ, ਜਰ ਕੇ, ਸਹਿਕੇ ਭਾਵ ਮਛਰੇਵੇਂ ਤੇ ਆਕੜਾਂ ਵਿਚ ਨਾ ਆ ਕੇ।

ਖਿੜਨਾ ਮਿਲੇ ਜੇ ਫੁੱਲ ਦੇ ਵਾਂਗ ਦੋ ਦਿਨ,
ਮਹਿਕਾਂ ਵੰਡ ਕੇ, ਨੇਕੀ ਕਮਾਈਏ ਜੀ,
ਮੋਤੀ ਮਿਲਣ ਤਾਂ ਦੱਬ ਕੇ ਰੱਖੀਏ ਨਾ,
ਸਗੋਂ ਹੋਰਨਾਂ ਦੇ ਕੰਮ ਆਈਏ ਜੀ,
ਏਥੇ ਵੱਸੀਏ ਰੱਸੀਏ ਚੈਨ ਕਰੀਏ,
ਐਪਰ ਮੌਤ ਨਾ ਮਨੋਂ ਭੁਲਾਈਏ ਜੀ।
ਜਦ ਗੁਲਾਬ ਦਾ ਫੁੱਲ ਕੁਰਬਾਨ ਹੋਵੇ,
ਬਣ ਗੁਲ-ਆਬ[1] ਗੁਲਕੰਦ[2] ਬਰਬਾਦ ਹੋਵੇ।
ਮੱਖੀ ਡੂਮਣੇ[3] ਮਾਖਿਓਂ ਖਾਣ ਵੰਡਣ,
ਅਗਲੇ ਸਮੇਂ ਗੁਲਾਬ ਫਿਰ ਯਾਦ ਹੋਵੇ।

ਦੋਹਰਾ : ਸੂਰਮੇ ਵਾਂਗਰ ਸੰਤ ਜਨ, ਆਪਾ ਗਏ ਪਿਸਾਇ,
ਧੂੜੀ ਕਰ ਭਗਵਾਨ ਨੇ, ਮਸਤਕ ਲਏ ਚੜ੍ਹਾਇ।

ਜੇ ਬੰਦਿਆ !

"ਜੇ ਬੰਦਿਆ ! ਈਮਾਨ ਤਿਰੇ ਦਾ ਪੈਰ ਕੁਫ਼ਰ[4] ਵਲ ਖਿੜਕੇ,
"ਤੋਬਾ ਦਾ ਦਰ ਖੁਲ੍ਹਾ ਹੈ, ਆਈ ਜਾ ਮੁੜ ਘਿੜ ਕੇ।
"ਮਾਂ ਜੀਕਰ ਬਾਲਾਂ ਦੇ ਲਾਡ ਸਹਾਰੀ ਜਾਏ ਖਿੜ ਕੇ,
ਮੈਂ ਗੁੱਸੇ ਨਹੀਂ ਹੁੰਦਾ, ਤੇਰੀ ਗੁਸਤਾਖੀ[5] ਤੋਂ ਚਿੜ ਕੇ।"

ਜੀਵਨ ਆਦਰਸ਼

ਜੀਵਨ ਦਾ ਆਦਰਸ਼ ਚੁਣਨ ਦੀ, ਮਨ ਵਿਚ, ਜਦ ਭੀ ਉਠੇ ਉਮੰਗ,
ਰਾਜਾ, ਜੋਗੀ, ਪੰਡਿਤ, ਦਾਨੀ, ਜੋਧਾ, ਬਣਨਾ ਮੰਗ ਨਿਸ਼ੰਗ[6]।
ਦਸਾਂ ਨਵ੍ਹਾਂ ਦੀ ਕਿਰਤ ਕਮਾ ਕੇ, ਹੱਕ ਹਲਾਲ ਦੀ ਰੋਟੀ ਖਾਹ,
ਯਾ ਫਿਰ, ਤੁਲਸੀ[7] ਮੀਰਾਂ[8] ਵਰਗੀ, ਭਗਵਾਨ ਪਾਸੋਂ ਭਗਤੀ ਮੰਗ।

ਨਵੀਂ ਬਹਾਰ

ਨਵੀਓਂ ਨਵੀਂ ਬਹਾਰ, ਸਮੇਂ ਦੀ ਨਵੀਓਂ ਨਵੀਂ ਬਹਾਰ। ਟੇਕ—
ਨਵੀਂ ਹਿਸਟਰੀ[9], ਨਵੇਂ ਫ਼ਸਾਨੇ[10],
ਨਵੇਂ ਸ਼ਿਕਾਰੀ, ਨਵੇਂ ਨਿਸ਼ਾਨੇ,

---

1. ਗੁਲਾਬ ਦਾ ਫੁੱਲ। 2. ਗੁਲਾਬ ਦੀਆਂ ਪੱਤੀਆਂ ਤੇ ਚੀਨੀ ਰਲਾ ਕੇ ਬਣਾਈ ਗਈ ਵਸਤੂ।
3. ਪਹਾੜੀ ਮਖਿਆਲ ਦੀ ਇਕ ਜਾਤਿ। 4. ਕੂੜ, ਪਾਪ। 5. ਗਲਤੀ। 6. ਬੇਝਿਜਕ, ਬਿਨਾਂ ਰੋਕੇ।
7. ਰਾਮਾਇਣ ਦਾ ਕਰਤਾ, ਰਾਮ-ਭਗਤ ਗੋਸਵਾਮੀ ਤੁਲਸੀਦਾਸ।
8. ਭਗਵਾਨ ਕ੍ਰਿਸ਼ਨ ਜੀ ਦੀ ਭਗਤਣੀ ਮੀਰਾਂ ਬਾਈ ਜਿਸਦੇ ਧਾਰਮਿਕ ਗੀਤ ਬਹੁਤ ਪ੍ਰਸਿੱਧ ਹਨ। 9. ਇਤਿਹਾਸ।
10. ਕਹਾਣੀਆਂ, ਵਾਰਤਾਵਾਂ।

ਨਵੇਂ ਚਿਰਾਗ[1], ਨਵੇਂ ਪਰਵਾਨੇ,
ਨਵੇਂ ਨਵੇਂ ਦਿਲਦਾਰ,
ਸਮੇਂ ਦੀ ਨਵੀਓਂ ਨਵੀਂ ਬਹਾਰ।
ਮਾਸ਼ੂਕਾਂ ਦੀ ਚਾਲ ਪੁਰਾਣੀ,
ਗੱਲਾਂ ਨਾਲ ਰਿੜਕਣਾ ਪਾਣੀ,
ਨਾ ਮਰਨਾ, ਨਾ ਮੰਜੀ ਚਾਣੀ,
ਲਾਈ ਰਖਣੀ ਲਾਰ[2],
ਸਮੇਂ ਦੀ ਨਵੀਓਂ ਨਵੀਂ ਬਹਾਰ।
ਨਵੀਂ ਕਿਸਮ ਦੀ ਅਮਨ ਪਸੰਦੀ,
ਜੀਭ ਕਲਮ ਦੀ ਨਾਕਾ ਬੰਦੀ,
ਆਜ਼ਾਦੀ ਦੇ ਸਿਰ ਤੇ ਲਟਕੇ,
ਤਾਕਤ ਦੀ ਤਲਵਾਰ,
ਸਮੇਂ ਦੀ ਨਵੀਓਂ ਨਵੀਂ ਬਹਾਰ।

ਤ੍ਰੈ ਮਾਤਾ

1. ਪਹਿਲੀ ਮਾਤਾ ਲਛਮੀ ਦੇਵੀ,
ਜਿਸ ਨੇ ਜਣ ਕੇ ਅਕਲ ਸਿਖਾਈ,
ਪੜ੍ਹ ਗੁੜ੍ਹ ਜੋਬਨ ਮਾਣ ਜਵਾਨੀ,
ਉਮਰਾ ਛੱਤੀ ਸਾਲ ਹੰਡਾਈ।
ਓਸੇ ਦੀਆਂ ਅਸੀਸਾਂ ਲੈ ਲੈ,
ਭਲਿਆਂ ਲੋਕਾਂ ਦੀ ਛੂਹ ਪਾਈ,
ਸੁਰਗੀ ਵਾਸਾ ਹੋਵੇ ਸ਼ਾਲਾ[3],
ਮਾਨੁਖਤਾ ਜਿਸ ਪਾਸੋਂ ਆਈ।
2. ਦੂਜੀ ਅੰਮਾਂ ਭਾਰਤ ਮਾਤਾ,
ਜਿਸ ਦੀ ਮਿੱਟੀ ਮੈਨੂੰ ਜਣਿਆ,
ਉਸ ਦੀ ਭਗਤੀ ਕਰਦਾ ਕਰਦਾ,
ਮੈਂ ਪੰਜਾਬੀ ਸ਼ਾਇਰ ਬਣਿਆ।
ਏਕੇ ਤੇ ਇਤਫਾਕ ਕਰਾਂਦਿਆਂ,
ਸਾਰੀ ਉਮਰ ਬੀਤ ਗਈ ਮੇਰੀ,
ਓੜਕ ਦੁਧ ਵਿਚ ਕਾਂਜੀ ਪੈ ਗਈ,
ਪਾਕਿਸਤਾਨੀ ਫ਼ਿਤਨਾ ਛਣਿਆ।

---

1. ਜੋਤਾਂ। 2. ਲਾਰੇ। 3. ਦੇਹਾਂਤ ਸਾਲ 1912 ਈ.।

3. ਤੀਜੀ ਮਾਂ ਪੰਜਾਬੀ ਬੋਲੀ,
ਬਚਪਨ ਵਿਚ ਮਾਂ ਪਾਸੋਂ ਸਿੱਖੀ,
ਧੋਤੀ, ਮਾਂਜੀ, ਪਹਿਨੀ ਪਚਰੀ[1],
ਨਜ਼ਮ[2] ਨਸਰ[3] ਬੋਲੀ ਤੇ ਲਿੱਖੀ।
ਮਤਰੇਈਆਂ ਨੂੰ ਪਰੇ ਹਟਾ ਕੇ,
ਪਟਰਾਣੀ ਨੂੰ ਤਖਤ ਬਹਾਇਆ,
ਏਹੋ ਜਿਹੀ ਮਨੋਹਰ ਮਿੱਠੀ।
ਹੋਰ ਕੋਈ ਬੋਲੀ ਨਹੀਂ ਡਿੱਠੀ।

ਦਾਤਾ ਨੂੰ[4]

1. ਦਾਤਾ ! ਦੇਵੇਂ ਦਾਤਾਂ, ਚੰਗ ਸੁ ਚੰਗੀਆਂ,
ਖ਼ਲਕਤ ਖਾਏ ਖ਼ੁਰਾਕਾਂ, ਮੂੰਹੋਂ ਮੰਗੀਆਂ,
ਪਹਿਨਣ ਲਈ ਪੁਸ਼ਾਕਾਂ, ਰੰਗ ਬਰੰਗੀਆਂ,
ਹੁੰਦੀ ਤੇਰੇ ਦਾਨ ਨਾਲ ਕਲਿਆਨ[5] ਹੈ,
ਭਗਵਨ ! ਤੇਰਾ ਮੰਗਤਾ ਸਗਲ ਜਹਾਨ ਹੈ।

2. ਇਕਨਾਂ ਦੇ ਘਰ ਗਾਈਂ ਮਹੀਂ ਲਵੇਰੀਆਂ,
ਫਸਲਾਂ ਹਰੀਆਂ, ਨਾਲ ਅੰਨ ਦੀਆਂ ਢੇਰੀਆਂ,
ਉੱਚੇ ਉੱਚੇ ਮਹਿਲ ਹਵੇਲੀਆਂ ਘੇਰੀਆਂ,
ਲੋਹ ਲੰਗਰ ਵਿਚ ਪੱਕ ਰਿਹਾ ਪਕਵਾਨ ਹੈ,
ਭਗਵਨ ! ਤੇਰਾ ਮੰਗਤਾ ਸਗਲ ਜਹਾਨ ਹੈ।

3. ਇਕਨਾਂ ਦਾ ਇਕਬਾਲ ਤੇ ਕਾਰੋਬਾਰ ਹੈ,
ਦੌਲਤ ਦਾ ਭੰਡਾਰ, ਚੜ੍ਹਨ ਨੂੰ ਕਾਰ ਹੈ,
ਨੌਕਰ ਖ਼ਿਦਮਤਗਾਰ ਤੇ ਸੁੰਦਰ ਨਾਰ ਹੈ,
ਪੁੱਤਰ ਆਗਿਆਕਾਰ, ਨੇਕ ਸੰਤਾਨ ਹੈ,
ਭਗਵਨ ! ਤੇਰਾ ਮੰਗਤਾ ਸਗਲ ਜਹਾਨ ਹੈ।

4. ਇਕ ਪੀਂਦੇ ਨੇ ਚਾਹਾਂ, ਲਾ ਲਾ ਸ਼ੁਰਕੀਆਂ,
ਕੇਕ ਪੇਸਟ੍ਰੀ ਖਾਂਦੇ, ਭਰ ਭਰ ਬੁਰਕੀਆਂ,
ਇਕ ਮੰਗਦੇ ਨੇਂ ਚਾਹ ਤੇ ਪੈਂਦੀਆਂ ਘੁਰਕੀਆਂ,
ਜੋ ਤੈਨੂੰ ਮਨਜ਼ੂਰ ਸੋਈ ਪਰਵਾਨ ਹੈ,
ਭਗਵਨ ! ਤੇਰਾ ਮੰਗਤਾ ਸਗਲ ਜਹਾਨ ਹੈ।

---

1. ਚੰਗੇ ਕਪੜਿਆਂ ਵਿਚ ਸਜੀ। 2. ਕਵਿਤਾ। 3.ਵਾਰਤਕ।
4. ਇਹ ਕਵਿਤਾ ਵਜ਼ੀਦ ਦੀ ਪ੍ਰਸਿੱਧ ਕਵਿਤਾ ਇਕਨਾ ਦੇ ਘਰ ਪੁਤ ਪੁੱਤਾਂ ਘਰ ਪੋਤਰੇ ਤੋਂ ਪ੍ਰਭਾਵਤ ਪ੍ਰਤੀਤ ਹੁੰਦੀ ਹੈ ਤੇ ਉਸੇ ਦਾ ਨਵੀਨ ਰੂਪ ਹੈ। 5. ਭਲਿਆਈ।

5. ਇਕ ਤਖ਼ਤਾਂ ਤੇ ਬੈਠੇ ਰਾਜ ਕਮਾਉਂਦੇ,
ਇਕ ਪਿਛਵਾੜ ਖ਼ਲੋਤੇ, ਛਤਰ ਝੁਲਾਉਂਦੇ,
ਇਕ ਅਗਵਾੜੇ ਨੱਸਕੇ ਭੀੜ ਹਟਾਉਂਦੇ,
ਇਕ ਫਾਟਕ ਨੂੰ ਫੜੀ ਖੜਾ ਦਰਬਾਨ ਹੈ,
ਭਗਵਾਨ ! ਤੇਰਾ ਮੰਗਤਾ ਸਗਲ ਜਹਾਨ ਹੈ।

6. ਇਕ ਉਜੜੇ ਹੋਏ ਧੁੰਨੀ ਪੋਠੋਹਾਰ[1] ਦੇ,
ਇਕ ਲੁੱਟੇ ਹੋਏ ਲਹਿੰਦੇ ਗੰਜੀ ਬਾਰ[2] ਦੇ,
ਸ਼ਾਹੂਕਾਰ ਨਿਬਾਵੇਂ ਅਟਕੋਂ ਪਾਰ ਦੇ,
ਮਿਲ ਗਈ ਮਿੱਟੀ ਨਾਲ ਜਿਨ੍ਹਾਂ ਦੀ ਸ਼ਾਨ ਹੈ,
ਭਗਵਨ ! ਤੇਰਾ ਮੰਗਤਾ ਸਗਲ ਜਹਾਨ ਹੈ।

7. ਲੱਖਾਂ ਬਾਲ ਯਤੀਮ ਤੇ ਵਿਧਵਾ ਨਾਰੀਆਂ,
ਖੜੀਆਂ ਖੋਹ ਜਵਾਨ ਤੇ ਕੰਜਕਾਂ ਕੁਆਰੀਆਂ,
ਫਿਰਨ ਰੁਲਦੀਆਂ ਥਾਂ ਥਾਂ, ਕਿਸਮਤ ਮਾਰੀਆਂ,
ਜਿਨ੍ਹਾਂ ਭਾਣੇ ਟੁੱਟ ਪਿਆ ਅਸਮਾਨ ਹੈ,
ਭਗਵਨ ! ਤੇਰਾ ਮੰਗਤਾ ਸਗਲ ਜਹਾਨ ਹੈ।

8. ਕਿਸਮਤ ਵਾਲੇ ਕਈ, ਅਡੋਲ ਬਚਾਏ ਤੂੰ,
ਔਣ ਨਾ ਦਿੱਤਾ ਸੇਕ, ਤੇ ਘਰ ਅਪੜਾਏ ਤੂੰ,
ਘੁੰਮਣ ਘੇਰੋਂ ਫੜ ਫੜ ਬੰਨੇ ਲਾਏ ਤੂੰ,
ਬੰਦਿਆਂ ਦੇ ਸਿਰ ਬੜਾ ਅਹਿਸਾਨ ਹੈ,
ਭਗਵਨ ! ਤੇਰਾ ਮੰਗਤਾ ਸਗਲ ਜਹਾਨ ਹੈ।

9. ਇਕ ਰਿਫ਼ਯੂਜੀ[3] ਤਰਸਨ ਮੰਜੀ ਥਾਂ ਨੂੰ,
ਧੁੱਪੋਂ ਮੀਹੋਂ ਬਚਾਵੀਂ ਛੱਪਰ ਛਾਂ ਨੂੰ,
ਨਾ ਲੱਭੇ ਕੋਈ ਕਾਰ ਤੇ ਰੋਜ਼ੀ ਨਾਂ ਨੂੰ,
ਨਾ ਕੋਈ ਥੜ੍ਹਾ ਦੁਕਾਨ ਨਾ ਕੋਈ ਮਕਾਨ ਹੈ,
ਭਗਵਨ ! ਤੇਰਾ ਮੰਗਤਾ ਸਗਲ ਜਹਾਨ ਹੈ।

10. ਇਕਨਾਂ ਨੂੰ ਤੜਫਾਇਆ ਬੇਰੁਜ਼ਗਾਰੀਆਂ,
ਆ ਪਈਆਂ ਪਰਦੇਸ ਮੁਸ਼ਕਲਾਂ ਭਾਰੀਆਂ,
ਪਿੱਛੇ ਕਰਦੇ ਆਏ ਕੋਠੀ ਦਾਰੀਆਂ,
ਮੱਥੇ ਦੀ ਤਕਦੀਰ ਬੜੀ ਬਲਵਾਨ ਹੈ,
ਭਗਵਨ ! ਤੇਰਾ ਮੰਗਤਾ ਸਗਲ ਜਹਾਨ ਹੈ।

---

1. ਦਰਿਆ ਜੇਹਲਮ ਅਤੇ ਸਿੰਧ ਦਾ ਵਿਚਕਾਰਲਾ ਇਲਾਕਾ।
2. ਬਾਰ ਦੇ ਇਲਾਕਿਆਂ ਵਿਚੋਂ ਇਕ ਜੋ ਹੁਣ ਪਾਕਿਸਤਾਨ ਵਿਚ ਰਹਿ ਗਏ ਜਿਵੇਂ ਨੀਲੀ ਬਾਰ, ਗੰਜੀ ਬਾਰ।
3. ਬੇਘਰ ਹੋਏ ਲੋਕ, ਪਾਕਿਸਤਾਨ ਵਲੋਂ ਉਜੜ ਕੇ ਆਏ ਹੋਏ ਲੋਕ, ਜਿਨ੍ਹਾਂ ਨੂੰ ਸ਼ਰਨਾਰਥੀ ਤੇ ਫਿਰ ਪੁਰਸ਼ਾਰਥੀ ਭੀ ਕਿਹਾ ਗਿਆ।

11. ਕਈ ਟੋਕਰੀ ਫੜੀ, ਮਜ਼ੂਰੀ ਭਾਲਦੇ,
ਕਈ ਘਾਲਣਾਂ ਘਾਲ, ਅੰਞਾਣੇ ਪਾਲਦੇ,
ਫਿਰਨ ਕਈ ਕੰਗਾਲ, ਸੁਦਾਮਾ ਨਾਲ ਦੇ,
ਮਗਰ ਜਿਨ੍ਹਾਂ ਦੇ ਖੜਾ ਕ੍ਰਿਸ਼ਨ ਭਗਵਾਨ ਹੈ,
ਭਗਵਨ ! ਤੇਰਾ ਮੰਗਤਾ ਸਗਲ ਜਹਾਨ ਹੈ।

12. ਇਕਨਾਂ ਦੇ ਮਨ ਭਾਉ[1] ਭਗਤ ਕਰਤਾਰ ਦੇ,
ਬੇਰੀ ਵਾਂਗਰ ਝੁਕਦੇ, ਨਾਲ ਪਿਆਰ ਦੇ,
ਦੁਖੀ ਗਰੀਬਾਂ ਉਤੇ ਝਾਤੀ ਮਾਰਦੇ,
ਪ੍ਰੇਮ ਗਲੀ ਦੇ ਰਾਹੀ, ਮਨ ਮਸਤਾਨ ਹੈ,
ਭਗਵਨ ! ਤੇਰਾ ਮੰਗਤਾ ਸਗਲ ਜਹਾਨ ਹੈ।

ਗੁਲਾਬ ਦਾ ਫੁੱਲ

ਮੈਂ ਖੇੜੂ ਫੁੱਲ ਗੁਲਾਬ ਦਾ—ਟੇਕ

1. ਮੱਖੀਆਂ ਨੂੰ ਮੈਂ ਸ਼ਹਿਦ ਚੁੰਘਾਵਾਂ,
ਸੁਹਣਿਆਂ ਦੀ ਮੈਂ ਸੇਜ ਸਜਾਵਾਂ,
ਟਹਿਲ ਕਮਾਵਾਂ, ਘਰ ਤੁਰ ਜਾਵਾਂ,
ਦਾਈਆ ਮੇਰਾ ਉਕਾਬ[2] ਦਾ,
ਮੈਂ ਖੇੜੂ ਫੁੱਲ ਗੁਲਾਬ ਦਾ।

2. ਮੂੰਹ ਮੇਰੇ ਦਾ ਰੰਗ ਗੁਲਾਬੀ,
ਉੱਚਾ ਹੋਵਾਂ ਬਹੁਤ ਸ਼ਤਾਬੀ,
ਮਾਂ ਤੇਰੀ ਭਾਰਤ ਦੇ ਸਿਰ ਤੇ,
ਛਤਰ ਝੁਲੇ ਪੰਜਾਬ ਦਾ,
ਮੈਂ ਖੇੜੂ ਫੁੱਲ ਗੁਲਾਬ ਦਾ।

3. ਅਸਲਾ ਮੇਰਾ ਅਰਸ਼ੀਂ ਜਾਣਾ,
ਸਭ ਦੁਨੀਆਂ ਤੇ ਝਾਤੀ ਪਾਣਾ,
ਦੁਖੀਆਂ ਨੂੰ ਆਰਾਮ ਪੁਚਾਣਾ,
ਕਰਨਾ ਕੰਮ ਸਵਾਬ ਦਾ,
ਮੈਂ ਖੇੜੂ ਫੁੱਲ ਗੁਲਾਬ ਦਾ।

4. ਮੈਂ ਹਾਂ ਅਮਨ ਚੈਨ ਦਾ ਹਾਮੀ,
ਮੂਲ ਨਾ ਕਰਾਂ ਪਸੰਦ ਗੁਲਾਮੀ,
ਤਰਸਾਂ ਜੇ ਤਾਕਤ ਮਿਲ ਜਾਵੇ,

---

1. ਪ੍ਰੇਮ। 2. ਇਕ ਪੰਛੀ ਜੋ ਕਿ ਉਡਦਾ ਉਡਦਾ ਅਸਮਾਨ ਵਿਚ ਅਲੋਪ ਹੋ ਜਾਂਦਾ ਹੈ।

ਮੈਂ ਕੱਢ ਦਿਆਂ ਗੰਦ ਸਮਾਜ ਦਾ,
ਮੈਂ ਖੇੜੂ ਫੁੱਲ ਗੁਲਾਬ ਦਾ।

ਅਗੇਰੇ

(ਕੌਮੀ ਗੀਤ)

ਵਧੀ ਚਲ ਅਗੇਰੇ ਵਧੀ ਚਲ ਅਗੇਰੇ।—ਟੇਕ

1. ਮੇਰੇ ਸ਼ੇਰ ਦਿਲ ਹਿੰਦੀਆ ! ਨੌਜਵਾਨਾ !
ਖੜਾ ਹੋਕੇ ਭਾਰਤ ਦਾ ਛੋਹ ਦੇ ਤਰਾਨਾ,
ਗੁਲਾਮੀ ਗਈ, ਹੁਣ ਨਵਾਂ ਹੈ ਜ਼ਮਾਨਾ,
ਬੜੀ ਜ਼ਿੰਮੇਵਾਰੀ ਏ ਤੇਰੇ ਚੁਫੇਰੇ,
ਵਧੀ ਚਲ ਅਗੇਰੇ, ਵਧੀ ਚਲ ਅਗੇਰੇ।

2. ਕਿਸਾਨਾ ! ਮਜੂਰਾ ! ਤ੍ਰਖਾਣਾ ! ਲੁਹਾਰਾ !
ਮੇਰੇ ਕਸਬੀਆ[1] ਕਿਰਤੀਆਂ ! ਦਸਤਕਾਰਾ !
ਤੂੰ ਹੈਂ ਦੇਸ਼ ਦਾ ਆਸਰਾ ਤੇ ਸਹਾਰਾ,
ਏ ਰੌਣਕ ਤੇ ਦੌਲਤ ਵਧੇ ਨਾਲ ਤੇਰੇ,
ਵਧੀ ਚਲ ਅਗੇਰੇ, ਵਧੀ ਚਲ ਅਗੇਰੇ।

3. ਤੂੰ ਸ਼ੂਦਰ ਨਹੀਂ, ਤੇਰਾ ਪਿੰਡਾ ਏ ਸੁੱਚਾ,
ਤੂੰ ਨੀਵਾਂ ਨਾ ਹੋ, ਤੇਰਾ ਦਰਜਾ ਏ ਉੱਚਾ,
ਕਮੀਣਾਂ ਦਾ ਬਾਣਾ ਬਦਲ ਦੇ ਸਮੁੱਚਾ,
ਤੂੰ ਲੀੜੇ ਪਹਿਨ ਸਾਊਆਂ ਤੋਂ ਚੰਗੇਰੇ,
ਵਧੀ ਚਲ ਅਗੇਰੇ, ਵਧੀ ਚਲ ਅਗੇਰੇ।

4. ਤੇਰਾ ਦੇਸ਼ ਆਪਣਾ, ਹਕੂਮਤ ਵੀ ਤੇਰੀ,
ਇਹ ਤਾਕਤ, ਲਿਆਕਤ ਤੇ ਹਿੰਮਤ ਵੀ ਤੇਰੀ,
ਇਹ ਧਰਤੀ ਤਲੇ ਦੱਬੀ ਦੌਲਤ ਵੀ ਤੇਰੀ,
ਦਫਾ ਹੋ ਚੁਕੇ ਨੇਂ ਫਰੰਗੀ ਲੁਟੇਰੇ,
ਵਧੀ ਚਲ ਅਗੇਰੇ, ਵਧੀ ਚਲ ਅਗੇਰੇ।

5. ਤੇਰੀ ਧਰਤਿ ਅੰਨਾਂ ਧਨਾਂ ਦਾ ਭੰਡਾਰਾ,
ਇਹ ਫਸਲਾਂ, ਇਹ ਮੇਵੇ, ਇਹ ਸਬਜ਼ੀ, ਇਹ ਚਾਰਾ,
ਤੇਰੇ ਡੌਲਿਆਂ ਦਾ ਨਜ਼ਾਰਾ ਇਹ ਸਾਰਾ,
ਤੂੰ ਹੈਂ ਢੇਰ ਲਾਏ ਉਚੇਰੇ ਉਚੇਰੇ,
ਵਧੀ ਚਲ ਅਗੇਰੇ, ਵਧੀ ਚਲ ਅਗੇਰੇ।

---

1. ਕਾਰੀਗਰਾਂ, ਕੋਈ ਕੰਮ ਚੰਗੀ ਤਰ੍ਹਾਂ ਜਾਨਣ ਵਾਲਾ।

6. ਜੇ ਸਰਮਾਏਦਾਰੀ ਹੈ, ਤਾਂ ਕੀ ਹੈ ? ਡਰ ਨਾ,
ਹੈ ਬ਼ਹੁ ਗਿਣਤੀ ਤੇਰੀ, ਕੋਈ ਫਿਕਰ ਕਰ ਨਾ,
ਵਗਾਰਾਂ ਤੇ ਚੱਟੀ ਕੋਈ ਟੈਕਸ ਭਰ ਨਾ,
ਫਤੇ ਤੇਰੀ ਹੋਸੀ ਅਵੇਰੇ ਸਵੇਰੇ,
ਵਧੀ ਚਲ ਅਗੇਰੇ, ਵਧੀ ਚਲ ਅਗੇਰੇ।

7. ਤੇਰੀ ਗਿਣਤੀ ਨੱਬੇ ਤੇ ਦਸ ਖਾਊਆਂ ਦੀ,
ਤੇਰੀ ਸ਼ਾਨ ਉੱਚੀ, ਹਿਠਾਂਹ ਸਾਊਆਂ ਦੀ,
ਤੇਰੇ ਪੈਰਾਂ ਥ਼ੱਲੇ ਹੈ ਤਾਕਤ ਦੂਹਾਂ ਦੀ,
ਓ ਥੋੜੇ ਜਿਹੇ ਤੇ ਤੁਸੀਂ ਹੋ ਵਧੇਰੇ,
ਵਧੀ ਚਲ ਅਗੇਰੇ, ਵਧੀ ਚਲ ਅਗੇਰੇ।

ਚਉਬਰਗੇ

ਬਿਰਲੇ, ਟਾਟੇ, ਦਾਲਮੀਏ[1] ਨੇ,
ਰਲ ਕੇ ਏਕਾ ਕੀਤਾ,
ਵੱਡੇ ਵੱਡੇ ਅਖਬਾਰਾਂ ਨੂੰ,
ਕੁਝ ਦੇ ਕੇ ਮੁੱਲ ਲੈ ਲੀਤਾ।
ਧਨ ਭੀ ਆਪਣਾ, ਪ੍ਰੈਸ ਭੀ ਆਪਣਾ,
ਬਾਕੀ ਰਹਿ ਗਏ ਕਾਮੇ,
ਮੁੱਠ ਗਰਮ ਕਰ ਵੋਟ ਲੈ ਲਿਆ,
ਮੂੰਹ ਉਹਨਾਂ ਦਾ ਸੀਤਾ।
ਰੱਬਾ ਤੂੰ ਵੀ ਚੰਗਾ ਰੱਬ ਹੈਂ,
ਭੇਦ ਨਾ ਕੁਝ ਸਮਝਾਇਆ,
ਰੋਟੀ ਰਿਜ਼ਕ ਪਚਾਨਵਿਆਂ ਦਾ,
ਪੰਜਾਂ ਦੇ ਵੱਸ ਪਾਇਆ।
ਸਾਰਾ ਧਨ ਸਰਮਾਏਦਾਰਾਂ,
ਲਛਮੀ ਤੋਂ ਖੋਹ ਲੀਤਾ,
ਤੂੰ ਕਿਉਂ ਸਾਰੀ ਜਨਤਾ ਦੀ,
ਰੋਜ਼ੀ ਦਾ ਫ਼ਿਕਰ ਭੁਲਾਇਆ ?

ਕਦੋਂ ਤਕ

ਇਹ ਸੁਖ ਦਾ ਸੰਸਾਰ ਕਦੋਂ ਤਕ, ਖਿੜੀ ਬਸੰਤ ਬਹਾਰ ਕਦੋਂ ਤਕ,
ਸੁਹਣਿਆਂ ਦੀ ਸਰਕਾਰ ਕਦੋਂ ਤਕ, ਜੋਬਨ ਦਾ ਹੰਕਾਰ ਕਦੋਂ ਤਕ ?

1. ਆਧੁਨਿਕ ਭਾਰਤ ਦੇ ਮੁਖੀ ਸਰਮਾਏਦਾਰ।

ਵੱਸਦੀ ਰਸਦੀ ਦੁਨੀਆਂ ਅੰਦਰ, ਐਸੀ ਮਾਰੋ ਮਾਰ ਕਦੋਂ ਤੁਕ,
ਲਾਲਚ ਦਾ ਬੀਮਾਰ ਕਦੋਂ ਤਕ, ਤਾਕਤ ਦਾ ਹਥਿਆਰ ਕਦੋਂ ਤਕ ?
ਅਸ਼ਰਾਫ਼ਤ[1], ਤੇ ਇਨਸਾਨੀਅਤ, ਨਿਰਮਲ ਜੋਤ, ਪਵਿੱਤਰ ਹਿਰਦਾ,
ਸ਼ੈਤਾਨੀ ਦੇ ਕਾਬੂ ਆਇਆ, ਚੜ੍ਹਿਆਂ ਰਹੂ ਖੁਮਾਰ ਕਦੋਂ ਤਕ ?
ਬੰਦੇ ਦੇ ਸਿਰ ਜਗਦਾ ਦੀਵਾ, ਝੱਖੜ ਦੇ ਵਿਚ ਬੁਝਿਆ ਹੋਇਆ,
ਬੇ-ਸਮਝੀ ਤੇ ਮੂਰਖਤਾ ਦਾ, ਬਣਿਆ ਰਹੂ ਸ਼ਿਕਾਰ ਕਦੋਂ ਤਕ ?
ਮੰਜ਼ਿਲ ਜਿਸ ਦੀ ਲੰਮੀ ਉੱਚੀ, ਕਦੇ ਨਾ ਚੁਣਿਆ ਗਲਤ ਨਿਸ਼ਾਨਾ,
ਦੂਰ ਕਿਨਾਰੇ ਦਾ ਉਤਸ਼ਾਹੀ, ਰਹਿਸੀ ਖੜਾ ਉਰਾਰ ਕਦੋਂ ਤਕ ?
ਚਲੋ ਚਲੀ ਦਾ ਹੈ ਇਹ ਡੇਰਾ, ਚੁੱਪ ਰਹਿਣਾ ਕਰਤਬ ਨਹੀਂ ਤੇਰਾ ?
ਵੱਸਦਾ ਰੌਣਕਦਾਰ ਰਹੇਗਾ, ਇਹ ਮੀਨਾ ਬਾਜ਼ਾਰ[2] ਕਦੋਂ ਤਕ ?
ਸਾਂਝੀ ਦੁਨੀਆਂ ਦੀ ਆਬਾਦੀ, ਰਲ ਕੇ ਵੰਡ ਗਮੀ ਤੇ ਸ਼ਾਦੀ,
ਤੂੰ ਚਾਤ੍ਰਿਕ ਹੈਂ ਆਸ਼ਾਵਾਦੀ, ਬਹਿ ਰਹਿਣਾ ਬੇਕਾਰ ਕਦੋਂ ਤਕ ?

ਕੋਈ ਕੋਈ

ਹੈ ਚਰਚਾ ਇਸ਼ਕ ਦਾ ਘਰ ਘਰ, ਕਮਾਂਦਾ ਕੋਈ ਕੋਈ ਹੈ,
ਬੜੇ ਇਕਰਾਰ ਹੁੰਦੇ ਨੇਂ, ਨਿਭਾਂਦਾ ਕੋਈ ਕੋਈ ਹੈ।
ਦਿਖਾਵੇ ਤੇ ਮੁਲੰਮੇ[3] ਦੀ ਨਮਾਇਸ਼ ਹਰ ਜਗਹ ਦੇਖੀ,
ਕਸੌਟੀ ਤੇ ਉਤਰ ਪੂਰਾ, ਦਿਖਾਂਦਾ ਕੋਈ ਕੋਈ ਹੈ।
ਸੰਦੇਸ਼ੇ ਪਿਆਰ ਦੇ, ਪਾਣੀ ਤੇ ਤਰਦੇ, ਕਾਗਤੀ ਬੇੜੇ,
ਹਕੀਕਤ ਦੇ ਕਿਨਾਰੇ ਤੇ ਪੁਚਾਂਦਾ ਕੋਈ ਕੋਈ ਹੈ।
ਏ ਦੁਨੀਆਂ ਬਾਗ ਬਹੁ ਰੰਗਾ, ਨਵੇਂ ਫੁੱਲ ਰੋਜ਼ ਖਿੜਦੇ ਨੇਂ,
ਸ਼ਮ੍ਹਾ ਤੇ ਜਿੰਦ ਪਰਵਾਨਾ ਘੁਮਾਂਦਾ ਕੋਈ ਕੋਈ ਹੈ।
ਏ ਰਸਤਾ ਹੈ ਬੜਾ ਬਿਖੜਾ[4] ਤੇ ਜੰਗਲ ਕੰਡਿਆਂ ਭਰਿਆ,
ਪਕੜ ਬਾਹੋਂ ਗੁਰੂ ਪੂਰਾ ਲੰਘਾਂਦਾ ਕੋਈ ਕੋਈ ਹੈ।
ਜਗਤ ਹੈ ਗਰਜ਼ ਮੰਦਾਂ ਦਾ, ਕੋਈ ਬੇ-ਗਰਜ਼ ਮਿਲਿਆ ਨਹੀਂ,
ਕਮਰ ਤੋੜੂ ਬੜੇ ਨੇਂ, ਲੱਕ ਬਨ੍ਹਾਂਦਾ ਕੋਈ ਕੋਈ ਹੈ।
ਖੁਦਾਈ ਦਾਵੇ ਫਰਜ਼ੀ ਨੇਂ, ਦਿਖਾਵੇ ਦੀ ਹੈ ਕੁਰਬਾਨੀ,
ਏ ਲੋਹੇ ਦੇ ਚਣੇ ਚਾਤ੍ਰਿਕ, ਚਬਾਂਦਾ ਕੋਈ ਕੋਈ ਹੈ।

ਪ੍ਰਾਣਵਾਯੂ ਨੂੰ

ਤੇਰਾ ਮੇਰਾ ਸਾਥ ਸੀ ਧੁਰ ਦਾ, ਕੱਠੇ ਗਏ ਉਤਾਰੇ,
ਰਲ ਮਿਲ ਕੇ ਰਹੇ ਕਰਮ ਕਮਾਂਦੇ, ਚੰਦੇ ਮੰਦੇ ਸਾਰੇ।

---

1. ਨੇਕੀ, ਭਲੇਮਾਣਸੀ। 2. ਮੁਗਲ ਬਾਦਸ਼ਾਹਾਂ ਦੇ ਸਮੇਂ ਕੇਵਲ ਸ਼ਹਿਰੀ ਖਾਨਦਾਨ ਦੀਆਂ ਔਰਤਾਂ ਦਾ ਵੱਖਰਾ ਬਾਜ਼ਾਰ।
3. ਉਪਰਲੀ ਪੋਚਾ ਪਾਚੀ, (ਉਪਰ ਉਪਰ ਸੋਨੇ ਰੰਗਾ ਪਾਣੀ ਫਿਰਿਆ ਹੋਇਆ)। 4. ਔਖਾ।

ਅੰਤ ਸਮੇਂ ਹੁਣ ਨਿਖੜਨ ਲਗਿਆਂ, ਇਹ ਗਲ ਨਹੀਂ ਸੁਹਾਂਦੀ,
ਮੈਂ ਰਹਿ ਜਾ ਅਣਖਫਣਾਇਆ, ਤੇ ਤੂੰ ਹੋ ਜਾਇੰ ਕਿਨਾਰੇ।

ਨਹੀਂ

ਮੈਨੂੰ ਕੋਈ ਗੁੱਸਾ ਗਿਲਾ ਨਹੀਂ,
ਪਾਈ ਮੈਂ ਕਦੇ ਦੁਹਾਈ ਨਹੀਂ,
ਬੇ-ਤਰਸੀ ਮੂੰਹੋਂ ਕੱਢੀ ਨਹੀਂ,
ਕੋਈ ਤੁਹਮਤ[1] ਝੂਠੀ ਲਾਈ ਨਹੀਂ।
ਸੁਰਗਾਂ ਦਾ ਮੈਨੂੰ ਲਾਲਚ ਨਹੀਂ,
ਮੁਕਤੀ ਲਈ ਹੱਥ ਪਸਾਰੇ ਨਹੀਂ,
ਮੈਂ ਕਦੇ ਨਰਕ ਤੋਂ ਡਰਿਆ ਨਹੀਂ,
ਹੱਥ ਪੈਰ ਜੀਉਣ ਲਈ ਮਾਰੇ ਨਹੀਂ।
ਮੈਂ ਕਰਮ ਬਥੇਰੇ ਕੀਤੇ ਨੇਂ,
ਪਰ ਫਲ ਦੀ ਰੱਖੀ ਆਸ਼ਾ ਨਹੀਂ,
ਭਗਤੀ ਦਾ ਦਾਵਾ ਕੀਤਾ ਨਹੀਂ,
ਪਰ ਭਗਤੀ ਕੋਈ ਤਮਾਸ਼ਾ ਨਹੀਂ।
ਜੋ ਭਾਣਾ ਉਪਰੋਂ ਔਂਦਾ ਹੈ,
ਉਹ ਆਪੇ ਹੋਈ ਜਾਂਦਾ ਹੈ।
ਡਰੀ ਹੈ ਹੱਥ ਖਿਲਾੜੀ ਦੇ,
ਪੁਤਲੀ ਤੋਂ ਨਾਚ ਕਰਾਂਦਾ ਹੈ।
ਜਿਸ ਘੜੀ ਬੁਲਾਵਾ ਆਵੇਗਾ,
ਹੱਥ ਜੋੜ ਹੁਕਮ ਭੁਗਤਾਵਾਂਗੇ,
ਔਂਦੀ ਵਾਰੀ ਕੁਝ ਰੋਏ ਸਾਂ,
ਪਰ ਹੱਸਦੇ ਹੱਸਦੇ ਜਾਵਾਂਗੇ।

ਕਵਿਤਾ ਰਾਣੀ

(ਗੀਤ)

1. ਢਲ ਪਰਬਤ, ਜਲ ਡਲ ਵਿਚ ਢੱਠਾ,
ਹੌਲੀ ਹੌਲੀ ਹੋ ਗਿਆ ਕੱਠਾ,
ਸੀਤਲ, ਨਿਰਮਲ, ਮਧੁਰਾ[2] ਪਾਣੀ,
ਕੁੱਖੇ ਪੈ ਗਈ ਕਵਿਤਾ ਰਾਣੀ।

---

1. ਦੋਸ਼, ਇਲਜ਼ਾਮ। 2. ਮਿੱਠਾ।

2. ਸੁੰਦਰਤਾ ਨੇ ਧੂਹਾਂ[1] ਪਾਈਆਂ,
ਪ੍ਰੇਮ ਦੌੜਿਆ, ਕਰ ਕਰ ਧਾਈਆਂ,
ਹੁਸ਼ਨ ਇਸ਼ਕ ਦੀ ਛਿੜੀ ਕਹਾਣੀ,
ਜਗ ਵਿਚ ਜਨਮੀ ਕਵਿਤਾ ਰਾਣੀ।

3. ਈਸ਼ਰ-ਗਿਆਨ,[2] ਨੂਰ ਭੰਡਾਰਾ,
ਬੁੱਧਿ, ਵਿਵੇਕ,[3] ਸੱਭਤ; ਦੁਆਰਾ,
ਮਨ ਨੇ ਉਸ ਦੀ ਮਹਿਮਾ ਜਾਣੀ,
ਜਗ ਵਿਚ ਜਨਮੀ ਕਵਿਤਾ ਰਾਣੀ।

4. ਮਨ ਪੰਛੀ ਨੇ ਭਰੀ ਉਡਾਰੀ,
ਅਰਸ਼ੋਂ ਦੇਖੀ ਦੁਨੀਆ ਸਾਰੀ,
ਠੰਢ ਕਲੇਜੇ ਸਭ ਦੇ ਪਾਣੀ,
ਜਗ ਵਿਚ ਜਨਮੀ ਕਵਿਤਾ ਰਾਣੀ।

ਅੰਧੇਰ ਨਗਰੀ

(ਗੀਤ)

ਇਸ ਅੰਧੇਰ ਨਗਰੀ ਵਿਚ ਮੈਂ ਨਹੀਂ ਰਹਿਣਾ—ਟੇਕ

1. ਜਿੱਥੇ ਹਰ ਦਮ ਰਹੇ ਉਦਾਸੀ,
ਇੱਕ ਗਲੀ ਵਿਹੜੇ ਦੇ ਵਾਸੀ,
ਮਿਲੇ ਨਾ ਰਲ ਕੇ ਰਹਿਣਾ ਸਹਿਣਾ।
ਇਸ ਨਗਰੀ ਵਿਚ ਮੈਂ ਨਹੀਂ ਰਹਿਣਾ।

2. ਅਸ਼ਰਾਫ਼ਤ[4] ਕੱਢਿਆ ਦੀਵਾਲਾ,
ਮਾਨੁਖਤਾ ਮੂੰਹ ਕੀਤਾ ਕਾਲਾ।
ਮੁਸ਼ਕਿਲ ਹੋ ਗਿਆ ਕੱਠਿਆ ਬਹਿਣਾ।
ਇਸ ਨਗਰੀ ਵਿਚ ਮੈਂ ਨਹੀਂ ਰਹਿਣਾ।

3. ਅਮਨ ਪਸੰਦੀ ਦੀ ਵਾਦੀ ਸੀ,
ਲਿਖਣ ਪੜ੍ਹਨ ਦੀ ਆਜ਼ਾਦੀ ਸੀ,
ਸੱਚ ਸੱਚ ਸੁਣਨਾ, ਸੱਚ ਸੱਚ ਕਹਿਣਾ।
ਇਸ ਨਗਰੀ ਵਿਚ ਮੈਂ ਨਹੀਂ ਰਹਿਣਾ।

4. ਉਪਜੀ ਚਤੁਰਾਈ ਚਲਾਕੀ,
ਖੋਟੀ ਮਹਿਫਲ, ਖਚਰਾ[5] ਸਾਕੀ,
ਮੋਮੀ[6] ਮੋਤੀ, ਗਿਲਟੀ ਗਹਿਣਾ[7],
ਇਸ ਨਗਰੀ ਵਿਚ ਮੈਂ ਨਹੀਂ ਰਹਿਣਾ।

---

1. ਖਿਚਾਂ। 2. ਰੱਬ ਦਾ ਗਿਆਨ। 3. ਗਿਆਨ। 4. ਨੇਕੀ, ਭਲਮਾਣਸੀ। 5. ਸ਼ੈਤਾਨ।
6. ਮੋਮ ਦੇ ਮੋਤੀ, ਨਕਲੀ ਮੋਤੀ। 7. ਖੋਟ ਰਲੇ ਗਹਿਣੇ।

ਨੀਤੀ ਬਚਨ

ਭਾਈ ਭਾਈ ਦੇ ਵਿਚ ਜੁਦਾਈ ਦੇਖੀ, ਤੀਵੀਂ ਭਰਤੇ ਦੇ ਵਿਚ ਲੜਾਈ ਦੇਖੀ।
ਚਾਰ ਦਿਨ ਜਿੰਦਗੀ ਦੀ ਖਾਤਰ ਚਾਤ੍ਰਿਕ, ਮਰਦੀ ਖਹਿ ਖਹਿ ਕੇ ਸਭ ਲੁਕਾਈ ਦੇਖੀ।
ਦਯਾ ਨਾ ਪਾਲੀ ਤਾਂ ਉਹ ਅਮੀਰੀ ਕਾਹਦੀ ? ਮਨ ਨਾ ਮੋਯਾ ਤਾਂ ਉਹ ਫਕੀਰੀ ਕਾਹਦੀ ?
ਸ਼ਾਹੀ[1] ਗਰੀਬੀ ਤਾਂ ਮਿਲੇ ਘਰ ਘਰ ਚਾਤ੍ਰਿਕ, ਅਮੀਰ ਅਰ ਫਕੀਰ ਵਿਚ ਹੈ ਪੀਰੀ[2] ਕਾਹਦੀ ?
ਖੋਤਾ ਰੂੜੀ ਤੋਂ ਪੇਟ ਆਪਣਾ ਭਰ ਲੈਂਦਾ ਹੈ, ਕੁੱਤਾ ਬੈਠਣ ਨੂੰ ਜਗ੍ਹਾ ਸਾਫ ਲੈਂਦਾ ਹੈ।
ਜਗ ਨੂੰ ਅਪਸਵਾਰਥੀ[3] ਦਾ ਸੁਖ ਕੀ ਹੈ ਚਾਤ੍ਰਿਕ ? ਆਦਮੀ ਉਹ ਹੈ ਜੋ ਦੂਜੇ ਦੀ ਖਬਰ ਲੈਂਦਾ ਹੈ।
ਤੀਰਥ ਬ੍ਰਤ ਕੀਤੇ ਸਭੇ, ਪੂਜੇ ਦੇਵੀ ਦੇਵ,
ਚਾਤ੍ਰਿਕ ਸਭੀ ਅਕਾਰਥੇ (ਜਿ) ਮਾਪੇ ਸਕੇ ਨਾ ਸੇਵ।

ਬਦਲ ਦਿਉ

ਬਦਲ ਦਿਓ ਜੋ ਮਨ ਆਪਣਾ, ਪਰਸੰਨ ਸਦਾ ਨਹੀਂ ਰਹਿੰਦਾ ਹੈ।
ਅੱਪ੍ਰਸੰਨਤਾ ਰੋਗ ਵਿਖੇ ਦ੍ਰਿੜ੍ਹਤਾ ਦਾ ਮੰਦਰ ਢਹਿੰਦਾ ਹੈ।
ਸਦਾ ਰਹੋ ਦ੍ਰਿੜ੍ਹ ਚਿੱਤ, ਦ੍ਰਿੜ੍ਹਤਾ ਕੁੰਜੀ ਹੈ ਸੁਖ ਦਵਾਰੇ ਦੀ।
ਜੋ ਚਿੰਤਾ ਦੇ ਵੱਸ ਪਏ, ਉਹ ਦਿਨ ਦਿਨ ਥੱਲੇ ਲਹਿੰਦਾ ਹੈ।
ਬਦਲ ਦਿਓ ਸਵਭਾਵ ਜਿਦ੍ਹੇ ਵਿਚ ਦਿਸਦੀ ਕੋਈ ਬੁਰਾਈ ਹੈ।
ਆਦਤ ਦੇ ਆਧੀਨ ਹੋਣ ਵਿਚ, ਪੈਂਦੀ ਅਤਿ ਕਠਨਾਈ ਹੈ।
ਨੇਕੀ ਦੇ ਵਲ ਪੈਰ ਧਰੋ, ਇਹ ਖੁਸ਼ੀਆਂ ਦਾ ਦਰਵਾਜ਼ਾ ਹੈ।
ਨੇਕੀ ਵਿਚ ਸਫਾਈ ਹੈ, ਨੇਕੀ ਦੇ ਵਿਚ ਭਲਿਆਈ ਹੈ।
ਬਦਲ ਦਿਓ ਉਹ ਸ਼ੌਕ ਬੁਰਾ, ਜੋ ਧਨ ਅਰ ਸਮਾਂ ਗੁਆਂਦਾ ਹੈ।
ਇਸਦੇ ਕਾਬੂ ਜੋ ਆਵੇ, ਉਹ ਨਿਸ ਦਿਨ ਕਸ਼ਟ ਉਠਾਂਦਾ ਹੈ।
ਕਾਰ ਵਿਹਾਰ ਭੁਲਾ ਦੇਵੇ ਅਤੇ ਭੈੜੀ ਚਾਟ ਲਗਾ ਦੇਵੇ।
ਸ਼ਾਹ ਤੋਂ ਰੰਕ ਬਣਾ ਦੇਵੇ, ਇਹ ਐਸੇ ਨਾਚ ਨਚਾਂਦਾ ਹੈ।
ਬਦਲ ਦਿਓ ਉਸ ਮਿੱਤਰ ਨੂੰ, ਜੋ ਦੇ ਉਪਦੇਸ਼ ਬੁਰਾਈ ਦਾ।
ਤਜਾਗ ਦਿਉ ਸੰਗਤ ਉਸ ਦੀ, ਉਹ ਦੁਸ਼ਮਨ ਹੈ ਭਲਿਆਈ ਦਾ।
ਆਪ ਹ੍ਰਿਦੇ ਦਾ ਕਾਲਾ ਹੈ, ਲਾਵੇਗਾ ਲੀਕ ਤੁਹਾਨੂੰ ਭੀ।
ਸਾਰਾ ਦੁੱਧ ਖਰਾਬ ਕਰੇ, ਇਕ ਤੁਬਕਾ ਪਿਆ ਖਟਾਈ ਦਾ।
ਬਦਲੋ ਤੁਰਤ ਗੁਆਂਢ ਬੁਰਾ, ਜੋ ਜਾਪੇ ਖੋਟਾ ਦਿਲ ਦਾ ਹੈ।
ਭੈੜੇ ਤੇ ਪਰਛਾਂਵੇਂ ਤੋਂ ਭੀ, ਭੈੜਾ ਹੀ ਫਲ ਮਿਲਦਾ ਹੈ।

---

1. ਅਮੀਰੀ। 2. ਵਡਿਆਈ, ਵੱਡਪਣ। 3. ਆਪਣਾ ਹੀ ਭਲਾ ਸੋਚਣ ਵਾਲਾ, ਖੁਦਗਰਜ਼।

ਤੋਹਮਤ[1] ਕਿਤੋਂ ਲਿਆਵੇਗਾ, ਯਾ ਆਪਣੇ ਨਾਲ ਫਸਾਵੇਗਾ।
ਕੇਲੇ ਪਾਸ ਕਰੀਰ ਉਗੇ, ਉਹ ਕੇਲੇ ਨੂੰ ਭੀ ਛਿਲਦਾ ਹੈ।
ਬਦਲ ਦਿਓ ਸੰਗਤ ਭੈੜੀ, ਇਹ ਓੜਕ ਦੁੱਖ ਪੁਚਾਵੇਗੀ।
ਲਾਭ ਇਦ੍ਹਾ ਕੀ ਹੋਣਾ ਹੈ ? ਹਾਂ ਬੁਰਾ ਬੁਰਾ ਅਖਵਾਵੇਗੀ।
ਜੈਸੀ ਸੰਗਤ ਬੈਠੋਗੇ ਵੈਸਾ ਹੀ ਦੁਨੀਆਂ ਸਮਝ ਲਊ।
ਅੱਗ ਕੋਲ ਜੇ ਜਾਓਗੇ, ਤਾਂ ਲੀੜਾ ਕੋਈ ਜਲਾਵੇਗੀ।
ਬਦਲ ਦਿਓ ਮੈਲਾ ਵਸਤਰ, ਇਹ ਆਲਸ ਦੇ ਵਿਚ ਪਾਂਦਾ ਹੈ।
ਆਪਣਾ ਚਿੱਤ ਮਲੀਨ ਰਹੇ, ਅਰ ਦੂਜਾ ਨੱਕ ਚੜ੍ਹਾਂਦਾ ਹੈ।
ਸਵੱਛ ਰਿਹਾਂ ਨਾ ਰੋਗ ਗ੍ਰਸੇ, ਅਰ ਕੰਮ ਵਿਖੇ ਭੀ ਚਿੱਤ ਲਗੇ।
ਉਜਲ ਲੀੜੇ ਵਾਲੇ ਨੂੰ, ਹਰ ਕੋਈ ਪਾਸ ਬਿਠਾਂਦਾ ਹੈ।
ਬਦਲ ਦਿਓ ਉਸ ਮੰਦਰ ਨੂੰ, ਜੋ ਸੁਖਦਾਈ ਨਹਿ ਜੀਵਨ ਨੂੰ।
ਰੋਗਾਂ ਦਾ ਭੰਡਾਰ ਹੈ ਅਰ, ਖੇਦ ਪੁਚਾਂਦਾ ਹੈ ਮਨ ਨੂੰ।
ਬਾਗ ਬਣੇ ਬੁਲਬੁਲ ਖਾਤਰ, ਨਹਿ ਬੁਲਬੁਲ ਬਾਗਾਂ ਹੇਤ ਬਣੀ।
ਮੰਦਰ ਮਾਨੁਖ ਖਾਤਰ ਹਨ, ਨਹਿ ਮਾਨੁਖ ਮੰਦਰ ਰੋਕਣ ਨੂੰ।
ਬਦਲ ਦਿਓ ਉਸ ਪੁਸਤਕ ਨੂੰ ਜੋ ਭੈੜੇ ਰਸਤੇ ਪਾਂਦੀ ਹੈ।
ਨਾ ਸ਼ੁਭ ਆਚਰਨ ਸਿਖਾਂਦੀ ਹੈ, ਨਾ ਹਿਰਦੇ ਨੂੰ ਲਿਸ਼ਕਾਂਦੀ ਹੈ।
ਪੁਸਤਕ ਓਹੋ ਚੰਗੀ ਹੈ, ਜੋ ਜੀਵਨ ਸਵੱਛ ਬਣਾ ਦੇਵੇ।
ਰੋਕ ਬਦੀ ਦੇ ਪਾਸੇ ਤੋਂ, ਨੇਕੀ ਦੀ ਜਾਚ ਸਿਖਾਂਦੀ ਹੈ।
ਬਦਲ ਦਿਓ ਉਸ ਕਾਰਜ ਨੂੰ, ਜਿਸ ਦਾ ਸਿਧਾਂਤ ਖੁਆਰੀ ਹੈ।
ਕੰਮ ਉਹੋ ਕਰਨਾ ਚਾਹੀਏ, ਜੋ ਸੁੰਦਰ ਤੇ ਸੁਖਕਾਰੀ ਹੈ।
ਸੋਭਾ ਵਾਲੀ ਕਾਰ ਕਰੇ, ਅਰ ਹੋਰਾਂ ਪਰਉਪਕਾਰ ਕਰੋ।
ਨੇਕੀ ਨਾਲ ਪਿਆਰ ਕਰੋ, ਨੇਕੀ ਈਸ਼ਵਰ ਨੂੰ ਪਿਆਰੀ ਹੈ।
ਬਦਲ ਦਿਓ ਉਹ ਚਿਤ ਬ੍ਰਿਤੀ, ਜੋ ਮਾਯਾ ਵਿਚ ਫਸਾਂਦੀ ਹੈ।
ਦੁਨੀਆਂ ਵਿਚ ਖੁਆਰ ਕਰੇ, ਈਸ਼ਵਰ ਦੀ ਯਾਦ ਭੁਲਾਂਦੀ ਹੈ।
ਮਾਯਾ ਬਾਦਰ ਛਾਯਾ[2] ਹੈ, ਕਿਉਂ ਇਸ ਪਰ ਜੀ ਭਰਮਾਯਾ ਹੈ।
ਮੇਹਰ ਪ੍ਰਭੂ ਦੀ ਹੀ 'ਹਰਿ ਧਨ'[3], ਭਵ ਸਾਗਰ ਪਾਰ ਕਰਾਂਦੀ ਹੈ।

ਘਰ ਦਾ ਤੀਰਥ

ਉਠ ਘਰ ਵਿਚ ਬਾਲ ਮਸਾਲ ਸਜਨ।
ਫਿਰ ਮੰਦਰ ਦੀਵਾ ਬਾਲ ਸਜਨ।
ਇਸ ਘਰ ਘੁੱਪ ਅੰਧੇਰਾ ਹੈ, ਅਗਜਾਨ ਜਮਾਯਾ ਡੇਰਾ ਹੈ।
ਇਸ ਵਿਚ ਹੀ ਦਰਬ ਬਥੇਰਾ ਹੈ, ਕਰ ਪਹਿਲੇ ਇਸਦੀ ਭਾਲ ਸਜਨ।

---

1. ਦੋਸ਼, ਬਦਨਾਮੀ, ਦਾਗ਼। 2. ਬੱਦਲਾਂ ਦੀ ਛਾਂ। 3. ਭਾਵ ਧਨੀ ਰਾਮ=ਚਾਤ੍ਰਿਕ।

ਉੱਠ ਘਰ ਵਿਚ ਬਾਲ ਮਸਾਲ ਸਜਨ।
ਫ਼ਿਰ ਮੰਦਰ ਦੀਵਾ ਬਾਲ ਸਜਨ।
ਤਜ ਹੋਰ ਮੰਦਰੀਂ ਜਾਣਾਂ ਤੂੰ ਅਰ ਲਾਂਭੇ ਦੀਪ ਜਗਾਣਾਂ ਤੂੰ,
ਕਰ ਘਰ ਵਿਚ ਬੈਠ ਠਿਕਾਣਾ ਤੂੰ, ਇਸ ਵਿਚ ਅਨਮੁਲੇ ਲਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।
ਜਦ ਘਰ ਵਿਚ ਜੋਤ ਜਗਾਵੇਂਗਾ, ਤਦ ਸਭ ਕੁਝ ਏਥੋਂ ਪਾਵੇਂਗਾ,
ਨਾਂ ਹੋਰ ਕਿਸੇ ਪਹਿ ਜਾਵੇਂਗਾ, ਮੁਕਤੀ ਹਿਤ ਕਰਨ ਸਵਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।
ਦੇ ਪੋਚੇ ਰੱਬ ਰਿਝਾਂਵੇਂ ਕੀ, ਦਿਲ ਖੋਟੇ ਦੀਪ ਜਗਾਵੇਂ ਕੀ ?
ਛੱਡ ਰਸਤਾ ਔਝੜ ਜਾਵੇਂ ਕੀ, ਸੁਣ ਬਿਨਤੀ ਨਾਲ ਖਿਆਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।
ਇਸ ਘਰ ਵਿਚ ਮੰਦਰ ਸਾਰੇ ਨੇ, ਤਟ ਤੀਰਥ, ਠਾਕਰ ਦਵਾਰੇ ਨੇ,
ਕਾਂਸ਼ੀ, ਪ੍ਰਯਾਗ, ਹਰਿਦਵਾਰੇ ਨੇ, ਇਸ ਵਿਚ ਹੀ ਦੀਨ ਦਿਆਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।
ਇਸ ਘਰ ਵਿਚ ਗੰਗਾ ਵਗਦੀ ਹੈ, ਘਰ ਵਿਚ ਹੀ ਜਵਾਲਾ ਜਗਦੀ ਹੈ।
ਨਿਤ ਸੁੰਨ ਸਮਾਧੀ ਲਗਦੀ ਹੈ, ਘਰ ਖੜਕ ਰਹੇ ਘੜਿਆਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।
ਘਰ ਠਾਕਰ ਸਾਲਿਗਰਾਮ ਘਰੇ, ਸ੍ਰੀ ਕ੍ਰਿਸ਼ਨ ਘਰੇ ਸੀਆ ਰਾਮ ਘਰੇ,
ਦੁਰਗਾ ਮੰਦਰ ਰਿਖਿ ਰਾਮ ਘਰੇ, ਕਰ ਭਾਲ ਜਰਾ ਗਹੁ ਨਾਲ, ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।
ਭਗਤੀ ਅਰ ਗਜਾਨ ਧਜਾਨ ਘਰੇ, ਸ੍ਰੁਤਿ ਸਿਮ੍ਰਿਤਿ ਵੇਦ ਪੁਰਾਨ ਘਰੇ,
ਪੂਜਾ, ਅਰਚਾ ਇਸ਼ਨਾਨ ਘਰੇ, ਉਠੋ ਆਪਨਾ ਫਰਜ਼ ਸੰਭਾਲ ਸਜਨ
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।
ਪਿਉ ਬੁੱਢਾ ਵਿਸ਼ਨ ਸਰੂਪ ਤੇਰਾ, ਸ਼ਿਵ ਬ੍ਰਹਮਾ ਕ੍ਰਿਸ਼ਨ ਅਨੂਪ ਤੇਰਾ,
ਸਭ ਦੇਵਤਿਆਂ ਦਾ ਭੂਪ ਤੇਰਾ, ਕਰ ਸੇਵਾ ਪ੍ਰੀਤੀ ਨਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।

ਘਰ ਵਿਚ ਤੇਰੀ ਮਹਿਤਾਰੀ[1] ਹੈ, ਉਹ ਸੀਤਾ ਮਾਤ ਪਿਆਰੀ ਹੈ,
ਉਹੋ ਪਾਰਬਤੀ ਅਵਤਾਰੀ ਹੈ, ਫੜ ਚਰਨ ਉਦੇ ਤਤਕਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।

ਜਿਸ ਮਾਤਾ ਪਿਤਾ ਰਿਝਾਇ ਲਏ, ਉਸ ਸਾਰੇ ਦੇਵ ਮਨਾਇ ਲਏ,
ਤਟ ਤੀਰਥ ਸਾਰੇ ਨ੍ਹਾਇ ਲਏ, ਅਰ ਕੱਟ ਲਿਆ ਜਮਜਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।

ਆ ਹੋਰ ਦੇਵ ਬਹੁਤੇਰੇ ਨੀ, ਓਹ ਸਾਕ ਕੁਟੰਬੀ ਤੇਰੇ ਨੀ,
ਜੋ ਘਰ ਵਿਚ ਵਡੇ ਵਡੇਰੇ ਨੀ, ਕਰ ਓਨ੍ਹਾਂ ਦੀ ਪ੍ਰਿਤਪਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।

ਜਿਤਨੀ ਕੁਝ ਟਹਿਲ ਕਮਾਇ ਸਕੇਂ, ਓਨ੍ਹਾਂ ਨੂੰ ਸੁਖ ਪਹੁੰਚਾਇ ਸਕੇਂ,
ਮੇਹਨਤ ਕਰ ਵੰਡ ਛਕਾਇ ਸਕੇਂ, ਉਤਨੀ ਕਰ ਸ਼ਰਧਾ ਨਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।

ਤੇਰੇ ਘਰ ਲਛਮੀ ਅਵਤਾਰੀ ਹੈ, ਅਰਧੰਗੀ ਤੇਰੀ ਪਯਾਰੀ ਹੈ,
ਉਸੇ ਦੀ ਬਰਕਤ ਸਾਰੀ ਹੈ, ਉਸ ਨਾਲ ਤੂੰ ਪ੍ਰੀਤੀ ਪਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।

ਘਰ ਵਿਚ ਜੋ ਕੰਮ ਭਵਾਨੀ ਹੈ, ਇਹੋ ਅਸਲੀ ਦੁਰਗਾ ਰਾਣੀ ਹੈ,
ਬਾਹਰ ਦੀ ਜੋਤ ਜਗਾਣੀ ਹੈ ? ਕਰ ਇਸ ਨੂੰ ਪੂਜ ਖਿਆਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।

ਕਰ ਉਸੇ ਦਾ ਦਿਲ ਪਰਚਾਵਾ ਤੂੰ, ਚੋਲਾ ਦੇਹ ਸੂਹਾ ਸਾਵਾ ਤੂੰ,
ਵਿੱਦਜਾ ਦਾ ਚਾੜ੍ਹ ਚੜ੍ਹਾਵਾ ਤੂੰ, ਹੋ ਪੁੰਨ ਤੇਰਾ ਜਿਸ ਨਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।

ਘਰ ਵਿਚ ਜੋ ਲੜਕੇ ਬਾਲੇ ਨੇ, ਏਹ ਤੇਰੇ ਬੰਸੀ ਵਾਲੇ ਨੇ,
ਜਿਸ ਪ੍ਰੀਤ ਨਾਲ ਏਹ ਪਾਲੇ ਨੇ, ਉਸ ਪੂਜਾ ਲਿਆ ਨੰਦ ਲਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।

1. ਮਾਤਾ, ਮਾਂ।

ਸੁਭ ਮਤ ਦੇ ਪਲ ਪੜ੍ਹਾਈਂ ਨੇ, ਕਿਸੇ ਭਲੀ ਕਿਰਤ ਤੇ ਲਾਈਂ ਨੇ,
ਵਡਿਆਂ ਦੀ ਟਹਿਲ ਸਿਖਾਈਂ ਨੇ, ਨੇਕੀ ਦਾ ਜਾਚ ਸਿਖਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।
ਘਰ ਤੇਰਾ ਧਰਮ ਦੁਆਰਾ ਹੈ, ਏਥੇ ਲੱਗਾ ਰਹੇ ਭੰਡਾਰਾ ਹੈ,
ਜੇ ਤੈਨੂੰ ਧਰਮ ਪਿਆਰਾ ਹੈ ਕਰ ਤਰਸ ਗਰੀਬਾਂ ਨਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।
ਜੋ ਪੇਟ ਭਰਨ ਤੋਂ ਆਰੀ[1] ਹੈ, ਗਿਰਹੀ[2] ਹੈ ਯਾ ਭਿਖਿਆਰੀ ਹੈ,
ਜਦ ਦੇਖ ਲਵੇਂ ਅਧਿਕਾਰੀ[3] ਹੈ, ਕਰ ਪੂਰਾ ਤੁਰਕ ਸਵਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।
ਕੋਈ ਦੁੱਖ ਥੀਂ ਦੁਖੀਆ ਹੋਵੇ ਜੇ, ਅਰ ਦੁੱਖ ਥੀਂ ਡੋਲ ਖਲੋਵੇ ਜੇ,
ਅਰ ਪਾਸ ਤੇਰੇ ਆ ਰੋਵੇ ਜੇ, ਕਰ ਨੇਕੀ ਉਸਦੇ ਨਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।
ਕੋਈ ਦਰ ਤੇਰੇ ਜੋ ਆਯਾ ਹੈ, ਜੋ ਭੁੱਖਾ ਤੇ ਤਿਰਹਾਯਾ ਹੈ,
ਜੋ ਕੁਝ ਤੂੰ ਪਕਾਯਾ ਹੈ, ਉਸ ਵਿਚੋਂ ਤੁਰਤ ਖੁਵਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।
ਔਹ ਦੇਖ ਸੰਤ ਇਕੰ ਆਯਾ ਹੈ, ਤੇਰਾ ਹੀ ਹਮਸਾਯਾ ਹੈ,
ਹਮਸਾਯਾ ਮਾਂ ਪਿਉ ਜਾਯਾ ਹੈ, ਦੇ ਆਦਰ ਪਾਸ ਬਿਠਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ।
ਫਿਰ ਮੰਦਰ ਦੀਵਾ ਬਾਲ ਸਜਨ।
ਮਿਤਰ ਨੂੰ ਪ੍ਰੀਤੀ ਦਾਨ ਕਰੀਂ, ਘਰ ਆਏ ਦਾ ਸਨਮਾਨ ਕਰੀਂ,
ਨੌਕਰ ਤੇ ਮੇਹਰ ਮਹਾਨ ਕਰੀਂ, ਨੇਕੀ ਕਰ ਹਰ ਇਕ ਨਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ,
ਫਿਰ ਮੰਦਰ ਦੀਵਾ ਬਾਲ ਸਜਨ।
ਮੰਦਰ ਜਾ ਦੀਪ ਜਗਾਣਾ ਕੀ, ਘਰ ਮੰਦਰ ਤਜ ਕੇ ਜਾਣਾ ਕੀ,
ਅਣਮੁੱਲਾ ਸਮਾਂ ਗੁਆਣਾਂ ਕੀ, 'ਚਾਤ੍ਰਿਕ' ਦਾ ਮੰਨ ਸਵਾਲ ਸਜਨ।
ਉਠ ਘਰ ਵਿਚ ਬਾਲ ਮਸਾਲ ਸਜਨ।
ਫਿਰ ਮੰਦਰ ਦੀਵਾ ਬਾਲ ਸਜਨ।

---

1. ਮੁਥਾਜ। 2. ਗ੍ਰਿਹਸਥੀ। 3. ਹੱਕ ਰਖਦਾ ਹੈ।

ਪਿੰਜਰੇ ਦਾ ਪੰਛੀ

ਪਿੰਜਰੇ ਵਿਚ ਪਰਚੇ ਹੋਏ ਪੰਛੀ, ਰੱਬ ਦਾ ਸ਼ੁਕਰ ਮਨਾਂਦਾ ਕਿਉਂ ਨਹੀਂ ?
ਖੁਲੀ ਹੋਈ ਖਿੜਕੀ ਤੱਕ ਕੇ ਵੀ, ਗਰਦਨ ਉਤਾਂਹ ਉਠਾਂਦਾ ਕਿਉਂ ਨਹੀਂ ?
ਮੁਦਤ ਦਾ ਤਰਸੇਵਾਂ ਤੇਰਾ, ਖੁਲ੍ਹੀ ਹਵਾ ਵਿਚ ਉਤਾਹ ਚੜ੍ਹਨ ਦਾ,
ਹੁਣ ਤੇ ਤੇਰਾ ਵਸ ਚਲਦਾ ਏ, ਭਰਕੇ ਪਰ ਫੈਲਾਂਦਾ ਕਿਉਂ ਨਹੀਂ ?
ਉਂਗਲੀ ਨਾਲ ਇਸ਼ਾਰੇ ਪਾ ਪਾ, ਨਾਚ ਬਤੇਰੇ ਨਚ ਲਏ ਨੇ,
ਆਪਣੀ ਹੱਥੀਂ ਲੀਹਾਂ ਪਾ ਕੇ, ਕਿਸਮਤ ਨਵੀਂ ਬਣਾਂਦਾ ਕਿਉਂ ਨਹੀਂ ?
ਸੰਗਲ ਦੇ ਖਿਲਰੇ ਹੋਏ ਟੋਟੇ, ਮੁੜਕੇ ਜੇ ਕੋਈ ਜੋੜਨ ਲੱਗੇ,
ਹਿੰਮਤ ਦਾ ਫੁੰਕਾਰਾ ਭਰ ਕੇ ਮੂਜ਼ੀ[1] ਪਰ੍ਹਾਂ ਹਟਾਂਦਾ ਕਿਉਂ ਨਹੀਂ ?
ਮੀਸਣਿਆਂ ਮਾਸ਼ੂਕਾਂ ਦਾ ਮੂੰਹ, ਚੰਦ ਚੜ੍ਹੇ ਮੁਸਕਾ ਉਠਿਆ ਏ,
ਛੁਹ ਕੇ ਨਾਚ ਮਲੰਗਾਂ ਵਾਲਾ, ਮਹਿਫਲ ਨੂੰ ਗਰਮਾਂਦਾ ਕਿਉਂ ਨਹੀਂ ?
ਮੈ-ਖ਼ਾਨੇ ਵਿਚ ਆਇਆ ਹੈ, ਨਾਲ ਬਹਾ ਲੈ, ਘੁੰਡ ਚੁਕਾ ਕੇ,
ਇਕੋ ਬੇੜੀ ਦੇ ਵਿਚ ਬਹਿ ਕੇ, ਪੀਂਦਾ ਅਤੇ ਪਿਆਂਦਾ ਕਿਉਂ ਨਹੀਂ ?
ਮੱਥੇ ਟਿਕਦੇ ਸਨ ਨਿਤ ਜਿਸ ਥਾਂ, ਢਾਹ ਸੁਟਿਆ ਉਹ ਥੜ੍ਹਾ ਸਮੇਂ ਨੇ,
ਨਵੇਂ ਜ਼ਮਾਨੇ ਦਾ ਫੜ ਪੱਲਾ, ਨਵਾਂ ਜਹਾਨ ਵਸਾਂਦਾ ਕਿਉਂ ਨਹੀਂ ?
ਤੇਰੇ ਈ ਕਸ਼ਟ ਸਹੇੜੇ ਹੋਏ, ਬਣ ਗਏ ਨੇ ਨਾਸੂਰ ਪੁਰਾਣੇ,
ਦੇਵਤਿਆਂ ਦਾ ਮੂੰਹ ਕੀ ਤਕਨੈ, ਆਪੀ ਹੱਥ ਹਿਲਾਂਦਾ ਕਿਉਂ ਨਹੀਂ ?

ਮੈਂ ਥਕ ਗਈ ਤੁਰਦੀ ਤੁਰਦੀ

ਛਾਲੇ ਪੈ ਗਏ ਪੈਰੀਂ ਮੇਰੇ, ਮਜ਼ਲ ਸੁਣੀਂਦੀ ਹੋਰ ਅਗੇਰੇ,
ਸਾਹ ਸੁਕੇ ਸੁਣ ਲੰਮੀਆਂ ਵਾਟਾਂ, ਹਰਦਮ ਪੈਣ ਜਿਗਰ ਵਿਚ ਘਾਣਾਂ।
ਹਿੰਮਤ ਥੋੜੀ, ਗਠੜੀ ਭਾਰੀ, ਖਾਲੀ ਕੰਨੀਆਂ, ਅਮਲੋਂ ਆਰੀ,
ਬਹਿ ਜਾ ਝੋਰੇ ਝੁਰਦੀ, ਮੈਂ ਥਕ ਗਈ ਤੁਰਦੀ ਤੁਰਦੀ।
ਤੜਕਿਓਂ ਤੁਰੀ ਦੁਪਹਿਰਾਂ ਆਈਆਂ, ਢਲ ਕੇ ਧੁਪ, ਤਿਕਾਲਾਂ ਪਈਆਂ।
ਰਾਤ ਲੰਘਾਈ ਗਿਣ ਗਿਣ ਤਾਰੇ, ਨਵੀਂ ਸਵੇਰੇ ਨਵੇਂ ਤਿਆਰੇ,
ਲੰਘ ਗਈ ਉਮਰ ਵਟਾਂਦਿਆਂ ਬਾਣੇ, ਕੀ ਜਾਣਾ ਕਦ ਮਿਲਣ ਟਿਕਾਣੇ।
ਘਰੋਂ ਤੁਰੀ ਹੋਈ ਧੁਰ ਦੀ, ਮੈਂ ਥਕ ਗਈ ਤੁਰਦੀ ਤੁਰਦੀ।
ਪਿਛਲੀ ਮੰਜ਼ਿਲ ਯਾਦ ਨਹੀਂ ਹੈ, ਅਗਲੀ ਮੰਜ਼ਿਲ ਯਾਦ ਨਹੀਂ ਹੈ।
ਕਿੱਧਰ ਜਾਣਾ ? ਕੋਈ ਨਾ ਦੱਸੇ ਕਿੰਨੀ ਦੂਰੀ, ਕੋਈ ਨਾ ਦੱਸੇ,
ਪਾਣੀ ਰਿੜਕ ਰਿੜਕ ਕੇ ਅਕ ਗਈ, ਮਜ਼ਲਾਂ ਮਾਰ ਮਾਰ ਕੇ ਥਕ ਗਈ।

---

1. ਡਰਪੋਕ, ਕਾਇਰ, ਦੁਖਦਾਈ।

ਅਗੋਂ ਅਕਲ ਨਾ ਫੁਰਦੀ, ਮੈਂ ਥਕ ਗਈ ਤੁਰਦੀ ਤੁਰਦੀ।
ਅਗ੍ਹਾਂ ਹਨੇਰਾ, ਪਿਛ੍ਹਾਂ ਹਨੇਰਾ, ਤਲੇ ਹਨੇਰਾ, ਉਤ੍ਹਾਂ ਹਨੇਰਾ,
ਤਰਸ ਰਹੀ ਹਾਂ ਕਿਸੇ ਸ਼ੁਆ[1] ਨੂੰ, ਟੋਲ ਰਹੀ ਹਾਂ ਠੰਢੀ ਵਾ ਨੂੰ।
ਰਸਤੇ ਦੀ ਰੱਸੀ ਸੁਕ ਚੱਲੀ, ਤਕਵੇ ਦੀ ਛਪੜੀ ਸੁਕ ਚੱਲੀ,
ਆਸ ਹੋਈ ਅੱਧ ਮੁਰਦੀ, ਮੈਂ ਥਕ ਗਈ ਤੁਰਦੀ ਤੁਰਦੀ।

ਗ੍ਰਿਹਸਥ ਜੋੜੀ

ਸ਼ਾਦੀ ਕਰਾਣ ਵਾਲੇ, ਓ ਨੌਜਵਾਨ ਸ਼ੇਰਾ,
ਗ੍ਰਿਹਸਥ ਆਸ਼ਰਮ ਦਾ, ਬੀੜਾ ਹੈ ਤੂੰ ਉਠਾਇਆ।
ਮਾਰਗ ਹੈ ਇਹ ਮੁਬਾਰਕ, ਇਕ ਚਾਲ ਹੈ ਕਦੀਮੀ[2]
ਨਾਰੀ ਤੇ ਨਰ ਦਾ ਜੋੜਾ, ਕੁਦਰਤ ਨੇ ਹੈ ਬਣਾਇਆ।
ਜੀਵਨ ਕਿਤਾਬ ਦਾ ਹੁਣ, ਉਲਟਣ ਲਗਾ ਹੈ ਵਰਕਾ।
ਕਾਦਰ ਨੇ ਜ਼ੁੰਮੇਵਾਰੀ ਦਾ ਭਾਰ ਹੈ ਚੁਕਾਇਆ।
ਜੀਵਨ ਤੇਰੇ ਦੀ ਸਾਥਣ ਨਾਲ ਤੇਰੇ ਹੋਸੀ।
ਹਸ ਹਸ ਗ੍ਰਿਹਸਥ ਗੱਡਾ ਜਾਵੇਗਾ ਝਟ ਚਲਾਇਆ।
ਇਕ ਪ੍ਰੀਤ ਦਾ ਸਹਾਰਾ ਹੈ ਦੋ ਦਿਲਾਂ ਦਾ ਮੇਲ,
ਦੋ ਮਿਲ ਚੁਕੇ ਦਿਲਾਂ ਤੋਂ ਜਾਵੇ ਨਾ ਕੁਝ ਲੁਕਾਇਆ।
ਰੱਸਾ ਕੱਸੀ ਤੋਂ ਬਚਕੇ, ਕੱਠੇ ਤੁਰੇ ਚਲੋਗੇ,
ਆਰਾਮ ਨਾਲ ਪੈਂਡਾ ਜਾਵੇਗਾ ਫਿਰ ਮੁਕਾਇਆ।
ਸਭ ਜੂਨੀਆਂ ਤੋਂ ਉਤਮ, ਮਾਨੁਸ਼ ਜੂਨ ਕਹਿੰਦੇ,
ਮਾਨੁਸ਼ਤਾ ਦਾ ਜੌਹਰ[3] ਜਾਵੇਗਾ ਨਾ ਦਬਾਇਆ।
ਫੁਲਾਂ ਦੀ ਸੇਜ ਜਾਪੇ ਬਾਹਰੋਂ ਗ੍ਰਿਹਸਥ ਜੀਵਨ,
ਪਰ ਕੰਡਿਆਂ ਭੀ ਥਾਂ ਥਾਂ ਇਕ ਜਾਲ ਹੈ ਵਿਛਾਇਆ।
ਬਚ ਬਚ ਕੇ ਪੈਰ ਧਰਨਾ, ਪੋਲੀ ਜਿਹੀ ਜੇ ਧਰਤੀ,
ਸਾਈਂ ਨਾ ਭੁਲ ਜਾਵੇ, ਮਾਇਆ ਦਾ ਪੈ ਕੇ ਸਾਇਆ।
ਜਮ ਜਮ ਅਨੰਦ ਮਾਣੋ, ਪਰ ਮਨ ਰਹੇ ਕਿਨਾਰੇ,
ਧਨ ਧਾਮ ਨੂੰ ਹੰਡਾਓ ਪਰ ਧਰਮ ਦੇ ਸਹਾਰੇ।

ਰੁਬਾਈ

ਸੈ ਤਕਦੀਰਾਂ ਘੜੀਆਂ ਭੱਜੀਆਂ, ਸੈ ਬਲੀਆਂ ਬੁਝ ਗਈਆਂ।
ਪਰ ਹਿੰਮਤ ਦੀਆਂ ਪਾਈਆਂ ਲੀਕਾਂ, ਦਿਨ ਦਿਨ ਉਘੜਨ ਪਈਆਂ।

---

1. ਕਿਰਨ। 2. ਸ਼ੁਰੂ ਦੀ, ਪੁਰਾਣੀ, ਸਦੀਵੀ। 3. ਗੁਣ, ਖੂਬੀ।

ਤੂੰ ਆਲਸ ਦਾ ਪੱਲਾ ਫੜ ਕੇ, ਨਾਂ ਕਿਸਮਤ ਦਾ ਧਰਿਆ,
ਹਿੰਮਤੀਆਂ ਨੇ ਮਾਰ ਕੇ ਬਾਹਾਂ, ਸੈ ਨਦੀਆਂ ਤਰ ਲਈਆਂ।

ਬਾਲਾਂ ਲਈ ਸਿਖਿਆ

ਤੰਦਰੁਸਤ ਜੇ ਰਹਿਣਾ ਜੇ ਤਾਂ ਚੀਜ਼ ਬਜ਼ਾਰੀ ਖਾਓ ਨਾ,
ਥਿੰਦੇ ਪਾਪੜ ਖਟੇ ਛੋਲੇ, ਖਾ ਕੇ ਖੰਘ ਲਗਾਓ ਨਾ।
ਜੋ ਕੁਝ ਖਾਓ ਤਾਜਾ ਖਾਓ, ਬਾਸੀ ਤੇ ਨਾ ਜੀ ਭਰਮਾਓ,
ਸੜੇ ਗਲੇ ਯਾ ਕੱਚੇ ਫਲ ਦੇ ਲਾਗੇ ਭੁਲ ਕੇ ਜਾਓ ਨਾ।
ਦੁਧ ਦਹੀਂ ਲੱਸੀ ਤੇ ਮੱਖਣ, ਦੇਹ ਨੂੰ ਨਵਾਂ ਨਰੋਆ ਰੱਖਣ,
ਖੱਟਾ, ਮਿਰਚ ਵਲੈਤੀ ਘਿਉ ਦੀਆਂ, ਚੀਜ਼ਾਂ ਨੂੰ ਹੱਥ ਲਾਓ ਨਾ।
ਮੱਖੀ ਹੈਜ਼ਾ ਤੁਰਤ ਲਿਆਵੇ ਮੱਛਰ ਤੇਈਆ ਤਾਪ ਚੜ੍ਹਾਏ,
ਚੂਹੇ ਨਾਲ ਪਲੇਗ ਫ਼ੈਲਦੀ, ਘਰ ਵਿਚ ਕਦੇ ਟਿਕਾਓ ਨਾ।
ਤੜਕੇ ਜਾਗ, ਸੈਰ ਨੂੰ ਜਾਣਾ, ਦਾਤਣ ਕਰਨੀ, ਮਲ ਕੇ ਨ੍ਹਾਣਾ,
ਵਰਜਸ਼ ਕਰੋ, ਸਫਾਈ ਰੱਖੋ, ਮੈਲੇ ਕਪੜੇ ਪਾਓ ਨਾ।

ਕੱਤਕ ਦੀ ਦੀਪਮਾਲਾ

ਕੈਸੀ ਸੋਹਣੀ ਤੇ ਮਨਮੋਹਣੀ, ਕੱਤਕ ਦੀ ਦੀਵਾਲੀ ਹੈ,
ਚਾਨਣ ਦਿਨ ਨੂੰ ਮਾਤ ਕਰੇ, ਇਹ ਰਾਤ ਨਸੀਬਾਂ ਵਾਲੀ ਹੈ।
ਘਰ ਘਰ ਖੁਸ਼ੀਆਂ ਜਾਣ ਮਨਾਈਆਂ, ਸਗਨ ਸੁਆਰਥ ਹੁੰਦੇ ਹਨ,
ਭਾਰਤ ਵਰਸ਼ ਦੇ ਚੱਪੇ ਚੱਪੇ, ਜਗਹ ਨਾ ਕੋਈ ਖਾਲੀ ਹੈ।
ਰਾਮਚੰਦ੍ਰ ਬਨਬਾਸ ਭੋਗ ਕੇ, ਆਏ ਆਯੁਧਜਾ ਨਗਰੀ ਵਿਚ,
ਚੌਦਾਂ ਵਰਿਹਾਂ ਪਿਛੋਂ ਇਸ ਦਿਨ, ਗੱਦੀ ਆਣ ਸੰਭਾਲੀ ਹੈ।
ਲਛਮੀ ਦਾ ਪੂਜਨ ਹੁੰਦਾ ਹੈ ਘਰ ਘਰ ਹਿੰਦੂ ਲੋਕਾਂ ਦੇ,
ਦੌਲਤ ਅਗੇ ਬਰਕਤ ਖਾਤਰ, ਸਭ ਦਾ ਹਥ ਸਵਾਲੀ[1] ਹੈ।
ਜੈਨ ਬਾਣੀਏ ਨਵੀਆਂ ਵਹੀਆਂ, ਏਸੇ ਦਿਨ ਪਲਟਾਂਟੇ ਹਨ,
ਸਾਲਵਾਹਨ[2] ਦਾ ਸੰਮਤ ਚੜ੍ਹਦਾ, ਹੁੰਦੀ ਬੜੀ ਖੁਸ਼ਹਾਲੀ ਹੈ।
ਦਯਾ ਨੰਦ ਸਵਾਮੀ ਭੀ ਇਸ ਦਿਨ, ਲਾਫਾਨੀ[3] ਪਦ ਪਾਇਆ ਸੀ,
ਆਰਯ ਸਭਯਤਾ ਮੋਈ ਹੋਈ, ਜਿਸਨੇ ਫੇਰ ਜਵਾਲੀ ਹੈ।
ਗਵਾਲੀਅਰ ਦੇ ਕਿਲ੍ਹਿਓਂ ਛੇਵੇਂ ਸਤਿਗੁਰ ਹਰਗੋਬਿੰਦ ਜੀ,
ਹੋ ਆਜ਼ਾਦ ਅੰਮ੍ਰਿਤਸਰ ਆਏ, ਸ਼ਹਿਰ ਦਿਵਾਲੀ ਬਾਲੀ ਹੈ।

---

1. ਮੰਗਣ ਵਾਲਾ। 2. ਦੱਖਣੀ ਭਾਰਤ ਦਾ ਇਕ ਪ੍ਰਤਾਪੀ ਰਾਜਾ ਜਿਸਨੇ ਆਪਣਾ ਸਾਲ ਸੰਨ ਈਸਵੀ 78 ਤੋਂ ਚਲਾਇਆ ਸੀ। 3. ਨਾਸ ਰਹਿਤ, ਅਮਰ।

ਹਿੰਦੂ ਆਰਯ, ਸਿਖਾਂ ਦਾ ਤਿਉਹਾਰ, ਏ 'ਚਾਤ੍ਰਿਕ' ਸਾਂਝਾ ਹੈ।
ਕੁਝ ਕੁਝ ਜੂਏ ਬਾਜ਼ਾਂ ਦੀ ਭੀ ਇਸ ਵਿਚ ਭਾਈਵਾਲੀ ਹੈ।

ਕਾਕਾ	ਮਾਤਾ
ਮਾਤਾ ਜੀ ਮਾਤਾ ਜੀ	ਜੀਉ ਵੇ ਲਾਲ।
ਕੀ ਕੀ ਬਣਾਇਆ ਜੇ ?	ਫੁਲਕੇ ਤੇ ਦਾਲ,
ਹੋਰ ਭੀ ਕੋਈ ਸ਼ੈ ?	ਗੁੱਛੀਆਂ, ਚੌਲ।
ਹੱਛਾਂ, ਤੇ ਹੋਰ ਕੀ ?	ਦਹੀਂ ਦਾ ਕੌਲ।
ਮੱਖਣ ਵੀ ਦੇਓਗੇ ?	ਕਿਉਂ ਨਹੀਂ, ਜ਼ਰੂਰ।
ਫਲ ਵੀ ਮੰਗਾਏ ਜੇ ?	ਕੇਲਾ ਅੰਗੂਰ
ਵਾਹਵਾ ਜੀ, ਦੇਓ ਫਿਰ,	ਹੱਥ ਤੇ ਧੋ।
ਧੋ ਕੇ ਤੇ ਆਇਆ ਵਾਂ,	ਹੱਛਾ ਖਲੋ।
ਥਾਲੀ ਵੀ ਲੈ ਆਵਾਂ ?	ਕੌਲਾ ਵੀ ਨਾਲ।
ਚਮਚਾ ਵੀ ਲੈ ਆਵਾਂ ?	ਸ਼ਾਵਾ ਸ਼ੇ ਲਾਲ।

ਵੇਖੋਂ ਨਾ, ਕਾਕਾ ਵੇ। ਤੱਤੀ ਊ ਦਾਲ,
ਕੰਡਾ ਨਾ ਪੈ ਜਾਵੇ, ਰੱਖੀਂ ਖਿਆਲ,
ਮੱਖੀ ਨਾ ਬੈਠਣ ਦੇ ਪੱਖੀ ਹਿਲਾ,
ਨਿੱਕੀਆਂ ਬੁਰਕੀਆਂ, ਚਿਥ ਕੇ ਖਾ।
ਜਿੰਨਾ ਤੂੰ ਖਾਣਾ ਏ, ਓਨਾ ਈ ਲੈ,
ਜੂਠੀ ਨਾ ਰਹਿ ਜਾਏ, ਕੋਈ ਵੀ ਸ਼ੈ।
ਮਲ ਕੇ ਸਾਬੁਣ ਹੁਣ ਹੱਥ ਸੁਆਰ,
ਦੰਦਾਂ ਨੂੰ ਸਾਫ ਕਰ ਉਂਗਲੀ ਮਾਰ।
ਸਾਬਾਸ਼ੇ ਹੁਣ ਜਾ ਕੇ ਕਰ ਲੈ ਆਰਾਮ।
ਸੁਣ ਕੇ ਸਬਕ ਫਿਰ ਦਿਆਂਗੀ ਇਨਾਮ।

ਦੁਨੀਆਂ ਦੇ ਰੋਗ

ਸੂਰਜ, ਚੰਨ, ਤਾਰੇ, ਧਰਤਿ, ਗਗਨ, ਜਦ ਤੋਂ ਫੇਰਾਂ ਵਿਚ ਪਾਏ ਗਏ।
ਕਈ ਲੱਖਾਂ ਯੁਗ ਪਲਟਾਏ ਗਏ, ਕਈ ਤਖਤ ਵਿਛਾਏ ਉਡਾਏ ਗਏ।
ਕਈ ਨਕਸ਼ ਬਣਾਏ ਮਿਟਾਏ ਗਏ, ਕਈ ਦੀਪ ਜਗਾਏ ਬੁਝਾਏ ਗਏ।
ਇਕ ਕਾਲ ਹਨੇਰੀ ਚਲਦੀ ਹੈ,
ਦੁਨੀਆਂ ਨਿਤ ਰੰਗ ਬਦਲਦੀ ਏ।

ਰਾਵਣ, ਹਰਨਾਕਸ[1], ਕੰਸ[2] ਗਏ, ਕਾਰੂੰ[3], ਲੁਕਮਾਨ[4], ਸਿਕੰਦਰ[5] ਗਏ,
ਸਾਧੂ, ਦਾਨੀ, ਗੁਣਵਾਨ ਗਏ, ਅਵਤਾਰ ਗਏ, ਪੈਗੰਬਰ ਗਏ।
ਆਬਾਦ ਹੋਏ, ਬਰਬਾਦ ਹੋਏ, ਆ ਆ ਤੁਰ ਗਏ, ਜੀ ਜੀ ਮਰ ਗਏ।
ਹੋਣੀ ਦੀ ਭੱਠੀ ਬਲਦੀ ਏ,
ਦੁਨੀਆਂ ਨਿਤ ਰੰਗ ਬਦਲਦੀ ਏ।
ਕਿਤੇ ਹੁਸਨ ਇਸ਼ਕ ਦੀਆਂ ਛੇੜਾਂ ਨੇ, ਟਕਰਾਵੇ ਮੌਤ ਹਯਾਤ[6] ਕਿਤੇ,
ਪੱਤਝੜੀ ਕਿਤੇ, ਗੁਲਜ਼ਾਰ ਕਿਤੇ, ਦੋਪਹਿਰ ਕਿਤੇ, ਪ੍ਰਭਾਤ ਕਿਤੇ।
ਭੰਗ ਭੁਜਦੀ ਕਿਤੇ ਕੰਗਾਲੀ ਦੀ, ਤੇ ਦੌਲਤ ਦੀ ਬਰਸਾਤ ਕਿਤੇ।
ਕਿਤੇ ਹਸਰਤ ਤਲੀਆਂ ਮਲਦੀ ਏ,
ਦੁਨੀਆਂ ਨਿਤ ਰੰਗ ਬਦਲਦੀ ਏ।
ਚੁਕਿਆ ਇਤਿਹਾਸ ਨਵਾਂ ਪਤਰਾ, ਦਮ ਟੁਟ ਗਏ ਜੰਮ ਹਵਾਈ ਦੇ,
ਜਰਮਨ ਜਪਾਨ ਫਤੇ ਹੋ ਗਏ, ਸ਼ਾਦਿਆਨੇ[7] ਵਜੇ ਵਧਾਈ ਦੇ,
ਦੁਨੀਆਂ ਨੇ ਥਾਪੀ ਅਮਨ ਸਭਾ, ਦਿਨ ਆ ਗਏ ਦਿਲੀ ਸਫਾਈ ਦੇ।
ਗਲਬਾਤ ਸੁਲਾਹ ਦੀ ਚਲਦੀ ਏ,
ਦੁਨੀਆਂ ਨਿਤ ਰੰਗ ਬਦਲਦੀ ਏ।
ਜੇ ਰੰਗ ਨਸਲ ਦੀਆਂ ਅੱਖਾਂ ਤੋਂ, ਫੂੰ ਫੂੰ ਦੀ ਚਰਬੀ ਲਹਿ ਜਾਵੇ,
ਨਫਰਤ ਦਾ ਭੂਤ ਉਤਰ ਜਾਵੇ, ਬੰਦਾ ਬੰਦਿਆਂ ਵਿਚ ਬਹਿ ਜਾਵੇ।
ਇਨਸਾਨ ਫਰਿਸ਼ਤਾ ਬਣ ਜਾਵੇ, ਮਜ਼ਹਬ ਭੀ ਤਕਦਾ ਰਹਿ ਜਾਵੇ।
ਹਸਰਤ ਭੀ ਏਸੇ ਗਲ ਦੀ ਏ,
ਦੁਨੀਆਂ ਨਿਤ ਰੰਗ ਬਦਲਦੀ ਏ।
ਆਜ਼ਾਦੀ ਤੇ ਹੋ ਗਈ ਅਟਲ, ਪਰ ਕੰਗਾਲੀ ਵਿਚ ਅੜੀ ਰਹੀ,
ਮਿਹਨਤ ਮਾਇਆ ਦੇ ਬੂਹੇ ਤੇ, ਬਦਬਖਤ[8] ਖੜੀ ਦੀ ਖੜੀ ਰਹੀ।
ਇਨਸਾਫ ਬਿਨਾ ਸਰਮਾਏ ਦੀ, ਹੈਂਕੜ ਜੋ ਸਿਰ ਤੇ ਚੜ੍ਹੀ ਰਹੀ,
ਦੋਹਾਂ ਦੀ ਸੁਰ ਕਦ ਰਲਦੀ ਏ ?
ਦੁਨੀਆਂ ਨਿਤ ਰੰਗ ਬਦਲਦੀ ਏ।
ਤਕ ਬੜੇ ਬੜੇ ਗੜ੍ਹ ਸਰ ਹੁੰਦੇ, ਦਿਲ ਵਧ ਗਿਆ ਆਸ਼ਾਵਾਦੀ ਦਾ,
ਸਾਰੇ ਰਸਤੇ ਖੁਲ ਜਾਵਣਗੇ, ਜਦ ਦਿਨ ਆਇਆ ਆਜ਼ਾਦੀ ਦਾ।
ਘਸਵੱਟੀ ਦਰ ਪਾ ਦੇਵੇਗੀ, ਸਚਿਆਈ ਤੇ ਉਸਤਾਦੀ ਦਾ।

---

1. ਪੀਲੀਆਂ ਜਿਹੀਆਂ ਅੱਖਾਂ ਵਾਲਾ ਇਕ ਦੈਂਤ ਜਿਸਦੇ ਘਰ ਭਗਤ ਪ੍ਰਹਿਲਾਦ ਨੇ ਜਨਮ ਲਿਆ ਸੀ।
2. ਰਾਣਾ ਉਗ੍ਰਸੈਨ ਦੀ ਇਸਤ੍ਰੀ ਦੇ ਪੇਟੋਂ ਪੈਦਾ ਹੋਇਆ ਦ੍ਰਮਿਲ ਦੈਂਤ ਦਾ ਪੁੱਤਰ ਜੋ ਸ੍ਰੀ ਕ੍ਰਿਸ਼ਨ ਜੀ ਦਾ ਮਾਮਾ ਅਤੇ ਵੈਰੀ ਸੀ।
3. ਇਸਰਾਈਲ-ਵੰਸ਼ੀ ਯਸ਼ਰ ਦਾ ਪੁੱਤਰ ਜੋ ਮਿਸਰ ਵਿਚ ਵੱਡਾ ਧਨੀ ਤੇ ਕੰਜੂਸਾਂ ਦਾ ਸਿਰਤਾਜ ਸੀ। ਇਸ ਦਾ ਜ਼ਿਕਰ ਕੁਰਾਨ ਮਜੀਦ ਵਿਚ ਭੀ ਆਇਆ ਹੈ।
4. ਇਹ ਜਗਤ ਪ੍ਰਸਿੱਧ ਹਕੀਮ ਹੋਇਆ ਹੈ ਜਿਸਦਾ ਜ਼ਿਕਰ ਅੰਜੀਲ ਤੇ ਕੁਰਾਨ ਵਿਚ ਆਇਆ ਹੈ।
5. ਫੈਲਕੂਸ ਦਾ ਪੁੱਤਰ ਯੂਨਾਨ ਦਾ ਬਾਦਸ਼ਾਹ ਜਿਸਨੇ 320 ਈਸਵੀ ਪੂਰਵ ਭਾਰਤ ਤੇ ਚੜ੍ਹਾਈ ਕੀਤੀ ਸੀ।
6. ਜੀਵਨ ਜ਼ਿੰਦਗੀ। 7. ਖ਼ੁਸ਼ੀ ਦੇ ਵਾਜੇ। 8. ਅਭਾਗੀ।

ਦਿਨ ਪਾ ਕੇ ਖੇਤੀ ਫਲਦੀ ਏ,
ਦੁਨੀਆਂ ਨਿਤ ਰੰਗ ਬਦਲਦੀ ਏ।

ਸ਼ਰਮ ਕਰ, ਮਾਨੁੱਸ਼ਤਾ ਕੁਝ, ਸ਼ਰਮ ਕਰ

ਚਰਖੇ ਚਰਖੇ ਫਿਰ ਗਿਆ ਚਰਖਾ ਤਿਰਾ,
ਚਾਕ ਕੀਤਾ ਪੁਲਸ ਨੇ ਪਰਚਾ ਤਿਰਾ।
ਕਰਚੇ ਨੇਂ ਅਖਬਾਰ ਮੂੰਹ ਕਾਲਾ ਤਿਰਾ,
ਕੱਢਿਆਂ ਇਖਲਾਕ ਦੀਵਾਲਾ ਤਿਰਾ।
ਚਿੱਟੀ ਚਾਦਰ ਤੇਰੀ ਲੰਮੀ ਹੋ ਗਈ,
ਬੀਬੀ ਦਾੜ੍ਹੀ ਨਸ਼ਰ[1] ਚੰਗੀ ਹੋ ਗਈ।
ਬੰਦਿਆਂ ਵਾਲਾ ਕੋਈ ਤੇ ਕਰਮ ਕਰ,
ਸ਼ਰਮ ਕਰ, ਮਾਨੁਸ਼ਤਾ ਕੁਝ ਸ਼ਰਮ ਕਰ।
ਕਾਲ ਪਾਇਆ ਮੋਟੇ ਮੋਟੇ ਲਾਲਿਆਂ।
ਲੁਟ ਪਾਈ ਰੰਗੀ ਪਗੜੀ ਵਾਲਿਆਂ।
ਮਾਲ ਸਾਂਭਿਆ ਰਾਣੀ ਖਾਂ ਦਿਆਂ ਸਾਲਿਆ।
ਪੜਦੇ ਪਾਏ ਚਿਟੀ ਅਚਕਨ ਵਾਲਿਆਂ।
ਸਾਲੇ ਭਣਵਯੇ, ਭਤੀਜੇ, ਭਾਣਜੇ,
ਸਾਕ ਨਾਤੇ ਮੁਰਗੀ ਫੜਕੇ ਆਣ ਜੇ।
ਉਨ੍ਹਾਂ ਰਾਹੀਂ ਖੂਬ ਮੂਠੀ ਗਰਮ ਕਰ।
ਸ਼ਰਮ ਕਰ, ਇਨਸਾਨੀਅਤ ਕੁਝ ਸ਼ਰਮ ਕਰ।
ਸੁਣ ਤੂੰ ਕਲਜੋਗਣੇ, ਪੀਤੇ ਕਈ,
ਖੀਸੇ ਖਾਲੀ ਲੋਹੇ ਦੇ ਕੀਤੇ ਕਈ।
ਖੰਡ ਖਾ ਖਾ ਮੂੰਹ ਤੂੰ ਮਿੱਠਾ ਕਰ ਲਿਆ।
ਕਪੜੇ ਲਾਹ ਲਾਹ ਕੇ ਅੰਦਰ ਭਰ ਲਿਆ।
ਟੈਕਸਾਂ ਦੇ ਮਾਰੇ ਹੋਏ ਕੋਹੇ ਬੜੇ,
ਜਿੰਦ ਵਾਲੇ ਆਲ੍ਹਣੇ ਟੋਹੇ ਬੜੇ।
ਰਿਸ਼ਵਤ ਤੂਫਾਨ ਹੁਣ ਤੇ ਨਰਮ ਕਰ,
ਸ਼ਰਮ ਕਰ, ਮਾਨੁਸ਼ਤਾ ਕੁਝ ਸ਼ਰਮ ਕਰ।
ਰੱਬ ਦਾ ਨਾਂ ਲੈ ਕੇ, ਛਿਲਾਂ ਲਾਹੀ ਜਾ,
ਧਰਮ ਕਹਿ ਕਹਿ ਸਾਮੀਆਂ ਉਗਰਾਹੀ ਜਾ।
ਫਿਰਕੇਦਾਰੀ ਦੇ ਧੜੇ ਬੇਸ਼ਕ ਬਣਾ,
ਛੋਹ ਚਾ ਮੰਦਰ ਕੋਈ ਮਹਾਰਾਜ ਦਾ।

---

1. ਸ਼ਬਦ ਅਰਥ ਮਸ਼ਹੂਰ, ਇਥੇ ਭਾਵ ਮੁਹਾਵਰੇ ਅਨੁਸਾਰ ਬਦਨਾਮ ਤੋਂ ਹੈ।

ਬਾਜ਼ੀ ਜਿੱਤੀ ਲੀਡਰਾਂ ਦਿਆਂ ਚਾਲਿਆਂ।
ਕਾਂਗਰਸ ਲਈ ਦੱਬ, ਦੌਲਤ ਵਾਲਿਆਂ।
ਸਾਡੀ ਹੈ ਸਰਕਾਰ ਕੁਝ ਨਾ ਭਰਮ ਕਰ,
ਸ਼ਰਮ ਕਰ, ਮਾਨੁਸ਼ਤਾ ਕੁਝ ਸ਼ਰਮ ਕਰ।

ਖ਼ਿਆਲੀ ਆਜ਼ਾਦੀ

(ਕਾਫ਼ੀ ਕਵਾਲੀ)

ਮਨ ਕਿਵੇਂ ਮੰਨੇ ਕਿ ਭਾਰਤ ਹੋ ਚੁਕਾ ਆਜ਼ਾਦ ਹੈ—ਟੇਕ

1. ਹੋਏ ਮਾਲਿਕ ਮੁਲਕ ਦੇ ਮੰਨਿਆ ਮੈਂ ਨਹਿਰੂ ਤੇ ਪਟੇਲ
ਰਹਿ ਨਾ ਸਕਸੀ ਦੇਸ਼ ਸਾਡਾ, ਹੁਣ ਕਿਸੇ ਦਾ ਭੀ ਦਬੇਲ[1],
ਆ ਰਹੀ ਹਰ ਪਾਸਿਓਂ ਸਾਨੂੰ ਮੁਬਾਰਕਬਾਦ ਹੈ।
ਮਨ ਨਹੀਂ ਮੰਨਦਾ ਕਿ ਭਾਰਤ ਹੋ ਚੁਕਾ ਆਜ਼ਾਦ ਹੈ।

2. ਕੌਂਸਲਾਂ ਵਿਚ ਚਹਿਕਦੇ ਹਨ ਬਹਿਕੇ ਲੀਡਰ ਕੋਲ ਕੋਲ।
ਪਰ ਅਜੇ ਤਕ ਕਰ ਸਕੇ ਨਹੀਂ ਮੁਸ਼ਕਿਲਾਂ ਪਰ ਕੰਟਰੋਲ।
ਇਕ ਇਕ ਬੰਦਾ ਪ੍ਰਜਾ ਦਾ ਅੰਦਰੋਂ ਨਾਸ਼ਾਦ[2] ਹੈ।
ਮਨ ਕਿਵੇਂ ਮੰਨੇ ਕਿ ਭਾਰਤ ਵਾਕਈ ਆਜ਼ਾਦ ਹੈ।

3. ਨਕਲ ਹੁੰਦੀ ਹੈ ਉਸੇ ਖਚਰੇ ਪੁਰਾਣੇ ਯਾਰ ਦੀ।
ਵਟ ਗਈ ਵਰਦੀ ਹੈ ਕਾਤਿਲ ਦੀ ਉਸੇ ਤਲਵਾਰ ਦੀ।
ਟੈਕਸ ਦਰ ਟੈਕਸਾਂ ਦੀ ਲੋਟੀ[3] ਹੈ ਤੇ ਸ਼ਕਤੀ ਵਾਦ ਹੈ।
ਮਨ ਨਹੀਂ ਮੰਨਦਾ ਕਿ ਭਾਰਤ ਹੋ ਚੁਕਾ ਆਜ਼ਾਦ ਹੈ।

4. ਜ਼ਰ ਬਟੋਰਨ ਵਾਸਤੇ ਖੇਡੇ ਗਏ ਬੇਅੰਤ ਖੇਲ।
ਹਾਕਮਾਂ ਦੇ ਹੱਥ ਵਿਚ ਸਰਕਾਰ ਨੇ ਸੌਂਪੀ ਗੁਲੇਲ।
ਤਾੜ ਕੇ ਦੂਰੋਂ ਨਿਸ਼ਾਨੇ ਫੁੰਡਦਾ ਸਯਾਦ[4] ਹੈ।
ਮਨ ਨਹੀਂ ਮੰਨਦਾ ਕਿ ਭਾਰਤ ਸੱਚ ਮੁੱਚ ਆਜ਼ਾਦ ਹੈ।

5. ਜੁਲਮ ਜੋ ਅੰਗਰੇਜ਼ ਪਰਜਾ ਤੇ ਸੀ ਕਰਵਾਂਦਾ ਰਿਹਾ।
ਖਲ ਸਾਡੀ ਸਾਡਿਆਂ ਹੱਥੀ ਉਤਰਵਾਂਦਾ ਰਿਹਾ।
ਉਹੋ ਕੁਝ ਹੈ ਹੋ ਰਿਹਾ, ਇਹ ਹਾਲ ਸਭ ਨੂੰ ਯਾਦ ਹੈ।
ਮਨ ਕਿਵੇਂ ਮੰਨੇ ਕਿ ਭਾਰਤ ਵਾਕਈ ਆਜ਼ਾਦ ਹੈ।

6. ਚੋਰ ਰਿਸ਼ਵਤਖੋਰ ਹਾਕਮ, ਠੇਕੇਦਾਰਾਂ ਦੇ ਸਕੇ।
ਹਿਸੇ ਬਖਰੇ[5] ਕਰ ਕੇ ਸਭ ਨੇ ਗੋਗੜਾਂ ਵਿਚ ਭਰ ਲਏ।
ਅਖੀਓਂ ਅੰਨ੍ਹੀ ਹਕੂਮਤ, ਦਾਦ ਨਾ ਫਰਯਾਦ ਹੈ।
ਮਨ ਨਹੀਂ ਮੰਨਦਾ ਕਿ ਭਾਰਤ ਹੋ ਗਿਆ ਆਜ਼ਾਦ ਹੈ।

---

1. ਦਾਬੇ ਹੇਠ ਆਇਆ ਹੋਇਆ। 2. ਨਾ ਖੁਸ਼। 3. ਲੁੱਟ। 4. ਸ਼ਿਕਾਰੀ। 5. ਹਿੱਸੇ।

7. ਕੁਝ ਨਹੀਂ ਬਣਿਆ ਉਜੜਿਆਂ ਤੇ ਗਰੀਬਾਂ ਦੇ ਲਈ।
ਬੇਕਸਾਂ[1] ਵਿਧਵਾਂ ਯਤੀਮਾਂ ਦੀ ਨਾ ਸੇਵਾ ਹੋ ਸਕੀ।
ਮਾਲਦਾਰਾਂ ਵਾਸਤੇ ਦੁਨੀਆ ਬੜੀ ਆਬਾਦ ਹੈ।
ਕੌਣ ਮੰਨਦਾ ਹੈ ਕਿ ਭਾਰਤ ਵਾਕਈ ਆਜ਼ਾਦ ਹੈ।

8. ਜੀਭ ਤੇ ਹੈ ਜੰਦਰਾ ਜੜਿਆ, ਕਲਮ ਪਾਬੰਦ ਹੈ।
ਧਾੜਵੀ ਬਦਮਾਸ਼ ਚੋਰ ਬਲੈਕੀਆ ਆਨੰਦ ਹੈ।
ਇਕ ਹੈ ਸ਼ੈਤਾਨ ਦੂਜਾ ਓਸ ਦਾ ਉਸਤਾਦ ਹੈ।
ਮਨ ਨਹੀਂ ਮੰਨਦਾ ਕਿ ਭਾਰਤ ਹੋ ਚੁਕਾ ਆਜ਼ਾਦ ਹੈ।

ਆਪਣੇ ਬੰਦਿਆਂ ਵਿਚ ਸ਼ੁਮਾਰ ਕਰ

ਕੁੰਡਲਾਂ ਵਾਲੀਆਂ ਮੇਢੀਆਂ ਨੂੰ, ਗੁੰਦ ਕੇ ਚਮਕਦਾਰ ਕਰ।
ਵਿੰਗਾਂ ਵਲੇਵਿਆਂ ਨਾਲ ਭਰੇ, ਜੰਗਲਾਂ ਵਿਚ ਖੁਆਰ ਕਰ।
ਹੁਸਨ ਤੇ ਇਸ਼ਕ ਦਾ ਪਿਆਰ, ਆਦਿ ਤੋਂ ਚਲਦਾ ਆਇਆ।
ਤੀਰ ਸ਼ਿਵਾ[2] ਦੇ ਨੈਣ ਦਾ, ਮਾਰਕੇ ਕਾਮ ਤੇ ਵਾਰ ਕਰ।
ਤੂੰ ਤੇ ਬਣਾ ਕੇ ਕਾਇਨਾਤ, ਆਪਣੀ ਰੀਝ ਹੈ ਲਾਹ ਲਈ,
ਮੇਰੀ ਵੀ ਰੀਝ ਲਾਹਣ ਦਾ, ਰਾਹ ਕੋਈ ਤਿਆਰ ਕਰ।
ਤੇਰੀ ਰਜ਼ਾ ਤੇ ਤੁਰ ਪਿਆ, ਏਹੋ ਕਸੂਰ ਹੋ ਗਿਆ,
ਯਾ ਮੇਰੀ ਭੁਲ ਮੁਆਫ ਕਰ, ਯਾ ਮੇਰਾ ਬੇੜਾ ਪਾਰ ਕਰ।
ਕੀਤੇ ਗੁਨਾਹ ਬਿਅੰਤ ਮੈਂ, ਤੇਰੀਆਂ ਅੱਖਾਂ ਦੇ ਸਾਹਮਣੇ,
ਮੈਨੂੰ ਵੀ ਸ਼ਰਮਸਾਰ ਕਰ, ਤੇ ਆਪ ਵੀ ਕੁਝ ਵਿਚਾਰ ਕਰ।
ਉਮਰ ਸਾਰੀ ਗਲਫਤਾਂ[3] ਤੇ ਗਲਤੀਆਂ 'ਚ ਲੰਘ ਗਈ,
ਪਿਆਰ ਦੀ ਨਿਗਾਹ ਵੀ ਪਾ ਤੇ ਮੈਨੂੰ ਵੀ ਹੋਸ਼ਿਆਰ ਕਰ।
ਮੈਂ ਤੈਨੂੰ ਅਰਸ਼ ਤੇ ਚਾੜ੍ਹਿਆ, ਤੂੰ ਮੇਰੀ ਆਰਜ਼ੂ ਪੁਗਾ,
ਚਾਤ੍ਰਿਕ ਨੂੰ ਆਪਣੇ ਬੰਦਿਆਂ ਵਿਚ ਸ਼ੁਮਾਰ ਕਰ।

ਪਤਝੜੀ ! ਖਾਲੀ ਕਰ ਦੇ ਬਾਗ

ਅੰਬਰਵੇਲ[4] ਤੇਰੇ ਨਾਲ ਆਈ,
ਬੂਟਿਆਂ ਦੀ ਹੋ ਗਈ ਸਫਾਈ।
ਕੰਡੇ ਈ ਕੰਡੇ ਹੋ ਗਈ ਧਰਤੀ,
ਲਗ ਗਈ ਐਸੀ ਲਾਗ, ਪੱਤਝੜੀ।...

1. ਮਜਬੂਰ, ਬੇਸਹਾਰਾ। 2. ਸ਼ਿਵ ਜੀ ਦੇ ਤਿੰਨ ਨੇਤਰ ਮੰਨੇ ਗਏ ਹਨ। ਪੁਰਾਣਕ ਕਥਾ ਹੈ ਕਿ ਉਹਨਾਂ ਦੇ ਧਨੁਖ ਤੋਂ ਚਲਾਇਆ ਤੀਰ ਕਦੇ ਨਿਹਫਲ ਨਹੀਂ ਹੁੰਦਾ। 3. ਬੇਪਰਵਾਹੀਆਂ, ਭੁੱਲਾਂ।
4. ਪੀਲੇ ਰੰਗ ਦੀ, ਬਿਨ ਪੱਤੇ, ਧਾਗਿਆਂ ਵਰਗੀ ਇਕ ਵੇਲ ਜਿਸ ਦੀ ਜੜ੍ਹ ਜ਼ਮੀਨ ਵਿਚ ਨਹੀਂ ਹੁੰਦੀ। ਇਹ ਬਿਰਛਾਂ ਉਪਰ ਫੈਲ ਕੇ ਉਹਨਾਂ ਤੋਂ ਹੀ ਆਪਣਾ ਭੋਜਨ ਲੈਂਦੀ ਹੈ।

ਜਦ ਦਾ ਤੇਰਾ ਸਾਇਆ ਪੈ ਗਿਆ,
ਬਾਗ ਦੀ ਬਰਕਤ ਹੂੰਝ ਕੇ ਲੈ ਗਿਆ।
ਨਾ ਮਿਠਬੋਲੇ ਪੰਛੀ ਚਹਿਕਣ,
ਨਾ ਇਕ ਸੁਰ ਦਾ ਰਾਗ, ਪੱਤਝੜੀ।...
ਨਵੀਂ ਪਨੀਰੀ ਲਾ ਰਹੇ ਮਾਲੀ,
ਕਰ ਕਰ ਗੋਡੀ ਤੇ ਰਖਵਾਲੀ,
ਖਾ ਝੋਕੇ ਰਸ ਭਰੀ ਹਵਾ ਦੇ,
ਊਠੇ ਸ਼ਿਗੂਫ਼ਾ[1] ਜਾਗ ਪੱਤਝੜੀ।...
ਚੜ੍ਹੀ ਹਨੇਰੀ ਅਦਲ, ਬਦਲ ਦੀ,
ਹੋਣੀ ਹੋਏ ਬਾਝ ਨਾ ਟਲਦੀ,
ਹੋ ਚੁਕੀਆਂ ਪੱਤਝੜੀਆਂ ਵਾਂਙੂ,
ਆਪੇ ਚਮਨ[2] ਤਿਆਗ, ਪੱਤਝੜੀ।...

ਇਤਫਾਕ, ਏਕਤਾ, ਭ੍ਰਾਤ੍ਰੀ ਭਾਵ

ਆ ਏਕਤਾ, ਸੰਸਾਰ ਤੋਂ ਪੂਜਾ ਕਰਾਵਣ ਹਾਰੀਏ।
ਹਾਂ, ਬਕਰਤਾਂ ਦੇ ਮੇਘ, ਭਰ ਭਰਕੇ ਵਸਾਵਣ ਹਾਰੀਏ !
ਸੁਖ ਸ਼ਾਨਤੀ ਦੇ ਬਾਗ ਵਿਚ ਮਹਿਕਾਂ ਖਿੰਡਾਵਣ ਹਾਰੀਏ,
ਹਾਂ, ਡਿਗਿਆਂ ਨੂੰ ਫਰਸ਼ ਤੋਂ ਅਰਸ਼ੀਂ ਪੁਚਾਵਣ ਵਾਲੀਏ,
ਜਿਸ ਕਿਸੇ ਨੇ ਤੇਰਾ ਦੁਆਰ, ਆਣ ਕੇ ਖੜਕਾਇਆ,
ਐਸ਼ਵਰਜ ਅਰ ਪ੍ਰਤਾਪ ਉਸ ਦਾ ਚੰਦ ਵਤ ਚਮਕਾਇਆ,
ਮਹਿਕਾਰ ਉਸ ਦੇ ਜੱਸ ਦੀ, ਭੌਰੇ ਮਨਾਂ ਨੂੰ ਕਰ ਲਏ,
ਬਾਹਰੋਂ ਭਰਾਵੇਂ ਝੋਲੀਆਂ, ਘਰ ਦੇ ਦਲਿਦਰ ਹਰ ਲਏ,
ਰੋਸ਼ਨ ਕਰੇ ਨਾਵਾਂ ਜਗਤ ਵਿਚ, ਪਾਇ ਸ਼ੁਭ ਵਡਿਆਈਆਂ।
ਮੋਹਿਤ ਕਰਨ ਸੰਸਾਰ ਤਾਈਂ, ਉਸ ਦੀਆਂ ਚੰਗਿਆਈਆਂ।
ਜੋ ਟੇਕ ਤੇਰੀ ਰਖਦੇ, ਸ਼ੁਭ ਰਾਹ ਕਦਮ ਉਲਾਰਦੇ,
ਉਹ ਆਪਣੀ ਕਲਿਆਣ ਕਰਦੇ, ਦੂਜਿਆਂ ਨੂੰ ਤਾਰਦੇ।
ਉਹ ਬਰਫ ਵਾਂਗਰ ਠੰਢੜੇ, ਅਰ ਨੀਰ ਵਾਂਗਰ ਨਿਰਮਲੇ।
ਉਹ ਚੰਦ ਵਾਂਗ ਸੁਹਾਵਣੇ, ਓਹ ਹੀਰਿਆਂ ਵਤ ਚਮਕਦੇ।
ਪਰਬਤ, ਸਿਖਰ ਵਤ ਉਚੜੇ, ਓਹ ਪੁਸ਼ਪ ਵਤ[3] ਮਹਿਕਾਰਦੇ।
ਓਹ ਰਸ ਭਰੇ ਮਨ ਮੋਹਿਣੇ, ਠਰ ਆਪ ਸਭ ਨੂੰ ਠਾਰਦੇ।
ਓਹ ਕੌਮ ਦੀ ਮੁਕਤੀ ਲਈ, ਤੇਗਾਂ ਅਨੇਕਾਂ ਮਾਰਦੇ।
ਓਹ ਹੋਰਨਾਂ ਦੇ ਸੁਖ ਲਈ, ਆਪਣੇ ਸੁਖਾਂ ਨੂੰ ਵਾਰਦੇ।
ਓਹ ਤਾਰਿਆਂ ਵਤ ਡਲ੍ਹਕਦੇ, ਆਕਾਸ਼ ਦੇ ਵਿਚ ਜਾਇਕੇ।

---

1. ਕਰੂੰਮਲਾਂ। 2. ਬਾਗ਼। 3. ਵਾਗੂੰ।

ਸੰਸਾਰ ਦੇ ਵਿਚ ਸੱਦੀਏ, ਨਾਵਾਂ ਸਦਾ ਵਡਿਆਇਕੇ।
ਵਡਿਆਈਆਂ ਏਕੇ ਦੀਆਂ, ਸੰਸਾਰ ਵਿਚ ਮਸ਼ਹੂਰ ਨੇ।
ਬੇਮੁਖ ਹੋਏ ਜੋ ਏਕਤਾ ਤੋਂ, ਹੋਏ ਚਕਨਾਚੂਰ ਨੇ।
ਓਹ ਫੁਟ ਦੇ ਡੂੰਘੇ ਸਮੁੰਦਰ ਵਿਚ ਗੋਤੇ ਖਾਂਵਦੇ।
ਓਹ ਕਸ਼ਟ ਭੋਗ ਜਹਾਨ ਦੇ, ਪਰਲੋਕ ਚੋਟਾਂ ਖਾਂਵਦੇ।
ਆ ਕੰਮ ਬੀਰਾਂ ਵਾਲੀਏ, ਸੰਸਾਰ ਤੋਂ ਵਡਿਆਈਏ।
ਆ ਉਨਤੀ ਵਾਸਤੇ, ਸੰਸਾਰ ਪਟੜੀ ਆਈਏ।
ਆ ਏਕਤਾ ਸੁਖ ਦਾਇਨੀ ਦੀ, ਸ਼ਰਨ ਪਾਵਨ ਮੱਲੀਏ।
ਆ ਉਨਤੀ ਦੀ ਭੀਖ, ਉਸਦੇ ਦੁਆਰ ਮੰਗਣ ਚਲੀਏ।
ਜਿਸ ਫੁਟ ਨੇ ਕੰਮਾਂ, ਤਬਾਹੀ ਦੇ ਸਮੁੰਦਰ ਬੇੜੀਆਂ।
ਕੁਝ ਕੰਮ ਕਾਰੋਂ ਸੁੰਞੀਆਂ ਅਰ ਮੁਰਦੀਆਂ ਕਰ ਛੋੜੀਆਂ।
ਉਸ ਫੁਟ ਨੂੰ ਕਰ ਦੂਰ, ਏਕੇ ਦੀ ਬਿਸਾਤ[1] ਵਿਛਾਈਏ।
ਜੋ ਕੰਮ ਕਰਦੇ ਹਾਂ ਉਨ੍ਹਾਂ ਵਿਚ, ਬਰਕਤਾਂ ਫਲ ਪਾਈਏ।
ਜਿਦ ਤੋੜ ਆਪੋ ਆਪਣੀ ਇਕ ਜੁਟ[2] ਬਣ ਕੇ ਚੱਲੀਏ।
ਇਤਫਾਕ ਦੇ ਗੁਰਮਤੇ[3] ਕਰ, ਹਾਲਤ ਗਿਰੀ ਨੂੰ ਠੱਲ੍ਹੀਏ।
ਤਾਂ ਨਾਸ਼ਤਾ ਦੇ ਪੰਜਿਓਂ ਬਚ ਜਾਈਏ ਜੀ ਸੱਕੀਏ।
ਕੁਝ ਆਪ ਭੀ ਕਰ ਸੱਕੀਏ, ਨਾ ਹੋਰਨਾ ਵਲ ਤੱਕੀਏ।
ਕੁਝ ਆਪਣਾ ਆਪ ਸੁਧਾਰੀਏ, ਕੁਝ ਧਰਮ ਨੂੰ ਪਰਚਾਰੀਏ।
ਕੁਝ ਵਿਦਿਆ ਦੇ ਵਾਸਤੇ, ਉਠ ਹੱਥ ਦੋ ਦੋ ਮਾਰੀਏ।
ਅੱਜ ਕਲ ਸਾਡੇ ਘਰ ਵਿਖੇ, ਇਕ ਦੁਐਤ ਐਸੀ ਆ ਪਈ।
ਜਿਨ ਵਿਦਿਆ ਨੂੰ ਪਾੜ, ਦੁਬਿਧਾ ਭਾਈਆਂ ਵਿਚ ਪਾ ਛਡੀ।
ਇਹ ਵਕਤ ਹੈ ਸੰਭਾਲ ਸਮਝ, ਇਹ ਫੁਟ ਮਾਰ ਹਟਾਈਏ।
ਅਰ ਹਾਸਿਓਂ ਗੈਰਾਂ ਦਿਆ, ਮੋਤੀ ਦੀ ਆਬ ਬਚਾਈਏ।
ਇਸ ਫੁਟ ਦੇ ਥਾਂ ਏਕਤਾ ਘਰ ਵਿਚ ਲਿਆਇ ਵਸਾਈਏ।
ਸੰਸਾਰ ਵਿਚ ਜੈ ਜੈ ਜੈ ਕਰਾਈਏ ਅਰ ਸੁਖੀ ਹੋ ਜਾਈਏ।

ਇਸਤ੍ਰੀ ਜਾਤੀ ਦੇ ਧਾਰਨ ਕਰਨ ਦੇ ਗੁਣ

(ਇਕ ਅੰਗਰੇਜ਼ੀ ਕਵਿਤਾ ਦਾ ਅਨੁਵਾਦ)

ਦੇਖੋ ਕਜਾ ਆਕਾਸ਼ ਮਝਾਰ

ਚਮਤਕਾਰ ਇਕ ਬੱਦਲ ਛੋਟਾ ਕੱਲਾ ਟਿਕਿਆ ਸੋਭਾਦਾਰ[4],
ਕੈਸਾ ਉਚਾ, ਕਿਹਾ ਪਵਿਤਰ, ਇਕੱਲਵਾਂਜੇ ਕਰੇ ਬਹਾਰ।

---

1. ਵਿਛਾਉਣਾ। 2. ਇਕੱਠ, ਸਮੁਦਾਇ।
3. ਮਤਾ, ਫੈਸਲਾ, ਸੰਮਤੀ, ਸਿੱਖਾਂ ਦਾ ਧਾਰਮਿਕ ਸੰਕੇਤ ਹੈ ਜੋ ਸਰਬ ਸਾਂਝੇ ਫੈਸਲੇ ਲਈ ਸੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਾਜ਼ਰੀ ਵਿਚ ਹੁੰਦਾ ਹੈ, ਵਰਤਿਆ ਜਾਂਦਾ ਹੈ। 4. ਚੰਗੀ ਸ਼ਾਨ ਵਾਲੇ।

ਓਥੇ ਰਿਹਾ ਬਿਰਾਜ ਨਾਰਿ ਦਾ ਆਦਰ ਲਾਇਕ ਸ਼ੁਭ ਆਚਾਰ,
ਹੇ ਦੇਵੀ ਸ਼ੁਭ ਆਚਰਨਾਂ ਦੀ, ਹੇ ਸੁਖ ਸੰਪਤ[1] ਦੀ ਭੰਡਾਰ।
ਹੇ ਆਗੂ ਹਰਿ ਭਗਤੀ ਦੀ, ਹੇ ਹਰ ਔਕੜ ਦੀ ਮਦਦਗਾਰ।
ਹੇ ਸਵਾਮਨੀ ਗ੍ਰਿਹਸਥ ਰਾਜ ਦੀ, ਕੀ ਕੀ ਹਨ ਤੇਰੇ ਅਧਿਕਾਰ ?
ਮਿਹਨਤ ਕਰਨੀ, ਪ੍ਰੇਮ ਵਰਤਣਾ, ਕਰਨੀ ਬਿਨੈ ਪਾਸ ਕਰਤਾਰ,
ਦੁਖੀਏ ਦੇ ਦੁਖ ਦੀ ਬਣ ਸਾਥਣ, ਦਰਦ ਵੰਡਾਣਾ ਨਾਲ ਪਿਆਰ।
ਸੁਖ ਵਿਚ ਜਦੋਂ ਅਚੇਤ ਹੋਣ ਸਭ, ਆਪ ਉਨ੍ਹਾਂ ਦੀ ਕਰਨੀ ਸਾਰ,
ਵਿਪਦਾ ਵਿਚ ਜਦ ਵਗਣ ਅੱਥਰੂ ਧੀਰਜ ਦੇ ਕੇ ਦੇਣਾ ਠਾਰ।
ਚਿੰਤ ਨਦੀ ਵਿਚ ਰੁੜ੍ਹਦਿਆਂ ਤਾਈਂ ਬਾਹੋਂ ਪਕੜ ਲੰਘਾਣਾ ਪਾਰ,
ਕ੍ਰੋਧ ਨਾਲ ਜਦ ਚੜ੍ਹੇ ਤੀਊੜੀ, ਠੰਢਾ ਕਰਨਾ ਝਿੜਕ ਸਹਾਰ।
ਜਦ ਨਿਰਾਸਤਾ ਚਿਤ ਦੁਖਾਵੇ ਲੱਕ ਬੰਨ੍ਹਾਣਾ ਕਰ ਹੁਸ਼ਿਆਰ।
ਸ਼ੁਭ ਸੰਕਲਪ ਮਨਾਂ ਵਿਚ ਭਰਨੇ ਕਰਨਾ ਨੇਕੀ ਲਈ ਤਿਆਰ।
ਆਗੂ ਬਣਨਾ ਸ਼ੁਭ ਮਾਰਗ ਦੀ, ਮਨ ਸ਼ੀਸ਼ੀ ਦੀ ਮੈਲ ਉਤਾਰ,
ਸ਼ੁਭ ਵਰਤਣ ਸ਼ੁਭ ਗੁਣ ਆਪਣੇ ਥੀਂ ਘਰ ਕਰ ਦੇਣਾ ਸੁਰਗਦੁਆਰ।
ਮੱਥਾ ਖਿੜਿਆ ਕੋਮਲ ਬਾਣੀ ਮਿੱਠੀ ਮੋਹਣੀ ਤੇ ਰਸਦਾਰ।
ਹੇ ਸਤਵੰਤੀ ! ਹੇ ਵਡਭਾਗਣ, ਏਹ ਸਭ ਤੇਰੇ ਹਨ ਅਧਿਕਾਰ।
ਹਾਂ ਫਿਰ ਵਰਤ ਇਨ੍ਹਾਂ ਸਭਨਾਂ ਨੂੰ ਬਣਕੇ ਸੁਘੜ ਸੁਲੱਛਣ[2] ਨਾਰ,
ਤੇਰੀ ਸ਼ਕਤੀ ਤੇ ਸਮਰੱਥਾ, ਦਾ ਕੁਝ ਨਾਹੀਂ ਪਾਰਾਵਾਰ।
ਜੇ ਏਹ ਸਭ ਅਧਿਕਾਰ ਤੇਰੇ ਹਨ ਤਦ ਕੁਝ ਹੋਰ ਨਹੀਂ ਦਰਕਾਰ[3],
ਚੰਗੀ ਤਰ੍ਹਾਂ ਸੰਭਾਲ ਇਨ੍ਹਾਂ ਨੂੰ ਇਹੋ ਬਥੇਰੀ ਤੈਨੂੰ ਕਾਰ।

ਪੁਤਰ ਪਿਆਰਿਆ

ਚੜ੍ਹਦਿਓਂ ਚੜ੍ਹਦਿਆ ਸੁਹਣਿਆ ਤਾਰਿਆ।
ਮਾਂ ਦਿਆ ਪੁਤਰਾ ਪਿਆਰਿਆ ਪਿਆਰਿਆ।
ਕੌਲ ਫੁਲ ਵਰਗਿਆ ਕੂਲਿਆ ਬੂਟਿਆ।
ਸਮੇਂ ਦੇ ਨਵੇਂ ਅਸਕੂਲ ਦਿਆ ਬਾਲਕਾ।
ਜਦੋਂ ਤੂੰ ਏਸ ਸੰਸਾਰ ਵਿਚ ਚਲਿਓਂ।
ਰੱਬ ਨੇ ਪਿਆਰ ਉਪਕਾਰ ਹਿਤ ਘਲਿਓਂ।
ਨਾਲ ਹੀ ਕੰਨ ਵਿਚ ਫੂਕ ਇਹ ਭਰੀ ਸੀ।
ਨੀਂਹ ਤੇਰੀ ਉਨਤੀ ਵਾਸਤੇ ਧਰੀ ਸੀ।
ਮੇਰਾ ਅੰਸ਼ ਹੈਂ ਅੱਗ ਉਪਜਾਉਣੀ।

1. ਧਨ, ਪਦਾਰਥ। 2. ਚੰਗੇ ਗੁਣਾਂ ਵਾਲੀ। 3. ਲੋੜ।

ਚਿਣਗ ਮੇਰੀ ਤੂੰਹੇਂ ਅਗ੍ਹਾਂ ਫੈਲਾਉਣੀ।
ਵਡਿਆਂ ਹੁੰਦਿਆਂ ਪੜ੍ਹਦਿਆਂ ਖਿੜਦਿਆਂ।
ਸਿਹਤ ਤੇ ਫਰਜ਼ ਦੀ ਪਾਲਣਾ ਕਰਦਿਆਂ।
ਹੋਇ ਤੂੰ ਜਦੋਂ ਇਕ ਗਭਰੂ ਜਵਾਨ ਤੂੰ।
ਬਣੇ ਇਕ ਚੋਣਵਾਂ ਨੇਕ ਇਨਸਾਨ ਤੂੰ।
ਲਾਉਂਦਾ ਫਿਰੇਂ ਉਪਕਾਰ ਦੀਆਂ ਫੇਰੀਆਂ।
ਪੂਰੀਆਂ ਕਰੇਂ ਤੂੰ ਸੱਧਰਾਂ ਮੇਰੀਆਂ।
ਤੁਰੇਂ ਜਦ ਖੋਲ੍ਹ ਕੇਂ ਪਜਾਰ ਦੀ ਝੋਲ ਤੂੰ।
ਪਹੁੰਚਦਾ ਫਿਰੇਂ ਦੁਖਿਆਰਿਆਂ ਕੋਲ ਤੂੰ।
ਸਭ ਦੀਆਂ ਆਂਦਰਾਂ ਠੰਢੀਆਂ ਕਰੇਂ ਤੂੰ।
ਦਰਦ ਵੰਡਾਉਂਦਾ ਆਪ ਭੀ ਠਰੇਂ ਤੂੰ।
ਆਪਣਾ ਆਪ ਹੈ ਤੂੰਹੇ ਪ੍ਰਗਟਾਉਣਾ।
ਸੂਹਜ ਸੰਸਾਰ ਦਾ ਤੂੰਹੇਂ ਚਮਕਾਉਣਾ।
ਜਦੋਂ ਤੂੰ ਸੁਰਖਰੂ ਹੋਇਕੇ ਆਏਂਗਾ।
ਮੇਰੀਆਂ ਅੱਖੀਆਂ ਵਿਚ ਬਹਿ ਜਾਏਂਗਾ।

ਸੱਚ ਆਖਣ ਹੈ ਬਹੁਤ ਮੁਹਾਲ

ਲੜਦਾ ਲੜਦਾ ਫਾਵਾ[1] ਹੋ ਗਿਆ,
ਮੈਂ ਭੁਖਿਆਂ ਬਘਿਆੜਾਂ ਨਾਲ।
ਸੱਚ ਆਖਣ ਹੈ...
ਥਾਂ ਥਾਂ ਬਣ ਗਏ ਰੱਬ ਦੇ ਅੱਡੇ,
ਰਹਿਨ ਮਜੌਰਾਂ[2] ਦੇ ਮੂੰਹ ਟੱਡੇ,
ਉਹ ਦੇ ਨਾਂ ਤੇ, ਜਾਣ ਸਮੇਟੀ,
ਲੁਟ ਲੁਟ ਕੇ ਦੁਨੀਆਂ ਦਾ ਮਾਲ,
ਸੱਚ ਆਖਣ ਹੈ...
ਸੱਚੀ ਗੱਲ ਜੇ ਕੋਈ ਆਖੇ,
ਏਹ ਹੋ ਪੈਂਦੇ ਲੋਹੇ ਲਾਖੇ,
ਰੱਬ ਦੀਂ ਜਾਨ ਮਾਲ ਦੇ ਰਾਖੇ,
ਏਹੋ ਵਿਚਾਰੇ ਨਿਮਕ ਹਲਾਲ,
ਸੱਚ ਆਖਣ ਹੈ...
ਮਜ਼ਹਬ ਇਨ੍ਹਾਂ ਮਖੌਲ ਬਣਾਇਆ,
ਗੱਲ ਗੱਲ ਤੇ ਖਤਰੇ ਵਿਚ ਪਾਇਆ।

---

1. ਚੂਰ, ਥੱਕਾ। 2. ਪੁਜਾਰੀਆਂ ਤੋ ਭਾਵ ਹੈ।

ਜੋ ਨਾ ਹਾਜ਼ਰ ਕਰੇ ਚੜ੍ਹਾਵਾ,
ਇਹ ਫੜ ਲੈਂਦੇ ਸਿਰ ਦੇ ਵਾਲ,
ਸੱਚ ਆਖਣ ਹੈ...
ਕਿਸਮਤ ਨਵੀਂ ਬਣਾ ਸਕਦੇ ਨੇਂ,
ਨਰਕੀ ਸੁਰਗ ਪੁਚਾ ਸਕਦੇ ਨੇ,
ਪਾਸ ਪੋਰਟ ਮੁਕਤੀ ਦੇ ਵਿਕਦੇ,
ਜਗਹ ਜਗਹ ਤੇ ਫਿਰਨ ਦਲਾਲ,
ਸੱਚ ਆਖਣ ਹੈ ਬਹੁਤ ਮਹਾਲ।

ਨਵੇਂ ਰਹਬਰ ਦੀ ਲੋੜ

(ਗਜ਼ਲ ਕਵਾਲੀ)

ਪ੍ਰਭੂ, ਹੁਣ ਤੇ ਕਿਸੇ ਐਸੇ ਤਿਆਗੀ ਦੀ ਲਿਆ ਵਾਰੀ,
ਜੋ ਸਾਂਭੇ ਰਹਬਰੀ ਇਸ ਦੇਸ਼ ਦੀ ਬਣ ਕੇ ਕਲਾਧਾਰੀ।
ਜੋ ਮਨ ਬਚ, ਕਰਮ, ਤੋਂ ਹੋਵੇ, ਖਰਾ ਪੁਤਲਾ ਸਚਾਈ ਦਾ,
ਭਲਾ ਸਰਬੱਤ ਦਾ ਮੰਗੇ, ਜਿਵੇਂ ਨਾਨਕ ਨਿਰੰਕਾਰੀ।
ਖਰਾ ਬੰਦਾ ਤਿਰਾ ਹੋਵੇ, ਸਫਾ ਹਿਰਦਾ ਤੇ ਨਿਰਛਲ ਮਨ,
ਫਰਿਸ਼ਤੇ ਵਾਂਗ ਨਿਰਵਾਸ਼ੀ[1], ਵਤਨ ਤੋਂ ਜਾਇ ਬਲਿਹਾਰੀ।
ਦਿਆਨਤਦਾਰ ਸ਼ਰਧਾਲੂ ਜਿਵੇਂ ਟੈਗੋਰ ਤੇ ਗਾਂਧੀ,
ਸੁਭੇਛਕ[2] ਦੇਸ਼ ਦਰਦੀ ਬੋਸ ਨੇਤਾ ਵਾਂਗ ਹਿਤਕਾਰੀ।
ਬਹਾਦਰ ਸ਼ੇਰ ਦਿਲ ਬੇਗਰਜ਼, ਨਿਰਭਯ ਲਾਜਪਤ ਵਰਗਾ,
ਜਵਾਹਰ ਲਾਲ ਨਹਿਰੂ ਵਾਂਗ ਜਰਨੈਲੀ ਦਾ ਅਧਿਕਾਰੀ।
ਗਹਿਰ ਗੰਭੀਰ ਸਾਗਰ ਸਮ, ਦਯਾਲੂ ਵਾਂਗ ਬੁਧ ਗੌਤਮ,
ਖੜਾ ਮਾਨੁਸ਼ਤਾ ਸਿਖਰੇ, ਹਿਮਾਲਯਾ ਵਾਂਗ ਉਪਕਾਰੀ।
ਹੈ ਡਗਮਗ ਡੋਲਦੀ ਮੰਝਧਾਰ ਵਿਚ ਇਸ ਦੇਸ਼ ਦੀ ਨਈਆ,
ਬੜਾ ਚਿੰਤਾ ਜਨਕ ਹੈ ਰੋਗ, ਤੂੰ ਕੋਈ ਕਰੀਂ ਕਾਰੀ।
ਅਜ਼ਾਦੀ ਹੈ ਮਿਜ਼ਾਜੀ[3] ਸ਼ੈ, ਹਕੀਕਤ ਵਿਚ ਗ਼ੁਲਾਮੀ ਹੈ,
ਏ ਗੜਬੜ ਦੇਖ ਕੇ ਹੈ ਕੰਬਦੀ ਥਰ ਥਰ ਪ੍ਰਜਾ ਸਾਰੀ।
ਤੂੰ ਬਰਕਤ ਸਦਗੁਣਾਂ[4] ਦੀ ਭੇਜ ਇਸ ਮਾਸੂਮ ਧਰਤੀ ਤੇ,
ਨਿਕਲ ਮੈਦਾਨ ਵਿਚ ਨਿਤਰੇ ਕੋਈ ਯੋਧਾ ਸਦਾਚਾਰੀ।

ਇਸ਼ਕ ਦੀਆਂ ਧੁੰਮਾ

ਇਸ਼ਕ ਦੀਆਂ ਧੁੰਮਾਂ ਜੱਗ ਵਿਚ ਪਈਆਂ—ਟੇਕ
ਰਲ ਮਿਲ ਦੇਣ ਵਧਾਈਆਂ ਸਖੀਆਂ।

---

1. ਵਾਸ ਰਹਿਤ, ਦੇਸ਼ ਨਿਕਾਲਾ। 2. ਚੰਗੀ ਭਾਵਨਾ ਰਖਣ ਵਾਲਾ। 3. ਸੰਸਾਰਕ ਪਦਾਰਥਾਂ ਨਾਲ ਸਬੰਧਿਤ। 4. ਸੱਚਾਈ।

ਮੈਂ ਭੀ ਦਿੱਤੀਆਂ ਲਈਆਂ।
ਇਸ਼ਕ ਦੀਆਂ ਧੁੰਮਾਂ ਜੱਗ ਵਿਚ ਪਈਆਂ।

1. ਜਲਸਾ ਹੋਇਆ ਭਰੀ ਕਚਹਿਰੀ।
ਅਸੀਂ ਭੀ ਗਏ ਬੁਲਾਏ।
ਲਾਰਿਆਂ ਨਾਲ ਨਿਹਾਲ ਹੋ ਗਏ।
ਜੀ ਦੀਆਂ ਜੀ ਵਿਚ ਰਹੀਆਂ।
ਇਸ਼ਕ ਦੀਆਂ ਧੁੰਮਾਂ ਜੱਗ ਵਿਚ ਪਈਆਂ।

2. ਸਕੇ ਸੋਧਰੇ ਕੱਠੇ ਕਰਕੇ, ਠੇਕੇ ਗਏ ਦਿਵਾਏ,
ਹੱਕਦਾਰਾਂ ਦੀ ਵਾਰੀ ਆਇਆਂ,
ਪੁਠੀਆਂ ਕਲਮਾਂ ਵਹੀਆਂ।
ਇਸ਼ਕ ਦੀਆਂ ਧੁੰਮਾਂ ਜੱਗ ਵਿਚ ਪਈਆਂ।

3. ਚੋਰ, ਉਚਕੇ, ਚਤੁਰ, ਚੌਧਰੀ,
ਜਦੋਂ ਗਏ ਪਰਖਾਏ।
ਦਾੜੀਆਂ ਵਿਚੋਂ ਤੀਲੇ ਝੜ ਗਏ,
ਰੱਬ ਪੱਤਾਂ ਰਖ ਲਈਆਂ,
ਇਸ਼ਕ ਦੀਆਂ ਧੁੰਮਾਂ ਜੱਗ ਵਿਚ ਪਈਆਂ।

4. ਸਖੀ ਦਮਗਜੇ ਮਾਰਨ ਲੱਗਾ, ਭੁਖੇ ਅਡੀ ਝੋਲੀ,
ਚਾਲਾਕੀ ਨੇ ਠੂਠ ਚੁਮਾਇਆ,
ਸਭ ਆਸਾਂ ਡੁਬ ਗਈਆਂ,
ਇਸ਼ਕ ਦੀਆਂ ਧੁੰਮਾਂ ਜੱਗ ਵਿਚ ਪਈਆਂ।

5. ਢੱਕੀ ਰਿਝਣ ਦੇ ਹੁਣ ਕਵੀਆ,
ਦੜ ਵੱਟ ਕੇ ਦਿਨ ਕੱਟੀਂ,
ਹੋਰ ਪੁਆੜਾ ਪੈ ਨਾ ਜਾਏ,
ਜੇ ਤੂੰ ਸੱਚੀਆਂ ਕਹੀਆਂ,
ਇਸ਼ਕ ਦੀਆਂ ਧੁੰਮਾਂ ਜੱਗ ਵਿਚ ਪਈਆਂ।

ਨਿੰਦਾ ਚੁਗਲੀ

ਜੀਆ, ਨਿੰਦਾ, ਚੁਗਲੀ ਦਾ ਤੂੰ, ਕਾਹਨੂੰ ਹੋ ਗਿਓਂ ਆਦੀ[1] ?
ਐਬ ਪਰਾਏ ਫੋਲ ਫੋਲ ਕੇ, ਕਰਨਾ ਏ ਰੋਜ਼ ਮੁਨਾਦੀ[2]।
ਆਪਣੀ ਬੁਕਲ ਵਿਚ ਜੇ ਝਾਤੀ, ਮਾਰ ਕਦੇ ਸ਼ਰਮਾਂਦੋਂ,
ਤੋਬਾ[3] ਕਰ, ਬਖਸ਼ਾ ਲੈਂਦੋਂ, ਹਟ ਜਾਂਦੀ ਭੈੜੀ ਵਾਦੀ।
ਫੋਲ ਪਰਾਏ ਔਗੁਣ ਬੱਝੇ, ਕੁਝ ਨਾ ਆਪਣੇ ਪੱਲੇ।

---
1. ਆਦਤ ਵਾਲਾ, ਸੁਭਾਅ ਵਾਲਾ। 2. ਢੰਡੋਰਾ ਫੇਰਨਾ। 3. ਪਸਚਾਤਾਪ।

ਜੇ ਅਗਲੇ ਦੇ ਗੁਣ ਟੋਹੀਏ ਤਾਂ, ਠੰਢ ਪਏ ਇਸ ਗੱਲੇ।
ਪਰ ਜੇ ਉਸ ਦੇ ਐਬਾਂ ਉਤੇ, ਪੜਦਾ ਪਾ, ਚੁਪ ਰਹੀਏ।
ਨੇਕੀ ਬਦੀ ਦੁਹਾਂ ਤੋਂ ਨਿਆਰੇ, ਰਹੀਏ ਬੈਠ ਸੁਖੱਲੇ।

ਕਵੀ ਦੀ ਆਵਾਜ਼

ਸੁਧ ਰਿਦੇ 'ਚੋਂ ਉਪਜੀ ਜਦ ਕੋਈ ਕਵੀ ਆਵਾਜ਼ ਉਠਾਵੇ।
ਪੈਗੰਬਰ ਦੀ ਕਥਨੀ ਵਾਂਗੂ, ਮਹਾਂ ਵਾਕ ਬਣ ਜਾਵੇ।
ਨਿਯਤ ਨੇਕ, ਬਚਨ ਇਨਸਾਨੀ, ਲੋਕ ਲਾਭ ਦਾ ਹੋਕਾ,
ਸਾਰੀ ਜਗਤ ਆਕਾਸ਼ੀ ਬਾਣੀ, ਸਮਝ ਸਿਰਾਂ ਤੇ ਚਾਵੇ।
ਜੁਗਾਂ ਜੁਗਾਂ ਤੋਂ ਜੋਤ ਅਗੰਮੀ ਰਾਤ ਦਿਨੇ ਪਈ ਜਗਦੀ।
ਉਤਰ ਪਰਬਤੋਂ ਸਾਗਰ ਵਲ ਨੂਰਾਨੀ ਧਾਰਾ ਵਗਦੀ।
ਪਰਮ ਸੁੰਨ ਦੇ ਅੰਧੇਰੇ ਵਿਚ ਬਿਜਲੀ ਵਾਂਗਰ ਕੂੰਦੇ।
ਤ੍ਰੈਲੋਕਾਂ ਨੂੰ ਜੀਵਨ ਲੋ, ਨਿਤ ਨਿੱਘੀ ਨਿੱਘੀ ਲਗਦੀ।

ਦਿਵਾਲੀ

ਦਿਲਾ, ਉਠ, ਗਮ ਭੁਲਾਉਣ ਨੂੰ, ਕੋਈ ਮਹਰਮ ਬਣਾ ਲਈਏ,
ਕੋਈ ਸੁਹਣੀ ਜਿਹੀ ਤਸਵੀਰ, ਸੀਨੇ ਵਿਚ ਜੜਾ ਲਈਏ।
ਓ ਬੇਪਰਵਾ ਤੇ ਕਰਦੇ ਨਹੀਂ, ਕਦੇ ਵੀ ਚੇਤਾ ਆਪਾਂ ਦਾ,
ਉਨ੍ਹਾਂ ਦੀ ਯਾਦ ਦਾ ਦੀਵਾ, ਹਨੇਰੇ ਵਿਚ ਜਗਾ ਲਈਏ।
ਦਿਵਾਲੀ ਦਾ ਦਿਹਾੜਾ ਹੈ, ਬਲਾਨੋਸ਼ਾਂ[1] ਦੀ ਮਹਿਫਲ ਹੈ,
ਕੋਈ ਸਾਕੀ ਬੁਲਾ ਲਈਏ, ਤੇ ਰਲ ਮਿਲ ਪੀ ਪਿਆ ਲਈਏ।
ਜ਼ਮਾਨਾ ਦੌਰ ਵਿਚ ਹੈ ਅੱਜ, ਤੇ ਸਿਰ ਫਿਰਿਆ ਨਸੀਬ ਆਪਣਾ,
ਕਿਸੇ ਧਨ ਦੇ ਪੁਜਾਰੀ ਤੋਂ ਨਵੀਂ ਕਿਸਮਤ ਲਿਖਾ ਲਈਏ।
ਜਗਤ ਵਿਚ ਕੁਫਰ ਤੇ ਇਸਲਾਮ, ਟਕਰਾਂਦੇ ਚਲੇ ਆਏ,
ਅਗਾਂਹ ਵਧੂਆਂ ਤੋਂ ਦੋਹਾਂ ਨੂੰ, ਮਿਲਾ ਜਫੀਆਂ ਪੁਆ ਲਈਏ।
ਅਲੈਕਸ਼ਨ ਹੋਣ ਵਾਲੇ ਨੇ, ਬੜੀ ਕੀਮਤ ਹੈ ਵੋਟਾਂ ਦੀ,
ਗਰੀਬਾਂ ਦੇ ਭਲੇ ਖਾਤਿਰ, ਕੋਈ ਸੌਦਾ ਚੁਕਾ ਲਈਏ,
ਜੇ ਮੋਇਆ ਜੀ ਉਠੇ ਚਰਚਿਲ[2] ਤੇ ਹਲਚਲ ਛਿੜ ਪਏ ਅਜ ਕਲ,
ਅਮਲ ਦੇ ਦੇਉਤੇ ਸਦਵਾ ਕੇ ਤਾਕਤ ਆਜ਼ਮਾ ਲਈਏ।
ਜੇ ਤਾਕਤ ਭੂਤੀ ਹੋਈ ਹੈ, ਤੇ ਪਰਮਾਣੂ ਵੀ ਚਲਦੇ ਨੇ,
ਸ਼ੁਰੂ ਤਹਿਜ਼ੀਬ[3] ਦਾ ਹੈ ਖੇਲ, ਪਰਦਾ ਭੀ ਉਠਾ ਲਈਏ।

---

1. ਦੁੱਖਾਂ ਨੂੰ ਪੀ ਜਾਣ ਵਾਲੇ, ਭਾਵ ਸ਼ਰਾਬੀਆਂ, ਮਸਤਾਂ। 2. ਦੋਹਾਂ ਸੰਸਾਰ ਯੁੱਧਾਂ ਵੇਲੇ ਇੰਗਲੈਂਡ ਦਾ ਪ੍ਰਧਾਨ ਮੰਤਰੀ।
3. ਸਭਿਅਤਾ।

ਅਜ਼ਾਦੀ ਮਿਲ ਕੇ ਭੀ ਚਾਤ੍ਰਿਕ, ਗੁਲਾਮੀ ਮਰ ਨਹੀਂ ਜਾਣੀ,
ਦਿਵਾਲਾ ਫੇਰ ਦੇਖਾਂਗੇ, ਦਿਵਾਲੀ ਤੇ ਮਨਾ ਲਈਏ।

ਉਠੋ ਜਵਾਨੋ ਸਵੇਰਾ ਹੋਇਆ

ਤੂੰ ਆ ਪਿਆਰੀ ਨਸ਼ੀਲੀ ਨੀਂਦਰ, ਤੇ ਪੈਰ ਪਲਕਾਂ ਦੇ ਵਿਚ ਵਿਛਾ ਦੇ।
ਭੁਲਾ ਕੇ ਦੁਖ ਦਰਦ ਪਾ ਦੇ ਠੰਢਕ ਤੇ ਮਸਤ ਮੱਠੀ ਹਵਾ ਚਲਾ ਦੇ।
ਅਜ਼ਾਦੀ ਦੇਵੀ ਦੀ ਗੋਦ ਅੰਦਰ ਮੈਂ ਬੱਚੇ ਵਾਂਗਰ ਬਹਿਸ਼ਤ ਮਾਣਾ,
ਪੰਘੂੜਾ ਭਾਰਤ ਤੇ ਖਿੜਦੀ ਯੋਧਿਆਂ ਨੇ ਭਖਾਈ ਮਹਿਫਲ ਦੇ ਵਿਚ ਪੁਚਾ ਦੇ।
ਮੈਂ ਸੌਂ ਕੇ ਖਿੜਦੀ ਬਹਾਰ ਦੇਖਾਂ, ਤੇ ਫੁਲ ਦੇਖਾਂ ਅਨੇਕ ਰੰਗੇ,
ਉਭਾਸਰਾਂ ਕੁਝ ਕਹਿਣ ਲਈ ਤਾਂ ਕਲਮ ਮੇਰੀ ਨੂੰ ਜ਼ਬਾਨ ਲਾ ਦੇ।
ਓ ਮੇਰੇ ਭਾਰਤ ਦੇ ਨੌ ਜਵਾਨੋ, ਓ ਹਿੰਦੂ, ਸਿੱਖੋ ਤੇ ਮੁਸਲਮਾਨੋ,
ਮਜੂਰੋ ਕਾਰੀਗਰੋ ਕਿਸਾਨੋ, ਖੁਲ੍ਹਾਓ ਬੂਹੇ ਮਨੁਸ਼ਤਾ ਦੇ।
ਉਠੋ ਜਵਾਨੋ ਸਵੇਰਾ ਹੋਇਆ, ਗਿਆ ਹਨੇਰਾ ਜਹਾਲਤਾਂ[1] ਦਾ।
ਚੜ੍ਹਾਓ ਸੂਰਜ ਸਚਾਈਆਂ ਦਾ ਕਪਾਟ ਖੋਲੋ ਅਵਿਦਿਆ ਦੇ।
ਗੁਲਾਮੀਆਂ ਦਾ ਗਿਆ ਜ਼ਮਾਨਾ, ਜਮਾਓ ਮੁਰਦਾ ਜਮੀਰ ਤਾਈਂ।
ਭੁਲਾਈ ਜਾਓ ਪੁਰਾਣੇ ਚੇਤੇ, ਹਜ਼ਾਰਾਂ ਵਰਿਹਾਂ ਦੀ ਦਾਸਤਾਂ ਦੇ।
ਸਲੂਕ ਕਰਕੇ ਸੰਭਾਲੀ ਰੱਖੋ ਅਜ਼ਾਦ ਦਮ ਜਿਹੜੇ ਮਿਲ ਗਏ ਨੇ,
ਪ੍ਰਭੂ ਦੀ ਕਿਰਪਾ ਨ ਵੱਸ ਪਾਵੇ ਕਿਸੇ ਅਨੋਖੀ ਨਵੀਂ ਬਲਾ ਦੇ।
ਆਦਰਸ਼ ਸਾਡਾ ਮਨੁਸ਼ਤਾ ਹੈ ਤੇ ਆਸ਼ਾ ਦੁਨੀਆਂ ਦੇ ਨਾਲ ਉਲਫਤ[2],
ਅਮਨ ਦਾ ਜੀਣਾ ਤੇ ਜੀਣ ਦੇਣਾ, ਕਿ ਸਾਰੇ ਬੰਦੇ ਨੇ ਇਕ ਖੁਦਾ ਦੇ।

ਦੌਲਤ ਦੀ ਕੁਰਬਾਨੀ

ਛੁਹ ਅਨੰਤ ਦੀ ਲਭਦਾ ਲਭਦਾ, ਬਿਰਧ ਹੋ ਗਿਆ ਗਿਆਨੀ,
ਧਰਤੀ ਨਾਲ ਨਰਾਜ਼ ਹੋ ਗਿਆ, ਜਾ ਚੜ੍ਹਿਆ ਅਸਮਾਨੀ।
ਆਪਣੇ ਆਲ ਦੁਆਲੇ ਨੂੰ ਜੇ, ਸੀਤਲ ਹੀ ਕਰ ਲੈਂਦਾ,
ਦਿਲ ਨੂੰ ਹਰ ਦਮ ਹਰਿਆ ਰਖਦੀ, ਦੌਲਤ ਦੀ ਕੁਰਬਾਨੀ।
ਤੜਕੇ ਤੁਰਿਆ ਬ੍ਰਹਮ ਗਿਆਨੀ, ਪੈ ਗਈਆਂ ਤਿਰਕਾਲਾਂ,
ਉਹੋ ਬੁਚਕੀ[3] ਓਹੋ ਸੌਦਾ, ਨਫਰਤ, ਫਤਵੇ[4] ਗਾਲਾਂ,
ਨਵੇਂ ਸਮੇਂ ਦੇ ਪੈਰ ਚਿਤ੍ਰ ਦੇ, ਨਾਲ ਨਾਲ ਜੇ ਤੁਰਦਾ।
ਦੁਨੀਆਂ ਨੂੰ ਹੈਰਾਨ ਕਰਦੀਆਂ, ਉਸ ਦੀਆਂ ਇਕ ਦੋ ਛਾਲਾਂ।

---

1. ਮੂਰਖਤਾ, ਅਵਿਦਿਆ। 2. ਪਿਆਰ, ਮੁਹੱਬਤ। 3. ਸਾਮਾਨ ਦੀ ਗਠੜੀ।
4. ਨਿਰਣਾ, ਹੁਕਮ, ਮੁਸਲਮਾਨੀ ਮੱਤ ਵਿਚ ਕਿਸੇ ਦੇ ਦੋਸ਼ੀ ਹੋਣ ਦਾ ਧਾਰਮਕ ਫੈਸਲਾ।

ਕਵੀ ਦੀ ਜੂਨ

ਕਵੀ ਦੀ ਜੂਨ ਜੁੜ ਜਾਵੇ, ਤਾਂ ਹਿਰਦੇ ਦੀ ਸਫਾਈ ਕਰ,
ਭਲੇ ਲੋਕਾਂ ਦੀ ਸੰਗਤ ਕਰ, ਗਰੀਬਾਂ ਦੀ ਭਲਾਈ ਕਰ।
ਸਚ ਦੀ ਸਭਯਤਾ, ਸਦਗੁਣ, ਸਹੋਦਰਤਾ ਤੇ ਸਮਦ੍ਰਿਸ਼ਟੀ।
ਵੰਡਾ ਲੈ ਦਰਦ ਦੁਖੀਆਂ ਦਾ, ਸਰ੍ਹਾਣੇ ਬਹੁ, ਦਵਾਈ ਕਰ।

ਜੋ ਤੂੰ ਚਾਹੇਂ

ਜੋ ਤੂੰ ਚਾਹੇਂ, ਬਣ ਸਕਦਾ ਹੈਂ, ਹਿੰਮਤ ਅਤੇ ਇਰਾਦੇ ਨਾਲ।
ਤਾਰਿਆਂ ਤੋਂ ਭੀ ਪਾਰ ਪਹੁੰਚ ਜਾ, ਯਾ ਗਿਰ ਕੇ ਧਸ ਜਾ ਪਾਤਾਲ।
ਕਰਮ ਕਲਪਤਰੁ[1] ਫਲ ਦੇਂਦਾ ਹੈ, ਮਨੋਕਾਮਨਾ ਦੇ ਅਨੁਸਾਰ,
ਖੇਤੀ ਕਰਮਾਂ ਸੇਤੀ, ਕਹਿੰਦੇ, ਜੈਸੀ ਚਾਹੇਂ ਕਿਸਮਤ ਢਾਲ।

ਬੁਲਬੁਲ

ਬੁਲਬੁਲ ਕਹਿਣ ਲੱਗੀ, ਮੀਆਂ ਮਾਲੀਆ ਵੇ,
ਵੇਖੀਂ ਹੋਰ ਕੋਈ ਚੰਦ ਚੜ੍ਹਾਈਂ ਨਾ ਵੇ।
ਮਰ ਮਰ ਚਾਰ ਤੀਲੇ ਜੋੜੇ ਆਲ੍ਹਣੇ ਦੇ,
ਬਿਜਲੀ ਏਸ ਉਤੇ ਕੋਈ ਪਾਈਂ ਨਾ ਵੇ।
ਮੇਰੇ ਬੋਟ ਛੋਟੇ ਛੋਟੇ, ਮਸਾਂ ਪਾਲੇ,
ਏਨਾ ਫੁਲਾਂ ਨੂੰ ਸੇਕ ਪਹੁੰਚਾਈਂ ਨਾ ਵੇ।
ਮੈਂ ਸਲੂਕ ਦੀਆਂ ਲੋਰੀਆਂ ਰਹੀ ਦੇਂਦੀ,
ਚੋਗਾ ਸੁਟ ਕੇ ਲੜਨਾ ਸਿਖਾਈਂ ਨਾ ਵੇ।
ਖੰਭ ਨਿਕਲ ਆਏ, ਉਡਣ ਸਿੱਖ ਪਏ ਨੇਂ,
ਰਲ ਕੇ ਚੁਗਣ ਜਾਂਦੇ ਹੁਣ ਤੇ ਭਾਈ ਚਾਰੇ।
ਸ਼ਾਲਾ ਆਪਣੇ ਪੈਰਾਂ ਤੇ ਖੜੇ ਹੋਵਣ,
ਹਿੰਦੂ, ਮੁਸਲਮਾਨਾਂ, ਸਿੱਖ, ਈਸਾਈ ਚਾਰੇ।

ਬੇਰੋਜ਼ਗਾਰੀ

ਮੰਦੇ ਕਿਰਤ ਦੇ ਨੇ ਮੰਦਾ ਹਾਲ ਕੀਤਾ, ਬੇਰੁਜ਼ਗਾਰੀਆਂ ਬੰਦ ਰੁਜ਼ਗਾਰ ਕੀਤੇ,
ਹੱਟਾਂ ਚੌੜ ਹੋਈਆਂ, ਰਾਸਾਂ ਟੁਟ ਗਈਆਂ, ਘਾਟੂ ਵਣਜ ਮੂਧੇ ਕਾਰੋਬਾਰ ਕੀਤੇ।
ਖਰਚਾਂ ਧੌਣ ਨੱਪੀ, ਆਉਂਦਾ ਗਈ ਨਿਘਰ, ਤੇ ਮੁਕਾਬਲੇ ਪਤਲੇ ਵਿਹਾਰ ਕੀਤੇ,

---

1. ਸਵਰਗਾਂ ਵਿਚ ਮੰਨਿਆ ਜਾਂਦਾ 'ਕਲਪ ਬ੍ਰਿਛ' ਜੋ ਸਭ ਇੱਛਾ ਪੂਰਨ ਕਰਦਾ ਹੈ।

ਰਹਿੰਦੀ ਗਿਲ ਕਰਤੂਤਾਂ ਸੁਕਾ ਦਿੱਤੀ, ਤੰਗ ਟੁਕਰੋਂ ਭੀ ਸ਼ਾਹੂਕਾਰ ਕੀਤੇ।
ਪੱਗਾਂ ਉਚੀਆਂ ਬੰਨ੍ਹ ਕੇ ਫਿਰਨ ਭਾਵੇਂ, ਢੋਲ ਵਾਂਗ ਪਰ ਅੰਦਰੋਂ ਪੋਲੀਆਂ ਨੇ,
ਖਿਦੋ ਸੋਹਣਾ ਜਾਪਦਾ ਤਦੋਂ ਤੀਕਰ, ਲੀਰਾਂ ਜਦੋਂ ਤਕ ਕਿਸੇ ਨਾ ਫੋਲੀਆਂ ਨੇ।

ਹਸਰਤ

ਮਾਰੋ ਮਾਰ ਦਾ ਸ਼ੋਰ ਹੈ ਚਵ੍ਹੀਂ ਪਾਸੀਂ, ਕਿਧਰੇ ਗੋਰਿਆਂ ਦਾ ਕਿਧਰੇ ਕਾਲਿਆਂ ਦਾ,
ਦੁਨੀਆਂ ਚੁਪ ਬੈਠੀ ਝਗੜਾ ਦੇਖਦੀ ਹੈ, ਦੌਲਤ ਵਾਲਿਆਂ ਤੇ ਤਾਕਤ ਵਾਲਿਆਂ ਦਾ।
ਐਪਰ ਅਸੀਂ ਰੋਟੀ ਉਤੇ ਮਰ ਰਹੇ ਹਾਂ, ਭੁਲੇ ਭੇਦ ਸ਼ਤਰੰਜ ਦੇ ਚਾਲਿਆਂ ਦਾ,
ਸੁਤੇ ਪਿਆਂ ਨੂੰ ਜੇ ਕੋਈ ਖਾਬ ਆਵੇ, ਆਵੇ ਮਸਜਿਦਾਂ ਅਤੇ ਸ਼ਿਵਾਲਿਆਂ ਦਾ।
ਹਸਰਤ ਜਥੇਬੰਦੀ ਦੀ ਜੇ ਲੱਥ ਜਾਂਦੀ,
ਖਬਰੇ ਅਸੀਂ ਭੀ ਕਿਧਰੇ ਖਲੋ ਸਕਦੇ।
ਸਾਡੇ ਪਾਟੇ ਹੋਏ ਸੀਪ ਲੰਗਾਰ ਜਾਂਦੇ,
ਕਾਲਖ ਸੀਨਿਆਂ ਦੀ ਰਲਕੇ ਧੋ ਸਕਦੇ।

ਕੌਣ

1. ਤੂੰਹੇਂ ਨਹੀਂ ? ਉਹ ਹਸਤੀ, ਜਿਸ ਨੇ,
ਧਰਤੀ ਉੱਤੇ ਪੈਰ ਜਮਾ ਕੇ,
ਪਧਰ, ਪਰਬਤ, ਸਾਗਰ ਟੋਹੇ,
ਆਸ ਪਾਸ ਦੀ ਰੌਣਕ ਦੇਖੀ,
ਫਿਰ ਅੱਖੀਆਂ ਨੂੰ ਉਤਾਂਹ ਉਠਾਇਆ,
ਤਾਰਿਆਂ ਦਾ ਅੰਦਾਜ਼ਾ ਲਾਇਆ।
ਲਗ ਪਿਉਂ ਹੋਣ ਹਰਾਨ।

2. ਤੂੰਹੇਂ ਨਹੀਂ ? ਉਹ ਹਸਤੀ ਜਿਸਨੇ,
ਥਲੇ ਬੈਠਿਆਂ ਸੋਚਾਂ ਕਰ ਕਰ,
ਰੱਬ ਦਾ ਹੁਲੀਆ ਡੌਲ ਮਾਰਿਆ,
ਆਪਣੇ ਵਰਗਾ ਚਿਹਰਾ ਮੁਹਰਾ,
ਸਭ ਤੋਂ ਸਿਆਣਾ, ਹਸ ਮੁਖ ਗੋਰਾ
ਧੋਤੀ ਤਿਲਕ ਬਿਜੰਤੀ ਮਾਲ,
ਲੰਮੀਆਂ ਬਾਹਾਂ, ਚੌੜੀ ਛਾਤੀ,
ਸਾਰਿਆਂ ਤੋਂ ਬਲਵਾਨ।

3. ਤੂੰਹੇਂ ਨਹੀਂ ? ਉਹ ਹਸਤੀ ਜਿਸ ਨੇ,
ਰੱਬ ਦੇ ਢਿਡ ਵਿਚ ਆਪੇ ਵੜ ਕੇ,
ਉਸ ਦੇ ਮੂੰਹੋਂ ਕਹਾਈਆਂ ਗਲਾਂ,
ਓਸੇ ਦੇ ਹਿਰਦੇ ਵਿਚ ਧਰੀਆਂ,

ਜੱਗ, ਹਵਨ, ਭਗਤੀ ਦੀਆਂ ਲੋੜਾਂ,
ਰਿਸ਼ੀ ਮੁਨੀ ਉਸ ਤੋਂ ਸਜਵਾ ਕੇ,
ਰਚ ਲਏ ਵੇਦ ਪੁਰਾਣ।

4. ਤੂੰਹੇਂ ਨਹੀਂ ? ਜਿਸ ਦਿਉਤੇ ਥਾਪੇ,
ਕੋਈ ਹਸੌਣਾ, ਕੋਈ ਡਰੌਣਾ,
ਕੋਈ ਦਿਆਲੂ ਕੋਈ ਗੁਸੈਲਾ,
ਸਭ ਦੇ ਅਗੇ ਸੀਸ ਨਿਵਾਇਆ।
ਧੂਪ ਦੀਪ ਨਈਵੇਦ[1] ਚੜ੍ਹਾਇਆ।
ਸੁਖਣਾ ਸੁਖੀਆਂ, ਬਚੜੇ ਮੰਗੇ,
ਮੇਵੇ, ਦਾਣੇ, ਕਪੜੇ ਮਾਇਆ,
ਆਪੇ ਦਾਤ ਵਰਾਹੀਆਂ[2] ਕੀਤੀਆਂ,
ਆਪੇ ਮੰਗਿਆ ਦਾਨ।

5. ਤੂੰਹੇਂ ਨਹੀਂ ? ਜਿਨ ਅਣਡਿਠਿਆਂ ਦੀ,
ਮੇਰੇ ਨਾਲ ਪਛਾਣ ਕਰਾਈ,
ਸਿਫਤ ਸੁਣਾ ਕੇ ਲਗਨ ਲਗਾਈ,
ਇਸ ਨਾਟਕ ਦੇ ਪਾਤਰ ਸਾਰੇ,
ਲੀਲਾ ਕਰਦੇ ਬੜੀ ਮਨੋਹਰ,
ਪਰ ਏਨਾ ਦੇ ਪਿਛਲੇ ਪਾਸੇ,
ਤੇਰੀ ਰੂਹ ਖਲੋਤੀ ਭਾਸੇ,
ਬੜਾ ਜ਼ਹੀਨ[3] ਚਿਤੇਰਾ ਹੈਂ ਤੂੰ,
ਹੈਂ ਓੜਕ ਇਨਸਾਨ।

ਉਤਰੀਂ ਧੀਰਜ ਨਾਲ

ਬਰਫੀ ਟਿਲਿਓਂ ਲਥਿਆ ਨਾਲਿਆਂ,
ਉਤਰੀਂ ਧੀਰਜ ਨਾਲ।
ਕਾਹਲੀ ਅਗੇ ਟੋਏ, ਕਹਿੰਦੇ,
ਰਖ ਮਸਤਾਨੀ ਚਾਲ।
ਬੜੇ ਕਠਨ ਹਨ ਰਸਤੇ ਤੇਰੇ,
ਘੁਲਣੇ ਹਨ ਤੂੰ ਘੋਲ ਬਤੇਰੇ,
ਪੈਰ ਮਲਕੜੇ ਧਰਦਾ ਜਾਈਂ,
ਮਿਲੇ ਜਿਧਰ ਦੀ ਢਾਲ।

---

1. ਪੂਜਾ ਸਮੇਂ ਦੇਵਤਿਆਂ ਨੂੰ ਚੜ੍ਹਾਈ ਜਾਣ ਵਾਲੀ ਸਮੱਗ੍ਰੀ, ਭੇਟਾ। 2. ਦਿੱਤੀਆਂ, ਦਾਨੀ ਬਣਿਆ ਤੋਂ ਭਾਵ।
3. ਤਿੱਖੀ ਸਮਝ ਵਾਲਾ।

ਨਿਰਮਲ ਸੀਤਲ ਜਲ ਦੇ ਪਿਆਸੇ,
ਜੁੜ ਰਹੇ ਤੇਰੇ ਆਸੇ ਪਾਸੇ,
ਦੂਰ ਦੁਰਾਡੀਆਂ ਫੇਰ ਸਹੀ, ਕਰ
ਨੇੜੇ ਦੀ ਸੰਭਾਲ।
ਜਦ ਤਕ ਹਈ ਨਰੋਆ ਪਾਣੀ,
ਮਿੱਠਤ ਤੇਰੀ ਨਿਭਦੀ ਏ ਜਾਣੀ,
ਗੰਧਲੇ ਪਾਣੀਆਂ ਦੇ ਵਿਚ ਰਲ ਕੇ,
ਆਪਾ ਲਈ ਨਾ ਗਾਲ, ਨਾਲਿਆ
ਉਤਰੀਂ ਧੀਰਜ ਨਾਲ।

ਸੇਵਾ ਦਾ ਮੇਵਾ

ਦਰਦ ਵੰਡਾਉਣ ਵਾਸਤੇ ਰਚੇ ਪ੍ਰਭੂ ਇਨਸਾਨ।
ਜਸ ਗਾਉਣ ਨੂੰ ਜਛ ਅਰ ਦਿਉਤੇ[1] ਘਟ ਨਾ ਸਾਨ।
ਤਪਦੇ ਸੀਨਿਆਂ ਨੂੰ ਸੀਤਲ ਕਰਨ ਖਾਤਰ, ਪ੍ਰੇਮ ਬਾਗ ਮਹਾਰਾਜ ਮਹਿਕਾ ਛਡਿਆ।
ਮਾਨੁਖ ਜੂਨ ਦਾ ਰੱਖ ਆਦਰਸ਼ ਸੇਵਾ, ਬੀਜ ਪਿਆਰ ਦਾ ਮਨਾਂ ਵਿਚ ਪਾ ਛਡਿਆ।
ਸੇਵਾ ਬਿਰਛ ਨੂੰ ਪਾਇਕੇ ਮੁਕਤ ਸੇਵਾ, ਬੇਰੀ ਵਾਂਗ ਉਸਨੂੰ ਭਾਗ ਲਾ ਛੱਡਿਆ।
ਖਲਕਤ ਸੇਵਿਆਂ ਹੋਇ ਪਰਸੰਨ ਖਾਲਕ, ਮਰਮ ਧਰਮ ਦਾ ਗੁਰਾਂ ਸਮਝਾ ਛਡਿਆ।
ਰਖੀਂ ਨੀਂਹ ਜਦ ਪਿਆਰ ਦੇ ਮੰਦਰਾਂ ਦੀ, ਪਹਿਲੀ ਇਟ ਉਪਕਾਰ ਦੀ ਲਾਈ ਹਰਿ ਨੇ,
ਹਾਥੀ ਤੇਂਦਵੇਂ[2] ਨੇ ਜਦੋਂ ਤੰਗ ਕੀਤਾ, ਗਰੁੜ[3] ਤਿਆਗ ਪੈਰੀਂ ਕੀਤੀ ਧਾਈ ਹਰਿ ਨੇ।
ਸੇਵਾ ਵਾਸਤੇ ਬਾਂਹ ਫੈਲਾਈ ਜਿਨ੍ਹਾਂ, ਕੀਤੀ ਆਪਣੀ ਸਫਲ ਕਮਾਈ ਉਨ੍ਹਾਂ,
ਸ਼ਮ੍ਹਾ ਬਾਲ ਕੇ ਹਿਰਦੇ ਵਿਚ ਪ੍ਰੇਮ ਵਾਲੀ, ਕੀਤੀ ਜਗਤ ਦੇ ਵਿਚ ਰੁਸ਼ਨਾਈ ਉਨ੍ਹਾਂ,
ਚਮਕੇ ਤਾਰਿਆਂ ਵਾਂਗ ਆਕਾਸ਼ ਚੜ੍ਹਕੇ, ਨਾਲੇ ਦੇਸ਼ ਦੀ ਸ਼ਾਨ ਚਮਕਾਈ ਉਨ੍ਹਾਂ,
ਦੁਖ ਦੂਏ ਦਾ ਵੰਡ ਕੇ ਹੋਏ ਸੀਤਲ, ਛਾਤੀ ਹੋਰਨਾਂ ਦੀ ਠੰਡ ਪਾਈ ਉਨ੍ਹਾਂ।
ਟਿਕੇ ਜੱਸ ਦੇ ਲਿਸ਼ਕਦੇ ਮੱਥਿਆਂ ਤੇ, ਜਿਨ੍ਹਾਂ ਟਹਿਲ ਦੇ ਮਹਿਲ ਬਣਾਏ ਹੋਏ ਨੇ,
ਕਲਪ ਬਿਰਛ ਦੇ ਵਾਂਗ ਓਹ ਫਲੇ ਫੂਲੇ, ਲੰਗਰ ਜਿਨ੍ਹਾਂ ਉਪਕਾਰ ਦੇ ਲਾਏ ਨੇ।
ਕੱਛੂ ਵਾਂਗ ਵਿਛਕੇ ਵਿਸ਼ਨੂੰ[4] ਰਤਨ ਕੱਢੇ, ਮਾਲਕ ਹੋ ਗਿਆ ਖਲਕਤਾ ਸਾਰੀਆਂ ਦਾ,
ਜਦੋਂ ਸ਼ਿਵਾਂ ਨੇ ਗਰਲ[5] ਨੂੰ ਗਲੇ ਲਾਇਆ, ਚੰਦ ਬਣ ਗਿਆ ਤਿਲਕ ਉਪਕਾਰੀਆਂ ਦਾ,

---

1. ਯਖਸ਼, ਦੇਵਤਿਆਂ ਦੀ ਇਕ ਜਾਤੀ।
2. ਤੰਦਾਂ ਨਾਲ ਜੀਵਾਂ ਨੂੰ ਫਸਾਉਣ ਵਾਲਾ ਇਕ ਜੀਵ, ਇਕ ਗੰਧਰਵ ਜੋ ਕੇਵਲ ਰਿਖੀ ਦੇ ਸ੍ਰਾਪ ਨਾਲ ਹਾਥੀ ਬਣ ਗਿਆ। ਇਸ ਨੂੰ ਵਹਣ ਦੇ ਤਲਾ ਵਿਚ ਤੰਦੂਏ ਨੇ ਗ੍ਰਸ ਲਿਆ। ਜਦ ਡਸਣ ਲਗਾ ਤਾਂ ਕਰਤਾਰ ਅੱਗੇ ਅਰਦਾਸ ਕੀਤੀ ਜਿਸ ਪੁਰ ਬੰਧਨ ਕੱਟੇ ਗਏ।
3. ਵਿਨਤਾ ਦੇ ਗਰਭ ਤੋਂ ਉਤਪੰਨ ਹੋਇਆ ਜੋ ਵਿਸ਼ਨੂੰ ਜੀ ਦੀ ਸਵਾਰੀ ਅਤੇ ਪੰਛੀਆਂ ਦਾ ਰਾਜਾ ਲਿਖਿਆ ਹੈ। ਰੰਗ ਬਰੰਗੇ ਖੰਭਾਂ ਵਾਲਾ ਇਕ ਪੰਛੀ।
4. ਪੁਰਾਣਾਂ ਅਨੁਸਾਰ ਦੇਵਤਿਆਂ ਤੇ ਰਾਖਸ਼ਾਂ ਦੇ ਸਮੁੰਦਰ ਮੰਥਨ ਵੇਲੇ ਵਿਸ਼ਨੂੰ ਕੈਲਾਸ਼ ਪਰਬਤ ਹੇਠ ਬੈਠੇ ਸਨ, ਜਿਸਨੂੰ ਮਧਾਣੀ ਵਾਂਗ ਵਰਤਿਆ ਗਿਆ ਸੀ।
5. ਚੌਦਾਂ ਰਤਨਾਂ ਵਿਚੋਂ ਇਕ, ਜ਼ਹਿਰ ਜੋ ਕਿਸੇ ਦੇ ਪਰਵਾਨ ਨਾ ਕਰਨ ਤੇ ਸ਼ਿਵ ਜੀ ਨੇ ਪੀ ਲਿਆ ਪਰ ਗਲੇ ਵਿਚ ਹੀ ਅਟਕਾ ਲਿਆ ਸੀ।

ਰੋਮ ਰੋਮ ਮਹਾਂਬੀਰ ਦੇ ਰਾਮ ਰਚਿਆ, ਦਿਤਾ ਮੋੜ ਕੁਰਬਾਨੀਆਂ ਭਾਰੀਆਂ ਦਾ।
ਕਲਗੀ ਜੱਸ ਦੀ ਚੜ੍ਹੀ ਦਸ਼ਮੇਸ਼ ਦੇ ਸਿਰ, ਲਾਹਿਆ ਨਸ਼ਾ ਜਿਨ ਉਠ ਹੰਕਾਰੀਆਂ ਦਾ,
ਅੱਖਾਂ ਰਾਹ ਵਿਚ ਜਿਨ੍ਹਾਂ ਵਿਛਾਈਆਂ ਨੇ, ਪਰਉਪਕਾਰ ਨੇਕੀ ਤੇ ਭਲਾਈ ਖਾਤਰ,
ਆਉਣ ਵਿਸ਼ਨੂੰ ਦੇ ਪਾਰਖਦ[1] ਪਾਲਕੀ ਲੈ, ਓਨ੍ਹਾਂ ਦੂਲਿਆਂ ਦੀ ਪੇਸ਼ਵਾਈ[2] ਖਾਤਰ।
ਪਰੁਪਕਾਰ ਹਿਤ ਪਿਸ ਗਏ ਚਾਤ੍ਰਿਕ ਜਿਹੜੇ ਲਾਲ,
ਸੁਰਮਾ ਕਰ ਭਗਵਾਨ ਨੇ ਲਾਏ ਅੱਖਾਂ ਨਾਲ।

ਬੇਕਾਰਾਂ ਦੀ ਦੁਨੀਆਂ

ਭਗਵਨ ਕਿਹੜੇ ਨਵੇਂ ਜਗਤ ਤੇ ਅਜ ਕਲ ਜੀ ਭਰਮਾਯਾ ਜੇ ?
ਆਪਣੇ ਯਾਰ ਪੁਰਾਣੇ ਨੂੰ ਭੀ ਯਾਦ ਕਦੇ ਫੁਰਮਾਯਾ ਜੇ ?
ਮਿਹਰ ਤੁਹਾਡੀ ਚਾਰੀਂ ਪਾਸੀਂ ਬਾਗ ਬਹਿਸ਼ਤੀ ਲਾਏ ਨੇ,
ਬੇਕਾਰਾਂ ਦੀ ਦੁਨੀਆਂ ਦਾ ਭੀ ਟੁਕੜਾ ਕਿਤੇ ਬਣਾਯਾ ਜੇ ?
ਸਾਰਾ ਜਗਤ ਕਮਾਈਆਂ ਕਰ ਕਰ ਸੁਖ ਦੀ ਨੀਂਦੇ ਸੌਂਦਾ ਏ,
ਪਰ ਇਸ ਧਰਤੀ ਦੇ ਬੀਰਾਂ ਨੂੰ ਲੜਨ ਮਰਨ ਤੇ ਲਾਯਾ ਜੇ।
ਵਧ ਵਧ ਟੁਕੜੇ ਮੰਗਣ ਬਾਝੋਂ ਆਹਰ ਨਹੀਂ, ਕੋਈ ਕਾਰ ਨਹੀਂ,
ਖੋਹਾ ਮੋਹੀ, ਸੜਨ ਕੁੜ੍ਹਨ ਦਾ ਰੋਗ ਕਿਹਾ ਚੰਬੜਾਯਾ ਜੇ ?
ਭਾਰਤ ਵਾਲਿਓ ਤਕੜੇ ਹੋਵੋ ਹੰਭਲਾ ਮਾਰੋ ਸ਼ੇਰਾਂ ਦਾ,
ਪੁਰਸ਼ਾਰਥ ਦਾ ਫੜੋ ਕੁਹਾੜਾ, ਸਿਰ ਨੀਵਾਂ ਕੀ ਪਾਯਾ ਜੇ ?
ਰਲ ਕੇ ਆਓ ਮੁਰਾਦਾਂ ਮੰਗੀਏ ਇਲਮ ਹੁਨਰ ਦੀ ਦੇਵੀ ਤੋਂ,
ਲੜ ਲੜ ਕੇ ਦੁਨੀਆਂ ਵਿਚ ਕਾਹਨੂੰ ਮੂੰਹ ਕਾਲਾ ਕਰਵਾਯਾ ਜੇ ?
ਦੌਲਤ ਦੀ ਗੰਗਾ ਦੀਆਂ ਲਹਿਰਾਂ, ਗੋਡਾ ਡਾਹ ਕੇ ਮੋੜ ਲਓ,
ਚਾਤ੍ਰਿਕ ਕਿਰਤੀ ਦੇ ਬੂਹੇ ਤੇ ਝਾੜੂ ਦੇਂਦੀ ਮਾਯਾ ਜੇ।

ਭਾਰਤ ਮਾਤਾ

(ਲਾਇਲਪੁਰ ਵਿਚ ਪਰਤਾਪ ਜਯੰਤੀ ਦੇ ਵਾਸਤੇ ਲਿਖੀ ਗਈ ਸੀ।)

ਅੰਮਾ ਭੁਖੇ ਨੰਗਿਆਂ ਦੀ ਭਾਰਤ ਮਾਈਏ,
ਜਣੇ ਖਣੇ ਦੀਏ ਭਾਬੀਏ, ਤਕਦੀਰ ਸਤਾਈਏ,
ਤੇਰੇ ਸਿਰ ਤੋਂ ਲੰਘ ਗਏ, ਕਈ ਘਲੂਘਾਰੇ,
ਡੁਬੇ ਲੱਖਾਂ ਤੇਰੀਆਂ, ਅੱਖਾਂ ਦੇ ਤਾਰੇ।
ਨਾ ਤੂੰ ਖਾਧਾ ਰੱਜ ਕੇ, ਨਾ ਛੰਡ ਹੰਡਾਇਆ,
ਨਾ ਤੇਰੀ ਤਕਦੀਰ ਵਿਚ, ਸਾਹ ਸੁਖ ਦਾ ਆਇਆ।

---

1. ਵਿਸ਼ਨੂੰ ਦੇ ਦਰਬਾਰੀ। 2. ਅਗਵਾਨੀ, ਅਗੋਂ ਜਾਕੇ ਲੈਣ ਦੀ ਕਿਰਿਆ।

ਪਹਿਲੀ ਲਾਹਨਤ ਆ ਵੜੀ, ਵਿਚ ਫਿਰਕੇਦਾਰੀ।
ਬੇ ਇਤਬਾਰੀ ਆ ਗਈ, ਦੂਜੀ ਬੀਮਾਰੀ।
ਤੀਜਾ ਜ਼ਹਿਰ ਤਿਹਾਕ ਦੇ ਚੁਧਰੰਮੇ ਪਾਇਆ,
ਪਾਟੇ ਹੋਏ ਦਿਲਾਂ ਨੂੰ ਕੋਈ ਸੀਉਣ ਨਾ ਆਇਆ।
ਇਕ ਇਕ ਜੀ ਵਿਚ ਵੱਸ ਗਈ ਹੈ ਨਾਇਤਫਾਕੀ।
ਦੌਲਤ ਤੇ ਇਕਬਾਲ ਦਾ, ਨਾਂ ਰਹਿ ਗਿਆ ਬਾਕੀ।
ਤੇਰੀ. ਪਿੱਛਲੀ ਹਿਸਟਰੀ ਸੀ ਸ਼ਾਨਾਂ ਵਾਲੀ।
ਰਾਮ, ਕ੍ਰਿਸ਼ਨ, ਅਰਜਨ ਜਿਹੇ ਬਲਵਾਨਾਂ ਵਾਲੀ।
ਅਣਖੀਲੇ ਪਰਤਾਪ ਨੇ ਤਲਵਾਰ ਉਠਾਈ,
ਗੁਰੂ ਗੋਬਿੰਦ ਸਿੰਘ ਸੂਰਮੇ ਨੇ ਰੱਖ ਵਿਖਾਈ।
ਉਠ ਬਹੁ ਵਖਤਾਂ ਮਾਰੀਏ, ਰਸਤਾ ਬਦਲਾਈਏ।
ਏਕੇ ਤੇ ਇਤਫਾਕ ਦਾ ਇਕ ਨਾਹਰਾ ਲਾਈਏ।
ਪਰਦੇਸੀ ਮਾਸ਼ੂਕ ਦੇ ਸਭ ਲਾਰੇ ਫੋਕੇ,
ਲੜਦੇ ਮਰਦੇ ਵੇਖਦਾ ਇਕ ਪਾਸੇ ਹੋ ਕੇ।
ਸਾਹ ਸਤ ਆਪਣੇ ਡੌਲਿਆਂ ਦਾ ਬੰਨੇ ਲਾਵੇ।
ਕੌਣ ਪਰਾਈ ਛਾਹ ਤੇ ਮੁਛਾਂ ਮੁਨਵਾਵੇ।
ਹਿੰਮਤ ਅਗੇ ਫਤਹਿ ਨੂੰ ਨਜ਼ਦੀਕ ਸੁਣਾਂਦੇ।
ਹਿੰਮਤ ਵਾਲੇ ਮੁਸ਼ਕਲਾਂ ਸਭ ਚੀਰ ਲਿਜਾਂਦੇ।
ਆਪਣੇ ਪੈਰੀਂ ਖੜੇ ਹੋਣ ਦਾ ਸਬਕ ਪੜ੍ਹਾ ਦੇ।
ਬੱਚਾ ਬੱਚਾ ਹਿੰਦ ਦਾ ਪਰਤਾਪ ਬਣਾ ਦੇ।

ਦੇਸ਼ ਪਿਆਰ

ਭਾਰਤ ਮਾਤਾ

ਬਾਬੂ ਬੰਕਮ ਚੰਦ੍ਰ ਦੇ ਪ੍ਰਸਿੱਧ ਬੰਗਾਲੀ ਗੀਤ "ਬੰਦੇ ਮਾਤਰਮ" ਦਾ ਸੁਤੰਤਰ ਅਨੁਵਾਦ

1. ਜਲਾਂ ਵਾਲੀ ! ਫਲਾਂ ਵਾਲੀ ! ਪਰਬਤਾਂ ਤੇ ਥਲਾਂ ਵਾਲੀ !
ਚੰਦਨਾਂ ਥੀਂ ਠਾਰੀ ! ਹਰਿਔਲ ਥੀਂ ਸ਼ਿੰਗਾਰੀ, ਮਾਤਾ !
ਫੂਲਾਂ ਮਹਿਕਾਈ, ਸਰਦ ਚਾਨਣੀ ਖਿੜਾਈ,
ਰੁੱਖਾਂ ਬੂਟਿਆਂ ਸਜਾਈ, ਅੰਨਾਂ ਧਨਾਂ ਦੀ ਪਟਾਰੀ, ਮਾਤਾ !
ਹਾਸ ਤੇ ਮਿਠਾਸ ਭਰੀ, ਸੁਖ ਦਾਤੀ, ਵਰ ਦਾਤੀ,
ਮਾਣ ਦਾਤੀ, ਤ੍ਰਾਣ ਦਾਤੀ, ਸ਼ੋਭਾ ਦੀ ਅਟਾਰੀ, ਮਾਤਾ!
ਪੈਂਤੀ ਕ੍ਰੋੜ ਕੰਠੋਂ ਕਿਲਕਾਰਨੀ[1],
ਸੱਤਰ ਕ੍ਰੋੜ ਬਾਹੂ ਬਲ ਧਾਰਨੀ,
ਹੇ ਭਾਰਤ ਪਿਆਰੀ, ਮਾਤਾ !
ਕਮਲਾ ਭਵਾਨੀ[2]
ਸੇਜ ਫੁਲਾਂ ਦੀ ਸਜਾਣ ਵਾਲੀ
ਦੇਵੀ ਤੂੰ ਸੁਰਮਤੀ ਵਾਕ ਵਿਦਿਆ ਵਧਾਣੀ ਮਾਤਾ।[3]

2. ਭੂਸ਼ਨਾਂ ਦੀ ਲੱਦੀ ਤੂੰ ਅਨੂਪ ਰੂਪ ਲਛਮੀ ਦਾ,
ਚੋਲਿਆਂ ਸ਼ਿੰਗਾਰੀ, ਉਚੇ ਪਰਬਤਾਂ ਦੀ ਰਾਣੀ ਮਾਤਾ।
ਜਲਾਂ ਭਰੀ ਥਲਾਂ ਭਰੀ, ਜੋਧਿਆਂ ਦੇ ਦਲਾਂ ਭਰੀ,
ਲਾਜ ਭਰੀ, ਤੇਜਭਰੀ, ਸੋਭਾ ਸ਼ਾਨ[4] ਪਾਣੀ, ਮਾਤਾ।
ਬਾਰ ਬਾਰ ਨਮਸਕਾਰ, ਭਾਰਤ ਭਵਾਨੀ ਤੈਨੂੰ,
ਹਰੀ ਭਰੀ, ਠੰਢੀ ਬਰਕਤਾਂ ਵਸਾਣੀ ਮਾਤਾ।

3. ਐਡੇ ਇਕਬਾਲ, ਬਲਕਾਰ, ਪਰਵਾਰ ਵਾਲੀ,
ਕਿੰਜ ਤੈਨੂੰ ਮੰਨੇ ਕੋਈ ਅਬਲਾ ਨਿਮਾਣੀ, ਮਾਤਾ ?
ਵੈਰੀ ਦਲ ਚੀਰ ਚੀਰ ਸੁੱਟਦੀ ਤੂੰ ਬੀਰ ਕਾਲੀ,
ਤੂੰਹੇ ਮੇਰੀ ਲਾਜ, ਧਰਮ ਵਿਦਿਆ ਬਚਾਣੀ ਮਾਤਾ।

---

1. ਗਲੇ 'ਚੋਂ ਭਰੀ ਆਵਾਜ਼ (1930 ਦੇ ਲਗ ਭਗ ਭਾਰਤ ਦੀ ਜਨ ਸੰਖਿਆ 35 ਕਰੋੜ ਗਲਿਆਂ ਦੀ ਆਵਾਜ਼ ਕਹੀ ਹੈ) ਅਤੇ ਅਗਲੀ ਸਤਰ ਵਿਚ ਦੂਣੀਆਂ ਬਾਂਹਾਂ ਦਾ ਬਲ ਦਸਿਆ ਹੈ।
2. ਲੱਛਮੀ ਤੇ ਦੁਰਗਾ ਦੇਵੀਆਂ, ਦੌਲਤ ਤੇ ਬਲ ਦੀਆਂ ਦੇਵੀਆਂ। 3. ਵਿਦਿਆ ਅਤੇ ਬਾਣੀ ਦੀ ਦੇਵੀ।
4. ਇੱਜ਼ਤ, ਸਨਮਾਨ।

ਸੀਨੇ ਸਤਕਾਰ ਤੇਰਾ, ਬਾਹੀਂ ਬਲਕਾਰ ਤੇਰਾ,
ਪ੍ਰਾਣਾਂ ਨੂੰ ਅਧਾਰ ਤੇਰਾ, ਜੀਭੇ ਤੇਰੀ ਬਾਣੀ, ਮਾਤਾ।
ਜੱਸ ਹੋਵੀ ਮੰਦਰੀਂ ਤੇ ਗੜ੍ਹਾਂ ਤੇ ਨਿਸ਼ਾਨ ਝੁੱਲੇ।
ਦਸੇ ਹਥਿਆਰੀਂ ਸਜੀ, ਹਿੰਦ ਰਾਣੀ, ਮਾਤਾ।

ਸੱਧਰਾਂ

1. ਜਦ ਪੱਤਝੜ ਸਫਾ ਵਲ੍ਹੇਟੇਗੀ, ਬੂਟੇ ਲਗਰਾਂ ਪੁੰਗਰਾਉਣਗੇ,
ਇਸ ਉਜੜੇ ਬਾਂਗ ਬਹਿਸ਼ਤੀ ਵਿਚ, ਮਾਲੀ ਗੁਲਜ਼ਾਰਾਂ ਲਾਉਣਗੇ,
ਕਲੀਆਂ ਦੀ ਕਾਇਆ ਪਲਟੇਗੀ, ਫੂਲ ਹਸ ਹਸ ਘੁੰਡ ਉਠਾਉਣਗੇ,
ਮਹਿਕਾਂ ਦੇ ਦਫਤਰ ਖੁਲ੍ਹਣਗੇ, ਭੌਰੇ ਅਸਮਾਨ ਗੁੰਜਾਉਣਗੇ,
ਰਹਿਮਤ ਦੇ ਬੱਦਲ ਚੜ੍ਹ ਚੜ੍ਹ ਕੇ, ਬਰਕਤ ਦਾ ਮੀਂਹ ਬਰਸਾਉਣਗੇ,
ਇਸ ਸਾਹ ਸਤ ਹੀਣੇ ਭਾਰਤ ਤੇ, ਸਾਈਆਂ ! ਉਹ ਦਿਨ ਕਦ ਆਉਣਗੇ ?

2. ਜਦ ਦਿਲ ਨੂੰ ਧੂਹਾਂ ਪਾਣਗੀਆਂ, ਜੂਹਾਂ ਇਸ ਸੁਰਗੀ ਦੇਸ ਦੀਆਂ,
ਜਲ-ਪੌਣ, ਪਹਾੜ, ਨਦੀ, ਨਾਲੇ, ਮੇਵੇ, ਫਲ-ਫੁਲ, ਹਰੀਆਂ ਫਸਲਾਂ,
ਰੂੰ, ਉੱਨ, ਪਛਮ, ਲੋਈਆਂ, ਕੰਬਲ, ਸੂਸੀ[1], ਗਬਰੂਨਾਂ[2] ਤੇ ਛੀਟਾਂ,
ਘਰ ਦੇ ਖੱਦਰ ਤੋਂ ਨੀਮ ਲਗਣ, ਪਰਦੇਸਾਂ ਤੋਂ ਆਏ ਪੂੰ ਪਾਂ,
ਤ੍ਰਿੰਞਣਾਂ ਵਿਚ ਗੀਤ ਸੁਦੇਸ਼ੀ ਦੇ, ਕੁੜੀਆਂ ਦੇ ਝੁਰਮਟ ਗਾਉਣਗੇ,
ਇਸ ਸਾਹ ਸਤ ਹੀਣੇ ਭਾਰਤ ਤੇ ਸਾਈਆਂ ! ਉਹ ਦਿਨ ਕਦ ਆਉਣਗੇ ?

3. ਜਦ ਨੀਂਦ ਅਸਾਡੀ ਉਘੜੇਗੀ, ਪਲਟੇਗਾ ਦੌਰ ਜ਼ਮਾਨੇ ਦਾ,
ਵਰਕਾ ਉਲਟਾਇਆ ਜਾਵੇਗਾ, ਖੁਦਗਰਜ਼ੀ ਦੇ ਅਫ਼ਸਾਨੇ[3] ਦਾ,
ਸਾਕੀ ਦਰਵਾਜ਼ਾ ਖੋਲ੍ਹੇਗਾ, ਰਲ ਬਹਿਣ ਲਈ ਮੈਖ਼ਾਨੇ[4] ਦਾ,
ਸੁਰ ਹੋ ਜਾਵੇਗਾ ਤੰਬੂਰਾ, ਵਿਗੜੇ ਹੋਏ ਪ੍ਰੇਮ-ਤਰਾਨੇ ਦਾ,
ਮੰਦਰ ਵਿਚ ਜੱਫੀਆਂ ਪਾ ਪਾ ਕੇ, ਮਸਤਾਨੇ ਰਾਸ ਰਚਾਉਣਗੇ,
ਇਸ ਸਾਹ ਸਤ ਹੀਣੇ ਭਾਰਤ ਤੇ, ਸਾਈਆਂ ! ਉਹ ਦਿਨ ਕਦ ਆਉਣਗੇ।

4. ਜਦ ਦਿਲ ਦਾ ਮੰਦਰ ਵੱਸੇਗਾ, ਉਜੜੇਗਾ ਦੇਸ ਵਿਖਾਲੇ ਦਾ,
ਗਲ ਲਗਿਆਂ ਧਰਮ ਨਾ ਵਿਗੜੇਗਾ, ਮੀਏਂ ਭਾਈ ਤੇ ਲਾਲੋ ਦਾ,
ਗੁਰਦੁਆਰੇ ਵਿਚਦੀ ਲੰਘੇਗਾ, ਰਾਹ ਮਸਜਿਦ ਅਤੇ ਸ਼ਿਵਾਲੇ ਦਾ,
ਰਲ ਘਿਉ-ਖਿਚੜੀ ਹੋ ਜਾਵੇਗਾ, ਦਿਲ ਗੋਰੇ ਦਾ, ਚੰਮ ਕਾਲੇ ਦਾ,
ਸਭ ਰਲ ਮਿਲ ਭਾਰਤ ਮਾਤਾ ਨੂੰ, ਸ਼ਰਧਾ ਦੇ ਫੁੱਲ ਚੜ੍ਹਾਉਣਗੇ,
ਇਸ ਸਾਹਸਤ ਹੀਣੇ ਭਾਰਤ ਤੇ, ਸਾਈਆਂ !......

5. ਜਦ ਮਰਦਾਂ ਨੂੰ ਜਚ ਜਾਏਗਾ, ਮੁੱਲ ਧੁਰ ਦੀ ਸਾਥਣ ਨਾਰੀ ਦਾ,
ਸੰਗਲ ਟੁਟ ਜਾਊ ਗੁਲਾਮੀ ਦਾ, ਵਿਦਯਾ ਦੇ ਨਾਲ ਸ਼ਿੰਗਾਰੀ ਦਾ,

1-2 ਕਪੜੇ ਜੋ ਕੇਵਲ ਇਸਤਰੀਆਂ ਪਹਿਨਦੀਆਂ ਸਨ। ਕਪੜਿਆਂ ਦੀਆਂ ਕਿਸਮਾਂ। 3. ਕਹਾਣੀ।
4. ਸ਼ਰਾਬ ਦੇ ਘਰ, ਭਾਵ ਮਸਤੀ ਦੇ ਘਰ।

ਲੜਨੋਂ ਕੁੜ੍ਹਨੋਂ ਇਕ ਪਾਸੇ ਹੋ, ਛੋਹੇਗੀ ਕੰਮ ਉਸਾਰੀ ਦਾ,
ਜਣ ਜਣ ਕੇ ਜੋਧੇ ਦੇਸ਼-ਭਗਤ, ਦਾਰੂ ਕਰਸੀ ਬੀਮਾਰੀ ਦਾ,
ਉਸ ਦੇ ਬਚੜੇ ਉਪਕਾਰ ਲਈ, ਵਧ ਵਧ ਕੇ ਜਾਨ ਲੜਾਉਣਗੇ,
ਇਸ ਸਾਹਸਤ ਹੀਣੇ ਭਾਰਤ ਤੇ, ਸਾਈਆਂ !...

6. ਜਦ ਘਰ ਤੋਂ ਸਬਕ ਆਜ਼ਾਦੀ ਦਾ, ਪੜ੍ਹਿਆ ਤੇ ਗੁੜ੍ਹਿਆ ਜਾਵੇਗਾ,
ਜੀਉਂਦਾ ਰਹਿਣਾ ਜੋ ਲੋਚੇਗਾ, ਜੀਉਣਾ ਦੇਣਾ ਭੀ ਚਾਹਵੇਗਾ,
ਜੋ ਆਪਣੇ ਪੈਰੀਂ ਉਭਰੇਗਾ, ਦੂਜੇ ਨੂੰ ਨਾਲ ਉਠਾਵੇਗਾ,
ਦੁਖੀਏ ਦੀ ਅੰਦਰ ਤਪਦੀ ਤਕ, ਸੁਖੀਏ ਦਾ ਦਿਲ ਘਬਰਾਵੇਗਾ,
ਤਾਕਤ ਵਾਲੇ ਕਮਜ਼ੋਰਾਂ ਨੂੰ, ਫੜ ਫੜ ਕੇ ਪਾਰ ਲੰਘਾਉਣਗੇ,
ਇਸ ਸਾਹ ਸਤ ਹੀਣੇ ਭਾਰਤ ਤੇ, ਸਾਈਆਂ !

7. ਜਦ ਵਿਦਯਾ-ਸੂਰਜ ਚੜ੍ਹਦੇ ਤੋਂ ਘਰ ਘਰ ਵਿਚ ਲੋ ਪਹੁੰਚਾਵੇਗਾ,
ਕਿਰਤੀ, ਵਿਰਤੀ, ਕਿਰਸਾਣ, ਕੁਲੀ, ਅਨਪੜ੍ਹ ਕੋਈ ਨਜ਼ਰ ਨਾ ਆਵੇਗਾ,
ਕੋਈ ਰੇਡੀਓ ਪਿਆ ਸਮੇਟੇਗਾ, ਕੋਈ ਬਿਜਲੀ ਪਿਆ ਦੁੜਾਵੇਗਾ,
ਵਿਸਕਰਮਾ[1], ਰਾਜਨ[2], ਐਡੀਸਨ[3], ਕੋਈ ਬੋਸ[4] ਟਿਗੋਰ[5] ਕਹਾਵੇਗਾ,
ਖਿੜ ਖਿੜ ਕੇ ਫੁਲ ਦਨਾਈ ਦੇ, ਮਾਇਆ ਦੀ ਮਹਿਕ ਖਿੰਡਾਉਣਗੇ,
ਇਸ ਸਾਹ ਸਤ ਹੀਣੇ ਭਾਰਤ ਤੇ, ਸਾਈਆਂ।...

8. ਜਦ ਮਿਹਨਤ ਨਾਲ ਮੁਹੱਬਤ ਪਾ, ਉਛਲੇਗਾ ਲਹੂ ਪਸੀਨੇ ਦਾ,
ਸਾਗਰ 'ਚੋਂ ਰਤਨ ਉਛਾਲੇਗਾ, ਬਲ ਹਿੰਦੁਸਤਾਨੀ ਸੀਨੇ ਦਾ,
ਸਰਮਾਏਦਾਰ ਤੇ ਕਿਰਤੀ ਦਾ, ਜੁਗ ਹੋਸੀ ਛਾਪ-ਨਗੀਨੇ ਦਾ,
ਅੰਬਾਰ ਲਗਾਇਆ ਜਾਏਗਾ, ਧਰਤੀ ਵਿਚ ਲੁਕੇ ਦਫੀਨੇ[6] ਦਾ,
ਕੁਦਰਤ ਦੇ ਗੁਪਤ ਖਜ਼ਾਨੇ 'ਚੋਂ, ਤਲਬਾਂ ਮਜ਼ਦੂਰ ਕਮਾਉਣਗੇ,
ਇਸ ਸਾਹ ਸਤ ਹੀਣੇ ਭਾਰਤ ਤੇ, ਸਾਈਆਂ !...

9. ਜਦ ਮਾਨੁਖਤਾ ਦਾ ਖੂਨ ਉਛਲ, ਢੂੰਡੇਗਾ ਰਾਹ ਰਸਾਈ[7] ਦਾ,
ਜ਼ਾਹਰਦਾਰੀ[8] ਦੇ ਖੰਡਰ ਤੇ ਉਸਰੇਗਾ ਮਹਿਲ ਸਚਾਈ ਦਾ,
ਇਨਸਾਫ ਅਛੂਤਾਂ ਨਾਲ ਕਰੂ, ਹੰਕਾਰੀ ਦਿਲ ਪੰਡਤਾਈ ਦਾ,
ਇਕ ਰੱਬ ਦੇ ਸਾਰੇ ਬਚੜੇ ਬਣ, ਜੋੜਨਗੇ ਰਿਸ਼ਤਾ ਭਾਈ ਦਾ,
ਕਰ ਹਿੰਮਤ ਮੋਢੇ ਜੋੜ ਜੋੜ ਦੁਨੀਆਂ ਦੀ ਦੌੜ ਮੁਕਾਉਣਗੇ,
ਇਸ ਸਾਹ ਸਤ ਹੀਣੇ ਭਾਰਤ ਤੇ, ਸਾਈਆਂ ! ਓਹ ਦਿਨ ਕਦ ਆਉਣਗੇ ?

---

1. ਇਕ ਦੇਵਤਾ ਜਿਸਨੂੰ ਪੁਰਾਣਾਂ ਵਿਚ ਦੇਵਤਿਆਂ ਦਾ ਚੀਫ ਇੰਜੀਨੀਅਰ ਦੱਸਿਆ ਹੈ। ਇਕ ਪ੍ਰਸਿੱਧ ਵਿਅਕਤੀ, ਸਾਡੇ ਦੇਸ਼ ਦੇ ਬਹੁਤ ਸਾਰੇ ਤਰਖਾਣ ਇਸ ਦੀ ਪੂਜਾ ਕਰਦੇ ਹਨ। 2-3. ਪ੍ਰਸਿੱਧ ਵਿਗਿਆਨੀ ਜਿਨ੍ਹਾਂ ਨੇ ਬਹੁਤ ਕਾਢਾਂ ਕੱਢੀਆਂ ਸਨ। 4. ਜਗਦੀਸ਼ ਚੰਦਰ ਬੋਸ ਜਿਸਨੇ ਬਨਾਸਪਤੀ ਵਿਗਿਆਨ ਵਿਚ ਬਹੁਤ ਵਾਧਾ ਕੀਤਾ।
5. ਪ੍ਰਸਿੱਧ ਬੰਗਾਲੀ ਕਵੀ ਰਾਵਿੰਦਰ ਨਾਥ ਟੈਗੋਰ (ਦੋਵੇਂ ਨੋਬਲ ਇਨਾਮ ਜੇਤੂ)। 6. ਦਬਿਆ ਹੋਇਆ ਖਜ਼ਾਨਾ।
7. ਰਸੂਖ, ਪਹੁੰਚ, ਮੇਲ। 8. ਵਿਖਾਵਾ।

ਉੱਤਰ

10. ਘਬਰਾਉਣ ਦੀ ਨਹੀਂ ਲੋੜ ਭਗਤ ! ਓਹ ਦਿਨ ਆਏ ਹੀ ਚਾਹੁੰਦੇ ਨੇਂ,
ਸਭ ਸੁਪਨੇ ਸਚੇ ਹੋਣ ਲਈ, ਰਾਹ ਰਸਤੇ ਖੁਲ੍ਹਦੇ ਜਾਂਦੇ ਨੇਂ,
ਨਵ-ਯੁਵਕ ਉਮੰਗਾਂ ਨਾਲ ਭਰੇ ਜਗਵੇਦੀ ਪਏ ਰਚਾਂਦੇ ਨੇਂ,
ਬੇੜਾ ਬੰਨੇ ਪਹੁੰਚਾਣ ਲਈ, ਮਸਤੌਲਾਂ[1] ਪਏ ਚੜ੍ਹਾਂਦੇ ਨੇਂ,
ਇਸ ਸਾਹ ਸਤ ਹੀਣੇ ਭਾਰਤ ਦੀ, ਮੁਕਤੀ ਦੇ ਦਿਨ ਭੀ ਆਉਣਗੇ।
ਦਿਨ ਆਉਣਗੇ, ਦਿਨ ਆਉਣਗੇ, ਓਹ ਦਿਨ ਨਿਰਸੰਸੇ ਆਉਣਗੇ।

ਪੰਜਾਬੀ

ਸ਼ਾਵਾ ਓਇ ਪੰਜਾਬੀ ਸ਼ੇਰਾ ! ਜੰਮਣਾ ਹੀ ਜਗ ਵਿਚ ਹੈ ਤੇਰਾ।
ਧੰਨ ਤੂੰ ਤੇ ਧੰਨ ਤੇਰੀ ਮਾਈ, ਧੰਨ ਹਿੰਮਤ ਤੇ ਧੰਨ ਕਮਾਈ।
ਕੁਦਰਤ ਹੈ ਅਜ ਤੇਰੇ ਵੱਲ ਦੀ, ਤੇਰੇ ਸਿਰ ਤੇ ਦੁਨੀਆਂ ਪਲਦੀ।
ਮੂੰਹ ਤੇਰੇ ਤੇ ਨੂਰ ਖੁਦਾ ਦਾ, ਬਾਂਹ ਤੇਰੀ ਵਿਚ ਜ਼ੋਰ ਬਲਾ ਦਾ।
ਜੇਠ ਹਾੜ ਦੇ ਵਾ-ਵਰੋਲੇ, ਸਾਉਣ ਮਾਂਹ ਦੇ ਝੱਖੜ ਝੋਲੇ,
ਰਾਤ ਹਨੇਰੀ, ਪੋਹ ਦੇ ਪਾਲੇ, ਹਸ ਹਸ ਕੇ ਤੂੰ ਜੱਫਰ ਜਾਲੇ।
ਸੌਂਚੀ[2], ਬੁਗਦਰ[3], ਛਾਲਾਂ[4], ਵੀਣੀ, ਹਰ ਇਕ ਖੇਡ ਤੇਰੀ ਸਾਹ-ਪੀਣੀ।
ਹਿੰਮਤ ਤੇਰੀ ਦਾ ਕੀ ਕਹਿਣਾ, ਬਿਨਾਂ ਖੁਰਾਕੋਂ ਜੁੱਟਿਆ ਰਹਿਣਾ।
ਛੋਲੇ ਚੱਬ ਤੂੰ ਕਹੀ ਚਲਾਵੇਂ, ਛਾਹ ਪੀ ਕੇ ਤੂੰ ਲਹੂ ਵਹਾਵੇਂ।
ਜਿਸ ਮੁਹਿੰਮ ਦੇ ਸਿਰ ਤੂੰ ਚੜ੍ਹਿਓਂ, ਸਰ ਕੀਤੇ ਬਿਨ ਘਰ ਨਾ ਵੜਿਓਂ।
ਜਸ ਹੁੰਦਾ ਏ ਹਰ ਥਾਂ ਤੇਰਾ, ਸ਼ਾਵਾ ਓਇ ਪੰਜਾਬੀ ਸ਼ੇਰਾ।

ਭਾਰਤ ਵਾਲੇ

ਉਜੜੇ ਪੁਜੜੇ ਭਾਰਤ ਵਾਲੇ ! ਰਸਤੇ ਸਿਰ ਵੀ ਆਇਆ ਕਰ !
ਆਪਣੀ ਹਾਲਤ ਤੇ, ਬੇ ਕਿਰਕਾ ! ਤਰਸ ਕਦੀ ਤੇ ਖਾਇਆ ਕਰ !
ਠੇਡੇ ਖਾਂਦਿਆਂ ਧੌਲੇ ਆ ਗਏ, ਹੁਣ ਤਾਂ ਹੋਸ਼ ਟਿਕਾਣੇ ਕਰ,
ਵਿਗੜੀ ਹੋਈ ਤਾਣੀ ਨੂੰ ਭੀ, ਬੈਠ ਕਦੀ ਸੁਲਝਾਇਆ ਕਰ !
ਘਰ ਦੀ ਲੰਕਾ ਫੂਕ ਫੂਕਾ ਕੇ, ਹਸਨਾ ਏਂ ਬਹਿ ਰੂੜੀ ਤੇ,
ਉਜੜੀ ਖੇਪ[5] ਸੰਭਾਲਣ ਦੀ ਭੀ, ਬਣਤਰ ਕੋਈ ਬਣਾਇਆ ਕਰ।
ਕੀ ਸੀ ਸ਼ਾਨ ਸ਼ਹਾਨਾ ਤੇਰੀ, ਕੀ ਕਰਤੂਤ ਖਿਲਾਰੀ ਉ ?
ਦੋਸਤ ਦੁਸ਼ਮਨ ਪਰਖਣ ਦਾ ਭੀ, ਦਿਲ ਨੂੰ ਸਬਕ ਸਿਖਾਇਆ ਕਰ !

---

1. ਜਹਾਜ਼ ਦਾ ਥੰਮ ਜਿਸ ਨਾਲ ਬਾਦਬਾਨ ਬੰਨ੍ਹਦੇ ਹਨ। 2. ਕਬੱਡੀ ਵਾਂਗ ਇਕ ਖੇਡ।
3. ਮੁਦਗਰ, ਡੌਲਿਆਂ ਦੀ ਵਰਜਸ਼ ਲਈ ਲੱਕੜ ਦਾ ਭਾਰਾਂ ਗੋਲ ਟੋਟਾ। 4. ਲੰਮੀਆਂ ਤੇ ਉਚੀਆਂ ਛਲਾਗਾਂ।
5. ਮਾਲ, ਵਸਤ।

ਦੀਨ ਧਰਮ ਦੀਆਂ ਵੱਟਾਂ ਪਾ ਪਾ, ਕੱਛਾਂ ਬੜੀਆਂ ਮਾਰੇ ਤੂੰ,
ਫਿਰਕੇਦਾਰੀ ਨੂੰ ਫੋੜੇ ਤੇ, ਰਗੜ ਰਗੜ ਕੇ ਲਾਇਆ ਕਰ !
ਹਿੱਸੇ ਬਖਰੇ[1] ਵੰਡਣ ਵਿਚ ਤਾਂ, ਹੋ ਗਿਓਂ ਬਹੁਤ ਸਿਆਣਾ ਤੂੰ,
ਮਿਲ ਬੈਠਣ ਦੀ ਬਰਕਤ ਦੀ ਭੀ, ਕੀਮਤ ਕੋਈ ਪਾਇਆ ਕਰ !
ਪੁਣ ਛਾਣਾਂ ਵਿਚ ਆਟਾ ਕਿਰ ਗਿਆ, ਰੋ ਬਹਿ ਬਹਿ ਕੇ ਲੇਖਾਂ ਨੂੰ,
ਬਾਲ ਬਚੇ ਨੂੰ ਫਾਹੇ ਦੇ ਕੇ, ਫੋਕੇ ਸੰਖ ਵਜਾਇਆ ਕਰ।
ਇਕਸੇ ਬੂਟੇ ਦੇ ਫੁਲ ਹੋ ਕੇ, ਖਾਣੀ ਖਾਰ ਨਾ ਚੰਗੀ ਏ,
ਆਪਣੇ ਵੀਰਾਂ ਕੋਲੋਂ, ਪਾਗਲ ! ਡਰ ਡਰ ਨਾ ਘਬਰਾਇਆ ਕਰ !
ਕਰ ਕਰ ਘੋਲ, ਚੁਰਾਹੇ ਦੇ ਵਿਚ, ਹਾਂਡੀ ਤੇਰੀ ਭਜਦੀ ਏ,
ਦੇ ਦੇ ਪੱਗ ਪਰਾਏ ਹੱਥੀਂ, ਅਹਿਮਕ[2] ਨਾ ਅਖਵਾਇਆ ਕਰ !

ਜਾਗ

(ਗੀਤ)

1. ਜਾਗ ਮੇਰੇ ਨੌ ਨਿਹਾਲ ! ਉਠ ਕੇ ਬੈਠ ਹੋਸ਼ ਨਾਲ।
ਜਾਗ ਮੇਰੇ ਦੂਲੇ ਸ਼ੇਰ ! ਜਾਗ, ਹੋ ਗਈ ਸਵੇਰ।
ਫੈਲਿਆ ਚੁਫੇਰੇ ਨੂਰ, ਹੋਇਆ ਅੰਧਕਾਰ ਦੂਰ।
ਜ਼ਿੰਦਗੀ ਨੇ ਛੋਹੇ ਰਾਗ,
ਜਾਗ ਮੇਰੇ ਲਾਲ! ਜਾਗ।

2. ਜਾਗ ਮੇਰੇ ਨੌ ਜਵਾਨ ! ਜਾਗਦਾ ਹੈ ਸਭ ਜਹਾਨ।
ਹੋ ਚੁਕੇ ਨੇਂ ਸਾਵਧਾਨ, ਚੀਨ, ਰੂਸ ਤੇ ਇਰਾਨ।
ਲਗ ਪਏ ਨੇਂ ਖੁਣਸ ਖਾਣ, ਤੁਰਕ, ਅਰਬ ਤੇ ਪਠਾਣ।
ਸੌਂ ਉਠੇ ਨੇਂ ਸਭ ਦੇ ਭਾਗ,
ਜਾਗ, ਮੇਰੇ ਲਾਲ ! ਜਾਗ।

3. ਜਾਗ, ਉਠ ਕੇ ਮਾਰ ਝਾਤ, ਵਟ ਗਈ ਹੈ ਕਾਇਨਾਤ।
ਖੁਲ ਗਏ ਨਵੇਂ ਬਜ਼ਾਰ, ਹੋ ਰਹੀ ਏ ਢਾ ਉਸਾਰ।
ਮਰ ਕੇ ਜੀ ਉਠੇ ਜਵਾਨ, ਤੁਰ ਪਏ ਨੇਂ ਕਾਰਵਾਨ।
ਤੂੰ ਭੀ ਉਠ ਕੇ ਮੋੜ ਵਾਗ,
ਜਾਗ, ਮੇਰੇ ਲਾਲ ! ਜਾਗ

4. ਤੇਰੀ ਜਾਗ ਦੀ ਉਡੀਕ, ਹੋ ਰਹੀ ਏ ਦੂਰ ਤੀਕ।
ਦੇਖ ਦੇਖ ਤੇਰੀ ਝੋਕ[3], ਤਲਮਲਾ ਰਹੇ ਨੇਂ ਲੋਕ।
ਡਰ ਹੈ ਤੇਰੀ ਨੀਂਦ ਨਾਲ ਰੁਕ ਨਾ ਜਾਇ ਸਭ ਦੀ ਚਾਲ।

---

1. ਭਾਗ। 2. ਮੂਰਖ। 3. ਨੀਂਦ ਵਿਚ ਉਘਲਾਉਣਾ।

ਛੂ ਨ ਜਾਇ ਤੇਰੀ ਲਾਗ,
ਜਾਗ, ਮੇਰੇ ਲਾਲ ! ਜਾਗ।

5. ਉਠ ਕੇ ਦੇਖ ਘਰ ਦਾ ਹਾਲ, ਉਡ ਰਹੀ ਏ ਕੀ ਗੁਲਾਲ।
ਚਲ ਰਹੀ ਛੁਰੀ ਕਟਾਰ, ਸਾੜ, ਫੂਕ, ਮਾਰ ਮਾਰ,
ਬੰਦ ਨੇ ਅਮਨ ਦੇ ਰਾਹ, ਰੁਕ ਗਏ ਨੇਂ ਸਭ ਦੇ ਸਾਹ।
ਹੋ ਗਿਆ ਵਿਰਾਨ ਬਾਗ,
ਜਾਗ, ਮੇਰੇ ਲਾਲ ! ਜਾਗ।

6. ਦੀਨ ਧਰਮ ਦੀ ਲੈ ਓਟ, ਪਲ ਰਹੇ ਨੇ ਕਰੜ ਝੋਟ[1],
ਆਇਆ ਮਜ਼ਹਬੀ ਜਨੂਨ[2] ਹੋ ਗਏ ਸੁਫੈਦ ਖੂਨ,
ਸਿਰ ਤੇ ਭੂਤ ਹੈ ਸਵਾਰ, ਵਗ ਗਈ ਖੁਦਾ ਦੀ ਮਾਰ।
ਸਭ ਦੇ ਫਿਰ ਗਏ ਦਿਮਾਗ,
ਜਾਗ ਮੇਰੇ ਲਾਲ ! ਜਾਗ।

ਓ ਕੌਮ ਦੇ ਸਿਪਾਹੀਓ !

1. ਓ ਨੌਜਵਾਨ ਦੂਲਿਓ ! ਜੁਸ਼ੀਲਿਓ ! ਬਹਾਦਰੋ !
ਓ ਕੌਮ ਦੇ ਸਿਪਾਹੀਓ! ਬੁਲੰਦ ਸ਼ਾਨ ਵਾਲਿਓ!
ਸਮਾਂ ਚਲਾ ਗਿਆ ਏ ਸੌਣ ਦਾ, ਉਠੋ ਉਠੋ ਉਠੋ,
ਮਦਾਨ ਵਿਚ ਸਾਵਧਾਨ ਹੋ ਕੇ ਹੁਣ ਨਿਕਲ ਪਓ,
ਚਲੇ ਗਏ ਨੇਂ ਦੂਰ ਦੂਸਰੇ, ਤੁਸੀਂ ਭੀ ਚਲ ਪਓ।

2. ਬੜੀ ਅਜ਼ੀਮ[3] ਹੈ ਮੁਹਿਮ, ਤੇ ਚੱਲ ਬੜਾ ਮੁਹਾਲ ਹੈ।
ਮੁਕਾਬਲੇ ਤੇ ਜਿੰਦਗੀ ਤੇ ਮੌਤ ਦਾ ਸਵਾਲ ਹੈ।
ਨਾ ਅਕਲ ਹੈ, ਨਾ ਇਲਮ ਹੈ, ਨਾ ਜ਼ੋਰ ਹੈ ਨਾ ਮਾਲ ਹੈ।
ਗੁਲਾਮੀਆਂ ਦੀ ਨੀਂਦ ਦਾ ਖੁਮਾਰ ਹੋਸ਼ ਲੈ ਗਿਆ।
ਤੇ ਵਾਸਤਾ ਅਜੀਬ ਮੁਸ਼ਕਿਲਾਂ ਦੇ ਨਾਲ ਪੈ ਗਿਆ।

3. ਤੁਸਾਂ ਈ ਹੁਣ ਬਚਾਉਣੀ ਏ ਆਨ ਸ਼ਾਨ ਕੌਮ ਦੀ,
ਤੁਸੀਂ ਓ ਖੂਨ ਕੌਮ ਦਾ, ਤੁਸੀਂ ਓ ਜਾਨ ਕੌਮ ਦੀ,
ਤੁਸੀਂ ਬਣੋ ਅਵਾਜ਼, ਏਸ ਬੇਜਾਨ ਕੌਮ ਦੀ,
ਦਿਲਾਂ ਨੂੰ ਬਾਦਬਾਨ[4] ਵਾਂਗ ਚੌੜਿਆਂ ਬਣਾ ਦਿਓ,
ਤੇ ਕੌਮ ਦਾ ਜ਼ਹਾਜ਼ ਮੁਸ਼ਕਿਲਾਂ ਤੋਂ ਪਾਰ ਲਾ ਦਿਓ।

4. ਅਵਿੱਦਿਆ ਦੇ ਭਾਰ ਨੇ ਹੈ ਆਤਮਾ ਦਬਾ ਰਖੀ,
ਜ਼ਹਾਲਤਾਂ[5] ਦੀਆਂ ਘਟਾ ਜ਼ਮੀਰ ਹੈ ਲੁਕਾ ਰਖੀ,

---

1. ਕਠੋਰ ਖਰ੍ਹਵੀ ਮਨੁੱਖ। 2. ਸ਼ੁਦਾ, ਪਾਗਲਪਣ। 3. ਉੱਚੀ, ਸ਼ਾਨਦਾਰ।
4. ਜਹਾਜ਼ ਉੱਪਰ ਬੰਨ੍ਹੇ ਜਾਂਦੇ ਵੱਡੇ ਕਪੜੇ ਜਿਨ੍ਹਾਂ ਨਾਲ ਹਵਾ ਤੋਂ ਜਹਾਜ਼ ਚਲਾਉਣ ਵਿਚ ਸਹਾਇਤਾ ਮਿਲਦੀ ਹੈ।
5. ਮੂਰਖਤਾ।

ਬਿਕਾਰੀਆਂ ਨੇ ਬੁੱਧ ਭੀ ਮਲੀਨ ਹੈ ਬਣਾ ਰਖੀ।
ਹੈ ਦਿਉਤਿਆਂ ਦੀ ਭੌਂ ਸ਼ਿਤਾਨ ਦੇ ਅਧੀਨ ਹੋ ਰਹੀ,
ਕੰਗਾਲ ਦਿਲ ਤਿਆਰ ਨੇਂ ਇਮਾਨ ਵੇਚਣੇ ਲਈ।

5. ਹੈ ਫਿਰਕਿਆਂ ਨੇ ਬੰਦ ਬੰਦ ਦੇਸ਼ ਦਾ ਨਖੇੜਿਆ,
ਮੁਲਾਣਿਆਂ ਤੇ ਪੰਡਤਾਂ ਨੇ ਰਾਗ ਹੈ ਓਹ ਛੇੜਿਆ,
ਕਿ ਪ੍ਰੇਮ ਤੇ ਸਲੂਕ ਨੂੰ ਹੈ ਮੂਲ ਤੋਂ ਉਖੇੜਿਆ,
ਤਅੱਸਬਾਂ ਤੇ ਸ੍ਵਾਰਥਾਂ ਦਾ ਭੂਤ ਸਿਰ ਤੇ ਚੜ੍ਹ ਗਿਆ,
ਅੰਗੂਰ ਸੱਭਤਾ ਦਾ ਗਰਮ ਲੋ ਦੇ ਨਾਲ ਸੜ ਗਿਆ !

6. ਖੁਦੀ ਤਕੱਬਰੀ[1] ਦਿਮਾਗ ਚਾੜ੍ਹਿਆ ਅਕਾਸ਼ ਤੇ,
ਜੁਟੇ ਨੇਂ ਇਕ ਦੂਸਰੇ ਦਾ ਖੂਨ ਪੀਣ ਵਾਸਤੇ,
ਮਿਲਾਪ ਸਾਲਸੀ[2] ਦੇ ਬੰਦ ਹੋ ਗਏ ਨੇਂ ਰਾਸਤੇ,
ਗੁਲਾਮੀਆਂ ਦੇ ਸੰਗਲਾਂ ਨੂੰ ਸ਼ੇਰ ਹਨ ਵਧਾ ਰਹੇ,
ਸ਼ਹੀਦ ਗਾਜ਼ੀਆਂ ਦੇ ਸਾਂਗ ਸੂਰਮੇ ਸਜਾ ਰਹੇ।

7. ਹੈ ਜ਼ੋਰ ਜ਼ਰ ਲੁਟੀ ਰਿਹਾ, ਇਮਾਰਤਾਂ ਬਣਾਣ ਤੇ,
ਦਿਮਾਗ ਖਰਚ ਹੋ ਰਿਹਾ ਸ਼ਰਾਰਤਾਂ ਉਠਾਣ ਤੇ,
ਮਨੁੱਖਤਾ ਨੂੰ ਮਾਣ ਹੈ ਚੁਆਤੀਆਂ ਲਗਾਣ ਤੇ,
ਨਾ ਖੁਲ੍ਹ ਹੈ ਖਿਆਲ ਦੀ, ਨਾ ਜੀਭ ਹੀ ਅਜ਼ਾਦ ਹੈ,
ਨਾ ਜੀਉਣ ਦਾ ਸੁਆਦ ਹੈ, ਨਾ ਮਰਨ ਦਾ ਸੁਆਦ ਹੈ।

8. ਜਵਾਨ ਹਿੰਦ ਵਾਲਿਓ ! ਏ ਦੇਖਦੇ ਭੀ ਹੋ ਕਿ ਨਾ,
ਕਿ ਹੋ ਰਹੀ ਏ ਆਬਰੂ ਖੁਆਰ ਕਿਸ ਬੁਰੀ ਤਰ੍ਹਾਂ,
ਜੇ ਅੱਖੀਆਂ ਉਘੇੜ ਕੇ ਨਾ ਸਾਰ ਹੁਣ ਲਈ ਤੁਸਾਂ,
ਤਾਂ ਸੂੰਦੀਆਂ ਹੀ ਜਾਣੀਆਂ ਨੇਂ ਗੁੰਝਲਾਂ ਤੇ ਮੁਸ਼ਕਿਲਾਂ,
ਤੁਸੀਂ ਜੇ ਫੈਸ਼ਨਾਂ ਦੀ ਤਿਲਸਮਾਤ[3] ਵਿਚ ਫਸੇ ਰਹੋ,
ਤਾਂ ਕੌਣ ਆ ਕੇ ਬੰਦ ਕਟ ਸਕੇਗਾ ਏਸ ਦੇਸ਼ ਦੇ।

ਤਰਸੇਵਾਂ

(ਗੀਤ)

ਦਿਲ ਭੁੱਜਦਾ ਏ ਵਾਂਗ ਕਬਾਬ ਦੇ।
ਵਧ ਵਧ ਅਗ੍ਹਾਂ ਖਲੋਂਦੇ ਕਿਉਂ ਨਹੀਂ,
ਰਾਠ ਮੇਰੇ ਪੰਜਾਬ ਦੇ।

1. ਸੀਤੇ ਗਏ ਲੰਗਾਰ ਨਾ ਪਾਟੇ,
ਮਜ਼ਲ ਮੇਰੀ ਰਹਿ ਗਈ ਅਧਵਾਟੇ,

1. ਹਉਮੈਂ, ਹੰਕਾਰ। 2. ਸਮਝੌਤੇ ਲਈ ਵਿਚੋਲਗੀ। 3. ਜਾਦੂ।

ਡੋਲਣ ਲਗ ਪਏ ਖਾਬ ਸੁਨਹਿਰੀ,
ਕੀ ਬਣਸੀ ਵਕਤ ਹਿਸਾਬ ਦੇ।

2. ਘਰ ਨਹੀਂ ਉਣਿਆ ਤੰਦ ਨਾ ਤਾਣੀ,
ਪੂਾਰ ਦੁਰਾਡਾ, ਡੂੰਘਾ ਪਾਣੀ,
ਸੁੱਟੀ ਬੈਠੇ ਵੰਝ ਮੁਹਾਣੇ,
(ਅਜੇ) ਕੰਢੇ ਖੜੇ ਸੁਰਾਬ[1] ਦੇ।

3. ਰਿਹਾ ਨਾ ਸਾਹ ਸਤ ਉੜ੍ਹਾ ਚੜ੍ਹਨ ਦਾ,
ਭੁੱਲ ਗਿਆ ਵੱਲ ਤਕਦੀਰ ਘੜਨ ਦਾ,
ਹੱਡੀਂ ਰਚ ਗਈ ਬੇਵਿਸ਼ਵਾਸੀ,
ਗਏ ਵਰਕੇ ਉਲਟ ਕਿਤਾਬ ਦੇ।

4. ਉੱਠ ਬਹੁ, ਮੇਰਿਆ ਗੱਭਰੂ ਸ਼ੇਰਾ !
ਆਪਣੇ ਬਲ ਤੇ ਕੋਈ ਕਰ ਜੇਰਾ,
ਭੁਇੰ ਤੇ ਰੁਲਨਾ ਸਹਿ ਨਹੀਂ ਸਕਦੇ,
ਜਿਨ੍ਹਾਂ ਦਾਈਏ ਰਖੇ ਉਕਾਬ[2] ਦੇ।

ਫੁੱਟ ਦੇ ਕਾਰੇ

(ਸੰਨ 1947 ਦੀ ਹਿੰਦੂ-ਮੁਸਲਿਮ ਅਸ਼ਾਨਤੀ ਨੂੰ ਦੇਖ ਕੇ ਲਿਖੀ ਗਈ)

1. ਹਿੰਦੂ ਮੁਸਲਿਮਾਂ ਨੂੰ ਜਿਹੜੀ ਵੱਗ ਗਈ ਏ,
ਜਾਣੇ ਰੱਬ, ਕੀ ਜ਼ੁਲਮ ਹੈ ਆਉਣ ਵਾਲਾ।
ਖਬਰੇ ਆਪਣੀ ਨਿਗਹ ਅਸਮਾਨ ਚੜ੍ਹ ਗਈ,
ਯਾ ਕੋਈ ਹੋਰ ਬੈਠਾ, ਤੁਣਕੇ ਲਾਉਣ ਵਾਲਾ।
ਯਾਰੋ ! ਮਰਨ-ਮਿੱਟੀ ਕਾਹਦੀ ਚੜ੍ਹ ਗਈ ਜੇ?
ਤੁਹਾਨੂੰ ਕੋਈ ਨਹੀਂ ਰਿਹਾ ਸਮਝਾਉਣ ਵਾਲਾ ?
ਕੋਈ ਅੱਗ ਨੂੰ ਨਹੀਂ ਬੁਝਾਉਣ ਜੋਗਾ,
ਜੇਹੜਾ ਉਠਦਾ ਹੈ, ਤੇਲ ਪਾਉਣ ਵਾਲਾ।
ਘਰ ਦੀ ਅੱਗ ਸਾਡੀ ਲੰਕਾ ਫੂਕ ਸੁੱਟੀ,
ਬੇਸਲੂਕੀ ਨੇ ਕੱਖ ਨਾ ਛੱਡਿਆ ਹੈ।
ਹੈਂਸਿਆਰਿਆਂ ਦੂਤੀਆਂ[3] ਏਸ ਵਿਹੜੇ,
ਕਿਹਾ ਸੇਹ ਦਾ ਤੱਕਲਾ[4] ਗੱਡਿਆ ਹੈ?

2. ਏਸ ਵਹਿਣ ਵਿਚ ਪਿਆਂ, ਕੁਝ ਪਤਾ ਜੇ !
ਬੇੜੇ ਗਰਕ ਕੀ ਕੀ ਸਾਡੇ ਹੋ ਰਹੇ ਨੇਂ ?

---

1. ਲਹਿਰ, ਨਦੀ, ਹੜ। 2. ਇਕ ਬਹੁਤ ਉੱਚਾ ਉਡਣ ਵਾਲਾ ਪੰਛੀ। 3. ਚੁਗਲਖ਼ੋਰ।
4. ਝਗੜੇ ਦੀ ਜੜ੍ਹ, ਸੇਹ (ਕੰਡੈਲੇ ਚੂਹੇ) ਦਾ ਕੰਡਾ ਕਿਸੇ ਥਾਂ ਉੱਤੇ ਦਬਿਆ ਹੋਵੇ ਤਾਂ ਉਥੇ ਰੋਜ਼ ਲੜਾਈ ਹੁੰਦੀ ਮੰਨੀ ਜਾਂਦੀ ਹੈ।

ਮੂਧਾ ਹੋ ਗਿਆ ਤਖਤ ਬਿਉਪਾਰੀਆਂ ਦਾ,
ਉੱਤੋਂ ਹੱਸਦੇ, ਅੰਦਰੋਂ ਰੋ ਰਹੇ ਨੇਂ।
ਚਾਂਦੀ ਸੋਨੇ ਦੇ ਥਾਲਾਂ ਵਿਚ ਖਾਣ ਵਾਲੇ,
ਮਾਰੇ ਭੁੱਖ ਦੇ ਟੋਕਰੀ ਢੋ ਰਹੇ ਨੇਂ।
ਕਿਰਤ ਕਾਰ ਰੁਜ਼ਗਾਰ ਤੇ ਗੜਾ ਪੈ ਗਿਆ,
ਲੋਕੀ ਜ਼ਿੰਦਗੀ ਤੋਂ ਹੱਥ ਧੋ ਰਹੇ ਨੇਂ।
ਧੋਖਾ ਰਿਜ਼ਕ ਦਾ, ਤੌਖਲਾ ਜਾਨ ਦਾ ਭੀ,
ਖਤਰਾ ਪੱਗ ਦਾ, ਭੋਖੜਾ ਅੰਨ ਦਾ ਭੀ।
ਕੱਖ ਚੁਣੇ ਗਏ ਏਧਰੋਂ ਉਂਞ ਸਾਡੇ,
ਓਧਰ ਖੌਫ ਹੈ ਪੁਲਸ ਦੇ ਡੰਨ ਦਾ ਭੀ।

3. ਜੇ ਕਰ ਚਾਹੋ, ਹਿੰਦੂ ਜੀਉਂਦੇ ਨਾਂਹ ਦਿੱਸਣ,
ਸੋਚ ਲਓ, ਜੇ ਹੈ ਜੇ ਮੁਕਾਣ ਜੋਗੇ,
ਮੁਸਲਮਾਨ ਭੀ ਗੱਡ ਕੇ ਗਾਡ ਰਹਿ ਗਏ,
ਏਹ ਭੀ ਰਹੇ ਨਹੀਂ ਪਿਛਾਂ ਨੂੰ ਜਾਣ ਜੋਗੇ।
ਜੇ ਉਹ ਸੇਰ ਨੇ ਤਾਂ ਸਵਾਂ ਸੇਰ ਦੂਜੇ,
ਫੂਕ ਨਾਲ ਨਹੀਂ ਦੀਵੇਂ ਉਡਾਣ ਜੋਗੇ।
ਫੇਰ ਬੋਟੀਆਂ ਕਾਸ ਨੂੰ ਤੋੜਦੇ ਹੋ,
ਦਾਣੇ ਬੜੇ ਨੇ ਦੋਹਾਂ ਦੇ ਖਾਣ ਜੋਗੇ।
ਅੰਦਰ ਬੈਠ ਕੇ ਆਓ ਨਜਿੱਠ ਲਈਏ,
ਬੁੱਕਲ ਆਪਣੀ ਨਸ਼ਰ ਕਰਵਾਈਏ ਨਾ।
ਯਾਰੋ ਨਵ੍ਹਾਂ ਤੇ ਮਾਸ ਦਾ ਸਾਕ ਸਾਡਾ,
ਸੱਥਾਂ[1] ਸੱਦ ਕੇ ਲੀਕਾਂ ਲੁਆਈਏ ਨਾ।

4. ਭਾਈ ਹਿੰਦੂਓ ! ਹਿੰਦ ਦੇ ਤੁਸੀਂ ਮਾਲਕ,
ਕੋਟ ਅਕਲ ਦੇ ਦੌਲਤ ਦੀ ਖਾਨ ਹੀ ਸਹੀ।
ਭਾਈ ਮੁਗਲਾਂ ਦਿਓ ਵਾਰਸੋ, ਮੁਸਲਮਾਨੋ !
ਤੁਸੀਂ ਪਾਤਸ਼ਾਹੀ ਖਾਨਦਾਨ ਹੀ ਸਹੀ,
ਹਿੰਦੂ ਨਿੱਘਰੇ ਹੋਏ ਬੇਜਾਨ ਹੀ ਸਹੀ
ਤੁਸੀਂ ਸੂਰਮੇ ਤੇ ਪਹਿਲਵਾਨ ਹੀ ਸਹੀ।
ਹਿੰਦੂ ਸਖੀ ਤੇ ਮੁਸਲਮ ਸੁਲਤਾਨ ਹੀ ਸਹੀ,
ਉਹ ਰਾਜਪੂਤ ਹੀ ਸਹੀ, ਉਹ ਪਠਾਨ ਹੀ ਸਹੀ।
ਐਸ ਵੇਲੇ ਤਾਂ ਸੱਭੇ ਗੁਲਾਮ ਹੀ ਹੋ,
ਕਿਦ੍ਹੀਆਂ ਪਤਲੀਆਂ ਮੋਟੀਆਂ ਬੇੜੀਆਂ ਜੇ ?

1. ਪੰਚਾਇਤ, ਇਕੱਠ।

ਹੱਥ ਵੱਸ ਤਾਂ ਦੂਹਾਂ ਦੇ ਭੱਸ ਵੀ ਨਹੀਂ,
ਕਾਹਨੂੰ ਮੁਖਤ ਦੀਆਂ ਰਿੱਕਤਾਂ[1] ਛੇੜੀਆਂ ਜੇ ?

5. ਜੜ੍ਹੀਂ ਤੇਲ ਕਿਉਂ ਆਪਣੀ ਦੇ ਰਹੇ ਹੋ ?
ਕੁਝ ਨਹੀਂ ਸੌਰਨਾ ਘਰ ਦੀ ਲੜਾਈ ਦੇ ਵਿਚ।
ਖੰਡ ਖਾਇ ਕੇ ਅੰਤ ਨੂੰ ਵੱਸਣਾ ਜੇ,
ਦੋਹਾਂ ਏਸੇ ਖੁਦਾ ਦੀ ਖੁਦਾਈ ਦੇ ਵਿਚ।
ਭਰਾ ਭਰਾਵਾਂ ਦੀਆਂ ਸੰਘੀਆਂ ਘੁੱਟਦੇ ਹੋ,
ਪੱਥਰ ਪੈ ਗਏ ਸਾਡੀ ਦਨਾਈ ਦੇ ਵਿਚ,
ਡੁਲ੍ਹੇ ਬੇਰਾਂ ਦਾ ਅਜੇ ਕੀ ਵਿਗੜਿਆ ਹੈ ?
ਬੜਾ ਮਜ਼ਾ ਹੈ ਦਿਲ ਦੀ ਸਫਾਈ ਦੇ ਵਿਚ।
ਸੋਟਾ ਮਾਰਿਆ ਪਾਣੀ ਨਹੀਂ ਦੋ ਹੋਣੇ,
ਏਹ ਹਮਸਾਏ ਤਾਂ ਮਾਂ ਪਿਉ ਜਾਏ ਹੋਏ ਨੇਂ।
ਓੜਕ ਅਸਾਂ ਤੇ ਤੁਸਾਂ ਹੀ ਕੰਮ ਔਣਾ,
ਸਾਰੇ ਹੇਜਲੇ[2] ਯਾਰ ਪਰਤਾਏ ਹੋਏ ਨੇਂ।

6. ਮਿੱਟੀ ਪਾ ਦਿਓ ਪਿਛਲੀਆਂ ਬੀਤੀਆਂ ਤੇ,
ਅਜ ਵਿੱਛੜੇ ਵੀਰ ਮਿਲਾ ਦਿਓ ਖਾਂ !
ਗੰਗਾ-ਜਮਨਾ ਤੇ ਦਜਲੇ-ਫਰਾਤ[3] ਵਿਚੋਂ,
ਸਾਂਝੀ ਏਕੇ ਦੀ ਨਹਿਰ ਵਹਾ ਦਿਓ ਖਾਂ !
ਵਿਚੋਂ ਸੰਖ ਦਿਓਂ ਬਾਂਗ ਦੀ ਵਾਜ ਨਿਕਲੇ,
ਮੰਦਰ ਮਸਜਿਦ ਦੀਆਂ ਕੰਧਾਂ ਰਲਾ ਦਿਓ ਖਾਂ !
ਪੰਡਤ ਮੁੱਲਾਂ ਨੂੰ ਜੰਞੂ ਨਾਲ ਜੁੱਟ ਕਰ ਕੇ,
ਭਾਰਤ ਮਾਤਾ ਦੀ ਪੂਜਾ ਸਿਖਾ ਦਿਓ ਖਾਂ !
ਜੋ ਅਖਬਾਰ ਨੇ ਲੂਤੀਆਂ ਲੌਣ ਵਾਲੇ,
ਫੜ ਕੇ ਉਨ੍ਹਾਂ ਦੀਆਂ ਸੰਘੀਆਂ ਘੁੱਟ ਸੁੱਟੋ।
ਪਾਕੇ ਜੱਫੀਆਂ 'ਚਾਤ੍ਰਿਕ' ਸਲੂਕ ਕਰ ਲਓ,
ਬੂਟਾ ਫੁੱਟ ਦਾ ਜੜ੍ਹਾਂ ਤੋਂ ਪੁੱਟ ਸੁੱਟੋ।

ਹੋਸ਼ ਦਾ ਛਾਂਟਾ

(ਅਛੂਤ ਉਧਾਰ ਦੀ ਬਾਬਤ)

ਧਾਰਨਾ:—"ਮੈਂ ਤੁਹਿ ਆਖਿਆ ਮਾਹੀ ਕਿ ਮਾਰੂ ਦੇਸ ਨਾ ਜਾਈਂ"
ਚਾਲ—14 ਮਾਤ੍ਰਾਂ ਅੰਤ ਢਗਣ, 13 ਮਾਤ੍ਰਾਂ ਅੰਤ ਡਗਣ, ਕੁਲ 27 ਮਾਤ੍ਰਾਂ

---

1. ਝਗੜੇ। 2. ਜੋ ਪਿਆਰ ਦੀ ਫੜ ਮਾਰਨ। 3. ਈਰਾਨ ਦੇ ਦੋ ਪ੍ਰਸਿੱਧ ਦਰਿਆ।

ਉੱਚੀ ਜਾਤ ਦਾ ਹੰਕਾਰ ਕਰ ਕਰ ਆਕੜਨ ਵਾਲੇ !
ਉੱਤੋਂ ਤੂੰਬੜੀ ਦੇ ਵਾਂਗ, ਵਿਚੋਂ ਜ਼ਹਿਰ ਦੇ ਪਯਾਲੇ !
ਆ ਜਾ, ਹੋਸ਼ ਕਰ ਮਗਰੂਰ ! ਪੁੱਠੇ ਛੋੜ ਦੇ ਚਾਲੇ,
ਡੁੱਬੋਂ ਬਾਹਮਣਾ ਤੂੰ ਆਪ, ਤੇ ਜਜਮਾਨ ਭੀ ਗਾਲੇ।੧।
ਕਾਹਨੂੰ ਨਵ੍ਹਾਂ ਨਾਲੋਂ ਮਾਸ ਨੂੰ ਨਿਖੜਾਣ ਲੱਗਾ ਹੈਂ ?
ਆਪਣੀ ਮੌਤ ਦੇ ਸਾਮਾਨ, ਆਪ ਬਨਾਣ ਲੱਗਾ ਹੈਂ ?
ਘੜ ਕੇ ਨਿਸ਼ਤਰਾਂ[1] ਦਾ ਹਾਰ, ਗਲ ਵਿਚ ਪਾਣ ਲੱਗਾ ਹੈਂ ?
ਵਸਦਾ ਬਾਗ ਆਰੀ ਫੇਰ, ਕਿਉਂ ਉਜਾੜਣ ਲੱਗਾ ਹੈਂ ?।੨।
ਕਹਿ ਕਹਿ 'ਨੀਚ' ਜਿਹੜੇ ਵੀਰ ਤੂੰ ਦੁਰਕਾਰ ਦੇਂਦਾ ਹੈਂ,
ਜੇਕਰ ਸ਼ਰਨ ਤੇਰੀ ਔਣ, ਧੱਕੇ ਮਾਰ ਦੇਂਦਾ ਹੈਂ,
ਝੁਕਿਆ ਸਿਰ ਉਨ੍ਹਾਂ ਦਾ ਵੇਖ, ਡਾਂਗ ਉਲਾਰ ਦੇਂਦਾ ਹੈਂ।੩।
ਉਹ ਤਾਂ ਸਾਂਝੜਾ ਹਨ ਖ਼ੂਨ, ਪੂੰਜੀ ਰਾਸ ਨੀਂ ਤੇਰੇ,
ਲਾਲਾਂ ਹੀਰਿਆਂ ਦੀ ਖਾਣ ਤੇ ਅਲਮਾਸ[2] ਨੀਂ ਤੇਰੇ,
ਤੂੰ ਹੈਂ ਫੁੱਲ ਤੇ ਉਹ ਬਾਸ, ਜੀਵਨ ਸਾਸ ਨੀਂ ਤੇਰੇ,
ਖੇਤੀ ਆਪਣੀ ਦੀ ਵਾੜ, ਮੁਖਤੀ ਦਾਸ ਨੀਂ ਤੇਰੇ।੪।
ਸੋਨਾ ਆਪ ਨੂੰ ਜੇ ਥਾਪ, ਲੋਹਾ ਉਨ੍ਹਾਂ ਨੂੰ ਮੰਨੇਂ,
ਬਣ ਕੇ ਛੈਣੀਆਂ ਤੇ ਤੀਰ, ਤੈਨੂੰ ਲਾਣਗੇ ਬੰਨੇ,
ਵੇਖੀ ਜਾਉਂਦੇ ਨੇ ਹਾਲ, ਚੌੜਾਂ ਤੇਰੀਆਂ ਵੰਨੇ,
ਆਊ ਹੋਸ਼ ਜਦ ਉਸ ਨੀਚ ਖੋਪੜ ਊਚ ਦੇ ਭੰਨੇ।੫।
ਬਾਹਵਾਂ ਭੰਨ ਕੇ ਹੇ ਮੂੜ੍ਹ ! ਧੜ ਫਿਰ ਕੀ ਬਣਾਵੀਗਾ ?
ਆਪਣੇ ਖ਼ੂਨ ਨੂੰ ਨਾ ਡੋਲ੍ਹ, ਮੂਰਖ ! ਕੰਮ ਆਵੀਗਾ,
ਵੀਰਾਂ ਨਾਲ ਤਿਣਕਾ ਤੋੜ, ਝੁੱਗਾ ਚੌੜ ਜਾਵੀਗਾ,
ਖੰਭ ਖੁਹਾਇ ਕੇ ਨਾਦਾਨ ! ਚੋਗਾ ਕੌਣ ਪਾਵੀਗਾ ?।੬।
ਹੇ ਗੁਮਰਾਹ ! ਆਤਮਘਾਤ ਦੀ ਇਹ ਚਾਲ ਹੈ ਤੇਰੀ,
ਜਿਸਨੂੰ ਸਮਝਿਆ ਤੂੰ ਨੀਚ, ਉਹ ਤਾਂ ਢਾਲ ਹੈ ਤੇਰੀ,
ਆਕੜ, ਮਾਣ, ਸ਼ੋਭਾ, ਸ਼ਾਨ, ਉਸ ਦੇ ਨਾਲ ਹੈ ਤੇਰੀ,
ਉਸ ਦੇ ਜ਼ੋਰ ਤੇ ਹਰ ਥਾਉਂ ਗ਼ਲਦੀ ਦਾਲ ਹੈ ਤੇਰੀ।੭।
ਤੇਰੀ ਵੇਖ ਕੇ ਕਰਤੂਤ, ਜੇ ਕਰ ਖਾਰ ਖਾ ਬੈਠਾ,
ਲਾਂਭੇ ਢਾਂਡਰੀ[3] ਜਾ ਬਾਲ, ਕੋਈ ਰੰਗ ਲਾ ਬੈਠਾ,
ਏਹੋ ਫੁੱਲ ਬਣ ਕੇ ਖਾਰ[4] ਜੇ ਤਲਵਾਰ ਚਾ ਬੈਠਾ,
ਉੱਜੜ ਜਾਇਗਾ ਇਹ ਬਾਗ, ਮਾਲੀ ਮੂੰਹ ਭੁਆ ਬੈਠਾ।੮।
ਨਾ ਕਰ ਜਨਮ ਦਾ ਹੰਕਾਰ, ਸ਼ੂਦਰ ਜੰਮਦੇ ਸਾਰੇ,

1. ਕੱਟਣ ਵਾਲੇ ਤੇਜ਼ ਹਥਿਆਰ। 2. ਹੀਰੇ। 3. ਚੁਲ੍ਹਾ, ਧੂਣੀ, ਵੱਖਰੀ ਅੱਗ। 4. ਕੰਡਾ।

ਬੇੜਾ ਕਰਮ ਲਾਉਣ ਪਾਰ, ਉਸ ਕਰਤਾਰ ਦੇ ਦ੍ਵਾਰੇ,
ਬਾਹਮਣ, ਖੱਤਰੀ ਜਾਂ ਵੈਸ਼ ਕੋਈ ਝਾਤ ਨਾ ਮਾਰੇ,
ਅਮਲਾਂ ਦੇਵਣਾ ਹੈ ਸਾਥ, ਓੜਕ ਤੁਰਦੀਏ ਵਾਰੇ।੯।
ਅੜੀਆਂ ਨਾ ਕਰੀਂ ਅੜਿਆ ! ਦਵਾਈ ਹੋਸ਼ ਦੀ ਖਾ ਲੈ,
ਡਿੱਗੇ ਵੀਰ ਨੂੰ ਸਿਰ ਚੁੰਮ, ਹਿੱਕੇ ਘੁੱਟ ਕੇ ਲਾ ਲੈ,
ਗਲ ਵਿਚ ਪਾ, ਵਧੂਗੀ ਆਬ, ਮੋਤੀ ਖਿੱਲਰੇ ਚਾ ਲੈ,
ਰਤਨਾਂ ਦੀ ਅਮੁੱਲੀ ਖਾਣ, ਬਟੂਏ ਸਾਂਭ ਕੇ ਪਾ ਲੈ।੧੦।
ਤਾਕਤ ਦੀ ਨਦੀ ਅਸਗਾਹ, ਬੇਮੁੱਲੀ ਰੁੜ੍ਹਾਈਂ ਨਾ,
ਆਪਣੇ ਲੱਕ ਦੀ ਤਲਵਾਰ ਗੈਰਾਂ ਨੂੰ ਫੜਾਈਂ ਨਾ,
ਆਪਣੇ ਬੱਚਿਆਂ ਦੀ ਧੌਣ, ਦੁਸ਼ਮਨ ਤੋਂ ਕਟਾਈਂ ਨਾ,
ਦੰਦੀ ਖੋਲ੍ਹਣੀ ਪੈ ਜਾਇ, ਐਸੀ ਗੰਢ ਪਾਈਂ ਨਾ।੧੧।
ਚਾਲੋਂ ਘੁੱਥਿਆ ! ਕਰ ਹੋਸ਼, ਚਰਬੀ ਅੱਖ ਤੋਂ ਲਾਹੀਂ,
ਅੱਗੇ ਮੌਤ ਦੀ ਹੈ ਗਾਰ, ਕਿਹੜੇ ਪੈ ਗਿਓਂ ਰਾਹੀਂ ?
ਜੇਕਰ ਛਲ ਗਿਆ ਵੇਲਾ, ਏ ਮੁੜ ਹਥ ਆਉਣਾ ਨਾਹੀਂ,
'ਚਾਤ੍ਰਿਕ' ਪਾਇੰਗਾ ਫਿਰ ਵੈਣ, ਕਰ ਲੰਮੀਆਂ ਬਾਹੀਂ।੧੨।

ਏਕੇ ਦੀ ਬਰਕਤ

(ਹਿੰਦੂ-ਸਿੱਖ-ਆਰਯਾ-ਇਤਫਾਕ ਪ੍ਰਥਾਇ)

ਸਿੱਖ ਸਨਾਤਨ ਆਰੀਏ, ਇਕ ਬਿਰਛ ਦੇ ਡਾਲ,
ਤਾਰੇ ਇਕੋ ਅੱਖ ਦੇ, ਹੀਰੇ ਪੰਨੇ ਲਾਲ,

1. ਉੱਚੀ ਸ਼ਾਨ ਵਾਲੇ, ਹਿੰਦੁਸਤਾਨ ਵਾਲੇ, ਲਾ ਕੇ ਜੱਗ ਨੂੰ ਜਾਗ ਜਗਾਣ ਵਾਲੇ;
ਵੇਦਕ ਫਲਸਫੇ ਦੀ ਗੀਤਾ ਵਾਚ ਕੇ ਤੇ, ਧਰਮ ਕਰਮ ਦਾ ਮਰਮ ਸਮਝਾਣ ਵਾਲੇ,
ਰਾਮ ਕ੍ਰਿਸ਼ਨ ਦਾ ਚਾੜ੍ਹ ਕੇ ਚੰਦ ਸੂਰਜ, ਭਾਰਤ ਵਰਸ਼ ਦਾ ਅਰਸ਼ ਚਮਕਾਣ ਵਾਲੇ,
ਅਕਲ, ਇਲਮ, ਬਹਾਦੁਰੀ, ਮਾਲਦਾਰੀ, ਨੇਕੀ ਪ੍ਰੇਮ ਦਾ ਬਾਗ ਮਹਿਕਾਣ ਵਾਲੇ;
ਮੱਤਾਂ ਸਾਰੇ ਜਹਾਨ ਨੂੰ ਦੇਣ ਵਾਲੇ, ਚੀਣਾ[1] ਆਪਣਾ ਅੱਜ ਖਿਲਾਰ ਬੈਠੇ।
ਦੇ ਕੇ ਨੇਉਤਾ ਜੱਗ ਨੂੰ ਏਕਤਾ ਦਾ, ਕੰਧਾਂ ਆਪਣੇ ਵਿਚ ਉਸਾਰ ਬੈਠੇ।

2. ਕਾਹਨੂੰ ਹੀਰਿਓ ! ਪਾਟਦੇ ਤਿੜਕਦੇ ਹੋ ? ਏਕੇ ਜਿਹੀ ਰਸੈਣ ਤਾਂ ਕੋਈ ਭੀ ਨਹੀਂ,
ਇਕ ਮੁੱਠ ਹੋ ਕੇ ਜੇਕਰ ਉੱਘਰੇ[2] ਨਾ, ਮਿਲਣੀ ਕਿਸੇ ਦਰਗਾਹ ਵਿਚ ਢੋਈ ਭੀ ਨਹੀਂ,
ਚੌਕੇ ਚਾੜ੍ਹਨਾ ਤੁਸਾਂ ਸੰਸਾਰ ਨੂੰ ਕੀ, ਸ਼ੁਧੀ ਆਪਣੇ ਦਿਲਾਂ ਦੀ ਹੋਈ ਭੀ ਨਹੀਂ;
ਹਿੱਕ ਨਾਲ ਕੀ ਲਾਓਗੇ ਹੋਰਨਾਂ ਨੂੰ, ਮਾਲਾ ਪ੍ਰੇਮ ਦੀ ਅਜੇ ਪਰੋਈ ਭੀ ਨਹੀਂ।
ਚਾਨਣ ਜੱਗ ਨੂੰ ਦੇਣ ਤਾਂ ਨਿੱਕਲੇ ਹੋ, ਦੀਵਾ ਬੂਹੇ ਤੇ ਜ਼ਰਾ ਜਗਾ ਲਿਓ ਜੇ।

---

1. ਸਾਉਣੀ ਦੀ ਫਸਲ ਦਾ ਇਕ ਅਨਾਜ, ਇਥੇ ਬਖੇੜਾ ਪਾ ਲੈਣ ਤੋਂ ਭਾਵ ਹੈ। 2. ਉਘੜਨਾ, ਪ੍ਰਗਟ ਹੋਣਾ, ਉੱਚੇ ਉਠਣਾ।

3. ਇਕੋ ਦੇਸ਼ ਤੇ ਇਕੋ ਉੱਦੇਸ਼, ਸਾਡਾ, ਇਕੋ ਵੇਸ ਇਕੋ ਰੂਪ ਰੰਗ ਸਾਡਾ,
ਇਕੋ ਫਲਸਫਾ, ਇਕ ਤਹਿਜ਼ੀਬ ਸਾਡੀ, ਮੰਜੀ ਵਾਂਗ ਉਣਿਆ ਅੰਗ ਅੰਗ ਸਾਡਾ।
ਧੀਆਂ ਬੇਟੀਆਂ ਦੇ ਸਾਕ ਸੈਣ ਸਾਂਝੇ, ਮਿਲਿਆਂ ਬਾਝ ਨਾ ਲੰਘਦਾ ਡੰਗ ਸਾਡਾ।
ਸਾਡੀ ਕੁੱਖ ਸਾਂਝੀ, ਸਾਡੀ ਮੜ੍ਹੀ ਸਾਂਝੀ, ਵਯਾਹ ਢੰਗ ਸਾਂਝਾ, ਪੜਦਾ ਲੰਗ ਸਾਡਾ।
ਇਕੋ ਰੁੱਖ ਦੇ ਟਾਹਣ ਹੋ ਤੁਸੀਂ ਤਿੰਨੇ, ਲੱਖ ਵੱਖਰਾ ਵੱਖਰਾ ਨਾਂ ਹੋਵੇ।
ਰਲ ਕੇ ਬੈਠਿਆਂ ਆਪ ਭੀ ਸੁਖੀ ਵੱਸੋ, ਨਾਲੇ ਹੱਕ ਹਮਸਾਏ ਨੂੰ ਛਾਂ ਹੋਵੇ।

4. ਮੂੰਹੋਂ ਕੌੜੀਆਂ ਫਿੱਕੀਆਂ ਕੱਢ ਕੇ ਤੇ, ਕਾਹਨੂੰ ਨਵ੍ਹਾਂ ਤੋਂ ਮਾਸ ਨਖੇੜਦੇ ਹੋ ?
ਦੱਬੇ ਹੋਏ ਮੁਰਦਾਰ ਉਖੇੜ ਕਾਹਨੂੰ, ਹੱਥ ਲਹੂ ਦੇ ਨਾਲ ਲਬੇੜਦੇ ਹੋ ?
ਰਾਈ ਲੱਭ ਪਹਾੜ ਬਣਾ ਸੁੱਟੇ, ਕਿਉਂ ਨਕਾਰੀਆਂ ਰਿੱਕਤਾਂ[1] ਛੇੜਦੇ ਹੋ ?
ਇਹ ਜਮਾਤ ਹੁੰਦੀ ਕਰਾਮਾਤ ਭਾਰੀ, ਤੋਪੇ ਪ੍ਰੇਮ ਦੇ ਕਾਹਨੂੰ ਉਧੇੜਦੇ ਹੋ ?
ਆਓ ਇਕ ਝੰਡੇ ਹੇਠਾਂ ਜਮਾਂ ਹੋ ਕੇ, ਬੂਟਾ ਫੁੱਟ ਦਾ ਜੜ੍ਹਾਂ ਤੋਂ ਪੱਟ ਲਈਏ,
ਸਾਂਝਾ 'ਚਾਤ੍ਰਿਕ' ਜ਼ੋਰ ਲਗਾਇ ਕੇ ਤੇ, ਹਿੰਦੁਸਤਾਨ ਦੀਆਂ ਬੇੜੀਆਂ ਕੱਟ ਲਈਏ।

ਨਵਾਂ ਸ਼ਿਵਾਲਾ

(ਸਰ ਇਕਬਾਲ ਦੀ ਉਰਦੂ ਕਵਿਤਾ ਦਾ ਅਨੁਵਾਦ)

ਸਚ ਕਹਿ ਦਿਆਂ ਹੇ ਪੰਡਿਤ ! ਜੇ ਤੂੰ ਬੁਰਾ ਨਾ ਜਾਣੇਂ,
ਮੰਦਰ ਤੇਰੇ ਦੇ ਠਾਕੁਰ ਹੁਣ ਹੋ ਗਏ ਪੁਰਾਣੇ।
ਵੀਰਾਂ ਦੇ ਨਾਲ ਲੜਨਾ, ਤੈਨੂੰ ਇਨ੍ਹਾਂ ਸਿਖਾਇਆ,
ਮੂੰਹ ਪ੍ਰੇਮ ਤੋਂ ਫਿਰਾਇਆ, ਇਸ ਤੇਰੇ ਦੇਵਤਾ ਨੇ।
ਮੈਂ ਅੰਤ ਤੰਗ ਆ ਕੇ, ਮੰਦਿਰ ਮਸੀਤ ਛੱਡੇ,
ਮੁੱਲਾਂ ਦੇ ਵਾਅਜ਼ ਭੁੱਲੇ ਵਿਸਰੇ ਤੇਰੇ ਫਸਾਨੇ।
ਕੁਝ ਫਿਕਰ ਫੁੱਟ ਦਾ ਕਰ, ਮਾਲੀ ਹੈਂ ਬਾਗ ਦਾ ਤੂੰ,
ਬੂਟੇ ਉਜਾੜ ਦਿੱਤੇ ਇਸ ਵਿਹੁ ਭਰੀ ਹਵਾ ਨੇ।
ਪੱਥਰ ਦੀ ਮੂਰਤਾਂ ਵਿਚ ਤੂੰ ਰੱਬ ਸਮਝਿਆ ਹੈ,
ਮੈਨੂੰ ਵਤਨ ਦੀ ਮਿੱਟੀ ਵਿਚ ਜਾਪਦਾ ਖ਼ੁਦਾ ਹੈ।
ਆ ਮਿਲ ਕੇ ਈਰਖਾ ਦੀ ਜੜ ਮੂਲ ਨੂੰ ਉਠਾਈਏ,
ਵਿਛੜੇ ਭਰਾ ਮਿਲਾ ਕੇ, ਦੂਈ ਦਿਲੋਂ ਹਟਾਈਏ।
ਸੁੰਞੀ ਪਈ ਹੋਈ ਹੈ, ਜੁੱਗਾਂ ਤੋਂ ਦਿਲ ਦੀ ਵਸਤੀ,
ਆ ਇਕ ਨਵਾਂ ਸ਼ਿਵਾਲਾ ਇਸ ਦੇਸ਼ ਵਿਚ ਬਣਾਈਏ।
ਦੁਨੀਆਂ ਦੇ ਤੀਰਥਾਂ ਤੋਂ ਉੱਚਾ ਹੋਵੇ ਏ ਤੀਰਥ,

1. ਸ਼ਰਾਰਤਾਂ, ਝਗੜੇ।

ਆਕਾਸ਼ ਦੀ ਉਚਾਈ ਪਰ ਕਲਸ਼ ਨੂੰ ਪੁਚਾਈਏ।
ਫਿਰ ਇਕ ਅਤੀ ਅਨੂਪਮ ਸੋਨੇ ਦੀ ਮੂਰਤੀ ਹੋ,
ਇਸ ਹਰ-ਦੁਆਰ ਮਨ ਵਿਚ, ਜਿਸ ਨੂੰ ਲਿਆ ਬਿਠਾਈਏ।
ਸੁੰਦਰ ਹੋ ਉਸ ਦੀ ਸੂਰਤ, ਮੋਹਿਨ ਹੋ ਉਸ ਦੀ ਮੂਰਤ,
ਉਸ ਦੇਵਤਾ ਦੇ ਪਾਸੋਂ ਮਨ ਦੀ ਮੁਰਾਦ ਪਾਈਏ,
ਹੋਵੇ ਗਲ਼ ਵਿਚ ਜਨੇਊ, ਅਰ ਹੱਥ ਵਿਚ ਹੋ ਤਸਬੀ,
ਨਿਰਗੁਣ ਦੇ ਮੰਦਰਾਂ ਵਿਚ ਸਰਗੁਣ ਨੂੰ ਭੀ ਧਿਆਈਏ।
ਦਿਲ ਚੀਰ ਕੇ ਕਰਾਈਏ, ਦਰਸ਼ਨ ਸਭਸ ਨੂੰ ਉਸਦਾ,
ਹਰ ਆਤਮਾ ਦੇ ਅੰਦਰ ਜ੍ਵਾਲਾ ਜਿਹੀ ਜਗਾਈਏ।
ਅੱਖਾਂ ਦੀ ਗੰਗਧਾਰਾ ਵਿਚੋਂ ਵਹਾ ਕੇ ਪਾਣੀ,
ਇਸ ਦੇਵਤਾ ਦੇ ਧੋ ਧੋ ਕੇ ਚਰਨ ਠੰਢ ਪਾਈਏ।
ਮਸਤਕ ਉਦ੍ਹੇ ਤੇ 'ਭਾਰਤ' ਦਾ ਨਾਮ ਅੰਕ ਦੇਈਏ,
ਭੁੱਲੇ ਹੋਏ ਤਰਾਨੇ ਦੁਨੀਆਂ ਨੂੰ ਫਿਰ ਸੁਣਾਈਏ।
ਪਰਭਾਤ ਉੱਠ ਕੇ ਗਾਈਏ ਮੰਤਰ ਓ ਮਿੱਠੇ ਮਿੱਠੇ,
ਸਾਰੇ ਪੁਜਾਰੀਆਂ ਨੂੰ ਮਦ ਪ੍ਰੇਮ ਦੀ ਪਿਆਈਏ।
ਮੰਦਰ ਦੇ ਵਿਚ ਹੋਵੇ ਭਗਤਾਂ ਨੂੰ ਜਦ ਬੁਲਾਣਾ,
ਆਵਾਜ਼ ਬਾਂਗ ਦੀ ਨੂੰ ਵਿਚ ਸੰਖ ਦੇ ਵਜਾਈਏ।
ਨਿਰਗੁਣ ਜੋ ਹੈ ਓ ਜ੍ਵਾਲਾ ਕਹਿੰਦੇ ਨੇਂ ਪ੍ਰੀਤ ਜਿਸ ਨੂੰ,
ਧਰਮਾਂ ਦੇ ਏਹ ਬਖੇੜੇ, ਉਸ ਅਗਨ ਵਿਚ ਜਲਾਈਏ।
ਹੈ ਰੀਤ ਪ੍ਰੇਮੀਆਂ ਦੀ, ਤਨ ਮਨ ਨਿਸਾਰ ਕਰਨਾ,
ਰੋਣਾ ਪੁਕਾਰ ਕਰਨਾ, ਓਨ੍ਹਾਂ ਨੂੰ ਪਿਆਰ ਕਰਨਾ।

ਪੰਜਾਬ

(1) ਬਣਤਰ

ਪੰਜਾਬ ! ਕਰਾਂ ਕੀ ਸਿਫਤ ਤਿਰੀ, ਸ਼ਾਨਾਂ ਦੇ ਸਭ ਸਾਮਾਨ ਤਿਰੇ,
ਜਲ-ਪੌਣ ਤਿਰਾ, ਹਰਿਔਲ ਤਿਰੀ, ਦਰਯਾ, ਪਰਬਤ, ਮੈਦਾਨ ਤਿਰੇ।
ਭਾਰਤ ਦੇ ਸਿਰ ਤੇ ਛਤ੍ਰ ਤਿਰਾ, ਤੇਰੇ ਸਿਰ ਛਤ੍ਰ ਹਿਮਾਲਾ ਦਾ
ਮੋਢੇ ਤੇ ਚਾਦਰ ਬਰਫਾਂ ਦੀ, ਸੀਨੇ ਵਿਚ ਸੇਕ ਜੁਆਲਾ ਦਾ।
ਖੱਬੇ ਹਥ ਬਰਛੀ ਜਮਨਾ ਦੀ, ਸੱਜੇ ਹਥ ਖੜਕ ਅਟਕ ਦਾ ਹੈ,
ਪਿਛਵਾੜੇ ਬੰਦ ਚਿਟਾਨਾਂ ਦਾ, ਕੋਈ ਵੈਰੀ ਤੋੜ ਨਾ ਸਕਦਾ ਹੈ।
ਅਰਸ਼ੀ ਬਰਕਤ ਰੂੰ ਵਾਂਗ ਉਤਰ, ਚਾਂਦੀ ਦੇ ਢੇਰ ਲਗਾਂਦੀ ਹੈ,
ਚਾਂਦੀ ਢਲ ਕੇ ਵਿਛਦੀ ਹੈ, ਤੇ ਸੋਨਾ ਬਣਦੀ ਜਾਂਦੀ ਹੈ।

(2) ਬਰਕਤਾਂ

ਸਿਰ ਸਾਇਬਾਨ[1] ਹੈ ਅੰਬਾਂ ਦਾ, ਮਸਲੰਦ[2] ਮਖਮਲੀ ਘਾਵਾਂ ਦੀ,
ਚੱਪੇ ਚੱਪੇ ਤੇ ਫੈਲ ਰਹੀ, ਦੌਲਤ ਤੇਰਿਆ ਦਰਯਾਵਾਂ ਦੀ।
ਘਰ ਤੇਰੇ ਗਊਆਂ ਮਹੀਆਂ ਨੇ, ਦੁਧ ਘਿਉ ਦੀ ਲਹਿਰ ਲਗਾਈ ਹੈ,
ਬਾਹਰ ਬਲਦਾਂ ਦੀਆਂ ਜੋਗਾਂ ਨੇ, ਖਲਕਤ ਦੀ ਅੱਗ ਬੁਝਾਈ ਹੈ।
ਰੌਣਕ ਤੇਰੀ ਦੀਆਂ ਰਿਸ਼ਮਾਂ ਨੇ, ਜ਼ੱਰਾ ਜ਼ੱਰਾ ਚਮਕਾਇਆ ਹੈ,
ਯੂਰਪ ਅਮਰੀਕਾ ਭੁੱਲ ਗਿਆ, ਜਿਨ ਤੇਰਾ ਦਰਸ਼ਨ ਪਾਇਆ ਹੈ।
ਸ਼ਿਮਲਾ, ਡਲਹੌਜ਼ੀ, ਮਰੀ ਤਿਰੇ, ਕਸ਼ਮੀਰ ਤਿਰਾ, ਗੁਲਮਰਗ ਤਿਰਾ,
ਦਿੱਲੀ ਤੇਰੀ, ਲਾਹੌਰ ਤਿਰਾ, ਅੰਮ੍ਰਿਤਸਰ ਸੋਹੇ ਸੁਰਗ ਤਿਰਾ।

(3) ਸਖਾਵਤ[3]

ਕਿਸ ਦਿਲ ਵਿਚ ਤੂੰ ਆਬਾਦ ਨਹੀਂ ? ਕਿਸ ਰਣ ਵਿਚ ਨਹੀਂ ਨਿਸ਼ਾਨ ਤਿਰਾ ?
ਕਿਸ ਮੂੰਹ ਵਿਚ ਤੇਰਾ ਅੰਨ ਨਹੀਂ ? ਕਿਸ ਸਿਰ ਤੇ ਨਹੀਂ ਅਹਿਸਾਨ ਤਿਰਾ ?
ਕਿਸ ਕਿਸ ਦੀ ਰਾਲ ਨਾ ਟਪਕੀ ਹੈ, ਸ਼ੌਕਤ[4] ਤੇ ਰਹਿਮਤ ਤੇਰੀ ਤੇ ?
ਲੱਖਾਂ ਮਖੀਰ[5] ਪਏ ਪਲਦੇ ਨੇਂ, ਤੇਰਿਆ ਫੁੱਲਾਂ ਦੀ ਢੇਰੀ ਤੇ।
ਤੂੰ ਤਖਤ ਤਾਊਸ ਕਰੋੜਾਂ[6] ਦਾ, ਸਿਰ ਦਾ ਸਦਕਾ ਮਣਸਾ ਦਿੱਤਾ,
'ਕੋਹ-ਨੂਰ'[7] ਤਲੀ ਤੇ ਧਰ ਕੇ ਤੂੰ, ਦਿਲ ਆਪਣਾ ਚੀਰ ਵਿਖਾ ਦਿੱਤਾ।
ਹਰ ਮੁਸ਼ਕਿਲ ਵੇਲੇ ਤੇਰੇ ਤੇ ਉਠਦੀ ਹੈ ਨਿਗਹ ਜ਼ਮਾਨੇ ਦੀ,
ਸਿਰ ਝੂਮ ਰਿਹਾ ਹੈ ਮਸਤੀ ਦਾ, ਪੀ ਪੀ ਤੇਰੇ ਮੈਖਾਨੇ ਦੀ।

(4) ਇਤਿਹਾਸਕ ਸ਼ਾਨ

ਤੇਰੀ ਤਹਿਜ਼ੀਬ ਕਦੀਮੀ[8] ਹੈ, ਇਕਬਾਲ ਤਿਰਾ ਲਾਸਾਨੀ ਹੈ,
'ਤਕਸਿਲਾ[9]' ਤਿਰੇ ਇਤਿਹਾਸਾਂ ਦੀ ਇਕ ਧੁੰਦਲੀ ਜਿਹੀ ਨਿਸ਼ਾਨੀ ਹੈ।
ਕੁਦਰਤ ਪੰਘੂੜਾ ਘੜਿਆ ਸੀ ਤੈਨੂੰ ਰਿਸ਼ੀਆਂ ਅਵਤਾਰਾਂ ਦਾ,
ਸੂਫੀਆਂ, ਸ਼ਹੀਦਾਂ, ਭਗਤਾਂ ਦਾ, ਬਲਬੀਰਾਂ, ਸਤੀਆਂ ਨਾਰਾਂ ਦਾ।
ਸਚਿਆਈਓਂ ਸਦਕਾ ਲੈਣ ਲਈ, ਜਦ ਬੋਲਿਆ ਮਾਰੂ ਨਾਦ ਕੋਈ,
ਤਦ ਨਿਕਲ ਪਿਆ ਤਬਰੇਜ਼[10] ਕੋਈ, ਪੂਰਨ ਕੋਈ, ਪ੍ਰਹਿਲਾਦ ਕੋਈ।

---

1. ਚੰਦੋਆ, ਛਾਇਆ ਕਰਨ ਵਾਲਾ। 2. ਗੱਦੀ, ਸਿੰਘਾਸਨ। 3. ਉਦਾਰਤਾ। 4. ਸ਼ਾਨ।
5. ਮਾਖਿਉਂ ਇਕੱਠਾ ਕਰਨ ਵਾਲੀਆਂ ਮੱਖੀਆਂ, ਇਥੇ ਭਾਵ ਗੁਣਵਾਨ ਪੁਰਖਾਂ ਤੋਂ ਹੈ।
6. ਇਕ ਸਿੰਘਾਸਨ ਜੋ ਮੁਗਲ ਬਾਦਸ਼ਾਹ ਸ਼ਾਹਜਹਾਂ ਨੇ ਸੱਤ ਕਰੋੜ ਦਸ ਲੱਖ ਰੁਪਏ ਖਰਚ ਕੇ ਬਣਵਾਇਆ ਸੀ। 1739 ਵਿਚ ਨਾਦਰ ਸ਼ਾਹ ਇਸ ਤਖਤ ਨੂੰ ਦਿੱਲੀ ਤੋਂ ਲੁੱਟ ਕੇ ਲੈ ਗਿਆ ਸੀ।
7. ਇਕ ਪ੍ਰਸਿੱਧ ਹੀਰਾ ਜਿਸਦਾ ਭਾਰ 319 ਰੱਤੀ ਸੀ ਤੇ ਜੋ ਨਾਦਰ ਸ਼ਾਹ ਲੁੱਟ ਕੇ ਲੈ ਗਿਆ ਸੀ। ਹੁਣ ਇਹ ਇੰਗਲੈਂਡ ਦੇ ਰਾਜ ਘਰਾਣੇ ਕੋਲ ਹੈ ਤੇ ਇਸਦਾ ਮੁੱਲ ਤੀਹ ਲੱਖ ਪੌਂਡ ਅੰਕਿਆ ਗਿਆ ਹੈ। 8. ਪੁਰਾਣਾ।
9. ਟੈਕਸਲਾ (ਹੁਣ ਪਾਕਿਸਤਾਨ ਵਿਚ) ਰਾਜੇ 'ਤੱਕ' ਦੀ ਵਸਾਈ ਨਗਰੀ।
10. ਸ਼ਮਸ ਤਬਰੇਜ਼—ਇਕ ਪ੍ਰਸਿੱਧ ਸੂਫ਼ੀ ਜਿਸਦੀ "ਅਨਲਹਕ" ਕਹਿਣ ਕਰਕੇ ਪੁੱਠੀ ਖੱਲ ਲੁਹਾ ਦਿੱਤੀ ਗਈ ਸੀ।

ਲਵ, ਕੁਸ਼[1] ਦੇ ਤੀਰ ਰਹੇ ਵਰ੍ਹਦੇ, ਮਹਾਂਭਾਰਤ ਦੇ ਘਮਸਾਨ ਰਹੇ,
ਗੁਰੂ ਅਰਜਨ ਤੇਗ ਬਹਾਦੁਰ ਜਹੇ ਤੇਰੇ ਤੋਂ ਦੇਂਦੇ ਜਾਨ ਰਹੇ।
ਬਾਬਾ ਨਾਨਕ, ਬਾਬਾ ਫਰੀਦ, ਆਪਣੀ ਛਾਤੀ ਤੇ ਪਾਲੇ ਤੂੰ,
ਦੁਨੀਆਂ ਨੂੰ ਚਾਨਣ ਦੇਣ ਲਈ, ਕਈ ਰੋਸ਼ਨ ਦੀਵੇ ਬਾਲੇ ਤੂੰ।

(5) ਸਾਹਸ (ਜਿਗਰਾ)

ਸਿਦਕਾਂ ਵਿਚ ਤੇਰੀ ਇਸ਼ਕ-ਲਹਿਰ ਕੀ ਕੀ ਤਾਰੀ ਤਰਦੀ ਨ ਰਹੀ ?
ਰਾਂਝਾ ਕੰਨ ਪੜਵਾਂਦਾ ਨ ਰਿਹਾ ? ਸੋਹਣੀ ਡੁਬ ਡੁਬ ਮਰਦੀ ਨ ਰਹੀ ?
ਝੱਖੜ ਬੇਅੰਤ ਤੇਰੇ ਸਿਰ ਤੇ ਆ ਆ ਕੇ ਮਿਟ ਮਿਟ ਜਾਂਦੇ ਰਹੇ,
ਫਰਜ਼ੰਦ[2] ਤਿਰੇ ਚੜ੍ਹ ਚੜ੍ਹ ਚਰਖੀਂ ਆਕਾਸ਼ ਤੇਰੇ ਚਮਕਾਂਦੇ ਰਹੇ।
ਜਾਗੇ ਕਈ ਦੇਸ਼ ਜਗਾਣ ਲਈ, ਸੁੱਤੇ ਸੌਂ ਗਏ ਸੁਲਤਾਨ ਕਈ,
ਤੂੰ ਸੈਦ[3] ਭੀ ਹੈਂ, ਸੱਯਾਦ[4] ਭੀ ਹੈਂ, ਸ਼ੀਰੀਂ ਭੀ ਹੈਂ, ਫਰਿਹਾਦ ਭੀ ਹੈਂ।
ਢਲ ਜਾਣ ਲਈ ਤੂੰ ਮੋਮ ਭੀ ਹੈਂ, ਪਰ ਲੋੜ ਪਿਆਂ ਫੌਲਾਦ ਭੀ ਹੈਂ।
ਤੂੰ ਆਜ਼ਾਦੀ ਦਾ ਆਗੂ ਹੈਂ, ਤੂੰ ਕੁਰਬਾਨੀ ਦਾ ਬਾਨੀ ਹੈਂ।
ਹਰ ਔਕੜ ਪਿਆਂ, ਭਰਾਵਾਂ ਦੀ, ਤੂੰਹੇਂ ਕਰਦਾ ਅਗਵਾਨੀ ਹੈਂ।

(6) ਸੁਭਾਉ

ਤੂੰ ਅੰਦਰੋਂ ਬਾਹਰੋਂ ਨਿੱਘਾ ਹੈਂ, ਨਾ ਗਰਮ[5] ਹੈ ਨਾ ਪਾਲਾ[6] ਹੈ,
ਨਾ ਬਾਹਰ ਕੋਈ ਦਿਖਲਾਵਾ ਹੈ, ਨਾ ਅੰਦਰ ਕਾਲਾ ਕਾਲਾ ਹੈ।
ਜੋਬਨ ਦੀ ਝਲਕ ਜਲਾਲੀ ਹੈ, ਨੈਣਾਂ ਵਿਚ ਮਟਕ ਨਿਰਾਲੀ ਹੈ,
ਹਿੱਕਾਂ ਦੀ ਹਿੰਮਤ ਆਲੀ ਹੈ, ਚਿਹਰੇ ਤੇ ਗਿਠ ਗਿਠ ਲਾਲੀ ਹੈ।
ਕਿਆ ਚੂੜੇ ਬੀੜੇ ਫਬਦੇ ਨੇਂ, ਜੋਬਨ-ਮਤੀਆਂ ਮੁਟਿਆਰਾਂ ਦੇ,
ਜਦ ਪਾਣ ਮਧਾਣੀ ਚਾਟੀ ਵਿਚ, ਤਦ ਸ਼ੋਰ ਉਠਣ ਘਮਕਾਰਾਂ ਦੇ।
ਕੋਈ ਤੁੰਬਦੀ ਹੈ ਕੋਈ ਕਤਦੀ ਹੈ, ਕੋਈ ਪੀਂਹਦੀ ਹੈ ਕੋਈ ਛੜਦੀ ਹੈ,
ਕੋਈ ਸੀਉਂਦੀ ਕੋਈ ਪਰੋਂਦੀ ਹੈ, ਕੋਈ ਵੇਲਾਂ ਬੂਟੇ ਕਢਦੀ ਹੈ।
ਪਿਪਲਾਂ ਦੀ ਛਾਵੇਂ ਪੀਂਘਾਂ ਨੂੰ, ਕੁਦ ਕੁਦ ਕੇ ਮਸਤੀ ਚੜ੍ਹਦੀ ਹੈ,
ਟੁੰਬਦਾ ਹੈ ਜੋਸ਼ ਜਵਾਨੀ ਨੂੰ, ਇਕ ਛਡਦੀ ਹੈ ਇਕ ਫੜਦੀ ਹੈ।
ਜਦ ਰਾਤ ਚਾਨਣੀ ਖਿੜਦੀ ਹੈ, ਕੋਈ ਰਾਗ ਇਲਾਹੀ ਛਿੜਦਾ ਹੈ,
ਗਿੱਧੇ ਨੂੰ ਲੋਹੜਾ ਆਂਦਾ ਹੈ, ਜੋਬਨ ਤੇ ਬਿਰਹਾ ਭਿੜਦਾ ਹੈ।
ਵੰਝਲੀ ਵਹਿਣਾਂ ਵਿਚ ਰੁੜ੍ਹਦੀ ਹੈ, ਜਦ ਤੂੰਬਾ ਸਿਰ ਧੁਣਿਆਂਦਾ ਹੈ,
ਮਿਰਜ਼ਾ ਪਿਆ ਕੂਕਾਂ ਛਡਦਾ ਹੈ, ਤੇ ਵਾਰਸ ਹੀਰ ਸੁਣਾਂਦਾ ਹੈ।

---

1. ਸ੍ਰੀ ਰਾਮਚੰਦਰ ਜੀ ਮਹਾਰਾਜ ਦੇ ਸਪੁੱਤਰ। 2. ਸਪੁੱਤਰ। 3. ਸ਼ਿਕਾਰ। 4. ਸ਼ਿਕਾਰੀ। 5. ਹੰਕਾਰ, ਕ੍ਰੋਧ। 6. ਡਰ ਦਬਾਉ, ਖੁਸ਼ਾਮਦ ਭਾਵ ਗੰਭੀਰਤਾ ਤੋਂ ਹੈ।

ਖੂਹਾਂ ਤੇ ਟਿਚ ਟਿਚ ਹੁੰਦੀ ਹੈ, ਖੇਤਾਂ ਵਿਚ ਹਲ ਪਏ ਧਸਦੇ ਨੇਂ,
ਭੱਤੇ ਛਾਹ ਵੇਲੇ ਢੁਕਦੇ ਨੇਂ, ਹਾਲੀ ਤਕ ਤਕ ਕੇ ਹਸਦੇ ਨੇਂ।
ਤੇਰੀ ਮਾਖਿਉਂ ਮਿੱਠੀ ਬੋਲੀ ਦੀ, ਜੀ ਕਰਦਿਆਂ ਸਿਫਤ ਨ ਰਜਦਾ ਹੈ,
ਉਰਦੂ ਹਿੰਦੀ ਦਿਆਂ ਸਾਜ਼ਾਂ ਵਿਚ, ਸੁਰ-ਤਾਲ ਤਿਰਾ ਹੀ ਵਜਦਾ ਹੈ।

(7) ਸੱਧਰ

ਵੱਸੇ ਰੱਸੇ, ਘਰ ਬਾਰ ਤਿਰਾ, ਜੀਵੇ ਜਾਗੇ ਪਰਵਾਰ ਤਿਰਾ,
ਮਸਜਿਦ, ਮੰਦਿਰ, ਦਰਬਾਰ ਤਿਰਾ, ਮੀਆਂ, ਲਾਲਾ, ਸਰਦਾਰ ਤਿਰਾ।
ਦੁਨੀਆਂ ਸਾਰੀ ਭੀ ਸੋਹਣੀ ਹੈ, ਪਰ ਤੇਰਾ ਰੰਗ ਨਿਆਰਾ ਹੈ,
ਤੇਰੀ ਮਿੱਟੀ ਦਾ ਕੁੱਲਾ ਭੀ ਸ਼ਾਹੀ ਮਹਿਲਾਂ ਤੋਂ ਪਿਆਰਾ ਹੈ।
ਤੇਰੇ ਜ਼ੱਰੇ ਜ਼ੱਰੇ ਅੰਦਰ, ਅਪਣੱਤ ਜਿਹੀ ਕੋਈ ਵਸਦੀ ਹੈ,
ਤੇਰੀ ਗੋਦੀ ਵਿਚ ਬਹਿੰਦਿਆਂ ਹੀ, ਦੁਨੀਆਂ ਦੀ ਚਿੰਤਾ ਨਸਦੀ ਹੈ।
ਦਰਗਾਹੀ ਸੱਦੇ ਆ ਗਏ ਨੇਂ, ਸਾਮਾਨ ਤਿਆਰ ਸਫਰ ਦਾ ਹੈ,
ਪਰ ਤੇਰੇ ਬੂਹਿਓਂ ਹਿੱਲਣ ਨੂੰ 'ਚਾਤ੍ਰਿਕ' ਦਾ ਜੀ ਨਹੀਂ ਕਰਦਾ ਹੈ।

ਅੰਮ੍ਰਿਤਸਰ, ਸਿਫਤੀ ਦਾ ਘਰ

ਧਰਤੀਏ ਧਰਮੱਗ[1] ਅੰਮ੍ਰਿਤਸਰ ਦੀਏ !
ਪੁੰਨ-ਪੁਸ਼ਪਾਂ ਨਾਲ ਲਹਿ ਲਹਿ ਕਰਦੀਏ !
ਪ੍ਰੇਮ-ਰਸ ਦੀ ਟਹਿਕਦੀ ਫੁਲਵਾੜੀਏ !
ਸਚ ਦੀ ਦਰਗਾਹ ਅਰਸ਼ੀ ਚਾੜ੍ਹੀਏ।
ਹੱਡ-ਬੀਤੀ ਆਪਣੀ ਕੁਝ ਦੱਸ ਖਾਂ,
ਚਮਕਿਆ ਆਕਾਸ਼ ਤੇਰਾ ਕਿਸ ਤਰ੍ਹਾਂ ?
ਕਿਸ ਗੁਣੋਂ ਕਰਤਾਰ ਤਖਤ ਬਹਾਈਓਂ ?
ਸੁਰਗ ਦੁਨੀਆ ਤੇ ਕਿਵੇਂ ਲੈ ਆਈਓਂ ?
ਨੂਰ ਕਿਹੜੇ ਸ਼ਾਨ ਚਮਕਾਈ ਤਿਰੀ ?
ਹੈ ਕਿਦ੍ਹੇ ਤਪ ਦੀ ਏ ਰੁਸ਼ਨਾਈ ਤਿਰੀ ?
ਗੁਪਤ ਹੈ ਗੰਭੀਰਤਾ ਕਿਸ ਰਾਜ਼ ਵਿਚ,
ਗੂੰਜਦੀ ਹੈ ਸੁਰ ਕਿਦ੍ਹੀ ਇਸ ਸਾਜ਼ ਵਿਚ ?
ਕਿਸ ਅਕਾਸ਼ੋਂ ਉੱਤਰੀ ਮਿੱਟੀ ਤਿਰੀ ?
ਚਮਕ ਜਿਸ ਦੇ ਜ਼ੱਰੇ ਜ਼ੱਰੇ ਵਿਚ ਭਰੀ।

1. ਧਰਮ ਜਾਣਨ ਵਾਲੀ।

ਆਦਿ-ਕਾਵਿ[1] ਸ਼ਾਯਦ ਬਣਾ ਇਤਿਹਾਸ ਰਾਮ,
ਕਰ ਛਡੀ ਪਾਵਨ ਤੇਰੀ ਦੇਹੀ ਤਮਾਮ।
ਜੂਹਾਂ ਤਿਰੀਆਂ ਜਾਨਕੀ[2] ਮਹਿਕਾਈਆਂ ?
ਲ਼ਵ ਕੁਸ਼ੂ[3] ਖ਼ਬਰੇ ਬਹਾਰਾਂ ਲਾਈਆਂ,
ਵਾਚਦੇ ਮੁਨਿਵਰ[4] ਰਹੇ ਵੇਦਕ ਰਿਚਾਂ[5],
ਜ਼ੱਗ ਹੋਮਾਂ ਦੀ ਸੁਗੰਧੀ ਨਾਲ ਜਾਂ,
ਖਿੜ ਉਠੀ ਤੇਰੀ ਬਗੀਚੀ ਪਿਆਰ ਦੀ,
ਖਿੱਲਰੀ ਸ਼ੋਭਾ ਤਿਰੀ ਮਹਿਕਾਰ ਦੀ।
ਹੋ ਗਿਆ ਪਾਣੀ ਤਿਰਾ ਅੰਮ੍ਰਿਤ ਸਮਾਨ,
ਕਾਉਂ ਗੋਤਾ ਮਾਰ ਕੇ ਬਣ ਹੰਸ ਜਾਨ।
ਛੱਪੜੀ ਦੁਖਭੰਜਨੀ[6] ਹੋਈ ਤਿਰੀ,
ਕੁਸ਼ਟੀਆਂ ਦੀ ਦੇਹ ਕੁੰਦਨ ਹੋ ਗਈ।
ਪੈ ਗਿਆ ਜਲਵਾ ਤਿਰੇ ਤੇ ਨੂਰ ਦਾ,
ਨੀਮ ਹੋਇਆ ਮਰਤਬਾ ਕੋਹ ਤੂਰ[7] ਦਾ।
ਜਾਚ ਕੇ ਪ੍ਰਭੁਤਾ ਤਿਰੀ ਗੁਰੂ ਰਾਮਦਾਸ,
ਅੱਖ ਦੇ ਵਿਚ ਬਖਸ਼ਿਆ ਤੈਨੂੰ ਨਿਵਾਸ।
ਮੁੰਦਰੀ ਪੰਜਾਬ ਦੀ ਕੁਦਰਤ ਘੜੀ,
ਤੂੰ ਨਗੀਨੇ ਵਤ ਗਈ ਉਸ ਤੇ ਜੜੀ।
ਕਾਰ ਇਹ ਅਰਜਨ ਗੁਰੂ ਸਿਰ ਧਰ ਲਈ,
ਭਾਲ ਅੰਮ੍ਰਿਤ ਕੁੰਡ ਦੀ ਫਿਰ ਕਰ ਲਈ।
ਲਭਿਆ ਸੰਤੋਖ ਦਾ ਭਾਂਤਾ ਕਿਤੇ,
ਅਰਸ਼ ਤੋਂ ਬੈਕੰਠ ਲੈ ਆਂਦਾ ਕਿਤੇ।
ਤੇਰੇ ਸਰ ਵਿਚ ਹੋਇਆ ਹਰਿਮੰਦਰ ਤਿਆਰ,
ਅਨਹਦੀ ਝੁਨਕਾਰ ਦੀ ਖੜਕੀ ਸਿਤਾਰ।
ਖਿੰਡੀਆਂ ਚੌਤਰਫ ਰਿਸ਼ਮਾਂ ਤੇਰੀਆਂ,
ਤੀਰਥਾਂ ਦੇ ਤੇਜ ਲਈਆਂ ਫੇਰੀਆਂ।

---

1. ਰਾਮਾਇਣ ਦਾ ਪ੍ਰਥਮ ਕਵੀ, ਬਾਲਮੀਕ। 2. ਸੀਤਾ।
3. ਸ੍ਰੀ ਰਾਮ ਚੰਦ੍ਰ ਮਹਾਰਾਜ ਦੇ ਸਪੁੱਤਰ, ਜੋ ਅੰਮ੍ਰਿਤਸਰ ਦੇ ਨੇੜੇ ਹੀ ਲਾਹੌਰ ਅਤੇ ਕਸੂਰ ਦੇ ਰਾਜੇ ਹੋਏ।
4. ਉੱਤਮ ਰਿਖੀ। 5. ਰਿਗਵੇਦ ਮੰਤਰ।
6. ਸ੍ਰੀ ਅੰਮ੍ਰਿਤਸਰ ਸਰੋਵਰ ਦੇ ਚੜ੍ਹਦੇ ਵਲ ਇਕ ਬੇਰੀ ਵਾਲੇ ਕਿਨਾਰੇ ਦਾ ਨਾਉਂ ਹੈ, ਜਿਥੇ ਦੂਨੀਚੰਦ ਖਤਰੀ (ਮਾਫੀਦਾਰ ਪੱਟੀ) ਦੀ ਇਕ ਪੁੱਤਰੀ ਦਾ ਕੋਹੜੀ ਪਤੀ ਇਸ਼ਨਾਨ ਕਰਕੇ ਅਰੋਗ ਹੋ ਗਿਆ ਸੀ।
7. ਮਿਸਰ ਦਾ ਇਕ ਖ਼ਾਸ ਪਹਾੜ। ਬਾਈਬਲ ਅਤੇ ਕੁਰਾਨ ਅਨੁਸਾਰ ਇਸ ਉੱਤੇ ਪੈਗੰਬਰ ਮੂਸਾ ਨਾਲ ਖ਼ੁਦਾ ਨੇ ਗੱਲਾਂ ਕੀਤੀਆਂ ਸਨ।

ਭੌਣ ਪਰਸੇ ਆ ਤਿਰੇ ਦਰਬਾਰ ਤੇ,
ਹੋ ਗਈ ਮਸ਼ਹੂਰ ਤੂੰ ਸੰਸਾਰ ਤੇ।
ਫੇਰ ਗੋਸ਼ਾ[1] ਮੱਲਿਆ ਜਾ ਰਾਮਸਰ,
ਅਨੁਭਵੀ ਅਰਸ਼ੋਂ ਉਤਰਿਆ ਨਾਸ-ਸਰ।
ਭਜਨ ਭਗਤੀ ਦਾ ਤਰਾਨਾ ਛੇੜਿਆ,
ਪ੍ਰੇਮ ਸੇਵਾ ਦਾ ਬਗੀਚਾ ਖੇੜਿਆ।
ਸ਼ਾਂਤਿ ਰਸ ਛਟਕਾਰ, ਗਲੀਆਂ ਰੰਗੀਆਂ;
ਸੱਚ ਤੋਂ ਕੁਰਬਾਨੀਆਂ ਫਿਰ ਮੰਗੀਆਂ।
ਝੱਲ ਕੇ ਆਪਣੇ ਤੇ ਅਤਯਾਚਾਰ ਨੂੰ,
"ਪ੍ਰੇਮ-ਖੇਲ" ਸਿਖਾ ਗਏ ਸੰਸਾਰ ਨੂੰ,
ਸਿੰਜੀਆਂ ਪਾਵਨ ਲਹੂ ਜਦ ਕਯਾਰੀਆਂ;
ਮੀਰੀਆਂ ਦੀ ਤੇਗ ਚਮਕਾਂ ਮਾਰੀਆਂ।
ਯੋਗ ਨੇ ਜਦ ਰਾਜ ਨਾਲ ਮਿਲਾਈ ਸ਼ਾਨ,
ਫੜ ਲਏ ਤੂੰ ਹੱਥ ਵਿਚ ਦੋਵੇਂ ਨਿਸ਼ਾਨ।
ਤਖਤ ਛੇਵੇਂ ਸਤਿਗੁਰੂ ਰਚ ਕੇ ਅਕਾਲ,
ਸਿਮਰਨਾਂ ਤੇ ਖੜਗ[2] ਬੱਧੇ ਨਾਲ ਨਾਲ।
ਕਰ ਗਿਆ ਬਾਬਾ ਅਟਲ ਮੀਨਾਰ ਨੂੰ,
ਬਾਲਪਨ ਵਿਚ ਪਰਖ ਕੇ ਬਲਕਾਰ ਨੂੰ।
ਤੂੰ ਬਣੀ ਬੀਰਾਂ ਸ਼ਹੀਦਾਂ ਦਾ ਥੜਾ,
ਸੱਚ ਦੇ ਪਰਵਾਨਿਆਂ ਵਿਚ ਜਿੰਦ ਪਾ।
ਬੰਦ ਬੰਦ ਕਟਾਣ ਵਾਲੇ ਆ ਗਏ,
ਚੜ੍ਹ ਕੇ ਚਰਖੀਂ ਚਰਖ ਨੂੰ ਚੁੰਧਿਆ ਗਏ,
ਭੜਥਾ ਹੋਈ ਕੋਈ ਸਿਦਕੀ, ਅੱਗ ਤੇ,
ਕੋਈ ਸੂਲੀ ਰਾਹ ਅਰਸ਼ੀ ਜਾ ਟਿਕੇ।
ਸੱਚ ਤੇ ਕੋਈ ਚੜ੍ਹਾਵੇ ਚੜ੍ਹ ਗਏ,
ਸੀਸ ਤਲੀਆਂ ਤੇ ਟਿਕਾਈ ਲੜ ਗਏ,
ਜਲ ਤੇਰੇ ਨੇ ਮੌਤ ਦਾ ਮੂੰਹ ਮੋੜਿਆ,
ਬੰਦਸ਼ਾਂ ਦੇ ਮੋਰਚੇ ਨੂੰ ਤੋੜਿਆ।
ਰਾਤ ਨੂੰ ਆ ਆ ਕੇ ਕੋਈ ਨ੍ਹਾ ਗਿਆ,

1. ਕਿਨਾਰਾ, ਰਾਮਸਰ ਨਾਂ ਵਾਲੇ ਥਾਂ ਤੇ ਬੈਠ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਆਦਿ ਗ੍ਰੰਥ ਦਾ ਸੰਪਾਦਨ ਕੀਤਾ, ਭਾਈ ਗੁਰਦਾਸ ਪਾਸੋਂ ਲਿਖਵਾਇਆ ਸੀ। 2. ਮਾਲਾ ਤੇ ਤਲਵਾਰ, ਮੀਰੀ ਤੇ ਪੀਰੀ।

ਧੌਣ ਮੱਸੇ[1] ਦੀ ਕੋਈ ਝਟਕ ਗਿਆ।
ਸੱਚ ਦੇ ਸ਼ੈਦਾਈਆਂ ਦੀਆਂ ਟੋਲੀਆਂ,
ਖੇਡੀਆਂ ਆ ਆ ਲਹੂ ਵਿਚ ਹੋਲੀਆਂ।
ਦੋ ਦੋ ਵਾਰੀ ਤਾਲ ਤੇਰਾ ਪੂਰ ਚੁਕਾ,
ਫੇਰ ਦੂਣੀ ਸ਼ਾਨ ਲੈ ਲੈ ਬਣ ਗਿਆ।
ਪ੍ਰੇਮ ਦੇ ਹੜ੍ਹ ਰੋੜ੍ਹ ਮਿੱਟੀ ਲੈ ਗਏ,
ਜ਼ੁਲਮ ਨੂੰ ਭੁਗਤਾਨ ਕਰਨੇ ਪੈ ਗਏ,
ਭਗਤਿ ਦੇ ਇਤਿਹਾਸ ਦਾ ਤੂੰ ਵਰਕ ਹੈਂ,
ਪਰ ਲਹੂ ਦੇ ਦਫ਼ਤਰਾਂ ਵਿਚ ਗਰਕ ਹੈਂ।
ਪ੍ਰੇਮ ਜਾਨਾਂ ਖੇਡੀਆਂ ਉਪਕਾਰ ਤੇ,
ਪਰ ਦੁਧਾਰੀ ਸੱਚ ਦੀ ਤਲਵਾਰ ਤੇ।
ਇਸ ਗਏ ਗੁਜ਼ਰੇ ਜ਼ਮਾਨੇ ਵਿਚ ਭੀ,
ਸ਼ਾਨ ਤੇਰੀ ਹਰ ਜਗਹ ਉੱਚੀ ਰਹੀ।
ਚਮਕਦਾ ਸੀਨੇ ਤਿਰੇ ਦਾ ਦਾਗ ਹੈ,
ਜਲ ਰਿਹਾ ਜਲਿਆਨ ਵਾਲਾ ਬਾਗ ਹੈ।
ਰੱਤ ਡੁੱਲ੍ਹੀ ਜਿੱਥੇ ਰੰਗਾ ਰੰਗ ਦੀ,
ਖਿਲ ਗਈ ਹੋਲੀ ਨਿਹੱਥੇ ਜੰਗ ਦੀ।
ਗੱਡਾਂ ਤੇਰੇ ਸਿਰ ਤੋਂ ਕੇਈ ਲੰਘੀਆਂ,
ਲੇਖ ਲਿਖ ਲਿਖ ਕਾਨੀਆਂ ਭੀ ਹੰਭੀਆਂ।
ਹੋਰ ਕੀ ਮਾਲੂਮ, ਹੋ ਕੇ ਰਹਿਣੀਆਂ,
ਲਿਖਣੀਆਂ ਇਤਿਹਾਸ ਦੇ ਵਿਚ ਪੈਣੀਆਂ।
ਬਹੁਤ ਬੀਤੀ ਰਹਿ ਗਈ ਥੋੜੀ ਜਿਹੀ,
ਸੁਖ ਸੁਖੀਂ ਬੀਤ ਜਾਇ ਜੇ ਇਹ ਜ਼ਿੰਦਗੀ।
ਗੋਦ ਤੇਰੀ ਵਿਚ ਸਮਾਈ ਜੇ ਮਿਲੇ,
ਜ਼ੱਰਾ ਤੇਰੀ ਖਾਕ ਦੇ ਵਿਚ ਜਾ ਰਲੇ।
ਦਮ ਮਿਲੇ ਦੇਣਾ ਜੇ ਤੇਰੇ ਦੁਆਰ ਤੇ।
ਜੀ ਕੇ ਕੀ ਲੈਣਾ ਹੈ ਫਿਰ ਸੰਸਾਰ ਤੇ ?
ਜ਼ੌਕਾਂ[2] ਗਲੀਆਂ ਮੱਲੀਆਂ ਦਿੱਲੀ ਦੀਆਂ,
ਮੈਂ ਨ ਡਿੱਠਾ ਹੋਰ ਕੁਝ ਤੇਰੇ ਬਿਨਾਂ।
ਅੱਖਾਂ ਵਿਚਦੀ ਛਾਣਿਆ ਹਿੰਦੁਸਤਾਨ,
ਸ਼ਾਨ ਪਰ ਤੇਰੀ ਨਾ ਦਿੱਸੀ ਹੋਰ ਥਾਨ।

---

1. ਮੱਸਾ ਰੰਘੜ ਜੋ ਸ੍ਰੀ ਹਰਿਮੰਦਰ ਸਾਹਿਬ ਅੰਮ੍ਰਿਤਸਰ ਵਿਚ ਹੁੱਕੇ ਪੀਂਦਾ ਤੇ ਨਾਚ ਕਰਾਉਂਦਾ ਸੀ। ਮੀਰਾਂ ਕੋਟ ਦੇ ਮਤਾਬ ਸਿੰਘ ਤੇ ਮਾੜੀ ਕੰਬੋ ਦੇ ਸੁਖਾ ਸਿੰਘ ਨੇ ਉਸ ਦਾ ਸਿਰ ਵੱਢਿਆ ਸੀ। 2. ਇਕ ਪ੍ਰਸਿੱਧ ਉਰਦੂ ਕਵੀ।

ਚਿੱਤ ਨੂੰ ਕੁਝ ਕੁਝ ਜਚੀ ਸੀ ਬੰਬਈ,
ਪਰ ਹਵਾ ਤੇਰੀ ਨਾ ਓਥੇ ਭੀ ਮਿਲੀ।
ਡਿੱਠੀ ਕੰਗਾਲੀ ਕਿਸੇ ਥਾਂ ਬਰਸਦੀ,
ਜਾਂ ਕੋਈ ਨਗਰੀ ਅਮੀਰ ਦੀ ਨਿਰੀ।
ਤੂੰ ਅਮੀਰਾਂ ਤੇ ਗਰੀਬਾਂ ਦੇ ਲਈ,
ਗੋਦ ਫੈਲਾਈ ਹੋਈ ਇਕੋ ਜਹੀ,
ਤੇਰੀਆਂ ਜੂਹਾਂ ਤੇ ਵੀਹਾਂ ਪਯਾਰੀਆਂ,
ਤੇਰੇ ਸਿਰ ਤੋਂ ਵਸਤੀਆਂ ਸਭ ਵਾਰੀਆਂ।
ਮੋਢਿਆਂ ਦੇ ਨਾਲ ਮੋਢੇ ਖਹਿ ਰਹੇ,
ਹੜ ਤਜਾਰਤ ਦੇ ਤਿਰੇ ਵਿਚ ਵਹਿ ਰਹੇ।
ਨੈਂ ਵਗੇ ਐਸ਼੍ਵਰਜ ਦੌਲਤ ਮਾਲ ਦੀ,
ਵਣਜ ਦੀ ਮੰਡੀ ਨਾ ਤੇਰੇ ਨਾਲ ਦੀ।
ਹਰ ਦਸਾਉਰ[1] ਦੇ ਸੁਦਾਗਰ ਆ ਰਹੇ,
ਭਾਗ ਤਿਰੀਆਂ ਸ਼ੁਹਰਤਾਂ ਨੂੰ ਲਾ ਰਹੇ।
ਕਸਬ ਤੇ ਕਾਰੀਗਰੀ ਤੇਰੀ ਕਮਾਲ,
ਹਾਥੀ ਦੰਦਾਂ ਅਰ ਕਲੀਨਾਂ ਆਦਿ ਨਾਲ।
ਪੁੰਨ ਦਾ ਪਰਵਾਹ ਚੱਲੇ ਰਾਤ ਦਿਨ,
ਕੀਰਤਨ ਅੱਠੇ ਪਹਿਰ ਹੁੰਦੇ ਰਹਿਨ।
ਪੌਣ ਤੇ ਪਾਣੀ ਤਿਰੇ ਹਨ ਬੇਨਜ਼ੀਰ,
ਰੂਪ ਤੇਰੇ ਮਾਤ ਪਾਈ ਕਸ਼ਮੀਰ।
ਖਾਣ ਪਹਿਨਣ ਮੇਲ ਵਰਤਣ ਸੋਹਣੇ,
ਬੋਲ ਮਿੱਠੇ, ਨਰਮ ਦਿਲ, ਮਨਮੋਹਣੇ।
ਚਾਰ ਪਾਸੀਂ ਤੇਰੇ ਬਾਗਾਂ ਦੀ ਬਹਾਰ,
ਫੁੱਲ ਜਿੱਥੇ ਖਿੜ ਰਹੇ ਦੋ ਸੌ ਹਜ਼ਾਰ[2]।
ਖਾਲਸਾ ਕਾਲਜ ਨਮੂਨਾ ਸ਼ਾਨ ਦਾ,
ਕਾਲਜਾਂ ਦਾ ਨੱਕ ਹਿੰਦੁਸਤਾਨ ਦਾ।
ਚੁਪ ਚੁਪਾਤਾ ਹੈ ਖੜਾ ਗੋਬਿੰਦ ਗੜ੍ਹ,
ਵਗ ਚੁਕੇ ਜਿੱਥੇ ਕਦੀ ਲਹੂਆਂ ਦੇ ਹੜ।
ਦੁਰਗਿਆਣਾ ਭੀ ਉਸੇ ਦੇ ਪਾਸ ਹੈ,
ਲਿਖ ਰਿਹਾ ਆਪਣਾ ਨਵਾਂ ਇਤਿਹਾਸ ਹੈ।
ਲੈ ਰਿਹਾ ਨਕਸ਼ਾ ਤੇਰੇ ਦਰਬਾਰ ਦਾ,
ਪਰ ਨਹੀਂ ਜੁਰਕਾ ਕਿਸੇ ਸਰਕਾਰ ਦਾ।

---

1. ਬਾਹਰਲੇ ਦੇਸ਼, ਪਰਦੇਸ। 2. ਉਸ ਵੇਲੇ ਦੀ ਦੋ ਲੱਖ ਆਬਾਦੀ ਤੋਂ ਮੁਰਾਦ ਹੈ।

ਮਠ ਸ਼ਹੀਦਾਂ ਦੇ ਅਨੇਕਾਂ ਹਨ ਖੜੇ,
ਪੱਤਰੇ ਇਤਿਹਾਸ ਦੇ ਉਲਟਾ ਰਹੇ।
ਜ਼ੱਰਾ ਜ਼ੱਰਾ ਤੇਰਾ ਨੂਰੋ ਨੂਰ ਹੈ,
ਨਾਮ ਤੇਰਾ ਜੱਗ ਤੇ ਮਸ਼ਹੂਰ ਹੈ।
ਖ਼ੂਬ ਵਧ ਫੂਲ, ਸ਼ਾਦ[1] ਰਹੁ, ਆਬਾਦ ਰਹੁ,
ਯਾਦ ਰਖ ਚਾਤ੍ਰਿਕ ਨੂੰ ਹਰਦਮ ਯਾਦ ਰਹੁ।

ਜੀਵਨ ਜਗਾਵਾ

1. ਅਮਰ ਜੀਵਨ ਜੇ ਚਾਹਨਾ ਏਂ, ਤਾਂ ਮਰਨੇ ਦੀ ਤਿਆਰੀ ਕਰ।
ਜੇ ਦੇਸ਼ ਆਬਾਦ ਕਰਨਾ ਈਂ, ਲਹੂ ਦੀ ਨਹਿਰ ਜਾਰੀ ਕਰ।
ਜੇ ਉੱਚੀ ਕੌਮ ਕਰਨੀ ਹੈ, ਤਾਂ ਬਾਹਵਾਂ ਦੀ ਉਸਾਰੀ ਕਰ।
ਜੇ ਦਿਲ ਜਿੱਤਣ ਦੀ ਸੱਧਰ ਹੈ, ਤਾਂ ਦੌਲਤ ਨਾ ਪਿਆਰੀ ਕਰ।
ਤੇ ਕੌਮਾਂ ਬਣਦੀਆਂ—ਚੌੜੇ ਦਿਲਾਂ ਵਾਲੇ ਜਵਾਨਾਂ ਤੇ।
ਕਿ ਦੇਸ਼ ਉਸਰਨ ਸਦਾ—ਜਿਗਰੇ ਦੀਆਂ ਮੁਹਕਮ[2] ਚਿਟਾਨਾਂ ਤੇ।

2. ਤਅੱਸਬ[3] ਦੀ ਹਟਾ ਪੱਟੀ, ਤੇ ਨਫ਼ਰਤ ਨੂੰ ਨਾ ਆਦਰ ਦੇ।
ਮੁਹੱਬਤ ਦਾ ਖੁਲ੍ਹਾ ਕਰ ਦਰ, ਤੇ ਬਾਹਾਂ ਚੌੜੀਆਂ ਕਰ ਦੇ।
ਪਰੇ ਕਰ ਫਿਰਕੇਦਾਰੀ ਨੂੰ, ਤੇ ਏਕੇ ਦੀ ਹਵਾ ਭਰ ਦੇ।
ਤਰਾਨਾ ਛੇੜ ਕੇ ਕੌਮੀ, ਕਲੇਜਾ ਚੀਰ ਕੇ ਧਰ ਦੇ।
ਤੇਰੀ ਆਵਾਜ਼ ਗੂੰਜ ਉੱਠੇ, ਜ਼ਮੀਨਾਂ ਆਸਮਾਨਾਂ ਤੇ।
ਕਿ ਦੇਸ਼ ਉਸਰਨ ਸਦਾ, ਜਿਗਰੇ ਦੀਆਂ ਮੁਹਕਮ ਚਿਟਾਨਾਂ ਤੇ।

3. ਤੂੰ ਧੀਰਜ ਨਾਲ ਡਟਿਆ ਰਹੁ, ਕੋਈ ਦਿਨ ਆ ਹੀ ਜਾਵੇਗਾ।
ਸਚਾਈ ਦਾ ਅਵਾਜ਼ਾ ਉਠ ਕੇ, ਤਬਦੀਲੀ ਲਿਆਵੇਗਾ।
ਫਤੇ ਦਾ ਰਾਹ, ਤੇਰੇ ਗਲ, ਸਮਾਂ ਖੁਦ ਆ ਕੇ ਪਾਵੇਗਾ।
ਏ ਹਿੰਦੁਸਤਾਨ ਤੇਰਾ ਹੈ, ਤੇ ਤੇਰਾ ਹੀ ਕਹਾਵੇਗਾ।
ਬਹਾਦਰ ਹੱਸਦੇ ਤੇ ਖੇਡਦੇ, ਖੇਡਣਗੇ ਜਾਨਾਂ ਤੇ।
ਕਿ ਦੇਸ ਉਸਰਨ ਸਦਾ ,ਜਿਗਰੇ ਦੀਆਂ ਮੁਹਕਮ ਚਿਟਾਨਾਂ ਤੇ।

4. ਜੇ ਨਿੱਯਤ ਰਾਸ ਹੈ ਤੇਰੀ, ਤਾਂ ਨੇੜੇ ਕਾਮਯਾਬੀ ਹੈ।
ਤੇਰੀ ਤਾਕਤ ਦੇ ਤਰਕਸ਼[4] ਵਿਚ, ਤਮੰਨਾ[5] ਬੇਹਿਸਾਬੀ ਹੈ।
ਖਿਜ਼ਾ ਮੁੱਕੀ ਖਲੋਤੀ ਹੈ, ਬਹਾਰ ਆਈ ਗੁਲਾਬੀ ਹੈ।
ਅਗੇਰੇ ਹੀ ਰਿਹਾ ਤੁਰਦਾ, ਹਮੇਸ਼ਾ ਤੋਂ ਪੰਜਾਬੀ ਹੈ।
ਪਿਆ ਹੈ ਹੁਣ ਤੇ ਸਾਂਝਾ ਭਾਰ, ਹਿੰਦੂ ਮੁਸਲਮਾਨਾਂ ਤੇ।
ਕਿ ਦੇਸ਼ ਉਸਰਨ ਸਦਾ ਜਿਗਰੇ ਦੀਆਂ ਮੁਹਕਮ ਚਿਟਾਨਾਂ ਤੇ।

---

1. ਖੁਸ਼। 2. ਪੱਕੀਆਂ। 3. ਫਿਰਕਾ ਪ੍ਰਸਤੀ, ਕੱਟੜ ਪੁਣਾ। 4. ਤੀਰ ਸਾਂਭਣ ਵਾਲਾ, ਭਥਾ। 5. ਉਮੰਗ।

ਖਾਲਿਕ ਖਲਕ

ਖ਼ਲਕਤ[1] ਰੱਬ ਵਿਚ, (ਤੇ) ਰੱਬ ਖਲਕਤ ਵਿਚ, ਜਿਉਂ ਮਹਿੰਦੀ ਵਿਚ ਲਾਲੀ।
ਹਰ ਹਿਰਦੇ ਵਿਚ ਰੱਬ ਦਾ ਆਸਣ, ਕੋਈ ਜਾਹ ਨਾ ਜਾਪੇ ਖਾਲੀ।
ਬਾਹਰੋਂ ਰੱਬ ਜਾਪੇ ਨਾ ਜਾਪੇ, ਅੰਦਰੋਂ ਦੇਇ ਦਿਖਾਲੀ।
ਜਿਹੜਾ ਰੱਬ ਨੂੰ ਬਾਹਰ ਨਿਖੇੜੇ, (ਉਹਦੀ) ਆਪਣੀ ਖਾਮ ਖਿਆਲੀ[2]।
ਜਿਉਂ ਜਿਉਂ ਰੱਬ ਹੁੰਦਾ ਜਾਏ ਸਾਂਝਾ, ਘਰ ਘਰ ਹੁੰਦਾ ਜਾਏ ਉਜਾਲਾ।
ਧੁਪਦੀ ਜਾਏ ਮੈਲ ਦਿਲਾਂ ਦੀ, ਪ੍ਰੇਮ ਨਦੀ ਵਿਚ ਉਠੇ ਉਛਾਲਾ।
ਜੇਕਰ ਭਾਰਤ ਦੇ, ਜ਼ਮੀਰ ਨੂੰ, ਪਾਪੀ ਪੇਟ ਨਾ ਕਰਦਾ ਕਾਲਾ,
ਮੁੱਦਤ ਦਾ ਬਣ ਚੁਕਿਆ ਹੁੰਦਾ, ਸਰ ਇਕਬਾਲ ਦਾ "ਨਯਾ ਸ਼ਿਵਾਲਾ"[3]।

ਪੰਜਾਬੀ ਦਾ ਸੁਪਨਾ

(ਕਿਸੇ ਟਾਪੂ ਵਿਚ ਬੈਠੇ ਪੰਜਾਬੀ ਦਾ ਆਪਣੇ ਵਤਨੀ ਭਰਾ ਨਾਲ ਮੇਲ)

1. ਪੰਜਾਬੋਂ ਔਂਦਿਆ ਵੀਰਨਿਆ ! ਕੋਈ ਗੱਲ ਕਰ ਆਪਣੇ ਥਾਵਾਂ ਦੀ।
ਮੇਰੇ ਪਿੰਡ ਦੀ, ਮੇਰੇ ਟੱਬਰ ਦੀ, ਹਮਸਾਇਆ[4] ਭੈਣ ਭਰਾਵਾਂ ਦੀ।
ਫਸਲਾਂ ਚੰਗੀਆਂ ਹੋ ਜਾਂਦੀਆਂ ਨੇਂ ? ਮੀਂਹ ਵੇਲੇ ਸਿਰ ਪੈ ਜਾਂਦਾ ਹੈ ?
ਘਿਉ ਸਸਤਾ, ਅੰਨ ਸਵੱਲਾ ਏ ? ਸਭ ਰਜ ਕੇ ਰੋਟੀ ਖਾਂਦੇ ਨੇਂ ?
ਪਰਭਾਤ ਰਿੜਕਣੇ ਪੈਂਦੇ ਸਨ ? ਛਾਹ ਵੇਲੇ ਭੱਤੇ ਢੁਕਦੇ ਸਨ ?
ਭਠੀਆਂ ਤੇ ਝੁਰਮਟ ਪੈਂਦੇ ਸਨ ? ਤ੍ਰਿਞਣਾਂ ਵਿਚ ਚਰਖੇ ਘੁਕਦੇ ਸਨ ?
ਪਰਦੇਸਾਂ ਅੰਦਰ ਬੈਠਿਆਂ ਨੂੰ, ਕੋਈ ਯਾਦ ਤੇ ਕਰਦਾ ਹੋਵੇਗਾ,
ਮਾਂ, ਭੈਣ ਤੇ ਨਾਰ ਕਿਸੇ ਦੀ ਦਾ, ਦਿਲ ਹੌਕੇ ਭਰਦਾ ਹੋਵੇਗਾ।
2. ਪੰਜਾਬੀਆਂ ਵਿਚ ਕੋਈ ਚਾ ਭੀ ਹੈ ? ਪੰਜਾਬ ਦੀ ਸ਼ਾਨ ਬਣਾਉਣ ਦਾ ?
ਪਾਟੇ ਹੋਏ ਸੀਨੇ ਸੀਉਣ ਦਾ ? ਨਿਖੜੇ ਹੋਏ ਵੀਰ ਮਿਲਾਉਣ ਦਾ ?
ਹਿੰਦੂ, ਮੋਮਨ, ਸਿੱਖ, ਈਸਾਈ, ਘਿਉ ਖਿਚੜੀ ਹੋ ਗਏ ਹੋਵਣਗੇ।
ਕਿਰਸਾਣ, ਬਪਾਰੀ ਤੇ ਕਿਰਤੀ, ਇਕ ਥਾਏਂ ਖਲੋ ਗਏ ਹੋਵਣਗੇ।
3. ਅਸੀਂ ਜਦ ਦੇ ਏਥੇ ਆਏ ਹਾਂ, ਸਾਡੇ ਤੇ ਹੁਲੀਏ ਹੀ ਵਟ ਗਏ ਨੇਂ।
ਸਾੜੇ ਤੇ ਕੀਨੇ[5] ਨਿਕਲ ਗਏ, ਵਲ ਵਿੰਗ ਪੁਰਾਣੇ ਹਟ ਗਏ ਨੇਂ।
ਜੀ ਚਾਹੁੰਦਾ ਹੈ ਪੰਜਾਬ ਨੂੰ ਭੀ, ਐਥੋਂ ਵਰਗਾ ਰੰਗ ਲਾ ਲਈਏ।
ਪਿੰਡ ਪਿੰਡ ਵਿਚ ਸਾਂਝਾਂ ਪਾ ਲਈਏ, ਪਕੀਆਂ ਸੜਕਾਂ ਬਣਵਾ ਲਈਏ।
ਹੱਥਾਂ ਵਿਚ ਬਰਕਤ ਪੈ ਜਾਵੇ, ਧਰਤੀ ਸੋਨੇ ਦੀ ਹੋ ਜਾਵੇ।
ਆ ਕੇ ਕੋਈ ਰੋੜ੍ਹ ਮਜ਼ੂਰੀ ਦਾ, ਭੁਖ ਨੰਗ ਦੇ ਧੋਣੇ ਧੋ ਜਾਵੇ।

---

1. ਉਸਦੀ ਸ੍ਰਿਸ਼ਟੀ। 2. ਗਲਤ ਫਹਿਮੀ।
3. ਡਾਕਟਰ ਸਰ ਇਕਬਾਲ ਦੀ ਇਕ ਕਵਿਤਾ ਵਲ ਇਸ਼ਾਰਾ ਹੈ ਜਿਸਦਾ ਅਨੁਵਾਦ ਹੋਰ ਥਾਂ ਉੱਤੇ ਇਸੇ ਪੁਸਤਕ ਵਿਚ ਹੈ।
4. ਗਵਾਂਢੀਆਂ। 5. ਵੈਰ।

ਭਾਰਤੀ ਸ਼ੇਰ

ਉਠ ਜਾਗ, ਭਾਰਤੀ ਸ਼ੇਰਾ ! ਤੂੰ ਮਾਲਿਕ ਹਿੰਦੁਸਤਾਨ ਦਾ !
1. ਆਸੋਂ ਪਾਸੋਂ ਆਏ ਲੁਟੇਰੇ, ਆਣ ਵੜੇ ਘਰ ਅੰਦਰ ਤੇਰੇ।
ਖਾਂਦੇ ਰਹੇ ਹੈਵਾਨਾਂ ਵਾਂਗਰ, ਬੁਰਕਾ ਪਾ ਇਨਸਾਨ ਦਾ।
ਉਠ ਜਾਗ, ਭਾਰਤੀ ਸ਼ੇਰਾ! ਤੂੰ ਮਾਲਿਕ ਹਿੰਦੁਸਤਾਨ ਦਾ।
2. ਨਿੱਤਰ, ਆਪਣੀ ਸ਼ਾਨ ਦਿਖਾ ਦੇ, ਸਿਰ ਦੇ ਕੇ ਭੀ ਦੇਸ਼ ਬਚਾ ਦੇ,
ਜ਼ੋਰ ਤੇਰਾ ਹੈ ਅਰਜੁਨ ਜੈਸਾ, ਗਿਆਨ ਕ੍ਰਿਸ਼ਨ ਭਗਵਾਨ ਦਾ
ਉਠ ਜਾਗ, ਭਾਰਤੀ ਸ਼ੇਰਾ, ਤੂੰ ਮਾਲਿਕ ਹਿੰਦੁਸਤਾਨ ਦਾ
3. ਮਾਰਨ ਲਈ ਰਹੁ ਅੱਗੇ ਅੱਗੇ, ਅਣਖ ਤੇਰੀ ਨੂੰ ਦਾਗ ਨਾ ਲੱਗੇ,
ਪਾੜਨ ਵਾਲਿਆਂ ਦੀ ਭੰਨ ਬੂਥੀ, ਕਰ ਮੂੰਹ ਕਾਲਾ ਸ਼ੈਤਾਨ ਦਾ।
ਉਠ ਜਾਗ, ਭਾਰਤੀ ਸ਼ੇਰਾ ! ਤੂੰ ਮਾਲਿਕ ਹਿੰਦੁਸਤਾਨ ਦਾ।
4. ਕਿਸੇ ਬਲਾ ਨੇ ਬਾਹਰੋਂ ਆ ਕੇ, ਢਿੱਡਾਂ ਦੇ ਵਿਚ ਚੋਰ ਬਹਾ ਕੇ,
ਖਰੀਆਂ ਨੀਤਾਂ ਦੇ ਵਿਚ ਪਾਇਆ, ਫ਼ਰਕ ਜਿਮੀਂ ਅਸਮਾਨ ਦਾ।
ਉਠ ਜਾਗ, ਭਾਰਤੀ ਸ਼ੇਰਾ ! ਤੂੰ ਮਾਲਿਕ ਹਿੰਦੁਸਤਾਨ ਦਾ।
5. ਤੇਰੇ ਘਰ ਆ ਵੜੀ ਬਿਮਾਰੀ, ਇਕ ਦੂਜੇ ਤੇ ਬੇਇਤਬਾਰੀ।
ਵੈਦਾਂ ਇਕੋ ਨੁਸਖਾ ਲਿਖਿਆ, ਜੁਗ ਹਿੰਦੂ ਮੁਸਲਮਾਨ ਦਾ।
ਉਠ ਜਾਗ, ਭਾਰਤੀ ਸ਼ੇਰਾ ! ਤੂੰ ਮਾਲਿਕ ਹਿੰਦੁਸਤਾਨ ਦਾ।
6. ਤੂੰ ਭਾਰਤ ਦਾ, ਭਾਰਤ ਤੇਰਾ, ਗੈਰਾਂ ਦਾ ਚੁਕਵਾ ਦੇ ਡੇਰਾ।
ਆਜ਼ਾਦੀ ਦਾ ਝੰਡਾ ਝੂਲੇ, ਹੋਏ ਮੁਹਕਮ[1] ਅਮਨ ਜਹਾਨ ਦਾ।
ਉਠ ਜਾਗ, ਭਾਰਤੀ ਸ਼ੇਰਾ ! ਤੂੰ ਮਾਲਿਕ ਹਿੰਦੁਸਤਾਨ ਦਾ।

ਸੇਹਰਾ

(ਨੌਜਵਾਨ ਲਾੜਿਆ ਵਾਸਤੇ)

ਓ ਸਜ ਵਜ ਕੇ ਰਣ ਵਿਚ ਨਿਕਲ ਆਏ ਸ਼ੇਰਾ !
ਅਸੀਲਾ[2] !ਦਨਾਵਾ[3] ! ਜਵਾਨਾ ! ਦਲੇਰਾ !
ਉਮੰਗਾਂ ਦਾ ਦਰਯਾ ਛਲਕਦਾ ਹੈ ਤੇਰਾ,
ਹੈ ਸਾਹਵੇ ਤੇਰੇ ਕੋਈ ਮਕਸਦ ਉਚੇਰਾ,
ਤੂੰ ਚਾਹਨਾ ਏਂ ਦੁਖ ਸੁਖ ਦਾ ਸਾਥੀ ਬਣਾਣਾ।
ਤੇ ਜੀਵਨ ਦੇ ਪੈਂਡੇ ਨੂੰ ਹਸ ਹਸ ਮੁਕਾਣਾ।੧।
ਤੂੰ ਜਿਸ ਰਾਹ ਵਲ ਪੈਰ ਹੈ ਅਜ ਵਧਾਇਆ,
ਮੁਹਿੰਮ ਜੇਹੜੀ ਸਰ ਕਰਨ ਖਾਤਰ ਹੈਂ ਆਇਆ,

1. ਦ੍ਰਿੜ੍ਹ। 2. ਭਲਿਆਮਾਣਸ, ਸਾਊ। 3. ਅਕਲਮੰਦਾਂ, ਸਿਆਣਿਆ।

ਮੁਰਾਦਾਂ ਦਾ ਸਿਹਰਾ ਹੈ ਸਿਰ ਤੇ ਸਜਾਇਆ,
ਜੋ ਕੁਦਰਤ ਨੇ ਆਦਰਸ਼ ਤੇਰਾ ਬਣਾਇਆ,
ਓ ਔਖਾ ਜਿਹਾ ਹੈ ਖਬਰਦਾਰ ਹੋ ਜਾ,
ਬੜੀ ਉੱਚੀ ਘਾਟੀ ਉ, ਹੁਸ਼ਿਆਰ ਹੋ ਜਾ।੨।

ਤੂੰ ਜਿਸ ਲਖਸ਼ਮੀ ਨਾਲ ਲੈਣੇਂ ਨੇਂ ਫੇਰੇ,
ਓ ਤੋਰੀ ਗਈ ਸੀ ਧੁਰੋਂ ਨਾਲ ਤੇਰੇ,
ਜੇ ਸੂਰਜ ਸਜਾਇਆ ਸੀ ਤੈਨੂੰ ਚਿਤੇਰੇ,
ਤਾਂ ਉਸ ਵਿਚ ਧਰੇ ਸੁਹਜ ਚੰਦੋਂ ਵਧੇਰੇ,
ਕਿ ਦੁਨੀਆ ਦੇ ਦਿਨ ਰਾਤ ਰੋਸ਼ਨ ਬਣਾਓ,
ਤੇ ਕੁਦਰਤ ਦੇ ਖੇੜੇ ਨੂੰ ਰਲ ਕੇ ਵਸਾਓ।੩।

ਤੂੰ ਉਸ ਦੇ ਲਈ, ਓ ਤੇਰੇ ਲਈ ਹੈ,
ਏ ਜੋੜੀ ਰਚੀ ਪ੍ਰੇਮ ਖਾਤਰ ਗਈ ਹੈ,
ਤੂੰ ਭਗਵਨ ਉਦ੍ਹਾ, ਓ ਤੇਰੀ ਭਗਵਤੀ ਹੈ,
ਤੂੰ ਜੀਵਨ ਉਦ੍ਹਾ, ਉਹ ਤੇਰੀ ਜ਼ਿੰਦਗੀ ਹੈ,
ਓ ਤੇਰੀ ਹੈ ਧਿਰ ਤੇ ਤੂੰ ਉਸਦਾ ਸਹਾਰਾ,
ਦੁਹਾਂ ਬਾਝ ਕੋਝਾ ਹੈ ਸੰਸਾਰ ਸਾਰਾ।੪।

ਜੇ ਚਾਹਨਾ ਏਂ ਦੁਨੀਆ ਰਸੀਲੀ ਬਣਾਣੀ,
ਜੇ ਚਾਹਨਾ ਏਂ ਜੀਵਨ ਦੀ ਸ਼ੋਭਾ ਵਧਾਣੀ,
ਜੇ ਸਚ ਮੁਚ ਦੀ ਹੈ ਪ੍ਰੇਮ-ਨਗਰੀ ਵਸਾਣੀ,
ਤੇ ਰਣ ਵਿਚ ਨਹੀਂ ਤੂੰ ਕਦੇ ਭਾਂਜ ਖਾਣੀ,
ਤਾਂ ਨਾਰੀ ਨੂੰ ਹਮਦਰਦ ਆਪਣੀ ਬਣਾ ਲੈ,
ਜੇ ਉੱਠਣ ਦੀ ਚਾਹ ਹੈ ਤਾਂ ਉਸ ਨੂੰ ਉਠਾ ਲੈ।੫।

ਜੇ ਤਕਣਾ ਈ ਨਾਰੀ ਦਾ ਦਿਲ, ਘੁੰਡ ਚਾ ਕੇ,
ਖਿੜੀ ਆਤਮਾ ਜੇ ਲੈਣੇ ਨੀਂ ਝਾਕੇ,
ਤਾਂ ਤਕ ਉਸ ਨੂੰ ਦੂਈ ਦਾ ਪਰਦਾ ਹਟਾ ਕੇ,
ਗੁਲਾਮੀ ਦੇ ਪਿੰਜਰੇ ਤੋਂ ਬਾਹਰ ਬਿਠਾ ਕੇ,
ਜੇ ਸੁਣਨੇ ਨੀ ਨਗਮੇਂ, ਕੁਦਰਤੀ ਅਦਾ ਵਿਚ,
ਤਾਂ ਉੱਡਣ ਦੇ ਬੁਲਬੁਲੇ ਨੂੰ ਉੱਚੀ ਹਵਾ ਵਿਚ।੬।

ਉਦ੍ਹੇ ਫਰਜ਼ ਰੱਬ ਨੇ ਮਿਥੇ ਨੇਂ ਬਥੇਰੇ,
ਤੂੰ ਘੇਰੇ ਨਾ ਪਾ ਹੋਰ, ਉਸ ਦੇ ਚੁਫੇਰੇ,
ਉਦ੍ਹੇ ਜਜ਼ਬਿਆਂ ਨੂੰ ਚੜ੍ਹਨ ਦੇ ਉਚੇਰੇ,
ਏ ਚੜ੍ਹ ਕੇ ਵੀ ਕੰਮ ਔਣਗੇ ਅੰਤ ਤੇਰੇ,
ਤੇਰਾ ਇਹੋ ਜਗਤ ਭੀ ਸੁਖਾਲਾ ਕਰੇਗੀ,
ਤੇ ਪਰਲੋਕ ਭੀ ਸ਼ਾਨ ਵਾਲਾ ਕਰੇਗੀ।੭।

ਬੜੇ ਸਿਰ ਤੋਂ ਜੇਲਾਂ ਦੀ ਵਾ ਖਾ ਰਹੀ ਹੈ,

ਤੇ ਪਿੰਜਰੇ ਪਈ ਫਰਜ਼ ਭੁਗਤਾ ਰਹੀ ਹੈ,
ਜਹਾਲਤ ਉਦ੍ਹੀ ਹੁਣ ਤੇ ਸ਼ਰਮਾ ਰਹੀ ਹੈ,
ਅਜੇ ਭੀ ਓ ਮਰਦਾਂ ਦੇ ਗੁਣ ਗਾ ਰਹੀ ਹੈ,
ਨਾ ਢੂੰਡੀ ਮਿਲੇਗੀ ਵਫਦਾਰ ਐਸੀ,
ਨਾ ਭੋਲੀ ਪੁਜਾਰਨ, ਨਾ ਗਮਖਾਰ ਐਸੀ।੮।

ਜੋ ਨਾਰੀ ਭੀ ਆਦਰਸ਼ ਜੀਵਨ ਬਣਾਂਦੀ,
ਪਤੀ ਨਾਲ ਸਾਂਵੀਂ ਉਡਾਰੀ ਲਗਾਂਦੀ,
ਜੇ ਪੱਥਰ ਬਣਾ ਕੇ ਬਿਠਾਈ ਨਾ ਜਾਂਦੀ,
ਤਾਂ ਮਰਦਾਂ ਦਾ ਹੀ ਭਾਰ ਹੌਲਾ ਕਰਾਂਦੀ,
ਪਰੰਤੂ ਸੁਆਰਥ ਨੇ ਕੀਤਾ ਇਸ਼ਾਰਾ,
ਕਿ ਤੀਵੀਂ ਤੋਂ ਉਠ ਜਾਊਗਾ ਰੁਅਬ ਸਾਰਾ।੯।

ਓ ਭੋਲੇ ਨਾ ਸਮਝੋ ਕਿ ਔਰਤ ਏ ਕੀ ਹੈ,
ਏ ਰੌਣਕ, ਏ ਰਹਿਮਤ ਏ ਬਰਕਤ ਕਿਦ੍ਹੀ ਹੈ,
ਕਿਦ੍ਹੇ ਸਿਰ ਤੇ ਕਾਦਰ ਦੀ ਕੁਦਰਤ ਖੜੀ ਹੈ,
ਕਿਦ੍ਹੇ ਬਾਝ ਜੀਉਣ ਨੂੰ ਕਰਦਾ ਨਾ ਜੀ ਹੈ,
ਏ ਨਾਰੀ ਨੇ ਹੀ ਗੋਂਦ ਸਾਰੀ ਹੈ ਗੁੰਦੀ,
ਜੇ ਆਦਮ ਹੀ ਰਹਿੰਦਾ ਤਾਂ ਦੁਨੀਆ ਨਾ ਹੁੰਦੀ।੧੦।

ਏ ਮਾਸੂਮ ਪੁਤਲੀ ਜਦੋਂ ਰੱਬ ਘੜੀ ਸੀ,
ਤਾਂ ਕਾਰੀਗਰੀ ਸਭ ਖਤਮ ਕਰ ਛੜੀ ਸੀ,
ਜਿਵੇਂ ਬਾਹਰੋਂ ਚੰਦ ਸਮ ਹਸਮੁਖੀ ਸੀ,
ਤਿਵੇਂ ਦਿਲ ਦੀ ਨਿਰਛਲ ਤੇ ਦਰਦਾਂ ਭਰੀ ਸੀ,
ਪਿਆਰਾਂ ਦਾ ਘਰ, ਪਰ ਪਿਆਰਾਂ ਦੀ ਭੁੱਖੀ,
ਤੜਪਦਾ ਕਲੇਜਾ ਤੇ ਜਜ਼ਬੇ ਮਨੁੱਖੀ।੧੧।

ਨਜ਼ਰ ਇਸ ਦੀ ਨੀਵੀਂ, ਨਿਗਾਹ ਇਸ ਦੀ ਉੱਚੀ,
ਮੁਹੱਬਤ ਦੀ ਮੂਰਤ, ਖਿਆਲਾਂ ਦੀ ਸੁੱਚੀ,
ਸ਼ਰਾਫਤ[1] ਤੇ ਅਸਮਤ[2] ਦੀ ਦੇਵੀ ਸਮੁੱਚੀ,
ਏ ਸਿਦਕਣ, ਪਤੀ-ਪ੍ਰੇਮ ਧਾਗੇ ਪਰੁੱਚੀ,
ਏ ਟਹਿਲਣ ਪੁਰਾਣੀ, ਏ ਘਰ ਦੀ ਸੁਆਣੀ,
ਮਨੁੱਖ ਨੇ ਨਾ ਪਰ ਸ਼ਾਨ ਇਸ ਦੀ ਪਛਾਣੀ।੧੨।

ਜੇ ਵਡਿਆਂ ਨੇ ਇਸ ਵਿਚ ਲਗਾਈ ਹੈ ਦੇਰੀ,
ਤਾਂ ਕੀ ਡਰ ਹੈ? ਤੂੰ ਹੀ ਦਿਖਾ ਦੇ ਦਲੇਰੀ,
ਓ ਰਹਿ ਗਏ ਪਿਛਾਂਹ, ਹੁਣ ਤੇ ਚਲਦੀ ਹੈ ਤੇਰੀ,

---
1. ਭਲਮਣਸਊ। 2. ਪਵਿੱਤ੍ਰਤਾ।

ਸਖੀ ਬਣ ਤੇ ਛਾਤੀ ਨੂੰ ਕਰ ਲੈ ਚੁੜੇਰੀ,
ਗਿਰੀ ਹੋਈ ਗੋੱਲੀ ਨੂੰ ਰਾਣੀ ਬਣਾ ਲੈ,
ਤੇ ਦਿਲ ਦੇ ਸਿੰਘਾਸਣ ਤੇ ਉਸ ਨੂੰ ਬਹਾ ਲੈ।੧੩।
ਓ ਮਹਿਰਮ[1] ਹੈ ਧੁਰ ਦੀ, ਨਾ ਮੂੰਹ ਹੁਣ ਲੁਕਾ ਤੂੰ,
ਬੜੀ ਹੋ ਚੁਕੀ, ਹੁਣ ਤੇ ਰਸਤੇ ਤੇ ਆ ਤੂੰ,
ਉਦ੍ਹਾ ਸਬਰ ਤਕਿਆ ਈ, ਆਪਣਾ ਦਿਖਾ ਤੂੰ,
ਡਕਾਰੀ ਨਾ ਜਾ, ਉਸ ਦਾ ਕਰਜ਼ਾ ਚੁਕਾ ਤੂੰ,
ਨਿਆਂ ਉਸ ਦੇ ਪੱਲੇ ਯਾ ਹਸ ਹਸ ਕੇ ਪਾ ਦੇ,
ਯਾ ਸੁਪਨੇ ਅਜ਼ਾਦੀ ਦੇ ਲੈਣੇ ਹਟਾ ਦੇ।੧੪।
ਜੇ ਨਾਰੀ ਤੇ ਸ਼ਕ ਦੀ ਨਿਗਾਹ ਹੀ ਰਖੇਂਗਾ,
ਨਾ ਇਤਬਾਰ ਉਸ ਦੀ ਵਫ਼ਾ ਤੇ ਕਰੇਂਗਾ,
ਜੇ ਦਿਲ ਉਸ ਦਾ ਖੋਹ ਕੇ ਨਾ ਦਿਲ ਆਪਣਾ ਦੇਂਗਾ,
ਹਕੂਮਤ ਦੇ ਮਦ ਵਿਚ ਨਾ ਬੰਦਾ ਬਣੇਗਾ,
ਤਾਂ ਤੇਰਾ ਨਸ਼ਾ ਇਹ ਉਤਰ ਕੇ ਰਹੇਗਾ,
ਤੇ ਤੰਗ ਆ ਕੇ ਜੰਗ ਉਸ ਨੂੰ ਕਰਨਾ ਪਏਗਾ।੧੫।
ਓ ਅਜ਼ਲੋਂ ਹੈ ਸੋਹਣੀ, ਨਾ ਬੇਸ਼ਕ ਸਜਾ ਸੂ,
ਨਾ ਗਹਿਣੇ ਵਿਖਾ ਸੂ, ਨਾ ਜ਼ਰ ਤੇ ਭੁਲਾ ਸੂ,
ਨਾ ਸੂਟਾਂ ਤੇ ਬੂਟਾ ਦੀ ਭਿੱਤੀ ਤੇ ਲਾ ਸੂ,
ਨਾ ਝੂਲੇ ਸ਼ਿੰਗਾਰਾਂ ਤੇ ਅਹਿਮਕ[2] ਬਣਾ ਸੂ,
ਜੇ ਸਰਦਾ ਈ ਤਦ ਉਸ ਦੇ ਦਿਲ ਵਿਚ ਉਤਰ ਜਾ,
ਉਠਾ ਦੇ ਸੂ ਦੇ ਕੇ ਬਰਾਬਰ ਦਾ ਦਰਜਾ।੧੬।
ਜੇ ਨਿਰਬਲ ਹੈ ਤਦ ਉਸ ਦਾ ਜਿਗਰਾ ਵਧਾ ਦੇ,
ਜੇ ਅਨਪੜ੍ਹ ਹੈ ਤਦ ਉਸ ਨੂੰ ਵਿਦਿਆ ਪੜ੍ਹਾ ਦੇ,
ਹਨੇਰੇ 'ਚਿ ਬੈਠੀ ਹੈ ਦੀਵਾ ਜਗਾ ਦੇ,
ਜੇ ਬੇ ਪਰ ਹੈ, ਪਰ ਦੇ ਕੇ ਉਡਣਾ ਸਿਖਾ ਦੇ,
ਇਦ੍ਹੇ ਬਿਨ ਅਗੇਰੇ ਕਿਵੇਂ ਹਲ ਸਕੇਂਗਾ,
ਨਾ ਉਹ ਤੁਰ ਸਕੇਗੀ, ਨਾ ਤੂੰ ਚਲ ਸਕੇਂਗਾ।੧੭।
ਖਿਡੌਣਾ ਸਮਝ ਕੇ ਨਾ ਉਸ ਨੂੰ ਹੰਡਾਵੀਂ,
ਓ ਇਨਸਾਨ ਹੈ, ਤੂੰ ਪਸ਼ੂ ਨਾ ਬਣਾਵੀਂ,
ਓ ਦੇਵੀ ਹੈ, ਤੂੰ ਦੇਵਤਾ ਬਣ ਵਿਖਾਵੀਂ,
ਸਤੀ ਆਤਮਾ ਨੂੰ ਕਦੇ ਨਾ ਸਤਾਵੀਂ,
ਉਸੇ ਨਾਲ ਘਰ ਤੇਰਾ ਚਮਕੇਗਾ ਸਾਰਾ,

---
1. ਭੇਤੀ। 2. ਮੂਰਖ।

ਉਹ ਤੇਰੀ ਪਿਆਰੀ, ਤੂੰ ਉਸਦਾ ਪਿਆਰਾ।੧੮।
ਜੇ ਤਾਰਾ ਜਿਹੀ ਨਾਰ ਦਾ ਤੈਨੂੰ ਚਾ ਹੈ,
ਸਤੀ ਸੀਤਾ ਜੈਸੀ ਨੂੰ ਜੀ ਲੋਚਦਾ ਹੈ,
ਤਾਂ ਚੰਗਾ ਹੈ, ਇਸ ਵਿਚ ਦੁਹਾਂ ਦਾ ਭਲਾ ਹੈ,
ਪਰ ਇਹ ਮੰਗ ਤੇਰੀ ਤਦੋਂ ਹੀ ਰਵਾ ਹੈ,
ਕਿ ਪਹਿਲੇ ਹਰੀ ਚੰਦ ਬਣ ਕੇ ਵਿਖਾਵੇਂ,
ਤੇ ਨਾਰੀ-ਬਰਤ ਰਾਮ ਵਰਗਾ ਨਿਭਾਵੇਂ।੧੯।
ਜਿਥੇ ਮਰਦ ਤੀਵੀਂ ਦੀ ਮੀਜਾ[1] ਰਲੀ ਹੈ,
ਉਹੋ ਘਰ ਸੁਅਰਗਾ-ਪੁਰੀ ਬਣ ਰਹੀ ਹੈ,
ਉਸੇ ਥਾਂ ਤੇ ਬਰਕਤ ਤੇ ਸੁਖ ਸ਼ਾਨਤੀ ਹੈ,
ਉਹੋ ਜੋੜੀ ਦੁਨੀਆ ਤੇ ਭਾਗਾਂ ਭਰੀ ਹੈ?
ਜੇ ਤੀਵੀਂ ਦੀ ਆਂਦਰ ਦੇ ਵਿਚ ਧੁਖਧੁਖੀ ਹੈ,
ਨਾ ਨਾਰੀ ਸੁਖੀ ਹੈ ਨਾ ਭਰਤਾ ਸੁਖੀ ਹੈ।੨੦।
ਤੂੰ ਮਾਲੀ ਚਮਨ ਦਾ, ਓ ਮਾਲਣ ਹੈ ਤੇਰੀ,
ਤੂੰ ਮੋਹਨ ਉਦ੍ਹਾ ਉਹ ਗਵਾਲਣ ਹੈ ਤੇਰੀ,
ਓ ਹਰ ਹਾਲ ਦੀ ਭਾਈਵਾਲਣ ਹੈ ਤੇਰੀ,
ਤੂੰ ਉਸਦਾ ਰਿਣੀ, ਉਹ ਸਵਾਲਣ ਹੈ ਤੇਰੀ,
ਜੇ ਮਿਲ ਕੇ ਰਹੋਗੇ ਤਾਂ ਵਸਦੇ ਰਹੋਗੇ,
ਤੇ ਦੁਖ ਸੁਖ ਦੇ ਵੇਲੇ ਭੀ ਹਸਦੇ ਰਹੋਗੇ।੨੧।
ਸਲਾਹ ਜੇਹੜੀ ਚਾਤ੍ਰਿਕ ਨੇ ਤੈਨੂੰ ਸੁਣਾਈ,
ਏ ਰੱਬ ਦੀ ਸਦਾ[2] ਹੈ, ਅਕਾਸ਼ਾਂ ਤੋਂ ਆਈ,
ਇਹੋ ਹੈ ਸਚਾਈ, ਇਹੋ ਹੈ ਸਫਾਈ,
ਇਸੇ ਵਿਚ ਹੈ ਤੇਰੀ ਤੇ ਉਸ ਦੀ ਭਲਾਈ,
ਇਹ ਸਾਰੇ ਜਗ ਵਿਚ ਤੁਰੇਗੀ ਕਹਾਣੀ,
ਤੂੰ ਉਸ ਦਾ ਸੁਆਮੀ, ਓ ਤੇਰੀ ਸੁਆਣੀ।੨੨।

ਓ ਦੇਸ਼ ਦੇ ਪੁਜਾਰੀ

(ਗੀਤ)

1. ਓ ਹਿੰਦ ਦੇ ਜਵਾਨਾ ! ਹਿੰਦੂ ਤੇ ਮੁਸਲਮਾਨਾ !
ਹੁਸ਼ਿਆਰ ਹੋ ਕੇ ਡਟ ਜਾ, ਉਕ ਜਾਏ ਨਾ ਨਿਸ਼ਾਨਾ।
ਓ ਦੇਸ਼ ਦੇ ਪੁਜਾਰੀ !

1. ਸੁਭਾਉ, ਤਬੀਅਤ। 2. ਆਵਾਜ਼।

2. ਮਾਤਾ ਤੇਰੀ ਦੇ ਗਲ ਦੇ ਸੰਗਲ ਏ ਮੋਟੇ ਮੋਟੇ,
ਜੰਗਾਲ ਖਾ ਚੁਕੇ ਨੇਂ, ਕਰ ਸੁਟ ਏ ਟੋਟੇ ਟੋਟੇ।
ਲਾ ਜ਼ੋਰ ਦਾ ਇਕ ਝਟਕਾ, ਮੁਸ਼ਕਿਲ ਮੁਕਾ ਦੇ ਸਾਰੀ,
ਓ ਦੇਸ਼ ਦੇ ਪੁਜਾਰੀ !

3. ਤੇਰੀ ਘਾਲ ਹੋਈ ਪੂਰੀ, ਜੇਲ੍ਹਾਂ ਨਿਸ਼ੰਗ ਨਾ ਭਰ,
ਛੱਡ ਦੇ ਪਰਾਈ ਪੂਜਾ, ਤੇ ਆਪਣਿਆਂ ਤੋਂ ਨਾ ਡਰ।
ਨਫ਼ਰਤ ਤੇ ਬੇਵਿਸਾਹੀ, ਹੁਣ ਹੋ ਗਈ ਨਿਕਾਰੀ,
ਓ ਦੇਸ਼ ਦੇ ਪੁਜਾਰੀ !

4. ਆਸ਼ਾ ਤੇਰੀ ਦਾ ਸੂਰਜ, ਸਭ ਥਾਂ ਤੇ ਚੜ੍ਹ ਚੁਕਾ ਹੈ,
ਦੁਨੀਆਂ ਦੀ ਤੱਕੜੀ ਤੇ, (ਤੇਰਾ) ਤੋਲ ਵਧ ਗਿਆ ਹੈ।
ਨੀਅਤ ਹੈ ਰਾਸ ਤੇਰੀ, ਹੁਣ ਮਾਰ ਇਕ ਉਡਾਰੀ,
ਓ ਦੇਸ਼ ਦੇ ਪੁਜਾਰੀ !

5. ਅਹਿਮਕ[1] ਬਣਾਣ ਵਾਲਾ, ਬੈਠਾ ਸੀ ਜੋ ਮਦਾਰੀ,
ਕਰਤਬ ਦਿਖਾ ਦਿਖਾ ਕੇ, ਚੁਕ ਲੈ ਗਿਆ ਪਟਾਰੀ।
ਜਾਦੂ ਉਤਰ ਗਿਆ ਹੈ, ਮੁਕ ਗਈ ਦੁਕਾਨਦਾਰੀ,
ਓ ਦੇਸ਼ ਦੇ ਪੁਜਾਰੀ!

6. ਤਕ ਨਾ ਪਰਾਏ ਮੂੰਹ ਵਲ ਤਕਦੀਰ ਆਪ ਘੜ ਲੈ,
ਤੇਰੇ ਅੰਦਰੇ ਹੈ ਸਭ ਕੁਝ, ਹਿੰਮਤ ਦੀ ਬਾਂਹ ਫੜ ਲੈ।
ਖੀਸੇ ਫਰੋਲ ਆਪਣੇ, ਦੌਲਤ ਨਾ ਲੈ ਉਧਾਰੀ,
ਓ ਦੇਸ਼ ਦੇ ਪੁਜਾਰੀ!

ਜੰਗਲ ਦਾ ਫੁੱਲ

ਖੁਦੀ ਨਸ਼ੇ ਵਿਚ ਮਸਤ ਮੁਸਾਫਿਰ !
ਐਧਰ ਨਿਗਾਹ ਉਠਾਈ ਜਾ,
ਜੰਗਲ ਦੇ ਇਕ ਫੁੱਲ ਨਿਮਾਣੇ, ਵਲ ਭੀ ਝਾਤੀ ਪਾਈ ਜਾ।
ਝਾਕ ਰਿਹਾ ਹਾਂ ਕੱਲਮਕੱਲਾ, ਦੇਂਦਾ ਕੋਈ ਦਿਲਾਸਾ ਨਹੀਂ।
ਸੀਨੇ ਵਿਚ ਅਰਮਾਨ ਰੜਕਦੇ, ਕੋਈ ਪਰਤਦਾ ਪਾਸਾ ਨਹੀਂ।
ਛੁੱਟੜ ਤੀਵੀਂ ਵਾਂਗਰ, ਮੇਰੇ ਜੀ ਦੀਆਂ ਜੀ ਵਿਚ ਪਈਆਂ ਨੇ,
ਸੱਧਰਾਂ ਦੇ ਦਰਯਾ ਦੀਆਂ ਲਹਿਰਾਂ, ਉਭਰ ਕੇ ਲਹਿ ਗਈਆਂ ਨੇ।
ਰੀਝ ਨਹੀਂ ਹੁਣ ਮਹਿਬੂਬਾਂ ਦੀ ਲਿਟ ਵਿਚ ਟਾਂਕੇ ਜਾਉਣ ਦੀ
ਨਾ ਆਸ਼ਿਕ ਦਾ ਢੋਆ[2] ਬਣ ਕੇ, ਦਿਲਬਰ ਨੂੰ ਪਰਚਾਉਣ ਦੀ।
ਚਾਹ ਨਹੀਂ, ਮੈਖਾਨੇ ਅੰਦਰ, ਸਾਕੀ ਦਾ ਸ਼ਿੰਗਾਰ ਬਣਾਂ,

1. ਮੂਰਖ। 2. ਭੇਟਾ।

ਸੱਜ ਵਿਆਹੀ ਜਾਂਦੀ ਜੋੜੀ ਦੇ ਸੀਨੇ ਦਾ ਹਾਰ ਬਣਾਂ।
ਨਾ ਹੈ ਰੀਝ ਬਜ਼ੁਰਗ ਕਿਸੇ ਦੀ ਧੌਣ ਦੁਆਲੇ ਪਾਇਆ ਜਾਂ,
ਨਾ ਹੈ ਚਾਉ ਕਿ ਮੰਦਰ ਦੇ ਵਿਚ ਸ਼ਰਧਾ ਨਾਲ ਚੜ੍ਹਾਇਆ ਜਾਂ।
ਸੱਧਰ ਹੈ ਹੁਣ ਇਕੋ ਬਾਕੀ, ਜੇ ਤੂੰ ਤੋੜ ਚੜ੍ਹਾ ਦੇਵੇਂ,
ਪੈਰਾਂ ਦੇ ਵਿਚ ਰੁਲਣ ਲਈ, ਉਸ ਰਾਹ ਦੇ ਵਿਚ ਵਿਛਾ ਦੇਵੇਂ,
ਲੋਕ ਪਿਆਰੇ ਯੁਵਕ[1] ਜਿਥੋਂ ਦੀ ਲੰਘਣ ਜਾਨ ਘੁਮਾਣ ਲਈ,
ਸਿਰ ਤਲੀਆਂ ਤੇ ਧਰੀ ਖਲੋਤੇ,
ਡਿਗਿਆਂ ਤਾਈਂ ਉਠਾਣ ਲਈ।

ਮੇਰਾ ਹਿੰਦੁਸਤਾਨ

ਕੁਦਰਤ ਦੇ ਜਲਵਿਆਂ ਨੂੰ ਭਰਮਾ ਕੇ ਜਿਨ ਬਹਾਇਆ,
ਸੁਹਜਾਂ[2] ਸਜਾਉਟਾਂ ਨੇ, ਜਿਸ ਥਾਂ ਨੂੰ ਘਰ ਬਣਾਇਆ।
ਚਾਨਣ ਜਿਦ੍ਹੇ ਹਟਾਇਆ, ਅਗਿਆਨ ਦਾ ਹਨੇਰਾ,
ਅੰਗੂਰ ਸੱਭਤਾ ਦਾ, ਜਿਸ ਧਰਤ ਨੇ ਉਗਾਇਆ।
ਸ਼ਰਧਾ ਦੇ ਫੁੱਲ ਖੇੜੇ, ਭਗਤੀ ਨੂੰ ਭਾਗ ਲਾਏ,
ਈਸ਼ਰ ਤੇ ਜੀਵ ਵਿਚਲਾ, ਪਰਦਾ ਜਿਨ੍ਹੇ ਹਟਾਇਆ।
ਜਿਨ ਪ੍ਰੇਮ ਦੇ ਪੁਹਾਰ[3] ਵਿਚ ਮਾਰਿਆ ਉਛਾਲਾ,
ਏਕੇ ਅਤੇ ਅਹਿੰਸਾ ਦਾ ਪਾਠ ਜਿਨ ਪੜ੍ਹਾਇਆ।
ਉਹ ਨੇਕੀਆਂ ਦਾ ਚਸ਼ਮਾ,
ਉਹ ਬਰਕਤਾਂ ਦਾ ਡੇਰਾ,
ਉਹ ਧਰਮ ਦਾ ਬਗੀਚਾ,
ਹਿੰਦੁਸਤਾਨ ਮੇਰਾ।
ਜਿਸ ਥਾਂ ਤੇ ਮੁੱਲ-ਜਨਿਤਾ[4] ਦੀ ਨੀਂਹ ਗਈ ਟਿਕਾਈ,
ਅਜ਼ਲੀ[5] ਧਰਮ ਦੀ ਜਿਸ ਥਾਂ, ਕੀਤੀ ਗਈ ਬਿਆਈ।
ਰਿਸ਼ੀਆਂ ਦੇ ਸੀਨਿਆਂ ਵਿਚ, ਰੱਬੀ ਜਲਾਲ ਲਹਿ ਕੇ,
ਜਿਸ ਥਾਂ ਤੋਂ ਪਹੁ ਫੁਟਾਈ ਦੁਨੀਆ ਨੂੰ ਲੋ ਪੁਚਾਈ।
ਜਿਸ ਮੰਦਰੋਂ ਸੁਰੀਲੇ, ਵਹਦਤ[6] ਦੇ ਰਾਗ ਗੂੰਜੇ,
ਅਸਮਤ[7] ਦੇ ਧੌਲਰਾਂ ਦੀ ਕੀਤੀ ਜਿਨ੍ਹੇ ਚਿਣਾਈ।
ਸਭ ਪ੍ਰਾਣੀਆਂ ਨੂੰ ਜਿਸ ਨੇ, ਇਕ ਤਾਰ ਵਿਚ ਪਰੋਤਾ,
ਸਬਜ਼ੇ ਦੀ ਤਰਬ ਛੇੜੀ, ਫੁੱਲਾਂ ਦੀ ਸੁਰ ਸੁਣਾਈ।
ਵੇਦਕ ਫਿਲਾਸਫੀ ਨੇ,

1. ਜਵਾਨ। 2. ਸੁੰਦਰਤਾ। 3. ਫੁਹਾਰ। 4. ਮੁੱਢਲੀ ਮਨੁੱਖ ਜਾਤਿ। 5. ਆਰੰਭਕ ਧਰਮ।
6. ਇਕਮਿਕਤਾ, ਅਦਵੈਤਵਾਦ। 7. ਪਵਿੱਤ੍ਰਤਾ।

ਜਿਸ ਥਾਂ ਲਿਆ ਬਸੇਰਾ,
ਉਹ ਸਭਿਅਤਾ ਦਾ ਆਗੂ,
ਹਿੰਦੁਸਤਾਨ ਮੇਰਾ।
ਜਿਸ ਨਭ[1] ਦੇ ਚਾਨਣਾਂ ਨੇ, ਤਾਰੇ ਨਵੇਂ ਚੜ੍ਹਾਏ,
ਕਰਮਾਂ ਦੇ ਮਰਮ[2] ਦੱਸੇ, ਮੁਕਤੀ ਦੇ ਰਾਹ ਸੁਝਾਏ।
ਜੋਤਸ਼ ਦੀ ਚਾਲ ਦੇਖੀ, ਹਿਕਮਤ[3] ਦੀ ਨਾੜ ਟੋਹੀ,
ਆਵਾਗਵਨ ਨੂੰ ਫੜਿਆ, ਵਰਣਾਸ਼ਰਮ[4] ਟਿਕਾਏ।
ਲਾ ਲਾ ਸਮਾਧ ਡਿੱਠਾ, ਕੁਦਰਤ ਦਾ ਕਾਰਖਾਨਾ,
ਮੂੰਹ ਮੌਤ ਦਾ ਭੁਆਇਆ, ਜੀਵਨ ਦੇ ਭੇਦ ਪਾਏ।
ਜਿਨ ਤਿਆਗ ਵਿਚ ਲਭਾਏ, ਸੰਤੋਖ ਦੇ ਖਜ਼ਾਨੇ,
ਕੁਰਬਾਨੀਆਂ ਕਰਾਈਆਂ, ਉਪਕਾਰ ਜਿਨ ਸਿਖਾਏ।
ਆਚਰਨ ਜਿਸ ਦਾ ਸੁੱਚਾ,
ਆਸ਼ਾ ਜਿਦ੍ਹਾ ਉਚੇਰਾ,
ਉਹ ਚਾਨਣਾ ਮੁਨਾਰਾ,
ਹਿੰਦੁਸਤਾਨ ਮੇਰਾ।
ਜਿਨ ਭਗਤ ਕੀਤੇ ਪੈਦਾ, ਅਵਤਾਰ ਜਿਨ ਉਤਾਰੇ,
ਜਿਸ ਥਾਂ ਰਿਸ਼ੀ ਉਪਾਏ, ਦੁਰਗਾ ਨੇ ਦੈਂਤ ਮਾਰੇ।
ਸਤੀਆਂ ਨੇ ਸਤ ਨਿਬਾਹੇ, ਦੇਵਾਂ ਨੇ ਖੂਨ ਸਿੰਜੇ,
ਸੰਤਾਂ ਨੇ ਘਾਲ ਘਾਲੀ, ਬੀਰਾਂ ਨੇ ਪ੍ਰਾਣ ਵਾਰੇ।
ਸਤਿਆਗ੍ਰਹੀ, ਅਹਿੰਸਕ, ਦਾਨੀ ਤੇ ਸੱਤਵਾਦੀ,
ਧਰਮੀ, ਤਪੀ, ਤਿਆਗੀ, ਅਣਖੀ, ਅਸੀਲ ਭਾਰੇ।
ਇਸ ਆਨ ਸ਼ਾਨ ਵਾਲੇ, ਦੁਨੀਆ ਜਗਾਣ ਵਾਲੇ,
ਏਹ ਬੁਰਜ ਰੋਸ਼ਨੀ ਦੇ ਜਿਸ ਧਰਤ ਨੇ ਉਸਾਰੇ।
ਉਹ ਭਾਰਤਾ ਭਵਾਨੀ,
ਇਕਬਾਲ ਦੀ ਅਟਾਰੀ,
ਠੰਢੀ ਠਰੀ ਸੁਹਾਨੀ,
ਮੇਰੀ ਹੈ ਮਾਤ ਪਿਆਰੀ।
ਨਿਰਮਲ ਭਗੀਰਥੀ[5] ਦੇ, ਪਾਵਨ ਤਿਲਕ ਸੁਹਾਈ !
ਅਰਸ਼ੇ ਚੜ੍ਹੇ ਹਿਮਾਲਾ ਦੇ ਮੁਕਟ ਨੇ ਸਜਾਈ !
ਨਦੀਆਂ ਦੇ ਨੀਰ ਠਾਰੀ ! ਹਰਿਆਉਲਾਂ ਸ਼ਿੰਗਾਰੀ !
ਚੰਦਨ-ਬਨਾਂ ਦੀ ਸੀਤਲ, ਮਹਿਕਾਰ ਵਿਚ ਵਸਾਈ !

---

1. ਆਕਾਸ਼। 2. ਭੇਤ। 3. ਡਾਕਟਰੀ, ਵੈਦਗੀ, ਹਕੀਮੀ। 4. ਮਨੁਖ ਜਾਤੀ ਦੇ ਚਾਰ ਹਿੱਸੇ, ਬ੍ਰਾਹਮਣ, ਖੜ੍ਹੀ, ਵੈਸ਼, ਸ਼ੂਦ੍ਰ।
5. ਦਰਿਆ ਗੰਗਾ, ਜਿਸਨੂੰ ਰਾਜਾ ਭਗੀਰਥ ਸਵਰਗਾਂ ਵਿਚੋਂ ਲਿਆਇਆ ਮੰਨਿਆ ਜਾਂਦਾ ਹੈ।

ਫਸਲਾਂ ਦੇ ਨਾਲ ਫੱਬੀ ! ਫੁੱਲਾਂ ਫਲਾਂ ਦੀ ਲੱਦੀ !
ਲੈ ਸਰਦ ਚਾਨਣੀ ਦੀ, ਚੰਬੇ ਤਰ੍ਹਾਂ ਖਿੜਾਈ !
ਹਸਮੁਖ, ਰਸਾਲ, ਸੁੰਦਰ, ਸੀਤਲ, ਤਿਜੱਸ[1] ਨਿਰਮਲ,
ਮਿਠ ਬੋਲਣੀ, ਮਨੋਹਰ, ਹਰ ਮਨ ਦੇ ਵਿਚ ਸਮਾਈ !
ਵਰਦਾਨ ਕਰਨ ਵਾਲੀ !
ਸੁਖ ਸ਼ਾਨਤੀ ਦੀ ਢੇਰੀ !
ਹੇ ਬਿਰਦਪਾਲ[2] ਭਾਰਤ !
ਪਰਣਾਮ ਤੈਨੂੰ ਮੇਰੀ।

ਦੇਸ਼ ਦੀ ਸ਼ਾਨ ਬਣਾ ਨੀਂ ਕੁੜੀਏ

(ਗੀਤ ਪਹਾੜੀ)

ਨੀਂ ਨਵੀਏਂ ਕੁੜੀਏ ਮੁਟਿਆਰੇ !
ਗਿਆ ਹਨੇਰਾ, ਡੁਬ ਗਏ ਤਾਰੇ,
ਸੂਰਜ ਨਵਾਂ ਅਵਾਜ਼ਾਂ ਮਾਰੇ,
ਉਠ ਕੇ ਬਿਗਲ ਵਜਾ ਨੀਂ ਕੁੜੀਏ,
ਦੇਸ਼ ਦੀ ਸ਼ਾਨ ਬਣਾ ਨੀਂ ਕੁੜੀਏ।

ਸੁਘੜ, ਸਲੋਨੀ, ਛੈਲ, ਨਰੋਈ,
ਹੁਸਨ ਹੁਲਾਰੇ ਖਾਂਦੀ ਹੋਈ,
ਮਾਰ ਫਰਜ਼ ਦਾ ਹੰਭਲਾ ਕੋਈ,
ਪੀਂਘ ਅਕਾਸ਼ ਚੜ੍ਹਾ ਨੀਂ ਕੁੜੀਏ,
ਦੇਸ਼ ਦੀ ਸ਼ਾਨ ਬਣਾ ਨੀ ਕੁੜੀਏ।

ਮਾਤ-ਭੂਮਿ ਕੁਝ ਸੇਵਾ ਲੋੜੇ,
ਜੋਧੇ ਨਰ ਨਾਰਾਂ ਦੇ ਜੋੜੇ,
ਪਹਿਨ ਸੰਜੋਆਂ[3] ਜੋੜ ਕੇ ਘੋੜੇ,
ਜਾਨਾਂ ਦੇਣ ਲੜਾ ਨੀਂ ਕੁੜੀਏ,
ਦੇਸ਼ ਦੀ ਸ਼ਾਨ ਬਣਾ ਨੀਂ ਕੁੜੀਏ।

ਤੂੰ ਭਰਤਾ[4] ਦੀ ਕਮਰ ਬਨ੍ਹਾ ਲੈ,
ਦੇਸ਼ ਦੀ ਬਿਗੜੀ ਬਣਤ ਬਣਾ ਲੈ,
ਸਜਰੀ ਉਲਝਣ ਨੂੰ ਸੁਲਝਾ ਲੈ,
ਰਾਮ ਰਾਜ ਵਰਤਾ ਨੀਂ ਕੁੜੀਏ,
ਦੇਸ਼ ਦੀ ਸ਼ਾਨ ਬਣਾ ਨੀਂ ਕੁੜੀਏ।

---

1. ਤੇਜ ਵਾਲਾ। 2. ਆਪਣਾ ਧਰਮ ਪਾਲਣ ਵਾਲਾ।
3. ਜਿਰਾਹ ਬਖਤਰ, ਲੋਹੇ ਦੇ ਬਸਤਰ ਜੋ ਲੜਾਈ ਸਮੇਂ ਜੋਧੇ ਪਹਿਨਦੇ ਸਨ। 4. ਪਤੀ।

ਬੀਰ ਰਸ

(ਗਜ਼ਲ)

ਓ ਭਾਰਤੀ ਜਵਾਨਾ ! ਜੋਧੇ ਤੇ ਬੁੱਧੀਵਾਨਾ !
ਹੁਸ਼ਿਆਰ ਹੋ ਕੇ ਡਟ ਜਾ, ਉੱਕ ਜਾਏ ਨਾ ਨਿਸ਼ਾਨਾ।
ਬੇਅੰਤ ਮੁਸ਼ਕਿਲਾਂ ਦੀ, ਕਾਲੀ ਘਟਾ ਹੈ ਛਾਈ,
ਬਿਜਲੀ ਨਾ ਸਾੜ ਜਾਏ, ਇਹ ਤੇਰਾ ਆਸ਼ੀਆਨਾ[1]।
ਹਮਸਾਇਆ ਇਕ ਪੁਰਾਣਾ, ਬੈਠਾ ਸੀ ਬਣ ਕੇ ਆਪਣਾ,
ਪੜ੍ਹ ਕੇ ਪਰਾਈ ਪੱਟੀ, ਅਜ ਹੋ ਗਿਆ ਬਿਗਾਨਾ।
ਬਘਿਆੜ ਹੈ ਤਾਂ ਕੀ ਹੈ ? ਤੂੰ ਸ਼ੇਰ ਬਣ ਕੇ ਢਾ ਲੈ,
ਭੁੱਲ ਜਾਈਂ ਨਾ ਪੁਰਾਣਾ, ਇਸ ਦੇਸ਼ ਦਾ ਫਸਾਨਾ[2]।
ਉਹ ਸ਼ਾਨ ਰਾਜਪੂਤੀ, ਉਹ ਮਰਹਟੇ ਬਹਾਦਰ,
ਦਲ ਸ਼ੇਰ ਖਾਲਸੇ ਦਾ, ਬਲਕਾਰ[3] ਦਾ ਖਜ਼ਾਨਾ।
ਇਤਫਾਕ ਵਿਚ ਹੈ ਬਰਕਤ, ਸਿਰ ਜੋੜ ਕੇ ਡਟ ਜਾਓ,
ਮੈਦਾਨ ਵਧ ਕੇ ਮਾਰੋ, ਛੋਹ ਦੇਸ਼ ਦਾ ਤਰਾਨਾ।
ਇਕ ਵਕਤ ਸੀ ਕਿ ਭਾਰਤ ਵਿਚ ਰਾਜ ਸੀ ਪ੍ਰਜਾ ਦਾ,
ਯੁਗ ਰਾਮ ਕ੍ਰਿਸ਼ਨ ਵਾਲਾ, ਇਕਬਾਲ ਸੀ ਸ਼ਹਾਨਾ।
ਗਲਬਾ ਸਚਾਈ ਦਾ ਸੀ, ਰਿਸ਼ੀਆਂ ਦੀ ਗੱਲ ਸੀ ਚਲਦੀ,
ਇਨਸਾਫ ਦੇ ਸਹਾਰੇ, ਚਲਦਾ ਸੀ ਕਾਰਖਾਨਾ।
ਦੁਸ਼ਮਨ ਦਾ ਦਿਲ ਹੈ ਕਾਲਾ, ਉਲਟਾ ਹੈ ਉਸ ਦਾ ਚਾਲਾ,
ਜਿਤ ਜਾਇਗੀ ਸਚਾਈ, ਢਾ ਕੂੜ ਦਾ ਬਹਾਨਾ।
ਹੋ ਸਾਵਧਾਨ ਖੜ੍ਹ ਜਾ, ਤਕਦੀਰ ਆਪ ਘੜ ਲੈ,
ਸ਼ਕਤੀ ਯੁਗ ਹੈ ਚਾਤ੍ਰਿਕ, ਤਾਕਤ ਦਾ ਹੈ ਜ਼ਮਾਨਾ।

ਦੇਸ਼ ਪੰਜਾਬ

1. ਹਰੇ ਭਰੇ ਹੇ ਦੇਸ਼ ਪੰਜਾਬ ਮੇਰੇ,
ਸਾਰੇ ਦੇਸ਼ਾਂ ਦੇ ਸਿਰ ਦਾ ਸਰਦਾਰ ਹੈਂ ਤੂੰ,
ਮੁਕਟ ਸਿਹਰਿਆਂ ਲੱਦਿਆਂ ਪਰਬਤਾਂ ਦਾ,
ਲਾੜਾ ਰੱਬ ਨੇ ਦਿੱਤਾ ਸ਼ਿੰਗਾਰ ਹੈਂ ਤੂੰ,
ਪੰਜਾਂ ਨੈਆਂ ਦੀ ਸਾਈਂ ਨੇ ਲਹਿਰ ਲਾਈ,
ਨਹਿਰਾਂ ਨਾਲ ਬਣ ਰਿਹਾ ਗੁਲਜ਼ਾਰ[4] ਹੈਂ ਤੂੰ,

1. ਆਲ੍ਹਣਾ। 2. ਇਤਿਹਾਸ, ਕਹਾਣੀ। 3. ਬਹਾਦਰੀ। 4. ਫੁਲਵਾੜੀ।

ਭਾਰਤ-ਵਰਸ਼ ਦੇ ਸੀਸ ਤੇ ਛਤ੍ਰ ਛਾਇਓ,
ਅੰਨਾ ਧਨਾਂ ਦਾ ਭਰਿਆ ਭੰਡਾਰ ਹੈਂ ਤੂੰ।

2. ਹਰੀ ਹਰੀ ਪੱਧਰ ਫਸਲਾਂ ਭਰੀ ਤੇਰੀ,
ਠੰਢੀ ਠਰੀ ਪਹਾੜਾਂ ਦੀ ਧਾਰ ਤੇਰੀ,
ਮਾਝੇ ਮਾਲਵੇ, ਦੜਪ[1] ਬਹਾਰ ਬੱਧੀ,
ਖਾਣ ਸੋਨੇ ਦੀ ਹੋ ਗਈ ਬਾਰ ਤੇਰੀ,
ਕੰਢੀ ਬੇਟ[2], ਡੂੱਗਰ[3], ਮੈਨਦੁਾਬ[4] ਲੰਮਾ,
ਲਹਿ ਲਹਿ ਕਰੇ ਧੰਨੀ[5] ਪੋਠੋਹਾਰ ਤੇਰੀ,
ਤੇਰੇ ਹਲਾਂ ਪੰਜਾਲੀਆਂ ਰੰਗ ਲਾਇਆ,
ਚਾਰ ਕੂਟ ਖਾਵੇ ਪੈਦਾਵਾਰ ਤੇਰੀ।

3. ਮਾਈ ਬਾਪ ਤੇ ਭੁੱਖਿਆਂ ਨੰਗਿਆਂ ਦਾ,
ਵੰਨੋ-ਵੰਨ ਦੇ ਅੰਨ ਉਗਾਉਨਾ ਏਂ,
ਫੁੱਲਾਂ ਫਲਾਂ ਵੇਲਾਂ ਵੱਖਰ-ਵਾੜੀਆਂ[6] ਤੇ,
ਰਸਾਂ ਕਸਾਂ ਦੇ ਢੇਰ ਲਗਾਉਨਾ ਏਂ,
ਵੱਗ ਚਾਰ ਕੇ ਕੁੰਢੀਆਂ ਬੂਰੀਆਂ ਦੇ,
ਦੁੱਧ ਘਿਉ ਦੀ ਨਹਿਰ ਵਗਾਉਨਾ ਏਂ,
ਰਸਤਾ ਖੋਲ੍ਹ ਤੂੰ ਮੋਦੀਆ[7]! ਜੱਗ ਲਾਇਆ,
ਸਾਰੇ ਜੱਗ ਦੀ ਅੱਗ ਬੁਝਾਉਨਾ ਏਂ।

4. ਤੇਰੀ ਦਿੱਲੀ[8] ਨੇ ਦਿਲ ਦੀ ਮਰੋੜ ਕਿੱਲੀ,
ਤੇ ਕਲਕੱਤਿਓਂ ਤਖਤ ਪਲਟਾ ਦਿੱਤਾ,
ਝਾਕੀ ਸ਼ਿਮਲੇ ਦੀ ਸੁਰਗ ਦੀ ਖੋਲ੍ਹ ਤਾਕੀ,
ਇੰਦਰਪੁਰੀ ਨੂੰ ਭੀ ਵੱਟਾ ਲਾ ਦਿੱਤਾ,
ਮਰੀ,[9] ਭਾਗਸੂ,[10] ਭਾਗ ਕਸ਼ਮੀਰ ਲਾਇਆ,
ਤੇ ਲਾਹੌਰ ਦਾ ਹੁਲੀਆ ਵਟਾ ਦਿੱਤਾ,
ਭੌਣ ਪਰਸਦੇ ਤੇਰੇ ਦਰਬਾਰ ਅੱਗੇ,
ਅੰਮ੍ਰਿਤਸਰ ਨੇ ਬੈਕੁੰਠ[11] ਭਰਮਾ ਦਿੱਤਾ।

5. ਤੇਰੇ ਜੋਬਨ ਤੇ ਹੁਸਨ ਦੀ ਰੀਸ ਹੈ ਨਹੀਂ,
ਬਰਸੇ ਨੂਰ ਤੇ ਭਖਦੀਆਂ ਲਾਲੀਆਂ ਨੇਂ,
ਸਿੰਘ ਸੂਰਮੇ, ਡੋਗਰੇ ਕੁੰਢ ਮੁੱਛੇ,
ਪੋਠੋਹਾਰ ਦੀਆਂ ਪੱਟੀਆਂ ਕਾਲੀਆਂ ਨੇਂ,

---

1. ਰਾਵੀ ਤੇ ਚਨਾਬ ਦਾ ਵਿਚਕਾਰਲਾ ਇਲਾਕਾ। 2. ਦਰਿਆ ਦੇ ਕਿਨਾਰੇ ਦਾ ਦੇਸ਼। 3. ਪਹਾੜੀ ਇਲਾਕਾ। 4. ਘੱਗਰ ਤੇ ਜਮਨਾ ਦੇ ਵਿਚਕਾਰਲਾ ਇਲਾਕਾ। 5. ਜੇਹਲਮ ਅਤੇ ਸਿੰਧ ਦਾ ਵਿਚਕਾਰਲਾ ਇਲਾਕਾ। 6. ਖੇਤੀਆਂ। 7. ਭੰਡਾਰੀਆਂ। 8. ਪਹਿਲਾਂ ਦਿੱਲੀ ਵੀ ਪੰਜਾਬ ਦੀ ਹੱਦ ਵਿਚ ਸੀ। 9. ਰਾਵਲ ਪਿੰਡੀ ਜ਼ਿਲੇ ਦਾ ਇਕ ਪਹਾੜੀ ਸਥਾਨ। 10. ਪਹਾੜੀ ਸਥਾਨ ਧਰਮਸ਼ਾਲਾ ਦੇ ਨੇੜੇ ਇਕ ਚਸ਼ਮਾ ਤੇ ਮੰਦਰ। 11. ਸਵਰਗ।

ਛੈਲ ਗੱਭਰੂ ਬਾਂਕੇ ਜੁਆਨ ਸੁਹਣੇ,
ਹਿੱਕਾਂ ਚੌੜੀਆਂ ਅੱਖਾਂ ਮਤਵਾਲੀਆਂ[1] ਨੇਂ,
ਦਰਸ਼ਨ ਕੀਤਿਆਂ ਜਿਨ੍ਹਾਂ ਦੇ ਭੁੱਖ ਲੱਥੇ,
ਕਹੀਆਂ ਸੂਰਤਾਂ ਸੱਚੇ ਵਿਚ ਢਾਲੀਆਂ ਨੇਂ।

6. ਜਿਹੜੇ ਦੇਸ਼ ਦਿਸੌਰ ਵਿਚ ਜਾ ਨਿਕਲੇ,
ਝੰਡੇ ਗੱਡੇ ਨੇ ਤੇਰੇ ਦੁਲਾਰਿਆਂ ਦੇ,
ਥੋੜ੍ਹਾ ਖਾਂਦੇ ਤੇ ਬਹੁਤੀ ਕਮਾਈ ਕਰਦੇ,
ਜਾ ਜਾ ਪਾਰ ਸਮੁੰਦਰਾਂ ਖਾਰਿਆਂ ਦੇ,
ਧੁੰਮ ਪਈ ਹੈ ਤੇਰੀ ਬਹਾਦਰੀ ਦੀ,
ਕੰਬਣ ਕਾਲਜੇ ਵੈਰੀਆਂ ਸਾਰਿਆਂ ਦੇ,
ਬਰਮਾ ਚੀਨ ਅਫਰੀਕਾ ਫਰਾਂਸ ਅੰਦਰ,
ਤਕਮੇ ਮਿਲੇ ਤੈਨੂੰ ਜੰਗਾਂ ਭਾਰਿਆਂ ਦੇ।

7. ਤੇਰੀ ਹੱਡ-ਬੀਤੀ ਕੀਤੀ ਮਾਤ ਮਹਿਫਲ,
ਮੱਤਾ ਸਿੱਖੀਆਂ ਤੈਥੋਂ ਸੰਸਾਰ ਸਾਰੇ,
ਪਹਿਲਾ ਬਾਬ[2] ਕਿਤਾਬ ਦਾ ਧਰਤ ਤੇਰੀ,
ਖੇਡੇ ਤੇਰੇ ਵਿਚ ਰਿਸ਼ੀ ਅਵਤਾਰ ਸਾਰੇ,
ਇਹ ਸ਼ਿਕਾਰਗਾਹ ਭੀਲਾਂ[3] ਲੁਟੇਰਿਆਂ ਦੀ,
ਵਣਾਂ ਕੰਡਿਆਂ ਦੀ ਭਰੀ ਬਾਰ ਸਾਰੇ,
ਕੀਕੁਰ ਵੱਟ ਕੇ ਆਰੀਆ-ਵਰਤ[4] ਬਣ ਗਈ,
ਤੇਰੀ ਰਾਹੀਂ ਏਹ ਹੋਏ ਵਿਹਾਰ ਸਾਰੇ।

8. ਰਿਸ਼ੀਆਂ ਮੁਨੀਆਂ ਦੇ ਤਪਾਂ ਦਾ ਤੇਜ ਤੁਧ ਵਿਚ,
ਵਾਰਾਂ ਤੇਰੀਆਂ ਜੱਗ ਵਿਚ ਚੱਲੀਆਂ ਨੇਂ,
ਪੂਰਨ ਜਤੀ, ਪ੍ਰਹਿਲਾਦ ਜਿਹੇ ਭਗਤ ਹੋਏ,
ਸੀਤਾ ਸਤੀ ਤੇਰੀਆਂ ਜੂਹਾਂ ਮੱਲੀਆਂ ਨੇਂ,
ਲਊ ਕੁਸ਼ੂ ਨੇ ਜੱਗ ਦਾ ਬੰਨ੍ਹ ਘੋੜਾ,
ਫੌਜਾਂ ਰਾਮ ਦੀਆਂ ਪਿਛ੍ਹਾਂ ਨੂੰ ਘੱਲੀਆਂ ਨੇਂ,
ਕੈਰੋਂ ਪਾਂਡਵਾਂ ਛੇੜਿਆ ਮਹਾਂਭਾਰਤ[5],
ਠਾਰਾਂ ਖੂਹਣੀਆਂ[6] ਖਾਕ ਵਿਚ ਰੱਲੀਆਂ ਨੇਂ।

9. ਲਹੂਆਂ ਭਰੀ ਤਰਥੱਲਾਂ[7] ਦੀ ਵਾਰ ਤੇਰੀ,
ਵੱਗੇ ਕਈ ਅਨ੍ਹੇਰ ਤੂਫਾਨ ਏਥੇ,
ਲੁੱਟਾਂ ਧਾਵਿਆਂ ਭਾਜੜਾਂ ਮੱਤ ਮਾਰੀ,

---

1. ਮਸਤ। 2. ਕਾਂਡ। 3. ਭਾਰਤ ਦੇ ਆਦਿ ਵਾਸੀ। 4. ਆਰੀਆਂ ਦੀ ਧਰਤੀ। 5. ਮਹਾਂਭਾਰਤ ਯੁੱਧ।
6. ਖ਼ਾਸ ਗਿਣਤੀ ਦੀ ਫੌਜ ਜਿਸ ਵਿਚ 21870 ਰਥ, 21870 ਹਾਥੀ, 35610 ਘੋੜੇ, 109350 ਪਿਆਦੇ ਹੁੰਦੇ ਸਨ।
7. ਤਬਾਹੀ, ਭੜਥੂ।

ਘੱਲੂਘਾਰੇ[1] ਦੇ ਪਏ ਘਸਮਾਨ ਏਥੇ,
ਜਾਗੇ ਦੇਸ਼ ਨੂੰ ਕਈ ਜਗਾਣ ਵਾਲੇ,
ਸੁੱਤੇ ਸੌਂ ਗਏ ਕਈ ਸੁਲਤਾਨ ਏਥੇ,
ਸਿਰ ਨੂੰ ਤਲੀ ਧਰ ਕੇ ਖੰਡਾ ਵਾਹਣ ਵਾਲੇ,
ਹੀਰੇ ਹੋ ਗਏ ਕਈ ਕੁਰਬਾਨ ਏਥੇ।

10. ਜੰਮਣ ਭੋਂ ਅਵਤਾਰਾਂ ਤੇ ਆਰਿਫਾਂ[2] ਦੀ,
ਹਠੀਆਂ ਤਪੀਆਂ ਤੇ ਰੂਹਾਂ ਮਸਤਾਨੀਆਂ ਦੀ,
ਸੂਰਬੀਰਾਂ, ਕਵੀਸ਼ਰਾਂ, ਪੰਡਿਤਾਂ ਦੀ,
ਭਗਤਾਂ, ਧਰਮੀਆਂ, ਬ੍ਰਹਮ-ਗਿਆਨੀਆਂ ਦੀ,
ਤੂੰ ਦਰਗਾਹ ਹੈਂ ਆਸ਼ਕਾਂ ਸਾਦਕਾਂ[3] ਦੀ,
ਤੂੰ ਸਮਾਧ ਸਰਬੰਸ ਦੇ ਦਾਨੀਆਂ ਦੀ,
ਤੇਰੀ ਮਿੱਟੀ ਵਿਚ ਮਹਿਕ ਸ਼ਹੀਦੀਆਂ ਦੀ,
ਤੇਰੀਆਂ ਤਰਬਾਂ ਵਿਚ ਗੂੰਜ ਕੁਰਬਾਨੀਆਂ ਦੀ।

11. ਕੋਟ ਅਕਲ[4] ਦਾ, ਤੇਗ ਦਾ ਧਨੀ ਪੂਰਾ,
ਛੇਤਰ ਧਰਮ ਦਾ, ਭਗਤੀ ਭੰਡਾਰ ਹੈ ਤੂੰ।
ਤੂੰ ਉਸਤਾਦ ਕਾਰੀਗਰੀਆਂ ਹਿਕਮਤ[5] ਦਾ,
ਸ਼ੀਲ ਸੱਭਤਾ, ਨੀਤਿ ਦਾ ਦਵਾਰ ਹੈਂ ਤੂੰ,
ਹੀਰੇ ਲਾਲਾਂ ਦੀ ਖਾਣ ਸਾਹਿੱਤ ਤੇਰਾ,
ਕਾਵਿ ਕੋਸ਼ ਦਾ ਕੁੰਜੀ ਬਰਦਾਰ ਹੈ ਤੂੰ,
ਰਿਸ਼ਮਾਂ ਇਲਮ ਦੀਆਂ ਪਾਵੇ ਜਹਾਨ ਉੱਤੇ,
ਉਸ ਤਕਸਿਲਾ[6] ਦਾ ਦਾਵੇਦਾਰ ਹੈ ਤੂੰ।
ਰੁੱਤਾਂ ਮਿੱਠੀਆਂ, ਬਲੀ ਹੈ ਪੌਣ ਪਾਣੀ,
ਜੋਬਨ ਮੱਤੜਾ ਰੂਪ ਅਪਾਰ ਤੇਰਾ,
ਵੰਸ ਉੱਜਲਾ, ਮਿੱਠੜਾ ਬੋਲ ਤੇਰਾ,
ਬਾਂਕੀ ਚੜ੍ਹਤ ਚਿਹਰਾ ਸ਼ਾਨਦਾਰ ਤੇਰਾ,
ਸ਼ਾਹੂਕਾਰ, ਸਿਪਾਹੀ, ਕਿਰਸਾਣ, ਕਿਰਤੀ,
ਉੱਚਾ ਵਣਜ ਤੇ ਸੱਚਾ ਵਪਾਰ ਤੇਰਾ,
ਤੇਰੇ ਦਾਨੇ ਖਜ਼ਾਨੇ ਭਰਪੂਰ 'ਚਾਤ੍ਰਿਕ,'
ਪੁੰਨ ਖਾ ਰਿਹਾ ਸਾਰਾ ਸੰਸਾਰ ਤੇਰਾ।

---

1. ਸਿੱਖ ਇਤਿਹਾਸ ਦੇ ਦੋ ਵੱਡੇ ਸਾਕੇ ਜਿਨ੍ਹਾਂ ਵਿਚ ਹਜ਼ਾਰਾਂ ਸਿੱਖਾਂ ਨੇ ਸ਼ਹੀਦੀਆਂ ਪਾਈਆਂ ਸਨ। 2. ਆਤਮ-ਗਿਆਨੀ।
3. ਸਿਦਕੀ (ਰੱਬ ਨੂੰ) ਪਹੁੰਚੇ ਹੋਏ। 4. ਅਕਲ ਦਾ ਕਿਲ੍ਹਾ, ਗੜ੍ਹ। 5. ਡਾਕਟਰੀ ਸਿਆਣਪਾਂ।
6. ਟੈਕਸਿਲਾ, ਹੁਣ ਪਾਕਿਸਤਾਨ ਵਿਚ ਰਹਿ ਗਈ ਉਹ ਥਾਂ ਜਿਥੋਂ ਪੁਰਾਣੇ ਸਮੇਂ ਦੀ ਸਭਿਅਤਾ ਦੇ ਚਿੰਨ੍ਹ ਮਿਲੇ ਸਨ। ਇਹ ਕਦੇ ਬੁੱਧ ਮਤ ਦੀ ਵੱਡੀ ਯੂਨੀਵਰਸਿਟੀ ਸੀ।

ਭਾਰਤ ਮਾਤਾ

ਰੰਗਣਾਂ ਵਿਚ ਵਸਦਿਆਂ, ਸ਼ਹਿਰਾਂ ਦੇ ਉਜੜੇ ਢੇਰ ਵਿਚ,
ਇਕ ਅਬਲਾ[1] ਹੈ ਘਿਰੀ ਹੋਈ, ਦਿਨਾਂ ਦੇ ਫੇਰ ਵਿਚ।
ਤਾਉ ਖਾ ਖਾ ਚਰਖ ਦੇ, ਹਿਰਦਾ-ਕਮਲ ਕੁਮਲਾ ਗਿਆ।
ਫਿਕਰ ਵਿਚ ਘੁਲ ਘੁਲ, ਜਵਾਨੀ ਤੇ ਬੁਢੇਪਾ ਆ ਗਿਆ।
ਖੰਡਰਾਂ ਵਿਚ ਖੋਜਦੀ, ਲਾਲ ਟੁੱਟੇ ਹਾਰ ਦੇ,
ਫੁੱਲ ਰੋ ਰੋ ਚੁਣ ਰਹੀ ਹੈ ਮਰ ਮਿਟੀ ਗੁਲਜ਼ਾਰ ਦੇ।
ਸੋਨੇ ਦੀ ਲੰਕਾ ਮੇਰੀ ਵਿਚ, ਮੌਤ ਲੰਬੂ ਲਾ ਗਈ,
ਮੇਰੇ ਸ਼ੇਰਾਂ ਦਾ ਕਲੇਜਾ, ਕੋਈ ਡਾਇਣ ਖਾ ਗਈ।
ਐਥੇ ਮੇਰਾ ਰਾਮ ਲਛਮਣ, ਮੋਰਚੇ ਸੀ ਲਾ ਰਿਹਾ,
ਐਥੇ ਮੇਰਾ ਸ਼ਾਮ ਸੀ ਦੁਸ਼ਟਾਂ ਨੂੰ ਰਾਹੇ ਪਾ ਰਿਹਾ।
ਐਥੇ ਅਰਜਨ ਭੀਮ ਮੇਰਾ, ਦਿਗਵਿਜੈ[2] ਸਨ ਕਰ ਰਹੇ,
ਐਸ ਥਾਂ ਸਰਬੰਸ ਦਾਨੀ ਚੂਲੀਆਂ ਸਨ ਭਰ ਰਹੇ।
ਐਥੇ ਮੇਰੀ ਜਾਨਕੀ[3] ਸੀ, ਧਰਮ ਦੀ ਨੀਂਹ ਧਰ ਰਹੀ।
ਐਸ ਥਾਂ ਦੁਰਗਾ[4] ਸੀ ਦੈਂਤਾਂ ਦੀ ਸਫਾਈ ਕਰ ਰਹੀ।
ਐਥੋਂ ਰਿਸ਼ਮਾਂ ਪਾਉਂਦੇ ਸਨ, ਵਿਸ੍ਵ-ਵਿਦਿਆਲੇ[5] ਮਿਰੇ,
ਐਥੇ ਮੇਰੇ ਜੋਤਸ਼ੀ, ਅਕਾਸ਼ ਸਨ ਮਿਣਦੇ ਰਹੇ।
ਐਸ ਥਾਂ ਲੀਲਾਵੰਤੀ[6] ਨੇ, ਬਹਿ ਕੇ ਲੇਖੇ ਲਾਏ ਸਨ,
ਐਥੇ ਕਾਲੀਦਾਸ[7] ਨੇ ਕਵਿਤਾ ਨੂੰ ਕਾਮਨ[8] ਪਾਏ ਸਨ।
ਹਾਇ! ਮੇਰੀ ਸ਼ਾਨ ਤੇ ਸ਼ੌਕਤ ਜੜ੍ਹੋਂ ਪੱਟੀ ਗਈ,
ਚੜ੍ਹ ਕੇ ਗੁੱਡੀ ਅਰਸ਼ ਤੇ, ਇਕਬਾਲ ਦੀ ਕੱਟੀ ਗਈ।
ਹੋਏ ਜੋ ਖਾਲੀ ਸਿੰਘਾਸਣ, ਮੁੜ ਸੰਭਾਲੇ ਨਾ ਕਿਸੇ।
ਕਲਮ ਤੇ ਤਲਵਾਰ ਦੇ ਜੌਹਰ ਵਿਖਾਲੇ ਨਾ ਕਿਸੇ।
ਸਾਰੇ ਜਗ ਦਾ ਰਾਹ-ਦਿਖਲਾਊ ਮੁਨਾਰਾ ਢਹਿ ਗਿਆ,
ਕਾਗਤਾਂ ਵਿਚ ਸਹਿਕਦਾ, ਇਤਿਹਾਸ ਖਾਲੀ ਰਹਿ ਗਿਆ।
ਮੈਂ ਨਹੀਂ, ਮਸਤੀ ਨਹੀਂ, ਮਹਿਫਲ ਨਹੀਂ, ਸਾਕੀ ਨਹੀਂ,
ਬਾਗ ਬੁਲਬੁਲ, ਬਾਗਬਾਨ, ਬਹਾਰ ਕੁਝ ਬਾਕੀ ਨਹੀਂ।
ਧਰਮ, ਧੀਰਜ, ਧਾਮ[9], ਧਨ, ਧੌਂਸਾ ਨਗਾਰਾ ਰਹਿ ਗਿਆ,
ਹਿਮਤੀ ਸੰਤਾਨ ਦਾ ਇਕੋ ਸਹਾਰਾ ਰਹਿ ਗਿਆ।

---

1. ਨਿਰਦੋਸ਼ ਤੇ ਨਿਆਸਰੀ ਇਸਤਰੀ। 2. ਸਿਦਕੀ (ਰੱਬ ਨੂੰ) ਪਹੁੰਚੇ ਹੋਏ। 3. ਸੀਤਾ ਜੀ।
4. ਚੰਡੀ ਦੇਵੀ ਜੋ ਸ਼ਕਤੀ ਦਾ ਪ੍ਰਤੀਕ ਮੰਨੀ ਜਾਂਦੀ ਹੈ। 5. ਨਾਲੰਦਾ ਤੇ ਟੈਕਸਿਲਾ ਆਦਿ ਦੀਆਂ ਪੁਰਾਤਨ ਯੂਨੀਵਰਸਿਟੀਆਂ।
6. ਇਕ ਪੁਰਾਤਨ ਗਣਿਤ ਵਿਗਿਆਨੀ ਇਸਤ੍ਰੀ। 7. ਪ੍ਰਸਿੱਧ ਸੰਸਕ੍ਰਿਤ ਕਵੀ ਤੇ ਨਾਟਕਕਾਰ। 8. ਮੋਹ ਲੈਣ ਵਾਲਾ ਜਾਦੂ।
9. ਧਾਰਮਿਕ ਟਿਕਾਣੇ, ਘਰ।

ਲੱਛਮੀ[1]

(ਭਾਰਤ ਮਾਤਾ ਨੂੰ)

ਉੱਨਤੀ ਦੇ ਲੋਰ ਵਿਚ, ਮਸਤਾਨਾ ਅੱਜ ਜਹਾਨ ਹੈ,
ਜ਼ਿੰਦਗੀ ਦੀ ਦੌੜ ਹੈ, ਹਿੰਮਤ ਦਾ ਇਹ ਘਮਸਾਨ ਹੈ।
ਟਾਕਰਾ ਹੈ ਜੋਸ਼ ਦਾ, ਸਰਗਰਮੀਆਂ ਦਾ ਜੰਗ ਹੈ,
ਰਾਜ ਹੈ ਸਰਮਾਏ ਦਾ, ਮਜ਼ਦੂਰੀਆਂ ਦੀ ਮੰਗ ਹੈ।
ਜੋਸ਼ ਖਾਂਦਾ ਹੈ ਉਮੰਗਾਂ ਦਾ ਲਹੂ ਇਨਸਾਨ ਵਿਚ,
ਮਾਰਾ ਮਾਰੀ ਹੋ ਰਹੀ ਹੈ, ਇਸ ਭਖੇ ਮੈਦਾਨ ਵਿਚ।
ਮੌਤ ਤੋਂ ਡਰਦੇ ਨਹੀਂ, ਥੱਕਣ ਤੋਂ ਘਬਰਾਂਦੇ ਨਹੀਂ,
ਹਿੰਮਤਾਂ ਵਾਲੇ ਕਦੀ ਪਿੱਛੇ ਕਦਮ ਪਾਂਦੇ ਨਹੀਂ।
ਲੱਛਮੀ ਦੇਵੇ ਬਹਾਰੀ, ਮਿਹਨਤੀ ਦੇ ਦੁਆਰ ਤੇ,
ਨੱਚਦੀ ਹੈ ਕਾਮਯਾਬੀ, ਹਿੰਮਤ ਦੀ ਤਾਰ ਤੇ।
ਪੈ ਗਈ ਬਿਜਲੀ ਕੋਈ, ਖਬਰੇ ਤੇਰੀ ਸੰਤਾਨ ਤੇ,
ਹੋਸ਼ ਫਿਰਦੀ ਹੀ ਨਹੀਂ, ਸੌ ਸੌ ਹਲੂਣੇ ਖਾਣ ਤੇ।
ਤੂੰ ਜਗਾ ਜੇ ਜਾਗਦੇ ਨੀਂ ਕੋਈ ਮੰਤਰ ਮਾਰ ਕੇ,
ਇਲਮ ਦਾ ਹਥਿਆਰ ਦੇ, ਦੇ ਨੇਂ ਜ਼ਰਾ ਖਲਿਹਾਰ ਕੇ।
ਦਸਤਕਾਰੀ ਦੇ ਵਦਾਣਾਂ, ਥੀਂ ਦਲਿੱਦਰ ਤੋੜ ਲੈ,
ਮੁੱਠ ਵਿਚ ਲੈ ਕੇ ਤਜਾਰਤ, ਮਾਲ ਦੌਲਤ ਮੋੜ ਲੈ।
ਵਣਜ ਦੀ ਤਲਵਾਰ, ਜਿਹੜੀ ਕੌਮ ਦੇ ਹੱਥ ਆ ਗਈ,
ਨਹਿਰ ਦੌਲਤ ਦੀ, ਉਸੇ ਦਾ ਘਰ ਬਹਿਸ਼ਤ ਬਣਾ ਗਈ।
ਭੇਦ ਇਸ ਦਾ ਖੁਲ੍ਹ ਗਿਆ, ਜਿਸ ਦਿਨ ਤੇਰੀ ਸੰਤਾਨ ਤੇ,
ਬਰਕਤਾਂ ਦਾ ਮੀਂਹ ਤਦੋਂ, ਵੱਸੇਗਾ ਹਿੰਦੁਸਤਾਨ ਤੇ।
ਮੈਂ ਉਹੋ, ਮਾਇਆ ਉਹੋ, ਓਹੋ ਤੇਰਾ ਇਕਬਾਲ ਹੈ,
ਆਪਣੀ ਗਫਲਤ[2] ਹੈ ਕੁਝ, ਬਸ ਦੇਸ਼ ਮਾਲਾ-ਮਾਲ ਹੈ।
ਤੇਰੀ ਵਾ ਵਲ ਕੋਈ ਨਾ ਵੇਖੇ,
ਹਿੰਦੀਆ ! ਤੂੰ ਲੱਕ ਬੰਨ੍ਹ ਲੈ।

ਆਜ਼ਾਦੀ

ਬੀਤੀਆਂ ਸਦੀਆਂ ਜਿਦ੍ਹੀ, ਸੂਰਤ ਦੇ ਸੁਪਨੇ ਘੜਦਿਆਂ
ਸੁੱਖਣਾ ਸੁਖ ਸੁਖ ਜਿਦ੍ਹੇ ਬੂਹੇ ਤੇ ਹਾੜੇ ਕਰਦਿਆਂ।
ਵੇਖ ਸਾਡੀ ਬੇਕਸੀ[3], ਬੇਚਾਰਗੀ, ਬੇਹਿੰਮਤੀ,

1. ਧਨ ਦੌਲਤ ਦੀ ਦੇਵੀ। 2. ਕੋਈ ਸੰਗੀ ਸਾਥੀ ਨਾ ਹੋਣਾ। 3. ਮਜਬੂਰੀ।

ਨਾਲ ਭਾਰਤ ਵਰਸ਼ ਦੇ, ਰੁੱਸੀ ਰਹੀ ਹੂਰਾਂ ਪਰੀ।
ਸ਼ੁਕਰ ਹੈ ਉਸ ਸਹਿਕਵੀਂ ਸੁਹਣੀ, ਆਜ਼ਾਦੀ ਦੀ ਘੜੀ,
ਬਰਕਤਾਂ ਖ਼ੁਸ਼ੀਆਂ ਦਾ ਨੂਰ ਉਛਾਲ, ਇਕ ਦਿਨ ਚੜ੍ਹ ਪਈ।
ਟੁੱਟ ਗਏ ਸੰਗਲ ਗੁਲਾਮੀ ਦੇ, ਓ ਦੋ ਸੌ ਸਾਲ ਦੇ,
ਕੰਮ ਆਏ ਹਠ ਤੇ ਤਪ, ਗਾਂਧੀ ਜਵਾਹਰ ਲਾਲ ਦੇ।

ਕਿੱਕਲੀ ਕਲੀ

(ਕੁੜੀਆਂ ਦੇ ਕਿੱਕਲੀ ਦੇ ਗੀਤ ਜਾਂ ਖੇਡਣ ਵਾਲੇ ਗੀਤ ਦੀ ਧਾਰਨਾ ਉੱਤੇ)

1. ਕਿੱਕਲੀ ਕਲੀ,
ਕੁੜੀਓ ਕਿੱਕਲੀ ਕਲੀ,
ਹਾਲੀ ਐਥੇ ਸੀ ਖਲੀ,
ਕਿੱਥੇ ਗਈ ਨੀ ਚਲੀ ?
ਨੀ ਆਜ਼ਾਦੀ ਦੀ ਘੜੀ,
ਕਿਸ ਦੇ ਕੋਠੇ ਜਾ ਚੜ੍ਹੀ,
ਕਿਹੜੇ ਡਾਕੂ ਨੇ ਫੜੀ ?
ਦਿੱਤੀ ਮਹੁਰੇ ਦੀ ਪੁੜੀ ?
ਨੀ ਹਰਾਮ ਦੀ ਕੁੜੀ,
ਨੀ ਬਲੈਕ ਦੀ ਜੁੜੀ।

2. ਹੁਣ ਤੇ ਓਹੋ ਹੈ ਆਜ਼ਾਦ,
ਜਿਸ ਨੂੰ ਰੱਬ ਨਾ ਬਿਲਕੁਲ ਯਾਦ,
ਜਿਸ ਨੂੰ ਰਿਸ਼ਵਤ ਦਾ ਪਰਸ਼ਾਦ,
ਖਾ ਖਾ ਆਵੇ ਬੜਾ ਸੁਆਦ।

3. ਕੋਈ ਚਾਚੇ ਦਾ ਜੁਵਾਈ,
ਕੋਈ ਮਾਮੇ ਦਾ ਜੁਵਾਈ,
ਕੋਈ ਸਾਂਢੂ, ਕੋਈ ਸਾਲਾ,
ਕੋਈ ਸਾਲੇ ਦਾ ਵੀ ਸਾਲਾ,
ਸਾਂਭੀ ਜਾਂਦੇ ਠੇਕੇ ਸਾਰੇ,
ਆਪੂੰ ਬੈਠੇ ਰਹਿਣ ਕਿਨਾਰੇ।

4. ਹੁਣ ਤੇ ਸਾਰੇ ਲੋਕ ਗੁਲਾਮ,
ਦੁਨੀਆਂ ਪੈਸੇ ਦੀ ਗੁਲਾਮ,
ਖੁਲ੍ਹਾ ਪੈਸੇ ਦਾ ਬਾਜ਼ਾਰ,
ਸਭ ਨੂੰ ਪੈਸੇ ਨਾਲ ਪਿਆਰ।

5. ਪੂਰੇ ਦੋ ਹਜ਼ਾਰ ਸਾਲ,
ਦੀ ਗੁਲਾਮੀ ਦਾ ਉਬਾਲ,

ਰਚ ਗਿਆ ਹੱਡਾਂ ਵਿਚ ਹਰਾਮ,
ਨੀ ਜਮਾਂਦਰੂ ਗੁਲਾਮ,
ਲੁੱਟੀ ਜਾਣ ਸਵੇਰੇ ਸ਼ਾਮ,
ਨੀ ਹਰਾਮ ਦੀ ਕੁੜੀ,
ਬੇਈਮਾਨੀ ਦੀ ਜੁੜੀ।

6. ਅੜੀਓ ਕਿੱਕਲੀ ਕਲੀ,
ਕਿੱਥੇ ਗਈ ਨੀ ਚਲੀ ?
ਨੀ ਆਜ਼ਾਦੀ ਦੀ ਘੜੀ,
ਕਿਹੜੀ ਖੂੰਜੇ ਜਾ ਵੜੀ ?

ਦੇਸ਼ ਵਾਸੀਆਂ ਦਾ ਜੋਗ

ਆ ਦੇਸ਼ ਪ੍ਰੀਤੀ ਦੀ ਉਮੰਗ। ਬੈਠ ਸੀਨੇ ਠਰ ਦੇ,
ਇਸ ਦੇਸ਼ ਦੇ ਸਿਰ ਆਏ, ਸਰਬ ਕਲੇਸ਼ ਕਸ਼ਟ ਨਿਵਾਰ ਦੇ।
ਤੂੰ ਪ੍ਰਾਣ ਪਯਾਰੀ ਹੈਂ ਮਿਰੀ ਤੇਰਾ ਹੀ ਮੈਨੂੰ ਮਾਣ ਹੈ,
ਤੂੰ ਨੇਤ੍ਰ ਜਯੋਤੀ[1], ਬਾਹੂ-ਬਲ, ਤੇਰਾ ਹੀ ਸ਼ਕਤੀ ਤ੍ਰਾਣ ਹੈ।
ਛਾਤੀ ਤੇ ਆ ਕੇ ਲੇਟ ਜਾ, ਦਿਲ ਭੀ ਤੇਰਾ ਅਸਥਾਨ ਹੈ,
ਤੇਰਾ ਸੁਆਗਤ ਕਰਨ ਨੂੰ, ਹਾਜ਼ਰ ਮੇਰੀ ਏ ਜਾਨ ਹੈ।
ਲੂੰ ਲੂੰ ਮੇਰੇ ਵਿਚ ਵੱਸ ਜਾ, ਪ੍ਰੀਤੀ ਦੇ ਕੋਟ ਉਸਾਰ ਦੇ,
ਕਯੋਂ ਓਪਰੀ ਹੋਈ ਫਿਰੇਂ, ਪਯਾਰੀ ! ਵਿਪ੍ਰੀਤ ਵਿਸਾਰ ਦੇ।
ਆ ਰੁੱਠ ਜਾਣਾ ਠੀਕ ਨਾਹੀਂ, ਘੁੰਮ ਨਾਹਿ ਪਰੇ ਪਰੇ,
ਇਹ ਸੋਭਦਾ ਨਾਹਿ ਤੁਧ ਨੂੰ, ਵੈਰਾਨ ਕਰਨੇ ਘਰ ਭਰੇ,
ਅੱਖੀਂ ਚੁਰਾਣਾ ਭੀ ਨਹੀਂ ਹੈ ਠੀਕ ਤੇਰੇ ਵਾਸਤੇ,
ਮੁਖੜਾ ਛਪਾਨਾ ਪ੍ਰੀਤਮਾਂ ਤੋਂ ਯੋਗ ਨਹੀਂ ਪਯਾਰੀਏ।
ਆਵੇਂ ਜੇ, ਸਿਰ ਤੇ ਚੁੱਕੀਏ, ਅੱਖਾਂ ਤੇ ਤੁਰਤ ਬਿਠਾਵੀਏ,
ਆ ਜਾਏਂ ਜੇਕਰ, ਦੱਸ ਦੋ ਦੋ ਗੀਤ ਬਹਿ ਕੇ ਗਾਵੀਏ,
ਹੇ ਦੇਸ਼ ਪ੍ਰੀਤੀ, ਰੂਪ ਤੇਰਾ ਵਾਹਿਗੁਰੂ ਦੀ ਦਾਤ ਹੈ,
ਹੈ ਦੇਸ਼ ਜੇਕਰ ਬਾਗ, ਸੀਤਲ ਪੌਣ ਤੇਰਾ ਗਾਤ[2] ਹੈ,
ਅੰਧੇਰ ਵਾਲੀ ਰਾਤ ਵਿਚ, ਚੇਤਾ ਤੇਰਾ ਪਰਭਾਤ ਹੈ,
ਤੂੰ ਜੋਤ ਹੈਂ ਇਕ ਜਾਗਦੀ, ਤੇਰੀ ਹੀ ਕਾਯਾਨਾਤ[3] ਹੈ,
ਆ ਨੂਰ ਆਪਨਾ ਹਿੰਦੂ ਨੂੰ ਇਕ ਵੇਰ ਫੇਰ ਵਿਖਾਲ ਦੇ,
ਸੁੱਤੇ ਪਏ ਹਨ ਮੁੱਦਤਾਂ ਦੇ ਨੀਂਦੋਂ ਖੋਲ੍ਹ ਬਿਠਾਲ ਦੇ,

1. ਅੱਖਾਂ ਦਾ ਚਾਨਣ। 2. ਚਾਲੀ, ਗਤੀ। 3. ਕੁਦਰਤਿ, ਸੰਸਾਰ।

ਹੈ ਦੇਸ਼ ਵਾਸੀ ਪਯਾਰਿਓ, ਜਾਗੋ ਸਵੇਰਾ ਹੋ ਗਿਆ,
ਆਲਮ ਦੀ ਨੀਂਦੋਂ ਸੁੱਤਿਆਂ ਨੂੰ ਚਿਰ ਬਥੇਰਾ ਹੋ ਗਿਆ।
ਉਸ ਪੌਣ ਮਿੱਠੀ ਦਾ ਚਮਨ[1] ਤੋਂ ਕੂਚ ਡੇਰਾ ਹੋ ਗਿਆ,
ਹੈ ਤਬਾਹੀ ਬੁਰੀ ਦਾ ਹੁਣ ਗਿਰਦ ਘੇਰਾ ਹੋ ਗਿਆ,
ਹਿੰਮਤ ਉੱਠ, ਰੋਕ ਨਾਸ਼ ਹੋਣੋਂ ਹਿੰਦ ਦੇਸ ਬਚਾ ਲਓ,
ਹੁਣ ਡੁੱਬਦੀ ਜੇ ਨਾਉਕਾ[2], ਕੁਝ ਵੰਝ ਚੱਪਾ ਲਾ ਲਓ,
ਸੰਸਾਰ ਭਰ ਦਾ ਮੁਕਟ ਮਣਿ,[3] ਭਾਰਤ ਅਸਾਡਾ ਠੀਕ ਜੋ,
ਵਾਕੁੰਠ ਜੈਸਾ ਸ਼ੋਭਨੀਕ, ਸੁਰੰਗ[4] ਅਰ ਰਮਣੀਕ ਜੋ,
ਹੈ ਧੁੰਮਿਆਂ 'ਰਸ਼ਕੇ-ਚਮਨ'[5] ਇਹ ਦੇਸ਼ ਦੇਸ਼ਾਂ ਤੀਕ ਜੋ,
ਰਤਨਾਂ ਦੀ ਖਾਣ ਤਰਾਣ ਬਲ, ਜਿੰਦੋਂ ਅਜ਼ੀਜ਼[6] ਵਧੀਕ ਜੋ,
ਸਿਰ ਤੋਂ ਜੇ ਸਾਂਵੀ ਬਚ ਰਹੇ, ਤਦ ਸੀਸ ਵੇਚ ਬਚਾ ਲਿਓ।
ਕੁਰਬਾਨ ਹੋ ਜਾਯੋ, ਪਰੰਤੂ ਪ੍ਰੀਤ ਸਾਥ ਨਿਭਾ ਲਿਓ,
ਇਹ ਦੇਸ਼ ਸਾਡਾ ਬਾਗ ਹੈ, ਪੰਛੀ ਅਸੀਂ ਹਾਂ ਏਸ ਦੇ,
ਹੈ ਖਾਣ ਸੁਖ ਦੀ ਆਹਿ ਸਾਨੂੰ ਮਾਣ ਉੱਪਰ ਦੇਸ਼ ਦੇ,
ਇਸ ਦੇਸ਼ ਦੇ ਵਿਚ ਵੱਸ ਕੇ, ਹਾਂ ਰੰਕ[7] ਵਾਂਗ ਨਰੇਸ਼[8] ਦੇ,
ਹੈ ਭੁਕਤ[9] ਦਾਤੀ ਭੂਮ, ਜਿਸ ਦੇ ਵਸਨੀਕ ਹਮੇਸ਼ ਦੇ,
ਸੋਨੇ ਦੇ ਪਰਬਤ ਚੰਦਨੀ ਬਨ, ਮੇਵਿਆਂ ਦੀ ਖਾਣ ਹੈ।
ਇਹ ਕਲਪਤਰੁ[10] ਅਰ ਕਾਮਧੇਨਾ[11] ਜਗਤ ਵਿਚ ਪਰਿਮਾਣ ਹੈ,
ਹਾਂ ਵਸਦੇ ਇਸ ਦੇਸ਼ ਵਿਚ ਅਰ ਦੇਸ਼ ਵੀ ਹੈ ਸਵਰਗ ਹੀ।
ਪਰ ਪਯਾਰਿਓ, ਅਫਸੋਸ ਹੈ, ਓਹ ਸ਼ਾਨ ਸਾਡੀ ਨਾ ਰਹੀ,
ਸਾਂ ਮੁਕਟ ਮਣਿ ਸੰਸਾਰ ਵਿਚ, ਅਜ ਹਾਂ ਕਲੰਕਿਤ ਮਸਤਕੀ[12]
ਇਸ ਚਿੜੀ ਜਨਤੀ[13] ਜਾਨ ਉਪਰ ਸੌ ਮੁਸੀਬਤ ਆ ਪਈ
ਸੀ ਵਿਜਯ[14] ਡੰਕਾ ਹੱਥ ਵਿਚ ਉਸ ਨੂੰ ਭੀ ਬੈਠੇ ਰੋਇ ਹਾਂ,
ਪੱਲੇ ਸੀ ਵਿਦਯਾ ਮਾਲ ਸੋ ਉਸ ਨੂੰ ਭੀ ਬੈਠੇ ਖੋਇ[15] ਹਾਂ,
ਇਕ ਵਕਤ ਸੀ, ਸਾਡੀ ਕਲਮ ਦੀ ਚਾਰ ਪਾਸੀਂ ਧਾਕ ਸੀ,
ਇਸ ਲੇਖਨੀ ਦੇ ਜ਼ੋਰ ਪਰ ਸੰਸਾਰ ਭਰਦਾ ਸਾਖ ਸੀ,
ਤਲਵਾਰ ਸਾਡੀ ਦੀ ਚਮਕ ਜਾਂਦੀ ਪਤਾਲਾਂ ਤਾਕ[16] ਸੀ,
ਬਲ, ਬੁਧ, ਧੀਰਜ, ਧਰਮ, ਧਾਮ[17], ਅਟੱਲ ਸਾਡਾ ਵਾਕ ਸੀ।
ਸਾਂ ਬੀਰ, ਬਾਂਕੇ, ਚਕ੍ਰਵਰਤੀ, ਰਾਜ ਯੋਗੀ ਸਾਂ ਅਸੀਂ,
ਸਾਂ ਨੀਤਿ ਨਿਪੁਣ ਤਦੋਂ ਅਸੀਂ, ਦੁਨੀਆਂ ਜਦੋਂ ਇਕ ਬਾਲ ਸੀ,

---

1. ਬਾਗ। 2. ਬੇੜੀ। 3. ਮੋਤੀਆਂ ਦਾ ਮੁਕਟ। 4. ਚੰਗੇ ਰੰਗ ਦਾ। 5. ਜੇਹੋ ਜੇਹਾ ਬਣਨ ਨੂੰ ਸਾਰੇ ਬਾਗ਼ਾਂ ਦਾ ਜੀਅ ਕਰੇ। 6. ਪਿਆਰਾ। 7. ਕੰਗਾਲ। 8. ਰਾਜਾ। 9. ਵਰਤਣ ਦੀਆਂ ਚੀਜਾਂ। 10. ਸਵਰਗਾਂ ਵਿਚ ਮੰਨਿਆ ਜਾਂਦਾ ਰੁੱਖ ਜਿਸ ਤੋਂ ਜੋ ਮੰਗੋ ਮਿਲਦਾ ਹੈ। 11. ਸਵਰਗੀ, ਇਛਾ-ਪੂਰਕ ਗਊ। 12. ਮੱਥੇ ਦਾ। 13. ਸਵਰਗੀ। 14. ਜਿੱਤ। 15. ਗਵਾਏ। 16. ਤੱਕ। 17. ਘਰ।

ਪਰ ਹਿੰਦ, ਜੋ ਇਕ ਵਿਦਿਆ ਦੇ ਮੋਤੀਆਂ ਦੀ ਖਾਣ ਸੀ,
ਬਾਕੀ ਹੈ ਪ੍ਰਾਣ ਬਿਹੀਨ ਮੂਰਤ, ਸੈਲ[1] ਵਾਂਗਰ ਹੋ ਰਹੀ।
ਅਰ ਹਾਂ ਅਸੀਂ ਇਸ ਹਾਲ ਮਾਨੋਂ ਸੁੱਧ ਅਸਾਂ ਨੂੰ ਹੀ ਨਹੀਂ,
ਕਿਤਨੇ ਕੁ ਪਿੱਛੇ ਪੈ ਗਏ ? ਕੀਤੀ ਕਦੇ ਹੈ ਸੋਚ ਭੀ ?
ਉਸ ਜਗਤ ਦੇ ਉਸਤਾਦ, ਹਿੰਦੁਸਤਾਨ ਦਾ ਕੀ ਹਾਲ ਹੈ ?
ਜੋ ਡੂੰਮਣੀ ਦੇ ਵਾਂਗ ਤਾਲੋਂ, ਘੁੱਸ ਤਾਲ ਬਿਤਾਲ ਹੈ,
ਕਯੋਂ ਪ੍ਰਭਾ ਚਮਕੇ ਪਿਆਰਿਓ, ਚੌਪਾਸਿਓਂ ਇਸ ਸੂਰ[2] ਦੀ,
ਇਕ ਉੱਨਤੀ ਹੀ ਉੱਨਤੀ ਦੀ ਵਾਜ ਮਾਨੋ ਆ ਰਹੀ,
ਇਕ ਝਾਤ ਮਾਰੋ, ਕਿਸ ਤਰ੍ਹਾਂ ਮੀਰੀ ਹੈ ਸਾਥੋਂ ਪੱਛਮੀ,
ਲੋ ਰਤਨ ਖਾਣੋਂ, ਮੁਕਤ ਸਿਧੋਂ ਕੱਢ, ਬਣ ਕੇ ਹਿੰਮਤੀ,
ਸ਼੍ਰਮ[3] ਕਰਨ ਲਗੇ ਆਦਮੀ, ਹਿੰਮਤ ਕਦੇ ਨਹੀਂ ਹਾਰਦੇ,
ਜਦ ਲੱਕ ਬੰਨ੍ਹ ਖਲੋਣ ਸਾਰੇ ਦੁੱਖ ਕਸ਼ਟ ਸਹਾਰਦੇ,
ਹੇ ਪਿਆਰਿਓ, ਜੇ ਆਪ ਨੇ ਹੈ ਲੱਕ ਬੱਧਾ ਕੱਸ ਕੇ,
ਤਦ ਹੋਰਨਾਂ ਨੂੰ ਬਹੁਤ ਛੇਤੀ ਮਿਲ ਪਓਗੇ ਨੱਸ ਕੇ,
ਹਾਂ ਉੱਨਤੀ ਗਲ ਲੱਗਦੀ ਹੈ, ਮੇਹਨਤੀ ਦੇ ਹੱਸ ਕੇ,
ਫਿਰ ਪਲੰਘ ਤੇ ਬਿਠਲਾਏ ਕਰਦੀ ਸੇਵ ਤਲੀਆਂ ਝੱਸ ਕੇ,
ਜੇ ਫਿਰ ਉਹੋ ਹਿੰਮਤ ਦਾ ਅਸਤ੍ਰ[4] ਚਲਾ ਦਿਓ ਇਕ ਜੋੜ ਕੇ,
ਤਦ ਲੰਘ ਜਾਓਗੇ ਅਗਾਂਹਾਂ, ਸਾਰਿਆਂ ਨੂੰ ਛੋੜ ਕੇ,
ਹੈ ਨਿਯਮ ਸੂਰਯ ਨਿਕਲਦਾ ਹੈ, ਪੂਰਬੋਂ ਪਹਿਲੇ ਸਦਾ,
ਵਿਦਯਾ ਪ੍ਰਭਾਕਰ[5] ਭੀ ਇਦਾਂ ਈ ਹਿੰਦ ਤੋਂ ਸੀ ਚਮਕਿਆ,
ਫਿਰ ਲੰਘ ਹਿੰਦ, ਯੂਨਾਨ, ਯੂਰਪ ਭੂਮਿ ਨੂੰ ਪ੍ਰਕਾਸ਼ਿਆ;
ਪਾਤਾਲ ਵਿਚ ਪਰਕਾਸ਼ ਕਰ, ਜਾਪਾਨ ਤਕ ਹੈ ਆ ਗਿਆ।
ਹੁਣ ਫੇਰ ਵਾਰੀ ਹਿੰਦ ਦੀ ਹੈ, ਰੋਸ਼ਨੀ ਦਿਖਲਾ ਦਿਓ,
ਉਸ ਵਿਦਯਾ ਦਾ ਸੂਰ ਹਿਮਗਿਰ[6] ਚੋਟੀਓਂ ਚਮਕਾ ਦਿਓ,
ਹੈ ਦੇਸ਼ ਸਾਡੇ ਨੂੰ ਜ਼ਰੂਰਤ, ਵਿਦਯਾ ਦੀ ਤ੍ਰਾਣ ਦੀ,
ਬਲ ਬੁਧਿ ਧੀਰਜ, ਧਾਮ ਦੀ, ਧਨਵਾਨ ਦੇਸ਼ ਬਣਾਣ ਦੀ,
ਤਯਾਰ ਗੱਡੀ ਹੈ ਖੜੀ, ਹੁਣ ਲੋੜ ਧੱਕਾ ਲਾਣ ਦੀ,
ਅਰ ਪਿਛਲੀਆਂ ਲੀਹਾਂ ਨੂੰ ਭੀ ਕੁਝ ਲੋੜ ਹੈ ਬਦਲਾਣ ਦੀ,
ਉੱਠ ਮਾਰ ਲੌ ਮੈਦਾਨ ਹੁਣ ਪਿਛਲਾ ਹਨੇਰਾ ਹਰ[7] ਲਓ,
ਆਲਸ ਨੂੰ ਉੱਦਮ ਨਾਲ ਬਦਲੋ, ਜਾਗ ਹੱਲਾ ਕਰ ਲਓ,
ਫਿਰ ਵਾਸ਼ਨਾ ਵਤ ਖਿੰਡ ਕੇ, ਮਹਿਕਾ ਦਿਓ ਸੰਸਾਰ ਨੂੰ,
ਚੜ੍ਹ ਨਾਉ ਹਿੰਮਤ ਵਾਲੜੀ ਤੇ ਤਰ ਲਓ ਮੰਝ ਧਾਰ ਨੂੰ,

---

1. ਪੱਥਰ। 2. ਸੂਰਜ। 3. ਉੱਦਮ। 4. ਐਸਾ ਹਥਿਆਰ ਜੋ ਸੁੱਟਿਆ ਜਾਵੇ ਜਿਵੇਂ ਤੀਰ, ਚੱਕਰ। 5. ਸੂਰਜ।
6. ਹਿਮਾਲੀਆ। 7. ਨਾਸ ਕਰ।

ਚੁੰਧਿਆ ਦਿਓ ਦੁਨੀਆ, ਚੜ੍ਹਾ ਕੇ ਉਸ ਪ੍ਰਭਾ ਆਗਾਰ[1] ਨੂੰ
ਵਰਤਾ ਦਿਓ ਠੰਡਕ ਚਲਾ ਕੇ ਪੌਣ ਠੰਢੀ ਠਾਰ ਨੂੰ,
ਤਮ[2] ਵਿਚ ਬੈਠੀ ਹਿੰਦ ਵਿਚ ਇਕ ਸਵਛ ਜੋਤ ਜਗਾ ਦਿਓ,
ਸਿਰਮੌਰ ਦੇਸ਼ਾਂ ਦਾ ਬਣਾਕੇ ਦੇਸ਼ ਨੂੰ ਦਿਖਲਾ ਦਿਓ,

ਜਗਤ ਜਲੰਦਾ ਰੱਖ ਲੈ ਆਪਣੀ ਕਿਰਪਾ ਧਾਰ

ਮਾਲੀਆ, ਆ ਬਹੁੜ, ਸੁਕਦੀ ਖੇਤੀਆਂ ਪਰ ਝਾਤ ਮਾਰ,
ਦੇਖ, ਕੀਕੁਰ ਢਲ ਰਹੀ ਹੈ, ਬਾਗ ਤੇਰੇ ਦੀ ਬਹਾਰ।
ਜਗਤ ਭੌਰਾ ਹੋਂਵਦਾ, ਫੁੱਲਾਂ ਜਿਨ੍ਹਾਂ ਦੀ ਬਾਸ[3] ਪਰ,
ਬਹਿ ਸਿਰ੍ਹਾਣੇ ਕਰ ਰਹੀ, ਵਿਰਲਾਪ ਬੁਲਬੁਲ ਜ਼ਾਰ ਜ਼ਾਰ।
ਅੱਖ ਚੁੰਧਿਆ ਦੀ ਜਿਸ, ਤੇਜਸਵ ਅਰ ਇਤਫਾਕ ਤੋਂ,
ਉਡ ਰਿਹਾ ਉਹ ਏਕਤਾ ਦਾ, ਚੋਲਨਾ ਹੋ ਤਾਰ ਤਾਰ।
ਕਲਪਤਰੁ[4] ਸੰਘਠਨ ਦੀ ਜੜ੍ਹ ਪਰ ਕੁਹਾੜੇ ਵਰ੍ਹ ਰਹੇ,
ਹੋ ਰਹੇ ਹਨ ਪਾਟ ਕੇ, ਇਕ ਪੰਥ ਦੇ ਪੰਥ ਬੇਸ਼ੁਮਾਰ।
ਇਟ ਚੂਨਾਂ ਖਹਿਕੇ ਨੀਂਹ, ਪੰਥਕ ਅਟਾਰੀ ਦੀ ਹਿੱਲੀ,
ਹੋ ਗਏ ਸੁਪਨਾ ਓ ਮਿਲਕੇ, ਬੈਠ ਸੁਲਝਨ ਦੇ ਵਿਚਾਰ।
ਢਲ ਗਿਆ ਐਸਵਰਜ ਸੂਰਯ, ਪੈ ਗਿਆ ਠੰਢਾ ਲਹੂ,
ਸਾਜ ਵਿਗੜੇ ਰੰਗ ਹੋਏ ਬੇਸੁਰੇ ਟੁੱਟੀ ਸਿਤਾਰ।
ਦੁੱਖ ਭਰੀ ਝਾਕੀ ਪਿਤਾ, ਡਿੱਠਾ ਕਰੋਗੇ ਕਦ ਤਲਕ,
ਢਲ ਗਈ ਸਾਰੀ ਸ਼ਮਾ, ਰੋ ਰੋ ਕੇ ਹੰਝੂ ਚਾਰ ਚਾਰ।
ਮੇਹਰ ਦੇ ਛਟੇ ਵਸਾ, ਸੁਰਜੀਤ ਵਾੜੀ ਕਰ ਦਿਓ,
ਜਗਤ ਜਲੰਦਾ ਰਖ ਲਓ, ਵਰਤਾ ਕੇ ਅਪਨੀ ਠੰਢ ਸਾਰ।
ਹਰ ਹ੍ਰਿਦੇ ਵਿਚ ਵੱਸ ਕੇ, ਅੰਕੁਰ[5] ਉਗਾਓ ਪ੍ਰੇਮ ਦਾ,
ਚਾੜ੍ਹ ਰੰਗਣ ਪਜਾਰ ਦੀ, ਕਰਿਓ ਬਰੇਤਾ ਲਾਲਾਜ਼ਾਰ[6]।
ਜਗਤ ਸਾਰੇ ਪਰ ਝੂਲੇ, ਆਦਰਸ਼ ਅਪਨੇ ਦਾ ਨਿਸ਼ਾਨ,
ਹਰ ਹ੍ਰਿਦੇ ਹੋ ਨਾਮ ਮਠ, ਬਣ ਜਾਏ ਹਰ ਘਰ ਧਰਮ ਦ੍ਵਾਰ।

ਆਜ਼ਾਦ ਭਾਰਤ

ਆਜ਼ਾਦ ਭਾਰਤ ਦੇ ਲਾਲ, ਸੋਹਣੇ ਜਵਾਨਾ ! ਉਠਕੇ ਤਿਆਰੀਆਂ ਕਰ,
ਵਜਾ ਕੇ ਖੁਸ਼ੀਆਂ ਦਾ ਢੋਲ, ਦੇਦੇ ਸੁਤੰਤ੍ਰਤਾ ਦਾ ਸੰਦੇਸ਼ਾ ਘਰ ਘਰ,
ਉਠੋ ਜਵਾਨੋ ! ਸਵੇਰਾ ਹੋਇਆ, ਗਿਆ ਹਨੇਰਾ ਗੁਲਾਮੀਆਂ ਦਾ

---

1. ਪ੍ਰਤਾਪ, ਸ਼ਾਨ ਦੇ ਸੂਰਜ ਨੂੰ। 2. ਹਨੇਰਾ। 3. ਖੁਸ਼ਬੋ, ਸੁਗੰਧੀ।
4. ਸੁਰਗਾਂ ਵਿਚ ਬ੍ਰਿਛ ਜੋ ਸਾਰੀਆਂ ਆਸਾਂ ਪੂਰੀਆਂ ਕਰਦਾ ਹੈ। 5. ਫੁਲਵਾੜੀ ਬੂਟਾ। 6. ਬਗੀਚਾ।

ਚਲਾ ਗਿਆ ਹੈ ਚਤੁਰ ਮਦਾਰੀ, ਸਮੇਟ ਕੇ ਥੈਲਾ ਆਪਣੇ ਘਰ,
ਨਖੇੜੂਆਂ ਦਾ ਗਿਆ ਜ਼ਮਾਨਾ, ਸ਼ੈਤਾਨ ਮਹਿਫਲ 'ਚੋਂ ਉਠ ਗਿਆ ਹੈ,
ਗਈ ਉਹ ਨਫਰਤ ਤੇ ਬੇਵਿਸਾਹੀ, ਹੈ ਖੁਲ ਗਿਆ ਹੁਣ ਪਿਆਰ ਦਾ ਦਰ,
ਪੁਰਾਣੇ ਯੁਗ ਦਾ ਬਦਲ ਕੇ ਚੋਲਾ, ਨਵਾਂ ਜਹਾਨ ਇਕ ਆਬਾਦ ਕਰੀਏ,
ਗੁਲਾਮ ਬਸਤੀ ਦੇ ਖੰਡਰਾਂ ਤੇ, ਉਸਾਰੀਏ ਇਕ ਨਗਰ ਸੁਤੰਤਰ,
ਹਜ਼ਾਰ ਵਰ੍ਹਿਆਂ ਦੀ ਦਾਸਤਾ[1] ਨੇ, ਹੈ ਕੀਤਾ ਸਾਡੇ ਲਹੂ ਨੂੰ ਗੰਦਾ,
ਨਾ ਭੁੱਖ ਨਿਕਲੀ ਨਾ ਨੰਗ ਨਿਕਲੀ, ਅਜੇ ਵੀ ਕੰਬਦੀ ਹੈ ਜਾਨ ਥਰ ਥਰ।
ਏ ਯੁਗ ਕਿਸਾਨਾਂ ਮਜ਼ੂਰਾਂ ਦਾ ਹੈ? ਲੋੜ ਆਪਣੇ ਅਗਾਂਹ ਵਧਣ ਦੀ,
ਸਲੂਕ ਕਰਕੇ ਇਰਾਦਾ ਹੋਇਆ ਤਾਂ, ਆਪ ਬਣ ਜਾਂਗੇ ਕਿੰਗ-ਮੇਕਰ,[2]
ਤਿਆਗੋ ਲਾਲਚ ਅਮੀਰੀਆਂ ਦਾ, ਗਰੀਬ ਬਣਿਆਂ ਸੁਖੀ ਰਹਾਂਗੇ
ਕਿ ਭੋਗ ਲਾਂਦਾ ਰਿਹਾ ਹਮੇਸ਼ਾਂ ਹੈ, ਆ ਕੇ ਭਗਵਾਨ ਗਰੀਬਾਂ ਦੇ ਘਰ,
ਗਲੋਂ ਗੁਲਾਮੀ ਤਾਂ ਲਹਿ ਚੁਕੀ ਹੈ, ਪੁਰਾਣੇ ਪਿੰਜਰੇ ਨੂੰ ਲਾ ਦੇ ਤੀਲੀ,
ਨਵੀਂ ਬਲਾ ਕੋਈ ਗਲ ਨਾ ਪਾਵੀਂ, ਸੰਬਲ ਸੰਬਲ ਕੇ ਅਗਾਂਹ ਕਦਮ ਧਰ,
ਹੈ ਦੇਸ਼ ਸੇਵਾ ਆਦਰਸ਼ ਸਾਡਾ, ਤੇ ਆਸ਼ਾ ਦੁਨੀਆਂ ਦੇ ਨਾਲ ਉਲਫਤ
ਆਜ਼ਾਦੀ ਲੀਤੀ ਲਹੂ ਵਹਾਕੇ, ਸੁਰਾਜ ਲੀਤਾ ਹੈ ਘਾਲ ਕਰ ਕਰ,

ਵਾਹ ਵਾਹ ਬਹਾਰ ਆਜ਼ਾਦੀ ਦੀ

ਦੇਸ਼ ਸੇਵਕਾਂ ਕਮਰਾਂ ਕੱਸੀਆਂ, ਜਾਨਾਂ ਹਰ ਮੁਸ਼ਕਲ ਵਿਚ ਫਸੀਆਂ।
ਸਤਯਾ ਗ੍ਰਹੀਆਂ ਜਿਹਲ ਵਸਾਏ, ਕਿਸੇ ਸਜ਼ਾ ਤੋਂ ਨਾ ਘਬਰਾਏ।
ਨਹਿਰੂ ਜਾਕਟ, ਗਾਂਧੀ ਟੋਪੀ, ਚਿੱਟੀ ਅਚਕਨ ਖਾਦੀ ਦੀ।
ਵਾਹ ਵਾਹ ਬਹਾਰ ਆਜ਼ਾਦੀ ਦੀ।
ਚਰਖਾ ਤੋਪ ਸੂਤ ਦੇ ਗੋਲੇ, ਮਾਰ ਮਾਰ ਕੇ ਗਾਂਧੀ ਭੋਲੇ।
ਗੋਰੇ ਨੂੰ ਇੰਗਲੈਂਡ ਪੁਚਾਇਆ, ਤੌਕ[3] ਗੁਲਾਮੀ ਦਾ ਤੁੜਵਾਇਆ।
ਭਾਰਤ ਮਾਤਾ ਮੁਕਤ ਹੋ ਗਈ, ਸੁਣੀ ਗਈ ਫਰਯਾਦੀ ਦੀ,
ਵਾਹ ਵਾਹ ਬਹਾਰ ਆਜ਼ਾਦੀ ਦੀ।
ਹਾਕਮ ਹੋਏ ਕਾਂਗਰਸ ਵਾਲੇ, ਮਿਲ-ਓਨਰ ਹੋ ਪਏ ਦੁਆਲੇ,
ਬੇਸ਼ਕ ਤੁਸਾਂ ਬਹੁਤ ਕੁਝ ਕੀਤਾ, ਪਰ ਐਨਾ ਧਨ ਕਿਸ ਤੋਂ ਲੀਤਾ ?
ਕਾਮਯਾਬ ਓੜਕ ਨੂੰ ਹੋ ਗਈ, ਚਾਲ ਪਦਾਰਥਵਾਦੀ ਦੀ।
ਵਾਹ ਵਾਹ ਬਹਾਰ ਆਜ਼ਾਦੀ ਦੀ।
ਰਾਮ ਰਾਜ ਦਾ ਖਾਕਾ ਬਣਿਆ, ਵੋਟਰ ਲਈ ਜਾਲ ਗਿਆ ਤਣਿਆ।
ਲੇਬਰ ਦੌਲਤਮੰਦ ਹਵਾਲੇ, ਸਭ ਕੁਝ ਹੋਰ ਕਾਂਗਰਸ ਵਾਲੇ,

---

1. ਗੁਲਾਮੀ। 2. ਰਾਜਿਆਂ ਦੇ ਬਣਾਉਣ ਵਾਲੇ। 3. ਗੁਲਾਮਾਂ ਦੇ ਗੱਲ ਵਿਚ ਪਾਇਆ ਜਾਣ ਵਾਲਾ ਲੋਹੇ ਦਾ ਕੜਾ।

ਸਿਰ ਤੇ ਬਹਿ ਕੇ ਨਹਿਰੂ ਢਾਲੇ ਕਿਸਮਤ ਸਭ ਆਬਾਦੀ ਦੀ,
ਵਾਹ ਵਾਹ ਬਹਾਰ ਆਜ਼ਾਦੀ ਦੀ।

ਭਾਰਤ ਮਾਂ ਦੇ ਲਾਡਲੇ

ਸਦਕੇ ਜਾਂ ਮੈਂ ਉਨ੍ਹਾਂ ਅਣਖੀਆਂ ਤੋਂ,
ਹਸ ਹਸ ਗਲਾਂ ਵਿਚ ਫਾਹੀ ਪਵਾਈ ਜਿਨ੍ਹਾਂ।
ਭਾਰਤ ਮਾਤਾ ਦੇ ਪ੍ਰੇਮ ਵਿਚ ਖਤਮ ਹੋ ਗਏ,
ਆਈ. ਐਨ. ਆਰਮੀ[1] ਤਾਕਤ ਬਣਾਈ ਜਿਨ੍ਹਾਂ।
ਟੋਟੇ ਕਰ ਕਰ ਗੁਲਾਮੀ ਦੇ ਸੰਗਲਾਂ ਦੇ,
ਡਾਹ ਡਾਹ ਛਾਤੀਆਂ ਜਿੰਦੜੀ ਘੁਮਾਈ ਜਿਨ੍ਹਾਂ,
ਗਾਲ ਗਾਲ ਉਮਰਾਂ ਜੇਹਲਖਾਨਿਆਂ ਵਿਚ,
ਮੰਜ਼ਲ ਇਸ਼ਕ ਦੀ ਤੋੜ ਚੜ੍ਹਾਈ ਜਿਨ੍ਹਾਂ।
ਭਗਤ ਸਿੰਘ ਸ਼ਹੀਦ, ਸੁਭਾਸ਼, ਨੇਤਾ,
ਲਾਜਪਤ, ਗਾਂਧੀ, ਮੋਤੀ ਲਾਲ ਪਿਆਰੇ।
ਇਸ ਅਜ਼ਾਦੀ ਦੇ ਜੰਗ ਵਿਚ ਬਲੀ ਹੋਏ,
ਭਾਰਤ ਮਾਂ ਦੇ ਲਾਡਲੇ ਢੇਰ ਸਾਰੇ।

ਖਬਰਦਾਰ ਕਰ[2]

ਓ ਸਾਕੀਆ, ਸ਼ਰਾਬ, ਮੈਂ ਦੁਆਤਸ਼ੀ[3], ਤਿਆਰ ਕਰ,
ਤੇ ਜ਼ਿੰਦਗੀ ਦਾ ਰਸ ਮਿਲਾ ਕੇ, ਮਸਤ ਹੋਸ਼ਿਆਰ ਕਰ।
ਖਿਜ਼ਾਂ ਦੇ ਦਿਨ ਚਲੇ ਗਏ, ਬਹਾਰ ਨੂੰ ਸ਼ਿੰਗਾਰ ਦੇ,
ਨਿਰਾਸ ਦਿਲ ਬੁਝੇ ਪਏ, ਜਗਾ ਕੇ ਜਾਨਦਾਰ ਕਰ।
ਗੁਲਾਮੀਆਂ ਦੇ ਸੰਗਲਾਂ ਨੂੰ ਤੋੜ ਕੇ ਵਗਾਹ ਪਰਾਂ,
ਅਜ਼ਾਦ ਦੇਸ਼ ਰਾਖਿਆਂ ਨੂੰ ਟੋਹ ਕੇ ਖਬਰਦਾਰ ਕਰ।
ਓ ਹਿੰਦ ਦੇ ਬਹਾਦਰਾ ! ਓ ਨੌਜਵਾਨ ਚਾਨਣਾ।
ਤੂੰ ਸੇਵਕਾਂ ਦੀ ਫੌਜ ਲੈ ਕੇ ਮੁਸ਼ਕਿਲਾਂ ਨੂੰ ਪਾਰ ਕਰ।
ਏ ਤੇਰੀ ਮਾਤ ਭੂਮਿ ਕਾਮਧੇਨੁ[4] ਸਵਰਗ ਧਾਮ ਹੈ,
ਤੂੰ ਸਿਰ ਤਲੀ ਤੇ ਧਰ ਕੇ ਇਸ ਦੇ ਦਰ ਤੇ ਨਮਸਕਾਰ ਕਰ।
ਧੁਜਾ[5] ਤੂੰ ਏਸ ਦੀ ਬੁਲੰਦ[6] ਕਰ ਅਕਾਸ਼ ਤੇ ਪੁਚਾ,
ਭਵਿਸ਼ ਇਸ ਦਾ ਆਫਤਾਬ[7] ਵਾਂਗ ਚਮਕਦਾਰ ਕਰ।

---

1. ਅਜ਼ਾਦ ਹਿੰਦ ਫੌਜ, ਜਿਸ ਦੀ ਸਥਾਪਨਾ ਨੇਤਾ ਜੀ ਸੁਭਾਸ਼ ਚੰਦ੍ਰ ਬੋਸ ਨੇ ਕੀਤੀ ਸੀ।
2. ਇਹ ਤੇ ਹੋਰ ਭੀ ਕਈ ਕਵਿਤਾਵਾਂ, ਅਣਛਪੀਆਂ ਵਿਚ, ਬਿਨਾਂ ਸਿਰਲੇਖ ਤੋਂ ਹੀ ਸਨ। ਹੈਡਿੰਗ ਅਸੀਂ ਆਪ ਲਾਏ ਹਨ। (ਸੰਪਾਦਕ)। 3. ਮੈਂ= ਸ਼ਰਾਬ, ਅਗ (ਆਤਸ਼) ਦੂਹਰੀ= ਦੂਣਾ ਅਸਰ ਕਰਨ ਵਾਲੀ।
4. ਸਵਰਗਾਂ ਵਿਚ ਮੰਨੀ ਜਾਂਦੀ ਗਊ ਜੋ ਇਛਾ ਪੂਰਦੀ ਹੈ। 5. ਝੰਡਾ। 6. ਉੱਚਾ। 7. ਸੂਰਜ।

ਮਜ਼ੂਰ ਤੇ ਕਿਸਾਨ ਦੋ ਭੁਜਾਂ ਨੇ ਦੇਸ ਧੜ ਦੀਆਂ,
ਇਨ੍ਹਾਂ ਦੇ ਬਲ ਤੇ ਕੌਮ ਦਾ ਵਕਾਰ[1] ਸ਼ਾਨਦਾਰ ਕਰ।
ਨਾ ਕੋਈ ਦੇਸ਼ ਦੀ ਹਵਾ ਦੇ ਵਲ ਨਿਗਾਹ ਕਰੇ,
ਉਭਾਸਰੇ ਤਾਂ ਸ਼ੇਰ ਵਾਂਗ ਗਰਜ ਕੇ ਸ਼ਿਕਾਰ ਕਰ।
ਤੂੰ ਆਨ ਸ਼ਾਨ ਦੇਸ਼ ਦੀ ਤੇ ਦੇਸ਼ ਤੇਰੀ ਸ਼ਾਨ ਹੈ,
ਤੂੰ ਦਿਲ ਤੇ ਜਾਨ, ਧਨ ਤੇ ਮਾਲ ਦੇਸ਼ ਤੋਂ ਨਿਸਾਰ[2] ਕਰ।
ਏ ਭਰਤਖੰਡ ਵਿਸ਼ਵ ਦਾ ਪ੍ਰਧਾਨ ਤੇ ਉਸਤਾਦ ਹੈ,
ਅਹਿੰਸਾਵਾਦ ਏਸ ਦੇ ਆਦਰਸ਼ ਦਾ ਪ੍ਰਚਾਰ ਕਰ।
ਸਚਾਈ ਦਾ ਸਹਾਰਾ ਲੈ ਤੇ ਨੇਕੀਆਂ ਦੇ ਰਾਹ ਤੇ ਚਲ,
ਕਿਸੇ ਦੁਖੀ ਦੇ ਕੰਮ ਆ, ਕਿਸੇ ਤੇ ਪਰੁਪਕਾਰ ਕਰ।
ਮਨੁਸ਼ਤਾ ਦੀ ਸ਼ਾਨ ਬਣ, ਜ਼ਮੀਰ ਸਾਵਧਾਨ ਰਖ,
ਹਰਾਮ ਵਲ ਨਾ ਝਾਤ ਪਾ, ਹਲਾਲ ਅਖਤਿਆਰ ਕਰ।
ਉਦਾਰ ਦਿਲ ਬਣਾ ਜ਼ਰਾ, ਗਿਰੇ ਹੋਏ ਦਾ ਦਿਲ ਵਧਾ
ਅਮੀਰ ਜੁਲਮ ਤੋਂ ਹਟਾ, ਗਰੀਬ ਨਾਲ ਪਯਾਰ ਕਰ।
ਜੋ ਕੌਮ ਆਪ ਉਤਾਂਹ ਚੜ੍ਹਨ ਦੇ ਲਖਸ਼ ਨੂੰ ਹੈ ਖੋ ਚੁਕੀ,
ਤੂੰ ਬਾਂਹ ਫੜ ਉਠਾ ਤੇ ਖਾਮੀਆਂ ਦਾ ਭੀ ਸੁਧਾਰ ਕਰ।
ਬਲੈਕ ਬਾਜ਼ ਲਾਲਚੀ, ਚਲਾਕ ਚੋਰ ਰਿਸ਼ਵਤੀ,
ਬੇਸ਼ੱਕ ਲੁਟੇਰਿਆਂ ਨੂੰ ਨੰਗਿਆਂ ਸਰੇ ਬਜ਼ਾਰ ਕਰ।
ਸ਼ਤਾਨੀਆਂ ਤੇ ਧਾੜਿਆਂ ਦਾ ਗਰਮ ਹੈ ਬਜ਼ਾਰ ਅੱਜ,
ਸ਼ਰਾਰਤੀ ਦੀ ਬਾਤ ਦਾ ਨਾ ਮੂਲ ਇਤਬਾਰ ਕਰ।
ਜੇ ਫਿਰਕੇਦਾਰ ਏਕਤਾ ਦੇ ਜਲ ਨੂੰ ਗੰਦਿਆਂ ਕਰੇ,
ਚਪੇੜ ਲਾ ਜਨੂਨ[3] ਬੇਹਯਾ ਨੂੰ ਸ਼ਰਮਸਾਰ ਕਰ।
ਸਮਾ ਬਲੀ ਲਿਆ ਰਿਹਾ ਏ ਰਾਮਰਾਜ ਦੌੜਦਾ,
ਤੂੰ ਉਸ ਘੜੀ ਦਾ ਚਾਤ੍ਰਿਕ ਜਰਾ ਕੁ ਇੰਤਜ਼ਾਰ ਕਰ।

ਸਦਕੇ ਜਾਂ

ਸਦਕੇ ਜਾਂ ਮੈਂ ਸੁਹਣਿਆ ਲੀਡਰਾਂ ਦੇ,
ਖਰਲ ਹੈਟ ਚਿੱਟੀ ਅਚਕਨ ਵਾਲਿਆਂ ਦੇ।
ਅਮਨ ਚੈਨ ਦੇ ਹਾਮੀਆਂ ਹੀਰਿਆਂ ਦੇ,
ਸਿੰਘ ਸੂਰਮੇ ਪੰਡਿਤਾਂ ਲਾਲਿਆਂ ਦੇ।
ਨੇਕ ਹਾਕਮਾਂ ਪੁਲਸ ਦੇ ਅਫਸਰਾਂ ਦੇ,
ਠੇਕੇਦਾਰ ਰਾਣੀ ਖਾਂ ਦੇ ਸਾਲਿਆਂ ਦੇ,

---
1. ਇਜ਼ਤ, ਪਦਵੀ। 2. ਕੁਰਬਾਨ। 3. ਸ਼ੁਦਾਅ, ਪਾਗਲਪਨ।

ਸਾਡੇ ਦੇਸ਼ ਦੀ ਲਾਜ ਦੇ ਰਾਖਿਆਂ ਦੇ,
ਦੌਲਤ ਮੰਦ ਤੇ ਉਨ੍ਹਾਂ ਦੇ ਚਾਲਿਆਂ ਦੇ,
ਕੰਟਰੋਲ ਜਿਨ੍ਹਾਂ ਦੀ ਤੁਫੈਲ[1] ਜੀਵੇ,
ਮੱਕੀ ਚੌਲ ਬਜ਼ਾਰ 'ਚੋਂ ਮੁਕ ਗਏ ਨੇ।
ਛੋਲੇ ਵੰਡ ਦਾਣਾ ਧਸ ਗਏ ਧਰਤ ਅੰਦਰ,
ਤਾਹੀਏ ਡੰਗਰਾਂ ਦੇ ਦੁੱਧ ਸੁੱਕ ਗਏ ਨੇ।
ਹਾਕਮ ਲੋਕ ਵਿਚਾਰੇ ਵੀ ਤੰਗ ਪੈ ਗਏ,
ਸੁਣ ਸੁਣ ਅਰਜ਼ੀਆਂ ਪਰਚੀਆਂ ਸੜੇ ਹੋਏ ਨੇ,
ਬੇਇਨਸਾਫ ਬੇਸ਼ਰਮ ਗਰੀਬ ਲੋਕੀਂ,
ਖਾਹਮਖਾਹ ਆ ਕੇ ਸਿਰ ਤੇ ਚੜ੍ਹੇ ਹੋਏ ਨੇ।
ਭੁੱਖ ਨੰਗ ਮਹਿੰਗਾਈ ਦੇ ਸਤੇ ਹੋਏ,
ਰੋਜ਼ੀ ਹੋਰ ਵਧਵਾਣ ਤੇ ਅੜੇ ਹੋਏ ਨੇ।
ਲੋਟੀ ਪਈ ਬਲੈਕ ਦੀ ਮੰਡੀਆਂ ਵਿਚ,
ਦਰਦਮੰਦ ਕੋਈ ਆ ਕੇ ਹਟਾਉਂਦਾ ਨਹੀਂ,
ਸਭ ਕੁਝ ਹੁੰਦਿਆਂ ਸੁੰਦਿਆਂ ਦੇਸ਼ ਅੰਦਰ,
ਇਹ ਦੁਰਭਿੱਖ[2] ਮੁਕਣ ਅੰਦਰ ਆਉਂਦਾ ਨਹੀਂ।

ਬੇਤਰਸ ਮਾਲੀਆ

ਮਤਲਬੀਆ, ਬੇਤਰਸ ਮਾਲੀਆ। ਤੂੰ ਮੈਨੂੰ ਕੀ ਜਾਤਾ ?
ਮੈਂ ਬੁਲਬੁਲ ਆਜ਼ਾਦ ਚਹਿਕਦੀ,
ਫੁੱਲਾਂ ਨਾਲ ਪਿਆਰ ਨਿਤ ਕਰਦੀ,
ਬਾਗ ਬਣਾਇ ਬੁਲੰਦ[3] ਆਲ੍ਹਣਾ,
ਹਿੰਮਤ ਨਾਲ ਪੇਟ ਸਾਂ ਭਰਦੀ,
ਚਾਣ ਚੱਕ ਤੂੰ ਛਾਪਾ ਮਾਰਨ, ਆ ਗਿਓ ਚੁਪ ਚਪਾਤਾ,
ਮਤਲਬੀਆ, ਬੇਤਰਸ ਮਾਲੀਆ। ਤੂੰ ਮੈਨੂੰ ਕੀ ਜਾਤਾ ?
ਦੁੱਧ ਬੋਹੜ ਦਾ ਗਾੜ੍ਹਾ ਕਰਕੇ,
ਤੂੰ ਮੈਨੂੰ ਚਿਪਕਾ ਕੇ ਫਾਹਿਆ,
ਡੋਰ ਵਟੀ ਪੇਟੀ ਪਾਈ,
ਭਿੱਤੀ ਦੱਸ ਗੁਲਾਮ ਬਣਾਇਆ,
ਆਜ਼ਾਦੀ ਆਸ਼ਾ ਦਾ ਸੁਪਨਾ, ਪਲ ਵਿਚ ਗਿਆ ਗੁਆਤਾ,
ਮਤਲਬੀਆ, ਬੇਤਰਸ ਮਾਲੀਆ, ਤੂੰ ਮੈਨੂੰ ਕੀ ਜਾਤਾ ?

---

1. ਵਸੀਲਾ, ਜ਼ਰੀਆ। 2. ਭੁਖਮਰੀ। 3. ਉੱਚਾ।

ਖੁੰਝ ਗਈ ਮੈਂ ਅਸਲ ਟਿਕਾਣਾ,
ਭੁੱਖ ਲੱਗੀ ਤੂੰ ਦਿੱਤਾ ਖਾਣਾ,
ਝਾਂਜਰ ਪਾ ਤੂੰ ਛੋਹਿਆ ਮੈਥੋਂ,
ਉਂਗਲੀ ਉੱਤੇ ਨਾਚ ਨਚਾਣਾ,
ਝੁਰ ਝੁਰ ਜੀ ਪਰਚਾਂਦਿਆਂ ਤੇਰਾ, ਬੀਤ ਗਿਆ ਇਕ ਸਾਤਾ,
ਮਤਲਬੀਆ, ਬੇਤਰਸ ਮਾਲੀਆ! ਤੂੰ ਮੈਨੂੰ ਕੀ ਜਾਤਾ ?
ਪਰ ਕਦ ਤੀਕ ਗੁਲਾਮੀ ਨਿਭਣੀ,
ਮੈਂ ਚਾਇਆ ਕਿਸਮਤ ਪਲਟੌਣਾ,
ਪਛਤਾਂਦੀ ਹਾਂ ਉਸ ਵੇਲੇ ਨੂੰ,
ਜਿਸ ਦਿਨ ਤੇਰਾ ਬਣੀ ਖਿਡੌਣਾ,
ਅਜ਼ਾਦੀ ਦੀ ਖਾਤਰ ਕਟਿਆ, ਚਿੰਤਾ ਵਿਚ ਜਗਰਾਤਾ,
ਮਤਲਬੀਆ, ਬੇਤਰਸ ਮਾਲੀਆ! ਤੂੰ ਮੈਨੂੰ ਕੀ ਜਾਤਾ ?
ਜਿਗਰਾ ਕਰ ਮੈਂ ਚੁੰਝ ਚਲਾ ਕੇ,
ਟੁੱਕ ਲਈ ਪੇਟੀ ਦੀ ਡੋਰੀ,
ਤੇਰੇ ਸੁਤਿਆਂ ਸੁਤਿਆਂ ਹੀ ਮੈਂ,
ਜਾਨ ਛੁਡਾ ਲਈ ਚੋਰੀ ਚੋਰੀ,
ਮੈਂ ਤੇ ਬਚ ਨਿਕਲੀ ਪਰ ਤੂੰ ਨਾ ਆਪਣਾ ਫਰਜ਼ ਪਛਾਤਾ,
ਮਤਲਬੀਆ ਬੇਤਰਸ ਮਾਲੀਆ! ਤੂੰ ਮੈਨੂੰ ਕੀ ਜਾਤਾ ?
ਅਰਸ਼ ਆਲ੍ਹਣਾ ਮੇਰਾ ਸੀ,
ਤੂੰ ਪੇਟੀ ਪਾ ਕੇ ਵਾਂਜੀ ਰੱਖਿਆ,
ਆਜ਼ਾਦੀ ਅਣਮੁੱਲਾ ਮੇਵਾ
ਕੀਮਤ ਪਾ ਤੂੰ ਕਦੇ ਨਾ ਚਖਿਆ,
ਸ਼ਾਲਾ ਫਸ ਨਾ ਜਾਇ ਤਿਰੀ, ਧੀ, ਭੈਣ, ਨਾਰ ਯਾ ਮਾਤਾ,
ਮਤਲਬੀਆ ਬੇਤਰਸ ਮਾਲੀਆ ! ਤੂੰ ਮੈਨੂੰ ਕੀ ਜਾਤਾ ?
ਕੋਈ ਮੈਨੂੰ ਵਾਂਗ ਖਿਡੌਣੇ,
ਉਂਗਲੀ ਨਾਲ ਨਚਾ ਨਹੀਂ ਸਕਦਾ,
ਹੱਕ ਮੇਰਾ ਆਕਾਸ਼ ਚੜ੍ਹਨ ਦਾ,
ਹੁਣ ਕੋਈ ਅਟਕਾ ਨਹੀਂ ਸਕਦਾ,
ਆਪਣੇ ਪੈਰਿ ਖਲੋਂਦੀ ਨੇ ਮੈਂ ਮਰ ਮਰ ਜੱਗ ਪਗਾਤਾ[1]
ਮਤਲਬੀਆ ਬੇਤਰਸ ਮਾਲੀਆ! ਤੂੰ ਮੈਨੂੰ ਕੀ ਜਾਤਾ ?
ਜੁਗ ਜੁਗ ਤੋਂ ਸੀ ਨਰ ਮਦੀਨ ਦਾ,
ਜੋੜਾ ਸਾਵਾਂ ਤੁਰਦਾ ਆਇਆ,

---

1. ਨਿਭਾਉਣਾ।

ਕਰ ਕੇ ਕੁਝ, ਬਲਵਾਨ ਹੋਣ ਦਾ,
ਖੂਬ ਨਵਾਜਬ[1] ਲਾਭ ਉਠਾਇਆ,
ਅਬਲਾ ਤਕ ਕੇ ਕਾਠੀ ਪਾ ਲਈ, ਬਣ ਬੈਠਾ ਅੰਨ ਦਾਤਾ,
ਮਤਲਬੀਆ ਬੇਤਰਸ ਮਾਲੀਆ। ਤੂੰ ਮੈਨੂੰ ਕੀ ਜਾਤਾ ?

ਅਨਾਥਾਂ ਦੇ ਨਾਥ

ਅਨਾਥ ਜਨਿਤਾ ਦੇ ਨਾਥ ਮੋਹਨ, ਯਸ਼ੋਧਾ[2] ਦੇ ਲਾਲ ਭਗਵਨ।
ਅਜੀਬ ਗਲ ਹੈ ਕਿ ਮੇਰਾ ਭਾਰਤ ਅਜੇ ਤਕ ਹੈ ਕੰਗਾਲ ਭਗਵਨ।
ਮੁਕਾਈ ਦਸ ਬਰਸ ਦੀ ਲੜਾਈ, ਗਈ ਗੁਲਾਮੀ, ਅਜ਼ਾਦੀ ਆਈ,
ਸਿਰੋਂ ਹਕੂਮਤ ਗਈ ਪਰਾਈ, ਗਿਆ ਪਰੰਤੂ ਨਾ ਕਾਲ ਭਗਵਨ।
ਨ ਮੁਕੀ ਰਿਸ਼ਵਤ ਤੇ ਯਾਰੀ ਚੋਰੀ, ਨਾ ਮੁਕੇ ਧੱਕਾ ਤੇ ਸੀਨਾ ਜ਼ੋਰੀ।
ਹਰਾਮ ਖੋਰੀ ਤੇ ਸ਼ੋਰਾ ਸ਼ੋਰੀ, ਤੂੰ ਫਿਰ ਨਾ ਕੀਤਾ ਖਿਆਲ ਭਗਵਨ।
ਤੂੰ ਵੇਖੇ ਜਨਤਾ ਦੇ ਸਿਰ ਕਟੀਂਦੇ, ਤੂੰ ਵੇਖੇ ਲਹੂਆਂ ਦੇ ਹੜ ਵਹੀਂਦੇ,
ਤੇ ਬੰਦੇ ਰੁਲਦੇ ਤਬਾਹ ਥੀਂਦੇ, ਨਾ ਆਇਆ ਤੈਨੂੰ ਉਬਾਲ ਭਗਵਨ।
ਤੂੰ ਮੁਰਦਿਆਂ ਦਾ ਅੰਬਾਰ ਤਕਦੋਂ ਤੂੰ ਰੱਤੇ ਪਾਣੀ ਦੀ ਧਾਰ ਤਕਦੋਂ,
ਤੜਪਦਿਆਂ ਦੀ ਪੁਕਾਰ ਸੁਣਦੋਂ ਤੇ ਤਕਦੋਂ ਵਿਧਵਾ ਦਾ ਹਾਲ ਭਗਵਨ।
ਤੂੰ ਵੇਖ ਲੈਂਦੋਂ ੳ ਹੂਰਾਂ ਪਰੀਆਂ, ਜੋ ਖੋਹ ਕੇ ਮੁਸ਼ਟੰਡਿਆਂ ਨੇ ਖੜੀਆਂ,
ਜੋ ਬੇਦਰੇਗਾਂ[3] ਦੀ ਭੇਟ ਚੜ੍ਹੀਆਂ, ਜੋ ਸੜੀਆਂ ਗਲ ਲਾ ਕੇ ਬਾਲ ਭਗਵਨ।
ਜੋ ਆਲ੍ਹਣੇ ਏਨਾ ਬੁਲਬੁਲਾਂ ਦੇ, ਬੁਲੰਦ ਥਾਂ ਸਨ ਹੁਲਾਰੇ ਖਾਂਦੇ।
ਕਜ਼ਾ[4] ਨੇ ਉਹ ਉਹ ਤੂਫਾਨ ਆਂਦੇ, ਕਿ ਰਲ ਗਏ ਖਾਕ ਨਾਲ ਭਗਵਨ।
ਤੂੰ ਵੇਖ ਸੜਿਆਂ ਘਰਾਂ ਦੇ ਕੋਲੇ, ਤੇ ਵਸਦੇ ਰਸਦੇ ਸ਼ਹਿਰ ਦੇ ਖੋਲੇ,
ਤੂੰ ਲਖਪਤੀ ਵੇਖ ਚਬਦੇ ਛੋਲੇ, ਤੇ ਮੰਦੇ ਦਿਨ ਭੈੜਾ ਹਾਲ ਭਗਵਨ।
ਜਿਨ੍ਹਾਂ ਨੂੰ ਮਿਲਦਾ ਨਾ ਰੱਜ ਕੇ ਖਾਣਾ, ਨਾ ਸਿਰ ਲੁਕਾਉਣ ਨੂੰ ਥਹੁ ਟਿਕਾਣਾ,
ਨਾ ਫਿਕਰ ਨਾ ਚੈਨ ਆਣਾ, ਤੇ ਹੋ ਰਹੀ ਹਾਲ ਹਾਲ ਭਗਵਨ।
ਤੂੰ ਛੋੜ ਦੇ ਠਾਕੁਰੀ ਹਿੰਡੋਲਾ[5], ਪਹਿਨ ਲੈ ਉਜੜ ਗਿਆਂ ਦਾ ਚੋਲਾ।
ਤੂੰ ਦੇਖ ਦੁਖਿਆਰਿਆਂ ਦਾ ਟੋਲਾ, ਤੇ ਫਿਰਦਾ ਰਹੁ ਨਾਲ ਨਾਲ ਭਗਵਨ।
ਖਿੜੀ ਖਿੜਾਈ ਅਮਨ ਬਗੀਚੀ, ਖਿਜ਼ਾ ਦੀ ਵਾ ਨੇ ਵਿਘਨ ਕੀਤੀ,
ਚਲੀ ਹੋਈ ਸੀ ਏ ਚੁਪ ਚੁਪੀਤੀ, ਚਲਾਕ ਸ਼ਾਤਿਰ[6] ਦੀ ਚਾਲ ਭਗਵਨ।
ਤੂੰ ਤਕਦੋਂ ਜੇ ਤਾੜ ਤਾੜ ਹੁੰਦੀ, ਤਬਾਹੀ ਤੇ ਫੂਕ ਸਾੜ ਹੁੰਦੀ,
ਦਿਲਾਂ ਦੀ ਦੁਨੀਆਂ ਉਜਾੜ ਹੁੰਦੀ, ਤਾਂ ਹੁੰਦੋਂ ਤੂੰ ਭੀ ਨਿਢਾਲ ਭਗਵਨ।

---

1. ਅਨਉਚਿਤ। 2. ਸ੍ਰੀ ਕ੍ਰਿਸ਼ਨ ਜੀ ਦੀ ਪਾਲਕ ਮਾਤਾ। 3. ਬੇਰਹਿਮਾਂ। 4. ਬਿਪਤਾ। 5. ਡੋਲਾ, ਪਾਲਕੀ, ਪੀਂਘ। 6. ਸਿਖਿਆਰਥੀ ਜਾਂ ਸ਼ਤਰੰਜ ਦਾ ਖਿਡਾਰੀ।

ਤੂੰ ਅਰਬਾਂ ਖਰਬਾਂ ਦੇ ਤੱਕ ਉਜਾੜੇ, ਤੇ ਦੇਖ ਫਿਰਦੇ ਜੋ ਮਾਰੇ ਮਾਰੇ,
ਜੋ ਬੈਠੇ ਹੋਏ ਤੇਰੇ ਸਹਾਰੇ, ਤੂੰ ਕਰ ਉਨ੍ਹਾਂ ਦੀ ਸੰਭਾਲ ਭਗਵਨ।
ਜੋ ਥਾਂ ਥਾਂ ਟੁਕੜੇਂ ਲਈ ਭਟਕਦੇ ਜੋ ਮੂੜੀ ਬਾਝੋਂ ਕਮਾ ਨਾ ਸਕਦੇ,
ਜੋ ਰਹਿਣ ਨੂੰ ਆਸਰਾ ਨੇ ਤਕਦੇ ਉਨ੍ਹਾਂ ਨੂੰ ਕਿਧਰੇ ਬਹਾਲ ਭਗਵਨ।
ਪਸ਼ੌਰੋਂ ਚਲ ਕੇ ਜੋ ਦਿੱਲੀ ਆਏ, ਤੇ ਸੂਬਿਆਂ ਵਿਚ ਗਏ ਖਿੰਡਾਏ,
ਬਿਗਾਨੀ ਬੋਲੀ ਤੇ ਥਾਂ ਪਰਾਏ, ਤੂੰ ਬਾਹੋਂ ਫੜਕੇ ਉਠਾਲ ਭਗਵਨ।
ਜਿਨ੍ਹਾਂ ਦੇ ਸਜਣ ਪਿਆਰੇ ਖੁਸ ਗਏ, ਜਿਨ੍ਹਾਂ ਦੇ ਮੰਨੇ ਨਸੀਬ ਰੁਸ ਗਏ,
ਗਲਤ ਨਿਸ਼ਾਨੇ ਤੇ ਚਾਲੋਂ ਘੁਸ ਗਏ, ਉਨ੍ਹਾਂ ਨੂੰ ਰਸਤਾ ਵਖਾਲ ਭਗਵਨ।
ਵਿਰਾਟ[1] ਸੂਰਤ ਤੇਰੀ 'ਚ ਸਾਰੇ, ਅਕਾਸ਼ੋਂ ਟੁਟ ਟੁਟਕੇ ਡਿਗਦੇ ਤਾਰੇ,
ਤੂੰ ਦੇਖੇ ਹੋਸਣ ਏ ਸਭ ਨਜ਼ਾਰੇ, ਵਿਖਾਂਦੇ ਹੋਣੀ ਤੇ ਕਾਲ ਭਗਵਨ।
ਜੋ ਜ਼ੁਲਮ ਸਹਿ ਸਹਿ ਹੋਇ ਨਿਤਾਣੇ, ਜੋ ਯਾਦ ਕਰਦੇ ਨੇ ਸੁਖ ਪੁਰਾਣੇ,
ਪਿਆਰ ਦੇ ਦੇ ਕੇ ਬਹੁ ਸਰ੍ਹਾਣੇ ਤੇ ਪੂਰੇ ਕਰ ਸਭ ਸਵਾਲ਼ ਭਗਵਨ।
ਜਿਨ੍ਹਾਂ ਨੇ ਭਾਣੇ ਨੂੰ ਮਿਠਾ ਕੀਤਾ, ਤੇ ਸਬਰ ਕਰਕੇ ਪਿਆਲਾ ਪੀਤਾ,
ਉਨ੍ਹਾਂ ਦੇ ਜ਼ਖਮਾਂ ਤੇ ਲਾ ਕੇ ਮਰਹਮ ਤੂੰ ਬਣ ਕੇ ਦਸ ਬਿਰਦਪਾਲ[2] ਭਗਵਨ।
ਹੈਂ ਤੂੰ ਭੀ ਭਾਰਤ ਦਾ ਜਾਇਆ ਹੋਇਆ, ਉਸੇ ਦੇ ਦਿਲ ਵਿਚ ਸਮਾਇਆ ਹੋਇਆ,
ਜੇ ਹੈਂ ਦਇਆ ਵਿਚ ਤੂੰ ਆਇਆ ਹੋਇਆ, ਤਾਂ ਕਰ ਵਿਖਾ ਇਕ ਕਮਾਲ ਭਗਵਨ।
ਦਿਲਾਂ ਦੇ ਅੰਦਰ ਵਸਾ ਸਚਾਈ, ਕਿ ਹਿੰਦੂ ਮੁਸਲਿਮ ਤੇ ਸਿੱਖ ਈਸਾਈ
ਏ ਸਾਰੇ ਬਣ ਜਾਣ ਭਾਈ ਭਾਈ, ਮੋਈ ਮੁਹੱਬਤ ਜਿਵਾਲ ਭਗਵਨ।
ਤੂੰ ਫੜ ਲੈ ਸ਼ੈਤਾਨ ਦੇ ਭੁਲਾਏ ਜੋ ਲਾਲਚਾਂ ਨੇ ਕੁਰਾਹੇ ਪਾਏ,
ਦਿਖਾ ਕੇ ਦੁਰਭਾਗ ਦੇ ਸਤਾਏ ਤੂੰ ਦੇਸ਼ ਭਗਤੀ ਸਿਖਾਲ ਭਗਵਨ।

ਸਾਡੀ ਲੋੜ

ਸਾਨੂੰ ਲੋੜ ਨਾ ਤੋਪਾਂ ਤਲਵਾਰਾਂ ਦੀ ਏ,
ਨਾ ਹੀ ਲੋੜ ਲੈਕਚਰ ਲਛੇਦਾਰਾਂ ਦੀ ਏ।
ਝੂਠੇ ਸਾਰਾਂ ਨਾ ਫਰਜ਼ੀ ਗਮ ਖਾਰਾਂ ਦੀ ਏ,
ਨਾ ਹੀ ਫੁਲਾਂ ਵਿਚ ਲੁਕੇ ਹੋਏ ਖਾਰਾਂ ਦੀ ਏ,
ਸੁਕੇ ਪਯਾਰਾਂ ਨਾ ਫੋਕੇ ਇਕਰਾਰਾਂ ਦੀ ਏ,
ਲੰਬਰਦਾਰਾਂ ਤੇ ਨਾ ਫਿਰਕੇਦਾਰਾਂ ਦੀ ਏ।
ਜੇਹੜੇ ਦੇਸ਼ ਦੀਆਂ ਨੀਹਾਂ ਨੂੰ ਬੰਨ੍ਹ ਦੱਸਣ,
ਸਾਨੂੰ ਥੋੜ ਅਜ ਐਸੇ ਮਿਆਰਾਂ ਦੀ ਏ।

1. ਵਿਸ਼ਾਲ। 2. ਲਜਿਆ ਰਖਣ ਵਾਲਾ, ਆਪਣਾ ਧਰਮ ਨਿਭਾਉਣ ਵਾਲਾ।

ਰੇਲਾਂ, ਤਾਰਾਂ, ਮੋਟਰ ਕਾਰਾਂ ਕਰਨ ਪੈਦਾ,
ਡਾਢੀ ਲੋੜ ਐਸੇ ਦਸਤਕਾਰਾਂ ਦੀ ਏ।
ਜਾਂ ਕੁਝ ਚਾਹ ਚਲਦੇ ਕਾਰੋਬਾਰਾਂ ਦੀ ਏ,
ਜਾਂ ਕੁਝ ਲੋੜ ਤਰਖਾਣਾਂ, ਲੁਹਾਰਾਂ ਦੀ ਏ।

ਬੇੜਾ ਡਗ ਮਗ ਡੋਲਦਾ

ਐਹ ਸਵਰਾਜ ਸਾਨੂੰ ਸਦਕੇ ਮਿਲ ਰਹਿਆ ਏ,
ਓਹਨਾਂ ਨੇਤਾਵਾਂ ਦੀ ਕੁਰਬਾਨੀਆਂ ਦਾ।
ਐਪਰ ਬੜਾ ਸਦਮਾ ਸਾਨੂੰ ਪਿਆ ਸਹਿਣਾਂ,
ਚਾਲਬਾਜ਼ ਗੋਰੇ ਦੀਆਂ ਸ਼ੈਤਾਨੀਆਂ ਦਾ।
ਪਾੜ ਪਾੜ ਕੇ ਦਿਲ ਹਿੰਦੂ ਮੁਸਲਮਾਨਾਂ ਦੇ,
ਬੇੜਾ ਗਰਕ ਕੀਤਾ ਹਿੰਦੁਸਤਾਨੀਆਂ ਦਾ।
ਮੈਨੂੰ ਅਜੇ ਵੀ ਨਹੀਂ ਵਿਸਾਹ ਪੈਂਦਾ,
ਏਨ੍ਹਾਂ ਭਲੇ ਲੋਕਾਂ ਪਾਕਿਸਤਾਨੀਆਂ ਦਾ।
ਕਰ ਦੇ ਜਾਨ ਖਲੀਜ[1] ਨੂੰ ਹੋਰ ਚੌੜਾ,
ਰਫੜ ਪਾ ਲਿਆ ਨਾਲ ਕਸ਼ਮੀਰ ਦਾ ਏ।
ਇਸ ਬੇਹਾਥ ਦਰਿਆ ਦੇ ਵਿਚ ਬੇੜਾ,
ਡਗਮਗ ਡੋਲਦਾ ਸਾਡੀ ਤਕਦੀਰ ਦਾ ਏ।

ਦੇਸ਼ ਦਰਦੀਓ

ਦੇਸ਼ ਦਰਦੀਓ ਸੋਹਣਿਓ ਨੌਜਵਾਨੋ,
ਏਕਾ ਕਰੋ ਤੇ ਸਭ ਕੁਝ ਬਣਾ ਸਕੋਗੇ।
ਇਤਫਾਕ ਅੰਦਰ ਬੜੀਆਂ ਬਰਕਤਾਂ ਨੇ,
ਸਭਨਾਂ ਮੁਸ਼ਕਲਾਂ ਤੇ ਕਾਬੂ ਪਾ ਸਕੋਗੇ।
ਜੇਕਰ ਹਰੀਜਨ ਤੁਸਾਂ ਅਪਨਾ ਲਏ ਨੇ,
ਤਿਵੇਂ ਵਿਛੜਿਆਂ ਨੂੰ ਭੀ ਮਿਲਾ ਸਕੋਗੇ।
ਫਿਰਕਾਦਾਰੀ ਦਾ ਭੂਤ ਜੇ ਉਤਰ ਜਾਵੇ,
ਰੁਠੇ ਸਿੱਖ ਹਿੰਦੂ ਭੀ ਮਨਾ ਸਕੋਗੇ।
ਉਜੜੇ ਹੋਏ ਪੁਰਸ਼ਾਰਥੀ ਵੀਰ ਆਪਣੇ,
ਪਹਿਲੇ ਇਨ੍ਹਾਂ ਦੀਆਂ ਆਂਦਰਾਂ ਠਾਰ ਲਈਏ।
ਜ਼ਿਮੇਵਾਰੀਆਂ ਸਭ ਦੀਆਂ ਸਾਂਝੀਆਂ ਨੇ,

---

1. ਖਾੜੀ, ਇਥੇ ਭਾਵ ਧਰਤੀਆਂ ਦੇ ਪਾੜ ਜਾਂ ਵਿਥ ਤੋਂ ਹੈ।

ਰਲ ਕੇ ਭਾਰ ਸਿਰ ਦਾ ਇਹ ਉਤਾਰ ਲਈਏ।
ਮੇਰੀ ਆਖਰੀ ਅਰਜ਼ ਇਕ ਹੋਰ ਸੁਨ ਲਓ,
ਰਿਸ਼ਵਤ ਬੜੀ ਅੱਜ ਕਲ ਵਧਦੀ ਜਾ ਰਹੀ ਏ।
ਕਾਲ, ਮਹਿੰਗ-ਮੰਡੀ ਤੇ ਬਲੈਕ-ਬਾਜ਼ੀ,
ਇਹ ਗਰੀਬਾਂ ਨੂੰ ਬੜੀ ਕਲਪਾ ਰਹੀ ਏ।
ਹ਼ਾਕਮ ਲੋਕ ਵਿਚਾਰੇ ਭੀ ਤੰਗ ਆ ਗਏ,
ਤੇ ਪੁਲੀਸ ਵੀ ਬੜਾ ਸਮਝਾ ਰਹੀ ਏ।
ਫਿਰ ਵੀ ਪਰਜਾ ਨੂੰ ਠੰਡ ਨਹੀਂ ਪਈ ਕੋਈ,
ਖਬਰੇ ਗਰਮ ਗੋਲੀ ਕਿਧਰੋਂ ਆ ਰਹੀ ਏ।
ਰਾਜ ਆਪਣਾ ਹਾਕਮੀ ਕਾਂਗਰਸ ਦੀ,
ਫਿਰ ਵੀ ਸਮਝ ਵਿਚ ਗੱਲ ਨਾ ਆਏ ਕੋਈ।
ਮੈਂ ਤੇ ਚਾਤ੍ਰਿਕ ਆਪ ਸ਼ਰਮਾ ਰਿਹਾ ਹਾਂ,
ਕਿਹਨੂੰ ਕਹੇ ਤੇ ਕਿਨੂੰ ਸਮਝਾਏ ਕੋਈ।

ਓ ਦੇਸ਼ ਦੇ ਪੁਜਾਰੀਆ

ਓ ਦੇਸ਼ ਦੇ ਪੁਜ਼ਾਰੀਆ ! ਤੂੰ ਦੇਸ਼ ਤੋਂ ਨਿਸਾਰ[1] ਹੋ।
ਓ ਨੌਜਵਾਨ ਦੂਲਿਆ ਮਰਨ ਲਈ ਤਿਆਰ ਹੋ।
ਅਨੇਕ ਦੁਖ ਤੇ ਮੁਸ਼ਕਿਲਾਂ ਵਤਨ ਦੇ ਸਿਰ ਸਵਾਰ ਨੇਂ,
ਓ ਭਾਰਤੀ ਬਹਾਦਰਾ ! ਤੂੰ ਉਠ ਕੇ ਹੁਸ਼ਿਆਰ ਹੋ।
ਤੂੰ ਆਨ ਸ਼ਾਨ ਹਿੰਦ ਦੀ ਚੜ੍ਹਾ ਦੇ ਆਸਮਾਨ ਤੇ,
ਜਹਾਨ ਵਿਚ ਆਪਣਾ ਵਕਾਰ ਸ਼ਾਨਦਾਰ ਹੋ।
ਤਲੀ ਤੇ ਸਿਰ ਧਰੇ ਬਹਾਦਰਾਂ ਦੀ ਫੌਜ ਤਯਾਰ ਕਰ,
ਜਹਾਜ਼ ਮਾਤ ਭੂਮੀ ਦਾ ਮੁਸੀਬਤਾਂ ਤੋਂ ਪਾਰ ਹੋ।
ਜੇ ਘੋਲ ਬੰਦ ਕਰ ਛਡੇ ਨੇ ਉੱਨਤੀ ਦੇ ਰਾਸਤੇ,
ਤੂੰ ਪਹਿਰੂਆ[2] ਹੈਂ ਕੌਮ ਦਾ ਤੂੰ ਜਾਗ ਖਬਰਦਾਰ ਹੋ।
ਤੂੰ ਅੰਨ ਧਨ ਉਗਾ ਤੇ ਦਸਤਕਾਰ ਨਾਲ ਪਯਾਰ ਪਾ,
ਆਛੂਤ ਨੂੰ ਉਠਾ ਤੇ ਧਰਤੀ ਫੋਲ ਮਾਲਦਾਰ ਹੋ।

ਇਕ ਦੇਸ਼ ਪੁਜਾਰੀ

ਇਕ ਦੇਸ਼ ਪੁਜਾਰੀ, ਸੰਸਾਰ 'ਦਾ ਹਿਤਕਾਰੀ।
ਚਰਖੇ ਦਾ ਪਰਚਾਰਕ, ਖਾਦੀ ਦਾ ਭੰਡਾਰੀ।

---
1. ਕੁਰਬਾਨ। 2. ਪਹਿਰੇਦਾਰ।

ਬੇਖੜਗ ਬਹਾਦਰ ਬੇਤੀਰ ਸ਼ਿਕਾਰੀ।
ਸਤਿਆਗ੍ਰਹ ਧਾਰੀ, ਅਹਿੰਸਾ ਬਿਉਹਾਰੀ।
ਰਿਸ਼ੀਆਂ ਤੋਂ ਉਚੇਰਾ, ਸਰਬੱਤ ਦਾ ਉਪਕਾਰੀ।
ਕੁਰਬਾਨੀ ਦਾ ਇਕ ਪੁਤਲਾ, ਸਰਵੁਪਕਾਰੀ।
ਗ੍ਰਿਹਸਤੀਓਂ ਉਚੇਰਾ, ਸਨਿਆਸ ਦਾ ਅਧਿਕਾਰੀ।
ਪੀ ਕੈਫ[1] ਸ਼ਹਾਦਤ ਦੀ ਚੜ੍ਹ ਗਈ ਏ ਖੁਮਾਰੀ।
ਫੁਲਾਂ ਦੇ ਤਲੇ ਸੁਤਾ, ਪਿਆ ਪੈਰ ਪਸਾਰੀ।
ਇਕ ਦੇਸ਼ ਪੁਜਾਰੀ।
ਇਹ ਦਿਉਤਾ ਅਮਨ ਦਾ, ਹਮਦਰਦ ਹਰੀ ਜਨ ਦਾ।
ਅਵਤਾਰ ਏ ਕਲਜੁਗ ਦਾ, ਸੇਵਕ ਏ ਹਰਿਕ ਜਨ ਦਾ।
ਸਰਬੰਸ ਦਾ ਇਹ ਤਿਆਗੀ ਸਭ ਤਨ ਮਨ ਧਨ ਦਾ।
ਉਧਾਰ ਕਰਨ ਵਾਲਾ, ਫਰੰਗੀ ਤੋਂ ਵਤਨ ਦਾ।
ਇਸ ਰਾਮ ਪਿਆਰੇ ਤੋਂ ਚਾਤ੍ਰਿਕ ਬਲਿਹਾਰੇ।
ਜਮਨਾ ਦੇ ਕਿਨਾਰੇ।

ਜਾਨ ਬੁਲ ਨੂੰ[2]

ਮੈਂ ਮੰਨ ਲਿਆ, ਘਟ ਗਿਣਤੀ ਦੇ ਗਮ ਵਿਚ ਤੂੰ ਸੁਕਦਾ ਜਾਂਦਾ ਹੈਂ।
ਜੋ ਭਾਹ ਤੂੰ ਕਦੇ ਮਚਾਈ ਸੀ, ਹੁਣ ਫੂਕਾਂ ਨਾਲ ਬੁਝਾਂਦਾ ਹੈਂ,
ਟੁਕੜੇ ਭੀ ਵੰਡੀ ਜਾਂਦਾ ਹੈਂ, ਫਿਰਕਿਆਂ ਨੂੰ ਭੀ ਪਰਚਾਂਦਾ ਹੈਂ।
ਹਥੀਂ ਚੀਰੇ ਹੋਏ ਫੱਟਾਂ ਤੇ, ਮਲ੍ਹਮ ਭੀ ਲਾਣਾ ਚਾਂਹਦਾ ਹੈਂ।
ਇਹ ਦੱਸ ਕਿ ਦਰਦੀ ਦਿਲ ਤੇਰਾ,
ਕੁਝ ਤਿਆਗਣ ਲਈ ਤਿਆਰ ਭੀ ਹੈ?
ਮੈਂ ਮੰਨਿਆ, ਨੀਚ ਅਛੂਤਾਂ ਨੂੰ, ਤੂੰ ਪਿਉ ਬਣ ਕੁਛੜ ਚਾਇਆ ਸੀ,
ਜਦ ਲੋੜ ਪਈ, ਤੂੰ ਬ੍ਰਾਹਮਣ ਦਾ, ਸ਼ੂਦਰ ਤੋਂ ਮੂੰਹ ਭਨਵਾਇਆ ਸੀ,
ਤੇਰੀ ਹਾਤਮ[3] ਜਿਹੀ ਸੁਖਾਵਤ[4] ਨੇ, ਗਾਂਧੀ ਨੂੰ ਪਿਛੇ ਪਾਇਆ ਸੀ,
ਮਾੜਿਆਂ ਦੀ ਮੁਕਤੀ ਖਾਤਰ ਹੀ, ਤੂੰ ਰੱਬ ਦਾ ਸਾਂਗ ਰਚਾਇਆ ਸੀ।
ਇਹ ਦੱਸ ਕਿ ਇਸ ਪਰਚਾਵੇ ਵਿਚ,
ਕੋਈ ਸਚਮੁਚ ਦਾ ਇਕਰਾਰ ਭੀ ਹੈ?
ਮੈਂ ਮੰਨਿਆ ਸਾਰੇ ਰਜਵਾੜੇ, ਤੂੰ ਜਥੇਬੰਦ ਕਰਵਾਏ ਸਨ,
ਮਾਤਹਿਤ ਤਾਜ ਦੇ ਰਖ ਕੇ ਭੀ, ਸਵੈਤੰਤਰ ਤੂੰਹੇਂ ਬਣਾਏ ਸਨ,
ਪਰਜਾ ਦਾ ਲਹੂ ਨਿਚੋੜਨ ਨੂੰ, ਖੱਪਰ ਭੀ ਤੂੰਹੇਂ ਫੜਾਏ ਸਨ,
ਜੋ ਵਾਅਦੇ ਕੀਤੇ ਹੋਏ ਸਨ, ਓਹ ਪੂਰੇ ਹੁੰਦੇ ਆਏ ਸਨ,

1. ਨਸ਼ਾ, ਸ਼ਰਾਬ। 2. ਅੰਗਰੇਜ਼ ਤੋਂ ਭਾਵ ਹੈ, ਆਮ ਅੰਗਰੇਜ਼ਾਂ ਦਾ ਨਾਂ ਹੋਣ ਕਰਕੇ ਕਿਸੇ ਅੰਗਰੇਜ਼ ਲਈ ਵਰਤੀਦਾ ਹੈ।
3. ਹਾਤਿਮਤਾਈ, ਤਾਈ ਵੰਸ਼ ਦਾ ਇਕ ਸਰਦਾਰ ਜੋ ਨੀਤੀ ਨਿਪੁੰਣ, ਦਾਨੀ ਤੇ ਬੜਾ ਧਰਮਾਤਮਾ ਸੀ। 4. ਉਦਾਰਤਾ।

ਏਹ ਦੱਸ ਕਿ ਏਸ ਅਖਾੜੇ ਵਿਚ,
ਕੋਈ ਰਾਜਾ ਖੁਦ ਮੁਖਤਾਰ ਭੀ ਹੈ ?
ਮੰਨਿਆ, ਹਿੰਦੀ ਸਭ ਮੂਰਖ ਨੇ, ਆਪੋ ਵਿਚ ਖਹਿ ਖਹਿ ਮਰਦੇ ਨੇ,
ਤੂੰ ਜਾਣ ਲਈ ਤਯਾਰ ਭੀ ਹੈਂ, ਏਹ ਫਿਰ ਭੀ ਮਿੰਨਤਾਂ ਕਰਦੇ ਨੇ,
ਤੇਰੇ ਬਿਨ ਘੜੀ ਨਾ ਲੰਘੇਗੀ, ਖਾਨਾਜੰਗੀ ਤੋਂ ਡਰਦੇ ਨੇਂ,
ਤੂੰ ਅਮਨ ਦਾ ਨੇਕ ਫਰਿਸ਼ਤਾ ਹੈਂ, ਰੋ ਰੋ ਕੇ ਪਲਾ ਫੜਦੇ ਨੇਂ,
ਇਹ ਦੱਸ ਕਿ ਜਾਲ ਤਣੇ ਹੋਏ ਵਿਚ,
ਕੋਈ ਰਹਿ ਗਈ ਸਾਬਤ ਤਾਰ ਵੀ ਹੈ ?
ਮੰਨਿਆ ਇਤਫਾਕ ਸਿਖੌਣ ਲਈ, ਨਿਤ ਦੇਂਦਾ ਫਿਰੇਂ ਦੁਹਾਈਆਂ ਤੂੰ,
ਖੁਸ਼ਹਾਲੀ ਤੇ ਆਜ਼ਾਦੀ ਲਈ, ਵਾਗਾਂ ਭੀ ਆਪ ਫੜਾਈਆਂ ਤੂੰ,
ਸਭ ਲੋਕ ਰਾਜ ਦੀਆਂ ਅਸਕੀਮਾਂ, ਘਰ ਆ ਆ ਕੇ ਬਣਵਾਈਆਂ ਤੂੰ,
ਥਾਂ ਥਾਂ ਪਰਚਾਰਕ ਘਲ ਘਲ ਕੇ, ਘਰ ਘਰ ਖਬਰਾਂ ਪਹੁੰਚਾਈਆਂ ਤੂੰ,
ਇਹ ਦੱਸ ਕਿ ਤੇਰੀਆਂ ਗੱਲਾਂ ਦਾ,
ਦੁਨੀਆਂ ਨੂੰ ਕੁਝ ਇਤਬਾਰ ਭੀ ਹੈ ?

ਮਿਠੀ ਜ਼ਬਾਨ ਤੇਰੀ

ਜਾਗ ਪਏ ਨਸੀਬ ਪੰਜਾਬ ਤੇਰੇ,
ਮੁਸ਼ਕਲ ਹੋ ਗਈ ਅੱਜ ਆਸਾਨ ਤੇਰੀ
ਸਾੜ-ਸਤੀ[1] ਨਿਕਲੀ ਅਧੋਗਤੀ ਵਾਲੀ,
ਸਾਵਧਾਨ ਹੋ ਗਈ ਸੰਤਾਨ ਤੇਰੀ।
ਬੂਟਾ ਆਸ ਦਾ ਟਹਿਕਿਆ ਪਈ ਡੋਡੀ,
ਗੋਡੀ ਜਦੋਂ ਕੀਤੀ ਬਾਗਬਾਨ ਤੇਰੀ,
ਤੇਰੇ ਅੱਖ ਦੇ ਤਾਰਿਆਂ ਅੱਖ ਪੱਟੀ,
ਲੱਗੀ ਦੁਖਾਂ ਤੋਂ ਹੋਣ ਕਲਿਆਨ ਤੇਰੀ।
ਖੂੰਜੇ ਪਈ ਹੋਈ ਸੀ ਜ਼ਬਾਨ ਤੇਰੀ,
ਮੱਧਮ ਪਾਈ ਹੈ ਏਸ ਨੇ ਸ਼ਾਨ ਤੇਰੀ।
ਲਾਲਾਂ ਹੀਰਿਆਂ ਦੀ ਭਰੀ ਖਾਨ ਤੇਰੀ,
ਦੋ ਕਰੋੜ ਜੀਵੇ ਜਿੰਦ ਜਾਨ ਤੇਰੀ।
ਹਾਮੀ ਭਰਨ ਵਾਲੇ, ਟਹਿਲਾਂ ਕਰਨ ਵਾਲੇ,
ਐਸਾ ਸਿੱਖ ਹਿੰਦੂ ਮੁਸਲਮਾਨ ਤੇਰੀ,

1. ਸ਼ਨੀ ਗ੍ਰਹਿ ਦੀ ਦੁੱਖਦਾਇਕ ਦਸ਼ਾ ਜੋ ਸਾਢੇ ਸੱਤ ਵਰ੍ਹੇ ਰਹਿੰਦੀ ਹੈ (ਕੁਝ ਲੋਕਾਂ ਦੇ ਖ਼ਿਆਲ ਅਨੁਸਾਰ ਦੁਖਦਾਈ ਦਸ਼ਾ)।

ਨਿਤਰ ਪਏ ਨੇ ਸੂਰਮੇ ਸ਼ੇਰ ਤੇਰੇ,
ਗੁਡੀ ਚੜ੍ਹੇਗੀ ਹੁਣ ਆਸਮਾਨ ਤੇਰੀ।
ਚਮਕ ਪਿਆ ਸਾਹਿਤ ਦਾ ਜਦੋਂ ਸੂਰਜ,
ਸ਼ੋਭਾ ਕਰੇਗਾ ਸਾਰਾ ਜਹਾਨ ਤੇਰੀ।
ਤੇਰੀਆਂ ਦੌਲਤਾਂ ਦੱਬੀਆਂ ਲੱਭੀਆਂ ਜਾਂ,
ਲੈਸਨ ਪਰਖ ਕੀਮਤ ਕਦਰਦਾਨ ਤੇਰੀ।
ਗੂੰਜ ਪਏਗਾ ਹਿੰਦੋਸਤਾਨ ਸਾਰਾ,
ਉਠੀ ਬੰਸਰੀ ਦੀ ਜਦੋਂ ਤਾਨ ਤੇਰੀ,
ਤੈਨੂੰ ਰੱਬ ਬਖਸ਼ੀ ਏਹ ਤਾਰੀਫ ਚਾਤ੍ਰਿਕ,
ਸਾਦੀ ਸਰਲ ਤੇ ਮਿੱਠੀ ਜ਼ਬਾਨ ਤੇਰੀ।

ਦੇਸ਼ ਕਲੰਕੀ

ਜਿਸ ਆਪਣੇ ਬਲ ਨੂੰ ਲੋਭ ਵਾਸਤੇ ਆਪਣੇ ਹੱਥੀਂ ਚੂਰ ਕੀਆ,
ਜਿਸ ਦੇਸ਼ ਘਾਤਕੀ ਚਾਲ ਖੇਡ ਜਗ ਵਿਚ ਇਸ ਨੂੰ ਮਸ਼ਹੂਰ ਕੀਆ,
ਕਰਤਾਰ ! ਉਸ ਜ਼ਹਿਰ ਦੀ ਗੰਦਲ ਨੂੰ,
ਇਸ ਦੇਸ਼ ਦੇ ਵਿਚ ਉਗਾਯਾ ਹੀ ਕਿਯੋਂ?

ਸਵੈਯਾ

ਦੇਸ਼ ਉਜਾੜ, ਲੈ ਸੋਨੇ ਦੇ ਭਾਰ, ਓ ਪਾਪੀ ਜਦੋਂ ਘਰ ਆਪਣੇ ਆਯਾ,
ਤਾਂ ਮਾਤਾ ਨੇ ਦੇਖ ਦੁਖੀ ਅਤਿ ਹੋਇਕੇ, ਪੁਤਰ ਨੂੰ ਗੁਸੇ ਦੇ ਨਾਲ ਅਲਾਯਾ[1],
ਵੇ ਪਾਪ ਦੇ ਪਿੰਡ ! ਤੂੰ ਮਾਤ ਦੀ ਕੁਖ ਨੂੰ ਧ੍ਰੋਹ ਕਮਾਇਕੇ ਦਾਗ ਲਗਾਯਾ,
ਹਟ ਪਿਛੇ, ਮੇਰੇ ਮਥੇ ਨਾ ਲੱਗ, ਤੈਨੂੰ ਜੀਉਂਦੇ ਨੂੰ ਪ੍ਰਭੂ ਕਯੋਂ ਦਿਖਾਯਾ ?
ਏ ਆਖਦੀ ਆਖਦੀ ਕ੍ਰੋਧ ਦੇ ਨਾਲ, ਹੋ ਲਾਲ ਫੜੀ ਇਕ ਤੇਜ਼ ਕਟਾਰੀ,
ਤੇ ਦੇਸ਼ ਦੇ ਘਾਤੀ ਦੇ ਜੰਮਣ ਵਾਲੀ, ਜਗ੍ਹਾ ਵਿਚ ਜੋਰ ਦੀ ਖਿਚਕੇ ਮਾਰੀ।
ਇਹ ਦੇਸ਼ ਕਲੰਕ ਦੀ ਜੰਮਣ ਭੂਮਿ, ਮੈਂ ਮਾਰ ਕਟਾਰ ਜਹਾਨੋਂ ਨਿਵਾਰੀ।
ਇਹ ਆਖਦੀ ਪੁਤ੍ਰ ਮੁਕਾਲੇ ਦੇ ਹੱਥੋਂ, ਓ ਬੁਢੀ ਮਾਈ ਪਰਲੋਕ ਸਿਧਾਰੀ,

ਸੋਰਠਾ

ਇਕ ਦੇ ਸਾਹਸ ਨਾਲ ਵੈਰੀ ਦਾ ਦਲ ਰੁਕ ਗਿਆ।
ਇਕ ਦੀ ਘਾਤਕ ਚਾਲ ਰਾਜ ਭਾਗ ਸਭ ਲੈ ਗਈ।

---

1. ਕਿਹਾ।

ਮਾਣ ਪਤ੍ਰ

ਮਾਨਯੋਗ ਪਿਆਰੇ, ਕਵਿਕੁਲਤਿਲਕ, ਸਰਦਾਰ ਮੁਨਸ਼ਾ ਸਿੰਘ ਜੀ,
"ਦੁਖੀ" ਐਡੀਟਰ ਕਵੀ ਅਤੇ ਪ੍ਰਧਾਨ ਕਵੀ ਕੁਟੀਆ ਕਲਕੱਤਾ
ਜੋਗ ਉਨ੍ਹਾਂ ਦੇ 18-10-29 ਨੂੰ ਅੰਮ੍ਰਿਤਸਰ ਪਧਾਰਨ ਪੁਰ
ਕਵੀ ਮੰਡਲ ਅੰਮ੍ਰਿਤਸਰ ਵਲੋਂ ਮਾਣ ਪੱਤ੍ਰ

ਸੀਤਲ, ਸੁਗੰਧ, ਮੰਦ ਪੁਰੇ ਵਲੋਂ ਪੌਣ ਤੁਰੀ,
ਖਿਜਾਂ ਤੇ ਬਹਾਰ ਦੀ ਪਸਾਰੀ ਜਿਨ ਮਾਇਆ ਹੈ।
ਡੋਡੀਆਂ ਨੇ ਘੁੰਡ ਚੁਕ, ਰੂਪ ਦੇ ਲਗਾਏ ਢੇਰ,
ਮਹਿਕ ਦਾ ਖਜ਼ਾਨਾ, ਹੋ ਹੋ ਖੀਵੀਆਂ ਲੁਟਾਇਆ ਹੈ।
ਟਾਹਣੀਆਂ, ਸੁਆਣੀਆਂ ਦੇ ਵਾਂਗ, ਭਾਰ ਗੌਰ ਨਾਲ,
ਝੁਕ ਝੁਕ, ਝੂਮ ਝੂਮ, ਧੌਣਾਂ ਨੂੰ ਨਿਵਾਯਾ ਹੈ।
ਕਾਵਯ-ਫੁਲਵਾੜੀ ਨੇ ਇਲਾਹੀ ਰੰਗ ਪਾਇਆ,
ਅਜ ਸੌਕ ਵਾਲਾ ਬਾਗਵਾਨ ਦੂਰੋਂ ਕੋਈ ਆਇਆ ਹੈ।
ਬਾਗਵਾਨ ਪਯਾਰਾ, ਸਾਡੇ ਸੁਖਾਂ ਦਾ ਸਹਾਰਾ 'ਦੁਖੀ',
ਚਮਕਦਾ ਸਤਾਰਾ, ਏ ਪੰਜਾਬ ਦਾ ਦੁਲਾਰਾ ਹੈ।
ਪ੍ਰੇਮ ਦਾ ਪਟਾਰਾ ਤੇ ਸਾਹਿਤ ਦਾ ਭੰਡਾਰਾ ਭਾਰਾ,
ਕਾਵਯ-ਰਸ ਖੋਜੀਆ ਦਾ ਚਾਨਣਾ-ਮੁਨਾਰਾ ਹੈ।
ਜੜ੍ਹਾਂ ਨੇ ਪੰਜਾਬ ਤੇ ਬੰਗਾਲ ਵਿਚ ਫੁਲ ਖਿੜੇ,
ਕਾਲਜੇ ਦੀ ਬੋਟੀ, ਕੇਹੜਾ ਮੱਲਿਆ ਕਿਨਾਰਾ ਹੈ।
ਭਾਗ ਦੀ ਭੁਆਟਣੀ ਨੇ ਅੱਖੀਆਂ ਨਖੇੜ ਲਈਆਂ,
ਦੇਸ਼ ਪ੍ਰੇਮ ਬੱਧਾ, ਸਾਥੋਂ ਹੋ ਗਿਆ ਨਿਆਰਾ ਹੈ।
ਪ੍ਰੇਮ ਦੀਆਂ ਰਾਗੀਆ, ਵਿਰਾਗੀਆ ਤਿਆਗੀਆ,
ਤੂੰ ਆਪਣੀ ਸਤਾਰ, ਜਿਥੇ ਬੈਠਾ ਹੈਂ ਵਜਾਈ ਜਾ।
ਕਾਵਯ ਨੂੰ ਸਜਾਈ ਜਾ, ਖਿੰਡਾਈ ਜਾਂ ਸਾਹਿਤ-ਬਾਗ,
ਕੁਟੀਆ ਵਸਾਈ ਜਾ ਤੇ ਕਵੀ ਨੂੰ ਚਲਾਈ ਜਾ।
ਪ੍ਰੇਮ ਦੇ ਪਿਆਲੇ ਭਰ ਭਰ ਕੇ ਪਿਆਈ ਜਾ,
ਕਲੇਜ਼ੇ ਧੂਹਾਂ ਪਾਈ ਜਾ, ਰੁਆਈ ਜਾ, ਹਸਾਈ ਜਾ।
ਦਿਲਾਂ ਵਿਚ ਵੱਸ, ਭਾਵੇਂ ਅੱਖੀਆਂ ਤੇ ਲੇਟ,
ਪਰ ਸੁਖ ਦਾ ਸੁਨੇਹਾ ਸਾਨੂੰ ਚਾਤ੍ਰਿਕ ਪੁਚਾਈ ਜਾ।

ਇਲਾਹੀ ਜਗ

(ਪਹਿਲੀ ਪੰਜਾਬੀ ਕਾਨਫ੍ਰੰਸ 23 ਅਕਤੂਬਰ ਸੰਨ 1927 ਦੇ
ਸੱਦੇਪਤ੍ਰ ਲਈ ਇਹ ਕਬਿਤ ਲਿਖਿਆ ਗਿਆ।)

ਕਾਲਰਾ[1] ਦੀ ਬੇਗਮੀ[2] ਤੇ ਮਾਲਵੇ ਤੋਂ ਸੂਜੀ ਆਈ,

1. ਇਕ ਇਲਾਕਾ ਜਿਥੇ ਚੌਲ ਬਹੁਤ ਹੁੰਦੇ ਸਨ। 2. ਚੌਲਾਂ ਦੀ ਇਕ ਕਿਸਮ।

ਘਿਉ ਆਯਾ ਬਾਰੋਂ, ਦੁਧ ਮਾਝੇ ਦਾ ਚੁਆਇਆ ਹੈ।
ਡੂਗਰ[1] ਦੀ ਮਾਖਿਉਂ, ਦੁਆਬੇ ਵਿਚੋਂ ਆਇਆ ਗੁੜ,
ਰਸਾ ਮੁਲਤਾਨ ਦੀ ਖਜੂਰ ਦਾ ਚੁਆਇਆ ਹੈ।
ਅਤ੍ਰ ਸਾਰੇ ਦੇਸ਼ ਦੇ ਦਿਮਾਗ ਦਾ ਨਚੋੜ ਜੋੜ
ਛਾਂਦਾ[2] ਮੋਹਣਭੋਗ ਦਾ ਤਿਆਰ ਕਰਵਾਇਆ ਹੈ।
ਆਓ ਛਕ ਜਾਓ ਭੋਗ ਆਤਮਾ ਦਾ ਕਾਵਯ ਰਸ,
ਪਿਆਰੀ ਮਾਤ ਬੋਲੀ ਨੇ ਇਲਾਹੀ ਜਗ ਲਾਇਆ ਹੈ।

ਬਹਾਰ ਤੇ ਮਾਤ ਬੋਲੀ

ਮੁਰਦਾ ਦਿਲਾਂ ਨੂੰ ਤੜਫਣੀ ਲਾ ਦਿੱਤੀ, ਜੜੀਆਂ[3] ਏਸ ਬਹਾਰ ਨੇ ਪਾ ਕੇ ਤੇ,
ਵੇਖ ਸਿਹਰਿਆਂ ਲੱਦਿਆ ਬਾਗ ਲਾੜਾ, ਗਾਏ ਸੋਹਿਲੇ ਬੁਲਬੁਲਾਂ ਆ ਕੇ ਤੇ,
ਲਾਲੀ ਭਖੀ ਗੁਲਾਬ ਦੇ ਮੁਖੜੇ ਤੇ, ਹੱਸੀ ਕਲੀ ਜਦ ਘੁੰਡ ਸਰਕਾ ਕੇ ਤੇ,
ਸੋਸਨ ਆਖਿਆ ਨਰਗਸੇ ਤੱਕ ਐਧਰ, ਲਾਲੇ ਹਿਕ ਲੂਹੀ ਘਰ ਲੁਟਾ ਕੇ ਤੇ,
ਮਾਘਾਂ ਮਾਰਕੇ ਪੱਤਰਾਂ ਵੇਲ ਮੰਗੀ, ਚੁਕ ਚੁਕ ਧੌਣ ਨੂੰ ਸਰੂ ਪਏ ਝਾਕਦੇ ਨੇ,
ਵੇਖ ਅੰਬ ਤੇ ਬੂਰ ਦੇ ਲਡੂਆਂ ਨੂੰ, ਬੁਢ ਤੋਤੇ ਵੀ ਅਜ ਪਟਾਕਦੇ ਨੇ।
ਜੰਮੇ ਲਹੂ ਪਾਣੀ ਪਾਣੀ ਹੋ ਗਏ ਨੇ, ਇਹ ਬਹਾਰ ਨੂੰ ਹੀ ਸ਼ਰਫ[4] ਸਾਰੀਆਂ ਨੇ,
ਸਾਰੀ ਉਮਰ ਸੰਭਾਲ ਕੇ ਗੰਢ ਰੱਖੀ, ਦਾਊ ਖਾ ਲਿਆ ਨਵੇਂ ਜੁਆਰੀਆਂ ਨੇ,
ਮਾਰੀ ਹੱਟ ਤੇ ਚੌੜ ਚੁਪੱਟ ਹੋਏ, ਪਾਈ ਛਟ ਐਸੀ ਚਾਰ ਯਾਰੀਆਂ ਨੇ,
ਕੰਢੇ ਬੈਠ ਥਰ ਥਰ ਹਰ ਹਰ ਕਰਨ ਵਾਲੇ, ਲੈਂਦੇ ਅੱਜ ਝਨਾਂ ਦੀਆਂ ਤਾਰੀਆਂ ਨੇ।
ਐਵੇਂ ਹਸਦਿਆਂ ਹਸਦਿਆਂ ਫਸ ਗਏ ਹਾਂ, ਏਨ੍ਹਾਂ ਮੁਹਸਨਾਂ[5] ਨੇ ਅੱਡੇ ਲਾ ਲਿਆ।
ਇੰਦਰਜਾਲ ਤਣ ਕੇ ਬਜ਼ਮੇ-ਅਦਬ[6] ਵਾਲਾ, ਫੜਕੇ ਚਾਤ੍ਰਿਕ ਪਿੰਜਰੇ ਪਾ ਲਿਆ।
ਸੁਖਨਵਰਾ[7] ਦੇ ਦਰਾਂ ਤੇ ਰੁਲਣ ਵਾਲਾ, ਸ਼ਿਅਰ ਸੁਖਨ[8] ਦੀਆਂ ਤਾਰੀਆਂ ਤਰਾਂ ਕਿਵੇਂ,
ਢਿਡ ਬਾਦਿ-ਨਸੀਮ[9] ਦੇ ਚਾਖੂਆਂ ਦਾ, ਲਾ ਕੇ ਜਟਕੀਆਂ ਕਟਕੀਆਂ ਭਰਾਂ ਕਿਵੇਂ,
ਕੁਝ ਜਬਾਨ ਖਰਵੀ, ਕੁਝ ਮੈਂ ਆਪ ਅਲ੍ਹੜ, ਤਾਰੇ ਤੋੜ ਅਸਮਾਨ ਦੇ ਧਰਾਂ ਕਿਵੇਂ ?
ਜਿਹੜੀ ਮਾਂ ਦੇ ਪੁਤ ਮਤਰੇਈ ਸਾਂਭੇ, ਉੱਚੀ ਓਸ ਪੰਜਾਬੀ ਨੂੰ ਕਰਾਂ ਕਿਵੇਂ ?
ਹੱਛਾ, ਸੁਖ ਜੇ ਸਰੇ ਸੋ ਕਰੋ ਹਾਜ਼ਰ, ਸ਼ਾਇਦ ਏਸਦੀ ਉਧੜੀ ਉਣੀ ਜਾਵੇ।
ਡੁਲ੍ਹੇ ਬੇਰਾਂ ਦਾ ਅਜੇ ਕੀ ਵਿਗੜਿਆ ਹੈ ? ਬਾਰੀਂ ਵਰ੍ਹੀਂ ਜੇ ਰੂੜੀ ਦੀ ਸੁਣੀ ਜਾਵੇ।
ਮੇਰੀ ਮਾਤ ਬੋਲੀ ! ਬਖਸ਼ ਲਈਂ ਮੈਨੂੰ, ਮੈਂ ਤਾਂ ਤੇਰਾ ਹੀ ਆਸਰਾ ਤਕਿਆ ਹੈ,
ਗੈਰ ਜਾਣ ਜਿਸ ਨੂੰ ਲੋਕਾਂ ਛੇਕ ਛਡਿਆ, ਮੈਂ ਉਹ ਜੀਉਣ ਬੂਟੀ ਕਰਕੇ ਫਕਿਆ ਹੈ।
ਤੇਰੇ ਵਹਿਣ ਅੰਦਰ ਧੌਲੇ ਭੰਡਣੋਂ ਵੀ, ਚਿਤ ਜ਼ਰਾ ਨਹੀਂ ਪਰ੍ਹੇ ਵਿਚ ਝਕਿਆ ਹੈ।

---

1. ਪਹਾੜੀ ਇਲਾਕੇ। 2. ਭਜਨ, ਪ੍ਰਸ਼ਾਦ, ਹਿਸਾ। 3. ਤਾੜੀ ਜਾਂ ਜਾਦੂ-ਬੂਟੀ ਜੋ ਮੱਤ ਮਾਰ ਦੇਂਦੀ ਮੰਨੀ ਜਾਂਦੀ ਹੈ। 4. ਵਡਿਆਈਆਂ। 5. ਅਹਿਸਾਨ ਕਰਨ ਵਾਲੇ। 6. ਸਾਹਿਤ-ਮੰਡਲੀ। 7. ਲਿਖਣ ਜਾਂ ਬੋਲਣ ਵਾਲੇ। 8. ਬੋਲ। 9. ਸਵੇਰ ਸਾਰ ਦੀ ਹਵਾ।

ਸ਼ਾਇਦ ਪੰਘਰੇ ਲਹੂ ਨਿਰਮੋਹੀਆਂ ਦਾ, ਜਿਨ੍ਹਾਂ ਮੁਦਤਾਂ ਤੋਂ ਤੈਨੂੰ ਧੱਕਿਆ ਹੈ।
ਲੋਕੋ ਸੁਣ ਲਓ ! ਮਾਂ ਜੇ ਚਾਤ੍ਰਿਕ ਦੀ, ਜਿਹੜੀ ਰਾਣੀਓਂ ਅੱਜ ਬਣ ਗਈ ਗੋਲੀ।
ਮੇਰੀ ਮਾਤ ਬੋਲੀ, ਮੇਰੀ ਮਾਤ ਬੋਲੀ, ਮੇਰੀ ਮਾਤ ਬੋਲੀ, ਮੇਰੀ ਮਾਤ ਬੋਲੀ।

ਗੁਲਾਮ

ਅੱਖੀਆਂ ਉੜ੍ਹੇ ਬੰਨ੍ਹ ਕੇ ਪੱਟੀਆਂ, ਅਰਬਾਂ ਖਰਬਾਂ ਮਜ਼ਲਾਂ ਕੱਟੀਆਂ।
ਲਾਲ ਵਾਂਗਰ ਗੇੜੇ ਲਾਏ, ਭਲਾ ਟਿਕਾਣਾ ਹੁਣ ਮਿਲ ਜਾਏ।
ਨਾ ਹੋਈ ਪਰ ਮਜ਼ਲ ਤਮਾਮ, ਤਲੀਆਂ ਮਲ ਮਲ ਝੁਰੇ ਗੁਲਾਮ।
ਪੁੰਨ ਪਾਪ ਆਪਣੇ ਸਿਰ ਪਾਏ, ਫੂਕ ਫੂਕ ਕੇ ਪੈਰ ਟਿਕਾਏ।
ਹਰ ਇਕ ਜ਼ਿਮੇਵਾਰੀ ਝਲੀ, ਪਲੇ ਪਈ ਨਾ ਫੇਰ ਤਸੱਲੀ।
ਹੋ ਗਈ ਨੀਂਦਰ ਭੁਖ ਹਰਾਮ, ਤਲੀਆਂ ਮਲ ਮਲ ਝੁਰੇ ਗੁਲਾਮ।
ਆਪ ਤੇ ਹੋਏ ਨਾਤੇ ਘੋੜੇ, ਹੱਥ ਵਿਚ ਗੋਲੀ ਦਾਰੂ ਤੋੜੇ।
ਮਰਜ਼ੀ ਨਾਲ ਡੋਲ੍ਹਣਾ ਭਰਨਾ ਜੋ ਕੁਝ ਕਰਨਾ ਆਪੇ ਕਰਨਾ।
ਫਿਰ ਵੀ ਮੇਰਾ ਹੀ ਨਾ ਬਦਨਾਮ ਤਲੀਆਂ ਮਲ ਮਲ ਝੁਰੇ ਗੁਲਾਮ।
ਦੁਨੀਆਂ ਤੇ ਇਨਸਾਫ਼ ਨਹੀਂ ਹੈ, ਯਾ ਉਧਰੋਂ ਦਿਲ ਸਾਫ਼ ਨਹੀਂ ਹੈ।
ਪੁਤਲੀ ਤਾਰ ਦੇ ਨਾਲ ਨਚਾਣੀ, ਫਿਰ ਵੀ ਧੌਂਸ ਜਮਾਈ ਜਾਣੀ।
ਮੇਰੇ ਈ ਸਿਰ ਤੇ ਹਰ ਇਲਜ਼ਾਮ, ਤਲੀਆਂ ਮਲ ਝੁਰੇ ਗੁਲਾਮ।
ਹੱਥ ਕੜੀਆਂ ਤੇ ਬੇੜੀਆਂ ਪਾਈ, ਫਿਰਨਾ ਸ਼ਹਿਰੋਂ ਸ਼ਹਿਰ ਭਵਾਈ।
ਫਿਰ ਆਜ਼ਾਦੀ ਦਾ ਨਾ ਧਰਨਾ, ਪਰ ਵਸ ਨਾਲ ਮਸ਼ਖਰੀ ਕਰਨਾ।
ਏਸ ਨਿਆਂ ਨੂੰ ਸੱਤ ਸਲਾਮ, ਤਲੀਆਂ ਮਲ ਮਲ ਝੁਰੇ ਗੁਲਾਮ।

ਰੰਗਤ ਲਿਆਇਆ

ਰੰਗਤ ਲਿਆਇਆ ਸਬਰ ਤੇਰਾ, ਜੁਗ ਨਵਾਂ ਪਲਟਾਇਆ।
ਖਿੜਕੀ ਤੇਰੀ ਨੂੰ, ਵਾ ਨੇ ਧੱਕਾ ਮਾਰ ਕੇ ਬਿਸਕਾਇਆ।
ਪਹੁ ਪੰਧ ਹੋ ਗਏ ਮੋਕਲੇ, ਹੁਣ, ਬਹਿ ਕੇ ਖੰਭ ਸੁਆਰ ਲੈ।
ਫ਼ੁਲਾਂ ਦੇ ਗਲ ਮਿਲ ਚਹਿਕ ਲੈ, ਅਰਸ਼ੀ ਉਡਾਰੀਆਂ ਮਾਰ ਲੈ।
ਗਾ ਗਾ ਕੇ ਗੀਤ ਸੁਹਾਉਣੇ, ਗੁੰਜਾਰ ਦੇ ਸੰਸਾਰ ਨੂੰ,
ਬਾਹਰ ਨਿਕਲ ਕੇ ਵਲਗਣੋਂ, ਜੀਵਾ ਲੈ ਸਵੈ—ਸਤਕਾਰ ਨੂੰ,
ਪਰ ਬੋਲ ਬੋਲੀ ਓਪਰੀ ਵੱਟਾ ਨਾ ਲਾਵੀਂ ਸ਼ਾਨ ਨੂੰ,
ਪੰਜਾਬ ਦੀ ਰਾਣੀ ਰਹੀਂ, ਵਿਸਰੀਂ ਨਾ ਹਿੰਦੁਸਤਾਨ ਨੂੰ।

ਪਿੰਜਰੇ ਵਿਚ ਜਦ ਦੀ ਤੜੀ

ਫੁਲਾਂ ਦੀ ਸੌਕਣ ਬੁਲਬੁਲੇ, ਰੰਗ ਰਤੀਏ, ਮਤਵਾਲੀਏ।
ਬਹਿ ਬਹਿ ਕੇ ਲੁਸ ਲੁਸ ਕਰਦੀਆਂ ਲਗਰਾਂ ਤੇ ਝੂਮਣ ਵਾਲੀਏ।

ਜਜ਼ਬੇ ਤਿਰੇ ਕੋਮਲ ਜਿਹੇ, ਸੂਰਤ ਤਿਰੀ ਭੋਲੀ ਜਿਹੀ,
ਪਿਆਰਾਂ ਦਾ ਸੋਮਾ ਦਿਲ ਤਿਰਾ, ਦਰਦਾਂ ਭਰੀ ਬੋਲੀ ਤਿਰੀ।
ਜੁਗਰੇ ਗੁਜ਼ਰ ਗਏ ਗਾਵਿਆਂ, ਪਿੰਜਰੇ ਦੇ ਵਿਚ ਜਦ ਜਦ ਦੀ ਤੜੀ।
ਉਡ ਉਡ ਖੁਲ੍ਹੇ ਅਸਮਾਨ ਵਿਚ, ਆਈ ਨਾ ਚਹਿਕਣ ਦੀ ਘੜੀ।
ਲਾ ਲਾ ਕੇ ਟਕਰਾਂ ਤੀਲੀਆਂ ਨੂੰ, ਸਿਰ ਤੂੰ ਆਪਣਾ ਖੋਹ ਲਿਆ,
ਥਾਂ ਥਾਂ ਖਰੀਂਡ ਨੇ ਜਮ ਗਏ, ਐਨਾ ਲਹੂ ਤੂੰ ਡੋਲ੍ਹਿਆ।

ਹਾਂ, ਦੇਸ਼ ਦੀ ਕੰਗਾਲੀ

ਹਾਂ, ਦੇਸ਼ ਦੀ ਕੰਗਾਲੀਏ, ਭੈੜੀ ਮੁਕਾਲੀਏ।
ਸੰਸਾਰ ਦੀਏ ਧੱਕੀਏ, ਮਹੁਰੇ ਦੀ ਡਾਲੀਏ।
ਇਸ ਦੇਸ਼ ਨੂੰ ਕੰਗਾਲ ਕਰ ਦਿਖਾਣ ਵਾਲੀਏ।
ਆਚਰਨ ਹਿੰਦੀਆਂ ਦਾ ਨਿਗਲ ਜਾਣ ਵਾਲੀਏ।
ਆ ਸਾਹਮਣੇ ਰਤਾ ਕੁ ਤੇਰੇ ਵੈਣ ਪਾਵੀਏ।
ਤੇਰੇ ਪ੍ਰਤਾਪੀ ਹੋਣ ਦਾ ਮਾਤਮ ਮਨਾਵੀਏ॥੧॥
"ਸੋਨੇ ਦੀ ਚਿੜੀ" ਦੇਸ਼ ਦਾ ਸੀ ਨਾ ਮਸ਼ਹੂਰ।
"ਜਨਤ ਨਿਸ਼ਾਨ"[1] ਧੁੰਮਿਆਂ ਹੋਯਾ ਸੀ ਦੂਰ ਦੂਰ।
ਵਿਦਯਾ ਦਾ ਇਸ ਦੇਸ਼ ਫੈਲਿਆ ਸੀ ਨੂਰ।
ਏਸੇ ਦੇ ਯਸ਼ ਦਾ ਜਗਤ ਵਿਚ ਵਜ ਰਿਹਾ ਸੀ ਤੂਰ।
ਪਰ ਚਾਇ, ਇਸ ਦੇ ਭਾਗ, ਤੂੰ ਚੁੜੇਲ ਆ ਗਈ,
ਜਿਨੀ ਹਰਯੌਲ ਏਸਦੀ, ਸਾਰੀ ਸੁਕਾ ਗਈ॥੨॥
ਭਾਰਤ ਵਰਸ਼ ਸੀ ਧਰਮ ਤੇ ਆਚਰਨ ਦੀ ਨਿਧੀ,
ਨਾ ਪਾਪ, ਝੂਠ, ਕਪਟ, ਛਲ, ਸੀ ਜਾਣਦਾ ਕੋਈ,
ਆਚਰਨ, ਉਚ ਭਾਵ ਸਤਯਵਾਦ, ਨਯਾਇ ਸੀ,
ਵਿਵਹਾਰ ਤੇ ਅਹਾਰ ਸੁਧ ਕਰਨ ਦੀ ਰੁਚੀ।
ਇਖਲਾਕ ਦਾ ਸਮੁੰਦਰ ਏ ਹਿੰਦੋਸਤਾਨ ਸੀ,
ਦੁਨੀਆਂ ਤੇ ਏਸ ਦੇਸ਼ ਦਾ ਝੁਲਦਾ ਨਿਸ਼ਾਨ ਸੀ॥੩॥
ਸੀ ਹਰਿਸਚੰਦ੍ਰ[2] ਜੇਹਾ ਸਤਯਾਵਾਨ[3] ਦਾ ਵਿਹਾਰ,
ਪੰਡਤ ਸੇ ਕਾਲਿਦਾਸ[4] ਤੇ ਬਿਕ੍ਰਮ[5] ਜਿਹੇ ਉਦਾਰ।
ਦਮਯੰਤ[6] ਜਿਹਾ ਪਤੀ ਪ੍ਰੇਮ, ਭਰਤ[7] ਜਿਹਾ ਪਿਆਰ,

1. ਸੁਰਗਾਂ ਦੀ ਨਿਸ਼ਾਨੀ।
2. ਹਰਿਸ਼ ਚੰਦ੍ਰ ਸੂਰਜ ਵੰਸ ਦਾ ਅਠਾਈਵਾਂ ਰਾਜਾ, ਜੋ ਤ੍ਰਿਸ਼ੰਕੂ ਦਾ ਪੁਤ੍ਰ ਸੀ ਤੇ ਆਪਣੀ ਰਹਿਮਦਿਲੀ, ਨਿਆਏ ਤੇ ਸੰਤ ਸੁਭਾਉ ਲਈ ਮਸ਼ਹੂਰ ਸੀ। 3. ਸੰਸਕ੍ਰਿਤ ਦਾ ਮਹਾਨ ਕਵੀ ਜੋ ਪੰਜਵੀਂ ਸਦੀ ਵਿਚ ਹੋਇਆ ਮੰਨਿਆ ਜਾਂਦਾ ਹੈ।
4. ਵਿਕ੍ਰਮਾਦਿਤਯ ਜਿਸ 57 ਬੀ. ਸੀ. ਵਿਚ ਸੰਮਤ ਬਿਕ੍ਰਮੀ ਆਰੰਭਿਆ ਸੀ। 5. ਇਕ ਵੱਡਾ ਵਿਦਵਾਨ ਸੀ।
6. ਨਲ ਦਮਿਅੰਤੀ ਦੀ ਪ੍ਰਸਿੱਧ ਕਥਾ ਦੀ ਨਾਇਕਾ ਵਲ ਸੰਕੇਤ ਹੈ।
7. ਰਾਜਾ ਦਸਰਥ ਦਾ ਪੁੱਤਰ ਸ੍ਰੀ ਰਾਮ ਚੰਦ੍ਰ ਜੀ ਦਾ ਭਾਈ ਜੋ ਕੇਕਈ ਦੀ ਕੁਖੋਂ ਜਨਮਿਆ ਸੀ।

ਸੀਤਾ ਜਿਹਾ ਸੀ ਸਤਯ ਧਰਮ ਨਾਰੀਆਂ ਮਝਾਰ,
ਅਰਜਨ ਜਿਹੇ ਸੀ ਬੀਰ ਤੇ ਲਛਮਨ ਜਿਹੇ ਭਰਾ,
ਪੁਤਰ ਸੀ ਰਾਮ ਚੰਦ੍ਰ ਜਿਹੇ ਦੇਸ਼ ਉਗਲਦਾ॥੪॥
ਕੰਗਾਲੀਏ, ਤੂੰ ਦੇਸ਼ ਦੇ ਹੀਰੇ ਛੁਪਾ ਲਏ,
ਕੰਗਾਲ ਕਰਕੇ, ਦੇਸ਼ ਹਿਤੈਸ਼ੀ ਮੁਕਾ ਦਏ।
ਧਰਮੀ ਤੇ ਉਚ ਭਾਵ ਦੇ ਸੋਮੇ ਨਹੀਂ ਰਹੇ,
ਨਾ ਦੇਸ਼ ਤੋਂ ਕੁਰਬਾਨ ਹੋਣ ਹਾਰ ਰਹਿ ਗਏ।
ਜਦ ਦਾ ਹੈ ਡੈਣ, ਪੈਰ ਤੇਰਾ ਆਣ ਕੇ ਪਿਆ।
ਆਚਰਣ ਤੇ ਭਰਾਤ੍ਰਿ ਭਾਵ ਲੋਪ ਹੋ ਗਿਆ॥੫॥
ਹਿੰਦੋਸਤਾਨ, ਖਾਣ ਜੋ ਪਵਿਤ੍ਰਤਾ ਦੀ ਸੀ,
ਅਪਵਿਤ੍ਰ ਕੁਖ ਉਸਦੀ ਹੈ ਅਜ ਹੋ ਰਹੀ।
ਕਰਕੇ ਬਪਾਰ ਤੇਰੇ ਨਾਲ ਲਾਜ ਲੁਟ ਗਈ।
ਉਚੀ ਜੋ ਉਸਦੀ ਜਾਨ ਸੀ ਐਸੀ ਹੈ ਗਿਰ ਗਈ।
ਹਰ ਥਾਂ ਤੇ ਉਸਦੇ ਪੁਤ੍ਰ ਨੇ ਬਦਨਾਮ ਹੋ ਰਹੇ,
ਮਜ਼ਦੂਰ ਅਤੇ ਕੁਲੀ, ਹੈਨ ਨਾਮ ਹੋ ਰਹੇ॥੬॥
ਵਾਂਜੇ ਗਏ ਓ ਉਚ ਵਿਦਿਆ ਦੇ ਪਾਨ ਤੋਂ,
ਵਾਂਜੇ ਗਏ ਓ ਤੇਰੀ ਬਦੌਲਤ ਗਿਆਨ ਤੋਂ।
ਫੁਰਸਤ ਨਹੀਂ ਓ ਪਾਵੰਦੇ ਟੁਕੜਾ ਕਮਾਨ ਤੋਂ,
ਨਿਰਬਲ ਨੇ "ਯੋਗ" ਅਰ "ਅਯੋਗ" ਦੀ ਪਛਾਨ ਤੋਂ।
ਇਸ ਪੇਟ ਦੇ ਤੰਦੂਰ ਨੇ ਐਸਾ ਸਤਾਇਆ,
ਨਹੀਂ ਪਛਾਣ ਸਕਦੇ ਆਪਣਾ ਪਰਾਇਆ॥੭॥
ਭੈੜੇ ਤੋਂ ਭੈੜੇ ਕੰਮ ਦੇ ਕਰਨੋਂ ਨਾ ਝਕਦੇ,
ਭੁਲੇ ਨੇ ਫਰਕ ਕਰਨ ਤੋਂ ਹੱਕ ਨਿਹੱਕਦੇ,
ਪਰ ਕੀ ਕਰਨ ਕਿ ਦੀਨ ਓ ਰੁਕ ਭੀ ਨ ਸਕਦੇ,
ਆਪਣੀ ਨਾ ਮਿਲ ਸਕੇ ਤਾਂ ਪਰਾਈ ਨੂੰ ਤੱਕਦੇ।
ਮਨ ਹੋ ਰਹੇ ਮਲੀਨ ਤੇ ਤਨ ਹੋ ਰਹੇ ਛੀਨ[1],
ਉਚਾਂ ਤੋਂ ਨੀਚ ਹੋ ਗਏ ਕੰਗਾਲਤਾ ਅਧੀਨ॥੮॥
ਇਕ ਪੇਟ ਦੀ ਖਾਤਰ ਨੇ ਮੁਲਕ ਨੂੰ ਲੁਟਾ ਰਹੇ,
ਗੈਰਾਂ ਦੀ ਜੇਬ ਅਪਣਿਆਂ ਦਾ ਮਾਲ ਪਾ ਰਹੇ।
ਇਕ ਨੀਚ ਆਪਣੇ ਵੀਰ ਦੁਖਾਂ ਵਿਚ ਫਸਾ ਰਹੇ,
ਪੈਰਾਂ ਤੇ ਆਪਣੇ ਆਪ ਕੁਹਾੜੇ ਚਲਾ ਰਹੇ।
ਲੋਹੂ ਦੇ ਨਾਲ ਦੰਮ ਲੈਣ ਤੋਲ ਕੇ ਕਈ,
ਉਹ ਭਾਈਆਂ ਦੀ ਪ੍ਰੀਤ ਕਿਤੇ ਉਡ ਹੀ ਗਈ॥੯॥

1. ਕਮਜ਼ੋਰ।

ਕੰਗਾਲਤਾ ਦੇ ਅਧੀਨ ਕਈ ਚੋਰੀਆਂ ਕਰਨ,
ਡਾਕੇ ਅਨੇਕ ਮਾਰ, ਜੇਲ ਖਾਨਿਆਂ ਭਰਨ।
ਸਾਗਰ ਤੋਂ ਪਾਰ ਜਾ ਕੇ ਪਏ ਓਪਰੀ ਸ਼ਰਨ।
ਲੜ ਲੜ ਕੇ ਕਈ ਹੋਰਨਾਂ ਦੇ ਵਾਸਤੇ ਮਰਨ।
ਪੰਛੀ ਦੀ ਤਰ੍ਹਾਂ ਯਾਦੇ ਵਤਨ ਕਰ ਰਹੇ ਨੇ ਦੂਰ,
ਪਰ ਹਾਇ, ਕੁਝ ਨਾ ਕਰਨ ਦੇਇ ਪੇਟ ਦਾ ਤੰਦੂਰ॥੧੦॥
ਹੈ ਤਰਸ ਯੋਗ ਹਾਲ ਏ ਹਿੰਦੋਸਤਾਨ ਦਾ
ਇਤਬਾਰ ਕੋਈ ਨਾ ਕਰੇ ਉਸਦੀ ਸੰਤਾਨ ਦਾ।
ਉਸ ਨਾਲੋਂ ਮੋਹ ਟੁਟਿਆ ਸਾਰੇ ਜਹਾਨ ਦਾ।
ਬਦਨਾਮ ਹੋਯਾ ਨਾਮ ਉਦੀ ਵਡੀ ਸ਼ਾਨ ਦਾ।
ਇਫਲਾਸ[1], ਤੇਰੇ ਚੰਦਰੇ ਪੈਰੇ ਦਾ ਰੰਗ ਹੈ,
ਹਿੰਦੋਸਤਾਨ ਹੋ ਰਿਹਾ ਟੁਕੜੇ ਤੋਂ ਤੰਗ ਹੈ॥੧੧॥
ਲਖਾਂ ਪਿਆਰੀ ਜਿੰਦੜੀਆਂ ਕਾਲ ਮਾਰੀਆਂ,
ਭੁਖਾਂ ਨੇ ਮੌਤ ਘਾਟ ਤੋਂ ਬਾਹਰ ਉਤਾਰੀਆਂ।
ਬੀਸੋਂ ਅਸਾਧ ਰੋਗ ਚਲਾਵਨ ਕਟਾਰੀਆਂ,
ਸਮਰਥ ਨਹੀਂ, ਕਰਨ ਕੀ ਬੀਮਾਰਦਾਰੀਆਂ।
ਬਧਾ ਹੈ ਐਸਾ ਜੁੜ ਕੇ ਤੂੰ ਦੇਸ਼ ਨੂੰ, ਇਫਲਾਸ[2]।
ਬਚਣੇ ਦੀ ਕਿਸੇ ਪਾਸਿਓਂ ਬਾਕੀ ਰਹੀ ਨਾ ਆਸ॥੧੨॥
ਕੰਗਾਲੀਏ, ਮੁਕਾਲੀਏ, ਸੰਸਾਰ ਦੀ ਧਤਕਾਰ,
ਪੈਂਦੀ ਨੂੰ ਤੈਨੂੰ ਹਿੰਦ ਦੇਸ਼ ਨੇ ਲਿਆ ਸਹਾਰ।
ਦਿਤੀ ਸ਼ਰਨ ਦਾ ਮੋੜ ਇਹੋ ਸੀ ? ਜ਼ਰਾ ਵਿਚਾਰ,
ਉਸ ਮੇਹਰ ਦੇ ਬਦਲੇ ਦੇ ਵਿਚ ਵਾਜਬ ਸੀ ਇਹੋ ਕਾਰ।
ਬਸ ਦੂਰ ਹੋ ਤੇ ਛੋਡ ਏਸ ਹਿੰਦ ਦੇਸ਼ ਨੂੰ,
ਕਿਰਤਘਨ ਤੇਰੇ ਜੇਹੀ ਦੀ ਨਾ ਲੋੜ ਏਸ ਨੂੰ॥੧੩॥
ਠਾਈ ਕਰੋੜ ਹਿੰਦੀਆਂ ਦੀ ਮੁਕਤ ਦਾ ਸਵਾਲ।
ਹੁੰਦਾ ਹੈ ਹੱਲ ਇਕ ਤੇਰੇ ਨਿਕਲ ਜਾਣ ਨਾਲ।
ਤੂੰ ਦੇਸ਼ ਤੇ ਪਾਯਾ ਹੈ ਜੋ ਇਖਲਾਕ ਦਾ ਜਵਾਲ,
ਮੌਲੇਗਾ ਹਰਿਆ ਭਰਿਆ ਇਸਦਾ ਫੇਰ ਨੌ ਨਿਹਾਲ।
ਆਓ, ਹੇ ਦੇਸ਼ ਵਾਲਿਓ ! ਹਿੰਮਤ ਦਿਖਾਵੀਏ।
ਇਸ ਡਾਕਣੀ ਦੇ ਜਾਲ ਤੋਂ ਜਿੰਦਾਂ ਛੁਡਾਵੀਏ॥੧੪॥

ਨੋਟ : ਦਾਸ ਨੇ ਦੱਸ ਦਿੱਤਾ ਹੈ ਕਿ ਦੇਸ਼ ਦੀ ਕੰਗਾਲੀ ਕਰਕੇ ਕੀ ਕੀ ਨੁਕਸਾਨ ਹੋ ਚੁੱਕੇ ਅਰ ਹੋ ਰਹੇ ਹਨ। ਇਹ ਸਵਾਲ ਕ੍ਰਿਪਾ ਕਰਕੇ ਕੋਈ ਸੱਜਣ ਹਲ ਕਰ ਦੇਵੇ ਕਿ ਕਿਨ੍ਹਾਂ ਵਸੀਲਿਆਂ ਨਾਲ ਦੇਸ਼ ਫਿਰ ਮਾਲਦਾਰ ਹੋ ਸਕਦਾ ਹੈ।

(ਇਕ ਦੇਸ਼ ਭਗਤ—ਦਾਸ)

1. ਨਿਰਧਨਤਾ, ਗਰੀਬੀ। 2. ਗਰੀਬੀ।

ਕੁਝ ਹੋਰ

ਨੋਟ : ਇਹ ਸਾਰਾ ਸੰਗ੍ਰਹਿ ਲੱਗ ਪਗ ਛਪ ਚੁੱਕਣ ਤੋਂ ਪਿਛੋਂ ਚਾਤ੍ਰਿਕ ਜੀ ਦੀ ਵਾਰਤਕ ਰਚਨਾ ਲਈ ਉਨ੍ਹਾਂ ਦੇ ਹੱਥ ਲਿਖਤ ਕਾਗਜ਼ਾਂ ਦੀ (ਜੋ ਡਾਕਟਰ ਦੀਵਾਨ ਸਿੰਘ ਜੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਪਾਸ ਹਨ) ਨਵੇਂ ਸਿਰੇ ਪੜਤਾਲ ਕਰਦਿਆਂ ਕੁਝ ਹੋਰ ਕਵਿਤਾਵਾਂ ਹੱਥ ਲਿਖਤ ਮਿਲੀਆਂ ਹਨ ਜੋ ਇਥੇ ਵਖਰੀਆਂ ਹੀ ਭੇਟਾ ਹਨ। ਭਾਈ ਵੀਰ ਸਿੰਘ ਜੀ ਬਾਬਤ ਦੋ ਕਵਿਤਾਵਾਂ ਉਨ੍ਹਾਂ ਦੀ ਵਾਰਤਕ ਰਚਨਾ ਵਿਚ ਵੀ ਹਨ।

ਦੇਸ਼ ਮਿਲਾਵਾ

ਦਿਨ ਫਿਰ ਪਏ ਖਿਜ਼ਾਂ[1] ਦੇ, ਰੁਮਕੀ ਹਵਾ ਬਹਾਰੀ,
ਸਾਈਂ ਨੇ ਮੁੜ ਵਸਾਈ, ਉਜੜੀ ਹੋਈ ਕਿਆਰੀ।
ਰੁੱਤਾਂ ਸੁਪੈਦ ਢਲੀਆਂ, ਉਮੜੀ ਮਿਲਾਪਧਾਰਾ,
ਝੁਲਸੇ ਹੋਏ ਚਮਨ ਨੇ, ਫਿਰ ਸ਼ਾਨ ਹੈ ਨਿਖਾਰੀ।
ਆਜ਼ਾਦੀਆਂ ਦੇ ਮੰਦਰ, ਵਿਚ ਆਰਤੀ ਸ਼ੁਰੂ ਹੈ,
ਮਿਲ ਮਿਲ ਕੇ ਗਾ ਰਹੇ ਨੇ, ਅਜ ਪ੍ਰੇਮ ਦੇ ਪੁਜਾਰੀ।
ਜੁੜ ਜੁੜ ਕੇ ਜ਼ਰਿਆਂ ਨੇ ਕਾਇਮ ਚਿਟਾਨ ਕੀਤੀ,
ਇਤਫਾਕ ਦੇ ਮਹਲ ਦੀ, ਹੁਣ ਛਿੜ ਪਈ ਉਸਾਰੀ।
ਉਹ ਚੰਦਰੇ ਦਿਹਾੜੇ, ਸਾਈਂ ਨਾ ਮੁੜ ਵਿਖਾਵੇ,
ਪੰਡਿਤ ਤੇ ਮੌਲਵੀ ਦੀ ਜਦ ਉਡ ਰਹੀ ਸੀ ਯਾਰੀ।
ਖੱਤੇ ਪਿਆਰ ਦੇ ਵਿਚ, ਲਾ ਕੇ ਕਿਸੇ ਚੁਆਤੀ,
ਮਿੱਟੀ ਦੇ ਵਿਚ ਰੁਲਾਈ, ਫੁਲਾਂ ਦੀ ਆਬ[2] ਸਾਰੀ।
ਇਕ ਤੋੜ ਤੋੜ ਮਣਕਾ, ਦੋ ਦੋ ਬਣਾਕੇ ਦੱਸੇ,
ਭੁਚਲਾ ਕੇ ਮੱਤ ਮਾਰੀ, ਚਾਤੁਰ ਮੀਏਂ ਮਦਾਰੀ।
ਦਾਣਾ ਦਿਖਾ ਲੜਾਣਾ, ਖੁਦ ਹੱਥ ਨਾ ਉਠਾਣਾ,
ਬਿਨ ਤੀਰ ਮਾਰਦਾ ਸੀ, ਕਯਾ ਬੇਗੁਨਾਹ ਸ਼ਿਕਾਰੀ।
ਹੈ ਸ਼ੁਕਰ ਕਾਫਲੇ ਨੇ ਹੁਣ ਚੋਰ ਫੜ ਲਿਆ ਹੈ,
ਵਾਲ[3] ਆ ਕੇ ਫੇਰ ਸ਼ੀਸ਼ਾ ਸਾਬਤ ਕਦਮ ਰਿਹਾ ਹੈ।
ਆ ਬੁਲਬੁਲੇ, ਤਰਾਨਾ ਆਜ਼ਾਦੀਆਂ ਦਾ ਗਾਈਏ,

---

1. ਪੱਤਝੜ। 2. ਸੁਹੱਪਣ, ਚਮਕ। 3. ਤਰੇੜ, ਭਾਵ ਫੁੱਟ।

ਤਹਿ ਕਰਕੇ ਵਲ ਪੁਰਾਣੇ ਘਰ ਦੀ ਲਗੀ ਬੁਝਾਈਏ।
ਪਿੰਜਰੇ ਦੀ ਕੈਦ ਅੰਦਰ ਜੀ ਸੜ ਗਿਆ ਬੜਾ ਹੈ,
ਆ ਟਾਹਣੀਆਂ ਤੇ ਚਲਕੇ, ਮੁੜ ਆਲ੍ਹਣਾ ਬਣਾਈਏ।
ਸੋਨੇ ਦੀ ਲੰਕ ਲੁੱਕੀ ਫ਼ੋਟਕ ਨੇ ਫ਼ੂਕ ਸੁੱਟੀ,
ਇਸ ਬੇਚਿਰਾਗ[1] ਘਰ ਵਿਚ ਦੀਵਾ ਨਵਾਂ ਜਗਾਈਏ।
ਪੰਡਤ ਤੇ ਸ਼ੇਖ ਜੀ ਨੂੰ, ਪਾ ਪਯਾਰ ਦੀ ਪੰਜਾਲੀ,
ਦੇ ਏਕਤਾ ਦਾ ਪਾਣੀ, ਇਕ ਪ੍ਰੇਮ-ਬਾਗ ਲਾਈਏ।
ਫਰਯਾਦ ਨਾ ਕਰੇਂ ਤੂੰ, ਸੱਯਾਦ[2] ਨਾ ਬਣਾ ਮੈਂ,
ਰਲ ਮਿਲਕੇ ਜੋ ਲਿਆਈਏ, ਹਸ ਹਸ ਕੇ ਵੰਡ ਖਾਈਏ।
ਲਾਨਤ ਗੁਲਾਮੀਆਂ ਦੀ, ਉਤਰੇ ਗਲੋਂ ਸ਼ਿਤਾਬੀ,
ਆਜ਼ਾਦੀਆਂ ਦੀ ਦੇਵੀ, ਸਿਰ ਚਾੜ੍ਹਕੇ ਰਿਝਾਈਏ।
ਸੱਧਰ ਜਿਹੀ ਹੈ ਦਿਲ ਨੂੰ, ਕੁਝ ਹੋਵੀਏ ਅਸੀਂ ਭੀ,
ਉਹ ਆਨ ਸ਼ਾਨ ਆਪਣੀ, ਸੰਸਾਰ ਨੂੰ ਵਿਖਾਈਏ।
ਆਪਣਾ ਚਮਨ ਖਿੜਾਈਏ, ਆਪਣੇ ਹੀ ਹੋਣ ਮਾਲੀ,
ਜੋ ਜੀ ਕਰੇ ਬਣਾਈਏ, ਜੋ ਮੰਗੀਏ ਸੋ ਪਾਈਏ।
ਹੇ ਦੇਸ਼ ਦੇ ਪੁਜਾਰੀ, ਮਹਿਫਲ ਨਵੀਂ ਭਖਾ ਦੇ,
ਆਜ਼ਾਦੀਆਂ ਦੇ ਸਿਰ ਤੋਂ ਖੁਦਗਰਜ਼ੀਆਂ ਲੁਟਾ ਦੇ।

ਤੈਂ ਕੀ ਤਰਸ ਨਾ ਆਇਆ[3]

1. ਢਾਕੇ ਤੋਂ ਬੰਗਾਲ, ਉਨੀ ਸੌ ਛੱਤਾਲੀਏ,
ਜਿਨਾਹ[4] ਘੜੀ ਦਲੀਲ, ਸਿੱਧਾ ਐਕਸ਼ਨ ਲੈਣ ਦੀ।
ਕੋਹੇ ਗਏ ਬਿਅੰਤ, ਹਿੰਦੂ ਵਾਂਗਰ ਬੱਕਰੇ,
ਪੈ ਗਈ ਹਾਹਾਕਾਰ, ਥਰ ਥਰ ਕੰਬੇ ਪ੍ਰਿਥਵੀ।
ਉਸ ਵੇਲੇ ਕਰਤਾਰ ! ਤੈਂ ਕੀ ਤਰਸ ਨਾ ਆਇਆ ?
2. ਉਠਿਆ ਜਦੋਂ ਬਿਹਾਰ, ਬਦਲਾ ਇਸ ਦਾ ਲੈਣ ਨੂੰ।
ਚੁਣ ਚੁਣ ਮੁਸਲਮਾਨ, ਨਦੀਆਂ ਵਿਚ ਰੋੜ੍ਹੇ ਗਏ,
ਮੁਠੀ ਭਰ ਮਜ਼ਲੂਮ, ਬਹੁ ਗਿਣਤੀ ਸੀ ਕ੍ਰੋਧੀਆਂ,
ਤਦ ਭੀ ਹੇ ਭਗਵਾਨ ਤੈਂ ਕੀ ਤਰਸ ਨਾ ਆਇਆ ?
3. ਮਜ਼ਲੂਮਾਂ ਦਾ ਰੋਹ, ਆਇਆ ਵਿਚ ਪੰਜਾਬ ਦੇ,
ਫਟੜਾਂ ਆਂਦੇ ਨਾਲ, ਗਾਜ਼ਿਆਂ[5] ਨੂੰ ਭੜਕਾਉਣ ਹਿਤ।

---

1. ਹਨੇਰੇ, ਦੀਵੇ ਬਿਨਾਂ। 2. ਸ਼ਿਕਾਰੀ। 3. ਗੁਰਬਾਣੀ ਦੀ ਤੁਕ ਹੈ, ਏਤੀ ਮਾਰ ਪਈ ਕੁਰਲਾਣੇ ਤੈ ਕੀ ਦਰਦ ਨਾ ਆਇਆ। 4. ਮਿਸਟਰ ਮੁਹੰਮਦ ਅਲੀ ਜਿਨਾਹ ਜਿਸਨੇ ਪਾਕਿਸਤਾਨ ਬਣਾਉਣ ਲਈ ਲਹਿਰ ਦੀ ਅਗਵਾਈ ਕੀਤੀ ਤੇ ਸਫ਼ਲ ਹੋਇਆ। 5. ਪਠਾਣਾਂ ਤੋਂ ਭਾਵ ਹੈ।

ਡੇਰਾ ਇਸਮਾਈਲ[1] ਆਸਾ ਪਾਸਾ ਹੋਰ ਭੀ,
ਹਿੰਦੂ ਸਿੱਖ ਬਿਅੰਤ, ਲੁੱਟੇ ਤੇ ਮਾਰੇ ਗਏ,
ਉਸ ਵੇਲੇ ਭਗਵੰਤ ! ਤੈਂ ਕੀ ਤਰਸ ਨਾ ਆਇਆ ?

4. ਤੁਰੀ ਕਰਾਚੀ ਮੇਲ, ਭਰਦੀ ਗਈ ਸਵਾਰੀਆਂ,
ਆ ਪਹੁੰਚੀ ਮੁਲਤਾਨ[2], ਹੱਦ ਬਹਾਵਲਪੁਰੇ ਦੀ,
ਹਰ ਟੇਸ਼ਣ ਤੋਂ ਲਾਹ, ਸਿੱਖ ਹਿੰਦੂ ਕੋਹੇ ਗਏ,
ਲਾਸ਼ਾਂ ਦੇ ਅੰਬਾਰ, ਰਸਤੇ ਵਿਚ ਲਗਦੇ ਗਏ।
ਆ ਪਹੁੰਚੀ ਲਾਹੌਰ[3], ਗੱਡੀ ਸਾਰੀ ਸੱਖਣੀ,
ਦੋ ਟਰੇਨਾਂ ਹਰ ਰੋਜ਼, ਤੁਰਨ ਕਰਾਚੀ[4] ਟੇਸ਼ਣੋਂ,
ਦੋ ਤਿੰਨ ਦਿਨ ਕਤਲਾਮ, ਰਸਤੇ ਵਿਚ ਹੁੰਦੀ ਰਹੀ,
ਉਸ ਵੇਲੇ ਹੇ ਸ਼ਾਮ ! ਤੈਂ ਕੀ ਤਰਸ ਨਾ ਆਇਆ ?

5. ਪਾਪਾਂ ਦਾ ਪ੍ਰਤੀਕਰਮ ਸੁੱਤਾ ਜਾਗਿਆ।
ਲਹੂ ਹੋ ਗਏ ਗਰਮ, ਸੁਣ ਸੁਣ ਦਰਦ ਕਹਾਣੀਆਂ,
ਰਾਜਪੁਰਾ[5], ਸਰਹਿੰਦ[6], ਖੰਨਾ[7], ਰੋਪੜ[8] ਨਹਿਰ ਤੱਕ,
ਮੁਸਲੇ[9] ਹੋਏ ਸ਼ਿਕਾਰ, ਪਾਗਲ ਹੋਏ ਸੂਰਮੇ।
ਪਟੜੀ ਨਾਲੋਂ ਨਾਲ, ਲਾਸ਼ਾਂ ਵਿਛੀਆਂ ਦਿਸਦੀਆਂ,
ਲੁਧਿਆਣੇ ਤੱਕ, ਇਕ ਨਾ ਮੁਸਲਾ ਰਹਿ ਗਿਆ।
ਨਫ਼ਰਤ ਦਾ ਪਰਚਾਰ, ਥਾਂ ਥਾਂ ਹੁੰਦਾ ਹੀ ਗਿਆ।
ਤਦ ਵੀ ਹੇ ਕਰਤਾਰ ! ਤੈਂ ਕੀ ਤਰਸ ਨਾ ਆਇਆ ?

6. ਕਾਫ਼ਰ ਤੁਰਕ ਮਲੇਛ, ਬਿਫਰੇ ਹੋਏ ਰੋਹ ਵਿਚ,
ਨਾਗਾਂ ਦੀ ਫੁੰਕਾਰ, ਨਾਸੋਂ ਧੂੰਆਂ ਨਿਕਲਦਾ,
ਬਦਲਾ ਇੰਤਕਾਮ[10], ਦੁਸ਼ਮਣ ਜੀਉਂਦਾ ਨਾ ਰਹੇ,
ਗਰਮੀ ਚੜ੍ਹੇ ਦਿਮਾਗ, ਪਾਗਲ ਬੰਦੇ ਹੋ ਗਏ,
ਕਰਦੇ ਮਾਰੋ ਮਾਰ, ਆਣ ਵੜੇ ਸ਼ੇਖੂਪੁਰੇ,
ਲਾਸ਼ਾਂ ਦੇ ਅੰਬਾਰ, ਅੰਦਰ ਅੰਦਰ ਲਗ ਗਏ,
ਨਹਿਰੂ ਮਾਰੀ ਚੀਕ, ਮੁਰਦੇ ਸਾਰੇ ਦੇਖਕੇ,
ਸਿਰੇ ਦੁਹੱਥੜ ਮਾਰ, ਬਾਹਰ ਨਿਕਲ ਧਾਇਆ।
ਉਸ ਵੇਲੇ ਕਰਤਾਰ ! ਤੈਂ ਕੀ ਤਰਸ ਨਾ ਆਇਆ ?

7. ਧੰਨੀ ਪੋਠੋਹਾਰ[11], ਤੁਰ ਕੇ ਰਾਵਲਪਿੰਡੀਓਂ[12],
ਜਿਹਲਮ[12] ਅਤੇ ਚਨਾਬ[12], ਪਾਰ ਵਜੀਰਾਬਾਦ[13] ਤੱਕ,
ਸਿਆਲਕੋਟ[14] ਪਸਰੂਰ[15] ਨਾਰੋਵਾਲੋਂ[16] ਸ਼ਾਹਦਰਾ[17],

1-2-3-4. ਪਾਕਿਸਤਾਨ ਵਿਚਲੇ ਪ੍ਰਸਿੱਧ ਸ਼ਹਿਰ (ਰੇਲਵੇ ਸਟੇਸ਼ਨ)।
5-6-7-8. ਪੰਜਾਬ ਦੇ ਵਿਸ਼ੇਸ਼ ਰੇਲਵੇ ਸਟੇਸ਼ਨਾਂ ਤੇ ਸ਼ਹਿਰਾਂ ਦੇ ਨਾਂ। 9. ਮੁਸਲਮਾਨ (ਘ੍ਰਿਣਾ ਨਾਲ)। 10. ਬਦਲਾ।
11. ਇਕ ਇਲਾਕੇ ਦਾ ਨਾਂ। 12-17. ਪਾਕਿਸਤਾਨ ਵਿਚਲੇ ਸ਼ਹਿਰ।

ਲਾਇਲਪੁਰੋਂ[1] ਲਾਹੌਰ[2] ਜੜਾਂਵਾਲਾ[3] ਤੇ ਸਾਂਗਲਾ[4],
ਇਮਨਾਬਾਦੀ[5] ਲੈਨ, ਗੁਜਰਾਂਵਾਲੇ[6] ਤੋਂ ਅਗਾਂਹ,
ਨਾਰੰਗ ਮੰਡੀ[7] ਆਦਿ, ਬੱਦੋ ਮਲੀ[8] ਸ਼ਹਿਰ ਤੱਕ।
ਮਚੀ ਰਹੀ ਕਤਲਾਮ, ਕੋਈ ਨਾ ਬਚਿਆ ਜੀਂਵਦਾ,
ਹਿੰਦੂ ਸਿੱਖ ਜਵਾਨ ਕੁੜੀਆਂ, ਖੋਹ ਖੋਹ ਲੈ ਗਏ,
ਗੋਦ ਕਿਸੇ ਦੇ ਬਾਲ, ਕੋਈ ਕੰਜ ਕਵਾਰੀਆਂ,
ਗੁੰਡੇ ਤੇ ਬਦਮਾਸ਼, ਇਨਸਾਨੀਅਤ ਨਾ ਛੁਹੀ।
ਕੋਈ ਨਾ ਪੁਛੇ ਵਾਤ, ਬੇਹਮਰਾਹ[9] ਸਤਵੰਤੀਆਂ,
ਕਈਆਂ ਕੀਤੇ ਘਾਤ, ਖੂਹੀਂ ਛਾਲਾਂ ਮਾਰ ਕੇ,
ਬੱਚੇ ਹਿਕਾਂ ਨਾਲ, ਮੋਈਆਂ ਮਹੁਰਾਂ ਖਾਇਕੇ,
ਓਦੋਂ ਦੀਨਦਿਆਲ ! ਤੈਂ ਕੀ ਤਰਸ ਨਾ ਆਇਆ ?

8. ਹਿੰਦੂ ਸਿੱਖ ਜਵਾਨ, ਕੋਟਕਪੂਰਾ[10] ਮੁਕਤਸਰ[11],
ਬਦਲਾ ਲਗਾ ਚੁਕਾਣ, ਸਾਰਾ ਮਾਝਾ ਮਾਲਵਾ,
ਪਾਗਲ ਲਗੇ ਮੁਕਾਣ, ਸਾਰੇ ਪਾਗਲ ਦੇਸ ਦੇ,
ਦਿੱਲੀ[12] ਲੱਗੀ ਢਾਹ, ਪੈ ਗਈ ਲੁਟ ਲਾਹੌਰ[13] ਵਿਚ,
ਅੰਮ੍ਰਿਤਸਰ[14] ਨੁਕਸਾਨ, ਭਰਨਾ ਪਿਆ ਸ਼ਦਰੇ[15] ਨੂੰ,
ਵਸਦਾ ਦੇਸ ਪੰਜਾਬ, ਖੇਰੂੰ ਖੇਰੂੰ ਹੋ ਗਿਆ,
ਅਰਬਾਂ ਦੀ ਜਾਇਦਾਦ, ਘੱਟੇ ਮਿੱਟੀ ਰੁਲ ਗਈ,
ਲਖਪਤੀਆਂ ਦੀ ਸ਼ਾਨ, ਵਿਲਕਣ ਪੱਗਾਂ ਦਾੜ੍ਹੀਆਂ।
ਫੁਟਪਾਥਾਂ ਤੇ ਬੈਠ, ਛਾਬੇ ਲਾ ਲਾ ਹੋਕਦੇ,
ਰੁਲਦੇ ਪਏ ਅਨਾਥ, ਟੁੱਟੇ ਮਾਂ ਦੀ ਛਾਤੀਓਂ,
ਵਿਧਵਾ ਕਈ ਹਜ਼ਾਰ, ਪਾਲਣ ਵਾਲਾ ਨਾ ਕੋਈ।
ਚੂੜੇ ਬੀੜੇ ਲਾਹ, ਥਾਂ ਥਾਂ ਕਰਨ ਮਜ਼ੂਰੀਆਂ,
ਦੋਏ ਧਿਰਾਂ ਬਰਬਾਦ, ਇਸ ਝਗੜੇ ਵਿਚ ਹੋਈਆਂ।
ਨਾ ਕੋਈ ਸੁਰ ਨਾ ਸੁਵਾਦ ਐਸੇ ਨਰਕੀ ਜੀਉਣ ਦਾ,
ਐਸੀ ਹਾਲਤ ਬਾਦ, ਤੈਂ ਕੀ ਤਰਸ ਨਾ ਆਇਆ ?

ਅਣਖੀਲਿਆ ਸ਼ੇਰਾ

(ਬੰਬਈ ਵਿਚ ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਪੋਠੋਹਾਰ ਦੀ ਇਕ ਦਰਦਨਾਕ ਦਾਸਤਾਨ ਸੁਣਾਈ ਸੀ। ਇਹ ਕਵਿਤਾ ਉਸ ਘਟਨਾ ਦੇ ਅਧਾਰ ਤੇ ਲਿਖੀ ਗਈ ਹੈ। ਇਸ ਤਰ੍ਹਾਂ ਦੀਆਂ

1-8. ਪਾਕਿਸਤਾਨ ਵਿਚਲੇ ਸ਼ਹਿਰ। 9. ਸਾਥੀ ਤੋਂ ਬਿਨਾਂ। 10-14. ਭਾਰਤ ਵਿਚਲੇ ਸ਼ਹਿਰ।
15. ਸ਼ਾਹਦਰਾ (ਲਾਹੌਰ ਦੇ ਨੇੜੇ ਇਕ ਸਟੇਸ਼ਨ)।

ਹਜ਼ਾਰਾਂ ਨਿਰਦੋਸ਼ ਜਿੰਦਾਂ ਪੱਛਮੀ ਪੰਜਾਬ ਵਿਚ ਮਜ਼ਹਬੀ ਜਨੂਨ ਦਾ ਸ਼ਿਕਾਰ ਹੋ ਗੁਜ਼ਰੀਆਂ ਹਨ। ਇਹ ਵਾਕਿਆ ਬੋਹਲ ਵਿਚੋਂ ਇਕ ਦਾਣੇ ਮਾਤ੍ਰ ਹੈ।)

1. ਪੋਠੋਹਾਰ ਗਿਰਾਵ੍ਹਾਂ ਅੰਦਰ,
ਵਣਜ ਕਰੇਂਦਿਆਂ ਰੱਬ ਦਿਆ ਬੰਦਿਆਂ।
ਦਾਦੇ ਪੜਦਾਦੇ ਦੇ ਵਕਤੋਂ,
ਅਮਨ ਚੈਨ ਵਿਚ ਘੁਘ ਵਸੰਦਿਆ।
ਹੋਣੀ ਤੈਨੂੰ ਘੇਰ ਘਾਰ ਕੇ,
ਬੇਦਰਦਾਂ ਦੇ ਵਸ ਜਾ ਪਾਇਆ।
ਮੁਸ਼ਕਿਲ ਹੋ ਗਿਆ ਜੀਉਣ ਤੇਰਾ।
ਫਸ ਗਿਓਂ ਤੂੰ ਅਣਖੀਲਿਆ ਸ਼ੇਰਾ।

2. ਘਰ ਦਾ ਭੇਤੀ ਹਕ ਹਮਸਾਇਆ[1]।
ਜ਼ਰ[2] ਦੇ ਲਾਲਚ ਨੇ ਉਕਸਾਇਆ।
ਬਣ ਗਿਆ ਤੇਰਾ ਲਹੂ ਤਿਹਾਇਆ।
ਮਜ਼ਹਬ ਦਾ ਇਕ ਢੌਂਗ ਬਣਾਇਆ।
ਦੀਨ ਹਮੈਤੀ ਜੋੜ ਜਨੂਨੀ[3]।
ਰੌਲ ਮਚਾਂਦਾ ਸਿਰ ਚੜ੍ਹ ਆਇਆ।
ਗਿਰਦੇ ਤੇਰੇ ਘਤਿਆ ਘੇਰਾ,
ਫਸ ਗਿਓਂ ਤੂੰ ਅਣਖੀਲਿਆ ਸ਼ੇਰਾ।

3. ਤੂੰ ਤਕਿਆ ਪਰਵਾਰ ਕਬੀਲਾ,
ਨਾ ਕੋਈ ਬਾਂਹ ਨਾ ਕੋਈ ਵਸੀਲਾ।
ਬਚ ਨਿਕਲਣ ਦਾ ਰਿਹਾ ਨਾ ਹੀਲਾ।
ਦਿਲ ਤੇਰੇ ਨੇ ਮਾਰ ਕੇ ਹੰਭਲਾ।
ਅੰਦਰੋਂ ਕੀਤਾ ਗੁਪਤ ਇਸ਼ਾਰਾ।
ਤੂੰ ਨਿਰਭਉ ਨਿਰਵੈਰ ਰਿਹਾ ਸੈਂ।
ਹੁਣ ਇਸ ਮੁਸ਼ਕਿਲ ਦੇ ਵਿਚ ਘਿਰਿਆ,
ਜੀਉਣ ਨਾਲੋਂ ਮਰਨ ਚੰਗੇਰਾ।
ਤਕੜਾ ਹੋ ਅਣਖੀਲਿਆ ਸ਼ੇਰਾ।

4. ਘਰ ਦਿਆਂ ਨੇ ਸਭ ਗਲ ਸਮਝਾਈ,
ਸਭ ਨੇ ਹਾਂ ਵਿਚ ਹਾਂ ਮਿਲਾਈ।
ਵੈਰੀ ਤੋਂ ਬੇਪਤੀ ਕਰਾਣਾ,
ਬਿਹਤਰ ਹੈ ਆਪੂੰ, ਮਰ ਜਾਣਾ।
ਪਿਉ ਦਾਦੇ ਦੀ ਰਖੀ ਰਖਾਈ।

---

1. ਗਵਾਂਢੀ। 2. ਪੈਸਾ। 3. ਸ਼ੁਦਾਈ।

ਹਰ ਇਕ ਸ਼ੈ ਤੇ ਚੂਲੀ ਪਾਈ।
ਮਰਨ ਲਈ ਅਰਦਾਸਾ ਕਰਕੇ,
ਸਤਿਗੁਰ ਦੇ ਦਰ ਤੇ ਸਿਰ ਧਰ ਕੇ,
ਇਸ ਦੁਨੀਆਂ ਤੋਂ ਚੁਕ ਲਿਆ ਡੇਰਾ।
ਤਕੜਾ ਹੋ ਅਣਖੀਲਿਆ ਸ਼ੇਰਾ।

5. ਤੂੰ ਪੱਥਰ ਦਾ ਜਿਗਰਾ ਕਰਕੇ,
ਪਹਿਲਾਂ ਕੋਹੇ ਬਾਲ ਅੰਞਾਣੇ,
ਫਿਰ ਤੀਵੀਂ ਤੇ ਹੋਰ ਸਿਆਣੇ,
ਸਭ ਨੂੰ ਮੌਤ ਦੀ ਨੀਂਦ ਸੁਆਇਆ।
ਮਾਸੂਮਾਂ ਤੇ ਨਿਰਦੋਸ਼ਾਂ ਦੇ,
ਲਹੂ ਭਰੀ ਕਿਰਪਾਣ ਪਕੜਕੇ,
ਬਾਹਰ ਪਾਇਆ ਫੇਰਾ,
ਤਕੜਾ ਹੋ ਅਣਖੀਲਿਆ ਸ਼ੇਰਾ।

6. ਬਾਹਰ ਖੜੇ ਸਵਾਬ-ਕਮਾਊ[1],
ਹੱਥਾਂ ਵਿਚ ਮੁਆਤੇ ਬਲਦੇ,
ਨਾਸ ਤੇਰਾ ਸਰਬੰਸ ਕਰਨ ਨੂੰ।
ਤੂੰ ਡਟ ਕੇ ਕਿਰਪਾਨ ਧੂਹ ਲਈ,
ਯਾਦ ਰਖੀ ਚਮਕੌਰ[2] ਲੜਾਈ।
ਜਿੰਨੇ ਮਾਰੇ ਗਏ ਮਾਰ ਕੇ,
ਆਪ ਹੋ ਗਿਓਂ ਬੋਟੀ ਬੋਟੀ,
ਅਮਰ ਸ਼ਹਾਦਤ[3] ਪਾਈ।
ਦਿਉਤਿਆਂ ਫੁਲ ਵਸਾਏ ਅਰਸ਼ੋਂ।
ਅਸ਼ਕੇ ਮਰਦ ਦਲੇਰਾ।
ਕਟ ਮਰਿਓਂ ਅਣਖੀਲੇ ਸ਼ੇਰਾ।

ਇਕ ਪੁੱਤਰ ਦੀ ਆਗਿਆਕਾਰੀ

(ਸੰਨ 1798 ਵਿਚ ਫਰਾਂਸ ਤੇ ਇੰਗਲਸਤਾਨ ਦੀ ਲੜਾਈ ਵਿਚ (ਜੋ ਨੀਲ ਨਦੀ ਦੇ ਮੂੰਹੇ ਪਾਸ ਹੋਈ ਸੀ) ਇਕ ਜੰਗੀ ਜਹਾਜ਼ ਦੇ ਕਪਤਾਨ ਆਇਓਰੀਅੰਟ ਨੇ ਆਪਣੇ ਪੁੱਤਰ ਕੈਸਾਬੀਆਨਕਾ ਨੂੰ ਹੁਕਮ ਦਿੱਤਾ ਕਿ ਤੂੰ ਇਸ ਮੈਗਜ਼ੀਨ ਪਰ ਤਕੜਾਈ ਨਾਲ ਪਹਿਰਾ ਦਿੰਦਾ ਰਹੁ। ਜਦ ਤੱਕ ਕਿ ਮੈਂ ਤੈਨੂੰ ਅਵਾਜ਼ ਨਾ ਦੇਵਾਂ, ਇਥੋਂ ਹਿੱਲੀਂ ਨਾ। ਪਿਤਾ ਲੜਾਈ ਵਿਚ ਮਾਰਿਆ ਜਾਂਦਾ ਹੈ ਅਰ ਜਹਾਜ਼ ਨੂੰ ਅੱਗ ਲੱਗ ਜਾਂਦੀ ਹੈ, ਪਰ ਬਹਾਦਰ ਪੁੱਤਰ ਪਿਤਾ ਦੇ ਹੁਕਮ ਦੀ ਉਡੀਕ ਵਿਚ

1. ਪੁੰਨ ਕਰਨ ਵਾਲੇ (ਟੋਕ ਜਾਂ ਵਿਅੰਗ ਨਾਲ ਕਿਹਾ ਹੈ)।
2. ਜਿਥੇ ਸ੍ਰੀ ਗੁਰੂ ਗੋਬਿੰਦ ਸਿੰਘ ਦੇ ਦੋ ਸਪੁੱਤ੍ਰ ਲੜਦੇ ਸ਼ਹੀਦ ਹੋ ਗਏ। 3. ਸ਼ਹੀਦੀ।

ਹੀ ਖੜਾ ਖੜਾ ਦਗਧ ਹੋ ਜਾਂਦਾ ਹੈ। ਜਾਨ ਦੇ ਦਿੱਤੀ ਪਰੰਤੂ ਮੈਗਜ਼ੀਨ ਦੀ ਰਾਖੀ ਨਹੀਂ ਛੱਡੀ। ਇਸ ਕੌਮੀ ਸ਼ਹੀਦ ਨੌਨਿਹਾਲ ਦੀ ਇਸ ਬਹਾਦਰੀ ਦੀ ਵਾਰ ਅੰਗਰੇਜ਼ੀ ਵਿਚ ਕਵੀਆਂ ਨੇ ਬੜੀ ਦਰਦਨਾਕ ਲਿਖੀ ਹੈ। ਇਥੇ ਪੰਜਾਬੀ ਵਿਚ ਉਸ ਦਾ ਅਨੁਵਾਦ ਕੀਤਾ ਜਾਂਦਾ ਹੈ।)

ਸੋਰਠਾ॥

ਪਿਉ ਦੇ ਹੁਕਮਨੁਸਾਰ, ਸੁਤ ਕੈਸਾਬੀਆਨਕਾ।
ਲੈ ਹੱਥ ਵਿਚ ਤਲਵਾਰ, ਰਾਖੀ ਕਰੇ ਬਰੂਦ ਦੀ।

—0—

ਭੜਕ ਜੁਆਲਾ ਨਿਕਲੀ, ਲੈ ਲੈ ਲਿਸ਼ਕਾਰੇ।
ਭੌਜਲ ਪਿਆ ਜਹਾਜ਼ ਤੇ, ਉੱਠ ਨੱਸੇ ਸਾਰੇ।
ਨੀਂਗਰ ਚੰਦੋਂ ਚਾਨਣਾ, ਧੀਰਜ ਨਹਿ ਹਾਰੇ।
ਡਟੀ ਖੜੋਤਾ, ਹੋਰਦੇ ਝਾਤੀ ਨਹਿ ਮਾਰੇ॥1॥
ਭੌਜਲ ਉਪਰ ਫਤੇ ਪਾਣ ਨੂੰ, ਅੰਮਾਂ ਜਣਿਆ।
ਬੀਰ, ਬਹਾਦਰ ਖੂਨ ਦਾ, ਸੀ ਪੁਤਲਾ ਬਣਿਆ।
ਅਸਰ ਸੀ, ਪਰ ਖੜਾ ਸੀ, ਧੀਰਜ ਵਿਚ ਤਣਿਆ।
ਦਿਲ ਦਰਯਾ ਦਾ ਹੌਸਲਾ, ਰਤੀ ਨਹੀਂ ਛਣਿਆ॥2॥
ਜਵਾਲਾ ਨੇੜੇ ਆਣਕੇ, ਹੁਣ ਵਧਦੀ ਜਾਵੇ।
ਪਰ ਉਹ ਪਿਉ ਦੇ ਹੁਕਮ ਬਿਨ, ਕਦ ਪੈਰ ਹਿਲਾਵੇ।
'ਪਿਤਾ ਪਿਆਰਾ ਮਰ ਗਿਆ', ਆ ਕੌਣ ਸੁਣਾਵੇ।
ਹਾਇ ਲਡਿੱਕੇ ਲਾਲ ਨੂੰ, ਆ ਕੌਣ ਬਚਾਵੇ॥3॥
ਉੱਚੀ ਹੀਰਾ ਕੂਕਿਆ, "ਬਾਪੂ ਜੀ ਆਓ।
ਆ ਕੇ ਦੇਵੋ ਆਗਿਆ, ਹੇਠਾਂ ਉਤਰਾਓ।
ਲਾਯਾ ਸੀ ਜਿਸ ਕੰਮ ਤੇ, ਉਸ ਦੀ ਸੁਧ ਪਾਓ।
"ਜੇ ਸੇਵਾ ਹੈ ਹੋ ਚੁਕੀ, ਤਾਂ ਜਾਨ ਬਚਾਓ"॥4॥
ਕੌਣ ਕਹੇ ? "ਉਇ ਸੂਰਿਆ, ਬਾਪੂ ਤਾਂ ਮੋਯਾ।
ਕਦੇ ਨਾ ਉਠਣ ਵਾਲੜੀ, ਨੀਂਦੇ ਉਹ ਸੋਯਾ।
ਉਸ ਨੂੰ ਤੇਰੀ ਘਾਲ ਦਾ, ਇਹ ਪਤਾ ਨਾ ਹੋਯਾ।
ਬੇਖਬਰੀ ਨੇ ਤੁਧ ਨੂੰ, ਇਹ ਦਿੱਤਾ ਟੋਯਾ"॥5॥
ਇਕ ਵਾਰੀ ਫਿਰ ਕੂਕਕੇ, ਉਚੀ ਚਿਚਲਾਯਾ।
"ਬਾਪੂ ਬਾਪੂ" ਆਖਕੇ, ਬਹੁ ਵੇਰ ਬੁਲਾਯਾ।
"ਹੁਣ ਭੀ ਦੇਵੋ ਆਗਿਆ, ਜੇ ਚਾਹੋ ਬਚਾਯਾ।
"ਭਖਿਆ ਭਾਂਬੜ ਅੱਗ ਦਾ, ਹੁਣ ਦੂਣ ਸਵਾਯਾ"॥6॥
ਮੋਏ ਪਿਉ ਦੇ ਮੁਖ ਤੋਂ, ਪਰ ਵਾਜ ਨਾ ਆਈ।
ਕੂਕ ਪੁਕਾਰ ਜਹਾਜ਼ੀਆਂ-ਦੀ ਦੇਇ ਸੁਣਾਈ।
ਆਈ ਨੇੜੇ ਭੜਕਦੀ, ਹਾਂ ਜਵਾਲਾ ਮਾਈ।
ਛੱਤੇ ਤੇ ਭਰਵੱਟਿਆਂ ਨੇ, ਗਰਮੀ ਪਾਈ॥7॥

ਦੂਰੋਂ ਤਾੜੀ ਮੌਤ ਨੇ, ਇਕ ਕਲਮਕੱਲੀ।
ਹੁਕਮੀ ਬਧੀ ਜਿੰਦੜੀ, ਫੜ ਬਰਛੀ ਖੱਲੀ।
ਮਾਂ ਪਿਉ ਦੀ ਲਡਿਕੜੀ, ਨਾਜ਼ਾਂ ਵਿਚ ਪਲੀ।
ਪਿਤਾ-ਆਗਯਾ ਅਸਥਾਨ ਤੋਂ, ਚੱਪਾ ਨਹਿ ਹਲੀ॥8॥
ਚਿੱਲਾਯਾ ਇਕ ਵੇਰ ਫਿਰ, ਕਰ ਉਚੀ ਬਾਹਵਾਂ।
"ਬਾਪੂ ਜੀ, ਕੀ ਅਜੇ ਮੈਂ, ਏਥੋਂ ਨਾ ਜਾਵਾਂ ?
ਜੇਕਰ ਦੇਵੋ ਆਗਿਆ, ਤਾਂ ਜਾਨ ਬਚਾਵਾਂ।
ਜੇ ਹੈ ਲੋੜ ਖੜੋਣ ਦੀ, ਤਾਂ ਹੁਕਮ ਵਜਾਵਾਂ"॥9॥
ਨਾ ਆਈ ਪਰ ਵਾਜ ਕੁਝ, ਹਾਂ ਚਾਨਣ ਆਯਾ।
ਆਣ ਜੁਆਲਾ ਭੜਕਦੀ, ਨੇ ਘੇਰਾ ਪਾਯਾ।
ਲੰਬੂ ਤੁਰੇ ਅਕਾਸ਼ ਨੂੰ, ਸਾਗਰ ਲਿਸ਼ਕਾਯਾ।
ਨੂਰ ਚੁਫੇਰੇ ਪਸਰ ਕੇ, ਜੰਗਲ ਚਮਕਾਯਾ॥10॥
ਧੁਜਾ ਫੜੀ ਇਕ ਲਾਟ ਨੇ ਆਕਾਸ਼ ਚੜਾਈ।
ਨਾਲ ਪਿਆਰਾ ਲਾਲ ਭੀ, ਕਰ ਗਿਆ ਚੜਾਈ।
ਚਮਕਣ ਨੂੰ ਆਕਾਸ਼ ਵਿਚ, ਇਸਥਿਰਤਾ ਪਾਈ।
ਆਗਯਾ ਚਾਨਣ ਸੂਰਮੇ, ਨੇ ਪਾਲ ਵਿਖਾਈ॥11॥
ਬਿਜਲੀ ਦਾ ਦਿਲ ਫਟ ਗਿਆ, ਸੰਜੋਇ ਸਵਾਰੀ।
ਬੀਰ ਬਹਾਦਰ ਸਤੀ ਹੋ, ਕਰ ਗਯਾ ਅਸਵਾਰੀ।
ਚੰਗੀ ਵਾਹਵਾ ਖੇਡ ਕੇ, ਗਯਾ ਖੇਡ ਮਦਾਰੀ।
ਬੀਰ ਸ਼ਹਾਦਤ ਪਾ ਗਿਆ, ਸੰਸਾਰ ਮਝਾਰੀ॥12॥
ਸੋਰਠਾ— ਸੱਵਛ ਪਵਿਤ੍ਰ ਸੁਧੀਰ, ਜਾਨ ਜਹਾਨੋਂ ਤੁਰ ਗਈ।
ਆਗਯਾ ਪਾਲਕ ਬੀਰ ਸਦਕੇ ਹੋਯਾ ਕੌਮ ਤੋਂ॥13॥

ਅੰਨ੍ਹੇ ਰਾਹੀ ਦਾ ਗੀਤ

1. ਅੱਖੀਆਂ ਵਾਲਿਓ, ਜੀਓ ਜਾਗੋ,
ਅੰਨ੍ਹੇ ਦੀ ਗੱਲ ਸੁਣਦੇ ਜਾਇਓ,
ਘੁੱਪ ਹਨੇਰਾ ਆਸੇ ਪਾਸੇ,
ਰਾਹ ਖਹਿੜਾ ਮੈਨੂੰ ਸਮਝਾਇਓ।
2. ਸਾਹ ਸਤ ਮੇਰਾ ਮੁਕਦਾ ਜਾਵੇ,
ਲਾਠੀ ਮੈਨੂੰ ਰਾਹ ਨਹੀਂ ਦੱਸਦੀ।
ਕਿੰਨੀ ਰਾਤ ਅਜੇ ਹੈ ਬਾਕੀ ?
ਕਿੰਨਾ ਪੈਂਡਾ ਮੁਕ ਗਿਆ ਹੈ ?
3. ਕੋਈ ਸਿਆਣਾ ਵਧ ਕੇ ਆਖੇ,
ਕਿਸ ਪਾਸੇ ਵਲ ਤੁਰਿਆ ਜਾਵਾਂ ?
ਕੁਕੜ ਬਾਂਗਾਂ ਦੇਣ ਚੁਫੇਰੇ,

ਸਮਝ ਨਹੀਂ ਪਰ ਪਈ ਕਿਸੇ ਦੀ,
ਕਿਸ ਵੇਲੇ ਚਾਨਣ ਹੋਵੇਗਾ,
ਧੁੱਪ ਚੜ੍ਹੇਗੀ, ਸੀਤ ਹਟੇਗੀ।

4. ਸਾਰੇ ਕਹਿਣ ਹਨੇਰਾ ਈ ਡਾਢਾ,
ਪੈ ਨਾ ਜਾਈਂ ਰਾਹ ਕੁੱਵਲੇ,
ਕਿਸ ਨੂੰ ਆਖਾਂ ਡਾਂਗ ਮੇਰੀ ਨੂੰ,
ਰੜ ਕੇ ਅੱਗੇ ਅੱਗੇ ਚਲੇ।

5. ਦਿਨ ਚੜ੍ਹਿਆਂ ਤੋਂ ਪਹਿਲਾਂ ਜੇਹੜੇ,
ਆਪ ਹਨੇਰੇ ਤੋਂ ਡਰਦੇ ਨੇ,
ਕਿਵੇਂ ਉਨ੍ਹਾਂ ਤੇ ਧੀਰਜ ਆਵੇ,
ਆਪ ਨ ਜੋ ਧੀਰਜ ਕਰਦੇ ਨੇ।

6. ਕਿਉਂ ਨਾ ਏਥੇ ਚੁਪ ਚੁਪੀਤਾ,
ਦਿਨ ਚੜ੍ਹਦੇ ਤਕ ਬੈਠ ਰਹਾਂ ਮੈਂ,
ਜਾਂ ਜਿੰਨੀ ਹਿੰਮਤ ਹੈ ਮੇਰੀ,
ਹੌਲੀ ਹੌਲੀ ਤੁਰਿਆ ਜਾ ਮੈਂ।

7. ਦਿਨ ਆਖਰ ਚੜ੍ਹ ਹੀ ਪੈਣਾ ਹੈ,
ਰੋਜ਼ ਜਿਵੇਂ ਚੜ੍ਹਿਆ ਕਰਦਾ ਹੈ,
ਰਾਹ ਹੋਵੇ ਵਿੰਗਾ ਜਾਂ ਸਿਧਾ,
ਪੈਂਡਾ ਤਾਂ ਮੁਕਦਾ ਜਾਂਦਾ ਹੈ।

8. ਕੁਕੜਾਂ ਦੇ ਪਿਛੇ ਕੀ ਪੈਣਾ ?
ਕੁਦਰਤ ਆਪੇ ਰਸਤਾ ਦੇ ਗੀ,
ਤੜਕੇ ਬੋਲਣਗੇ ਪੰਖੇਰੂ,
ਓਵੇਂ ਮਗਰੋਂ ਧੁਪ ਚੜ੍ਹੇਗੀ।

ਸਦਕੇ ਹੁੰਦਿਆਂ ਵੇਖ ਪਰਵਾਨਿਆਂ ਨੂੰ

1. ਬੂਟਾ ਪ੍ਰੇਮ ਦਾ ਜਦ ਰੱਬ ਨੇ ਲਾ, ਸੌਂਪੀ ਟਹਿਲ ਦਰਸ਼ਨ ਦੇ ਦਿਵਾਨਿਆਂ ਨੂੰ,
ਸਿੰਜ ਸਿੰਜ ਕੇ ਅੱਥਰੂ ਸੱਧਰਾਂ ਦੇ, ਦੂਰ ਕਰ ਦਿਓ ਦਿਲ ਦੇ ਵਿਰਾਨਿਆਂ ਨੂੰ,
ਹੱਸੇ ਫੁਲ, ਬਹਾਰ ਦਾ ਖਿੜੇ ਜੋਬਨ, ਬੁਲਬੁਲ ਦਰਦ ਦੇ ਛੋਹੇ ਤਰਾਨਿਆਂ ਨੂੰ,
ਜਾਏ ਖੁਲ ਮਰਾਕਬਾ* ਸੂਫ਼ੀਆਂ ਦਾ, ਫਿਰਦੇ ਮਹਿਫਲੀਂ ਵੇਖ ਪੈਮਾਨਿਆਂ** ਨੂੰ,
ਉਟਕੇ ਨੀਂਦ ਹਜਾਰੇ ਦੇ ਸ਼ੌਕੀਆਂ ਦੀ ਛਮਕਾਂ ਹੀਰ ਦੀਆਂ ਪੈਣ ਮਸਤਾਨਿਆਂ ਨੂੰ,
ਘੁਲ ਘੁਲ ਸ਼ਮਾਂ ਦੇ ਅੱਥਰੂ ਵਹਿਣ ਲਗਣ ਸਦਕੇ ਹੁੰਦਿਆਂ ਵੇਖ ਪਰਵਾਨਿਆਂ ਨੂੰ,

2. ਹੀਰ ਰਹਿਣ ਦੇ ਹੁਣ ਪੋਚਾਪਾਚੀਆਂ ਨੂੰ ਸਮਝ ਗਿਆ ਮੈਂ ਤੇਰੇ ਬਹਾਨਿਆਂ ਨੂੰ,
ਜੇਕਰ ਆਪਣੇ ਬਣਨ ਦੀ ਨੀਤ ਨਹਿ ਸੀ, ਵਲ ਵਲ ਘੇਰਿਆਂ ਕਾਹਨੂੰ ਬਗਾਨਿਆਂ ਨੂੰ,
ਪਟੀ ਇਸ਼ਕ ਦੀ ਆਪੇ ਪੜ੍ਹਾਈਓ ਈ, ਘੋਲਣ ਲਗੀ ਏ ਆਪੇ ਯਰਾਨਿਆਂ ਨੂੰ,
ਨਿਗਹ ਝੰਗ ਦੀ ਝੰਗੀਆਂ ਵਲ ਤੇਰੀ ਢੂੰਡੇ ਰੰਗ ਪੂਰ ਬੈਠੇ ਨਿਸ਼ਾਨਿਆਂ ਨੂੰ,

ਮੇਰੀ ਆਹ ਜੇ ਨਿਕਲੀ ਚੀਰ ਸੀਨਾ, ਫੂਕ ਛਡੇਗੀ ਖੇੜਿਆ ਕਾਨਿਆਂ ਨੂੰ,
ਘੁਲ ਘੁਲ ਸ਼ਮਾਂ ਭੀ ਅੱਥਰੂ ਡੋਲ੍ਹ ਦੇਸੀ ਸਦਕੇ ਹੁੰਦਿਆਂ ਵੇਖ ਪਰਵਾਨਿਆਂ ਨੂੰ,
3. ਵਾਹਵਾ ਕਾਦਰਾ ਕੋਈ ਨਾ ਸਮਝ ਸਕੇ, ਤੇਰੀਆਂ ਕੁਦਰਤਾਂ ਦੇ ਕਾਰਖਾਨਿਆਂ ਨੂੰ,
ਮੱਝੀ ਚਾਰੀਆਂ ਸਾਡੀਆਂ ਚੌੜ ਹੋਈਆਂ, ਸੈਦਾ ਆ ਗਿਆ ਬੰਨ੍ਹ ਕੇ ਗਾਨਿਆਂ ਨੂੰ,
ਚੜ੍ਹ ਗਈ ਹੀਰ ਦੀ ਨਿਗਹ ਅਸਮਾਨ ਉੱਤੇ, ਵਜਦੇ ਵਯਾਹ ਦੇ ਵੇਖ ਸ਼ਾਦਿਆਨਿਆਂ ਨੂੰ,
ਛੁਰੀਆਂ ਚਲਦੀਆਂ ਕਾਲਜੇ ਆਸ਼ਕਾਂ ਦੇ, ਵੇਖ ਵੇਖ ਉਲਟੇ ਜਮਾਨਿਆਂ ਨੂੰ,
ਮੁੜ ਕੇ ਕੌਣ ਪਿਛਾਂਹ ਦੇ ਵੱਲ ਜਾਏ, ਖਾਣ ਭਾਬੀਆਂ ਦੇ ਮੇਹਣੇ ਤਾਨਿਆਂ ਨੂੰ,
ਹੁਣ ਤਾਂ ਸ਼ਮਾਂ ਤੇ ਸੜਾਂਗੇ ਮਗਰ ਜਾਕੇ, ਮੁੜਿਆਂ ਲਗਦੀ ਲਾਜ ਪਰਵਾਨਿਆਂ ਨੂੰ,
4. ਬੁਲਬੁਲ ਕਹਿਣ ਲਗੀ ਮੀਆਂ ਮਾਲੀਆਂ ਵੇ ਮੈਂ ਨਖਾਫਣੀ ਦੇ ਲਹੂ ਨ੍ਹਾਈਂ ਨਾ ਵੇ,
ਮਰ ਮਰ ਚਾਰ ਤੀਲੇ ਜੋੜੇ ਆਲ੍ਹਣੇ ਦੇ ਬਿਜਲੀ ਏਸ ਉੱਤੇ ਕੋਈ ਢਾਈਂ ਨਾ ਵੇ,
ਉਡਣ ਲਗੀਆਂ ਵੇਖ ਬਹਾਰ ਬਦਲੀ, ਖੋਹ ਕੇ ਖੰਭ ਮੁੜ ਪਿੰਜਰੇ ਪਾਈਂ ਨਾ ਵੇ,
ਮੇਰੀਆਂ ਲਗੀਆਂ ਨੂੰ ਸਾਰਾ ਜਗ ਜਾਣੇ, ਐਵੇਂ ਹੱਸ ਕੇ ਗੱਲਾਂ ਗੁਆਈਂ ਨਾ ਵੇ,
ਤੂੰ ਭੀ ਚਾਤ੍ਰਿਕ ਵਾਂਗ ਕੁਰਲਾਣ ਲਗੇਂ, ਬਹਿਕੇ ਸੁਣੇ ਜੇ ਮੇਰੇ ਅਫਸਾਨਿਆਂ[1] ਨੂੰ,
ਘੁਲ ਘੁਲ ਸ਼ਮਾਂ ਦੇ ਅੱਥਰੂ ਵਹਿਣ ਲਗਣ, ਸਦਕੇ ਹੁੰਦਿਆਂ ਵੇਖ ਪਰਵਾਨਿਆਂ ਨੂੰ।

ਖਾਲਸਾ ਕੌਮ ਦੀ ਨੀਂਦ ਪਰ ਜਗਾਵਾ

ਧਾਰਨਾ : ਬਾਂਕੀ ਕਟਾਰ ਵਾਲੇ ਤੀਰੇ ਕਮਾਨ ਵਾਲੇ

1. ਗੁਣ

ਐ ਕੌਮ ਵਾਹਦਾਨੀ[2] ਨੇਕੀ ਕਮਾਨ ਵਾਲੀ,
ਅਕਾਲ ਦੀ ਇਕਲੌਤੀ, ਭਾਣਾ ਮਨਾਨ ਵਾਲੀ,
ਐ ਕੌਮ ਸੂਰਿਆਂ ਦੀ, ਐ ਜਾਤ ਅਸ਼ਰਫਾਂ[3] ਦੀ,
ਦੁਖੜੇ ਪਰਾਏ ਅਪਨੇ ਸਿਰ ਤੇ ਉਠਾਨ ਵਾਲੀ।
ਐ ਧਰਮੀਆਂ ਦੀ ਵਾੜੀ, ਸੰਤੋਖ ਦੀ ਬਗੀਚੀ,
ਨਾਨਕ ਗੁਰੂ ਦੀ ਲਾਈ ਨੌਂ ਸਤਗੁਰਾਂ ਦੀ ਪਾਲੀ।

2. ਗੁਣ

ਐ ਬਾਨੀਆਂ ਦੇ ਖੂਨੋਂ ਸਿੰਜੀ ਹੋਈ ਕਿਆਰੀ,
ਪ੍ਰਮਾਤਮਾ ਪ੍ਰਭੂ ਤੋਂ ਵਿਛੜੇ ਮਿਲਾਣ ਵਾਲੀ,
ਨੇਕੀ ਦੀ ਯਾਦਗੀਰੀ ਬਦੀਆਂ ਭੁਲਾਨ ਵਾਲੀ।
ਉਪਕਾਰੀਆਂ ਦੀ ਮਾਤਾ, ਬੱਧੇ ਛੁਡਾਨ ਵਾਲੀ।
ਐ ਧਰਮ ਦੀ ਸ਼ਮ੍ਹਾਂ ਤੇ ਹੋਣ ਕੁਰਬਾਨ ਵਾਲੀ।
ਐ ਦੀਨ ਰਖਿਆ ਤੋਂ ਜਿੰਦੜੀ ਘੁਮਾਨ ਵਾਲੀ।
ਐ ਕੌਮ ਸਾਦਕਾ[4] ਦੀ ਐ ਕੌਮ ਸਾਬਰਾਂ[5] ਦੀ,
ਦੁਖਾਂ ਨੂੰ ਝੀਲ ਕੇ ਘਬਰਾ ਨਾ ਜਾਨ ਵਾਲੀ।

---

1. ਕਹਾਣੀਆਂ। 2. ਇਕ ਰੱਬ ਨੂੰ ਮੰਨਣ ਵਾਲੀ। 3. ਉਚਿਆ। 4. ਸਿਦਕ ਵਾਲੇ। 5. ਸਬਰ ਸੰਤੋਖ ਵਾਲੇ।

3. ਕਰਤਬ

ਐ ਤੇਜ ਦੀ ਭਵਾਨੀ, ਭਾਰਤ ਦੀ ਰਾਜਧਾਨੀ,
ਧਰਮਾਂ ਦੀ ਵੇਖ ਹਾਨੀ,, ਖੰਡਾਂ ਉਠਾਨ ਵਾਲੀ।
ਐ ਮੋਤੀਆਂ ਤੋਂ ਸੁਚੀ, ਐ ਹੀਰਿਆਂ ਤੋਂ ਪਲੀ,
ਲਾਲਾਂ ਨੂੰ ਮ੍ਹਿੰਗ ਮੁਲੀ, ਬੇਅੰਤ ਸ਼ਾਨ ਵਾਲੀ।
ਐ ਰਾਜੰ ਯੋਗ ਵਾਲੀ ਮ੍ਰਿਗ-ਰਾਜਿਆਂ ਦੀ ਦਾਈ,
ਐ ਦੁਸ਼ਮਨਾਂ ਦੇ ਦਿਲ ਤੇ ਲੋਹਾ ਬਿਠਾਨ ਵਾਲੀ।
ਐ ਜ਼ਾਲਮਾਂ ਦੀ ਦੁਸ਼ਮਨ, ਐ ਧਰਮੀਆਂ ਦੀ ਰਖਿਅਕ,
ਐ ਬੇਕਸਾਂ[1] ਦੀ ਬਾਜ਼ੂ[2] ਬਨਕੇ ਬਚਾਨ ਵਾਲੀ।
ਅਬਦਾਲੀਆਂ ਤੇ ਬਿਜਈ, ਦੁਰਾਨੀਆਂ ਦੀ ਭਾਰੂ,
ਖੰਡਾਂ ਉਰੰਗਜ਼ੇਬੀ ਖੁੰਢਾ ਕਰਾਨ ਵਾਲੀ।

4. ਉਪਕਾਰ ਸਮਰਣ

ਐ ਕੌਮ ਖਾਲਸਾਈ ਆਈ ਹੈ ਕੀ ਤਬਾਹੀ ?
ਜਾਗੀ ਨਾ ਨੀਂਦ ਕਰਕੇ, ਜਦ ਦੀ ਲਈ ਨਿਹਾਲੀ[3]!
ਉਠ ਯਾਦ ਕਰ ਓ ਵੇਲਾ ਇਕ ਦਿਨ ਸੀ ਔਜਪਰ ਤੂੰ,
ਸਾਂਨੀ ਨਹੀਂ ਸੀ ਕੋਈ ਚਰਨਾਂ ਤੇ ਸੀ ਖੁਸ਼ਾਲੀ,
ਸੁਸਤੀ ਸੀ ਦੂਰ ਕੋਹਾਂ, ਉਪਕਾਰ ਕਰ ਰਹੀ ਸੀ।
ਦੇਸਾਂ ਤੇ ਝੂਲਦਾ ਸੀ ਝੰਡਾ ਤਿਰਾ ਅਕਾਲੀ।
ਗੋਦੀ ਤੇਰੀ ਦੇ ਸੂਰੇ, ਦੁਨੀਆਂ ਬਚਾ ਰਹੇ ਸੀ,
ਕਯਾ ਜਾਨ ਪਾ ਰਿਹਾ ਸੀ ਖੰਡਾ ਤੇਰਾ ਅਕਾਲੀ,
ਜ਼ਖਮਾਂ ਤੇ ਲਾਈ ਮਰਹਮ[4] ਦਿਲ ਦੇ ਗੁਬਾਰ ਧੋਤੇ,
ਦੁਖੀਆਂ ਦੇ ਦਰਦ ਵੰਡੇ ਧਰਮਾਂ ਦੀ ਸ਼ਰਮ ਪਾਲੀ।
ਆਪਣੇ ਤੇ ਦੁਖ ਸਹਾਰੇ, ਸੀਨੇ ਉਨ੍ਹਾਂ ਦੇ ਠਾਰੇ,
ਮਸ਼ਕੂਰ[5] ਹੈ ਖੁਦਾਈ ਜੈਸੀ ਤੂੰ ਘਾਲ ਘਾਲੀ।
ਤੂੰ ਵਸੀਓਂ ਦਿਲਾਂ ਵਿਚ ਫੁਲਾਂ ਦੀ ਵਾਸ ਵਾਂਗੂੰ,
ਦੁਨੀਆਂ ਵਸਾ ਰਹੀ ਸੀ ਤੇਰਾ ਖਿਆਲ ਆਲੀ।
ਖਲਵਤ[6] ਤੇਰੀ ਨੂੰ ਖਲਕਤ ਲੈਂਦੀ ਰਹੀ ਉਧਾਰੀ,
ਅਜ ਤੇਰੇ ਦਿਲ ਦੇ ਟੁਕੜੇ ਦਰ ਦਰ ਤੇ ਹਨ ਸਵਾਲੀ।

5. ਸੂਚਨਾ

ਕਿਥੇ ਗਈ ਹਮਿਯਤ[7] ਹਿੰਮਤ ਨੂੰ ਹੋ ਗਿਆ ਕੀ ?
ਵਹਦਤ-ਪ੍ਰਸਤ[8] ਤੇਰੇ ਕਿਥੇ ਲੁਕੇ ਅਕਾਲੀ,

---

1. ਜਿਸ ਦੇ ਨਾਲ ਕੋਈ ਨਾ ਹੋਵੇ। 2. ਬਾਂਹ (ਸਹਾਰਾ)। 3. ਰਜ਼ਾਈ। 4. ਮਲ੍ਹਮ। 5. ਧੰਨਵਾਦੀ। 6. ਕਿਰਪੀ। 7. ਅਹਿਮੀਅਤ (ਮਹਾਨਤਾ)। 8. ਇਕ ਰੱਬ ਦੀ ਪੂਜਾ ਕਰਨ ਵਾਲੇ।

ਕਮਜ਼ੋਰ ਹੋ ਰਹੀ ਹੈ ਉਤਰ ਗਿਆ ਹੈ ਚਿਹਰਾ,
ਕਿਸ ਮਾਂਦਗੀ ਨੇ ਮਾਰੀ ? ਆਈ ਕਿਹੀ ਬਹਾਲੀ।
ਤੂੰ ਹੋਕੇ ਬੇਟਿਕਾਣਾ, ਦਰ ਦਰ ਦੀ ਹੋ ਰਹੀ ਹੈ,
ਬਚੜੇ ਤਿਰੇ ਨੇ ਰੁਲਦੇ ਅਜ ਟੱਡਦੇ ਹਥਾਲੀ।
ਤੂੰ ਬੇਖੁਦੀ ਦੀ ਕੈਦਨ, ਤੂੰ ਸੁਸਤ, ਬੇਖਬਰ ਤੂੰ,
ਜਿਤਨੇ ਨੇ ਐਬ ਜਗਤ ਦੇ ਕਿਸ ਤੋਂ ਰਹੀ ਤੂੰ ਖਾਲੀ।
ਸੰਸਾਰ ਨੂੰ ਜਗਾ ਕੇ, ਤੂੰ ਆਪ ਸੌਂ ਗਈ ਕਯੋਂ ?
ਕਯਾ ਸਤਿਗੁਰਾਂ ਸੀ ਤੈਨੂੰ ਇਹੋ ਅਕਲ ਸਿਖਾਲੀ ?
ਉਠ ਜਾਗ ਮਾਰ ਝਾਤੀ ਸਭ ਉਡ ਗਈ ਧੁੰਦਾਲੀ।

6. ਉਦਮ

ਉਠ ਦੇਖ ਬਾਗ ਦੁਨੀਆਂ ਕਿਆ ਦੇ ਰਿਹਾ ਬਹਾਰਾਂ।
ਬਾਗੇ ਇਰਮ[1] ਬਨਾਯਾ, ਵਿਦਯਾ ਨੇ ਬਨ ਕੇ ਮਾਲੀ।
ਸਰਸਬਜ਼ ਹੋ ਰਹੇ ਹਨ, ਸਾਰੇ ਧਰਮ ਦੇ ਬੂਟੇ।
ਮੁਰਝਾ ਰਹੇ ਨੇ ਐਪਰ, ਸਭ ਤੇਰੇ ਡਾਲ ਡਾਲੀ।
ਸਭ ਨਾਲ ਵਾਲੀਆਂ ਨੇ ਮੰਜ਼ਲ ਮੁਕਾ ਲਈ ਹੈ,
ਪਰ ਤੂੰ ਅਜੇ ਹੈਂ ਸੁਤੀ ਲੈ ਲੇਫ ਤੇ ਨਿਹਾਲੀ।
ਇਕ ਬੇਕਸੀ ਦੀ ਨੀਂਦੇ ਵਹਸ਼ਤ ਭਰੀ ਬੜਾਵੇਂ,
ਜੋ ਕੁਝ ਤੂੰ ਵੇਖਦੀ ਹੈਂ ਏਹ ਖਵਾਬ[2] ਹਨ ਖਿਆਲੀ।
ਉਠ ਜਾਗ ਭਾਗ ਭਰੀਏ ਆਲਸ ਤਿਆਗ ਛੇਤੀ,
ਮੁਦਤ ਦੀ ਬੀਤ ਚੁਕੀ ਜ਼ੁਲਮਤ[3] ਦੀ ਰਾਤ ਕਾਲੀ,
ਹੈ ਤੇਗ ਮਾਰ ਕੇ ਤੇ ਹੁਣ ਸੌਂ ਗਈ ਹੈ ਕੈਸੀ ?
ਪਾਸਾ ਨਾ ਪਰਤ ਉਠੀ ਉਹ ਹੋਸ਼ ਨਾ ਸੰਭਾਲੀ।
ਹੈਰਾਨ ਹੈ ਜ਼ਮਾਨਾ ਇਹ ਦੇਖ ਤੇਰੀ ਗਫਲਤ[4],
ਬੇਹੋਸ਼ ਹੋ ਰਹੀ ਹੈ, ਸੁਤੇ ਜਗਾਨ ਵਾਲੀ।
ਉਠ ਉਨਤੀ ਦੇ ਰਣ ਵਿਚ ਲੈ ਕਲਮ ਮਾਰ ਵਧਕੇ,
ਜੈਸੀ ਕਿਸੀ ਜ਼ਮਾਨੇ ਤਲਵਾਰ ਸੀ ਵਿਖਾਲੀ।
ਹੁਣ ਸੌਣ ਦਾ ਨਾ ਵੇਲਾ ਉਠ ਵੇਖ ਜਗਤ ਮੇਲਾ,
ਕੈਸਾ ਸਮਾਂ ਸੁਹੇਲਾ[5], ਇਹ ਜਾ ਰਿਹਾ ਹੈ ਖਾਲੀ।
ਇਸ ਘੂਕ ਨੀਂਦ ਸੌਣਾ, ਕਿਸ ਨੇ ਹੈ ਸਿਖਾਯਾ ?
ਕਿਸ ਬਿਰਹਿਨ ਨੇ ਦਿੱਤੀ ਘੁਟੀ ਖਮਾਰ ਵਾਲੀ,

1. ਸਵਰਗਾਂ ਦਾ ਬਾਗ। 2. ਸੁਪਨੇ। 3. ਅੰਧੇਰਾ। 4. ਬੇਪਰਵਾਹੀ। 5. ਚੰਗਾ।

ਇਸ ਨੀਂਦ ਦੀ ਕੁਚਾਟੇ[1], ਕਈਆਂ ਨੇ ਘਰ ਡਬੋਏ,
ਇਸ ਨੀਂਦ ਤੇਰੇ ਸਾਹਵੇਂ, ਕਸਾਂ[2] ਦੀ ਜਿਲਦ ਗਾਲੀ।

7. ਸ਼ੌਕ

ਕਦ ਤਕ ਏ ਨੀਂਦ ਗਫਲਤ ਕਦ ਤਕ ਖੁਮਾਰ[3] ਆਲਸ,
ਆਖਰ ਤਿਰੀ ਰਹੇਗੀ ਕਦ ਤਕ ਏ ਬੇਖਿਆਲੀ।
ਮੁੜ ਮੁੜ ਪਿਆ ਜਗਾਵਾਂ ਫੜ ਫੜ ਕੇ ਹਾਂ ਬਿਠਾਵਾਂ।
ਕੈਸੀ ਚੜੀ ਖੁਮਾਰੀ ਪਰਤੀ ਨਾ ਹੋਸ਼ ਹਾਲੀ।
ਸੌਂ ਜਾਇ ਜਾਗ ਕੇ ਤੇ ਕਹਿੰਦੇ ਕਹਾਂਦਿਆਂ ਹੀ।
ਖਬਰੇ ਏ ਬੇਖੁਦੀ[4] ਦੀ ਕਿਸ ਨੇ ਦਵਾ ਪਿਆਲੀ।
ਖਬਰੇ ਪ੍ਰਭੂ ਹੀ ਜਾਣੇ, ਕੀ ਕੁਝ ਹੈ ਹੋਣ ਵਾਲੀ,
ਇਹ ਨੀਂਦ ਖਾਲਸੇ ਦੀ ਹੈ ਇਲਤੋਂ ਨਾ ਖਾਲੀ।

ਸੱਜਣ ਮੈਂਡੇ ਰੰਗਲੇ

(ਭਾਈ ਚਤਰ ਸਿੰਘ ਜੀ ਪੁਸਤਕਾਂ ਵਾਲੇ ਦੀ ਮ੍ਰਿਤੂ ਪਰ ਲਿਖੀ ਗਈ ਸੀ।)

ਸੱਜਣ ਮੈਂਡੇ ਰੰਗਲੇ ਜਾਇ ਸੁਤੇ ਜੀਰਾਣਿ[5]
ਹੰਭੀ[6] ਵੰਞਾ[7] ਡੁਮਣੀ[8] ਰੋਵਾਂ ਝੀਣੀ ਬਾਣਿ[9]।
ਮੇਰੇ ਸੱਜਣ ਗੁਰਮੁਖ ਪਯਾਰਿਆ,
ਮੇਰੇ ਸਤਿਗੁਰ ਦਿਆ ਦੁਲਾਰਿਆ,
ਜਿਸ ਦਿਨ ਦਾ ਗਿਓਂ ਵਿਛੋੜ ਕੇ,
ਨਿਹੁੰ ਕੱਚਾ ਸਾਥੋਂ ਤੋੜ ਕੇ।
ਤੇਰੀ ਯਾਦ ਸਦਾ ਤੜਪਾਉਂਦੀ,
ਮਨ ਮੂਰਖ ਸ਼ਾਂਤ ਨਾ ਆਉਂਦੀ।
ਤੇਰੇ ਸਦਗੁਣ ਅਰ ਚੰਗਿਆਈਆਂ,
ਜੋ ਜੀਵਨ ਵਿਚ ਕਮਾਈਆਂ।
ਇਕ ਇਕ ਜਦ ਚੇਤੇ ਆਂਦੀਆਂ,
ਨੈਣਾਂ ਤੋਂ ਝੜੀ ਲੁਆਂਦੀਆਂ।
ਤੂੰ ਨੇਕੀ ਪਰ ਉਪਕਾਰ ਦਾ,
ਪੰਜਾਬੀ ਨਾਲ ਪਿਆਰ ਦਾ,
ਜੀਵਨ ਆਦਰਸ਼ ਬਣਾਇ ਕੇ,
ਪਰਚਾਰ ਘਰੋ ਘਰ ਪਾਇ ਕੇ।

---

1. ਭੈੜਾ ਸਵਾਦ। 2. ਮਨੁੱਖਾਂ। 3-4. ਮਸਤੀ। 5. ਸ਼ਮਸ਼ਾਨ, ਕਬਰਸਤਾਨ। 6. ਮੈਂ ਭੀ। 7. ਜਾਵਾਂ। 8. ਦੁਚਿਤੀ। 9. ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਤੁਕਾਂ ਹਨ।

ਕਿਰਤਾਰਥ ਜੀਵਨ ਕਰ ਗਿਆ,
ਕਠਨਾਈ ਤਾਈਂ ਹਰ ਲਿਆ।
ਹੁਣ ਗਾਡੀ ਰਾਹ ਲੈ ਚਲ ਰਿਹਾ,
ਇਹ ਪੁੰਣ ਤੇਰਾ ਹੈ ਫਲ ਰਿਹਾ।
ਤਵ ਭਾਗ ਭਰੀ ਸੰਤਾਨ ਦੇ,
ਹਰ ਦਮ ਵਿਚ ਏਹੋ ਧਯਾਨ ਦੇ,
ਆਦਰਸ਼ ਤੇਰਾ ਰਹਿ ਜੀਂਵਦਾ,
ਦਿਨ ਦਿਨ ਰਹਿ ਦੂਣਾ ਥੀਂਵਦਾ।
ਭਾਵੇਂ ਦਰਸ਼ਨ ਤੇਰੇ ਦੂਰ ਨੇ,
ਕਾਇਮ ਹਨ ਤੇਰੇ ਪੂਰਨੇ।
ਤੂੰ ਪਰਮ ਪਿਤਾ ਦੀ ਗੋਦ ਵਿਚ,
ਜਾ ਬੈਠਾ ਪੂਰਨ ਮੋਦ[1] ਵਿਚ।
ਉਸ ਕਿਰਪਾ ਸਾਗਰ ਪਾਸ ਏ,
ਕਰਨੀ ਸਾਡੀ ਅਰਦਾਸ ਏ।
ਹੁਣ ਬੱਗ ਬਹਿਠੇ[2] ਆਏ ਜੀ,
ਅਰ ਅੰਗ ਰਹੇ ਸਿਥਲਾਇ ਜੀ।
ਮੀਂਹ ਵਿਚਾਰਾਂ ਦਾ ਵਰਸਾਇ ਕੇ,
ਸਾਨੂੰ ਚਰਨਾਂ ਪਾਸ ਬੁਲਾਇਕੇ।
ਠੰਢਕ ਦਾ ਬਖਸ਼ੋ ਦਾਨ ਜੀ,
ਏਹ ਧੰਦੇ ਛਡਣ ਜਾਨ ਜੀ।
ਦਿਹੁ ਫ਼ੁਰਸਤ[3] ਆਯਾ ਪਿਆਰ ਤੋਂ,
ਦੁਨੀਆਂ ਦੀ ਮਾਰਾ ਮਾਰ ਤੋਂ।

—0—

ੴ ਸਤਿਗੁਰ ਪ੍ਰਸਾਦਿ॥

ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਵੱਲੋਂ ਪੰਜਾਬੀ ਬੋਲੀ ਦੀ ਲੰਮੀ ਸੇਵਾ ਦੇ ਉਪ-ਹਾਰ ਰੂਪ ਵਿਚ ਭੇਜੀ ਸਨਦ ਬਾਬਤ ਧਨੀ ਰਾਮ "ਚਾਤ੍ਰਿਕ" ਵੱਲੋਂ—

ਹਾਰਦਿਕ ਧੰਨਵਾਦ

ਠਾਰਾਂ ਸੌ ਤਰਾਨਵੇਂ ਵਿਚ ਮੈਂ ਗੁਰੂ ਨਗਰੀ ਜਦ ਆਇਆ,
ਭਾਈ ਵੀਰ ਸਿੰਘ ਸਾਹਿਬ ਤੋਂ ਕਵਿਤਾ ਦਾ ਗੁਣ ਪਾਇਆ।
ਸਦੀ ਬੀਸਵੀਂ[4] ਸ਼ੁਰੂ ਖਾਲਸਾ ਸਮਾਚਾਰ ਜਦ ਕੀਤਾ,

1. ਖੁਸ਼ੀ, ਮਸਤੀ। 2. ਬਗਲੇ, ਭਾਵ (ਚਿਟੇ ਵਾਲਾ), ਆ ਬੈਠੇ ਹਨ। 3. ਵਿਹਲ।
4. 'ਖਾਲਸਾ ਸਮਾਚਾਰ' ਸਪਤਾਹਕ 1899 ਈਸਵੀ ਦੇ ਨਵੰਬਰ ਵਿਚ ਅਰੰਭ ਹੋਇਆ ਸੀ।

ਉਸ ਦੀ ਸੇਵਾ ਦੇ ਵਿਚ ਮੈਂ ਭੀ ਕਾਫੀ ਹਿੱਸਾ ਲਿਤਾ!
ਉਸੇ ਸਮੇਂ ਤੋਂ ਗੁਰੂ ਘਰ ਦੀ ਮਹਿਮਾਂ ਦਾ ਬੀੜਾ ਚਾਇਆ,
ਅੱਧੀ ਸਦੀ ਇਸੇ ਮਾਰਗ ਦੀਆਂ ਕਵਿਤਾ ਲਿਖਦਾ ਆਇਆ।
ਗੁਰੂ ਘਰ ਦਾ ਸ਼ਰਧਾਲੂ ਬੁਢਾ, ਜਸ ਗੁਰੂਆਂ ਦਾ ਗਾਂਦਾ,
ਮਾਣ ਵਡਾਈ ਆਦਰ ਸ਼ੋਭਾ, ਰਿਹਾ ਹਮੇਸ਼ਾਂ ਪਾਂਦਾ।
ਗੁਰਦੁਆਰਾ ਪ੍ਰਬੰਧਕ ਜਥੇ,ਨੇ ਬਖਸ਼ੀ ਵਡਿਆਈ,
ਸੇਵਾ.ਬਦਲੇ ਸਨਦ ਭੇਜ ਕੇ ਗੁਣ ਦੀ ਕੀਮਤ ਪਾਈ।
ਲੂੰ ਲੂੰ ਮੇਰਾ ਪੁਲਕ[1] ਗਿਆ ਜਦ ਹੁਕਮ ਹਜੂਰੀ ਆਇਆ,
ਧੰਨਵਾਦ ਪੰਜਾਬੀ ਬੋਲੀ, ਦੇ ਸੇਵਕ ਨੇ ਗਾਇਆ।
ਸਤਿਗੁਰ ਨਾਨਕ ਦੀ ਫੁਲਵਾੜੀ ਦਾ ਭੌਰਾ ਇਹ ਚਾਹੇ,
ਵਾਹਿਗੁਰੂ, ਗੁਰ ਘਰ ਦੀ ਸ਼ਰਧਾ, ਚਾਤ੍ਰਿਕ ਤੋੜ ਨਿਬਾਹੇ।

ਧਨੀ ਰਾਮ 'ਚਾਤ੍ਰਿਕ'

—0—

ਪੰਜਾਬੀ ਯੂਨੀਵਰਸਿਟੀ ਪਟਿਆਲਾ

ਵਿਦਿਆ ਵੀਚਾਰੀ ਤਾਂ ਪਰਉਪਕਾਰੀ

PUNJABI UNIVERSITY PATIALA